
www.sikhbookclub.com

ਦਸਮੇਸ਼ ਪ੍ਰਕਾਸ਼

(ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਜੀਵਨ-ਦਰਸ਼ਨ)



ਸੰਪਾਦਕ : ਸਤਵਿੰਦਰ ਸਿੰਘ ਫੂਲਪੁਰ, ਮਨਜੀਤ ਕੌਰ (ਪ੍ਰੋ.)
ਅਮਰਜੀਤ ਕੌਰ (ਡਾ.) ਰਣਜੀਤ ਕੌਰ ਪੰਨਵਾਂ (ਡਾ.) ਕਿਰਨਦੀਪ ਕੌਰ

ਮੁੱਖ ਸੰ
ਰੂਪ ਸਿੰਘ (ਡਾ

www.sikhbookclub.com

ਦਸਮੇਸ਼ ਪ੍ਰਕਾਸ਼

(ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਜੀਵਨ-ਦਰਸ਼ਨ)

www.sikhbookclub.com

ਦਸਮੇਸ਼ ਪ੍ਰਕਾਸ਼

(ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਜੀਵਨ-ਦਰਸ਼ਨ)

ਮੁੱਖ ਸੰਪਾਦਕ

ਰੂਪ ਸਿੰਘ (ਡਾ.)

ਸਕੱਤਰ

ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

098146 37979 roopsz@yahoo.com

ਸੰਪਾਦਕ

ਸਤਵਿੰਦਰ ਸਿੰਘ ਫੂਲਪੁਰ
99144 19484
singhsatwinder79@yahoo.in

ਮਨਜੀਤ ਕੌਰ (ਪ੍ਰੋ.)
94649 86447
manjitkaurudhoke@gmail.in

ਰਣਜੀਤ ਕੌਰ ਪੰਨਵਾਂ (ਡਾ.)
99148 31931
rakpanwa77@gmail.com

ਅਮਰਜੀਤ ਕੌਰ (ਡਾ.)
98555 19719
amarjitkaurrs@yahoo.in

ਕਿਰਨਦੀਪ ਕੌਰ
95920 95483
khera.kirandeep83@gmail.in

ਪਹਿਲੀ ਵਾਰ : ਨਵੰਬਰ, 2016 2100
ਦੂਜੀ ਵਾਰ : ਮਈ, 2021 2000
ਛਾਪਕ : ਗੋਲਡਨ ਆਫਸੈਟ ਪ੍ਰੈਸ,
ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ।

ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ।

www.sikhbookclub.com

Dasmesh Prakash

(Sri Guru Gobind Singh Ji : Jeevan-Darshan)

Chief Editor
Roop Singh (Dr.)
Secretary,
S.G.P.C. Sri Amritsar.

Editor
Satwinder Singh Phoolpur
Manjit Kaur (Prof.)
Amarjit Kaur (Dr.)
Ranjit Kaur Panwan (Dr.)
Kirandeep Kaur

First Edition : November, 2016 2100
Second Edition : May, 2021 2000
Printer : Golden Offset Press,
Gurdwara Ramsar Sahib, Sri Amritsar

Publisher
Dharam Parchar Committee
(Shiromani Gurdwara Parbandhak Committee)
Sri Amritsar.

www.sikhbookclub.com

ਵਿਸ਼ਾ-ਸੂਚੀ

www.sikhbookclub.com

www.sikhbookclub.com

ਗੁਰਬਾਣੀ ਤੇ ਵਿਚਾਰਧਾਰਾ

www.sikhbookclub.com

www.sikhbookclub.com

ੴ ਵਾਹਿਗੁਰੂ ਜੀ ਕੀ ਫ਼ਤਹ॥

ਪ੍ਰੋ. ਕਿਰਪਾਲ ਸਿੰਘ ਬਡੂੰਗਰ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਸੰਦੇਸ਼

ਵਿਸ਼ਵ-ਵਿਆਪੀ ਸਿੱਖ ਭਾਈਚਾਰਾ ਸਾਹਿਬੇ ਕਮਾਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 350 ਸਾਲਾ ਆਗਮਨ ਗੁਰਪੁਰਬ ਪਟਨਾ ਸਾਹਿਬ ਦੀ ਪਾਵਨ-ਪਵਿੱਤਰ ਇਤਿਹਾਸਕ ਧਰਤੀ 'ਤੇ 5 ਜਨਵਰੀ, 2017 ਨੂੰ ਪੰਥਕ ਜਾਹੋ-ਜਲਾਲ ਅਤੇ ਖ਼ਾਲਸਈ ਰਹੁ-ਰੀਤਾਂ ਨਾਲ ਮਨਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸੇ ਗੁਰਸਿੱਖ, ਗੁਰੂ-ਘਰ ਨਾਲ ਪਿਆਰ ਰੱਖਣ ਵਾਲੇ ਇਸ ਪੁਰਬ ਨੂੰ ਸ਼ਰਧਾ, ਸਤਿਕਾਰ ਤੇ ਭਾਵਨਾ ਨਾਲ ਮਨਾਉਣਾ ਲੋਚਦੇ ਹਨ। ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਅਕੀਦਤ ਭੇਟ ਕਰਨ ਲਈ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ, ਜਿਨ੍ਹਾਂ ਦੀ ਅਰੰਭਤਾ ਗੁਰਦੇਵ ਪਿਤਾ ਦੀ ਚਰਨ-ਛੋਹ ਪ੍ਰਾਪਤ ਧਰਤ-ਸੁਹਾਵੀ ਪਾਉਂਟਾ ਸਾਹਿਬ ਤੋਂ 18 ਸਤੰਬਰ, 2016 ਨੂੰ ਕੀਤੀ ਗਈ। ਗੁਰੂ-ਕਾਲ ਦੀ ਪਰੰਪਰਾ ਅਨੁਸਾਰ ਵੱਖ-ਵੱਖ ਧਰਮਾਂ, ਜਾਤਾਂ, ਖੇਤਰਾਂ ਦੇ 52 ਕਵੀਆਂ ਨੂੰ ਬੁਲਾ ਕੇ ਕਵੀ ਦਰਬਾਰ ਕਰਵਾਇਆ ਗਿਆ। ਇਨ੍ਹਾਂ ਕਵਿਤਾਵਾਂ ਦੀ ਕਾਵਿ-ਰਚਨਾ 'ਤੇਰੇ ਦਰ 'ਤੇ ਵਗਦੀ ਕਾਵਿ ਨਦੀ' ਉਸ ਸਮੇਂ ਰਿਲੀਜ਼ ਕੀਤੀ ਗਈ। ਇਸ ਤਰ੍ਹਾਂ ਹੀ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ, ਗੁਰਦੁਆਰਾ ਦੀਨਾ ਕਾਂਗੜ, ਪਾਤਸ਼ਾਹੀ ਦਸਵੀਂ (ਮੋਗਾ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ ਵਿਖੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ-ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਮਾਰਗ 'ਤੇ ਜਿਸ ਮਾਰਗ 'ਤੇ ਬਾਲ ਗੋਬਿੰਦ ਰਾਏ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸਨ, ਵੀ ਲਿਜਾਇਆ ਜਾ ਰਿਹਾ ਹੈ। 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਪਹਿਲੀ ਜਨਵਰੀ ਤੋਂ 6 ਜਨਵਰੀ, 2017 ਤੀਕ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਕੀਤੇ ਜਾ ਰਹੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ-ਦਰਸ਼ਨ ਤੋਂ ਪਾਠਕਾਂ ਨੂੰ ਜਾਣੂ ਕਰਵਾਉਣ ਲਈ ਵਿਸ਼ੇਸ਼ ਰੂਪ 'ਚ ਪੁਸਤਕ **ਦਸਮੇਸ਼ ਪ੍ਰਕਾਸ਼ : ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਜੀਵਨ-ਦਰਸ਼ਨ** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਹੇ ਹਾਂ। ਇਸ ਪੁਸਤਕ 'ਚ ਬਹੁਮੁੱਲੇ ਇਤਿਹਾਸਕ ਲੇਖਾਂ ਨੂੰ ਪੁਨਰ-ਸੰਪਾਦਨ ਕਰ ਕੇ ਛਾਪਿਆ ਜਾ ਰਿਹਾ ਹੈ। ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਨੂੰ ਪਹਿਲੀਆਂ ਪੁਸਤਕਾਂ ਵਾਂਗ ਹੀ ਪਸੰਦ ਆਵੇਗੀ। ਮੈਂ ਪੁਸਤਕ ਦੇ ਸੰਪਾਦਕਾਂ ਨੂੰ ਇਸ ਇਤਿਹਾਸਕ ਕਾਰਜ ਦੀ ਮੁਬਾਰਕਬਾਦ ਦਿੰਦਾ ਹਾਂ। ਆਸ ਹੈ ਕਿ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ।

ਸ਼ੁਭ ਇੱਛਾਵਾਂ ਸਹਿਤ,

ਗੁਰੂ-ਪੰਥ ਦਾ ਦਾਸ,

ਨਵੰਬਰ, 2016

(ਪ੍ਰਧਾਨ)

ਫ਼ੋਨ: +91 183 255 3950, 253 4746 ਫੈਕਸ +91 183 255 3919, ਮੋਬਾਇਲ : 98558 95558
e-mail: sgpc@vsnl.com, website: www.sgpc.net

www.sikhbookclub.com

ਸੰਪਾਦਕੀ ਨੋਟ

ਸਾਹਿਤ ਵਿਚ ਕੌਮਾਂ ਦੀ ਤਕਦੀਰ ਬਦਲਣ ਦੀ ਸਮਰੱਥਾ ਹੁੰਦੀ ਹੈ। ਜਿਹੜੀਆਂ ਕੌਮਾਂ ਆਪਣੇ ਸਾਹਿਤ ਨਾਲ ਨਿਰੰਤਰ ਜੁੜੀਆਂ ਰਹਿੰਦੀਆਂ ਹਨ ਉਹ ਆਪਣੀਆਂ ਜੜ੍ਹਾਂ ਮਜ਼ਬੂਤ ਬਣਾਈ ਰੱਖਦੀਆਂ ਹਨ। ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਵੱਧ ਤੋਂ ਵੱਧ ਉੱਚ ਕੋਟੀ ਦਾ ਗੁਰਮਤਿ ਸਾਹਿਤ ਛਾਪਣ ਦੀ ਲੋੜ ਹੈ ਜਿਸ ਨੂੰ ਪੜ੍ਹ ਕੇ ਸਾਡੀ ਆਉਣ ਵਾਲੀ ਪੀੜ੍ਹੀ ਗੁਰਬਾਣੀ, ਗੁਰਮਤਿ ਸਿਧਾਂਤਾਂ ਅਤੇ ਲਾਸਾਨੀ ਇਤਿਹਾਸ ਤੋਂ ਜਾਣੂ ਹੋ ਸਕੇ। ਗੁਰਮਤਿ ਸਾਹਿਤ ਨਾਲ ਜੁੜ ਕੇ ਹੀ ਅਸੀਂ ਆਪਣੇ ਅਮੀਰ ਸਿੱਖੀ ਵਿਰਸੇ ਅਤੇ ਲਾਸਾਨੀ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ। ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸੰਨ 1957 ਤੋਂ ਲੈ ਕੇ ਨਿਰੰਤਰ **'ਗੁਰਮਤਿ ਪ੍ਰਕਾਸ਼'** ਮਾਸਿਕ ਪੱਤਰ ਪ੍ਰਕਾਸ਼ਿਤ ਕਰ ਕੇ ਆਪਣੇ ਫ਼ਰਜ਼ ਦੀ ਪੂਰਤੀ ਕਰਦੀ ਆ ਰਹੀ ਹੈ। 'ਗੁਰਮਤਿ ਪ੍ਰਕਾਸ਼' ਵਿਚ ਗੁਰਮਤਿ ਦੀ ਪ੍ਰੋੜ ਸੋਝੀ ਰੱਖਣ ਵਾਲੇ ਵਿਦਵਾਨ ਲੇਖਕਾਂ ਦੇ ਗੁਰਬਾਣੀ, ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ ਆਦਿ ਨਾਲ ਸੰਬੰਧਿਤ ਲੇਖ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਮੁੱਢਲੇ ਸਮੇਂ 'ਗੁਰਮਤਿ ਪ੍ਰਕਾਸ਼' ਸੀਮਤ ਗਿਣਤੀ ਵਿਚ ਪ੍ਰਕਾਸ਼ਿਤ ਹੋਣ ਕਾਰਨ ਬਹੁਤ ਥੋੜ੍ਹੇ ਪਾਠਕਾਂ ਤਕ ਪਹੁੰਚਦਾ ਰਿਹਾ ਹੈ। ਇਸ ਸਮੇਂ ਗੁਰਮਤਿ ਸਾਹਿਤ ਦਾ ਉਕਤ ਕੀਮਤੀ ਖ਼ਜ਼ਾਨਾ ਆਮ ਪਾਠਕ ਦੀ ਪਹੁੰਚ ਤੋਂ ਦੂਰ ਹੈ।

ਸਮੇਂ-ਸਮੇਂ ਛਪਦੇ ਰਹੇ 'ਗੁਰਮਤਿ ਪ੍ਰਕਾਸ਼' ਦੇ ਇਨ੍ਹਾਂ ਦੁਰਲੱਭ ਲੇਖਾਂ ਨੂੰ ਇਕੱਤਰ ਕਰ ਕੇ ਵਿਸ਼ੇਵਾਰ ਪੁਨਰ-ਸੰਪਾਦਤ ਕਰਨ ਦਾ ਪ੍ਰੋਜੈਕਟ ਪ੍ਰਧਾਨ ਸਾਹਿਬ ਜਥੇਦਾਰ ਅਵਤਾਰ ਸਿੰਘ ਜੀ ਵੱਲੋਂ ਸਾਨੂੰ ਸੌਂਪਿਆ ਗਿਆ। ਇਸ ਸੰਪਾਦਨਾ ਲੜੀ ਤਹਿਤ ਪਹਿਲਾਂ ਚਾਰ ਪੁਸਤਕਾਂ **ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸਿੱਖ ਸੰਗਰਾਮ ਦੀ ਦਾਸਤਾਨ, ਵਡਾ ਪੁਰਖੁ ਪਰਗਟਿਆ** ਅਤੇ **ਜੋਤਿ ਪ੍ਰਗਾਸ** ਪ੍ਰਕਾਸ਼ਿਤ ਕਰ ਕੇ ਪਾਠਕਾਂ ਦੇ ਸਨਮੁੱਖ ਕਰ ਚੁੱਕੇ ਹਾਂ, ਜਿਨ੍ਹਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। **ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ** ਅਤੇ **ਵਡਾ ਪੁਰਖੁ ਪਰਗਟਿਆ** ਦੇ ਦੋ ਐਡੀਸ਼ਨ ਛਪ ਚੁੱਕੇ ਹਨ। ਪੁਸਤਕ **ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ** ਨੂੰ ਭਾਸ਼ਾ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਿੰਸੀਪਲ ਤੇਜਾ ਸਿੰਘ ਸੰਪਾਦਨਾ ਪੁਰਸਕਾਰ, ਪ੍ਰਦਾਨ ਕੀਤਾ ਗਿਆ ਹੈ ਜੋ ਕਿ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ।

ਹੁਣ ਅਸੀਂ ਇਸੇ ਸੰਪਾਦਨਾ ਲੜੀ ਦੀ ਪੰਜਵੀਂ ਪੁਸਤਕ ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ **'ਦਸਮੇਸ਼ ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਜੀਵਨ-ਦਰਸ਼ਨ'** ਤਿਆਰ ਕਰ ਕੇ ਪਾਠਕਾਂ ਦੇ ਸਨਮੁਖ ਭੇਟ ਕਰ ਰਹੇ ਹਾਂ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਸੀ ਬ੍ਰਹਿਮੰਡੀ ਸ਼ਖ਼ਸੀਅਤ ਹਨ ਕਿ ਜਿਨ੍ਹਾਂ ਬਾਰੇ ਕੁਝ ਲਿਖਣ ਤੋਂ ਪਹਿਲਾਂ ਅੱਲ੍ਹਾ ਯਾਰ ਖ਼ਾਂ ਜੋਗੀ ਵਰਗਾ ਮਹਾਨ ਕਵੀ ਕਹਿ ਉਠਦਾ ਹੈ :

www.sikhbookclub.com

ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ, ਕਹਾਂ ਤਾਬਿ-ਕਰਮ ਹੈ।
ਇਕ ਆਂਖ ਸੇ ਕਿਆ, ਬੁਲਬੁਲਾ ਕੁਲ ਬਹਿਰ ਕੋ ਦੇਖੇ।
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ।

ਜਿਸ ਉੱਪਰ ਗੁਰੂ ਜੀ ਦੀ ਮਿਹਰ ਹੋਵੇ ਉਸ ਦੀ ਕਲਮ ਨੂੰ ਆਪ ਹੀ ਬਲ ਬਖਸ਼ ਕੇ ਉਹ ਸਿਫ਼ਤ ਲਿਖਵਾ ਲੈਂਦੇ ਹਨ। ਹੱਥਲੀ ਪੁਸਤਕ ਦੇ ਲੇਖਕਾਂ ਨੇ ਕਲਗੀਧਰ ਜੀ ਦੀ ਰਹਿਮਤ ਸਦਕਾ, ਮਿਹਨਤ ਤੇ ਲਗਨ ਨਾਲ ਗੁਰੂ ਜੀ ਦੇ ਜੀਵਨ-ਦਰਸ਼ਨ ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਿਤ ਖੋਜ ਭਰਪੂਰ ਲੇਖ ਲਿਖੇ ਹਨ। ਇਨ੍ਹਾਂ ਲੇਖਾਂ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਜੀਵਨ ਅਤੇ ਸ਼ਖ਼ਸੀਅਤ ਦੂਸਰੇ ਵਿਚ ਬਾਣੀ ਤੇ ਵਿਚਾਰਧਾਰਾ ਅਤੇ ਤੀਸਰੇ ਭਾਗ ਵਿਚ ਅੰਤਿਕਾਵਾਂ। ਅਸੀਂ ਪ੍ਰਸਿੱਧ ਸਿੱਖ ਵਿਦਵਾਨ-ਲੇਖਕ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਧੰਨਵਾਦੀ ਹਾਂ।

ਇਸ ਸੰਪਾਦਨਾ ਪ੍ਰੋਜੈਕਟ ਲਈ ਅਸੀਂ 'ਗੁਰਮਤਿ ਪ੍ਰਕਾਸ਼' ਦੇ ਰਹਿ ਚੁੱਕੇ ਸੰਪਾਦਕ ਸਾਹਿਬਾਨ ਸ. ਸਰਮੁਖ ਸਿੰਘ ਅਮੋਲ, ਪ੍ਰਿੰ. ਹਰਿਭਜਨ ਸਿੰਘ, ਪ੍ਰੋ. ਪ੍ਰਕਾਸ਼ ਸਿੰਘ, ਸ. ਨਰਿੰਦਰ ਸਿੰਘ ਸੋਚ, ਸ. ਅਜੀਤ ਸਿੰਘ ਅੰਬਾਲਵੀ, ਸ. ਭਰਪੂਰ ਸਿੰਘ ਬਲਬੀਰ, ਸ. ਵਰਿਆਮ ਸਿੰਘ (ਸ. ਰੂਪ ਸਿੰਘ), ਸ. ਚਮਕੌਰ ਸਿੰਘ, ਸ. ਨਿਰਵੈਰ ਸਿੰਘ ਅਰਸ਼ੀ, ਸ. ਸਿਮਰਜੀਤ ਸਿੰਘ ਇਨ੍ਹਾਂ ਸਭ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਆਪੋ ਆਪਣੇ ਕਾਰਜ-ਕਾਲ ਦੌਰਾਨ ਉੱਚ ਕੋਟੀ ਦੇ ਲੇਖ ਪ੍ਰਕਾਸ਼ਿਤ ਕੀਤੇ ਹਨ। ਸਭ ਲੇਖਕ ਸਾਹਿਬਾਨ ਦੇ ਹਾਰਦਿਕ ਧੰਨਵਾਦੀ ਤੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੇ ਲੇਖਾਂ ਨੂੰ ਅਸੀਂ ਪਾਠਕਾਂ ਦੀ ਸੇਵਾ ਵਿਚ ਪ੍ਰਕਾਸ਼ਿਤ ਕਰ ਰਹੇ ਹਾਂ।

ਇੰਚਾਰਜ ਜੀ ਸਿੱਖ ਇਤਿਹਾਸ ਰੀਸਰਚ ਬੋਰਡ, ਸਟਾਫ਼ ਅਤੇ ਗੋਲਡਨ ਆਫਸੈੱਟ ਪ੍ਰੈੱਸ ਦੇ ਮੈਨੇਜਰ ਅਤੇ ਸਮੂਹ ਸਟਾਫ਼ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਾਰਜ ਵਿਚ ਆਪਣਾ ਪੂਰਨ ਸਹਿਯੋਗ ਦਿੱਤਾ ਹੈ। ਅਸੀਂ ਆਸ ਕਰਦੇ ਹਾਂ ਕਿ ਪਾਠਕ ਸਾਡੇ ਇਸ ਯਤਨ ਨੂੰ ਪ੍ਰਵਾਨ ਕਰਨਗੇ।

10 ਨਵੰਬਰ, 2016 ਰੂਪ ਸਿੰਘ (ਡਾ.)

www.sikhbookclub.com

ਸੰਪਾਦਕੀ ਲੇਖ

ਮਾਨਵਤਾ ਦੇ ਗੁਰੂ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਬਾਦਸ਼ਾਹ ਦਰਵੇਸ਼, ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪ੍ਰਤਿਭਾ ਨੂੰ ਬਿਆਨ ਕਰਨਾ ਅਕੱਥ ਨੂੰ ਕਥਣ ਦੇ ਤੁੱਲ ਹੈ। ਇਹ ਇਵੇਂ ਹੀ ਹੈ ਜਿਵੇਂ ਮਘਦੇ ਸੂਰਜ ਦੀ ਕੈਮਰੇ ਨਾਲ ਤਸਵੀਰ ਲੈਣਾ। ਦਿਬ-ਦੈਵੀ ਸ਼ਖ਼ਸੀਅਤਾਂ ਦੇ ਦਰਸ਼ਨ ਸੰਸਾਰਿਕ ਅੱਖਾਂ ਨਾਲ ਨਹੀਂ ਕੀਤੇ ਜਾ ਸਕਦੇ, ਨਾ ਹੀ ਇਹਨਾਂ ਨੂੰ ਪ੍ਰਚਲਤ ਧਾਰਮਿਕ, ਸਮਾਜਿਕ ਤੇ ਸੰਸਾਰਿਕ ਸ਼ਬਦਾਵਲੀ 'ਚ ਬਿਆਨ ਕੀਤਾ ਜਾ ਸਕਦਾ ਹੈ। ਮਹਾਂਕਵੀ ਸੰਤੋਖ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਬਾਰੇ ਲਿਖਦੇ ਹਨ :

ਦੁਰਨਿਰਿੱਖ ਦਰਸ਼ਨ ਸਤਿਗੁਰ ਕੇ

ਭਗਵਤ ਗੀਤਾ ਅਨੁਸਾਰ ਜਦ ਅਰਜਨ ਨੇ ਭਗਵਾਨ ਕ੍ਰਿਸ਼ਨ ਦੇ ਸ਼ੁਧ ਸਰੂਪ ਦੇ ਦਰਸ਼ਨ ਕਰਨ ਲਈ ਤਮੰਨਾ ਜ਼ਾਹਿਰ ਕੀਤੀ, ਤਦ ਭਗਵਾਨ ਕ੍ਰਿਸ਼ਨ ਨੇ ਸਪੱਸ਼ਟ ਕੀਤਾ ਕਿ ਰੂਹਾਨੀ ਅੱਖਾਂ ਹੀ ਰੂਹਾਨੀ ਰੂਹਾਂ ਦੇ ਦੀਦਾਰ ਕਰ ਸਕਦੀਆਂ ਹਨ।

ਦਿਵਯਮ ਦਦਾਮਿ ਤੇ ਚਕਸ਼ੂ। (੧੧-੮)

ਗੁਰਮਤਿ ਵਿਚਾਰਧਾਰਾ ਅਨੁਸਾਰ 'ਅਕਾਲ ਪੁਰਖ', 'ਪ੍ਰਭੂ—ਪਰਮਾਤਮਾ' ਤੇ 'ਗੁਰੂ-ਜੋਤਿ' 'ਜਨਮ-ਮਰਨ' ਤੋਂ ਰਹਿਤ ਹੈ। ਜੋਤਿ ਸਦੀਵੀ ਹੋਣ ਕਰਕੇ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਖਾਲਸਾ-ਪੰਥ ਤੇ ਗੁਰੂ-ਗ੍ਰੰਥ ਜੋਤਿ ਰੂਪ ਵਿੱਚ ਪ੍ਰਗਟ ਹੋਣ ਦੇ ਪ੍ਰਮਾਣਕ, ਸਮਕਾਲੀ-ਸਾਰਥਕ ਅਨੇਕਾਂ ਹਵਾਲੇ ਮਿਲਦੇ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਜੋਤਿ ਦੇ ਪ੍ਰਗਟ ਹੋਣ ਨੂੰ 'ਸਤਿਗੁਰ ਨਾਨਕ ਪ੍ਰਗਟਿਆ', 'ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ', ਸ੍ਰੀ ਗੁਰੂ ਅਰਜਨ ਦੇਵ ਜੀ 'ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ', ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਗੁਰਦਾਸ ਦੂਜਾ 'ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ' ਅਤੇ ਸਰਬ ਲੋਹ ਗ੍ਰੰਥ ਵਿਚ ਖਾਲਸਾ ਪੰਥ ਬਾਰੇ 'ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ' ਤੇ ਅਖੀਰ ਸ਼ਬਦ-ਗੁਰੂ, ਦਸਾਂ ਪਾਤਸ਼ਾਹੀਆਂ ਦੀ ਜੋਤਿ ਨੂੰ 'ਪ੍ਰਗਟ ਗੁਰਾਂ ਕੀ ਦੇਹਿ' ਦੇ ਰੂਪ ਵਿੱਚ ਬਿਆਨ ਕੀਤਾ ਗਿਆ, ਜਿਸ ਨੂੰ 'ਸਭ ਸਿਖਨ ਕੋ ਹੁਕਮ ਹੈ', ਦੇ ਰੂਪ 'ਚ ਮੰਨਿਆ ਜਾਂਦਾ ਹੈ। ਅਸੀਂ ਗੁਰੂ-ਸਾਹਿਬਾਨ ਬਾਰੇ ਜੋ ਸੰਸਾਰਿਕ ਸ਼ਬਦਾਵਲੀ 'ਚ ਬਿਆਨ ਕਰਨ ਦਾ ਯਤਨ ਕਰਦੇ ਹਾਂ ਉਹ ਸਥੂਲ-ਸਰੂਪ ਸਰੀਰ ਦਾ ਬਿਆਨ ਹੁੰਦਾ ਹੈ, ਅਦਿਖ ਗੁਰੂ-ਜੋਤਿ ਦਾ ਨਹੀਂ। ਉਪਰੋਕਤ ਸੰਖੇਪ ਵਿਵਰਣ ਤੋਂ ਸਪੱਸ਼ਟ ਹੈ ਕਿ ਗੁਰੂ-ਜੋਤਿ ਪ੍ਰਕਾਸ਼ਮਾਨ-ਪ੍ਰਗਟ ਹੁੰਦੀ ਹੈ ਜੋ ਜਨਮ-ਮਰਨ ਤੋਂ ਰਹਿਤ ਹੈ। ਗੁਰਬਾਣੀ ਸਪੱਸ਼ਟ ਕਰਦੀ ਹੈ :

ਗੋਬਿੰਦ ਲੋਕ ਨਹੀ ਜਨਮਿ ਮਰਹਿ ॥ (ਪੰਨਾ ੨੧੧)

www.sikhbookclub.com

ਬਾਲ ਗੋਬਿੰਦ ਰਾਏ ਨੇ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤ ਸੁਹਾਵੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਘਰ ਪ੍ਰਗਟ ਹੋ ਬਾਲ ਵਰੇਸ ਦੇ ਅਗੰਮੀ ਕੌਤਕ ਕੀਤੇ। ਮਾਤਾ ਗੁਜਰੀ ਜੀ ਦੀ ਨਿਗਰਾਨੀ 'ਚ ਆਉਣ ਵਾਲੇ ਸਮੇਂ ਦੇ ਹਾਣੀ ਬਣਨ ਲਈ ਸਿਖਿਆ ਪ੍ਰਾਪਤ ਕੀਤੀ। ਮਸਨੂਈ ਜੰਗੀ ਅਭਿਆਸ ਕੀਤੇ, ਸਮੇਂ ਦੀ ਬਾਦਸ਼ਾਹੀ ਦਾ ਬਾਲ ਅਵਸਥਾ ਸਮੇਂ ਬਾਗੀ ਸੁਰ 'ਚ ਮੂੰਹ ਚੜ੍ਹਾ ਖਿੱਲੀ ਉਡਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੂਲ ਨਾਂ 'ਗੋਬਿੰਦ ਰਾਇ' ਹੈ। **ਗੋਬਿੰਦ** ਦਾ ਅਰਥ-ਭਾਵ ਸਰਵਕਾਲੀ, ਸਮੇਂ ਸਥਾਨ ਤੋਂ ਸੁਤੰਤਰ ਹਰੀ ਪਰਮਾਤਮਾ ਹੈ। ਕੋਸ਼ਾਂ ਵਿਚ ਵੀ **ਗੋਬਿੰਦ** ਦਾ ਸ਼ਾਬਦਿਕ ਅਰਥ ਵਾਹਿਗੁਰੂ, ਪ੍ਰਿਥਵੀ-ਪਾਲਕ, ਕਰਤਾਰ, ਪਾਰਬ੍ਰਹਮ, ਗੁਣਾਂ ਦਾ ਸਮੁੰਦ੍ਰ ਆਦਿ ਕੀਤੇ ਮਿਲਦੇ ਹਨ। ਗੁਰਬਾਣੀ ਇਨ੍ਹਾਂ ਅਰਥਾਂ ਨੂੰ ਸਪਸ਼ਟ ਕਰਦੀ ਹੈ:

ਪਾਰਬ੍ਰਹਮ ਪਰਮੇਸੁਰ ਗੋਬਿੰਦ ॥
(ਪੰਨਾ ੨੮੩)
ਕ੍ਰਿਪਾ ਨਿਧਾਨ ਦਇਆਲ ਬਖਸੰਦ ॥
(ਪੰਨਾ ੪੮੫)
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
(ਪੰਨਾ ੩੭੮)
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
(ਸ੍ਰੀ ਦਸਮ ਗ੍ਰੰਥ)
ਦੁਸਟ ਹਰਨਾ ਸ੍ਰਿਸਟ ਕਰਨਾ ਦਯਾਲ ਲਾਲ ਗੋਬਿੰਦ ॥

'ਰਾਇ' ਸ਼ਬਦ ਦੇ ਸ਼ਾਬਦਿਕ ਅਰਥ-ਸੰਗਯਾ ਦੇ ਰੂਪ 'ਚ ਰਾਜਾ, ਅਮੀਰ, ਮਾਲਕ, ਪ੍ਰਭੂ, ਵਾਹਿਗੁਰੂ, ਕਰਤਾਰ, ਪਾਰਬ੍ਰਹਮ ਕੀਤੇ ਮਿਲਦੇ ਹਨ। ਗੁਰਬਾਣੀ ਦੇ ਪਾਵਨ ਉਪਦੇਸ਼ ਹਨ:

(ਪੰਨਾ ੨੫੫)
ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥
(ਪੰਨਾ ੨੫੬)
ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥
(ਪੰਨਾ ੨੯੮)
ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥
(ਪੰਨਾ ੩੨੫)
ਗੁਰੁ ਨਾਨਕੁ ਤੁਠਾ ਮਿਲਿਆ ਹਰਿ ਰਾਇ ॥
(ਪੰਨਾ ੧੧੪੧)
ਅੰਤਰਿ ਰਾਮ ਰਾਇ ਪ੍ਰਗਟੇ ਆਇ ॥

'ਗੋਬਿੰਦ ਰਾਇ' ਦੇ ਅਗੇਤਰ-ਪਿਛੇਤਰ ਵਿਸ਼ੇਸ਼ਣ ਜਿਤਨੇ ਮਰਜ਼ੀ ਸ਼ਰਧਾ-ਭਾਵਨਾ, ਸਤਿਕਾਰ ਨਾਲ ਲਗਾ ਦੇਈਏ, ਆਪਣੇ ਮਨ ਦੀ ਤਸੱਲੀ ਹੋ ਜਾਵੇਗੀ ਪਰ **'ਗੋਬਿੰਦ'** ਦੇ ਗੁਣਾਂ ਦਾ ਗਾਇਨ, ਅਕਥ ਕਥਾ ਕਥੀ ਨ ਜਾਇ ਦੀ ਅਵਸਥਾ ਹੈ। ਗੋਬਿੰਦ ਸ਼ਬਦ ਦਾ ਕੋਈ ਬਦਲ ਨਹੀਂ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
(ਪੰਨਾ ੪੮੭)
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥

ਗੋਬਿੰਦ ਨਾਮ 'ਚ ਐਸੀ ਸ਼ਕਤੀ ਹੈ ਕਿ ਭਗਤ ਨਾਮਦੇਵ ਜਿਸਨੂੰ ਅੱਧੀ ਦਮੜੀ ਦਾ ਨਹੀਂ ਸਨ ਮੰਨਦੇ ਉਹੀ ਗੋਬਿੰਦ ਗੋਬਿੰਦ ਕਰਦਿਆਂ 'ਗੋਬਿੰਦ' ਰੂਪ ਹੋ ਲਖੀਣਾ ਭਾਵ ਲੱਖਾਂ ਦਾ ਹੋ ਗਿਆ, ਅਮੋਲਕ-ਅਮਰ ਹੋ ਗਿਆ। ਲੋਕ ਉਸ ਦੇ ਨਾਮ ਨਾਲ ਜੁੜ ਗਏ। ਦੂਸਰੇ ਪਾਸੇ ਅਸੀਂ ਤਕਦੇ ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਨਾਮ ਦਾ 'ਗੋਬਿੰਦ' ਸ਼ਬਦ ਉਸ ਹੀ ਨਿਰੰਕਾਰੀ ਜੋਤਿ

www.sikhbookclub.com

ਦੇ ਅਰਥਾਂ, ਭਾਵਾਂ ਤੇ ਭਾਵਨਾ 'ਚੋਂ ਵਰਤਿਆ ਗਿਆ ਹੈ। **ਗੋਬਿੰਦ** ਦੇ ਬਿਸਰਨ ਨਾਲ ਤਾਂ ਆਤਮਿਕ ਮੌਤ ਹੈ—"**ਮਰਣੰ ਬਿਸਰਣੰ ਗੋਬਿੰਦਹ ॥**"

ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨੇ ਦੀ ਧਰਤੀ 'ਤੇ ਪ੍ਰਗਟ ਹੋਏ ਇਹ ਇਕ ਪ੍ਰਤੱਖ ਪ੍ਰਮਾਨ ਹੈ :

ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ ਲਯੋ ॥ *(ਬਚਿਤ੍ਰ ਨਾਟਕ, ਅਧਿ: ੭)*

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।...
ਉਹੁ ਗੁਰੂ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ। *(ਭਾਈ ਗੁਰਦਾਸ ਦੂਜਾ)*

ਜਨਮ-ਮਰਨ ਸੰਸਾਰੀ ਲੋਕਾਈ ਵਾਸਤੇ ਹੈ ਜੋ ਵਿਕਾਰਾਂ ਤੋਂ ਨਿਰਲੇਪ ਨਹੀਂ ਹੋ ਸਕਦੇ ਪਰ ਰੂਹਾਨੀ ਪਾਤਸ਼ਾਹ, ਰੱਬੀ ਨੂਰ-ਨਿਰੰਕਾਰੀ ਤੇ ਪਰਉਪਕਾਰੀ ਹੈ। ਗੁਰੂ ਸਰਵਕਾਲੀ, ਸਰਵਪੱਖੀ-ਸਰਬਗੁਣ ਸੰਪੰਨ, ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਹੁੰਦਾ ਹੈ। ਗੁਰੂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਸਤੇ ਗਿਆਨ ਪ੍ਰਕਾਸ਼ਕ, ਗਿਆਨ ਦਾ ਬ੍ਰਹਿਮੰਡੀ ਸੂਰਜ ਹੈ, ਜੋ ਪਵਨ-ਗੁਰੂ ਪਾਣੀ-ਪਿਤਾ ਦੇ ਸਿਧਾਂਤ ਅਨੁਸਾਰ ਸਮਸਤ ਸੰਸਾਰ ਲਈ ਅਗਿਆਨ ਵਿਨਾਸ਼ਕ-ਪ੍ਰਕਾਸ਼ ਦਾ ਅਮੁਕ ਸਰੋਤ ਹੈ। ਇਨ੍ਹਾਂ ਅਰਥਾਂ ਵਿਚ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਧਰਮ, ਜਾਤੀ, ਕੌਮ, ਖੇਤਰ ਤੀਕ ਸੀਮਤ ਨਹੀਂ ਉਹ ਸਮੁੱਚੀ ਕਾਇਨਾਤ ਲਈ **ਕੁਦਰਤੀ ਧਰਮ ਗੁਰੂ** ਹਨ ਜਿਨ੍ਹਾਂ ਨੂੰ ਅਸੀਂ ਮਾਨਵਤਾ ਦੇ ਗੁਰੂ ਵਜੋਂ ਦੇਖਣ ਦਾ ਯਤਨ ਕਰ ਰਹੇ ਹਾਂ। ਬਾਦਸ਼ਾਹ-ਦਰਵੇਸ਼ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ਦੀ ਅਰਦਾਸ ਅਕਾਲ ਪੁਰਖ ਦੇ ਦਰ 'ਤੇ ਕਰਦਿਆਂ, ਨਿਸਚੈ ਕਰਿ ਅਪਨੀ ਜੀਤ ਕਰਨ ਦੇ ਦ੍ਰਿੜ੍ਹ ਵਿਸਵਾਸ਼ੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੋਈ ਸਾਨੀ ਨਹੀਂ, ਕੋਈ ਬਦਲ ਨਹੀਂ, ਕਵੀ ਅੱਲਾ ਯਾਰ ਖਾਂ ਜੋਗੀ ਦੇ ਸ਼ਬਦਾਂ 'ਚ :

ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ। *(ਸ਼ਹੀਦਾਨਿ ਵਫ਼ਾ)*

ਸਾਈਂ ਭੀਖਣ ਸ਼ਾਹ ਨੇ ਲੋਕਾਈ ਨੂੰ ਪ੍ਰਤੱਖ ਕਰਨ ਲਈ ਪੂਰਬ ਵੱਲ ਸਿਜਦਾ ਕੀਤਾ, ਪਟਨੇ ਸ਼ਹਿਰ ਜਾ ਕੇ ਗੁਰੂ-ਜੋਤਿ ਦੇ ਦਰਸ਼ਨ ਕਰ ਸਪੱਸ਼ਟ ਕੀਤਾ ਕਿ ਗੁਰਦੇਵ-ਪਿਤਾ ਧਰਮ, ਜਾਤੀ ਜਾਂ ਖੇਤਰ ਨਾਲ ਸੰਬੰਧਿਤ ਨਹੀਂ ਸਗੋਂ ਮਨੁੱਖਤਾ ਨੂੰ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਦਾ ਸੰਦੇਸ਼ ਦੇਣ ਆਏ ਹਨ। ਫ਼ਤਹਿ ਚੰਦ ਮੈਣੀ, ਸ਼ਿਵ ਦੱਤ ਦੇ ਸ਼ੰਕਿਆਂ ਨੂੰ ਨਿਵਿਰਤ ਕਰ ਸ਼ਸਤ੍ਰ ਤੇ ਸ਼ਾਸਤ੍ਰ ਵਿਦਿਆ ਦੀ ਪ੍ਰਾਰੰਭਕ ਵਿਦਿਆ ਹਾਸਲ ਕਰ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਨੂੰ ਰਵਾਨਾ ਹੋਏ।

ਅਨੰਦਪੁਰ ਸਾਹਿਬ ਦੀ ਪਾਵਨ-ਪਵਿੱਤਰ ਧਰਤ ਸੁਹਾਵੀ 'ਤੇ ਹੀ ਚਾਰੇ ਸਾਹਿਬਜ਼ਾਦੇ ਅੰਗਮੀ ਕੌਤਕ ਕਰਦੇ ਹਨ। ਮਾਤਾ ਜੀਤੋ ਜੀ ਦਾ ਅਕਾਲ ਚਲਾਣਾ ਵੀ ਇੱਥੇ ਹੀ ਹੁੰਦਾ ਹੈ। ਦਰਦਮੰਦ, ਦੁਖੀ ਤੇ ਆਜ਼ਜ ਬ੍ਰਾਹਮਣ, ਕ੍ਰਿਪਾ ਰਾਮ ਦੀ ਅਗਵਾਈ 'ਚ ਆਪਣੇ ਧਰਮ-ਕਰਮ ਇਜ਼ਤ-ਆਬਰੂ ਲਈ ਅਧੀਨਗੀ ਨਾਲ ਬੇਨਤੀ ਕਰਦੇ ਹਨ ਤਾਂ ਦਸਮ ਪਾਤਸ਼ਾਹ ਹੀ ਪ੍ਰਵਾਨ ਚੜ੍ਹਾਉਂਦੇ ਹਨ। ਨੌਂ ਸਾਲ ਦੀ ਉਮਰ 'ਚ ਗੁਰੂ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਹੋਂਦ ਨੂੰ ਬਚਾਉਣ ਲਈ ਸ਼ਹਾਦਤ ਵਾਸਤੇ ਤੋਰਨਾ, ਸਵੈ-ਵਿਸ਼ਵਾਸ, ਸਿਦਕ ਭਰੋਸੇ ਦਾ ਸ਼ਿਖਰ ਸੀ। ਭਾਈ

www.sikhbookclub.com

ਜੈਤਾ ਜੀ ਤੋਂ ਸ਼ਹੀਦ ਗੁਰੂ-ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਪ੍ਰਾਪਤ ਕਰ, ਪਿਆਰੇ-ਗੁਰਸਿੱਖ ਨੂੰ ਪਿਆਰ ਗਲਵਕੜੀ 'ਚ ਲੈ ਕੇ ਬਖਸ਼ਿਸ਼ ਕਰਦੇ ਹਨ ਰੰਘਰੇਟੇ ਗੁਰੂ ਕੇ ਬੇਟੇ। ਮਾਖੋਵਾਲ ਚੱਕ ਨਾਨਕੀ ਦੀ ਛੋਟੀ ਜਿਹੀ ਨਗਰੀ ਨੂੰ ਬ੍ਰਹਿਮੰਡੀ ਖਾਲਸੇ ਦੇ ਪ੍ਰਗਟ ਅਸਥਾਨ ਦੇ ਰੂਪ 'ਚ ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਜੋਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਹੋਈ। ਮਸਨੂਈ ਜੰਗਾਂ ਤੇ ਧਰਮ ਯੁੱਧ ਦੀ ਤਿਆਰੀ ਲਈ ਕਿਲ੍ਹੇ ਉਸਾਰੇ ਗਏ।

ਸਾਹ-ਸਤਹੀਨ ਹੋਏ ਭਾਰਤੀਆਂ, ਮੁਰਦਾ-ਨਿਤਾਣੇ ਲੋਕਾਂ 'ਚ ਸਾਹਸ-ਸ਼ਕਤੀ ਨੂੰ ਪੈਦਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਦੀਆਂ ਪਹਾੜੀਆਂ 'ਤੇ ਕੇਸਰੀ ਪਰਚਮ ਝੁਲਾਏ, ਰਣਜੀਤ ਨਗਾਰੇ 'ਤੇ ਚੋਟਾਂ ਲਗਵਾਈਆਂ। ਘੋੜ-ਸਵਾਰੀ ਤੇ ਸ਼ਸਤਰ-ਵਿਦਿਆ ਲਈ ਮਸਨੂਈ ਜੰਗਾਂ-ਯੁੱਧਾਂ, ਫ਼ਤਹਿ ਦੇ ਜੈਕਾਰਿਆਂ ਨਾਲ ਧਰਮ ਯੁੱਧ ਲਈ ਚਾਉ-ਹੁਲਾਸ ਪੈਦਾ ਕੀਤਾ। ਇਹ ਸਭ ਕੁਝ ਸਦੀਆਂ ਤੋਂ ਗੁਲਾਮ ਭਾਰਤੀਆਂ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵਲੋਂ ਸਖ਼ਤ ਮਨ੍ਹਾ ਕੀਤਾ ਸੀ। ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੁਜ਼ਦਿਲਾਂ 'ਚ ਬਹਾਦਰੀ ਪੈਦਾ ਕਰਨ ਲਈ ਬੀਰ-ਰਸੀ ਸਾਹਿਤ ਸਿਰਜਣਾ ਕੀਤੀ ਤੇ ਕਰਵਾਈ। ਖਾਲਸਈ ਫ਼ਤਹਿ ਦੇ ਬੋਲਾਂ ਤੇ ਜੰਗੀ ਜੈਕਾਰਿਆਂ ਨਾਲ ਪਹਾੜੀਆਂ ਗੂੰਜ ਉਠੀਆਂ। ਬਿਨ ਕਰਤਾਰ ਨ ਕਿਰਤਮ ਮਾਨੋ ਦੇ ਧਾਰਨੀ ਗੁਰੂ ਪਿਤਾ ਜੀ ਦੇ ਨਿਰਦੇਸ਼ਾਂ ਅਨੁਸਾਰ ਸ਼ਸਤਰਾਂ ਦੇ ਪੁਜਾਰੀ, ਸੁਤੰਤਰਤਾ, ਸਵੈਮਾਨ ਦੀ ਸ਼ਕਤੀ ਨਾਲ ਮਾਲਾ-ਮਾਲ ਸਿੰਘਾਂ ਨੇ ਸਰੂਪ ਤੇ ਸ਼ਖ਼ਸੀ ਪੂਜਾ ਨੂੰ ਮੁਕੰਮਲ ਰੂਪ 'ਚ ਨਕਾਰ ਦਿੱਤਾ। ਸ਼ੂਦਰ ਨੂੰ ਸਮਾਜਿਕ ਬਰਾਬਰੀ ਦਾ ਅਧਿਕਾਰ ਨਹੀਂ ਸੀ ਉਸ ਨੂੰ ਸਤਿਗੁਰਾਂ ਨੇ ਸਿੱਖ ਸ਼ਹਿਨਸ਼ਾਹ ਬਣਾ ਦਿੱਤਾ।

ਨਾਮ ਗਰੀਬ ਨਿਵਾਜ ਹਮਾਰਾ। ਹੈ ਜਗ ਮੇਂ ਪ੍ਰਸਿਧ ਅਪਾਰਾ।
ਸੋ ਸਫਲਾ ਜਗ ਮੈ ਤਬ ਥੈ ਹੈਂ। ਲਘੁ ਜਾਤਨ ਕੋ ਬਡਪਨ ਦੈ ਹੈਂ।
ਜਿਨ ਕੀ ਜਾਤਿ ਔਰ ਕੁਲ ਮਾਂਹੀ, ਸਰਦਾਰੀ ਨਹਿ ਭਈ ਕਦਾਹੀਂ।...
ਇਨ ਹੀ ਕੋ ਸਰਦਾਰ ਬਨਾਵੋਂ, ਤਬੈ ਗੋਬਿੰਦ ਸਿੰਘ ਨਾਮ ਸਦਾਵੋਂ।

(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

... ...

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥...
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ॥

(ਸ੍ਰੀ ਦਸਮ ਗ੍ਰੰਥ, ਪੰਨਾ ੭੧੬)

... ਸ਼ਕਤੀ ਨੂੰ ਇਕੱਤਰ ਕਰ ਸੂਰਬੀਰ ਬਚਨ ਕੇ ਬਲੀ ਸੂਰਮੇ ਸਰਦਾਰ ... ਤੇ ਵਿਦਵਾਨ-ਸਾਹਿਤਕਾਰ ਤੇ ਕਵੀ ਬੁਲਾਏ ਗਏ। ਇਸ ਮਨੋਰਥ ... ਕਰਦੇ ਹਨ:

...ਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥

(ਕ੍ਰਿਸ਼ਨਵਤਾਰ)

ਅਨੰਦਪੁਰ ਸਾਹਿਬ ਤੋਂ ਗੁਰਦੇਵ ਪਿਤਾ ਸ਼ਹਿਰ ਪਾਂਵਟੇ ਦੀ ਸੁਧ ਲੈਂਦੇ ਹਨ। ਰੁਝੇਵਿਆਂ, ਯੁੱਧਾਂ, ਕਸ਼ਟਾਂ ਦੇ ਸਮੇਂ ਵੀ ਕਾਵਿ-ਰਚਨਾ ਕਰਦੇ ਰਹੇ। 52 ਕਵੀਆਂ ਦੀ ਸ਼ਾਹਦੀ ਤਾਂ ਬਹੁਤ ਸਾਰੇ ਇਤਿਹਾਸਕ ਹਵਾਲੇ ਭਰਦੇ ਹਨ, ਜਿਨ੍ਹਾਂ ਨੂੰ ਗੁਰਦੇਵ ਤਨਖ਼ਾਹ ਤੋਂ ਇਲਾਵਾ-ਬੇਨਜ਼ੀਰ

www.sikhbookclub.com

ਇਨਾਮਾਂ ਨਾਲ ਨਿਵਾਜਦੇ ਸਨ। ਗੁਰੂ ਦਰਬਾਰ ਵਿਚ ਵੱਡੀ ਗਿਣਤੀ ਵਿਚ ਵਿਦਵਾਨ, ਕਵੀ, ਲਿਖਾਰੀ, ਮੁਨਸ਼ੀ, ਮੁਸੱਦੀ ਤੇ ਹੋਰ ਸਿੱਖ ਸੇਵਾਦਾਰ ਸਨ। ਦੇਹਰਾ ਮਸੀਤ ਨੂੰ ਵੱਖ-ਵੱਖ ਧਰਮ ਮੰਦਰ ਮੰਨਣ ਵਾਲੇ, ਪੁਰਾਨ-[illegible]ਣ ਦੇ ਸੰਦੇਸ਼ 'ਤੇ ਅਮਲ ਕਰਨ ਵਾਲੇ ਉਨ੍ਹਾਂ ਦੇ ਸ਼ਰਧਾਲੂ, ਸੇਵਕ, ਮੁਰੀਦ ਤੇ ਸ਼ਹੀਦ ਸਨ। [illegible] ਗੋਬਿੰਦ ਸਿੰਘ ਜੀ ਨੇ ਤੇਗਾਂ ਨਾਲ ਕਲਮਾਂ ਘੜੀਆਂ, ਜਿਨ੍ਹਾਂ ਐਸਾ ਬੀਰ ਰਸ ਸਾਹਿਤ ਪੈਦਾ ਕੀਤਾ, ਜਿਸ ਨੇ ਬੁਜ਼ਦਿਲਾਂ-ਕਾਇਰਾਂ 'ਚ ਬੀਰਤਾ-ਬਹਾਦਰੀ ਦੇ ਬੀਜ ਬੋਏ ਕਿ ਸਵਾ-ਸਵਾ ਲੱਖ ਨਾਲ ਇਕੱਲੇ ਲੜ ਗਏ। ਇਹ ਵੇਰਵੇ ਦਰਬਾਰੀ ਕਵੀਆਂ ਦੀਆਂ ਰਚਨਾਵਾਂ ਤੋਂ ਵੀ ਮਿਲਦੇ ਹਨ।

ਪਾਉਂਟ[illegible] ਦੀ ਧਰਤੀ 'ਤੇ ਨਿਵਾਸ ਕਰਦਿਆਂ ਭੰਗਾਣੀ ਯੁੱਧ ਵਿਚ ਜਿੱਤ ਪ੍ਰਾਪਤ ਕਰਕੇ ਭਈ ਜੀਤ ਮੇਰੀ ਕ੍ਰਿਪਾ ਕਾਲ ਕੇਰੀ ਦਾ ਨਾਅਰਾ ਬੁਲੰਦ ਕੀਤਾ। ਨੀਵੀਂ ਜਾਤ ਦੇ ਕਹੇ ਜਾਂਦੇ ਸ਼ੂਦਰਾਂ ਨੂੰ ਪਿਆਰ ਗਲਵਕੜੀ ਵਿਚ ਲੈ ਕੇ ਸੂਰਮੇ ਸ਼ੇਰ ਹੋਣ ਦਾ ਮਾਣ ਦਿੱਤਾ। ਇਸਲਾਮਿਕ ਅਸੂਲਾਂ ਦੇ ਧਾਰਨੀ ਪੀਰ ਬੁੱਧੂ ਸ਼ਾਹ ਵੱਲੋਂ ਆਪਣੇ ਸਪੁੱਤਰ, ਮੁਰੀਦ ਗੁਰੂ ਜੀ ਤੋਂ ਕੁਰਬਾਨ ਕਰਨੇ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ। ਪੀਰ ਬੁੱਧੂ ਸ਼ਾਹ ਸ਼ਕਲਾਂ-ਸਰੀਰਾਂ ਦੇ ਪੁਜਾਰੀ ਨਹੀਂ ਕੇਵਲ ਇਕ ਅੱਲ੍ਹਾ ਨੂੰ ਮੰਨਣ ਵਾਲੇ ਸਨ। ਉਹ ਬ੍ਰਹਿਮੰਡੀ ਧਰਮ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਮਨ-ਬਚਨ-ਕਰਮ ਕਰਕੇ ਸਮਰਪਿਤ ਹੋਏ ਪ੍ਰੇਮ ਖੇਲਣ ਕਾ ਚਾਉ ਦੀ ਖੇਡ ਖੇਡਦੇ ਹਨ। ਕਲਗੀਧਰ ਦੇ ਸ਼ਸਤਰ ਦੀਨ-ਦੁਖੀ ਦੀ ਰੱਖਿਆ ਢਾਲ ਤੇ ਜਾਬਰਾਂ-ਜ਼ਾਲਮਾਂ ਵਾਸਤੇ ਕਾਲ ਸਨ। ਅਕਾਲ ਪੁਰਖ ਵੱਲੋਂ ਬਖਸ਼ਿਸ਼ਾਂ ਕਾਰਨ ਅੱਗੋਂ ਜੋ ਅੜਦਾ ਸੀ ਸੋ ਝੜਦਾ ਸੀ। ਜੋ ਸ਼ਰਨ ਆਉਂਦਾ ਉਸਨੂੰ ਗਲੇ ਨਾਲ ਲਗਾਉਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਲ ਤਨ, ਮਨ ਤੋਂ ਜੁੜਦੇ ਨਿਮਾਣੇ, ਨਿਤਾਣੇ, ਗਰੀਬੜੇ ਕਮਜ਼ੋਰ ਕਿਰਸਾਨ ਸੇਵਕ ਤੋਂ ਸਿਕਦਾਰ-ਸਿਰਦਾਰ ਬਣਾਉਣ ਦੀ ਸਮਰੱਥਾ ਸੀ।

ਤਖ਼ਤ, ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਦੇ ਪਾਵਨ ਅਸਥਾਨ 'ਤੇ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਖੰਡੇ ਦੀ ਧਾਰ 'ਤੇ ਚਲਣ ਵਾਲੀ ਖੜਗਧਾਰੀ ਕੌਮ ਸਿਰਜੀ। ਫਿਰ ਆਪ ਉਨ੍ਹਾਂ ਪਾਸੋਂ ਅੰਮ੍ਰਿਤ ਦਾਤ ਪ੍ਰਾਪਤ ਕਰ ਪੰਥ ਨੂੰ ਗੁਰੂ-ਪੰਥ ਦੀ ਸਰਵਉਚ ਪਦਵੀ-ਖਿਤਾਬ ਪ੍ਰਦਾਨ ਕੀਤਾ। ਭਰਮ ਭੇਖ ਤੋਂ ਨਿਆਰੇ ਖਾਲਸੇ ਨੂੰ ਗੁਰਦੇਵ ਆਪਣਾ ਗੁਰੂ ਤਸਵਰ ਕਰਦੇ ਹਨ :

ਖ਼ਾਲਸਾ ਖਾਸ ਕਹਾਏ ਸੋਈ, ਜਾ ਕੇ ਹਿਰਦੇ ਭਰਮ ਨ ਹੋਈ।
ਭਰਮ ਭੇਖ ਤੇ ਰਹੇ ਨਿਆਰਾ, ਸੋ ਖਾਲਸਾ, ਸਤਿਗੁਰੂ ਹਮਾਰਾ। (ਗੁਰ ਸੋਭਾ)

ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸੂਜਨ ਸੂਰਾ।...
ਯਾ ਮਹਿ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।
(ਸਰਬ ਲੋਹ)

ਗੁਰਬਾਣੀ ਦੇ ਪਾਵਨ ਉਪਦੇਸ਼-ਮਿਰਤਕ ਕਉ ਪਾਇਓ ਤਨਿ ਸਾਸਾ ਦੇ ਗੁਰੂ ਬਚਨ ਨੂੰ ਅਮਲ 'ਚ ਪ੍ਰਗਟ ਕਰਦਿਆਂ ਗੁਲਾਮ ਮਾਨਸਿਕਤਾ ਦੀ ਥਾਂ ਸ੍ਵੈ-ਵਿਸ਼ਵਾਸ, ਭਰੋਸੇ, ਸੁਤੰਤਰਤਾ ਸਿੱਖ ਸੋਚ ਹੋਂਦ-ਹਸਤੀ ਤੇ ਵਿਲੱਖਣ ਪਹਿਚਾਣ, ਜਗਦੀ-ਜ਼ਮੀਰ ਵਾਲੇ ਬਾਣੀ-ਬਾਣੇ ਦੇ ਧਾਰਨੀ ਸੂਰਬੀਰ ਬਚਨ ਕੇ ਬਲੀ ਸਿੰਘਾਂ (ਸ਼ੇਰਾਂ) ਦਾ ਪੰਥ ਪ੍ਰਗਟ ਕੀਤਾ, ਜਿਹੜਾ ਕਦੇ ਵੀ ਸਮੇਂ-ਸਥਾਨ ਤੇ ਸੱਤਾ ਨਾਲ ਸਮਝੌਤਾ ਕਰਕੇ ਕਿਸੇ ਕਿਸਮ ਦੀ ਗੁਲਾਮੀ, ਪ੍ਰਾਧੀਨਤਾ ਪ੍ਰਵਾਨ ਨਾ ਕਰੇ। ਸ੍ਰ. ਰਤਨ ਸਿੰਘ ਭੰਗੂ ਦੇ ਸ਼ਬਦਾਂ 'ਚ :

ਕਿਸ ਹੂੰ ਕੀ ਇਹ ਕਾਣ ਨ ਧਰਹੈਂ।

www.sikhbookclub.com

ਰਾਜ ਕਰੈਂ ਇਕੈ ਲਰ ਮਰਹੈਂ।

ਵਿਅਕਤੀ ਵਿਸ਼ੇਸ਼, ਰਾਜਾਸ਼ਾਹੀ, ਸੰਸਾਰਿਕ ਬਾਦਸ਼ਾਹੀ ਦੀ ਜੈ-ਜੈ ਕਾਰ ਦੇ ਵਿਰੁੱਧ ਬਗਾਵਤੀ ਸੁਰ ਨੂੰ ਬੁਲੰਦ ਕਰਨ ਤੇ ਖਾਲਸਾ ਹੋਇਆ ਖ਼ੁਦ-ਖ਼ੁਦਾ ਦੀ ਭਾਵਨਾ ਨੂੰ ਪ੍ਰਚੰਡ ਕਰਨ ਲਈ ਖਾਲਸਾ ਜੀ ਬੋਲਿਆਂ ਦੇ ਰੂਪ ਵਿਚ ਸੰਬੋਧਨੀ ਬੋਲਾ:

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਬੁਲਾਣ ਦਾ ਆਦੇਸ਼ ਕੀਤਾ। ਇਸ ਦੇ ਨਾਲ ਗੁਰਸਿੱਖਾਂ ਵਿਚ ਜਿੱਥੇ ਸ੍ਵੈ-ਵਿਸ਼ਵਾਸ ਪੈਦਾ ਹੋਇਆ ਉਥੇ ਅਕਾਲ ਪੁਰਖ ਵਾਹਿਗੁਰੂ ਦੀ ਸ਼ਰਵ-ਸ਼ਕਤੀ ਸੰਪੰਨ ਹੋਣ ਨੂੰ ਸਮਰਪਿਤ ਭਾਵਨਾ ਤੇ ਵਿਸ਼ਵਾਸ ਪਰਪੱਕ ਹੋਇਆ। ਇਹ ਸੰਬੋਧਨੀ ਬੋਲਾ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬ੍ਰਹਿਮੰਡੀ ਚੇਤਨਾ ਨੂੰ ਪ੍ਰਗਟ ਕਰਦਾ ਹੈ ਜੋ ਕਿਸੇ ਕੌਮ, ਧਰਮ, ਖਿੱਤੇ, ਬਾਦਸ਼ਾਹ ਪਾਸੋਂ ਆਸ ਨਹੀਂ ਕੀਤੀ ਜਾ ਸਕਦੀ ਜੋ ਮਾਨਵਤਾ ਦੇ ਗੁਰੂ ਦੇ ਗੁਣ ਨੂੰ ਰੂਪਮਾਨ ਕਰਦੀ ਹੈ।

ਲੈਨਿਨ ਨੇ ਜੋ ਸਮਾਜਵਾਦ ਰੂਸ ਵਿੱਚ 1917 ਈ 'ਚ ਸਥਾਪਤ ਕੀਤਾ, ਉਸ ਦੇ ਬੀਜ 218 ਸਾਲ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਦੀ ਧਰਤੀ 'ਤੇ ਬੀਜੇ ਸਨ। ਇਸ ਦੀ ਗਵਾਹੀ ਸੰਸਾਰ ਪ੍ਰਸਿੱਧ ਇਤਿਹਾਸਕਾਰ ਆਰਨੋਲਡ ਟਾਇਨਬੀ ਨੇ ਆਪਣੇ ਮਹਾਂ-ਗ੍ਰੰਥ 'ਹਿਸਟਰੀ ਆਫ਼ ਦਾ ਵਰਲਡ' ਵਿੱਚ ਦਿੱਤੀ ਹੈ, ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ਼, ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੈ ਅਤੇ ਇਹ ਪਾਰਟੀ ਸ੍ਵੈ-ਉਤਪਤੀ ਦੀ ਪਦਵੀ ਦੀ ਅਧਿਕਾਰੀ ਨਹੀਂ। *('ਰਾਜ ਕਰੇਗਾ ਖਾਲਸਾ', ਸਿਰਦਾਰ ਕਪੂਰ ਸਿੰਘ, ਪੰਨਾ 66)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਵਿੱਚ ਇਹ ਸਥਾਪਿਤ ਤੇ ਸਾਬਤ ਕਰ ਦਿੱਤਾ ਕਿ ਹਲਤ-ਪਲਤ ਸੰਵਾਰਨ ਲਈ ਮੀਰੀ-ਪੀਰੀ, ਭਗਤੀ-ਸ਼ਕਤੀ, ਗਿਆਨ ਤੇ ਸੱਤਾ ਦਾ ਸੁਖਾਵਾਂ ਸੁਮੇਲ ਜ਼ਰੂਰੀ ਹੈ। ਖਾਲਸਾ-ਪੰਥ ਨੂੰ ਪ੍ਰਗਟ ਕਰਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵੱਡੀ ਕਰਾਮਾਤ ਸੀ, ਜਿਸ ਕਰਕੇ ਗਰੀਬ ਸਿੱਖਨ ਨੂੰ ਪਾਤਸ਼ਾਹੀ ਪ੍ਰਾਪਤ ਹੋਈ। ਵਹਿਮਾਂ-ਭਰਮਾਂ ਦਾ ਨਾਸ਼ ਕਰਨ ਵਾਸਤੇ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਊਚ-ਨੀਚ, ਗਰੀਬ-ਅਮੀਰ, ਚੇਲੇ-ਗੁਰੂ ਦੀ ਇਕਸਾਰਤਾ ਤੇ ਇਕਸੁਰਤਾ ਕਾਇਮ ਕੀਤੀ।

ਘਰ-ਘਰ ਦੇਵੀ-ਦੇਵਤਿਆਂ, ਵੱਖ-ਵੱਖ ਰੂਪਾਂ 'ਚ ਮੰਨਣ ਵਾਲੀ ਗੁਲਾਮੀ ਦੀ ਆਦੀ ਹੋ ਚੁੱਕੀ ਭਾਰਤੀ ਲੋਕਾਈ ਵਿਚ ਦੈਵੀ ਏਕਤਾ, ਮਨੁੱਖੀ ਸਮਾਨਤਾ ਦਾ ਬੀਜ ਵੀ ਗੁਰੂ ਜੀ ਨੇ ਹੀ ਬੋਇਆ। ਪਹਿਲੀ ਵਾਰ ਸੁਤੰਤਰ ਸਿੱਖ ਸੋਚ-ਹੋਂਦ ਹਸਤੀ ਤੇ ਪਹਿਚਾਨ ਵਾਲਾ ਖਾਲਸਾ ਰੂਪੀ ਬੋਹੜਨੁਮਾ ਦਰੱਖਤ ਪੈਦਾ ਕੀਤਾ ਜਿਹੜਾ ਹਰ ਤਰ੍ਹਾਂ ਦੇ ਹਾਲਾਤਾਂ, ਜਬਰ-ਜ਼ੁਲਮ ਦੀਆਂ ਹਨੇਰੀਆਂ-ਝੱਖੜਾਂ ਦਾ ਮੁਕਾਬਲਾ ਕਰਦਾ ਹੋਇਆ ਵੀ ਵਿਸ਼ਵ ਭਰ ਵਿਚ ਸੱਚ, ਸੰਜਮ, ਸਹਿਜ, ਸੰਤੋਖ ਦਾ ਧਾਰਨੀ ਹੋ ਸੁਤੰਤਰਤਾ, ਸਾਦਗੀ ਦੀ ਖੁਸ਼ਬੋਈ ਬਖੇਰ ਰਿਹਾ ਹੈ। ਅਵਤਾਰਵਾਦ ਦਾ ਖੰਡਨ ਕਰਦਿਆਂ ਗੁਰਦੇਵ ਪਿਤਾ ਨੇ ਸਪੱਸ਼ਟ ਕੀਤਾ:

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ *(ਬੇਨਤੀ ਚੌਪਈ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਰਮ-ਭੇਖ-ਪਾਖੰਡ ਦਾ ਬਾਖੂਬੀ ਖੰਡਨ ਕੀਤਾ ਹੈ। ਜਿਸ ਦੇਸ਼ ਵਿਚ ਮੰਦਰ ਢਾਹੇ ਜਾ ਰਹੇ ਸਨ ਤੇ ਮਸਜਿਦਾਂ ਉਸਾਰੀਆਂ ਜਾ ਰਹੀਆਂ ਸਨ ਮੂਰਤੀਆਂ ਦੇ ਵੱਟੇ ਬਣਾ ਕੇ ਮਾਸ ਤੋਲਣ ਲਈ ਵਰਤੀਆਂ ਜਾ ਰਹੀਆਂ ਸਨ, ਘੋੜ-ਸਵਾਰੀ, ਦਸਤਾਰ ਦੀ

www.sikhbookclub.com

ਮਨਾਹੀ ਸੀ ਉਸ ਸਮੇਂ ਮੰਦਰ-ਮਸੀਤ ਇਕ ਕਹਿਣਾ, ਪੂਜਾ ਤੇ ਨਿਮਾਜ਼ ਨੂੰ ਇਕ ਮੰਨਣਾ ਕਰਾਮਾਤ ਤੋਂ ਘੱਟ ਨਹੀਂ। ਅਕਾਲ ਪੁਰਖ ਨੂੰ ਇਕ ਮੰਨਣ-ਮੰਨਵਾਉਣ ਵਾਲੇ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬ੍ਰਹਿਮੰਡੀ ਦ੍ਰਿਸ਼ਟੀ ਦੇ ਦਰਸ਼ਨ-ਦੀਦਾਰ ਕਰੋ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥

(ਅਕਾਲ ਉਸਤਤਿ)

ਮਜ਼੍ਹਬਾਂ, ਦੇਸ਼ਾਂ, ਜਾਤਾਂ-ਪਾਤਾਂ, ਰੰਗਾਂ, ਨਸਲਾਂ ਦੇ ਬੇਸ਼ੁਮਾਰ ਝਗੜਿਆਂ ਨੂੰ ਨਕਾਰਦਿਆਂ-ਨਬੇੜਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵਤਾ ਦੇ ਗੁਰੂ ਰੂਪ 'ਚ ਸਦੀਵੀ ਸੰਦੇਸ਼ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਰਾਹੀਂ ਦ੍ਰਿੜ ਕਰਵਾਇਆ। ਸਮਾਜਿਕ ਨਾ ਬਰਾਬਰੀ, ਜਾਤਾਂ-ਪਾਤਾਂ, ਵਹਿਮਾਂ-ਭਰਮਾਂ ਦਾ ਖੰਡਨ ਕਰਨ ਵਾਸਤੇ ਸਮਾਜਿਕ ਚੇਤਨਾ, ਸਮਾਜਿਕ ਕੁਰੀਤੀਆਂ ਨੂੰ ਖਾਲਸੇ ਦੇ ਰੂਪ 'ਚ ਖਤਮ ਕੀਤਾ। 'ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ' ਕਹਿਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਸਾਰਾ ਸਮਾਂ ਧਰਮ ਯੁੱਧਾਂ ਵਿਚ ਬੀਤਿਆ। ਇਕ ਵੀ ਯੁੱਧ ਜ਼ਰ, ਜ਼ੋਰੂ ਤੇ ਜ਼ਮੀਨ ਵਾਸਤੇ ਨਹੀਂ ਲੜਿਆ ਗਿਆ। ਨੀਲੇ ਦੇ ਸ਼ਾਹ ਸਵਾਰ, ਪ੍ਰਸ਼ਾਦੀ ਹਾਥੀਆਂ ਨੂੰ ਪਿਆਰ ਕਰਨ ਵਾਲੇ, ਤਾਜ, ਬਾਜ, ਸ਼ਸਤਰਾਂ ਦੇ ਧਾਰਨੀ ਦਸਮੇਸ਼ ਪਿਤਾ, ਨਾ ਸਾਜੋ ਨਾ ਬਾਜੋ... ਦੀ ਅਵਸਥਾ 'ਚ ਵੀ ਔਰੰਗਜ਼ੇਬ ਦੀ ਮਰ ਚੁੱਕੀ ਜ਼ਮੀਰ ਨੂੰ ਜਗਾਉਣ ਵਾਸਤੇ ਅਦੁੱਤੀ ਅਨੋਖੀ ਜੁਰਤ ਦਿਖਾਈ। ਸ਼ਹਿਨਸ਼ਾਹ ਔਰੰਗਜ਼ੇਬ ਨੂੰ ਉਸ ਦੀ ਅਸਲੀਅਤ ਤੋਂ ਜਾਣੂ ਕਰਾਉਂਦਿਆਂ ਤਾੜਨਾ ਕਰਦੇ ਹਨ ਕਿ ਸੰਸਾਰੀ ਤੌਰ 'ਤੇ ਤੂੰ ਬਾਦਸ਼ਾਹ ਤਾਂ ਹੈਂ ਪਰ ਸੱਚਾਈ ਤੇ ਇਨਸਾਫ ਤੋਂ ਕੋਹਾਂ ਦੂਰ ਹੈਂ। ਤੈਨੂੰ ਨਾ ਅੱਲ੍ਹਾ ਤਾਲਾ 'ਤੇ ਅਤੇ ਨਾ ਹੀ ਹਜ਼ਰਤ ਮੁਹੰਮਦ 'ਤੇ ਯਕੀਨ-ਭਰੋਸਾ ਹੈ:

ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀਂ॥
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ॥੯੪॥
ਨ ਸਾਹਿਬ ਸ਼ਨਾਸੀ ਨ ਮਹੰਮਦ ਯਕੀਂ॥੪੬॥

(ਜ਼ਫ਼ਰਨਾਮਾ)

ਚਮਕੌਰ ਦੀ ਕੱਚੀ ਗੜ੍ਹੀ 'ਚ ਮੌਤ ਨਾਲ ਮਖੌਲਾਂ ਕਰਨ ਵਾਲੇ ਹਮਸ਼ਕਲ ਸੂਰਮੇ ਭਾਈ ਸੰਗਤ ਸਿੰਘ ਜੀ ਦੇ ਸੀਸ 'ਤੇ ਕਲਗੀ ਸਜਾਉਂਦੇ ਹਨ। ਯੁੱਧ ਦੇ ਮੈਦਾਨ ਵਿਚ ਵੀ 'ਸਭੇ ਸਾਂਝੀਵਾਲ ਸਦਾਇਨ' ਦਾ ਉਪਦੇਸ਼ ਦ੍ਰਿੜ ਕਰਵਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਵਹਾਰਕ ਤੌਰ 'ਤੇ ਵੀ ਵਿਲੱਖਣ ਧਾਰਮਿਕ ਆਗੂ ਹਨ ਜੋ ਯੁੱਧ ਦੇ ਮੈਦਾਨ ਵਿਚ ਆਸਾ ਕੀ ਵਾਰ ਦਾ ਕੀਰਤਨ ਕਰ ਸਕਦੇ ਹਨ। ਫਿਰ ਵੀ ਅਡੋਲਤਾ ਤੱਕੋ ਪਾਵਨ-ਪਵਿੱਤਰ ਇਤਿਹਾਸਕ ਪਿਆਰੀ ਅਨੰਦਪੁਰੀ ਨੂੰ ਛੱਡਣ, ਸਰਸਾ ਨਦੀ 'ਤੇ ਪਏ ਵਿਛੋੜੇ ਦੇ ਦਰਦ, ਚਮਕੌਰ ਦੇ ਅਸਾਵੇਂ ਯੁੱਧ ਪੁੱਤਰਾਂ ਤੋਂ ਪਿਆਰੇ ਤਿੰਨ ਪਿਆਰਿਆਂ, ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀ ਸ਼ਹਾਦਤ, ਲਾਡਲੇ ਸਿੰਘਾਂ ਦਾ ਸਦੀਵੀ ਵਿਛੋੜਾ, ਮਾਛੀਵਾੜੇ ਦੀ ਧਰਤੀ 'ਤੇ ਸ਼ਾਹਾਂ ਦਾ ਸੁਲਤਾਨ ਕੰਡਿਆਲੀ ਧਰਤੀ ਨੂੰ ਸੱਥਰ ਬਣਾਉਣ ਉਪਰੰਤ ਵੀ ਮਿਤ੍ਰ ਪਿਆਰੇ ਨੂੰ ਯਾਦ ਕਰ ਉਚਾਰਨ ਕਰਦੇ ਹਨ 'ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ' ਇਹ ਅਵਸਥਾ ਹੈ ਮੁਖ ਤੇ ਹਰਿ ਚਿਤ ਮੈ ਜੁਧ ਬਿਚਾਰੈ। ਕਦੇ ਵੀ ਅਕਾਲ ਪੁਰਖ ਨੂੰ ਸ਼ਿਕਵਾ ਸ਼ਿਕਾਇਤ ਨਹੀਂ ਕਰਦੇ।

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਭਾਈ ਨੰਦ ਲਾਲ ਸਪੱਸ਼ਟ ਕਰਦੇ ਹਨ ਕਿ ਉਹ ਅਬਿਨਾਸ਼ੀ ਤਖ਼ਤ 'ਤੇ ਬਿਰਾਜਮਾਨ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਦੀਆਂ ਸਿੱਖਿਆਵਾਂ ਦਾ ਵਰਤਾਰਾ ਨੌਂ ਤਬਕਾਂ ਵਿਚ ਵਰਤਦਾ ਹੈ। ਤਿੰਨਾਂ ਲੋਕਾਂ, ਸਭ ਦਿਸ਼ਾਵਾਂ ਦੇ ਲੋਕ ਉਨ੍ਹਾਂ ਦੇ ਦਰਸ਼ਨਾਂ ਨੂੰ ਤਰਸਦੇ ਹਨ। ਲੱਖਾਂ ਈਸ਼ਰ, ਬ੍ਰਹਮਾ, ਅਰਸ਼-ਕੁਰਸ਼ ਉਸ ਦੀ ਸ਼ਰਨ ਵਿਚ ਆਉਣਾ ਲੋਚਦੇ ਹਨ। ਅਣਗਿਣਤ ਧਰਤ-ਅਕਾਸ਼ ਉਨ੍ਹਾਂ ਦੇ ਗੁਲਾਮ ਹਨ, ਸੈਂਕੜੇ ਹਜ਼ਾਰਾਂ ਚੰਨ-ਸੂਰਜ ਉਨ੍ਹਾਂ ਦਾ ਸਿਰੋਪਾਓ ਪਹਿਨਣਹਾਰੇ ਹਨ :

ਕਸਤਰੀ ਜ਼ਿ ਸਮਾਨਿ ਗੁਰੂ ਗੋਬਿੰਦ ਸਿੰਘ ॥
ਰੋਜ਼ਾ ਦੀਨ ਖਾਸਿ ਗੁਰੂ ਗੋਬਿੰਦ ਸਿੰਘ ॥
ਲਾਅਲ ਸਮੇਂ ਗੁਲਾਮਿ ਗੁਰੂ ਗੋਬਿੰਦ ਸਿੰਘ ॥ *(ਭਾਈ ਨੰਦ ਲਾਲ)*

ਸਮਕਾਲੀ ਵਿਦਵਾਨ ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਬਿਆਨ ਕਰਨ ਤੋਂ ਅਸਮਰੱਥਾ ਪ੍ਰਗਟ ਕਰਦੇ ਹਨ। ਬਾਦਸ਼ਾਹ-ਦਰਵੇਸ਼ ਹੱਕ-ਹੱਕ ਆਦੇਸ਼, ਸ਼ਹਿਨਸ਼ਾਹ, ਕਹਿ ਸਤਿਕਾਰ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਇਕ ਵਾਲ ਤੋਂ ਦੋ ਜਹਾਨ-ਕੁਰਬਾਨ ਕਰਨ ਨੂੰ ਉਤਾਵਲੇ ਹਨ।

ਦੀਨ ਦੁਨੀਆ ਦਰ ਕਮੰਦੇ ਆ ਪਰੀ ਰੁਖਸਾਰਿਮਾ,
ਹਰ ਦੋ ਆਲਮ, ਕੀਮਤੇ ਬਨ ਤਾਰ ਮੂਏ ਯਾਰਿਮਾ ॥

ਭਾਈ ਨੰਦ ਲਾਲ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਲਾਮ ਸਗ-ਕੂਕਰ ਸਦਵਾਉਣ 'ਚ ਮਾਣ ਮਹਿਸੂਸ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਦਵਾਉਣ ਵਾਲੇ ਨੂੰ ਆਪਣੇ ਗੁਰੂ ਪ੍ਰਤੀ ਸਮਰਪਣ ਭਾਵਨਾ ਤੇ ਸਥਿਤੀ ਬਾਰੇ ਸੋਚਣਾ ਪਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸੱਚੇ-ਸੁੱਚੇ ਸਿੱਖ/ ਸੇਵਾ-ਸਿਮਰਨ, ਸੰਤੋਖ, ਸਹਿਜ ਦੇ ਧਾਰਨੀ ਸਿੱਖਾਂ ਵਾਸਤੇ ਪਹਿਰੇਦਾਰੀ ਕਰਨ ਤੇ ਪਰਿਵਾਰ ਨੂੰ ਵਾਰਦੇ ਹਨ। ਭਾਈ ਨੰਦ ਲਾਲ ਜੀ ਵਰਗੇ ਵਿਦਵਾਨ ਕਵੀ-ਸਾਹਿਤਕਾਰ, ਭਾਈ ਘਨਈਆ ਵਰਗੀਆਂ ਸੇਵਾ-ਸਿਮਰਨ ਨੂੰ ਸਮਰਪਿਤ ਸ਼ਖ਼ਸੀਅਤਾਂ ਬਿਖੜੇ ਤੋਂ ਬਿਖੜੇ ਸਮੇਂ ਵੀ ਸਦੀਵੀ ਖਿੜਾਓ ਦਾ ਪ੍ਰਗਟਾਅ ਕਰਦੀਆਂ ਹਨ। ਭਾਈ ਘਨਈਆ ਜੀ ਜੰਗ ਦੇ ਮੈਦਾਨ ਵਿਚ ਦੋਸਤਾਂ-ਦੁਸ਼ਮਣਾਂ ਤੱਕ ਪਾਣੀ ਨਹੀਂ ਪਿਲਾਉਂਦੇ। ਉਹ ਤਾਂ ਹਰੇਕ 'ਚ ਮਾਨਵਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ ਨੂੰ ਤੱਕਦੇ ਹਨ। ਜਾਹਰ ਪੀਰ, ਪੀਰ ਬੁੱਧੂ ਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਆਪਣਾ ਮੁਕਤੀ ਦਾਤਾ ਮੰਨਦੇ, ਸ਼ਿਵਦੱਤ ਵਰਗੇ ਬ੍ਰਾਹਮਣ ਨੂੰ ਵੀ ਆਪ 'ਤੇ ਹੀ ਭਰੋਸਾ ਸੀ। ਨਿਹੰਗ ਖਾਂ, ਗਨੀ ਖਾਂ, ਨਬੀ ਖਾਂ, ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਖੁਦਾ ਰੂਪ ਜਾਣ ਐਵੇਂ ਨਹੀਂ ਸੱਚ ਨਾਲੋਂ ਪਵਿੱਤਰ ਝੂਠ ਬੋਲਦੇ ਹਨ। ਮਾਈ ਭਾਗੋ ਐਵੇਂ ਨਹੀਂ ਬੁਜ਼ਦਿਲਾਂ ਨੂੰ ਬੀਰਤਾ-ਬਹਾਦਰੀ ਪ੍ਰਦਾਨ ਕਰਦੀ। ਭਾਈ ਬੀਰ ਸਿੰਘ-ਧੀਰ ਸਿੰਘ ਐਵੇਂ ਨਹੀਂ ਗੋਲੀ ਦਾ ਨਿਸ਼ਾਨਾ ਬਨਣ ਲਈ ਛਾਤੀ ਤਾਣਦੇ। ਧਰਮ ਬਦਲੀ ਦੀ ਜਬਰ-ਜ਼ੁਲਮ ਦੀ ਕਹਾਣੀ ਨੂੰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੋਕਦੇ ਹਨ। ਸਾਈਂ ਬੁੱਲੇ ਸ਼ਾਹ ਦੇ ਸ਼ਬਦਾਂ 'ਚ:

ਨ ਕਹੋ ਅਬ ਕੀ ਨ ਕਹੋ ਤਬ ਕੀ ਬਾਤ ਕਹੂੰ ਮੈਂ ਜਬ ਕੀ,
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।

ਸਮੇਂ ਦਾ ਬਾਦਸ਼ਾਹ ਔਰੰਗਜ਼ੇਬ ਇਕ ਹੀ ਇਸਲਾਮੀ ਰਾਜ ਸਤਾ ਦੀ ਸਥਾਪਤੀ ਕਰਨੀ

www.sikhbookclub.com

ਚਾਹੁੰਦਾ ਹੈ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਦਰਤੀ, ਧਰਮ, ਸਮਾਜ, ਰਾਜ ਦੀ ਵੰਨ-ਸੁਵੰਨਤਾ ਦੇ ਵਿਰੁੱਧ ਮੰਨਦੇ ਹਨ। ਗੁਰੂ ਜੀ ਸਪੱਸ਼ਟ ਕਰਦੇ ਹਨ ਵਿਭਿੰਨਤਾ ਬਹੁ ਰੰਗੀ ਤੇ ਬਹੁ ਭਾਂਤੀ ਹੈ, ਜੋ ਕੁਦਰਤੀ ਕਾਨੂੰਨ ਦੇ ਅਨੁਸਾਰੀ ਹੈ :

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ॥
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ ॥
ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈਂ ॥੨੫੫

(ਅਕਾਲ ਉਸਤਤਿ)

ਭਾਈ ਸੰਤੋਖ ਸਿੰਘ ਦੇ ਸ਼ਬਦਾਂ 'ਚ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਗਟ ਨਾ ਹੁੰਦੇ ਤਾਂ ਕੁਦਰਤੀ ਵੰਨ ਸੁਵੰਨਤਾ ਖਤਮ ਹੋ ਜਾਣੀ ਸੀ ਤੇ ਇਸਲਾਮਕ ਏਕਤਾ ਸਥਾਪਤ ਹੋਣੀ ਸੀ। ਇਸਲਾਮ ਦਾ ਬੋਲਬਾਲਾ ਹੋਣਾ ਸੀ। ਦੇਵੀ-ਦੇਵਤੇ, ਦੇਹਰੇ, ਮੰਦਰ ਖਤਮ ਹੋ ਜਾਣੇ ਸਨ ਤੇ ਇਸ ਧਰਤੀ ਤੋਂ ਵੇਦਾਂ-ਪੁਰਾਣਾਂ ਦੀ ਕਥਾ-ਵਿਚਾਰ ਮਿਟ ਜਾਣੀ ਸੀ। ਸਾਹਿਤਕ ਕਿਰਤਾਂ ਦਾ ਵੀ ਵਿਨਾਸ਼ ਹੁੰਦਾ ਜੇਕਰ ਕਿਰਪਾ ਨਿਧਾਨ ਸ੍ਰੀ ਗੁਰੂ ਗੋਬਿੰਦ ਸਿੰਘ ਪੈਦਾ ਨਾ ਹੁੰਦੇ :

ਛਾਇ ਜਾਤੀ ਏਕਤਾ, ਅਨੇਕਤਾ ਬਿਲਾਇ ਜਾਤੀ,'ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ, ਧਰਮ ਧਸੱਕ ਜਾਤੇ, ਬਰਨ ਗਰਕ ਜਾਤੇ, ਸਾਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ਮੂਰਤ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ।

ਦੂਸਰਿਆਂ ਦੀ ਹੋਂਦ ਨੂੰ ਸਵੀਕਾਰਣ ਮੰਨਣ ਵਾਸਤੇ ਗੁਲਾਮ ਭਾਰਤ ਵਾਸੀਆਂ 'ਚ ਅਹਿਸਾਸੇ ਕਮਤਰੀਂ ਨੂੰ ਨਾਸ਼ ਕਰ-ਸਵੈਮਾਨ ਭਰੋਸੇ ਦਾ ਅਹਿਸਾਸ ਕਰਵਾਇਆ।

ਸਿਰਮੌਰ-ਸੂਰਬੀਰ, ਸੰਤ-ਸਿਪਾਹੀ ਸੈਨਾਪਤੀ, ਸਾਹਿਤਕਾਰ, ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹ-ਸਤਹੀਣ ਮੁਰਦਾ ਲੋਕਾਈ, ਜਿਨ੍ਹਾਂ ਸੁਪਨੇ 'ਚ ਵੀ ਕਦੇ ਸਿਰਦਾਰੀ-ਬਾਦਸ਼ਾਹੀ ਬਾਰੇ ਨਹੀਂ ਸੀ ਸੋਚਿਆ ਤੇ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ ਸਿਰਦਾਰੀਆਂ-ਬਾਦਸ਼ਾਹੀਆਂ ਦੀਆਂ ਬਖਸ਼ਿਸ਼ਾਂ ਨਾਲ ਨਿਵਾਜ਼ਿਆ। ਦੁਨਿਆਵੀ ਬਾਦਸ਼ਾਹੀ ਦੀ ਥਾਂ ਰੂਹਾਨੀ ਸਲਤਨਤ ਦੀ ਸਥਾਪਤੀ ਕੀਤੀ। ਉਨ੍ਹਾਂ ਧਰਤੀ 'ਤੇ ਸੰਗਤੀ ਬਾਦਸ਼ਾਹੀ ਸਥਾਪਿਤ ਕੀਤੀ। ਜਿਥੇ ਪਸ਼ੂਆਂ, ਚੂਹਿਆਂ, ਮੁਰਦਿਆਂ, ਮੂਰਤਾਂ ਆਦਿ ਨੂੰ ਪੂਜਿਆ ਜਾਂਦਾ ਸੀ ਪਰ ਅਛੂਤੀ ਨੀਵੀਂ ਜਾਤ ਦੀ ਕਿਰਤੀ ਸ਼੍ਰੇਣੀ ਨਾਲ ਨਫ਼ਰਤ ਈਰਖਾ ਕੀਤੀ ਜਾਂਦੀ ਸੀ। ਚੂਹਿਆਂ ਦੀ ਜੂਠ ਪ੍ਰਸ਼ਾਦ ਸਮਝ ਕੇ ਖਾਧੀ ਜਾਂਦੀ ਪਰ ਸ਼ੂਦਰ ਦੇ ਪਰਛਾਵੇਂ ਨਾਲ ਭਿਟੇ ਜਾਂਦੇ। ਨਾਨਕ ਨਿਰਮਲ ਪੰਥ ਦੀ ਸਿਰਜਣਾ ਲਈ ਗੁਰੂ ਨਾਨਕ ਮੰਦਰਾਂ, ਮਸਜਿਦਾਂ, ਮਜਲਸਾਂ, ਮਠਾ 'ਚ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੂਹਾਨੀ ਸਲਤਨਤ ਦੀ ਸਥਾਪਤੀ ਲਈ ਗੁਰੂ ਸਾਹਿਬ ਜੀ ਨੇ ਹਿੰਦੂ ਸਮਾਜ ਦੀ ਬਾਸੀ ਵਿਚਾਰਧਾਰਾ ਰੂਪੀ ਰਸਮਾਂ ਦੀ ਥਾਂ ਤਰੋ-ਤਾਜ਼ਾ ਸਾਹਿਤਕ ਸਰਮਾਇਆ, ਨਵੀਂ ਨਰੋਈ ਵਿਚਾਰਧਾਰਾ ਰੂਪੀ ਸ਼ੇਰਵਾਨੀ

www.sikhbookclub.com

ਪ੍ਰਦਾਨ ਕੀਤੀ। ਜਿਸ ਨੂੰ ਅੰਦਰੂਨੀ ਤੇ ਬਹਿਰੂਨੀ ਤੌਰ 'ਤੇ ਬਾਣੀ ਤੇ ਬਾਣੇ ਦੇ ਰੂਪ 'ਚ ਧਾਰਨ ਕਰਕੇ ਗਰੀਬ ਸ਼ੂਦਰ ਬਾਦਸ਼ਾਹ, ਸ਼ਹਿਨਸ਼ਾਹ, ਸਿਕਦਾਰ ਸਦਵਾਏ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ, ਅਕਾਲੀ ਹਿੰਮਤ, ਖ਼ੁਦ ਗੁਰਦੇਵ ਜੀ ਨੇ ਖਾਲਸੇ ਨੂੰ ਖ਼ੁਦਾਈ ਸ਼ਕਤੀਆਂ ਪ੍ਰਦਾਨ ਕੀਤੀਆਂ, ਖ਼ਾਲਸਾ ਹੋਆ ਖ਼ੁਦ-ਖ਼ੁਦਾ।

ਅਨੰਦਪੁਰ ਸਾਹਿਬ ਛੱਡ ਕੇ, ਚਮਕੌਰ ਦੀ ਕੱਚੀ ਗੜ੍ਹੀ 'ਚ ਸੰਸਾਰ ਦਾ ਅਸਾਵਾਂ ਯੁੱਧ ਲੜਿਆ, ਮਾਛੀਵਾੜੇ, ਰਾਏ ਕੋਟ ਤੋਂ ਹੁੰਦੇ ਹੋਏ ਦੀਨਾ ਕਾਂਗੜ ਪਹੁੰਚੇ। ਜ਼ਫਰਨਾਮੇ 'ਚ ਕਰਤਾਰੀ ਸ਼ਕਤੀ, ਸਵੈ-ਭਰੋਸੇ ਤੇ ਸਵੈਮਾਨ ਦਾ ਪ੍ਰਗਟਾਅ ਕਰਦਿਆਂ ਦੀਨਾ ਕਾਂਗੜ ਤੋਂ ਸਮੇਂ ਦੇ ਬਾਦਸ਼ਾਹ ਨੂੰ ਸੱਚ ਤੋਂ ਸੁਚੇਤ ਸਾਵਧਾਨ ਕੀਤਾ। ਚਮਕੌਰ ਸਾਹਿਬ 'ਚ ਸੰਸਾਰ ਦੇ ਸਭ ਤੋਂ ਅਸਾਵੇਂ ਯੁੱਧ 'ਚ ਇਕ ਪਾਸੇ ਚਾਲੀ ਭੁੱਖੇ ਭਾਣੇ ਗੁਰੂ ਪਿਆਰੇ ਗੁਰਸਿੱਖ ਤੇ ਦੂਸਰੇ ਪਾਸੇ ਦਸ ਲੱਖ ਬਾਦਸ਼ਾਹੀ ਫ਼ੌਜਾਂ ਦਾ ਘੇਰਾ। ਗੁਰੂ ਸਾਹਿਬ ਖੁਦ ਅੱਖੀਂ ਦੇਖ ਅਦਭੁੱਤ ਨਜ਼ਾਰੇ ਨੂੰ ਬਿਆਨ ਕਰਦੇ ਹਨ:

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ ॥ *(ਜ਼ਫਰਨਾਮਾ)*

ਨੀਲੇ ਦਾ ਸ਼ਾਹ-ਸਵਾਰ, ਕਲਗੀਧਰ ਪਿਤਾ, ਸੰਸਾਰ ਦਾ ਸ਼ਹਿਨਸ਼ਾਹ ਬਾਜ਼-ਤਾਜ ਦਾ ਧਾਰਨੀ :

ਨਾ ਸਾਜ਼ੋ ਨਾ ਬਾਜ਼ੋ ਨਾ ਫ਼ੌਜ਼ੇ ਨਾ ਫ਼ਰਸ਼ ॥
ਖ਼ੁਦਾਵੰਦ ਬਖ਼ਸ਼ਿੰਦਹਿ ਐਸ਼ਿ ਅਰਸ਼ ॥ *(ਜ਼ਫਰਨਾਮਾ)*

ਦੀ ਅਵਸਥਾ 'ਚ ਵੀ ਦਸਮੇਸ਼-ਪਿਤਾ ਅਕਾਲ ਪੁਰਖ ਦੀਆਂ ਬਖ਼ਸ਼ਿਸ਼ਾਂ ਦਾ ਸ਼ੁਕਰਾਨਾ ਕਰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ 'ਚ ਚੜ੍ਹਦੀ ਕਲਾ ਹੈ। ਹੁਲਾਸ, ਖੇੜਾ, ਸਵੈ ਵਿਸ਼ਵਾਸ, ਭਰੋਸਾ ਹੈ, ਨਹੀਂ ਹੈ ਤਾਂ ਕਿਧਰੇ ਅਰਾਮ, ਆਲਸ, ਸ਼ਿਕਨ-ਸ਼ਿਕਵਾ ਤੇ ਸ਼ਿਕਾਇਤ। ਸ਼ਿਕਵੇ-ਸ਼ਿਕਾਇਤਾਂ ਦੀ ਥਾਂ ਸਤਿਗੁਰੂ ਜੀ ਚੜ੍ਹਦੀ ਕਲਾ, ਹੁਲਾਸ ਦਾ ਪ੍ਰਗਟਾ ਇਨ੍ਹਾਂ ਸ਼ਬਦਾਂ 'ਚ ਕਰਦੇ ਹਨ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥ *(ਜ਼ਫਰਨਾਮਾ)*

ਚਮਕੌਰ ਦੀ ਗੜ੍ਹੀ 'ਚ ਦੁਸ਼ਮਣਾਂ ਨੂੰ ਤੀਰ ਮਾਰਦੇ ਨਹੀਂ, ਬਖਸ਼ਿਸ਼ ਕਰਕੇ ਜੀਵਨ-ਮੁਕਤ ਕਰਦੇ ਹਨ। ਮਾਨਵਤਾ ਦਾ ਗੁਰੂ, ਗੁਰੂ ਗੋਬਿੰਦ ਸਿੰਘ ਹੀ ਇਸ ਤਰ੍ਹਾਂ ਕਰ ਸਕਦਾ ਹੈ। ਗੁਰੂ ਜੀ ਸਪੱਸ਼ਟ ਕਰਦੇ ਹਨ—ਔਰੰਗਜ਼ੇਬ! ਜੇਕਰ ਤੇਰਾ ਜਰਨੈਲ ਖਵਾਜ਼ਾ ਮਰਦੂਦ ਦੀਵਾਰ ਦੇ ਉਹਲੇ ਨਾ ਹੁੰਦਾ ਤਾਂ ਮੈਂ ਇਕ ਤੀਰ ਉਸਨੂੰ ਵੀ ਬਖਸ਼ਿਸ਼ ਕਰ ਦੇਣਾ ਸੀ:

ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦਿਵਾਰ ॥
ਨਯਾਮਦ ਬ ਮੈਦਾਂ ਬ ਮਰਦਾਨ ਵਾਰ ॥੩੪॥
ਦਰੇਗਾ! ਅਗਰ ਰੂਇ ਓ ਦੀਦਮੇ ॥
ਬ ਯਕ ਤੀਰ ਲਾਚਾਰ ਬਖ਼ਸ਼ੀਦਮੇ ॥੩੫॥ *(ਜ਼ਫਰਨਾਮਾ)*

ਤੇਗ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਲਮ ਦੇ ਫੱਟ ਨਾਲ ਔਰੰਗਜ਼ੇਬ ਐਸਾ ਜ਼ਖ਼ਮੀ ਹੋਇਆ ਫਿਰ ਕਫ਼ਨ-ਦਫ਼ਨ ਨੂੰ ਪ੍ਰਾਪਤ ਹੋਇਆ।

www.sikhbookclub.com

ਮੁਕਤਸਰ ਦੀ ਧਰਤ ਸੁਹਾਵੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਟੁਟੀ ਗਾਢਨਹਾਰ ਗੋਪਾਲ ਦਾ ਬਿਰਦ ਪਾਲਿਆ। ਤਖ਼ਤ, ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰੂ ਕਾਸ਼ੀ ਸਥਾਪਿਤ ਕਰ, ਗੁਰੂ-ਪਿਤਾ-ਗੁਰੂ ਤੇਗ ਬਹਾਦਰ ਜੀ ਦੀ ਪਾਵਨ ਗੁਰਬਾਣੀ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਾਮਲ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ। ਸ਼ਬਦ-ਵੀਚਾਰ ਦੀ ਪਰੰਪਰਾ ਤੋਰੀ। ਡੱਲੇ ਦੇ ਸਿਦਕ ਦੀ ਪਰਖ ਕੀਤੀ। ਭਾਈ ਬੀਰ ਸਿੰਘ, ਭਾਈ ਧੀਰ ਸਿੰਘ ਦੇ ਗੁਰੂ ਭਰੋਸੇ ਨੂੰ ਪ੍ਰਗਟ ਕੀਤਾ। ਲੰਮੇ ਵਿਛੋੜੇ ਉਪਰੰਤ ਮਾਤਾ ਸੁੰਦਰੀ ਜੀ ਦੀ ਤੇ ਮਾਤਾ ਸਾਹਿਬ ਦੇਵ ਜੀ ਵੀ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰਦੇਵ ਪਿਤਾ ਨੂੰ ਮਿਲਦੇ ਹਨ ਤੇ ਆਪਣੇ ਸਾਹਿਬਜ਼ਾਦਿਆਂ ਬਾਰੇ ਪੁਛਦੀਆਂ ਹਨ। ਜੁਆਬ ਵਿਚ ਸਤਿਗੁਰੂ ਪੰਥ ਨਾਲ ਕੀਤੇ ਇਕਰਾਰ ਨੂੰ ਪੂਰਾ ਕਰਦੇ ਹਨ। ਗੁਰਦੇਵ ਪਿਤਾ ਨੇ ਆਪਣੇ ਪਿਆਰੇ ਗੁਰਸਿੱਖਾਂ ਨਾਲ ਕੀਤਾ ਹਰ ਇਕਰਾਰ ਇਨ-ਬਿਨ ਪੂਰਾ ਕੀਤਾ:

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜ਼ਾਰ।

'ਨ ਹਮ ਹਿੰਦੂ ਨ ਮੁਸਲਮਾਨ' ਦੇ ਸਿਧਾਂਤ ਨੂੰ ਮੰਨਣ ਵਾਲੇ ਕਲਗੀਧਰ ਪਿਤਾ ਕਿਧਰੇ ਹਿੰਦੂ ਧਰਮ ਦੀ ਅਜ਼ਮਤ ਵਾਸਤੇ ਪਿਤਾ-ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਵਾਸਤੇ ਤੋਰਦੇ ਹਨ ਤੇ ਦੂਸਰੇ ਪਾਸੇ ਕੌਮ ਦੇ ਜਾਨੀ ਦੁਸ਼ਮਣ ਮੁਸਲਮਾਨਾ ਬਾਦਸ਼ਾਹ ਔਰੰਗਜ਼ੇਬ ਦੇ ਸਪੁੱਤਰ ਬਹਾਦਰ ਸ਼ਾਹ ਨੂੰ ਬਾਦਸ਼ਾਹਤ ਦਿਵਾਉਣ ਵਾਸਤੇ ਸਿੱਖ ਸੈਨਿਕ ਸ਼ਕਤੀ ਦੀ ਸਹਾਇਤਾ ਪ੍ਰਦਾਨ ਕਰਦੇ ਹਨ। ਬਾਦਸ਼ਾਹੀ ਠਾਠ-ਬਾਠ ਨਾਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਾਵਨ ਬਾਣੀਆਂ-ਸਾਹਿਤਕ ਕਿਰਤਾਂ, ਦਸਮ ਗ੍ਰੰਥ ਦੇ ਰੂਪ 'ਚ ਸੁਰੱਖਿਅਤ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਾਵਨ ਬਾਣੀਆਂ ਜਾਪ ਸਾਹਿਬ, 'ਚੋਂ ਚਕਰ ਚਿਹਨ ਤੋ ਨਿਆਰੇ-ਸਦਾ ਅੰਗ ਸੰਗੇ ਅਭੰਗੀ ਬਿਭੂਤੇ ਪ੍ਰਭੂ-ਪਰਮਾਤਮਾ ਦੇ ਸਰਬ-ਨਾਵਾਂ ਦੇ ਦਰਸ਼ਨ, ਸਵੈਯੇ 'ਚੋਂ ਵਹਿਮਾਂ-ਭਰਮਾਂ ਦਾ ਖੰਡਨ, ਕੂਰ ਕ੍ਰਿਆ 'ਚ ਉਲਝੀ ਲੋਕਾਈ ਦੀ ਸਥਿਤੀ ਤੋਂ ਨਿਕਲਣ ਲਈ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦੇ ਮਾਰਗ 'ਤੇ ਚੱਲਣ ਦਾ ਉਪਦੇਸ਼, ਅਕਾਲ ਉਸਤਤਿ 'ਚੋਂ ਤੂਹੀ-ਤੂਹੀ ਦੀ ਇਲਾਹੀ-ਅਗੰਮੀ ਧੁਨੀ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਸੰਦੇਸ਼, ਬਚਿਤ੍ਰ ਨਾਟਕ 'ਚੋਂ ਕਰਤਾਰੀ ਸ਼ਖ਼ਸੀਅਤ ਦੀ ਸਵੈ-ਜੀਵਨੀ, ਜੀਵਨ-ਉਦੇਸ਼ ਧਰਮ ਚਲਾਵਨ ਸੰਤ ਉਬਾਰਨ, 24 ਅਵਤਾਰ ਦੀ ਕਥਾ-ਕਹਾਣੀ ਬਿਆਨ ਕਰਦਿਆਂ ਤੱਤ ਸਾਰ 'ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੈ ਨਹੀ ਆਨਜੋ' ਦਰਸਾਇਆ। ਜ਼ਫ਼ਰਨਾਮੇ 'ਚ ਸੁਤੰਤਰ ਸਿੱਖ ਸੋਚ 'ਸਚੁ ਸੁਣਾਇਸੀ ਸਚ ਕੀ ਬੇਲਾ' ਦਾ ਉਪਦੇਸ਼ ਔਰੰਗਜ਼ੇਬ ਨੂੰ ਦ੍ਰਿੜ ਕਰਵਾਇਆ। ਰਾਮ-ਕ੍ਰਿਸ਼ਨ ਅਵਤਾਰ 'ਚ ਮਿਥਿਹਾਸਕ ਹਵਾਲਿਆਂ ਤੋਂ ਬਾਅਦ ਗੁਰਮਤਿ ਦਾ ਸਿਧਾਂਤ, 'ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨ ਮਾਨਿਯੋ' ਹੈ, 'ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ' ਦ੍ਰਿੜ ਕਰਵਾਇਆ। ਭੁਲਿਆਂ-ਭਟਕਿਆਂ ਨੂੰ ਪ੍ਰੇਮ ਗਲਵਕੜੀ ਲੈਣ ਉਪਰੰਤ ਮੁਕਤਿ ਭੁਗਤਿ ਦੀ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਾਣੀ ਇਕ ਵਿਲੱਖਣ ਸਿਧਾਂਤ, ਵਿਧੀ-ਵਿਧਾਨ, ਲੈਅ ਤੇ ਸੰਗੀਤ ਦਾ ਸੁਮੇਲ ਹੈ:

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ॥

(ਅਕਾਲ ਉਸਤਤਿ)

www.sikhbookclub.com

ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ ਦ੍ਰਿੜ੍ਹ ਕਰਾਉਂਦਿਆਂ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦਾ ਮਾਰਗ ਦੱਸਿਆ। ਮਸੰਦਾਂ ਦੀ ਸ਼ਖ਼ਸੀਅਤ-ਪ੍ਰਸਤੀ ਦੀ ਸ਼ਕਤੀ ਨੂੰ ਸਾੜ ਸੁਆਹ ਕਰ, ਸਿੱਖਾਂ ਨੂੰ ਸਿੱਧਾ ਜਾਗਤ ਜੋਤਿ ਅਕਾਲ ਪੁਰਖ ਦੇ ਪੁਜਾਰੀ ਬਣਾਇਆ। ਕਰਤਾਰੀ ਸ਼ਕਤੀਆਂ ਦੇ ਮਾਲਕ ਹੁੰਦਿਆਂ, ਅਕਾਲ ਰੂਪ ਹੋਣ ਦੇ ਬਾਵਜੂਦ ਇਹ ਕਹਿਣਾ 'ਮੈ ਹੋ ਪਰਮ ਪੁਰਖ ਕੋ ਦਾਸਾ, ਦੇਖਨ ਆਯੋ ਜਗਤ ਤਮਾਸਾ' (ਬਚਿਤ੍ਰ ਨਾਟਕ) ਦੀ ਹਿੰਮਤ, ਦਲੇਰੀ, ਸਾਹਸ ਨਿਮਰਤਾ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਿਖਾਈ। ਇਹ ਸੱਚ ਹੈ, ਗੁਰੂ ਜੀ ਨੇ ਇਸ ਸੰਸਾਰ ਨੂੰ ਤਮਾਸ਼ਾ ਹੀ ਤੱਕਿਆ। ਸੁਖੀ ਜੀਵਨ ਦਾ ਸੰਦੇਸ਼ ਸਤਿਗੁਰੂ ਜੀ ਨੇ ਅਲਪ-ਅਹਾਰ ਰਾਹੀਂ ਸਦੀਆਂ ਪਹਿਲਾਂ ਦ੍ਰਿੜ੍ਹ ਕਰਵਾ ਦਿੱਤਾ।

ਨੰਦੇੜ ਦੀ ਪਾਵਨ ਧਰਤੀ 'ਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਫ਼ਤਹਿ ਦੀ ਬਾਦਸ਼ਾਹੀ ਬਖਸ਼ਿਸ਼ ਕਰ, ਖਾਲਸੇ ਨੂੰ ਸਮਰੱਥ-ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਬਦ-ਗੁਰੂ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਂਦੇ ਹਨ। ਗੁਰਦੇਵ ਪਿਤਾ ਆਪਣੇ ਤਿੰਨ ਰੂਪਾਂ ਬਾਰੇ ਸਪੱਸ਼ਟ ਕਰਦੇ ਹਨ:

ਤੀਨ ਰੂਪ ਹੈਂ ਮੋਹਿ ਕੇ ਸੁਣਹੁ ਨੰਦ ਚਿਤ ਲਾਇ,
ਨਿਰਗੁਣ ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਇ॥...
ਜੋ ਸਿੱਖ ਗੁਰ ਦਰਸਨ ਦੀ ਚਾਹਿ ਦਰਸਨ ਕਰੇ ਗ੍ਰੰਥ ਜੀ ਆਹਿ॥

ਸ਼ਬਦ ਗੁਰੂ ਦੇ ਦਰਸ਼ਨਾਂ ਬਾਰੇ ਸਪੱਸ਼ਟ ਕੀਤਾ ਹੈ:

ਸ਼ਬਦ ਸੁਣੇ ਗੁਰ ਹਿਤ ਚਿਤ ਲਾਇ, ਗਿਆਨ ਸ਼ਬਦ ਗੁਰ ਸੁਣੇ ਸੁਨਾਇ॥

ਹਮੇਸ਼ਾਂ ਵਾਸਤੇ ਸਿੱਖ-ਸੇਵਕਾਂ ਨੂੰ ਸੀਸ ਨਿਵਾਉਣ ਦਾ ਹੁਕਮ ਕਰਦੇ ਹਨ। ਪੰਥ ਨੇ ਗੁਰੂ-ਪਦਵੀ ਦੇ ਅਧਿਕਾਰ ਦੀ ਵਰਤੋਂ ਅਨੰਦਪੁਰ ਸਾਹਿਬ, ਚਮਕੌਰ ਦੀ ਗੜ੍ਹੀ, ਦਾਦੂ ਦਵਾਰੇ ਦੇ ਥਾਵਾਂ 'ਤੇ ਪ੍ਰਤੱਖ ਰੂਪ 'ਚ ਕੀਤੀ। ਗੁਰਦੇਵ ਪਿਤਾ ਨੇ ਗੁਰੂ-ਪੰਥ ਦਾ ਜਜ਼ਬਾ, ਤੇਜ਼ ਤੇ ਚੇਤਨਤਾ ਵੇਖਣ ਵਾਸਤੇ ਦਾਦੂ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕੀਤੀ। ਜਿਹੜਾ ਖਾਲਸਾ-ਪੰਥ ਗੁਰੂ ਤੋਂ ਵਾਰਨੇ ਜਾਂਦਿਆਂ ਆਪਣੀ ਖੱਲੜੀ ਲੁਹਾ ਲੈਂਦਾ ਸੀ ਉਸ ਨੇ ਆਪਣੇ ਗੁਰੂ-ਪੰਥ ਦੇ ਰੂਹਾਨੀ ਅਧਿਕਾਰ ਤੇ ਤੇਜ਼ ਦੀ ਵਰਤੋਂ ਕਰਦਿਆਂ ਗੁਰੂ ਜੀ ਨੂੰ ਤਨਖਾਹ ਵੀ ਲਾਈ, ਗੁਰੂ ਜੀ ਨੇ ਸਤ-ਬਚਨ ਕਹਿ ਪ੍ਰਵਾਨ ਕੀਤੀ। ਕਰਤਾਰ ਸਿੰਘ ਕਲਾਸਵਾਲੀਏ ਨੇ ਗੁਰੂ ਜੀ ਬਾਰੇ ਖੂਬ ਕਿਹਾ ਕਿ ਗੁਰਦੇਵ ਪਿਤਾ ਨੇ ਆਪਣੇ ਖਾਲਸਾ ਪੰਥ ਤੋਂ ਸਭ ਕੁਝ ਵਾਰ ਦਿੱਤਾ:

ਐ ਪੰਥ ਤੂੰ ਸੁਣ ਲੈ ਦੋ ਗੱਲਾਂ, ਕਿਵੇਂ ਗੁਰੂ ਜੀ ਹੈਨ ਗੁਜ਼ਰਾਨ ਕਰ ਗਏ।
ਇਕ ਗੱਦੀ ਗੁਰਿਆਈ ਦੀ ਕੋਲ ਹੈਸੀ ਉਹ ਵੀ ਜਾਂਦੀ ਵਾਰੀ ਤੈਨੂੰ ਦਾਨ ਕਰ ਗਏ।

ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸੇ ਧਰਮ, ਜਾਤੀ, ਨਸਲ ਤੀਕ ਸੀਮਤ ਗੁਰੂ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਗਿਆਨ ਦੇ ਮਹਾਂਸਾਗਰ ਦੇ ਰੂਪ 'ਚ ਗੁਰੂ ਹੈ, ਜਿਸ ਨੂੰ ਜੋਤਿ-ਰੂਪ 'ਚ ਗੁਰੂ ਸਵੀਕਾਰਨ, ਸਤਿਕਾਰਨ ਤੇ ਮੰਨਣ ਦਾ ਉਪਦੇਸ਼ ਮਾਨਵਤਾ ਦੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ, ਜਿਸ ਨਾਲ ਸਦੀਆਂ ਤੋਂ ਚੱਲ ਰਹੇ ਅਵਤਾਰਵਾਦ ਦੀ ਪਰੰਪਰਾ ਦਾ ਅੰਤ ਹੋਇਆ। ਗੁਰਦੇਵ ਪਿਤਾ ਦੇ ਇਸ ਉਪਦੇਸ਼ ਨੂੰ ਹੂ-ਬ-ਹੂ ਪ੍ਰਵਾਨ ਕਰਦੇ ਹੋਏ, ਸਿੱਖ ਹਮੇਸ਼ਾਂ ਸੁਖੀ, ਸੱਤ-ਸੰਤੋਖ ਦੇ ਧਾਰਨੀ, ਸੁਤੰਤਰ ਤੇ ਸੱਤਾ-ਸ਼ਕਤੀ ਸੰਪੰਨ, ਸੁਰੱਖਿਅਤ ਰਹਿਣਗੇ।

***

www.sikhbookclub.com

ਕੁਦਰਤ ਦੀ ਇਕ ਅਨੂਠੀ ਘਾੜਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੁਦਰਤ ਦੀ ਇਕ ਬੜੀ ਅਨੂਠੀ ਘਾੜਤ ਸਨ। ਉਹ ਮਨੁੱਖਤਾ ਲਈ ਉਸ ਦੀ ਇਕ ਅਦੁੱਤੀ ਤੇ ਅਮੋਲਕ ਦਾਤ ਸਨ।

ਉਨ੍ਹਾਂ ਦੀ ਜੀਵਨ-ਗਾਥਾ ਬੜੀ ਸੰਖੇਪ ਹੈ; ਪਰ ਜਿਤਨੀ ਉਹ ਸੰਖੇਪ ਹੈ, ਉਹ ਉਤਨੀ ਹੀ ਅਹਿਮ ਤੇ ਬੇਮਿਸਾਲ ਹੈ। ਉਹ ਸਰੀਰਕ ਤੌਰ 'ਤੇ ਮਸਾਂ 42 ਵਰ੍ਹੇ ਇਸ ਧਰਤੀ ਉੱਤੇ ਵਿਚਰੇ। ਉਨ੍ਹਾਂ ਦੀ ਅਦੁੱਤੀ ਸ਼ਖ਼ਸੀਅਤ ਤੇ ਅਨੂਠੇ ਕਿਰਦਾਰ ਨੇ ਇਤਨੇ ਥੋੜ੍ਹੇ ਸਮੇਂ ਵਿਚ ਹੀ ਅਜਿਹੇ ਚਮਤਕਾਰ ਵਿਖਾ ਦਿੱਤੇ ਸਨ ਜੋ ਸੰਸਾਰ ਦੇ ਇਤਿਹਾਸ ਵਿਚ, ਸਮੇਂ ਦੇ ਮਹਾਨ ਵਿਦਵਾਨ ਤੇ ਨਿਕਟਵਰਤੀ, ਭਾਈ ਨੰਦ ਲਾਲ ਜੀ (1633-1713) ਦੇ ਇਨ੍ਹਾਂ ਸ਼ਬਦਾਂ ਵਿਚ ਆਪਣੀ ਮਿਸਾਲ ਆਪ ਹੋਣ ਦੇ ਲਖਾਇਕ ਸਨ :

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ,
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ।

(ਜੰਗਨਾਮਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਠੀਕ ਅਰਥਾਂ ਵਿਚ, ਰੱਬ ਜੀ ਦੇ ਖਾਸ ਤੌਰ 'ਤੇ ਨਿਵਾਜੇ ਹੋਏ ਇਕ ਮਰਦ-ਅਗੰਮੜੇ ਤੇ ਵਰਿਆਮ ਇਕੇਲਾ ਸਨ। ਉਨ੍ਹਾਂ ਦੀ ਇਸ ਆਪਣੀ ਦੱਸ ਅਨੁਸਾਰ, ਅਕਾਲ ਪੁਰਖ ਨੇ ਖ਼ੁਦ ਆਪ ਉਨ੍ਹਾਂ ਨੂੰ ਇਕ ਖ਼ਾਸ ਮਿਸ਼ਨ ਲਈ ਧਰਤੀ ਉੱਤੇ ਭੇਜਿਆ ਹੋਇਆ ਸੀ :

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥੨੯॥

(ਬਚਿਤ੍ਰ ਨਾਟਕ, ਅਧਿ: ੬)

ਤਦੇ ਤਾਂ ਉਹ ਜਿਥੇ ਸਹਿਜ ਤੇ ਸੱਚਾਈ ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ; ਉਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਤੇ ਤਲਵਾਰ ਦੇ ਧਨੀ ਵੀ ਸਨ। 'ਦੇਗ ਤੇਗ ਫ਼ਤਹਿ' ਉਨ੍ਹਾਂ ਦਾ ਨਾਅਰਾ ਅਤੇ 'ਸਤਿ ਸ੍ਰੀ ਅਕਾਲ' ਜੈਕਾਰਾ ਸੀ। ਹੱਥ ਉੱਤੇ ਬਾਜ਼ ਅਤੇ ਸਿਰ ਉੱਤੇ ਕਲਗੀ ਸਜਾਉਣ ਕਰਕੇ, ਕੋਈ ਉਨ੍ਹਾਂ ਨੂੰ 'ਬਾਜ਼ਾਂ ਵਾਲੇ' ਅਤੇ ਕੋਈ 'ਕਲਗੀਆਂ ਵਾਲੇ' ਗੁਰੂ ਆਖਣ ਵਿਚ ਮਾਣ ਤੇ ਖ਼ੁਸ਼ੀ ਮਹਿਸੂਸ ਕਰਦਾ ਹੈ ਪਰ ਅਸੀਂ ਤਾਂ ਉਨ੍ਹਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖ਼ਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ 'ਚੜ੍ਹਦੀ ਕਲਾ ਵਾਲੇ ਗੁਰੂ' ਕਹਿਣ ਤੇ ਮੰਨਣ ਵਿਚ ਹੀ ਉਨ੍ਹਾਂ ਦੀ ਉੱਮਤ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ। ਉਹ ਨਿਰਸੰਦੇਹ ਸਵੈਮਾਣ, ਸਵੈ-ਵਿਸ਼ਵਾਸ,

www.sikhbookclub.com

ਸਵੈ-ਤਿਆਗ ਤੇ ਸਵੈ-ਸਮਰਪਨ ਦੇ ਮੁਜੱਸਮਾ ਸਨ। ਇਸੇ ਲਈ ਉਨ੍ਹਾਂ ਦਾ ਸਾਰਾ ਜੀਵਨ ਤੇ ਉਨ੍ਹਾਂ ਦੀ ਹਰ ਗੱਲ, ਹਰ ਕਿਰਿਆ ਅਤੇ ਹਰ ਕਰਤੱਵ 'ਚੜ੍ਹਦੀ ਕਲਾ' ਦਾ ਸਾਕਾਰ ਸਰੂਪ ਸੀ।

ਮਨੁੱਖੀ ਜਾਮੇ ਵਿਚ ਕਰਤੇ ਦੀਆਂ ਜਿੰਨੀਆਂ ਅਪੂਰਵ ਤੇ ਭਰਪੂਰ ਬਖ਼ਸ਼ਿਸ਼ਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈਆਂ ਸਨ, ਇੰਨੀਆਂ ਤੇ ਅਜਿਹੀਆਂ ਸ਼ਾਇਦ ਹੀ ਕਿਸੇ ਹੋਰ ਪ੍ਰਾਣੀ ਨੂੰ ਨਸੀਬ ਹੋਈਆਂ ਹੋਣ ਤੇ ਫਿਰ ਜਿਸ ਸਿਆਣਪ, ਬੇਗਰਜ਼ੀ ਤੇ ਉਦਾਰਤ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਲੋਕਾਂ ਵਿਚ ਵੰਡਿਆ ਤੇ ਉਨ੍ਹਾਂ ਲਈ ਹੀ ਵਰਤਿਆ ਸੀ, ਉਸ ਦਾ ਸੁਭਾਗ ਵੀ, ਸਾਡੀ ਜਾਚੇ ਸ਼ਾਇਦ ਹੀ ਕਿਸੇ ਹੋਰ ਨੂੰ ਹਾਸਲ ਹੋਇਆ ਹੋਵੇ।

ਇਉਂ ਹੀ, ਸੰਖੇਪ ਜਿਹੀ ਜੀਵਨ-ਯਾਤਰਾ ਦੌਰਾਨ ਜਿੰਨੀਆਂ ਮੁਸ਼ਕਲਾਂ ਤੇ ਮੁਸੀਬਤਾਂ ਨੇ ਉਨ੍ਹਾਂ ਨੂੰ ਘੇਰ ਰੱਖਿਆ ਸੀ, ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ ਤੇ ਫਿਰ ਜਿਸ ਸਬਰ ਤੇ ਸਿਦਕ ਅਤੇ ਸੂਰਬੀਰਤਾ, ਸਹਿਨਸ਼ੀਲਤਾ ਤੇ ਸੁਆਰਥਹੀਨਤਾ ਨਾਲ ਉਨ੍ਹਾਂ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ ਸੀ, ਉਸ ਦਾ ਵੀ ਅਜਿਹਾ ਮਾਣ ਦੁਨੀਆਂ ਵਿਚ ਸ਼ਾਇਦ ਹੀ ਕਿਸੇ ਹੋਰ ਨੂੰ ਨਸੀਬ ਹੋਇਆ ਹੋਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸੰਨ 1666 ਵਿਚ, ਉਦੋਂ ਹੋਇਆ ਸੀ ਜਦੋਂ ਉਨ੍ਹਾਂ ਦੀ ਪੂਜਯ ਮਾਤਾ ਗੁਜਰੀ ਜੀ ਆਪਣੇ ਘਰ-ਪਰਿਵਾਰ, ਅਨੰਦਪੁਰ ਸਾਹਿਬ ਤੋਂ ਸੈਂਕੜੇ ਮੀਲ ਦੂਰ ਪਟਨੇ ਬਿਰਾਜੇ ਹੋਏ ਸਨ ਅਤੇ ਉਨ੍ਹਾਂ ਦੇ ਸਤਿਕਾਰਤ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਉਨ੍ਹਾਂ ਤੋਂ ਵੀ ਸੈਂਕੜੇ ਮੀਲ ਪਰ੍ਹੇ, ਉੱਤਰ-ਪੂਰਬ ਹਿੰਦ ਦੀ ਲੋਕ-ਸੇਵਾ ਤੇ ਪ੍ਰਚਾਰ-ਫੇਰੀ ਦੇ ਸਬੰਧ ਵਿਚ, ਬੰਗਾਲ-ਅਸਾਮ ਵੱਲ ਵਿਚਰ ਰਹੇ ਸਨ।

ਇਸ ਸੁਭਾਗੇ ਸਪੁੱਤਰ ਗੋਬਿੰਦ ਰਾਇ ਜੀ ਨੂੰ ਆਪਣੇ ਗੁਰੂ-ਪਿਤਾ ਜੀ ਦਾ ਪਾਵਨ ਮੁੱਖੜਾ ਮਸਾਂ ਕਿਤੇ ਪੰਜ ਕੁ ਵਰ੍ਹਿਆਂ ਬਾਅਦ ਹੀ ਵੇਖਣਾ ਨਸੀਬ ਹੋਇਆ ਸੀ ਉਹ ਵੀ ਅਨੰਦਪੁਰ ਸਾਹਿਬ ਪਹੁੰਚ ਕੇ ਅਤੇ ਉਥੇ ਵੀ ਬੜੇ ਥੋੜ੍ਹੇ ਚਿਰ ਲਈ ਕਿਉਂਕਿ ਜਿਵੇਂ ਉਨ੍ਹਾਂ ਨੇ ਆਪ ਦੱਸਿਆ ਹੈ:

ਜਬ ਹਮ ਧਰਮ ਕਰਮ ਮੋ ਆਏ ॥ ਦੇਵ ਲੋਕ ਤਬ ਪਿਤਾ ਸਿਧਾਏ ॥੩॥

(ਬਚਿਤ੍ਰ ਨਾਟਕ, ਅਧਿ: ੭)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਜਿਹੀ ਬੇਮਿਸਾਲ ਸ਼ਹਾਦਤ ਤੋਂ ਬਾਅਦ ਚਾਰੇ ਪਾਸੇ ਇਕ ਗੰਭੀਰ ਅਤੇ ਖ਼ੌਫ਼ਨਾਕ ਮੁਰਦਿਹਾਣ ਜਿਹੀ ਛਾ ਗਈ ਸੀ ਜੋ ਕਾਫ਼ੀ ਹੱਦ ਤਕ ਸੁਭਾਵਕ ਵੀ ਸੀ। ਸਤਿਗੁਰੂ ਦੇ ਜਿਉਂਦੇ-ਜੀਅ, ਉਨ੍ਹਾਂ ਦੇ ਤਿੰਨ ਪ੍ਰਮੁੱਖ ਸਿਦਕੀ ਸਿੱਖਾਂ ਨੂੰ ਜਿਸ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ ਸੀ ਅਤੇ ਜੋ ਕੁਝ ਸਤਿਗੁਰੂ ਦੇ ਆਪਣੇ ਸਿਰ ਦਿਨ-ਦਿਹਾੜੇ, ਸਰ੍ਹੇ-ਬਜ਼ਾਰ, ਚਾਂਦਨੀ ਚੌਕ ਵਿਚ ਬੀਤਿਆ ਸੀ, ਉਸ ਨੇ ਸੈਂਕੜੇ ਸਾਲਾਂ ਦੀ ਗ਼ੁਲਾਮੀ ਤੇ ਮੁਥਾਜੀ ਦੇ ਭਾਰ ਹੇਠ ਦੱਬੇ-ਕੁਚਲੇ ਹੋਏ ਹਿੰਦੁਸਤਾਨੀਆਂ ਨੂੰ ਸਾਹ-ਸਤਹੀਣ ਕਰ ਦਿੱਤਾ ਸੀ।

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ-ਸਤਹੀਣ ਹਾਲਾਤ ਵਿਚ ਲਗਭਗ ਨੌਂ ਵਰ੍ਹੇ ਦੇ ਬਾਲ ਸ੍ਰੀ ਗੋਬਿੰਦ ਰਾਏ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੁਰਗੱਦੀ ਅਤੇ ਉਸ ਦੀ ਬੜੀ ਭਾਰੀ ਜ਼ਿੰਮੇਵਾਰੀ ਸੰਭਾਲਣੀ ਪੈ ਗਈ।

ਉਮਰ ਬਾਲ ਜਿੰਨੀ ਨਿੱਕੀ ਤੇ ਜ਼ਿੰਮੇਵਾਰੀ ਪਹਾੜਾਂ ਜਿੰਨੀ ਵੱਡੀ। ਮੁਸੀਬਤਾਂ ਚਾਰੇ ਪਾਸੇ ਮੂੰਹ ਅੱਡੀ ਖੜ੍ਹੀਆਂ ਸਨ ਅਤੇ ਮੁਸ਼ਕਲਾਂ ਸਾਰੇ ਰਾਹ ਰੋਕੀ ਬੈਠੀਆਂ ਸਨ। ਜੇ ਉਮਰ ਛੋਟੀ, ਸਮਾਂ ਬਿਖੜਾ,

www.sikhbookclub.com

ਜਨਤਾ ਸਾਹਸਹੀਣ, ਲੋਕ ਭੈਭੀਤ ਤੇ ਸ਼ਰੀਕਾ ਵਿਰੋਧੀ ਸੀ ਤਾਂ ਸਮਾਜ ਕਿੰਨਾ ਕੁ ਸੁਖਾਵਾਂ, ਸੁਹਿਰਦ ਤੇ ਹਮਦਰਦ ਸੀ ? ਬੁੱਢ-ਪੁਰਾਣੇ ਬੰਧਨਾਂ ਤੇ ਰੀਤਾਂ-ਰਸਮਾਂ ਨਾਲ ਜਕੜੇ ਹੋਏ ਲੋਕ, ਸਦੀਆਂ ਦੀ ਰਾਜਨੀਤਕ, ਸਮਾਜਿਕ ਤੇ ਮਾਨਸਿਕ ਗ਼ੁਲਾਮੀ ਕਾਰਨ ਖੀਣ, ਕਾਇਰ ਤੇ ਪਿਛਾਂਹ-ਖਿੱਚੂ ਬਣ ਚੁੱਕੇ ਸਨ। ਜਾਤ-ਪਾਤ ਦੀ ਤਮੀਜ਼, ਊਚ-ਨੀਚ ਦੇ ਵਿਤਕਰੇ ਤੇ ਸੰਪ੍ਰਦਾਇਕ ਮੱਤ-ਭੇਦ ਨੇ ਦੇਸ਼ ਦੇ ਸਮਾਜਿਕ ਜੀਵਨ ਨੂੰ ਨਿਰਜਿੰਦ ਤੇ ਖੇਰੂੰ-ਖੇਰੂੰ ਕਰ ਦਿੱਤਾ ਸੀ।

ਆਪ ਨੇ ਧਰਮ ਤੇ ਸਮਾਜ ਦੇ ਅਖੌਤੀ ਠੇਕੇਦਾਰਾਂ ਨੂੰ ਜਦੋਂ ਆਪਣੇ ਕੌਮੀ, ਉਸਾਰੂ ਤੇ ਬੰਧਨ-ਛੁਡਾਊ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੱਦਿਆ ਸੀ ਤਾਂ ਉਨ੍ਹਾਂ ਨੇ ਨੱਕ ਚੜ੍ਹਾਉਂਦਿਆਂ ਸਾਫ਼ ਆਖ ਦਿੱਤਾ ਸੀ, "ਜਿਸ ਪ੍ਰੋਗਰਾਮ ਦੇ ਅਧੀਨ ਸਾਨੂੰ ਨੀਚਾਂ ਤੇ ਅਛੂਤਾਂ ਨਾਲ ਇਕੋ 'ਪੰਗਤ' ਵਿਚ ਬਹਿਣਾ-ਖਾਣਾ ਅਤੇ ਇੱਕੋ 'ਸੰਗਤ' ਵਿਚ ਧਰਮ-ਕਰਮ ਕਰਨਾ ਲਾਜ਼ਮੀ ਹੋਣਾ ਹੈ, ਉਸ ਵਿਚ ਸ਼ਾਮਲ ਹੋਣਾ ਤਾਂ ਕਿਤੇ ਰਿਹਾ, ਉਸ ਬਾਰੇ ਤਾਂ ਅਸੀਂ ਕੁਝ ਸੁਣਨ-ਸੋਚਣ ਲਈ ਵੀ ਤਿਆਰ ਨਹੀਂ।" ਇਸੇ ਅਭਿਮਾਨ-ਪੂਰਤ ਤਾਅਨੇ ਦਾ ਜਵਾਬ ਦੇਂਦਿਆਂ, ਨੀਚਾਂ ਨੂੰ ਊਚ ਕਰਨ ਵਾਲੇ ਦਸਮੇਸ਼ ਜੀ ਨੇ ਮਾਨੋ ਹਿੱਕ ਥਾਪੜ ਕੇ ਆਖਿਆ ਸੀ:

ਇਨ ਗ੍ਰੀਬ ਸਿੱਖਨ ਕੋ ਦਯੈ ਪਾਤਿਸ਼ਾਹੀ। ਯੇ ਯਾਦ ਰਖੈ ਹਮਰੀ ਗੁਰਿਆਈ।

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪਦ ਨੰ: ੨੩)

ਦਸਵੇਂ ਪਾਤਸ਼ਾਹ ਦੀ ਇਸ ਖੁੱਲ੍ਹੀ ਵੰਗਾਰ ਤੇ ਐਲਾਨ, ਜਾਤ-ਵਰਨ ਦੇ ਵਿਰੋਧ ਅਤੇ ਸੰਗਤ-ਪੰਗਤ ਦੀ ਇਨਕਲਾਬੀ ਨੀਤੀ ਨੇ ਉਨ੍ਹਾਂ ਨੂੰ ਧਰਮ ਤੇ ਸਮਾਜ ਦੇ ਅਜਿਹੇ ਇਜਾਰੇਦਾਰਾਂ ਦੀ ਈਰਖਾ, ਵੈਰ-ਭਾਵ ਤੇ ਫ਼ਤਵਿਆਂ ਦਾ ਨਿਰਸੰਦੇਹ ਨਿਸ਼ਾਨਾ ਹੀ ਬਣਾਇਆ ਹੋਵੇਗਾ। ਉਨ੍ਹਾਂ ਤੋਂ ਘੱਟੋ-ਘੱਟ, ਕਿਸੇ ਤਰ੍ਹਾਂ ਦੇ ਪਿਆਰ-ਸਤਿਕਾਰ ਅਤੇ ਮਦਦ-ਮਿਲਵਰਤਨ ਦੀ ਆਸ ਰੱਖਣੀ ਤਾਂ ਹਵਾ ਨਾਲ ਗੱਲਾਂ ਕਰਨ ਵਾਲੀ ਹੀ ਗੱਲ ਸੀ। ਜੇ ਧਰਮ ਤੇ ਸਮਾਜ ਦੇ ਠੇਕੇਦਾਰ ਮਗਰ ਪੈ ਗਏ ਸਨ ਤਾਂ ਗੁਆਂਢ ਵੱਸਦੇ ਦੇਸੀ ਰਜਵਾੜੇ ਵੀ ਉਨ੍ਹਾਂ ਤੋਂ ਕਿਹੜੇ ਪਿੱਛੇ ਸਨ ? ਉਹ ਤਾਂ ਮੁੱਢੋਂ ਹੀ ਡਰਾਕਲ, ਸੁਆਰਥੀ ਤੇ ਈਰਖਾਲੂ ਸਨ। ਨਾਲੇ ਉਹ, ਠੀਕ ਅਰਥਾਂ ਵਿਚ ਸਰਕਾਰੀ ਪਿੱਠੂ ਤੇ ਲੋਕ-ਦੁਸ਼ਮਣ ਵੀ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਉਨ੍ਹਾਂ ਨੂੰ ਵੀ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਅਤੇ ਰਲ-ਮਿਲ ਕੇ ਦੇਸ਼-ਕੌਮ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਸੱਦਾ ਦਿੱਤਾ ਸੀ ਤਾਂ ਉਨ੍ਹਾਂ ਨੇ ਵੀ ਪੈਂਦੀ ਸੱਟੇ ਇਸ ਤਰ੍ਹਾਂ ਦਾ ਪੱਜ ਲਾ ਕੇ ਟਾਲ ਦਿੱਤਾ ਸੀ ਅਤੇ ਡਰਾਉਣ, ਸਹਿਮਾਉਣ ਤੇ ਹੌਸਲਾ ਢਾਹੁਣ ਦਾ ਭਰਵਾਂ ਜਤਨ ਵੀ ਕੀਤਾ ਸੀ:

ਅਸੀਂ ਚਿਰੀਆਂ, ਵੈ ਸਾਨੀ ਬਾਜ਼। ਹਮ ਛੈਲੇ, ਵੈ ਬਘਯਾੜਨ ਸਾਜ।

(ਭਾਈ ਰਤਨ ਸਿੰਘ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼, ਪਦ ਨੰ: ੨੫)

ਅਰਥਾਤ "ਜਿਨ੍ਹਾਂ ਮੁਗ਼ਲ ਹਾਕਮਾਂ ਨਾਲ ਟੱਕਰ ਲੈਣ ਦੀ ਸੋਚ ਰਹੇ ਹੋ, ਉਹ ਤਾਂ ਸ਼ਿਕਾਰੀ ਬਾਜ਼ਾਂ ਤੇ ਬਘਿਆੜਾਂ ਵਾਂਗ ਤਕੜੇ ਤੇ ਸਤਾਣੇ ਸਨ; ਅਤੇ ਅਸੀਂ ਹਿੰਦੁਸਤਾਨੀ, ਉਨ੍ਹਾਂ ਦੇ ਟਾਕਰੇ ਤੇ ਚਿੜੀਆਂ ਤੇ ਬੱਕਰੀਆਂ ਵਾਂਗ ਨਿਸੱਤੇ ਤੇ ਨਿਤਾਣੇ ਹਾਂ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਦੇ ਤਾਂ ਲਲਕਾਰ ਕੇ ਆਖਿਆ ਸੀ: "ਮੈਂ ਤਾਂ 'ਗੋਬਿੰਦ ਸਿੰਘ' ਅਖਵਾਉਣ ਦਾ ਹੱਕਦਾਰ ਹੀ ਉਦੋਂ ਹੋਵਾਂਗਾ, ਜਦੋਂ ਇਨ੍ਹਾਂ 'ਚਿੜੀਆਂ' ਵਿਚ ਅਜਿਹੀ ਹਿੰਮਤ,

www.sikhbookclub.com

ਜੁਰਅਤ ਤੇ 'ਚੜ੍ਹਦੀ ਕਲਾ' ਭਰ ਦਿਆਂਗਾ ਕਿ ਇਹ ਬਾਜ਼ਾਂ ਨਾਲ ਟਕਰਾਉਣਾ ਤਾਂ ਕਿਤੇ ਰਿਹਾ ਉਨ੍ਹਾਂ ਨੂੰ ਹਰਾਉਣ, ਦਬੋਚਣ ਤੇ ਮਾਰ-ਮੁਕਾਉਣ ਦੇ ਸਮਰੱਥ ਵੀ ਹੋ ਜਾਣਗੀਆਂ":

ਚਿੜੀਅਨ ਸੇ ਜਬ ਬਾਜ਼ ਤੁੜਾਊਂ, ਤਬੈ 'ਗੋਬਿੰਦ ਸਿੰਘ' ਨਾਮ ਕਹਾਊਂ।

ਅਜਿਹੀ ਲਲਕਾਰ ਤੇ ਇਕਰਾਰ ਤੋਂ ਉਤਸ਼ਾਹਿਤ ਹੋ ਕੇ, ਉਸ 'ਸੱਚੇ ਤੇ ਸੂਰਬੀਰ' ਪਾਤਸ਼ਾਹ ਦੇ ਮੋਢੇ ਨਾਲ ਮੋਢਾ ਲਾਉਣਾ ਤਾਂ ਕਿਤੇ ਰਿਹਾ, ਉਹ ਤਾਂ ਸਗੋਂ ਉਨ੍ਹਾਂ ਦੇ ਵਿਰੁੱਧ ਸਮੇਂ ਦੇ 'ਕੂੜੇ ਤੇ ਨਿਰਦਈ ਬਾਦਸ਼ਾਹ' ਨਾਲ ਉਨ੍ਹਾਂ ਨੂੰ ਦਬਾਉਣ ਤੇ ਮਾਰ-ਮੁਕਾਉਣ ਲਈ ਗੰਢ-ਤੁਪ ਵੀ ਕਰਨ ਲੱਗ ਪਏ ਸਨ। ਤੇ ਸਤਿਗੁਰੂ ਨੇ ਜਦੋਂ ਉਸ ਪ੍ਰੋਗਰਾਮ ਦੀ ਪੈਰਵੀ ਤੇ ਪੂਰਤੀ ਲਈ ਇਕੱਲਿਆਂ ਹੀ ਲੱਕ ਬੰਨ੍ਹ ਲਿਆ ਸੀ ਤਾਂ ਉਨ੍ਹਾਂ ਦੀ 'ਚੜ੍ਹਦੀ ਕਲਾ', ਸ਼ਾਹੀ ਠਾਠ ਤੇ ਸੈਨਿਕ ਤਿਆਰੀ ਨੇ ਜਿਥੇ ਉਨ੍ਹਾਂ ਨੂੰ ਚਿੰਤਾਤੁਰ ਕਰ ਦਿੱਤਾ ਸੀ, ਉਥੇ ਈਰਖਾ ਤੇ ਦਵੈਤ ਦੇ ਲਾਂਬੂ ਵੀ ਲਾ ਦਿੱਤੇ ਸਨ। ਇਸ ਦਾ ਇਕ ਫ਼ੌਜੀ ਤੇ ਮਾਰੂ ਨਤੀਜਾ ਇਹ ਨਿਕਲਿਆ ਸੀ ਕਿ ਉਹ ਸਾਰੇ ਦੇ ਸਾਰੇ ਦਸਮੇਸ਼ ਜੀ ਦੀ ਜਾਨ ਦੇ ਵੈਰੀ ਬਣ ਗਏ ਸਨ ਅਤੇ ਉਨ੍ਹਾਂ ਦੇ ਪ੍ਰੋਗਰਾਮ ਲਈ ਸਭ ਤੋਂ ਪਹਿਲੀ ਤੇ ਵੱਡੀ ਰੁਕਾਵਟ ਵੀ ਉਹੀਓ ਸਿੱਧ ਹੋਏ ਸਨ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਚੜ੍ਹਦੀ ਜਵਾਨੀ ਵਿਚ, ਸਭ ਤੋਂ ਪਹਿਲਾਂ ਉਨ੍ਹਾਂ ਨਾਲ ਹੀ ਲੋਹਾ ਲੈਣ ਅਤੇ ਕਈ ਝੜਪਾਂ ਤੇ ਲੜਾਈਆਂ ਵਿਚ, ਉਨ੍ਹਾਂ ਦੇ ਹੀ ਹੇਠ ਲਿਖੇ ਬਿਆਨ ਅਨੁਸਾਰ, ਜੂਝਣ ਲਈ ਮਜਬੂਰ ਹੋਣਾ ਪੈ ਗਿਆ ਸੀ :

ਫਤੇਸਾਹ ਕੋਪਾ ਤਬਿ ਰਾਜਾ ॥ ਲੋਹ ਪਰਾ ਹਮ ਸੋ ਬਿਨੁ ਕਾਜਾ ॥੩॥

(ਬਚਿਤ੍ਰ ਨਾਟਕ, ਅਧਿ: ੮)

ਸੋ ਜੇ ਦੇਸੀ ਰਜਵਾੜੇ ਖ਼ੂਨ ਦੇ ਪਿਆਸੇ ਸਨ ਤਾਂ ਬਦੇਸ਼ੀ ਸਰਕਾਰ ਕਿੰਨੀ ਕੁ ਮਿੱਤਰ, ਹਮਦਰਦ ਤੇ ਸਹਿਹੋਂਦ ਦੀ ਕਾਇਲ ਸੀ ? ਮੁਗ਼ਲਾਂ ਦੀ ਰਾਜਨੀਤਿਕ ਤਾਕਤ ਦੇ ਧਾਰਮਿਕ ਤੁਅੱਸਬ ਉਦੋਂ ਆਪਣੇ ਸਿਖਰ 'ਤੇ ਪਹੁੰਚ ਚੁੱਕਾ ਸੀ। 'ਬਾਬੇ ਕਿਆਂ' ਤੇ 'ਬਾਬਰ ਕਿਆਂ' ਦੇ ਰਾਜ-ਭਾਗ ਹਿੰਦੁਸਤਾਨ ਵਿਚ ਇੱਕੋ ਸਮੇਂ ਸ਼ੁਰੂ ਹੋਏ ਸਨ। ਜਿਉਂ-ਜਿਉਂ ਸਮਾਂ ਬੀਤਦਾ ਗਿਆ ਸੀ, 'ਬਾਬੇ ਕੇ' ਆਤਮਕ ਤੌਰ 'ਤੇ ਤਕੜੇ ਤੇ ਪ੍ਰਭਾਵਸ਼ਾਲੀ ਅਤੇ 'ਬਾਬਰ ਕੇ' ਸੰਸਾਰਕ ਤੌਰ 'ਤੇ ਜਾਬਰ ਤੇ ਸ਼ਕਤੀਸ਼ਾਲੀ ਹੁੰਦੇ ਗਏ। ਫਿਰ ਇਕ ਅਜਿਹਾ ਸਮਾਂ ਵੀ ਆ ਗਿਆ ਸੀ ਜਦੋਂ 'ਬਾਬਰ ਕਿਆਂ' ਨੇ 'ਬਾਬੇ ਕਿਆਂ' ਦੀ ਵਧ ਰਹੀ ਸ਼ਕਤੀ, ਪ੍ਰਭੂਤਾ ਤੇ ਸਮਰੱਥਾ ਨੂੰ ਕੁਚਲਣ ਅਤੇ ਉਨ੍ਹਾਂ ਦੀ 'ਦੁਕਾਨ' (ਭਾਵ ਸਿੱਖ ਧਰਮ) ਨੂੰ 'ਬੰਦ' (ਭਾਵ ਖ਼ਤਮ) ਕਰ ਦੇਣ ਦਾ ਫੈਸਲਾ ਵੀ ਕਰ ਲਿਆ ਸੀ। (ਜਹਾਂਗੀਰ, 'ਤੁਜ਼-ਕੇ-ਜਹਾਂਗੀਰੀ', ਪੰਨਾ ੩੫)।

ਸੋ, ਜਿਹੜਾ ਹਾਕਮ ਖ਼ਾਨਦਾਨ ਤੇ ਉਸ ਦੀ ਅਜਿਹੀ ਹਕੂਮਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪਿਉ, ਦਾਦੇ ਤੇ ਪੜਦਾਦੇ ਨਾਲ ਵੀ, ਕਈ ਪੀੜ੍ਹੀਆਂ ਤੋਂ ਨਿਰੰਤਰ ਅਨਿਆਈ ਤੇ ਨਿਰਦਈ ਸਲੂਕ ਕਰਦੀ ਆ ਰਹੀ ਸੀ, ਉਸ ਨੇ ਉਨ੍ਹਾਂ ਦੇ ਇਸ ਨਿੱਕੇ ਜਿਹੇ ਬੱਚੇ ਨਾਲ ਵੀ ਕਿੰਨੀ ਕੁ ਮਿਹਰ, ਲਾਡ ਜਾਂ ਲਿਹਾਜ਼ ਕਰਨਾ ਸੀ ?

ਫਿਰ, ਮੰਦੇਭਾਗੀਂ, ਉਸ ਰਾਜ ਦੀ ਵਾਗਡੋਰ ਵੀ ਉਦੋਂ ਇਕ ਅਜਿਹੇ ਰਾਜੇ ਦੇ ਹੱਥ ਸੀ ਜਿਸ ਵਰਗਾ ਤੁਅੱਸਬੀ ਤੇ ਨਿਰਦਈ ਬਾਦਸ਼ਾਹ ਹਿੰਦੁਸਤਾਨ ਨੇ ਸ਼ਾਇਦ ਹੀ ਕਦੇ ਸੁਣਿਆ ਜਾਂ ਵੇਖਿਆ ਹੋਵੇ।

www.sikhbookclub.com

ਜਿਸ ਬਾਦਸ਼ਾਹ ਨੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹੀ ਸ਼ਹੀਦ ਨਹੀਂ ਕੀਤਾ, ਸਗੋਂ ਖ਼ੁਦ ਆਪਣੇ ਪਿਤਾ ਨੂੰ ਕੈਦ ਕਰ ਕੇ ਉਸ ਦੀ ਘੋਰ ਨਿਰਾਦਰੀ ਕੀਤੀ ਹੋਵੇ ਅਤੇ ਸਕੇ ਭਰਾਵਾਂ ਦੇ ਖ਼ੂਨ ਦੀ ਵੀ ਹੋਲੀ ਖੇਡੀ ਹੋਵੇ, ਜਿਸ ਨੇ ਸਰਮਦ ਜਿਹੇ ਰੱਬ ਦੇ ਪਿਆਰੇ ਸੂਫ਼ੀ ਦਰਵੇਸ਼ ਨੂੰ ਨਾ-ਹੱਕਾ ਮਰਵਾ ਦਿੱਤਾ ਹੋਵੇ; ਅਤੇ ਜਿਸ ਨਾਲ ਜ਼ਿੰਦਗੀ-ਮੌਤ ਦੀ ਬਾਜ਼ੀ ਲਾ ਦੇਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਉਸ ਦੇ ਸੁਭਾਅ ਤੇ ਕਰਤੂਤਾਂ ਨੂੰ ਇਉਂ ਉਲੀਕਿਆ ਹੋਵੇ, ਉਸ ਦੀ ਜਾਤ, ਹਕੂਮਤ ਤੇ ਖ਼ਾਨਦਾਨ ਦਾ ਬਾਲ-ਗੁਰੂ ਜੀ ਦੀ ਗੱਦੀ ਅਤੇ ਜਾਨ ਦਾ ਵੈਰੀ ਤੇ ਵਿਰੋਧੀ ਹੋਣਾ ਸੁਭਾਵਕ ਹੀ ਸੀ :

ਨ ਜ਼ੇਬਦ ਤੁਰਾ ਨਾਮਿ ਔਰੰਗਜ਼ੇਬ, ਜਿ ਔਰੰਗਜ਼ੇਬਾਂ ਨ ਬਾਇਦ ਫ਼ਰੇਬ।

(ਫਤਹਿਨਾਮਾ, ਸ਼ਿਅਰ ੫-੮)

"ਤੈਨੂੰ ਤਾਂ ਤੇਰਾ ਨਾਂ 'ਔਰੰਗਜ਼ੇਬ' ਹੀ ਢੁਕਦਾ ਤੇ ਫੱਬਦਾ ਨਹੀਂ; ਕਿਉਂਕਿ ਇਸ ਦਾ ਭਾਵ ਤਖ਼ਤ ਨੂੰ ਸਜਾਵਟ ਦੇਣ ਵਾਲੇ ਅਜਿਹੇ ਬੰਦੇ ਤੋਂ ਹੈ ਜਿਸ ਨੂੰ ਧੋਖਾ ਤੇ ਫ਼ਰੇਬ ਕਰਨਾ ਸ਼ੋਭਦਾ ਹੀ ਨਹੀਂ।"

ਕਿਸੇ ਸਿਆਣੇ ਤੇ ਸਰਦੇ-ਪੁਜਦੇ ਬੰਦੇ ਦੇ ਸਿਰ ਵੀ, ਇਨ੍ਹਾਂ ਵਿਚੋਂ ਜੇ ਕੋਈ ਇਕ ਵੀ ਮੁਸ਼ਕਲ ਜਾਂ ਮੁਸੀਬਤ ਆ ਬਣੇ ਤਾਂ ਉਹ ਘਬਰਾ ਜਾਂਦਾ ਹੈ, ਦਿਲ ਹਾਰ ਬਹਿੰਦਾ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਤਾਂ ਇਕ ਨਹੀਂ, ਅਨੇਕ ਮੁਸ਼ਕਲਾਂ ਤੇ ਮੁਸੀਬਤਾਂ ਮਾਨੋਂ ਹਾਠਾਂ ਬੰਨ੍ਹ ਕੇ ਆ ਚੜ੍ਹੀਆਂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ੁਦ ਆਪ ਘਾਬਰਨਾ ਜਾਂ ਲਿਫਣਾ ਤਾਂ ਕਿਤੇ ਰਿਹਾ, ਉਨ੍ਹਾਂ ਨੇ ਤਾਂ ਆਪਣੇ ਸਿੱਖਾਂ-ਸੇਵਕਾਂ ਨੂੰ ਵੀ ਕਦੇ ਰੋਣ, ਘਾਬਰਨ ਜਾਂ ਲਿਫਣ ਨਹੀਂ ਦਿੱਤਾ ਸੀ। ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਵਾਲੇ ਸਾਲ, ਭਾਵ ਸੰਨ 1708 ਵਿਚ ਸਮਾਪਤ ਹੋਈ ਪੁਸਤਕ 'ਪਰਚੀਆਂ' ਕ੍ਰਿਤ ਸਾਧੂ ਸੇਵਾ ਦਾਸ ਉਦਾਸੀ, ਵਿਚ ਲਿਖਿਆ ਹੈ ਕਿ ਉਨ੍ਹਾਂ ਦੇ ਪਾਵਨ ਗੁਰੂ-ਪਿਤਾ ਜੀ ਦੇ ਹਿਰਦੇਵੇਧਕ ਸ਼ਹਾਦਤ ਨੂੰ ਤੱਕ-ਸੁਣ ਕੇ ਰੋ ਰਹੇ ਸਿੱਖਾਂ ਨੂੰ ਸ਼ਾਂਤ ਤੇ ਸੁਚੇਤ ਕਰਦਿਆਂ, ਆਪ ਨੇ ਹੀ ਬੜੀ ਅਨੂਠੀ 'ਚੜ੍ਹਦੀ ਕਲਾ' ਨਾਲ ਓਤਪੋਤ ਸ਼ਬਦਾਂ ਵਿਚ ਇਹ ਸਾਫ਼ ਆਖਿਆ ਸੀ :

ਤੁਰਕਾਂ ਕੁਉ ਕੂੜਾ ਕਰਿ ਮਾਰਣਾ ਥਾ; ਸੋ ਅਬ ਤੁਰਕ ਕੂੜੇ ਹੋਇ ਚੁਕੇ ਹਹਿ;
ਤੁਰਕੋਂ ਕੋ ਮਾਰਨੇ ਕੀ ਵਾਰੀ ਹਮਾਰੀ ਆਈ ਹੈ।
ਗੁਰੂ ਤੇਗ ਬਹਾਦਰ ਸਾਥ ਜੋ ਉਨਹੁ ਨੇ ਤਾਦੀ ਕੀਨੀ ਹੈ,
ਗੁਰੂ ਉਨਹੁ ਕਾ ਕੋਈ ਦੇਸੁ ਨ ਮਾਰਿਆ ਥਾ, ਕੋਊ ਉਨ ਕਾ ਖੂਨ ਨਹੀਂ ਕੀਆ ਥਾ,
ਅਪਨੇ ਪੰਥ ਕਾ ਪੱਖ ਕਰ ਕੇ ਉਨਹੋਂ ਨੇ ਤਾਦੀ ਕੀਨੀ ਹੈ,
ਸੋ ਉਨਹੁ ਨੇ ਇਹ ਅਨੀਤ ਕੀਨੀ ਹੈ।
ਇਸ ਤੇ ਤੁਰਕ ਕੂੜੇ ਹੋਇ ਚੁਕੇ ਹੈਨਿ।
ਐਸੇ ਗਿਆਨੀਅਹੁ ਪੁਰਖਹੁ ਸਾਥ ਤਾਦੀ ਕਰਨੀ,
ਉਨਹੁ ਨੇ ਆਪਣਾ ਹੀ ਘਾਤ ਕੀਨਾ ਹੈ।...

(ਪਰਚੀਆਂ ਨੰ: ੧੩)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬੜੀ ਸੰਖੇਪ ਜੀਵਨ-ਕਥਾ ਅਤੇ ਅਨੂਠੀ ਬੀਰ-ਗਾਥਾ ਦੇ

www.sikhbookclub.com

ਅਗਲੇ 32 ਵਰ੍ਹਿਆਂ ਦਾ ਬਿਰਤਾਂਤ ਇਸ ਗੱਲ ਦਾ ਗਵਾਹ ਹੈ ਕਿ ਉਹ ਜ਼ਰਾ ਵੀ ਨਹੀਂ ਲਿਫੇ, ਭੋਰਾ ਵੀ ਨਹੀਂ ਡੋਲੇ, ਰਤਾ ਵੀ ਨਹੀਂ ਘਾਬਰੇ ਸਨ। ਉਨ੍ਹਾਂ ਨੇ ਕਿਸੇ ਦੀ ਵੀ ਕੋਈ ਈਨ ਨਹੀਂ ਮੰਨੀ, ਉਨ੍ਹਾਂ ਨੇ ਕਿਸੇ ਦੀ ਕੋਈ ਮਿੰਨਤ ਨਹੀਂ ਕੀਤੀ; ਉਨ੍ਹਾਂ ਨੇ ਕਦੇ ਵੀ ਦਿਲ ਨਹੀਂ ਹਾਰਿਆ ਸੀ ਸਗੋਂ ਸਮੇਂ, ਸ਼ਰੀਕੇ, ਰਾਜ, ਸਮਾਜ ਦੇ ਸਭ ਅਧਰਮੀ ਤੇ ਅਨਿਆਈ ਸ਼ਕਤੀਆਂ ਨਾਲ ਖੁੱਲ੍ਹੇ-ਹੱਥੀਂ ਟੱਕਰ ਲੈਣ ਲਈ ਡਟ ਗਏ ਸਨ। ਫਿਰ ਲਿਫਣਾ ਤਾਂ ਕੀ, ਸਿੱਧੇ ਸ਼ਤੀਰ ਤਣੇ ਰਹੇ ਅਤੇ ਆਖਰੀ ਦਮ ਤਕ 'ਚੜ੍ਹਦੀ ਕਲਾ' ਵਿਚ ਵਿਚਰਦੇ ਤੇ ਵਿਗਸਦੇ ਰਹੇ ਸਨ।

ਮਨੁੱਖੀ ਇਤਿਹਾਸ ਦੀ ਇਹ ਕਹਾਣੀ ਜਿੰਨੀ ਨਿਰਾਲੀ ਤੇ ਦਰਦਨਾਕ ਹੈ, ਓਨੀ ਹੀ ਹੁਲਾਰਾਜਨਕ ਤੇ ਮਾਣ ਕਰਨ ਯੋਗ ਵੀ ਹੈ। ਇਸ ਦੀ ਹਰ ਘਟਨਾ ਨੂੰ ਪੜ੍ਹਿਆਂ, ਬੁੱਧੀ ਹੈਰਾਨ ਹੁੰਦੀ ਹੈ; ਇਸ ਦੀ ਹਰ ਸਥਿਤੀ ਨੂੰ ਸੋਚਿਆਂ, ਸੋਚ ਜੁਆਬ ਦੇ ਜਾਂਦੀ ਹੈ; ਇਸ ਦੀ ਹਰ ਪ੍ਰਾਪਤੀ ਨੂੰ ਸੁਣਿਆਂ, ਜੀਭ ਗੁਣਗੁਣਾਉਣ ਲੱਗ ਪੈਂਦੀ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥

(ਪੰਨਾ ੧੧੦੬)

ਫਿਰ ਇਸ ਦੇ ਦੈਵੀ ਤੇ ਨਿਆਰੇ ਨਾਇਕ ਦੀ ਹਰ ਸੋਚ ਇਨਕਲਾਬ ਦੀ ਸੂਚਕ ਹਰ ਤੱਕਣੀ ਪ੍ਰੇਰਨਾ ਦਾ ਸੋਮਾ, ਹਰ ਕਥਨੀ ਹੁਲਾਰੇ ਦੀ ਸਿਰਜਕ ਅਤੇ ਹਰ ਕਰਣੀ 'ਚੜ੍ਹਦੀ ਕਲਾ' ਦੀ ਲਖਾਇਕ ਜਾਪਣ ਲੱਗ ਪੈਂਦੀ ਹੈ।

ਦੁਨੀਆਂ ਦੀ ਇਹ ਅਦੁੱਤੀ ਸ਼ਖ਼ਸੀਅਤ ਝੋਰਿਆਂ ਜਾਂ ਸਲਾਹਾਂ ਵਿਚ ਪੈਣ ਦੀ ਥਾਂ, ਸਾਰੀ ਸਥਿਤੀ ਦਾ ਤੁਰੰਤ ਜਾਇਜ਼ਾ ਲੈ ਕੇ ਨਿਝੱਕ ਆਖਦੀ ਹੈ: "ਲੋਕੋ ! ਮੇਰਾ ਤਾਂ ਜਨਮ ਦੁਸ਼ਟ-ਦੋਖੀਆਂ ਦਾ ਨਾਸ਼ ਤੇ ਧਰਮ ਦਾ ਪ੍ਰਕਾਸ਼ ਕਰਨ ਲਈ ਹੋਇਆ ਹੈ। ਮੈਂ ਤਾਂ ਲੋਕ-ਵੈਰੀਆਂ ਨੂੰ ਪਛਾੜਨ ਤੇ ਲੋਕ-ਹਿਤੈਸ਼ੀਆਂ ਨੂੰ ਉਭਾਰਨ ਲਈ ਹੀ ਭੇਜਿਆ ਗਿਆ ਹਾਂ।"

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖਿਅਨਿ ਪਕਰਿ ਪਛਾਰੋ ॥੪੨॥

(ਬਚਿਤ੍ਰ ਨਾਟਕ, ਅਧਿ: ੬)

(1/2007)

www.sikhbookclub.com

ਲਾਸਾਨੀ ਹਸਤੀ...

ਗੁਰੂਆਂ-ਪੀਰਾਂ ਤੇ ਨਬੀਆਂ-ਅਵਤਾਰਾਂ ਦੇ ਸੰਸਾਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਅਕਤਿਤਵ ਬਿਲਕੁਲ ਬਚਿਤ੍ਰ ਅਤੇ ਬੇਮਿਸਾਲ ਹੈ। ਗੁਰੂ ਸਾਹਿਬ ਨੇ ਖ਼ੁਦ ਆਪਣੀ ਆਤਮ-ਕਥਾ ਲਿਖਦਿਆਂ ਦੱਸਿਆ ਹੈ ਕਿ ਦੁਸ਼ਟਤਾਈ ਤੇ ਦੰਭਤਾਈ ਦੂਰ ਕਰ ਕੇ ਸੱਚੇ ਧਰਮ ਦਾ ਪੰਥ ਉਜਾਗਰ ਕਰਨ ਦਾ ਕਾਰਜ, ਉਨ੍ਹਾਂ ਨੂੰ ਅਕਾਲ ਪੁਰਖ ਵਲੋਂ ਸੌਂਪਿਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਸੇ ਧਾਰਮਿਕ ਆਗੂ ਸਨ ਜਿਨ੍ਹਾਂ ਨੇ ਪੱਛੜੇ ਸਮਾਜ ਦੇ ਉਧਾਰ ਦਾ ਬੀੜਾ ਉਠਾਇਆ ਤੇ ਅਜਿਹਾ ਇਨਕਲਾਬੀ ਪਲਟਾ ਲਿਆਂਦਾ ਕਿ ਸਦੀਆਂ ਦੇ ਦੱਬੇ-ਕੁਚਲੇ ਤੇ ਪਿਛਾਂਹ ਸੁੱਟੇ ਲੋਕ ਜਾਗ੍ਰਤ ਹੋ ਕੇ ਆਪਣੇ ਧਾਰਮਿਕ, ਸਮਾਜਕ ਅਤੇ ਰਾਜਸੀ ਅਧਿਕਾਰਾਂ ਲਈ ਸੰਘਰਸ਼ ਕਰਨ ਹਿਤ ਤਿਆਰ-ਬਰ-ਤਿਆਰ ਹੋ ਗਏ। ਇਹ ਸਮਾਜਕ ਕ੍ਰਾਂਤੀ ਵਿਚਾਰ-ਮੰਡਲ ਤਕ ਹੀ ਸੀਮਤ ਨਹੀਂ ਸੀ ਸਗੋਂ ਉਨ੍ਹਾਂ ਇਸ ਨੂੰ ਇਕ ਜੋਧੇ ਜਰਨੈਲ ਦੇ ਤੌਰ 'ਤੇ ਪ੍ਰਚੰਡ ਸੰਘਰਸ਼ ਦਾ ਰੂਪ ਦਿੱਤਾ ਜਿਵੇਂ ਕਿ ਫ੍ਰੈਂਕਲਿਨ ਨੇ ਕਿਹਾ ਹੈ ਕਿ ਜਬਰ-ਜ਼ੁਲਮ ਵਿਰੁੱਧ ਲੜਨਾ ਰੱਬੀ ਉਪਾਸ਼ਨਾ ਹੈ, ਮਾਲਕ ਦੀ ਤਾਬੇਦਾਰੀ ਹੈ।

ਗੁਰੂ ਸਾਹਿਬ ਨੇ ਸੈਨਾਪਤੀ ਵਾਲਾ ਜੋ ਰੋਲ ਅਦਾ ਕੀਤਾ, ਉਹ ਕਿਸੇ ਮੁਲਕਗੀਰੀ ਲਈ ਨਹੀਂ ਸੀ ਸਗੋਂ ਦੁਸ਼ਟ-ਦੋਖੀਆਂ ਨੂੰ ਦਲਣ ਤੇ ਦੀਨਾਂ-ਦੁਖੀਆਂ ਦੀ ਰੱਖਿਆ ਕਰਨ ਲਈ ਸੀ। ਇਸ ਤੋਂ ਅੱਗੇ ਉਹ ਚਾਹੁੰਦੇ ਸਨ ਕਿ ਐਸੀ ਲੋਕ-ਸੇਵਕ ਸੰਤ-ਸਿਪਾਹੀ ਸੈਨਾ ਤਿਆਰ ਕੀਤੀ ਜਾਏ ਜੋ ਹਮੇਸ਼ਾਂ ਇਸ ਪਵਿੱਤਰ ਮਿਸ਼ਨ ਦੀ ਪੂਰਤੀ ਲਈ ਜੂਝਦੀ ਰਹੇ। ਖਾਲਸਾ ਪੰਥ ਐਸਾ ਹੀ ਦਲ ਸੀ। ਇਸ ਤੋਂ ਇਲਾਵਾ ਆਪ ਐਸੇ ਵਿਦਵਾਨ ਕਵੀ ਸਨ ਜੋ ਕਈ ਜ਼ੁਬਾਨਾਂ ਵਿਚ ਕਾਵਿ-ਰਚਨਾ ਕਰਨ ਦੀ ਕਾਬਲੀਅਤ ਰੱਖਦੇ ਸਨ ਤੇ ਕਲਮੀ ਕ੍ਰਿਸ਼ਮਿਆਂ ਰਾਹੀਂ ਉਨ੍ਹਾਂ ਯੁੱਗ-ਪਰਿਵਰਤਨ ਲਈ ਵੀ ਢੇਰ ਹਿੱਸਾ ਪਾਇਆ। ਇਤਿਹਾਸ ਨੇ ਐਸਾ ਪੈਗ਼ੰਬਰ ਹੋਰ ਨਹੀਂ ਦੇਖਿਆ ਜੋ ਇਸ ਤਰ੍ਹਾਂ ਰੂਹਾਨੀ, ਜਿਸਮਾਨੀ, ਮਨੋਵਿਗਿਆਨੀ ਤੇ ਬੌਧਿਕ ਤੌਰ 'ਤੇ ਸਰਬ ਕਲਾ ਸੰਪੂਰਨ ਹੋਵੇ। ਆਪ ਨੇ ਹਰ ਖੇਤਰ ਵਿਚ ਕਮਾਲ ਕੀਤਾ। ਫਿਰ ਹੋਰ ਖ਼ੂਬੀ ਇਹ ਕਿ ਉਹ ਐਸੇ ਧਰਮ-ਗੁਰੂ ਹੋਏ ਜਿਨ੍ਹਾਂ ਆਪਣੇ ਚੇਲਿਆਂ ਨੂੰ ਵੀ ਗੁਰੂ ਬਣਾ ਕੇ ਦਮ ਲਿਆ। ਇਸ ਕਾਰਨਾਮੇ ਰਾਹੀਂ ਆਪ ਨੇ ਸਿੱਖਾਂ ਨੂੰ ਜਨਵਾਦੀ, ਸਮਾਜਵਾਦੀ ਤੇ ਵਿਸ਼ਵਵਾਦੀ ਚੇਤਨਾ ਦੇ ਰਾਹ ਤੋਰ ਕੇ ਨਵੇਂ ਯੁੱਗ ਦੀ ਨੀਂਹ ਰੱਖ ਦਿੱਤੀ। ਉਸ ਜ਼ਮਾਨੇ ਜਦੋਂ ਹਿੰਦ ਤੁਰਕ ਦਾ ਦਵੰਦ, ਕਾਫਰ ਮਲੇਛ ਦੇ ਨਾਂ 'ਤੇ ਅੰਧਕਾਰ ਫੈਲ ਰਿਹਾ ਸੀ ਤਾਂ ਆਪ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਅਨੁਸਾਰ ਅਮਲ ਕਰਨ ਦੀ ਨਵੀਂ ਪ੍ਰਭਾਤ ਦਿਖਾਈ। ਇਹ ਸਭ ਆਪ ਦੀ ਮਹਾਨ ਪ੍ਰੇਮਮਈ ਦਿਵਯ-ਆਤਮਾ ਦਾ ਕਾਰਨਾਮਾ ਸੀ।

ਜਿਥੋਂ ਤਕ ਆਪ ਦੇ ਜਿਸਮਾਨੀ ਸਰੂਪ ਦਾ ਤੁਅੱਲਕ ਹੈ, ਉਹ ਬੜਾ ਹੀ ਪ੍ਰਭਾਵਸ਼ਾਲੀ ਸੀ। ਕੱਦ-ਕਾਠ ਦਰਮਿਆਨਾ, ਸ਼ਕਲ-ਸੂਰਤ ਸੁਨੱਖੀ, ਰੰਗ ਗੋਰਾ, ਨੈਣ ਬਾਂਕੇ ਤੇ ਆਵਾਜ਼ ਗਰਜ-ਭਰੀ

www.sikhbookclub.com

ਸੀ। ਦੀਦਾਰ ਤੋਂ ਨੂਰਾਨੀ ਜਲਵਾ ਝਰਦਾ ਰਹਿੰਦਾ। ਸਦਾ ਸੁੰਦਰ ਸ਼ਸਤ੍ਰ ਬਸਤ੍ਰ ਸਜਾ ਕੇ ਰੱਖਦੇ, ਸੀਸ 'ਤੇ ਦਸਤਾਰ 'ਪੁਰ ਕਲਗੀ ਜਿਗਾ ਲਾਉਂਦੇ। ਢਾਲ-ਤਲਵਾਰ, ਤੀਰ-ਕਮਾਣ ਉਨ੍ਹਾਂ ਦੇ ਮਨਭਾਉਂਦੇ ਹਥਿਆਰ ਸਨ। ਵਧੀਆ ਇਰਾਕੀ ਘੋੜੇ ਦੀ ਸਵਾਰੀ ਕਰਨਾ ਅਤੇ ਸੱਜੇ ਹੱਥ ਵਿਚ ਬਾਜ਼ ਰੱਖਣਾ ਉਨ੍ਹਾਂ ਦਾ ਸ਼ੌਕ ਸੀ। ਨਗਾਰੇ ਵਜਾਉਣਾ, ਝੰਡੇ ਝੁਲਾਉਣਾ ਤੇ ਆਪਣੇ ਸੰਤ-ਸਿਪਾਹੀਆਂ ਦਾ ਮਹੱਲਾ (ਜਲੂਸ) ਰਚਾਉਣਾ, ਉਨ੍ਹਾਂ ਦਾ ਆਮ ਵਿਹਾਰ ਸੀ ਤੇ ਇਹ ਸਭ ਗੱਲਾਂ ਚੜ੍ਹਦੀ ਕਲਾ ਕਾਇਮ ਰੱਖਣ ਦਾ ਪ੍ਰਭਾਵਸ਼ਾਲੀ ਸਾਧਨ ਸਨ। ਪਿਤਾ-ਗੁਰੂ ਨੇ ਸਮਝਾ ਦਿੱਤਾ ਸੀ ਕਿ ਸਦਾ ਨਿਰਭੈ ਹੋ ਕੇ ਵਿਚਰਨਾ ਤੇ ਸਭ ਨੂੰ ਨਿਰਭੈ ਜੀਵਨ ਬਸਰ ਕਰਨ ਦਾ ਅਵਸਰ ਪ੍ਰਦਾਨ ਕਰਨਾ—ਇਹੋ ਚੰਗੇ ਧਰਮ ਤੇ ਚੰਗੀ ਰਾਜਨੀਤੀ ਦਾ ਸ੍ਰੇਸ਼ਟ ਲੱਛਣ ਹੈ। ਸੋ ਆਤਮਿਕ ਉੱਚਤਾ ਦੇ ਧਾਰਨੀ ਸਤਿਗੁਰੂ ਨੇ ਨਿਰਭਉ-ਨਿਰਵੈਰ ਰਹਿੰਦਿਆਂ ਉੱਚੇ ਪੂਰਨੇ ਪਾਏ। ਆਪ ਦੇ ਬੌਧਿਕ ਚਮਤਕਾਰਾਂ ਨੇ ਪੜ੍ਹੀ-ਲਿਖੀ ਵਿਦਵਾਨ-ਮੰਡਲੀ ਨੂੰ ਪ੍ਰਭਾਵਿਤ ਕੀਤਾ ਤੇ ਦਰਸ਼ਨੀ ਖ਼ੂਬਸੂਰਤੀ ਨੇ ਜਨ-ਸਾਧਾਰਨ ਦਾ ਮਨ ਮੋਹ ਲਿਆ। ਹੁਸੀਨ ਰੂਹ, ਹੁਸੀਨ ਦਿਮਾਗ਼ ਤੇ ਹੁਸੀਨ ਜਿਸਮ ਹਰ ਕਿਸੇ ਨੂੰ ਹਾਸਲ ਨਹੀਂ। ਇਹ ਕਰਤੇ ਦੀ ਖੇਡ ਸੀ ਕਿ ਕਲਗੀਧਰ ਹਰ ਮੈਦਾਨ ਵਿਚ ਕਾਮਿਲ ਸਨ। ਭਾਵੇਂ ਉਸ ਸਮੇਂ ਦੀਆਂ ਲਿਖਤਾਂ ਤੋਂ ਆਪ ਦੀ ਰੂਹਾਨੀ ਤੇ ਜਿਸਮਾਨੀ ਨੁਹਾਰ ਦੀ ਝਲਕ ਸਾਨੂੰ ਮਿਲ ਹੀ ਜਾਂਦੀ ਹੈ ਲੇਕਿਨ ਸਮੇਂ ਦੇ ਚਿੱਤਰਕਾਰਾਂ ਨੇ ਵੀ ਆਪ ਜੀ ਦੇ ਅਨੂਪਮ ਹੁਸਨ ਨੂੰ ਰੰਗਾਂ ਵਿਚ ਬੰਨ੍ਹਣ ਦਾ ਯਤਨ ਕੀਤਾ ਹੈ।

ਇਤਿਹਾਸਕ ਚਿੱਤਰ

ਦਸਮ-ਗੁਰੂ ਜੀ ਦੀਆਂ ਦਰਜਨ ਤੋਂ ਵੱਧ ਇਤਿਹਾਸਕ ਤਸਵੀਰਾਂ ਪ੍ਰਾਪਤ ਹਨ। ਬਚਪਨ ਦਾ ਇਕ ਚਿੱਤਰ ਅਹੀਆ ਗੰਜ ਲਖਨਊ ਪਿਆ ਹੈ ਜਿਸ ਨੂੰ ਡਾ. ਤ੍ਰਿਲੋਚਨ ਸਿੰਘ ਨੇ ਆਪਣੀ ਅੰਗਰੇਜ਼ੀ ਪੁਸਤਕ 'ਗੁਰੂ ਤੇਗ ਬਹਾਦਰ' (1967) ਵਿਚ ਦਿੱਤਾ ਹੈ। ਦੋ ਚਿੱਤਰ 'ਦਸਮ ਗ੍ਰੰਥ' ਦੀ ਅਤਿ ਪ੍ਰਾਚੀਨ ਬੀੜ ਜੋ ਕਿ ਮਾਤਾ ਸੁੰਦਰੀ ਜੀ ਦੀ ਨਿਗਰਾਨੀ ਹੇਠ ਸੰਕਲਿਤ ਕੀਤੀ ਗਈ ਸੀ, ਵਿਚ ਲੱਗੇ ਹੋਏ ਹਨ ਤੇ ਰਵਾਇਤ ਅਨੁਸਾਰ ਮਾਤਾ ਜੀ ਨੇ ਇਹ ਚਿੱਤਰ ਬੀੜ ਵਿਚ ਖ਼ੁਦ ਲਗਵਾ ਦਿੱਤੇ ਸਨ। ਇਨ੍ਹਾਂ ਵਿਚੋਂ ਇਕ ਚਿੱਤਰ ਜੁਆਨੀ ਸਮੇਂ ਦਾ ਹੈ ਜਦੋਂ ਕਿ ਆਪ ਪਾਉਂਟਾ (ਪਾਂਵਟਾ) ਸਾਹਿਬ ਤੋਂ ਸ੍ਰੀ ਅਨੰਦਪੁਰ ਪਰਤੇ ਸਨ। ਦੂਜਾ ਸ਼ੇਰ ਦਾ ਸ਼ਿਕਾਰ ਕਰਦਿਆਂ ਦਾ ਹੈ। ਇਹ ਦੋਵੇਂ ਚਿੱਤਰ ਇਹਨਾਂ ਸਤਰਾਂ ਦੇ ਲੇਖਕ ਨੇ ਆਪਣੀ ਪੁਸਤਕ 'ਦਰਬਾਰੀ ਰਤਨ' (1977) ਵਿਚ ਪ੍ਰਕਾਸ਼ਤ ਕੀਤੇ ਸਨ। ਇਕ ਹੋਰ ਚਿੱਤਰ ਪਟਨੇ ਸਾਹਿਬ ਸੁਰੱਖਿਅਤ ਹੈ ਜਿਸ ਵਿਚ ਗੁਰੂ ਸਾਹਿਬ ਘੋੜ ਸਵਾਰ ਹੋ ਕੇ ਸ਼ਿਕਾਰ ਨੂੰ ਚੜ੍ਹਦੇ ਦਿਖਾਏ ਹਨ। ਇਸੇ ਤਰ੍ਹਾਂ ਦਾ ਇਕ ਚਿੱਤਰ ਲਾਹੌਰ ਅਜਾਇਬ ਘਰ ਅਤੇ ਕਲਕੱਤੇ ਦੇ ਵਿਕਟੋਰੀਆ ਮੈਮੋਰੀਅਲ ਮਿਯੂਜ਼ਮ ਵਿਚ ਮਿਲਦਾ ਹੈ। ਇਕ ਚਿੱਤਰ ਹੋਰ ਜੋ ਅੰਗਰੇਜ਼ ਇਥੋਂ ਵਲੈਤ ਲੈ ਗਏ ਸਨ ਤੇ ਇਹ ਅੱਜਕਲ੍ਹ ਮਾਨਚੈਸਟਰ ਦੀ ਆਰਟ ਗੈਲਰੀ ਵਿਚ ਸੁਰੱਖਿਅਤ ਹੈ, ਇਹ ਯਕਚਸ਼ਮੀ ਚਿੱਤਰ ਪਹਾੜੀ ਸ਼ੈਲੀ ਵਿਚ 1703 ਈ. ਦਾ ਚਿਤ੍ਰਿਆ ਦੱਸਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਇਕ ਪ੍ਰਾਚੀਨ ਤਸਵੀਰ ਅਕਾਲੀ ਕੌਰ ਸਿੰਘ ਜੀ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਸ਼ਬਦ ਰਤਨ ਪ੍ਰਕਾਸ਼' ਦੇ ਪਹਿਲੇ ਐਡੀਸ਼ਨ ਵਿਚ ਛਾਪੀ ਸੀ, ਇਸ ਵਿਚ ਤਿੰਨ ਸਾਹਿਬਜ਼ਾਦੇ ਨਾਲ ਦਿਖਾਏ ਗਏ ਤੇ ਸੰਮਤ 1755 ਬਿ. (1698 ਈ.) ਪਿਆ ਹੋਇਆ ਹੈ। ਅਕਾਲੀ ਜੀ ਨੇ 'ਸ੍ਰੀ ਗੁਰ ਸੋਭਾ' ਦੀ ਪਹਿਲੀ ਐਡੀਸ਼ਨ 1925 ਈ. ਛਾਪਦਿਆਂ ਇਕ ਬੀਰਾਸਨ ਵਾਲੀ ਤਸਵੀਰ ਵੀ ਪ੍ਰਕਾਸ਼ਤ ਕੀਤੀ

www.sikhbookclub.com

ਸੀ, ਇਹ ਅੱਜ ਕਲ੍ਹ ਕਾਫ਼ੀ ਪ੍ਰਚੱਲਤ ਹੈ। ਖ਼ਿਆਲ ਹੈ ਕਿ ਇਹ ਬਾਦਸ਼ਾਹ ਬਹਾਦਰ ਸ਼ਾਹ ਦੇ ਦਰਬਾਰੀ ਮੁਸੱਵਰ ਨੇ ਆਗਰੇ ਤਿਆਰ ਕੀਤੀ ਸੀ। ਉਪਰੋਕਤ ਚਿੱਤਰਾਂ ਤੋਂ ਗੁਰੂ ਸਾਹਿਬ ਦੀ ਬਾਂਕੀ ਨੁਹਾਰ ਤੇ ਦੈਵੀ ਗੁਣਾਂ ਦੀ ਫੁਹਾਰ ਪੈਂਦੀ ਨਜ਼ਰ ਆਉਂਦੀ ਹੈ ਜਿਸ ਨੇ ਸਾਰੀ ਸਿੰਘ-ਲਹਿਰ ਨੂੰ ਪ੍ਰਭਾਵਿਤ ਕੀਤਾ ਤੇ 'ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉ ਕਰਉਂ ਨਿਵਾਸ' ਦਾ ਪ੍ਰਤੱਖ ਪ੍ਰਭਾਵ ਪਾਇਆ।

ਸਤਿਗੁਰਾਂ ਦੇ ਅੰਦਰਲੇ ਅਤੇ ਬਾਹਰਲੇ ਸਰੂਪ ਦੀ ਇਹ ਚਰਚਾ ਕਰਨੀ ਇਸ ਲਈ ਜ਼ਰੂਰੀ ਸਮਝੀ ਹੈ ਤਾਂ ਕਿ ਆਪ ਦੀ ਸ਼ਖ਼ਸੀਅਤ ਦਾ ਗੌਰਵ ਸਾਡੇ ਅਨੁਭਵ ਦਾ ਅੰਗ ਬਣ ਸਕੇ। ਇਸ ਪੱਖੋਂ ਆਪ ਦੇ ਨਾਮ ਤੇ ਵਿਸ਼ੇਸ਼ਣਾਂ ਦਾ ਜ਼ਿਕਰ ਵੀ ਉਚਿਤ ਹੈ।

ਗੁਰੂ ਜੀ ਦਾ ਪਹਿਲਾਂ ਨਾਂ 'ਗੋਬਿੰਦ ਦਾਸ' ਪ੍ਰਸਿੱਧ ਹੈ ਜੈਸਾ ਕਿ ਪਿਤਾ ਗੁਰੂ ਦੇ ਖ਼ਤ-ਪੱਤਰਾਂ ਤੋਂ ਪ੍ਰਗਟ ਹੈ (ਗੋਬਿੰਦ ਦਾਸ ਦੀ ਬਧਾਈ ਉਪਰਿ ਸੰਗਤਿ ਖਰਚ ਕੀਤਾ, ਗੁਰੂ ਕੀ ਦਰਗਾਹ ਥਾਇ ਪਯਾ' ਪਟਨੇ ਦੀ ਸੰਗਤ ਨਾਂ ਹੁਕਮਨਾਮਾ) ਫਿਰ ਉਨ੍ਹਾਂ ਖ਼ੁਦ ਆਪਣੀ ਕਾਵਿ-ਰਚਨਾ ਵਿਚ ਇਸ ਦਾ ਪ੍ਰਯੋਗ ਕੀਤਾ ਹੈ :

ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

(ਦਸਮ ਗ੍ਰੰਥ, ਪੰਨਾ ੨੫੪)

ਜਦ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਗੋਬਿੰਦ ਰਾਇ ਨਾਮ ਪ੍ਰਚੱਲਤ ਹੋਇਆ ਜਿਸ ਦੀ ਵਰਤੋਂ ਕਈ ਦਰਬਾਰੀ ਕਵੀਆਂ ਨੇ ਕੀਤੀ ਹੈ। ਜਦੋਂ ਪਾਹੁਲ ਦੇ ਕੇ ਖਾਲਸਾ ਸਾਜਿਆ ਗਿਆ ਤਾਂ ਹਰ ਸਿੱਖ ਦਾ ਨਾਂ 'ਸਿੰਘ' ਧਰਿਆ ਗਿਆ, ਇਸ ਸਮੇਂ ਦਾ ਨਾਂ ਵੀ 'ਗੋਬਿੰਦ ਸਿੰਘ' ਰੱਖ ਕੇ ਗੁਰੂ-ਚੇਲੇ ਦੀ ਅਭੇਦਤਾ ਤੇ ਏਕਤਾ ਉਜਾਗਰ ਕੀਤੀ ਗਈ। ਇਸ ਤੋਂ ਬਿਨਾਂ ਸਿੱਖ-ਗ੍ਰੰਥਾਂ ਅਤੇ ਆਮ ਬੋਲਚਾਲ ਵਿਚ ਗੁਰੂ ਸਾਹਿਬ ਲਈ—ਸ੍ਰੀ ਦਸਮੇਸ਼, ਸੱਚਾ ਪਾਤਸ਼ਾਹ, ਪੰਥ ਦਾ ਵਾਲੀ, ਅੰਮ੍ਰਿਤ-ਦਾਤਾ, ਸਰਬੰਸ-ਦਾਨੀ, ਕਲਗੀਆਂ ਵਾਲਾ, ਕਲਗੀਧਰ, ਨੀਲੇ ਦਾ ਸ਼ਾਹਸਵਾਰ, ਚਿੱਟਿਆਂ ਬਾਜ਼ਾਂ ਵਾਲਾ ਆਦਿ ਵਿਸ਼ੇਸ਼ ਆਮ ਵਰਤੇ ਜਾਂਦੇ ਹਨ। ਸਿੱਖਾਂ ਵਿਚ ਗੁਰੂ ਨੂੰ 'ਸੱਚਾ ਪਾਤਸ਼ਾਹ' ਕਹਿਣ ਦੀ ਰਵਾਇਤ ਪੁਰਾਣੀ ਸੀ ਤੇ ਇਹ ਇਕ ਤਰ੍ਹਾਂ ਸਮਕਾਲੀ ਹਕੂਮਤ ਵਿਰੁੱਧ ਬਗ਼ਾਵਤ ਦਾ ਸਿੱਧਾ ਐਲਾਨ ਸੀ।

ਇਹ ਵੀ ਜ਼ਾਹਰ ਹੈ ਕਿ ਧਾਰਮਿਕ ਗੁਰੂ-ਪੀਰ ਕਲਗੀ ਨਹੀਂ ਸੀ ਲਾਉਂਦੇ ਸਗੋਂ ਅਜਿਹੀਆਂ ਠਾਠ-ਬਾਠ ਵਾਲੀਆਂ ਚੀਜ਼ਾਂ ਦਾ ਤਿਆਗ ਹੀ ਕਰਦੇ ਸਨ ਜਿਵੇਂ ਕਿ ਗੌਤਮ ਬੁੱਧ ਤੇ ਰਾਜਾ ਗੋਪੀ ਚੰਦ ਦੀ ਕਥਾ ਤੋਂ ਪ੍ਰਗਟ ਹੈ ਪਰ ਗੁਰੂ ਸਾਹਿਬ ਰਾਜਯੋਗੀ ਸਨ, ਬਾਦਸ਼ਾਹ ਹੁੰਦੇ ਦਰਵੇਸ਼ ਸਨ ਤੇ ਪੀਰੀ ਨਾਲ ਮੀਰੀ ਜੋੜਨਾ ਉਨ੍ਹਾਂ ਦੀ ਕ੍ਰਾਂਤੀਕਾਰੀ ਯੋਜਨਾ ਦਾ ਅਹਿਮ ਭਾਗ ਸੀ। ਉਹ ਦੀਨਾ ਦਾਰ ਹੋਣ ਲਈ ਦੁਨਿਆਵੀ ਜ਼ਿੰਮੇਵਾਰੀਆਂ ਤੋਂ ਮੁਕਤ ਹੋਣਾ ਜ਼ਰੂਰੀ ਨਹੀਂ ਸੀ ਮੰਨਦੇ ਸਗੋਂ 'ਅੰਜਨ ਮਾਹਿ ਨਿਰੰਜਨ' ਰਹਿਣ ਦੀ ਤਰਬੀਅਤ ਦੇਣਾ ਪਸੰਦ ਕਰਦੇ ਸਨ, ਇਸ ਕਰਕੇ ਆਪ ਨੇ ਸ਼ਾਹਾਨਾ ਠਾਠ-ਬਾਠ ਨੂੰ ਅੰਗ ਸੰਗ ਰੱਖਿਆ, ਕਲਗੀ-ਜਿਗਾ ਸਜਾਈ, ਸ਼ਸਤਰ ਧਾਰੇ, ਸੁਨਹਿਰੀ ਸਿੰਘਾਸਨ ਲਾ ਕੇ ਦਰਬਾਰ ਲਾਏ ਤੇ ਵਧੀਆ ਤੋਂ ਵਧੀਆ ਹਾਥੀ ਘੋੜਿਆਂ ਦੀ ਸਵਾਰੀ ਕੀਤੀ। 'ਮੁਆਸਿਰ ਆਲਮਗੀਰੀ' ਅਨੁਸਾਰ ਔਰੰਗਜ਼ੇਬ ਨੇ 13 ਫ਼ਰਵਰੀ 1694 ਈ. ਨੂੰ ਇਕ ਉਚੇਚਾ ਫ਼ੁਰਮਾਨ ਜਾਰੀ ਕੀਤਾ ਸੀ ਕਿ ਰਾਜਪੂਤਾਂ ਤੋਂ ਸਿਵਾ ਕੋਈ ਹਿੰਦੂ ਸ਼ਸਤ੍ਰ ਧਾਰਨ ਨਾ ਕਰੇ, ਵਧੀਆ ਕਿਸਮ ਦੇ ਇਰਾਕੀ, ਅਰਬੀ ਘੋੜੇ ਦੀ ਸਵਾਰੀ ਨਾ ਕਰੇ, ਪਾਲਕੀ 'ਤੇ ਨਾ ਚੜ੍ਹੇ, ਕਲਗੀ ਜਿਗਾ ਨਾ ਲਾਵੇ, ਝੰਡਾ ਨਾ ਝੁਲਾਏ, ਨਗਾਰਾ ਨਾ ਵਜਾਵੇ। ਬਾਜ਼ ਉਡਾਉਣਾ ਵੀ ਸ਼ਾਹੀ ਠਾਠ-ਬਾਠ ਦਾ ਸੂਚਕ ਸੀ।

www.sikhbookclub.com

ਹਰ ਕੋਈ ਇਨ੍ਹਾਂ ਦਾ ਪ੍ਰਯੋਗ ਨਹੀਂ ਸੀ ਕਰ ਸਕਦਾ। ਕਾਰਨ ਇਹ ਕਿ ਸੱਭੇ ਵਸਤਾਂ ਰਾਜ-ਭਾਗ ਦਾ ਪ੍ਰਤੀਕ ਮੰਨੀਆਂ ਜਾਂਦੀਆਂ ਸਨ ਤੇ ਮੁਗ਼ਲ ਹਕੂਮਤ ਗ਼ੁਲਾਮ ਹਿੰਦੂਆਂ ਨੂੰ ਇਸ ਦੇ ਅਧਿਕਾਰੀ ਨਹੀਂ ਸੀ ਸਮਝਦੀ। ਲੇਕਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਫ਼ੁਰਮਾਨਾਂ ਦੀ ਉਲੰਘਣਾ ਕਰ ਕੇ ਆਜ਼ਾਦੀ ਦਾ ਨਵਾਂ ਪੜੁੱਲ ਬੰਨ੍ਹਿਆ। ਹੁਕਮਨਾਮੇ ਭੇਜ-ਭੇਜ ਕੇ ਵਧੀਆ ਸ਼ਸਤ੍ਰ ਤੇ ਵਧੀਆ ਨਸਲ ਦੇ ਘੋੜੇ ਮੰਗਵਾਏ ਤੇ ਖਾਲਸਈ ਫ਼ੌਜ ਖੜ੍ਹੀ ਕੀਤੀ। ਕੇਸਰੀ ਨਿਸ਼ਾਨ ਝੁਲਾਇਆ ਤੇ ਰਣਜੀਤ ਨਗਾਰਾ ਵਜਾਇਆ। ਇਸ ਸਭ ਗੱਲਾਂ ਆਜ਼ਾਦੀ ਤੇ ਸਵੈਮਾਨ ਦੇ ਸ਼ਾਹ ਰਾਹ ਵੱਲ ਤੋਰਨ ਵਾਲੀਆਂ ਸਨ ਤੇ ਜ਼ਿੰਦਗੀ ਦੇ ਵਿਕਾਸ ਲਈ ਜ਼ਰੂਰੀ ਸਨ। ਜਦੋਂ ਸਿੱਖ ਗੁਰੂ ਸਾਹਿਬ ਲਈ ਕਲਗੀਆਂ ਵਾਲਾ, ਬਾਜ਼ਾਂ ਵਾਲਾ ਜਾਂ ਨੀਲੇ ਦਾ ਸ਼ਾਹ ਸਵਾਰ ਆਦਿ ਵਿਸ਼ੇਸ਼ਣ ਵਰਤਦੇ ਸਨ ਤਾਂ ਉਨ੍ਹਾਂ ਦਾ ਇਹ ਭਾਵ ਸੀ ਕਿ ਉਨ੍ਹਾਂ ਦਾ ਗੁਰੂ ਹਕੂਮਤ ਵਲੋਂ ਲਾਈਆਂ ਪਾਬੰਦੀਆਂ ਤੋਂ ਖ਼ੁਦ ਆਜ਼ਾਦ ਹੈ ਤੇ ਉਨ੍ਹਾਂ ਨੂੰ ਵੀ ਉਸ ਆਜ਼ਾਦੀ ਲਈ ਤਿਆਰ-ਬਰ-ਤਿਆਰ ਕਰ ਰਿਹਾ ਹੈ।

ਜਦੋਂ ਔਰੰਗਜ਼ੇਬ ਪਾਸ ਅਨੰਦਪੁਰ ਸਾਹਿਬ ਦੇ ਅਜਿਹੇ ਸ਼ਾਹੀ ਠਾਠ-ਬਾਠ ਦੀਆਂ ਖ਼ਬਰਾਂ ਪੁੱਜੀਆਂ ਤਾਂ ਉਸ ਨੇ ਬਹੁਤ ਔਖਿਆਂ ਹੋ ਕੇ ਫ਼ੌਜਦਾਰ ਸਰਹੰਦ ਨੂੰ ਤਾਕੀਦੀ ਹੁਕਮ ਚਾੜ੍ਹੇ ਕਿ ਗੁਰੂ ਨੂੰ ਕਹੋ ਕਿ ਉਹ ਸਾਧਾਂ-ਫ਼ਕੀਰਾਂ ਵਾਂਗ ਰਹੇ, ਦਰਬਾਰ ਨਾ ਲਾਵੇ, ਝਰੋਖਾ-ਦਰਸ਼ਨ ਨਾ ਦੇਵੇ, ਸੱਚਾ ਪਾਤਸ਼ਾਹ ਨਾ ਕਹਾਵੇ, ਸ਼ਸਤ੍ਰ ਤੇ ਫ਼ੌਜਾਂ ਇਕੱਠੀਆਂ ਨਾ ਕਰੇ ਅਤੇ ਜੇ ਉਹ ਐਸੀ ਸਰਗਰਮੀ ਤੋਂ ਬਾਜ਼ ਨਾ ਆਵੇ ਤਾਂ ਉਸ ਨੂੰ ਜਿਵੇਂ-ਕਿਵੇਂ ਇਲਾਕੇ ਵਿਚੋਂ ਖਦੇੜ ਦਿੱਤਾ ਜਾਵੇ। ਅਜਿਹੀਆਂ ਧਮਕੀਆਂ ਨੂੰ ਨਜ਼ਰ-ਅੰਦਾਜ਼ ਕਰ ਕੇ ਗੁਰੂ ਸਾਹਿਬ ਆਜ਼ਾਦੀ ਦਾ ਝੰਡਾ ਲੈ ਕੇ ਅੱਗੇ ਵਧਦੇ ਗਏ, ਮੁਸੀਬਤਾਂ ਝੱਲਦੇ ਗਏ, ਪਰਿਵਾਰ ਤਕ ਨਿਛਾਵਰ ਕਰਦੇ ਗਏ ਪਰ ਆਪਣੇ ਆਦਰਸ਼ ਤੋਂ ਜ਼ਰਾ ਪਿਛਾਂਹ ਨਾ ਹਟੇ। ਲੜਾਈ-ਭਿੜਾਈ ਜਾਂ ਜੰਗ-ਜੁੱਧ ਉਨ੍ਹਾਂ ਦਾ ਮਜ਼ਮੂਨ ਨਹੀਂ ਸੀ ਸਗੋਂ ਉਹ ਤਾਂ ਨਿਰਭੈ-ਨਿਰਵੈਰ ਹੋ ਕੇ ਸਭ ਨਾਲ ਪ੍ਰੇਮ-ਪਿਆਰ ਦਾ ਵਰਤਾਰਾ ਕਰ ਰਹੇ ਸਨ ਅਤੇ ਸਰਬੱਤ ਦਾ ਭਲਾ ਹੀ ਉਨ੍ਹਾਂ ਦਾ ਮਿਸ਼ਨ ਸੀ। ਔਰੰਗਜ਼ੇਬ ਦੀ ਮਜ਼੍ਹਬੀ ਤੁਅੱਸਬ ਤੇ ਦਮਨ ਨੀਤੀ ਦੇ ਬਾਵਜੂਦ ਦੇਹਰਾ ਮਸੀਤ, ਪੂਜਾ ਨਿਮਾਜ਼ ਅਤੇ ਹਿੰਦੂ ਤੁਰਕ ਦੀ ਸਾਂਝ ਦ੍ਰਿੜ੍ਹ ਕਰਾਉਣਾ ਉਨ੍ਹਾਂ ਦਾ ਪਵਿੱਤਰ ਆਦਰਸ਼ ਸੀ। ਆਪ ਦੀ ਬਾਣੀ ਵਿਚ ਕਾਲ ਦੀ ਸ਼ਕਤੀ ਦਾ ਬਾਰ-ਬਾਰ ਬਿਆਨ ਕਰ ਕੇ ਇਨਸਾਨ ਨੂੰ ਸਾਵਧਾਨ ਕੀਤਾ ਗਿਆ ਹੈ ਕਿ ਅੰਤ ਖਾਕ ਨੇ ਖਾਕ ਹੋਣਾ ਹੈ, ਸੋ ਅਕਾਲੀ ਜੋਤਿ ਦੇ ਪ੍ਰੇਮ ਵਿਚ ਓਤਪੋਤ ਹੋ ਕੇ ਜ਼ਿੰਦਗੀ ਸਕਾਰਥੀ ਹੋ ਸਕਦੀ ਹੈ। ਇਹ ਸੰਦੇਸ਼ਾ ਉਨ੍ਹਾਂ ਦੇ ਜੀਵਨ ਦਾ ਤੱਤ-ਸਾਰ ਸੀ। ਗੁਰੂ ਸਾਹਿਬ ਚੜ੍ਹਦੀ ਕਲਾ ਵਾਲੇ ਮਹਾਂਪੁਰਸ਼ ਸਨ ਜੋ ਗੁਰਿਆਈ, ਵੀਰਤਾਈ ਤੇ ਕਵਿਤਾਈ ਦੁਆਰਾ ਉੱਚੇ ਮਾਨਵ ਸਭਿਆਚਾਰ ਦੀ ਰੁਸ਼ਨਾਈ ਕਰਦੇ ਰਹੇ। ਉਹ ਪ੍ਰੀਤਿ ਪੈਗ਼ੰਬਰ ਸਨ। ਉਨ੍ਹਾਂ ਸਮਝਾਇਆ ਕਿ ਅਦ੍ਰਿਸ਼ਟ ਅਗੋਚਰ ਪਰਮੇਸ਼ਵਰ ਨੂੰ ਦੇਖ ਸਕਣਾ ਜ਼ਰਾ ਔਖਾ ਹੈ ਪਰ ਉਹ ਪ੍ਰੇਮ ਬਣ ਕੇ ਸਾਰੇ ਵਿਸ਼ਵ ਵਿਚ ਵਿਆਪਕ ਹੋ ਰਿਹਾ ਹੈ ਤੇ ਪ੍ਰੇਮ ਦੁਆਰਾ ਹੀ ਉਸ ਨੂੰ ਪਾਇਆ ਜਾ ਸਕਦਾ ਹੈ। ਇਹ ਠੀਕ ਹੈ ਕਿ ਉਨ੍ਹਾਂ ਖ਼ਾਲਸੇ ਨੂੰ ਦੇਗ ਤੇਗ ਦੇ ਧਨੀ ਬਣਾਇਆ ਪਰ ਨਾਲ ਹੀ ਉਹ ਇਹ ਵੀ ਸਮਝਾਉਂਦੇ ਰਹੇ ਕਿ ਹਰ ਹਾਲਤ ਵਿਚ ਪਹਿਲੇ ਅਮਨ-ਸ਼ਾਂਤੀ ਵਾਲੇ ਹੀ ਉਪਾਅ ਵਰਤੋ, ਜੇ ਕੋਈ ਵਾਹ ਨਾ ਚਲੇ ਤਾਂ ਹੀ ਤੇਗ ਵਾਹੁਣਾ ਜਾਇਜ਼ ਹੈ ਪਰ ਇਹ ਵਰਤੋਂ ਰੋਜ਼ਾਨਾ ਕਾਰ-ਵਿਹਾਰ ਦਾ ਹਿੱਸਾ ਨਹੀਂ ਕਿਉਂਕਿ 'ਮਾਨਸ ਕੀ ਜਾਤ' ਇਕ ਹੈ ਤੇ ਇਸ ਨੂੰ ਕੇਵਲ ਪਿਆਰ ਤੇ ਸੇਵਾ ਦੇ ਮਿਸ਼ਨ ਦੁਆਰਾ ਹੀ ਪ੍ਰਫੁੱਲਤ ਕੀਤਾ ਜਾ ਸਕਦਾ ਹੈ।

www.sikhbookclub.com

ਅੱਜ ਦਾ ਸੰਸਾਰ ਭਿਆਨਕ ਜੰਗਾਂ-ਜੁੱਧਾਂ ਦਾ ਸ਼ਿਕਾਰ ਹੈ ਤੇ ਵਿਕਰਾਲ ਅਸਤਰ-ਸ਼ਸਤਰ ਇਸ ਦੀ ਪੂੰਜੀ ਹਨ, ਜਿਨ੍ਹਾਂ ਉੱਤੇ ਅਜੋਕੇ ਸਾਇੰਸਦਾਨਾਂ ਤੇ ਸਿਆਸਤਦਾਨਾਂ ਦੋਹਾਂ ਨੂੰ ਮਾਣ ਵੀ ਹੈ ਪਰ ਇਹ ਮਨੁੱਖੀ ਕਲਿਆਣ ਦਾ ਸਾਧਨ ਕਦਾਚਿਤ ਨਹੀਂ ਹੋ ਸਕਦੇ। ਵਿਸ਼ਵ ਦੇ ਭਲੇ ਲਈ ਤਾਂ ਇੱਕੋ ਇਕ ਪ੍ਰੇਮ ਪਿਆਰ ਦਾ ਹੀ ਹਥਿਆਰ ਕੰਮ ਆਉਣ ਵਾਲਾ ਹੈ। ਗੁਰੂ ਦਸਮੇਸ਼ ਜੀ ਨੇ ਇਸੇ ਲਈ ਖਾਲਸਾ ਬਣਨ ਹਿੱਤ 'ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ' ਦਾ ਸੰਦੇਸ਼ਾ ਦ੍ਰਿੜ੍ਹ ਕਰਾਇਆ ਹੈ। ਉਹ ਕਹਿੰਦੇ ਹਨ ਜਿਵੇਂ ਅਗਨੀ ਦੇ ਚੰਗਿਆੜੇ ਆਖਰ ਅੱਗ ਵਿਚ ਹੀ ਜਾ ਸਮਾਉਂਦੇ ਹਨ, ਜਿਵੇਂ ਪਾਨੀ ਦੀਆਂ ਲਹਿਰਾਂ ਪਾਨੀ ਵਿਚ ਹੀ ਲੀਨ ਹੋ ਜਾਂਦੀਆਂ ਹਨ ਤੇ ਧੂੜ ਦੇ ਕਿਣਕੇ ਅੰਤ ਧਰਤੀ ਮਾਤਾ ਦੀ ਗੋਦ ਵਿਚ ਆ ਕੇ ਹੀ ਟਿਕਾਉ ਲੱਭਦੇ ਹਨ, ਤਿਵੇਂ ਸਾਰੀ ਕਾਇਨਾਤ, ਜ਼ਿੰਦਗੀ ਦੇ ਸਾਗਰ ਨਾਲ ਪ੍ਰੇਮ ਗਲਵਕੜੀ ਪਾ ਕੇ ਹੀ ਪੂਰਨ ਸ਼ਾਂਤੀ ਹਾਸਲ ਕਰ ਸਕਦੀ ਹੈ।

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਤੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥੧੭॥੮੭॥

(ਅਕਾਲ ਉਸਤਤਿ)

(1/1999)

www.sikhbookclub.com

ਦਸਮੇਸ਼ ਜੀ ਦਾ ਜਲਾਲੀ ਰੂਪ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਿਧਾਂਤ ਨੂੰ ਵਰਨਣ ਕਰਨਾ ਇਉਂ ਹੈ, ਜਿਵੇਂ ਕੋਈ ਸੂਰਜ ਸਾਹਮਣੇ ਝਾਕ ਕੇ ਕੈਮਰੇ ਨਾਲ ਉਸ ਦੀ ਫੋਟੋ ਉਤਾਰਣ ਦਾ ਯਤਨ ਕਰੇ। ਅਵੱਸ਼ ਸਿੱਟਾ ਇਸ ਯਤਨ ਦਾ ਇਹੋ ਨਿਕਲੇਗਾ ਕਿ ਚਕਸ਼ੂ ਅੰਧੇ ਹੋ ਜਾਣਗੇ ਤੇ ਕੈਮਰੇ ਦੀ ਫਿਲਮ ਭੂੰਸ਼ ਹੋ ਜਾਵੇਗੀ। ਜੋ ਕੋਈ ਪ੍ਰਤੱਖ ਬਿਜਲੀ ਨੂੰ ਹੱਥ ਨਾਲ ਫੜਨ ਦਾ ਯਤਨ ਕਰੇਗਾ, ਉਹ ਭਸਮ ਤਾਂ ਹੋ ਸਕਦਾ ਹੈ ਪਰ ਸਫਲ ਨਹੀਂ। ਕਿਉਂ ? ਇਸ ਲਈ ਕਿ ਪ੍ਰਸ਼ੋਤਮ ਗੁਰੂ ਆਪਣੇ ਦਿਬ ਜਲਵੇ, ਜਲਾਲ ਦੇ ਰੂਪ ਵਿਚ ਅਮ੍ਰਿਤ, ਅਥਾਹ, ਅਗੋਚਰ, ਮਨ ਬੁੱਧੀ ਦੀ ਪਹੁੰਚ ਤੋਂ ਵਿਮੁਕਤ, ਪਰਮ ਈਸ਼ਵਰ ਸੱਤਾ ਨਾਲ ਅਭੇਦ ਹੁੰਦੇ ਹਨ ਅਤੇ ਉਨ੍ਹਾਂ ਦੇ ਦਰਸ਼ਨ ਸਿਧਾਂਤ ਦਾ ਵਰਣਨ ਅਸੰਭਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਭੌਤਕ ਜਲਾਲ ਬਾਬਤ ਵੀ ਮਹਾਂਕਵੀ ਸੰਤੋਖ ਸਿੰਘ ਨੇ ਕਿਹਾ ਹੈ :

ਦੂਰਨਿਰਖ ਦਰਸਨ ਸਤਿਗੁਰ ਕੋ।

ਤਾਂ ਉਨ੍ਹਾਂ ਦੇ ਆਤਮਿਕ ਔਜ, ਦਿਬ ਪ੍ਰਤਿਭਾ, ਰੂਹਾਨੀ ਜਲਾਲ ਅਤੇ ਪਰਾਭੌਤਿਕ ਅਸੀਮਤਾ ਦਾ ਵਰਣਨ ਤੇ ਵਿਆਖਿਆ, ਉਨ੍ਹਾਂ ਦੇ ਜੀਵਨ-ਸਿਧਾਂਤ ਦਾ ਵਿਸ਼ਲੇਸ਼ਨ ਕਰਨ ਦੇ ਮੰਤਵ ਨਾਲ, ਕਰਨ ਦਾ ਹੌਂਸਲਾ ਕੌਣ ਕਰੇ ?

ਮਨੁੱਖ ਗਿਆਨ ਇੰਦ੍ਰਿਆਂ ਦੁਆਰਾ, ਮਨ-ਬੁੱਧੀ ਦੀ ਸ਼ਕਤੀ ਨਾਲ, ਅਮਿਤੇ, ਅਸੀਮ ਗੁਰੂ ਜਯੋਤੀ ਦਾ ਪਾਰਾਵਾਰ ਪਾ ਨਹੀਂ ਸਕਦਾ ਜਦ ਤਕ ਉਸ ਨੂੰ ਦਿਬ-ਦ੍ਰਿਸ਼ਟੀ, ਬ੍ਰਹਮ-ਚਕਸ਼ੂ ਪ੍ਰਾਪਤ ਨਾ ਹੋ ਜਾਣ। ਇਸੇ ਕਾਰਨ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਕਿ ਤੇਰੀ ਪੁਰਸ਼ੋਤਮ-ਪੁਰਖ (ਭਗਵਾਨ ਦੇ ਸ਼ੁਧ ਸਰੂਪ) ਦੇ ਦਰਸ਼ਨਾਂ ਦੀ ਪੂਰਤੀ ਕਰਨ ਹਿਤ ਮੈਂ ਤੈਨੂੰ ਰੂਹਾਨੀ ਅੱਖਾਂ ਪ੍ਰਦਾਨ ਕਰਦਾ ਹਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਧ ਜੀਵਨ-ਸਿਧਾਂਤ ਤਾਂ ਇਹੋ ਹੈ ਕਿ ਮਨੁੱਖ ਦਾ ਪਰਮ ਧਰਮ ਹੈ, ਗਿਆਨ ਭਗਤੀ ਦੁਆਰਾ, ਆਤਮ ਰੂਪ ਪਰਮ-ਈਸ਼ਵਰ ਦੀ ਪ੍ਰਾਪਤੀ, ਸਮੀਪਤਾ, ਪਰ ਇਸ ਗਿਆਨ-ਭਗਤੀ ਦੀ ਵਿਧੀ ਕੀ ਹੋਵੇ ਤੇ ਇਸ ਦਾ ਸਮਾਜੀ-ਰਾਜਸੀ ਵਾਤਾਵਰਨ ਕੀ ਹੋਵੇ ? ਇਹਨਾਂ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਯਤਨ ਜਦੋਂ ਕਰੀਦਾ ਹੈ ਤਾਂ ਇਹ ਦੋ ਪ੍ਰਸ਼ਨ ਇਉਂ ਨਵਾਂ ਰੂਪ ਪਲਟਾ ਲੈਂਦੇ ਹਨ।

ਸੱਚਾ ਧਰਮ

(1) ਸਿੱਖ ਧਰਮ, ਜਿਸ ਬਾਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਮੈਂ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਜਨਮ ਲਿਆ ਹੈ:

www.sikhbookclub.com

ਯਾਹੀ ਕਾਜ ਧਰਾ ਹਮ ਜਨਮੰ ॥...
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ (ਬਚਿਤ੍ਰ ਨਾਟਕ)

ਉਸ ਧਰਮ ਅਥਵਾ ਮੱਤ ਦੀ ਰੂਪ-ਰੇਖਾ ਕੀ ਹੈ?

(2) ਕੀ ਸਿੱਖ ਧਰਮ ਕੇਵਲ ਇਕ ਨਿੱਜੀ ਜੀਵਨ ਹੈ ਜਿਸ ਦਾ ਆਧਾਰ ਅੰਤਰ-ਆਤਮਕ ਸਾਧਨ ਹਨ ਜੋ ਸਮਾਜੀ ਢਾਂਚਿਆਂ ਅਤੇ ਰਾਜਸੀ ਕਰਤੱਵਾਂ ਵਿਚ ਦਿਲਚਸਪੀ ਨਹੀਂ ਰੱਖਦਾ ਅਤੇ ਇਨ੍ਹਾਂ ਵਾਦਾਂ-ਵਿਵਾਦਾਂ ਅਤੇ ਸੰਘਰਸ਼ ਤੇ ਝਗੜਿਆਂ ਤੋਂ ਨਿਰਲੇਪ ਰਹਿਣਾ ਚਾਹੁੰਦਾ ਹੈ, ਯਾ ਕਿ ਸਮਾਜਿਕ ਪ੍ਰਬੰਧ ਅਤੇ ਰਾਜਨੀਤਕ ਸ਼ਾਸਨ ਇਸ ਧਰਮ ਦਾ ਅਨਿਖੜਵਾਂ ਅੰਗ ਹਨ ?

ਪਹਿਲੇ ਪ੍ਰਸ਼ਨ ਦਾ ਉੱਤਰ ਸਿੱਖ ਮੱਤ ਦੇ ਨਿਰਣਯ ਦੇ ਰੂਪ ਵਿਚ ਹੀ ਦਿੱਤਾ ਜਾ ਸਕਦਾ ਹੈ ਜੋ ਕਿ ਆਪਣੇ ਆਪ ਵਿਚ ਇਕ ਸਰਵ-ਸੰਪੰਨ ਦਰਸ਼ਨ ਅਥਵਾ ਫ਼ਲਸਫ਼ੇ ਦੀ ਤੁਲਨਾ ਰੱਖਦਾ ਹੈ ਅਤੇ ਕਿਸੇ ਛੋਟੀ-ਮੋਟੀ ਗੱਲਬਾਤ ਜਾਂ ਗੋਸ਼ਟੀ ਦਾ ਵਿਸ਼ਾ ਨਹੀਂ ਬਣ ਸਕਦਾ। ਹਾਂ, ਦੂਜੇ ਪ੍ਰਸ਼ਨ ਦਾ ਉੱਤਰ ਦੇਣ ਲਈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖਵਾਕ ਬਚਨਾਂ ਅਤੇ ਉਨ੍ਹਾਂ ਦੇ ਸਵੈ-ਜੀਵਨ ਅਧਾਰਤ ਚਮਤਕਾਰੀ ਕਿਰਦਾਰਾਂ ਦੀ ਪੜਚੋਲ ਅਵੱਸ਼ ਹੋ ਜਾਂਦੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਦੇ ਇਸ ਪਹਿਲੂ ਉਤੇ ਮੈਂ ਹੁਣ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮੁਖਵਾਕ ਬਚਨ, ਕੁਝ ਤਾਂ ਦਸਮ ਗ੍ਰੰਥ ਵਿਚ ਸੁਰੱਖਿਅਤ ਹੋਏ ਹੋਏ ਅਸਾਨੂੰ ਪ੍ਰਾਪਤ ਹਨ ਅਤੇ ਕੁਝ ਕਥਾ-ਸਾਖੀਆਂ ਅਤੇ ਪਰੰਪਰਾ ਇਤਿਹਾਸ ਦੁਆਰਾ ਦਸਤਯਾਨ (ਉਪਲਬਧ) ਹਨ, ਪਰ ਉਹ ਵਾਕ ਬਚਨ ਅਤੇ ਉਨ੍ਹਾਂ ਦੇ ਜੀਵਨ-ਕਰਤੱਵ ਤੇ ਕਰਣੀ ਨੂੰ ਜਿਤਨਾ ਚਿਰ ਇਕੱਠਿਆਂ ਅਤੇ ਇਕ ਸੰਗਠਿਤ ਰੂਪ ਮੰਨ ਕੇ ਵਾਚਿਆ ਤੇ ਸਮਝਿਆ ਨਹੀਂ ਜਾਂਦਾ, ਉਤਨਾ ਚਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਾਜਿਕ ਅਤੇ ਰਾਜਸੀ ਸਿਧਾਂਤਾਂ ਦੀ ਰੂਪ-ਰੇਖਾ ਉੱਘੜਦੀ ਨਹੀਂ। ਅਨੇਕ ਕਾਰਜ ਤੇ ਕੌਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਰਲੇ-ਮਿਲੇ ਪਏ ਹਨ ਕਿ ਅਜੇ ਤਕ ਉਹਨਾਂ ਦਾ ਇਤਿਹਾਸਕ ਤੇ ਮਿਥਿਹਾਸਕ ਅੰਸ਼, ਉਹਨਾਂ ਦਾ ਭਾਵ ਤੇ ਰਹੱਸਯ ਅਤੇ ਉਹਨਾਂ ਦਾ ਲੀਲ੍ਹਾ ਰੂਪ ਤੇ ਸੰਘਰਸ਼ ਰੂਪ ਨਿਖੇੜਿਆ ਤੇ ਬਿਆਨਿਆ ਨਹੀਂ ਜਾ ਸਕਦਾ। ਭਾਈ ਨੰਦ ਲਾਲ ਜੀ ਨੇ ਸੱਚ ਹੀ ਕਿਹਾ ਸੀ :

ਗਾਹੇ ਸੂਫ਼ੀ ਗਾਹੇ ਜ਼ਾਹਿਦ।
ਗਹਿ ਕਲੰਦਰ ਮੀ ਸ਼ਵਦ।
ਰੰਗਹਾਇ ਮੁਖਤਲਿਫ਼ ਦਾਰਦ ਬੁਤਿ ਅਯਾਰਿ ਮਾ।

(ਗ਼ਜ਼ਲ ਨੰ: 2, ਭਾਈ ਨੰਦ ਲਾਲ ਜੀ)

ਕਿ ਅਨੰਤ ਤੇ ਮੁਖਤਲਿਫ਼ ਜੀਵਨ ਕਿਰਦਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਹੱਸਮਈ ਕੌਤਕ ਕੀਤੇ ਸੌ ਰੰਗ ਦੇਖੇ ਹਨ, ਕਦੇ ਜ਼ਾਹਿਦ, ਕਦੇ ਸੂਫ਼ੀ ਅਤੇ ਕਦੇ ਕਲੰਦਰ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਲੀਲ੍ਹਾ ਵਿਚ ਸਭ ਨਾਲੋਂ ਉੱਘੜਵਾਂ ਪ੍ਰਮੁੱਖ ਕੇਂਦਰੀ ਅਤੇ ਸ਼ਿਰੋਮਣੀ ਚਮਤਕਾਰ ਹੈ ਖਾਲਸਾ-ਪੰਥ ਦੀ ਸਾਜਣਾ ਅਤੇ ਇਸ ਮਹਾਨ ਘਟਨਾ ਤੋਂ ਪਹਿਲਾਂ ਅਤੇ ਇਸ ਨਾਲ ਸਬੰਧਤ ਅਤੇ ਸੰਗਤ ਪ੍ਰਾਪਤ, ਦੇਵੀ ਪੂਜਣ ਦਾ ਕੌਤਕ।

www.sikhbookclub.com

ਗੁਰੂ ਦਾ ਦਰਸ਼ਨ

ਇਹਨਾਂ ਦੋਹਾਂ ਘਟਨਾਵਾਂ ਵਿਚ ਮੇਰੀ ਜਾਚੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਜੀ ਅਤੇ ਰਾਜਸੀ ਦਰਸ਼ਨ-ਸਿਧਾਂਤ ਲੁਕਿਆ ਪਿਆ ਹੈ।

ਮਾਰਕੰਡੇਯ ਪੁਰਾਣ ਵਿਚ ਕਥਿਤ ਦੁਰਗਾ ਦੇਵੀ ਦੇ ਰਾਕਸ਼ਾਂ ਦੇ ਸਰਦਾਰ ਮਹਿਖਾਸੁਰ ਨੂੰ ਯੁੱਧ ਵਿਚ ਮਾਰ-ਮੁਕਾਉਣ ਦਾ ਵਰਣਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਦਰਬਾਰੀ ਕਵੀਆਂ ਰਾਹੀਂ ਬ੍ਰਿਜ ਬੋਲੀ ਅਤੇ ਪੰਜਾਬੀ ਭਾਸ਼ਾ ਵਿਚ ਅਨੁਵਾਦਿਆ ਹੈ ਅਤੇ ਇਉਂ ਕਿਸੇ ਹੋਰ ਸ਼ਾਸਤਰ ਦੇ ਤਰਜਮਾਉਣ ਤੇ ਅਨੁਵਾਦਨ ਦੀ ਗਵਾਹੀ ਅਸਾਨੂੰ ਨਹੀਂ ਮਿਲਦੀ। ਹੋਰ ਅਨੰਦਪੁਰ ਸਾਹਿਬ ਦੇ ਲਾਗੇ, ਨੈਣੇ ਗੁੱਜਰ ਦੇ ਟਿੱਲੇ ਉੱਤੇ, ਕੇਸ਼ਵਾ ਦਾਸ ਪ੍ਰੋਹਤ ਰਾਹੀਂ ਦੇਵੀ ਪ੍ਰਗਟਾਉਣ ਲਈ ਯੱਗ ਕਰਨ ਬਾਬਤ ਅਤੁੱਟ ਪਰੰਪਰਾ ਤੇ ਇਤਿਹਾਸਕ ਪ੍ਰੋੜ੍ਹਤਾ ਮਿਲਦੀ ਹੈ, ਕੇਵਲ ਇਸ ਯੱਗ ਦੇ ਮੰਤਵ ਤੇ ਰਹੱਸ ਬਾਰੇ ਵਿਚਾਰਾਂ ਦੀ ਭਿੰਨਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਗਵਤ ਪੁਰਾਣ ਦੇ ਆਧਾਰ ਉੱਤੇ ਬ੍ਰਿਜ ਬੋਲੀ ਵਿਚ ਅਨੁਵਾਦੀ ਹੋਈ ਦੁਰਗਾ ਤੇ ਅਸੁਰਾਂ ਦੇ ਯੁੱਧ ਦੀ ਕਥਾ ਵਿਚ ਆਪ ਨਿਰਣਾ ਕਰਦੇ ਹਨ ਕਿ ਇਸ ਪੌਰਾਣਿਕ ਮਿਥਿਹਾਸ-ਸਾਹਿਤ ਨੂੰ ਉੱਲਥਾਨ ਤੇ ਪ੍ਰਚਾਰਨ ਦਾ ਮੂਲ ਮੰਤਵ ਮਨੁੱਖ ਜਾਤੀ ਵਿਚ ਧਰਮ ਯੁੱਧ ਦਾ ਚਾਉ ਉਪਜਾਉਣਾ ਹੈ। ਦੁਰਗਾ ਪੂਜਾ ਯਾ ਪੌਰਾਣਿਕ ਧਰਮ-ਪ੍ਰਚਾਰ ਇਸ ਦਾ ਮੰਤਵ ਨਹੀਂ ਹੈ:

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ, ਧਰਮ ਜੁੱਧ ਕੇ ਚਾਇ ॥੨੪੯੧॥

(ਦਸਮ ਗ੍ਰੰਥ, ਪੰਨਾ ੫੭੦)

ਮਹਾਂ ਕਵੀ ਸੰਤੋਖ ਸਿੰਘ ਵੀ ਦੁਰਗਾ ਪੂਜਣ ਦੀ ਸਾਖੀ ਦਾ ਵਿਸਥਾਰ ਕਰਨ ਉਪਰੰਤ ਨਿਰਣਾ ਕਰਦੇ ਹਨ :

ਦੇਵੀ ਦੇਵ ਜਿਤੇ ਜਗ ਮਾਂਹੀ, ਗੁਰੂ ਪਦ ਪੰਕਜ, ਮੱਧ ਸਮਾਹੀ।
ਇਹ ਭੀ ਇਕ ਕੌਤਕ ਕੋ ਕਾਜਾ, ਕਰਤੇ ਚਿਤਰ ਗਰੀਬ ਨਿਵਾਜਾ।

ਇਸ ਦੇਵੀ ਪੂਜਣ ਦੇ ਕੌਤਕ ਪਿੱਛੇ ਦੋ ਮਹਾਨ ਰਹੱਸ-ਮਈ ਤੇ ਮੌਲਿਕ ਵਿਚਾਰ ਲੁਕੇ ਪਏ ਹਨ ਜਿਨ੍ਹਾਂ ਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਲਈ ਵੀ ਅਤੇ ਕੌਮ ਤੇ ਜਾਤੀ ਨੂੰ ਆਤਮਕ ਨਵ-ਜਨਮ ਦੇਣ ਲਈ ਇਸ ਸਬੰਧੀ ਦੋ ਵਿਚਾਰ ਉੱਭਰ ਕੇ ਸਾਹਮਣੇ ਆਉਂਦੇ ਹਨ :

(1) ਜੀਵਨ-ਸੰਘਰਸ਼, ਇਕ ਵਾਸਤਵਿਕ ਸਤਿ ਰੂਪ ਕਰਮ-ਖੇਤਰ ਹੈ, ਕੇਵਲ ਪਰਛਾਵੇਂ ਵਤ ਮਾਯਾ-ਛਾਇਆ ਦੀ ਖੇਲ ਨਹੀਂ, ਜਿਸ ਤੋਂ ਗਿਆਨਵਾਨ ਪੁਰਸ਼ ਨੂੰ ਛੇਤੀ ਤੋਂ ਛੇਤੀ ਇਕਲਵਾਂਝੇ ਹੋ ਜਾਣਾ ਚਾਹੀਦਾ ਹੈ। ਜੀਵਨ, ਨੇਕੀ ਤੇ ਬਦੀ ਦਾ, ਸਾਰ ਰੂਪ ਅਤੇ ਸੰਗਰਾਮ ਹੈ ਅਤੇ ਗਿਆਨਵਾਨ, ਬੁੱਧੀਵਾਨ ਪੁਰਸ਼ਾਂ ਦਾ ਇਹ ਕਰਵੱਤ ਬਣਦਾ ਹੈ ਕਿ ਉਹ ਸੰਸਾਰ ਨੂੰ ਤਿਆਗਣ ਨਾ, ਸਗੋਂ ਇਸ ਵਿਚ ਗੰਭੀਰ ਤੇ ਭਰਪੂਰ ਭਾਗ ਲੈਣ, ਤਾਂ ਜੋ ਧਾਰਮਿਕ, ਸੁਖਾਵਾਂ ਤੇ ਪ੍ਰਗਤੀਸ਼ੀਲ ਸਮਾਜ ਸਥਾਪਤ ਤੇ ਸੁਰੱਖਿਅਤ ਹੋਵੇ। ਇਸ ਸਿਧਾਂਤ ਵਿਚ ਸਿੱਖ ਜਾਤੀ ਦੇ ਬਾਹਰਮੁਖੀ ਤੇ ਕਰਮਯੋਗੀ ਹੋਣ ਦਾ ਭੇਤ ਲੁਕਿਆ ਪਿਆ ਹੈ।

(2) ਦੂਜਾ ਵਿਚਾਰ ਇਸ ਕੌਤਕ ਵਿਚ ਵਿਦਮਾਨ ਇਹ ਹੈ ਕਿ ਜੀਵਨ ਨੂੰ ਉਤਸ਼ਾਹਿਤ,

www.sikhbookclub.com

ਬਲਵਾਨ ਤੇ ਸ਼ਕਤੀਸ਼ਾਲੀ ਬਣਾਉਣ ਦੀ ਸੱਤਾ ਸ਼ਬਦ ਸ਼ਾਸਕ, ਬੁੱਧੀ ਦੀ ਉਪਜ ਨਹੀਂ ਅਤੇ ਬੌਧਿਕ ਫ਼ਲਸਫ਼ਾ, ਵਿਗਿਆਨ ਇਸ ਲਈ ਉਤਨਾ ਸਹਾਇਕ ਨਹੀਂ ਜਿਤਨੇ ਕਿ ਚਿੰਨ੍ਹ ਤੇ ਅਲੰਕਾਰ। ਜਿਥੇ ਬੁੱਧੀ ਤੇ ਗਿਆਨ ਦੀ ਸੀਮਾ ਮੁੱਕ ਜਾਂਦੀ ਹੈ ਉਸ ਤੋਂ ਉਚੇਰੀ ਗਮਤਾ ਚਿੰਨ੍ਹਾਂ, ਸੰਕੇਤਾਂ ਅਤੇ ਅਲੰਕਾਰਾਂ ਦੀ ਹੈ। ਇਸ ਲਈ ਚਿੰਨ੍ਹਾਂ ਦੇ ਪ੍ਰਯੋਗ ਤੋਂ ਬਿਨਾਂ ਵਿਅਕਤੀਗਤ ਜੀਵਨ ਨਿਰਮਾਣਤ ਤੇ ਨਰੋਆ ਨਹੀਂ ਬਣਾਇਆ ਜਾ ਸਕਦਾ। ਇਉਂ ਦੁਰਗਾ-ਮਹਿਖਾਸੁਰ ਸੰਗ੍ਰਾਮ ਚਿੰਨ੍ਹ ਤੇ ਸੰਕੇਤ ਹੈ, ਮਨੁੱਖ ਦੀ ਆਤਮਾ ਬੁਨਿਆਦੀ ਸੰਘਰਸ਼ ਦਾ ਅਤੇ ਇਸ ਚਿੰਨ੍ਹ ਦੀ ਸਮਤਰੀ ਸ਼ੁਧ ਪ੍ਰਯੋਗ ਤੋਂ ਬਿਨਾਂ ਨਵ-ਜੀਵਨ ਦਾ ਉੱਥਾਨ ਤੇ ਉਸ ਦੀ ਦ੍ਰਿਵਤਾ ਸੰਭਵ ਨਹੀਂ। ਇਹੋ ਨੁਕਤਾ ਹੈ ਜਿਸ ਵੱਲ ਵੇਦ ਵਿਚ ਇਸ਼ਾਰਾ ਹੈ :

'ਪ੍ਰੋਕਸ਼ਕਾਮਾਹਿ ਦੇਵਾਹ।'

ਦੇਵ ਲੋਕ ਤੇ ਦਿਬ-ਸ਼ਕਤੀਆਂ ਨਾਲ ਸੰਪਰਕ ਬੌਧਿਕ ਸੰਬੰਧਾਂ ਦੁਆਰਾ ਸੰਭਵ ਨਹੀਂ, ਇਹ ਚਿੰਨ੍ਹ ਤੇ ਸੰਕੇਤਾਂ ਦੁਆਰਾ ਹੀ ਸੰਭਵ ਹੈ।

ਇਹ ਕੁੰਜੀ ਹੈ, ਖਾਲਸੇ ਦੇ ਚਿੰਨ੍ਹਾਂ, ਕਕਾਰਾਂ ਤੇ ਰਹਿਤ-ਬਹਿਤ ਦੇ ਰਹੱਸ ਦੀ।

ਸਿੱਖ ਸੰਗਤ

ਦੂਜੀ ਮਹਾਨ ਘਟਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀ ਹੈ ਖਾਲਸੇ ਦੀ ਸਾਜਣਾ। ਆਮ ਵਿਸ਼ਵਾਸ ਹੈ ਕਿ ਸੰਗਤ ਨੂੰ ਨਵਾਂ ਰੂਪ ਦੇ ਕੇ ਖਾਲਸਾ ਬਣਾਇਆ :

ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ। (ਵਾਰ ੪੧)

ਪਰ 'ਖਾਲਸਾ' ਅਤੇ 'ਸਿੱਖ ਸੰਗਤ' ਇਕੋ ਅਰਥਾਂ ਵਾਲੇ ਦੋ ਸ਼ਬਦ ਨਹੀਂ ਹਨ। 'ਸੰਗਤ' ਤਾਂ ਸਿੱਖਾਂ ਦੀ ਹੈ, ਉਹਨਾਂ ਧਰਮ-ਅਭਿਲਾਸ਼ੀਆਂ ਦਾ ਸਮਾਜ, ਜੋ ਗੁਰੂ ਦੇ ਉਪਦੇਸ਼ਾਂ ਨੂੰ ਕਬੂਲਦੇ ਅਤੇ ਅਪਨਾਉਂਦੇ ਹਨ ਤੇ ਇਉਂ ਉਹਨਾਂ ਦਾ ਰਿਸ਼ਤਾ ਗੁਰੂ ਨਾਲ ਸ਼ਰਧਾ ਤੇ ਨਿਸ਼ਚੇ ਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

(ਪੰਨਾ ੩੦੫)

ਤਥਾ

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥

(ਪੰਨਾ ੨੮੬)

ਪਰ 'ਖਾਲਸਾ' ਦੀ ਪਦ-ਪਦਵੀ 'ਸਿੱਖਾਂ' ਦੀ ਪਦਵੀ ਨਾਲੋਂ ਭਿੰਨ ਤੇ ਉਚਤ ਹੈ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮਹਿ ਹਉਂ ਕਰਉ ਨਿਵਾਸ।...
ਹੌਂ ਖਾਲਸੇ ਕਉ ਖਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇਰੋ। (ਸਰਬ ਲੋਹ ਗ੍ਰੰਥ)

ਸਿੱਖ, ਜਗਿਆਸੀ, ਅਭਿਆਸੀ, ਧਰਮ ਪੰਥ ਦਾ ਪਾਂਧੀ ਹੈ ਅਤੇ ਖਾਲਸਾ, ਉਸ ਦਾ ਸਮਾਜਕ

www.sikhbookclub.com

ਅਤੇ ਰਾਜਸੀ ਪ੍ਰਬੰਧ ਕਰਨ ਵਾਲਾ ਅਤੇ ਉਸ ਪ੍ਰਬੰਧ ਸ਼ਾਸਨ ਦੀ ਰੱਖਿਆ ਕਰਨ ਵਾਲਾ ਹੈ, ਜਿਸ ਸਮਾਜੀ ਅਤੇ ਰਾਜਸੀ ਨਿਜ਼ਾਮ ਵਿਚ ਸ਼ੁਧ ਤੇ ਧਰਮੀ ਜੀਵਨ ਜੀਵਿਆ ਤੇ ਪ੍ਰਚਾਰਿਆ ਜਾ ਸਕਦਾ ਹੈ।

ਸਮਾਜਵਾਦੀ ਪੰਥ

ਇਸ ਪ੍ਰਕਾਰ ਦਾ, ਇਨ੍ਹਾਂ ਆਸ਼ਿਆਂ ਉੱਤੇ ਆਧਾਰਤ, ਇਸ ਸਫ਼ੁਰਤੀ ਦੀਆਂ ਨੀਹਾਂ ਉੱਪਰ ਉਸਰਿਆ ਹੋਇਆ ਸੰਘ, ਸੁਸਾਇਟੀ, ਮਨੁੱਖੀ ਤਵਾਰੀਖ ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਤੋਂ ਪਹਿਲਾਂ, ਕਦੇ ਨਿਰਮਤ ਯਾ ਸਥਾਪਤ ਨਹੀਂ ਸੀ ਕੀਤਾ ਗਿਆ। ਲੈਨਿਨ ਨੇ ਜਦੋਂ ਸੰਨ 1917 ਵਿਚ, ਖਾਲਸੇ ਦੀ ਸਾਜਨਾ ਤੋਂ 218 ਵਰ੍ਹੇ ਪਿਛੋਂ ਆਪਣੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ, ਜਿਸ ਦੇ ਜ਼ੁੰਮੇ ਕਿ ਸਾਰੇ ਸੰਸਾਰ ਅਤੇ ਮਨੁੱਖ ਜਾਤੀ ਵਿਚ ਸੋਸ਼ਲਿਸਟ ਲੀਹਾਂ ਉੱਤੇ, ਵਿਦ੍ਰੋਹ ਜਾਂ ਕ੍ਰਾਂਤੀ ਦਾ ਪ੍ਰੋਗਰਾਮ ਲਾਇਆ ਗਿਆ ਤਾਂ ਉਸ ਨੇ ਬੜੇ ਗੌਰਵ ਨਾਲ ਦਾਅਵਾ ਕੀਤਾ ਕਿ ਅਜਿਹਾ ਸੰਘ, ਸੰਸਾਰ ਦੀ ਤਵਾਰੀਖ ਵਿਚ ਪਹਿਲੀ ਵਾਰ ਸਿਰਜਿਆ ਗਿਆ ਹੈ। ਇਹ ਦਾਅਵਾ ਅਗਿਆਨ-ਆਸ਼੍ਰਿਤ ਸੀ, ਅਤੇ ਸੰਨ 1952 ਵਿਚ ਜਗਤ-ਪ੍ਰਸਿੱਧ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਆਪਣੇ ਮਹਾਂ ਗ੍ਰੰਥ 'ਹਿਸਟਰੀ ਆਫ਼ ਦਾ ਵਰਲਡ' ਵਿਚ ਨਿਰਣਾ ਕੀਤਾ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਲਸਾ' ਹੈ ਅਤੇ ਇਹ ਪਾਰਟੀ ਸੁਯੰਭਵ ਉਤਪਤੀ ਦੀ ਪਦਵੀ ਦੀ ਅਧਿਕਾਰੀ ਨਹੀਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਇਹ ਹੈ ਕਿ ਪ੍ਰਾਕਿਰਤਕ ਪ੍ਰਗਤੀ ਉੱਤੇ ਤਾਂ ਮਨੁੱਖ ਦਾ ਵਸੀਕਾਰ ਨਹੀਂ ਪਰ ਅਧਿਆਤਮਕ ਪ੍ਰਗਤੀ ਮਨੁੱਖ ਅਧੀਨ ਹੈ। ਖਾਲਸਾ ਪੰਥ ਦੀ ਸਾਜਣਾ ਦਾ ਮੂਲ ਤੇ ਅਸਲੀ ਕਾਰਨ ਇਹ ਸਿਧਾਂਤ ਹੀ ਹੈ ਅਤੇ ਖਾਲਸੇ ਦਾ ਪ੍ਰੋਗਰਾਮ ਤੇ ਆਸ਼ਾ-ਉਦੇਸ਼ ਇਹ ਹੈ ਕਿ ਕਿਸੇ ਹਾਲਤ ਵਿਚ ਵੀ ਅਤੇ ਕਿਸੇ ਨਾਲ, ਨੀਤੀ ਤੇ ਪ੍ਰਭਾਵ ਹੇਠਾਂ, ਪ੍ਰਾਧੀਨਤਾ ਸਵੀਕਾਰ ਨਾ ਕਰੇ, ਜਿਹਾ ਕਿ ਭਾਈ ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਕਿਹਾ :

ਕਿਸਹੂੰ ਕੀ ਇਹ ਕਾਣ ਨ ਧਰ ਹੈ।
ਰਾਜ ਕਰੈ ਇਕੇ ਲਰ ਪਰ ਹੈ।

ਇਹ ਪ੍ਰਭੁਸੱਤਾ ਪ੍ਰਾਪਤ ਖਾਲਸਾ ਤਦ ਸਵੈਰਾਜ ਸਥਾਪਤ ਕਰੇ, ਜਿਸ ਵਿਚ ਸ਼ੁਭ ਬਿਰਤੀਆਂ ਤੇ ਨਿਰਮਲ ਕਿਰਦਾਰ ਵਾਲੇ ਲੋਕਾਂ ਦੀ ਰੱਖਿਆ ਹੋਵੇ ਅਤੇ ਦੁਰਜਨਾਂ ਦੀ ਸੁਧਾਈ ਹੁੰਦੀ ਰਹੇ। ਇਹੋ ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਹਨਾਂ ਵਾਕਾਂ ਦਾ ਹੈ :

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਅਧਿ: ੬)*

ਅਜਿਹਾ ਸੁਖਾਵਾਂ ਤੇ ਸ਼ੁਭ ਰਾਜ ਸ਼ਾਸਨ ਜਦੋਂ ਦ੍ਰਿਗਸਥਾਪਤ ਹੋ ਜਾਵੇ ਤਾਂ ਉਹ ਆਪਣੇ ਆਪ ਹੀ ਬਾਕੀ ਕੌਮਾਂ ਤੇ ਸਮਾਜਾਂ ਲਈ ਪ੍ਰੇਰਕ ਨਮੂਨਾ ਬਣ ਜਾਵੇਗਾ। ਭਾਈ ਸੁੱਖਾ ਸਿੰਘ ਦੇ 'ਗੁਰ ਬਿਲਾਸ' ਵਿਚ ਅੰਕਤ ਹੈ :

www.sikhbookclub.com

ਇਹ ਖੜਗਕੇਤ ਬੁਰਕਾ ਸੁਜਾਨ।
ਜੋ ਦਇਓ ਚਹਿਤ ਕਿਰਪਾ ਨਿਧਾਨ।
ਇਹ ਆਦਿ ਅੰਤ ਏਕੇ ਸੁ ਪੰਥ।
ਰਚ ਦੀਓ ਜਗਤ ਕੋ ਦੈਨ ਸੰਥ।

ਬਸ ਇਹੋ ਰਹੱਸਯ ਇਸ ਦੋਹੇ ਦਾ ਸਮਝਣਾ ਚਾਹੀਏ ਜੋ ਸਿੱਖ ਸੰਗਤਾਂ, ਸਵੇਰੇ-ਸ਼ਾਮ ਸਦੀਆਂ ਤੋਂ ਸੰਸਾਰ ਭਰ ਵਿਚ ਉੱਚੀ ਉੱਚੀ ਪੜ੍ਹਦੀਆਂ ਹਨ :

ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।
ਖੁਆਰ ਹੋਇ ਸਭ ਮਿਲੈਂਗੇ ਬਚੇ ਸ਼ਰਨ ਜੋ ਹੋਇ।

ਭਾਗਵਤ ਗੀਤਾ ਦੇ ਅੰਤ ਵਿਚ ਸਾਰ ਪ੍ਰਦਰਸ਼ਨੀ ਸਲੋਕ ਹੈ :

ਯਤ੍ਰ ਯੋਗੇਸ਼੍ਵਰਹ ਕ੍ਰਸ਼ਣੋ ਯਤ੍ਰ ਪਾਰਥੋ,
ਧਨਰਧਰਾ ਤਤ ਸ਼ੀਰ ਵਿਜਯੋ ਭੂਤੀ ਧ੍ਰਵਾ ਪਹਿਰ ਮੰਮ।

ਇਸ ਮਹਾਂਵਾਕ ਦਾ ਸਾਰ ਭਾਵ ਇਹ ਹੈ ਕਿ ਮਨੁੱਖ ਦਾ ਇਸ ਜਹਾਨ ਅਤੇ ਅਗਲੀ ਦੁਨੀਆਂ ਵਿਚ ਕਲਿਆਨ ਹੈ ਜਦੋ ਤੋਂ ਹੀ ਸੰਭਵ ਜੋਗੇਸ਼ਵਰ ਕ੍ਰਿਸ਼ਨ ਅਤੇ ਧਨੁਸ਼ਧਾਰੀ ਅਰਜੁਨ ਇਕੱਠੇ ਹੋ ਕੇ ਕੰਮ ਕਰਨ।

ਅਫਲਾਤੂ ਨੇ ਆਪਣੇ ਜਗਤ-ਪ੍ਰਸਿੱਧ ਗ੍ਰੰਥ 'ਦੀ ਰਿਪਬਲਿਕ' ਵਿਚ ਅੰਤ ਨੂੰ ਇਹੀ ਨਿਸ਼ਚੈ ਕੀਤਾ ਸੀ ਕਿ ਜਦੋਂ ਤਕ ਗਿਆਨ ਤੇ ਸ਼ਕਤੀ ਦਾ ਸਹਿਯੋਗ ਨਹੀਂ ਹੁੰਦਾ, ਉਦੋਂ ਤਕ ਸੁਖਾਵਾਂ ਤੇ ਸ਼ੁਧ ਰਾਜਸੀ ਸ਼ਾਸਨ ਨਹੀਂ ਹੋ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਦਾ ਰਹੱਸਯ ਇਹੋ ਹੈ ਕਿ ਕਿਸੇ ਵਿਅਕਤੀ 'ਚ ਨਾ, ਸਗੋਂ ਇਕ ਵਿਸ਼ੇਸ਼ ਸੰਘ ਵਿਚ ਯੋਗ ਤੇ 'ਧਨੁਸ਼ ਗਿਆਨ', ਅਧਿਆਤਮਕ ਔਜ ਤੇ ਸੰਪੰਨ ਰਾਜਸੀ-ਪ੍ਰਭੂਸੱਤਾ, ਇਕੱਠੇ ਹੋਣ ਕਾਰਨ ਅਤੇ ਉਸ ਦੇ ਪੀੜ੍ਹੀ-ਦਰ-ਪੀੜ੍ਹੀ ਜੁਗੋ ਜੁਗ ਅਖੰਡ ਪਰਿਵਾਰ ਦਾ ਬੰਨ੍ਹਣ ਬੰਨ੍ਹਿਆ ਜਾਵੇ। ਇਹੋ ਰਾਹ, ਕਲਿਆਣ ਦਾ ਹੈ।

(1/1996)

www.sikhbookclub.com

ਦੈਵੀ ਸ਼ਖ਼ਸੀਅਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੈਵੀ ਸ਼ਖ਼ਸੀਅਤ ਦੇ ਮਾਲਕ ਸਨ ਜਦੋਂ ਉਹਨਾਂ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ, ਉਸ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਦਸ਼ਾ ਦਾ ਅਧਿਐਨ ਕਰੀਏ ਤਾਂ ਉਹ ਬਹੁ-ਪੱਖੀ ਗੁਣਾਂ ਦੇ ਸੁਮੇਲ ਬਣ ਦ੍ਰਿਸ਼ਟੀਗੋਚਰ ਹੁੰਦੇ ਹਨ ਅਤੇ ਕਠਿਨਾਈ ਇਹ ਸਾਹਮਣੇ ਆਉਂਦੀ ਹੈ ਕਿ ਉਹਨਾਂ ਦੀ ਸ਼ਖ਼ਸੀਅਤ ਦੇ ਕਿਹੜੇ ਪਹਿਲੂ ਉੱਪਰ ਪਹਿਲਾਂ ਵਿਚਾਰ ਕੀਤਾ ਜਾਏ। ਇਤਨੀ ਛੋਟੀ ਆਯੂ ਵਿਚ ਜਿਤਨੇ ਮਹਾਨ ਕਾਰਜ ਉਹਨਾਂ ਕਰ ਵਿਖਾਏ ਹਨ ਉਹ ਇਕ ਕਰਾਮਾਤ ਤੋਂ ਘੱਟ ਨਹੀਂ। ਉਹਨਾਂ ਦਾ ਸਾਰਾ ਜੀਵਨ ਸੰਘਰਸ਼ਮਈ ਰਿਹਾ। ਕਦੀ ਵੀ ਅਜਿਹਾ ਕੋਈ ਸਮਾਂ ਦਿਖਾਈ ਨਹੀਂ ਦਿੰਦਾ ਜਦੋਂ ਉਹਨਾਂ ਦੀ ਮਹਾਨ ਸ਼ਖ਼ਸੀਅਤ ਨੇ ਕਿਸੇ ਨਾ ਕਿਸੇ ਸਿਖਰ ਨੂੰ ਨਾ ਛੂਹਿਆ ਹੋਵੇ। ਜੇਕਰ ਅਨੰਦਪੁਰ ਸਾਹਿਬ ਵਿਚ ਹਨ ਤਾਂ ਸਾਹਿਤ ਦੀ ਉਚ-ਪਾਇ ਦੀ ਬੀਰ-ਰਸੀ ਬਾਣੀ ਦਾ ਉਚਾਰਨ ਹੋ ਰਿਹਾ ਹੈ, ਅਗਲੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣ ਲਈ, ਜੰਗੀ ਅਭਿਆਸ ਜਾਰੀ ਹਨ। ਅਨੰਦਪੁਰ ਸਾਹਿਬ ਦੀ ਕਿਲ੍ਹੇ-ਬੰਦੀ ਹੋ ਰਹੀ ਹੈ ਜੋ ਰਣਨੀਤੀ ਦੇ ਪੱਖੋਂ ਉਹਨਾਂ ਦੀ ਮਹਾਨਤਾ ਨੂੰ ਉਜਾਗਰ ਕਰਦੀ ਹੈ। ਪਾਉਂਟਾ ਸਾਹਿਬ ਵਿਖੇ ਹਨ ਤਾਂ ਸਾਹਿਤ ਦੀ ਕਾਵਿ-ਧਾਰਾ ਜਮਨਾ ਨਦੀ ਵਾਂਗ ਹੀ ਵਹਿ ਤੁਰਦੀ ਹੈ। ਜੰਗਾਂ ਵਿਚ ਹਨ ਤਾਂ ਜੰਗੀ ਦਾਉ-ਪੇਚ ਰਣਨੀਤੀ ਦੀ ਸੂਝ ਦਸ ਲੱਖ ਦੇ ਟਾਕਰੇ ਲਈ ਕੇਵਲ 40 ਸਿੰਘਾਂ ਵਿਚ ਬੀਰਤਾ ਨਾਲ ਜੂਝ ਮਰਨ ਲਈ ਚਾਉ ਪੈਦਾ ਕਰਨਾ ਉਹਨਾਂ ਦੀ ਦੈਵੀ ਸ਼ਖ਼ਸੀਅਤ ਦੇ ਉਹ ਗੁਣ ਹਨ ਜਿਹੜੇ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੇ। ਅਤਿ ਦੇ ਬਿਖੜੇ ਸਮੇਂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਤੇ ਸ਼ਾਮ ਸਮੇਂ ਸੋਦਰੁ (ਰਹਿਰਾਸ) ਦੀ ਮਰਿਆਦਾ ਨੂੰ ਨਿਭਾਉਣਾ ਉਹਨਾਂ ਦੀ ਧਾਰਮਿਕਤਾ ਦੀ ਉੱਜਲ ਮਿਸਾਲ ਹੈ। ਕਿਸੇ ਸਮੇਂ ਕਿਸੇ ਵੀ ਹਾਲਤ ਵਿਚ ਧਰਮ ਦਾ ਪੱਲਾ ਨਾ ਛੱਡਣਾ ਉਹਨਾਂ ਦੀ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ।

ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ ਸਨ। ਉਹਨਾਂ ਦੀ ਸ਼ਖ਼ਸੀਅਤ ਵਿਚ ਪਹਿਲੇ ਸਭ ਗੁਰੂ ਸਾਹਿਬਾਨ ਦੀਆਂ ਸ਼ਖ਼ਸੀਅਤਾਂ ਸਮਿਲਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਨਵਤਾ, ਸ੍ਰੀ ਗੁਰੂ ਅੰਗਦ ਦੇਵ ਜੀ ਦੀ ਦ੍ਰਿੜ੍ਹਤਾ, ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ, ਚੌਥੇ ਪਾਤਸ਼ਾਹ ਦੀ ਸਾਦਗੀ, ਨਿਰਮਲਤਾ, ਪੰਚਮ ਗੁਰੂ ਦੀ ਹਲੀਮੀ, ਨਿਮਰਤਾ, ਛੇਵੇਂ ਪਾਤਸ਼ਾਹ ਦੀ ਮੀਰੀ-ਪੀਰੀ, ਸਤਵੇਂ ਸਤਿਗੁਰਾਂ ਦੀ ਦਇਆਲਤਾ, ਅਠਵੇਂ ਪਾਤਸ਼ਾਹ ਦੀ ਨਿਰਭੈਤਾ, ਨੌਵੇਂ ਸਤਿਗੁਰਾਂ ਦੀ ਪਰਉਪਕਾਰੀ ਭਾਵਨਾ, ਧਰਮ ਰੱਖਿਆ, ਦ੍ਰਿੜ੍ਹਤਾ ਦਾ ਸਮੂਹ ਦਸਵੇਂ ਗੁਰਦੇਵ ਦੀ ਸ਼ਖ਼ਸੀਅਤ ਹੈ। ਉਹਨਾਂ ਦੇ ਜੀਵਨ ਚਰਿਤ੍ਰ ਵਿਚੋਂ ਸਹਿਜ ਸੁਭਾ ਹੀ ਉਪਰੋਕਤ ਗੁਣਾਂ ਨੂੰ ਵੱਖਰਾਇਆ ਜਾ ਸਕਦਾ ਹੈ। ਉਹਨਾਂ ਆਪਣੀ ਮਹਾਨ ਰਚਨਾ 'ਬਚਿਤ੍ਰ ਨਾਟਕ' ਵਿਚ ਆਪਣੀ ਜੋਤਿ ਦੀ ਏਕਤਾ ਨੂੰ ਮੂਰਤੀਮਾਨ ਕੀਤਾ ਹੈ :

www.sikhbookclub.com

ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥਿ ਨ ਆਈ ॥੧੦॥ *(ਅਧਿ: ੫)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਉੱਪਰ ਇਕ ਸਮਾਜਿਕ ਸਮਾਨਤਾ ਵਾਲੇ ਸਮਾਜ ਦੀ ਉਸਾਰੀ ਦਾ ਪ੍ਰੋਗਰਾਮ ਅਰੰਭਿਆ। ਜਾਤੀ-ਵੰਡ ਨਾਲ ਦੇਸ਼ ਦਾ ਸਮਾਜਿਕ ਢਾਂਚਾ ਬਿਲਕੁਲ ਤਬਾਹ ਹੋ ਗਿਆ ਸੀ। ਇਖ਼ਲਾਕੀ ਕਦਰਾਂ-ਕੀਮਤਾਂ ਇਤਨੀਆਂ ਗਿਰ ਚੁੱਕੀਆਂ ਸਨ ਕਿ ਉਹਨਾਂ ਨੂੰ ਮੁੜ ਤੋਂ ਸੁਰਜੀਤ ਕਰਨ ਦੀ ਲੋੜ ਸੀ। ਗੁਰੂ ਜੀ ਨੇ ਪ੍ਰਚੱਲਤ ਰੀਤਾਂ-ਰਿਵਾਜਾਂ, ਕਰਮ-ਕਾਂਡਾਂ ਨੂੰ ਲੋਕਾਂ ਵਿਚੋਂ ਖ਼ਤਮ ਕਰਨਾ ਜ਼ਰੂਰੀ ਸਮਝਿਆ। ਮਨੁੱਖ ਨੂੰ ਆਪਣੀ ਹਸਤੀ ਬਾਰੇ ਗਿਆਨ ਪ੍ਰਦਾਨ ਕਰਨਾ ਬਹੁਤ ਲੋੜੀਂਦਾ ਸੀ। ਆਪਸੀ ਪਈਆਂ ਵਿਥਾਂ ਨੂੰ ਮਿਟਾਉਣਾ ਜ਼ਰੂਰੀ ਸੀ। ਗੁਰੂ ਸਾਹਿਬ ਦੇ ਅਰੰਭੇ ਇਸ ਇਨਕਲਾਬੀ ਕਾਰਜ ਨੂੰ ਸੰਪੂਰਨਤਾ ਦਸਮ ਪਾਤਸ਼ਾਹ ਜੀ ਨੇ ਪ੍ਰਦਾਨ ਕੀਤੀ। ਮਨੁੱਖ ਦੀ ਮੁਕੰਮਲ ਸ਼ਕਲ-ਸੂਰਤ ਨਿਸ਼ਚਤ ਕੀਤੀ। ਇਕ ਨਿੱਗਰ ਮਰਿਆਦਾ ਕਾਇਮ ਕੀਤੀ ਜਿਸ ਰਾਹੀਂ ਮਨੁੱਖ ਆਪਣੇ ਮਨੋਰਥ ਦੀ ਪ੍ਰਾਪਤੀ ਸੌਖੀ ਤਰ੍ਹਾਂ ਕਰ ਸਕੇ। ਗੁਰੂ ਜੀ ਦੀ ਆਸ਼ਾ ਸੀ ਕਿ ਇਸ ਕਸਵੱਟੀ ਵਿਚੋਂ ਲੰਘ ਰਹੇ ਮਾਨਵ ਨੂੰ ਜੀਵਨ ਸੰਗਰਾਮ ਵਿਚ ਧਰਮ ਯੁੱਧ ਦੀ ਕਠਨ ਖੇਡ ਖੇਡਣ ਵੱਲ ਵੀ ਪ੍ਰੇਰਿਆ ਜਾਵੇ। ਭਗਤੀ ਦੀ ਥਾਂ ਸ਼ਕਤੀ ਪ੍ਰਾਪਤ ਕਰੇ, ਸਿੱਖ 'ਸਿੰਘ' ਬਣੇ। ਰਣ-ਭੂਮੀ ਨੂੰ ਉਹ ਧਰਮਸ਼ਾਲਾ ਹੀ ਸਮਝੇ ਜਿਥੇ ਉਸ ਨੇ ਆਖਰੀ ਇਮਤਿਹਾਨ ਵਿਚੋਂ ਪਾਸ ਹੋਣਾ ਸੀ। ਆਨ ਤੇ ਅਣਖ ਤਾਂ ਹੀ ਕਾਇਮ ਰੱਖੀ ਜਾ ਸਕਦੀ ਹੈ, ਜੇਕਰ ਮਨੁੱਖ ਸ਼ਬਦ ਦੇ ਨਾਲ ਸ਼ਸਤਰ ਦਾ ਵੀ ਪੂਰਾ ਸਤਿਕਾਰ ਕਰੇ। ਸ਼ਸਤਰਾਂ ਤੋਂ ਬਿਨਾਂ ਗਲ ਪਈ ਅਧੋਗਤੀ ਲਾਹੀ ਹੀ ਨਹੀਂ ਜਾ ਸਕਦੀ ਸੀ। ਧਰਮ ਤਾਂ ਹੀ ਬਚ ਸਕਦਾ ਹੈ, ਜੇਕਰ ਇਸ ਦੀ ਰਾਖੀ ਕਰ ਸਕਣ ਲਈ ਬਾਹੂ-ਬਲ ਵੀ ਕਾਇਮ ਹੋਵੇ।

ਭਾਰਤੀ ਜਨਤਾ ਉਸ ਸਮੇਂ ਸਾਹ-ਸਤ ਹੀਣ ਹੋ ਚੁੱਕੀ ਸੀ। ਦਿੱਲੀ ਦੀ ਮੁਗ਼ਲ ਸਲਤਨਤ ਨੇ ਸ਼ਾਹੀ ਫੁਰਮਾਨ ਜਾਰੀ ਕਰਕੇ ਇਥੋਂ ਦੀ ਹਿੰਦੂ ਪਰਜਾ ਨੂੰ ਹੱਦ ਦਰਜੇ ਦਾ ਕਮਜ਼ੋਰ ਕਰ ਦਿੱਤਾ ਸੀ। ਇਥੋਂ ਤਕ ਉਹ ਸਿਰ ਉੱਪਰ ਪਗੜੀ ਵੀ ਨਹੀਂ ਸਨ ਬੰਨ੍ਹ ਸਕਦੇ, ਘੋੜੇ ਉੱਪਰ ਨਹੀਂ ਸਨ ਬੈਠ ਸਕਦੇ, ਹਥਿਆਰ ਧਾਰਨ ਨਹੀਂ ਸਨ ਕਰ ਸਕਦੇ। ਇਥੋਂ ਤਕ ਕਿ ਉੱਚਾ ਮਕਾਨ (ਅਟਾਰੀ) ਵੀ ਨਹੀਂ ਸਨ ਬਣਾ ਸਕਦੇ। ਜਿਸ ਸਮਾਜ ਵਿਚ ਅਜਿਹੀ ਕਮਜ਼ੋਰੀ ਭਰ ਦਿੱਤੀ ਗਈ ਹੋਵੇ ਅਤੇ ਜਿਹੜੀ ਜਨਤਾ ਭੇਡਾਂ ਬੱਕਰੀਆਂ ਦੇ ਇੱਜੜਾਂ ਵਾਂਗ ਹਰ ਸਮੇਂ ਭੈ ਵਿਚ ਜੀਵਨ ਬਤੀਤ ਕਰ ਰਹੀ ਹੋਵੇ ਉਸ ਵਿਚ ਬੀਰਤਾ ਨਾਲ ਧਰਮ, ਦੇਸ਼, ਅਣਖ, ਆਬਰੂ ਆਦਿ ਬਚਾਉਣ ਲਈ ਅਜਿਹੀ ਸਪਿਰਟ ਭਰਨੀ ਕਿਸੇ ਮਹਾਨ ਸ਼ਖ਼ਸੀਅਤ ਦਾ ਹੀ ਕਾਰਜ ਹੋ ਸਕਦਾ ਹੈ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ ॥

(ਦਸਮ ਗ੍ਰੰਥ, ਪੰਨਾ ੫੭੦)

ਗੁਰਬਾਣੀ ਦਾ ਸਿਧਾਂਤ ਹੈ :

ਜੈਸਾ ਸੇਵੈ ਤੈਸੋ ਹੋਇ ॥ *(ਪੰਨਾ ੨੨੩)*

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਲੋਕਾਈ ਵਿਚ ਇਕ ਨਿਰਭੈ ਪ੍ਰਭੂ ਨੂੰ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਉਥੇ ਉਹਨਾਂ ਦੇ ਮਨ ਵਿਚ ਸ਼ਸਤਰਾਂ ਸੰਬੰਧੀ ਚਾਉ ਪੈਦਾ ਕੀਤਾ। 'ਸ੍ਰੀ ਸ਼ਸਤ੍ਰ ਨਾਮ ਮਾਲਾ' ਵਿਚ ਉਹਨਾਂ ਦਾ ਇਹ ਸੰਕਲਪ ਇਥੋਂ ਤੱਕ ਪ੍ਰੋੜ ਹੋ ਜਾਂਦਾ ਹੈ ਕਿ ਇਹ ਸਭ ਸ਼ਸਤਰ ਸਾਡੇ ਪੂਜਯ ਹਨ। ਇਥੋਂ ਤਕ ਉਹਨਾਂ ਦੇ ਸਤਿਕਾਰ ਨੂੰ ਮੁੱਖ ਰੱਖਿਆ ਗਿਆ ਹੈ ਕਿ ਲੋਕਾਂ ਦੇ ਮਨਾਂ ਵਿਚ ਇਸ ਸਬੰਧੀ ਜਿਹੜਾ ਡਰ ਪੈਦਾ ਕਰ ਦਿੱਤਾ ਗਿਆ ਸੀ ਉਸ ਨੂੰ ਖ਼ਤਮ ਕੀਤਾ ਜਾ ਸਕੇ ਤੇ ਹਥਿਆਰਾਂ ਨੂੰ ਧਾਰਨ ਕਰਨ ਦੀ ਰੁਚੀ ਪ੍ਰਚੰਡ ਕੀਤੀ ਜਾ ਸਕੇ। ਇਥੋਂ ਤਕ ਕਿ ਉਹਨਾਂ 'ਬਚਿਤ੍ਰ ਨਾਟਕ' ਨੂੰ ਸ਼ੁਰੂ ਕਰਨ ਸਮੇਂ 'ਖੜਗ' ਨੂੰ ਨਮਸਕਾਰ ਕੀਤੀ ਹੈ ਅਤੇ ਉਸ ਨੂੰ ਸੰਘਾਰ ਕਰਤਾ ਅਕਾਲ ਪੁਰਖ ਦਾ ਇਕ ਰੂਪ ਮੰਨਿਆ ਹੈ :

ਨਮਸਕਾਰ ਸ੍ਰੀ ਖੜਗ ਕੋ, ਕਰੋਂ ਸੁ ਹਿਤੁ ਚਿਤੁ ਲਾਇ ॥

(ਬਚਿਤ੍ਰ ਨਾਟਕ)

ਵਡਿਆਈ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇਹ ਵੱਡੇ ਦਲਾਂ ਦਾ ਨਾਸ ਕਰਨ ਵਾਲੀ ਹੈ। ਜੋਤੀ ਇਸ ਵਿਚ ਉਹ ਹੈ ਜੋ ਖ਼ੁਦ-ਬ-ਖ਼ੁਦ ਜਗੀ ਹੋਈ ਹੈ। ਸੰਤਾਂ ਨੂੰ ਸੁਖ ਦੇਣ ਵਾਲੀ, ਦੁਰਮਤਿ ਦਾ ਨਾਸ ਕਰਨ ਵਾਲੀ ਦੱਸਿਆ ਹੈ ਅਤੇ ਇਸ ਦੀ ਸਦੀਵੀ ਜੈ ਜੈ ਕਾਰ ਲਈ ਅਕਾਲ ਪੁਰਖ ਤੋਂ ਮੰਗ ਕੀਤੀ ਹੈ :

ਖਗ ਖੰਡ ਬਿਹੰਡੰ ਖਲ ਦਲ ਖੰਡੰ, ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ॥
ਸੁਖ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥੨॥

(ਬਚਿਤ੍ਰ ਨਾਟਕ)

ਇਥੋਂ ਤਕ ਕਿ ਗੁਰੂ ਜੀ ਸਰਬ ਲੋਹ (ਫੌਲਾਦੀ ਖੜਗ) ਨੂੰ ਆਪਣੀ ਰੱਖਿਆ ਲਈ ਬੇਨਤੀ ਕਰਦੇ ਹਨ :

ਅਕਾਲ ਪੁਰਖ ਕੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥ (ਅਕਾਲ ਉਸਤਤ)

ਗੁਰੂ ਜੀ ਦੀ ਮਹਾਨਤਾ ਇਸ ਪੱਖੋਂ ਹੋਰ ਵੀ ਵਧ ਜਾਂਦੀ ਹੈ ਕਿ ਉਹਨਾਂ ਆਪਣਾ ਨਿਸ਼ਾਨਾ ਉਹਨਾਂ ਲੋਕਾਂ ਰਾਹੀਂ ਪ੍ਰਾਪਤ ਕੀਤਾ ਜਿਹੜੇ ਪੀਸ ਕੇ ਮਿੱਟੀ ਵਿਚ ਮਿਲਾਏ ਜਾ ਰਹੇ ਸਨ ਅਤੇ ਹੀਣਿਆਂ ਵਾਂਗੂੰ ਰਹਿਣ, ਜੀਉਣ ਲਈ ਮਜਬੂਰ ਕਰ ਦਿੱਤੇ ਜਾਂਦੇ ਸਨ। ਗੁਰੂ ਜੀ ਨੇ ਉਹਨਾਂ ਨੂੰ ਆਪਣੇ ਪੈਰਾਂ ਉੱਤੇ ਖੜਾ ਕੀਤਾ, ਆਪਣਾ ਪਿਆਰ ਦਿੱਤਾ ਅਤੇ ਆਪਣੇ ਪੁੱਤਰ 'ਗੁਰ ਕਾ ਬੇਟਾ' ਕਹਿ ਕੇ ਮਾਣ ਦਿੱਤਾ। ਉਨ੍ਹਾਂ ਨੂੰ ਜੋ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਸਦੀਆਂ ਤੋਂ ਬੱਝੇ ਚਲੇ ਆ ਰਹੇ ਸਨ, ਨੂੰ ਸਰਦਾਰੀਆਂ ਪ੍ਰਦਾਨ ਕੀਤੀਆਂ ਤੇ ਸਰਦਾਰ ਬਣਾਏ।

ਗੁਰੂ ਜੀ ਨੇ ਜਿਸ ਮਹਾਨ ਕਾਰਜ ਨੂੰ ਅਰੰਭਿਆ ਉਹ ਅਤਿ ਉੱਤਮ ਤੇ ਲੋੜੀਂਦਾ ਸੀ। ਪੂਰਨ

www.sikhbookclub.com

ਵਿਸ਼ਵਾਸ ਅਤੇ ਦ੍ਰਿੜ੍ਹਤਾ ਨਾਲ ਉਹਨਾਂ ਉਸ ਕੰਮ ਨੂੰ ਸਿਰੇ ਵੀ ਚੜ੍ਹਾਇਆ। ਦੇਸ਼ ਵਿਚੋਂ ਜ਼ੁਲਮ ਦਾ ਨਾਸ ਕਰਨ ਲਈ ਜਿਹੜੀਆਂ ਵਿਉਂਤਾਂ ਵਿਧੀਆਂ ਗੁਰੂ ਜੀ ਨੇ ਬਣਾਈਆਂ ਉਹ ਉਹਨਾਂ ਦੀ ਅਲੌਕਿਕ ਸਮਝ ਤੇ ਪੂਰਨ ਸ਼ਖ਼ਸੀਅਤ ਨੂੰ ਪੇਸ਼ ਕਰਦੀਆਂ ਹਨ। ਰਸਾਤਲ ਵਿਚ ਗਰਕ ਹੋ ਰਹੇ ਲੋਕਾਂ ਵਿਚ ਸਾਹਸ ਭਰਨਾ, ਚੜ੍ਹਦੀ ਕਲਾ ਬਖਸ਼ਣੀ ਤੇ ਮੌਤ ਤੋਂ ਹਰ ਸਮੇਂ ਡਰਦੇ ਰਹਿਣ ਵਾਲੇ ਨਿਤਾਣੇ ਲੋਕਾਂ ਵਿਚ ਅਜਿਹੀ ਮਜ਼ਬੂਤੀ ਅਤੇ ਚਾਉ ਭਰਿਆ ਕਿ ਉਹਨਾਂ :

ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ ॥

(ਦਸਮ ਗ੍ਰੰਥ, ਪੰਨਾ ੯੯)

ਦੇ ਨਿਸ਼ਾਨੇ ਨੂੰ ਅਪਣਾ ਲਿਆ। ਇਤਿਹਾਸ ਵਿਚ ਅਸੀਂ ਵੇਖਦੇ ਹਾਂ ਕਿਸੇ ਨੇ ਵੀ ਗੁਰੂ ਸਾਹਿਬਾਨ ਤੋਂ ਪਹਿਲਾਂ ਇਸ 'ਲੋਕ-ਸ਼ਕਤੀ' ਨੂੰ ਨਹੀਂ ਵਰਤਿਆ। ਜਿਸ ਨੂੰ ਅਤਿ ਘਟੀਆ ਤੇ ਕੇਵਲ ਦੂਸਰਿਆਂ ਦੀ ਰਹਿੰਦ-ਖੂੰਹਦ ਹੀ ਕਿਹਾ ਜਾਂਦਾ ਸੀ, ਉਸ ਵਿਚ ਗੁਰਦੇਵ ਨੇ ਅਜਿਹੀ ਸ਼ਕਤੀ ਭਰ ਦਿੱਤੀ ਕਿ ਉਹੀ ਦੱਬੇ ਕੁਚਲੇ ਲੋਕ ਯੋਧੇ ਬਣ ਬੈਠੇ ਅਤੇ ਅਜਿਹੀ ਦ੍ਰਿੜ੍ਹਤਾ ਦੇ ਧਾਰਨੀ ਬਣੇ ਕਿ ਉਹਨਾਂ ਕਦੀ ਵੀ ਆਪਣੇ ਮਿਸ਼ਨ ਦੀ ਪੂਰਤੀ ਵਿਚ ਢਿੱਲ ਨਾ ਵਿਖਾਈ। ਲਾਲਾ ਦੌਲਤ ਰਾਇ ਗੁਰੂ ਜੀ ਦੇ ਇਸ ਮਹਾਨ ਕਦਮ ਬਾਰੇ ਆਪਣੀ ਰਾਇ ਇਉਂ ਲਿਖਦਾ ਹੈ : "ਜਿਨ੍ਹਾਂ ਸ਼ੂਦਰਾਂ ਦੀ ਬਾਤ ਕੋਈ ਨਹੀਂ ਸੀ ਪੁੱਛਦਾ, ਜਿਨ੍ਹਾਂ ਨੂੰ ਦੁਰਕਾਰਿਆ ਤੇ ਫਿਟਕਾਰਿਆ ਜਾਂਦਾ ਸੀ, ਜੋ ਜਿਲੱਤ ਅਤੇ ਘੋਰ ਗ਼ੁਲਾਮੀ ਦਾ ਜੀਵਨ ਬਤੀਤ ਕਰ ਰਹੇ ਸਨ ਉਹਨਾਂ ਨੂੰ ਸੰਸਾਰ ਦੇ ਯੋਧਿਆਂ ਦੇ ਟਾਕਰੇ ਉੱਤੇ ਖੜਾ ਕਰਨਾ, ਨਿਰੋਲ ਤੇ ਇਕ ਮਾਤਰ ਗੁਰੂ ਗੋਬਿੰਦ ਸਿੰਘ ਜਿਹੀ ਸ਼ਖ਼ਸੀਅਤ ਦਾ ਹੀ ਚਮਤਕਾਰ ਸੀ। ਜੋ ਰਾਮ ਚੰਦਰ ਜੀ ਨਾ ਕਰ ਸਕੇ, ਜਿਸ ਪਾਸੇ ਸੋਚਣ ਲਈ ਕ੍ਰਿਸ਼ਨ ਜੀ ਨੂੰ ਖ਼ਿਆਲ ਤੱਕ ਨਾ ਆਇਆ। ਜਿਹੜਾ ਸ਼ੰਕਰ ਦੀ ਨਜ਼ਰ ਵਿਚ ਨੀਵਾਂ ਸੀ। ਜਿਹੜਾ ਕੰਮ ਸੂਰਜ ਤੇ ਚੰਦਰ ਬੰਸੀ ਰਾਜਿਆਂ ਦੇ ਬਹਾਦਰਾਂ ਨੂੰ ਨਾ ਸੁਝਿਆ, ਉਸ ਨੂੰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਮਰ ਕੱਸ ਲਈ ਅਤੇ ਪੂਰਾ ਕਰ ਵਿਖਾਇਆ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਕਵੀਆਂ ਵਿਚ ਸਿਰਮੌਰ ਸਥਾਨ ਹੈ। ਹੈਰਾਨੀ ਹੁੰਦੀ ਹੈ ਕਿ ਉਹਨਾਂ ਇਹੋ ਜਿਹੇ ਸੰਘਰਸ਼ਮਈ ਜੀਵਨ ਵਿਚ ਇਤਨੀ ਢੇਰ ਸਾਰੀ ਰਚਨਾ ਤੇ ਉਹ ਵੀ ਇਤਨੀ ਮਹਾਨ ਕਿ ਉਹਨਾਂ ਨੂੰ ਪੜ੍ਹ ਕੇ ਸਿਰ ਆਪ ਮੁਹਾਰੇ ਹੀ ਝੁਕ ਜਾਂਦਾ ਹੈ, ਕਿਵੇਂ ਕੀਤੀ ਹੋਵੇਗੀ ? ਜਾਪਦਾ ਇਉਂ ਹੈ ਕਿ ਗੁਰੂ ਜੀ ਹਰ ਪਲ ਜਿਹੋ ਜਿਹੇ ਸੰਘਰਸ਼ ਵਿਚੋਂ ਲੰਘਦੇ ਹਨ ਉਤਨੀ ਹੀ ਮਹਾਨ ਰਚਨਾ ਸੰਸਾਰ ਨੂੰ ਸੇਧ ਦੇਣ ਲਈ ਰਚੀ ਜਾ ਰਹੇ ਹਨ। ਸ਼ਾਇਦ ਉਹਨਾਂ ਦੇ ਜੀਵਨ ਦਾ ਹਰ ਪਲ ਸਾਹਿਤ ਸਿਰਜਣਾ ਵਿਚ ਹੀ ਬਤੀਤ ਹੁੰਦਾ ਹੋਵੇ। ਅਤਿ ਦੇ ਭਿਆਨਕ ਸਮੇਂ ਵੀ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਕਾਵਿ ਦੀ ਸਿਰਜਣਾ ਕਰਦੇ ਰਹੇ ਹੋਣ। ਨਹੀਂ ਤਾਂ ਇਤਨੀ ਥੋੜੀ ਉਮਰ ਵਿਚ ਇਤਨੀ ਗੰਭੀਰ ਤੇ ਬੇਅੰਤ ਰਚਨਾ ਕਿਸੇ ਤਰ੍ਹਾਂ ਸਿਰਜਣੀ ਸੰਭਵ ਨਹੀਂ ਸੀ। 'ਅਕਾਲ ਉਸਤਤ', 'ਜਾਪੁ ਸਾਹਿਬ', 'ਬਚਿਤ੍ਰ ਨਾਟਕ', 'ਚੰਡੀ ਦੀ ਵਾਰ' ਆਦਿ ਉਹਨਾਂ ਦੀਆਂ ਲਾਸਾਨੀ ਰਚਨਾਵਾਂ ਹਨ ਜਿਨ੍ਹਾਂ ਵਿਚੋਂ ਉਹਨਾਂ ਦੀ ਸ਼ਖ਼ਸੀਅਤ ਆਪ ਮੁਹਾਰੇ ਹੀ ਪ੍ਰਤੱਖ, ਸਾਕਾਰ ਹੁੰਦੀ ਵਿਖਾਈ ਦਿੰਦੀ ਹੈ। 'ਸ੍ਰੀ ਸ਼ਸਤ੍ਰ ਨਾਮ ਮਾਲਾ' ਵਿਚ ਸ਼ਸਤਰਾਂ ਦੇ ਨਾਉਂ ਇਕ ਅਜਿਹੀ ਤਰਤੀਬ ਨਾਲ ਪੇਸ਼ ਕੀਤੇ ਹਨ ਕਿ ਪਾਠਕ ਬੀਰ ਰਸ ਵਿਚ ਕੀਲਿਆ ਹੀ ਜਾਂਦਾ ਹੈ। 'ਵਾਰ ਸ੍ਰੀ ਭਗਉਤੀ ਜੀ ਕੀ' ਕਾਵਿ-ਕਲਾ ਦੇ ਪੱਖੋਂ ਲਾਸਾਨੀ ਵਾਰ ਹੈ। ਇਸ ਵਿਚ ਸ਼ਬਦਾਂ ਦੀ ਚੋਣ ਅਤੇ ਵਰਤੋਂ ਇਸ ਕਮਾਲ ਦੀ ਹੈ ਕਿ ਪਾਠਕ

www.sikhbookclub.com

ਵਿਚ ਜੋਸ਼ ਉੱਠ ਖਲੋਂਦਾ ਹੈ। 'ਚੰਡੀ ਚਰਿਤ੍ਰ' ਆਪਣੇ ਆਪ ਵਿਚ ਇਕ ਅਨੂਠੀ ਰਚਨਾ ਹੈ। ਕਬਿੱਤ, ਸਵੱਈਏ ਸੰਕੋਚਵੀਂ ਸ਼ੈਲੀ ਵਿਚ ਅਥਾਹ ਗਿਆਨ ਨੂੰ ਆਪਣੇ ਵਿਚ ਸਮੋਈ ਬੈਠੇ ਹਨ। ਉਹ ਆਪਣੀ ਮਿਸਾਲ ਆਪ ਹਨ। 'ਜ਼ਫ਼ਰਨਾਮਾ' ਉਹਨਾਂ ਦੀ ਅਮਰ ਫ਼ਾਰਸੀ ਰਚਨਾ ਹੈ। ਉਹਨਾਂ ਔਰੰਗਜ਼ੇਬ ਨੂੰ ਜਿੰਨੀਆਂ ਸਿਧੀਆਂ, ਖਰੀਆਂ-ਖਰੀਆਂ ਸੁਣਾਈਆਂ ਹਨ ਉਸ ਦੇ ਫ਼ਰੇਬ ਨੂੰ ਜਿਸ ਦਲੇਰੀ ਨਾਲ ਨੰਗਾ ਕੀਤਾ ਹੈ; ਆਪਣੇ ਮਿਸ਼ਨ ਨੂੰ ਜਾਇਜ਼ ਤੇ ਠੀਕ ਦੱਸਣ ਲਈ ਉਹਨਾਂ ਜਿਹੜੀਆਂ ਸਪੱਸ਼ਟ ਦਲੀਲਾਂ ਤਸ਼ਬੀਹਾਂ ਦੀ ਵਰਤੋਂ ਕੀਤੀ ਹੈ, ਅਜਿਹਾ ਕਾਰਜ ਕੋਈ ਮਹਾਨ ਸ਼ਖ਼ਸੀਅਤ ਹੀ ਕਰਨ ਦੇ ਸਮਰੱਥ ਹੋ ਸਕਦੀ ਹੈ।

ਉਹਨਾਂ ਦੀ ਬਾਣੀ ਵਿਚ ਮਾਨਵਤਾ ਨੂੰ ਸਮਾਨਤਾ ਪ੍ਰਦਾਨ ਕਰਨ ਵਾਲੀ ਹੂਕ ਹੈ। ਉਹਨਾਂ ਲੋਕਾਂ ਦੇ ਵਿਸ਼ਵਾਸਾਂ ਨੂੰ ਪੱਕਿਆਂ ਕਰਨ ਲਈ ਸਪੱਸ਼ਟ ਕੀਤਾ ਕਿ ਅਖਾਉਤੀ ਰਹਿਨੁਮਾਵਾਂ ਪਿੱਛੇ ਲੱਗਣ ਦਾ ਕੋਈ ਲਾਭ ਨਹੀਂ ਹੈ। ਇਹ ਲੋਕ ਆਪਣੇ ਹਿੱਤਾਂ ਲਈ ਮਾਨਵਤਾ ਵਿਚ ਵੰਡੀਆਂ ਪਾਉਂਦੇ ਹਨ। ਸ਼ਰ੍ਹਾ ਦੀਆਂ ਬੰਦਸ਼ਾਂ, ਕਰਮ-ਕਾਂਡ, ਜੰਗਲਾਂ ਦਾ ਜੀਵਨ, ਤਿਆਗ, ਜੋਗ ਆਦਿ ਸਭ ਨੂੰ ਪ੍ਰਭੂ ਮਿਲਾਪ ਵਿਚ ਬੰਧਨ ਦੱਸਿਆ ਹੈ। ਕੇਵਲ 'ਪ੍ਰੇਮ' ਦੀ ਬੋਲੀ ਵਰਤਣ, ਪਛਾਣਨ ਉੱਪਰ ਬਲ ਦਿੱਤਾ ਹੈ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਦੀ ਧੁਨੀ ਬੁਲੰਦ ਕੀਤੀ। ਉਹਨਾਂ ਵੱਖ-ਵੱਖ ਭੇਖਾਂ ਅਤੇ ਵਿਧੀ ਵਿਧਾਨਾਂ ਪਿੱਛੇ ਇਕ 'ਤੱਤ' ਜੋ :

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਦਾ ਉਪਦੇਸ਼ ਦਿੰਦਾ, ਦੀ ਸਾਰਥਿਕਤਾ ਸਮਝਾਈ। ਬੇ-ਲੋੜੀਆਂ ਅਤੇ ਘਸ ਚੁੱਕੀਆਂ ਪਰੰਪਰਾਵਾਂ ਨੂੰ ਛੱਡ ਕੇ ਮਾਨਵਤਾ ਲਈ ਇਕ ਸਾਂਝਾ-ਮਿਸ਼ਨ ਸੁਝਾਇਆ ਜੋ ਸਭ ਦਾ ਭਲਾ ਕਰ ਸਕਦਾ ਸੀ। ਸਮਾਜ ਵਿਚ ਸਥਿਰਤਾ ਲਿਆ ਸਕਦਾ ਸੀ। ਉਹਨਾਂ ਦਾ ਮਿਸ਼ਨ ਹੀ ਇਹ ਸੀ ਵੰਡੀਆਂ ਖ਼ਤਮ ਕੀਤੀਆਂ ਜਾਣ। ਹਰ ਮਨੁੱਖ ਆਪਣੇ ਸਵੈਮਾਨ ਨੂੰ ਕਾਇਮ ਰੱਖੇ। ਜਿਥੇ ਸਵੈਮਾਨ ਨਹੀਂ, ਗ਼ੁਲਾਮੀ ਹੈ ਉਥੇ ਮਨੁੱਖੀ ਸੋਚ ਵਧ ਫੁਲ ਨਹੀਂ ਸਕਦੀ। ਜਿਥੇ ਮਨੁੱਖੀ ਸੋਚ ਗ਼ੁਲਾਮ ਹੋਈ ਉਥੇ ਗ਼ੈਰਤ ਮਰ ਜਾਂਦੀ ਹੈ, ਅਣਖ ਸੌਂ ਜਾਂਦੀ ਹੈ ਉਥੇ ਜਨ-ਜੀਵਨ ਵਿਚ ਸੜਾਂਦ ਪੈਦਾ ਹੋ ਜਾਂਦੀ ਹੈ ਤੇ ਮਨੁੱਖਤਾ ਹੀਣਤਾ ਵਾਲਾ ਜੀਵਨ ਬਤੀਤ ਕਰਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਸਭ ਤੋਂ ਰੋਸ਼ਨ ਪਹਿਲੂ ਇਹੋ ਹੀ ਹੈ ਕਿ ਉਹਨਾਂ 'ਚੜ੍ਹਦੀ ਕਲਾ' ਦਾ ਹੋਕਾ ਦਿੱਤਾ। ਉਹ ਵੀ ਇਤਨੀ ਪਕਿਆਈ ਨਾਲ ਕਿ ਸੁਣਨ ਵਾਲੀ ਹਰ ਰੂਹ ਨੂੰ ਉਸ ਨੇ ਝੰਜੋੜ ਸੁੱਟਿਆ। ਮੁਰਦਿਆਂ ਵਾਲਾ ਜੀਵਨ ਜੀਉਣ ਵਾਲਿਆਂ ਵਿਚ ਗ਼ੈਰਤ, ਅਣਖ, ਸਵੈਮਾਨ ਪੈਦਾ ਕੀਤਾ। ਆਪਣੇ ਹੱਕ ਪ੍ਰਾਪਤ ਕਰਨ ਲਈ ਚੇਤਨਾ ਪ੍ਰਦਾਨ ਕੀਤੀ। ਉਹਨਾਂ ਦੇ ਇਸ ਮਿਸ਼ਨ ਦੇ ਸਿੱਟੇ ਸਾਡੇ ਸਾਹਮਣੇ ਹਨ, ਜਦੋਂ ਗੁਰੂ ਸਾਹਿਬ ਵਲੋਂ ਮਿਲੀਆਂ ਸਰਦਾਰੀਆਂ ਤੋਂ ਦੁਖੀ ਹੋ ਮੁਸਲਮਾਨ ਕਵੀ ਮੁਗ਼ਲਾਂ ਉੱਪਰ ਕਟਾਖਸ਼ ਕਰਦਾ ਹੈ :

ਭੂਰਿਆਂ ਵਾਲੇ ਰਾਜੇ ਕੀਤੇ। ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।

ਜਿਥੇ ਗੁਰੂ ਜੀ ਇਕ ਦੈਵੀ ਗੁਰੂ ਸਨ ਉਥੇ ਉਹ ਭਗਤੀ ਤੇ ਸ਼ਕਤੀ ਦੇ ਸੁਮੇਲ ਸੰਤ-ਸਿਪਾਹੀ ਵੀ ਸਨ। ਦਰਬਾਰ ਵਿਚ ਸੱਜਿਆ ਉਹ ਮਹਾਨ ਤਪੱਸਵੀ ਤੇ ਰਣ ਮੈਦਾਨ ਵਿਚ ਇਕ ਸਿਪਾਹੀ ਦੀ

www.sikhbookclub.com

ਤਰ੍ਹਾਂ ਜੂਝਦੇ ਸਨ। ਉਹ ਮਹਾਨ ਵਿਦਵਾਨ, ਦੈਵੀ ਕਵੀ ਅਤੇ ਰੂਹਾਨੀ ਆਗੂ ਵੀ ਸਨ। ਉਹਨਾਂ ਦੀ ਕਲਮ ਦੀ ਨੋਕ ਉੱਪਰ ਸ਼ਬਦਾਂ ਦਾ ਹੜ੍ਹ ਹੋਇਆ ਕਰਦਾ ਸੀ, ਭਾਸ਼ਾ ਦੇ ਸ਼ਬਦਾਂ ਦਾ ਵਹਿਣ ਉਹਨਾਂ ਦੀ ਸ਼ਖ਼ਸੀਅਤ ਸਾਹਮਣੇ ਵਹਿੰਦਾ ਹੋਇਆ ਪ੍ਰਤੀਤ ਹੁੰਦਾ ਹੈ। ਉਹਨਾਂ ਦੀ ਸ਼ਖ਼ਸੀਅਤ ਬਹੁਤ ਮਹਾਨ ਤੇ ਬਹੁਭਾਂਤੀ ਹੈ। ਕੋਈ ਵੀ ਭਾਰਤ ਦਾ ਅਜਿਹਾ ਖਿੱਤਾ ਨਹੀਂ ਜਿਥੇ ਉਹਨਾਂ ਦੀ ਦੈਵੀ ਸ਼ਖ਼ਸੀਅਤ ਦਾ ਪ੍ਰਭਾਵ ਨਾ ਪਿਆ ਹੋਵੇ। ਸੱਚ ਤਾਂ ਇਹ ਹੈ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੀ ਮਹਾਨ ਸ਼ਖ਼ਸੀਅਤ ਹਿੰਦੁਸਤਾਨ ਵਿਚ ਪੈਦਾ ਨਾ ਹੁੰਦੀ ਤਾਂ ਇਥੋਂ ਕਦੀ ਵੀ ਜ਼ੁਲਮ ਦਾ ਰਾਜ ਖ਼ਤਮ ਨਾ ਹੁੰਦਾ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਹੀ ਹੈ, ਜਿਸ ਨੇ ਸਾਡੇ ਸਿਰੋਂ ਗ਼ੁਲਾਮੀ ਲਾਹੀ ਤੇ ਲੋਕਾਂ ਵਿਚ ਨਵਾਂ ਸਾਹਸ ਭਰਿਆ। ਅਸੀਂ ਆਪਣੇ ਇਸ ਤੱਥ ਦੀ ਪ੍ਰੋੜ੍ਹਤਾ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਕਰਦੇ ਹਾਂ :

ਛਾਇ ਜਾਤੀ ਏਕਤਾ, ਅਨੇਕਤਾ ਵਿਲਾਇ ਜਾਤੀ,
ਹੋਵਤੀ ਕੁਚੀਲਤਾ, ਕਿਤਾਬਨ ਕੁਰਾਨ ਕੀ।
ਪਾਪ ਪਰਪੱਕ ਜਾਤੇ, ਧਰਮ ਧਸੱਕ ਜਾਤੇ,
ਬਰਨ ਗਰੱਕ ਜਾਤੇ, ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ, ਸੰਤੋਖ ਸਿੰਘ ਦੂਰਿ ਹੋਤੇ,
ਗੀਤਿ ਮਿਟਿ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ, ਪਾਵਨ ਪਰਮ ਸੂਰ,
ਮੂਰਤ ਨ ਹੋਤੀ ਜੋ ਪੈ ਕਰੁਣਾ ਨਿਧਾਨ ਕੀ।

(1/1986)

www.sikhbookclub.com

ਅਨੋਖੀ ਸ਼ਖ਼ਸੀਅਤ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦ ਵਾਸੀਆਂ ਦੀ ਮੁਰਦਾ ਹੋ ਚੁੱਕੀ ਜ਼ਮੀਰ ਨੂੰ ਹਲੂਣਾ ਦੇ ਕੇ ਜਗਾਇਆ ਜੋ ਉਸ ਵਕਤ ਤਕ ਗ਼ੁਲਾਮ ਬਣ ਕੇ, ਸਿਰ ਨੀਵਾਂ ਕਰਕੇ ਨਿੰਮੋਝੂਣੇ ਹੋ ਕੇ ਜੀਵਨ-ਜਿਉਣ ਦੇ ਆਦੀ ਹੋ ਚੁਕੇ ਸਨ। ਉਨ੍ਹਾਂ ਨੇ ਉਨ੍ਹਾਂ ਦੇ ਅੰਦਰ ਇਹ ਸ੍ਵੈਮਾਣ ਜਗਾਇਆ ਕਿ ਉਨ੍ਹਾਂ ਨੂੰ ਆਪਣੀ ਹੀ ਧਰਤੀ ਉੱਤੇ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਅਤੇ ਧਾਰਮਿਕ ਆਜ਼ਾਦੀ ਨਾਲ ਜਿਊਣ ਦਾ ਪੂਰਾ-ਪੂਰਾ ਹੱਕ ਹੈ। ਦੱਸਿਆ ਕਿ ਇਸ ਤਰ੍ਹਾਂ ਦਾ ਜੀਵਨ-ਜਿਊਣ ਲਈ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਉਸ ਉਚੇ ਕਿਰਦਾਰ ਉਸ ਉਚੀ-ਸੁੱਚੀ ਨਿਰਮਲ ਪਵਿੱਤਰ ਸੋਚਣੀ ਨੂੰ ਅਪਣਾਉਣਾ ਪਏਗਾ, ਜਿਸ ਸਚੁ ਆਚਾਰ ਦੀ ਜੁਗਤਿ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ੀ ਹੈ। ਇਸ ਸਚੁ ਦੀ ਰਾਖੀ ਲਈ ਆਪਣੇ ਅੰਦਰ ਦੀ ਤਾਕਤ ਆਪਣੇ ਆਤਮ ਬਲ ਨੂੰ ਵੰਗਾਰਨਾ ਪਏਗਾ। ਮਾਨਸਿਕ ਤਾਕਤਾਂ ਦੇ ਨਾਲ-ਨਾਲ ਸਰੀਰਕ ਬਲ ਨੂੰ ਚੁਣੌਤੀ ਬਣਾਉਣਾ ਪਏਗਾ ਕਿਉਂਕਿ 'ਕੋਊ ਕਿਸੀ ਕੋ ਰਾਜ ਨ ਦੇਹੈਂ ਜੋ ਲੈ ਹੈਂ ਸੋ ਨਿਜ ਬਲ ਸਿਉ ਲੈ ਹੈ'। ਇਸ ਬਲ ਦੀ ਅਜ਼ਮਾਇਸ਼ ਰਣਭੂਮੀ ਵਿਚ ਨਿੱਤਰ ਕੇ ਹੀ ਹੋਵੇਗੀ। ਹੱਥ ਵਿਚ ਸ਼ਸਤਰ ਪਕੜ ਕੇ ਮੈਦਾਨ-ਏ-ਜੰਗ ਵਿਚ ਵੀ ਉਤਰਨਾ ਹੋਏਗਾ। ਆਪਣੇ ਭੁਜ ਬਲ ਦੀ ਅਜ਼ਮਾਇਸ਼ ਕਰਨੀ ਹੋਏਗੀ ਤੇ ਇਸ ਤਰ੍ਹਾਂ ਗੁਰੂ ਦਸਮੇਸ਼ ਜੀ ਨੇ ਨਿਰਮਲ ਪੰਥ ਨੂੰ ਯੁੱਧ ਕਲਾ ਨਾਲ ਜੋੜਦੇ "ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ" ਦਾ ਦਰਸ਼ਨ ਦਿੱਤਾ।

ਗੁਰੂ ਦਸਮੇਸ਼ ਜੀ ਨੇ ਆਪਣਾ ਜੀਵਨ ਉਦੇਸ਼ ਹੀ ਦੱਸਿਆ ਸੀ "ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ" ਦੁਸ਼ਟਾਂ ਨੂੰ ਪਛਾੜਨਾ ਹੈ, ਜ਼ੁਲਮ ਦੀ ਜੜ੍ਹ ਪੁੱਟਣੀ ਹੈ ਤਾਂ ਜੋ 'ਸਾਧ ਸਮੂਹ ਪ੍ਰਸੰਨ ਫਿਰੈਂ'। ਸਾਧ-ਸੰਤ ਮਹਾਂਪੁਰਸ਼, ਭਲੇ ਪੁਰਸ਼, ਜੋ ਸਚੁ ਅਚਾਰ ਦੇ ਪ੍ਰਤੀਕ ਹਨ, ਸੱਚ ਦੇ ਧਾਰਣੀ ਹਨ, ਸਮਾਜ ਵਿਚ ਨਿਰਭੈ ਹੋ ਕੇ ਵਿਚਰਨ, ਪ੍ਰਫੁੱਲਤ ਹੋਣ, ਖਿੜਨ, ਵਧਣ-ਫੁਲਣ, ਤਾਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਖਸ਼ਿਆ ਨਿਰਮਲ ਪੰਥ ਖਾਲਸ ਧਰਮ, ਚੜ੍ਹਦੀਆਂ ਕਲਾਂ ਵਿਚ ਵਿਚਰੇ। ਇਹ ਸੋਚਣੀ, ਜੀਵਨ ਦਾ ਸਹਿਜ ਤੇ ਅਭਿੰਨ ਅੰਗ ਬਣੇ ਤਾਂ ਜੋ ਇਕ ਸਿਹਤਮੰਦ ਉਸਾਰੂ ਅਗਾਂਹਵਧੂ, ਤੇਰ-ਮੇਰ ਦੇ ਵੂੰਦਾਂ ਤੋਂ ਮੁਕਤ, ਜਾਤ-ਪਾਤ, ਊਚ-ਨੀਚ ਦੇ ਸੰਕੀਰਣ ਦਾਇਰੇ ਤੋਂ ਮੁਕਤ, ਕਰਮਕਾਂਡ ਅਤੇ ਪਾਖੰਡਾਂ ਦੀ ਜੂਹ ਤੋਂ ਨਿਵੇਕਲਾ, ਖੁੱਲ੍ਹੇ—ਡੁੱਲ੍ਹੇ ਸੁਖਾਵੇਂ ਵਾਤਾਵਰਣ ਦਾ ਸਿਰਜਕ ਆਦਰਸ਼ ਸਮਾਜ ਹੋਂਦ ਵਿਚ ਆਏ।

ਇਸੇ ਉਦੇਸ਼ ਦੇ ਤਹਿਤ, ਗੁਰੂ ਸਾਹਿਬ ਜੀ ਨੇ ਦਸਾਂ ਜਾਮਿਆਂ ਤਕ ਸੰਚਤ ਤੇਜ਼-ਪ੍ਰਤਾਪ ਨੂੰ ਪੰਜ ਪਿਆਰਿਆਂ ਵਿਚ ਰਚਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਕ ਨਵਾਂ-ਨਰੋਆ ਵਿਲੱਖਣ ਨਿਆਰਾ ਸੰਕਲਪ ਬਖ਼ਸ਼ਿਆ।

www.sikhbookclub.com

ਤਹ ਸਹਜੇ ਰਚਿਓ ਖਾਲਸਾ ਧਰ ਤੇਜ ਕਰਾਰਾ।

ਇਸ ਤੇਜ-ਪ੍ਰਤਾਪ ਦੀ ਬਖ਼ਸ਼ਿਸ਼ ਕਿਸੇ ਵੀ ਲੋੜਵੰਦ ਪ੍ਰਾਣੀ ’ਤੇ ਹੋ ਸਕਦੀ ਹੈ। ਹਿੰਦੂ, ਮੁਸਲਮਾਨ, ਖੱਤਰੀ, ਬ੍ਰਾਹਮਣ, ਸ਼ੂਦਰ, ਵੈਸ਼ ਜੋ ਵੀ ਧਰਮ ਯੁੱਧ ਵਿਚ ਪ੍ਰਵੇਸ਼ ਕਰਨਾ ਚਾਹੁੰਦਾ ਹੈ ਇਸ ਜਮਾਤ ਵਿਚ ਦਾਖਲ ਹੋ ਸਕਦਾ ਹੈ। ਕਿਸੇ ਵੀ ਕੌਮ ਦਾ ਕਿਸੇ ਵੀ ਦੇਸ਼, ਵਰਗ, ਸੰਪ੍ਰਦਾਇ, ਰੰਗ-ਨਸਲ, ਜਾਤ, ਕੁਨਬੇ, ਗਿਰੋਹ ਦਾ ਕੋਈ ਵੀ ਪ੍ਰਾਣੀ ਇਸ ਤੇਜ-ਪ੍ਰਤਾਪ ਦੀ ਬਖਸ਼ਿਸ਼ ਦਾ ਪਾਤਰ ਬਣ ਸਕਦਾ ਹੈ, ਧਰਮ ਯੁੱਧ ਵਿਚ ਜੂਝ ਸਕਦਾ ਹੈ ਕਿਉਂਕਿ ਦਸਮੇਸ਼ ਜੀ ਤਾਂ ਜਿਸ ਤਰ੍ਹਾਂ ਕਿ ਆਰੀਆ ਸਮਾਜੀ ਲੇਖਕ ਦੌਲਤ ਰਾਇ ਆਪਣੀ ਪੁਸਤਕ ‘ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ’ ਦੇ ਪੰਨਾ ਨੰ: 98 ’ਤੇ ਲਿਖਦਾ ਹੈ : “ਗੁਰੂ ਗੋਬਿੰਦ ਸਿੰਘ ਇਨਸਾਨੋਂ ਕੋ ਸੱਚਾਈ ਤੇ ਪਵਿੱਤਰਤਾ ਮੁਹੱਬਤ ਔਰ ਅਦਬ ਸਿਖਾਨੇ, ਔਰ ਏਕ ਸੱਚਾ ਮਜ਼ਹਬ ਜ਼ਿੰਦਾ ਕਰਨੇ ਔਰ ਇਸਕਾ ਪ੍ਰਚਾਰ ਕਰਨੇ ਕੇ ਲੀਏ ਆਇਆ ਥਾ।”

ਉਹ ਤਾਂ ਇਥੋਂ ਤਕ ਆਖਦਾ ਹੈ : “ਗੁਰੂ ਗੋਬਿੰਦ ਸਿੰਘ ਮਜ਼ਹਬਿ ਇਸਲਾਮ ਕਾ ਨਾ ਦੁਸ਼ਮਣ ਥਾ ਨਾ ਇਸਕੇ ਬਰ ਖਿਲਾਫ਼ ਦੁਸ਼ਮਣੀ ਮੇਂ ਉਸਕੋ ਕੁਛ ਫਾਇਦਾ ਕੀ ਉਮੀਦ ਥੀ। ਵੋਹ ਉਨ ਮੁਸਲਮਾਨੋਂ ਕਾ ਦੁਸ਼ਮਣ ਥਾਂ ਜੋ ਮਜ਼ਹਬ ਕੇ ਲਿਬਾਸ ਮੇਂ ਜ਼ੁਲਮ ਔਰ ਜ਼ੋਰ-ਓ-ਸਿਤਮ ਕੇ ਆਦੀ ਥੇ, ਜੋ ਖ਼ੁਦ ਇਸਲਾਮ ਕੇ ਨੰਗ ਥੇ। ਵੋਹ ਉਨ ਵਹਸ਼ੀਓਂ ਔਰ ਜ਼ਾਲਮੋਂ ਔਰ ਸਫਾਕੋਂ ਕਾ ਦੁਸ਼ਮਣ ਥਾ, ਜੋ ਇਸਲਾਮ ਕੀ ਤਾਲੀਮ ਕੇ ਸਾਏ ਮੇਂ ਹਰ ਕਿਸਮ ਕੀ ਖੁਨਰੇਜੀ ਔਰ ਹਰ ਮਜ਼ਹਬ ਕੀ ਤੌਹੀਨ ਹਰ ਇਨਸਾਨ ਕੀ ਹਲਾਕਤ ਕੋ ਕਾਰਿ ਸਵਾਬ ਸਮਝਤੇ ਥੇ।” *(ਪੰਨਾ 72)*

ਉਸ ਦੇ ਕਥਨ ਮੁਤਾਬਕ, ਸਾਹਿਬੇ-ਆਲਮ ਵਰਗਾ ਦੀਨ ਮਜ਼ਹਬ ਦਾ ਸੁਧਾਰਕ ਕੋਈ ਦੂਜਾ ਅੱਜ ਤਕ ਧਰਮਾਂ ਦੇ ਇਤਿਹਾਸ ਵਿਚ ਹੋਇਆ ਹੀ ਨਹੀਂ। ਜੇਕਰ ਪੱਖਪਾਤ ਦੀ ਪੱਟੀ ਅੱਖਾਂ ਤੋਂ ਲਾਹ ਕੇ ਵੇਖੀਏ ਤਾਂ “ਅਗਰ ਚਸ਼ਮਿ ਬੀਨਾ ਤਅੱਸਬ ਸੇ ਕੋਰ ਨ ਹੋ ਔਰ ਦੀਦਹਏ ਬਸਰ ਤਰਫਦਾਰੀ ਸੇ ਨਾਬੀਨਾ ਨ ਹੋ ਤੋ ਗੁਰੂ ਗੋਬਿੰਦ ਸਿੰਘ ਤਮਾਮ ਹਾਦੀਆਨਿ ਦੀਨ ਔਰ ਮੂਜ਼ਦਾਨ ਮਜ਼ਹਬ ਕਾ ਸਰਤਾਜ ਮਾਲੂਮ ਹੋਤਾ ਹੈ। ਉਸਕਾ ਰੁਤਬਾ ਮੈਦਾਨਿ ਹਦਾਇਤ ਮੇਂ ਹਰ ਜ਼ਮਾਨੇ ਕੇ ਹਾਦੀਆਨਿ ਦੀਨ ਸੇ ਬੁਲੰਦ ਔਰ ਬਾਲਤਰ ਹੈ।” (ਪੰਨਾ 99) ਅੱਗੋਂ ਲਿਖਦਾ ਹੈ, “ਇਸ ਅਜਨਬੀ ਨੇ ਹਿੰਦੂ ਧਰਮ ਕੀ ਕਿਸ਼ਤੀ ਕੋ ਨ ਸਿਰਫ ਤੂਫਾਨ ਸੇ ਨਿਕਾਲਾ ਹੀ ਬਲਕਿ ਕਿਨਾਰੇ ਲਾ ਖੜਾ ਕੀਆ। ਜਿਸ ਦਰਖਤ ਕੋ ਗੁਰੂ ਨਾਨਕ ਦੇਵ ਜੀ ਨੇ ਅਪਨੇ ਖ਼ੂਨ ਕਾ ਪਾਨੀ ਔਰ ਹੱਡੀਓਂ ਕਾ ਖਾਦ ਦੇ ਕਰ ਜ਼ਮੀਨ ਸੇ ਉਠਾਇਆ ਥਾ, ਜਿਸਕੋ ਗੁਰੂ ਤੇਗ ਬਹਾਦਰ ਜੀ ਨੇ ਅਪਨੇ ਲਹੂ ਸੇ ਸੀਂਚਾ ਥਾ, ਜ਼ਰਾ ਬਣਾਇਆ ਥਾ ਉਸਕੋ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੇ ਚਾਰ ਬੇਟੋਂ ਔਰ ਪਿਆਰੋਂ ਔਰ ਹਜ਼ਾਰੋਂ ਅਕੀਦਤਮੰਦ ਸਿੰਘੋਂ ਕੇ ਖ਼ੂਨ ਕੇ ਲਬਾਲਬ ਹੁਨਰੋਂ ਸੇ ਐਸਾ ਬਲਵਾਨ ਚੜ੍ਹਾਇਆ ਆਖਰ ਵੋਹ ਫਲ ਲਾਇਆ। ਵੋਹ ਫਲ ਕਿਆ ਥੇ ? ਕੌਮੀਅਤ ਅਖਵਤ ਵਾਹਦਤ ਔਰ ਮੁਹੱਬਤ ਯਾਨੀ ਐਸਾ ਫਲ, ਜਿਸਕਾ ਪੋਸਤ ਵਾਹਦਿਤ ਇਲਾਹੀ, ਜਿਸਕੇ ਰੇਸ਼ੇ ਮੁਹੱਬਤ, ਜਿਸਕੇ ਪਰਦੇ ਹੁਬੁਲਵਤਨੀ, ਜਿਸਕੀ ਗਿਟਕ ਅਖਵਤ ਔਰ ਜਿਸਕਾ ਸੀਰੀ ਰਸ ਕੌਮੀਅਤ ਥੀ।”

ਇਸੇ ਲਈ ਗੁਰੂ ਦਾ ਸੱਚਾ ਸਿੱਖ ਖਾਲਸਾ ਪੰਥ ਕੌਮ ਦਾ ਸਦੈਵ ਭਲਾ ਲੋਚਦਾ ਹੈ, ਉਹ ਸਰਬੱਤ ਦੇ ਭਲੇ ਦੀ ਲੋਚ ਕਰਦਾ ਹੈ। ਕੌਮ ਦੀ ਰਾਖੀ ਲਈ ‘ਪੁਰਜਾ ਪੁਰਜਾ ਕਟ ਮਰਨ’ ਲਈ ਤੱਤਪਰ ਰਹਿੰਦਾ ਹੈ। ਕੁਲ ਮਨੁੱਖਤਾ ਦੇ ਹਿੱਤਾਂ ਲਈ ‘ਮਰਣ ਮੁਣਸਾ ਸੂਰਿਆ ਹਕੁ ਹੈ” ਦੀ ਦੁਹਾਈ ਦਿੰਦਾ ਹੈ।

ਇਸ ਹਾਲ ਨੂੰ ਉਸ ਵਕਤ ਗੁਰੂ ਸਾਹਿਬ ਦੇ ਮੁਰੀਦਾਂ ਨੇ ਵੀ ਮਹਿਸੂਸ ਕੀਤਾ ਸੀ, ਮੰਨਿਆ ਅਤੇ ਸਮਝਿਆ ਸੀ। ਇਸੇ ਲਈ ਵਕਤ ਦੇ ਪੀਰ-ਫਕੀਰ ਅਤੇ ਆਮ ਮੁਸਲਿਮ ਵੀ ਗੁਰੂ ਤੋਂ ਜਾਨਾਂ

www.sikhbookclub.com

ਨਿਛਾਵਰ ਕਰਨ ਨੂੰ ਤੱਤਪਰ ਸਨ। ਕੇਵਲ ਹਿੰਦੂ ਹੀ ਨਹੀਂ ਪੀਰ ਬੁੱਧ ਸ਼ਾਹ ਵਰਗੇ ਪਹੁੰਚੇ ਹੋਏ ਮੁਸਲਮਾਨ ਫਕੀਰ ਭੰਗਾਣੀ ਅਤੇ ਹੋਰ ਜੰਗਾਂ ਵਿਚ ਗੁਰੂ ਵੱਲੋਂ ਹੋ ਕੇ ਆਪਣੇ ਸੂਰਮੇ ਪੁੱਤਰਾਂ ਸਮੇਤ ਲੜਦੇ ਹੋਏ ਸ਼ਹਾਦਤਾਂ ਪਾ ਗਏ। ਆਪਣੀ ਜਾਨ ਅਤੇ ਕੁੱਲ ਸਰਬੰਸ ਨੂੰ ਖ਼ਤਰੇ ਵਿਚ ਪਾ ਕੇ ਵੀ ਪੀਰ ਬੁੱਧੂ ਸ਼ਾਹ ਨੇ ਅਖੀਰਲੇ ਸੁਆਸਾਂ ਤਕ ਦਸਮੇਸ਼ ਜੀ ਨਾਲ ਆਪਣੀ ਸੱਚੀ ਮੁਹੱਬਤ ਅਤੇ ਸ਼ਰਧਾ ਦਾ ਨਿਰਬਾਹ ਕੀਤਾ। ਨਬੀ ਖ਼ਾਂ ਅਤੇ ਗਨੀ ਖ਼ਾਂ ਦਾ ਸਿੱਖ ਪੰਥ ਸਦੈਵ ਰਿਣੀ ਹੈ। ਕਿਸ ਤਰ੍ਹਾਂ ਉਸ ਮਾਹੌਲ ਵਿਚ ਜਦੋਂ ਕਿ ਮੁਗ਼ਲ ਸੈਨਾ ਹਜ਼ਾਰਾਂ ਦੀ ਗਿਣਤੀ ਵਿਚ ਦਸਤੇ ਬਣਾ ਕੇ ਗੁਰਦੇਵ ਜੀ ਨੂੰ ਲੱਭਦੇ ਫਿਰਦੇ ਰਹੇ ਹੋਣ, ਜ਼ੁਲਮਾਂ ਦਾ ਭਿਆਨਕ ਤੂਫਾਨ ਵਗ ਰਿਹਾ ਹੋਵੇ, ਖੌਫ਼ ਦਾ ਖੁੱਲ੍ਹਾ ਸਾਮਰਾਜ ਹੋਵੇ ਤੇ ਉਸ ਹਨੇਰਗਰਦੀ ਵਿਚ ਗੁਰਦੇਵ ਪਿਤਾ ਜੀ ਨੂੰ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਉਚ ਦਾ ਪੀਰ ਬਣਾ ਕੇ ਸੁਰੱਖਿਅਤ ਸਥਾਨ 'ਤੇ ਪਹੁੰਚਾ ਦੇਣਾ ਕੋਈ ਛੋਟੀ ਗੱਲ ਨਹੀਂ ਹੈ। ਉਸ ਕਾਜ਼ੀ ਪੀਰ ਮੁਹੰਮਦ ਦੇ ਵੀ ਰਿਣੀ ਹਾਂ ਜੋ ਗੁਰਦੇਵ ਜੀ ਨੂੰ ਬਾਲਪਨ ਵਿਚ ਫ਼ਾਰਸੀ ਪੜ੍ਹਾਉਂਦਾ ਸੀ, ਗੁਰਦੇਵ ਜੀ ਦਾ ਮੁਰੀਦ ਸੀ। ਉਚ ਦਾ ਪੀਰ ਬਣੇ, ਪਾਲਕੀ ਵਿਚ ਬੈਠੇ ਗੁਰਦੇਵ ਜੀ ਦੀ 'ਉਚ ਦਾ ਪੀਰ' ਵਜੋਂ ਹੀ ਸ਼ਨਾਖਤ ਕਰਕੇ ਫੌਜੀ ਦਸਤੇ ਦੀ ਤਸੱਲੀ ਕਰਾ ਕੇ ਉਸ ਫੌਜੀ ਦਸਤੇ ਨੂੰ ਪਿਛਾਂਹ ਧਰਿਆ ਤੇ ਗੁਰਦੇਵ ਜੀ ਸਹੀ-ਸਲਾਮਤ ਅੱਗੇ ਟੁਰ ਪਏ। ਰਾਇਕੋਟ ਦੇ ਮੁਸਲਮਾਨ ਚੌਧਰੀ ਰਾਇ ਕੱਲ੍ਹਾ ਨੇ ਵੀ ਗੁਰੂ ਜੀ ਦਾ ਬਹੁਤ ਸਤਿਕਾਰ ਕੀਤਾ। ਗੁਰਦੇਵ ਜੀ ਨੂੰ ਸੰਕਟ ਦੀਆਂ ਘੜੀਆਂ ਵਿਚ ਆਪਣੇ ਪਾਸ ਰੱਖਿਆ। ਇਸ ਨੇ ਹੀ ਆਪਣੇ ਨੌਕਰ ਨੂਰੇ ਮਾਹੀ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸਮਾਚਾਰ ਲਿਆਉਣ ਲਈ ਸਰਹਿੰਦ ਭੇਜਿਆ। ਉਸ ਨੇ ਹੀ ਆ ਕੇ ਸਾਕਾ ਸਰਹਿੰਦ ਸੁਣਾਇਆ। ਇਸੇ ਸੰਦਰਭ ਵਿਚ ਖਾਲਸਾ ਪੰਥ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਨੂੰ ਵੀ ਭੁਲਾ ਨਹੀਂ ਸਕਦਾ ਜੋ ਬੇਸ਼ੱਕ ਨਿੱਕੀਆਂ ਜਿੰਦਾਂ ਨੂੰ ਬਚਾ ਤਾਂ ਨਾ ਸਕਿਆ ਪਰ ਨਿੱਕੇ ਅਬੋਧ ਮਾਸੂਮ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਪ੍ਰਤੀ ਦਿੱਤੀ ਗਈ ਜ਼ਿੰਦਾ ਦੀਵਾਰ ਵਿਚ ਚਿਣੇ ਜਾ ਕੇ ਕਤਲ ਕਰ ਦੇਣ ਦੀ ਸਜ਼ਾ ਦਾ ਵਿਰੋਧ ਤਾਂ ਕੀਤਾ ਹੀ। ਉਸ ਨੇ ਵਜ਼ੀਰ ਖਾਨ ਨੂੰ ਚੁਣੌਤੀ ਤਾਂ ਦਿੱਤੀ ਹੀ ਕਿ ਦੀਨ ਇਸਲਾਮ ਦੀ ਕਿਸ ਸ਼ਰ੍ਹਾ ਤਹਿਤ ਉਹ ਮਾਸੂਮ ਬੱਚਿਆਂ ਨੂੰ ਕਤਲ ਕਰ ਰਿਹਾ ਹੈ। ਕੋਈ ਵੀ ਕਾਨੂੰਨ, ਕੋਈ ਵੀ ਮਜ਼ਹਬ ਮਾਸੂਮ ਬੱਚਿਆਂ ਨੂੰ ਕਤਲ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਹ ਕਿੱਥੋਂ ਦਾ ਇਨਸਾਫ ਹੈ ਕਿ ਪਿਤਾ ਦੀ ਦੁਸ਼ਮਣੀ ਦਾ ਬਦਲਾ ਮਾਸੂਮ ਜਿੰਦਾਂ ਦੇ ਕਤਲ ਨਾਲ ਲੀਤਾ ਜਾਏ। ਭਾਵੇਂ ਦੀਵਾਨ ਸੁੱਚਾ ਨੰਦ ਦੇ ਮਸ਼ਵਰੇ 'ਤੇ ਅਬੋਧ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ ਪਰ ਮੁਸਲਿਮ ਨਵਾਬ ਨੇ ਤਾਂ ਵਜ਼ੀਰ ਖਾਨ ਨੂੰ ਚੁਣੌਤੀ ਦਿੱਤੀ ਹੀ। ਦੀਵਾਨ ਸੁਚਾ ਨੰਦ ਨੇ ਤਾਂ ਆਖਿਆ ਕਿ ਸੱਪ ਦੇ ਬੱਚਿਆਂ ਨੇ ਅੱਗੋਂ ਜਾ ਕੇ ਸੱਪ ਹੀ ਬਣਨਾ ਹੈ। ਸੱਪ ਦਾ ਸੁਭਾਅ ਡੱਸਣਾ ਹੈ ਇਸ ਕਰਕੇ ਇਨ੍ਹਾਂ ਸਪੋਲੀਆਂ ਦਾ ਸਿਰ ਹੁਣੇ ਹੀ ਕੁਚਲ ਦੇਣਾ ਠੀਕ ਹੈ। ਇਹ ਹੈ ਨਾਸ਼ੁਕਰੀ ਦੀ ਅੰਤਲੀ ਹੱਦ। ਪੰਥ ਇਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਮਾਲਵੇ ਵਿਚ ਲੱਖੀ ਜੰਗਲ ਦੇ ਇਲਾਕੇ ਮੁਸਲਮਾਨਾਂ ਦੀ ਹੀ ਵੱਸੋਂ ਵੱਧ ਸੀ। ਇਥੋਂ ਦੇ ਹਿੰਦੂ ਵਸਨੀਕ ਅੰਮ੍ਰਿਤਪਾਨ ਕਰ ਸਿੰਘ ਸਜੇ ਅਤੇ ਕਈ ਮੁਸਲਮਾਨ ਵੀ ਗੁਰੂ ਸਾਹਿਬ ਦੇ ਮੁਰੀਦ ਬਣੇ। ਮੁਸਲਮਾਨਾਂ ਤੋਂ ਸਿੰਘ ਸਜੇ ਕਈ ਸੂਰਮੇ ਬਹਾਦਰ ਮੁਕਤਸਰ ਦੀ ਜੰਗ ਵਿਚ ਵੀ ਗੁਰੂ ਜੀ ਦੇ ਨਾਲ ਹੋ ਕੇ ਲੜੇ। ਇਥੋਂ ਤਕ ਕਿ ਔਰੰਗਜ਼ੇਬ ਦਾ ਵੱਡਾ ਪੁੱਤਰ ਮੁਅੱਜ਼ਮ ਗੁਰੂ ਜੀ ਦਾ ਪਰਮ ਸ਼ਰਧਾਲੂ ਸੀ। ਸਿੱਖ ਪੰਥ ਦੇ ਮਹਾਨ ਰਤਨ ਭਾਈ ਨੰਦ ਲਾਲ ਜੀ ਵੀ ਇਸ ਦੇ ਮਿੱਤਰ ਸਨ, ਕਾਫੀ ਚਿਰ ਇਸ ਦੇ ਮੀਰ ਮੁਨਸ਼ੀ ਵੀ ਰਹੇ। ਇਹ

www.sikhbookclub.com

ਭਾਈ ਸਾਹਿਬ ਜੀ ਦਾ ਚੰਗਾ ਸਤਿਕਾਰ ਕਰਦਾ ਸੀ, ਭਾਈ ਸਾਹਿਬ ਦੀ ਸ਼ਾਇਰੀ ਦਾ ਪ੍ਰੇਮੀ ਸੀ। ਇਹ ਆਪ ਚੰਗਾ ਸ਼ਾਇਰ ਸੀ, ਸਾਹਿਤ ਪ੍ਰੇਮੀ ਸੀ। ਔਰੰਗਜ਼ੇਬ ਦੀ ਮ੍ਰਿਤੂ ਤੋਂ ਬਾਅਦ ਰਾਜ-ਗੱਦੀ ਦਾ ਵਿਵਾਦ ਖੜ੍ਹਾ ਹੋਇਆ ਤਾਂ ਇਸ ਦੇ ਛੋਟੇ ਭਰਾ ਆਜ਼ਮ ਨੇ ਬਗ਼ਾਵਤ ਕੀਤੀ। ਮੁਅੱਜ਼ਮ ਨੇ ਗੁਰੂ ਸਾਹਿਬ ਤੋਂ ਮਦਦ ਮੰਗੀ ਤਾਂ ਵੀ ਗੁਰੂ ਜੀ ਨੇ ਆਪਣੇ ਬਹਾਦਰ ਸੂਰਮਿਆਂ ਦਾ ਇਕ ਦਸਤਾ ਇਸ ਦੀ ਮਦਦ ਲਈ ਭੇਜਿਆ ਤੇ ਜੂਨ 18, 1707 ਈ ਜੈਤੋ ਦੇ ਮੁਕਾਮ 'ਤੇ ਸਿੰਘਾਂ ਦੀ ਮਦਦ ਨਾਲ ਆਜ਼ਮ ਮਾਰਿਆ ਗਿਆ ਤੇ ਮੁਅੱਜ਼ਮ ਦੀ ਜਿੱਤ ਹੋਈ ਤੇ ਉਹ ਬਹਾਦਰ ਸ਼ਾਹ ਦੇ ਨਾਮ ਨਾਲ ਬਾਦਸ਼ਾਹ ਬਣਿਆ। ਮਗਰੋਂ ਉਸ ਦੇ ਸੰਬੰਧ ਗੁਰੂ ਜੀ ਨਾਲ ਬਹੁਤ ਚੰਗੇ ਰਹੇ।

ਇਸ ਤਰ੍ਹਾਂ ਇਕ ਨਹੀਂ ਸਿੱਖ ਇਤਿਹਾਸ ਵਿਚ ਅਨੇਕਾਂ ਐਸੀਆਂ ਸ਼ਖ਼ਸੀਅਤਾਂ ਉਕਰੀਆਂ ਪਈਆਂ ਹਨ ਜਿਨ੍ਹਾਂ ਨੇ ਦਿਲੋਂ ਜਾਨ ਨਾਲ ਗੁਰੂ ਜੀ 'ਤੇ ਸ਼ਰਧਾ ਲੁਟਾਈ ਹੈ। ਪਰਿਵਾਰਾਂ ਸਮੇਤ ਜਾਨਾਂ ਕੁਰਬਾਨ ਕੀਤੀਆਂ ਹਨ। ਕਈ ਪੀਰ-ਫਕੀਰ ਆਪਣੀ ਅਧਿਆਤਮਕ ਜਗਿਆਸਾ ਦੀ ਸ਼ਾਂਤੀ ਕਰ ਗੁਰੂ ਜੀ ਦੇ ਮੁਰੀਦ ਬਣੇ ਹਨ ਕਿਉਂਕਿ ਉਹ ਇਹ ਸਮਝ ਚੁਕੇ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰ ਸਾਂਝਾ ਦਰ ਹੈ, ਖਾਲਸੇ ਦਾ ਜਨਮ ਮਜ਼ਲੂਮਾਂ ਦੀ ਰਾਖੀ ਲਈ ਹੋਇਆ ਹੈ। ਇਸੇ ਲਈ, ਗੁਰੂ ਸਾਹਿਬ ਨੇ ਦੱਖਣ ਤੋਂ ਜਦੋਂ ਮਾਧੋ ਦਾਸ ਬੈਰਾਗੀ ਨੂੰ ਬੰਦਾ ਸਿੰਘ ਸਜਾ ਕੇ, ਆਪਣੇ ਪੰਜ ਤੀਰ ਬਖਸ਼ ਕੇ, ਥਾਪੜਾ ਦੇ ਕੇ ਪੰਜਾਬ ਵੱਲ ਨੂੰ ਤੋਰਿਆ ਤਾਂ ਉਸ ਨੂੰ ਵੀ ਇਹੀ ਸਿੱਖਿਆ ਦਿੱਤੀ ਤੇ ਹਿਦਾਇਤ ਕੀਤੀ, ਤੁਸਾਡਾ ਮੁੱਖ ਕਰਮ ਧਰਮ ਦੀ ਪ੍ਰਸਾਰਨਾ ਹੈ, ਦੁਸ਼ਟਾਂ ਨੂੰ ਸੰਘਾਰਨਾ ਹੈ, ਮਜ਼ਲੂਮ ਦੀ ਰਾਖੀ ਕਰਨਾ ਹੈ ਅਤੇ ਜ਼ਾਲਮਾਂ ਨੂੰ ਤੈਹ ਤੇਗ ਕਰਨਾ ਹੈ। ਖਾਲਸੇ ਦਾ ਇਹੀ ਕਰਮ ਹੈ।

ਇਸ ਕਰਕੇ ਖਾਲਸੇ ਦਾ ਕਿਸੇ ਨਾਲ ਜ਼ਾਤੀ ਵੈਰ-ਵਿਰੋਧ ਨਹੀਂ ਹੈ, ਉਸ ਲਈ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਹੁਕਮ ਹੈ 'ਨਾ ਕੋ ਬੈਰੀ ਨਾਹਿ ਬਿਗਾਨਾ' ਜੀਵਨ ਦਾ ਨਿਸ਼ਾਨਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸੇ ਦੇ ਰੂਪ ਵਿਚ ਐਸੀ ਕੌਮ, ਐਸੀ ਬਾਦਸ਼ਾਹਤ ਕਾਇਮ ਕੀਤੀ ਹੈ ਜੋ ਨਿਆਸਰਿਆਂ ਦਾ ਆਸਰਾ ਹੈ, ਨਿਤਾਣਿਆਂ ਦਾ ਤਾਣ ਬਣ ਕੇ ਦੱਬੇ-ਕੁਚਲੇ, ਨਿਤਾਣੇ ਦਲਿਤਾਂ ਨੂੰ ਸਮਾਜ ਵਿਚ ਫ਼ਖ਼ਰ ਨਾਲ ਸਿਰ ਉਚਾ ਕਰਕੇ ਜਿਊਣ ਦੀ ਰਾਹ ਦੱਸਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਦੀ ਕਾਇਨਾਤ ਵਿਚ ਉਹ ਤਮਾਮ ਲੋਕਾਈ ਆ ਜੁੜਦੀ ਹੈ ਜੋ ਸ੍ਵੈਮਾਣ ਦਾ ਜੀਵਨ-ਜਿਉਣ ਦੇ ਇੱਛੁਕ ਹਨ। ਉਸ ਸਮੇਂ ਵੀ ਇਸ ਕਾਫਲੇ ਵਿਚ ਵਹੀਰਾਂ ਘੱਤ ਕੇ ਉਹ ਲੋਕਾਈ ਜੁੜਦੀ ਗਈ ਜਿਸ ਦੇ ਮਨਾਂ ਵਿਚ ਹਕੂਮਤ ਦਾ ਖੌਫ਼ ਕਾਫੂਰ ਹੋ ਚੁਕਿਆ ਸੀ। ਉਹ ਮਰਜੀਵੜੇ ਆ ਜੁੜੇ, ਜਿਨ੍ਹਾਂ ਨੂੰ ਮੌਤ ਦਾ ਭੈ ਨਹੀਂ ਸੀ, ਜੀਵਨ ਦਾ ਮੋਹ ਨਹੀਂ ਸੀ, ਮੌਤ ਇਕ ਸੁਖਦਾਈ ਅਹਿਸਾਸ ਸੀ। ਇਹ ਇਕ ਅਨੋਖੀ ਕਰਾਮਾਤ ਸੀ, ਨਿਰਾਲਾ ਕ੍ਰਿਸ਼ਮਾ ਸੀ ਕਿ ਸਦੀਆਂ ਤੋਂ ਲਿਤਾੜੀ ਨਿੰਮੋਝੂਣੀ ਹੋਈ ਕੌਮ ਸੂਰਮਤਾਈ ਅਤੇ ਬੀਰਤਾ ਦੇ ਉਹ ਕਰਤੱਬ ਦਿਖਾ ਰਹੀ ਹੈ ਕਿ ਜਿਸ ਨੂੰ ਦੇਖ ਕੇ ਦੁਨੀਆਂ ਹੈਰਾਨ ਹੋ ਰਹੀ ਹੈ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਇਨ੍ਹਾਂ ਕ੍ਰਿਸ਼ਮਿਆਂ ਤੋਂ ਹੈਰਤਅੰਗੇਜ਼ ਸੀ.ਐਫ.ਐਂਡਰੀਊਜ਼ ਨੇ ਲਿਖਿਆ ਸੀ ਕਿ ਦੇਸ਼ ਦੇ ਅੰਦਰ ਨਵੀਂ ਤਰ੍ਹਾਂ ਦੀ ਸੂਰਮਗਤੀ ਦਾ ਪ੍ਰਵੇਸ਼ ਹੋਇਆ ਹੈ। ਇਹ ਆਪਣੇ ਤਨ 'ਤੇ ਤਸੀਹੇ ਸਹਿਣ ਦੀ ਸੂਰਮਗਤੀ ਹੈ। ਦੁਨੀਆਂ ਨੂੰ ਇਸ ਇਖ਼ਲਾਕੀ ਲੜਾਈ ਲੜਨ ਦੀ ਨਵੀਂ ਜਾਚ ਸਿਖਾਈ ਗਈ ਹੈ, ਜਿਨ੍ਹਾਂ ਨੇ ਖਾਲਸੇ ਨੂੰ ਇਕ ਨਵਾਂ ਯੁੱਧ-ਚਿੰਤਨ ਬਖ਼ਸ਼ਿਆ "ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ"।

(1/2008)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਬਹੁਪੱਖੀ ਸ਼ਖ਼ਸੀਅਤ

ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਅਨੁਭਵੀ ਦਿਬ-ਦ੍ਰਿਸ਼ਟੀ ਵਾਲੇ ਧਾਰਮਿਕ ਨੇਤਾ, ਕਲਿਆਣਕਾਰੀ ਸੋਚ ਵਾਲੇ ਸਮਾਜਿਕ ਆਗੂ, ਨਿਧੜਕ ਸੂਰਮੇ ਤੇ ਜਰਨੈਲ ਹੋਣ ਦੇ ਨਾਲ-ਨਾਲ ਵਿਦਵਾਨ-ਸਾਹਿਤਕਾਰ ਵੀ ਸਨ। ਉਨ੍ਹਾਂ ਦਾ ਜੀਵਨ-ਮਨੋਰਥ ਦੁਸ਼ਟਾਂ-ਦੋਖੀਆਂ ਨੂੰ ਪਛਾੜ ਕੇ ਧਰਮ ਦੀ ਸਥਾਪਨਾ ਕਰਨਾ ਸੀ। ਅਕਾਲ ਹੁਕਮ ਵਿਚ 'ਜੈ ਤੇਗੰ' ਦੀ ਬੀਰ-ਰਸੀ ਸੁਰ ਨਾਲ ਇਕਮੁਠ, ਸੰਤ-ਸਿਪਾਹੀ ਤੇ ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ-ਮਨੋਰਥ ਇਸ ਤਰ੍ਹਾਂ ਬਿਆਨ ਕੀਤਾ ਹੈ:

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਅਧਿ: ੬)

ਉਪਰੋਕਤ ਫ਼ੁਰਮਾਨ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਦੇ ਜੀਵਨ ਦਾ ਸਭ ਤੋਂ ਵੱਡਾ ਮਨੋਰਥ ਧਰਮ ਚਲਾਉਣਾ ਅਤੇ ਨਾਲ ਉਸ ਦੀ ਰੱਖਿਆ ਕਰਨਾ ਵੀ ਸੀ। ਦੂਜੇ ਪਾਸੇ, ਗੁਰੂ ਜੀ ਨੇ ਦੁਸ਼ਟਾਂ ਦਾ ਨਾਸ਼ ਕਰਨਾ ਸੀ ਅਤੇ ਜੜ੍ਹਾਂ ਤੋਂ ਉਖੇੜਨਾ ਸੀ। 'ਸੰਤ' ਸ਼ਬਦ ਦਾ ਅਰਥ ਉਸ ਵਿਅਕਤੀ ਤੋਂ ਹੈ, ਜੋ ਗੁਰਮੁਖ, ਸਚਿਆਰ, ਨੇਕ ਅਤੇ ਰੱਬ ਦਾ ਭਗਤ ਹੈ। 'ਦੁਸ਼ਟ' ਸ਼ਬਦ ਮਨਮੁਖ, ਸਾਕਤ, ਕੂੜਿਆਰ ਤੇ ਭੈੜੇ ਵਿਅਕਤੀਆਂ ਲਈ ਭਾਵ ਰੱਖਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਨੇਕੀ ਤੇ ਬਦੀ, ਸੱਚ ਤੇ ਕੂੜ, ਗੁਰਮੁਖਤਾ ਤੇ ਮਨਮੁਖਤਾ, ਸੰਤਤਾਈ ਤੇ ਦੁਸ਼ਟਤਾ ਦਾ ਟਕਰਾਅ ਪ੍ਰਵਾਨ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅਕਾਲ ਪੁਰਖ ਦੇ ਹੁਕਮ ਅਧੀਨ, ਸ੍ਰਿਸ਼ਟੀ ਦਾ ਪਾਰ ਉਤਾਰਨ ਵਾਸਤੇ ਇਸ ਦੁਨੀਆਂ ਉੱਤੇ ਪ੍ਰਗਟ ਹੋਏ ਸਨ, ਇਸ ਲਈ ਉਹ ਨਾ ਤਾਂ ਕਦੇ ਪਹਾੜੀ ਰਾਜਿਆਂ ਤੋਂ ਰਤੀ ਭਰ ਡਰੇ ਅਤੇ ਨਾ ਉਨ੍ਹਾਂ ਨੇ ਕਦੇ ਮੁਗ਼ਲ ਹਾਕਮਾਂ ਤੋਂ ਹੀ ਖ਼ੌਫ਼ ਖਾਧਾ। ਗੁਰੂ ਜੀ ਦਾ ਰਣਜੀਤ ਨਗਾਰਾ, ਜਿਸ ਦੀ ਭਿਆਨਕ ਕੜ-ਤੋੜ ਆਵਾਜ਼ ਨਾਲ ਬਨ-ਪਰਬਤ ਤੇ ਘਾਟੀਆਂ ਗੂੰਜ ਉਠਦੀਆਂ ਸਨ ਉਨ੍ਹਾਂ ਦੀ ਇਸੇ ਨਿਡਰਤਾ ਦਾ ਪ੍ਰਤੀਕ ਸੀ। ਅਨੰਦਪੁਰ ਦੇ ਇਰਦ-ਗਿਰਦ ਗੁਰੂ ਜੀ ਦਾ ਤੇਜ-ਪ੍ਰਤਾਪ ਵਧਣ 'ਤੇ ਪਹਾੜੀ ਰਾਜਿਆਂ ਨੂੰ ਡਰ ਪੈਦਾ ਹੋਇਆ ਸੀ ਅਤੇ ਉਹ ਇਸੇ ਕਾਰਨ ਦਿੱਲੀ, ਲਾਹੌਰ, ਸਰਹਿੰਦ ਆਦਿ ਦੀਆਂ ਮੁਗ਼ਲਈ ਫ਼ੌਜਾਂ ਚੜ੍ਹਾ ਲਿਆਏ ਜਿਸ ਕਰਕੇ ਅਨੰਦਪੁਰ, ਲੋਹਗੜ੍ਹ ਆਦਿ ਦੀਆਂ ਕਈ ਗਹਿਗੱਚ ਲੜਾਈਆਂ ਹੋਈਆਂ। ਆਖਰ, ਗੁਰੂ ਜੀ ਨੂੰ ਅਨੰਦਪੁਰ ਛੱਡਣਾ ਪਿਆ। ਅਨੰਦਪੁਰੋਂ ਨਿਕਲਣ ਸਾਰ ਬਹੁਤ ਸਾਰੇ ਸਿੰਘ ਦੁਸ਼ਮਣ ਦੇ ਹੱਥੋਂ ਸ਼ਹੀਦ ਹੋ ਗਏ। ਫਿਰ

www.sikhbookclub.com

ਚਮਕੌਰ ਪੁੱਜਣ 'ਤੇ ਬਾਕੀ ਰਹਿੰਦੇ ਸਿੱਖ ਜੋਧਿਆਂ ਸਮੇਤ ਵੱਡੇ ਦੋਵੇਂ ਸ਼ਾਹਿਬਜ਼ਾਦੇ ਵੀ ਰਣ-ਤੱਤੇ ਵਿਚ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ ਤੇ ਉਥੋਂ ਨਿਕਲਦਿਆਂ ਮਾਤਾ ਗੁਜਰੀ ਜੀ ਸਮੇਤ ਦੋਵੇਂ ਛੋਟੇ ਸਾਹਿਬਜ਼ਾਦੇ ਗ੍ਰਿਫ਼ਤਾਰ ਹੋਣ 'ਤੇ ਸਰਹਿੰਦ ਲਿਜਾ ਕੇ ਨਵਾਬ ਵਜ਼ੀਰ ਖ਼ਾਂ ਦੇ ਹੁਕਮ ਨਾਲ ਸ਼ਹੀਦ ਕਰ ਦਿੱਤੇ ਗਏ।

ਛੇਕੜ ਪੰਜਾਂ ਪਿਆਰਿਆਂ ਦੇ ਆਦੇਸ਼ 'ਤੇ ਗੁਰੂ ਸਾਹਿਬ ਕਿਸੇ ਤਰ੍ਹਾਂ ਇਸ ਜੰਗ ਵਿਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਕਾਂਗੜ ਆਦਿ ਥਾਂ ਹੁੰਦੇ ਹੋਏ ਮੁਕਤਸਰ ਪੁੱਜੇ, ਉਹ ਦਾਸਤਾਨ ਬੜੀ ਹਿਰਦੇ-ਵੇਧਕ ਹੈ ਪਰ ਇਸ ਹਾਲਤ ਵਿਚ ਦੁਸ਼ਮਣ ਦੇ ਲਗਾਤਾਰ ਪਿੱਛਾ ਕਰਨ 'ਤੇ ਮੁਕਤਸਰ ਦੀ ਲੜਾਈ ਹੋਣ 'ਤੇ ਵੀ ਗੁਰੂ ਸਾਹਿਬ ਨੇ ਹੌਸਲਾ ਨਹੀਂ ਛੱਡਿਆ। ਫੇਰ ਆਪ ਉਥੋਂ ਬਠਿੰਡਾ, ਤਲਵੰਡੀ ਸਾਬੋ ਆਦਿ ਥਾਂ ਹੁੰਦੇ ਹੋਏ ਤਮਾਮ ਹਰਖ-ਸੋਗ ਤੋਂ ਅਤੀਤ ਰਹੇ ਜਿਵੇਂ ਕਿ ਕਵੀ ਸੈਨਾਪਤਿ ਨੇ ਲਿਖਿਆ ਹੈ :

ਨਿਰੰਕਾਰ ਅਪਾਰ ਗਤਿ, ਬਹੁ ਬਿਧਿ ਕਰਿ ਬਿਸਥਾਰ।
ਸਬੈ ਛਾਡਿ ਛਿਨ ਮੈ, ਦਿਯੋ, ਰਹਯੋ ਸੁ ਏਕੰਕਾਰ।

ਉਹ ਬੜੇ ਹੌਸਲੇ ਨਾਲ ਮੁਸ਼ਕਲ ਹਾਲਾਤਾਂ ਵਿਚੋਂ ਗੁਜ਼ਰਦੇ ਹੋਏ, ਨਾਂਦੇੜ ਪਹੁੰਚੇ ਤੇ ਉਥੋਂ ਜ਼ਾਲਮਾਂ ਨੂੰ ਸੋਧਣ ਵਾਸਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵੱਲ ਤੋਰਿਆ। ਇਹ ਸਭ ਅਜਿਹੀਆਂ ਘਟਨਾਵਾਂ ਹਨ ਜੋ ਗੁਰੂ ਜੀ ਦੀ ਅਡੋਲ ਸ਼ਖ਼ਸੀਅਤ ਦਾ ਸਾਨੂੰ ਪਤਾ ਦਿੰਦੀਆਂ ਹਨ।

ਸਿੱਖ ਇਤਿਹਾਸ ਦਾ ਅਰੰਭ ਹੀ ਧਰਮ ਯੁੱਧ ਨਾਲ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਧਰਮ ਦੇ ਮਾਰਗ 'ਤੇ ਚੱਲਣ ਲਈ ਸਿਰ ਤਲੀ 'ਤੇ ਧਰਨ ਦੀ ਪ੍ਰੇਰਨਾ ਦਿੱਤੀ ਸੀ। ਇਸੇ ਪ੍ਰੇਰਨਾ ਦਾ ਹੀ ਪ੍ਰਭਾਵ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣ ਵੇਲੇ ਸਿਰਾਂ ਦੀ ਮੰਗ ਕੀਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

(ਪੰਨਾ ੧੪੧੨)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਵਿਚ ਪ੍ਰੇਮ ਹੀ ਪ੍ਰੇਮ ਸੀ। ਇਸ ਵਿਚ ਨਫ਼ਰਤ ਜਾਂ ਕਿਸੇ ਬਦਲੇ ਦੀ ਭਾਵਨਾ ਨਾਂ-ਮਾਤਰ ਵੀ ਨਹੀਂ ਸੀ। ਇਸੇ ਲਈ ਗੁਰੂ ਸਾਹਿਬਾਂ ਦੇ ਜੰਗੀ ਕੰਮਾਂ ਨੂੰ ਹਿੰਸਾ ਦਾ ਨਾਂ ਨਹੀਂ ਦਿੱਤਾ ਜਾ ਸਕਦਾ। ਹਿੰਸਾ ਦਾ ਸਬੰਧ ਨਫ਼ਰਤ, ਕ੍ਰੋਧ ਜਾਂ ਬਦਲੇ ਦੀ ਭਾਵਨਾ ਨਾਲ ਹੁੰਦਾ ਹੈ। ਜਿਸ ਮੁਗ਼ਲ ਸਲਤਨਤ ਨੇ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕੀਤਾ ਹੋਵੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲਾਹਿਆ ਹੋਵੇ, ਅਨੇਕਾਂ ਸਿੱਖਾਂ ਨੂੰ ਸ਼ਹੀਦ ਕੀਤਾ ਹੋਵੇ, ਚਾਰ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਤੇ ਚਾਲ੍ਹੀ ਮੁਕਤਿਆਂ ਸਮੇਤ ਬੇਅੰਤ ਸਿੰਘਾਂ ਦੇ ਖ਼ੂਨ ਵਿਚ ਆਪਣੇ ਹੱਥ ਰੰਗੇ ਹੋਣ ਉਸੇ ਸਲਤਨਤ ਦੇ ਬਾਦਸ਼ਾਹ ਔਰੰਗਜ਼ੇਬ ਨਾਲ ਗੱਲਬਾਤ ਵਾਸਤੇ ਮੁਲਾਕਾਤ ਲਈ ਸਹਿਮਤ ਹੋ ਜਾਣਾ, ਇਹ ਸਪੱਸ਼ਟ ਕਰਦਾ ਹੈ ਕਿ ਗੁਰੂ ਜੀ ਦੇ ਹਿਰਦੇ ਵਿਚ ਨਫ਼ਰਤ, ਕ੍ਰੋਧ ਜਾਂ ਬਦਲੇ ਦੀ ਭਾਵਨਾ ਲੇਸ ਮਾਤਰ ਵੀ ਨਹੀਂ ਸੀ। ਭੰਗਾਣੀ ਦੇ ਯੁੱਧ ਵਿਚ ਪਹਾੜੀ ਰਾਜਿਆਂ ਵਿਰੁੱਧ ਲੜਨਾ ਤੇ ਫਿਰ ਨਾਦੌਣ ਦੀ ਲੜਾਈ ਵਿਚ ਉਹਨਾਂ ਦੀ ਮਦਦ ਕਰਨਾ, ਇਹ ਸਾਬਤ ਕਰਦਾ ਹੈ ਕਿ ਗੁਰੂ ਜੀ ਅਸੂਲ ਦੀ ਲੜਾਈ ਲੜ ਰਹੇ ਸਨ ਨਾ ਕਿ ਨਫ਼ਰਤ ਜਾਂ ਕ੍ਰੋਧ ਕਰਕੇ। ਜ਼ੁਲਮ ਭਾਵੇਂ ਕਿਸੇ 'ਤੇ

www.sikhbookclub.com

ਵੀ ਸੀ ਆਪ ਨੇ ਉਸ ਜ਼ੁਲਮ ਦਾ ਟਾਕਰਾ ਕੀਤਾ। ਭਾਈ ਘਨ੍ਹੱਈਆ ਜੀ ਵਿਰੁੱਧ ਜਦੋਂ ਸ਼ਿਕਾਇਤ ਹੋਈ ਕਿ ਉਹ ਦੁਸ਼ਮਣ-ਫੱਟੜਾਂ ਨੂੰ ਪਾਣੀ ਪਿਆ ਦਿੰਦੇ ਹਨ ਤੇ ਗੁਰੂ ਜੀ ਨੇ ਉਹਨਾਂ ਨੂੰ ਬੁਲਾ ਕੇ ਇਸ ਦਾ ਕਾਰਨ ਪੁੱਛਿਆ ਤਾਂ ਘਨ੍ਹੱਈਆ ਜੀ ਨੇ ਉੱਤਰ ਦਿੱਤਾ: 'ਮਹਾਰਾਜ, ਮੈਨੂੰ ਤਾਂ ਕੋਈ ਦੁਸ਼ਮਣ ਨਜ਼ਰ ਨਹੀਂ ਆਉਂਦਾ। ਆਪ ਜੀ ਦੀ ਸਿੱਖਿਆ ਅਨੁਸਾਰ ਮੈਨੂੰ ਤਾਂ ਹਰ ਇਕ ਵਿਚ ਉਸ ਅਕਾਲ ਪੁਰਖ ਦੀ ਜੋਤ ਹੀ ਨਜ਼ਰ ਆਉਂਦੀ ਹੈ।' ਸਤਿਗੁਰਾਂ ਨੇ ਸ਼ਾਬਾਸ਼ ਦਿੱਤੀ, ਛਾਤੀ ਨਾਲ ਲਾਇਆ ਅਤੇ ਮਲ੍ਹਮ ਦੀ ਡੱਬੀ ਵੀ ਦਿੱਤੀ ਤਾਂ ਕਿ ਉਹ ਪਾਣੀ ਪਿਆਉਣ ਦੇ ਨਾਲ-ਨਾਲ ਉਹਨਾਂ ਫੱਟੜਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਪੱਟੀ ਵੀ ਕਰ ਸਕਣ।

ਗੁਰੂ ਜੀ ਨੇ ਕਦੀ ਵੀ ਲੜਾਈ ਲਈ ਪਹਿਲ ਨਹੀਂ ਸੀ ਕੀਤੀ। 'ਜ਼ਫ਼ਰਨਾਮਾ' ਵਿਚ ਆਪ ਨੇ ਫ਼ਾਰਸੀ ਵਿਚ ਔਰੰਗਜ਼ੇਬ ਦੇ ਨਾਂ ਖ਼ਤ ਦੇ ਰੂਪ ਵਿਚ ਲਿਖਿਆ:

ਬ ਲਾਚਾਰਗੀ ਦਰ ਮਿਯਾਂ ਆਮਦਮ ॥
ਬ ਤਦਬੀਰਿ ਤੀਰੋ ਤੁਫ਼ੰਗ ਆਮਦਮ ॥੨੧॥
ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ *(ਦਸਮ ਗ੍ਰੰਥ, ਪੰਨਾ ੧੩੯੦)*

ਗੁਰੂ ਜੀ ਦੀ ਤਲਵਾਰ ਜ਼ੁਲਮ ਦੇ ਟਾਕਰੇ ਲਈ ਸੀ, ਹਮਲੇ ਲਈ ਨਹੀਂ। ਗੁਰੂ ਸਾਹਿਬ ਨੂੰ ਰੋਸ ਜਾਗਦਾ ਹੈ, ਗ਼ੁੱਸਾ ਨਹੀਂ ਆਉਂਦਾ। ਰੋਸ ਅਤੇ ਕ੍ਰੋਧ ਦੋਹਾਂ ਵਿਚ ਭਾਰੀ ਅੰਤਰ ਹੁੰਦਾ ਹੈ। ਰੋਸ ਜ਼ੁਲਮ ਦੀ ਵਿਰੋਧਤਾ ਹੈ ਤੇ ਕ੍ਰੋਧ ਜ਼ੁਲਮ ਦਾ ਹੀ ਰੂਪ ਹੈ:

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥ *(ਦਸਮ ਗ੍ਰੰਥ, ਪੰਨਾ ੬੨)*

ਗੁਰੂ ਜੀ ਦਾ ਧਰਮ ਯੁੱਧ ਸਮੁੱਚੇ ਰੂਪ ਵਿਚ ਅਕਾਲ ਪੁਰਖ ਨੂੰ ਸਮਰਪਤ ਹੈ:

ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥ *(ਉਹੀ)*

ਖਾਲਸਾ ਫ਼ੌਜ ਅਕਾਲ ਪੁਰਖ ਦੀ ਫ਼ੌਜ ਹੈ। ਗੁਰੂ ਜੀ ਦਾ ਖ਼ਾਲਸੇ ਨਾਲ ਸਬੰਧ ਬਹੁਤ ਉੱਚ ਪੱਧਰ ਦਾ ਹੈ। ਗੁਰੂ ਜੀ ਆਪਣੀ ਜਿੱਤ, ਵਿੱਦਿਆ ਤੇ ਸ਼ਾਨ ਖਾਲਸਾ ਫ਼ੌਜ ਦੀ ਕਿਰਪਾ ਕਰਕੇ ਦੱਸਦੇ ਹਨ। ਇੰਝ ਅਕਾਲ ਪੁਰਖ ਦੀ ਕਿਰਪਾ ਅਤੇ ਖਾਲਸਾ ਫ਼ੌਜ ਦੀ ਕਿਰਪਾ ਇਕ ਰੂਪ ਹੋ ਨਿੱਬੜਦੇ ਹਨ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਪੰਨਾ ੭੧੬)

ਬਚਿਤ੍ਰ ਨਾਟਕ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਨੇ ਬਚਪਨ ਵਿਚ ਹੀ ਕਈ ਪ੍ਰਕਾਰ ਦੀ ਸਿੱਖਿਆ ਪ੍ਰਾਪਤ ਕਰ ਲਈ ਸੀ:

ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥ *(ਉਹੀ, ਪੰਨਾ ੫੯)*

ਉਨ੍ਹਾਂ ਫਾਰਸੀ ਤੇ ਸੰਸਕ੍ਰਿਤ ਦੀ ਉਚੇਰੀ ਵਿਦਿਆ ਪੜ੍ਹੀ ਹੋਈ ਸੀ। ਸ਼ਾਇਰਾਨਾ ਤਬੀਅਤ ਅਤੇ ਸਾਹਿਤਕ ਰੁਚੀਆਂ ਹੋਣ ਕਰਕੇ ਉਨ੍ਹਾਂ ਨੇ ਉੱਚ ਪਾਏ ਦਾ ਸਾਹਿਤ ਰਚਿਆ। ਹਿੰਦੀ ਕਵਿਤਾ ਨੇ

www.sikhbookclub.com

ਉਨ੍ਹਾਂ ਦੇ ਹੱਥਾਂ ਵਿਚ ਨਵੀਆਂ ਸਿਖਰਾਂ ਛੋਹੀਆਂ। ਬੋਲੀ 'ਤੇ ਕਾਬੂ ਅਤੇ ਸੁਚੱਜੀ ਸ਼ੈਲੀ ਕਾਰਨ ਉਨ੍ਹਾਂ ਦੀ ਰਚਨਾ, ਬਹੁਤ ਪ੍ਰਭਾਵਸ਼ਾਲੀ ਹੈ। ਉਨ੍ਹਾਂ ਨੇ ਭੁਜੰਗ, ਰਸਾਵਲ, ਦੋਹਰਾ, ਤ੍ਰਿਭੰਗੀ, ਸਵੱਯਾ ਅਤੇ ਚੌਪਈ ਛੰਦਾਂ ਦੀ ਵਰਤੋਂ ਬੜੇ ਕਮਾਲ ਢੰਗ ਨਾਲ ਕੀਤੀ। ਮਹਾਨ ਵਿਦਵਾਨ ਹੋਣ ਕਰਕੇ ਉਨ੍ਹਾਂ ਦੀਆਂ ਲਿਖਤਾਂ ਦਾ ਘੇਰਾ ਬੜਾ ਵਿਸ਼ਾਲ ਸੀ ਅਤੇ ਪ੍ਰਭਾਵਸ਼ਾਲੀ ਕਹਿਣ-ਢੰਗ ਕਾਰਨ ਉਹ ਇਕ ਬੜੇ ਬਲਵਾਨ ਲਿਖਾਰੀ ਸਨ। ਉਹ ਸੰਸਕ੍ਰਿਤ, ਫ਼ਾਰਸੀ, ਉਰਦੂ, ਅਰਬੀ, ਹਿੰਦੀ ਅਤੇ ਪੰਜਾਬੀ ਦੇ ਚੰਗੇ ਗਿਆਤਾ ਹੋਣ ਕਰਕੇ ਆਪਣੇ ਵਿਚਾਰਾਂ ਨੂੰ ਨਿਰਸੰਕੋਚ ਬਿਆਨ ਕਰ ਸਕਦੇ ਸਨ ਅਤੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਬੋਲੀ ਦੇ ਪੱਖੋਂ ਕਦੇ ਵੀ ਔਕੜ ਨਹੀਂ ਸੀ ਭਾਸਦੀ। ਉਨ੍ਹਾਂ ਦੇ ਦਿਲ ਦੀ ਚਾਹ ਸੀ ਕਿ ਉਨ੍ਹਾਂ ਦੇ ਸਿੱਖ ਵੀ ਸਾਰੀਆਂ ਬੋਲੀਆਂ ਦੇ ਗਿਆਤਾ ਹੋਣ। ਉਹ ਬੜੇ ਵਿਸ਼ਾਲ ਹਿਰਦੇ ਦੇ ਮਾਲਕ ਸਨ। ਉਹ ਜੋ ਕੁਝ ਚਾਹੁੰਦੇ ਸਨ ਬਗ਼ੈਰ ਕਿਸੇ ਲਗ-ਲਬੇੜ, ਬਿਨਾਂ ਝਿਜਕ ਜਾਂ ਖ਼ੌਫ਼ ਦੇ ਕਹਿੰਦੇ ਸਨ। ਉਨ੍ਹਾਂ ਦਾ ਪੱਕਾ ਵਿਸ਼ਵਾਸ ਸੀ ਕਿ ਨਰੋਆ ਸਾਹਿਤ ਮਨੁੱਖ ਦੇ ਆਮ ਜੀਵਨ ਵਿਚ ਅਗਵਾਈ ਕਰਦਾ ਹੈ ਅਤੇ ਉਸ ਦੀ ਪ੍ਰਗਤੀ ਵਿਚ ਪੱਥ-ਪ੍ਰਦਰਸ਼ਕ ਹੁੰਦਾ ਹੈ। ਇਸੇ ਲਈ ਉਨ੍ਹਾਂ ਨੇ ਆਪ ਸਾਹਿਤ ਰਚਨਾ ਕੀਤੀ, ਦੂਸਰਿਆਂ ਨੂੰ ਅਗਵਾਈ ਦਿੱਤੀ ਤੇ ਬੜੇ ਉਤਸ਼ਾਹ ਨਾਲ ਸਾਹਿਤ ਰਚਨਾ ਕਰਵਾਈ। ਉਨ੍ਹਾਂ ਨੇ ਹਰ ਪ੍ਰਕਾਰ ਦੇ ਕੋਮਲ ਹੁਨਰਾਂ ਦੀ ਸ਼ਲਾਘਾ ਕੀਤੀ ਤੇ ਵਿਦਵਾਨ ਲੋਕਾਂ ਦੀ ਮਾਇਕ ਸਹਾਇਤਾ ਕਰਕੇ ਉਨ੍ਹਾਂ ਨੂੰ ਸਨਮਾਨਿਆ ਜੋ ਆਪਣੇ ਹੁਨਰ ਦੇ ਪ੍ਰਗਟਾਵੇ ਲਈ ਉਨ੍ਹਾਂ ਪਾਸ ਆਏ। ਗੁਰੂ ਜੀ ਨੇ ਸ਼ਖ਼ਸੀ ਤੇ ਸਮਾਜੀ ਵਿਕਾਸ ਲਈ ਚੰਗੇਰੀ ਵਿੱਦਿਆ ਦਾ ਹੋਣਾ ਜ਼ਰੂਰੀ ਖ਼ਿਆਲ ਕੀਤਾ। ਉਨ੍ਹਾਂ ਨੇ ਆਪਣੇ ਸਿੱਖਾਂ ਵਿਚ ਵਿੱਦਿਆ ਰਾਹੀਂ ਮਨੁੱਖਤਾ ਦਾ ਸੰਚਾਰ ਕਰਨਾ ਚਾਹਿਆ। ਚੋਣਵੀਆਂ ਸੰਸਕ੍ਰਿਤ ਪੁਸਤਕਾਂ, ਪੁਰਾਤਨ ਸਾਹਿਤ ਤੇ ਮਹਾਂਕਾਵਿ ਜਿਨ੍ਹਾਂ ਵਿਚ ਮਹਾਂਭਾਰਤ, ਰਾਮਾਇਣ ਅਤੇ ਪੁਰਾਣਾਂ ਆਦਿ ਦੇ ਬਹਾਦਰੀ ਕਾਂਡ ਸ਼ਾਮਲ ਸਨ, ਦੇ ਅਨੁਵਾਦ ਗੁਰੂ ਜੀ ਨੇ ਆਪ ਕੀਤੇ ਤੇ ਕਰਵਾਏ ਤਾਂ ਕਿ ਉਨ੍ਹਾਂ ਨੂੰ ਪੜ੍ਹ ਕੇ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਹੋ ਸਕੇ ਤੇ ਦੇਸ਼-ਕੌਮ ਵਾਸਤੇ ਮਰਨ ਦੀ ਪ੍ਰੇਰਨਾ ਮਿਲੇ। ਉਨ੍ਹਾਂ ਪਾਸ ਅਜਿਹੇ ਕਵੀ ਤੇ ਕਲਾਕਾਰ ਮੌਜੂਦ ਸਨ ਜੋ ਸਮੇਂ ਦੀਆਂ ਕੁਰੀਤੀਆਂ ਦਾ ਬਿਆਨ ਡੱਟ ਕੇ ਬਿਨਾਂ ਕਿਸੇ ਡਰ ਤੋਂ ਕਰਦੇ ਸਨ। ਉਨ੍ਹਾਂ ਨੇ ਦਾਰਸ਼ਨਿਕ ਵਿੱਦਿਆ ਤੇ ਹੋਰ ਧਰਮਾਂ ਦੇ ਅਧਿਐਨ ਲਈ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) ਵਿਚ ਕੇਂਦਰ ਖੋਲ੍ਹ ਦਿੱਤਾ।

ਗੁਰੂ ਜੀ ਦੀਆਂ ਰਚਨਾਵਾਂ ਵਿਚੋਂ ਜਿਥੇ ਸਾਨੂੰ ਸਮਾਜਿਕ, ਰਾਜਸੀ, ਧਾਰਮਿਕ ਜਾਂ ਸਾਹਿਤਕ ਬੁਰਾਈਆਂ ਦੇ ਖ਼ਿਲਾਫ਼ ਤਕੜੀ ਆਵਾਜ਼ ਉਠਾਈ ਮਿਲਦੀ ਹੈ ਉਥੇ ਉਨ੍ਹਾਂ ਦੀਆਂ ਲਿਖਤਾਂ ਮਨੁੱਖੀ ਜਜ਼ਬਿਆਂ ਤੇ ਸੱਚਾਈ ਲਈ ਡੂੰਘੇ ਪਿਆਰ, ਸੇਵਾ ਤੇ ਸਵਾਧੀਨਤਾ 'ਤੇ ਵੀ ਚਾਨਣ ਪਾਉਂਦੀਆਂ ਹਨ। ਉਨ੍ਹਾਂ ਦੀ ਰਚਨਾ ਵਿਚ ਫੋਕੇ ਵਹਿਮਾਂ, ਦਿਖਾਵੇ ਦੇ ਧਰਮ ਆਦਿ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਸੱਚਾਈ ਤੇ ਨਿਆਂ ਲਈ ਕੁਰਬਾਨੀ ਦੀ ਪ੍ਰੇਰਨਾ ਦਿੱਤੀ ਗਈ ਹੈ।

ਗੁਰੂ ਜੀ ਸ਼ਸਤਰ ਧਾਰਨ ਕਰਦੇ ਹੋਏ ਵੀ ਕਲਮ ਦੀ ਅਹਿਮੀਅਤ ਤੇ ਜੀਵਨ ਦੇ ਉਸਾਰੂ ਪਾਸੇ ਦਾ ਪੂਰਾ ਧਿਆਨ ਰੱਖਦੇ ਸਨ। ਇਹੋ ਕਾਰਨ ਹੈ ਕਿ ਜਿਥੇ ਉਨ੍ਹਾਂ ਜਨਤਾ ਦੀ ਰੱਖਿਆ ਲਈ ਚੰਗੇ-ਚੰਗੇ ਖੜਗਧਾਰੀ ਸੂਰਮੇ ਆਪਣੇ ਪਾਸ ਰੱਖੇ, ਉਥੇ ਦੂਜੇ ਪਾਸੇ ਸ਼ਾਸਤਰ-ਵੇਤਾ ਵਿਦਵਾਨ ਕਲਮਧਾਰੀ ਵੀ ਚੁਣ-ਚੁਣ ਕੇ ਆਦਰ ਮਾਨ ਨਾਲ ਲਿਆਂਦੇ। ਗੁਰੂ ਜੀ ਆਪਣੀ ਵਡਿਆਈ ਨਹੀਂ ਸੀ ਚਾਹੁੰਦੇ। ਉਨ੍ਹਾਂ ਦਾ ਮਕਸਦ ਤਾਂ ਅਜਿਹਾ ਸਾਹਿਤ ਪੈਦਾ ਕਰਨਾ ਸੀ ਜਿਸ ਨਾਲ ਜਨ-ਸਾਧਾਰਨ ਉਤਸ਼ਾਹ

www.sikhbookclub.com

ਵਿਚ ਆਵੇ ਤੇ ਉਹ ਖੰਡਾ ਫੜ ਕੇ ਆਜ਼ਾਦੀ ਦੇ ਵੈਰੀਆਂ ਨੂੰ ਸੰਘਾਰ ਦੇਵੇ। ਗੁਰੂ ਜੀ ਦਾ ਦ੍ਰਿੜ ਨਿਸ਼ਚਾ ਇਕ ਅਕਾਲ ਪੁਰਖ ਉੱਤੇ ਅਟੱਲ ਸੀ, ਜਿਵੇਂ ਕਿ :

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥

(ਦਸਮ ਗ੍ਰੰਥ, ਪੰਨਾ ੩੧੦)

ਤਥਾ :

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥

(ਦਸਮ ਗ੍ਰੰਥ, ਪੰਨਾ ੨੫੪)

ਅਸਾਂ ਕਦੇ ਧਿਆਨ ਨਹੀਂ ਦਿੱਤਾ ਕਿ ਗੁਰੂ ਜੀ ਨੇ ਆਪਣੇ ਸੰਦੇਸ਼ਾਂ ਰਾਹੀਂ ਸਾਨੂੰ ਸੰਸਾਰ-ਸੇਵਾ ਕਰਨ ਦਾ ਢੰਗ ਦੱਸ ਕੇ ਸਿੱਧੇ ਰਾਹੇ ਪਾਇਆ ਸੀ। ਸਾਡਾ ਸਭ ਦਾ ਫ਼ਰਜ਼ ਹੈ ਅਸੀਂ ਸਿੱਖ ਜੀਵਨ ਜਾਂਚ ਅਪਣਾਈਏ ਤੇ ਹੋਰਨਾਂ ਨੂੰ ਪ੍ਰੇਰਨਾ ਦੇਈਏ !!

(1/1999)

www.sikhbookclub.com

ਸਰਬਪੱਖੀ ਸ਼ਖ਼ਸੀਅਤ: ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕਈ ਇਤਿਹਾਸਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਲਵਾਨ ਕੱਦ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਰਾਜਸੀ ਤੇ ਫ਼ੌਜੀ ਪ੍ਰਾਪਤੀਆਂ ਦੇ ਗਜ਼ਾਂ ਨਾਲ ਹੀ ਮਾਪਦੇ ਹਨ, ਪਰ ਉਨ੍ਹਾਂ ਦੀਆਂ ਪ੍ਰਾਪਤੀਆਂ ਤਾਂ ਸਰਬ ਪੱਖੀ ਹਨ। ਉਨ੍ਹਾਂ ਨੂੰ ਕੇਵਲ ਕਿਸੇ ਵਿਸ਼ੇਸ਼ ਖੇਤਰ ਵਿਚ ਪ੍ਰਾਪਤੀਆਂ ਕਰਨ ਵਾਲਾ ਸਾਬਤ ਕਰਨਾ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਨਾ-ਇਨਸਾਫ਼ੀ ਕਰਨਾ ਹੋਵੇਗਾ। ਗੁਰੂ ਸਾਹਿਬ ਦੀ ਸਰਬ ਪੱਖੀ ਮਹਾਨਤਾ 'ਚੋਂ ਆਪ ਦੇ ਪੂਰਵਜਾਂ ਵਾਂਗ, ਆਪ ਦੀ ਅਧਿਆਤਮਕ ਵਿਸ਼ੇਸ਼ਤਾ ਉਲੇਖਨੀਯ ਹੈ।

ਕਲਗੀਧਰ ਪਾਤਸ਼ਾਹ ਆਪਣੇ ਅਨੁਆਈਆਂ ਦੀ ਹਰ ਪੱਖੋਂ ਅਗਵਾਈ ਕਰਨ ਦੇ ਸਮਰੱਥ ਸਨ। ਇਸੇ ਲਈ ਸੂਰਬੀਰ, ਸਵੈ-ਕੁਰਬਾਨੀ ਕਰਨ ਵਾਲੇ, ਅਧਿਆਤਮਕਤਾ ਚਾਸਣੀ ਚੱਖਣ ਵਾਲੇ ਤੇ ਸਾਹਿਤਕ-ਪਿੜ ਦੇ ਸਵਾਰ ਸਭ ਪ੍ਰਕਾਰ ਦੇ ਵਿਅਕਤੀ ਉਨ੍ਹਾਂ ਨਾਲ ਆ ਜੁੜੇ ਸਨ। ਗੁਰੂ ਸਾਹਿਬ ਨੇ ਸਭ ਵਰਗਾਂ ਦੇ ਲੋਕਾਂ ਅੰਦਰ ਅਧਿਆਤਮਕ ਜੋਤ ਜਗਾਈ, ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਸਮੇਂ ਦੇ ਸੰਦਰਭ ਵਿਚ ਅਧਿਆਤਮਕ-ਇਨਕਲਾਬ ਦੀ ਬੜੀ ਵਿਸ਼ੇਸ਼ਤਾ ਹੈ।

ਕੋਈ ਵੀ ਲਹਿਰ ਚੜ੍ਹਦੀ ਕਲਾ, ਕੁਰਬਾਨੀ ਤੇ ਗਤੀਸ਼ੀਲਤਾ ਬਿਨਾਂ ਸਫਲ ਨਹੀਂ ਹੋ ਸਕਦੀ। ਇਹ ਘੱਟੋ-ਘੱਟ ਖ਼ੂਬੀਆਂ ਹਨ, ਜੋ ਜੀਵਨ ਦੇ ਹਰ ਖੇਤਰ ਵਿਚ ਚਾਹੀਦੀਆਂ ਹਨ। ਇਨ੍ਹਾਂ ਦੇ ਨਾ ਹੋਣ 'ਤੇ ਕਿਸੇ ਵੀ ਮੋਰਚੇ 'ਤੇ ਅੱਗੇ ਵਧਣਾ ਰੁਕ ਜਾਂਦਾ ਹੈ ਪਰ ਜਦੋਂ ਚੜ੍ਹਦੀ ਕਲਾ, ਕੁਰਬਾਨੀ ਤੇ ਗਤੀਸ਼ੀਲਤਾ ਅੰਦਰਲੀ ਅਧਿਆਤਮਕ ਸ਼ਕਤੀ ਤੋਂ ਉਪਜਦੀਆਂ ਹਨ, ਤਾਂ ਉਹ ਅਵੱਸ਼ ਹੀ ਮਨਚਾਹੇ ਨਤੀਜੇ ਉਤਪੰਨ ਕਰਦੀਆਂ ਹਨ।

ਸ਼ਕਤੀ ਜਾਂ ਬਲ ਹਰ ਪ੍ਰਕਾਰ ਦੀ ਸੇਵਾ ਕਰਨ ਲਈ ਆਵੱਸ਼ਕ ਹੁੰਦਾ ਹੈ ਪਰ ਸ਼ਕਤੀ ਉਹ ਨਤੀਜੇ ਪ੍ਰਗਟ ਕਰਦੀ ਹੈ ਜੋ ਵਿਅਕਤੀ ਕੇਵਲ ਆਪਣੇ ਲਈ ਹੀ ਨਹੀਂ ਸਗੋਂ ਆਪਣੇ ਸਾਥੀਆਂ ਦੀ ਸਮਾਜਿਕ, ਆਰਥਿਕ, ਨੈਤਿਕ ਤੇ ਰਾਜਸੀ ਦਸ਼ਾ ਸੁਧਾਰਨ ਲਈ ਵੀ ਪ੍ਰਾਪਤ ਕਰਦਾ ਤੇ ਵਰਤਦਾ ਹੈ। ਗੁਰੂ ਸਾਹਿਬ ਨੇ ਕੇਵਲ ਨਿੱਜੀ ਲਾਭਾਂ ਦੀ ਪ੍ਰਾਪਤੀ ਕਰਨ ਵਾਲੇ ਸੂਰਮਿਆਂ ਬਾਰੇ ਲਿਖਿਆ ਹੈ :

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥
ਭੂਤ ਭਵਿੱਖ ਭਵਾਨ ਕੇ ਭੂਪਤ ਕਉਨੁ ਗਨੈ ਨਹੀਂ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥

(ਤ੍ਵਪ੍ਰਸਾਦਿ ਸ੍ਵਯੇ, ਪਾਤਸ਼ਾਹੀ ੧੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚ, ਪ੍ਰੇਮ, ਚੰਗਿਆਈ, ਨੇਕੀ ਤੇ ਨਿਰਸੁਆਰਥਾ ਦੇ ਸਾਕਾਰ ਸਰੂਪ ਹਨ। ਆਪ ਇਨ੍ਹਾਂ ਖ਼ੂਬੀਆਂ ਦਾ ਪ੍ਰਯੋਗ ਲੋਕ-ਭਲੇ ਲਈ ਕਰਦੇ ਤੇ ਇਸ ਸਬੰਧ 'ਚ ਹਰ ਪ੍ਰਕਾਰ

www.sikhbookclub.com

ਦੀ ਕੁਰਬਾਨੀ ਕਰਨ ਲਈ ਸਦਾ ਤਤਪਰ ਰਹਿੰਦੇ ਸਨ। ਆਪ ਦਾ ਵਿਸ਼ਵਾਸ ਸੀ ਕਿ ਲੋਕਾਈ ਨੂੰ ਉਤਨਾ ਚਿਰ ਤਬਾਹੀ ਤੋਂ ਨਹੀਂ ਬਚਾਇਆ ਜਾ ਸਕਦਾ, ਜਦ ਤਕ ਉਸ ਦੀ ਆਤਮਾ ਨੂੰ ਨਹੀਂ ਜਗਾਇਆ ਜਾਂਦਾ ਤੇ ਆਚਰਣ ਉੱਚਾ ਨਹੀਂ ਹੁੰਦਾ। ਇਸ ਲਈ ਉਨ੍ਹਾਂ ਦੇ ਸਾਹਮਣੇ ਸਭ ਤੋਂ ਵਿਸ਼ੇਸ਼ ਤੇ ਜ਼ਰੂਰੀ ਕਾਰਜ ਸੀ, ਲੋਕਾਂ ਦੀ ਆਤਮਾ ਜਗਾਉਣਾ।

ਆਪ ਸਿਰਮੌਰ ਕਵੀ ਸਨ ਤੇ ਆਪ ਦੀ ਕਾਵਿਕ-ਅਨੁਭੂਤੀ ਦੈਵੀ ਸੀ। ਆਪ ਅੰਦਰ ਕਵੀ, ਦਾਰਸ਼ਨਿਕ, ਅਧਿਆਤਮਕ ਅਤੇ ਦੂਰ-ਦਰਸ਼ੀ ਮਹਾਂਪੁਰਸ਼ ਵਾਲੇ ਉਹ ਸਾਰੇ ਗੁਣ ਮੌਜੂਦ ਸਨ, ਜਿਨ੍ਹਾਂ ਦੇ ਸੁਮੇਲ ਤੋਂ ਇਕ ਐਸਾ ਪਰਮ-ਮਨੁੱਖ ਬਣਦਾ ਹੈ, ਜੋ ਬਦੀ ਦਾ ਖ਼ਾਤਮਾ ਕਰ ਸਕਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕੇਵਲ ਇਕ ਸੁਧਾਰਕ ਜਾਂ ਯੋਧੇ ਦੇ ਰੂਪ ਵਿਚ ਹੀ ਨਹੀਂ ਵੇਖਣਾ ਚਾਹੀਦਾ ਸਗੋਂ ਉਹ ਤਾਂ ਸਰਬ-ਸਮਰੱਥ ਮਹਾਂ-ਪੁਰਸ਼ ਸਨ, ਜਿਨ੍ਹਾਂ ਦੇ ਹਿਰਦੇ ਅੰਦਰ ਸੇਵਾ-ਭਾਵਨਾ ਤੇ ਲੋਕ ਭਲਾਈ ਵਰਗੇ ਜਜ਼ਬਿਆਂ ਦਾ ਹੜ੍ਹ ਆਇਆ ਹੋਇਆ ਸੀ। ਆਪ, ਆਪਣੇ ਆਪ ਨੂੰ ਅਕਾਲ ਪੁਰਖ ਦਾ ਸੇਵਕ ਤੇ ਖਾਲਿਕ ਦੀ ਖਲਕਤ ਦਾ ਸੇਵਾਦਾਰ ਸਮਝਦੇ ਸਨ। ਇਸੇ ਲਈ ਆਪ ਜੀ ਦੀ ਰਚਨਾ ਵਿਚ ਸੇਵਾ ਦੀ ਬੜੀ ਮਹੱਤਤਾ ਬਿਆਨ ਕੀਤੀ ਗਈ ਹੈ। ਆਪ ਦਾ ਰੱਬ ਰਾਜ-ਮਹਿਲਾਂ ਦਾ ਵਸਨੀਕ ਨਹੀਂ ਸੀ, ਸਗੋਂ ਗਰੀਬਾਂ, ਕਮਜ਼ੋਰਾਂ ਤੇ ਲਤਾੜਿਆਂ ਹੋਇਆਂ ਦੀਆਂ ਝੁੱਗੀਆਂ ਵਿਚ ਵਾਸ ਕਰਨ ਵਾਲਾ ਸੀ। ਆਪ ਨੇ 'ਬਚਿਤ੍ਰ ਨਾਟਕ' ਵਿਚ ਕਥਨ ਕੀਤਾ ਹੈ ਕਿ ਉਹ ਤਾਂ ਅਕਾਲ ਪੁਰਖ ਦੇ ਚਰਨਾਂ ਵਿਚ ਹੀ ਰਹਿਣਾ ਚਾਹੁੰਦੇ ਸਨ, ਪਰ ਜਦੋਂ ਉਨਾਂ ਨੂੰ ਕਿਸੇ ਵਿਸ਼ੇਸ਼ ਮਨੋਰਥ ਦੀ ਪੂਰਤੀ ਲਈ ਮਾਤ-ਲੋਕ ਵਿਚ ਆਉਣ ਦਾ ਆਦੇਸ਼ ਮਿਲਿਆ ਤਾਂ ਉਹ ਹੁਕਮ ਅਦੂਲੀ ਕਿਵੇਂ ਕਰਦੇ। ਆਪ ਜੀ ਦਾ ਕਥਨ ਹੈ :

ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥੫॥

(ਅਧਿ: ੬)

ਜਦੋਂ ਆਪ ਨੇ ਸੰਸਾਰ ਵਿਚ ਆ ਕੇ ਸੇਵਾ ਕਰਨ ਤੇ ਬਦੀ ਵਿਰੁੱਧ ਸੰਘਰਸ਼ ਕਰਨ ਦੀ ਚੋਣ ਕੀਤੀ ਤਾਂ ਇਹ ਕਾਰਜ ਵੀ ਆਪ ਨੇ ਅਕਾਲ ਪੁਰਖ ਦੀ ਆਗਿਆ ਤੇ ਸਹਾਇਤਾ ਨਾਲ ਹੀ ਨੇਪਰੇ ਚਾੜ੍ਹੇ। ਜੇਕਰ ਆਪ ਨੂੰ 'ਯੁੱਧ ਭੂਮੀ' ਵਿਚ ਵੀ ਜਾਣਾ ਪਿਆ ਤਾਂ ਮੁਖੋਂ 'ਵਾਹਿਗੁਰੂ' ਦਾ ਨਾਮ ਹੀ ਉਚਾਰਿਆ। ਆਪ ਐਸੇ ਰਹੱਸਵਾਦੀ ਸਨ ਜਿਨ੍ਹਾਂ ਦਾ ਧਰਮ ਉਨ੍ਹਾਂ ਦੇ ਨਿਤ-ਕਰਮ ਵਿਚੋਂ ਝਲਕਾਂ ਮਾਰਦਾ ਸੀ। ਆਪ ਨੇ ਲਿਖਿਆ ਹੈ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

(ਕ੍ਰਿਸ਼ਨਾਵਤਾਰ)

ਇਸੇ ਦ੍ਰਿਸ਼ਟੀਕੋਣ ਸਦਕਾ ਗੁਰੂ ਸਾਹਿਬ ਨੇ ਘਮਸਾਨ ਦੀਆਂ ਲੜਾਈਆਂ ਸਮੇਂ ਵੀ ਆਪਣੇ ਨਿਤ-ਨੇਮ ਤੇ ਸੰਗਤੀ ਕਾਰ-ਵਿਹਾਰ ਨੂੰ ਨਹੀਂ ਤਿਆਗਿਆ। ਇਸ ਦਾ ਪ੍ਰਮਾਣ ਇਤਿਹਾਸ 'ਚੋਂ ਮਿਲ ਜਾਂਦਾ ਹੈ। ਅਨੰਦਪੁਰ ਸਾਹਿਬ ਛੱਡਣ ਸਮੇਂ ਜਦੋਂ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਅੱਗੇ ਵੱਧ ਰਹੇ ਸਨ ਤੇ ਸ਼ਤਰੂ ਫ਼ੌਜਾਂ ਪਿੱਛਾ ਕਰ ਰਹੀਆਂ ਸਨ ਤਾਂ ਵੀ ਗੁਰੂ ਸਾਹਿਬ ਨੇ ਅੰਮ੍ਰਿਤ ਵੇਲੇ ਦਾ

www.sikhbookclub.com

ਸਤਿਸੰਗ ਨਹੀਂ ਖੁੰਝਾਇਆ ਸਗੋਂ ਸੰਗਤ ਦੇ ਰੂਪ ਵਿਚ ਜੁੜ ਕੇ ਨਿੱਤਨੇਮ ਤੇ ਅਰਦਾਸ ਕੀਤੀ।

ਹਾਲਾਤ ਭਾਵੇਂ ਕਿੰਨੇ ਵੀ ਅਣਸੁਖਾਵੇਂ ਹੋਏ, ਪਰ ਗੁਰੂ ਸਾਹਿਬ ਨੇ ਆਤਮਾ ਦੀਆਂ ਅਧਿਆਤਮਕ ਲੋੜਾਂ ਦੀ ਕੁਰਬਾਨੀ ਕਦੇ ਵੀ ਨਹੀਂ ਦਿੱਤੀ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਔਖੇ ਸਮੇਂ ਉੱਤੇ ਕੇਵਲ ਅਧਿਆਤਮਕ ਭੋਜਨ ਹੀ ਮਨੁੱਖ ਦੀ ਤ੍ਰਿਪਤੀ ਕਰ ਸਕਦਾ ਹੈ। ਆਪ ਨੇ ਸਮੁੱਚੀ ਜ਼ਿੰਦਗੀ ਅਕਾਲ ਪੁਰਖ ਨੂੰ ਸਮਰਪਣ ਕੀਤੀ ਹੋਈ ਸੀ। ਉਹ ਤ੍ਰਿਸ਼ਨਾਵਾਂ, ਲਾਲਸਾਵਾਂ, ਹਉਮੈ ਆਦਿ ਤੋਂ ਬਿਲਕੁਲ ਮੁਕਤ ਸਨ। ਇਸੇ ਲਈ ਉਹ ਹੱਦ ਦਰਜੇ ਦੇ ਨਿਰਮਾਣ ਸਨ। ਆਪ ਨੇ ਆਪਣੀ ਰਚਨਾ ਵਿਚ ਆਪਣੇ ਲਈ 'ਕੀਟ', 'ਦਾਸ' ਤੇ 'ਸੇਵਕ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਜਦੋਂ ਬਦੋਬਦੀ ਗਲ ਪਈਆਂ ਲੜਾਈਆਂ ਜਿੱਤੀਆਂ ਤਾਂ ਵੀ ਉਨ੍ਹਾਂ ਆਪਣੀ ਜਿੱਤ ਨਹੀਂ ਕਿਹਾ, ਸਗੋਂ ਅਕਾਲ ਪੁਰਖ ਦੀ ਕਿਰਪਾ ਮੰਨੀ। ਜਦੋਂ ਅਤਿ ਖਤਰਨਾਕ ਹਾਲਾਤ ਵਿਚੋਂ ਸੁਰੱਖਿਅਤ ਨਿਕਲੇ ਤਾਂ ਵੀ ਇਸ ਨੂੰ ਵਾਹਿਗੁਰੂ ਦਾ ਰਹਿਮ ਪ੍ਰਵਾਨਿਆ। ਆਪ ਦਾ ਫ਼ੁਰਮਾਨ ਹੈ :

ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥ *(ਬਚਿਤ੍ਰ ਨਾਟਕ)*

ਇਕ ਹੋਰ ਥਾਂ ਆਪਣੀ 'ਨਿਮ੍ਰਤਾ' ਦਾ ਪ੍ਰਗਟਾਵਾ ਇਨ੍ਹਾਂ ਸ਼ਬਦਾਂ ਵਿਚ ਕੀਤਾ :

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ ਤਿਨ ਕੇ ਸੁਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ ॥
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੧੯॥

(ਬਚਿਤ੍ਰ ਨਾਟਕ, ਅਧਿ: ੧)

ਆਪ ਦੇ ਕੀਤੇ ਸ਼ੁਭ ਕੰਮ ਆਪ ਦੇ ਆਪਣੇ ਵਾਸਤੇ ਨਹੀਂ ਸਨ ਹੁੰਦੇ, ਨਾ ਉਹ ਉਹਨਾਂ ਤੋਂ ਕੋਈ ਜੱਸ ਜਾਂ ਵਡਿਆਈ ਆਪਣੇ ਨਾਂ ਨਾਲ ਜੋੜਦੇ ਸਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਹਰ ਸ਼ੁਭ ਕੰਮ ਅਕਾਲ ਪੁਰਖ ਦੇ ਚਰਨਾਂ ਵਿਚ ਨਿਮਾਣੀ ਜਿਹੀ ਭੇਟ ਤੁੱਲ ਹੁੰਦਾ ਹੈ। ਇਹ ਗੱਲ ਉਨ੍ਹਾਂ ਦੇ ਇਸ ਸਵੱਯੇ ਤੋਂ ਭਲੀ-ਭਾਂਤ ਉਜਾਗਰ ਹੋ ਜਾਂਦੀ ਹੈ :

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌਂ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ)

ਗੁਰੂ ਸਾਹਿਬ ਦੇ ਕੀਤੇ ਮਹਾਨ ਕਾਰਜ ਉਨ੍ਹਾਂ ਦੇ ਨਿਜਤਵ ਵਾਸਤੇ ਨਹੀਂ ਸਨ ਹੁੰਦੇ, ਸਗੋਂ ਆਪ ਨੇ ਲੋਕਾਂ ਲਈ ਨੌਂ ਸਾਲਾਂ ਦੀ ਅਵਸਥਾ ਵਿਚ ਆਪਣੇ ਸਤਿਕਾਰਯੋਗ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਦੇਣ ਲਈ ਬੇਨਤੀ ਕੀਤੀ। ਆਪਣੇ ਦੋ ਸਾਹਿਬਜ਼ਾਦੇ ਚਮਕੌਰ ਵਿਚ, ਆਪਣੀਆਂ ਨਜ਼ਰਾਂ ਸਾਹਮਣੇ ਸ਼ਹੀਦ ਹੁੰਦੇ ਵੇਖੇ ਤੇ ਸੱਤ ਅਤੇ ਨੌਂ ਸਾਲਾਂ ਦੇ ਦੋ ਮਾਸੂਮ ਬੱਚੇ ਧਰਮ ਦੀ ਖ਼ਾਤਰ ਨੀਂਹ ਵਿਚ ਚਿਣਵਾ ਕੇ, ਕੌਮੀ-ਮਹਿਲ ਦੀਆਂ ਨੀਹਾਂ ਪੱਕੀਆਂ ਕੀਤੀਆਂ। ਸਤਿਕਾਰ ਯੋਗ ਮਾਤਾ ਜੀ, ਜਾਨ ਤੋਂ ਪਿਆਰੇ ਅਨੇਕਾਂ ਸਿੱਖ ਦੇਸ਼ ਤੇ ਕੌਮ ਤੋਂ ਵਾਰੇ। ਸਭ ਕੁਝ ਲੁਟਾ ਕੇ ਵੀ ਸਦਾ ਚੜ੍ਹਦੀ ਕਲਾ

www.sikhbookclub.com

'ਚ ਰਹੇ। ਸਖ਼ਤ ਔਕੜਾਂ ਤੇ ਭਿਆਨਕ ਮੁਸ਼ਕਿਲਾਂ ਸਮੇਂ ਉਨ੍ਹਾਂ ਦੇ ਚਿਹਰੇ 'ਤੇ ਉਦਾਸੀ ਜਾਂ ਨਿਰਾਸ਼ਾ ਦੀਆਂ ਰੇਖਾਵਾਂ ਕਿਸੇ ਨਹੀਂ ਵੇਖੀਆਂ। ਇਕ ਸੱਚੇ ਕਰਮ-ਯੋਗੀ ਵਾਂਗ ਉਨ੍ਹਾਂ ਦੇ ਸਾਹਮਣੇ ਜਿੱਤ ਜਾਂ ਹਾਰ, ਸਤਿਕਾਰ ਜਾਂ ਤ੍ਰਿਸਕਾਰ, ਖ਼ੁਸ਼ੀ ਜਾਂ ਗ਼ਮੀ, ਸੁੱਖ ਜਾਂ ਦੁਖ, ਸ਼ਾਹੀ-ਠਾਠ ਤੇ ਜੰਗਲਾਂ ਵਿਚ ਨੰਗੇ ਪੈਰੀਂ ਫਿਰਨ ਵਿਚ ਕੋਈ ਅੰਤਰ ਨਹੀਂ ਸੀ। ਉਹ ਕੁਰਬਾਨੀ ਦੇ ਮੁਜੱਸਮੇ ਸਨ ਤੇ ਆਪਣਾ ਕੁਝ ਵੀ ਨਹੀਂ ਸਨ ਸਮਝਦੇ। ਉਨ੍ਹਾਂ ਦਾ ਨਿਸਚਾ 'ਜੋ ਕੁਝ ਹੈ ਸੋ ਤੇਰਾ' ਵਿਚ ਪਰਪੱਕ ਸੀ। ਉਹ ਸਭ ਕੁਝ ਵਾਰ ਸਕਣ ਦੀ ਸਮਰੱਥਾ ਰੱਖਦੇ ਸਨ। ਆਪ ਦੀਆਂ ਨਜ਼ਰਾਂ ਵਿਚ ਦੌਲਤ, ਸੁਹੱਪਣ ਤੇ ਪ੍ਰਤਿਭਾ ਆਦਿ ਵਡਿਆਈਆਂ ਸਭ ਤੁੱਛ ਸਨ, ਕਿਉਂਕਿ ਇਹ ਸਭ ਬਿਨਸਨਹਾਰ ਹਨ। ਸੱਚ ਦਾ ਰਸਤਾ ਫੁੱਲਾਂ ਨਾਲ ਸ਼ਿੰਗਾਰਿਆ ਨਹੀਂ ਹੁੰਦਾ ਸਗੋਂ ਕੰਡਿਆਂ ਨਾਲ ਭਰਪੂਰ ਹੁੰਦਾ ਹੈ। ਇਸ ਰਾਹ 'ਤੇ ਚੱਲਣ ਵਾਲਿਆਂ ਨੂੰ ਔਕੜਾਂ, ਮੁਸ਼ਕਲਾਂ ਤੇ ਮੁਸੀਬਤਾਂ ਦਾ ਟਾਕਰਾ ਕਰਨਾ ਪੈਂਦਾ ਹੈ। ਪਰ ਮਨੁੱਖੀ ਜੀਵਨ ਦਾ ਮੁੱਢਲਾ ਸੱਚ ਇਹੋ ਹੀ ਹੈ। ਜੋ ਇਸ ਮੁੱਢਲੇ ਸੱਚ ਤੋਂ ਅੱਖਾਂ ਮੀਟ ਲੈਂਦੇ ਹਨ, ਉਹ ਸਫਲਤਾਵਾਂ ਪ੍ਰਾਪਤ ਨਹੀਂ ਕਰ ਸਕਦੇ। ਉਹ ਤਾਂ ਫ਼ਰਜ਼ਾਂ ਨਾਲੋਂ ਹੱਕਾਂ ਉੱਤੇ ਬਹੁਤਾ ਨਿਰਭਰ ਕਰਦੇ ਹਨ। ਸਮਾਜਿਕ ਖੇਤਰ ਵਿਚ ਸਫਲ ਸੇਵਾ ਕਰਨ ਵਾਸਤੇ ਨਿਧੜਕ ਆਗੂ ਨੂੰ ਬੇਗਰਜ਼ ਸਾਥੀਆਂ ਦੀ, ਜੋ ਹਰ ਪ੍ਰਕਾਰ ਜਾਗਰੂਕ ਹੋਣ ਤੇ ਆਪਣੇ ਆਗੂ ਦੇ ਕਹੇ 'ਤੇ ਕੁਰਬਾਨੀ ਕਰਨ ਨੂੰ ਤਿਆਰ ਹੋਣ, ਹਰ ਸਮੇਂ ਲੋੜ ਹੁੰਦੀ ਹੈ। ਭਾਰਤ ਨੂੰ ਉਸ ਸਮੇਂ ਐਸੇ ਆਗੂ ਦੀ ਲੋੜ ਸੀ ਜੋ ਨਾ ਕੇਵਲ ਨਿਰਣਾਇਕ ਹੋਵੇ, ਸਗੋਂ ਉਸ ਦੀ ਦੂਰ-ਦ੍ਰਿਸ਼ਟਤਾ, ਵਿਸ਼ਵਾਸ ਤੇ ਭਾਵਨਾਵਾਂ ਗਤੀਸ਼ੀਲ ਹੋਣ ਤੇ ਉਹ ਵਾਹਿਗੁਰੂ ਤੇ ਉਸ ਦੀ ਖਲਕਤ ਨਾਲ ਪ੍ਰੇਮ ਕਰਨ ਵਾਲਾ ਹੋਵੇ, ਤਾਂ ਹੀ ਉਹ ਆਪਣੇ ਉੱਤੇ ਯਕੀਨ ਲਿਆਉਣ ਵਾਲਿਆਂ ਨੂੰ ਰਸਾਤਲ 'ਚ ਡਿਗਿਆਂ ਹੋਇਆਂ ਨੂੰ ਉਠਾ ਕੇ ਸਾਵਧਾਨ ਕਰ ਸਕਦਾ ਹੈ।

ਇਹ ਸਾਰੀਆਂ ਹੀ ਖ਼ੂਬੀਆਂ ਗੁਰੂ ਸਾਹਿਬ ਵਿਚ ਸਨ। ਆਪ ਜੀ ਨੇ ਭਾਰਤ ਦੇ ਇਤਿਹਾਸ ਵਿਚ ਬੜੀ ਸੂਝ ਤੇ ਦਲੇਰੀ ਨਾਲ ਪ੍ਰਵੇਸ਼ ਕੀਤਾ ਤੇ ਉਸ ਸਾਮਰਾਜ ਨੂੰ ਚੁਣੌਤੀ ਦਿੱਤੀ ਜੋ ਅਜਿੱਤ ਸਮਝਿਆ ਜਾਂਦਾ ਸੀ। ਆਪ ਨੇ ਐਸਾ ਇਤਿਹਾਸ ਸਿਰਜਿਆ ਜਿਸ ਵਿਚ ਧਰਮ ਦੇ ਦੇਸ਼ ਖਾਤਰ ਬੇਅੰਤ ਕੁਰਬਾਨੀਆਂ ਕੀਤੀਆਂ ਗਈਆਂ। ਨਿਸਚੇ-ਭਰੀ ਜਿੱਤ, ਕੁਰਬਾਨੀ ਤੇ ਸ਼ਰਧਾ-ਭਗਤੀ ਦੇ ਮਿਲੇ-ਜੁਲੇ ਪ੍ਰਭਾਵਾਂ ਨੇ ਬਹੁਤ ਸਾਰੇ ਲੋਕਾਂ ਨੂੰ ਦੇਸ਼-ਭਗਤ ਯੋਧੇ ਬਣਾ ਦਿੱਤਾ। ਆਪ ਨੇ ਸਿੱਖਾਂ ਦੇ ਸਰਬ-ਪੱਖੀ ਵਿਕਾਸ ਲਈ ਮਜ਼ਬੂਤ ਇਖ਼ਲਾਕ ਤੇ ਅਧਿਆਤਮਕ ਨੀਹਾਂ ਉੱਤੇ ਉਸਾਰੀ ਕੀਤੀ, ਤਾਂ ਹੀ ਤਾਂ, ਉਹ ਭਰੋਸੇ ਨਾਲ ਕਹਿੰਦੇ ਸਨ, "ਚਿੜੀਓਂ ਸੇ ਮੈਂ ਬਾਜ ਤੁੜਾਊਂ। ਤਬੀ ਗੋਬਿੰਦ ਸਿੰਘ ਨਾਮ ਕਹਾਊਂ ॥"

ਨਿਡਰਤਾ ਗੁਰੂ ਜੀ ਦੇ ਜੀਵਨ ਦਾ ਮੁੱਖ ਗੁਣ ਸੀ। ਉਨ੍ਹਾਂ ਨੇ ਕਮਜ਼ੋਰਾਂ, ਦੁਬੈਲਾਂ ਤੇ ਡਰਪੋਕਾਂ ਨੂੰ ਨਿਡਰ ਯੋਧੇ ਬਣਾ ਦਿੱਤਾ। ਆਪ ਦੀ ਬੇਮਿਸਾਲ ਦੇਸ਼-ਭਗਤੀ, ਔਕੜਾਂ ਨਾਲ ਜੂਝਣ ਦੀ ਸ਼ਕਤੀ, ਬੁਰਾਈ ਨਾਸ਼ ਕਰਨ ਦਾ ਨਿਸਚਾ ਤੇ ਹਰ ਹਾਲਤ ਵਿਚ ਖਿੜੇ ਮੱਥੇ ਰਹਿਣ ਦੀ ਅਭਿਲਾਸ਼ਾ ਦੇ ਉਨ੍ਹਾਂ ਨੇ ਅਨੁਆਈਆਂ ਅੰਦਰ, ਉਨ੍ਹਾਂ ਵਾਸਤੇ ਪਿਆਰ ਤੇ ਸਤਿਕਾਰ ਪੈਦਾ ਕਰ ਦਿੱਤਾ। ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਆਪ ਦੇ ਸਿੱਖ ਆਪ ਜੀ ਦੀ ਮਹਾਨ ਸ਼ਖ਼ਸੀਅਤ ਤੋਂ ਕਿਤਨੇ ਪ੍ਰਭਾਵਤ ਸਨ। 'ਲੱਖੀ ਜੰਗਲ' ਵਾਲੀ ਝਾਕੀ ਸਿੱਖਾਂ ਦੀ ਗੁਰੂ ਸਾਹਿਬ ਪ੍ਰਤੀ ਅਪਾਰ ਸ਼ਰਧਾ ਦੀ ਲਾਜਵਾਬ ਉਦਾਹਰਣ ਹੈ। ਗੁਰੂ ਸਾਹਿਬ ਨੇ ਆਪਣੇ ਸ਼ਬਦਾਂ ਵਿਚ ਇਹ ਗੱਲ ਇਸ ਤਰ੍ਹਾਂ ਦਰਸਾਈ ਹੈ:

www.sikhbookclub.com

ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋਨੇ ॥
ਸੁਣ ਕੈ ਸੱਦੁ ਮਾਹੀ ਦਾ ਮੇਹੀ ਪਾਣੀ ਘਾਹੁ ਮੁਤੋ ਨੇ ॥
ਕਿਸੇ ਨਾਲ ਨ ਰਲੀਆ ਕਾਈ, ਕੋਈ ਸ਼ੌਕ ਪਯੋ ਨੇ ॥
ਗਇਆ ਫਿਰਾਕੁ ਮਿਲਿਆ ਮਿਤੁ ਮਾਹੀ, ਤਾਹੀਂ ਸ਼ੁਕਰ ਕੀਤੋ ਨੇ ॥

(ਮਾਝ ਸ੍ਰੀ ਮੁਖਵਾਕ, ਪਾਤਿ: ੧੦)

ਸਿੱਖਾਂ ਦੇ ਦਿਲ ਵਿਚ ਗੁਰੂ ਸਾਹਿਬ ਲਈ ਇਤਨਾ ਸਤਿਕਾਰ ਤੇ ਪਿਆਰ ਸੀ, ਸਿੱਖ ਇਤਿਹਾਸ ਵਿਚ ਇਸ ਦੀ ਇਕ ਹੋਰ ਮਿਸਾਲ ਮਿਲਦੀ ਹੈ ਕਿ ਇਕ ਸਿੱਖ ਨੇ ਗੁਰੂ ਸਾਹਿਬ ਨੂੰ ਇਕ ਬੰਦੂਕ ਭੇਟ ਕੀਤੀ। ਚੋਜੀ ਪ੍ਰੀਤਮ ਕਹਿਣ ਲੱਗੇ, ਮੈਂ ਇਸ ਬੰਦੂਕ ਦੀ ਪਰਖ ਕਰਨਾ ਚਾਹੁੰਦਾ ਹਾਂ, ਕੋਈ ਸਿੱਖ ਸਾਹਮਣੇ ਆਵੇ। ਇਕ ਨਹੀਂ ਅਨੇਕਾਂ ਸਿੱਖ ਆਪਣੇ ਮਾਹੀ ਦੇ ਹੱਥੋਂ ਬੰਦੂਕ ਦਾ ਨਿਸ਼ਾਨਾ ਬਣਨ ਵਾਸਤੇ ਇਕ-ਦੂਜੇ ਦੇ ਅੱਗੇ ਖੜੇ ਹੋਣ ਦੀ ਨਾ ਕੇਵਲ ਕੋਸ਼ਿਸ਼ ਕਰਨ ਲੱਗੇ ਸਗੋਂ ਲੜਨ ਲੱਗੇ। ਹਰ ਇਕ ਇਹੋ ਚਾਹੁੰਦਾ ਸੀ ਕਿ ਮੈਂ ਪਿਆਰੇ ਪ੍ਰੀਤਮ ਦਾ ਨਿਸ਼ਾਨਾ ਬਣਾ।

ਹੈ ਕੋਈ ਹੋਰ ਮਿਸਾਲ ਸੰਸਾਰ ਇਤਿਹਾਸ ਵਿਚ ਐਸੀ ?

ਅਤਿਆਚਾਰਾਂ ਦੀ ਤੀਬਰ ਵੇਦਨਾ ਸਮੇਂ, ਸਿੱਖਾਂ ਅੰਦਰ ਆਪਣੇ ਧਰਮ ਤੇ ਕਰਤਾਰ ਦੀ ਮਹਿਮਾ ਖ਼ਾਤਰ ਅਤਿਆਚਾਰ ਸਹਿਣ ਤੇ ਮਰ ਮਿਟਣ ਦੀ ਸਮਰੱਥਾ ਸੀ। ਨਾ ਕੇਵਲ ਮਰਦ ਸਗੋਂ ਇਸਤਰੀਆਂ ਤੇ ਬੱਚੇ ਵੀ ਧਰਮ-ਯੁੱਧ ਵਿਚ ਜੂਝੇ। ਇਹ ਅੰਮ੍ਰਿਤ ਦੀ ਬਰਕਤ ਸੀ ਕਿ ਉਹ ਕੁਰਬਾਨੀਆਂ ਦੇਣ ਤੋਂ ਝਿਜਕਦੇ, ਥਿੜਕਦੇ ਤੇ ਡਰਦੇ ਨਹੀਂ ਸਨ, ਸਗੋਂ ਗਾਉਂਦੇ ਜਾਂਦੇ ਸਨ, "ਸਿਰ ਜਾਇ ਤੇ ਜਾਇ ਮੇਰਾ ਸਿੱਖੀ ਸਿਦਕ ਨਾ ਜਾਇ।"

ਕਈ ਅਵਸਰ ਐਸੇ ਆਏ, ਜਦੋਂ ਗੁਰੂ ਸਾਹਿਬ ਇਕੱਲੇ ਹੀ ਮੁਸ਼ਕਲਾਂ ਨਾਲ ਜੂਝਣ ਨੂੰ ਨਿਕਲ ਪੈਂਦੇ। ਉਨ੍ਹਾਂ ਦੇ ਹਿਰਦੇ ਵਿਚ ਅਕਾਲ ਪੁਰਖ ਲਈ ਅਥਾਹ ਪਿਆਰ, ਸਤਿਕਾਰ ਤੇ ਭਰੋਸਾ ਸੀ। ਐਸਾ ਫੌਲਾਦੀ ਨਿਜਤਵ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਜਿਸ ਦੇ ਭਰੋਸੇ ਉਨ੍ਹਾਂ ਮੁਗ਼ਲ ਸਾਮਰਾਜ ਦਾ ਮਾਣ ਤੋੜਿਆ ਤੇ ਦੇਸ਼ ਦੇ ਮੁਕਤੀ-ਦਾਤੇ ਕਹਾਏ। ਔਕੜਾਂ ਨੇ ਸਗੋਂ ਉਨ੍ਹਾਂ ਦੇ ਇਰਾਦੇ ਹੋਰ ਪੱਕੇ ਕੀਤੇ। ਉਸ ਮਹਾਨ ਗੁਰੂ ਦੇ ਸਾਹਿਬਜ਼ਾਦੇ ਸਨ ਉਹ, ਜਿਨ੍ਹਾਂ ਨੇ ਆਪਣਾ ਸਿਰ ਤਾਂ ਦੇ ਦਿੱਤਾ ਪਰ ਇਰਾਦਾ ਨਹੀਂ ਸੀ ਛੱਡਿਆ।

ਗੁਰੂ ਸਾਹਿਬ ਨੇ ਲੋਕਾਂ ਦੇ ਦਿਲਾਂ ਵਿਚ ਦੇਸ਼ ਲਈ ਪਿਆਰ ਦੀ ਭਾਵਨਾ ਉਜਾਗਰ ਕੀਤੀ। ਲੋਕਾਂ ਦੀ ਢਹਿੰਦੀ ਕਲਾ ਵਾਲੀ ਸੋਚਣੀ ਬਦਲੀ। ਉਹ ਭਾਰਤ ਦੇ ਪਹਿਲੇ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਦੇਸ਼ ਵਾਸੀਆਂ ਅੰਦਰ ਕੌਮਾਂਤਰੀ ਤੇ ਦੇਸ਼ ਭਗਤੀ ਦਾ ਜਜ਼ਬਾ ਜਗਾਇਆ ਤੇ ਜਨਤਾ ਦੀਆਂ ਕਮਜ਼ੋਰ ਹੱਡੀਆਂ ਵਿਚ ਮਰਦਊ ਸ਼ਕਤੀ ਭਰੀ। ਗੁਰੂ ਸਾਹਿਬ ਦਾ ਅਨੁਭਵ ਸੀ ਕਿ ਦੇਸ਼ ਵਿਚ ਵੱਸਦੇ ਹਿੰਦੂਆਂ ਦੀ ਰੁਚੀ ਧਾਰਮਿਕ ਤਾਂ ਹੈ ਪਰ ਉਹ ਭੈ-ਗ੍ਰਸਤ ਹੋਣ ਕਰਕੇ ਨਿੱਘਰੇ ਹੋਏ ਹਨ।

(1/1994)

www.sikhbookclub.com

ਗੁਰੂ ਗੋਬਿੰਦ ਸਿੰਘ ਵਡੇਰਾ ਸੀ.....

ਮੈਂ ਜ਼ਿਹਨੀ ਤੌਰ ’ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਤਾਬਦੀ (ਸਤਾਰ੍ਹਵੀਂ ਸਦੀ) ’ਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਗੁਰੂ ਸਾਹਿਬ ਨਾਲੋਂ ਕੋਈ ਵਡੇਰਾ ਵਿਅਕਤੀ ਨਹੀਂ ਦਿਸਦਾ। ਇੰਗਲੈਂਡ ਵਿਚ ਉਸ ਸਦੀ ਵਿਚ ਜਾਹਨ ਬਨੀਅਨ ਨੂੰ ਦੇਖਦਾ ਹਾਂ ਜਿਹੜਾ ਇਕ ਪੱਕਾ ਇਸਾਈ ਤੇ ਪੁਸਤਕ ‘ਦੀ ਪਿਲਗ੍ਰਿਮਜ਼ ਪ੍ਰੋਗਰੈਸ’ ਦਾ ਕਰਤਾ ਸੀ। ਬਨੀਅਨ ਵੱਡਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਉਸ ਨਾਲੋਂ ਵਡੇਰਾ ਸੀ। ਮੈਂ ਸਵੀਡਨ ਵਿਚ ਝਾਤ ਮਾਰਦਾ ਹਾਂ। ਉਥੇ ਸਤਾਰ੍ਹਵੀਂ ਸਦੀ ਦੀ ਇਕ ਸ਼ਕਤੀਸ਼ਾਲੀ ਸ਼ਖ਼ਸੀਅਤ ਚਾਰਲਿਸ ਬਾਰ੍ਹਵੇਂ ਨੂੰ ਮੈਂ ਵੇਖਦਾ ਹਾਂ। ਇਹ ਮਹਾਨ ਸਮਰਾਟ, ਇਕ ਮਹਾਨ ਸਿਪਾਹੀ ਸੀ। ਇਸੇ ਤਰ੍ਹਾਂ ਹੀ ਮਹਾਨ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਸੀ ਪਰ (ਇਸ) ਮਹਾਨ ਗੁਰੂ ਦੀ ਅਨੰਤ-ਸੁਰਤੀ ਸਵੀਡਨ ਦੇ ਸਮਰਾਟ ਦੀ ਸੋਝੀ ਤੋਂ ਦੁਰਾਡੀ ਗੱਲ ਸੀ। ਰੂਸ ਵਿਚ ਮੈਂ ਪੀਟਰੇ ਆਜ਼ਮ ਨੂੰ ਯੂਰਪ ਦੇ ਸਭ ਤੋਂ ਮਹਾਨ ਵਿਅਕਤੀਆਂ ਵਿੱਚੋਂ ਇਕ ਸਮਝਦਾ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਨੇ ਖਾਲਸਾ ਸਾਜਿਆ। ਇਹ ਇਕ ਲਾਸਾਨੀ ਜਥੇਬੰਦੀ ਸੀ, ਜਿਹੜੀ ਭਗਤੀ ਤੇ ਪ੍ਰੇਮੀ ਸਿੱਖਾਂ ਵਿੱਚੋਂ ਬਣਾਈ ਸੀ। ਹਰ ਇਕ ਸਿੱਖ ਸਿੰਘ (ਸ਼ੇਰ) ਵਿਚ ਬਦਲ ਗਿਆ। ਪੀਟਰ ਵੱਡਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਮ ਸੁਭਾ, ਸਭਿਆਚਾਰ ਤੇ ਰੂਹਾਨੀ ਸ਼ਕਤੀ ਵਿਚ ਵਡੇਰੇ ਸਨ।

ਮੈਂ ਫ਼ਰਾਂਸ ਵਲ ਮੁੜਦਾ ਹਾਂ, ਉਥੋਂ ਮੈਂ ਰੂਸੋ ਦੀ ਮਹਾਨ ਸ਼ਖ਼ਸੀਅਤ ਦੇਖਦਾ ਹਾਂ। ਮੈਂ ਉਸ ਨੂੰ ਅੱਜਕਲ੍ਹ ਦੇ ਲੋਕ-ਰਾਜਾਂ ਪਿੱਛੇ ਹਿਲਦੀ ਰੂਹ ਸਮਝਦਾ ਹਾਂ। ਰੂਸੋ ਵੱਡਾ ਸੀ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਵਡੇਰਾ ਸੀ। ਕਿਉਂਕਿ ਜਦੋਂ ਰੂਸੋ ‘ਅਜ਼ਾਦੀ’ ਭਰੱਪਣ ਤੇ ਬਰਾਬਰੀ ਦੀਆਂ ਗੱਲਾਂ ਕਰਦਾ ਸੀ, ਉਸ ਨੇ ਰੱਬ ਨੂੰ ਵਿੱਚੋਂ ਉਡਾ ਛੱਡਿਆ ਸੀ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰੱਬ ਅਤੇ ਮਨੁੱਖ ਦੇ ਪਿਆਰ ਵਿਚ ਸੁਤੰਤਰ ਖਾਲਸਾ ਰਾਜ ਬਣਾਇਆ। ਇਸ ਮਹਾਨ ਗੁਰੂ ਨੇ ਆਪਣੇ ਵਿਰੋਧੀ ਮਹਾਨ ਮੁਗ਼ਲ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਚਿੱਠੀ ਵਿਚ ਲਿਖਿਆ : “ਤੂੰ ਆਪਣੇ ਦੁਨਿਆਵੀ ਰਾਜ ਅਤੇ ਦੌਲਤ ਵਲ ਵੇਖਦਾ ਹੈਂ, ਮੈਂ ਪਰਮਾਤਮਾ ਦੇ ਅਮਰ ਰਾਜ ਵਲ ਵੇਖਦਾ ਹਾਂ”। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਰਤ ਨੂੰ ਅਗਾਂਹ ਧੱਕਣ ਵਾਲੀ ਸ਼ਕਤੀ ਸਨ। ਉਨ੍ਹਾਂ ਦੀ ਜ਼ਿੰਦਗੀ ਦੀ ਜੋਤਿ ਨੇ ਹਿੰਦੂ ਨਸਲ ਨੂੰ ਪ੍ਰਜ੍ਵਲਤ ਕਰ ਦਿੱਤਾ ਤੇ ਇਸ ਤਰ੍ਹਾਂ ਉਹ ਹਿੰਦੂ ਕੌਮ ਲਈ ਇਕ ਰਖਵਾਲਾ ਫ਼ਰਿਸ਼ਤਾ ਬਣ ਗਏ।

(1/1992)

www.sikhbookclub.com

'ਬੇ-ਕਸਾਂ ਰਾ ਯਾਰ' ਗੁਰੂ ਗੋਬਿੰਦ ਸਿੰਘ

ਸਿਫ਼ਤਾਂ ਦੇ ਸਾਗਰ, ਸਾਹਿਬੇ-ਕਮਾਲ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ ਕਰਨ ਲੱਗਿਆਂ ਸਾਡੀ ਹਾਲਤ ਉਸ ਬੁਲਬੁਲੇ ਵਾਂਗ ਹੈ, ਜਿਸ ਨੇ ਸਾਗਰ ਨੂੰ ਤੱਕਣ ਲਈ ਆਪਣਾ ਸਾਰਾ ਜਿਸਮ ਹੀ ਅੱਖ ਦੇ ਰੂਪ ਵਿਚ ਢਾਲ ਲਿਆ ਹੈ। ਤਾਂ ਵੀ ਉਹ ਵਿਸ਼ਾਲ ਸਾਗਰ ਤੱਕਣੋਂ ਅਸਮਰੱਥ ਹੈ। ਹੱਕ-ਹੱਕ-ਅੰਦੇਸ਼, ਬਾਦਸ਼ਾਹ-ਦਰਵੇਸ਼, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਵੀਹਵੀਂ ਸਦੀ ਦੇ ਮਹਾਨ ਸ਼ਾਇਰ ਮਿਰਜ਼ਾ ਅੱਲਾਹ ਯਾਰ ਖਾਂ ਜੋਗੀ ਜੀ ਸੱਚ ਹੀ ਆਖਦੇ ਨੇ :

ਹਰਚੰਦ ਮੇਰੇ ਹਾਥ ਮੇ ਪੁਰਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂ ਵਸਫ਼ ਕਹਾਂ ਤਾਬਿ-ਰਕਮ ਹੈ।
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਾਰ ਕੋ ਦੇਖੇ।
ਸਾਹਿਲ ਕੋ ਯਾ ਮੰਝਧਾਰ ਕੋ ਯਾ ਲਹਿਰ ਕੋ ਦੇਖੇ।

ਜਦੋਂ ਪਟਨਾ ਨਿਵਾਸੀ ਰਾਜਾ ਮੈਣੀ ਦੀ ਧਰਮ ਪਤਨੀ ਨੇ ਬਾਲ ਗੁਰੂ ਅੱਗੇ ਆਪਣੀ ਮੰਗ ਰੱਖੀ ਕਿ ਮੈਨੂੰ ਆਪ ਵਰਗਾ ਪੁੱਤਰ ਪ੍ਰਾਪਤ ਹੋਵੇ ਤਾਂ ਸਾਹਿਬ ਨੇ ਸੱਚ ਹੀ ਆਖਿਆ ਸੀ ਕਿ ਮੇਰੇ ਵਰਗਾ ਤਾਂ ਮੈਂ ਹੀ ਹਾਂ, ਮੈਨੂੰ ਹੀ ਆਪਣਾ ਪੁੱਤਰ ਸਮਝੋ। ਜੋਗੀ ਜੀ ਨੇ ਤਾਂ ਬਿਲਕੁਲ ਸਾਫ਼-ਸਾਫ਼ ਕਹਿ ਦਿੱਤਾ ਹੈ :

ਇਨਸਾਫ਼ ਕਰੇ ਜੀ ਮੇਂ ਜ਼ਮਾਨਾ, ਤੋ ਯਕੀਂ ਹੈ
ਕਹਿ ਦੇ, ਗੁਰੂ ਗੋਬਿੰਦ ਕਾ, ਸਾਨੀ ਹੀ ਨਹੀਂ ਹੈ।

ਜੇਕਰ ਪੰਡਿਤ ਸ਼ਿਵਦਤ ਨੂੰ ਗੁਰੂ ਜੀ ਰਾਮ ਰੂਪ ਲਗਦੇ ਨੇ ਤਾਂ ਪੀਰ ਬੁੱਧੂ ਸ਼ਾਹ ਨੂੰ ਨੂਰ-ਏ-ਇਲਾਹੀ ਨਜ਼ਰ ਆਉਂਦੇ ਹਨ। ਭੀਖਣ ਸ਼ਾਹ ਵਰਗੇ ਫ਼ਕੀਰ ਵੀ ਇਸ ਰਮਜ਼ ਨੂੰ ਸਮਝ ਲੈਂਦੇ ਹਨ ਕਿ ਇਹ ਪੈਗੰਬਰ ਤਾਂ ਸਭ ਦੇ ਸਿਰ 'ਤੇ ਰਹਿਮਤ ਦਾ ਹੱਥ ਧਰਨ ਵਾਲੇ ਨੇ।

ਸਾਗਰ ਵਰਗੀ ਵਿਸ਼ਾਲਤਾ, ਪ੍ਰਭੂ ਵਰਗੀ ਦਿਆਲਤਾ, ਸੂਰਜ ਵਰਗੇ ਤੇਜ, ਚੰਦ੍ਰਮਾਂ ਵਰਗੀ ਕੋਮਲਤਾ, ਬਾਦਸ਼ਾਹੀ ਜਲਾਲ ਤੇ ਦਰਵੇਸ਼ਾਂ ਦੇ ਕਮਾਲ, ਕਲਮ ਤੇ ਕ੍ਰਿਪਾਨ ਦੇ ਧਨੀ, ਦਿਲ ਦੇ ਗਨੀ, ਤੀਰੇ ਰਹਿਮਤ ਤੇ ਤੀਰ ਕਯਾਮਤ ਦੇ ਮਾਲਕ, ਸੰਤਾਂ ਦੇ ਉਧਾਰਕ ਤੇ ਦੁਸ਼ਟਾਂ ਦੇ ਸੰਘਾਰਕ, ਅਬਰਿ ਰਹਿਮਤ ਬਾਰ ਕਾਦਿਰੇ ਹਰ ਯਾਰ, ਬੇ-ਕਸਾਂ ਰਾ ਯਾਰ ਜਿਹੀਆਂ ਅਨੰਤ-ਬੇਅੰਤ ਵਡਿਆਈਆਂ ਵਿਚੋਂ ਜੋ ਸਤਿਗੁਰਾਂ ਵਲੋਂ ਨਿਵਾਜੇ ਅਜ਼ੀਮ ਸ਼ਾਇਰ ਸਿਦਕੀ ਸਿੱਖ, ਅਨਿੰਨ ਸੇਵਕ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਬੰਦਗੀ-ਨਾਮਾ ਰੂਪ ਵਿਚ ਗੁਰੂ ਸਾਹਿਬ ਸਨਮੁਖ ਨਜ਼ਰ ਕੀਤੀਆਂ ਤੇ ਉਹਨਾਂ ਨੂੰ ਸੁਣ ਕੇ ਜ਼ਿੰਦਗੀ-ਨਾਮਾ ਦਾ ਲਕਬ ਬਖ਼ਸ਼ਿਸ਼ ਕੀਤਾ, ਵਿਚੋਂ ਇਥੇ ਸਿਰਫ਼ ਇਕ ਹੀ ਵਡਿਆਈ 'ਬੇ-ਕਸਾਂ ਰਾ ਯਾਰ' ਭਾਵ ਅਨਾਥਾਂ ਦਾ ਸਹਾਇਕ, ਗਰੀਬ ਨਿਵਾਜ਼ ਰੂਪ ਨੂੰ ਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕਰਨ ਦਾ ਯਤਨ ਕਰ ਰਹੇ ਹਾਂ।

www.sikhbookclub.com

ਜਦੋਂ ਨੌਵੇਂ ਪਾਤਸ਼ਾਹ ਦੇ ਦਰਬਾਰ ਅੰਦਰ ਕਸ਼ਮੀਰ ਦੇ ਵਿਦਵਾਨ ਬ੍ਰਾਹਮਣ ਆਪਣੇ ਧਰਮ ਰਕਸ਼ਾ ਦੀ ਫ਼ਰਿਆਦ ਲੈ ਹਾਜ਼ਰ ਹੋਏ ਤੇ ਆਪਣੇ ਉੱਤੇ ਹੋ ਰਹੇ ਜ਼ੁਲਮ ਦੀ ਕਹਾਣੀ ਕਰੁਣਾਮਈ ਸ਼ਬਦਾਂ ਵਿਚ ਕਰੁਣਾਮਯ ਸਤਿਗੁਰਾਂ ਦੇ ਸਨਮੁਖ ਸੁਣਾਈ ਤੇ ਆਖਿਆ ਕਿ ਅਸੀਂ ਸਭ ਪਾਸ ਪੁਕਾਰ-ਪੁਕਾਰ ਕੇ ਥੱਕ ਗਏ ਹਾਂ ਤੇ ਆਖ਼ਰ ਗੁਰੂ ਨਾਨਕ ਦੇ ਦਰਬਾਰ ਹਾਜ਼ਰ ਹੋਏ ਹਾਂ। ਆਪ ਹੀ ਹੋ ਜੋ ਔਰੰਗਜ਼ੇਬ ਦੇ ਮੁਤੱਸਵ ਅਤੇ ਤੁਅੱਸਵ ਦੇ ਤੂਫ਼ਾਨ ਵਿਚ ਫਸੀ ਹਿੰਦੂ ਧਰਮ ਦੀ ਕਿਸ਼ਤੀ ਕਿਨਾਰੇ ਲਾ ਸਕਦੇ ਹੋ। ਗੁਰੂ ਜੀ ਦੇ ਇਹ ਕਹਿਣ 'ਤੇ ਕਿ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਨਾਲ ਹੀ ਹਿੰਦੂ ਧਰਮ ਬਚ ਸਕਦਾ ਹੈ, ਤਦੋਂ ਨੌਂ ਸਾਲ ਦੇ ਬਾਲ ਗੋਬਿੰਦ ਰਾਏ ਜੀ ਨੇ ਇਹ ਆਖਦਿਆਂ ਹੋਇਆਂ ਕੁਰਬਾਨੀ ਲਈ ਤੋਰ ਦਿੱਤਾ ਕਿ ਪਿਤਾ ਗੁਰਦੇਵ ! ਆਪ ਤੋਂ ਇਲਾਵਾ ਹੋਰ ਕਿਹੜਾ ਮਹਾਂਪੁਰਸ਼ ਹੋ ਸਕਦਾ ਹੈ, ਜੋ ਇਹਨਾਂ ਮਜ਼ਲੂਮਾਂ ਦੀ ਬਾਂਹ ਫੜੇ ? ਇੰਜ ਸਾਹਿਬੇ ਦੋ ਆਲਮ ਨੇ ਨੌਂ ਸਾਲ ਦੀ ਉਮਰੇ ਬੇ-ਕਸਾਂ ਤੇ ਬੇ-ਬਸਾਂ ਲਈ ਆਪਣੇ ਪਿਆਰੇ ਪਿਤਾ ਨੂੰ ਸ਼ਹਾਦਤ ਵਾਸਤੇ ਤੋਰਿਆ।

ਇਸ ਭਾਰਤ-ਭੂਮੀ ਉੱਤੇ ਹਿੰਦੂ ਧਰਮ ਦੇ ਚੌਥੇ ਵਰਣ, ਜਿਨ੍ਹਾਂ ਨੂੰ ਸ਼ੂਦਰ ਕਿਹਾ ਜਾਂਦਾ ਹੈ, ਤੋਂ ਵੱਧ ਕੇ ਬੇ-ਬਸ, ਬੇ-ਕਸ ਤੇ ਬੇਚਾਰਾ ਕੌਣ ਹੋ ਸਕਦਾ ਜੋ ਆਪਣੇ ਹੀ ਧਰਮ-ਭਰਾਵਾਂ ਦੇ ਜ਼ੁਲਮਾਂ ਤੇ ਵਿਤਕਰਿਆਂ ਕਾਰਨ ਪਸ਼ੂਆਂ ਤੋਂ ਵੀ ਬਦਤਰ ਜੀਵਨ ਜੀ ਰਿਹਾ ਸੀ। ਉਸ ਦੀ ਹਾਲਤ ਇਹ ਸੀ ਕਿ ਉਸ ਦਾ ਤਾਂ ਪ੍ਰਛਾਵਾਂ ਵੀ ਅਪਵਿੱਤਰ ਮੰਨਿਆ ਜਾਂਦਾ ਸੀ, ਲੇਕਿਨ ਸੂਤਕ ਦੀ ਅਪਵਿੱਤਰਤਾ ਗਊ ਦੇ ਗੋਹੇ ਔਰ ਮੂਤਰ ਨੂੰ ਪੀ ਕੇ ਦੂਰ ਕੀਤੀ ਜਾਂਦੀ, ਪਰ ਸ਼ੂਦਰ ਲਈ ਵੇਦ ਮੰਤਰਾਂ ਦਾ ਸੁਣਨਾ ਤੇ ਪੜ੍ਹਨਾ ਏਨਾ ਅਪਰਾਧ ਮੰਨਿਆ ਜਾਂਦਾ ਸੀ ਕਿ ਅਜਿਹਾ ਕਰਨ 'ਤੇ ਉਸ ਦੇ ਕੰਨਾਂ 'ਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਂਦਾ ਤੇ ਬੋਲਣ 'ਤੇ ਜੀਭ ਗਰਮ ਲੋਹੇ ਨਾਲ ਦਾਗ਼ ਦਿੱਤੀ ਜਾਂਦੀ ਸੀ। ਗੱਲ ਕੀ ਪੜ੍ਹਨ-ਲਿਖਣ, ਅੱਛਾ ਖਾਣ-ਪੀਣ, ਪਹਿਨਣ ਤੇ ਇਥੋਂ ਤਕ ਕਿ ਪ੍ਰਭੂ ਭਗਤੀ ਕਰਨ 'ਤੇ ਵੀ ਪਾਬੰਦੀ ਲੱਗੀ ਹੋਈ ਸੀ। ਬੇ-ਕਸਾਂ ਦੇ ਯਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ 'ਤੇ ਜਿਨ੍ਹਾਂ ਮਰਜੀਵੜਿਆਂ ਨੂੰ ਸਿਰ ਭੇਟ ਕਰਨ 'ਤੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਅਮਰ ਜੀਵਨ ਬਖ਼ਸ਼ਿਆ, ਉਹਨਾਂ ਪੰਜਾਂ ਵਿਚੋਂ ਤਿੰਨ ਅਖੌਤੀ ਨੀਵੀਆਂ ਜਾਤੀਆਂ ਵਿਚੋਂ ਸਨ ਤੇ ਜਦੋਂ ਰਵਾਲਸਰ ਦੇ ਅਸਥਾਨ 'ਤੇ ਸਤਿਗੁਰਾਂ ਸਮੂਹ ਪਹਾੜੀ ਖੱਤਰੀ-ਰਾਜਪੂਤ ਰਾਜਿਆਂ ਨੂੰ ਔਰੰਗੇਬਜ਼ ਦੇ ਜ਼ੁਲਮਾਂ ਦਾ ਅੰਤ ਕਰਨ ਲਈ ਖਾਲਸਾ-ਪੰਥ ਦੇ ਪਰਚਮ ਥੱਲੇ ਇਕੱਤਰ ਹੋਣ ਲਈ ਕਿਹਾ ਤਾਂ ਪਹਾੜੀ ਰਾਜਿਆਂ ਦੇ ਪ੍ਰੋਹਤ ਵਲੋਂ ਇਹ ਕਹਿਣ 'ਤੇ ਕਿ ਤੁਸੀਂ ਇਨ੍ਹਾਂ ਸ਼ੂਦਰਾਂ ਨੂੰ ਕੱਢ ਦਿਓ, ਅਸੀਂ ਤੁਹਾਡੇ ਪੰਥ ਵਿਚ ਸ਼ਾਮਲ ਹੋ ਜਾਂਦੇ ਹਾਂ ਤਾਂ ਗ਼ਰੀਬ ਨਿਵਾਜ ਦਾਤਾਰ ਪਾਤਸ਼ਾਹ ਨੇ ਆਖਿਆ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥

ਬੇ-ਕਸਾਂ ਦਾ ਯਾਰ ਬਣ ਕੇ ਕਿਵੇਂ ਗ਼ਰੀਬ ਨਿਵਾਜੀ ਕੀਤੀ ਹੈ ? ਮੂੰਹੋਂ ਸਹਿਜ ਸੁਭਾਅ ਹੀ ਭਗਤ ਰਵਿਦਾਸ ਜੀ ਦੇ ਬਚਨ ਨਿਕਲ ਜਾਂਦੇ ਹਨ :

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥**

(ਪੰਨਾ ੧੧੦੬)

www.sikhbookclub.com

ਬੇਸ਼ਕ ਉਹਨਾਂ ਜਾਤ ਅਭਿਮਾਨੀ ਪਹਾੜੀ ਰਾਜਿਆਂ ਨੇ ਕਈ ਵਾਰ ਗੁਰੂ ਜੀ 'ਤੇ ਹਮਲੇ ਕੀਤੇ ਪਰ ਸਤਿਗੁਰਾਂ ਇਹਨਾਂ ਸ਼ੂਦਰਾਂ ਨੂੰ ਸਰਦਾਰੀ ਦੀਆਂ ਬਖ਼ਸ਼ਿਸ਼ਾਂ ਨਾਲ ਨਿਵਾਜਦੇ ਹੋਏ ਕਿਹਾ :

ਜਿਨ ਕੀ ਜਾਤ ਔਰ ਕੁਲ ਮਾਹੀਂ।
ਸਰਦਾਰੀ ਨਹ ਭਈ ਕਦਾਹੀਂ।
ਇਨਹੀ ਕੋ ਸਰਦਾਰ ਬਨਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਜਦੋਂ ਔਰੰਗਜ਼ੇਬ ਦਾ ਪੁੱਤਰ ਬੇ-ਕਸ ਤੇ ਬੇ-ਬਸ ਹੋ ਕਲਗੀਧਰ ਪਾਤਸ਼ਾਹ ਦੀ ਸ਼ਰਨ ਵਿਚ ਆਇਆ ਤਾਂ ਸ਼ਾਹੇ-ਸ਼ਹਿਨਸ਼ਾਹ ਨੇ ਉਸ ਨੂੰ ਵੀ ਦਿੱਲੀ ਦਾ ਤਖ਼ਤ ਦਿਵਾਉਣ ਲਈ ਮਦਦ ਦੇ ਕੇ, ਬੇ-ਕਸਾਂ ਰਾ ਯਾਰ, ਦੀ ਵਡਿਆਈ ਨੂੰ ਵਡੱਪਣ ਬਖ਼ਸ਼ਿਆ।

ਭਾਵ : ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਬਿਲਕੁਲ ਸੱਚ ਸੱਚ ਕਿਹਾ ਹੈ ਕਿ :

ਕਾਦਿਰੇ ਹਰ ਕਾਰ ਗੁਰੂ ਗੋਬਿੰਦ ਸਿੰਘ।
ਬੇ-ਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ।

(5/1994)

www.sikhbookclub.com

ਸਾਹਿਬ-ਇ-ਕਮਾਲ ਗੁਰੂ ਗੋਬਿੰਦ ਸਿੰਘ ਜੀ

ਸਤਾਰ੍ਹਵੀਂ ਸਦੀ ਦੇ ਅੱਧ ਤੋਂ ਬਾਅਦ, ਜਦੋਂ ਮੁਗ਼ਲ ਸਾਮਰਾਜ ਦੁਆਰਾ ਭਾਰਤੀ ਜਨਤਾ, ਵਿਸ਼ੇਸ਼ ਤੌਰ 'ਤੇ ਹਿੰਦੂ ਜਾਤੀ ਦੀਆਂ ਰਾਜਸੀ, ਸਭਿਆਚਾਰਕ, ਆਰਥਿਕ ਤੇ ਧਾਰਮਿਕ ਮਾਨਤਾਵਾਂ ਨੂੰ ਰਸਾਤਲ ਤਕ ਪਹੁੰਚਾ ਦਿੱਤਾ ਗਿਆ ਸੀ, ਇਕ 'ਸਾਹਿਬ-ਇ-ਕਮਾਲ' ਦਾ ਪ੍ਰਕਾਸ਼ (ਸੰਨ 1666 ਈ:) ਵਿਚ ਹੋਇਆ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਮਾਨਵੀ-ਧਰਮ ਨੂੰ ਅੰਤਮ ਤਰਬੀਅਤ ਦਿੱਤੀ। ਇਸ 'ਅਗੰਮੜੇ ਮਰਦ' ਨੇ ਮਾਨਵੀ ਹੱਕਾਂ ਦੀ ਰਾਖੀ ਲਈ ਬਚਪਨ ਵਿਚ ਤੀਰ-ਅੰਦਾਜ਼ੀ ਸਿੱਖੀ, ਤਲਵਾਰ ਤੇ ਬੰਦੂਕਾਂ ਦੀ ਮਾਹਰੀਅਤ ਹਾਸਿਲ ਕੀਤੀ, ਮਜ਼ਲੂਮਾਂ ਦੀ ਰੱਖਿਆ ਖ਼ਾਤਰ ਉਸ ਨੇ ਆਪਣਾ ਸਾਰਾ ਸਰਬੰਸ ਨਿਛਾਵਰ ਕਰ ਦਿੱਤਾ।

> "ਇਸ ਅਦੁੱਤੀ ਪ੍ਰਤਿਭਾ ਵਾਲੀ ਸ਼ਖ਼ਸੀਅਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ, ਪਟਨੇ ਵਿਚ ਪ੍ਰਗਟ ਹੋ ਕੇ ਸਦੀਆਂ ਤੋਂ ਸੁੱਤੀ ਪਈ ਕੌਮ ਨੂੰ ਹਿਲੂਣ ਕੇ ਆਪਣੀ ਅਸਲੀਅਤ ਦਾ ਗਿਆਨ ਕਰਵਾਇਆ। ਖਾਲਸੇ ਦੀ ਸਥਾਪਨਾ ਕਰ ਕੇ ਉਨ੍ਹਾਂ ਨੇ ਇਕ ਨਵੀਂ ਕੌਮ ਬਣਾ ਦਿੱਤੀ ਅਤੇ ਭਾਰਤ ਦੇ ਇਤਿਹਾਸ ਵਿਚ ਇਕ ਨਵੀਂ ਮਹਾਨ ਸ਼ਕਤੀ ਦੀ ਸਿਰਜਣਾ ਕੀਤੀ।"

(ਡਾ: ਇੰਦੂ ਭੂਸ਼ਨ ਬੈਨਰਜੀ, ਐਵੋਲਿਊਸ਼ਨ ਆਫ਼ ਦੀ ਖਾਲਸਾ, ਭਾਗ ਦੂਜਾ, ਪੰਨਾ ੧੫੯)

ਕੇਵਲ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਇਸ ਮਹਾਨ ਸੰਤ ਸਿਪਾਹੀ ਨੇ ਕਈ ਜੁਗਾਂ ਦਾ ਕੰਮ ਮੁਕਾ ਦਿੱਤਾ। ਆਪ ਦੀ ਠਾਠ ਬਾਦਸ਼ਾਹਾਂ ਵਾਲੀ ਅਤੇ ਮੌਜ ਦਰਵੇਸ਼ਾਂ ਵਾਲੀ ਸੀ।

ਆਪਣੇ ਧਰਮ ਲਈ ਜਾਂ ਨਿੱਜੀ ਸੁਆਰਥ ਲਈ ਆਪਾ ਵਾਰਨ ਵਾਲਿਆਂ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ, ਪਰ ਦੂਜੇ ਧਰਮ (ਹਿੰਦੂ ਧਰਮ) ਦੀ ਰੱਖਿਆ ਲਈ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਤਮ-ਬਲੀਦਾਨ ਲਈ ਤੋਰ ਦੇਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕਮਾਲ ਸੀ।

ਇਸਲਾਮੀ ਰਾਜ ਪ੍ਰਬੰਧ ਦੇ ਅਧੀਨ ਹਿੰਦੂ ਧਰਮ ਨਾਲ ਸੰਬੰਧਤ ਲੋਕਾਂ ਨੂੰ ਨੰਬਰ ਦੋ ਦੇ ਨਾਗਰਿਕ ਸਮਝਿਆ ਜਾਂਦਾ ਸੀ ਅਤੇ ਮੁਸਲਮਾਨਾਂ ਦੇ ਬਰਾਬਰ ਉਨ੍ਹਾਂ ਨੂੰ ਕਦੇ ਵੀ ਸ਼ਹਿਰੀ ਹੱਕ ਪ੍ਰਾਪਤ ਨਹੀਂ ਸਨ ਹੋਏ।

> "ਇਸਲਾਮੀ ਰਾਜ ਦੇ ਸਿਧਾਂਤ ਅਨੁਸਾਰ, ਮੁਸਲਿਮ ਸ਼ਾਸਕ ਦਾ ਸਭ ਤੋਂ ਵੱਡਾ ਮਹੱਤਵ ਇਸਲਾਮ-ਵਿਰੋਧੀ-ਦੇਸ਼ਾਂ ਵਿਰੁੱਧ ਜਹਾਦ ਕਰਨਾ, ਉਨ੍ਹਾਂ ਨੂੰ ਇਸਲਾਮੀ ਸਲਤਨਤ ਵਿਚ ਮਿਲਾਉਣਾ ਤੇ ਉਥੋਂ ਦੇ ਲੋਕਾਂ ਨੂੰ ਇਸਲਾਮ ਧਾਰਨ ਕਰਵਾਉਣਾ ਸੀ।"

(ਜਾਦੂ ਨਾਥ ਸਰਕਾਰ, ਹਿਸਟਰੀ ਆਫ਼ ਔਰੰਗਜ਼ੇਬ, ਭਾਗ ੩, ਪੰਨਾ ੨੪੯)

www.sikhbookclub.com

ਇਸੇ ਲਈ ਔਰੰਗਜ਼ੇਬ 'ਦਾਰ-ਉਲ-ਹਰਬ' (ਕਾਫ਼ਰਾਂ ਦੀ ਧਰਤੀ) ਨੂੰ 'ਦਾਰ-ਉਲ-ਇਸਲਾਮ' (ਇਸਲਾਮ ਦੀ ਧਰਤੀ) ਵਿਚ ਬਦਲਣਾ ਚਾਹੁੰਦਾ ਸੀ।

ਐਸ. ਆਰ. ਸ਼ਰਮਾ ਅਨੁਸਾਰ, "ਉਸ ਨੇ ਗ਼ੈਰ ਮੁਸਲਿਮ ਪਰਜਾ, ਵਿਸ਼ੇਸ਼ ਤੌਰ 'ਤੇ ਹਿੰਦੂਆਂ ਨੂੰ ਇਸਲਾਮ ਵਿਚ ਲਿਆਉਣ ਲਈ ਹਰ ਸੰਭਵ ਢੰਗ ਅਪਣਾਏ।"

(ਰਿਲੇਜਸ ਪਾਲਿਸੀ ਆਫ਼ ਦੀ ਮੁਗ਼ਲ ਐਮਪਾਇਰਜ਼, ਪੰਨਾ ੧੬੨)

ਉਨ੍ਹਾਂ ਦੇ ਮੰਦਰ ਢਾਹ ਕੇ ਉਨ੍ਹਾਂ ਸਥਾਨਾਂ 'ਤੇ ਹੀ ਮਸਜਿਦਾਂ ਉਸਾਰੀਆਂ ਗਈਆਂ। ਮੂਰਤੀਆਂ ਦਾ ਅਪਮਾਨ ਉਨ੍ਹਾਂ ਦੀ ਹਾਜ਼ਰੀ ਵਿਚ ਕੀਤਾ ਜਾਂਦਾ ਰਿਹਾ।

ਮੁਸਲਮਾਨਾਂ ਦੇ ਮੁਕਾਬਲੇ ਵਿਚ ਉਨ੍ਹਾਂ ਪਾਸੋਂ ਵਧੇਰੇ ਚੁੰਗੀ-ਕਰ ਵਸੂਲ ਕਰਨਾ, ਹਿੰਦੂ ਤਿਉਹਾਰਾਂ 'ਤੇ ਪਾਬੰਦੀ, ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿੱਚੋਂ ਕੱਢ ਦੇਣ, ਜਜ਼ੀਆ ਟੈਕਸ ਲੈਣਾ ਆਦਿ ਹਿੰਦੂ ਪਰਜਾ ਨੂੰ ਅਪਮਾਨਤ ਕਰਨ ਲਈ ਕਾਫ਼ੀ ਤਕੜੇ ਹਥਿਆਰ ਸਨ।

ਮਨੂਚੀ ਦੇ ਕਥਨ ਅਨੁਸਾਰ, "ਬਹੁਤ ਸਾਰੇ ਹਿੰਦੂ ਜੋ ਜਜ਼ੀਆ ਟੈਕਸ ਨਹੀਂ ਦੇ ਸਕਦੇ ਸਨ, ਇਸ ਟੈਕਸ ਦੀ ਵਸੂਲੀ ਕਰਨ ਵਾਲੇ ਅਫ਼ਸਰਾਂ ਦੇ ਅਪਮਾਨ ਤੋਂ ਡਰਦੇ ਮੁਸਲਮਾਨ ਬਣ ਗਏ।"

(ਹਵਾਲਾ···ਆਸ਼ੀਰਵਾਦੀ ਲਾਲ ਸ੍ਰੀਵਾਸਤਵ, ਦੀ ਮੁਗ਼ਲ ਐਮਪਾਇਰ, ਪੰਨਾ ੩੪੧)

"ਔਰੰਗਜ਼ੇਬ ਦੀ ਇਸ ਕੱਟੜ ਨੀਤੀ ਦੇ ਫਲ-ਸਰੂਪ, ਰਾਜਿਸਥਾਨ ਦੇ ਸਤਿਨਾਮੀਆਂ, ਮਹਾਰਾਸ਼ਟਰ ਦੇ ਮਰਾਠਿਆਂ ਅਤੇ ਪੰਜਾਬ ਵਿਚ ਸਿੱਖਾਂ ਨੇ ਬਗ਼ਾਵਤ ਕੀਤੀ।"

(ਸਟੇਨਲੀ ਲੇਨਪੂਲ, ਹਿਸਟਰੀ ਆਫ਼ ਔਰੰਗਜ਼ੇਬ, ਪੰਨਾ ੧੫੭)

ਅਜਿਹੀਆਂ ਡਾਵਾਂ-ਡੋਲ ਰਾਜਨੀਤਕ ਪਰਸਥਿਤੀਆਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਪੂਰਨ ਸੰਤ ਸਿਪਾਹੀ ਬਣਾਉਣ ਦਾ ਨਿਸ਼ਚੈ ਕੀਤਾ। ਸਤਿਕਾਰਯੋਗ ਗੁਰੂ ਪਿਤਾ ਜੀ ਦੀ ਅਦੁੱਤੀ ਕੁਰਬਾਨੀ ਉਪ੍ਰੰਤ ਆਪ ਨੇ ਸਿੱਖਾਂ ਨੂੰ ਘੋੜੇ ਤੇ ਸ਼ਸਤਰ ਇਕੱਠੇ ਕਰਨ ਲਈ ਹੁਕਮ ਕੀਤਾ।

ਡਾ: ਗੋਕਲ ਚੰਦ ਨਾਰੰਗ ਅਨੁਸਾਰ, "ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅੱਗ ਦਾ ਸੋਹਲਾ ਸਾਬਤ ਹੋਈ। ਇਸ ਸ਼ਹੀਦੀ ਨੂੰ ਹਿੰਦੂਆਂ ਨੇ ਆਪਣੇ ਲਈ ਹੋਈ ਮੰਨ ਲਿਆ ਤੇ ਸਾਰਾ ਪੰਜਾਬ ਗੁੱਸੇ ਤੇ ਬਦਲੇ ਦੀ ਅੱਗ ਵਿਚ ਭੜਕ ਉਠਿਆ।"

(ਟਰਾਂਸਫ਼ਾਰਮੇਸ਼ਨ ਆਫ਼ ਸਿਖਿਜ਼ਮ, ਪੰਨਾ ੧੧੬)

"ਅਸਲ ਵਿਚ ਇਸ ਸ਼ਹਾਦਤ ਨੇ ਮਜਬੂਰ ਕਰ ਦਿੱਤਾ ਕਿ ਸਿੱਖ ਕੌਮ ਪੂਰਨ ਤੌਰ 'ਤੇ ਸ਼ਸਤਰ-ਬੱਧ ਹੋਵੇ।"

(ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਪੰਨਾ ੨੬੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਦੀ ਰੱਖਿਆ ਲਈ ਅਤੇ ਸਵੈ-ਮਾਨਤਾ ਨਾਲ ਜੀਉਣ ਹਿੱਤ ਆਤਮ ਰੱਖਿਆ ਲਈ ਅਤਿਆਚਾਰੀ ਮੁਗ਼ਲ ਸਾਮਰਾਜ ਵਿਰੁੱਧ ਲੋਹਾ ਲੈਣ ਲਈ ਦ੍ਰਿੜ੍ਹਤਾ ਪ੍ਰਗਟ ਕਰਦਿਆਂ ਫ਼ੁਰਮਾਇਆ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥ *(ਜ਼ਫ਼ਰਨਾਮਾ)*

www.sikhbookclub.com

ਭਾਵ—ਜਦੋਂ ਸ਼ਾਂਤੀ ਦੇ ਸਾਰੇ ਹੀਲੇ ਸਮਾਪਤ ਹੋ ਜਾਣ ਤਾਂ ਤਲਵਾਰ ਦੀ ਮੁੱਠ 'ਤੇ ਹੱਥ ਰੱਖਣਾ ਜਾਇਜ਼ ਹੈ।

ਆਤਮ-ਵਿਸ਼ਵਾਸੀ, ਸੁਤੰਤਰਤਾ ਪ੍ਰੇਮੀ, ਦੂਰ-ਦਰਸ਼ੀ, ਦੇਸ਼-ਭਗਤ, ਨਿਰਭੈ ਅਤੇ ਕ੍ਰਾਂਤੀਕਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਛਕਾ ਕੇ ਪੰਜ-ਕਕਾਰੀ ਖਾਲਸੇ ਦੀ ਸਿਰਜਣਾ ਕੀਤੀ, ਜੋ ਇਕ ਕਮਾਲ ਦੀ ਇਤਿਹਾਸਕ ਘਟਨਾ ਹੈ। ਕੌਮ ਦੀ ਕਾਇਆ-ਕਲਪ ਹੋ ਗਈ। ਕਥਿਤ ਨਿਮਨ ਵਰਗਾਂ ਤੇ ਜਾਤੀਆਂ ਦੇ ਲੋਕ ਜਿਨ੍ਹਾਂ ਨੇ ਕਦੇ ਤਲਵਾਰ ਦੇ ਦਰਸ਼ਨ ਨਹੀਂ ਕੀਤੇ ਸਨ, ਹੁਣ ਵੀਰ-ਸਿਪਾਹੀਆਂ ਵਿਚ ਬਦਲ ਗਏ। ਅੰਮ੍ਰਿਤ ਨੇ ਮੁਰਦਾ ਦਿਲਾਂ ਵਿਚ ਜਾਨ ਪਾ ਦਿੱਤੀ ਤੇ ਡਰਪੋਕਾਂ ਨੂੰ ਬਹਾਦਰ ਬਣਾ ਦਿੱਤਾ। ਸਾਂਝੇ ਬਾਟੇ ਵਿਚ ਅੰਮ੍ਰਿਤ ਛਕਣ ਨਾਲ ਸ਼ਕਤੀ-ਸ਼ਾਲੀ ਭਾਈਚਾਰੇ ਦੀ ਭਾਵਨਾ ਪੈਦਾ ਹੋਈ, ਊਚ-ਨੀਚ ਦੇ ਭੇਦ-ਭਾਵਾਂ ਦਾ ਖ਼ਾਤਮਾ ਹੋ ਗਿਆ।

ਜੇ. ਡੀ. ਕਨਿੰਘਮ ਅਨੁਸਾਰ, "ਗੁਰੂ ਗੋਬਿੰਦ ਸਿੰਘ ਜੀ ਨੇ ਹਾਰੇ ਹੋਏ ਲੋਕਾਂ ਦੀ ਸ਼ਕਤੀ ਨੂੰ ਜਗਾ ਦਿੱਤਾ ਅਤੇ ਉਨ੍ਹਾਂ ਅੰਦਰ ਸਮਾਜਿਕ ਸੁਤੰਤਰਤਾ ਅਤੇ ਰਾਸ਼ਟਰੀ ਮਾਣ ਦੀਆਂ ਉੱਚੀਆਂ ਭਾਵਨਾਵਾਂ ਪੈਦਾ ਕਰ ਦਿੱਤੀਆਂ।"

(ਹਿਸਟਰੀ ਆਫ਼ ਦੀ ਸਿੱਖਜ਼, ਪੰਨਾ ੮੪)

ਨਿਰਭੈ ਤੇ ਮਹਾਂਬਲੀ ਸਤਿਗੁਰੂ ਜੀ ਨੇ ਧਰਮ ਯੁੱਧ ਕਰਦਿਆਂ ਆਪਣੀ ਜਿੱਤ ਵਿਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਸੱਚਾਈ ਦੀ ਖ਼ਾਤਿਰ ਰਣ-ਭੂਮੀ ਵਿਚ ਸ਼ਹੀਦ ਹੋ ਜਾਣ ਲਈ ਵਾਹਿਗੁਰੂ ਪਾਸੋਂ ਵਰਦਾਨ ਮੰਗਿਆ :

ਦੇਹ ਸਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨਾ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌਂ,
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿੱਤਰ)

ਖੰਡੇ ਦੀ ਪਾਹੁਲ ਸਦਕਾ ਖਾਲਸੇ ਦਾ ਤਪ ਤੇਜ ਵਧ ਗਿਆ :

ਦੇ ਖੰਡੇ ਕੀ ਪਾਹੁਲ ਤੇਜ ਬਢਾਇਆ।

(ਕਵੀ ਸੈਨਾਪਤਿ, ਗੁਰੁ ਸੋਭਾ)

ਇਕ ਇਕ ਸਿੰਘ ਸਵਾ ਸਵਾ ਲਖ ਵੈਰੀ 'ਤੇ ਹਾਵੀ ਹੋ ਨਿਬੜਿਆ।

ਗੁਰੂ ਜੀ ਦੇ ਜੀਵਨ ਦਾ ਹਰ ਕਰਮ ਕਮਾਲ ਸੀ। ਆਪ ਨੇ ਬਾਕੀ ਧਰਮਾਂ ਦੇ ਅਨੁਯਾਈਆਂ ਨਾਲੋਂ ਆਪਣੇ ਖਾਲਸੇ ਨੂੰ ਵਿਲੱਖਣਤਾ ਬਖ਼ਸ਼ਿਸ਼ ਕੀਤੀ। ਪੰਜ ਕੱਕਿਆਂ ਦੀ ਬਾਹਰੀ ਰਹਿਤ (ਕੇਸ, ਕੰਘਾ, ਕੜਾ, ਕਛਹਿਰਾ ਤੇ ਕ੍ਰਿਪਾਨ), ਨੈਤਿਕਤਾ ਉਦਿਆਉਣ ਲਈ ਨਿਤਨੇਮ ਦੀਆਂ ਬਾਣੀਆਂ ਦੀ ਆਂਤ੍ਰਿਕ ਰਹਿਤ (ਜਪੁ ਜੀ, ਜਾਪੁ, ਸਵੈਯੇ, ਰਹਿਰਾਸ ਤੇ ਕੀਰਤਨ ਸੋਹਿਲਾ) ਦੇ ਧਾਰਨੀ ਕੀਤਾ।

www.sikhbookclub.com

ਆਪ ਨੇ ਕੇਸਾਂ ਦੀ ਬੇਅਦਬੀ, ਕੁੱਠਾ ਖਾਣ, ਪਰ-ਇਸਤਰੀ ਜਾਂ ਪਰ-ਪੁਰਸ਼ ਭੋਗਣ ਅਤੇ ਤਮਾਕੂ ਦੀ ਵਰਤੋਂ ਕਰਨ ਤੋਂ ਵਰਜਿਆ। ਰਹਿਤਵਾਨ ਖਾਲਸੇ ਨੂੰ ਗੁਰੂ ਜੀ ਨੇ ਆਪਣੀ ਸਾਰੀ ਸ਼ਕਤੀ ਦੇਣ ਦਾ ਵਚਨ ਕੀਤਾ ਪਰ ਇਸ ਦੇ ਉਲਟ ਕੁਰਹਿਤੀਏ ਲਈ ਕਰੜੇ ਸ਼ਬਦਾਂ ਦੀ ਵਰਤੋਂ ਕੀਤੀ :

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤ ॥
ਮੈ ਨਾ ਕਰੋਂ ਇਨ ਕੀ ਪ੍ਰਤੀਤ ॥

(ਸਰਬ ਲੋਹ ਗ੍ਰੰਥ)

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪ੍ਰੰਤ ਖਾਲਸਾ ਮੂਰਤੀਮਾਨ ਕਰ ਕੇ ਉਨ੍ਹਾਂ ਪੰਜ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕਣਾ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਜੀਬ ਕਮਾਲ ਸੀ। ਚੇਲੇ ਗੁਰੂ ਬਣ ਗਏ ਤੇ ਗੁਰੂ ਚੇਲਾ। ਇਸ ਲਈ ਆਪ ਨੂੰ 'ਆਪੇ ਗੁਰੁ ਚੇਲਾ' (ਭਾਈ ਗੁਰਦਾਸ ਸਿੰਘ ਜੀ ਅਨੁਸਾਰ) ਕਿਹਾ ਜਾਂਦਾ ਹੈ। ਆਪ ਜੀ ਨੇ ਸ਼ਖ਼ਸੀ ਰਾਜ ਦੀ ਥਾਂ ਪੰਚਾਇਤੀ ਰਾਜ ਦੀ ਲੀਹ ਤੋਰੀ।

ਸਾਹਿਬ-ਇ-ਕਮਾਲ ਨੇ 'ਪੂਜਾ ਅਕਾਲ ਕੀ', 'ਪਰਚਾ ਸ਼ਬਦ ਕਾ' ਅਤੇ 'ਦੀਦਾਰ ਖਾਲਸੇ ਕਾ' ਨੂੰ ਸਿੱਖੀ ਦਾ ਅਧਾਰ ਬਣਾਇਆ। 'ਧਰਮ ਦੀ ਕਿਰਤ', 'ਨਾਮ ਜਪਣਾ' ਅਤੇ 'ਵੰਡ ਛਕਣਾ' ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਸਿੱਖੀ ਦੇ ਮੁਖ ਅੰਗ ਮੰਨੇ ਗਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਨ ਕਵੀ ਸਨ। ਆਪ ਕਵੀਆਂ ਦੇ ਕਦਰਦਾਨ ਵੀ ਸਨ। ਆਪ ਦੇ ਦਰਬਾਰ ਵਿਚ 52 ਕਵੀ ਸਨ, ਜੋ ਵੱਖ-ਵੱਖ ਭਾਸ਼ਾਵਾਂ ਦੇ ਵਿਦਵਾਨ ਸਨ, ਜਿਨ੍ਹਾਂ ਨੇ ਬਹੁਮੁਲੀ ਰਚਨਾ ਕੀਤੀ। ਗੁਰੂ ਜੀ ਦੁਆਰਾ ਰਚਿਤ ਬਾਣੀ 'ਦਸਮ ਗ੍ਰੰਥ' ਵਿਚ ਦਰਜ ਹੈ। ਆਪ ਪੰਜਾਬੀ, ਹਿੰਦੀ, ਬ੍ਰਿਜ ਭਾਸ਼ਾ, ਫ਼ਾਰਸੀ ਤੇ ਸੰਸਕ੍ਰਿਤੀ ਭਾਸ਼ਾਵਾਂ ਵਿਚ ਮਾਹਰ ਸਨ। ਆਪ ਨੇ ਵਧੇਰੇ ਰਚਨਾ ਬ੍ਰਿਜ ਭਾਸ਼ਾ ਵਿਚ ਕੀਤੀ। ਫ਼ਾਰਸੀ ਵਿਚ ਆਪ ਨੇ 'ਜ਼ਫ਼ਰਨਾਮਾ' ਨਾਮਕ ਕਾਵਿ-ਰਚਨਾ ਔਰੰਗਜ਼ੇਬ ਨੂੰ ਭੇਜੀ, ਜਿਸ ਵਿਚ ਉਸ ਦੀਆਂ ਕਰਤੂਤਾਂ ਅਤੇ ਉਸ ਦੇ ਕਰਮਚਾਰੀਆਂ ਦੁਆਰਾ ਬੇਦੋਸ਼ੇ ਸਿੰਘਾਂ ਅਤੇ ਨਿਹੱਥੀ ਜਨਤਾ ਉਪਰ ਢਾਹੇ ਗਏ ਅੱਤਿਆਚਾਰਾਂ ਨੂੰ ਨੰਗਿਆਂ ਕੀਤਾ ਗਿਆ ਹੈ। ਪੰਜਾਬੀ ਵਿਚ ਗੁਰੂ ਜੀ ਦੀ ਪ੍ਰਸਿੱਧ ਰਚਨਾ 'ਚੰਡੀ ਦੀ ਵਾਰ' ਹੈ ਜੋ ਪੰਜਾਬ-ਵਾਰ-ਸਾਹਿਤ ਵਿਚ ਆਪਣਾ ਨਿਵੇਕਲਾ ਤੇ ਵਿਸ਼ੇਸ਼ ਸਥਾਨ ਰੱਖਦੀ ਹੈ। ਗੁਰੂ ਜੀ ਦੁਆਰਾ ਰਚਿਤ ਸਾਹਿਤ ਦਾ ਮੁਖ ਮੰਤਵ ਆਪਣੇ ਸਿੱਖਾਂ ਵਿਚ ਨਵਾਂ ਜੀਵਨ ਸੰਚਾਰ ਕਰਨਾ ਅਤੇ ਅਨ੍ਹਿਆਂ ਵਿਰੁੱਧ ਲੜਨ ਲਈ ਤਿਆਰ ਕਰਨਾ ਸੀ।

ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਨਾਲ ਲੋਹਾ ਲੈਂਦਿਆਂ ਭੰਗਾਣੀ, ਨਦੌਣ, ਅਨੰਦਪੁਰ, ਚਮਕੌਰ ਤੇ ਮੁਕਤਸਰ ਦੇ ਯੁੱਧ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਅਨੰਦਪੁਰ ਦਾ ਕਿਲ੍ਹਾ ਛੱਡਣ ਉਪ੍ਰੰਤ ਆਪ ਨਾਲੋਂ ਦੋ ਵੱਡੇ ਸਾਹਿਬਜ਼ਾਦਿਆਂ ਤੋਂ ਬਿਨਾਂ ਸਾਰਾ ਪਰਿਵਾਰ ਨਿੱਖੜ ਗਿਆ। ਚਮਕੌਰ ਦੀ ਕੱਚੀ ਗੜ੍ਹੀ ਵਿਚ ਹੌਂਸਲਾ ਬੁਲੰਦ ਤੇ ਮਹਾਂਬਲੀ ਸਤਿਗੁਰੂ ਜੀ ਨੇ 10 ਲੱਖ ਵਿਰੋਧੀ ਫ਼ੌਜਾਂ ਦਾ ਕੇਵਲ 40 ਸਿੰਘਾਂ ਨਾਲ ਮੁਕਾਬਲਾ ਕੀਤਾ। ਕਿੰਨਾ ਵੱਡਾ ਦਿਲ ਸੀ ਗੁਰੂ ਜੀ ਦਾ, ਆਪ ਆਪਣੀਆਂ ਅੱਖਾਂ ਸਾਹਵੇਂ ਆਪਣੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਨੂੰ ਯੁੱਧ ਵਿਚ ਵਿਰੋਧੀਆਂ ਦੀਆਂ ਬਰਛੀਆਂ ਖਾਂਦੇ ਵੇਖਦੇ ਰਹੇ। ਗੁਰੂ ਜੀ ਦੇ ਜਿਗਰੇ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ ਜਦੋਂ ਉਨ੍ਹਾਂ ਨੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦਾ

www.sikhbookclub.com

ਸਰਹਿੰਦ ਵਿਖੇ ਨੀਂਹ ਵਿਚ ਚਿਣਵਾਏ ਜਾਣ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਬਾਰੇ ਸੁਣਿਆ ਹੋਵੇਗਾ। ਸੱਚਮੁੱਚ ਦਰਵੇਸ਼ਾਂ ਵਾਲੀ 'ਰੁੱਖਾਂ ਦੀ ਜੀਰਾਂਦ' ਆਪ ਜੀ ਦੇ ਜੀਵਨ ਵਿਚ ਬਹੁਤ ਵੱਡਾ ਕਮਾਲ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ ਧਰਮ ਦਾ ਵਿਸਥਾਰ ਕਰਨਾ, ਧਰਮੀਆਂ ਦੀ ਰੱਖਿਆ ਕਰਨਾ ਅਤੇ ਦੁਸ਼ਟਾਂ ਦਾ ਸੰਘਾਰ ਕਰਨਾ ਸੀ, ਜੋ ਆਪ ਦੁਆਰਾ ਰਚਿਤ ਬਾਣੀ ਵਿੱਚੋਂ ਵੀ ਸਪੱਸ਼ਟ ਹੋ ਜਾਂਦਾ ਹੈ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਅਧਿ: ੬)

ਇਸ ਲਈ ਆਪ ਦੇ ਮਿਸ਼ਨ ਨੂੰ ਸਮਝਣ ਵਾਲੇ ਮੁਸਲਮਾਨਾਂ ਨੇ ਵੀ ਲੋੜ ਸਮੇਂ ਆਪ ਦੀ ਮਦਦ ਕੀਤੀ। ਸਢੌਰੇ ਦੇ ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਵਾਲੇ ਪਾਸੇ ਲੜ ਕੇ, ਦੋ ਲੜਕੇ, ਇਕ ਭਤੀਜਾ ਤੇ 700 ਮੁਰੀਦ ਸ਼ਹੀਦ ਕਰਵਾਏ। ਬਾਅਦ ਵਿਚ ਵੀ ਉਨ੍ਹਾਂ ਦੇ ਸਾਰੇ ਪਰਿਵਾਰ ਨੂੰ ਇਸੇ ਕਾਰਨ ਹੀ ਮੁਗ਼ਲਸ਼ਾਹੀ ਹੱਥੋਂ ਘੋਰ ਤਸੀਹੇ ਸਹਿਣ ਕਰਨੇ ਪਏ। ਇਸੇ ਪ੍ਰਕਾਰ ਮਾਛੀਵਾੜੇ ਦੇ ਗਨੀ ਖਾਂ ਤੇ ਨਬੀ ਖਾਂ ਦੋ ਪਠਾਨ ਭਰਾਵਾਂ ਨੇ ਗੁਰੂ ਜੀ ਨੂੰ 'ਉੱਚ ਦਾ ਪੀਰ' ਬਣਾ ਕੇ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ। ਮਲੇਰ ਕੋਟਲੇ ਦੇ ਨਵਾਬ ਨੇ ਸਰਹਿੰਦ ਦੇ ਨਵਾਬ ਵਜੀਦ ਖਾਂ ਦੀ ਕਚਹਿਰੀ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਵੇਲੇ 'ਹਾਅ' ਦਾ ਨਾਹਰਾ ਮਾਰਿਆ। ਇਸ ਲਈ ਗੁਰੂ ਜੀ ਦਾ ਇਹ ਕਮਾਲ ਵੀ ਉਭਰ ਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਆਪ ਸਭ ਦੇ ਸਾਂਝੇ ਸਨ ਤੇ ਸ਼ਾਸਕ ਵਰਗ ਨੂੰ ਛੱਡ ਕੇ ਆਪ ਮੁਸਲਮਾਨਾਂ ਵਿਚ ਵੀ ਪੂਰੀ ਤਰ੍ਹਾਂ ਸਤਿਕਾਰੇ ਜਾਂਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਸੰਘਰਸ਼ ਭਰਿਆ ਸੀ। ਡਾਕਟਰ ਹਰੀ ਰਾਮ ਗੁਪਤਾ ਅਨੁਸਾਰ, "ਇਹ ਸੰਘਰਸ਼ ਸਮਕਾਲੀਨ ਪਰਸਥਿਤੀਆਂ ਅਨੁਸਾਰ ਥੋਪਿਆ ਗਿਆ ਸੀ। ਇਸ ਸੰਘਰਸ਼ ਕਾਰਨ ਨਵੀਂ ਕੌਮ ਦਾ ਨਿਰਮਾਣ ਕੀਤਾ ਗਿਆ। ਇਸ ਸੰਘਰਸ਼ ਸਦਕਾ ਇਕ ਨਵਾਂ ਭਾਈਚਾਰਾ ਹੋਂਦ ਵਿਚ ਆਇਆ, ਜਿਸ ਦੀ ਨੀਂਹ ਨਿਆਂ ਤੇ ਆਤਮ-ਸੁਤੰਤਰਤਾ ਉਪਰ ਰੱਖੀ ਗਈ। ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਦੀ ਭਾਵਨਾ ਇਸ ਦੇ ਵਿਸ਼ੇਸ਼ ਨਿਯਮ ਸਨ।"

(ਹਿਸਟਰੀ ਆਫ਼ ਸਿਖ ਗੁਰੂਜ਼, ਪੰਨਾ ੧੪੮)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨੂੰ ਮਾਨਵੀ ਹੱਕਾਂ ਦੀ ਰਾਖੀ ਦੇ ਪਹਿਰੇਦਾਰ ਬਣਾ ਕੇ ਸ੍ਵੈ-ਰੱਖਿਆ ਦੀ ਕਿਰਿਆਤਮਕ ਸਿੱਖਿਆ ਦੇ ਕੇ, ਸਮਾਜਿਕ ਵਹਿਮਾਂ ਭਰਮਾਂ ਦੇ ਬੰਧਨਾਂ ਤੋਂ ਖ਼ਾਲਸੇ ਨੂੰ ਸੁਤੰਤਰ ਕਰਵਾ ਕੇ, ਰਾਜਸੀ ਸੁਤੰਤਰਤਾ ਲਈ ਬਲਹੀਨ ਲੋਕਾਂ ਵਿਚ ਉਤਸ਼ਾਹ ਪੈਦਾ ਕਰ

www.sikhbookclub.com

ਕੇ, ਆਪਣੀ ਥਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਜੁਗੋ ਜੁਗ ਸਤਿਗੁਰੂ ਥਾਪ ਕੇ ਅਤੇ ਖਾਲਸੇ ਨੂੰ ਇਨ੍ਹਾਂ ਦੀ ਤਾਬਿਆ ਕਰਨ ਉਪ੍ਰੰਤ 1708 ਈ: ਵਿਚ ਨੰਦੇੜ (ਮਹਾਂਰਾਸ਼ਟਰ) ਵਿਖੇ ਜੋਤੀ ਜੋਤਿ ਸਮਾਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਖ਼ਸ਼ਿਸ਼ ਕੀਤੀ ਰਹਿਤ ਮਰਯਾਦਾ 'ਤੇ ਅਜੋਕੇ ਸਮੇਂ ਵਿਚ ਸਿੱਖਾਂ ਨੂੰ ਪਹਿਰਾ ਦੇਣ ਦੀ ਬਹੁਤ ਲੋੜ ਹੈ। ਖਾਲਸਾ ਕੌਮ ਤੇ ਮਾਰਸ਼ਲ ਯੋਧੇ ਓਦੋਂ ਤਕ ਆਪਣੇ ਉਦੇਸ਼ ਲਈ ਅਗਾਂਹ ਵਧਦੇ ਰਹਿਣਗੇ, ਜਦੋਂ ਤਕ ਉਹ 'ਸਾਹਿਬ-ਇ-ਕਮਾਲ' ਦੇ ਪਵਿੱਤਰ ਕਾਰਨਾਮਿਆਂ ਤੋਂ ਸੇਧ ਲੈਂਦੇ ਹੋਏ 'ਖੰਡੇ ਬਾਟੇ ਦਾ ਅੰਮ੍ਰਿਤ' ਛਕ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਪਵਿੱਤਰ ਸਿੱਖਿਆਵਾਂ 'ਤੇ ਅਮਲ ਕਰਦੇ ਰਹਿਣਗੇ।

(12/1982)

www.sikhbookclub.com

ਮਰਦਿ-ਖ਼ੁਦਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਜ਼ਿੰਦਗੀ ਕੁਰਬਾਨੀ, ਮਿਹਨਤ, ਵਿਦਿਅਕ ਸਰਗਰਮੀ, ਫ਼ੌਜੀ ਕਾਬਲੀਅਤ, ਅਦੁੱਤੀ ਬਹਾਦਰੀ, ਬੇ-ਹਿਸਾਬ ਸਫਲਤਾ, ਅਥਾਹ ਮੁਹੱਬਤ ਤੇ ਬੇ-ਮਿਸਾਲ ਹਿੰਮਤ ਦੀ ਇਕ ਅਨੋਖੀ ਕਹਾਣੀ ਹੈ। ਇਸ ਕਹਾਣੀ ਵਿਚ ਦਿਲ ਹਿਲਾ ਦੇਣ ਵਾਲੇ ਸਾਕੇ ਵੀ ਹਨ ਅਤੇ ਚੜ੍ਹਦੀ ਕਲਾ ਵਿਚ ਰੱਖਣ ਵਾਲੇ ਕਾਰਨਾਮੇ ਵੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ ਸੂਝ-ਬੂਝ, ਹਿੰਮਤ, ਦ੍ਰਿੜ੍ਹਤਾ ਅਤੇ ਯੋਗਤਾ ਵਾਲੇ ਲੋਕ ਦੁਨੀਆਂ ਵਿਚ ਰੋਜ਼-ਰੋਜ਼ ਪੈਦਾ ਨਹੀਂ ਹੁੰਦੇ, ਫੇਰ ਕਿਹੜੀ ਕੁਰਬਾਨੀ ਰਹਿ ਗਈ ਜਿਹੜੀ ਇਸ 'ਮਰਦਿ-ਖ਼ੁਦਾ' ਨੇ ਨਹੀਂ ਦਿੱਤੀ ? ਪਹਿਲਾਂ ਪਿਤਾ ਜੀ ਦੀ ਕੁਰਬਾਨੀ ਦਿੱਤੀ ਤੇ ਫੇਰ ਆਪਣੇ ਅੱਖਾਂ ਦੇ ਤਾਰਿਆਂ ਨੂੰ ਸ਼ਹੀਦੀ ਦਾ ਜਾਮ ਪਿਲਾਇਆ। ਆਪਣੀ ਜਾਨ ਨਾਲੋਂ ਪਿਆਰੇ ਸਾਥੀ ਜਿਨ੍ਹਾਂ ਨੂੰ ਆਪਣੇ ਪੁੱਤਰਾਂ ਨਾਲੋਂ ਵੀ ਜ਼ਿਆਦਾ ਮੁਹੱਬਤ ਕਰਦੇ ਸਨ, ਉਨ੍ਹਾਂ ਨੂੰ ਵਾਰਿਆ। ਲਗਾਤਾਰ ਸੰਘਰਸ਼ ਜਾਰੀ ਰੱਖਿਆ, ਅਨੇਕਾਂ ਮੁਸੀਬਤਾਂ ਦਾ ਡਟ ਕੇ ਟਾਕਰਾ ਕੀਤਾ। ਦੇਸ਼ ਤੇ ਧਰਮ ਦੀ ਖ਼ਾਤਰ ਸਰਬੰਸ ਵਾਰ ਦਿੱਤਾ। ਜਿਹੜੇ ਲੋਕ ਆਪਣੇ ਆਦਰਸ਼ ਦੀ ਪੂਰਤੀ ਲਈ ਇਸ ਤਰ੍ਹਾਂ ਅੜਦੇ ਹਨ ਅਤੇ ਮੁਖ਼ਾਲਫ਼ਤਾਂ ਨਾਲ ਲੜਦੇ ਹਨ, ਇਤਿਹਾਸ ਦਾ ਮੂੰਹ ਮੋੜ ਦਿੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਇਕੱਲੇ ਇਤਿਹਾਸ ਦੇ ਪੰਨਿਆਂ 'ਤੇ ਹੀ ਨਹੀਂ ਸਗੋਂ ਬੇਸ਼ੁਮਾਰ ਇਨਸਾਨਾਂ ਦੇ ਦਿਲਾਂ ਵਿਚ ਅੰਕਿਤ ਹੈ, ਜਿਨ੍ਹਾਂ ਨੂੰ ਇਸ ਨਾਂ ਤੋਂ ਸ਼ਕਤੀ ਤੇ ਦ੍ਰਿੜ੍ਹਤਾ ਮਿਲਦੀ ਹੈ। ਜਿੰਨਾ ਚਿਰ ਇਨਸਾਨਾਂ ਦੇ ਦਿਲਾਂ ਵਿਚ ਸੱਚ ਲਈ ਅੜਨ ਅਤੇ ਸਿਵਾਏ ਪਰਮਾਤਮਾ ਦੇ, ਕਿਸੇ ਤੋਂ ਨਾ ਡਰਨ ਦਾ ਜਜ਼ਬਾ ਮਚਲਦਾ ਰਹੇਗਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਉਨ੍ਹਾਂ ਨੂੰ ਪ੍ਰੇਰਣਾ ਦਿੰਦੀ ਰਹੇਗੀ।

(1/1992)

www.sikhbookclub.com

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ...

ਸੰਸਾਰ ਵਿਚ ਕੌਮਾਂ ਦੀ ਜ਼ਿੰਦਗੀ ਨੂੰ ਪਲਟਾ ਦੇਣ ਲਈ ਮਹਾਨ ਪੁਰਸ਼ ਆਉਂਦੇ ਰਹੇ, ਪਰ ਜਿਸ ਭਿਆਨਕ ਅਤੀ ਬਿਖੜੇ ਸਮੇਂ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੁਸਤਾਨ ਦੀ ਧਰਤੀ ਉੱਤੇ ਜਿਹੜਾ ਇਨਕਲਾਬ ਲਿਆਂਦਾ ਉਹ ਆਪਣੀ ਮਿਸਾਲ ਆਪ ਹੈ। ਆਪ ਜੀ ਨੇ ਹਿੰਦੁਸਤਾਨੀਆਂ ਦੇ ਖ਼ੂਨ ਵਿਚ ਸਦੀਆਂ ਤੋਂ ਭਰੀ ਹੋਈ ਗ਼ੁਲਾਮੀ ਨੂੰ ਦੂਰ ਕੀਤਾ ਅਤੇ ਆਪਣੇ ਆਪ ਨੂੰ ਪਰਮੇਸਰ ਜਾਂ ਪਰਮੇਸਰ ਦਾ ਪੁੱਤਰ ਜਾਂ ਯਾਰ, ਜਾਂ ਅਵਤਾਰ ਕਹਿਣ ਦੀ ਥਾਂ ਰੱਬ ਦਾ ਦਾਸ ਕਹਿ ਕੇ ਨਿਮਰਤਾ ਦਾ ਪ੍ਰਮਾਣ ਦਿੱਤਾ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥...
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥

(ਬਚਿਤ੍ਰ ਨਾਟਕ)

ਆਪ ਜੀ ਨੇ ਚਹੁੰ ਵਰਨਾਂ ਦਾ ਸਾਂਝਾ ਉਪਦੇਸ਼ ਦੇ ਕੇ ਉਨ੍ਹਾਂ ਵਿੱਚੋਂ ਜਾਤ-ਪਾਤ ਦਾ ਪਾੜਾ ਦੂਰ ਕੀਤਾ ਅਤੇ ਫ਼ੁਰਮਾਇਆ—ਸਭੇ ਜੀਵ ਪਰਮਾਤਮਾ ਦੇ ਪੈਦਾ ਕੀਤੇ ਹੋਏ ਹੋਣ ਕਰਕੇ ਆਪੋ ਵਿਚ ਭਰਾ ਭਰਾ ਹਨ। ਸਾਰਿਆਂ ਦੀ ਸਰੀਰਕ ਬਣਤਰ ਪੰਜਾਂ ਤੱਤਾਂ ਤੋਂ ਬਣੀ ਹੋਈ ਹੋਣ ਕਰਕੇ ਉੱਚਤਾ ਤੇ ਨੀਚਤਾ ਤੋਂ ਰਹਿਤ ਹੈ। ਕੱਟੜ ਮੁਸਲਮਾਨ ਬਾਦਸ਼ਾਹਾਂ ਵੱਲੋਂ ਗ਼ੈਰ ਮੁਸਲਮਾਨਾਂ ਉੱਤੇ ਧਾਰਮਿਕ ਅੱਤਿਆਚਾਰ ਕੀਤੇ ਜਾਂਦੇ। ਸਤਾਰ੍ਹਵੀਂ ਸਦੀ ਦੇ ਅੱਧ ਵਿਚ ਭਾਰਤ ਦਾ ਵਾਤਾਵਰਣ ਹੱਦੋਂ ਪਰ੍ਹੇ ਵਖੇਵੇਂ ਭਰਿਆ ਵਾਤਾਵਰਣ ਸੀ। ਹਿੰਦੂਆਂ ਦੇ ਮੰਦਰ ਢਾਹੇ ਜਾਂਦੇ, ਉਨ੍ਹਾਂ ਤੋਂ ਜਜ਼ੀਆ ਟੈਕਸ (ਯਾਤਰਾ ਕਰ) ਵਸੂਲੇ ਜਾਂਦੇ। ਧਾਰਮਿਕ, ਸਮਾਜਿਕ, ਆਰਥਿਕ ਹੱਕ ਖੋਹੇ ਜਾਂਦੇ। ਉਹ ਕੁਸਕ ਨਾ ਸਕਦੇ। ਆਮ ਅਖਾਣ ਪ੍ਰਸਿੱਧ ਸੀ :

ਕਾਮ ਹਮਾਰਾ ਤੋਲਣ ਤਕੜੀ ਨੰਗੀ ਤੇਗ ਕਬੀ ਨਾ ਪਕੜੀ।
ਚਿੜੀ ਉੜੇ ਡਰ ਸੇ ਮਰ ਜਾਏਂ, ਮੁਗਲੋਂ ਸੇ ਕੈਸੇ ਲੜ ਪਾਏਂ।

ਅਜਿਹੇ ਅਧੋਗਤੀ ਦੇ ਜ਼ਮਾਨੇ ਵਿਚ ਖ਼ਾਲਸਾ ਧਰਮ ਪ੍ਰਗਟ ਕਰਨਾ, ਮੁਰਦਾ ਲੋਕਾਂ ਵਿਚ ਜਾਗਰਤ ਪੈਦਾ ਕਰਨੀ, ਚਿੜੀਆਂ ਤੋਂ ਬਾਜ਼ ਤੁੜਾਣੇ, ਗਿੱਦੜਾਂ ਤੋਂ ਸ਼ੇਰ ਬਣਾਉਣੇ, ਨੀਚ ਸ਼ੂਦਰ, ਜਾਤੀਆਂ ਵਿੱਚੋਂ ਜੋਧੇ ਪੈਦਾ ਕਰ ਕੇ ਉਨ੍ਹਾਂ ਨੂੰ ਖੱਬੀ ਖਾਨ ਨਵਾਬਾਂ, ਖਾਨਾਂ, ਪਠਾਣਾਂ ਨਾਲ ਭਿੜਾਉਣਾ, ਸਵਾ ਲੱਖ ਨਾਲ ਇਕ ਇਕ ਲੜਾ ਕੇ ਵਿਖਾਉਣਾ, ਮਰਦੇ ਮੁਜ਼ਾਹਿਦ, ਸਰਬੰਸ ਦਾਨੀ ਦਸਮੇਸ਼ ਪਿਤਾ ਦਾ ਹੀ ਕੰਮ ਸੀ।

ਸਮੇਂ ਨੇ ਸੰਸਾਰ ਨੂੰ ਪੁਰਾਣਾ ਕਰ ਦਿੱਤਾ ਹੈ ਪ੍ਰੰਤੂ ਸਮਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪੁਰਾਣਾ

www.sikhbookclub.com

ਨਹੀਂ ਕਰ ਸਕਿਆ। ਆਪ ਜੀ ਦੀ ਮਹਾਨ ਸ਼ਖ਼ਸੀਅਤ ਸੰਸਾਰ ਦੇ ਗਗਨ ਵਿਚ ਧਰੂਅ ਤਾਰੇ ਵਾਂਗ ਚਮਕਦੀ ਹੈ। ਜੇਕਰ ਆਪ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ, ਤਦ ਡਾਕਟਰ ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਹਿੰਦੂ ਧਰਮ ਦਾ ਦੀਵਾ ਸਦਾ ਲਈ ਬੁਝ ਜਾਂਦਾ। ਭਾਈ ਸੰਤੋਖ ਸਿੰਘ ਕਰਤਾ 'ਸੂਰਜ ਪ੍ਰਕਾਸ਼' ਦਾ ਦਾਅਵਾ ਹੈ ਕਿ ਜੇਕਰ ਆਪ ਹਿੰਦੁਸਤਾਨ ਵਿਚ ਪ੍ਰਗਟ ਨਾ ਹੁੰਦੇ ਤਦ ਕਦੇ ਵੀ ਜ਼ੁਲਮ ਦਾ ਰਾਜ ਖ਼ਤਮ ਨਾ ਹੁੰਦਾ। ਆਪ ਜੀ ਨੇ ਜੋ ਕੁਝ ਬਣਾਉਣਾ ਸੀ ਉਹ ਬਣਾ ਕੇ ਹੀ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਸਾਨੂੰ ਸਾਰੇ ਗੁਣ ਮਿਲਦੇ ਹਨ। ਆਪ ਇਕ ਨੀਤੀਵੇਤਾ ਸਨ, ਸੰਤ ਸਨ, ਸਿਪਾਹੀ ਸਨ, ਆਦਰਸ਼ਕ ਗ੍ਰਿਹਸਤੀ ਸਨ, ਸੂਰਬੀਰ ਜੋਧਾ ਸਨ, ਮਹਾਨ ਲੇਖਕ ਸਨ, ਮਹਾਨ ਦੇਸ਼ ਭਗਤ, ਸੱਚੇ ਕੌਮ ਪ੍ਰਸਤ ਸਨ, ਫ਼ਕੀਰ ਸਨ, ਬਾਦਸ਼ਾਹ ਸਨ। ਸੂਰਬੀਰਾਂ ਵਿੱਚੋਂ ਸੂਰਬੀਰ ਸਨ। ਸਾਰੇ ਇਤਿਹਾਸਕਾਰ ਆਪ ਬਾਰੇ ਇੱਕੋ ਰਾਇ ਰੱਖਦੇ ਹਨ।

ਗ਼ੈਰ-ਸਿੱਖ ਇਤਿਹਾਸਕਾਰਾਂ ਨੇ ਜੋ ਆਪਣੀਆਂ ਰਾਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਦਿੱਤੀਆਂ ਹਨ ਉਨ੍ਹਾਂ ਦਾ ਵਰਨਣ ਕਰਨਾ ਯੋਗ ਹੈ। ਸਿੱਖਾਂ ਨੇ ਤਾਂ ਗੁਰੂ ਜੀ ਦੀ ਮਹਾਨਤਾ ਤੇ ਉਦੇਸ਼ ਨੂੰ ਸ਼ਰਧਾਲੂ ਹੋਣ ਕਰਕੇ ਮੰਨਣਾ ਹੀ ਹੈ। ਇਥੇ ਗ਼ੈਰ-ਸਿੱਖ ਇਤਿਹਾਸਕਾਰਾਂ ਦੀਆਂ ਪੁਸਤਕਾਂ ਵਿੱਚੋਂ ਕੁਝ ਹਵਾਲੇ ਪੇਸ਼ ਕੀਤੇ ਜਾਂਦੇ ਹਨ ਤਾਂ ਜੁ ਗੁਰੂ ਜੀ ਦੀ ਅਦੁੱਤੀ ਤੇ ਅਜ਼ੀਮ ਸ਼ਖ਼ਸੀਅਤ ਉੱਤੇ ਝਾਤ ਪੈ ਸਕੇ।

ਗਫ (Gough) :

ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਕ ਅਤਿ ਸਿਆਣੇ, ਹਮੇਸ਼ਾ ਚੜ੍ਹਦੀ ਕਲਾ ਵਿਚ ਵਿਚਰਨ ਵਾਲੇ, ਪਵਿੱਤਰ ਜਜ਼ਬਿਆਂ ਨਾਲ ਭਰਪੂਰ, ਆਸ਼ਾਵਾਦੀ ਤੇ ਧਾਰਮਿਕ ਰੰਗਣ ਵਿਚ ਰੰਗੇ ਹੋਏ ਮਹਾਨ ਆਗੂ ਸਨ, ਜਿਨ੍ਹਾਂ ਨੇ ਅੰਮ੍ਰਿਤ ਦੁਆਰਾ ਕੌਮ ਦੀ ਨਵੇਂ ਸਿਰਿਉਂ ਉਸਾਰੀ ਕੀਤੀ।

ਗਾਰਡਨ (Gorden) :

ਜਨਤਾ ਦੀਆਂ ਮੁਰਦਾ ਹੱਡੀਆਂ ਵਿਚ ਜੀਵਨ ਦੀ ਨਵੀਂ ਲਹਿਰ ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ਾਂ ਨੇ ਪਾਈ। ਗੁਰੂ ਗੋਬਿੰਦ ਸਿੰਘ ਜੀ ਵਿਚ ਧਾਰਮਿਕ ਆਗੂ, ਬਾਦਸ਼ਾਹ, ਬਲਵਾਨ ਯੋਧੇ ਤੇ ਉੱਚੇ ਨੀਤੀਵਾਨ ਵਾਲੇ ਸਾਰੇ ਗੁਣ ਮੌਜੂਦ ਸਨ। ਉਸ ਬਿਖੜੇ ਸਮੇਂ ਵਿਚ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਅਗਵਾਈ ਕਰ ਸਕਦੇ ਸਨ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸ਼ਕਤੀ ਦਾ ਧਾਰਨੀ ਬਣਾਇਆ। ਇਹੀ ਕਾਰਨ ਹੈ ਕਿ ਤਲਵਾਰ (ਕਿਰਪਾਨ) ਨੂੰ ਸਿੱਖਾਂ ਦੀ ਰਹਿਤ ਦਾ ਅੰਗ ਬਣਾ ਦਿੱਤਾ ਗਿਆ।

ਮੁਹੰਮਦ ਲਤੀਫ :

ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਉੱਚਾ ਸੀ ਅਤੇ ਉਨ੍ਹਾਂ ਨੇ ਜਿਸ ਕੰਮ ਨੂੰ ਅਰੰਭਿਆ ਉਹ ਮਹਾਨ ਸੀ। ਆਮ ਸਮਝ ਵਾਲਿਆਂ (ਆਮ ਪੱਧਰ ਦੇ ਲੋਕਾਂ) ਨੂੰ ਉਹ ਸ਼ਾਇਦ ਹਾਰੇ ਹੋਏ ਦਿਲ ਵਾਲੀ ਸ਼ਖ਼ਸੀਅਤ ਜਾਪੇ, ਪਰ ਇਹ ਸਭ ਉਨ੍ਹਾਂ ਦੀ ਬਰਕਤ ਤੇ ਵਡਿਆਈ ਹੈ ਕਿ ਨਿਰਜਿੰਦ ਤੇ ਲਿਤਾੜੇ ਹੋਏ ਲੋਕ ਜਥੇਬੰਦ ਹੋ ਗਏ। ਉਨ੍ਹਾਂ ਹੀ ਲਤਾੜੇ ਹੋਏ ਲੋਕਾਂ ਨੇ ਰਾਜਨੀਤਕ ਪ੍ਰਭੁਤਾ ਤੇ ਆਜ਼ਾਦੀ ਪ੍ਰਾਪਤ ਕੀਤੀ। ਖ਼ਤਰੇ ਤੇ ਤਬਾਹੀ ਦੀ ਹਾਲਤ ਵਿਚ ਗੁਰੂ ਜੀ ਨੇ ਦ੍ਰਿੜ੍ਹਤਾ ਦਾ ਪੱਲਾ ਨਹੀਂ ਛੱਡਿਆ।

www.sikhbookclub.com

ਰਣ-ਭੂਮੀ ਵਿਚ ਉਨ੍ਹਾਂ ਦਾ ਹੌਸਲਾ ਤੇ ਬੀਰਤਾ ਵੇਖਣ ਵਾਲੇ ਹੁੰਦੇ ਸਨ। ਇਹ ਉਨ੍ਹਾਂ ਦੀ ਲਗਾਤਾਰ ਕੋਸ਼ਿਸ਼ ਦਾ ਅਸਰ ਸੀ ਕਿ ਬੇਮੁਹਾਰੇ ਲੋਕ ਇਕ ਲੜੀ ਵਿਚ ਪਰੋਤੇ ਗਏ ਤੇ ਉਹ ਬਲਵਾਨ ਯੋਧੇ ਬਣ ਗਏ।

ਕੇ. ਐਮ. ਪਾਨੀਕਰ :

ਆਪਣੇ ਉਦੇਸ਼ ਨੂੰ ਅਮਲੀ ਰੂਪ ਦੇਣ ਲਈ ਸਭ ਤੋਂ ਪਹਿਲਾ ਨਿੱਗਰ ਤੇ ਠੋਸ ਕਦਮ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਚੁਕਿਆ ਉਹ ਸੀ ਆਪਣੇ ਸਿੱਖਾਂ ਨੂੰ ਜਥੇਬੰਦ ਕਰ ਕੇ ਇਕ ਸ਼ਾਸਨ ਵਿਚ ਪਾਬੰਦ ਕਰਨਾ ਤਾਂ ਜੁ ਉਹ ਇਕ ਦੂਜੇ ਦੇ ਨੇੜੇ ਹੋ ਕੇ ਗੁਰੂ ਦੀ ਆਪਣੀ ਬੇਮਿਸਾਲ ਸ਼ਖ਼ਸੀਅਤ ਦੀ ਅਗਵਾਈ ਤੇ ਨਿਗਰਾਨੀ ਹੇਠਾਂ ਇਕ ਲੜੀ ਵਿਚ ਪਰੋਤੇ ਜਾਣ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਸ ਨੇ ਖਾਲਸਾ ਨਾਮ ਦੀ ਜਥੇਬੰਦੀ ਅਸਥਾਪਨ ਕੀਤੀ।

ਮੈਕਰੇਗਰ (Meqreger) :

ਜੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਰਨਾਮਿਆਂ ਨੂੰ ਵਾਚੀਏ, ਉਨ੍ਹਾਂ ਦੇ ਧਰਮ ਸੁਧਾਰ ਤੇ ਕੌਮ ਉਸਾਰੀ ਦੇ ਕੰਮ ਨੂੰ ਦੇਖੀਏ ਅਤੇ ਨਾਲ ਹੀ ਉਨ੍ਹਾਂ ਦੀ ਨਿੱਜੀ ਬਰਾਦਰੀ ਤੇ ਦੁੱਖਾਂ ਵਿਚ ਵੀ ਦ੍ਰਿੜ੍ਹਤਾ ਦੀ ਕਹਾਣੀ ਪੜ੍ਹੀਏ ਤੇ ਫਿਰ ਉਨ੍ਹਾਂ ਦੁੱਖਾਂ ਦਾ ਟਾਕਰਾ ਕਰਕੇ ਦੇਖੀਏ ਜੋ ਉਨ੍ਹਾਂ ਨੂੰ ਸਹਿਣੇ ਪਏ ਅਤੇ ਅੰਤ ਵਿਚ ਦੁਸ਼ਮਣਾਂ ਤੇ ਮੁਸੀਬਤਾਂ ਦੇ ਮੁਕਾਬਲੇ ਵਿਚ ਉਨ੍ਹਾਂ ਨੂੰ ਜਿੱਤ ਪ੍ਰਾਪਤ ਕਰਦੇ ਵੇਖੀਏ ਤਾਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚਾ ਗਿਣਨ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ। ਅਸੀਂ ਸਮਝ ਲਵਾਂਗੇ ਕਿ ਸਿੱਖ ਕਿਉਂ ਅੱਜ ਤਕ ਗੁਰੂ ਗੋਬਿੰਦ ਸਿੰਘ ਜੀ ਦੀ ਸਨਮਾਨ ਵਜੋਂ ਯਾਦ ਮਨਾਉਂਦੇ ਹਨ।

ਮੈਕਾਲਫ (Macauliffe) :

ਗੁਰੂ ਗੋਬਿੰਦ ਸਿੰਘ ਜੀ ਪਹਿਲੇ ਨੇਤਾ ਹੋਏ ਹਨ ਜਿਨ੍ਹਾਂ ਲੋਕ ਰਾਜ ਨੂੰ ਰਾਜਸੀ ਤੇ ਧਾਰਮਿਕ ਖੇਤਰ ਵਿਚ ਅਮਲੀ ਸ਼ਕਲ ਦੇ ਕੇ ਅਪਣਾਇਆ। ਇਸ ਤਰ੍ਹਾਂ ਗੁਰੂ ਜੀ ਨੇ ਜਥੇਬੰਦ ਧਰਮ ਨੂੰ ਪੰਚਾਇਤੀ ਅਸੂਲਾਂ ਦੇ ਅਧੀਨ ਕਰ ਕੇ ਹਰ ਵਿਅਕਤੀ ਨੂੰ ਆਪਣਾ ਸਵੈਮਾਨ ਪੂਰੀ ਤਰ੍ਹਾਂ ਮਾਨਣ ਤੇ ਪ੍ਰਫੁਲਤ ਕਰਨ ਦਾ ਅਵਸਰ ਦਿੱਤਾ। ਗੁਰੂ ਨਾਨਕ ਦੇਵ ਜੀ ਵਾਂਗ ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤਰ ਜੀਵਨ 'ਤੇ ਸਭ ਤੋਂ ਵਧ ਜ਼ੋਰ ਦਿੱਤਾ ਪਰ ਬਹਾਦਰੀ ਦੇ ਕਾਰਨਾਮਿਆਂ ਤੇ ਕੌਮ ਉਸਾਰੀ ਨੂੰ ਭੀ ਨਾਲ ਹੀ ਥਾਂ ਦਿੱਤੀ। ਇਥੋਂ ਤਕ ਧਰਮ ਦੀ ਰੱਖਿਆ ਕਰਦੇ ਹੋਏ ਮਰ-ਮਿਟਣ ਤੋਂ ਵਧ ਇਕ ਸਿੱਖ ਲਈ ਹੋਰ ਕੋਈ ਉੱਚਾ ਕਰਤੱਵ ਨਹੀਂ ਸੀ ਹੋ ਸਕਦਾ।

ਕਨਿੰਘਮ (Cunningham) :

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅਧਿਐਨ ਲਈ ਸਾਨੂੰ ਇਕ ਤੇਜ਼ ਰਫ਼ਤਾਰ ਘੋੜੇ ਜਿੰਨਾ ਤੇਜ਼ ਹੋਣਾ ਪਵੇਗਾ, ਕਿਉਂਕਿ ਉਨ੍ਹਾਂ ਨੇ ਛੋਟੀ ਜਿਹੀ ਆਯੂ (42 ਸਾਲਾਂ) ਵਿਚ ਉਹ ਮਹਾਨ ਕੰਮ ਕਰ

www.sikhbookclub.com

ਵਿਖਾਏ ਜਿਨ੍ਹਾਂ ਨੂੰ ਸਮਝਣ ਲਈ ਤੇਜ਼ ਬੁੱਧੀ ਦੀ ਲੋੜ ਹੈ। ਦੂਜੇ ਪੀਰਾਂ, ਪੈਗੰਬਰਾਂ ਤੇ ਧਾਰਮਿਕ ਆਗੂਆਂ ਨੂੰ ਕਿਧਰੇ ਉਸ ਉਮਰ 'ਤੇ ਪਹੁੰਚ ਕੇ ਗਿਆਨ ਦੀ ਪਦਵੀ ਪ੍ਰਾਪਤ ਹੋਈ ਜਿਸ ਆਯੂ ਵਿਚ ਕਿ ਗੁਰੂ ਗੋਬਿੰਦ ਸਿੰਘ ਜੀ ਨਵੀਂ ਕੌਮ ਬਣਾ ਕੇ ਉਸ ਵਿਚ ਨਵਾਂ ਜੋਸ਼ ਤੇ ਨਵਾਂ ਜੀਵਨ ਫੂਕ ਕੇ ਤੇ ਨਵੀਂ ਕੌਮੀਅਤ ਭਰ ਕੇ ਇਸ ਫ਼ਾਨੀ ਸੰਸਾਰ ਤੋਂ ਚਲੇ ਗਏ। ਕੇਵਲ ਸਫ਼ਲਤਾ ਹੀ ਕਿਸੇ ਦੀ ਵਡਿਆਈ ਦਾ ਚਿੰਨ੍ਹ ਨਹੀਂ। ਵਡਿਆਈ ਤਾਂ ਸਦਾ ਆਦਰਸ਼ ਦੀ ਹੁੰਦੀ ਹੈ। ਜਿਸ ਨਿਸ਼ਾਨੇ ਵਲ ਆਗੂ ਲਿਜਾਏ ਉਹ ਉਸ ਦੀ ਵਡਿਆਈ ਦਾ ਨਾਪ ਹੁੰਦਾ ਹੈ। ਜਦ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਦੋਖੀਆਂ ਨੂੰ ਖ਼ਤਮ ਕਰਨ ਦਾ ਮਿਸ਼ਨ ਵਿਚਾਰਦੇ ਹਾਂ ਤਾਂ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਤੇ ਵਡਿਆਈ ਬਾਰੇ ਦੋ ਰਾਵਾਂ ਨਹੀਂ ਰਹਿ ਜਾਂਦੀਆਂ। ਉਨ੍ਹਾਂ ਦਾ ਅਸਥਾਨ ਮਹਾਂਪੁਰਸ਼ਾਂ ਦੀ ਕਤਾਰ ਵਿਚ ਬਹੁਤ ਉੱਚਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਤੇ ਉਪਦੇਸ਼ਾਂ ਨੇ ਕੇਵਲ ਸਿੱਖਾਂ ਦੇ ਮਨਾਂ ਦਾ ਹੀ ਕਾਇਆ-ਕਲਪ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਸਰੀਰਕ ਡੀਲ ਡੌਲ ਭੀ ਬਦਲ ਦਿੱਤੀ। ਧਾਰਮਿਕ ਵਿਸ਼ਵਾਸ ਤੇ ਸੰਸਾਰਕ ਰੁਚੀਆਂ ਵਿਚ ਗੁਰੂ ਗੋਬਿੰਦ ਸਿੰਘ ਦੇ ਜੀ ਸਿੱਖ ਦੂਜੇ ਹਿੰਦੁਸਤਾਨੀਆਂ ਕੋਲੋਂ ਬਿਲਕੁਲ ਅਡਰੇ ਹਨ ਤੇ ਉਨ੍ਹਾਂ ਵਿਚ ਅੰਦਰਲੇ ਸਾਂਝੇ ਜਜ਼ਬਿਆਂ ਕਰਕੇ ਤੇ ਬਾਹਰਲੇ ਸਾਂਝੇ ਉਦੇਸ਼ਾਂ ਕਰਕੇ ਸਾਂਝੀਵਾਲਤਾ ਤੇ ਸੰਗਠਨ ਹੈ।

ਇਹ ਗੁਰੂ ਨਾਨਕ ਦੇਵ ਜੀ ਲਈ ਨਿਯਤ ਸੀ ਕਿ ਉਹ ਸੁਧਾਰ ਦੇ ਸੱਚੇ ਅਸੂਲ ਬਣਾ ਕੇ ਇਤਨੀ ਚੌੜੀ ਨੀਂਹ ਰੱਖ ਜਾਣ ਕਿ ਉਨ੍ਹਾਂ ਤੋਂ ਬਾਅਦ (ਦਸਵੇਂ ਗੁਰੂ) ਗੁਰੂ ਗੋਬਿੰਦ ਜੀ ਸਿੰਘ ਨਵੀਂ ਕੌਮੀਅਤ ਦੀ ਉਸਾਰੀ ਕਰ ਸਕਣ ਤੇ ਆਪਣੇ ਦੇਸ਼ ਦੀ ਜਨਤਾ ਵਿਚ ਪਰਿਵਰਤਨ ਲਿਆ ਕੇ ਆਮ ਲੋਕਾਂ ਨੂੰ ਇਹ ਸੱਚਾ ਅਨੁਭਵ ਕਰਾ ਸਕਣ ਕਿ ਨੀਚ ਤੇ ਊਚ ਵਿਚ ਕੋਈ ਭਿੰਨ ਭੇਦ ਨਹੀਂ, ਨਸਲ ਤੇ ਜਾਤ ਕਰਕੇ ਫ਼ਰਕ ਨਹੀਂ, ਰਾਜਨੀਤਕ ਅਧਿਕਾਰਾਂ ਕਰਕੇ ਤੇ ਧਾਰਮਿਕ ਅਸੂਲਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਕੋਈ ਅੰਤਰ ਨਹੀਂ। ਇਕ ਜ਼ਬਰਦਸਤ ਰਾਜ ਦੇ ਹੁੰਦਿਆਂ, ਉਸ ਦੇ ਵਿਰੋਧ ਦੇ ਹੁੰਦਿਆਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਭਾਈਚਾਰਕ ਗਿਰਾਵਟ ਤੇ ਧਾਰਮਿਕ ਗਿਲਾਨੀ ਤੋਂ ਬਚਾ ਕੇ ਆਚਰਣ ਦੀ ਸਾਦਗੀ ਤੇ ਉੱਚਤਾ ਅਤੇ ਨਵੇਂ ਜੀਵਨ ਦੇ ਜਜ਼ਬੇ ਦਾ ਪ੍ਰਚਾਰ ਕੀਤਾ।

ਦੌਲਤ ਰਾਏ :

ਇੱਕੋ ਹੀ ਵਿਅਕਤੀ ਵਿਚ ਸਾਰੇ ਗੁਣ ਮਿਲਣੇ ਬਹੁਤ ਕਠਿਨ ਗੱਲ ਹੈ ਪਰ ਗੁਰੂ ਗੋਬਿੰਦ ਸਿੰਘ ਹਰ ਪਾਸਿਓਂ ਮੁਕੰਮਲ ਸ਼ਖ਼ਸੀਅਤ ਸਨ। ਉਹ ਮਹਾਂ ਕਵੀ ਸਨ, ਧਾਰਮਿਕ ਨੇਤਾ ਸਨ, ਚੋਟੀ ਦੇ ਇਕ ਸੁਧਾਰਕ ਸਨ, ਮੰਨੇ-ਪ੍ਰਮੰਨੇ ਵਿਦਵਾਨ ਸਨ ਤੇ ਨਾਲ ਹੀ ਇਕ ਬਹੁਤ ਬਲਵਾਨ ਯੋਧੇ ਤੇ ਜਰਨੈਲ ਵੀ। ਗੁਰੂ ਗੋਬਿੰਦ ਸਿੰਘ ਜੀ ਇਕ ਵੱਡੇ ਦੂਰ-ਅੰਦੇਸ਼ ਸੱਚੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਕੌਮ ਤੇ ਧਰਮ ਦੀ ਅਣਥੱਕ ਸੇਵਾ ਕੀਤੀ। ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮ ਚੰਦਰ ਜੀ ਆਪਣੀ ਥਾਂ 'ਤੇ ਵੱਡੀਆਂ ਹਸਤੀਆਂ ਹੋਈਆਂ ਹਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਤੋਂ ਬਹੁਤ ਉੱਚਾ ਦਰਜ਼ਾ ਰੱਖਦੇ ਸਨ। ਕ੍ਰਿਸ਼ਨ ਜੀ ਰਣਭੂਮੀ ਵਿਚ ਰਾਜਿਆਂ ਤੇ ਸ਼ਾਹਜ਼ਾਦਿਆਂ ਦੇ ਦਿਲਾਂ ਵਿੱਚੋਂ ਕਮਜ਼ੋਰੀ ਕੱਢਣ ਦਾ ਯਤਨ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਲੋਕਾਂ ਨੂੰ ਉੱਚੇ ਚੁਕਿਆ ਜੋ ਕਿ ਮਿੱਟੀ ਵਿਚ ਰੁਲਦੇ ਪਏ ਸਨ, ਜਿਨ੍ਹਾਂ ਨੂੰ ਇਹ ਸੁਪਨੇ ਵਿਚ ਵੀ ਚਿਤ-ਚੇਤੇ ਨਹੀਂ ਸੀ ਕਿ ਉਹ ਕਦੀ ਜੰਗ ਦੇ ਮੈਦਾਨ ਵਿਚ ਜਾ ਕੇ ਬਹਾਦਰੀ ਦੇ ਕਾਰਨਾਮੇ ਕਰ ਦਿਖਾਉਣਗੇ। ਗੁਰੂ ਗੋਬਿੰਦ ਸਿੰਘ ਇਕ ਮਹਾਨ

www.sikhbookclub.com

ਯੋਧੇ ਤੇ ਸੱਚੇ ਕੌਮ-ਪ੍ਰਸਤ ਸਨ। ਲੋਕਾਂ ਦੇ ਸੱਚੇ ਸਹਾਇਕ ਤੇ ਆਗੂ ਸਨ। ਲੋਕਾਂ ਦਾ ਪਿਆਰ ਦਿਲ ਵਿਚ ਲੈ ਕੇ ਉਨ੍ਹਾਂ ਆਪਣੇ ਨਿਸ਼ਾਨੇ ਵਲ ਵਧਣਾ ਸ਼ੁਰੂ ਕੀਤਾ ਅਤੇ ਆਪਣੇ ਖ਼ਾਨਦਾਨ ਦੀ ਅਹੂਤੀ ਦੇਣ ਤੋਂ ਵੀ ਸੰਕੋਚ ਨਾ ਕੀਤਾ। ਨਾਕਾਮਯਾਬੀ (ਅਸਫ਼ਲਤਾ) ਦਾ ਸ਼ਬਦ ਗੁਰੂ ਦੀ ਡਿਕਸ਼ਨਰੀ ਵਿਚ ਨਹੀਂ ਸੀ ਅਤੇ ਉਹ ਜੋ ਕੁਝ ਚਾਹੁੰਦੇ ਸਨ, ਬਣਾ ਕੇ ਹੀ ਗਏ।

ਗੋਕਲ ਚੰਦ ਨਾਰੰਗ :

ਗੁਰੂ ਗੋਬਿੰਦ ਸਿੰਘ ਜੀ ਦੇ ਅਸਰ ਹੇਠਾਂ ਅਜਿਹੇ ਮਨੁੱਖ ਭੀ ਰਣ-ਭੂਮੀ ਦੇ ਸੂਰਮੇ ਬਣ ਗਏ, ਜਿਨ੍ਹਾਂ ਤਲਵਾਰ ਨੂੰ ਕਦੇ ਹੱਥ ਨਹੀਂ ਸੀ ਲਾਇਆ ਜਾਂ ਮੋਢੇ ਉੱਤੇ ਬੰਦੂਕ ਰੱਖ ਕੇ ਭੀ ਨਹੀਂ ਸੀ ਵੇਖੀ। ਮਹਿਰੇ, ਧੋਬੀ, ਨਾਈ ਫ਼ੌਜਾਂ ਦੇ ਜਰਨੈਲ ਬਣ ਗਏ, ਜਿਨ੍ਹਾਂ ਸਾਹਮਣੇ ਵੱਡੇ ਵੱਡੇ ਰਾਜੇ ਤੇ ਨਵਾਬ ਵੀ ਆਉਣੋਂ ਘਬਰਾਉਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਚੋਟੀ ਦੇ ਕਵੀ ਤੇ ਮਹਾਨ ਵਿਦਵਾਨ ਸਨ। ਉਹ ਕਵੀਆਂ ਤੇ ਕੋਮਲ ਹੁਨਰ ਵਾਲਿਆਂ ਦੇ ਵੱਡੇ ਕਦਰਦਾਨ ਸਨ। ਪੰਜਾਬੀ ਤੋਂ ਛੁੱਟ ਆਪ ਸੰਸਕ੍ਰਿਤ, ਫ਼ਾਰਸੀ ਤੇ ਹਿੰਦੀ ਦੇ ਉੱਚ ਕੋਟੀ ਦੇ ਸਕਾਲਰ (ਵਿਦਵਾਨ) ਸਨ। ਹਿੰਦੀ ਵਿਚ ਆਪ ਦੀ ਕਵਿਤਾ ਦਾ ਕੋਈ ਵੀ ਵੱਡੇ ਤੋਂ ਵੱਡਾ ਹਿੰਦੀ ਕਵੀ ਮੁਕਾਬਲਾ ਨਹੀਂ ਕਰ ਸਕਦਾ।

ਇੰਦੂ ਭੂਸ਼ਨ ਬੈਨਰਜੀ :

ਗੁਰੂ ਗੋਬਿੰਦ ਸਿੰਘ ਜੀ ਹਿੰਦੁਸਤਾਨ ਦੀਆਂ ਉਨ੍ਹਾਂ ਕੁਝ ਕੁ ਮਹਾਨ ਹਸਤੀਆਂ ਵਿੱਚੋਂ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਸਦੀਵੀ ਹੈ। ਉਨ੍ਹਾਂ ਨੇ ਨਵੇਂ ਢੰਗ ਦੇ ਲੋਕਾਂ ਨੂੰ ਜਨਮ ਦਿੱਤਾ ਅਤੇ ਹਿੰਦੁਸਤਾਨ ਵਿਚ ਇਕ ਨਵੀਂ ਤੇ ਭਾਰੀ ਤਾਕਤ ਪੈਦਾ ਕੀਤੀ। ਉਨ੍ਹਾਂ ਨੇ ਹਾਰੀਆਂ ਹੋਈਆਂ ਸ਼੍ਰੇਣੀਆਂ ਵਿੱਚੋਂ ਇਕ ਨਵੇਂ ਜੀਵਨ ਤੇ ਨਵੀਂ ਸ਼ਕਤੀ ਵਾਲੀ ਕੌਮ ਬਣਾਈ। ਉਹ ਲੋਕ ਜੋ ਪਹਿਲਾਂ ਨੀਚ ਤੇ ਅਪਵਿੱਤਰ ਸਮਝੇ ਜਾਂਦੇ ਸਨ ਤੇ ਦੁਰਕਾਰੇ ਹੋਏ ਸਨ, ਹੁਣ ਸਨਮਾਨੇ ਜਾਣ ਲੱਗ ਪਏ। ਇਹ ਸਭ ਕੁਝ ਖ਼ਾਲਸਾ ਪੰਥ ਦੇ ਸਾਜਣ ਦੇ ਡੂੰਘੇ ਅਸਰਾਂ ਦਾ ਨਤੀਜਾ ਸੀ।

(1/1978)

www.sikhbookclub.com

ਮਾਨਵਤਾ ਦੇ ਪ੍ਰਤੀਕ
ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਪੰਜਾਬ ਦੀ ਧਰਤੀ ਨੂੰ ਅਣਗਿਣਤ ਮਹਾਨ ਪੁਰਖ ਸੂਰਬੀਰਾਂ ਨੂੰ ਜਨਮ ਦੇਣ ਦਾ ਮਾਣ ਪ੍ਰਾਪਤ ਹੈ, ਜਿਹਨਾਂ ਨੇ ਆਪਣੇ ਸਮੇਂ ਵਿਚ ਇਸ ਦੁਨੀਆਂ 'ਤੇ ਅਵਤਾਰ ਧਾਰ ਕੇ ਮਨੁੱਖਤਾ ਦਾ ਸੰਦੇਸ਼ ਦਿੱਤਾ, ਮਨੁੱਖੀ ਭਰਾਤਰੀ-ਭਾਵ ਅਤੇ ਭਾਈਚਾਰੇ ਦਾ ਸਬਕ ਸਿਖਾਇਆ।

ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਉੱਚ ਕੋਟੀ ਦੇ ਮਹਾਨ ਦੈਵੀ ਪੁਰਸ਼ਾਂ ਵਿਚੋਂ ਵਿਸ਼ੇਸ਼ ਤੌਰ 'ਤੇ ਉਪਲਬਧ ਹੈ, ਜਿਹਨਾਂ ਨੇ ਮਾਨਵਤਾ ਦੀ ਭਲਾਈ ਵਾਸਤੇ ਆਵਾਜ਼ ਬੁਲੰਦ ਕੀਤੀ। ਆਪਣਾ ਸਾਰਾ ਜੀਵਨ ਹੀ ਮਾਨਵਤਾ ਦੇ ਕਲਿਆਣ ਹਿੱਤ ਲਗਾ ਦਿੱਤਾ। ਰਾਜਾ ਅਤੇ ਰੰਕ ਨੂੰ ਸਮਦ੍ਰਿਸ਼ਟੀ ਨਾਲ ਵੇਖਿਆ। ਊਚ-ਨੀਚ ਦੇ ਅੰਤਰ ਨੂੰ ਮਿਟਾ ਕੇ ਸਭ ਨੂੰ ਬਰਾਬਰਤਾ ਦਿੱਤੀ।

ਜਿਸ ਮਿਸ਼ਨ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਲੈ ਕੇ ਤੁਰੇ ਸਨ, ਜੋ ਮਾਰਗ ਉਹਨਾਂ ਨੇ ਦਿਖਾਇਆ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸੇ ਦੇ ਅਨੁਸਾਰੀ ਰਹੇ। ਉਹਨਾਂ ਦੀ ਦ੍ਰਿਸ਼ਟੀ ਵਿਚ ਸਭ ਧਰਮ, ਵਰਨ, ਜਾਤਾਂ, ਅਮੀਰ-ਗਰੀਬ ਅਤੇ ਸਮਾਜਿਕ ਨਾ-ਬਰਾਬਰੀਆਂ ਆਦਿ ਸਭ ਬਾਹਰੀ ਭੇਖ ਵਿਖਾਵੇ ਸਨ। ਸਿੱਖ ਰਵਾਇਤ ਅਨੁਸਾਰ ਜਿਸ ਵੇਲੇ ਆਪ ਜੀ ਦਾ ਜਨਮ (1666 ਈ.) ਹੋਇਆ ਉਸ ਵੇਲੇ ਸਾਈਂ ਭੀਖਣ ਸ਼ਾਹ ਜੀ ਆਪ ਜੀ ਦੇ ਦੀਦਾਰ ਵਾਸਤੇ ਸ੍ਰੀ ਪਟਨਾ ਸਾਹਿਬ ਪਹੁੰਚੇ। ਗੁਰੂ ਜੀ ਦਾ ਦੀਦਾਰ ਕਰਨ ਵੇਲੇ ਸਾਈਂ ਭੀਖਣ ਸ਼ਾਹ ਨੇ ਬਾਲਾ ਪ੍ਰੀਤਮ (ਗੁਰੂ ਗੋਬਿੰਦ ਸਿੰਘ) ਸਾਹਵੇਂ ਦੋ ਕੁੱਜੀਆਂ ਰੱਖੀਆਂ, ਜੋ ਇਕ ਮੂਲ ਸਵਾਲ ਸੀ ਕਿ ਤੁਸੀਂ ਕਿਸੇ ਵਿਸ਼ੇਸ਼ ਫਿਰਕੇ ਦੇ ਰਹਿਬਰ ਹੋ? ਕਿ ਜਾਂ ਸਭ ਫਿਰਕਿਆਂ ਨੂੰ ਇਕੋ ਹੀ ਦ੍ਰਿਸ਼ਟੀ ਨਾਲ ਵੇਖਦੇ ਹੋ ? ਉਸ ਵਕਤ ਆਪ ਜੀ ਨੇ ਦੋਹਾਂ ਕੁੱਜੀਆਂ ਉੱਪਰ ਹੱਥ ਰੱਖ ਕੇ ਇਸ ਗੱਲ ਨੂੰ ਪ੍ਰਗਟਾ ਦਿੱਤਾ ਕਿ ਮੈਂ ਸਭ ਦਾ ਸਾਂਝਾ ਹਾਂ।

ਇਹੋ ਕਾਰਨ ਸੀ ਕਿ ਜਿਥੇ ਗੁਰੂ ਸਾਹਿਬ ਨੇ ਸਾਰੀ ਜ਼ਿੰਦਗੀ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਜਹਾਦ ਛੇੜੀ ਰੱਖਿਆ, ਉਥੇ ਉਹਨਾਂ ਦੇ ਬਹੁਤ ਸਾਰੇ ਮੁਸਲਮਾਨ ਸੇਵਕ ਵੀ ਸਨ। ਕਿਉਂਕਿ ਗੁਰੂ ਜੀ ਦਾ ਧਰਮ ਯੁੱਧ ਕਿਸੇ ਖਾਸ ਫਿਰਕੇ ਦੇ ਖ਼ਿਲਾਫ਼ ਨਹੀਂ ਸੀ, ਸਗੋਂ ਉਹ ਜ਼ੁਲਮ ਦੀ ਮੁਖ਼ਾਲਫ਼ਤ ਕਰ ਰਹੇ ਸਨ। ਇਸੇ ਲਈ ਉਸ ਵਕਤ ਦੇ ਮੁਸਲਮ ਸਮਾਜ ਵਿਚ ਚੰਗੀ ਤਰ੍ਹਾਂ ਜਾਣੇ ਜਾਂਦੇ ਪੀਰ ਬੁੱਧੂ ਸ਼ਾਹ ਨੇ ਪਾਉਂਟਾ ਸਾਹਿਬ ਦੀ ਲੜਾਈ ਵਿਚ ਆਪਣੇ ਚਾਰ ਪੁੱਤਰ ਅਤੇ 500 ਮੁਰੀਦਾਂ ਨੂੰ ਗੁਰੂ ਸਾਹਿਬ ਦੀ ਮਦਦ ਲਈ ਭੇਜਿਆ। ਇਸ ਤੋਂ ਇਲਾਵਾ ਗਨੀ ਖ਼ਾਂ ਅਤੇ ਨਬੀ ਖ਼ਾਂ ਵਾਲੀ ਸਾਖੀ ਤੋਂ ਸਾਰਾ ਸਿੱਖ ਸਮਾਜ ਵਾਕਿਫ਼ ਹੈ ਕਿ ਕਿਵੇਂ ਉਹਨਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਗੁਰੂ ਸਾਹਿਬ ਦਾ ਸਾਥ ਦਿੱਤਾ ਸੀ। ਇਸ ਸਭ ਦਾ ਕਾਰਨ ਇਹੋ ਸੀ ਕਿ ਗੁਰੂ

www.sikhbookclub.com

ਸਾਹਿਬ ਨੇ ਹਮੇਸ਼ਾਂ ਹੀ ਮਨੁੱਖਤਾ ਦਾ ਪ੍ਰਚਾਰ ਕੀਤਾ ਸੀ। ਗੁਰੂ ਸਾਹਿਬ ਦੀ ਆਪਣੀ ਰਚੀ ਬਾਣੀ ਵਿਚੋਂ ਅਸੀਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਦੇਖ ਸਕਦੇ ਹਾਂ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥੧੫॥੮੫॥

(ਅਕਾਲ ਉਸਤਤਿ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਪਦੇਸ਼ ਕੀਤਾ ਕਿ ਇਹ ਸਭ ਬਾਹਰੀ ਆਡੰਬਰ ਹਨ ਕਿ ਕੋਈ ਮਨੁੱਖ ਸੰਨਿਆਸੀ ਹੈ, ਕੋਈ ਪੁਰਸ਼ ਬ੍ਰਹਮਚਾਰੀ ਜਾਂ ਜਤੀ ਅਖਵਾਉਂਦਾ ਹੈ ਅਤੇ ਕੋਈ ਮਨੁੱਖ ਹਿੰਦੂ ਧਰਮ ਦਾ ਅਨੁਯਾਈ ਹੈ, ਜਾਂ ਕੋਈ ਮੁਸਲਿਮ ਫਿਰਕੇ ਨਾਲ ਸਬੰਧਤ ਹੈ ਅਥਵਾ ਸੁੰਨੀ ਜਾਂ ਸੂਫ਼ੀ ਹੈ। ਗੁਰੂ ਜੀ ਨੇ ਇਸ ਗੱਲ ਦੀ ਪੁਰਜ਼ੋਰ ਹਦਾਇਤ ਕੀਤੀ ਕਿ ਪਰਮਾਤਮਾ ਨੂੰ ਅਸੀਂ ਕਿਸੇ ਵੀ ਰਸਤੇ ਰਾਹੀਂ ਪਾ ਸਕਦੇ ਹਾਂ। ਇਹ ਸਭ ਵਿਭਿੰਨ ਮਾਰਗ ਹਨ ਪਰ ਮੰਜ਼ਿਲ ਇਕ ਹੀ ਹੈ ਪਰਮ ਪਿਤਾ ਪਰਮਾਤਮਾ ਜਾਂ ਅਕਾਲ ਪੁਰਖ ਇਹਨਾਂ ਆਡੰਬਰਾਂ ਜਾਂ ਫੋਕੇ ਕਿਸਮ ਦੇ ਰੀਤੀ ਰਿਵਾਜਾਂ ਤੋਂ ਉੱਪਰ ਹੈ। ਕਿਉਂਕਿ ਜੇਕਰ ਕੋਈ ਪ੍ਰਾਣੀ ਇਸ ਗੱਲ ਦਾ ਦਾਅਵਾ ਕਰੇ ਕਿ ਪਰਮਾਤਮਾ ਨੂੰ ਪੂਜਾ ਰਾਹੀਂ ਜਾਂ ਨਿਮਾਜ ਰਾਹੀਂ ਪਾਇਆ ਜਾ ਸਕਦਾ ਹੈ ਤਾਂ ਇਹ ਗੱਲਾਂ ਨਿਰਮੂਲ ਹੈਨ, ਨਿਰਆਧਾਰ ਹਨ, ਕਿਉਂਕਿ ਇਹ ਬਾਹਰੀਂ ਕਰਮ-ਕਾਂਡ ਕੋਈ ਸਾਰਥਕਤਾ ਨਹੀਂ ਰੱਖਦੇ। ਗੁਰੂ ਸਾਹਿਬ ਜੀ ਆਪਣੀ ਬਾਣੀ ਅੰਦਰ ਫੁਰਮਾਨ ਕਰਦੇ ਹਨ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥ (ਅਕਾਲ ਉਸਤਤਿ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਾਹ ਵਿਚ ਪੂਜਾ/ਨਿਮਾਜ, ਦੇਹੁਰਾ/ਮਸੀਤ, ਰਾਮ ਰਹੀਮ/ ਪੁਰਾਣ ਕੁਰਾਨ ਆਦਿ ਕੋਈ ਅੰਤਰ ਭੇਦ ਨਹੀਂ ਹੈ। ਉਹ ਅਕਾਲ ਪੁਰਖ ਸਭਨਾਂ ਥਾਵਾਂ ਰਵਿਆ ਹੈ ਸਭ ਥਾਵਾਂ ਵਿਚ ਉਸੇ ਦੀ ਹੀ ਜੋਤ ਜਗ ਰਹੀ ਹੈ। ਗੁਰੂ ਸਾਹਿਬ ਨੇ ਇਸ ਵਿਚਾਰ ਨੂੰ ਸਿਰਫ਼ ਲਫ਼ਜ਼ੀ ਜਾਮਾ ਹੀ ਨਹੀਂ ਦਿੱਤਾ ਸਗੋਂ ਅਮਲੀ ਰੂਪ ਵਿਚ ਲਾਗੂ ਵੀ ਕੀਤਾ। ਇਸ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਮਿਲ ਜਾਂਦੀਆਂ ਹਨ। ਸਭ ਤੋਂ ਪਹਿਲੀ ਮਿਸਾਲ ਗੁਰੂ ਸਾਹਿਬ ਨੇ ਉਸ ਵਕਤ ਕਾਇਮ ਕੀਤੀ ਜਦੋਂ ਉਹ ਸਿਰਫ਼ ਨੌ ਸਾਲ ਦੀ ਉਮਰ ਦੇ ਬਾਲਕ ਸਨ। ਜਦੋਂ ਉਹਨਾਂ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਿੰਦੂ ਧਰਮ ਦੀ ਰੱਖਿਆ ਵਾਸਤੇ (1675 ਈ.) ਦਿੱਲੀ ਵੱਲ ਤੋਰਿਆ ਸੀ। ਇਹ ਵਿਸ਼ਵ ਇਤਿਹਾਸ ਵਿਚ ਵਿਲੱਖਣ ਮਿਸਾਲ ਹੈ ਕਿ ਕਿਸੇ ਦੂਸਰੇ ਧਰਮ ਦੀ ਰੱਖਿਆ ਲਈ ਬਲੀਦਾਨ ਦੇਣਾ।

www.sikhbookclub.com

ਇਤਿਹਾਸ ਵਿਚ ਐਸੀ ਦੂਜੀ ਮਿਸਾਲ ਲੱਭਣਾ ਅਸੰਭਵ ਹੈ। ਇਹ ਘਟਨਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਅੰਕਿਤ ਕਰ ਰਹੇ ਹਨ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥੧੩॥ *(ਬਚਿਤ੍ਰ ਨਾਟਕ, ਅਧਿ: ੫)*

ਇਸ ਤੋਂ ਉਪਰੰਤ ਜੇਕਰ ਅਸੀਂ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਉਪਰ ਝਾਤੀ ਮਾਰੀਏ ਤਾਂ ਅਸੀਂ ਸਪੱਸ਼ਟ ਰੂਪ 'ਚ ਦੇਖਾਂਗੇ ਕਿ ਗੁਰੂ ਜੀ ਨੇ ਉਸ ਵੇਲੇ ਦੇ ਦੱਬੇ-ਕੁਚਲੇ ਹੋਏ ਲੋਕਾਂ ਦੇ ਹਿੱਤ ਵਿਚ ਨਿਰੀ ਆਵਾਜ਼ ਹੀ ਨਹੀਂ ਉਠਾਈ ਸਗੋਂ ਉਹਨਾਂ ਦੀ ਬਿਹਤਰੀ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ। ਜਿਹਨਾਂ ਦੇ ਫਲਸਰੂਪ ਗੁਰੂ ਸਾਹਿਬ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਵੇਲੇ ਦਾ ਬ੍ਰਾਹਮਣੀ ਸਮਾਜ ਗੁਰੂ ਸਾਹਿਬ ਦਾ ਕੱਟੜ ਵੈਰੀ ਬਣ ਗਿਆ। ਕਿਉਂਕਿ ਗੁਰੂ ਸਾਹਿਬ ਨੇ ਉਸ ਵੇਲੇ ਦੇ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਖ਼ਾਲਸਾ ਪੰਥ ਵਿਚ ਬਰਾਬਰਤਾ ਦਾ ਦਰਜਾ ਦਿੱਤਾ। ਇਸ ਸੰਦਰਭ ਵਿਚ ਗੋਕਲ ਚੰਦ ਨਾਰੰਗ ਲਿਖਦਾ ਹੈ ਕਿ:

> ਉਹ ਮਨੁੱਖ ਜਿਹਨਾਂ ਕਦੀ ਕ੍ਰਿਪਾਨ ਨੂੰ ਛੋਹਿਆ ਤਕ ਨਹੀਂ ਸੀ ਅਤੇ ਨਾ ਹੀ ਕਦੀ ਬੰਦੂਕ ਨੂੰ ਹੀ ਆਪਣੇ ਮੋਢੇ 'ਤੇ ਰੱਖਿਆ ਸੀ, ਗੁਰੂ ਸਾਹਿਬ ਜੀ ਦੀ ਦਲੇਰੀ ਅਤੇ ਨਿਡਰਤਾ ਦੇ ਪ੍ਰਭਾਵ ਅਧੀਨ ਸ਼ਕਤੀਸ਼ਾਲੀ ਯੋਧੇ ਬਣ ਗਏ। ਉਹਨਾਂ ਨੇ ਝੀਵਰਾਂ, ਧੋਬੀਆਂ ਅਤੇ ਚਮਾਰਾਂ ਨੂੰ ਵੀ ਅਜਿਹਾ ਸੈਨਾਪਤੀ ਬਣਾ ਦਿੱਤਾ ਜਿਹਨਾਂ ਦੀ ਤਾਕਤ ਕੋਲੋਂ ਵੱਡੇ-ਵੱਡੇ ਰਾਜੇ ਵੀ ਡਰਨ ਲੱਗੇ।[1]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਤੌਰ 'ਤੇ ਐਲਾਨ ਕੀਤਾ ਕਿ

ਇਨਹੀ ਕੋ ਸਰਦਾਰ ਬਨਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ॥ *(ਪੰਥ ਪ੍ਰਕਾਸ਼)*

ਇਹ ਇਕ ਦਲੇਰਾਨਾ ਕਦਮ ਸੀ ਕਿ ਜਿਸ ਨੂੰ ਪਹਿਲਾਂ ਕੋਈ ਰਹਿਬਰ ਨਹੀਂ ਸੀ ਉਠਾ ਸਕਿਆ। ਹਿੰਦੂ ਸਮਾਜ ਦੇ ਵਿਚ ਚਾਰ ਵਰਣ ਮੰਨੇ ਗਏ ਹਨ, ਜਿਨ੍ਹਾਂ ਦੀ ਵੰਡ ਮਨੂੰ ਸਿਮਰਤੀ ਅਨੁਸਾਰ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਹੈ। ਇਹਨਾਂ ਚੌਹਾਂ ਵਰਣਾਂ ਵਿਚ ਸਭ ਤੋਂ ਭੈੜੀ ਤੇ ਬਦਤਰ ਹਾਲਤ ਸ਼ੂਦਰਾਂ ਦੀ ਸੀ, ਜਿਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ ਅਤੇ ਇਹਨਾਂ ਦਾ ਪ੍ਰਛਾਵਾਂ ਪੈਣਾ ਵੀ ਹਾਨੀਕਾਰਕ ਸਮਝਿਆ ਜਾਂਦਾ ਸੀ।

ਮੱਧਕਾਲੀਨ ਭਗਤ ਕਵੀਆਂ (ਭਗਤ ਕਬੀਰ ਅਤੇ ਰਵਿਦਾਸ ਜੀ) ਨੇ ਵੀ ਆਵਾਜ਼ ਉਠਾਈ ਪਰ ਇਸ ਵਿਚਾਰ ਨੂੰ ਅਮਲੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ।

ਗੋਕਲ ਚੰਦ 'ਨਾਰੰਗ' ਇਸ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦਾ ਹੋਇਆ ਲਿਖਦਾ ਹੈ ਕਿ ਉਹਨਾਂ ਨੇ ਹਿੰਦੂ ਮੱਤ ਦੇ ਚਾਰ ਵੱਡੇ ਫਿਰਕਿਆਂ ਨੂੰ ਇਕ ਪੱਧਰ 'ਤੇ ਲਿਆ ਰੱਖਿਆ ਅਤੇ ਐਲਾਨ ਕੀਤਾ ਕਿ ਉਹਨਾਂ ਵਿਚੋਂ ਕੋਈ ਵੀ ਇਕ ਦੂਜੇ ਨਾਲੋਂ ਵਡੇਰਾ ਨਹੀਂ। ਇਸ ਤਰ੍ਹਾਂ ਉਹਨਾਂ ਨੇ ਆਪਣੀ ਕੌਮ ਨੂੰ ਤਕੜਿਆਂ ਕਰ ਦਿੱਤਾ।[2] ਗੁਰੂ ਸਾਹਿਬ ਨੇ ਇਕ ਐਸੇ ਪੰਥ ਦੀ ਸਥਾਪਨਾ ਕੀਤੀ ਜਿਥੇ ਉਚੇ

---

1. ਟਰਾਂਸਫਰਮੇਸ਼ਨ ਆਫ਼ ਸਿੱਖਇਜ਼ਮ, ਪੰਨਾ ੧੩੯.
2. ਉਹੀ, ਪੰਨਾ ੩੩.

www.sikhbookclub.com

ਤੇ ਨੀਵੇਂ ਦਾ ਸਵਾਲ ਹੀ ਨਹੀਂ ਸੀ। ਗੁਰੂ ਸਾਹਿਬ ਨੇ ਆਪਣੇ ਪੈਰੋਕਾਰਾਂ ਨੂੰ ਇਕ ਝੰਡੇ ਥੱਲੇ ਇਕੱਠਾ ਕੀਤਾ, ਜਿਸ ਥੱਲੇ ਕਿਸੀ ਜਾਤੀ ਅਭਿਮਾਨ ਦੀ ਕੋਈ ਥਾਂ ਨਹੀਂ ਸੀ ਅਤੇ ਔਰਤ ਤੇ ਮਰਦ ਵਿਚ ਕੋਈ ਅੰਤਰ ਨਹੀਂ ਸੀ ਕੀਤਾ ਜਾਂਦਾ[3] ਅਤੇ ਇਹ ਸਭ ਕੁਝ ਕਰਨ ਵਾਸਤੇ ਗੁਰੂ ਸਾਹਿਬ ਨੇ ਪਹਿਲੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਨੂੰ ਆਧਾਰ ਬਣਾਇਆ ਅਤੇ ਇਹ ਮਨੁੱਖਤਾ ਦਾ ਪ੍ਰਤੀਕ ਬਣ ਗਿਆ।[4]

ਅੰਤ ਵਿਚ ਅਸੀਂ ਨਿਸ਼ਕਰਸ਼ ਵਜੋਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਇਹ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਸਿੱਖ ਇਤਿਹਾਸ ਨੂੰ ਗ਼ੈਰ-ਸਿੱਖਾਂ ਵਲੋਂ ਪੂਰੀ ਗੰਭੀਰਤਾ ਨਾਲ ਪੇਸ਼ ਨਹੀਂ ਕੀਤਾ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਤੇ ਸਿਧਾਂਤ ਨੂੰ ਤਾਂ ਆਮ ਕਰਕੇ ਗ਼ਲਤ ਰੂਪ ਵਿਚ ਪੇਸ਼ ਕੀਤਾ ਜਾਂਦਾ ਰਿਹਾ ਹੈ। ਬਹੁਤ ਸਾਰੇ ਭਾਰਤੀ ਨੇਤਾ ਅਤੇ ਧਾਰਮਿਕ ਆਗੂਆਂ ਜਿਵੇਂ ਮਹਾਤਮਾ ਗਾਂਧੀ, ਰਾਬਿੰਦਰ ਨਾਥ ਟੈਗੋਰ, ਪੰਡਤ ਦਇਆ ਨੰਦ ਤੋਂ ਇਲਾਵਾ ਪੱਛਮੀ ਵਿਦਵਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਨੂੰ ਪਹਿਲੇ ਗੁਰੂਆਂ ਤੋਂ ਵੱਖ ਕਰ ਕੇ ਵੇਖਦੇ ਹਨ। ਸਾਡੇ ਖਿਆਲ ਵਿਚ ਇਹ ਭੁਲੇਖੇ ਫਿਰਕੂ ਤੰਗ ਨਜ਼ਰੀਏ ਕਰਕੇ ਅਤੇ ਵਿਰਸੇ ਤੇ ਪਿਛੋਕੜ ਅਨਜਾਨ ਹੋਣ ਕਰਕੇ ਪੈਣੇ ਸੁਭਾਵਕ ਹਨ। ਵਿਰਸੇ ਤੇ ਪਿਛੋਕੜ ਪ੍ਰਭਾਵ ਕਾਰਨ ਈਸਾਈ ਅਤੇ ਹਿੰਦੂ ਵਿਦਵਾਨਾਂ ਨਾਲੋਂ ਮੁਸਲਮਾਨ ਵਿਦਵਾਨਾਂ ਨੇ ਸ੍ਰੀ ਗੁਰੂ ਗੋਬੰਦ ਸਿੰਘ ਜੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਵਿਚ ਮਾਨਵਵਾਦੀ ਕਦਰਾਂ-ਕੀਮਤਾਂ ਦੀ ਸਪੱਸ਼ਟ ਭਰਮਾਰ ਹੈ। ਸਾਡੇ ਇਸ ਸੰਖੇਪ ਜਿਹੇ ਨਿਬੰਧ ਵਿਚ ਇਹ ਗੱਲ ਸਵੈ-ਸਿੱਧ ਹੈ।

(1/1990)

3. ਦਰਬੀਰ ਸਿੰਘ ਢਿੱਲੋਂ, ਸਿੱਖ ਗੁਰੂਜ਼ ਐਂਡ ਡਿਵੈਲਪਮੈਂਟ ਆਫ਼ ਸੋਸ਼ਲ ਥਾਟ, ਪੰਨਾ ੧੪੯.
4. ਉਹੀ।

www.sikhbookclub.com

ਮੂਰਤਿ ਕਰੁਣਾ ਨਿਧਾਨ ਕੀ

(ਇਕ ਰੇਖਾ-ਚਿਤ੍ਰ)

ਕਲਗੀਧਰ ਜੀ ਦੀਨਾ ਬੰਧੂ ਸੋਹਣੀਆਂ ਸ਼ਾਨਾਂ ਵਾਲੇ!
ਅੰਮ੍ਰਿਤ ਵਾਲੇ, ਪੰਥਾਂ ਵਾਲੇ ਤੇ ਕਿਰਪਾਨਾਂ ਵਾਲੇ!
ਕਲਗੀ ਵਾਲੇ, ਬਾਜ਼ਾਂ ਵਾਲੇ, ਤੀਰ ਕਮਾਨਾਂ ਵਾਲੇ!
ਮੁਕਤੀ ਵਾਲੇ, ਸ਼ਕਤੀ ਵਾਲੇ, ਅਣਖਾਂ ਆਨਾਂ ਵਾਲੇ!

(ਸ਼ਰਫ)

ਉਪਰੋਕਤ ਕਾਵਿ ਪਾਲੀਆਂ ਰਾਹੀਂ ਬਾਬੂ ਫੀਰੋਜ਼ ਦੀਨ ਸ਼ਰਫ ਨੇ ਮਹਾਨ ਪਰਉਪਕਾਰੀ ਸਰਬੰਸ ਦਾਨੀ, ਦੇਸ਼ ਹਿਤੈਸ਼ੀ, ਧਰਮ ਸਥਾਪਕ, ਸੂਰਵੀਰ, ਮਰਦ ਅਗੰਮੜਾ, ਵਰਿਆਮ ਇਕੇਲਾ, ਸਾਹਿਤਕਾਰ ਤੇ ਸਤਿਗੁਰ ਧਰਮ ਵੀਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਨਮਸਕਾਰ ਕਰਨ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬੋਤਮ ਗੁਣਾਂ ਦੇ ਧਾਰਨੀ ਸੀ, ਪ੍ਰੰਤੂ ਆਪ ਸ਼੍ਰੋਮਣੀ ਕਵੀ ਸੀ। ਕਵੀਆਂ ਦੀ ਨਿਰਖ-ਪਰਖ ਦਾ ਅਧਿਕਾਰ ਕਵੀਆਂ ਨੂੰ ਹੀ ਹੁੰਦਾ ਹੈ ਤੇ ਉਹ ਵੀ ਕੇਵਲ ਸ਼੍ਰੋਮਣੀ ਕਵੀ ਨੂੰ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਇਤਿਹਾਸਕਾਰਾਂ, ਵਿਚਾਰਵਾਨਾਂ, ਆਲੋਚਕਾਂ ਤੇ ਕਵੀਆਂ ਨੇ ਕਈ ਦ੍ਰਿਸ਼ਟੀਕੋਣਾਂ ਤੋਂ ਪਰਖਿਆ ਹੈ, ਪਰ ਪ੍ਰਸਿੱਧ ਵਾਰਕਾਰ ਭਾਈ ਗੁਰਦਾਸ ਸਿੰਘ ਦੀ ਰਾਏ ਵਧੇਰੇ ਮਹੱਤਵਪੂਰਨ ਹੈ। ਇਹ ਰਾਏ ਇਕ ਅਟੱਲ ਸੱਚਾਈ ਦਾ ਰੂਪ ਧਾਰਨ ਕਰ ਗਈ ਹੈ:

ਅਨਿਕ ਰੂਪ ਧਰਿ ਪ੍ਰਗਟਿਆ ਹੈ ਏਕ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੮॥

ਜਿਥੇ ਉਪਰੋਕਤ ਅਟੱਲ ਸੱਚਾਈ "ਅਨਿਕ ਰੂਪ ਧਰਿ ਪ੍ਰਗਟਿਆ" ਦਾ ਪ੍ਰਗਟਾਵਾ ਕਵੀ ਆਤਮਾ ਪਾਸੋਂ ਕਰਾਉਂਦੀ ਹੈ, ਉਥੇ ਅਜੋਕਾ ਆਲੋਚਕ, ਸਾਹਿਤਕਾਰ, ਇਤਿਹਾਸਕਾਰ ਤੇ ਪੱਤਰਕਾਰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਕ ਮੂਰਤਿ ਅਨੇਕ ਦਰਸ਼ਨ ਹੋਣ ਦੀ ਸਾਖੀ ਭਰਦਾ ਹੈ। ਪ੍ਰਮਾਣ ਵਜੋਂ ਪ੍ਰਸਿੱਧ ਅੰਗਰੇਜ਼ੀ ਪੱਤਰ 'The Illustrated Weekly of India' ਇਉਂ ਲਿਖਦਾ ਹੈ:

> Military strategist, poet and scholar in many languages, the builder of a nation, but above all, a great religious leader totally dedicated to his faith, the Guru set an example of courage and endurance of sacrifice and discipline, difficult to match in the history of humanity.

(page 10, Vol X C I 45, Sunday Nov. 15, 1970)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਗੋਬਿੰਦ ਰੂਪ ਸਨ। 'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ' ਦਾ ਖੇਲ ਸੀ।

ਆਪ ਨੇ ਜਨਤਾ ਦੇ ਜੁਗ ਵਿਚ ਜਨਤਾ ਨੂੰ ਅਗਵਾਈ ਦੇ ਕੇ ਆਸ਼ਾ ਤੇ ਆਦਰਸ਼ ਦੇ ਮੰਚ ਉੱਤੇ ਪੁਚਾਇਆ ਹੈ। ਭਗਤੀ ਤੇ ਸ਼ਕਤੀ ਦਾ ਸੁਮੇਲ ਕਰ ਦਿਖਾਇਆ ਹੈ।

ਆਪ ਦੀ ਲਾਸਾਨੀ ਸ਼ਖ਼ਸੀਅਤ (ਮੂਰਤਿ ਕਰੁਣਾ ਨਿਧਾਨ ਕੀ) ਦਾ ਰੇਖਾ-ਚਿੱਤਰ ਹੇਠਾਂ ਦਿਤੇ ਸਿਰਲੇਖਾਂ ਅਨੁਸਾਰ ਸੰਖੇਪ ਰੂਪ ਵਿਚ ਵਰਗੀਕਰਣ ਕੀਤਾ ਜਾ ਸਕਦਾ ਹੈ।

(1) ਅਕਾਲ ਪੂਜਕ ਗੁਰੂ

ਆਪ ਦੀ ਆਤਮਾ ਮਨੁੱਖੀ ਜਾਮੇ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਹਿਜ ਅਨੰਦ ਦੀ ਅਵਸਥਾ ਵਿਚ ਲੀਨ ਸੀ। ਆਪ ਨੇ ਪੂਰਬਲੇ ਜਨਮ ਵਿਚ ਅਜਿਹੀ ਘੋਰ ਤਪੱਸਿਆ ਕੀਤੀ ਕਿ 'ਦ੍ਵੈ ਤੇ ਏਕ ਰੂਪ ਹ੍ਵੈ ਗਯੋ' ਵਾਲੀ ਸਿਖਰ 'ਤੇ ਪੁੱਜ ਗਏ। ਪ੍ਰਭੂ ਚਰਨਾਂ ਤੋਂ ਵਿਛੜਨ ਨੂੰ ਜੀਅ ਨਹੀਂ ਕਰਦਾ ਸੀ। ਗੁਰੂ ਸਾਹਿਬ ਆਪਣੀ ਸ੍ਵੈ-ਜੀਵਨੀ 'ਬਚਿਤ੍ਰ ਨਾਟਕ' ਵਿਚ ਇਉਂ ਫ਼ੁਰਮਾਉਂਦੇ ਹਨ :

ਚਿਤ ਨ ਭਯੋ ਹਮਰੋ ਆਵਨ ਕਹ ॥
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ॥
ਇਮ ਕਹਿ ਕੈ ਇਹ ਲੋਕ ਪਠਾਯੋ ॥੫॥ *(ਬਚਿਤ੍ਰ ਨਾਟਕ, ਅਧਿ: ੬)*

ਅਕਾਲ ਪੁਰਖ ਨੇ ਕਰੁਣਾ ਨਿਧਾਨ ਗੁਰੂ ਜੀ ਨੂੰ ਨਿਮਨ-ਲਿਖਤ ਆਦੇਸ਼ ਦੇ ਕੇ ਧਰਮ ਦੀ ਸਥਾਪਨਾ ਵਾਸਤੇ ਸੰਸਾਰ ਵਿਚ ਭੇਜਿਆ :

ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥ *(ਉਹੀ)*

ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਆਪ ਜਗਤ ਤਮਾਸ਼ਾ ਵੇਖਣ ਲਈ ਸੰਸਾਰ ਵਿਚ ਆਏ। ਆਪ ਨੇ ਬਚਿਤ੍ਰ ਨਾਟਕ ਤਕਿਆ, ਅਕਾਲ ਉਸਤਤਿ ਰਚੀ, ਜਾਪੁ ਸਾਹਿਬ, ਤੇਤੀ ਸਵੱਯੇ, ਅੰਮ੍ਰਿਤ ਦੇ ਸਵੈਯੇ, ਬੇਅੰਤ ਸ਼ਬਦ ਤੇ ਅਨੰਦ ਬੀਰ-ਰਸੀ ਬਾਣੀ ਰਚ ਕੇ ਪਰਮ ਪੁਰਖ (ਅਕਾਲ ਪੁਰਖ) ਦੀ ਸਿਫ਼ਤ ਸਲਾਹ ਕੀਤੀ ਤੇ ਕਰਵਾਈ।

ਆਪ ਇਕ ਅਕਾਲ ਦੇ ਪੁਜਾਰੀ ਸਨ। ਭੇਖ, ਪਾਖੰਡ, ਦੰਭ ਤੇ ਦਿਖਾਵੇ ਦੇ ਵੈਰੀ ਸਨ। ਅਕਾਲ ਪੁਰਖ ਸੰਬੰਧੀ ਆਪ ਦਾ ਦ੍ਰਿਸ਼ਟੀ ਕੋਣ ਕਿੰਨਾ ਸ੍ਰੇਸ਼ਟ ਤੇ ਸਪੱਸ਼ਟ ਹੈ :

ਪਖਾਨ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋ ਕਹੀਂ ॥
ਅਨੰਤ ਨਾਮੁ ਗਾਇ ਹੋਂ ॥ ਪਰੱਮ ਪੁਰਖ ਪਾਇ ਹੋਂ ॥੩੫॥ *(ਉਹੀ)*

ਹੋਰ ਤੱਕੋ, ਕਿੰਨੇ ਜ਼ੋਰਦਾਰ ਸ਼ਬਦਾਂ ਵਿਚ ਅਵਤਾਰਵਾਦ, ਬ੍ਰਾਹਮਣਵਾਦ ਤੇ ਅਨੇਕਵਾਦਾਂ ਦੀ ਵਾਦ-ਵਿਵਾਦੀ ਪੂਜਾ ਦਾ ਖੰਡਨ ਕਰਦੇ ਹਨ :

www.sikhbookclub.com

ਪਾਂਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ,
ਮੈ ਨ ਕਹਯੋ ਸਭ ਤੋਹਿ ਬਖਾਨਯੋ ॥

ਪੁਨ : ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥
ਲਿਵ ਲਾਗੀ ਮੋਰੀ ਪਗ ਇਨ ਸੋਂ ॥ (ਕ੍ਰਿਸ਼ਨਾਵਤਾਰ)

ਆਪ ਅਨੁਸਾਰ ਪ੍ਰਭੂ ਦਾ ਸਿਮਰਨ ਹੀ ਸਭ ਸੁੱਖਾਂ ਦਾ ਸਾਧਨ ਤੇ ਦੁੱਖਾਂ ਦਾ ਦਾਰੂ ਹੈ :

ਭਜੋਂ ਸੁ ਏਕ ਨਾਮਯੰ ॥
ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋ ॥
ਨ ਅਉਰ ਥਾਪਨਾ ਥਪੋ ॥੩੭॥...
ਤੁਮੇਵ ਰੂਪ ਰਾਚਿਯੰ ॥
ਨ ਆਨ ਦਾਨ ਮਾਚਿਯੰ ॥
ਤਵੱਕ ਨਾਮ ਉਚਾਰਿਯੰ ॥
ਅਨੰਤ ਦੂਖ ਟਾਰਿਯੰ ॥੪੦॥ (ਬਚਿਤ੍ਰ ਨਾਟਕ, ਅਧਿ: ੬)

ਆਪ ਆਪਣਾ ਜੀਵਨ ਉਦੇਸ਼ ਇਉਂ ਦੱਸਦੇ ਹਨ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥ (ਉਹੀ)

(2) ਧਰਮ ਸਥਾਪਕ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਜਾਰੀ ਰੱਖਿਆ। ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਕਰ ਦਿੱਤਾ। ਸਿੱਖਾਂ ਨੂੰ ਖੰਡੇ ਦੀ ਪਾਹੁਲ ਦੇ ਕੇ, ਭਾਵ ਅੰਮ੍ਰਿਤ ਛਕਾ ਕੇ, ਖਾਲਸਾ ਪੰਥ ਦੀ ਸਿਰਜਣਾ ਕੀਤੀ। ਜਾਤੀ ਅਭਿਮਾਨ, ਊਚ-ਨੀਚ ਦਾ ਭੇਤ ਤੇ ਵਿਤਕਰਾ ਮਿਟਾਇਆ। ਲੋਕਾਂ ਵਿਚ ਪਸਰੇ ਤੌਖਲੇ ਤੇ ਸਹਿਮ ਦੀ ਭਾਵਨਾ ਨੂੰ ਨਿਸਚੇ ਕਰ ਕੇ, ਗੁਰੂ ਜੀ ਨੇ ਕਿਹਾ :

'ਮੈਂ ਐਸਾ ਪੰਥ ਬਣਾਵਾਂਗਾ, ਜੋ ਸਾਰੇ ਜੱਗ ਵਿਚ ਪ੍ਰਗਟ ਹੋਵੇ। ਜੱਗ ਦੇ ਲੱਖਾਂ ਆਦਮੀ ਕਿਤੇ ਇਕੱਠੇ ਹੋਣ ਤੇ ਉਹਨਾਂ ਵਿਚ ਇਕ ਸਿੱਖ ਭੀ ਜਾ ਮਿਲੇ ਤਾਂ ਸਾਰਿਆਂ ਵਿਚੋਂ ਐਉਂ ਵੱਖਰਾ ਪਛਾਣਿਆ

www.sikhbookclub.com

ਜਾਵੇ, ਜਿਵੇਂ ਬਗਲਿਆਂ ਵਿਚੋਂ ਹੰਸ, ਗਿਰਝਾਂ ਵਿਚੋਂ ਮੋਰ, ਖੋਤਿਆਂ ਵਿਚੋਂ ਬਲੀ ਘੋੜਾ ਤੇ ਹਰਨਾਂ ਵਿਚੋਂ ਸ਼ੇਰ।'

ਮਹਾਂ ਕਵੀ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੇ ਇਸ ਵਿਚਾਰ ਨੂੰ ਇਉਂ ਨਜ਼ਮਿਆਂ ਹੈ :

ਇਸ ਬਿਧਿ ਕੋ ਅਬ ਪੰਥ ਬਨਾਵੌਂ।
ਸਕਲ ਜਗਤ ਮਹਿਂ ਬਹੁ ਬਿਦਤਾਵੌਂ ॥੮॥
ਲਾਖੋਂ ਜਗ ਕੇ ਨਰ ਇਕ ਥਾਂਇ।
ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭ ਮਹਿਂ ਪ੍ਰਿਥਕ ਪਛਾਨਯੋ ਪਰੈ।
ਰਲੈ ਨ ਕਯੋਹੂ ਕੈਸਿਹੁਂ ਕਰੈ ॥੯॥
ਜਥਾ ਬਗਨ ਮਹਿਂ ਹੰਸ ਨ ਛਪੈ।
ਗ੍ਰਿਝਨ ਬਿਖੈ ਮੋਰ ਜਿਮ ਦਿਪੈ।
ਜਿਉਂ ਖਰਗਨ ਮਹਿਂ ਬਲੀ ਤੁਰੰਗ।
ਜਥਾ ਮ੍ਰਿਗਨ ਮਹਿਂ ਕੇਹਰਿ ਅੰਗ ॥੧੦॥

(ਗੁਰ ਪ੍ਰਤਾਪ ਸੂਰਜ, ਰਿਤੁ ੧, ਅੰਸੂ ੭)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਅਦੁੱਤੀ ਪ੍ਰਤਿਭਾ ਸਦਕਾ ਸੰਤ-ਸੈਨਿਕਾਂ ਦੀ ਜਮਾਤ ਪੈਦਾ ਕੀਤੀ। ਇਹਨਾਂ ਸੂਰਬੀਰ ਸੈਨਿਕਾਂ ਨੇ ਨਾਮ ਜਪਦਿਆਂ ਤੇਗਾਂ ਵਾਹੀਆਂ। ਨਦੌਣ, ਹੁਸੈਨੀ ਤੇ ਭੰਗਾਣੀ ਦੇ ਜੁਧਾਂ ਵਿਚ ਉਹ ਸੂਰਮਗਤੀ ਦਰਸਾਈ ਕਿ ਦੁਨੀਆਂ ਅਸ਼ ਅਸ਼ ਕਰ ਉੱਠੀ। ਪਹਾੜੀ ਰਾਜਿਆਂ ਨੂੰ ਲੋਹੇ ਦੇ ਚਣੇ ਚੱਬਣੇ ਪਏ। ਮੁਗ਼ਲ ਸੈਨਾ ਦੀ ਖਾਨਿਓਂ ਗਈ। ਗੁਰੂ ਜੀ ਦੀਆਂ ਲੜਾਈਆਂ ਧਰਮ ਜੁਧ ਸਨ ਨਾ ਕਿ ਕਿਸੇ ਸਲਤਨਤ ਜਾਂ ਰਾਜ ਕਾਇਮ ਕਰਨ ਦੀ ਲਾਲਸਾ ਦਾ ਸਿੱਟਾ।

(3) ਸਾਂਝੀਵਾਲਤਾ ਦਾ ਉਪਾਸ਼ਕ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਂਝੀਵਾਲਤਾ ਦੇ ਉਪਾਸ਼ਕ ਸਨ। ਸਭ ਧਰਮਾਂ ਦੇ ਅਨੁਸਾਰੀ ਆਪ ਦੀ ਸੁਹਿਰਦਤਾ, ਸਹਿਨਸ਼ੀਲਤਾ, ਮਾਨਵ ਹਿਤ ਤੇ ਮਾਨਵ ਚਿਤ ਤੋਂ ਘੋਲ ਘੁਮਾਉਂਦੇ ਸਨ। ਪੀਰ ਭੀਖਨਸ਼ਾਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਹੀ ਪੱਛਮ ਦੀ ਥਾਂ ਪੂਰਬ ਵੱਲ ਨੂੰ ਸਿਜਦਾ ਕਰ ਕੇ ਤੇ ਇਸ ਤੋਂ ਉਪਰੰਤ ਬਾਲਕ ਗੁਰੂ ਦੇ ਦਰਸ਼ਨ ਕਰ ਕੇ ਪਰਖ ਕਰ ਲਈ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਹਿੰਦੂਆਂ ਤੇ ਮੁਸਲਮਾਨਾਂ ਦੋਵਾਂ ਦਾ ਸਾਂਝਾ ਪੀਰ ਹੋਵੇਗਾ। ਪੀਰ ਬੁੱਧੂ ਸ਼ਾਹ ਆਪ ਦਾ ਵੱਡਾ ਮੁਰੀਦ ਤੇ ਅਨਿੰਨ ਸੇਵਕ ਸੀ। ਨਬੀ ਖਾਂ ਤੇ ਗਨੀ ਖਾਂ ਆਪ ਦੇ ਪਰਮ ਹਿਤੈਸ਼ੀ ਸਨ। ਰਾਏ ਕੱਲਾ ਨੂੰ ਆਪ ਨੇ ਆਪਣੀ ਸ਼ਮਸ਼ੀਰ ਦੇ ਕੇ ਨਿਵਾਜਿਆ। ਸੈਦ ਬੇਗ ਗੁਰੂ ਜੀ ਦੀ ਪ੍ਰਭੂਤਾ ਤੇ ਪਵਿੱਤਰਤਾ ਤੋਂ ਇੰਨਾ ਮੁਤਾਸਿਰ ਹੋਇਆ ਕਿ ਉਹ ਸ਼ਾਹੀ ਸੈਨਾ ਦੀ ਜਰਨੈਲੀ ਛੱਡ ਕੇ, ਗੁਰੂ ਜੀ ਵੱਲ ਹੋ ਕੇ ਲੜਦਾ ਰਿਹਾ। ਮੁਸਲਮਾਨਾਂ ਤੋਂ ਬਿਨਾਂ ਮਾਲਵੇ ਦੀ ਬਰਾੜ ਕੌਮ ਆਪ ਤੋਂ ਵਾਰਨੇ ਜਾਂਦੀ ਸੀ। ਧਰਮ ਮੂਰਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਵਿਚਾਰਧਾਰਾ ਤੇ ਬਾਣੀ ਸਾਂਝੀਵਾਲਤਾ ਦਾ ਨਾਦ ਗੁੰਜਾਉਂਦੀ ਹੈ। ਹੇਠਾਂ ਦਿੱਤਾ ਕਬਿੱਤ ਪੜ੍ਹੋ। ਗੁਰੂ ਜੀ ਦੀ ਸਾਂਝੀਵਾਲਤਾ ਦਾ ਵਿਸ਼ਵ-ਵਿਆਪੀ ਸੰਦੇਸ਼ ਸਿੰਘਨਾਦ ਬਣ ਕੇ ਘਨਘੋਰ ਪਾਉਂਦਾ ਹੈ:

www.sikhbookclub.com

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥
ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥

(ਅਕਾਲ ਉਸਤਤਿ)

(4) ਮਹਾਂ ਕਵੀ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਸਰਬੋਤਮ ਕਵੀ ਹੋਏ ਹਨ। ਆਪ ਨੇ ਬੇਅੰਤ ਬਾਣੀ (ਦੈਵੀ ਕਾਵਿ) ਅਨੰਤ ਰੂਪਾਂ, ਰੰਗਾਂ, ਛੰਦਾਂ, ਅਲੰਕਾਰਾਂ ਤੇ ਉਪਮਾਵਾਂ, ਕਾਵਿ-ਭਾਵਾਂ ਤੇ ਭੇਦਾਂ ਵਿਚ ਰਚੀ ਕਿ ਪਾਠਕ ਪੜ੍ਹ ਕੇ ਚਕ੍ਰਿਤ ਰਹਿ ਜਾਂਦਾ ਹੈ। ਆਪ ਨੇ ਅਕਾਲ ਉਸਤਤਿ, ਜਾਪੁ ਸਾਹਿਬ, ਚੰਡੀ ਦੀ ਵਾਰ, ਚੰਡੀ ਚਰਿਤ੍ਰ, ਤੇਤੀ ਸਵੱਯੇ, ਅੰਮ੍ਰਿਤ ਦੇ ਸਵੱਯੇ, ਚਉਬੀਸ ਅਵਤਾਰ, ਗੋਬਿੰਦ ਗੀਤਾ, ਸ਼ਬਦ, ਕਬਿੱਤ, ਦਸਮ ਗ੍ਰੰਥ ਵਿਚ ਵਿਦਮਾਨ ਅਨੇਕ ਰਚਨਾਵਾਂ ਨੂੰ ਕਾਵਿ-ਰੂਪ ਦਿੱਤਾ। ਵਸਤੂ ਤੇ ਕਲਾ ਪੱਖ ਤੋਂ ਆਪ ਦੀਆਂ ਰਚਨਾਵਾਂ ਉਤਕ੍ਰਿਸ਼ਟ ਹਨ। ਜੇ ਇਹਨਾਂ ਰਚਨਾਵਾਂ ਨੂੰ ਉਪਮਾਨ ਤੇ ਉਪਮੇਯ ਆਪੇ ਹੀ ਮੰਨ ਲਿਆ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ। ਹੇ ਕਰੁਣਾ ਨਿਧਾਨ ਜੀਓ ! ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ !! ਆਪ ਦੀ ਅੰਮ੍ਰਿਤ ਬਾਣੀ ਧੰਨ ਹੈ !!!

ਮਹਾਨ ਵਿਦਵਾਨ ਤੇ ਸੁਚੱਜਾ ਪਾਰਖੂ ਪ੍ਰੋ. ਪੂਰਨ ਸਿੰਘ ਆਪ ਦੀ ਕਾਵਿ-ਕਲਾ ਨੂੰ ਇਉਂ ਬਿਆਨਦਾ ਹੈ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ-ਕਲਾ ਅਗੰਮ ਤੇ ਅਥਾਹ ਆਤਮਾ ਦਾ ਆਵੇਸ਼ ਹੈ। ਇਸ ਕਾਵਿ-ਕਲਾ ਵਿਚ ਸਮੁੱਚੇ ਯੁਗ ਦੀ ਧੜਕਨ ਵਿਦਵਾਨ ਹੈ। ਆਪ ਦੀ ਕਾਵਿ-ਕਲਾ ਸਾਨੂੰ ਸਾਹਸ ਤੇ ਸ਼ਕਤੀ ਦਾ ਅਨੁਭਵ ਕਰਾਉਂਦੀ ਹੈ। ਆਪ ਦੇ ਸ਼ਬਦ ਅਬੁਝ ਮਸਾਲਾਂ ਹਨ, ਜਿਹੜੀਆਂ ਡਿੱਗੇ ਢੱਠੇ ਪਾਂਧੀਆਂ ਨੂੰ ਅੰਧੇਰ ਤੇ ਤੂਫ਼ਾਨ ਦੀ ਦੁਨੀਆਂ ਵਿਚੋਂ ਸੇਧ ਬਖ਼ਸ਼ ਕੇ ਸ਼ਾਂਤੀ ਤੇ ਸਵਰਗ ਦਾ ਰਾਹ ਦੱਸਦੀਆਂ ਹਨ। ਆਪ ਦੇ ਤੋਪਾਂ ਵਾਂਗ ਗਜਦੇ ਤੇ ਖੰਡੇ ਵਾਂਗ ਖੜਕਦੇ ਸ਼ਬਦ ਮਾਨਵਤਾ ਵਿਚ ਸੈਨਿਕ ਸਪਿਰਟ ਭਰਦੇ ਹਨ। ਇਹ ਸੈਨਿਕ ਸਪਿਰਟ ਐਸੀ ਅਦਭੁਤ ਹੁੰਦੀ ਹੈ ਕਿ ਇਸ ਵਿਚ ਕਾਮਾਦਿਕ ਵਾਸ਼ਨਾਵਾਂ, ਨੀਚਤਾ ਤੇ ਕਮੀਨਗੀ ਦੀ ਨਾਂ ਮਾਤਰ ਲੇਸ਼ ਵੀ ਨਹੀਂ ਹੁੰਦੀ। ਜਿਹੜਾ ਮਨੁੱਖ ਆਪ ਦੀ ਪ੍ਰਤਿਭਾ ਨੂੰ ਅਨੁਭਵ ਕਰਦਾ ਹੈ, ਉਸ ਵਿਚ ਸੈਨਿਕ ਜੋਸ਼ ਜਾਗਦਾ ਹੈ ਤੇ ਉਸ ਦਾ ਖ਼ੂਨ ਧਰਮ ਯੁੱਧ ਲਈ ਖੌਲਣ ਲੱਗ ਪੈਂਦਾ ਹੈ। ਆਪ ਆਪਣੀ ਕਾਵਿ-ਕਲਾ ਰਾਹੀਂ ਸਦੀਵੀ ਸੁਆਦ ਦੇਣ ਵਾਲੇ ਵਿਭਿੰਨ ਵਿਸ਼ਿਆਂ ਨੂੰ ਅਸੀਮਤ ਜੋਸ਼ ਤੇ ਦਲੇਰੀ ਨਾਲ ਨਿਰੂਪਣ ਕਰਦੇ ਹਨ। ਆਪ ਆਪਣੀ ਦਿਬ-ਦ੍ਰਿਸ਼ਟੀ ਨਾਲ ਧਰਮ ਤੇ ਸਮਾਜ ਦੇ ਭਰਮਾਂ ਦਾ ਖੰਡਨ ਕਰਦੇ ਹਨ ਤਥਾ ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਉਹ ਆਪਣੀ ਅਗਵਾਈ ਲਈ ਗਿਆਨ ਸੂਰਜ ਦੀ ਰੌਸ਼ਨੀ ਨਿਝੱਕ ਹੋ ਕੇ ਵੇਖਣ।

www.sikhbookclub.com

ਜਿਥੇ ਆਪ ਸਰਬੋਤਮ ਕਵੀ ਸਨ, ਉਥੇ ਆਪ ਕਵੀਆਂ ਦੇ ਕਦਰਦਾਨ ਸਨ। ਆਪ ਦੇ ਦਰਬਾਰ ਵਿਚ ਬਵੰਜਾ ਕਵੀ ਸੁਸ਼ੋਭਤ ਸਨ। ਆਪ ਨੇ ਕਵੀਆਂ ਨੂੰ ਬੇਅੰਤ ਪੁਰਸਕਾਰ ਤੇ ਦਾਤਾਂ ਬਖ਼ਸ਼ ਕੇ ਉਤਸ਼ਾਹਿਤ ਕੀਤਾ ਤੇ ਉਹਨਾਂ ਪਾਸੋਂ ਜਿਥੇ ਮੌਲਿਕ ਰਚਨਾਵਾਂ ਕਰਵਾਈਆਂ, ਉਥੇ ਭਾਰਤ ਦੇ ਪ੍ਰਾਚੀਨ ਸਾਹਿਤ ਦਾ ਅਨੁਵਾਦ ਕਰਵਾਇਆ, ਤਾਂਕਿ ਦੇਸ਼ ਵਾਸੀ ਸਰੀਰਕ ਬਲ ਦੇ ਨਾਲ ਨਾਲ ਵਿਦਿਆ ਬਲ ਵਿਚ ਵੀ ਪ੍ਰਬੀਨ ਹੋਣ। ਗਿਣਨਾਤਮਿਕ ਤੇ ਗੁਣਨਾਤਮਿਕ ਪੱਖ ਤੋਂ ਆਪ ਦੀਆਂ ਸਾਹਿਤਕ ਘਾਲਨਾਵਾਂ ਅਮੁੱਕ ਤੇ ਅਪਾਰ ਹਨ। ਹੇਠਾਂ ਦਿੱਤੀ ਟੂਕ ਵਲ ਵੇਖੋ :

ਤਿਨ ਕਵੀਅਨ ਬਾਨੀ ਰਚੀ, ਲਿਖ ਕਾਗਦ ਤੁਲਵਾਇ।
ਨੌ ਮਣ ਹੋਇ ਤੋਲ ਮਹਿ ਸੂਖਮ ਲਿਖਤ ਲਿਖਾਇ।
ਵਿਦਿਆਸਰ ਤਿਸ ਗ੍ਰੰਥ ਕੋ ਨਾਮ ਧਰਿਯੋ ਕਰਿ ਪ੍ਰੀਤ।
ਨਾਨਾ ਵਿਧ ਕਵਿਤਾ ਰਚੀ ਰਖ ਰਖ ਨੌ ਰਸ ਗੀਤ ॥੧॥

(ਮਹਾਂ ਕਵੀ ਸੰਤੋਖ ਸਿੰਘ)

(5) ਲੋਕ-ਹਿਤੈਸ਼ੀ ਗੁਰੂ

ਕਰੁਣਾ ਨਿਧਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ-ਉਦੇਸ਼ ਲੋਕ ਭਲਾਈ ਬਣਾ ਰੱਖਿਆ ਸੀ। ਸਭ ਤੋਂ ਪਹਿਲਾਂ ਗੁਰੂ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਸਤਿਕਾਰਤ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਹਾਨ ਸ਼ਹਾਦਤ ਲਈ ਭੇਜਿਆ। ਆਪ ਲਿਖਦੇ ਹਨ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥੩॥ *(ਬਚਿਤ੍ਰ ਨਾਟਕ, ਅਧਿ: ੫)*

ਸਤਿਕਾਰਤ ਪਿਤਾ ਦੀ ਸ਼ਹਾਦਤ ਉਪਰੰਤ ਆਪ ਨੇ ਆਪਣੇ ਚਾਰੇ ਪੁੱਤਰ, ਮਾਤਾ ਜੀ ਤਥਾ ਸਰਬੰਸ ਵਾਰ ਦਿੱਤਾ। ਆਪਣੇ ਪ੍ਰਾਣਾਂ ਤੋਂ ਪਿਆਰੇ ਸਿਦਕੀ ਸਿੱਖਾਂ ਦਾ ਵਿਛੋੜਾ ਝੱਲਿਆ। ਜਿਨ੍ਹਾਂ ਨੂੰ ਕੋਈ ਜਾਣਦਾ ਵੀ ਨਹੀਂ ਸੀ, ਉਹਨਾਂ ਅੰਦਰ ਬੀਰਤਾ, ਸਾਹਸ ਤੇ ਜੀਵਨ ਰੌ ਰੁਮਕਾ ਕੇ ਆਪ ਨੇ ਸਰਦਾਰ ਬਣਾ ਦਿੱਤਾ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਮੁੜ ਉਹਨਾਂ ਪਾਸੋਂ ਆਪ ਅੰਮ੍ਰਿਤ ਛਕ ਕੇ, ਆਪੇ ਗੁਰ ਚੇਲਾ ਬਣ ਕੇ, ਸੰਗਤ ਤੇ ਪੰਗਤ ਨੂੰ ਪਹਿਲ ਦੇ ਕੇ, ਲੋਕ ਰਾਜੀ ਸਿਧਾਂਤਾਂ ਦੀ ਸਥਾਪਨਾ ਕਰ ਦਿਖਾਈ। ਆਪ ਦੇ ਲੋਕ-ਦਾਨ ਸੰਬੰਧੀ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਜਿਨ ਕੀ ਜਾਤ ਬਰਨ ਕੁਲ ਮਾਹੀ।
ਸਰਦਾਰੀ ਨਹਿ ਭਈ ਕਦਾਹੀ।
ਕੀਟਨ ਤੇ ਇਨ ਕੋ ਮਰਗਿੰਦੂ।
ਕਰੋ ਹਰਨ ਹਿਤ ਤੁਰਕ ਗਜਿੰਦੂ।
ਇਨ ਹੀ ਕਉ ਸਰਦਾਰ ਬਨਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥ *(ਪੰਥ ਪ੍ਰਕਾਸ਼ ਵਿਚੋਂ)*

www.sikhbookclub.com

ਪੁਨ :

ਗੁਜਰ ਲੁਹਾਰ ਅਹੀਰ ਕਮਜਾਤ।
ਕੰਬੋ ਸੂਦ੍ਰਨ ਕੋ ਪੂਛੇ ਨ ਬਾਤ।
ਝੀਵਰ ਨਾਈ ਔ ਰੋੜੇ ਘੁਮਿਆਰ।
ਸਾਇਣੀ ਸੁਨਿਆਰੇ ਚੂੜੇ ਚਮਾਰ।
ਭਟ ਔ ਬ੍ਰਾਹਮਣ ਹੁਤੇ ਮੰਗਵਾਰ।
ਬਹੁ ਰੂਪੀਏ ਲੁਬਾਣੇ ਔ ਘੁਮਿਆਰ।
ਇਨ ਗਰੀਬ ਸਿਖਨ ਕੋ ਦੈਂ ਪਾਤਸ਼ਾਹੀ।
ਯਿਹ ਯਾਦ ਰਖੈਂ ਹਮਰੀ ਗੁਰਿਆਈ ॥

(ਪ੍ਰਾਚੀਨ ਪੰਥ ਪ੍ਰਕਾਸ਼, ਕ੍ਰਿਤ ਭਾ: ਰਤਨ ਸਿੰਘ ਭੰਗੂ ਵਿਚੋਂ)

ਨਿਰਸੰਦੇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਪਾਰ ਕ੍ਰਿਪਾ ਕਰਕੇ ਭੂਰੀਆਂ ਵਾਲੇ ਰਾਜੇ ਬਣ ਗਏ। ਜ਼ੁਲਮੀ ਮੁਗ਼ਲ ਰਾਜ ਦਾ ਖੈ ਹੋ ਗਿਆ।

(6) ਸਦਾਚਾਰ ਸਥਾਪਕ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਸਥਿਰ ਤੇ ਸਥਾਈ ਬਣਾਉਣਾ ਚਾਹੁੰਦੇ ਸਨ। ਆਪ ਨੇ ਖਾਲਸੇ ਵਾਸਤੇ ਸਦਾਚਾਰ ਵਿਧਾਨ (code of morality) ਸਥਾਪਤ ਕੀਤਾ ਕਿਉਂਕਿ ਸਦਾਚਾਰ ਹੀ ਕੌਮੀ ਉਸਾਰੀ ਦੀ ਬੁਨਿਆਦ ਹੁੰਦੀ ਹੈ। ਇਸ ਵਿਧਾਨ ਨੂੰ ਰਹਿਤ ਮਰਯਾਦਾ ਜਾਂ ਜੀਵਨ ਜੁਗਤੀ ਦਾ ਨਾਂ ਦਿੱਤਾ। ਸਿੱਖ ਨੂੰ ਰਹਿਤਵਾਨ ਹੋਣ ਲਈ ਕਰੜੀ ਤਾੜਨਾ ਕੀਤੀ। ਸਿੱਖ (ਖਾਲਸਈ) ਵਿਧਾਨ ਇਸ ਪੱਖ ਦੀ ਪੁਸ਼ਟੀ ਇਉਂ ਕਰਦਾ ਹੈ :

(ੳ) *ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ।*
ਪਰ ਨਾਰੀ ਕੇ ਭਜੇ ਚੰਦ੍ਰ ਕਲੰਕ ਲਗਾਏ।
ਪਰ ਨਾਰੀ ਕੇ ਹੇਤ 'ਸੀਸ ਦਸ' ਸੀਸ ਗਵਾਯੋ।
ਹੋ ਪਰ ਨਾਰੀ ਕੇ ਹੇਤ ਕਤਕ ਕੌਰਨ ਕੋ ਘਾਯੋ ॥੫੨॥

(ਅ) *ਵਾਹਿਗੁਰੂ ਬਿਨ ਕਹੈ ਜੋ ਖਾਵੈ।*
ਵੇਸਵਾ ਦੁਆਰੇ ਸਿਖ ਜੋ ਜਾਵੈ।
ਪਰ ਇਸਤ੍ਰੀ ਸਿਉ ਨੇਹ ਲਗਾਵੈ।
ਕਹੈ ਗੋਬਿੰਦ ਸਿੰਘ ਵਹੁ ਸਿਖ ਨਹੀਂ ਭਾਵੈ ॥

(ੲ) *ਮੁਸਲੀ ਡੂਮਣੀ ਦੂਤੀ ਚੇਲੀ।*
ਵਿਭਚਾਰਨ ਜੋ ਫਿਰੈ ਇਕੇਲੀ।
ਅਵਰ ਜੁ ਆਨ ਵਰਨ ਕੀ ਨਾਰਿ।
ਇਨ ਸੇ ਸਿੰਘ ਨ ਕੇ ਪਿਆਰਿ।
ਪਯਾਰ ਕਰੈ ਹੋਵੈ ਕੁਲ ਹਾਨੀ।
ਤਾਂ ਤੇ ਇਨ ਕੋ ਤਜੈ ਗਯਾਨੀ।

www.sikhbookclub.com

(ਸ) *ਗੋਲਕ ਰਾਖੈ ਨਾਹਿ ਜੁ ਛਲਿ ਕਾ ਕਰੈ ਵਪਾਰ।*
ਕਹੈ ਗੋਬਿੰਦ ਸਿੰਘ ਲਾਲ ਜੀ ਭੋਗੇ ਨਰਕ ਹਜ਼ਾਰ।

(ਹ) *ਤਿਆਗੀ ਦਸ ਵਿਰੋਧ ਮਤ, ਸਾਧਨ*
ਹਿੰਸਾ ਹੰਕਾਰ ਆਲਸ ਕਿਰਪੰ ਅਪ੍ਰਮਾਨੰ।
ਕਠੋਰਤਾ ਜੜਤਾ ਕੁਚੀਲਤਾ
ਅਸ ਊਚ ਕਲਮਾ ਸੁ ਅਭਗਤ ਮਾਨੰ।

ਖਾਲਸੇ ਲਈ ਗੁਣਸ਼ੀਲ ਬਣਨ ਦਾ ਵਿਧਾਨ ਹੈ :

ਦਇਆ, ਦਾਨ, ਛਮਾ, ਸਨਾਨ, ਸੀਲ, ਸੁਚ ਸਤ ਸੁਭਾਖਨ।
ਸਾਧਨ ਸਿਧ, ਸੂਰ ਭਗਤਮਾਨੰ। ਦਸ ਗ੍ਰਾਹੀਆ ਸਤਿ ਪ੍ਰਮਾਨੰ।

ਵਿਸਥਾਰ ਲਈ ਖਾਲਸਈ ਰਹਿਤਨਾਮੇ ਤੇ ਪ੍ਰੇਮ ਸੁਮਾਰਗ ਗ੍ਰੰਥ ਵੇਖੋ, ਜਿਨ੍ਹਾਂ ਤੋਂ ਸਦਾਚਾਰ ਦਾ ਖ਼ਾਲਸਾ ਜਥੇਬੰਦੀ ਵਿਚ ਵੱਡਾ ਮਹੱਤਵ ਉਜਾਗਰ ਹੁੰਦਾ ਹੈ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਬਦਲੇ ਦੀ ਭਾਵਨਾ ਤੋਂ ਵੀ ਵਰਜਿਆ ਹੈ। ਇਸ ਗੱਲ ਦੀ ਗਵਾਹੀ ਸਿੱਖ ਇਤਿਹਾਸ ਹੈ। ਹੇਠਾਂ ਦਿੱਤੀਆਂ ਪਾਲੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਨੂੰ ਭਲੀ-ਭਾਂਤ ਸਪੱਸ਼ਟ ਕਰਦੀਆਂ ਹਨ :

ਪ੍ਰਸ਼ਨ: *ਪੁਨਿ ਸਿੰਘਨ ਬੂਝੇ ਗੁਣ ਖਾਨੀ।*
ਸਕਲ ਤੁਰਕ ਭੁਗਵੈ ਹਿੰਦਵਾਨੀ।
ਸਿਖ ਬਦਲਾ ਲੈ ਭਲਾ ਜਨਾਵੈ।
ਗੁਰ ਸਾਸਤ੍ਰ ਕਿਉ ਵਰਜ ਹਟਾਵੈ ?

ਉਤਰ: *ਸੁਨਿ ਸਤਿਗੁਰ ਬੋਲੇ ਤਿਸ ਬੇਰੇ।*
ਹਮ ਲੈ ਜਾਣੋ ਪੰਥ ਉਚੇਰੇ।
ਨਹੀ ਅਧੋਗਤਿ ਬਿਖੈ ਪੁਚਾਵੈ।
ਯਾ ਤੇ ਕਲਮਲ ਕਰਨ ਹਟਾਵੈ।

ਗੁਰੂ ਜੀ ਦੀ ਆਪਣੇ ਸਿੱਖਾਂ ਨੂੰ ਨਿਤਾਪ੍ਰਤੀ ਸਿਖਿਆ ਇਹ ਸੀ :

(ੳ) **ਦੇਹਿ ਸਿਵਾ ਬਰ ਮੋਹਿ ਇਹੈ,**
ਸੁਭ ਕਰਮਨ ਤੇ ਕਬਹੂ ਨ ਟਰੋਂ...

(ਅ) **ਰੇ ਮਨ ਐਸੋ ਕਰ ਸੰਨਿਆਸਾ...**

(ੲ) **ਰੇ ਮਨ ਐਸੋ ਜੋਗ ਕਮਾਵਹੋ...**

(ਸ) **ਬਿਨ ਕਰਤਾਰ ਨ ਕਿਰਤਮ ਮਾਨੋ...**

(ਹ) **ਸੰਗ੍ਰਹ ਕਰੋ ਸਦਾ ਸਿਮਰਨ ਕਉ ਪਰਮ ਪਾਪ ਤਜ ਭਾਗੋ...**

(ਕ) **ਤਵ ਚਰਨਨ ਮਨ ਰਹੈ ਹਮਾਰਾ...ਆਦਿ ਆਦਿ।**

ਗੁਰੂ ਜੀ ਦੀ ਉਪਰੋਕਤ ਮਹਾਨ ਸਿਖਿਆ ਤੇ ਅਦੁੱਤੀ ਰਹਿਤ ਮਰਯਾਦਾ ਦੇ ਫਲ ਸਰੂਪ, ਸਿੱਖ ਆਚਰਣ ਉੱਚਾ ਤੇ ਸੁੱਚਾ ਪ੍ਰਸੰਸਾ ਦਾ ਪਾਤਰ ਬਣਿਆ। ਕਾਜ਼ੀ ਨੂਰ ਮੁਹੰਮਦ, ਜਿਹੜਾ ਸਿੱਖਾਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ, ਨੂੰ ਮਜਬੂਰ ਹੋ ਕੇ ਇਸ ਹਕੀਕਤ ਨੂੰ ਲਿਖਣਾ ਪਿਆ :

www.sikhbookclub.com

ਕਿ ਨ ਕੁਸ਼ੰਦ ਨਾਮਰਦ ਰਾ ਹੇਚਗਾਹ।
ਗਰੇਜ਼ੰਦਹ ਰਾ ਹਮ ਨ ਗੀਰੰਦ ਰਾਹ।
ਜ਼ਰੋ ਜ਼ੇਵਰੋ ਜ਼ਨ ਬ-ਤਾਰਾਜ ਨੀਜ਼।
ਨ ਗੀਰੰਦ ਗਰ ਮੁਹਰਾਂ ਅਸਤ ਵਰ ਕਨੀਜ਼।
ਜ਼ਨਾਹ ਹਮ ਨ ਬਾਸ਼ਦ ਮਿਆਨੇ ਸਗਾਂ।
ਨ ਪੈਦਾਸਤ ਸਾਰਕ ਦਰਾਂ ਬਦ-ਰਗਾਂ।
ਬ-ਜ਼ਨ ਗਰ ਜਵਾਨਸਤ ਵਰ ਹਸਤ ਪੀਰ।
ਬ-ਗੋਯੰਦ ਬੁਢੀਆ ਬਿਰੌ ਗੋਸ਼ਹ ਗੀਰ।
ਬਵਦ ਲ਼ਫਜ਼ ਬੁਢੀਆ ਬ-ਹਿੰਦੀ ਜ਼ਬਾਂ।
ਬ-ਮਾਨੀ ਕਿ ਈਂ ਪੀਰ ਜ਼ਾਲ ਅਜ਼ ਜ਼ਨਾਂ।
ਨ ਦੁਜ਼ਦੀਸਤ ਹਰਗਿਜ਼ ਮਿਆਨੇ ਸਗਾਂ।
ਨ ਪੈਦਾਸਤ ਸਾਰਕ ਦਰਾਂ ਬਦ-ਰਗਾਂ।
ਕਿ ਜ਼ਾਨੀ ਓ ਸਾਰਕ ਨ ਦਾਰਿੰਦ ਦੋਸਤ।

ਭਾਵਾਰਥ : ਇਹਨਾਂ ਕੁੱਤਿਆਂ (ਸਿੱਖਾਂ) ਨੂੰ ਕੁੱਤੇ ਨਾ ਆਖੋ, ਉਹ ਸ਼ੇਰ ਹਨ ਅਤੇ ਮੈਦਾਨੇ-ਜੰਗ ਵਿਚ ਉਹ ਸ਼ੇਰਾਂ ਵਾਂਗ ਦਲੇਰ ਹਨ। 'ਰਣ ਭੂਮੀ' ਵਿਚ ਸ਼ੇਰ ਵਾਂਗੂ ਗਰਜਣ ਵਾਲੇ ਬਹਾਦਰ ਨੂੰ ਕੁੱਤਾ ਕਿਵੇਂ ਕਿਹਾ ਜਾ ਸਕਦਾ ਹੈ। ਜੇ ਤੁਹਾਨੂੰ ਜੰਗ ਲੜਨ ਦੇ ਕਰਤੱਵ ਸਿੱਖਣ ਦਾ ਚਾਅ ਹੈ, ਤਾਂ ਮੈਦਾਨੇ-ਜੰਗ ਵਿਚ ਇਹਨਾਂ ਨਾਲ ਦੋ ਹੱਥ ਕਰ ਵੇਖੋ, ਉਹ ਤੁਹਾਨੂੰ ਆਪਣਾ ਕਮਾਲ ਇਸ ਤਰ੍ਹਾਂ ਵਿਖਾਉਣਗੇ ਕਿ ਹਰ ਕੋਈ ਅਸ਼-ਅਸ਼ ਕਰੇਗਾ।

ਕੁਝ ਵੀ ਹੋਵੇ, ਇਹ ਕਿਸੇ ਕਾਇਰ 'ਤੇ ਵਾਰ ਨਹੀਂ ਕਰਦੇ। ਨਾ ਹੀ ਇਹ ਮੈਦਾਨ ਤੋਂ ਭਗੋੜੇ ਹੋਏ ਦੁਸ਼ਮਣ ਦਾ ਰਾਹ ਰੋਕਦੇ ਹਨ। ਉਹ ਕਿਸੇ ਔਰਤ ਦੇ ਗਹਿਣੇ ਅਤੇ ਪੂੰਜੀ ਨੂੰ ਨਹੀਂ ਲੁਟਦੇ, ਔਰਤ ਭਾਵੇਂ ਅਮੀਰ ਹੋਵੇ ਤੇ ਭਾਵੇਂ ਗਰੀਬ, ਇਨ੍ਹਾਂ ਕੁੱਤਿਆਂ ਵਿਚ ਵਿਭਚਾਰ ਦਾ ਨਾਂ-ਨਿਸ਼ਾਨ ਉਕਾ ਹੀ ਨਹੀਂ। ਨਾ ਇਹ ਸ਼ੈਤਾਨ ਲੋਕ ਚੋਰੀ ਹੀ ਕਰਦੇ ਹਨ। ਇਹਨਾਂ ਕੁੱਤਿਆਂ ਵਿਚ ਚੋਰ ਕੋਈ ਹੈ ਹੀ ਨਹੀਂ। ਇਨ੍ਹਾਂ ਬਦਜ਼ਾਤ ਲੋਕਾਂ ਵਿਚ ਘਰਾਂ ਨੂੰ ਸੰਨ੍ਹ ਲਾਉਣ ਵਾਲਾ ਭੀ ਕੋਈ ਨਹੀਂ। ਵਿਭਚਾਰ ਕਰਨ ਵਾਲੇ ਲੋਕਾਂ ਅਤੇ ਚੋਰਾਂ ਨਾਲ ਇਹ ਯਾਰਾਨੇ ਨਹੀਂ ਪਾਉਂਦੇ।

ਸਿੱਖਾਂ ਦੇ ਉਚ-ਕੋਟੀ ਦੇ ਕਿਰਦਾਰ ਤੇ ਆਚਰਣ ਦੀ ਇਹ ਗਵਾਹੀ ਇਕ ਤਅੱਸਬੀ ਮੁਸਲਮਾਨ ਦੀ ਕਲਮ ਤੋਂ ਹੈ। ਸੱਚ ਤਾਂ ਇਹ ਹੈ ਕਿ ਐਸਾ ਅਚਾਰ ਤੇ ਕਿਰਦਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਦਾਚਾਰਕ ਸਿਖਿਆ ਦਾ ਹੀ ਸਿੱਟਾ ਸੀ।

(7) ਸਰਬ ਕਲਾ ਸਮਰੱਥ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਬ ਕਲਾ ਸਮਰੱਥ ਸਨ। ਜਿਸ ਨੇ ਵੀ ਕਰੁਣਾ ਨਿਧਾਨ ਪਰਮ ਸੂਰਬੀਰ ਵਰਿਆਮ ਧਰਮ ਮੂਰਤਿ ਦੇ ਦਰਸ਼ਨ ਕੀਤੇ, ਉਹ ਗੁਰੂ ਜੀ ਦੀ ਸਰਬ ਪੱਖੀ ਮਹਾਨ ਸ਼ਖ਼ਸੀਅਤ, ਮੌਲਿਕ ਬੁੱਧੀ, ਧੁਰੰਤਰ ਵਿਦਵਤਾ, ਕਲਾ-ਕੌਸ਼ਿਲਤਾ, ਪ੍ਰਭੂਤਾ, ਸ਼ਸਤਰ ਵਿਦਿਆ, ਗੁਣ ਸੰਪੰਨਤਾ, ਸਮਾਜਕ ਸੂਝ, ਗਿਆਨ-ਵਿਗਿਆਨ ਦੀ ਜਾਣਕਾਰੀ, ਸਦ-ਗੁਣਾਂ ਤੇ ਸਦ-ਭਾਵਨਾਵਾਂ ਤੋਂ ਪ੍ਰਭਾਵਤ

www.sikhbookclub.com

ਹੋਏ ਬਿਨਾਂ ਨਹੀਂ ਰਹਿ ਸਕਿਆ। ਕਾਵਿ-ਕੁਲ ਦੇ ਮਹਾਨ ਵਿਦਵਾਨ ਭਾਈ ਨੰਦ ਲਾਲ ਜੀ ਨੂੰ ਆਪ ਦੀ ਸੰਗਤ ਤੇ ਸੇਵਾ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਗੁਰੂ ਜੀ ਦੇ ਸਰਬ ਕਲਾ ਸਮਰੱਥ ਹੋਣ ਸੰਬੰਧੀ ਇਉਂ ਸਾਖੀ ਭਰੀ ਹੈ :

ਹੱਕ ਹੱਕ ਆ:ਗਾਹ ਗੁਰੂ ਗੋਬਿੰਦ ਸਿੰਘ।
ਸ਼ਾਹਿ ਸ਼ਾਹਿਨਸ਼ਾਹ ਗੁਰੂ ਗੋਬਿੰਦ ਸਿੰਘ।
ਬਰਦੋ ਆਲਮ ਸ਼ਾਹ ਗੁਰੂ ਗੋਬਿੰਦ ਸਿੰਘ।
ਖਸਮ ਰਾ ਜਾਂ ਕਾਰ ਗੁਰੂ ਗੋਬਿੰਦ ਸਿੰਘ।

ਡਾ. ਮੁਹੰਮਦ ਲਤੀਫ਼ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸਮਰੱਥਾ ਤੇ ਪ੍ਰਬੀਨਤਾ ਸੰਬੰਧੀ ਪੰਜਾਬ ਦੇ ਇਤਿਹਾਸ ਵਿਚ ਇਉਂ ਮੁੱਲ ਅੰਕਣ (estimate) ਕੀਤਾ ਹੈ :

Guru Gobind Singh was a Law-giver on the pulpit, a champion in the field, a king on his masand and a Faquir in the society of the Khalsa.

(History of the Punjab)

ਹਕੀਮ ਮਿਰਜ਼ਾ ਅਲਹ ਯਾਰ ਖਾਂ 'ਜੋਗੀ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਸੰਬੰਧੀ ਇਉਂ ਲਿਖਦਾ ਹੈ :

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਯਿਹ ਪਿਆਰ ਮੁਰੀਦੋਂ ਸੇ ਯਿਹ ਸ਼ਫ਼ਕਤ ਭੀ ਕਹੀਂ ਹੈ ?
ਭਗਤੀ ਮੇਂ ਗੁਰੂ ਅਰਸ਼ ਹੈ ਸੰਸਾਰ ਜ਼ਮੀਂ ਹੈ।

ਮੁਕਦੀ ਗੱਲ ਇਹ ਹੈ ਕਿ ਕਰੁਣਾ ਨਿਧਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸਰਬਾਂਗੀ ਸ਼ਖ਼ਸੀਅਤ (dynamic personality) ਨੂੰ ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਤੋਂ ਭਰਪੂਰਤਾ ਨਾਲ ਬਿਆਨ ਕੀਤਾ ਹੈ। ਸਾਰੰਸ਼ ਇਉਂ ਹੈ :

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।

(ਭਾਈ ਗੁਰਦਾਸ ਸਿੰਘ, ਵਾਰ ੪੧)

ਕਰੁਣਾ ਨਿਧਾਨ ਸਤਿਗੁਰ ਦੀ ਅਰਦਾਸ

ਮੇਰ ਕਰੋ ਤ੍ਰਿਣ ਤੇ ਮੁਹਿ ਜਾਹਿ
ਗਰੀਬ ਨਿਵਾਜ ਨ ਦੂਸਰ ਤੋਸੋ ॥
ਭੂਲ ਛਿਮੋ ਹਮਰੀ ਪ੍ਰਭੁ ਆਪਨ
ਭੂਲਨਹਾਰ ਕਹੂੰ ਕੋਊ ਮੋਸੋ ॥
ਸੇਵ ਕਰੀ ਤੁਮਰੀ ਤਿਨ ਕੇ
ਸਭ ਹੀ ਗ੍ਰਿਹ ਦੇਖੀਅਤ ਦ੍ਰੱਬ ਭਰੋਸੋ ॥
ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ
ਭਾਰੀ ਭੁਜਾਨ ਕੋ ਭਾਰੀ ਭਰੋਸੋ ॥

(ਦਸਮ ਗ੍ਰੰਥ, ਪੰਨਾ ੪੫)

(12/1971)

www.sikhbookclub.com

ਪ੍ਰੀਤਿ ਪੈਗ਼ੰਬਰ ਗੁਰੂ

ਹਰ ਸਮੇਂ, ਹਰ ਦੇਸ਼ ਵਿਚ, ਧਰਮ, ਕਲਾ ਤੇ ਫ਼ਿਲਾਸਫ਼ੀ ਦਾ ਇੱਕੋ-ਇਕ ਪਵਿੱਤਰ ਮਨੋਰਥ ਰਿਹਾ ਹੈ ਕਿ ਮਨੁੱਖ ਨੂੰ ਜ਼ਿੰਦਗੀ ਦੀ ਏਕਤਾ ਦਾ ਸਬਕ ਦ੍ਰਿੜ੍ਹਾਇਆ ਜਾਵੇ ਤੇ ਇਸ ਆਸਰੇ ਮਨੁੱਖੀ ਸਮਾਜ ਵਿਚ ਇਕਸੁਰਤਾ ਪੈਦਾ ਕਰ ਕੇ ਸ਼ਾਂਤੀ ਅਮਨ ਵਿਚ ਰਹਿੰਦਿਆਂ ਸਭਿਆਚਾਰ ਦੀਆਂ ਉਚੇਰੀਆਂ ਸਿਖਰਾਂ ਨੂੰ ਛੂਹਿਆ ਜਾਵੇ ਤੇ ਅਗਲੇਰੀ ਪੀੜ੍ਹੀ ਲਈ ਉੱਚਾ, ਸੁੱਚਾ ਤੇ ਸਾਰਥਕ ਉਦੇਸ਼ ਪੇਸ਼ ਕੀਤਾ ਜਾਵੇ। ਸਿੱਖ ਧਰਮ ਦਾ ਆਦਰਸ਼ ਵੀ ਇਹੋ ਸੀ ਕਿ ਚੜ੍ਹਦੀ ਕਲਾ ਦੇ ਨਾਲ-ਨਾਲ 'ਸਰਬੱਤ ਦੇ ਭਲੇ' ਨੂੰ ਮੋਹਰੀ ਥਾਂ ਦਿੱਤਾ ਜਾਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਧਿਆਤਮਕ ਗੁਰੂ, ਬੀਰ ਸੈਨਾਪਤੀ ਤੇ ਵਿਦਵਾਨ ਮਹਾਂਕਵੀ ਦਾ ਸੰਗਮ ਸੀ। ਦੂਜੇ ਸ਼ਬਦਾਂ ਵਿਚ ਗੁਰਤਾ, ਬੀਰਤਾ ਤੇ ਕਾਵਿਕਤਾ ਉਨ੍ਹਾਂ ਦੇ ਮੁੱਖ ਗੁਣ ਸਨ ਪਰ ਪ੍ਰਧਾਨਤਾ ਗੁਰਤਾ ਨੂੰ ਹੀ ਪ੍ਰਾਪਤ ਸੀ।

ਗੁਰਤਾ ਦਾ ਵੱਡਾ ਲੱਛਣ ਇਹ ਦੱਸਿਆ ਗਿਆ ਹੈ ਕਿ ਜਿੱਥੇ ਗੁਰੂ ਆਪ ਉਸ ਪਰਮ ਜੋਤਿ ਨਾਲ ਇਕਮਿਕ ਹੁੰਦਾ ਹੈ, ਉਥੇ ਬਾਕੀ ਸਭ ਨੂੰ ਵੀ ਉਸ ਦੇ ਨਾਲ ਮਿਲਾਉਂਦਾ ਹੈ, ਸੋ ਉਸ ਦਾ ਕਰਤੱਵ ਵੀ ਜ਼ਿੰਦਗੀ ਦਾ ਸੰਜੋਗ ਰਚਣਾ ਹੈ ਜਿਵੇਂ ਕਿ ਮੌਲਾਨਾ ਰੂਮੀ ਨੇ ਲਿਖਿਆ ਹੈ ਕਿ ਤੂੰ ਭਾਈ, ਦੁਨੀਆਂ ਵਿਚ ਆਇਆ ਹੀ ਇਸ ਲਈ ਹੈਂ ਕਿ ਸਭ ਨੂੰ ਮਿਲਾਵੇਂ, ਨਾ ਕਿ ਤੋੜ-ਵਿਛੋੜਾ ਪਾਵੇਂ। ਉਸ ਦਾ ਕੌਲ ਹੈ :

ਤੂੰ ਬਰਾਇ ਵਸਲ ਕਰਦਨ ਆਮਦੀ।
ਨ ਬਰਾਇ ਫਸਲ ਕਰਦਨ ਆਮਦੀ।

ਗੁਰਬਾਣੀ ਵਿਚ ਗੁਰੂ ਦਾ ਲੱਛਣ ਵੀ ਇਸੇ ਪ੍ਰਕਾਰ ਦਿੱਤਾ ਗਿਆ ਹੈ ਕਿ ਉਹ ਮਨੁੱਖੀ ਆਤਮਾ ਨੂੰ ਮਾਲਕ ਪਰਮਾਤਮਾ ਨਾਲ ਮਿਲਾਵੇ ਤੇ ਮਨੁੱਖ ਨੂੰ ਮਨੁੱਖ ਦੇ ਗਲ ਲਾਵੇ :

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥

(ਪੰਨਾ ੭੨)

ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ਰਮਾਨ ਵੀ ਇਸੇ ਭਾਵ ਦਾ ਹੈ :

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥ *(ਪੰਨਾ ੯੫੭)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੁਰਿਆਈ ਮਾਲਾ ਦੇ ਅੰਤਿਮ ਵਾਰਸ ਸਨ। ਉਨ੍ਹਾਂ ਮਨੁੱਖ ਨੂੰ ਰੱਬ ਨਾਲ ਮੇਲਣ ਤੇ ਮਨੁੱਖਾਂ ਨੂੰ ਪਰਸਪਰ ਮੇਲਣ ਦੇ ਬੜੇ ਸਾਰਥਕ ਉਪਰਾਲੇ ਕੀਤੇ। ਇਹ ਠੀਕ ਹੈ

www.sikhbookclub.com

ਕਿ ਉਹ ਖੜਗਧਾਰੀ ਜੋਧੇ ਸਨ; ਉਨ੍ਹਾਂ ਸਿੱਖਾਂ ਨੂੰ ਖੜਗ ਦਾ ਯੋਗ ਪ੍ਰਯੋਗ ਵੀ ਦੱਸਿਆ ਪਰ ਨਾਲ ਹੀ ਉਨ੍ਹਾਂ ਇਸ ਨੂੰ ਆਖਰੀ ਹਥਿਆਰ ਹੀ ਕਿਹਾ। ਸਪੱਸ਼ਟ ਤਾਕੀਦ ਕੀਤੀ ਕਿ ਜਦੋਂ ਕੋਈ ਸਾਧਨ ਬਾਕੀ ਨਾ ਰਹੇ ਤਾਂ ਹੀ ਤਲਵਾਰ ਦੀ ਮੁੱਠ ਉੱਤੇ ਹੱਥ ਰੱਖਣਾ ਜਾਇਜ਼ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ (ਜ਼ਫ਼ਰਨਾਮਾ)

ਜਿਥੋਂ ਤਕ ਜੀਵਨ-ਜਾਚ ਦਾ ਤੁਅੱਲਕ ਹੈ, ਸਤਿਗੁਰਾਂ ਦੋ ਵਿਸ਼ੇਸ਼ ਗੱਲਾਂ ਕਹੀਆਂ। ਪਹਿਲੀ ਇਹ ਕਿ ਪਰਮੇਸ਼ਰ ਪ੍ਰੇਮ-ਸਰੂਪ ਹੈ ਤੇ ਉਹ ਅਨੁਰਾਗ ਜਾਂ ਮੁਹੱਬਤ ਬਣ ਕੇ ਹੀ ਜਗਤ ਦੇ ਬਾਗ ਵਿਚ ਟਹਿਕ-ਮਹਿਕ ਪੈਦਾ ਕਰ ਰਿਹਾ ਹੈ। ਫਿਰ ਉਸ ਨੂੰ ਪਾਉਣ ਦਾ ਤਰੀਕਾ ਵੀ ਪ੍ਰੇਮ ਹੀ ਹੈ; ਬਾਕੀ ਸਾਧਨ ਤਾਂ ਐਵੇਂ ਦੇਖ-ਦਿਖਾਵੇ ਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :

ਦੇਸ ਔਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥ (ਜਾਪੁ ਸਾਹਿਬ)

ਤੇ

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥
(ਅਕਾਲ ਉਸਤਤਿ)

ਗੁਰੂ ਦਸਮੇਸ਼ ਖੜਗਧਾਰੀ ਜੋਧੇ ਸਨ, ਮਹਾਂਕਵੀ ਸਨ ਪਰ ਇਸ ਤੋਂ ਵੱਧ ਵਿਸ਼ੇਸ਼ਤਾ ਵਾਲੀ ਗੱਲ ਇਹ ਕਿ ਉਹ ਪ੍ਰੀਤ-ਪੈਗ਼ੰਬਰ ਸਨ ਜਿਨ੍ਹਾਂ ਮਨੁੱਖਤਾ ਨੂੰ ਏਕਤਾ ਅਤੇ ਪ੍ਰੇਮ-ਪਿਆਰ ਦਾ ਪੈਗ਼ਾਮ ਦਿੱਤਾ। ਖਾਲਸੇ ਨੂੰ ਇਹ ਗੱਲ ਦ੍ਰਿੜ੍ਹ ਕਰਾਈ ਕਿ 'ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ' ਅਰਥਾਤ ਪੂਰੇ ਪ੍ਰੇਮ-ਭਾਵ ਨਾਲ ਅਤੇ ਪ੍ਰਭੂ ਦੀ ਪ੍ਰਤੀਤ ਭਰੋਸੇ ਦਾ ਪ੍ਰਣ ਨਿਭਾਉਣਾ ਮੁਢਲੀ ਕਾਰ ਹੈ।

ਧਾਰਮਿਕ ਮਹਾਂ-ਪੁਰਸ਼ਾਂ ਦੀ ਦ੍ਰਿਸ਼ਟੀ ਯੂਨੀਵਰਸਲ ਅਥਵਾ ਵਿਸ਼ਵ-ਵਿਆਪੀ ਹੁੰਦੀ ਹੈ ਤੇ ਆਮ ਤੌਰ 'ਤੇ ਸੰਸਾਰੀ ਆਦਮੀ ਦੀ ਦ੍ਰਿਸ਼ਟੀ ਵਧੇਰੇ ਕਰਕੇ ਸੁਆਰਥੀ (ਸੈਲਫਸੈਂਟ੍ਰਡ) ਹੁੰਦੀ ਹੈ। ਗੁਰੂ ਸਾਹਿਬ ਪਰਉਪਕਾਰੀ ਸਨ ਤੇ ਸਮੁੱਚੇ ਸੰਸਾਰ ਦੇ ਕਲਿਆਨ ਦੀ ਸੋਚ ਸੋਚਦੇ ਸਨ।

ਅਨੇਕ ਤਰ੍ਹਾਂ ਦੀਆਂ ਵਿਰੋਧਤਾਈਆਂ, ਖ਼ਿਮਤਾਈਆਂ ਦੇ ਬਾਵਜੂਦ ਗੁਰੂ ਕਲਗੀਧਰ ਇਹ ਸਮਝਦੇ ਤੇ ਅਨੁਭਵ ਕਰਦੇ ਸਨ ਕਿ ਸਭ ਦਾ ਇਸ਼ਟ ਪਰਮੇਸ਼ਰ ਇੱਕ ਹੈ। ਰਸਤਾ ਦਿਖਾਉਣ ਵਾਲਾ ਗੁਰੂ ਵੀ ਇਕ ਹੈ। ਉਸ ਦੀ ਕਾਇਨਾਤ ਇਕ ਹੈ, ਸਾਰੀ ਮਨੁੱਖਤਾ ਇਕ ਹੈ ਤੇ ਉਸ ਦਾ ਧਰਮ ਤੇ ਸ਼ਿਸ਼ਟਾਚਾਰ ਵੀ ਇਕ ਹੈ। ਇਸ ਏਕਤਾ ਦੀ ਪਛਾਣ ਕਰਨਾ ਹੀ ਜੀਵਨ ਦਾ ਭੇਦ ਹੈ। ਜੇ ਮਨੁੱਖੀ ਆਤਮਾ ਨੇ ਪਰਮਾਤਮਾ ਨੂੰ ਪਾਉਣਾ ਹੈ ਤੇ ਉਸ ਦੀ ਸ੍ਰਿਸ਼ਟੀ ਨੂੰ ਰੀਝਾਉਣਾ ਹੈ ਤਾਂ ਇਸ ਦੀ ਇੱਕੋ-ਇਕ ਵਿਧੀ ਸਭ ਨਾਲ ਪ੍ਰੇਮ-ਪਿਆਰ ਦਾ ਵਰਤਾਰਾ ਵਰਤਾਉਣਾ ਹੈ। ਪੂਰਨ ਖਾਲਸਾ ਵੀ ਉਹੋ ਹੋ ਸਕਦਾ ਹੈ ਜੋ ਪ੍ਰੇਮ-ਮੁਹੱਬਤ ਦਾ ਬ੍ਰਤ ਧਾਰਨ ਕਰਦਾ ਅਤੇ ਕਣ-ਕਣ ਵਿਚ ਜਾਗਤ ਜੋਤਿ ਦੇ ਦਰਸ਼ਨ ਕਰਦਾ ਹੈ :

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ ॥

(ਦਸਮ ਗ੍ਰੰਥ, ਪੰਨਾ ੭੧੨)

www.sikhbookclub.com

ਇਸੇ ਕਰਕੇ ਆਪ ਨੇ ਇਨਸਾਨੀ ਏਕਤਾ ਉਤੇ ਬਹੁਤ ਜ਼ੋਰ ਦਿੱਤਾ ਤੇ ਧਰਮ-ਕਰਮ ਦੀ ਏਕਤਾ ਨੂੰ ਵੀ ਪਛਾਣਨ ਦੀ ਤਾਕੀਦ ਕੀਤੀ। ਇਹੋ ਹੀ ਇਕ ਸਾਰਥਕ ਵਿਧੀ ਸੀ ਜਿਸ ਨਾਲ 'ਸਰਬੱਤ ਦੇ ਭਲੇ' ਦਾ ਮਿਸ਼ਨ ਪੂਰਾ ਹੋ ਸਕਦਾ ਸੀ। ਈਸਾਈ ਚਿੰਤਨ ਵਿਚ 'ਪ੍ਰੇਮ ਹੀ ਰੱਬ' (Love is God) ਦਾ ਖਿਆਲ ਦਿੱਤਾ ਗਿਆ ਹੈ ਤੇ ਬਹੁਤੇ ਲੋਕ ਇਉਂ ਹੀ ਸਮਝਦੇ ਹਨ ਇਕ ਇਹ ਵਿਚਾਰ ਪੱਛਮ ਵੱਲੋਂ ਹੀ ਇਧਰ ਆਇਆ ਹੈ ਪਰ ਗੁਰੂ ਦਸਮੇਸ਼ ਜੀ ਦੀ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਉਨ੍ਹਾਂ ਪਰਮੇਸ਼ਰ ਨੂੰ ਪ੍ਰੇਮ ਰੂਪ ਹੋ ਕੇ ਸਾਰੇ ਵਿਚਰਦਾ ਦੱਸਿਆ ਤੇ ਪ੍ਰੇਮ ਦੁਆਰਾ ਹੀ ਉਸ ਨੂੰ ਪਾਉਣ ਦਾ ਮਾਰਗ ਦਰਸਾਇਆ ਹੈ। ਇਸ ਖ਼ਾਤਰ ਏਕਤਾਵਾਦੀ ਹੋਣਾ ਕੁਦਰਤੀ ਤੇ ਬਹੁਤ ਜ਼ਰੂਰੀ ਸੀ।

'ਅਕਾਲ ਉਸਤਤਿ' ਵਿਚ ਜਿੱਥੇ ਰੱਬੀ ਮਹਿਮਾ ਦਾ ਗਾਇਨ ਹੈ, ਉਥੇ ਕਰਮਕਾਂਡੀ ਧਰਮਾਂ ਦੀ ਪੁਣ-ਛਾਣ ਵੀ ਬੜੀ ਨਿਧੜਕਤਾ ਤੇ ਨਿਪੁੰਨਤਾ ਨਾਲ ਕਰਨ ਉਪਰੰਤ ਚਾਰ ਕਬਿੱਤਾਂ ਵਿਚ ਜ਼ਿੰਦਗੀ ਦੀ ਏਕਤਾ ਤੇ ਧਰਮਾਂ ਦੀ ਏਕਤਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦ੍ਰਿੜ੍ਹ ਕਰਾਈ ਗਈ ਹੈ।

ਪਹਿਲੇ ਕਬਿੱਤ ਵਿਚ ਮਨੁੱਖੀ-ਏਕਤਾ ਦਾ ਪਾਠ ਪੜ੍ਹਾਉਂਦਿਆਂ ਇਉਂ ਸਮਝਾਇਆ ਹੈ ਕਿ ਸੰਨਿਆਸੀ, ਜੋਗੀ, ਜਤੀ, ਹਿੰਦੂ, ਤੁਰਕ ਜਾਂ ਸ਼ੀਆ-ਸੁੰਨੀ, ਕੋਈ ਭਿੰਨ-ਭੇਦ ਨਹੀਂ, ਸਭੇ ਪੰਜ ਤੱਤ ਦੇ ਪੁਤਲੇ ਅਤੇ ਪੰਜ ਗਿਆਨ-ਇੰਦਰਿਆਂ ਦੇ ਮਾਲਕ ਹਨ। ਇਹ 'ਮਾਨਸ ਕੀ ਜਾਤ' ਇੱਕ ਹੈ ਤੇ ਇਨ੍ਹਾਂ ਦਾ ਮਾਲਕ ਸਿਰਜਣਹਾਰ ਵੀ ਇੱਕੋ ਹੈ ਅਤੇ ਗਿਆਨ-ਦਾਤਾ ਗੁਰਦੇਵ ਵੀ ਜੋਤਿ ਸਰੂਪ ਇੱਕੋ ਇਕ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੧੫॥੮੫॥ *(ਅਕਾਲ ਉਸਤਤਿ)*

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥੯॥ *(ਚੌਪਈ ਪਾ:੧੦)*

ਦੂਜੇ ਕਬਿੱਤ ਵਿਚ ਸਤਿਗੁਰਾਂ ਇਹ ਸਮਝਾਇਆ ਹੈ ਕਿ ਦੇਹਰਾ ਮਸੀਤ ਜਾਂ ਪੂਜਾ ਨਮਾਜ਼ ਵਿਚ ਕੋਈ ਭਿੰਨ-ਭੇਦ ਨਹੀਂ। ਲੋਕਾਂ ਆਪਣੇ-ਆਪਣੇ ਸਿਦਕ ਤੇ ਸ਼ਰਧਾ ਅਨੁਸਾਰ ਉਸ ਦੇ ਧਰਮ-ਅਸਥਾਨ ਸਿਰਜੇ ਅਤੇ ਆਪਣੀ-ਆਪਣੀ ਭਾਵਨਾ ਮੁਤਾਬਕ ਉਸ ਦੀ ਭਗਤੀ ਜਾਂ ਬੰਦਗੀ ਕਰਨ ਦੀ ਵਿਧੀ ਅਪਣਾਈ ਹੈ। ਅੰਦਰਲੀ ਸਪਿਰਟ ਸਭ ਦੀ ਇਕ ਜੈਸੀ ਹੈ, ਉਸ ਵਿਚ ਰਤਾ ਫ਼ਰਕ ਨਹੀਂ। ਇਸ ਕਰਕੇ ਬਾਹਰਲੀ ਸੂਰਤ ਨੂੰ ਸਨਮੁਖ ਰੱਖ ਕੇ ਇਨ੍ਹਾਂ ਵਿਚ ਭਿੰਨ-ਭੇਦ ਕਰਨਾ ਜਾਂ ਕੋਈ ਫ਼ਰਕ ਮੰਨਣਾ ਠੀਕ ਨਹੀਂ। ਆਪ ਫ਼ੁਰਮਾਉਂਦੇ ਹਨ:

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

www.sikhbookclub.com

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥ (ਅਕਾਲ ਉਸਤਤਿ)

ਜਿਵੇਂ ਅੱਗ ਦੇ ਭਾਂਬੜ ਵਿੱਚੋਂ ਕ੍ਰੋੜਾਂ ਚੰਗਿਆੜੇ ਉੱਡਦੇ ਤੇ ਅਸਮਾਨ ਵਿਚ ਆਪਣੀ ਚਮਕ-ਦਮਕ ਦਿਖਾਉਂਦੇ ਹਨ ਪਰ ਹੁੰਦੇ ਸਭ ਅੱਗ ਦਾ ਰੂਪ ਹੀ ਹਨ; ਜਿਵੇਂ ਸਾਗਰ ਵਿਚ ਅਨੇਕ ਤਰੰਗਾਂ, ਲਹਿਰਾਂ ਹਨ ਪਰ ਹੁੰਦਾ ਸਭ ਪਾਣੀ ਹੀ ਹੈ, ਜਿਵੇਂ ਧਰਤੀ ਤੋਂ ਉੱਡਣ ਵਾਲੇ ਮਿੱਟੀ ਦੇ ਜ਼ਰਰੇ ਪੌਣ ਨਾਲ ਖੇਡਦੇ-ਖੇਡਦੇ ਉੱਚੇ ਗਗਨਾਂ ਨੂੰ ਵੀ ਜਾ ਛੂੰਹਦੇ ਹਨ ਪਰ ਅੰਤ ਸਭ ਧਰਤੀ-ਮਾਤਾ ਦੀ ਗੋਦ ਵਿਚ ਆ ਸਮਾਉਂਦੇ ਹਨ, ਇਸੇ ਤਰ੍ਹਾਂ ਸਾਰੀ ਕਾਇਨਾਤ, ਸਾਰਾ ਪਸਾਰਾ ਉਸ ਪਰਮ-ਜੋਤਿ ਦਾ ਲਿਸ਼ਕਾਰਾ ਹੈ ਤੇ ਅੰਤ ਇਸ ਨੇ ਉਸੇ ਵਿਚ ਅਭੇਦ ਹੋ ਜਾਣਾ ਹੈ। ਜਿਸ ਨੇ ਇਹ ਰਹੱਸ ਪਾ ਲਿਆ ਹੈ, ਉਹ ਕੋਈ ਭਰਮ-ਭੇਦ ਨਹੀਂ ਕਰਦਾ ਸਗੋਂ ਸਭ ਨਾਲ ਪਿਆਰ ਕਰਦਾ ਹੈ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥

(ਅਕਾਲ ਉਸਤਤਿ)

ਅਜਿਹੀ ਦ੍ਰਿਸ਼ਟੀ ਵਾਲੇ ਭਾਈ ਘਨ੍ਹਈਆ ਵਾਂਗ ਆਪਣੇ ਪ੍ਰਭੂ ਨੂੰ ਇਨਸਾਨ ਮਾਤਰ ਵਿਚ ਤੱਕ ਕੇ ਪ੍ਰੇਮ-ਪਿਆਰ ਦਾ ਵਰਤਾਰਾ ਕਰਦੇ ਅਤੇ ਆਪਣੇ ਆਪ ਅਤੇ ਆਲੇ-ਦੁਆਲੇ ਨੂੰ ਸਦਾ ਖੁਸ਼ੀਆਂ ਵੰਡਦੇ ਹਨ। ਉਨ੍ਹਾਂ ਲਈ ਕੋਈ ਵੀ ਬਿਗਾਨਾ ਨਹੀਂ। ਹਿੰਦੂ-ਤੁਰਕ ਤਾਂ ਕੀ ਬਲਕਿ ਤਮਾਮ ਜੀਵ-ਜੰਤੂ ਵੀ ਉਨ੍ਹਾਂ ਨੂੰ ਪਰਮ-ਜੋਤਿ ਦੇ ਕ੍ਰਿਸ਼ਮੇ ਦਿੱਸਦੇ ਹਨ :

ਬਿਸਰਿ ਗਈ ਸਭ ਤਾਤਿ ਪਰਾਈ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਪੰਨਾ ੧੨੯੯)

ਭਾਈ ਨੰਦ ਲਾਲ ਜੀ ਨੇ ਆਖਿਆ ਹੈ ਕਿ ਬ੍ਰਾਹਮਣ ਬੁੱਤਾਂ ਦਾ ਮੁਸ਼ਤਾਕ ਹੈ ਤੇ ਮੋਮਨ ਖਾਨ ਕਹਾਉਂਦਾ ਹੈ ਪਰ ਸਾਨੂੰ ਤਾਂ ਹਰ ਪਾਸੇ ਮੁਹੱਬਤ ਦਾ ਪਿਆਲਾ ਹੀ ਛਲਕਦਾ ਦਿੱਸਦਾ ਹੈ :

ਬ੍ਰਹਮਨ ਮੁਸ਼ਤਾਕਿ ਬੁੱਤ, ਜ਼ਾਹਿਦ ਫ਼ਿਦਾਇ ਖ਼ਾਨਕਾਹ
ਹਰ ਕੁਜਾ, ਜਾਮਿ ਮੁਹੱਬਤ, ਦੀਦਾਅਮ ਸਰਸ਼ਾਰ ਹਸਤ ॥੬॥ (ਗ਼ਜ਼ਲ ੬)

www.sikhbookclub.com

ਦਸਮੇਸ਼ ਜੀ ਦਾ ਫ਼ਰਮਾਨ ਵੀ ਇਸੇ ਅਭੇਦਤਾ ਤੇ ਸਮਤਾ ਦਾ ਬਖਾਨ ਕਰਦਾ ਹੈ :

ਜਾ ਤੇ ਛੂਟਿ ਗਯੋ ਭ੍ਰਮ ਉਰ ਕਾ ॥
ਤਿਹ ਆਗੈ ਹਿੰਦੂ ਕਿਆ ਤੁਰਕਾ ॥੧੯॥ *(ਦਸਮ ਗ੍ਰੰਥ, ਪੰਨਾ ੧੫੭)*

ਗੁਰੂ ਸਾਹਿਬ ਜ਼ਿੰਦਗੀ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਸਨ। ਉਨ੍ਹਾਂ ਖੁਦ ਇਹ ਗੱਲ ਵੀ ਦੁਹਰਾਈ ਹੈ ਕਿ ਜਦੋਂ ਕੋਈ ਕੰਮ ਹੋਰ ਹੀਲਿਆਂ ਤੋਂ ਲੰਘ ਜਾਵੇ ਤਾਂ ਹੀ ਕਿਰਪਾਨ ਦੇ ਦਸਤੇ ਉਤੇ ਹੱਥ ਰੱਖਣਾ ਜਾਇਜ਼ ਹੈ। ਇਸ ਦਾ ਸਾਫ ਤੇ ਸਪੱਸ਼ਟ ਭਾਵ ਇਹ ਹੈ ਕਿ ਪਹਿਲੇ ਸਾਰੇ ਸ਼ਾਂਤਮਈ ਸਾਧਨ ਵਰਤੋਂ ਵਿਚ ਲਿਆਂਦੇ ਜਾਣ, ਜੇਕਰ ਕੋਈ ਚਾਰਾ ਨਾ ਚੱਲੇ ਤਾਂ ਹੀ ਤੇਗ ਨੂੰ ਧੂਹਣਾ ਬਣਦਾ ਹੈ। ਇਤਿਹਾਸ ਤੋਂ ਪ੍ਰਗਟ ਹੈ ਕਿ ਉਨ੍ਹਾਂ ਆਪ ਹਮਲਾਵਰ ਹੋ ਕੇ ਲੜਾਈ ਨਹੀਂ ਲੜੀ, ਸਗੋਂ ਕੇਵਲ ਸੁਰੱਖਿਆ ਖ਼ਾਤਰ ਹੀ ਹਥਿਆਰ ਉਠਾਏ। ਸੋ ਜੰਗ-ਯੁੱਧ ਉਨ੍ਹਾਂ ਦਾ ਮਨ-ਇੱਛਤ ਪ੍ਰੋਗਰਾਮ ਨਹੀਂ ਸੀ, ਕੇਵਲ ਸਮੇਂ ਦੀ ਲੋੜ ਸੀ।

ਕਿਤੇ-ਕਿਤੇ ਇਹ ਖਿਆਲ ਵੀ ਪ੍ਰਚਾਰਿਆ ਗਿਆ ਹੈ ਕਿ ਉਹ ਮੁਸਲਮਾਨਾਂ ਦੇ ਵੈਰੀ ਸਨ, ਇਹ ਗੱਲ ਵੀ ਬੇ-ਬੁਨਿਆਦ ਹੀ ਹੈ। ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਸੀ। ਸਤਿਗੁਰੂ-ਚਰਿਤ੍ਰ ਦਾ ਇਹ ਵਿਸ਼ੇਸ਼ ਗੁਣ ਹੈ ਕਿ ਉਹ ਨਿਰਭਉ-ਨਿਰਵੈਰ ਹੈ:

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ। *(ਵਾਰ ੩੪:੧)*

ਇਸ ਦਾ ਇਤਿਹਾਸਕ ਪ੍ਰਮਾਣ ਵੀ ਸਾਡੇ ਸਾਹਮਣੇ ਹੈ ਕਿ ਉਨ੍ਹਾਂ ਭਾਈ ਘਨਈਆ ਜੀ ਨੂੰ ਹਰ ਘਾਇਲ ਜ਼ਖ਼ਮੀ ਨੂੰ ਪਾਣੀ ਪਿਲਾਉਣ ਲਈ ਸ਼ਾਬਾਸ਼ ਦੇਂਦਿਆਂ, ਨਾਲ ਮਲ੍ਹਮ ਦੀ ਡੱਬੀ ਵੀ ਦਿੱਤੀ ਕਿ ਬਿਨਾਂ ਕਿਸੇ ਭੇਦ-ਭਾਵ ਦੇ ਹਰ ਜ਼ਖ਼ਮੀ ਦੇ ਜ਼ਖ਼ਮਾਂ ਨੂੰ ਮਲ੍ਹਮ ਵੀ ਲਾਈ ਜਾਵੇ।

ਇਸ ਤੋਂ ਬਿਨਾਂ ਅਨੇਕਾਂ ਮੁਸਲਮਾਨ ਆਪ ਦੇ ਮਿੱਤਰ ਤੇ ਅਨਿੰਨ ਸ਼ਰਧਾਲੂ ਵੀ ਸਨ, ਜਿਨ੍ਹਾਂ ਵਿਚ ਭੀਖਨਸ਼ਾਹ, ਕਾਜ਼ੀ ਸਲਾਰੁਦੀਨ, ਨਿਹੰਗ ਖਾਂ, ਆਲਮ ਖਾਂ, ਨਬੀ ਖਾਂ, ਗਨੀ ਖਾਂ, ਸੈਦ ਬੇਗ, ਇਬਰਾਹੀਮ ਖਾਂ, ਹਾਜੀ ਚਰਾਗ ਸ਼ਾਹ ਅਜਨੇਰੀਆ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲਾ, ਇਨਾਯਤ ਅਲੀ ਨੂਰਪੁਰੀਆ, ਸੁਬੇਗ ਸ਼ਾਹ ਹਲਵਾਰੀਆ, ਹਸਨ ਅਲੀ ਮੋਨੂਮਾਜਰੀਆ ਆਦਿ ਪ੍ਰਸਿੱਧ ਹਨ, ਜਿਨ੍ਹਾਂ ਸਤਿਗੁਰਾਂ ਨੂੰ ਦਿਲੋਂ-ਮਨੋਂ ਪਿਆਰ ਕੀਤਾ ਤੇ ਸੰਕਟ ਸਮੇਂ ਵੀ ਆਪ ਦਾ ਸਾਥ ਦਿੱਤਾ।

ਸੋ ਮਾਨਸ ਕੀ ਜਾਤ ਇਕ ਮੰਨਣ ਵਾਲਾ ਕਿਸੇ ਨਾਲ ਦਵੈਤ ਜਾਂ ਵੈਰ-ਵਿਰੋਧ ਕਰ ਹੀ ਨਹੀਂ ਸਕਦਾ। ਉਹ ਪ੍ਰੀਤ-ਪੈਗੰਬਰ ਹੁੰਦਾ ਹੋਇਆ ਸਭ ਨੂੰ ਆਪਣੀ ਪਿਆਰ-ਗਲਵਕੜੀ ਵਿਚ ਲੈ ਕੇ ਹੀ ਪ੍ਰਸੰਨ ਹੁੰਦਾ ਹੈ। ਇਸੇ ਲਈ ਭਾਈ ਨੰਦ ਲਾਲ ਜੀ ਨੇ ਲਿਖਿਆ ਹੈ :

ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ।
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੧੨੪॥
ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ।
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ ॥੧੩੯॥

(ਗੰਜਨਾਮਾ)

ਅੱਜ ਇਸ ਸਮਦ੍ਰਿਸ਼ਟੀ ਤੇ ਸਰਬ-ਸਾਂਝੀਵਾਲਤਾ ਦੀ ਪਹਿਲੇ ਨਾਲੋਂ ਵਧੇਰੇ ਲੋੜ ਹੈ ਕਿਉਂਕਿ

www.sikhbookclub.com

ਰਾਜਨੀਤਿਕ ਖਿਲਾੜੀਆਂ ਲੋਕਤੰਤਰ, ਸੈਕੂਲਰਇਜ਼ਮ ਤੇ ਸੋਸ਼ਲਿਜ਼ਮ ਵਰਗੇ ਉਚ-ਆਦਰਸ਼ਾਂ ਨੂੰ ਆਪਣੇ ਛਲ-ਫਰੇਬ ਤੇ ਕੁਟਿਲ ਨੀਤੀ ਨਾਲ ਇਤਨਾ ਧੁੰਦਲਾ ਤੇ ਮਲੀਨ ਕਰ ਦਿੱਤਾ ਹੈ ਕਿ ਕੋਈ ਸ਼ੁੱਧ ਸਭਿਆਚਾਰ ਦਾ ਅਸਥਾਨ ਹੀ ਨਹੀਂ ਰਿਹਾ। ਮਨੁੱਖ ਇਤਨਾ ਸਵਾਰਥੀ ਹੋ ਨਿਬੜਿਆ ਹੈ ਕਿ ਉਹ ਹਰ ਖੇਤਰ ਵਿਚ ਖੁਦਗਰਜ਼ੀ ਦਾ ਸ਼ਿਕਾਰ ਹੈ। ਵੋਟ ਲੈਣ ਖ਼ਾਤਰ ਜਾਤ-ਪਾਤ ਦੇ ਵਿਤਕਰੇ ਤੇ ਛੋਟੇ-ਵੱਡੇ ਦੇ ਟਕਰਾਉ, ਵਰਤਮਾਨ ਕੂਟਨੀਤੀ ਦਾ ਜ਼ਰੂਰੀ ਭਾਗ ਹਨ। ਵਾਦਪ੍ਰਸਤੀ ਜਾਂ ਕੌਮਪ੍ਰਸਤੀ ਵੀ ਉਸ ਨੂੰ ਸੰਕੀਰਣ ਬਣਾਉਂਦੀ ਗਈ ਹੈ; ਕਿਸੇ ਨੂੰ ਮਨੁੱਖੀ ਕਲਚਰ ਦਾ ਕੋਈ ਅਹਿਸਾਸ ਨਹੀਂ ਰਿਹਾ। ਸ਼ਾਇਰ ਸੱਚ ਕਹਿੰਦਾ ਹੈ :

ਨ ਮੁਹੱਬਤ ਨ ਮੁਹੱਵਤ ਨਾ ਖਲੂਸ
ਸ਼ਰਮਿੰਦਾ ਹੂੰ ਇਸ ਦੌਰ ਕਾ ਇਨਸਾਂ ਹੋ ਕਰ।

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦਾ ਸੰਦੇਸ਼ ਦੇਣ ਵਾਲੇ ਗੁਰੂ ਦਾ ਇੱਕੋ-ਇਕ ਮਨੋਰਥ ਸੀ ਕਿ ਤਮਾਮ ਮਨੁੱਖਤਾ ਪ੍ਰੀਤਿ-ਧਾਗੇ ਵਿਚ ਪਰੋਈ ਜਾਵੇ ਤੇ ਪ੍ਰੇਮ-ਪਿਆਰ ਹੀ ਸਭ ਦਾ ਮਜ਼੍ਹਬ ਤੇ ਸਭ ਦੀ ਰਾਜਨੀਤੀ ਹੋਵੇ ਤਾਂ ਹੀ ਅਜੋਕਾ ਮਾਨਵ, ਆਪਣੇ ਸਿਰਜੇ ਸੰਕਟ ਵਿੱਚੋਂ ਨਿਕਲ ਸਕਦਾ ਹੈ। ਲੋੜ ਹੈ, ਉਸ ਪ੍ਰੀਤ-ਪੈਗੰਬਰ ਦੇ ਪੈਗ਼ਾਮ ਨੂੰ ਪਛਾਨਣ ਦੀ!

(1/2008)

www.sikhbookclub.com

ਇਨਕਲਾਬੀ ਰਹਿਬਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਖਾਲਸੇ ਦੇ ਸਿਰਜਣਹਾਰ, ਸੰਤ ਸਿਪਾਹੀ ਸੰਕਲਪ ਦੇ ਸਿਧਾਂਤਕਾਰ, ਲੋਕਤੰਤਰਿਕ ਵਿਚਾਰਧਾਰਾ ਦੇ ਨਿਰਮਾਤਾ, ਸਰਬੰਸ ਦਾਨੀ, ਮਹਾਨ ਕਾਵਿ ਰਚਨਹਾਰ, ਦੂਰਦਰਸ਼ਕ ਨੀਤੀਵਾਨ, ਨਿਧੜਕ ਤੇ ਨਿਰਵੈਰ ਜਰਨੈਲ, ਸਮੁੱਚੀ ਮਨੁੱਖਤਾ ਦੇ ਰਹਿਬਰ, ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਸੰਸਾਰ ਦੇ ਵਾਹਿਦ ਯੁੱਗ-ਪਲਟਾਊ ਮਹਾਨ ਪੁਰਸ਼ ਸਨ ਜਿਨ੍ਹਾਂ ਅੰਦਰ ਇਤਨੇ ਗੁਣ ਇਕੱਠੇ ਪ੍ਰਕਾਸ਼ਮਾਨ ਹੋਏ। ਆਪ ਜੀ ਦੀ ਸਰਬਪੱਖੀ ਸ਼ਖ਼ਸੀਅਤ ਦਾ ਥਾਹ ਪਾ ਸਕਣਾ ਅਸੰਭਵ ਹੈ। ਆਪ ਜੀ ਨੇ ਭਾਰਤੀ ਇਤਿਹਾਸ ਨੂੰ ਇਕ ਅਜਿਹਾ ਇਨਕਲਾਬੀ ਮੋੜ ਦਿੱਤਾ ਕਿ ਨਾ ਕੇਵਲ ਹਿੰਦੁਸਤਾਨੀਆਂ ਦੇ ਗਲ ਵਿਚ ਸਦੀਆਂ ਦੇ ਪਏ ਹੋਏ ਗ਼ੁਲਾਮੀ ਦੇ ਸੰਗਲ ਟੁੱਟ ਕੇ ਪਰ੍ਹੇ ਜਾ ਪਏ ਸਗੋਂ ਬ੍ਰਾਹਮਣਵਾਦ ਦੀਆਂ ਹਜ਼ਾਰਾਂ ਸਾਲਾਂ ਦੀਆਂ ਜਾਤ-ਪਾਤ ਤੇ ਛੂਤ-ਛਾਤ ਦੀਆਂ ਜ਼ੰਜੀਰਾਂ ਵੀ ਟੁੱਟਣੀਆਂ ਸ਼ੁਰੂ ਹੋ ਗਈਆਂ। ਆਪ ਜੀ ਨੇ ਬਿਪਰਵਾਦੀ ਕਰਮਕਾਂਡ ਦੇ ਭਰਮ-ਭੁਲੇਖਿਆਂ ਅਤੇ ਊਚ-ਨੀਚ ਦੇ ਟੋਏ-ਟਿੱਬਿਆਂ ਨੂੰ ਪੱਧਰਾ ਕਰ ਕੇ ਸਭ ਨੂੰ ਪਾਹੁਲ (ਆਬੇ-ਹਯਾਤ) ਛਕਾ ਕੇ ਬਰਾਬਰਤਾ ਤੇ ਸਮਾਨਤਾ ਦੀ ਲੜੀ ਵਿਚ ਪ੍ਰੋਇਆ। ਅਜਿਹਾ ਧਾਰਮਿਕ, ਸਮਾਜਿਕ ਤੇ ਰਾਜਸੀ ਕਾਮਯਾਬ ਇਨਕਲਾਬ ਅੱਜ ਤਕ ਸੰਸਾਰ ਵਿਚ ਨਾ ਹੋਰ ਕਿਸੇ ਨੇ ਲਿਆਂਦਾ ਹੈ ਅਤੇ ਨਾ ਹੀ ਕੋਈ ਲਿਆ ਸਕੇਗਾ।

ਇਸ ਮਗਰੋਂ ਕਈ ਰਾਜਸੀ ਇਨਕਲਾਬ ਆਏ। ਫਰਾਂਸ ਦਾ ਇਨਕਲਾਬ ਆਇਆ ਪਰ ਫੇਲ੍ਹ ਹੋਇਆ। ਰੂਸ ਵਿਚ ਰਾਜਸੀ ਇਨਕਲਾਬ ਆਇਆ ਪਰ ਸੰਤਹੀਣ ਸਿਪਾਹੀਆਂ ਦੇ ਹੱਥ ਆਈ ਤਾਕਤ ਨੇ ਲੱਖਾਂ ਦਾ ਖ਼ੂਨ ਵਹਾਇਆ ਅਤੇ ਲੱਖਾਂ ਨੂੰ ਗ਼ੁਲਾਮੀ ਦਾ ਜੀਵਨ ਕੱਟਣਾ ਪਿਆ। ਚੀਨ ਵਿਚ ਵੀ ਰਾਜਸੀ ਇਨਕਲਾਬ ਆਇਆ, ਉਥੇ ਵੀ ਉਹੀ ਹਾਲਤ ਰਹੀ। ਤਾਕਤ ਸਿਪਾਹੀਆਂ ਦੇ ਹੱਥ ਆਈ ਜਿਨ੍ਹਾਂ ਵਿਚ ਸੰਤਪਨ ਦੇ ਗੁਣ ਨਾ ਹੋਣ ਕਾਰਨ ਉਥੇ ਵੀ ਉਹੀ ਕੁਝ ਵਾਪਰਿਆ। ਰੂਸ ਤਾਂ ਅੱਜ ਟੁਕੜੇ ਟੁਕੜੇ ਹੋ ਚੁੱਕਾ ਹੈ। ਹੁਣ ਚੀਨ ਦੀ ਵਾਰੀ ਹੈ। ਜੋ ਇਨਕਲਾਬ ਉਦੋਂ ਦੇ ਕਹਿਰਾਂ ਦੇ ਛੂਤ-ਛਾਤੀ ਤੇ ਕਰਮਕਾਂਡੀ ਸਮਾਜਿਕ ਜੀਵਨ ਵਿਚ ਗੁਰੂ ਸਾਹਿਬ ਨੇ ਲਿਆਂਦਾ, ਉਸ ਦੀ ਮਿਸਾਲ ਮਨੁੱਖਤਾ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ।

ਸੰਸਾਰ ਦੀ ਦੁਰਕਾਰੀ ਹੋਈ ਕਥਿਤ ਰਹਿੰਦ-ਖੂੰਹਦ ਵਿਚ ਦਸਮੇਸ਼ ਪਿਤਾ ਨੇ ਅਜਿਹੀ ਸ਼ਕਤੀ ਤੇ ਬਲ ਭਰਿਆ ਕਿ ਉਹ ਨਿਡਰ, ਦਲੇਰ ਅਤੇ ਸੂਰਬੀਰ ਯੋਧੇ ਬਣ ਕੇ ਸਿਰ ਤਲੀ 'ਤੇ ਧਰ ਕੇ ਮੈਦਾਨ ਵਿਚ ਆ ਨਿਤਰੇ ਅਤੇ ਖੰਡੇ ਦੀ ਪਾਹੁਲ ਛਕਦਿਆਂ ਹੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਸ਼ੁਰੂ ਕਰ ਦਿੱਤੀਆਂ। ਖਾਲਸੇ ਅੰਦਰ ਗ਼ੈਰਤ ਦੀਆਂ ਲਾਟਾਂ ਬਲ ਉਠੀਆਂ। ਕਲ੍ਹ ਦੇ ਬੁਜ਼ਦਿਲ, ਨਿਰਭਉ ਤੇ ਨਿਰਵੈਰ ਯੋਧੇ ਬਣ ਗਏ। ਉਹਨਾਂ ਸੂਰਮਿਆਂ ਦੀ ਸੂਰਮਤਾ, ਮਰਦਾਨਗੀ, ਦਲੇਰੀ, ਕੁਰਬਾਨੀ, ਸਿਦਕ ਅਤੇ ਦ੍ਰਿੜ੍ਹਤਾ ਦੀਆਂ ਚੌਹੀਂ ਪਾਸੀਂ ਧੁੰਮਾਂ ਪੈ ਗਈਆਂ। ਉਹਨਾਂ ਬਹਾਦਰ ਯੋਧਿਆਂ ਮੁਗ਼ਲ

www.sikhbookclub.com

ਹੈਂਕੜ ਦੇ ਸਾਰੇ ਵਲ-ਵਿੰਗ ਕੱਢ ਮਾਰੇ। ਧਾੜਵੀਆਂ ਤੇ ਜਾਬਰਾਂ ਨੂੰ ਕੰਧਾਰੋਂ ਪਾਰ ਕਰ ਕੇ ਉਥੇ ਕੇਸਰੀ ਨਿਸ਼ਾਨ ਜਾ ਝੁਲਾਇਆ। ਅੱਗੋਂ ਲਈ ਉਹ ਧਾੜਵੀ ਇਧਰ ਤੱਕਣ ਤਕ ਦਾ ਹੀਆ ਵੀ ਨਾ ਕਰ ਸਕੇ। ਜੋ ਕੰਮ ਹਜ਼ਾਰਾਂ ਸਾਲਾਂ ਵਿਚ ਕੋਈ ਨਾ ਕਰ ਸਕਿਆ, ਉਹ ਮਰਦੇ-ਕਾਮਲ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਸਾਲਾਂ ਵਿਚ ਕਰ ਵਿਖਾਇਆ।

ਦਸਮੇਸ਼ ਪਿਤਾ ਨੇ ਇਕ ਹੋਰ ਇਨਕਲਾਬ ਲਿਆਂਦਾ, ਤੇ ਉਹ ਸੀ ਸਿੱਖ ਬੀਬੀਆਂ ਨੂੰ ਮਰਦਾਂ ਦੇ ਬਰਾਬਰ ਪਾਹੁਲ ਛਕਾਉਣ ਦਾ। ਗੁਰੂ ਨਾਨਕ ਸਾਹਿਬ ਸੰਸਾਰ ਦੇ ਪਹਿਲੇ ਰਹਿਬਰ ਹਨ, ਫ਼ਿਲਾਸਫ਼ਰ ਹਨ, ਧਾਰਮਿਕ ਇਨਕਲਾਬੀ ਆਗੂ ਹਨ, ਜਿਨ੍ਹਾਂ ਜੀਵਨ ਦੇ ਹਰ ਖੇਤਰ ਵਿਚ ਇਸਤਰੀ ਨੂੰ ਬਰਾਬਰਤਾ ਦਿੱਤੀ। ਆਪ ਜੀ ਨੇ ਇਸਤਰੀ ਦੇ ਨਿੰਦਕਾਂ ਨੂੰ ਝੰਜੋੜਿਆ, ਵੰਗਾਰਿਆ ਅਤੇ ਪੁੱਛਿਆ ਕਿ ਰਾਜਿਆਂ, ਵਿਦਵਾਨਾਂ ਤੇ ਜਰਨੈਲਾਂ ਨੂੰ ਜਨਮ ਦੇਣ ਵਾਲੀ ਇਸਤਰੀ ਦਾ ਐਡਾ ਅਪਮਾਨ ਕਿਉਂ ? ਜਿਸ ਦੀ ਕੁੱਖ ਤੋਂ ਸਾਰਾ ਸੰਸਾਰ ਜੰਮਦਾ ਹੈ ਅਥਵਾ ਇਸਤਰੀ ਦੇ ਕਾਰਨ ਹੀ ਮਨੁੱਖ ਸੰਸਾਰ ਵਿਚ ਆਉਂਦਾ ਹੈ। ਜਿਹੜੀ ਇਸਤਰੀ ਸਭ ਨੂੰ ਪਾਲਦੀ-ਪੋਸਦੀ ਹੈ, ਉਠਣਾ-ਬੈਠਣਾ ਸਿਖਾਂਦੀ ਹੈ ਅਤੇ ਹਰ ਪ੍ਰਕਾਰ ਦੇ ਕਸ਼ਟ ਸਹਾਰਦੀ ਹੈ ਉਸ ਮਹਾਨ ਜਨਮ-ਦਾਤੀ ਇਸਤਰੀ ਦਾ ਤ੍ਰਿਸਕਾਰ ਕਿਉਂ ? ਉਸ ਜ਼ਮਾਨੇ ਵਿਚ ਮਨੁੱਖਤਾ ਦੇ ਇਤਿਹਾਸ ਵਿਚ ਇਹ ਇਕ ਇਨਕਲਾਬ ਸੀ। ਪੱਛਮੀ ਮੁਲਕਾਂ ਵਿਚ ਵੀ ਓਦੋਂ ਇਸਤਰੀ ਇਕ ਦਾਸੀ ਤੋਂ ਵੱਧ ਕੁਝ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਦਾ ਹੱਕ ਸਿੱਖ ਇਸਤਰੀ ਨੂੰ ਉਵੇਂ ਹੀ ਦਿੱਤਾ ਜਿਵੇਂ ਕਿ ਇਕ ਸਿੱਖ ਨੂੰ। ਜਿਥੇ ਸਿੱਖਾਂ ਨੂੰ ਸਿੰਘ ਬਣਾਇਆ, ਉਥੇ ਇਸਤਰੀਆਂ ਨੂੰ ਵੀ ਸਿੰਘਣੀਆਂ ਬਣਾਇਆ। ਸਿੱਖ ਬੀਬੀਆਂ ਬਾਕਾਇਦਾ ਸ਼ਸਤਰਧਾਰੀ ਭਾਵੇਂ ਅੰਮ੍ਰਿਤ ਛਕਣ ਮਗਰੋਂ ਹੀ ਬਣੀਆਂ ਪਰੰਤੂ ਕਾਫ਼ੀ ਗਿਣਤੀ ਵਿਚ ਇਸ ਤੋਂ ਪਹਿਲਾਂ ਹੀ ਸ਼ਸਤਰਧਾਰੀ ਬਣ ਚੁੱਕੀਆਂ ਸਨ ਕਿਉਂਕਿ ਉਦੋਂ ਇਸਤਰੀਆਂ 'ਤੇ ਹੀ ਵਧੇਰੇ ਜ਼ੁਲਮ ਹੁੰਦੇ ਸਨ। ਜਾਬਰ, ਜ਼ਾਲਮ ਤੇ ਵਿਭਚਾਰੀ ਹਾਕਮ ਇਸਤਰੀਆਂ ਦੀ ਖੋਹਾ-ਖਾਹੀ ਕਰਦੇ ਸਨ। ਆਉਂਦੀਆਂ-ਜਾਂਦੀਆਂ ਸੰਗਤਾਂ ਨੂੰ ਲੁੱਟਾਂ-ਖੋਹਾਂ ਦਾ ਸਾਹਮਣਾ ਕਰਨ ਲਈ ਗੁਰੂ ਸਾਹਿਬ ਨੇ ਸ਼ਸਤਰਬੱਧ ਹੋਣ ਦੇ ਆਦੇਸ਼ ਦਿੱਤੇ ਸਨ। ਅੰਮ੍ਰਿਤ ਛਕ ਕੇ ਇਸਤਰੀਆਂ ਅਬਲਾ ਤੋਂ ਸਬਲਾ ਬਣ ਗਈਆਂ ਅਤੇ ਬਹਾਦਰ ਸ਼ੇਰਨੀਆਂ ਬਣ ਕੇ ਵਿਚਰਨ ਲੱਗ ਪਈਆਂ। ਮਾਈ ਭਾਗੋ ਵਰਗੀਆਂ ਬਹਾਦਰ ਸਿੰਘਣੀਆਂ ਦੁਸ਼ਮਣ ਨਾਲ ਟਕਰਾਉਂਦੀਆਂ ਅਤੇ ਵੈਰੀ ਦੀ ਕਣਕ ਵਾਂਗ ਵਾਢੀ ਕਰਦੀਆਂ ਸ਼ਹੀਦੀਆਂ ਪਾਉਣ ਲੱਗ ਪਈਆਂ ਸਨ। ਸੈਂਕੜੇ ਨਹੀਂ ਹਜ਼ਾਰਾਂ ਸਿੱਖ ਬੀਬੀਆਂ ਦੇ ਬਹਾਦਰੀ ਦੇ ਕਾਰਨਾਮਿਆਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ।

ਦਸਮੇਸ਼ ਪਿਤਾ ਨੇ ਸੰਤ-ਸਿਪਾਹੀ ਦਾ ਇਕ ਅਜਿਹਾ ਸ਼ਕਤੀਸ਼ਾਲੀ ਤੇ ਮਹਾਨ ਜੀਵਨ-ਸਿਧਾਂਤ ਦਿੱਤਾ ਹੈ ਜਿਹੜਾ ਹੁਣ ਤਕ ਕੁਰਬਾਨੀਆਂ ਦੀਆਂ ਨਿੱਤ ਨਵੀਆਂ ਸਿਖਰਾਂ ਛੂੰਹਦਾ ਆ ਰਿਹਾ ਹੈ। ਸ਼ਹਾਦਤ ਦੀ ਭਾਵਨਾ ਤੇ ਸ਼ਕਤੀ ਮਹਾਨ ਜੀਵਨ-ਸਿਧਾਂਤ ਵਿਚੋਂ ਪੈਦਾ ਹੁੰਦੀ ਹੈ। ਸਿੱਖ ਧਰਮ ਵਿਚ ਸੂਰਮਗਤੀਆਂ ਤੋਂ ਸ਼ਹੀਦੀਆਂ ਦੀ ਤਹਿ ਥੱਲੇ ਸੰਤ-ਸਿਪਾਹੀ ਦੀ ਸ਼ਕਤੀ ਕੰਮ ਕਰਦੀ ਆ ਰਹੀ ਹੈ। ਇਸ ਸ਼ਕਤੀ ਨੂੰ ਨਾ ਤੱਤੀਆਂ ਤਵੀਆਂ ਢਾਲ ਸਕੀਆਂ ਅਤੇ ਨਾ ਹੀ ਉਬਲਦੀਆਂ ਦੇਗਾਂ ਇਸ ਨੂੰ ਉਬਾਲ ਸਕੀਆਂ। ਨਾ ਗੋਲੀਆਂ ਤੇ ਡਾਂਗਾਂ ਇਸ ਨੂੰ ਤੋੜ ਸਕੀਆਂ ਅਤੇ ਨਾ ਹੀ ਗੱਡੀਆਂ ਦੇ ਇੰਜਣ ਇਸ ਨੂੰ ਭੰਨ ਸਕੇ। ਨਾ ਕੈਦਾਂ ਇਸ ਨੂੰ ਕੈਦ ਕਰ ਸਕੀਆਂ ਅਤੇ ਨਾ ਹੀ ਫਾਂਸੀ ਦੇ ਰੱਸੇ ਇਸ ਨੂੰ ਨੂੜ ਸਕੇ। ਇਹ ਜਿਉਂ ਦੀ ਤਿਉਂ ਅੱਜ ਵੀ ਨਿੱਤ ਨਵੇਂ ਸ਼ਹੀਦ ਪੈਦਾ ਕਰਦੀ ਆ

www.sikhbookclub.com

ਰਹੀ ਹੈ। ਜੱਲਾਦਾਂ ਦੇ ਮੂੰਹ ਵਿਚ ਲੱਡੂ ਪਾਉਣ ਵਾਲੇ ਅਤੇ ਫ਼ਾਂਸੀ ਦੀ ਸਜ਼ਾ ਦੇਣ ਵਾਲੇ ਜੱਜ ਨੂੰ ਆਪਣੀ ਸ਼ਹੀਦੀ ਪਾਰਟੀ ਵਿਚ ਸ਼ਾਮਲ ਹੋਣ ਦਾ ਸੱਦਾ ਦੇਣ ਵਾਲੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀਆਂ ਅੱਜ ਦੀਆਂ ਸੱਜਰੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਸੰਸਾਰ ਦੀਆਂ ਕੌਮਾਂ ਦਾ ਪੁਰਾਣਾ ਤੇ ਅਜੋਕਾ ਇਤਿਹਾਸ ਫੋਲ ਕੇ ਵੇਖਿਆ ਜਾ ਸਕਦਾ ਹੈ। ਅੱਜ ਤਕ ਕਿਸੇ ਵੀ ਕੌਮ ਨੇ ਅਜਿਹੇ ਮਹਾਨ ਸ਼ਹੀਦ ਪੈਦਾ ਨਹੀਂ ਕੀਤੇ। ਇਹ ਮਾਣ ਕੇਵਲ ਦਸਮੇਸ਼ ਪਿਤਾ ਦੇ ਸੰਤ-ਸਿਪਾਹੀਆਂ ਨੂੰ ਹੀ ਜਾਂਦਾ ਹੈ।

ਸੰਤ-ਸਿਪਾਹੀਆਂ ਦੇ ਮਹਾਨ ਜੀਵਨ-ਸਿਧਾਂਤ ਦੇ ਧਾਰਨੀ ਖਾਲਸੇ ਨੇ ਨਾ ਕੇਵਲ ਲੜਾਈ ਦੇ ਮੈਦਾਨ ਵਿਚ ਹੀ ਕਰਾਮਾਤਾਂ ਵਿਖਾਈਆਂ ਹਨ ਸਗੋਂ ਜੀਵਨ ਦੇ ਹਰ ਖੇਤਰ ਵਿਚ ਇਸ ਕਮਾਲ ਦੇ ਮਾਅਰਕੇ ਮਾਰ ਕੇ ਵਿਖਾਏ ਹਨ। ਬਾਰਾਂ ਦੇ ਕੰਡਿਆਲੇ ਵੀਰਾਨਾਂ ਨੂੰ ਝੋਨੇ ਦੇ ਖੇਤਾਂ ਵਿਚ ਬਦਲ ਕੇ ਰੱਖ ਦੇਣ ਵਾਲਾ ਵੀ ਇਹੋ ਦਸਮੇਸ਼ ਦਾ ਖਾਲਸਾ ਹੀ ਹੈ। ਤਰਾਈ ਦੇ ਜੰਗਲਾਂ ਨੂੰ ਕਮਾਦਾਂ ਦੀਆਂ ਪੈਲੀਆਂ ਵਿਚ ਬਦਲ ਦੇਣ ਵਾਲਾ ਵੀ ਇਹੋ ਸੰਤ-ਸਿਪਾਹੀ ਹੀ ਹੈ। ਬੀਕਾਨੇਰ ਦੇ ਰੇਤਲੇ ਥਲਾਂ ਨੂੰ ਉਪਜਾਊ ਪੈਲੀਆਂ ਵਿਚ ਬਦਲ ਕੇ ਰੱਖ ਦੇਣ ਵਾਲਾ ਹੋਰ ਹੋ ਵੀ ਕੌਣ ਸਕਦਾ ਹੈ ? ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਹੀ ਹੈ ਜਿਹੜਾ ਹਰਾ ਇਨਕਲਾਬ ਲਿਆ ਕੇ ਠੂਠੇ ਅੱਡ ਕੇ ਮੰਗਣ ਵਾਲੇ, ਦੂਜਿਆਂ ਦੀ ਕਮਾਈ 'ਤੇ ਪਲਣ ਵਾਲੇ ਅਤੇ ਹੁੱਕੀਆਂ ਪੀਣ ਵਾਲੇ ਭੁੱਖੇ ਤੇ ਵਿਹਲੜ ਭਾਰਤੀਆਂ ਦਾ ਢਿੱਡ ਭਰਦਾ ਆ ਰਿਹਾ ਹੈ।

ਦੁਨੀਆਂ ਦਾ ਕਿਹੜਾ ਕਿੱਤਾ ਹੈ ਜਿਸ ਵਿਚ ਦਸਮੇਸ਼ ਪਿਤਾ ਦੇ ਸੰਤ-ਸਿਪਾਹੀਆਂ ਨੇ ਆਪਣਾ ਸਿਰ ਉੱਚਾ ਨਹੀਂ ਕਰ ਵਿਖਾਇਆ। ਸਿਰੇ ਦੇ ਡਾਕਟਰ, ਸਿਰੇ ਦੇ ਇੰਜੀਨੀਅਰ, ਸਿਰੇ ਦੇ ਹਵਾਬਾਜ਼, ਆਰਕੀਟੈਕਟ, ਸਾਇੰਸਦੇਤਾ, ਬੁੱਧੀਜੀਵੀ, ਦਾਰਸ਼ਨਿਕ, ਸੰਗੀਤਕਾਰ, ਲੇਖਕ ਅਤੇ ਅਧਿਆਤਮਕ ਖੋਜੀ ਆਦਿ ਇਸੇ ਦਸਮੇਸ਼ ਪਿਤਾ ਦੇ ਸੰਤ-ਸਿਪਾਹੀ ਦੇ ਮਹਾਨ ਸਿਧਾਂਤ ਨੇ ਹੀ ਪੈਦਾ ਕੀਤੇ ਹਨ। ਇਕੋ ਘਰਾਣੇ ਵਿਚੋਂ ਇਕ ਸਾਬਤ-ਸੂਰਤ ਦਾੜ੍ਹੀ-ਕੇਸ ਤੇ ਦਸਤਾਰ ਵਾਲਾ ਅਤੇ ਦੂਜਾ ਬਿਨਾਂ ਦਸਤਾਰ ਤੋਂ। ਇਕ ਰਾਖਾ ਹੈ, ਦੂਜਾ ਰਾਖੀ ਮੰਗਦਾ ਹੈ; ਇਕ ਹੱਸ ਹੱਸ ਕੇ ਸ਼ਹੀਦ ਹੋਣਾ ਲੋਚਦਾ ਹੈ, ਦੂਜਾ ਮਰਨੋਂ ਡਰਦਾ ਹੈ; ਇਕ ਦੇਣਾ ਜਾਣਦਾ ਹੈ, ਦੂਜਾ ਲੈਣਾ ਜਾਣਦਾ ਹੈ; ਇਕ ਵੰਡ ਕੇ ਛਕਣਾ ਧਰਮ ਸਮਝਦਾ ਹੈ, ਦੂਜਾ ਖੋਹਣਾ ਚਾਹੁੰਦਾ ਹੈ, ਆਖਰ ਇਹ ਫ਼ਰਕ ਕਿਉਂ ? ਖਾਲਸੇ ਅੰਦਰ ਅਣਖ, ਗ਼ੈਰਤ ਅਤੇ ਸਵੈਮਾਨ ਕਿਥੋਂ ਆਇਆ ? ਇਹ ਤਾਂ ਸਾਫ਼ ਨਜ਼ਰ ਆ ਰਿਹਾ ਹੈ ਕਿ ਇਹ ਦਸਮੇਸ਼ ਪਿਤਾ ਦੇ ਸੰਤ-ਸਿਪਾਹੀ ਸਿਧਾਂਤ ਹੀ ਦੀ ਕਰਾਮਾਤ ਹੈ।

ਗੁਰੂ ਸਾਹਿਬ ਦੀ ਇਕ ਹੋਰ ਬਹੁਤ ਵੱਡੀ ਦੇਣ ਹੈ, ਉਹ ਇਹ ਕਿ ਅੱਜ ਤਕ ਜ਼ਮਾਨੇ ਨੇ ਤਲਵਾਰ ਜ਼ਰ, ਜ਼ਮੀਨ ਅਤੇ ਜ਼ਨ ਲਈ ਵਰਤੀ ਜਾਂਦੀ ਵੇਖੀ ਸੀ ਜਾਂ ਜ਼ੋਰ-ਜ਼ੁਲਮ ਤੇ ਕਿਸੇ ਦਾ ਰਾਜ-ਭਾਗ ਖੋਹਣ ਲਈ ਵਰਤੀ ਜਾਣੀ ਵੇਖੀ ਸੀ ਪਰ ਗੁਰੂ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਤਲਵਾਰ ਦੀ ਮਾਰੂ ਸ਼ਕਤੀ (destructive power) ਨੂੰ ਉਸਾਰੂ ਸ਼ਕਤੀ (constructive power) ਵਿਚ ਬਦਲਿਆ ਅਤੇ ਇਹ ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਲਈ ਵਰਤਣੀ ਸਿਖਾਈ। ਕਿਸੇ ਉੱਤੇ ਹਮਲਾ ਕਰਨ ਦੀ ਥਾਂ, ਜ਼ਾਲਮ ਦੇ ਜ਼ੁਲਮ ਨੂੰ ਰੋਕਣ ਲਈ ਵਰਤਣ ਦੀ ਪਿਰਤ ਪਾਈ ਅਤੇ ਜ਼ੁਲਮ ਸਹਿਣ ਨੂੰ ਕਾਇਰਤਾ ਦੱਸ ਕੇ ਜ਼ਾਲਮ ਦਾ ਟਾਕਰਾ ਕਰਨਾ ਸਿਖਾਇਆ। ਨਾ ਕਿਸੇ ਦਾ ਹੱਕ ਖੋਹਣਾ ਹੈ ਅਤੇ ਨਾ ਹੀ ਕਿਸੇ ਦਾ ਹੱਕ ਖੋਹਣ ਦੇਣਾ ਹੈ। ਜਦ ਹੋਰ ਸਾਰੇ ਹੀਲੇ ਵਰਤ ਲਏ ਜਾਣ ਅਤੇ

www.sikhbookclub.com

ਜ਼ਾਲਮ ਜ਼ੁਲਮ ਕਰਨੋਂ ਨਾ ਹਟੇ ਤਾਂ ਜਾਬਰ ਦੇ ਜਬਰ ਨੂੰ ਰੋਕਣ ਲਈ ਹੱਥ ਵਿਚ ਤਲਵਾਰ ਪਕੜਨੀ ਸੰਤ-ਸਿਪਾਹੀ ਦਾ ਧਰਮ ਬਣਾਇਆ। ਦਸਮੇਸ਼ ਪਿਤਾ ਦਾ ਇਹ ਸਿਧਾਂਤ ਸੁਨਹਿਰੀ ਅੱਖਰਾਂ ਵਿਚ ਲਿਖਣ ਵਾਲਾ ਸਿਧਾਂਤ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥

ਸੰਤ-ਸਿਪਾਹੀ ਨੇ ਜੀਉਣਾ ਹੈ ਪਰ ਪਰਉਪਕਾਰ ਲਈ। ਉਸ ਨੇ ਦੋਖੀਆਂ ਨਾਲ ਟੱਕਰ ਲੈਣੀ ਹੈ ਪਰ ਦੀਨ ਦੀ ਰੱਖਿਆ ਲਈ। ਕ੍ਰਿਪਾਨ ਦੀ ਵਰਤੋਂ ਕਰਨੀ ਹੈ ਪਰ ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਲਈ ਅਤੇ ਜਾਬਰ ਦੇ ਜਬਰ ਨੂੰ ਠੱਲ੍ਹ ਪਾਉਣ ਲਈ। ਨਾ ਕਿਸੇ ਉੱਤੇ ਜਬਰ ਕਰਨਾ ਹੈ ਅਤੇ ਨਾ ਭੇਡਾਂ-ਬੱਕੀਆਂ ਬਣ ਕੇ ਕਿਸੇ ਦਾ ਜਬਰ ਸਹਿਣਾ ਹੈ ਅਤੇ ਨਾ ਹੀ ਕਿਸੇ ਉੱਤੇ ਜਬਰ ਹੁੰਦਾ ਵੇਖ ਕੇ, ਦੜ ਵੱਟ ਕੇ, ਬਹਿ ਰਹਿਣਾ ਹੈ ਸਗੋਂ ਜਬਰ ਨੂੰ ਰੋਕ ਦੇਣਾ ਹੈ, ਭਾਵੇਂ ਆਪਣੀ ਜਾਨ ਵੀ ਕਿਉਂ ਨਾ ਦੇਣੀ ਪੈ ਜਾਵੇ। ਨਾ ਪਰਾਏ ਧਨ 'ਤੇ ਅੱਖ ਰੱਖਣੀ ਹੈ, ਨਾ ਕਿਸੇ ਦਾ ਹੱਕ ਖੋਹਣਾ ਹੈ ਅਤੇ ਨਾ ਹੀ ਕਿਸੇ ਨੂੰ ਆਪਣਾ ਜਾਂ ਕਿਸੇ ਦਾ ਹੱਕ ਖੋਹਣ ਦੇਣਾ ਹੈ। ਸਰਬੱਤ ਦਾ ਭਲਾ ਮੰਗਣ, ਸਰਬੱਤ ਦੀ ਸੇਵਾ ਕਰਨ, ਸਰਬੱਤ ਦੀ ਰਾਖੀ ਕਰਨ, ਸਰਬੱਤ ਲਈ ਇਨਸਾਫ ਮੰਗਣ, ਸਰਬੱਤ ਦੇ ਕੰਮ ਆਉਣ ਅਤੇ ਸਰਬੱਤ ਦੀ ਦੇਖ ਭਾਲ ਕਰਨ ਦੇ ਗੁਰਮਤਿ ਆਸ਼ੇ ਨੂੰ ਸਦਾ ਸਾਹਮਣੇ ਰੱਖਣਾ ਹੈ।

ਦਸਮੇਸ਼-ਪਿਤਾ ਦੇ ਪਰਉਪਕਾਰਾਂ ਦੀ ਅਟੁੱਟ ਲੜੀ ਹੈ। ਸਿੱਖ ਕੌਮ ਨੂੰ ਨਸ਼ਿਆਂ ਤੋਂ ਬਚਾਉਣਾ ਆਪ ਜੀ ਦਾ ਇਕ ਹੋਰ ਸ਼ਾਹਕਾਰ ਪਰਉਪਕਾਰ ਹੈ। ਅੱਜ ਸੰਸਾਰ ਦੇ ਸਾਰੇ ਮੁਲਕ ਨਸ਼ਿਆਂ ਦੀ ਲਪੇਟ ਵਿਚ ਹਨ। ਸਿਗਰਟ ਪੀਣ ਵਾਲੇ ਲੱਖਾਂ ਦੀ ਗਿਣਤੀ ਵਿਚ ਕੈਂਸਰ ਦੀ ਬੀਮਾਰੀ ਨਾਲ ਅਣਿਆਈ ਮੌਤੇ ਮਰ ਰਹੇ ਹਨ। ਪੱਛਮੀ ਦੇਸ਼ਾਂ ਵਿਚ ਅੱਜ ਇਹ ਇਕ ਖ਼ਤਰਨਾਕ ਸਮੱਸਿਆ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਦਸਮੇਸ਼ ਪਿਤਾ ਦੀ ਦੂਰਦਰਸ਼ਕ ਅੱਖ ਨੇ ਤਿੰਨ ਸੌ ਸਾਲ ਪਹਿਲਾਂ, ਸਿੱਖ ਕੌਮ ਨੂੰ ਆਉਣ ਵਾਲੇ ਸਮੇਂ ਵਿਚ ਇਸ ਮਾਰੂ ਰੋਗ ਤੋਂ ਬਚਾਉਣ ਖ਼ਾਤਰ, ਨਸ਼ਿਆਂ ਦੇ ਸੇਵਨ ਨੂੰ ਬੱਜਰ ਪਾਪ ਦੱਸ ਕੇ ਇਸ ਦੇ ਸੇਵਨ ਕਰਨ ਵਾਲੇ ਨੂੰ ਤਨਖ਼ਾਹੀਆ ਕਰਾਰ ਦੇ ਕੇ ਇਸ 'ਤੇ ਸਖ਼ਤ ਪਾਬੰਦੀ ਲਾ ਦਿੱਤੀ ਸੀ। ਅੱਜ ਸਾਰੇ ਸੰਸਾਰ ਵਿਚ ਕੇਵਲ ਤੇ ਕੇਵਲ ਸਿੱਖ ਕੌਮ ਹੀ ਹੈ ਜਿਹੜੀ ਕਿ ਇਸ ਬੀਮਾਰੀ ਤੋਂ ਬਚੀ ਹੋਈ ਹੈ।

ਇਸ ਪੱਖੋਂ ਅਸੀਂ ਜਿਤਨਾ ਵੀ ਦਸਮੇਸ਼-ਪਿਤਾ ਦਾ ਸ਼ੁਕਰਾਨਾ ਕਰੀਏ, ਥੋੜ੍ਹਾ ਹੈ। ਕਈ ਪੰਥ-ਦੋਖੀ, ਇਤਿਹਾਸਕਾਰ, ਆਪਣੇ ਨਾਪਾਕ ਮਨਸੂਬਿਆਂ ਅਧੀਨ ਦਸਮੇਸ਼ ਪਿਤਾ ਨੂੰ ਮੁਸਲਿਮ ਵਿਰੋਧੀ ਦੱਸਣ ਦੀ ਕੋਸ਼ਿਸ਼ ਕਰਦੇ ਹਨ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਐਲਾਨ ਕਰਨ ਵਾਲੇ ਮਾਨਵਵਾਦੀ ਗੁਰੂ ਸਾਹਿਬ ਦੀ ਨਾ ਤਾਂ ਮੁਸਲਮਾਨਾਂ ਨਾਲ ਕੋਈ ਦੁਸ਼ਮਣੀ ਸੀ ਅਤੇ ਨਾ ਹੀ ਹਿੰਦੂਆਂ ਨਾਲ। ਉਹ ਦੁਸ਼ਮਣ ਸਨ ਕੇਵਲ ਤੇ ਕੇਵਲ ਜ਼ਾਲਮ ਤੇ ਜਾਬਰ ਹਾਕਮਾਂ ਦੇ। ਉਹਨਾਂ ਜ਼ਾਲਮ ਹਿੰਦੂ ਪਹਾੜੀ ਰਾਜਿਆਂ ਨੂੰ ਵੀ ਸੋਧਿਆ ਅਤੇ ਔਰੰਗਜ਼ੇਬ ਦੀ ਜ਼ਾਲਮ ਸ਼ਾਹੀ ਫ਼ੌਜ ਨੂੰ ਵੀ। ਆਪ ਜੀ ਦੇ ਹਜ਼ਾਰਾਂ ਮੁਸਲਮਾਨਾਂ ਸ਼ਰਧਾਲੂ ਵੀ ਸਨ। ਗਨੀ ਖ਼ਾਂ ਅਤੇ ਨਬੀ ਖ਼ਾਂ ਦੀ ਕੁਰਬਾਨੀ ਤੋਂ ਕਿਹੜਾ ਬੰਦਾ ਮੁਨਕਰ ਹੋ ਸਕਦਾ ਹੈ ? ਗੁਰੂ ਸਾਹਿਬ ਦੇ ਪਰਉਪਕਾਰੀ ਮਿਸ਼ਨ ਵਿਚ ਪੀਰ ਬੁੱਧੂ ਸ਼ਾਹ ਵਰਗੇ ਨੇਕ ਮੁਸਲਮਾਨ ਨੇ ਆਪਣੇ ਪੁੱਤਰ ਤੇ ਸ਼ਰਧਾਲੂ ਸ਼ਹੀਦ ਕਰਵਾ ਕੇ ਆਪਣਾ ਯੋਗਦਾਨ ਪਾਇਆ। ਜਿਸ ਗੁਰੂ ਦੇ ਇਕ ਸਾਧਾਰਨ ਸਿੱਖ ਭਾਈ ਘਨ੍ਹੱਈਆ ਜੀ ਨੂੰ ਮੁਸਲਮਾਨਾਂ ਤੇ ਸਿੱਖ ਵਿਚ ਕੋਈ ਫ਼ਰਕ

www.sikhbookclub.com

ਨਜ਼ਰ ਨਹੀਂ ਸੀ ਆਇਆ ਅਤੇ ਜਿਹੜਾ ਮੈਦਾਨੇ-ਜੰਗ ਵਿਚ ਪਿਆਸ ਨਾਲ ਤੜਪ ਰਹੇ ਸਿੱਖਾਂ ਤੇ ਮੁਸਲਮਾਨਾਂ ਨੂੰ ਵਾਰੋ-ਵਾਰੀ ਪਾਣੀ ਪਿਆਉਂਦਾ ਸੀ, ਉਸ ਦੇ ਗੁਰੂ ਸਬੰਧੀ ਅਜਿਹੀਆਂ ਬੇਹੂਦਾ ਗੱਲਾਂ ਕਰਨੀਆਂ ਮੂਰਖਤਾਈ ਤੋਂ ਵਧ ਕੁਝ ਨਹੀਂ।

ਆਪ ਜੀ ਨੇ ਆਪਣੀ ਬਾਣੀ ਵਿਚ ਥਾਂ-ਥਾਂ 'ਤੇ ਸਾਰੀ ਮਨੁੱਖਤਾ ਨੂੰ ਇਕ ਅਕਾਲ ਪੁਰਖ ਦੀ ਸੰਤਾਨ ਦੱਸਿਆ ਅਤੇ ਐਲਾਨਿਆ ਕਿ ਵੱਖ-ਵੱਖ ਦੇਸ਼ਾਂ, ਧਰਮਾਂ, ਇਲਾਕਿਆਂ, ਫ਼ਿਰਕਿਆਂ, ਰੂਪ-ਰੰਗ ਦੇ ਭੇਦਾਂ, ਨਸਲਾਂ ਅਤੇ ਬਾਹਰੀ ਵਖੇਵਿਆਂ ਦੇ ਹੁੰਦਿਆਂ ਹੋਇਆਂ ਵੀ ਸਭ ਮਨੁੱਖ ਭਰਾ ਭਰਾ ਹਨ, ਬਰਾਬਰ ਹਨ ਅਤੇ ਇਕੋ ਰੱਬ ਦੇ ਪੁੱਤਰ ਹਨ। ਇਕੋ ਰੱਬ ਹੀ ਸਾਰੀ ਮਨੁੱਖਤਾ ਦਾ ਸਿਰਜਣਹਾਰ ਹੈ। ਦਸਮੇਸ਼ ਪਿਤਾ ਦੀ ਸਰਬ-ਪੱਖੀ ਸ਼ਖ਼ਸੀਅਤ ਦਾ ਥਾਹ ਪਾਉਣਾ ਅਸੰਭਵ ਹੈ। ਆਪ ਜੀ ਕੇਵਲ ਅਧਿਆਤਮਕ ਆਗੂ ਹੀ ਨਹੀਂ ਸਗੋਂ ਸੰਪੂਰਨ ਸੰਤ-ਸਿਪਾਹੀ, ਮਹਾਨ ਖਾਲਸਾ ਜਰਨੈਲ ਅਤੇ ਮਹਾਨ ਕਾਵਿ ਰਚਨਹਾਰ ਵੀ ਸਨ। ਆਪ ਜੀ ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ ਭਾਸ਼ਾ ਅਤੇ ਪੰਜਾਬ ਆਦਿ ਬੋਲੀਆਂ ਵਿਚ ਮਾਹਿਰ ਸਨ। ਆਪ ਜੀ ਦੇ ਦਰਬਾਰ ਵਿਚ 52 ਕਵੀ ਸਨ। ਭਾਈ ਨੰਦ ਲਾਲ ਜੀ ਤੇ ਸੈਨਾਪਤੀ ਵਰਗੇ ਪ੍ਰਸਿੱਧ ਕਵੀਆਂ ਤੋਂ ਬਿਨਾਂ ਆਲਮ ਹੁਸੈਨ ਤੇ ਜਮਾਲ ਤਿੰਨ ਮੁਸਲਮਾਨ ਵੀ ਦਰਬਾਰੀ ਕਵੀ ਸਨ। ਆਪ ਜੀ ਹਮੇਸ਼ਾਂ ਕਵੀਆਂ ਤੇ ਵਿਦਵਾਨਾਂ ਦਾ ਸਨਮਾਨ ਕਰਕੇ ਨਿਵਾਜਦੇ ਸਨ।

ਦਸਮੇਸ਼ ਪਿਤਾ ਇਕ ਨਿਪੁੰਨ ਤੇ ਨਿਧੜਕ ਯੋਧੇ ਸਨ। ਤੀਰ, ਤਲਵਾਰ ਤੇ ਬੰਦੂਕ ਆਪ ਜੀ ਦੇ ਮਨ-ਭਾਉਂਦੇ ਸ਼ਸਤਰ ਸਨ। ਆਪ ਜੀ ਕਈ ਕਿਸਮ ਦੇ ਸ਼ਸਤਰ ਚਲਾ ਸਕਣ ਦੀ ਯੋਗਤਾ ਰੱਖਦੇ ਸਨ। ਆਪ ਜੀ ਤਲਵਾਰ ਦੇ ਧਨੀ, ਤੀਰ-ਅੰਦਾਜ਼ੀ ਵਿਚ ਲਾਸਾਨੀ ਅਤੇ ਬੰਦੂਕ ਦੇ ਅਣਚੁੱਕ ਨਿਸ਼ਾਨਚੀ ਸਨ। ਇਤਨੀ ਪਰਬੀਨਤਾ ਦੇ ਬਾਵਜੂਦ ਆਪ ਜੀ ਕਦੀ ਵੀ ਵੈਰੀ 'ਤੇ ਪਹਿਲਾਂ ਵਾਰ ਨਹੀਂ ਸਨ ਕਰਿਆ ਕਰਦੇ। ਆਪ ਜੀ ਨਾ ਕੇਵਲ ਨਿਧੜਕ ਯੋਧੇ ਹੀ ਸਨ ਸਗੋਂ ਇਕ ਮਹਾਨ ਜਰਨੈਲ ਵੀ। ਚਮਕੌਰ ਦੀ ਗੜ੍ਹੀ ਵਿਚ ਲੱਖਾਂ ਦੀ ਮੁਗ਼ਲ ਫ਼ੌਜ ਨੂੰ ਤੀਰਾਂ ਦੀ ਵਾਛੜ ਨਾਲ, ਗੜ੍ਹੀ ਦੇ ਨੇੜੇ ਨਹੀਂ ਸੀ ਢੁਕਣ ਦਿੱਤਾ। ਅਨੰਦਪੁਰ ਸਾਹਿਬ ਦੀ ਪੰਜਵੀਂ ਲੜਾਈ ਸਮੇਂ ਪਹਾੜੀ ਰਾਜਿਆਂ ਤੇ ਔਰੰਗਜ਼ੇਬ ਦੀ ਲੱਖਾਂ ਦੀ ਫ਼ੌਜ ਨਾਲ ਅੱਠ ਮਹੀਨੇ ਟਾਕਰਾ ਕਰਦੇ ਰਹਿਣਾ ਕਰਾਮਾਤ ਤੋਂ ਘੱਟ ਨਹੀਂ ਸੀ। ਰਸਦ-ਪਾਣੀ ਤੋਂ ਬਿਨਾਂ ਬੀਮਾਰ ਤੇ ਭੁੱਖੇ-ਭਾਣੇ ਸਿੰਘਾਂ ਨੇ ਹੌਂਸਲੇ ਬੁਲੰਦ ਰੱਖ ਸਕਣਾ ਦਸਮੇਸ਼ ਪਿਤਾ ਵਰਗੇ ਉੱਚ ਜਰਨੈਲ ਦਾ ਹੀ ਕੰਮ ਸੀ। ਆਪ ਜੀ ਨੇ ਅਸਾਨੋ-ਕਸਤਰੀ ਦੀਆਂ ਜੜ੍ਹਾਂ ਪੁੱਟ ਕੇ ਸਵੈਮਾਨ ਤੇ ਗ਼ੈਰਤ ਦਾ ਜੀਵਨ ਜੀਉਣ ਦਾ ਰਾਹ ਵਿਖਾਇਆ। ਲੋਕਤੰਤਰਿਕ ਵਿਚਾਰਧਾਰਾ ਦੇ ਨਿਰਮਾਤਾ ਵੀ ਆਪ ਹੀ ਹਨ। ਗ੍ਰੰਥ ਤੇ ਪੰਥ ਨੂੰ ਗੁਰਗੱਦੀ ਸੌਂਪਣ ਦਾ ਮਹਾਨ ਕੰਮ ਵੀ ਆਪ ਜੀ ਨੇ ਸੰਪੂਰਨ ਕੀਤਾ। ਅਜੋਕੀ ਰੈੱਡ ਕਰਾਸ ਦੇ ਵਜੂਦ ਵਿਚ ਆਉਣ ਤੋਂ 160 ਸਾਲ ਪਹਿਲਾਂ ਦਸਮੇਸ਼-ਪਿਤਾ ਦੀ ਛਤਰ ਛਾਇਆ ਹੇਠ ਭਾਈ ਘਨੱਈਆ ਜੀ ਨੇ ਬਿਨਾਂ ਕਿਸੇ ਵਿਤਕਰੇ ਦੇ ਦੁਸ਼ਮਣ ਦੇ ਫੱਟੜ ਸਿਪਾਹੀਆਂ ਨੂੰ ਪਾਣੀ ਪਿਲਾਉਣ ਤੇ ਮਰ੍ਹਮ-ਪੱਟੀ ਕਰਨ ਦੀ ਪਿਰਤ ਪਾ ਦਿੱਤੀ ਸੀ। ਖਾਲਸੇ ਦੀ ਸਾਜਣਾ ਆਪ ਜੀ ਦਾ ਇਕ ਕਰਾਮਾਤੀ ਕ੍ਰਿਸ਼ਮਾ ਸੀ।

ਗੁਰੂ ਨਾਨਕ ਸਾਹਿਬ ਦੇ ਖਾਲਸਾ ਮਿਸ਼ਨ ਦੀ ਸੰਪੂਰਨਤਾ ਲਈ ਦਸਮੇਸ਼ ਪਿਤਾ ਨੇ ਬੜੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ, ਆਪ ਜੀ ਨੇ ਆਪਣਾ ਸਰਬੰਸ ਵਾਰਿਆ, ਆਪਣੇ ਜੀਵਨ ਦੇ ਸਾਰੇ ਸੁਖ-ਆਰਾਮ ਇਸ ਤੋਂ ਵਾਰੇ ਅਤੇ ਆਪਣੇ ਜੀਵਨ ਦਾ ਪਲ-ਪਲ ਖਾਲਸੇ ਨੂੰ ਹਰ ਪੱਖੋਂ ਪ੍ਰਬੀਨ

www.sikhbookclub.com

ਕਰਨ 'ਤੇ ਹੀ ਲਾਇਆ। ਖਾਲਸਾ ਹੀ ਆਪ ਜੀ ਦੀਆਂ ਆਸ਼ਾਵਾਂ, ਉਮੰਗਾਂ ਤੇ ਸਧਰਾਂ ਦਾ ਕੇਂਦਰੀ ਬਿੰਦੂ ਸੀ ਅਤੇ ਖਾਲਸੇ ਦੀ ਸੰਪੂਰਨਤਾ ਹੀ ਆਪ ਜੀ ਲਈ ਸਭ ਕੁਝ ਸੀ। ਆਪ ਜੀ ਨੇ ਖਾਲਸਾ ਸਾਜਿਆ, ਸਭ ਨੂੰ ਬਰਾਬਰ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਅਤੇ ਬਰਾਬਰ ਦੇ ਅਧਿਕਾਰ ਬਖ਼ਸ਼ੇ। ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਆਪ ਨੇ ਅੰਮ੍ਰਿਤ ਦੀ ਦਾਤ ਬਖ਼ਸ਼ੀ, ਉਹਨਾਂ ਤੋਂ ਹੀ ਝੋਲੀ ਅੱਡ ਕੇ, ਅੰਮ੍ਰਿਤ ਛਕਣ ਦੀ ਯਾਚਨਾ ਕਰਕੇ ਆਪ ਨੇ ਅੰਮ੍ਰਿਤ ਛਕਿਆ। ਉਹਨਾਂ ਵਾਲੀ ਹੀ ਪ੍ਰਤਿਗਿਆ ਲਈ, ਜਿਹੜੇ ਅਧਿਕਾਰ ਉਹਨਾਂ ਨੂੰ ਦਿੱਤੇ ਸਨ ਅਤੇ ਪੰਜ ਪਿਆਰਿਆਂ ਨੂੰ ਆਪਣਾ ਗੁਰੂ ਸਵੀਕਾਰਿਆ। ਅੱਜ ਤਕ ਸੰਸਾਰ ਵਿਚ ਕਿਸੇ ਵੀ ਧਰਮ ਦੇ ਆਗੂ ਨੇ ਆਪਣੇ ਪੈਰੋਕਾਰਾਂ ਨੂੰ ਗੁਰੂ ਨਹੀਂ ਮੰਨਿਆ। ਗੁਰੂ ਸਦਾ ਗੁਰੂ ਹੀ ਰਹੇ ਅਤੇ ਚੇਲੇ ਸਦਾ ਚੇਲੇ ਹੀ ਰਹੇ। ਗੁਰੂ ਸਾਹਿਬ ਨੇ ਗੁਰੂ ਹੋਣ ਦੇ ਬਾਵਜੂਦ ਖਾਲਸੇ ਦੇ ਆਦਰਸ਼ਾਂ, ਨਿਯਮਾਂ ਤੇ ਜ਼ਬਤਾਂ ਅੱਗੇ ਹਮੇਸ਼ਾ ਸਿਰ ਝੁਕਾਇਆ। ਇਸ ਮਹਾਨ ਸਿਧਾਂਤ ਪਿੱਛੇ ਕੌਮ ਦੀ ਕਿਸਮਤ ਦੇ ਰਾਜ਼ ਛਿਪੇ ਪਏ ਹਨ।

ਖਾਲਸਾ ਆਪ ਜੀ ਦੀਆਂ ਰੀਝਾਂ ਤੇ ਸਧਰਾਂ ਦਾ ਆਦਰਸ਼ ਬਣਿਆ। ਜਿਸ ਖਾਲਸੇ ਨੂੰ ਪਾਹੁਲ ਬਖ਼ਸ਼ੀ, ਉਸ ਤੋਂ ਆਪ ਛਕ ਕੇ ਉਸ ਦਾ ਹੀ ਅੰਗ ਬਣ ਗਏ। ਖਾਲਸਾ ਗੁਰੂ ਦਾ ਰੂਪ ਬਣਿਆ ਅਤੇ ਗੁਰੂ ਜੀ ਖਾਲਸੇ ਦਾ ਨਿੱਜ ਸਰੂਪ ਹੋ ਗਏ। ਇਸ ਤਰ੍ਹਾਂ "ਖਾਲਸਾ ਮੇਰੋ ਸਤਿਗੁਰ ਪੂਰਾ" ਅਨੁਸਾਰ ਰਹਿਣੀ-ਬਹਿਣੀ ਵਾਲਾ ਸੰਪੂਰਨ ਖਾਲਸਾ ਹੀ ਆਪ ਜੀ ਦਾ ਇਸ਼ਟ ਬਣ ਗਿਆ। ਇਥੋਂ ਤਕ ਕਿ "ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ" ਮੁਤਾਬਕ ਦਸਮੇਸ਼ ਪਿਤਾ ਦੇ ਦਿਲ ਅੰਦਰ ਰਹਿਣੀ-ਬਹਿਣੀ ਵਾਲੇ ਖਾਲਸੇ ਦੀ ਸੇਵਾ ਕਰਨ ਦੀਆਂ ਸਧਰਾਂ ਜਾਗ ਪਈਆਂ। "ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ" ਅਨੁਸਾਰ ਰਹਿਣੀ-ਬਹਿਣੀ ਦੇ ਸੰਪੂਰਨ ਖਾਲਸੇ ਸਾਹਮਣੇ ਤਾਂ ਦਸਮੇਸ਼ ਪਿਤਾ ਆਪਣੇ ਆਪ ਨੂੰ ਗ਼ਰੀਬ ਸਮਝਣ ਲੱਗ ਪਏ। ਕਿਤਨਾ ਮਾਣ ਤੇ ਸਤਿਕਾਰ ਬਖ਼ਸ਼ਿਆ ਆਪਣੇ ਖਾਲਸੇ ਨੂੰ। ਆਪ ਜੀ ਨੇ ਖਾਲਸੇ ਦੀ ਵਡਿਆਈ ਕਰਦਿਆਂ ਨਾਲ ਇਹ ਵੀ ਸਪਸ਼ਟ ਕੀਤਾ ਕਿ ਇਹ ਨਾ ਕੋਈ ਭਾਵੁਕ ਗੱਲ ਹੈ, ਨਾ ਅਤਿ-ਕਥਨੀ ਹੈ ਅਤੇ ਨਾ ਹੀ ਪਿਆਰ ਦੇ ਵਹਿਣ ਵਿਚ ਕੀਤੀ ਬਨਾਉਟੀ ਵਡਿਆਈ ਹੈ। ਇਹ ਸੱਚ ਤੇ ਨਿਰੋਲ ਸੱਚ ਹੈ ਅਤੇ ਇਸ ਵਿਚ ਜ਼ਰਾ ਜਿੰਨਾ ਵੀ ਸੰਦੇਹ ਨਹੀਂ।

ਯਾ ਮਹਿ ਰੰਚ ਨ ਮਿਥਯਾ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ॥

"ਰਹਿਣੀ ਰਹਹਿ ਸੋਈ ਸਿਖ ਮੇਰਾ, ਵਹੁ ਠਾਕੁਰ ਮੈਂ ਉਸ ਕਾ ਚੇਰਾ"

ਖਾਲਸਾ ਜੀ! ਜਾਗਣ ਦੀ ਲੋੜ ਹੈ। ਆਪ ਜੀ ਦਾ ਐਡਾ ਸ਼ਾਨਦਾਰ ਇਤਿਹਾਸਕ ਪਿਛੋਕੜ ਹੈ। ਮੈਂ ਸੰਸਾਰ ਦੀਆਂ ਹੋਰਨਾਂ ਕੌਮਾਂ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਮਾਰੀ ਹੈ, ਮੈਨੂੰ ਸਿੱਖ ਕੌਮ ਜੇਡਾ ਮਹਾਨ ਵਿਰਸਾ ਕਿਤੇ ਨਹੀਂ ਦਿੱਸਿਆ। ਮੈਂ ਮਹਾਨ ਗੁਰੂ ਸਾਹਿਬਾਨ ਦੀ ਗੱਲ ਨਹੀਂ ਕਰ ਰਿਹਾ, ਸਗੋਂ ਸਾਧਾਰਨ ਸਿੰਘਾਂ ਦੀ। ਸੰਸਾਰ ਦੀ ਕਿਹੜੀ ਕੌਮ ਨੇ ਜਾਂ ਸਮੁੱਚੇ ਸੰਸਾਰ ਨੇ ਅੱਜ ਤਕ ਸਾਡੇ ਹਜ਼ਾਰਾਂ ਮਹਾਨ ਸ਼ਹੀਦਾਂ—ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਭਾਈ ਸ਼ਾਹਬਾਜ਼ ਸਿੰਘ, ਭਾਈ ਸੁਬੇਗ ਸਿੰਘ ਆਦਿ ਵਰਗਾ ਇਕ ਵੀ ਸ਼ਹੀਦ ਪੈਦਾ ਕੀਤਾ ਹੈ? ਚਲੋ, ਕਲ੍ਹ ਦੀ ਗੱਲ ਨਾ ਸਹੀ, ਅੱਜ ਦੀ ਹੀ ਸਹੀ। ਸੰਸਾਰ ਦੀ ਕਿਹੜੀ ਕੌਮ ਨੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਵਰਗੇ ਮੌਤ ਨਾਲ ਕਲੋਲ ਕਰਨ ਵਾਲੇ ਮਹਾਨ ਸ਼ਹੀਦ ਪੈਦਾ ਕੀਤੇ ਹਨ?

www.sikhbookclub.com

ਖਾਲਸਾ ਜੀ ! ਆਪਣੇ ਸ਼ਾਨਦਾਰ ਵਿਰਸੇ ਦੀ ਪਛਾਣ ਕਰਨ ਦੀ ਲੋੜ ਹੈ, ਕਦਰ ਕਰਨ ਦੀ ਲੋੜ ਹੈ, ਮਾਣ ਕਰਨ ਦੀ ਲੋੜ ਹੈ ਅਤੇ ਆਪਣਾ ਸ਼ਾਨਦਾਰ ਤੇ ਅਦੁੱਤੀ ਕਿਰਦਾਰ ਵੀ ਸੁਰਜੀਤ ਕਰਨ ਦੀ ਲੋੜ ਹੈ। ਇਹ ਹੀ ਸਾਡੀ ਸਭ ਤੋਂ ਵੱਡੀ ਸ਼ਰਧਾਂਜਲੀ ਹੋਵੇ ਮਹਾਨ ਦਸਮੇਸ਼ ਪਿਤਾ ਨੂੰ ਜਿਨ੍ਹਾਂ ਨੇ ਆਪਣਾ ਸਭ ਕੁਝ ਖਾਲਸੇ ਤੋਂ ਨਿਛਾਵਰ ਕਰ ਦਿੱਤਾ ਸੀ। ਸਾਡੀ ਕੌਮ ਅੰਦਰ ਜਿੰਨੀਆਂ ਵੱਡੀਆਂ ਖ਼ੂਬੀਆਂ ਹਨ ਕਿਤੇ ਕਮਜ਼ੋਰੀਆਂ ਨਾ ਬਣਨ। ਮੰਜ਼ਲ ਸਾਹਮਣੇ ਹੋਣੀ ਚਾਹੀਦੀ ਹੈ, ਦ੍ਰਿੜ੍ਹਤਾ ਹੋਣੀ ਚਾਹੀਦੀ ਹੈ, ਹਰ ਹਾਲਤ ਸੁਧਾਰੀ ਜਾ ਸਕਦੀ ਹੈ, ਹਰ ਮੁਸ਼ਕਲ ਦੂਰ ਕੀਤੀ ਜਾ ਸਕਦੀ ਹੈ ਅਤੇ ਹਰ ਸਿਖਰ ਚੜ੍ਹੀ ਜਾ ਸਕਦੀ ਹੈ। ਰੁਕਣਾ ਤੇ ਥੰਮ੍ਹਣਾ ਮੌਤ ਦੀ ਨਿਸ਼ਾਨੀ ਹੈ। ਹਾਰ ਕੇ ਮੰਜ਼ਲ 'ਤੇ ਬਹਿ ਜਾਣਾ ਮੌਤ ਹੈ ਅਤੇ ਡਟੇ ਰਹਿਣਾ ਜ਼ਿੰਦਗੀ ਹੈ। ਦ੍ਰਿੜ੍ਹਤਾ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਹਰੇਕ ਹਾਰ ਵੀ ਅਣਖ ਨੂੰ ਟੁਣਕਾਰਦੀ ਹੈ, ਮੰਜ਼ਲ 'ਤੇ ਪਹੁੰਚਣ ਦੀ ਤਾਂਘ ਤੇ ਸ਼ਕਤੀ ਵਿਚ ਵਾਧਾ ਕਰਦੀ ਹੈ ਅਤੇ ਸਾਡੇ ਅੰਦਰੋਂ ਤਾਕਤ ਦੇ ਨਵੇਂ ਸੋਮੇ ਖੋਲ੍ਹਦੀ ਹੈ।

ਮੇਰੀ ਸੋਚ ਮੁਤਾਬਕ ਸਾਡੀਆਂ ਸਾਰੀਆਂ ਕਮਜ਼ੋਰੀਆਂ, ਸਾਰੀਆਂ ਮੁਸੀਬਤਾਂ, ਸਾਰੀਆਂ ਪਾਟੋ-ਧਾੜ ਦੀਆਂ ਰੁਚੀਆਂ ਅਤੇ ਸਾਰੀਆਂ ਸਮੱਸਿਆਵਾਂ, ਸਿੱਖ ਸਿਧਾਂਤ ਦੀ ਉਲੰਘਣਾ ਦੀ ਹੀ ਉਪਜ ਹਨ। ਜਦੋਂ ਧਾਰਮਿਕ ਜੀਵਨ ਵਿਚ ਪਤਨ ਆਉਂਦਾ ਹੈ ਤਾਂ ਸਦਾਚਾਰਕ ਜੀਵਨ ਫੀਤੇ-ਫੀਤੇ ਹੋ ਜਾਂਦਾ ਹੈ। ਸੁਆਰਥ ਮਨੁੱਖ ਦਾ ਮੁੱਖ ਧਰਮ ਬਣ ਜਾਂਦਾ ਹੈ। ਸਭ ਭੁੱਲਾਂ, ਪਾਪਾਂ ਤੇ ਗੁਨਾਹਾਂ ਦਾ ਮੂਲ ਕਾਰਨ ਖੁਦਗਰਜ਼ੀ ਹੈ ਜਿਹੜੀ ਵੋਟਾਂ ਲੈਣ ਲਈ ਪੱਥਰ ਦੀਆਂ ਮੂਰਤੀਆਂ ਅੱਗੇ ਵੀ ਮੱਥਾ ਟਿਕਵਾ ਦਿੰਦੀ ਹੈ। ਕੌਮ ਅੰਦਰ ਪੜ੍ਹਨ ਦੀ ਰੁਚੀ ਘੱਟ ਹੋਣ ਕਾਰਨ ਥਾਂ-ਥਾਂ 'ਤੇ ਸੈਮੀਨਾਰ ਕਰਵਾ ਕੇ ਗੁਰਮਤਿ ਚਾਨਣ ਫੈਲਾਏ ਜਾਣ ਦੀ ਫ਼ੌਰੀ ਲੋੜ ਹੈ।

(1/1996)

www.sikhbookclub.com

ਇਨਕਲਾਬੀ ਯੋਧੇ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ-ਸਵੈਮਾਨ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ। ਗੁਰੂ ਜੀ ਨੂੰ ਇਕ ਪਾਸੇ ਕੱਟੜ ਮੁਗ਼ਲ ਹਕੂਮਤ ਅਤੇ ਦੂਜੇ ਪਾਸੇ ਥੋਥੀਆਂ ਧਾਰਮਿਕ ਪਰੰਪਰਾਵਾਂ ਦੀ ਧਾਰਨੀ ਸਨਾਤਨੀ ਜਮਾਤ ਦੇ ਨਾਲ-ਨਾਲ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਹੰਢਾਉਣਾ ਪਿਆ। ਇਨ੍ਹਾਂ ਸਮਾਜ-ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਜ਼ਿੰਦਗੀ ਭਰ ਸੰਘਰਸ਼ ਕਰਨਾ ਪਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਉਦੇਸ਼ 'ਸੱਚ ਧਰਮ' ਦੀ ਸਥਾਪਨਾ ਲਈ ਮਜ਼ਲੂਮਾਂ ਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ ਕਿਉਂਕਿ ਉਨ੍ਹਾਂ ਨੇ ਭਾਂਪ ਲਿਆ ਸੀ ਕਿ ਸਮਾਜ ਦੇ ਪਤਨ ਜਾਂ ਅਧਰਮ ਦੇ ਬੋਲਬਾਲੇ ਦਾ ਮੁੱਖ ਕਾਰਨ ਲੋਕਾਂ ਦੀ ਗ਼ੁਲਾਮ ਮਾਨਸਿਕਤਾ ਹੈ। ਉਨ੍ਹਾਂ ਦੁਆਰਾ ਜੰਗਾਂ ਲੜਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ ਜਾਂ ਧੱਕੇਸ਼ਾਹੀ ਨੂੰ ਰੋਕਣਾ ਸੀ। ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰਖਿਆ ਅਤੇ ਦੁਸ਼ਟਾਂ ਦੇ ਨਾਸ਼ ਕਰਨ ਦੇ ਆਪਣੇ ਜੀਵਨ-ਉਦੇਸ਼ ਨੂੰ ਆਪ 'ਬਚਿਤ੍ਰ ਨਾਟਕ' ਵਿਚ ਸਪੱਸ਼ਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥...
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਅਧਿ: ੬)

ਦਸਮੇਸ਼ ਪਿਤਾ ਜੀ ਨੇ ਅਖੌਤੀ ਧਾਰਮਿਕ ਲੋਕਾਂ ਵੱਲੋਂ ਕੀਤੇ ਜਾ ਰਹੇ ਪਾਖੰਡਾਂ ਦਾ ਖ਼ੂਬ ਪਾਜ ਉਘੇੜਿਆ। ਆਪਣੀ ਬਾਣੀ ਵਿਚ ਉਨ੍ਹਾਂ ਨੇ ਇਨ੍ਹਾਂ ਪਾਖੰਡਾਂ ਅਤੇ ਕਰਮਕਾਂਡਾਂ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਚੇ-ਸੁੱਚੇ ਜੀਵਨ ਦੇ ਧਾਰਨੀ ਹੋਣ ਲਈ ਪ੍ਰੇਰਿਆ। ਆਪ ਜੀ ਆਪਣੀ ਬਾਣੀ ਵਿਚ ਦੱਸਦੇ ਹਨ ਕਿ ਮੂਰਤੀ-ਪੂਜਾ, ਬੁੱਤ-ਪੂਜਾ, ਤੀਰਥ ਯਾਤਰਾ ਜਾਂ ਬਗੁਲ ਸਮਾਧੀਆਂ ਨਾਲ ਅਕਾਲ ਪੁਰਖ ਦੀ ਭਗਤੀ ਨਹੀਂ ਹੋ ਸਕਦੀ। ਕਹਿਣ ਤੋਂ ਭਾਵ ਗੁਰੂ ਜੀ ਨੇ ਪ੍ਰਚੱਲਤ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਖੰਡਨ ਬੇਖ਼ੌਫ਼ ਹੋ ਕੇ ਕੀਤਾ ਅਤੇ ਲੋਕਾਂ ਨੂੰ 'ਸੱਚ' ਮਾਰਗ ਦੇ ਧਾਰਨੀ ਹੋਣ ਲਈ ਪ੍ਰੇਰਿਆ:

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥

www.sikhbookclub.com

ਬਾਸ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

(ਸਵੱਯੇ ਪਾ: ੧੦)

ਅਜੋਕੀ ਦੁਨੀਆਂ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਤਰਲੇ ਲੈ ਰਹੀ ਹੈ। ਪਰ ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੱਜ ਤੋਂ ਤਿੰਨ ਸਦੀਆਂ ਪਹਿਲਾਂ ਇਹ ਐਲਾਨ ਕਰ ਦਿੱਤਾ ਕਿ ਸਮੁੱਚੀ ਮਨੁੱਖਤਾ ਵਿਚ ਇਕ ਅਕਾਲ ਪੁਰਖ ਦੀ ਜੋਤ ਕੰਮ ਕਰ ਰਹੀ ਹੈ; ਸਾਰੇ ਇੱਕੋ ਮਿੱਟੀ ਦੇ ਬਣੇ ਹੋਏ ਹਨ, ਇਸ ਲਈ ਹਿੰਦੂ, ਮੁਸਲਮਾਨ, ਜੋਗੀ ਆਦਿ ਫਿਰਕੂ ਵੰਡੀਆਂ ਦੇ ਆਧਾਰ 'ਤੇ ਮਨੁੱਖਤਾ ਨੂੰ ਵੰਡਣਾ ਜਾਇਜ਼ ਨਹੀਂ। ਇਸ ਲਈ ਉਸੇ ਇਕ ਨੂੰ ਮੰਨਦਿਆਂ ਹੋਇਆਂ ਸਭ ਨੂੰ ਉਸੇ ਦਾ ਸਰੂਪ ਸਮਝਣਾ ਚਾਹੀਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥੧੫॥੮੫॥ (ਅਕਾਲ ਉਸਤਤਿ)

ਸਭ ਤੋਂ ਇਨਕਲਾਬੀ ਗੱਲ ਗੁਰੂ ਸਾਹਿਬ ਨੇ ਇਹ ਕੀਤੀ ਕਿ ਉਨ੍ਹਾਂ ਦੱਬੇ-ਕੁਚਲੇ, ਲਿਤਾੜੇ ਹੋਏ ਲੋਕਾਂ, ਗਰੀਬ ਕਿਰਤੀਆਂ ਤੇ ਨਿਤਾਣਿਆਂ ਨੂੰ ਗਲ ਨਾਲ ਲਾਇਆ। ਸਦੀਆਂ ਤੋਂ ਗ਼ੁਲਾਮੀ ਅਤੇ ਜਹਾਲਤ ਦੀ ਜ਼ਿੰਦਗੀ ਜੀਅ ਰਹੇ ਲੋਕਾਂ ਵਿਚ ਅਣਖ ਅਤੇ ਸਵੈਮਾਨ ਦੀ ਭਾਵਨਾ ਨੂੰ ਜਗਾ ਦਿੱਤਾ। ਇਹੀ ਲੋਕ ਗੁਰੂ-ਕਿਰਪਾ ਦੇ ਪਾਤਰ ਬਣ ਕੇ ਖ਼ਾਲਸਾ ਸਜੇ ਅਤੇ ਗੁਰੂ-ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਨ੍ਹਾਂ ਦੇ ਕਿਰਦਾਰ 'ਤੇ ਤਸੱਲੀ ਪ੍ਰਗਟ ਕਰਦੇ ਕਹਿੰਦੇ ਹਨ:

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ ॥੫੨॥ (ਸਵੱਯੇ)

ਦੁਨੀਆਂ ਦੇ ਹੋਰਨਾਂ ਧਾਰਮਿਕ ਰਹਿਬਰਾਂ ਦੀ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਧਰਮ ਚਲਾਇਆ। ਆਪਣੇ ਆਪ ਨੂੰ ਅਕਾਲ ਪੁਰਖ, ਵਾਹਿਗੁਰੂ ਦਾ ਦਾਸ, ਸੇਵਕ ਦੱਸਦਿਆਂ, ਉਨ੍ਹਾਂ ਬੜੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪਰਮਾਤਮਾ ਨਹੀਂ ਸਮਝਣਾ:

ਜੋ ਹਮ ਕੋ ਪਰਮੇਸਰ ਉਚਰਿਹੈਂ ॥ ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥

(ਬਚਿਤ੍ਰ ਨਾਟਕ, ਅਧਿ: ੬)

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਇਕ ਇਨਕਲਾਬੀ ਰਹਿਬਰ ਹੋਏ ਹਨ, ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਵਿਚ ਇਨਕਲਾਬੀ ਤਬਦੀਲੀ ਲਿਆਂਦੀ। ਅਜੋਕੇ ਦੇਹਧਾਰੀ ਗੁਰੂਆਂ, ਅਖੌਤੀ ਸਾਧਾਂ-ਸੰਤਾਂ ਅਤੇ ਮਹਾਤਮਾਵਾਂ ਨੂੰ ਦਸਮੇਸ਼ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭੇਖ ਤੇ ਅਡੰਬਰ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਕਰਮਕਾਂਡਾਂ ਦੇ ਭਰਮ-ਜਾਲ ਵਿਚ ਪਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਆਉ ! ਅਸੀਂ ਵੀ ਦਸਮੇਸ਼ ਪਿਤਾ ਜੀ ਦੇ ਦਰਸਾਏ ਗਾਡੀ-ਰਾਹ 'ਤੇ ਚੱਲਣ ਦਾ ਦ੍ਰਿੜ੍ਹਤਾ ਸਹਿਤ ਪ੍ਰਣ ਕਰੀਏ !

(7/2008)

www.sikhbookclub.com

ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਜਿਸ ਤਰ੍ਹਾਂ ਅਥਾਹ ਸਮੁੰਦਰ ਵਿਚ ਹਰ ਘੜੀ ਬੇਅੰਤ ਬੁਲਬੁਲੇ ਉਠਦੇ ਅਤੇ ਮਿੱਟ ਜਾਂਦੇ ਹਨ, ਇਸੇ ਤਰ੍ਹਾਂ ਇਸ ਵਿਸ਼ਾਲ ਜਗਤ ਵਿਚ ਅਨੰਤ ਕਾਲ ਤੋਂ ਅਨਗਿਣਤ ਮਨੁੱਖ ਪੈਦਾ ਹੋਏ ਤੇ ਮਿਟ ਚੁੱਕੇ ਹਨ। ਰਚਨਾ ਅਤੇ ਸੰਸਾਰ ਦੀ ਇਹ ਰੌਂ ਇਕ-ਰਸ ਜਾਰੀ ਹੈ। ਮਨੁੱਖ ਰੂਪ ਵਿਚ ਚਾਰ ਕਿਸਮ ਦੇ ਆਦਮੀ ਆਉਂਦੇ ਹਨ :

ਪਹਿਲਾ ਭਾਗ ਅਜਿਹੇ ਮਨੁੱਖਾਂ ਦਾ ਹੈ ਜੋ ਨਿਜ-ਸਵਾਰਥ, ਆਪਣੀਆਂ ਲੋੜਾਂ, ਕਾਮਨਾਵਾਂ ਅਤੇ ਰੁਚੀਆਂ ਤੋਂ ਪਰ੍ਹੇ ਕੁਝ ਨਹੀਂ ਵੇਖ ਸਕਦੇ। ਇਨ੍ਹਾਂ ਦਾ ਜਨਮ-ਮਰਨ, ਦੁੱਖ-ਸੁੱਖ, ਕਾਰ-ਵਿਹਾਰ, ਨਿਜ-ਸਵਾਰਥ ਦੇ ਇਸ ਰੂਪ ਵਿਚ ਟੱਬਰ-ਕਬੀਲੇ ਦੀ ਸੇਵਾ ਹੁੰਦੀ ਹੈ।

ਨਿਜ-ਸਵਾਰਥੀ ਦੇ ਵਿਚ ਇਕ ਭਾਗ ਅਜਿਹੇ ਆਦਮੀਆਂ ਦਾ ਵੀ ਹੁੰਦਾ ਹੈ ਜੋ ਪਾਪ ਹੀ ਕਰਦੇ ਹਨ। ਇਹ 'ਕਰਤੂਤਿ ਪਸੂ ਕੀ ਮਾਨਸ ਜਾਤਿ' ਦੇ ਵਾਕ ਅਨੁਸਾਰ ਪਸ਼ੂ ਬ੍ਰਿਤੀ ਦੇ ਹੁੰਦੇ ਹਨ। ਇਹ ਆਚਰਨ-ਹੀਣ, ਦੁਰਾਚਾਰੀ ਤੇ ਕੁਕਰਮੀ ਹੁੰਦੇ ਹਨ। ਜਿਵੇਂ ਕੋਈ ਪਸ਼ੂ ਕਿਸੇ ਨਿਰਮਲ ਸੋਮੇ ਵਿਚੋਂ ਜਲ ਪੀ ਕੇ ਬੇਸਮਝੀ ਦੇ ਕਾਰਨ ਖੌਰੂ ਪਾ ਕੇ ਦੂਜਿਆਂ ਲਈ ਪਾਨੀ ਗੰਧਲਾ ਕਰ ਦਿੰਦਾ ਹੈ, ਇਸੇ ਤਰ੍ਹਾਂ ਕਈ ਮਨੁੱਖਾਂ ਦਾ ਬਦੀ ਕਰਨ ਵਾਲਾ ਸੁਭਾਵ ਬਣ ਜਾਂਦਾ ਹੈ। ਜਿਸ ਤੋਂ ਮਜਬੂਰ ਹੋ ਕੇ ਦੂਜੇ ਦਾ ਨੁਕਸਾਨ ਕਰ ਦਿੰਦੇ ਹਨ, ਭਾਵੇਂ ਉਸ ਵਿਚ ਉਹਨਾਂ ਦਾ ਆਪਣਾ ਕੋਈ ਲਾਭ ਹੀ ਨਾ ਹੋਵੇ।

ਮਨੁੱਖਾਂ ਵਿਚ ਤੀਜਾ ਭਾਗ ਅਜਿਹੇ ਪੁਰਸ਼ਾਂ ਦਾ ਹੈ ਜਿਹੜੇ ਨਿਜ-ਸਵਾਰਥ ਦੇ ਨਾਲ ਹੀ ਆਪਣੇ ਪ੍ਰਾਕਰਮ, ਬਲ, ਬੁੱਧੀ, ਯੋਗਤਾ, ਹੁਨਰ ਅਤੇ ਸਾਹਸ ਰਾਹੀਂ ਸੰਸਾਰ ਦੀ ਸੇਵਾ ਤੇ ਉਪਕਾਰ ਭੀ ਕਰਦੇ ਹਨ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਨਿਜ-ਸਵਾਰਥ ਤੋਂ ਹੀ ਮਨੁੱਖ ਟੱਬਰ-ਕਬੀਲੇ ਦੀ ਸੇਵਾ ਕਰਦਾ ਹੈ। ਇਹੀ ਜਜ਼ਬਾ ਵਧ ਕੇ ਕੌਮ ਅਤੇ ਦੇਸ਼ ਦੀ ਸੇਵਾ ਦਾ ਰੂਪ ਧਾਰਨ ਕਰ ਲੈਂਦਾ ਹੈ। ਨੇਕੀ ਤੇ ਉਪਕਾਰ ਤਦ ਹੁੰਦਾ ਹੈ ਜਦ ਨਿਜ-ਸਵਾਰਥ ਨੂੰ ਭੁਲਾ ਕੇ ਦੂਜੇ ਦੇ ਭਲੇ ਲਈ ਕੰਮ ਕੀਤਾ ਜਾਵੇ।

ਚੌਥੇ ਮਨੁੱਖ ਜਾਮੇ ਵਿਚ ਕੁਝ ਮਹਾਨ ਆਤਮਾ ਆਉਂਦੀਆਂ ਹਨ—ਜਿਨ੍ਹਾਂ ਨੂੰ ਗੁਰੂ, ਅਵਤਾਰ, ਪੈਗੰਬਰ, ਮਹਾਂ ਪੁਰਸ਼, ਪੂਰਨ ਪੁਰਸ਼ ਅਤੇ ਜੀਨਸ ਕਿਹਾ ਜਾਂਦਾ ਹੈ। ਇਨ੍ਹਾਂ ਦਾ ਜੀਵਨ-ਉਦੇਸ਼ ਕਿਸੇ ਜਾਤੀ ਦਾ ਸੁਧਾਰ ਜਾਂ ਕਿਸੇ ਦੇਸ਼ ਦਾ ਉਧਾਰ ਹੁੰਦਾ ਹੈ। ਇਨ੍ਹਾਂ 'ਚੋਂ ਕੁਝ ਸ਼ਖ਼ਸੀਅਤਾਂ ਅਜਿਹੀਆਂ ਭੀ ਹੁੰਦੀਆਂ ਹਨ ਜਿਨ੍ਹਾਂ ਦਾ ਆਦਰਸ਼ ਸਾਰੇ ਜਗਤ ਦਾ ਕਲਿਆਣ ਹੁੰਦਾ ਹੈ। ਧਰਮ ਦਾ ਪ੍ਰਚਾਰ, ਨੇਕੀ, ਪਰਉਪਕਾਰ, ਇਖ਼ਲਾਕ, ਪਵਿੱਤਰਤਾ, ਨਿਸ਼ਕਾਮ ਕੁਰਬਾਨੀ, ਮਹਾਨ ਆਤਮਾ ਦੇ ਜੀਵਨ ਦਾ ਮੰਤਵ ਹੁੰਦਾ ਹੈ। ਅਜਿਹੀਆਂ ਸ਼ਖ਼ਸੀਅਤਾਂ ਕਦੀ ਕਦੀ ਸੰਸਾਰ ਵਿਚ ਆਉਂਦੀਆਂ ਹਨ।

ਜਿਸ ਤਰ੍ਹਾਂ ਅਕਾਸ਼ ਵਿਚ ਅਣਗਿਣਤ ਤਾਰੇ ਹੁੰਦੇ ਹਨ, ਪਰ ਉਹਨਾਂ ਤੋਂ ਥੋੜ੍ਹਿਆਂ ਦੀ ਚਮਕ

www.sikhbookclub.com

ਹਨੇਰੀ ਰਾਤ ਵਿਚੋਂ ਪਾਂਧੀਆਂ ਨੂੰ ਰਾਹ ਦੱਸਦੀ ਹੈ ਇਸੇ ਤਰ੍ਹਾਂ ਅਣਗਿਣਤ ਮਨੁੱਖਾਂ ਵਿਚੋਂ ਕੁਝ ਪਵਿੱਤਰ ਆਤਮਾਵਾਂ ਅਜਿਹੀਆਂ ਹੁੰਦੀਆਂ ਹਨ, ਜੋ ਮਨੁੱਖ ਜਾਤੀ ਨੂੰ ਜੀਵਨ ਦੀ ਹਨੇਰੀ ਰਾਤ ਵਿਚ ਸਹੀ ਰੌਸ਼ਨੀ ਦੇ ਕੇ ਸੱਚਾ ਮਾਰਗ ਦੱਸਦੀਆਂ ਹਨ।

ਜਿਸ ਤਰ੍ਹਾਂ ਕਿਸੇ ਬਾਗ਼ ਦੀ ਸੋਭਾ ਉਸ ਦੇ ਸੁੰਦਰ ਤੇ ਸੁਗੰਧਤ ਫੁੱਲਾਂ ਨਾਲ ਹੁੰਦੀ ਹੈ, ਮਨੁੱਖ ਜਾਤੀ ਜਾਂ ਕਿਸੇ ਕੌਮ ਦੀ ਸੋਭਾ ਮਹਾਂਪੁਰਖਾਂ ਨਾਲ ਹੀ ਹੁੰਦੀ ਹੈ। ਸਾਡੇ ਦੇਸ਼ ਦੇ ਇਕ ਕਵੀ ਨੇ ਕਿਹਾ ਹੈ :

ਜਨਨੀ ਜਨੇ ਤ ਭਗਤ ਜਨ ਕੈ ਦਾਤਾ ਕੈ ਸੂਰ।
ਨਾਹਿ ਤ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।

ਕਵੀ ਦੀ ਕਲਪਨਾ ਅਨੁਸਾਰ ਭਗਤੀ, ਦਾਨ ਅਤੇ ਬੀਰਤਾ ਵਿਚੋਂ ਇਕ ਗੁਣ ਕਿਸੇ ਸ਼ਖ਼ਸੀਅਤ ਵਿਚ ਪਾਇਆ ਜਾਂਦਾ ਹੋਵੇ ਤਾਂ ਉਹ ਆਦਰਸ਼ਕ ਹੈ। ਜਿਸ ਲਾਸਾਨੀ ਮਹਾਂਪੁਰਸ਼, ਗੁਰੂ ਅਤੇ ਮਹਾਂਬਲੀ ਜੋਧੇ ਦਾ ਜ਼ਿਕਰ ਅਸੀਂ ਕਰਨਾ ਚਾਹੁੰਦੇ ਹਾਂ, ਉਸ ਵਿਚ ਤਿੰਨੇ ਗੁਣ ਭਰਪੂਰ ਪਾਏ ਜਾਂਦੇ ਹਨ। ਅਜਿਹੀ ਮਹਾਨ ਸ਼ਖ਼ਸੀਅਤ ਕੌਣ ਹੈ ? ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਇਹ ਗੁਣ ਕੇਵਲ ਉਨ੍ਹਾਂ ਵਿਚ ਹੀ ਨਹੀਂ ਸਨ ਬਲਕਿ ਉਨ੍ਹਾਂ ਨੇ ਅੱਗੋਂ ਪੰਥ-ਖਾਲਸੇ ਵਿਚ ਵੀ ਪੈਦਾ ਕੀਤੇ।

ਦਸ ਲੱਖ ਦੁਸ਼ਮਣਾਂ ਦੇ ਘੇਰੇ ਵਿਚ ਦਨਾ-ਦਨ ਕਰਦੀਆਂ ਤੋਪਾਂ, ਕਾੜ ਕਾੜ ਕਰਦੀਆਂ ਗੋਲੀਆਂ, ਬਿਜਲੀ ਵਾਂਗੂੰ ਲਿਸ਼ਕ ਰਹੀਆਂ ਤਲਵਾਰਾਂ ਤੇ ਤੀਰਾਂ ਦੀ ਵਰਖਾ ਵਿਚ ਅਨੰਦਪੁਰ ਸਾਹਿਬ ਦੇ ਪਾਸ ਆਪਣੀ ਸੁਰਤ ਨੂੰ ਕੀਰਤਨ ਕਰਨ ਅਤੇ ਸਿਮਰਨ ਵਿਚ ਜੋੜਨਾ ਇਹ ਦਸਮੇਸ਼ ਜੀ ਦੀ ਭਗਤੀ ਦਾ ਕਮਾਲ ਹੈ।

ਮਾਤਾ-ਪਿਤਾ ਤੇ ਚਾਰ ਸਾਹਿਬਜ਼ਾਦਿਆਂ ਨੂੰ ਕੁਰਬਾਨ ਕਰ ਦੇਣਾ, ਦੁੱਖ ਵਿਚ ਜੀਵਨ ਨੂੰ ਅਰੰਭ ਕਰਨਾ, ਦੁੱਖ ਵਿਚ ਗੁਜ਼ਾਰਨਾ ਅਤੇ ਦੁੱਖ ਵਿਚ ਸੁਖ ਮਨਾਉਂਦੇ ਹੋਏ ਉਸ ਨੂੰ ਖ਼ਤਮ ਕਰਨਾ, ਆਪਾ ਵਾਰਨ ਵਾਲੇ ਸਰਬੰਸਦਾਨੀ ਕੌਣ ਹਨ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਇਹ ਹਜ਼ੂਰ ਦੇ ਜੀਵਨ ਦਾ ਦੂਜਾ ਕਮਾਲ ਹੈ।

ਅਕਾਲ ਪੁਰਖ ਦੀ ਓਟ ਲੈ ਕੇ ਮੁਗ਼ਲ ਹਕੂਮਤ ਨਾਲ ਟਾਕਰਾ ਕਰਨਾ, ਸਦੀਆਂ ਦੇ ਕੁਚਲੇ ਹੋਏ, ਪਰ-ਅਧੀਨ, ਕਾਇਰ, ਨਿਰਜੀਵ, ਸਾਹਸਹੀਣ, ਸ਼ੂਦਰਾਂ ਅਤੇ ਨੀਚਾਂ ਨੂੰ ਜੀਅ-ਦਾਨ ਦੇ ਕੇ ਜਾਬਰਾਂ ਨਾਲ ਲੜਾ ਕੇ ਫਤਹ ਬਖਸ਼ਣ ਵਾਲੇ, ਕਾਮ-ਕ੍ਰੋਧ ਆਦਿਕ ਅੰਤ੍ਰੀਵ ਤੇ ਬਾਹਰਲੇ ਸ਼ਤਰੂਆਂ 'ਪਰ ਵਿਜੈ ਪ੍ਰਾਪਤ ਕਰਨ ਵਾਲੇ ਸੂਰਮੇ ਸ੍ਰੀ ਦਸਮ ਪਾਤਸ਼ਾਹ ਸਨ।

ਸਦੀਆਂ ਦੀ ਗ਼ੁਲਾਮੀ ਦੇ ਕਾਰਨ ਹਿੰਦੁਸਤਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼, ਆਤਮ ਤਿਆਗ, ਨਿਸ਼ਕਾਮ ਕੁਰਬਾਨੀ ਤੇ ਸਿੱਖੀ ਦੀ ਸਹੀ ਸਪਿਰਟ ਨੂੰ ਨਹੀਂ ਸਮਝ ਸਕਿਆ। ਜਿਸ ਤਰ੍ਹਾਂ ਮਾਖਿਉਂ ਦੇ ਛੱਤੇ ਦੇ ਹਰੇਕ ਛੇਕ ਵਿਚ ਮਿਠਾਸ ਭਰੀ ਹੁੰਦੀ ਹੈ, ਗੁਲਾਬ ਦੀ ਹਰੇਕ ਪੱਤੀ ਸੁੰਦਰਤਾ, ਕੋਮਲਤਾ ਅਤੇ ਸੁਗੰਧੀ ਨਾਲ ਭਰਪੂਰ ਹੁੰਦੀ ਹੈ, ਇਸ ਤਰ੍ਹਾਂ ਦਸਮ ਪਾਤਸ਼ਾਹ ਦੇ ਜੀਵਨ ਦੀ ਹਰੇਕ ਗੱਲ ਜੀਵਨ ਦਾਤਾ, ਰਸ ਦਾਇਕ ਤੇ ਸਿਖਿਆ ਦੇਣ ਵਾਲੀ ਹੈ।

ਦਸਮ ਪਾਤਸ਼ਾਹ ਦੇ ਹਿਰਦੇ ਵਿਚ ਮਾਨਵਤਾ ਲਈ ਪਿਆਰ, ਆਜ਼ਾਦੀ ਲਈ ਤੜਪ, ਗ਼ੁਲਾਮੀ ਲਈ ਨਫ਼ਰਤ, ਦੁਖੀਆਂ ਲਈ ਦਰਦ, ਆਦਰਸ਼ ਪ੍ਰਾਪਤੀ ਲਈ ਅਮੁਕ ਉਤਸ਼ਾਹ ਤੇ ਦ੍ਰਿੜਤਾ, ਵਿਰੋਧੀਆਂ ਲਈ ਇਨਸਾਫ਼, ਭੁਲੜਾਂ ਲਈ ਖਿਮਾ, ਸ਼ਰਨ ਪਿਆਂ ਲਈ ਲਾਜ, ਸੰਸਾਰਕ ਜੀਵਨ

www.sikhbookclub.com

ਲਈ ਰਸ ਤੇ ਫ਼ਰਜ਼ ਦੀ ਪਛਾਣ, ਵਿਦਿਆ ਹੁਨਰ ਤੇ ਸੁੰਦਰਤਾ ਲਈ ਕਦਰ, ਮਨੁੱਖਾਂ ਲਈ ਖੁਲ੍ਹ-ਦਿਲੀ, ਮਨੁੱਖ ਮਾਤਰ ਦੇ ਭਲੇ ਲਈ ਨਿਸ਼ਕਾਮ ਹੋ ਕੇ ਆਪਾ ਵਾਰਨ ਦਾ ਜਜ਼ਬਾ ਕੰਮ ਕਰਦਾ ਸੀ। ਆਪ ਨੇ ਮਨੁੱਖਤਾ ਨੂੰ ਸਹੀ ਜੀਵਨ ਫ਼ਲਸਫ਼ਾ ਸਮਝਾਇਆ। ਵਿਕਾਸ ਅਤੇ ਪਰਿਵਰਤਨ ਨੂੰ ਮੁੱਖ ਰੱਖ ਕੇ ਨਵੀਨ ਸਮਾਜ ਦਾ ਆਦਰਸ਼ ਪੇਸ਼ ਕੀਤਾ। ਆਪ ਨੇ ਪਖੰਡ, ਰਸਮੀ ਮਜ਼ਹਬ ਅਤੇ ਬੋਸ਼ੀਦਾ ਸਮਾਜਿਕ ਬੰਧਨ ਦਾ ਜ਼ੋਰ ਨਾਲ ਖੰਡਨ ਕੀਤਾ। ਮਨੁੱਖ ਨੂੰ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਸ਼ਖ਼ਸੀ ਪੂਜਾ ਛੁਡਾ ਕੇ ਸੁਤੰਤਰ ਹੋ ਕੇ ਸੋਚਣ, ਵਿਚਾਰਨ ਅਤੇ ਆਚਰਣ ਦੀ ਉਸਾਰੀ ਲਈ ਪ੍ਰੇਰਨਾ ਕੀਤੀ। ਮਜ਼ਹਬ ਵਿਚ ਜਮਹੂਰੀਅਤ ਨੂੰ ਲਿਆਂਦਾ।

ਗੁਰੂ ਸਾਹਿਬ ਨੇ ਮਨੁੱਖਤਾ ਦੀ ਬਿਨਾ 'ਤੇ ਸਾਰੇ ਮਨੁੱਖਾਂ ਨੂੰ ਬਰਾਬਰੀ ਦਿੱਤੀ ਹੈ। ਮਨੁੱਖ ਦੀਆਂ ਅੰਤਰੀਵ ਸ਼ਕਤੀਆਂ ਨੂੰ ਸਾਵਧਾਨ ਕੀਤਾ ਹੈ ਪਰ ਉਸ ਨੂੰ 'ਮਨ' ਜਾਂ 'ਹਉਮੈ' ਦੇ ਧੁਰੇ ਦੁਆਲੇ ਨਹੀਂ ਘੁੰਮਾਇਆ ਬਲਕਿ ਸਰਬ ਸ਼ਕਤੀਮਾਨ ਜਾਗਤ ਜੋਤ ਸ੍ਰੀ ਵਾਹਿਗੁਰੂ ਨਾਲ ਜੋੜ ਕੇ ਉਸ ਨੂੰ 'ਖਾਲਸਾ' ਰੂਪ ਵਿਚ ਮੂਰਤੀਮਾਨ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌਂਵੇਂ ਪਾਤਸ਼ਾਹ ਤਕ ਸਿੱਖੀ ਦਾ ਜੋ ਆਦਰਸ਼ ਪ੍ਰਚਾਰਿਆ ਗਿਆ ਸੀ, ਉਸ ਨੂੰ ਦਸਮੇਸ਼ ਪਿਤਾ ਜੀ ਨੇ ਸੰਪੂਰਨ ਕੀਤਾ ਹੈ।

ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ ਸਤਮੀ ਸੰਮਤ ੧੭੨੩ ਬਿ. (1666 ਈ.) ਨੂੰ ਮਾਤਾ ਗੁਜਰੀ ਜੀ ਤੋਂ ਪਟਨੇ ਵਿਚ ਪ੍ਰਗਟ ਹੋਏ। ਉਸ ਵਕਤ ਨੌਂਵੇਂ ਪਾਤਸ਼ਾਹ ਆਸਾਮ ਵਿਚ ਸਨ। ਸਾਰੇ ਪਰਿਵਾਰ ਅਤੇ ਸਿੱਖਾਂ ਵਿਚ ਅਤਿਅੰਤ ਖ਼ੁਸ਼ੀ ਹੋਈ। ਗੁਰੂ ਜੀ ਨੇ ਆਸਾਮ ਤੋਂ ਪੱਤ੍ਰਕਾ ਰਾਹੀਂ ਪ੍ਰਸੰਨਤਾ ਪ੍ਰਗਟ ਕਰ ਕੇ ਭੇਜੀ ਅਤੇ ਸਾਹਿਬਜ਼ਾਦੇ ਦਾ ਨਾਂ ਸ੍ਰੀ ਗੋਬਿੰਦ ਰਾਇ ਰੱਖਿਆ। ਮਾਤਾ ਗੁਜਰੀ ਜੀ, ਮਾਮਾ ਕ੍ਰਿਪਾਲ ਜੀ ਅਤੇ ਹੋਰ ਮੁਖੀ ਸਿੱਖਾਂ ਨੇ ਬੜੀ ਸਾਵਧਾਨੀ ਨਾਲ ਆਪ ਦੀ ਪਰਵਰਿਸ਼ ਸ਼ੁਰੂ ਕੀਤੀ।

ਜਦ ਗੁਰੂ ਜੀ ਪੰਜ ਬਰਸ ਦੇ ਹੋਏ ਤਾਂ ਮਾਤਾ ਜੀ ਨੇ ਆਪ ਨੂੰ ਗੁਰਮੁਖੀ ਪੜ੍ਹਾਈ। ਨੌਂਵੇਂ ਪਾਤਸ਼ਾਹ ਦੀ ਆਗਿਆ ਅਨੁਸਾਰ ਆਪ ਨੂੰ ਸਿਖਿਆ ਦੇਣੀ ਸ਼ੁਰੂ ਕੀਤੀ। ਸ਼ਸਤ੍ਰ ਅਭਿਆਸ ਕਰਾਇਆ ਗਿਆ। ਆਪ ਦੂਜੇ ਬੱਚਿਆਂ ਨਾਲ ਖੇਡਦੇ ਸਨ ਪਰ ਨਿਰਾਲੀ ਖੇਡ। ਸੈਨਾ ਬਣਾ ਕੇ ਇਕ ਧੜੇ ਦੇ ਸੈਨਾਪਤੀ ਬਣ ਕੇ ਯੁੱਧ ਰਚਾਉਂਦੇ, ਸਾਥੀਆਂ ਨੂੰ ਜੁੱਧ ਕਰਨਾ ਸਿਖਾਂਦੇ ਸਨ।

ਪਟਨੇ ਵਿਚ ਲੋਕ ਆਪ ਜੀ ਦਾ ਨੌਂਵੇਂ ਪਾਤਸ਼ਾਹ ਜੀ ਦਾ ਸਾਹਿਬਜ਼ਾਦਾ ਸਮਝ ਕੇ, ਆਦਰ ਕਰਦੇ ਸਨ। ਆਪ ਭੀ ਬੜੇ ਸੁੰਦਰ, ਸੁਸ਼ੀਲ, ਕੋਮਲ ਸੁਭਾਵ, ਉਦਾਰ-ਚਿਤ, ਹਸਮੁਖ, ਚੰਗੇ ਗੁਣਾਂ ਵਾਲੇ ਤੇ ਹਰਮਨ ਪਿਆਰੇ ਸਨ। ਗੰਗਾ ਦੇ ਕੰਢੇ ਬੱਚਿਆਂ ਨਾਲ ਖੇਡਦੇ, ਇਸ਼ਨਾਨ ਕਰਦੇ, ਬੇੜੀ ਵਿਚ ਸੈਰ ਕਰਦੇ, ਤੀਰ ਚਲਾਉਂਦੇ ਰਾਜਕੁਮਾਰ ਮਲੂਮ ਹੁੰਦੇ ਸਨ।

ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੌਂਵੇਂ ਗੁਰੂ ਜੀ ਦੇ ਪ੍ਰੇਮੀ ਸਨ, ਉਹਨਾਂ ਨੇ ਭੀ ਪ੍ਰੇਮ ਅਤੇ ਸਤਿਕਾਰ ਕਰਨਾ। ਉਹਨਾਂ ਨੇ ਦੋ ਬਾਗ਼ ਤੇ ਇਕ ਪਿੰਡ ਗੁਰੂ ਜੀ ਦੀ ਭੇਟ ਕੀਤਾ, ਜੋ ਹੁਣ ਤੀਕ ਪਟਨਾ ਸਾਹਿਬ ਦੇ ਨਾਂ ਜਗੀਰ ਹੈ।

ਰਾਜਾ ਫਤਹਿ ਚੰਦ ਮੈਣੀ ਤੇ ਉਸ ਦੀ ਰਾਣੀ ਆਪ ਜੀ ਨਾਲ ਬੜਾ ਪ੍ਰੇਮ ਕਰਦੇ ਸਨ। ਇਨ੍ਹਾਂ ਦੇ ਘਰ ਕੋਈ ਸੰਤਾਨ ਨਹੀਂ ਸੀ, ਮਹਾਰਾਜ ਦੇ ਪ੍ਰੇਮ ਕਰਕੇ ਪੁੱਤਰ ਭਾਵਨਾ ਦੂਰ ਹੋ ਗਈ। ਆਪ ਕਈ ਵਾਰ ਰਾਣੀ ਦੀ ਗੋਦ ਵਿਚ ਬੈਠ ਜਾਂਦੇ ਤੇ ਮਾਤਾ ਜੀ ਕਰਕੇ ਪੁਕਾਰਦੇ ਸਨ। ਛੋਲੇ, ਪੂਰੀਆਂ,

www.sikhbookclub.com

ਮਿਠਾਈ, ਫਲ ਜੋ ਮਿਲਦਾ, ਦੂਜੇ ਸਾਥੀਆਂ ਸਮੇਤ ਖਾ ਪੀ ਆਉਂਦੇ। ਰਾਜਾ ਫਤਹਿ ਚੰਦ ਅਤੇ ਰਾਣੀ ਦੇ ਪ੍ਰੇਮ ਕਰਕੇ ਉਹਨਾਂ ਦਾ ਘਰ ਗੁਰਦੁਆਰਾ ਬਣ ਗਿਆ, ਜੋ ਪਟਨੇ ਵਿਚ ਹੁਣ ਤੀਕ 'ਮੈਣੀ ਸੰਗਤ' ਦੇ ਨਾਂ 'ਤੇ ਪ੍ਰਸਿੱਧ ਹੈ। ਇਥੇ ਛੋਲਿਆਂ ਤੇ ਪੂਰੀਆਂ ਦਾ ਪ੍ਰਸ਼ਾਦ ਵਰਤਦਾ ਹੈ।

ਇਕ ਵੇਰ ਦੀ ਗੱਲ ਹੈ, ਕਿਸੇ ਸਿੱਖ ਨੇ ਆਪ ਜੀ ਲਈ ਸੋਨੇ ਦੇ ਕੜੇ ਭੇਟ ਕੀਤੇ। ਆਪ ਸ਼ਾਮ ਨੂੰ ਗੰਗਾ ਕਿਨਾਰੇ ਸੈਰ ਕਰਨ ਲਈ ਗਏ ਤਾਂ ਇਕ ਕੜਾ ਲਾਹ ਕੇ ਦਰਿਆ ਵਿਚ ਸੁੱਟ ਦਿੱਤਾ। ਜਦ ਮਾਮਾ ਕ੍ਰਿਪਾਲ ਜੀ ਨੇ ਪੁੱਛਿਆ, "ਕੜਾ ਕਿਥੇ ਹੈ?"

ਦੂਜਾ ਕੜਾ ਸੁੱਟ ਕੇ ਕਹਿਣ ਲੱਗੇ, "ਐਥੇ ਸੁਟਿਆ ਹੈ।"

ਇਕ ਦਿਨ ਬੱਚਿਆਂ ਨਾਲ ਖੇਡ ਰਹੇ ਸਨ ਕਿ ਪਟਨੇ ਦੇ ਨਵਾਬ ਦੀ ਸਵਾਰੀ ਆ ਗਈ। ਚੋਬਦਾਰ ਨੇ ਕਿਹਾ, "ਬੱਚਿਓ! ਸਤਿਕਾਰ ਲਈ ਖੜੇ ਹੋ ਜਾਓ, ਸਲਾਮ ਕਰੋ ਤੇ ਸਿਰ ਝੁਕਾਓ।"

ਬਾਲਕਾਂ ਦੇ ਸਰਦਾਰ ਗੋਬਿੰਦ ਰਾਇ (ਗੁਰੂ) ਜੀ ਨੇ ਸਭ ਨੂੰ ਕਿਹਾ, "ਸਲਾਮ ਨਹੀਂ ਕਰਨਾ, ਸਿਰ ਨਹੀਂ ਝੁਕਾਉਣਾ।" ਇਹ ਸੁਣ ਕੇ ਸਾਰਿਆਂ ਨੇ ਖਿੱਲੀ ਮਾਰੀ ਤੇ ਦੌੜ ਗਏ।

ਨੌਵੇਂ ਪਾਤਸ਼ਾਹ ਨੇ ਆਸਾਮ ਤੋਂ ਵਾਪਸ ਆਉਂਦਿਆਂ ਪਰਿਵਾਰ ਨੂੰ ਪੰਜਾਬ ਸੱਦ ਭੇਜਿਆ। ਇਸ ਲਈ ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦੇ ਸਮੇਤ ਪਟਨੇ ਤੋਂ ਚੱਲਣ ਦੀ ਤਿਆਰੀ ਕਰ ਲਈ। ਸਾਰੀ ਸੰਗਤ ਨੇ ਬੜੇ ਪ੍ਰੇਮ ਤੇ ਸਤਿਕਾਰ ਨਾਲ ਵਿਦਾ ਕੀਤਾ। ਫੱਗਣ ਸੰਮਤ ੧੭੨੮ ਬਿਕ੍ਰਮੀ ਨੂੰ ਮਾਮਾ ਕ੍ਰਿਪਾਲ ਜੀ ਤੇ ਮੁਖੀ ਸਿੱਖਾਂ ਸਮੇਤ ਪੰਜਾਬ ਨੂੰ ਤੁਰ ਪਏ। ਦਾਨਾ ਪੁਰ, ਬਕਸਰ, ਆਰਾ, ਮਿਰਜ਼ਾਪੁਰ, ਕਾਂਸ਼ੀ, ਪ੍ਰਾਗ, ਅਜੁਧਿਆ, ਲਖਨਊ, ਚੰਦੇਸੀ ਖੁਰਜਾ, ਮਥਰਾ ਤੇ ਸਹਾਰਨਪੁਰ ਤੋਂ ਹੁੰਦੇ ਹੋਏ ਭਾਦਰੋਂ ੧੭੨੯ (1672 ਈ.) ਨੂੰ ਕਸਬਾ ਲਖਨੌਰ ਜ਼ਿਲ੍ਹਾ ਅੰਬਾਲੇ ਵਿਚ ਪੁੱਜੇ। ਰਸਤੇ ਵਿਚ ਹਿੰਦੂ ਧਰਮ ਦੇ ਕਈ ਕੇਂਦਰ ਆਏ। ਮਾਤਾ ਜੀ ਅਤੇ ਮਾਮਾ ਜੀ ਨੇ ਜਿਤਨੀਆਂ ਇਤਿਹਾਸਕ ਯਾਦਗਾਰਾਂ ਸਨ, ਉਹਨਾਂ ਸੰਬੰਧੀ ਆਪ ਜੀ ਨੂੰ ਵਾਕਫ਼ੀ ਕਰਾਈ। ਨਿਰਮਲ ਬੁੱਧੀ ਹੋਣ ਕਰਕੇ ਤੀਰਥਾਂ 'ਤੇ ਆਪ ਪੰਡਤਾਂ ਨਾਲ ਪ੍ਰਸ਼ਨੋਤਰ ਭੀ ਕਰਦੇ ਰਹੇ।

ਕੁਝ ਚਿਰ ਲਖਨੌਰ ਵਿਚ ਨਿਵਾਸ ਕਰਕੇ ਗੁਰੂ ਜੀ ਮਾਘ ੧੭੨੯ (1672 ਈ.) ਨੂੰ ਅਨੰਦਪੁਰ ਸਾਹਿਬ ਪੁੱਜੇ। ਸਾਰੀ ਸੰਗਤ ਨੂੰ ਬਹੁਤ ਖ਼ੁਸ਼ੀ ਹੋਈ। ਦਸਮ ਪਾਤਸ਼ਾਹ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

ਮੱਦ੍ਰ ਦੇਸ ਹਮ ਕੋ ਲੇ ਆਏ ॥
ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥੨॥
ਕੀਨੀ ਅਨਿਕ ਭਾਂਤਿ ਤਨ ਰੱਛਾ ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
ਜਬ ਹਮ ਧਰਮ ਕਰਮ ਮੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥੩॥

(ਅਧਿ: ੭)

ਇਸ ਤੋਂ ਸਪੱਸ਼ਟ ਹੈ ਕਿ ਅਨੰਦਪੁਰ ਪੁੱਜ ਗਏ ਸਨ। ਕੁਝ ਸਮਾਂ ਨੌਵੇਂ ਪਾਤਸ਼ਾਹ ਦੀ ਨਿਗਰਾਨੀ ਵਿਚ ਆਪ ਦੀ ਸਿੱਖਿਆ ਹੋਈ। ਆਪ ਦੇ ਨਾਲ ਸ੍ਰੀ ਸੂਰਜ ਮੱਲ ਦੇ ਪੁੱਤਰ ਸਿਆਮ ਸਿੰਘ ਤੇ ਗੁਲਾਬ ਰਾਇ, ਬੀਬੀ ਵੀਰੋ ਜੀ ਦੇ ਪੁੱਤਰ ਮੋਹਰੀ, ਗੁਲਾਬ, ਸੰਗੋ ਸ਼ਾਹ ਆਦਿਕ ਤੇ ਕਈ ਹੋਰ ਬਾਲਕ ਵਿਦਿਆ ਪੜ੍ਹਦੇ ਸਨ। ਇਸ ਤੋਂ ਬਾਅਦ ਆਪ ਨੇ ਮੁਨਸ਼ੀ ਪੀਰ ਮੁਹੰਮਦ ਸਲੌਹ ਵਾਲੇ ਤੋਂ ਫ਼ਾਰਸੀ

www.sikhbookclub.com

ਪੜ੍ਹੀ। ਉਸ ਦੀ ਸੰਤਾਨ ਪਾਸ ਮਹਾਰਾਜ ਦਾ ਦਿੱਤਾ ਹੋਇਆ ਇਕ ਹੁਕਮਨਾਮਾ ਹੁਣ ਤੀਕ ਮੌਜੂਦ ਹੈ।

ਨੌਵੇਂ ਸਤਿਗੁਰੂ ਦੀ ਸ਼ਹਾਦਤ ਉਪਰੰਤ ਸੰਮਤ ੧੭੩੨ (1675 ਈ.) ਵਿਚ ਸ੍ਰੀ ਕਲਗੀਧਰ ਜੀ ਨੂੰ ਗੁਰਗੱਦੀ ਦਿੱਤੀ ਗਈ। ਭਾਵੇਂ ਆਪ ਜੀ ਦੀ ਉਮਰ ਛੋਟੀ ਸੀ ਪਰ ਧਰਮ ਅਤੇ ਰਾਜਨੀਤੀ ਦੇ ਚੰਗੇ ਜਾਣੂ ਸਨ ਅਤੇ ਕੌਮ ਦੇ ਸਾਹਮਣੇ ਜੋ ਕਠਿਨ ਸਮੱਸਿਆਵਾਂ ਸਨ, ਉਨ੍ਹਾਂ ਨੂੰ ਆਪ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਦਾ ਇਲਾਜ ਸੋਚਦੇ ਸਨ। ਗੱਦੀ 'ਪਰ ਬੈਠ ਕੇ ਆਪ ਦੀ ਨਿਤ ਕ੍ਰਿਆ ਇਹ ਸੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕਰਦੇ। ਉਪਰੰਤ ਸੰਗਤ ਵਿਚ ਆ ਕੇ ਕੀਰਤਨ ਸੁਣਦੇ। ਦੂਰ-ਨੇੜੇ ਤੋਂ ਆਏ ਸਿੱਖਾਂ ਨਾਲ ਮੁਲਾਕਾਤ ਕਰਦੇ। ਪ੍ਰਸ਼ਾਦ ਛਕ ਕੇ ਕੁਝ ਚਿਰ ਬਿਸ਼ਰਾਮ ਹੁੰਦਾ ਸੀ। ਸ਼ਾਮ ਨੂੰ ਦੀਵਾਨ ਸਜਾ ਕੇ ਢਾਡੀਆਂ ਤੇ ਕਵੀਆਂ ਪਾਸੋਂ ਬੀਰ ਪੁਰਸ਼ਾਂ ਦੀਆਂ ਵਾਰਾਂ ਤੇ ਕਾਰਨਾਮੇ ਸੁਣਦੇ ਸਨ। ਸੰਗਤ ਨੂੰ ਬ੍ਰਹਮ ਗਿਆਨ ਅਤੇ ਰਾਜਨੀਤੀ ਦਾ ਉਪਦੇਸ਼ ਕਰਨਾ, ਸ਼ਿਕਾਰ, ਨੇਜ਼ਾਬਾਜ਼ੀ, ਘੋੜੇ ਦੀ ਸਵਾਰੀ, ਸ਼ਸਤਰਾਂ ਦਾ ਚਲਾਉਣਾ, ਖਾਲਸੇ ਦੀ ਸੈਨਾ ਤਿਆਰ ਕਰਨੀ ਹਜ਼ੂਰ ਦਾ ਨਿਤ ਕਰਮ ਸੀ। ਪੂਜਨੀਕ ਪਿਤਾ ਦੀ ਸ਼ਹੀਦੀ ਨੇ ਆਪ ਨੂੰ ਡੁਲਾਇਆ ਨਹੀਂ ਸਗੋਂ ਦ੍ਰਿੜ੍ਹ ਕੀਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਦੋ ਬੜੀਆਂ ਭਾਰੀ ਵਿਰੋਧੀ ਤਾਕਤਾਂ ਸਨ :

1. ਮੁਗਲਾਂ ਦੀ ਜ਼ਬਰਦਸਤ ਰਾਜਨੀਤਕ ਤਾਕਤ।
2. ਪੁਰਾਣੇ ਅਤੇ ਬੋਸ਼ੀਦਾ ਸਮਾਜਕ ਬੰਧਨਾਂ ਵਿਚ ਜਕੜੇ ਹੋਏ ਜ਼ਾਤ ਅਭਿਮਾਨੀ ਬ੍ਰਾਹਮਣ, ਖੱਤਰੀ ਅਤੇ ਪਿਛਾਂਹ ਖਿੱਚੂ ਲੋਕ।

ਇਨ੍ਹਾਂ ਤੋਂ ਬਿਨਾਂ ਸਦੀਆਂ ਦੀ ਗ਼ੁਲਾਮੀ, ਮੁਗ਼ਲਾਂ ਦੀ ਸਖਤੀ, ਹਿੰਦੂਆਂ ਦੀ ਗਿਰਾਵਟ ਅਤੇ ਜਾਤ-ਪਾਤ ਦੇ ਬੰਧਨ ਆਦਿਕ ਕਈ ਔਕੜਾਂ ਸਨ।

ਦਸਮ ਪਾਤਸ਼ਾਹ ਦੇ ਸਾਹਮਣੇ ਤਾਂ ਮੁਸੀਬਤਾਂ ਦੇ ਪਹਾੜ ਸਨ। ਆਪ ਨੇ ਇਨ੍ਹਾਂ ਕਸ਼ਟਾਂ ਨੂੰ ਦੂਰ ਕਰਨ ਲਈ ਵਿਚਾਰ ਕੀਤੀ ਅਤੇ ਪੂਰੀ ਤਿਆਰੀ ਸ਼ੁਰੂ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸੀਸ ਭਾਈ ਜੈਤਾ ਜੀ ਲੈ ਅਨੰਦਪੁਰ ਪਹੁੰਚੇ, ਜਿਸ ਥਾਂ ਸੀਸ ਦਾ ਸੰਸਕਾਰ ਕੀਤਾ ਗਿਆ ਉਥੇ ਗੁਰਦੁਆਰਾ ਸੀਸ ਗੰਜ, ਅਨੰਦਪੁਰ ਸਾਹਿਬ ਸੁਭਾਇਮਾਨ ਹੈ।

ਦਿੱਲੀ ਦੀ ਸੰਗਤ ਅਨੰਦਪੁਰ ਸਾਹਿਬ ਦਰਸ਼ਨ ਕਰਨ ਆਈ। ਉਸ ਵਿਚ ਭਾਈ ਲੱਖੀ ਸ਼ਾਹ ਭੀ ਸੀ, ਜਿਸ ਨੇ ਨੌਵੇਂ ਪਾਤਸ਼ਾਹ ਦੇ ਪਵਿੱਤਰ ਧੜ ਦਾ ਸਸਕਾਰ ਕੀਤਾ ਸੀ। ਗੁਰੂ ਜੀ ਨੇ ਉਸ ਪਾਸੋਂ ਸਾਰੀ ਵਾਰਤਾ ਪੁੱਛੀ। ਭਾਈ ਲੱਖੀ ਸ਼ਾਹ ਨੇ ਦੱਸਿਆ ਕਿ ਜਿਸ ਸਮੇਂ ਨੌਵੇਂ ਪਾਤਸ਼ਾਹ ਸ਼ਹੀਦ ਹੋਏ ਸਨ, ਦਿੱਲੀ ਦੇ ਸਾਰੇ ਸਿੱਖ ਭੈ ਭੀਤ ਸਨ। ਕੋਈ ਸੀਸ ਅਤੇ ਧੜ ਚੁੱਕਣ ਦਾ ਹੀਆ ਨਹੀਂ ਸੀ ਕਰਦਾ। ਸਾਰੀ ਗੱਲ-ਬਾਤ ਸੁਣ ਕੇ ਦਸਮ ਪਿਤਾ ਜਲਾਲ ਵਿਚ ਆ ਗਏ। ਆਪ ਨੇ ਉਸ ਸਮੇਂ ਜੋ ਬਚਨ ਕੀਤੇ, ਉਨ੍ਹਾਂ ਨੂੰ ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ' ਵਿਚ ਇਉਂ ਲਿਖਦੇ ਹਨ :

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ।
ਗਰਜਤਿ ਬੋਲੇ ਜਲਧਰ ਜੈਸੇ।
ਇਸ ਬਿਧਿ ਕੋ ਅਬਿ ਪੰਥ ਬਨਾਵੌਂ।
ਸਕਲ ਜਗਤ ਮਹਿ ਬਹੁ ਬਿਦਤਾਵੌਂ ॥੯॥
ਲਾਖਹੁੰ ਜਗ ਕੇ ਨਰ ਇਕਥਾਇੰ।

www.sikhbookclub.com

ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ ਪਛਾਨਯੋਂ ਪਰੈ।
ਰਲੈ ਨ ਕਯੋਹੂੰ ਕੈਸਿਹੂੰ ਕਰੈ ॥੯॥
ਜਥਾ ਬਕਨ ਮਹਿਂ ਹੰਸ ਨ ਛਪੈ।
ਗ੍ਰਿਝਨਿ ਬਿਖੈ ਮੋਰ ਜਿਮ ਦਿਪੈ।
ਜਯੋਂ ਖਰ ਗਨ ਮਹਿਂ ਬਲੀ ਤੁਰੰਗ।
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੇ ਮਾਂਹਿ।
ਮਮ ਸਿਖ ਕੋ ਸਗਲੇ ਪਰਖਾਹਿਂ ॥ (ਰੁਤ ੧, ਅੰਸੂ ੭)

ਇਹ ਵਾਕ ਮਹਾਂਬਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਰਾਦੇ ਨੂੰ ਪ੍ਰਗਟ ਕਰਦੇ ਹਨ। ਸੰਮਤ ੧੭੩੬ (1679 ਈ.) ਵਿਚ ਕਾਬਲ ਦੀ ਸੰਗਤ ਆਈ। ਉਸ ਨੇ ਗੁਰੂ ਜੀ ਲਈ ਪਸ਼ਮੀਨੇ ਦੀ ਚਾਨਣੀ ਤਿਆਰ ਕਰਕੇ ਲਿਆਂਦੀ। ਸਿੱਖਾਂ ਨੂੰ ਹੁਕਮ ਸੀ ਸ਼ਸਤਰ ਤੇ ਘੋੜੇ ਭੇਟ ਕਰੋ। ਇਸ ਲਈ ਸੰਗਤਾਂ ਇਹ ਵੀ ਲਿਆਉਂਦੀਆਂ ਸਨ। ਸੰਮਤ ੧੭੩੭ (1680 ਈ.) ਵਿਚ ਰਾਜਾ ਰਾਮ ਰਾਇ ਆਸਾਮ ਦਾ ਪੁੱਤਰ ਰਤਨ ਰਾਇ ਮਾਤਾ ਸਮੇਤ ਦਰਸ਼ਨ ਕਰਨ ਲਈ ਆਇਆ। ਉਸ ਨੇ ਸਫ਼ੈਦ ਮੱਥੇ ਵਾਲਾ ਇਕ ਹਾਥੀ, ਚੰਦਨ ਦੀ ਇਕ ਚੌਕੀ, ਪੰਚ ਕਲਾ ਸ਼ਸਤ੍ਰ, ਚਾਂਦੀ ਦਾ ਇਕ ਕਟੋਰਾ ਅਤੇ ਹੋਰ ਬਹੁਤ ਸਾਰੇ ਅਣ-ਮੁੱਲੇ ਬਸਤਰ ਤੇ ਪਦਾਰਥ ਭੇਟਾ ਕੀਤੇ। ਗੁਰੂ ਜੀ ਨੇ ਉਸ ਨੂੰ ਸਿੱਖ ਬਣਾਇਆ। ਪੰਜ ਮਹੀਨੇ ਅਨੰਦਪੁਰ ਸਾਹਿਬ ਰਹਿ ਕੇ ਰਤਨ ਰਾਇ ਵਾਪਿਸ ਗਿਆ।

ਰਾਜ ਯੋਗੀ ਗੁਰੂ ਜੀ ਨੇ ਸੰਮਤ ੧੭੩੯ (1682 ਈ.) ਵਿਚ ਰਣਜੀਤ ਨਗਾਰਾ ਬਣਵਾਇਆ। ਮਹਾਰਾਜ ਦੀ ਚੜ੍ਹਦੀ ਕਲਾ, ਸੈਨਿਕ ਤਿਆਰੀ, ਸਾਜ-ਬਾਜ਼ ਅਤੇ ਬੀਰ-ਰਸੀ ਕਰਤਬ ਦੇਖ ਕੇ ਪਹਾੜੀ ਰਾਜਿਆਂ ਨੂੰ ਬੜੀ ਚਿੰਤਾ ਪੈ ਗਈ। ਇਸ ਦਾ ਇਕ ਕਾਰਨ ਇਹ ਸੀ ਕਿ ਰਾਜੇ ਹਕੂਮਤ ਦੇ ਪਿੱਠੂ ਸਨ। ਆਮ ਹਿੰਦੂਆਂ ਨਾਲ ਹਕੂਮਤ ਸਖ਼ਤੀ ਦਾ ਵਰਤਾਉ ਕਰਦੀ ਸੀ ਪਰ ਉੱਚੇ ਘਰਾਣੇ ਤੇ ਰੁਤਬੇ ਵਾਲੇ ਅਜਿਹੇ ਹਿੰਦੂਆਂ ਦਾ ਕੋਈ ਘਾਟਾ ਨਹੀਂ ਸੀ ਜਿਹੜੇ ਹਕੂਮਤ ਦੇ ਧੜੇ ਵਿਚ ਸ਼ਾਮਲ ਹੋ ਗਏ ਸਨ। ਇਹ ਲੋਕਾਂ ਦੇ ਅਖੌਤੀ ਆਗੂ, ਹਕੂਮਤ ਦੇ ਗੂੜ੍ਹੇ ਵਫ਼ਾਦਾਰ, ਮਿੱਤਰ, ਅਜ਼ਾਦੀ ਅਤੇ ਉੱਨਤੀ ਦੀਆਂ ਲਹਿਰਾਂ ਦੇ ਵੈਰੀ ਸਨ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਨ੍ਹਾਂ ਦੀਆਂ ਜ਼ਮੀਨਾਂ ਤੇ ਅਧਿਕਾਰ ਨਾ ਖੁਸ ਜਾਣ।

ਪਹਾੜੀ ਰਾਜੇ ਰਾਜਨੀਤਕ ਤੌਰ 'ਤੇ ਗਿਰੇ ਹੋਏ ਤੇ ਹਕੂਮਤ ਦੇ ਸਾਥੀ ਸਨ। ਦੂਸਰੇ ਜਾਤ-ਪਾਤ ਦੇ ਪੁਰਾਣੇ ਮਜ਼ਹਬ ਦੇ ਬੰਧਨ ਵਿਚ ਜਕੜੇ ਹੋਏ ਹੋਣ ਕਰਕੇ ਸਮਾਜਿਕ ਤੌਰ 'ਤੇ ਵੀ ਪਿਛਾਂਹ- ਖਿੱਚੂ ਸਨ। ਗੁਰੂ ਜੀ ਦੀ ਤਿਆਰੀ ਵੇਖ ਕੇ ਇਹ ਖਿਝ ਰਹੇ ਸਨ। ਭੀਮ ਚੰਦ ਕਹਿਲੂਰ ਨੇ ਪਹਿਲੇ ਆਪਣੇ ਵਜ਼ੀਰ ਪਰਮਾਨੰਦ ਤੇ ਇਕ ਪਰੋਹਤ ਨੂੰ ਭੇਜਿਆ ਅਤੇ ਮਿਲਵਰਤਨ ਦੀ ਇੱਛਾ ਪ੍ਰਗਟ ਕੀਤੀ। ਕੁਝ ਚਿਰ ਪਿੱਛੋਂ ਉਸ ਨੇ ਮੁਲਾਕਾਤ ਭੀ ਕੀਤੀ। ਗੁਰੂ ਦਰਬਾਰ ਦਾ ਠਾਠ-ਬਾਠ ਦੇਖ ਕੇ ਉਸ ਦੇ ਹੋਸ਼ ਹਵਾਸ ਕਾਇਮ ਨਾ ਰਹੇ। ਉਸ ਨੇ ਘਰ ਜਾ ਕੇ ਵਜ਼ੀਰ ਅਤੇ ਕੋਤਵਾਲ ਨੂੰ ਭੇਜਿਆ ਅਤੇ ਗੁਰੂ ਜੀ ਪਾਸੋਂ ਪ੍ਰਸਾਦੀ ਹਾਥੀ, ਪਸ਼ਮੀਨੇ ਦੀ ਚਾਨਣੀ ਤੇ ਕਈ ਹੋਰ ਵਸਤਾਂ ਬੜੇ ਰੋਹਬ ਨਾਲ ਮੰਗੀਆਂ। ਪੱਜ ਇਹ ਲਾ ਕੇ ਕਿ ਉਸ ਦੇ ਪੁੱਤਰ ਅਜਮੇਰ ਚੰਦ ਦੀ ਕੁੜਮਾਈ ਸਮੇਂ ਵਰਤਣੀਆਂ ਹਨ। ਗੁਰੂ ਜੀ ਨੇ

www.sikhbookclub.com

ਉੱਤਰ ਦਿੱਤਾ—"ਇਹ ਸਿੱਖਾਂ ਦੀਆਂ ਪਰੇਮ ਭੇਟਾਂ ਹਨ, ਦਿੱਤੀਆਂ ਨਹੀਂ ਜਾ ਸਕਦੀਆਂ।"

ਇਸ 'ਪਰ ਭੀਮ ਚੰਦ ਤੇ ਹੋਰ ਰਾਜੇ ਬਹੁਤ ਔਖੇ ਹੋਏ, ਇਹਨਾਂ ਨੇ ਰਾਜਾ ਕੇਸਰੀ ਚੰਦ ਰਾਹੀਂ ਇਹ ਆਖ ਕੇ ਭੇਜਿਆ ਕਿ "ਗੁਰੂ ਨਾਨਕ ਦੇਵ ਜੀ ਦੀ ਗੱਦੀ ਸਮਝ ਕੇ ਅਸੀਂ ਹੁਣ ਤੀਕ ਆਪ ਦਾ ਮਾਣ ਕਰਦੇ ਰਹੇ ਹਾਂ, ਤੁਸੀਂ ਸਾਡੀ ਰਈਅਤ ਹੋ। ਤੁਹਾਨੂੰ ਸਾਡੀ ਈਨ ਮੰਨਣੀ ਪਵੇਗੀ ਤੇ ਚੀਜ਼ਾਂ ਦੇਣੀਆਂ ਪੈਣਗੀਆਂ।"

ਦਸਮ ਪਾਤਸ਼ਾਹ ਨੇ ਉੱਤਰ ਦਿੱਤਾ, "ਰਈਅਤ ਅਕਾਲ ਪੁਰਖ ਦੀ ਹੈ, ਕਿਸੇ ਪਾਸੋਂ ਡਰਦੇ ਨਹੀਂ, ਈਨ ਕਿਸੇ ਦੀ ਮੰਨਣੀ ਨਹੀਂ। ਅਨੰਦਪੁਰ ਸਾਡੇ ਪਿਤਾ ਜੀ ਦੀ ਜ਼ਰ-ਖਰੀਦ ਹੈ। ਕਿਸੇ ਪਾਸੋਂ ਕੁਝ ਲੈਂਦੇ ਨਹੀਂ। ਜੇ ਬਿਨਾਂ ਕਾਰਨ ਤੁਸੀਂ ਲੜਨਾ ਹੈ ਤਾਂ ਜੰਗ ਲਈ ਤਿਆਰ ਹਾਂ।"

ਇਹ ਉੱਤਰ ਸੁਣ ਕੇ ਭੀਮ ਚੰਦ ਤੇ ਰਾਜੇ ਛਿੱਥੇ ਹੋ ਗਏ। ਮਾਤਾ ਜੀ ਨੇ ਚਿੰਤਾ ਪਰਗਟ ਕੀਤੀ। ਦਸਮ ਪਾਤਸ਼ਾਹ ਨੇ ਉੱਤਰ ਦਿੱਤਾ :

ਖੜਕਕੇਤੁ ਕੋ ਆਸਰੋ ਇਕ ਰਿਦੇ ਹਮਾਰੇ।
ਮਹਿਦ ਭਰੋਸਾ ਪ੍ਰਭੂ ਕੋ ਨਰ ਕੌਨ ਬਿਚਾਰੇ ॥੨੧॥
ਤੁਰਕੇਸ਼ੁਰ ਕੀ ਦ੍ਰਿੜ੍ਹ ਜਰ੍ਹਾਂ ਹਮ ਦੇਹਿਂ ਉਖਾਰੀ।
ਗੁਰਸਿਖ ਛੀਨਹਿ ਧਰਾ ਕੋ ਹੈ ਦਲ ਬਲ ਭਾਰੀ ।...੨੨॥ *(ਸੂ: ਪ੍ਰ:, ਰੁਤ ੧, ਅੰਸੂ ੪੨)*

ਇਸ ਤੋਂ ਸ੍ਰੀ ਦਸਮੇਸ਼ ਜੀ ਦੇ ਦ੍ਰਿੜ੍ਹ ਸੰਕਲਪ ਤੇ ਚੜ੍ਹਦੀ ਕਲਾ ਦਾ ਪਤਾ ਲਗਦਾ ਹੈ।

ਇਥੇ ਟੂਕ ਮਾਤਰ ਬਾਈਧਾਰ ਦੇ ਪਹਾੜੀ ਰਾਜਿਆਂ ਬਾਰੇ ਇਕ ਗੱਲ ਦੱਸਣੀ ਜ਼ਰੂਰੀ ਹੈ। ਉਹ ਇਹ ਕਿ ਮੁਗ਼ਲ ਦਰਬਾਰ ਦੇ ਰਿਕਾਰਡ ਵਿਚ ਇਨ੍ਹਾਂ ਨੂੰ ਮੀਏਂ, ਭੂਮੀਏਂ ਜਾਂ ਵੱਡੇ ਜ਼ਿਮੀਂਦਾਰ ਕਰਕੇ ਲਿਖਿਆ ਹੈ। 'ਰਾਜਾ' ਖ਼ਿਤਾਬ ਸਿਰਫ਼ ਉਸ ਨੂੰ ਦਿੱਤਾ ਜਾਂਦਾ ਸੀ, ਜਿਸ ਦੀ ਮੁਗ਼ਲ ਦਰਬਾਰ ਵਿਚ ਪਹੁੰਚ ਤੇ ਖਾਸ ਅਸਰ-ਰਸੂਖ ਹੁੰਦਾ ਸੀ ਜਾਂ ਜਿਹੜੇ ਬਾਦਸ਼ਾਹਾਂ ਨੂੰ ਲੜਕੀਆਂ ਦੇ ਡੋਲੇ ਦਿੰਦੇ ਸਨ।

ਮੁਗ਼ਲ ਰਾਜ ਸਮੇਂ ਇਕ ਯੂਰਪੀਨ ਨਿਕੋਲਾਈ ਮਨੂਚੀ ਭਾਰਤ ਆਇਆ। ਉਹ ਮੁਗ਼ਲ ਬਾਦਸ਼ਾਹ ਵਿਚ ਡਾਕਟਰ ਦੀ ਸੇਵਾ ਤੇ ਸ਼ਾਹੀ ਲੰਗਰ ਦੀ ਨਿਗਰਾਨੀ ਕਰਦਾ ਸੀ।

ਉਸ ਨੇ ਇਕ ਪੁਸਤਕ ਲਿਖੀ ਹੈ, ਜਿਸ ਦੇ ਅਰਥ ਹਨ—'ਮੁਗ਼ਲਾਂ ਦੀ ਕਹਾਣੀ'। ਉਸ ਪੁਸਤਕ ਵਿਚ ਮਨੂਚੀ ਨੇ ਲਿਖਿਆ ਹੈ ਕਿ ਜੇ ਹਿੰਦੁਸਤਾਨ ਦੇ ਰਾਜੇ ਆਪਸ ਵਿਚ ਮਿਲ ਕੇ ਮੁਗ਼ਲ ਰਾਜ ਵਿਰੁੱਧ ਬਗ਼ਾਵਤ ਕਰ ਦੇਣ ਤਾਂ ਮੁਗ਼ਲ ਹਕੂਮਤ ਢਾਈ ਦਿਨਾਂ ਵਿਚ ਖ਼ਤਮ ਹੋ ਸਕਦੀ ਹੈ।

ਪਰ ਰਾਜੇ ਢਾਈ ਪਾ ਖਿੱਚੜੀ ਵੱਖਰੀ ਰਿੰਨ੍ਹਦੇ ਸਨ। ਉਹਨਾਂ ਵਿਚ ਕੋਈ ਏਕਤਾ ਨਹੀਂ ਸੀ। ਮੁਗ਼ਲ ਬਾਦਸ਼ਾਹ ਇਨ੍ਹਾਂ ਦੀ ਏਸੇ ਕਮਜ਼ੋਰੀ ਤੋਂ ਜਾਣੂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਈਧਾਰ ਦੇ ਰਾਜਿਆਂ ਵਿਚੋਂ ਉਹ ਕਮਜ਼ੋਰੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਭੀਮ ਚੰਦ ਕਹਿਲੂਰ ਤੇ ਹੋਰ ਕਈ ਰਾਜਿਆਂ ਨੇ ਸ੍ਰੀ ਦਸਮੇਸ਼ ਜੀ ਦੀ ਵਿਰੋਧਤਾ ਅਤੇ ਔਰੰਗਜ਼ੇਬ ਦੀ ਕੂਟਲਨੀਤੀ ਤੇ ਫਿਰਕੂ ਨੀਤੀ ਦੀ ਹਮਾਇਤ ਕੀਤੀ। ਪਹਾੜੀ ਰਾਜਿਆਂ 'ਚੋਂ ਰਾਇ ਬਸਾਲੀ, ਰਾਣਾ ਭੰਬੋਰ, ਰਾਜਾ ਮੰਡੀ ਅਤੇ ਰਾਜਾ ਮੇਦਨੀ ਪ੍ਰਕਾਸ਼ ਨਾਹਨ ਗੁਰੂ ਸਾਹਿਬ ਦੇ ਸੇਵਕ ਸਨ, ਪਰ ਭੀਮ ਚੰਦ, ਕੇਸਰੀ ਚੰਦ ਆਦਿਕ ਵਿਰੋਧੀ ਸਨ।

(1/1986)

www.sikhbookclub.com

ਮਹਾਂਨਾਇਕ–ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਅਸੀਂ ਜਦੋਂ ਆਪਣੇ ਸ਼ਰਧਾ ਨਾਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਸੰਦਰਭ ਵਿਚ ਸੋਚ ਨੂੰ ਕ੍ਰਿਆਸ਼ੀਲ ਕਰਦੇ ਹਾਂ ਤਾਂ ਸਾਡੀਆਂ ਸੋਚਾਂ ਆਪਣੇ ਆਪ ਹੀ ਪੂਰਨ ਰੂਪ ਸਤਿਕਾਰ-ਸੰਚਤ ਹੋ ਜਾਂਦੀਆਂ ਹਨ ਤੇ ਸਾਡੀਆਂ ਰਗਾਂ ਵਿਚ ਇਕ ਵੱਖਰੀ ਪ੍ਰਕਾਰ ਦਾ ਜੋਸ਼ ਸੰਚਾਰਤ ਹੋਣ ਲੱਗਦਾ ਹੈ। ਉਹਨਾਂ ਦਾ ਮਹਾਂ ਸੰਘਰਸ਼ਸ਼ੀਲ ਜੀਵਨ-ਕਰਮ ਅਤੇ ਉਸ ਵਿੱਚੋਂ ਪਹੁ-ਫੁਟਾਲੇ ਵਾਂਗ ਕਿਰਨਾਂ ਵਤ ਫੁੱਟ-ਫੁੱਟ, ਝਲਕਾਂ-ਝਲਕਾਰੇ ਮਾਰ-ਮਾਰ ਬਾਹਰ ਨੂੰ ਆਉਂਦੇ ਮਹਾਨ ਫ਼ਲਸਫ਼ੀ ਫ਼ੈਸਲੇ ਉਨ੍ਹਾਂ ਨੂੰ ਇਕ ਅਜਿਹਾ ਯੁਗਨਾਇਕ ਕਰਦੇ ਜਾਂਦੇ ਹਨ ਜਿਨ੍ਹਾਂ ਦੇ ਸਮਾਨ ਭਾਲ ਸਕਣਾ ਅਸੰਭਵ ਹੈ। ਉਹਨਾਂ ਦੇ ਕੇਸਰੀ ਜੀਵਨ-ਕਰਮ ਤੇ ਫ਼ਲਸਫ਼ਾ, ਦੂਰ-ਦ੍ਰਿਸ਼ਟ ਨਿਰਣੇ ਉਨ੍ਹਾਂ ਨੂੰ ਇਕ ਪ੍ਰਕਾਰ ਦਾ ਵੱਡ-ਅੰਬਰ-ਆਕਾਰੀ ਆਭਾ-ਮੰਡਲੀ ਸਰੂਪ ਬਖ਼ਸ਼ ਦੇਂਦੇ ਹਨ ਜਿਸ ਨੂੰ ਧੁੰਦਲਾ ਕਰ ਸਕਣਾ ਅੱਜ ਤਕ ਵੀ ਕਿਸੇ ਸਮਿਆਂ ਦੀ ਧੂੜ ਦੇ ਵੱਸ ਵਿਚ ਨਹੀਂ ਆਇਆ ਸਗੋਂ ਇਸ ਨੂੰ ਸਮੂਹ ਸਮਿਆਂ ਦੀ ਧਾਰ ਨੇ ਹੋਰ ਚਮਕਾਇਆ ਹੈ, ਉਭਾਰਿਆ ਹੈ ਅਤੇ ਉਸਾਰਿਆ ਹੈ।

ਆਪਣੇ ਮਹਾਂਨਾਇਕ ਸੰਬੰਧੀ ਇਹ ਵਿਚਾਰ ਅਰੰਭਦਿਆਂ, ਉਹਨਾਂ ਸਮਿਆਂ ਦੇ ਸਮਾਜਕ ਹਾਲਾਤ ਨੂੰ ਸਰਬਪ੍ਰਥਮ ਸੰਖੇਪ ਰੂਪ ਵਿਚਾਰਨਾ ਪੈਂਦਾ ਹੈ। ਇਹ ਉਹ ਸਮਾਂ ਸੀ ਜਦ ਤਖ਼ਤ 'ਤੇ ਕਾਬਜ਼ ਮੁਗ਼ਲੀਆ ਸਲਤਨਤ, ਜਿਸ ਦਾ ਲਹਿੰਦਾ ਪੱਖ ਅਰੰਭ ਹੁੰਦਾ ਹੋਇਆ ਉਹ ਘ੍ਰਿਣਤ ਨੀਚਤਾਵਾਂ ਨੂੰ ਪਹੁੰਚ ਚੁੱਕੀ ਹੈ। ਉਹ ਜ਼ੁਲਮ ਦੇ ਜ਼ੋਰ ਨਾਲ ਆਪਣੇ ਮਜ਼ਹਬ ਨੂੰ ਫੈਲਾਉਂਦੀ ਹੈ। ਉਸ ਦੇ ਸਤਾਏ ਤੇ ਰੋਜ਼-ਰੋਜ਼ ਦੇ ਲਹੂ-ਪੀਣੇ ਕਾਰਕੁੰਨਾਂ ਦੇ ਤੜਫਾਏ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਕੋਈ ਹੋਰ ਰਾਹ ਨਾ ਲੱਭਦਾ ਵੇਖ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਣ ਫ਼ਰਿਆਦੀ ਹੁੰਦਾ ਹੈ ਕਿ ਉਹਨਾਂ ਦੀ ਜਾਨ ਬਖ਼ਸ਼ੀ ਕਰਾਈ ਜਾਵੇ, ਅਥਵਾ ਉਹਨਾਂ ਨੂੰ ਅਪਾਰ ਪਨਾਹ ਵਿਚ ਲੈ ਕੇ ਅਨੇਕ ਪ੍ਰਕਾਰ ਦੇ ਅਸਹਿ ਤੇ ਅਕਹਿ ਸਦਮਿਆਂ ਤੋਂ ਢਾਲ-ਚੰਦੋਏ ਦਾ ਰਕਸ਼ਾ-ਕਵਚ ਪ੍ਰਦਾਨ ਕਰ ਕੇ ਉਹਨਾਂ ਨੂੰ ਵੇਲੇ ਦੇ ਹਾਕਮਾਂ ਵੱਲੋਂ ਚੜ੍ਹਾਈਆਂ ਜਾਂਦੀਆਂ ਵਹੀਰਾਂ ਤੋਂ ਮੁਕਤ ਕਰਾਇਆ ਜਾਵੇ।

ਉਹਨਾਂ ਸਮਿਆਂ ਦਾ ਇਤਿਹਾਸ, ਸਾਖੀ ਭਰਦਿਆਂ ਅਮਿਟ ਪ੍ਰਮਾਣ ਵਜੋਂ ਭੁਗਤਦਾ ਇਕ ਭਰਵੀਂ ਅਵਾਜ਼ੇ ਗਵਾਹੀਆਂ ਪਾਉਂਦਾ ਨਜ਼ਰ ਆ ਜਾਂਦਾ ਹੈ; ਜਦ ਆਪਣੇ ਮਹਾਨ ਮਾਣਯੋਗ ਪੂਜਨੀਕ ਪਿਤਾ ਜੀ ਨੂੰ ਬਾਲ ਗੋਬਿੰਦ ਰਾਇ ਬਾਹਰੋਂ ਖੇਡਦੇ ਆਉਂਦਿਆਂ ਸੋਚੀਂ ਪਿਆਂ ਵੇਖ ਇਕ ਆਪ-ਮੁਹਾਰਾ ਪ੍ਰਸ਼ਨ ਉਤਪੰਨ ਕਰਦੇ ਹਨ। 'ਆਪ ਜੀ ਇਉਂ ਗੰਭੀਰ ਕਿਉਂ ਬੈਠੇ ਹੋ?' ਤਾਂ ਉਹ ਸਾਹਮਣੇ ਆਣ ਪਹੁੰਚੇ ਹਾਲਾਤ ਨੂੰ ਬਾਲ ਗੋਬਿੰਦ ਰਾਇ ਦੇ ਸਨਮੁਖ ਕਰਦੇ ਹਨ ਕਿ ਇਸ ਵੇਲੇ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਮੰਗ ਹੋ ਰਹੀ ਹੈ ਜਿਹੜੀ ਇਹਨਾਂ ਸੁਆਲੀਆਂ ਦੇ ਮਾਲ-ਧਨ, ਇੱਜ਼ਤ-ਆਬਰੂ ਤੇ ਸਮਾਜੀ ਸਭਿਆਚਾਰ ਨੂੰ ਬਚਾਉਣ ਦਾ ਸਾਧਨ ਤੇ ਉਪਾਅ ਬਣ ਸਕੇ। ਇਹੋ ਜਿਹੇ

www.sikhbookclub.com

ਕਠਿਨਾਈ ਪੂਰਨ ਚਿੰਤਾ-ਗ੍ਰਸਤ ਹਾਲਾਤ ਦੀ ਜਾਣਕਾਰੀ ਪ੍ਰਾਪਤ ਕਰ ਕੇ ਉਸ ਸਮੇਂ ਬਾਲ ਗੋਬਿੰਦ ਰਾਇ ਸੁਤੇ-ਸਿੱਧ ਹੀ ਉਹਨਾਂ ਨੂੰ ਉਸ ਸਮੇਂ ਦੀਆਂ ਸਮੂਹ ਇਤਿਹਾਸ-ਪ੍ਰਪੇਖੀ ਅਤੇ ਕਰੁਣਾਗਤ ਸਮਾਜਕ ਹਾਲਾਤ ਤੋਂ ਉਤਪੰਨ ਹੁੰਦੀਆਂ ਲੋੜਾਂ ਨੂੰ ਪੂਰਿਆਂ ਕਰਨ ਦੇ ਯੋਗ ਇਕੋ ਇਕ ਉੱਚ ਹਸਤੀ ਦਾ ਮਹਾਨਤਮ ਰੁੱਤਬਾ ਦੇਂਦੇ ਹਨ ਜੋ ਉਹਨਾਂ ਦੀ ਸਰਬਾਂਗੀ ਆਨ-ਸ਼ਾਨ ਦੀ ਰਾਖੀ ਕਰ ਸਕਦਾ ਹੋਵੇ।

ਉਹਨਾਂ ਦਾ ਇਹ ਸੁਤੇ-ਸਿੱਧ ਉਚਾਰਿਆ ਫੁਰਨਾ ਆਪਣੇ ਮੂਲ ਰੂਪ ਵਿਚ ਉਹਨਾਂ ਦੇ ਬਾਲ-ਜੀਵਨ ਤੋਂ ਹੀ ਇਕ ਅਜਿਹੇ ਬਾਲ-ਮਨ ਵੱਲ ਭਰਵਾਂ ਇਸ਼ਾਰਾ ਕਰ ਜਾਂਦਾ ਹੈ ਜਿਸ ਨੂੰ ਕਿਸੇ ਪ੍ਰਕਾਰ ਵੀ ਸਾਧਾਰਨ ਬਾਲਕ ਨਹੀਂ ਕਿਹਾ ਜਾ ਸਕਦਾ। ਅਸੀਂ ਨਿੱਤ ਵੇਖਦੇ ਹਾਂ ਕਿ ਆਮ ਬਾਲਕ ਨਿੱਕੀਆਂ ਨਿੱਕੀਆਂ ਖੇਡਾਂ ਨੂੰ ਖੇਡਦੇ ਬਹੁਤ ਖੱਚਤ ਹੋਏ ਰੁੱਝੇ ਰਮੇ ਨਜ਼ਰ ਆਉਂਦੇ ਹਨ ਪਰ ਇਹਨਾਂ ਦੇ ਮੁਕਾਬਲੇ ਬਾਲ ਗੋਬਿੰਦ ਰਾਇ ਇਕ ਅਸੀਮ ਪ੍ਰਤਿਭਾ-ਸੰਪੰਨ ਬਾਲਕ ਹੋਣ ਦਾ ਬੜਾ ਭਰਵਾਂ ਬਲਸ਼ਾਲੀ ਪ੍ਰਮਾਣ ਦੇਂਦੇ ਹਨ। ਜਦ ਉਹ ਆਪਣੇ ਮਹਾਨ ਪਿਤਾ ਨੂੰ ਸ਼ਹਾਦਤ ਦਾ ਵਿਚਾਰ ਅੰਗੀਕਾਰ ਕਰਨ ਦਾ ਸੁਝਾਓ ਸਹਿਜੇ ਹੀ ਦੇ ਜਾਂਦੇ ਹਨ ਉਹਨਾਂ ਦਾ ਇਹ ਫੁਰਨੱਈ ਸੁਝਾਓ ਸਾਨੂੰ ਇਸ ਪ੍ਰਕਾਰ ਦਾ ਵਡਿਆਈਆਂ ਮੱਤਾ ਬਾਲ-ਫ਼ੈਸਲਾ ਬਣ ਕੇ ਨਜ਼ਰੀਂ ਆਉਂਦਾ ਹੈ ਜੋ ਉਹਨਾਂ ਦੀ ਯੁਗਾਂਤਰੀ ਹਸਤੀ ਦੇ ਵਡ-ਵਡੇਰੇ ਉਸਾਰ ਦਾ ਪਹਿਲਾ ਤੇ ਪੱਕਾ ਵਾਰ ਬਣਦਾ ਹੈ ਜਿਸ 'ਤੇ ਨੌਵੇਂ ਪਾਤਸ਼ਾਹ ਦਿੱਲੀ ਜਾ ਕੇ ਆਪਣੀ ਸ਼ਹਾਦਤ ਦੇਂਦੇ ਹਨ ਤੇ ਨਾਲੋ-ਨਾਲ ਹੀ ਅਗਲੀਆਂ ਵਡੇਰੀਆਂ ਪੰਧਾਊ ਨੀਹਾਂ-ਲੀਹਾਂ ਬਣਨੀਆਂ ਅਰੰਭ ਹੋ ਜਾਂਦੀਆਂ ਹਨ।

ਇਹ ਇਤਿਹਾਸਕ ਕਾਲ-ਖੰਡ, ਰਾਜਨੀਤਕ ਤੌਰ ਤੋਂ ਵਿਚਾਰਿਆਂ ਏਕਾਧਿਕਾਰੀ ਰਾਜਸ਼ਾਹੀ ਦਾ ਹੈ। ਇਸ ਦੀਆਂ ਸੈਂਕੜੇ ਉਦਾਹਰਣਾਂ ਮਿਲਦੀਆਂ ਹਨ ਕਿ ਤਾਨਾਸ਼ਾਹੀ ਏਕਾਧਿਕਾਰੀ ਰਾਜ ਪ੍ਰਬੰਧ ਆਪਣੇ ਆਪ ਵਿਚ ਰਾਜ-ਸੱਤਾ ਦੇ ਅੰਨ੍ਹੇ ਨਸ਼ਿਆਂ ਵਿਚ ਚੂਰ, ਮਦਮਾਤੇ ਸਿਰਫ਼ ਸਵੈ ਨੂੰ ਹੀ ਸੁਆਰਦੇ ਰਾਜਿਆਂ ਤੇ ਰਾਜ-ਘਰਾਣਿਆਂ ਦਾ ਰਾਜਤੰਤਰ ਰਿਹਾ ਹੈ। ਇਸ ਵਿਚ ਲੋਕਾਂ ਦਾ ਲਹੂ ਪੀਣ ਤੇ ਫਿਰ ਡਕਾਰ ਵੀ ਨਾ ਮਾਰਨ ਦੀਆਂ ਅਤੀ ਮਾੜੀਆਂ ਪਰੰਪਰਾਵਾਂ ਰਹੀਆਂ ਹਨ। ਇਹ ਰਾਜ-ਸੱਤਾ ਦੇ ਘੋਰ ਕਾਲੇ ਅੰਨ੍ਹੇ ਦੌਰ ਰਹੇ ਹਨ ਜਦ ਸੱਤਾ-ਧਾਰੀ ਆਪਣੇ ਨੱਕ ਤੋਂ ਵੀ ਅੱਗੇ ਵੇਖ ਸਕਣੋਂ ਅਸਮਰੱਥ ਰਹੇ। ਜੇ ਉਹਨਾਂ ਕੁਝ ਵੇਖਿਆ ਤਾਂ ਆਪਣਾ ਹਰਮ ਵੇਖਿਆ। ਜੇ ਉਸ ਵਿਚ ਕੋਈ ਕਮੀ ਆਈ ਤਾਂ ਸਮਾਜਕ ਫੁਲਵਾੜੀ ਵਿੱਚੋਂ ਜਿਸ ਵੀ ਫੁੱਲ 'ਤੇ ਮਨ ਆਇਆ ਉਸ ਨੂੰ ਧੂਹ ਭਰੂ ਕੇ ਜਬਰ ਜ਼ੋਰੀ ਧੱਕੇ ਨਾਲ ਆਪਣੇ ਹਰਮ ਦਾ ਸ਼ਿੰਗਾਰ ਬਣਾਉਣ ਦੇ ਕਾਲੇ ਕਾਰਿਆਂ ਨੂੰ ਕਰ ਵਿਖਾਇਆ। ਬਾਕੀ ਰਾਜ ਪ੍ਰਬੰਧ ਤੇ ਅਖੌਤੀ ਲੋਕ-ਭਲਾਈ ਦੇ ਕਾਰਜ-ਕਰਮ ਉਹਨਾਂ ਦੇ ਕੁਝ ਅਮੀਰਾਂ-ਵਜ਼ੀਰਾਂ ਦੇ ਰਹਿਮ 'ਤੇ ਆਸ਼ਰਤ ਰਹੇ ਤੇ ਉਹ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅਤੇ ਆਪਣੇ ਕਾਲੇ ਕਾਰਿਆਂ ਨੂੰ ਲੁਕਾਉਣ ਲਈ। ਉਹ ਆਪ ਅੰਨ੍ਹੀਆਂ ਰੰਗ-ਰਲੀਆਂ ਵਿਚ ਗਲਤਾਨ ਰਹੇ।

ਮੁਗ਼ਲਈ ਰਾਜਸ਼ਾਹੀ ਦਾ ਆਰੰਭ ਭਾਰਤ ਦੇਸ਼ ਵਿਚ ਬਾਬਰ ਨਾਲ ਹੁੰਦਾ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ 'ਪਾਪ ਕੀ ਜੰਞ' ਦਾ ਨਾਮ ਦੇਂਦਿਆਂ 'ਜੋਰੀ ਮੰਗੈ ਦਾਨੁ ਵੇ ਲਾਲੋ' ਦੇ ਫ਼ੁਰਮਾਨ ਨਾਲ ਉਸ ਦੇ ਮਾੜੇ ਕਿਰਦਾਰ ਨੂੰ ਨੰਗਿਆਂ ਕੀਤਾ ਹੈ। ਪਹਿਲੇ ਕੁਝ ਮੁਗ਼ਲ ਰਾਜੇ ਆਪਣੇ ਰਾਜ ਦੀ ਸਥਾਪਤੀ ਤੇ ਵਡੇਰੇ ਫੈਲਾਓ ਦੇ ਵਲ-ਚੱਕਰ ਵਿਚ ਘੁੰਮਦੇ ਹੋਏ ਇਸੇ ਵਿਚ ਰੁੱਝੇ ਰਹੇ। ਉਨ੍ਹਾਂ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਹਰ ਪ੍ਰਕਾਰ ਦੇ ਜਾਇਜ਼-ਨਜਾਇਜ਼ ਹਰਬਿਆਂ ਦੀ ਵਰਤੋਂ

www.sikhbookclub.com

ਕੀਤੀ। ਔਰੰਗਜ਼ੇਬ ਤਕ ਆਉਂਦਿਆਂ ਇਹ ਰਾਜ ਸਥਾਪਤ ਹੋ ਕੇ, ਉਸ ਦੀਆਂ ਮਾੜੀਆਂ ਨੀਤੀਆਂ ਕਾਰਨ ਫਿਰ ਢਹਿੰਦੀ ਕਲਾ ਵੱਲ ਜਾ ਚੁੱਕਾ ਸੀ ਤੇ ਦਿੱਲੀ ਦੇ ਤਖ਼ਤ ਵਿਰੁੱਧ ਬਗ਼ਾਵਤਾਂ ਦਾ ਹੋਣਾ ਕੋਈ ਨਵੀਂ ਗੱਲ ਨਹੀਂ ਰਹੀ ਸੀ। ਉਸ ਨੂੰ ਲੰਮਾ ਸਮਾਂ ਇਨ੍ਹਾਂ ਬਗ਼ਾਵਤਾਂ ਨੂੰ ਦਬਾਉਣ ਵਿਚ ਲਗਾਉਣਾ ਪਿਆ। ਇਸੇ ਕਾਰਨ ਉਹ ਰਾਜਤੰਤਰ ਦੇ ਹੋਰ ਕੰਮਾਂ ਵੱਲ ਧਿਆਨ ਹੀ ਨਾ ਦੇ ਸਕਿਆ ਅਤੇ ਪੰਜਾਬ ਵਿਚ ਉਸ ਸਮੇਂ ਦੇ ਸਥਾਨਕ ਹਾਕਮ ਸੂਬੇਦਾਰ ਆਪਣੀਆਂ ਮਨਮਾਨੀਆਂ ਲਈ ਆਜ਼ਾਦ ਹੋ ਗਏ। ਇਹ ਆਜ਼ਾਦੀ ਇਸ ਪ੍ਰਕਾਰ ਬਿਨਾਂ ਕੁੰਡੇ ਦੇ ਸੀ ਕਿ ਸਰਹੰਦ ਵਿਚ ਸੂਬੇ ਦਿਆਂ ਹੁਕਮਾਂ ਨਾਲ ਦੋ ਮਾਸੂਮ ਜਿੰਦਾਂ ਨੂੰ ਨੀਹਾਂ ਵਿਚ ਚਿਣਾ ਦਿੱਤਾ ਗਿਆ। ਇਸ ਪ੍ਰਕਾਰ ਦੇ ਦਿਨ-ਦਿਹਾੜੇ ਹੋਏ ਲਹੂ-ਡੋਲ੍ਹਵੇਂ ਜ਼ੁਲਮ ਹੋਰ ਆਮ ਲੋਕਾਂ ਤਾਂ ਕੀ, ਰਾਜਸ਼ਾਹੀ ਦੀ ਆਪਣੀ ਕੌਮ ਦੇ ਲੋਕ ਵੀ ਅਥਵਾ ਸਹੀ ਸੋਚ ਵਾਲੇ ਮੁਸਲਮਾਨ ਵੀ ਇਸ ਜ਼ੁਲਮ ਨੂੰ ਠੀਕ ਨਾ ਕਹਿ ਸਕੇ। ਹਕੀਮ ਅੱਲਾ ਯਾਰ ਖ਼ਾਂ ਜੋਗੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਾਵਿ-ਬਧ ਕਰਨਾ ਇਸ ਦੀਆਂ ਉੱਘੜਵੀਆਂ ਮਿਸਾਲਾਂ ਵਿੱਚੋਂ ਇਕ ਹੈ। ਨਵਾਬ ਮਲੇਰਕੋਟਲਾ ਵੀ ਉਸ ਵੇਲੇ ਠੀਕ ਸੋਚ ਨੂੰ ਅੰਗੀਕਾਰ ਕਰਦਿਆਂ ਹਾਅ ਦਾ ਨਾਹਰਾ ਮਾਰਨੋਂ ਨਾ ਰਹਿ ਸਕਿਆ।

ਦਸਮ ਪਾਤਸ਼ਾਹ ਇਕ ਸੋਚ-ਸਾਗਰ ਤੇ ਅਥਾਹ ਗਿਆਨਵਾਨ ਫ਼ਲਸਫ਼ੀ ਵਿਦਵਾਨ ਸਨ। ਉਨ੍ਹਾਂ ਅਨੁਸਾਰ ਇਹ ਗ਼ਲਤੀ ਤੇ ਹੋਰ ਅਨੇਕ ਗ਼ਲਤੀਆਂ ਏਕਾਧਿਕਾਰੀ ਤਾਨਾਸ਼ਾਹੀ ਪ੍ਰਬੰਧ ਦੀਆਂ ਅਤੀ ਮਾੜੀਆਂ ਹਰਕਤਾਂ ਸਨ। ਇਕ ਵਿਦਵਾਨ ਇਹਨਾਂ ਕਾਰਿਆਂ ਕਾਲਖਾਂ ਨੂੰ ਸਦਾ ਲਈ ਮੇਟ ਦੇਣ ਲਈ ਆਪਣੀਆਂ ਸਮੂਹ ਸੋਚਾਂ ਸਮੇਤ ਕਾਰਜਸ਼ੀਲ ਹੁੰਦਿਆਂ ਇਕ ਗ਼ਲਤ ਸੱਤਾ-ਕੇਂਦਰ ਨੂੰ ਸਦਾ ਲਈ ਢਾਹੁਣ ਹਿੱਤ, ਇਸ ਦੀ ਥਾਂ ਪੰਚ-ਪ੍ਰਧਾਨੀ ਸੰਗਤੀ ਸੋਚ, ਰਲ ਕੇ ਤੁਰਨ ਵਾਲੇ, ਚੰਗਾ ਮਾੜਾ, ਉੱਚਾ ਨੀਵਾਂ ਸਭ ਕੁਝ ਵਿਚਾਰ ਸਮਝ ਕੇ, ਪੰਜ ਗੁਰਸਿਖਾਂ ਦੀਆਂ ਰੋਸ਼ਨ-ਸੋਚਾਂ ਨਾਲ ਰਲ ਕੇ ਫ਼ੈਸਲੇ ਲੈਣ। ਉਹਨਾਂ ਨੂੰ ਨਿਭਾਉਣ ਅਥਵਾ ਉਹਨਾਂ ਦੇ ਸਿੱਟਿਆਂ ਨੂੰ ਰਲ ਕੇ ਸਿਰ ਝੱਲਣ ਲਈ ਤਨੋ ਮਨੋ ਧਨੋ ਕ੍ਰਿਤ-ਸੰਕਲਪ ਸੰਗਠਤ ਕੁਰਬਾਨੀ-ਪੁੰਜ ਸੂਰਬੀਰਾਂ ਨੂੰ ਅੱਗੇ ਲਿਆ ਹਰ ਹਾਲਾਤ ਵਿਚ ਕਾਰਜ ਕਰਨ, ਅੱਗੇ ਵਧਣ ਦੀ ਥਾਪਣਾ ਦੇ ਦਿੱਤੀ। ਨਿਸ਼ਚੇ ਹੀ ਇਹ ਪੰਜ ਰੋਸ਼ਨ ਕੁਰਬਾਨੀ ਕਰਤੇ ਇਕ ਵਿਚਾਰ ਆਧਾਰਤ ਜੁਜ਼ਬੰਦੀ ਵਿਚ ਜੁੜੇ ਤੇ ਜੁੜ ਕੇ ਕਾਰਜ ਕਰਦੇ ਦਸਮ ਪਾਤਸ਼ਾਹ ਦਾ ਯੁੱਗਾਂ-ਯੁੱਗਾਂ ਤਕ ਚਲਦਾ ਰਹਿਣ ਵਾਲਾ ਫ਼ਲਸਫ਼ੀ ਫ਼ੈਸਲਾ ਸੀ ਜਿਸ ਜਿਹਾ ਕੁਝ ਵੀ ਹੋਰ ਤਲਾਸ਼ ਸਕਣਾ ਅਸੰਭਵ ਹੈ ਤੇ ਅਸੰਭਵ ਰਹੇਗਾ। ਇਉਂ ਦਸਮ ਪਿਤਾ ਨੇ ਆਪਣੀ ਬੁਲੰਦ ਸੋਚ ਕਾਰਜਸ਼ੀਲਤਾ ਕਰਦਿਆਂ ਤੇ ਤਾਨਾਸ਼ਾਹੀ ਨੂੰ ਵਿਚਾਰ ਧਰਾਤਲ ਤੇ ਫਿਰ ਕਰਮ ਧਰਾਤਲ 'ਤੇ ਅਤੇ ਸਦਾ ਸਦਾ ਲਈ ਖ਼ਤਮ ਕਰ ਵਿਖਾਇਆ।

ਦਸਮ ਪਾਤਸ਼ਾਹ ਨੂੰ ਫ਼ਲਸਫ਼ੀ-ਨਾਇਕ ਪ੍ਰਤਿਸ਼ਟਤ ਕਰਨ ਵਾਲਾ ਉਹਨਾਂ ਦਾ ਵਡ-ਦਰਸ਼ਨੀ ਫ਼ੈਸਲਾ, ਗੁਰੂ-ਗ੍ਰੰਥ ਅਤੇ ਗੁਰੂ-ਪੰਥ ਨੂੰ ਗੁਰਿਆਈ ਦੇਣ ਦਾ ਹੈ। ਗਹੁ ਨਾਲ ਵਿਚਾਰ ਕਰਦਿਆਂ ਅਸੀਂ ਆਪਣੇ ਅੱਜ ਦੇ ਚਾਰ-ਚੁਫੇਰੇ ਵਿਚਰਦੇ ਦੇਹਧਾਰੀ ਗੁਰੂਆਂ, ਉਹਨਾਂ ਦੇ ਗੱਦੀਨਸ਼ੀਨਾਂ ਦੀਆਂ ਕ੍ਰਿਆ-ਕਲਾਪਾਂ ਨੂੰ ਧਿਆਨ ਵਿਚ ਲਿਆ ਕੇ, ਉਹਨਾਂ ਦੀਆਂ ਵੱਡ-ਵਡੇਰੀਆਂ ਮਿਲਖ-ਜਗੀਰਾਂ, ਕਈ ਕਈ ਕਾਰਾਂ, ਉਹਨਾਂ ਦੇ ਵਾਤਾਨੁਕੂਲ ਭਵਨਾਂ ਤੇ ਆਚਰਣਕ ਗਿਰਾਵਟਾਂ ਨੂੰ ਵੇਖ ਸਮਝ ਸਕਦੇ ਹਾਂ ਕਿ ਮਨੁੱਖ ਦਾ ਕਿਸੇ ਨਾ ਕਿਸੇ ਜੀਵਨ ਮੋੜ 'ਤੇ ਡੋਲ ਜਾਣਾ ਸਦਾ ਸਦਾ ਹੀ ਸੰਭਵ ਰਹਿੰਦਾ ਹੈ। ਸੇਵਾ-ਸਾਧਨਾ ਅਧਿਐਨ ਤੇ ਤਪ-ਤੇਜ ਦੀਆਂ ਵਡਿਆਈਆਂ ਤੋਂ ਵਿਰਵੇ ਸੱਭੋ ਗੱਦੀਧਾਰੀ

www.sikhbookclub.com

ਮਨੁੱਖੀ-ਦੋਸ਼ਾਂ—ਲੋਭ, ਮੋਹ, ਹੰਕਾਰ ਤੇ ਸਭ ਤੋਂ ਵਧੇਰੇ ਘਾਤਕ ਕਾਮ-ਬਿਰਤੀ ਤੋਂ ਉੱਪਰ ਉਠਦੇ ਨਹੀਂ ਵੇਖੇ ਜਾ ਸਕਦੇ।

ਇਸ ਤੋਂ ਬਿਨਾਂ ਗੱਦੀਆਂ ਦੀ ਪ੍ਰਾਪਤੀ ਲਈ ਜੋ ਜੋੜ-ਤੋੜ ਚਲਦੇ ਰਹਿੰਦੇ ਹਨ ਜਦ ਇਹ ਜੋੜ-ਤੋੜ ਸਫ਼ਲ ਨਹੀਂ ਹੁੰਦੇ ਤਾਂ ਇਹ ਮਾਰ-ਕਾਟ ਵਿਚ ਵੀ ਬਦਲਦੇ ਵੇਖੇ ਜਾਂਦੇ ਹਨ। ਇਸ ਸਭ ਨੂੰ ਦਸਮ ਪਾਤਸ਼ਾਹ, ਇਹਨਾਂ ਦੇ ਸਭ ਵਰਤਾਰਿਆਂ ਨੂੰ ਇਹਨਾਂ ਦੇ ਮਾਰੂ ਨੁਕਸਾਨਾਂ ਨੂੰ ਪੂਰੀ ਤਰ੍ਹਾਂ ਜਾਣਦੇ ਹੋਏ ਇਸ ਨੂੰ ਬਦਲਦਿਆਂ ਨਵਾਂ-ਨਵੇਲਾ ਰੂਪ ਦੇਣ ਲਈ ਸੋਚ-ਸੰਪੰਨ ਹੋਏ। ਉਹਨਾਂ ਨੇ ਇਕ ਗੁਰ-ਗੱਦੀ ਦੀਆਂ ਬਾਈ ਮੰਜੀਆਂ ਵੀ ਬਣਦੀਆਂ ਪਾਈਆਂ ਸਨ ਤੇ ਮਸੰਦਾਂ ਦੀ ਮਾੜੀ ਪਰੰਪਰਾ ਦੇ ਵੀ ਉਹ ਭਲੀ-ਭਾਂਤ ਜਾਣਕਾਰ ਸਨ। ਇਉਂ ਹੀ ਗੁਰੂ-ਕੁਲਾਂ ਵਿਚ ਗੱਦੀ ਨਾ ਮਿਲਣ 'ਤੇ ਜੋ ਜੋ ਕਾਰਗੁਜ਼ਾਰੀ ਲੰਮੇ ਸਮਿਆਂ ਤਕ ਗੱਦੀ ਨਾ ਮਿਲਣ ਵਾਲਿਆਂ ਵੱਲੋਂ ਜਾਰੀ ਰਹੀਆਂ ਅਥਵਾ ਮੀਣੇ, ਧੀਰਮੱਲੀਏ ਉਹਨਾਂ ਨੂੰ ਵਿਸਰੇ ਹੋਏ ਨਹੀਂ ਸਨ।

ਇਸ ਤੋਂ ਵਧੇਰੇ ਸ਼ਬਦ-ਗੁਰੂ ਅਤੇ ਵਿਚਾਰ ਗੁਰਦੇਵ ਦੇ ਵਡੇਰੇ ਪਾਵਨ ਪਵਿੱਤਰ ਸੂਰਜੀ ਸੰਕਲਪ ਦੀ ਸਥਾਪਨਾ ਕਰ ਦੇਣਾ ਉਹਨਾਂ ਦਾ ਮਹਾਨਤਮ ਫ਼ਲਸਫ਼ੀ ਕਰਮ ਸੀ ਜਿਸ ਵਿਚ ਸ਼ਬਦ-ਗੁਰੂ ਸਰਬ ਸਮਰੱਥ ਗੁਰੂ ਦੇ ਹਰ ਪ੍ਰਕਾਰ ਦੇ ਅਥਾਹ ਅਸੀਮ ਗੁਣ ਤੇ ਵਡਿਆਈਆਂ ਸ਼ਾਮਲ ਸਨ ਤੇ ਦੇਹਧਾਰੀ ਗੁਰੂਆਂ ਵਾਲੀਆਂ ਹਰ ਪ੍ਰਕਾਰ ਦੀਆਂ ਖਾਮੀਆਂ ਇਸ ਵਿਚੋਂ ਆਪਣੇ ਆਪ ਹੀ ਖਾਰਜ ਹੋ ਜਾਂਦੀਆਂ ਸਨ। ਦਸਮ ਪਾਤਸ਼ਾਹ ਦਾ ਇਹ ਫ਼ੈਸਲਾ ਹੈ ਜਿਸ ਦੁਆਰਾ ਸ਼ਬਦ-ਵਿਚਾਰ ਵਿਧਾਨ ਤੇ ਚਿੰਤਨ ਪਰਵਾਨ ਧਾਰਾ ਨੂੰ ਸਹੀ ਉਚਿਤ ਨਿਰਮਾਣ ਤੇ ਸਥਾਪਨਾ ਮਾਣ ਮਿਲਿਆ ਜਿਸ ਨੇ ਕੁੱਲ ਆਲਮ ਵਿਚ ਇਕ ਵਿਸ਼ੇਸ਼ ਗੁਣ-ਨਿਰਮਤ ਗੁਰ-ਪੱਧਤੀ ਨੂੰ ਸਾਖੀ ਸਾਰਥਕ ਕਰ ਵਿਖਾਇਆ, ਵਿਦਮਾਨ ਕਰ ਸਜਾਇਆ।

ਇਸ ਦੇ ਨਾਲ-ਨਾਲ ਇਥੇ ਕਈ ਕੁਝ ਅਜਿਹਾ ਵੀ ਰਿਹਾ ਹੈ ਜਿਹੜਾ ਹੋਰ ਪਰੰਪਰਾਈ ਭਾਰਤੀ ਧਾਰਮਕ ਪਰਿਪਾਟੀਆਂ ਵਿਚ ਨਹੀਂ ਮਿਲਦਾ। ਦਸਮ-ਪਾਤਸ਼ਾਹ ਇਸ ਦਿਸ਼ਾ ਵਿਚ ਬਹੁਤ ਅਗੇਰੇ ਨਿਕਲ ਗਏ ਜਦੋਂ ਆਪਣੇ ਆਪ ਨੂੰ ਆਪਣੇ ਚੇਲਿਆਂ, ਸ਼ਿਸ਼ਾਂ ਅਰਥਾਤ ਪੰਜ ਪਿਆਰਿਆਂ ਦੇ ਸਨਮੁੱਖ ਆਜਿਜ਼ੀ ਨਾਲ ਸਮਰਪਤ ਕਰ ਕੇ ਉਹਨਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗ ਕੇ ਲਈ ਅਤੇ ਆਪ ਸਾਹਿਬ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜ ਗਏ। ਉਹਨਾਂ ਦਾ ਇਹ ਮਹਾਨ ਇਨਕਲਾਬੀ ਨਿਰਣਾ ਜਿਸ ਨੇ ਗੁਰੂ ਚੇਲੇ ਦੇ ਤਵਾਰੀਖੀ ਰੁਝਾਨ ਨੂੰ ਚੇਲੇ ਦੇ ਗੁਰੂ ਰੂਪ ਹੋਣ ਨਾਲ ਸੁਸ਼ੋਭਿਤ ਕਰ ਦਿੱਤਾ। ਗੁਰੂ-ਚੇਲੇ ਦੀ ਦੂਰੀ ਨੂੰ ਖ਼ਤਮ ਕਰਕੇ ਆਪਸ 'ਚ ਅਭੇਦ ਕਰ ਦਿੱਤਾ।

ਇਸੇ ਵਿਚਾਰ-ਵੱਥ ਨੂੰ ਅੱਗੇ ਤੋਰਦਿਆਂ ਅਸੀਂ ਵੇਖਦੇ ਹਾਂ ਕਿ ਲੋਕ ਹਰ ਸਮੇਂ ਵਿਚ ਆਪਣੀ ਸੰਤਾਨ ਨੂੰ ਬਹੁਤ ਮੋਹ-ਪਿਆਰ ਕਰਦੇ ਹਨ। ਉਸ ਲਈ ਜ਼ਮੀਨ ਅਸਮਾਨ ਇਕ ਕਰਦੇ ਹੋਏ ਸਭ ਕੁਝ ਦਾਅ 'ਤੇ ਲਾਉਂਦਿਆਂ ਉਮਰਾਂ ਤੱਕ ਉਸ ਦੇ ਲੇਖੇ ਲਾ ਦੇਂਦੇ ਹਨ ਪਰ ਯੁੱਗ-ਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਸ ਪ੍ਰਕਾਰ ਦੇ ਪਿਤਾ ਹਨ ਜੋ ਲਾਲਾਂ ਨੂੰ ਆਪ ਤਿਆਰ ਕਰ ਕੇ ਸ਼ਹਾਦਤ ਲਈ ਤੋਰ ਦੇਂਦੇ ਹਨ। ਇਹ ਜੱਗੋਂ ਬਾਹਰਾ ਤੇ ਲੋਕ-ਰੀਤ ਤੋਂ ਵੱਖਰੀ ਭਾਂਤ ਦਾ ਕਰਮ ਹੈ ਜਿਸ ਨੂੰ ਮਹਾਂਨਾਇਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਕਰ ਕੇ ਵਿਖਾ ਸਕਦੇ ਸਨ। ਇਹ ਮਹਾਨ ਕਾਰਨਾਮੇ ਮਰਦ ਅਗੰਮੜੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਕਰ ਸਕਦੇ ਸਨ ਜਿਨ੍ਹਾਂ ਤੋਂ ਸਦ-ਸਦ ਬਲਿਹਾਰ ਹਾਂ, ਰੋਮ-ਰੋਮ ਨਮਸਕਾਰ ਹੈ।

(1/1998)

www.sikhbookclub.com

ਭਾਰਤ ਦੇ ਨਿਰਮਾਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਂਪੁਰਸ਼ਾਂ ਦਾ ਪ੍ਰਕਾਸ਼ ਸਮਾਂ ਵਿਲੱਖਣ ਕਾਲ ਦਾ ਲਖਾਇਕ ਹੁੰਦਾ ਹੈ। ਉਹ ਦੀਨ ਦੁਖੀਆਂ ਦੀ ਪੀੜਾ ਹਰਨ ਵਾਸਤੇ ਪ੍ਰਗਟ ਹੁੰਦੇ ਹਨ। ਆਪਣੇ ਮਹਾਨ ਕਾਰਨਾਮਿਆਂ ਤੇ ਸੁਧਾਰਾਂ ਰਾਹੀਂ ਨਵੇਂ ਪੂਰਨੇ ਪਾਉਂਦੇ ਤੇ ਨਵੀਆਂ ਕੀਮਤਾਂ ਘੜਦੇ ਹਨ। ਘਸ ਚੁੱਕੇ ਬੋਦੇ ਸਿਧਾਂਤਾਂ ਨੂੰ ਮੇਟ ਕੇ ਨਵੇਂ ਸਿਧਾਂਤਾਂ ਦਾ ਨਿਰਮਾਣ ਕਰਦੇ ਹਨ, ਆਪਣੀ ਜੀਵਨ ਘਾਲਣਾ ਰਾਹੀਂ, ਕੁਰਬਾਨੀ ਰਾਹੀਂ।

ਭਾਰਤ ਵਿਚ ਧਾਰਮਿਕ ਗਿਲਾਨੀ ਤਾਂ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹੀ ਸਿਖਰਾਂ (Climax) ਨੂੰ ਪੁੱਜ ਚੁੱਕੀ ਸੀ। ਰਾਜੇ ਜਾਬਰ, ਅਨਿਆਈ, ਅਨੇਮੀ, ਅਨੀਤੀ ਕਰਨ ਵਾਲੇ ਵੱਡੇ ਪਾਮਰ ਤੇ ਨਿਰਦਈ ਸਨ। ਗਊ ਬ੍ਰਾਹਮਣ ਤੇ ਸੰਤਾਂ ਨੂੰ ਤੰਗ ਕਰਨ ਵੱਲੋਂ ਕੋਈ ਕਸਰ ਬਾਕੀ ਨਹੀਂ ਸੀ ਰਹੀ। ਗੁਰੂ ਨਾਨਕ ਸਾਹਿਬ ਨੇ ਆਪਣੇ ਦੇਸ਼ਾਟਨ, ਪ੍ਰਚਾਰ ਤੇ ਵਹਿਮਾਂ-ਭਰਮਾਂ ਦੀ ਆਲੋਚਨਾ ਕੀਤੀ। ਕਰਤਾਰੀ ਬਾਣੀ ਰਾਹੀਂ ਭਾਰਤ ਦੀ ਬੇਹਿਸ ਹੋ ਚੁੱਕੀ ਮੁਰਦਾ ਜਨਤਾ ਨੂੰ ਜੀਵਨ ਕਣੀ ਪ੍ਰਦਾਨ ਕੀਤੀ, ਭਾਵ ਸਮਾਜਿਕ ਕ੍ਰਾਂਤੀ (Social revolution) ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਰਤੀਆਂ, ਕਾਮਿਆਂ ਤੇ ਕਿਸਾਨਾਂ ਨੂੰ ਭਾਵ ਦੇਸ਼ ਦੇ ਸੱਚੇ ਚਾਕਰਾਂ (ਸੇਵਾਦਾਰਾਂ) ਨੂੰ ਸੁਚੇਤ ਕੀਤਾ :

ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥

(ਰਾਮਕਲੀ ਮਹਲਾ ੧, ਅਸਟਪਦੀਆ, ਪੰਨਾ ੯੦੨)

ਉਪਰੋਕਤ ਨਿਰਭੈਤਾ ਦੇ ਆਦਰਸ਼ ਤੋਂ ਬਿਨਾਂ ਸੂਰਮੇ ਦਾ ਕਰਤੱਵ ਦੱਸਿਆ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥

(ਪੰਨਾ ੫੭੯)

ਗੁਰੂ ਜੀ ਦੇ ਸਿਧਾਂਤ ਅਨੁਸਾਰ ਕਈ ਭਲੇ ਪੁਰਸ਼ਾਂ ਤੇ ਮਹਾਨ ਵਿਅਕਤੀਆਂ ਨੇ ਜ਼ੁਲਮ ਤੇ ਜਬਰ ਨੂੰ ਜ਼ੇਰ ਕਰਨ ਲਈ ਵੀਰਗਤੀ ਪ੍ਰਾਪਤ ਕੀਤੀ, ਪ੍ਰੰਤੂ ਮੱਥੇ ਨਾਲ ਮੱਥਾ ਜੋੜ ਕੇ ਅਸੁਰੀ ਸ਼ਕਤੀਆਂ ਦੇ ਪ੍ਰਤਿਨਿਧ ਔਰੰਗਜ਼ੇਬ 'ਆਲਮਗੀਰ' ਸ਼ਹਿਨਸ਼ਾਹ ਹਿੰਦ ਦਾ ਮੋਢਾ ਲਾਉਣਾ ਤੇ ਉਸ ਨੂੰ ਆਪਣੀਆਂ ਭੁੱਲਾਂ ਦਾ ਅਹਿਸਾਸ ਕਰਾਉਣਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹਿੱਸੇ ਆਇਆ। ਔਰੰਗਜ਼ੇਬ ਭਾਰਤ ਦੀ ਸਾਰੀ ਹਿੰਦੂ ਜਨਤਾ ਨੂੰ ਇਸਲਾਮ ਦੀ ਗ੍ਰਿਫ਼ਤ ਵਿਚ ਲਿਆਉਣ ਦਾ ਸਿਰਤੋੜ ਯਤਨ ਕਰ ਰਿਹਾ ਸੀ ਭਾਵ ਹਿੰਦੂਆਂ ਨੂੰ ਧਿੰਙੋਜ਼ੋਰੀ ਮੁਸਲਮਾਨ ਬਣਾ ਰਿਹਾ ਸੀ। ਇਥੇ ਹੀ ਬੱਸ ਨਹੀਂ, ਉਹ ਤਾਂ ਰਾਜ ਮਦ ਵਿਚ ਮੱਤਾ ਪੂਰੀ ਤਾਕਤ ਨਾਲ ਭਾਰਤਵਰਸ਼ ਨੂੰ, ਜਿਸ ਨੂੰ ਉਹ ਦਾਰ-ਉਲ-ਹਰਬ ਭਾਵ ਕਾਫ਼ਰਾਂ ਦਾ ਦੇਸ਼ ਕਹਿੰਦਾ ਸੀ, ਦਾਰ-ਉਲ-ਇਸਲਾਮ (ਇਸਲਾਮੀ ਦੇਸ਼) ਵਿਚ ਬਦਲਣਾ ਚਾਹੁੰਦਾ ਸੀ, ਪ੍ਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਪਾਵਾਰ ਤੇ ਲਾਸਾਨੀ

www.sikhbookclub.com

ਕੁਰਬਾਨੀ ਨਾਲੋਂ ਔਰੰਗਜ਼ੇਬ ਦੀਆਂ ਦੇਸ਼ ਘਾਤਕ ਅਸੁਰੀ ਸਬੀਲਾਂ ਉੱਤੇ ਪਾਣੀ ਫੇਰਿਆ। ਦਿਲੀਸ਼ਵਰ ਅਥਵਾ ਦਿੱਲੀ ਦੇ ਸੁਆਮੀ ਔਰੰਗਜ਼ੇਬ ਦੇ ਤੇਜ਼ ਨੂੰ ਮੱਧਮ ਕੀਤਾ। ਦੇਸ਼ ਵਾਸੀਆਂ ਵਿੱਚੋਂ ਕਾਇਰਤਾ ਤੇ ਬੁਜ਼ਦਿਲੀ ਦੂਰ ਕਰ ਕੇ ਉਨ੍ਹਾਂ ਨੂੰ ਸੱਚੇ ਦੇਸ਼ ਹਿਤੈਸ਼ੀ, ਸਮਾਜ ਸੇਵਕ ਤੇ ਸੰਤ ਸਿਪਾਹੀ ਬਣਾ ਦਿੱਤਾ। ਗੁਰੂ ਜੀ ਦੇਸ਼ ਰੱਖਿਆ ਦੇ ਆਦਰਸ਼ ਲਈ ਡਟੇ। ਆਪਣਾ ਸਾਰਾ ਸਰਬੰਸ ਵਾਰਿਆ, ਆਪਣੇ ਪਿਆਰੇ ਸਿੱਖਾਂ ਦੀਆਂ ਕੁਰਬਾਨੀਆਂ ਦਿੱਤੀਆਂ, ਪਰ ਆਪਣੇ ਨਿਸ਼ਚੇ ਵਿਚ ਅਡੋਲ ਤੇ ਅਹਿੱਲ ਰਹੇ। ਉਸ ਸਮੇਂ ਸਮਰਾਟ ਔਰੰਗਜ਼ੇਬ ਦਾ ਟਾਕਰਾ ਕਰਨ ਦਾ ਕੌਣ ਹੀਆ ਕਰ ਸਕਦਾ ਸੀ ? ਹੋਰ ਕੋਈ ਵੀ ਨਹੀਂ, ਕੇਵਲ ਗੁਰੂ ਗੋਬਿੰਦ ਸਿੰਘ, ਵਾਹਦ ਗੁਰੂ ਗੋਬਿੰਦ ਸਿੰਘ, ਹੱਕ ਪ੍ਰਸਤੀ ਦਾ ਨਾਦ ਗੁੰਜਾਉਣ ਵਾਲੇ ਗੁਰੂ ਗੋਬਿੰਦ ਸਿੰਘ, ਵਿਸ਼ਵਾਰਥੀ ਗੁਰੂ ਗੋਬਿੰਦ ਸਿੰਘ, ਬਚਿਤ੍ਰ ਨਾਟਕ ਦੇ ਕਰਤਾ ਬੇਨਿਆਜ਼ ਤੇ ਬੇਪ੍ਰਵਾਹ ਗੁਰੂ ਗੋਬਿੰਦ ਸਿੰਘ ਜੀ :

ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ ॥
ਧੂਮਰਲੋਚਨ ਚੰਡ ਔ ਮੁੰਡ ਸੇ ਮਾਹਖ ਸੇ ਪਲ ਬੀਚ ਨਿਵਾਰੇ ॥
ਚਾਮਰ ਸੇ ਰਣ ਚਿੱਛਰ ਸੇ ਰਕਤਿੱਛਰ ਸੇ ਝਟ ਦੈ ਝਝਕਾਰੇ ॥
ਐਸੋ ਸੁ ਸਾਹਿਬ ਪਾਇ ਕਹਾਂ ਪਰਵਾਹ ਰਹੀ ਇਹ ਦਾਸ ਤਿਹਾਰੇ ॥੯੩॥

(ਬਚਿਤ੍ਰ ਨਾਟਕ)

ਪੁਨਾ :

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ ॥

ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭਾਰਤ ਵਾਸੀਆਂ ਦੀ ਸਹੀ ਰਹਿਨੁਮਾਈ ਕਰ ਕੇ ਰੱਖਿਆ ਨਾ ਕਰਦੇ, ਤਾਂ ਅੱਜ ਭਾਰਤ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਇਸ ਦੇ ਵਾਸੀਆਂ ਦਾ ਵੇਸ ਕੁਝ ਹੋਰ ਹੀ ਹੁੰਦਾ। ਸਾਰਾ ਭਾਰਤ ਮੋਮਨਾਂ ਦਾ ਦੇਸ਼ ਅਥਵਾ ਦਾਰ-ਉਲ-ਇਸਲਾਮ ਹੁੰਦਾ। ਕਿਸੇ ਹਿੰਦੂ ਜਾਂ ਸਿੱਖ ਦਾ ਨਾਂ-ਨਿਸ਼ਾਨ ਨਾ ਦਿਸਦਾ। ਗੁਰੂ ਜੀ ਦੀ ਇਤਿਹਾਸਕ ਮਹਾਨਤਾ ਨੂੰ ਆਪ ਦੇ ਸਮਕਾਲੀ ਨਿਰਪੱਖ ਸੂਫ਼ੀ ਫ਼ਕੀਰ ਬੁੱਲ੍ਹੇ ਸ਼ਾਹ ਨੇ ਇਉਂ ਵਰਨਣ ਕੀਤਾ ਹੈ :

ਨ ਕਹੂੰ ਅਬ ਕੀ ਨ ਕਹੂੰ ਤਬ ਕੀ ਬਾਤ ਕਹੂੰ ਮੈਂ ਜਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ।

ਪ੍ਰਸਿੱਧ ਇਤਿਹਾਸਕਾਰ ਕਵੀ ਸੰਤੋਖ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਮਹੱਤਵ ਹੇਠਾਂ ਦਿੱਤੇ ਸ਼ਬਦਾਂ ਵਿਚ ਵਰਨਣ ਕਰਦੇ ਹਨ :

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ
ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ
ਬਰਨ ਗਰਕ ਜਾਤੇ ਸਾਹਿਤ ਬਿਧਾਨ ਕੀ।

www.sikhbookclub.com

ਦੇਵੀ ਦੇਵ ਦੇਹੁਰੇ ਸੰਤੋਖ ਸਿੰਘ, ਦੂਰ ਹੋਤੇ
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤ ਨ ਹੋਤੀ ਜਉ ਪੈ ਕਰੁਣਾਨਿਧਾਨ ਕੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਭਾਰਤ ਦੀ ਰਖਵਾਲੀ ਕਰਨ ਵਾਲੀ ਖਾਲਸਾ ਕੌਮ ਅਥਵਾ ਸੰਤ ਸੈਨਿਕਾਂ ਦੀ ਜਥੇਬੰਦੀ ਦਾ ਕਾਇਮ ਕਰਨਾ ਹੈ, ਜਿਨ੍ਹਾਂ ਨੇ ਭਾਰਤੀ ਇਤਿਹਾਸ ਦੇ ਪੱਤਰਿਆਂ ਨੂੰ ਆਪਣੇ ਖ਼ੂਨ ਨਾਲ ਲਿਖਿਆ ਤੇ ਆਪਣੇ ਲਈ ਅਮਰ ਨਾਮਣਾ ਖੱਟਿਆ। ਕਾਜ਼ੀ ਨੂਰ ਮੁਹੰਮਦ ਵਰਗੇ ਮੁਤੱਸਬੀ ਵੀ ਸੰਤ ਸਿਪਾਹੀਆਂ ਦੀ ਬੀਰਤਾ ਤੇ ਗੁਣਾਂ ਨੂੰ ਪ੍ਰਗਟਾਉਣ ਤੋਂ ਨਾ ਰਹਿ ਸਕੇ। ਉਸ ਨੇ ਲਿਖਿਆ :

"ਜਦ ਇਹ ਹਿੰਦ ਦੀ ਤਲਵਾਰ ਹੱਥ ਫੜਦੇ ਹਨ ਤਾਂ ਹਿੰਦ ਤੋਂ ਸਿੰਧ ਤਕ ਧਾਈ ਕਰਦੇ ਹਨ।

ਜਦ ਹੱਥ ਨੇਜਾ ਫੜ ਲੈਣ ਤਾਂ ਵੈਰੀ ਦੀ ਫ਼ੌਜ ਨੂੰ ਭਾਜੜਾਂ ਪਾ ਦਿੰਦੇ ਹਨ।

ਜਦ ਕਮਾਨ ਨੂੰ ਖਿੱਚਦੇ ਹਨ ਤਾਂ ਉਸ ਵਿਚ ਵੈਰੀ-ਮਾਰ ਤੀਰ ਚਾੜ੍ਹਦੇ ਹਨ।

ਇਨ੍ਹਾਂ ਹਥਿਆਰਾਂ ਨੂੰ ਛੱਡ ਕੇ, ਜੇ ਲੜਾਈ ਵੇਲੇ ਬੰਦੂਕ ਹੱਥ ਫੜ ਲੈਣ, ਤਾਂ ਮੈਦਾਨ ਵਿਚ ਛਾਲਾਂ ਮਾਰਦੇ ਅਤੇ ਬੁਕਦੇ ਸ਼ੇਰਾਂ ਵਾਂਗੂੰ ਨਾਹਰੇ ਮਾਰਦੇ ਆਉਂਦੇ ਹਨ।

ਤੂੰ ਕਹਿੰਦਾ ਹੈਂ ਕਿ ਬੰਦੂਕ ਪੁਰਾਣੇ ਸਮਿਆਂ ਤੋਂ ਹੈ, ਇਹ ਲੁਕਮਾਨ ਨੇ ਨਹੀਂ ਬਣਾਈ, ਇਨ੍ਹਾਂ 'ਕੁੱਤਿਆਂ' ਨੇ ਬਣਾਈ ਹੈ।"

ਇਥੇ ਹੀ ਬੱਸ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀਆਂ (Saint warriors) ਦੀ ਸੂਰਮਗਤੀ ਦਾ ਵਰਨਣ ਕਰਦੇ ਹੋਏ ਪੰਜਾਬ ਦੇ ਇਤਿਹਾਸ ਵਿਚ ਅਜੋਕੇ ਸਮੇਂ ਦਾ ਪ੍ਰਮਾਣੀਕ ਇਤਿਹਾਸਕਾਰ ਡਾਕਟਰ ਮੁਹੰਮਦ ਲਤੀਫ਼ ਪੰਜਾਬ ਦੇ ਇਤਿਹਾਸ ਵਿਚ ਇਉਂ ਲਿਖਦਾ ਹੈ :

"The pages of history shine with the heroic deeds of this martial race and the examples of self devotion, patriotism and forbearance under the severest trials, displayed by their leaders of the community, are excelled by none in the annals of the nations."

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹੀ ਅਰਥਾਂ ਵਿਚ ਭਾਰਤ ਦਾ ਰਖਵਾਲਾ (Savior of India) ਹੈਨ ਤੇ ਸਿੱਖ ਸੈਨਾ ਭਾਰਤ ਦੀਆਂ ਹੱਦਾਂ ਦੀ ਪਹਿਰੇਦਾਰ। ਸਿੱਖ ਫ਼ੌਜਾਂ ਨੇ ਵਰਤਮਾਨ ਸੰਕਟ ਵਿਚ ਸਰਹੱਦਾਂ ਦੀ ਰਾਖੀ ਕਰ ਕੇ, ਆਪਣੀ ਬਹਾਦਰੀ ਦੇ ਅਦੁਤੀ ਕਾਰਨਾਮੇ ਦਰਸਾ ਕੇ, ਜਾਨਾਂ ਹੂਲ ਕੇ ਕੌਮ ਦੇ ਨਾਂ ਨੂੰ ਉੱਚਾ ਕੀਤਾ ਹੈ। ਦੇਸ਼ ਪਿਆਰ ਤੇ ਕੁਰਬਾਨੀ ਦੀ ਭਾਵਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਅਦੁੱਤੀ ਬੀਰ ਰਸੀ ਬਾਣੀ ਦਾ ਜੀਵਨ ਦੇ ਹਰ ਮੋੜ ਉੱਤੇ ਆਸਰਾ ਭਾਰਤ ਨੂੰ ਨਿਰਭੈ, ਬਲਵਾਨ ਤੇ ਸ਼ਕਤੀਸ਼ਾਲੀ ਦੇਸ਼ ਬਣਾ ਸਕਦਾ ਹੈ।

ਇਤਿਹਾਸਕਾਰ ਬੈਨਰਜੀ ਤੇ ਕਨਿੰਘਮ ਨੇ ਆਪਣੀ ਲਿਖਤ 'ਸਿੱਖਾਂ ਦਾ ਇਤਿਹਾਸ' ਵਿਚ ਕਰਮਵਾਰ ਹੇਠਾਂ ਦਿੱਤੇ ਵਿਚਾਰਾਂ ਰਾਹੀਂ ਗੁਰੂ ਜੀ ਦੀ ਦੇਸ਼ ਸੇਵਾ ਦਾ ਮੁਲ-ਅੰਕਣ ਕੀਤਾ ਹੈ :

1. 'ਗੁਰੂ ਗੋਬਿੰਦ ਸਿੰਘ ਇਕ ਮਹਾਨ ਉਸਰਈਏ ਸਨ। ਆਪ ਨੇ ਇਕ ਨਵੀਂ ਕੌਮ ਨੂੰ ਜਨਮ

www.sikhbookclub.com

ਦਿੱਤਾ ਅਤੇ ਭਾਰਤੀ ਇਤਿਹਾਸ ਦੇ ਅਖਾੜੇ ਵਿਚ ਇਕ ਨਵੀਨ ਪ੍ਰਭਾਵਕ ਸ਼ਕਤੀ ਦਾਖ਼ਲ ਕੀਤੀ।'

2. 'ਖੰਡੇ ਦੀ ਪਾਹੁਲ ਦੇ ਕੇ ਗੁਰੂ ਜੀ ਨੇ ਹਾਰੇ ਹੋਏ ਲੋਕਾਂ ਦੀਆਂ ਸਿਥਲ ਸ਼ਕਤੀਆਂ ਨੂੰ ਟੁੰਬਿਆ ਤੇ ਉਨ੍ਹਾਂ ਵਿਚ ਸਮਾਜਿਕ ਸੁਤੰਤਰਤਾ ਤੇ ਕੌਮੀ ਲਗਨ ਨੂੰ ਉਤਪੰਨ ਕੀਤਾ ਜੋ ਗੁਰੂ ਨਾਨਕ ਦੀ ਪ੍ਰਚਾਰੀ ਹੋਈ ਭਗਤੀ ਦਾ ਅਸਲ ਸਿੱਟਾ ਸੀ। ਗੁਰੂ ਜੀ ਨੇ ਉਸ ਵੇਲੇ ਦੀ ਜ਼ਰੂਰੀ ਲੋੜ ਨੂੰ ਭਾਂਪ ਲਿਆ ਤੇ ਉਸ ਦੀ ਪ੍ਰਾਪਤੀ ਲਈ ਪੂਰੇ ਜ਼ੋਰ ਤੇ ਲਗਨ ਨਾਲ ਜੁੱਟ ਪਏ।'

ਸੱਚਮੁਚ ਹੀ ਅਲਬੇਲੇ ਕਵੀ ਪ੍ਰੋ: ਪੂਰਨ ਸਿੰਘ ਅਨੁਸਾਰ ਪੰਜਾਬ ਗੁਰੂ ਦੇ ਨਾਮ 'ਤੇ ਜੀਊਂਦਾ ਹੈ। ਗੁਰੂ ਹੀ ਇਸ ਦਾ ਰਖਵਾਲਾ ਰਿਹਾ ਹੈ ਤੇ ਗੁਰੂ ਹੀ ਇਸ ਦਾ ਰਖਵਾਲਾ ਰਹੇਗਾ। ਲੋੜ ਹੈ ਭਰੋਸੇ ਤੇ ਭਾਵਨਾ ਦੀ।

(1/1966)

www.sikhbookclub.com

ਕਲਮ ਦੇ ਧਨੀ–ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਹਰਮੁਖੀ ਸ਼ਖ਼ਸੀਅਤ ਦੇ ਆਧਾਰ 'ਤੇ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਦੇ ਆਧਾਰ 'ਤੇ ਸ਼ਰਧਾਲੂਆਂ ਵੱਲੋਂ ਅਨੇਕਾਂ ਲਕਬ ਆਪ ਜੀ ਦੇ ਨਾਂ ਨਾਲ ਜੋੜੇ ਗਏ ਹਨ। ਬਾਦਸ਼ਾਹ-ਦਰਵੇਸ਼, ਬੇਕਸਾਂ-ਰਾ ਯਾਰ, ਸੰਤ-ਸਿਪਾਹੀ, ਆਪੇ ਗੁਰ ਚੇਲਾ, ਮਰਦ-ਅਗੰਮੜਾ, ਦਸਮੇਸ਼ ਪਿਤਾ, ਬਾਜ਼ਾਂ ਵਾਲੇ, ਕਲਗੀਧਰ ਪਾਤਸ਼ਾਹ, ਸਰਬੰਸ-ਦਾਨੀ, ਅੰਮ੍ਰਿਤ ਦੇ ਦਾਤਾ ਆਦਿ ਕੁਝ ਅਜਿਹੇ ਪ੍ਰਸਿੱਧ ਲਕਬ ਹਨ। ਗੁਰੂ ਜੀ ਜਿੱਥੇ ਤੇਗ ਦੇ ਧਨੀ ਸਨ, ਉਥੇ ਨਾਲ ਦੀ ਨਾਲ ਕਲਮ ਦੇ ਵੀ ਧਨੀ ਸਨ। ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ਼ਸਤਰ-ਵਿੱਦਿਆ ਦੇ ਨਾਲ-ਨਾਲ ਸ਼ਾਸਤਰ-ਵਿੱਦਿਆ ਦਾ ਵੀ ਪੂਰਾ-ਪੂਰਾ ਧਿਆਨ ਰੱਖਿਆ ਜਾਂਦਾ ਸੀ। ਗੁਰੂ ਜੀ ਦੇ ਦਰਬਾਰ ਵਿਚ ਪੰਜਾਬੀ, ਬ੍ਰਿਜ ਭਾਸ਼ਾ, ਫ਼ਾਰਸੀ ਆਦਿ ਦੇ ਬਵੰਜਾ ਕਵੀ ਵਿਸ਼ੇਸ਼ ਤੌਰ 'ਤੇ ਸੁਸ਼ੋਭਿਤ ਹੁੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਲਮ ਰਾਹੀਂ ਦਸਮ ਗ੍ਰੰਥ ਦੀ ਰਚਨਾ ਕੀਤੀ। ਬੇਸ਼ੱਕ ਆਪ ਜੀ ਨੇ ਆਪਣੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਨਹੀਂ ਕੀਤੀ ਪਰ ਆਪ ਜੀ ਦੀ ਬਾਣੀ ਦਾ ਮਹੱਤਵ ਇਸ ਗੱਲ ਤੋਂ ਭਲੀ-ਭਾਂਤ ਪ੍ਰਗਟ ਹੁੰਦਾ ਹੈ ਕਿ ਆਪ ਜੀ ਦੁਆਰਾ ਰਚਿਤ ਜਾਪੁ ਸਾਹਿਬ, ਸਵੱਯੇ ਤੇ ਚੌਪਈ ਨੂੰ ਰੋਜ਼ਾਨਾ ਦੇ 'ਨਿੱਤਨੇਮ' ਦਾ ਹਿੱਸਾ ਬਣਾਇਆ ਗਿਆ ਹੈ। ਗੁਰੂ ਜੀ ਦੀ ਬਾਣੀ ਨੂੰ ਕੀਰਤਨ ਵਿਚ ਵੀ ਖਾਸ ਸਥਾਨ ਪ੍ਰਾਪਤ ਹੈ। ਡਾ. ਗੰਡਾ ਸਿੰਘ ਜੀ ਦੇ ਸ਼ਬਦਾਂ ਵਿਚ ਗੁਰੂ ਜੀ ਦਾ ਸਾਹਿਤਕ ਕਾਰਜ ਇਕ ਹੈਰਾਨ ਕਰ ਦੇਣ ਵਾਲਾ ਕ੍ਰਿਸ਼ਮਾ ਹੈ। ਵੀਹ ਸਾਲਾਂ ਵਿਚ ਚੌਦਾਂ ਲੜਾਈਆਂ ਲੜ ਕੇ ਵੀ ਕੇਵਲ ਚਾਲ੍ਹੀ-ਬਤਾਲੀ ਸਾਲ ਦੀ ਉਮਰ ਵਿਚ ਹੀ ਏਨੀ ਵੱਡੀ ਰਚਨਾ ਇਕ ਨੂਰਾਨੀ ਚਮਤਕਾਰ ਹੀ ਕਿਹਾ ਜਾ ਸਕਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਜਾਪੁ ਸਾਹਿਬ, ਅਕਾਲ ਉਸਤਤਿ, ਜ਼ਫ਼ਰਨਾਮਾ, ਚੰਡੀ ਚਰਿਤ੍ਰ ਆਦਿ ਜਿੱਥੇ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਸਾਡੇ ਸਾਹਮਣੇ ਉਭਾਰਦੀਆਂ ਹਨ, ਉਥੇ ਮੂਲ ਰੂਪ ਵਿਚ ਇਹ ਭਗਤੀ-ਭਾਵ ਨਾਲ ਗੜੂੰਦ ਰਚਨਾਵਾਂ ਵੀ ਹਨ। ਇਨ੍ਹਾਂ ਸਾਰੀਆਂ ਬਾਣੀਆਂ ਦਾ ਨਾਇਕ ਜਾਂ ਕੇਂਦਰ-ਬਿੰਦੂ ਅਕਾਲ ਪੁਰਖ ਹੈ। ਭਾਸ਼ਾ ਦੇ ਪੱਖੋਂ ਇਨ੍ਹਾਂ ਰਚਨਾਵਾਂ ਵਿੱਚੋਂ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਜੀ ਸੰਸਕ੍ਰਿਤ, ਹਿੰਦੀ, ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਪੰਜਾਬੀ-ਸਾਰੀਆਂ ਭਾਸ਼ਾਵਾਂ ਤੋਂ ਭਲੀ-ਭਾਂਤ ਜਾਣੂ ਸਨ। ਜਾਪੁ ਸਾਹਿਬ ਵਿਚ ਵਰਤੇ ਗਏ ਛੰਦ-ਪ੍ਰਬੰਧ ਨੂੰ ਇਕ ਉਚਤਮ ਸਾਹਿਤ ਦਾ ਨਮੂਨਾ ਆਖਿਆ ਜਾ ਸਕਦਾ ਹੈ।

ਵਿਸ਼ਾ ਅਤੇ ਸ਼ੈਲੀ ਜਦੋਂ ਦੋਵੇਂ ਹੀ ਉਚ-ਪੱਧਰ ਦੇ ਹੋਣ ਤਾਂ ਰਚਨਾ ਅਮਰ ਹੋ ਜਾਂਦੀ ਹੈ। ਜੇ ਉਹ ਰਚਨਾ ਕਾਵਿਮਈ ਹੋਵੇ ਤਾਂ ਲੋਕਾਂ ਦੀ ਜ਼ਬਾਨ 'ਤੇ ਚੜ੍ਹ ਜਾਂਦੀ ਹੈ। ਗੁਰੂ ਜੀ ਦਾ ਰਚਿਤ ਸ਼ਬਦ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ" ਕਿਸ ਦੀ ਜ਼ੁਬਾਨ 'ਤੇ ਨਹੀਂ ਹੈ ? ਕੌਣ ਹੈ, ਇਸ

www.sikhbookclub.com

ਸ਼ਬਦ ਨੂੰ ਸੁਣ ਕੇ ਪਿਘਲ ਨਹੀਂ ਜਾਂਦਾ ? ਸੂਲ ਨੂੰ ਸੁਰਾਹੀ ਅਤੇ ਖੰਜਰ ਨੂੰ ਪਿਆਲਾ ਸਮਝਣ ਵਾਲਾ ਸ਼ਾਇਰ ਅਸਲ ਵਿਚ ਕੋਈ ਆਮ ਵਿਅਕਤੀ ਨਹੀਂ ਸਗੋਂ ਉਹ ਸ਼ਖ਼ਸੀਅਤ ਹੈ ਜਿਸ ਨੇ ਆਪਣੇ ਮਾਸੂਮ ਬੱਚਿਆਂ ਦੀ ਕੁਰਬਾਨੀ ਦਿੱਤੀ ਹੋਈ ਹੈ। ਇਸੇ ਤਰ੍ਹਾਂ "ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ" ਵਾਲਾ ਸ਼ਬਦ ਕਾਇਰ ਤੋਂ ਕਾਇਰ ਵਿਅਕਤੀ ਨੂੰ ਵੀ ਇਕ ਵਾਰ ਹਲੂਣਾ ਦੇ ਜਾਂਦਾ ਹੈ।

ਜਾਪੁ ਸਾਹਿਬ ਵਿਚ ਨਮਸਤੰ, ਨਮੋ ਸਰਬੰ, ਕਿ ਚੱਤ੍ਰ ਚੱਕ੍ਰ ਆਦਿ ਸ਼ਬਦਾਂ ਨਾਲ ਤੁਕਾਂ ਅਰੰਭ ਕਰਨ ਦਾ ਦੁਹਰਾਉ ਅਤਿ ਸੁਰੀਲੀ ਲੈਅ ਪੈਦਾ ਕਰਦਾ ਹੈ। ਪਾਠ ਕਰਦਿਆਂ ਆਪਣੇ ਆਪ ਹੀ ਕਾਵਿਕ ਰਵਾਨਗੀ ਨਦੀ ਦੇ ਪਾਣੀ ਵਾਂਗ ਵਹਿ ਤੁਰਦੀ ਹੈ। ਬਹੁਤ ਸਾਰੀਆਂ ਤੁਕਾਂ ਦੇ ਅੰਤ 'ਤੇ 'ਹੈ' ਸ਼ਬਦ ਦਾ ਦੁਹਰਾਉ ਵੀ ਸੰਗੀਤ ਪੈਦਾ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਇਸ਼ਟ ਪ੍ਰਤੀ ਸਪੱਸ਼ਟ ਹਨ, ਆਪਣੇ ਵਿਸ਼ੇ ਬਾਰੇ ਉਨ੍ਹਾਂ ਨੂੰ ਕੋਈ ਦੁਬਿਧਾ ਨਹੀਂ ਅਤੇ ਉਹ ਜੋ ਕੁਝ ਕਹਿੰਦੇ ਹਨ, ਡੰਕੇ ਦੀ ਚੋਟ ਨਾਲ ਕਹਿੰਦੇ ਹਨ। ਵਿਸ਼ੇ ਦੀ ਸਪੱਸ਼ਟਤਾ ਇਨ੍ਹਾਂ ਤੁਕਾਂ ਤੋਂ ਸੁਤੇ-ਸਿਧ ਪ੍ਰਗਟ ਹੁੰਦੀ ਹੈ :

— ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥

(ਤ੍ਵ ਪ੍ਰਸਾਦਿ ਸਵੱਯੇ)

— ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥...
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ)

ਗੁਰੂ ਜੀ ਦੀ ਕਲਮ ਦਾ ਪ੍ਰਭਾਵ ਇਸ ਇਤਿਹਾਸਕ ਤੱਥ ਤੋਂ ਵੀ ਪ੍ਰਗਟ ਹੈ ਕਿ 'ਜ਼ਫ਼ਰਨਾਮਾ' ਪੜ੍ਹ ਕੇ ਔਰੰਗਜ਼ੇਬ ਬਾਦਸ਼ਾਹ ਦਾ ਚਿਹਰਾ ਪੀਲਾ ਪੈ ਗਿਆ ਸੀ ਅਤੇ ਹੱਥ ਕੰਬਣ ਲੱਗ ਪਏ ਸਨ। ਕਲਮ ਦੁਆਰਾ ਪ੍ਰਗਟ ਕੀਤਾ ਗਿਆ ਸੱਚ ਏਨਾ ਪ੍ਰਭਾਵਸ਼ਾਲੀ ਸੀ ਕਿ ਔਰੰਗਜ਼ੇਬ ਦਾ ਅੰਦਰਲਾ ਫ਼ਰੇਬ ਕੰਬ ਉਠਿਆ। 'ਫ਼ਤਹਿਨਾਮਾ' ਚਿੱਠੀ ਪੜ੍ਹ ਕੇ ਵੀ ਔਰੰਗਜ਼ੇਬ ਬੜਾ ਪ੍ਰਭਾਵਿਤ ਹੋਇਆ ਸੀ। ਗੁਰੂ ਜੀ ਨੇ ਸੱਚਾਈ ਦਾ ਬਿਆਨ ਸਪੱਸ਼ਟ ਸ਼ਬਦਾਂ ਵਿਚ ਕੀਤਾ ਸੀ ਅਤੇ ਪੂਰੇ ਤਰਕਮਈ ਢੰਗ ਨਾਲ ਔਰੰਗਜ਼ੇਬ ਨੂੰ ਝੂਠਾ ਸਾਬਤ ਕੀਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਕਲਮ ਦੇ ਧਨੀ ਹੀ ਨਹੀਂ ਸਗੋਂ ਕਲਮ ਦੇ ਬੜੇ ਵੱਡੇ ਸਰਪ੍ਰਸਤ ਵੀ ਸਨ। ਆਪ ਕਵੀਆਂ ਅਤੇ ਕਲਾਕਾਰਾਂ ਦੀ ਪੂਰੀ-ਪੂਰੀ ਕਦਰ ਕਰਦੇ ਸਨ। ਭਾਈ ਨੰਦ ਲਾਲ ਜੀ ਅਤੇ ਭਾਈ ਮਨੀ ਸਿੰਘ ਜੀ ਵਰਗੇ ਹੀਰੇ ਆਪ ਜੀ ਦੇ ਸਾਹਿਤਕ ਦਰਬਾਰ ਦੀ ਸ਼ਾਨ ਸਨ। ਉਸ ਜ਼ਮਾਨੇ ਦੇ ਹਿਸਾਬ ਨਾਲ ਬਵੰਜਾ ਕਵੀਆਂ ਦੀ ਮੌਜੂਦਗੀ ਕੋਈ ਮਾੜੀ-ਮੋਟੀ ਗੱਲ ਨਹੀਂ ਹੈ। ਲੜਾਈ ਦੇ ਸਮੇਂ ਵਿਚ ਬੀਰ-ਰਸੀ ਸਾਹਿਤ ਦੀ ਭੂਮਿਕਾ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਇਸੇ ਗੱਲ ਨੂੰ ਦੇਖਦੇ ਹੋਏ ਗੁਰੂ ਜੀ ਨੇ ਵਾਰਾਂ ਦੇ ਗਾਇਨ ਨੂੰ ਉਤਸ਼ਾਹਿਤ ਕੀਤਾ ਅਤੇ ਵਿਸ਼ੇਸ਼ ਕਵੀ-ਦਰਬਾਰ ਵੀ ਕਰਵਾਏ। ਬੀਰ-ਰਸੀ ਜਜ਼ਬਾ ਭਰਨ ਲਈ ਇਹ ਕੰਮ ਬਹੁਤ ਜ਼ਰੂਰੀ ਸੀ।

ਆਪਣੀਆਂ ਅਤੇ ਬਵੰਜਾ ਕਵੀਆਂ ਦੀਆਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਨੇ ਪੁਰਾਤਨ ਰਚਨਾਵਾਂ ਦਾ ਅਨੁਵਾਦ ਵੀ ਕਰਾਇਆ। ਇਹ ਕਲਮ ਜਾਂ ਸਾਹਿਤ ਦੇ ਖੇਤਰ ਵਿਚ ਇਕ ਬੜਾ ਵੱਡਾ

www.sikhbookclub.com

ਇਤਿਹਾਸਕ ਕਦਮ ਸੀ। ਇਸ ਕੰਮ ਲਈ ਸੰਸਕ੍ਰਿਤ ਦਾ ਗਿਆਨ ਬਹੁਤ ਜ਼ਰੂਰੀ ਸੀ। ਜਦੋਂ ਪਾਉਂਟਾ ਸਾਹਿਬ ਵਿਖੇ ਪੰਡਤ ਰਘੁਨਾਥ ਦਾਸ ਨੇ ਪੰਜ ਸਿੱਖਾਂ ਨੂੰ ਗੈਰ-ਬ੍ਰਾਹਮਣ ਹੋਣ ਕਰਕੇ ਸੰਸਕ੍ਰਿਤ ਪੜ੍ਹਾਉਣ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਜੀ ਨੇ ਉਨ੍ਹਾਂ ਸਿੱਖਾਂ ਨੂੰ ਬਨਾਰਸ ਭੇਜਿਆ। ਇਹ ਸਿੱਖ 'ਨਿਰਮਲੇ ਸੰਤ' ਅਖਵਾਏ ਅਤੇ ਇਨ੍ਹਾਂ ਨੇ ਬਨਾਰਸ ਜਾ ਕੇ ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤ ਕੀਤੀ।

ਪੁਰਾਣੇ ਸਮਿਆਂ ਵਿਚ ਪ੍ਰਿੰਟਿੰਗ ਪ੍ਰੈਸ ਨਾ ਹੋਣ ਕਰਕੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਤਾਰੇ ਕਰਿਆ ਕਰਦੇ ਸਨ। ਇਸ ਤਰ੍ਹਾਂ ਹੱਥ-ਲਿਖਤ ਬੀੜਾਂ ਤਿਆਰ ਹੋ ਜਾਂਦੀਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜ਼ਰੂਰੀ ਕੰਮ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਭਾਈ ਮਨੀ ਸਿੰਘ ਜੀ ਤੋਂ ਆਪ ਜੀ ਨੇ ਹੱਥ-ਲਿਖਤ ਬੀੜ ਤਿਆਰ ਕਰਵਾਈ। ਇਸ ਦੇ ਨਾਲ ਹੀ ਆਪ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਰਾਗਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਸ਼ਾਮਲ ਕਰਵਾਇਆ। ਇਹ ਮਾਣ ਵੀ ਆਪ ਜੀ ਨੂੰ ਹੀ ਪ੍ਰਾਪਤ ਹੈ ਕਿ ਸਥਾਈ ਤੌਰ 'ਤੇ ਸਦਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ-ਗੁਰੂ ਨੂੰ ਗੁਰੂ ਸਵਿਕਾਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰੂ ਪੰਥ ਨੂੰ ਫੈਸਲੇ ਕਰਨ ਦਾ ਅਧਿਕਾਰ ਦਿੱਤਾ। ਗੁਰੂ ਜੀ ਦਾ ਇਹ ਕਦਮ ਬਾਣੀ ਨੂੰ ਗੁਰੂ ਮੰਨਣ ਅਤੇ ਦੂਜੇ ਲਫ਼ਜ਼ਾਂ ਵਿਚ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਕਲਮ ਨੂੰ ਇਕ ਸਿਜਦਾ ਵੀ ਸੀ।

ਅਨੰਦਪੁਰ ਸਾਹਿਬ, ਦਮਦਮਾ ਸਾਹਿਬ (ਤਲਵੰਡੀ ਸਾਬੋ) ਅਤੇ ਪਾਉਂਟਾ ਸਾਹਿਬ—ਤਿੰਨਾਂ ਪਵਿੱਤਰ ਸਥਾਨਾਂ ਦੀ ਧਰਤੀ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਇਥੇ 'ਕਲਮ ਦੇ ਧਨੀ' ਨੇ ਕੇਵਲ ਕਲਮ ਚਲਾਈ ਹੀ ਨਹੀਂ ਸਗੋਂ ਰੱਜ ਕੇ ਕਲਮ ਦੀ ਸਰਪ੍ਰਸਤੀ ਵੀ ਕੀਤੀ ਹੈ। ਦਮਦਮਾ ਸਾਹਿਬ ਨੂੰ ਤਾਂ 'ਗੁਰੂ ਕੀ ਕਾਸ਼ੀ' ਵੀ ਕਿਹਾ ਜਾਂਦਾ ਹੈ। ਉਪਰੋਕਤ ਤਿੰਨੇ ਸਥਾਨ ਗੁਰੂ ਜੀ ਦੇ ਸਮੇਂ ਵਿੱਦਿਆ ਅਤੇ ਸਾਹਿਤ ਦੇ ਮੁੱਖ ਕੇਂਦਰ ਰਹੇ ਹਨ। ਰਾਜਾ ਮੇਦਨੀ ਪ੍ਰਕਾਸ਼ ਦੇ ਦਿਲ ਵਿਚ ਸ਼ਰਧਾ ਸੀ ਕਿ ਗੁਰੂ ਜੀ ਉਸ ਦੀ ਰਿਆਸਤ ਵਿਚ ਰਹਿਣ। ਉਸ ਦੀ ਇਹ ਸ਼ਰਧਾ ਵੇਖਦੇ ਹੋਏ ਗੁਰੂ ਜੀ ਨੇ ਜਮਨਾ ਨਦੀ ਦੇ ਕੰਢੇ 'ਤੇ ਪਾਉਂਟਾ ਸਾਹਿਬ ਵਿਖੇ ਟਿਕਾਣਾ ਕੀਤਾ। ਇਥੇ ਕਵੀ-ਦਰਬਾਰ ਕਰਵਾਏ, ਕਵੀਆਂ ਨੂੰ ਮਾਣ-ਤਾਣ ਦਿੱਤਾ। ਆਪ ਜੀ ਨੇ ਖੁਦ ਵੀ ਪਹਾੜੀ ਨਦੀ ਜਮਨਾ ਦੀ ਸੁਹਾਵਣੀ ਇਕਾਂਤ ਵਿਚ ਬੈਠ ਕੇ ਬਾਣੀ ਦੀ ਰਚਨਾ ਕੀਤੀ। ਲਾਲਾ ਦੌਲਤ ਰਾਏ ਨੇ ਗੁਰੂ ਜੀ ਨੂੰ 'ਮਹਾਂ ਕਵੀ, ਧਾਰਮਿਕ ਨੇਤਾ, ਚੋਟੀ ਦੇ ਸੁਧਾਰਕ, ਮੰਨੇ-ਪਰਮੰਨੇ ਵਿਦਵਾਨ ਅਤੇ ਬਹੁਤ ਵੱਡੇ ਬਲਵਾਨ ਯੋਧੇ ਤੇ ਜਰਨੈਲ' ਆਖਿਆ ਹੈ। ਕਨਿੰਘਮ ਤਾਂ ਗੁਰੂ ਜੀ ਦੇ ਜੀਵਨ ਵਿਚਲੀ ਘਾਲਣਾ ਤੋਂ ਏਨਾ ਪ੍ਰਭਾਵਿਤ ਸੀ ਕਿ ਉਸ ਦੇ ਮੁਤਾਬਿਕ ਗੁਰੂ ਜੀ ਦੇ ਜੀਵਨ ਦੇ ਅਧਿਐਨ ਲਈ ਸਾਨੂੰ ਇਕ ਤੇਜ਼ ਰਫ਼ਤਾਰ ਘੋੜੇ ਜਿੰਨਾ ਤੇਜ਼ ਹੋਣ ਦੀ ਲੋੜ ਹੈ। ਸੱਚਮੁਚ ਹੀ ਬਹੁਤ ਹੈਰਾਨੀ ਹੁੰਦੀ ਹੈ ਕਿ ਬਤਾਲੀ ਸਾਲਾਂ ਦੀ ਛੋਟੀ ਜਿਹੀ ਅਤੇ ਉਹ ਵੀ ਘੱਲੂਘਾਰਿਆਂ ਨਾਲ ਓਤ-ਪੋਤ ਉਮਰ ਵਿਚ ਏਨੀ ਉਚ-ਪਾਏ ਦੀ ਅਤੇ ਏਨੀ ਮਾਤਰਾ ਵਿਚ ਬਾਣੀ ਰਚੇ ਜਾਣਾ ਕਿਵੇਂ ਸੰਭਵ ਹੈ ! ਪਰ ਨਹੀਂ, ਗੁਰੂ ਜੀ ਵਰਗੀ ਅਗੰਮੀ ਸ਼ਖ਼ਸੀਅਤ ਲਈ ਇਹ ਕੋਈ ਅਸੰਭਵ ਗੱਲ ਨਹੀਂ। ਆਪ ਜੀ ਇਕ ਰੂਹਾਨੀ ਸ਼ਖ਼ਸੀਅਤ ਸਨ। ਆਪ ਜੀ ਅਕਾਲ ਪੁਰਖ ਦੁਆਰਾ ਧੁਰੋਂ ਵਰੋਸਾਏ ਹੋਏ ਸਨ। ਫਿਰ 'ਅਸੰਭਵ' ਸ਼ਬਦ ਹੀ ਕਿੱਥੇ ? ਬਸ ਸਾਡਾ ਤਾਂ ਗੁਰੂ ਜੀ ਦੀ ਤੇਗ ਅਤੇ ਕਲਮ ਅੱਗੇ ਸਿਰ ਝੁਕਾਉਣਾ ਹੀ ਬਣਦਾ ਹੈ !

(1/2008)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਕਵੀ ਦੇ ਰੂਪ ਵਿਚ)

ਸਮੂਹ ਜਗਤ ਦੇ ਪ੍ਰਾਣੀ ਆਪਣੇ ਮਨੋਭਾਵਾਂ ਅਰਥਾਤ ਵਿਚਾਰਾਂ ਨੂੰ ਪ੍ਰਗਟਾਉਣ ਲਈ ਦੋ ਹੀ ਢੰਗ ਵਰਤਦੇ ਆਏ ਹਨ ਜਿਨ੍ਹਾਂ ਨੂੰ ਪੰਜਾਬੀ ਵਿਚ ਕਵਿਤਾ ਤੇ ਵਾਰਤਕ ਅਤੇ ਉਰਦੂ ਭਾਸ਼ਾ ਵਿਖੇ ਨਸਰ ਤੇ ਨਜ਼ਮ ਕਿਹਾ ਜਾਂਦਾ ਹੈ। ਵਾਰਤਕ ਰਾਹੀਂ ਵਿਚਾਰਾਂ ਦਾ ਪ੍ਰਗਟਾ ਇਕ ਬਗ਼ੀਚੇ ਦੇ ਵੰਨ-ਸਵੰਨੇ ਬੂਟਿਆਂ ਅਤੇ ਉਨ੍ਹਾਂ ਦੇ ਫੁੱਲਾਂ ਦੇ ਫਲਾਂ ਦਾ ਵਿਸਥਾਰ ਹੈ। ਪ੍ਰੰਤੂ, ਕਵਿਤਾ ਫਲਾਂ ਦੇ ਗੁੱਛਿਆਂ ਅਤੇ ਫੁੱਲਾਂ ਦੇ ਗੁਲਦਸਤਿਆਂ ਦਾ ਨਾਮ ਹੈ, ਕਿਉਂਕਿ ਕਵੀ ਕਈ ਪ੍ਰਕਾਰ ਦੇ ਖ਼ਿਆਲਾਂ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿਚ ਪਿੰਗਲਕ ਨਿਯਮਾਂ ਦੁਆਰਾ ਪੇਸ਼ ਕਰਦਾ ਹੈ।

ਕਵੀ ਕਹੋ ਜਾਂ ਸ਼ਾਇਰ ਇਕ ਹੀ ਗੱਲ ਹੈ, ਇਹ ਦੋ ਤਰ੍ਹਾਂ ਦੇ ਹੁੰਦੇ ਹਨ—ਕਾਲਪਨਿਕ ਤੇ ਅਕਾਲਪਨਿਕ। ਕਾਲਪਨਿਕ ਕਵੀ ਉਹ ਹਨ, ਜਿਨ੍ਹਾਂ ਦੀ ਕਾਵਿ ਵਿਚ ਕਲਪਨਾ ਦੀ ਉਡਾਰੀ ਤਾਂ ਹੈ, ਪਰ ਜ਼ਿੰਦਗੀ ਦਾ ਅਨੁਭਵ ਨਹੀਂ। ਜੋ ਕਿਹਾ ਜਾ ਰਿਹਾ ਹੈ ਉਹ ਨਾ ਡਿੱਠਾ ਹੈ, ਨਾ ਉਸ ਦਾ ਕੋਈ ਰਸ ਮਾਣਿਆ ਹੈ, ਕੇਵਲ ਸ਼ਬਦ ਜਾਲ ਹੈ। ਪ੍ਰੰਤੂ, ਅਕਾਲਪਨਿਕ ਕਵੀ ਉਹ ਹਨ, ਜਿਨ੍ਹਾਂ ਦੀ ਕਵਿਤਾ ਆਤਮਾ ਦੀ ਡੂੰਘਾਈ ਵਿੱਚੋਂ ਨਿਕਲਦੀ ਹੈ। ਸਤਿਗੁਰਾਂ ਦੇ ਸ਼ਬਦਾਂ ਵਿਚ :

ਸੋ ਬੋਲਹਿ ਜੋ ਪੇਖਹਿ ਆਖੀ ॥ *(ਪੰਨਾ ੮੯੪)*

ਵਾਲੀ ਹਕੀਕਤ ਹੁੰਦੀ ਹੈ। ਕਲਪਨਾ ਦੇ ਅਧਾਰ 'ਤੇ ਕਵਿਤਾ ਰਚਨੀ ਇਉਂ ਹੀ ਹੈ ਜਿਵੇਂ ਖੂਹ ਵਿੱਚੋਂ ਡੋਲ ਨੂੰ ਰੱਸੀ ਬੰਨ੍ਹ ਕੇ ਪਾਣੀ ਦਾ ਖਿੱਚਣਾ। ਪਰ, ਅਕਾਲਪਨਿਕ ਕਵਿਤਾ ਇਉਂ ਹੈ, ਜਿਵੇਂ ਕਿਸੇ ਝਰਨੇ ਦਾ ਟੁੱਟਣਾ। ਸਾਧਾਂ ਦੀ ਕਾਵਿ ਤਾਂ ਅੰਮ੍ਰਿਤ ਝਰਨੇ ਹੀ ਹਨ। ਗੁਰ ਪ੍ਰਮਾਣ ਹੈ :

ਬਾਣੀ ਉਚਰਹਿ ਸਾਧ ਜਨ, ਅਮਿਉ ਚਲਹਿ ਝਰਣੇ ॥ *(ਪੰਨਾ ੩੨੦)*

ਇਸ ਸ਼੍ਰੇਣੀ ਦੇ ਕਵੀ-ਜਨ ਦੈਵੀ ਪੁਰਸ਼ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਰਿਸ਼ੀ ਭਗਤ ਜਾਂ ਗੁਰੂ ਕਹਿ ਕੇ ਸਤਿਕਾਰਦੇ ਹਾਂ।

ਅਕਾਲ ਪੁਰਖ ਦੇ ਨਿਵਾਜੇ ਸੁਤ, ਪਰਮ ਪੁਰਖ ਵਾਹਿਗੁਰੂ ਜੀ ਦੇ ਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਅਦੁੱਤੀ ਸ਼ਖ਼ਸੀਅਤ ਨੂੰ ਸਮਕਾਲੀ ਤੇ ਬਾਅਦ ਦੇ ਇਤਿਹਾਸਕਾਰਾਂ, ਪੜਚੋਲੀਆਂ, ਕਵੀਆਂ, ਮਨਮਤੀਆਂ ਤੇ ਸ਼ਰਧਾਲੂਆਂ ਵੱਲੋਂ, ਜਿੰਨੀ ਜਿੰਨੀ ਕਿਸੇ ਦੀ ਉਡਾਰੀ ਤੇ ਗਮਤਾ ਸੀ, ਉਥੋਂ ਉਥੋਂ ਤਕ ਰੂਪਮਾਨ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ। ਜੇ ਇਕ ਸ਼੍ਰੇਣੀ ਨੇ ਮਰਦ ਅਗੰਮੜਾ, ਪੂਰਨ ਪੁਰਖ ਕਰ ਕੇ ਵਡਿਆਇਆ ਹੈ ਤਾਂ ਦੂਜਿਆਂ ਨੇ ਸਰਬੰਸ ਦਾਨੀ, ਅਦੁੱਤੀ ਜੋਧਾ ਤੇ ਪੰਥ-ਉਸਰਈਆ ਕਰ ਕੇ ਪੂਜਿਆ ਹੈ ਪਰ ਜੇਕਰ ਉਸ ਸਰਬ-ਗੁਣ ਨਿਪੁੰਨ ਸਤਿਗੁਰੂ ਨੂੰ ਕਾਵਿਕ

www.sikhbookclub.com

ਨਜ਼ਰੀਏ ਤੋਂ ਵੇਖੀਏ ਤਾਂ ਉਹ ਸਭ ਦੇ ਸਿਰਤਾਜ ਕਵੀ ਹਨ। ਇਨ੍ਹਾਂ ਦੀ 'ਸ੍ਰੀ ਦਸਮ ਗ੍ਰੰਥ' ਵਿਖੇ ਅੰਮ੍ਰਿਤ ਬਾਣੀ ਕਾਵਿ ਸਾਹਿਤ ਦੀ ਮਹਾਨ ਰੂਹਾਨੀ-ਦੈਵੀ ਰਚਨਾ ਹੈ। ਸੋ ਇਸ ਮਹਾਨ ਗ੍ਰੰਥ ਵਿੱਚੋਂ ਇਸ ਤਰ੍ਹਾਂ ਬਾਣੀ ਰੂਪ ਚੁਣਿਆ ਜਾ ਸਕਦਾ ਹੈ :

ਜਾਪੁ ਸਾਹਿਬ	ਅਕਾਲ ਉਸਤਤਿ
ਬਚਿਤ੍ਰ ਨਾਟਕ	ਗਿਆਨ ਪ੍ਰਬੋਧ
ਸ਼ਬਦ ਹਜ਼ਾਰੇ	ਚੰਡੀ ਚਰਿਤ੍ਰ
ਤੇਤੀ ਸਵੱਯੇ	ਸ੍ਰੀ ਸ਼ਸਤ੍ਰ ਨਾਮ ਮਾਲਾ, ਅਤੇ ਜ਼ਫ਼ਰਨਾਮਾ ਆਦਿ।

ਜੇਕਰ ਕੇਵਲ ਜਾਪੁ ਸਾਹਿਬ ਦੀ ਰੌਸ਼ਨੀ ਵਿਚ ਹੀ ਦਸਮ ਪਾਤਸ਼ਾਹ ਦੇ ਇਕ ਕਵੀ ਦੇ ਪੱਖੋਂ ਦੀਦਾਰ ਕਰੀਏ ਤਾਂ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ।

'ਜਾਪੁ ਸਾਹਿਬ' ਦਸਮ ਗ੍ਰੰਥ ਦੀ ਪ੍ਰਥਮ ਬਾਣੀ ਹੈ ਜਿਵੇਂ ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ 'ਜਪੁ ਸਾਹਿਬ'। ਜਾਪੁ, ਦਸਮ ਗੁਰੂ ਜੀ ਦੀ ਇਕ ਅਜਿਹੀ ਰਚਨਾ ਹੈ, ਜਿਸ ਦੀ ਪ੍ਰਮਾਣਿਕਤਾ 'ਤੇ ਕਿਸੇ ਨੂੰ ਸੰਦੇਹ ਨਹੀਂ ਹੈ। ਇਸ ਰਚਨਾ ਵਿਚ ਸ਼ਾਂਤ-ਰਸ ਤੇ ਬੀਰ-ਰਸ, ਜੋ ਕਾਵਿ ਦੇ ਪ੍ਰਧਾਨ ਰਸ ਹਨ, ਦਾ ਸੁਮੇਲ ਹੈ। ਇਸ ਲਈ ਇਹ ਬਾਣੀ ਜਿਥੇ ਨਾਮ-ਰਸੀਆਂ ਨੂੰ ਭਗਤੀ ਪ੍ਰਦਾਨ ਕਰਦੀ ਹੈ, ਉਥੇ ਸ਼ਕਤੀ ਵੀ ਬਖ਼ਸ਼ਦੀ ਹੈ, ਸੰਤ-ਸਿਪਾਹੀ ਬਣਾਉਂਦੀ ਹੈ। 'ਜਾਪੁ' 199 ਅੰਗਾਂ ਵਿਚ ਉਚਾਰੀ ਬਾਣੀ ਕਿਸੇ ਜ਼ਬਾਨ ਦੀ ਮੁਥਾਜ ਨਹੀਂ ਅਤੇ ਨਾ ਹੀ ਇਕ ਦੋ ਛੰਦਾਂ ਵਿਚ ਬੱਝੀ ਹੈ, ਸਗੋਂ ਦਸ ਪ੍ਰਕਾਰ ਦੇ ਵੱਖੋ-ਵੱਖ ਛੰਦਾਂ ਨਾਲ ਸ਼ਿੰਗਾਰੀ ਹੈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਛਪੈ, ਭੁਯੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ, ਹਰਿਬੋਲਮਨਾ, ਚਰਪਟ, ਮਧੁਭਾਰ ਤੇ ਏਕ ਅਛਰੀ ਛੰਦ।

ਕਾਵਿ ਵਿਚ ਨੌਂ ਰਸ ਮੰਨੇ ਗਏ ਹਨ, ਦਸਮ ਪਾਤਸ਼ਾਹ ਦੀ ਰਚਿਤ ਬਾਣੀ ਵਿੱਚੋਂ ਸਭ ਦੇ ਝਲਕਾਰੇ ਵੱਜਦੇ ਹਨ। ਉਨ੍ਹਾਂ ਦੀ ਸਾਰੀ ਹੀ ਬਾਣੀ ਵਿਚ ਬੀਰ-ਰਸ ਵਧੇਰੇ ਪ੍ਰਬਲ ਹੈ, ਜਿਵੇਂ—ਬਚਿਤ੍ਰ ਨਾਟਕ ਵਿਖੇ ਰਚਿਤ ਤ੍ਰਿਭੰਗੀ ਛੰਦ ਪੜ੍ਹਦਿਆਂ ਖ਼ੂਨ ਖੌਲ ਉਠਦਾ ਹੈ ਤੇ ਡੌਲੇ ਫ਼ਰਕਣ ਲੱਗ ਪੈਂਦੇ ਹਨ। ਰਵਾਨਗੀ ਵੀ ਕਮਾਲ ਦੀ ਹੈ :

ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰ ਬੰਡੰ ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤਿ ਅਮੰਡੰ, ਭਾਨ ਪ੍ਰਭੰ ॥ (ਅਧਿ: ੧)

ਸ਼ਾਂਤਿ ਰਸ

(ੳ) ਰਾਮਕਲੀ ਪਾਤਿਸ਼ਾਹੀ ੧੦ ॥
ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ, ਸਬੈ ਕਰ ਸਮਝਹੁ,
ਮਨ ਹੀ ਮਾਹਿ ਉਦਾਸਾ ॥ (ਸ਼ਬਦ ਹਜ਼ਾਰੇ ਪਾ: ੧੦)

www.sikhbookclub.com

(ਅ) ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜਨ ਸਮਰਥ ਸਦਾ ਪ੍ਰਭ,
ਜਾਨਤ ਹੈ ਕਰਤਾਰ ॥ *(ਉਹੀ)*

ਰੌਦਰ ਰਸ

ਖੱਗ ਲੈ ਕਾਲੀ ਅਉ ਚੰਡੀ ਕੁਵੰਡਿ,
ਬਿਲੋਕ ਕੈ ਦਾਨਵ ਇਉ ਦਬਟੇ ਹੈ ॥
ਕੇਤਕ ਚਾਬ ਗਈ, ਮੁਖਿ ਕਾਲਕਾ,
ਕੇਤਿਨ ਕੇ ਸਿਰ ਚੰਡਿ ਕਟੇ ਹੈ ॥
ਸ੍ਰਉਨਤ ਸਿੰਧ ਭਇਓ ਧਰ ਮੈ,
ਰਨ ਛਾਡ ਗਏ ਇਕ ਦੈਤ ਫਟੇ ਹੈ ॥
ਸੁੰਭ ਪੈ ਜਾਇ ਕਹੀ ਤਿਨ ਇਉ,
ਬਹੁ ਬੀਰ ਮਹਾਂ ਤਿਹ ਠਉਰ ਲਟੇ ਹੈ ॥੧੯੨॥ *(ਦਸਮ ਗ੍ਰੰਥ, ਪੰਨਾ ੯੩)*

ਇਸੇ ਤਰ੍ਹਾਂ ਸ਼ਿੰਗਾਰ ਰਸ ਵੀ ਸਿਖ਼ਰਾਂ 'ਤੇ ਮਿਲਦਾ ਹੈ। ਦਸਮ ਗ੍ਰੰਥ ਵਿਖੇ ਅੰਕਤ ਕ੍ਰਿਸ਼ਨਾ ਅਵਤਾਰ ਵਿਚ ਰਾਧਾ ਕ੍ਰਿਸ਼ਨ ਨੂੰ ਮਿਲਣ ਜਾ ਰਹੀ ਹੈ। ਉਹ ਚਿੱਟੀ ਸਾੜ੍ਹੀ ਪਹਿਨ ਕੇ, ਚਿੱਟੇ ਮੋਤੀਆਂ ਦੀ ਮਾਲਾ ਗਲ ਵਿਚ ਅਤੇ ਚਾਂਦੀ ਦੇ ਚਿੱਟੇ ਝੁਮਕੇ ਕੰਨਾਂ ਵਿਚ ਪਾ ਕੇ ਜਦੋਂ ਨਿਕਲਦੀ ਹੈ ਤਾਂ ਮਾਨੋਂ ਰਾਤ ਦੀ ਚਾਂਦਨੀ ਵਿਚ ਚਾਂਦਨੀ ਦਾ ਰੂਪ ਹੋ ਗਈ ਹੈ :

ਮੋਤਿਨ ਕੇ ਹਾਰ ਗਰੇ ਡਾਰ ਰੁਚ ਸੋ ਸੁਧਾਰ,
ਕਾਨ੍ਹ ਜੂ ਪੈ ਚਲੀ ਕਬਿ ਸਜਾਮ ਰਸ ਕੇ ਲਈ ॥
ਸੇ ਤੈ ਸਾਜ ਸਾਜ ਚਲੀ ਸਾਵਰੇ ਕੀ ਪ੍ਰੀਤ ਕਾਜ,
ਚਾਂਚਨੀ ਮੈ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ ॥੫੩੯॥ *(ਉਹੀ, ਪੰਨਾ ੩੨੪)*

ਕਾਵਿ-ਰਸ ਦੇ ਨਾਲ ਅਲੰਕਾਰ ਵੀ ਕਵਿਤਾ ਦਾ ਮੁਖ ਅੰਗ ਹੈ। ਮਿਸਾਲ ਦੇ ਤੌਰ 'ਤੇ ਉਪਮਾ ਤੇ ਅਨੁਪ੍ਰਾਸ ਅਲੰਕਾਰ ਦੀਆਂ ਵੰਨਗੀਆਂ ਤੱਕੋ ਤਾਂ ਆਪਣੇ ਆਪ ਸੀਸ ਝੁਕ ਜਾਂਦਾ ਹੈ, ਉਸ ਅਰਸ਼ੀ ਕਵੀ ਅੱਗੇ।

ਉਪਮਾ ਅਲੰਕਾਰ

ਪੇਖਿ ਦਸੋ, ਦਿਸ ਤੇ ਬਹੁ ਦਾਨਵ,
ਚੰਡ ਪ੍ਰਚੰਡ ਤਚੀ ਅਖੀਆਂ ॥
ਤਬ ਲੈ ਕੇ ਕ੍ਰਿਪਾਨ ਜੁ ਕਾਟ ਦਏ,
ਅਰ ਫੂਲ ਗੁਲਾਬ ਕੀ ਜਿਉ ਪਖੀਆਂ ॥
ਸ੍ਰਉਨ ਕੀ ਛੀਟ ਪਰੀ ਤਨ ਚੰਡ ਕੇ,
ਸੋ ਉਪਮਾ ਕਵਿ ਨੇ ਲਖੀਆਂ ॥
ਜਨੁ ਕੰਚਨ ਮੰਦਰ ਮੈ ਜਰੀਆ ਜਰਿ,
ਤਾਲ ਮਨੀ ਜੁ ਬਨਾ ਰਖੀਆਂ ॥੧੯੪॥ *(ਉਹੀ, ਪੰਨਾ ੯੦)*

www.sikhbookclub.com

ਪਿਛਲੀ ਪੰਕਤੀ ਦੇ ਅਰਥ ਹਨ—

"ਜਿਵੇਂ ਸੋਨੇ ਦੇ ਮੰਦਰ ਵਿਚ ਜੜੀਏ ਨੇ,
ਲਾਲ ਮਨੀ ਜੜ ਕੇ, ਫਬਾ ਕੇ ਰਖੀ ਹੈ।"

ਅਨੁਪ੍ਰਾਸ ਅਲੰਕਾਰ

ਛੀਰ ਕੈ ਸੀ ਛੀਰਾਵਧ, ਛਾਛ ਕੈ ਸੀ ਛਤ੍ਰਾਨੇਰ
ਛਪਾਕਰ ਕੈ ਸੀ ਛਬ ਕਲਿੰਦ੍ਰੀ ਕੇ ਕੂਲ ਕੇ ॥੧੬੪॥

(ਦਸਮ ਗ੍ਰੰਥ, ਪੰਨਾ ੩੮)

ਜ਼ਫ਼ਰਨਾਮੇ ਦਾ ਮੁੱਢਲਾ ਸ਼ੇਅਰ ਵੀ ਅਨੁਪ੍ਰਾਸ ਅਲੰਕਾਰ ਦਾ ਬੇਹਤਰੀਨ ਨਮੂਨਾ ਹੈ—

ਕਮਾਲੇ ਕਰਾਮਾਤ, ਕਾਇਮ ਕਰੀਮ ॥
ਰਜ਼ਾ ਬਖਸ਼, ਰਾਜ਼ਿਕ, ਰਿਹਾਕੁਨ ਰਹੀਮ ॥੧॥ *(ਦਸਮ ਗ੍ਰੰਥ, ਪੰਨਾ ੧੩੮੯)*

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਆਪ ਨੂੰ ਸ਼ਾਇਰ ਕਹਿੰਦੇ ਹਨ, ਤਿਵੇਂ ਦਸਮ ਗੁਰਦੇਵ ਵੀ ਆਪਣੇ ਆਪ ਨੂੰ (ਕਬਿਓ ਵਾਚ) ਕਵੀ ਕਬੂਲਦੇ ਹਨ। ਇਸ ਨਿਰਭੈ ਕਵੀ ਨੇ ਜੋ ਕਹਿੰਦੇ ਹਨ:

ਕਹਿਯੋ ਪ੍ਰਭੂ ਸੁ ਭਾਖਿ ਹੌ ॥
ਕਿਸੂ ਨ ਕਾਨ ਰਾਖਿ ਹੌ ॥ *(ਬਚਿਤ੍ਰ ਨਾਟਕ, ਅਧਿ: ੬)*

ਭਾਰਤੀ ਜੀਵਨ ਨੂੰ ਜਿਵੇਂ ਵਿਕਸਤ ਕੀਤਾ, ਉਹ ਮਨੁੱਖੀ ਇਤਿਹਾਸ ਵਿਚ ਅਨੋਖੀ ਗੱਲ ਹੈ। ਦਸਮ ਬਾਨੀ ਨੇ ਰੰਕਾਂ ਨੂੰ ਰਾਉ, ਗਿੱਦੜਾਂ ਨੂੰ ਸ਼ੇਰ ਤੇ ਸੰਗਤ ਨੂੰ ਖ਼ਾਲਸਾ ਬਣਾ ਕੇ, ਕੱਖਾਂ ਦੀ ਤਰ੍ਹਾਂ ਉੱਡ ਜਾਣ ਵਾਲਿਆਂ ਨੂੰ ਵੱਡੀਆਂ ਤਾਕਤਾਂ ਨਾਲ ਟਕਰਾਅ ਦਿੱਤਾ। ਇਸ ਬਹਾਦਰ ਜਰਨੈਲ, ਸਰਬੰਸ ਦਾਨੀ ਤੇ ਮਰਦ ਅਗੰਮੜੇ ਦੀ ਜ਼ਿੰਦਗੀ ਦੇ ਜੀਵਨ ਚਰਿੱਤਰ ਜਿਥੇ ਸਾਰੀ ਦੁਨੀਆਂ ਨੂੰ ਦੰਗ ਕਰਦੇ ਹਨ, ਉਥੇ ਇਸ ਮਹਾਨ ਕਵੀ ਨੇ ਵੱਡੇ ਵੱਡੇ ਅਭਿਮਾਨੀਆਂ ਦੇ ਸਿਰ ਝੁਕਾ ਦਿੱਤੇ ਹਨ। ਉਨ੍ਹਾਂ ਦੀ ਬਾਨੀ ਦੇ ਬਲ-ਬੋਤੇ ਕੀ ਇਨਕਲਾਬ ਆਇਆ, ਇਸ ਦੀ ਸੁੰਦਰ ਤਸਵੀਰ ਭਾਈ ਗੁਰਦਾਸ (ਦੂਜੇ) ਇਉਂ ਖਿੱਚਦੇ ਹਨ—

ਜਾਗੇ ਸਿੰਘ ਬਲਵੰਤ ਬੀਰ ਸਭ ਦੁਸਟ ਖਪਾਏ।
ਦੀਨ ਮੁਹੰਮਦੀ ਉਠ ਗਇਓ ਹਿੰਦਕ ਠਹਿਰਾਏ।...
ਨਿਜ ਸੂਰ ਸਿੰਘ ਵਰਿਆਮੜੇ ਬਹੁ ਲਾਖ ਜਗਾਏ।...
ਤਿਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।...
ਸਭ ਤੁਰਕ ਮਲੇਛ ਖਪਾਇ ਕਰਿ ਸਚ ਬਨਤ ਬਨਾਏ।...
ਤਬ ਸਕਲ ਜਗਤ ਕਉ ਸੁਖ ਦੀਏ ਦੁਖ ਮਾਰਿ ਹਟਾਏ।...
ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧੭॥ *(ਵਾਰ ੪੧)*

(1/1984)

www.sikhbookclub.com

ਗੁਰ ਗੋਬਿੰਦ ਸੂਰਾ

ਦਸਮ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵਿਸ਼ਵ-ਇਤਿਹਾਸ ਦੇ ਇਕ ਅਨੋਖੇ ਅਤੇ ਅਲੌਕਿਕ ਸੂਰਮੇ ਹਨ। ਉਨ੍ਹਾਂ ਵਰਗਾ ਅਦੁੱਤੀ, ਨਿਡਰ ਅਤੇ ਸੱਚਾ-ਸੁੱਚਾ ਸੂਰਮਾ ਅਜੇ ਤਕ ਇਸ ਪ੍ਰਿਥਵੀ 'ਤੇ ਪੈਦਾ ਨਹੀਂ ਹੋਇਆ ਹੈ ਅਤੇ ਨਾ ਹੀ ਹੋਵੇਗਾ। ਇਸੇ ਲਈ ਭਾਈ ਗੁਰਦਾਸ ਜੀ ਨੇ ਉਨ੍ਹਾਂ ਦੀ ਉਸਤਤੀ ਵਿਚ ਲਿਖਿਆ ਹੈ :

ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।

'ਸੂਰਾ' ਲਫ਼ਜ਼ ਦਾ ਅਰਥ ਹੈ ਸੂਰਮਾ, ਬਹਾਦਰ, ਬੀਰ ਜਾਂ ਯੋਧਾ। 'ਸੂਰਮਾ' ਕਿਸ ਨੂੰ ਕਿਹਾ ਜਾਂਦਾ ਹੈ? ਸੂਰਮੇ ਦੀ ਪ੍ਰੀਭਾਸ਼ਾ ਕੀ ਹੈ? ਆਮ ਤੌਰ 'ਤੇ ਜੰਗ ਵਿਚ ਕਮਾਲ ਦਿਖਾਉਣ ਵਾਲੇ ਤੇ ਤਲਵਾਰ ਜਾਂ ਕਿਸੇ ਹੋਰ ਸ਼ਸਤਰ ਦੇ ਧਨੀ ਨੂੰ ਹੀ 'ਸੂਰਮਾ' ਕਿਹਾ ਜਾਂਦਾ ਹੈ। ਪਰ ਇਹ 'ਸੂਰਮਾ' ਸ਼ਬਦ ਦੀ ਠੀਕ ਵਿਆਖਿਆ ਨਹੀਂ ਹੈ। ਵਾਸਤਕ ਵਿਚ 'ਸੂਰਮਾ' ਉਸ ਨੂੰ ਕਿਹਾ ਜਾਣਾ ਚਾਹੀਦਾ ਹੈ ਜੋ ਜੀਵਨ ਦੇ ਕਿਸੇ ਭੀ ਖੇਤਰ ਵਿਚ ਸੂਰਮਤਾਈ ਜਾਂ ਬਹਾਦਰੀ ਦਿਖਾਏ, ਭਾਵੇਂ ਇਹ ਖੇਤਰ ਲੜਾਈ ਦੇ ਮੈਦਾਨ ਦਾ ਹੋਵੇ, ਭਾਵੇਂ ਧਰਮ ਦਾ ਖੇਤਰ ਹੋਵੇ, ਭਾਵੇਂ ਕਰਮ-ਖੇਤਰ ਹੋਵੇ ਅਤੇ ਭਾਵੇਂ ਇਹ ਖੇਤਰ ਦਾਨ-ਪੁੰਨ ਕਰਨ ਦਾ ਹੋਵੇ। ਇਸੇ ਲਈ ਸੰਸਕ੍ਰਿਤ ਨਾਟਕ ਦੇ ਅਚਾਰੀਆ ਨੇ ਨਾਟਕ ਦੇ ਹੀਰੋ ਦੇ ਗੁਣਾਂ ਦਾ ਵਰਨਣ ਕਰਦਿਆਂ ਨਾਇਕ ਦਾ ਬੀਰ ਜਾਂ ਬਹਾਦਰ ਹੋਣਾ ਲਾਜ਼ਮੀ ਕਰਾਰ ਦਿੱਤਾ ਹੈ। ਉਨ੍ਹਾਂ ਨੇ ਬੀਰ ਜਾਂ ਸੂਰਮੇ ਚਾਰ ਪ੍ਰਕਾਰ ਦੇ ਸਵੀਕਾਰ ਕੀਤੇ ਹਨ—ਯੁੱਧ-ਬੀਰ, ਧਰਮ-ਬੀਰ, ਕਰਮ-ਬੀਰ ਅਤੇ ਦਾਨ-ਬੀਰ ਪਰ ਸੂਰਮੇ ਦੀ ਵਿਆਖਿਆ ਹੋਰ ਭੀ ਵਿਸਥਾਰ ਦੀ ਮੰਗ ਕਰਦੀ ਹੈ। ਸੂਰਮਾ ਉਸ ਨੂੰ ਕਿਹਾ ਜਾਂਦਾ ਹੈ, ਜੋ ਗਰੀਬਾਂ, ਦੁਖੀਆਂ ਅਤੇ ਲੋੜਵੰਦਾਂ ਦੀ ਸਹਾਇਤਾ ਕਰੇ। ਪੰਜ ਵਿਕਾਰਾਂ ਨਾਲ ਲੜਨ ਵਾਲਾ ਅਤੇ ਉਨ੍ਹਾਂ 'ਤੇ ਜਿੱਤ ਪ੍ਰਾਪਤ ਕਰਨ ਵਾਲਾ ਭੀ ਸੂਰਮਾ ਹੁੰਦਾ ਹੈ। ਅਜਿਹਾ ਸੂਰਮਾ ਤਾਂ ਸਭ ਸੂਰਮਿਆਂ ਨਾਲੋਂ ਵੱਡਾ ਤੇ ਮਹਾਨ ਹੁੰਦਾ ਹੈ ਕਿਉਂਕਿ ਵਿਕਾਰਾਂ ਦੇ ਸਾਹਮਣੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਗੁਰੂ ਪੰਚਮ ਪਾਤਸ਼ਾਹ ਦਾ ਫ਼ੁਰਮਾਨ ਹੈ :

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥

(ਪੰਨਾ ੪੦੪)

ਅਰਥਾਤ ਇਨ੍ਹਾਂ ਪੰਜਾਂ ਵਿਕਾਰਾਂ ਦੇ ਸਾਹਮਣੇ ਨਾ ਤਾਂ ਚਾਰ ਵਰਨਾਂ 'ਚੋਂ ਕੋਈ ਟਿਕ ਸਕਿਆ ਹੈ ਅਤੇ ਨਾ ਹੀ ਖਟ ਯਾਨੀ ਛੇ ਸ਼ਾਸਤਰਾਂ ਦਾ ਵਿਦਵਾਨ ਹੀ ਇਨ੍ਹਾਂ ਦੀ ਮਾਰ ਤੋਂ ਬਚ ਸਕਿਆ ਹੈ। ਇਹ ਪੰਜੇ ਬਹੁਤ ਹੀ ਸ਼ਕਤੀਸ਼ਾਲੀ ਹਨ ਤੇ ਇਨ੍ਹਾਂ ਪੰਜਾਂ ਨੂੰ ਜਿੱਤਣ ਵਾਲਾ ਸਭ ਤੋਂ ਵੱਡਾ ਸੂਰਮਾ ਅਖਵਾਉਣ ਦਾ ਅਧਿਕਾਰੀ ਹੈ :

www.sikhbookclub.com

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥

(ਪੰਨਾ ੪੦੪)

ਜਦੋਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੂਰਮਤਾਈ 'ਤੇ ਵਿਚਾਰ ਕਰਨ ਲੱਗਦੇ ਹਾਂ ਤਾਂ ਉਨ੍ਹਾਂ ਦੀ ਅਦਭੁੱਤ, ਅਨੋਖੀ ਅਤੇ ਅਲੌਕਿਕ ਸੂਰਮਤਾਈ ਵੇਖ ਕੇ ਸਾਡੇ ਸਾਹਮਣੇ ਇਹ ਪ੍ਰਸ਼ਨ ਖੜ੍ਹਾ ਹੋ ਜਾਂਦਾ ਹੈ ਕਿ ਅਸੀਂ ਉਨ੍ਹਾਂ ਨੂੰ ਕਿਸ ਕਿਸਮ ਦਾ ਸੂਰਮਾ ਸਵੀਕਾਰ ਕਰੀਏ ? ਕਿਉਂਕਿ ਉਨ੍ਹਾਂ ਦੀ ਸੂਰਮਤਾਈ ਨੂੰ ਕਿਸੇ ਇਕ ਕਿਸਮ ਜਾਂ ਪ੍ਰਕਾਰ ਵਿਚ ਬੰਦ ਨਹੀਂ ਕੀਤਾ ਜਾ ਸਕਦਾ ਹੈ। ਸਮੁੱਚੇ ਸੰਸਾਰ ਦੇ ਇਤਿਹਾਸ ਵਿਚ ਦਸਮੇਸ਼ ਪਿਤਾ ਜੀ ਹੀ ਅਜਿਹੇ ਸੂਰਮੇ ਹਨ, ਜੋ ਬੇਮਿਸਾਲ ਯੁੱਧ-ਬੀਰ, ਅਦੁੱਤੀ ਧਰਮ-ਬੀਰ, ਸਫ਼ਲ ਕਰਮ-ਬੀਰ ਅਤੇ ਮਹਾਨ ਦਾਨ-ਬੀਰ ਹਨ। ਅਧਿਆਤਮਕ ਖੇਤਰ ਵਿਚ ਵਿਕਾਰਾਂ ਨਾਲ ਜੂਝਣ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਸੂਰਮੇ ਸਾਬਿਤ ਹੋਏ ਹਨ। ਕਹਿਣ ਦਾ ਭਾਵ ਇਹ ਹੈ ਕਿ ਗੁਰੂ ਕਲਗੀ ਵਾਲੇ ਦੀ ਸ਼ਖ਼ਸੀਅਤ ਵਿਚ ਸਾਰੇ ਸੂਰਮਿਆਂ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਸੂਰਮਿਆਂ ਦਾ ਸਿਰਤਾਜ ਸੂਰਮਾ ਅੱਜ ਤਕ ਸੰਸਾਰ ਨੇ ਪੈਦਾ ਨਹੀਂ ਕੀਤਾ ਹੈ। ਸਤਿਗੁਰਾਂ ਦੇ ਯੁੱਧ-ਬੀਰ ਅਤੇ ਧਰਮ-ਬੀਰ ਰੂਪਾਂ ਬਾਰੇ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਅਤਿਅੰਤ ਵਿਸਥਾਰ ਵਿਚ ਚਰਚਾ ਕੀਤੀ ਹੈ। ਸੋ ਹੱਥਲੇ ਲੇਖ ਦੇ ਸੀਮਿਤ ਅਕਾਰ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਰੂਪਾਂ 'ਤੇ ਇਥੇ ਪ੍ਰਕਾਸ਼ ਪਾਉਣ ਤੋਂ ਸੰਕੋਚ ਕੀਤਾ ਗਿਆ ਹੈ।

ਗਰੀਬਾਂ ਤੇ ਦੀਨ-ਦੁਖੀਆਂ ਦੀ ਰੱਖਿਆ ਲਈ ਲੜਨ ਵਾਲਾ ਸੱਚਾ ਸੂਰਮਾ ਹੁੰਦਾ ਹੈ। ਉਹ ਕਿਸੇ ਗਰੀਬ ਜਾਂ ਦੁਖੀ ਦੀ ਬਾਂਹ ਫੜ ਕੇ ਛੱਡਦਾ ਨਹੀਂ ਹੈ, ਭਾਵੇਂ ਉਸ ਨੂੰ ਕਿੰਨੀ ਵੀ ਕੀਮਤ ਕਿਉਂ ਨਾ ਦੇਣੀ ਪਵੇ ਭਾਵੇਂ ਉਸ ਦੇ ਨਾਸ਼ਵਾਨ ਸਰੀਰ ਦੇ ਟੁਕੜੇ-ਟੁਕੜੇ ਹੀ ਕਿਉਂ ਨਾ ਹੋ ਜਾਣ ਪਰ ਉਹ ਜੰਗ ਦਾ ਮੈਦਾਨ ਨਹੀਂ ਛੱਡਦਾ। ਭਗਤ ਕਬੀਰ ਜੀ ਨੇ ਫ਼ੁਰਮਾਇਆ ਹੈ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਪੰਨਾ ੧੧੦੫)

ਦਸਮ ਪਾਤਸ਼ਾਹ ਨੇ ਯੁੱਧ ਰਾਜ ਸਥਾਪਿਤ ਕਰਨ ਅਤੇ ਰਾਜ-ਵਿਸਥਾਰ ਦੀ ਲਾਲਸਾ ਨਾਲ ਨਹੀਂ ਸਗੋਂ ਦੀਨ-ਦੁਖੀਆਂ ਦੀ ਰੱਖਿਆ ਲਈ, ਅਤਿਆਚਾਰ ਤੇ ਅਨਿਆਂ ਦੇ ਨਿਵਾਰਨ ਹਿੱਤ ਹੀ ਲੜੇ ਸਨ :

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿੱਤ੍ਰ ਨਾਟਕ, ਅਧਿ: ੬)

ਗੁਰੂ ਜੀ ਕਰਮ-ਖੇਤਰ ਦੇ ਭੀ ਸਫਲ ਯੋਧੇ ਹਨ। ਸਾਰੀ ਉਮਰ ਉਨ੍ਹਾਂ ਨੇ ਸ਼ੁਭ ਕਰਮ ਹੀ ਕੀਤੇ ਹਨ। ਸ਼ੁਭ ਕਰਮ ਹੀ ਉਨ੍ਹਾਂ ਦੇ ਜੀਵਨ ਦਾ ਮੁੱਖ ਉਦੇਸ਼ ਸੀ। ਇਸੇ ਲਈ ਤਾਂ ਉਹ ਸ਼ੁਭ ਕਰਮ ਕਰਦੇ ਰਹਿਣ ਦਾ ਵਰਦਾਨ ਮੰਗਦੇ ਹਨ :

ਦੇਹਿ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥

(ਦਸਮ ਗ੍ਰੰਥ, ਪੰਨਾ ੯੯)

www.sikhbookclub.com

ਗੁਰਦੇਵ ਦਾਨ-ਬੀਰ ਦੀ ਕਸਵੱਟੀ 'ਤੇ ਭੀ ਪੂਰੇ,ਉਤਰਦੇ ਹਨ। ਉਨ੍ਹਾਂ ਨੇ ਦੀਨ-ਦੁਖੀਆਂ ਅਤੇ ਸ਼ਰਨ ਆਏ ਦੀ ਸਦਾ ਹੀ ਖੁੱਲ੍ਹੇ ਦਿਲ ਨਾਲ ਸਹਾਇਤਾ ਕੀਤੀ ਹੈ। 52 ਕਵੀਆਂ ਦਾ ਉਨ੍ਹਾਂ ਦੇ ਦਰਬਾਰ ਵਿਚ ਹੋਣਾ ਉਨ੍ਹਾਂ ਨੂੰ ਇਕ ਮਹਾਂਦਾਨੀ ਹੀ ਸਿੱਧ ਕਰਦਾ ਹੈ। ਸਤਿਗੁਰਾਂ ਨੇ ਤਾਂ ਆਪਣਾ ਸਭ ਕੁਝ, ਸਮੁੱਚਾ ਵੰਸ਼ ਦੇਸ਼ ਨੂੰ ਦਾਨ ਵਿਚ ਦੇ ਦਿੱਤਾ। ਉਨ੍ਹਾਂ ਤੋਂ ਵੱਡਾ ਦਾਨ-ਬੀਰ ਕੌਣ ਹੋ ਸਕਦਾ ਹੈ ?

ਸੱਚੇ ਪਾਤਸ਼ਾਹ ਕਲਗੀਆਂ ਵਾਲੇ ਪੰਜਾਂ ਵਿਕਾਰਾਂ 'ਤੇ ਮੁਕੰਮਲ ਵਿਜੇ ਪ੍ਰਾਪਤ ਕਰਨ ਵਾਲੇ ਮਹਾਨ ਸੂਰਮੇ ਹਨ। ਪੰਜਾਂ ਵਿਕਾਰਾਂ ਵਿਚੋਂ ਸਭ ਤੋਂ ਪ੍ਰਥਮ ਵਿਕਾਰ 'ਕਾਮ' ਹੈ, ਜਿਸ ਨੇ ਰਿਸ਼ੀਆਂ-ਮੁਨੀਆਂ ਨੂੰ ਭੀ ਆਪਣੇ ਚਰਿੱਤਰ ਅਤੇ ਧਰਮ-ਮਾਰਗ ਤੋਂ ਡੇਗ ਦਿੱਤਾ ਹੈ, ਬੜੇ-ਬੜੇ ਤਪੱਸਵੀਆਂ ਦੀ ਤਪੱਸਿਆ ਭੰਗ ਕੀਤੀ ਹੈ ਪਰ ਗੁਰੂ ਜੀ ਨੇ ਇਸ ਨੂੰ ਕਦੀ ਭੀ ਆਪਣੇ 'ਤੇ ਹਾਵੀ ਨਹੀਂ ਹੋਣ ਦਿੱਤਾ। ਹਮੇਸ਼ਾ ਇਸ ਸ਼ਤਰੂ ਨੂੰ ਸੰਜਮ ਵਿਚ ਰੱਖਿਆ ਹੈ। ਇਥੇ ਇਕ ਘਟਨਾ ਯਾਦ ਆਉਂਦੀ ਹੈ। ਗੁਰੂ ਦਸਮੇਸ਼ ਜੀ ਦੇ ਦਰਬਾਰ ਵਿਚ ਜੋ ਵੀ ਆ ਕੇ ਸਿਰ ਝੁਕਾਇਆ ਕਰਦਾ ਸੀ, ਗੁਰੂਦੇਵ ਉਸ ਨੂੰ ਤੀਰ ਨਾਲ ਅਸ਼ੀਰਵਾਦ ਦਿਆ ਕਰਦੇ ਸਨ। ਜੇ ਰਤਾ ਜ਼ਿਆਦਾ ਖ਼ੁਸ਼ ਹੋਣ ਤਾਂ ਦੋ ਤੀਰਾਂ ਨਾਲ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ 'ਖ਼ਾਲਸੇ ਦੀ ਬਾਨੀ' ਪੁਸਤਕ ਵਿਚ ਲਿਖਿਆ ਹੈ ਕਿ ਜੇਕਰ ਗੁਰੂ ਜੀ ਬੇਹੱਦ ਪ੍ਰਸੰਨ ਹੁੰਦੇ ਤਾਂ ਇਕ, ਦੋ ਜਾਂ ਪੰਜ ਤੀਰ ਹੀ ਉਸ ਸ਼ਰਧਾਲੂ ਨੂੰ ਇਨਾਮ ਦੇ ਤੌਰ 'ਤੇ ਦੇ ਦਿਆ ਕਰਦੇ ਸਨ। ਚੰਬੇ ਦੇ ਰਾਜੇ ਦੀ ਮਹਾਰਾਣੀ ਪਦਮਨੀ ਆਪਣੇ ਸਮੇਂ ਦੀ ਸਭ ਤੋਂ ਵੱਧ ਰੂਪਵਤੀ ਸੁੰਦਰੀ ਸੀ। ਇਕ ਵਾਰ ਉਹ ਗੁਰੂ ਜੀ ਦੇ ਦਰਬਾਰ 'ਚ ਦਰਸ਼ਨ-ਹਿੱਤ ਆਈ। ਗੁਰੂ ਜੀ ਨੇ ਪਰੰਪਰਾ ਅਨੁਸਾਰ ਉਸ ਨੂੰ ਤੀਰ ਨਾਲ ਹੀ ਆਸ਼ੀਰਵਾਦ ਦੇ ਦਿੱਤਾ। ਮਹਾਰਾਣੀ ਨੇ ਨਿਮਰਤਾ ਸਹਿਤ ਬੇਨਤੀ ਕੀਤੀ :

"ਗੁਰੂ ਜੀ ! ਮੈਂ ਆਪ ਜੀ ਦੀ ਵਿਸ਼ੇਸ਼ ਸੇਵਿਕਾ ਹਾਂ। ਇਸ ਲਈ ਮੈਨੂੰ ਆਪਣੇ ਕਰ-ਕਮਲਾਂ ਨਾਲ ਹੀ ਆਸ਼ੀਰਵਾਦ ਦੇਣ ਦੀ ਕ੍ਰਿਪਾਲਤਾ ਕਰਨੀ।"

ਲੇਕਿਨ ਗੁਰਦੇਵ ਨੇ ਸਪੱਸ਼ਟ ਉੱਤਰ ਦਿੱਤਾ :

"ਪਦਮਨੀ ! ਇਨ੍ਹਾਂ ਹੱਥਾਂ ਨਾਲ ਅੱਜ ਤਕ ਮੈਂ ਆਪਣੀ ਧਰਮ-ਪਤਨੀ ਨੂੰ ਹੀ ਸਪਰਸ਼ ਕੀਤਾ ਹੈ, ਹੋਰ ਕਿਸੇ ਪਰਾਈ ਨਾਰ ਨੂੰ ਨਹੀਂ।"

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਚਰਿੱਤਰ-ਨਿਰਮਾਣ ਦੀ ਸਿੱਖਿਆ ਦਿੰਦੇ ਹੋਏ ਕਿਹਾ ਹੈ :

ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥

(ਦਸਮ ਗ੍ਰੰਥ, ਪੰਨਾ ੮੪੨)

ਇਹ ਗੁਰੂ ਜੀ ਨੇ ਉੱਚੇ ਆਚਰਣ ਅਤੇ ਸਿੱਖਿਆ ਦਾ ਹੀ ਪ੍ਰਤਾਪ ਹੈ ਕਿ ਸਿੱਖ ਨਾ ਤਾਂ ਅਮਨ ਵਿਚ ਅਤੇ ਨਾ ਹੀ ਜੰਗ ਵਿਚ ਕਦੀ ਆਪਣੇ ਆਚਰਣ ਤੋਂ ਗਿਰੇ ਹਨ। ਫਲਸਰੂਪ ਕਈ ਇਤਿਹਾਸਕਾਰਾਂ ਨੇ ਸਿੱਖਾਂ ਨੂੰ 'ਆਚਰਣ ਦੀ ਮੂਰਤੀ' ਕਹਿ ਕੇ ਸਤਿਕਾਰਿਆ ਹੈ।

2—ਦੂਜਾ ਵਿਕਾਰ ਹੈ 'ਕ੍ਰੋਧ'। ਕਲਗੀਧਰ ਪਾਤਸ਼ਾਹ ਨੇ ਕਦੀ ਭੀ 'ਕ੍ਰੋਧ' ਨੂੰ ਆਪਣੇ ਨੇੜੇ ਨਹੀਂ ਆਉਣ ਦਿੱਤਾ। ਮਿੱਠ ਬੋਲੜੇ ਸੁਭਾਅ ਕਾਰਨ ਕਦੀ ਭੀ ਉਨ੍ਹਾਂ ਨੇ ਕਿਸੇ ਨੂੰ ਕੌੜੇ ਬਚਨ ਨਹੀਂ ਕਹੇ। ਗੁਰੂਦੇਵ ਨੇ ਆਪਣੇ ਜੀਵਨ-ਕਾਲ ਵਿਚ ਜਿੰਨੀਆਂ ਵੀ ਲੜਾਈਆਂ ਲੜੀਆਂ, ਉਨ੍ਹਾਂ ਵਿਚ

www.sikhbookclub.com

ਜਿੱਤ ਪ੍ਰਾਪਤ ਕੀਤੀ। ਜੰਗ ਵਿਚ ਸੰਕਟ ਦੇ ਭਿਆਨਕ ਕਗਾਰ 'ਤੇ ਖੜੇ ਹੋ ਕੇ ਵੀ ਉਨ੍ਹਾਂ ਨੇ ਹੌਸਲਾ ਨਹੀਂ ਛੱਡਿਆ। ਜਦ ਵਜ਼ੀਰ ਖਾਨ ਦੇ ਭੇਜੇ ਗੁਲ ਖਾਂ ਨਾਮੀ ਪਠਾਣ ਨੇ ਸਤਿਗੁਰਾਂ ਦੀ ਸੇਵਾ ਵਿਚ ਰਹਿ ਕੇ ਮੌਕਾ ਤਾੜ ਕੇ ਉਨ੍ਹਾਂ ਦੇ ਪੇਟ ਵਿਚ ਕਟਾਰ ਦਾ ਵਾਰ ਕੀਤਾ ਤਾਂ ਉਹ ਕਾਫ਼ੀ ਵੱਡਾ ਜ਼ਖ਼ਮ ਕਰਨ ਵਿਚ ਸਫ਼ਲ ਹੋ ਗਿਆ ਪਰ ਗੁਰੂ ਜੀ ਦੀ ਤਲਵਾਰ ਨਾਲ ਉਹ ਭੀ ਜ਼ਖ਼ਮੀ ਹੋ ਕੇ ਹੇਠਾਂ ਡਿੱਗ ਪਿਆ। ਡਿਗਦੇ ਨੇ ਜਦੋਂ 'ਹਾਏ ਅੰਮਾਂ' ਕਿਹਾ ਤਾਂ ਦਸਮੇਸ਼ ਜੀ ਨੇ ਮੁਸਕਰਾ ਕੇ ਉਸ ਨੂੰ 'ਅਲਾਹ' ਕਹਿਣ ਦਾ ਉਪਦੇਸ਼ ਦਿੱਤਾ।

3—ਜਿਥੋਂ ਤਕ ਲੋਭ ਦਾ ਸਵਾਲ ਹੈ, ਇਹ ਤਾਂ ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੀ ਕੀਤਾ ਹੀ ਨਹੀਂ। ਬਚਪਨ ਵਿਚ ਸੋਨੇ ਦਾ ਕੜਾ ਗੰਗਾ ਵਿਚ ਸੁੱਟ ਦੇਣਾ ਅਤੇ ਮਾਤਾ ਜੀ ਦੇ ਪੁੱਛਣ 'ਤੇ ਦੂਜਾ ਭੀ ਸੁੱਟ ਦੇਣਾ, ਇਨ੍ਹਾਂ ਦੇ ਨਿਰਲੋਭੀ ਸੁਭਾਅ ਨੂੰ ਹੀ ਪ੍ਰਗਟਾਉਂਦਾ ਹੈ। ਇਸੇ ਭਾਂਤ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਨੇ ਨੰਦੇੜ ਵਿਖੇ ਆਪ ਜੀ ਨੂੰ ਇਕ ਵੱਡਮੁੱਲਾ ਹੀਰਾ ਦਿੱਤਾ ਤਾਂ ਆਪ ਜੀ ਨੇ ਉਸ ਨੂੰ ਗੋਦਾਵਰੀ ਨਦੀ ਵਿਚ ਸੁੱਟ ਦਿੱਤਾ। ਇਸ ਪਾਵਨ ਸਥਾਨ 'ਤੇ ਉਸਰਿਆ ਹੀਰਾ ਘਾਟ ਗੁਰਦੁਆਰਾ ਆਪ ਜੀ ਦੇ ਨਿਰਲੋਭੀ ਸੁਭਾ ਦੀ ਗਵਾਹੀ ਭਰਦਾ ਹੈ।

4—ਮੋਹ ਦੇ ਦਲਦਲ ਵਿਚ ਤਾਂ ਆਪ ਕਦੀ ਫਸੇ ਹੀ ਨਹੀਂ। ਸਾਰਾ ਵੰਸ਼ ਦੇਸ਼ ਅਤੇ ਧਰਮ ਦੀ ਆਨ ਅਤੇ ਸ਼ਾਨ ਲਈ ਸ਼ਹੀਦ ਕਰਵਾ ਦਿੱਤਾ। ਪਿਤਾ ਵਾਰਿਆ, ਮਾਤਾ ਨੂੰ ਕੁਰਬਾਨ ਕਰਵਾ ਦਿੱਤਾ, ਮੱਖਣਾਂ ਨਾਲ ਪਾਲੇ ਨਿੱਕੇ-ਨਿੱਕੇ ਅਤੇ ਪਿਆਰੇ-ਪਿਆਰੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾ ਦਿੱਤੇ ਅਤੇ ਅੰਤ ਵਿਚ ਆਪਣਾ ਜੀਵਨ ਭੀ ਦੇਸ਼ ਤੇ ਕੌਮ ਦੇ ਲੇਖੇ ਲਗਾ ਦਿੱਤਾ। ਉਨ੍ਹਾਂ ਦੀ ਕੁਰਬਾਨੀ ਨੂੰ ਕਿਸੇ ਕਵੀ ਨੇ ਕਿੰਨੇ ਸੁਹਣੇ ਢੰਗ ਨਾਲ ਬਿਆਨ ਕੀਤਾ ਹੈ :

ਢਹਿੰਦੇ ਦੇਸ਼ ਦਾ ਜਦੋਂ ਸਹਾਰਾ ਨਹੀਂ ਸੀ,
ਉਦੋਂ ਪਿਤਾ ਇਸ ਦੇਸ਼ ਤੋਂ ਵਾਰਿਆ ਮੈਂ।
ਮਾਤਾ ਗੁਜਰੀ ਸਰਹੰਦ ਦੇ ਵਿਚ ਗੁਜ਼ਰੀ,
ਸਮਾਂ ਗੁਜ਼ਾਰਿਆ ਜਿਵੇਂ ਗੁਜ਼ਾਰਿਆ ਮੈਂ।
ਚਾਰ ਪੁੱਤਰ ਸਨ ਬਖਸ਼ੇ ਪਰਮਾਤਮਾ ਨੇ,
ਉਹ ਵੀ ਜੋੜਾ ਜੋੜਾ ਕਰ ਕੇ ਵਾਰਿਆ ਮੈਂ।
ਮੈਨੂੰ ਮਤ ਸ਼ਹਿਨਸ਼ਾਹ ਤੁਸੀਂ ਕਹੋ ਸਿੱਖੋ!
ਕਿਸ਼ਤਾਂ ਨਾਲ ਤਾਂ ਕਰਜ਼ਾ ਉਤਾਰਿਆ ਮੈਂ।

ਧੀਆਂ-ਪੁੱਤਰਾਂ ਦੀ ਮਮਤਾ ਆਮ ਤੌਰ 'ਤੇ ਮਾਤਾ-ਪਿਤਾ ਨੂੰ ਬੇਚੈਨ ਕਰ ਦਿਆ ਕਰਦੀ ਹੈ। ਪੁੱਤਰ ਦਾ ਵਿਛੋੜਾ ਤਾਂ ਮਾਤਾ-ਪਿਤਾ ਤੋਂ ਬਰਦਾਸ਼ਤ ਨਹੀਂ ਹੁੰਦਾ ਪਰ ਕਲਗੀਆਂ ਵਾਲੇ ਨੇ ਇਕ ਨਹੀਂ, ਦੋ ਨਹੀਂ, ਸਗੋਂ ਸਾਰੇ ਦੇ ਸਾਰੇ ਚਾਰੋਂ ਪੁੱਤਰ ਕੌਮ ਤੇ ਦੇਸ਼ ਦੀ ਭੇਟਾ ਚੜ੍ਹਾ ਦਿੱਤੇ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਚਹੁੰ ਪੁੱਤਰਾਂ ਦੇ ਵਿਛੋੜੇ ਨੇ ਭੀ ਆਪ ਨੂੰ ਵਿਆਕੁਲ ਨਹੀਂ ਕੀਤਾ ਸਗੋਂ ਆਪ ਅਤਿਅੰਤ ਮਾਣ ਨਾਲ ਫ਼ੁਰਮਾਉਂਦੇ ਹਨ :

ਇਨ ਪੁਤ੍ਰਨ ਕੇ ਸੀਸ ਪੈ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਯਾ, ਜੀਵਤ ਕਈ ਹਜਾਰ।

www.sikhbookclub.com

5—ਪੰਜਵਾਂ ਵਿਕਾਰ 'ਅਹੰਕਾਰ' ਭੀ ਗੁਰਦੇਵ ਪਿਤਾ ਵਿਚ ਕਿਧਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਆਪਣੇ ਆਪ ਨੂੰ 'ਪਰਮ ਪੁਰਖ ਕੋ ਦਾਸਾ' ਕਹਿਣ ਵਾਲਾ ਗੁਰੂ ਨਿਮਰਤਾ ਦਾ ਪੁੰਜ ਤਾਂ ਹੈ, ਅਹੰਕਾਰੀ ਕਦਾਚਿਤ ਨਹੀਂ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥

(ਬਚਿਤ੍ਰ ਨਾਟਕ, ਅਧਿ: ੬)

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਇਸ ਸੰਦਰਭ ਵਿਚ ਲਿਖਦੇ ਹਨ :

"ਜੰਗਾਂ ਜਿੱਤ ਕੇ ਵੀ ਆਪਣੇ ਆਪ ਨੂੰ 'ਕੀਟ' ਹੀ ਲਿਖਿਆ ਹੈ। ਸੁਮੇਰ ਪਰਬਤ ਜਿਤਨਾ ਵੱਡਾ ਹੋਣ ਦੇ ਬਾਵਜੂਦ ਆਪਣੇ ਆਪ ਨੂੰ 'ਤ੍ਰਿਣ' ਹੀ ਆਖਿਆ। ਸੰਸਾਰ ਦਾ ਮਹਾਨ ਸਾਹਿਤ ਰਚ ਕੇ ਵੀ ਉਸ ਦੇ ਦਰ ਦਾ ਕਵੀ ਜਾਂ ਢਾਡੀ ਹੀ ਕਿਹਾ; "ਮੈ ਨ ਕਹਯੋ ਸਭ ਤੋਹਿ ਬਖਾਨਯੋ" ਹੀ ਲਿਖਿਆ।

ਖਾਲਸੇ ਦੇ ਸਿਰਜਣਹਾਰ ਹੋ ਕੇ ਅਤੇ ਪੰਜਾਂ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਪਿੱਛੋਂ ਖ਼ੁਦ ਉਨ੍ਹਾਂ ਤੋਂ ਅੰਮ੍ਰਿਤਪਾਨ ਕੀਤਾ। ਇਸ ਤਰ੍ਹਾਂ 'ਆਪੇ ਗੁਰ ਚੇਲਾ' ਦਾ ਕਿੰਨਾ ਸੁਹਣਾ ਅਤੇ ਨਿਮਰਤਾ ਭਰਪੂਰ ਸਿਧਾਂਤ ਪੇਸ਼ ਕੀਤਾ ਹੈ ਸਤਿਗੁਰਾਂ ਨੇ। ਇਥੇ ਹੀ ਬਸ ਨਹੀਂ ਸਗੋਂ ਉਨ੍ਹਾਂ ਨੇ ਹਲੀਮੀ ਦਾ ਕਿੱਡਾ ਵੱਡਾ ਪ੍ਰਮਾਣ ਦਿੱਤਾ ਹੈ ਜਦੋਂ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਜੋ ਸਫਲਤਾ ਮਿਲੀ ਹੈ, ਉਸ ਦਾ ਸਿਹਰਾ ਖਾਲਸੇ ਦੇ ਸਿਰ ਹੀ ਹੈ। ਖਾਲਸੇ ਦੀ ਕ੍ਰਿਪਾ ਨੂੰ ਉਹ ਖਿੜੇ ਮੱਥੇ ਸਵੀਕਾਰ ਕਰਦੇ ਹਨ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ ॥

(ਦਸਮ ਗ੍ਰੰਥ, ਪੰਨਾ ੭੧੬)

ਅਜਿਹੇ ਅਲੌਕਿਕ ਸੂਰਮੇ, ਸਰਬੰਸ ਦਾਨੀ, ਮਹਾਨ ਕਵੀ, ਸੰਤ-ਸਿਪਾਹੀ, ਧਰਮ ਗੁਰੂ ਅਤੇ ਖਾਲਸੇ ਦੀ ਸਥਾਪਨਾ ਕਰ ਗਿੱਦੜਾਂ ਨੂੰ ਸ਼ੇਰ ਬਣਾਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਬਾਰ-ਬਾਰ ਪ੍ਰਣਾਮ ਹੈ। ਮਾਣ ਹੈ ਅਜਿਹੇ ਸੂਰਮੇ 'ਤੇ ਕੌਮ ਨੂੰ ਦੇਸ਼ ਨੂੰ ਅਤੇ ਸਮੁੱਚੇ ਸੰਸਾਰ ਨੂੰ।

(4/1992)

www.sikhbookclub.com

ਸੰਤ ਸਿਪਾਹੀ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕੀ ਸੰਤ ਹੋਣ ਦੇ ਨਾਲ-ਨਾਲ ਸਿਪਾਹੀ ਜਾਂ ਯੋਧਾ ਹੋਣ ਵਿਚ ਕੋਈ ਵਿਰੋਧਾਭਾਸ ਹੈ ? ਭਾਰਤ ਦੇ ਪ੍ਰਾਚੀਨ ਇਤਿਹਾਸ ਵਿਚ ਦੋਵੇਂ ਤਰ੍ਹਾਂ ਦੀਆਂ ਪਰੰਪਰਾਵਾਂ ਮਿਲਦੀਆਂ ਹਨ। ਪਰ ਤਿੰਨ-ਚਾਰ ਸਦੀਆਂ ਈਸਾ ਪੂਰਵ ਤੋਂ ਲੈ ਕੇ ਅੱਜ ਤਕ ਸੰਤ, ਮਹਾਤਮਾ ਜਾਂ ਸੰਨਿਆਸੀ ਬਾਰੇ ਜੋ ਧਾਰਨਾ ਨਿਰੰਤਰ ਵਿਕਸਿਤ ਹੁੰਦੀ ਆ ਰਹੀ ਹੈ, ਉਸ ਅਨੁਸਾਰ ਉਹ ਪੂਰੀ ਤਰ੍ਹਾਂ ਅਹਿੰਸਾਵਾਦੀ ਯੁੱਧ ਕਾਰਜ ਤੋਂ ਵਿਰਕਤ, ਸ਼ਾਂਤ ਸੁਭਾਅ ਤਾਂ ਹੁੰਦਾ ਹੀ ਹੈ ਪਰ ਇਸ ਦੇ ਨਾਲ ਹੀ ਯੋਧਾ ਜਾਂ ਸਿਪਾਹੀ ਨੂੰ ਘਟੀਆ ਕਰਮ ਵੀ ਸਮਝਦਾ ਹੈ। ਵੈਸ਼ਣਵ ਆਚਾਰ-ਵਿਚਾਰ ਮੱਧ ਯੁੱਗ ਦੇ ਭਗਤੀ ਅੰਦੋਲਨ ਰਾਹੀਂ ਪ੍ਰਫੁੱਲਤ ਹੋਇਆ। ਇਸ ਨੇ ਹਿੰਸਾ, ਖ਼ੂਨ-ਖਰਾਬੇ ਅਤੇ ਯੁੱਧ ਦੀ ਪੂਰੀ ਤਰ੍ਹਾਂ ਮਨਾਹੀ ਕੀਤੀ। ਇਸੇ ਲਈ ਵੈਸ਼ਣਵ ਸੰਤ ਤਾਂ ਹੋ ਸਕਦਾ ਹੈ, ਸਿਪਾਹੀ ਨਹੀਂ ਹੋ ਸਕਦਾ।

ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜਿਸ ਪਰੰਪਰਾ ਦਾ ਆਰੰਭ ਹੁੰਦਾ ਹੈ, ਉਹ ਭਗਤੀ ਅੰਦੋਲਨ ਨੂੰ ਅਪਣਾਉਂਦੇ ਹੋਏ ਵੀ ਆਪਣੇ ਸੁਭਾਅ ਤੇ ਦਿੱਖ ਦੇ ਪੱਖੋਂ ਵੈਸ਼ਣਵ ਨਹੀਂ ਹੈ। ਗੁਰਬਾਣੀ ਵਿਚ ਅਨੇਕ ਥਾਵਾਂ 'ਤੇ ਅੰਤਰ ਮਨ ਸੰਘਰਸ਼ ਲਈ ਜਿਨ੍ਹਾਂ ਉਪਮਾਨਾਂ ਅਤੇ ਰੂਪਕਾਂ ਦੀ ਵਰਤੋਂ ਕੀਤੀ ਗਈ ਹੈ ਉਨ੍ਹਾਂ ਵਿਚ ਪ੍ਰਤੱਖ ਰੂਪ ਵਿਚ ਯੁੱਧ-ਖੇਤਰ ਦਾ ਚਿੱਤਰ ਪੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ :

> ਜਉ ਤਉ ਪ੍ਰੇਮ ਖੇਲਣ ਕਾ ਚਾਉ ॥
> ਸਿਰੁ ਧਰਿ ਤਲੀ ਗਲੀ ਮੇਰੀ ਆਉ ॥
> ਇਤੁ ਮਾਰਗਿ ਪੈਰੁ ਧਰੀਜੈ ॥
> ਸਿਰੁ ਦੀਜੈ ਕਾਣਿ ਨ ਕੀਜੈ ॥

(ਪੰਨਾ ੧੪੧੨)

ਦੇ ਸੰਪੂਰਨ ਬਿੰਬ ਵਿਧਾਨ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਭਗਤ ਕਬੀਰ ਜੀ ਦੀਆਂ ਇਹ ਪੰਕਤੀਆਂ ਵੀ ਮਾਨਸਿਕਤਾ ਦੇ ਜੁਝਾਰੂ ਸੁਭਾਅ ਨੂੰ ਦਰਸਾਉਂਦੀਆਂ ਹਨ :

> ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
> ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਪੰਨਾ ੧੧੦੫)

ਸਿੱਖ ਅੰਦੋਲਨ ਵਿਚ ਜੀਵਨ ਵਿਚ ਯੁੱਧ ਲਈ ਤਿਆਰ-ਬਰ-ਤਿਆਰ ਰਹਿਣ, ਸੰਘਰਸ਼ ਕਰਨ, ਨਿਆਂ ਦੀ ਰੱਖਿਆ ਲਈ ਬਲੀਦਾਨ ਦੇਣ ਦੀ ਭਾਵਨਾ ਨੂੰ ਸ਼ੁਰੂ ਤੋਂ ਹੀ ਮਾਣ ਤੇ ਸਤਿਕਾਰ ਮਿਲਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਆਪਣੇ ਹੱਕ ਲਈ ਮਰਨ ਵਾਲੇ ਸੂਰਬੀਰ ਦਾ ਮਰਨਾ ਪਰਮਾਤਮਾ ਦੇ ਦਰਬਾਰ ਵਿਚ ਪੂਰੀ ਤਰ੍ਹਾਂ ਪਰਵਾਨ ਹੁੰਦਾ ਹੈ।

www.sikhbookclub.com

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (ਪੰਨਾ ੫੭੯)

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਇਕ ਰਚਨਾ ਵਿਚ ਫ਼ੁਰਮਾਉਂਦੇ ਹਨ, "ਜੋ ਯੋਧਾ ਹੈ, ਉਸ ਨੂੰ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਹੜਾ ਇਸ ਸੰਸਾਰ-ਯੁੱਧ ਤੋਂ ਨਸਦਾ ਹੈ, ਉਹ ਆਵਾਗਵਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ।"

ਜੋ ਸੂਰਾ ਤਿਸ ਹੀ ਹੋਇ ਮਰਣਾ ॥
ਜੋ ਭਾਗੈ ਤਿਸੁ ਜੋਨੀ ਫਿਰਣਾ ॥ (ਪੰਨਾ ੧੦੧੯)

ਇਸ ਵਿਚ ਸ਼ੱਕ ਨਹੀਂ ਕਿ ਗੁਰਬਾਣੀ ਵਿਚ ਆਈਆਂ ਇਨ੍ਹਾਂ ਪੰਕਤੀਆਂ ਦਾ ਵਧੇਰੇ ਕਰਕੇ ਮਨੁੱਖ ਦੇ ਅੰਤਰ ਨਾਲ ਸਬੰਧ ਹੈ, ਜਿਸ ਵਿਚ ਸਾਧਕ—ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਵਰਗੀਆਂ ਪਰਵਿਰਤੀਆਂ ਨਾਲ ਜੂਝਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ :

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥
(ਪੰਨਾ ੮੬)

ਪਰ ਬਾਹਰੀ ਜਗਤ ਵਿਚ ਸੂਰਬੀਰਤਾ ਅਤੇ ਸੈਨਿਕ ਕਰਮ ਦੀ ਲੋੜ ਉਸ ਸਮੇਂ ਅਨੁਭਵ ਹੁੰਦੀ ਹੈ, ਜਦੋਂ ਮਨੁੱਖੀ ਪ੍ਰਤਿਸ਼ਠਾ ਸੰਕਟ-ਗ੍ਰਸਤ ਹੋ ਜਾਂਦਾ ਹੈ। ਕੁਝ ਹਮਲਾਵਰ ਤੇ ਸ਼ੋਸ਼ਕ ਸ਼ਕਤੀਆਂ ਆਪਣੇ ਸੁਆਰਥਾਂ ਦੀ ਪੂਰਤੀ ਲਈ ਵਿਆਪਕ ਮਨੁੱਖੀ ਸਮਾਜ ਦਾ ਸ਼ੋਸ਼ਣ ਤੇ ਅਪਮਾਨ ਕਰਦੀਆਂ ਹਨ ਅਤੇ ਲੋਕਾਂ ਦਾ ਜੀਵਨ ਨਰਕਮਈ ਬਣਾ ਦਿੰਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਸਮੇਂ ਦਾ ਸਮਾਜ ਧਾੜਵੀਆਂ ਤੇ ਸ਼ਾਸਕਾਂ ਦੇ ਹੱਥੋਂ ਅਪਮਾਨਿਤ ਹੋ ਕੇ ਆਪਣਾ ਜੀਵਨ ਬਤੀਤ ਕਰ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਝੰਜੋੜ ਕੇ ਕਿਹਾ ਸੀ—ਆਪਣਾ ਸਤਿਕਾਰ ਖੋ ਕੇ ਜੀਉਣਾ ਅਤੇ ਜੀਉਂਦੇ ਰਹਿਣ ਲਈ ਕੁਝ ਵੀ ਖਾਣਾ ਪੀਣਾ ਸਭ ਹਰਾਮ ਹੈ :

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥ (ਪੰਨਾ ੧੪੨)

ਯੁੱਧ, ਹੱਤਿਆ, ਖ਼ੂਨ-ਖਰਾਬਾ ਨਕਾਰਾਤਮਕ ਮੁੱਲ ਹਨ। ਮਨੁੱਖ ਦੀ ਜੀਵਨ-ਯਾਤਰਾ ਦਾ ਹਰ ਪੜਾਅ ਕੋਸ਼ਿਸ਼ ਕਰਦਾ ਹੈ ਕਿ ਮਨੁੱਖ ਨੂੰ ਇਨ੍ਹਾਂ ਨਕਾਰਾਤਮਕ ਮੁੱਲਾਂ ਵਿਚੋਂ ਕੱਢ ਕੇ ਉਸ ਨੂੰ ਸ਼ਾਂਤੀ, ਪ੍ਰੇਮ, ਸਦਭਾਵ ਵਰਗੇ ਸਕਾਰਾਤਮਕ ਮੁੱਲਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ। ਪਰ ਜਿਸ ਢੰਗ ਦੀ ਸੰਸਾਰ ਦੀ ਰਚਨਾ ਹੈ, ਜਿਸ ਪ੍ਰਕਾਰ ਦੀ ਵਿਵਸਥਾ ਵਿਚ ਮਨੁੱਖ ਜੀਉਂਦਾ ਆ ਰਿਹਾ ਹੈ, ਜਿਸ ਪ੍ਰਕਾਰ ਦੇ ਮਨੋਵਿਕਾਰ ਅਤੇ ਪਰਵਿਰਤੀਆਂ ਮਨੁੱਖ 'ਤੇ ਹਾਵੀ ਹੋ ਕੇ ਉਸ ਨੂੰ ਅਨੇਕਾਂ ਤਰ੍ਹਾਂ ਨਾਲ ਬੁਰੇ ਕੰਮ ਕਰਨ ਲਈ ਪ੍ਰੇਰਿਤ ਕਰਦੀਆਂ ਹਨ, ਉਸ ਨਾਲ ਮਨੁੱਖੀ-ਸਮਾਜ ਦਾ ਵਧੇਰੇ ਹਿੱਸਾ ਦੁਖੀ ਹੁੰਦਾ ਹੈ ਅਤੇ ਸੰਪੂਰਨ ਮਨੁੱਖਤਾ ਸੰਕਟ ਵਿਚ ਪੈ ਜਾਂਦੀ ਹੈ। ਇਸ ਮਨੁੱਖਤਾ ਦੀ ਰਖਿਆ ਲਈ ਸਿੱਖ-ਪਰੰਪਰਾ ਵਿਚ ਅੰਦਰੂਨੀ ਜਗਤ ਦੀ ਯੁੱਧ-ਭਾਵਨਾ ਨੂੰ ਬਾਹਰੀ ਜਗਤ ਤੱਕ ਲੈ ਜਾਣਾ ਜ਼ਰੂਰੀ ਅਤੇ ਲਾਜ਼ਮੀ ਸਮਝਿਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਤਲਵਾਰ ਅੰਦਰੂਨੀ ਯੁੱਧ (ਪੀਰੀ) ਦੀ ਲਖਾਇਕ ਸੀ ਅਤੇ ਦੂਸਰੀ ਬਾਹਰਲੀ ਜਗਤ (ਮੀਰੀ) ਦੇ ਸੰਘਰਸ਼ ਦੀ। ਦੋਵੇਂ ਇਕ ਦੂਸਰੇ ਦੀਆਂ ਵਿਰੋਧੀ ਨਹੀਂ, ਪੂਰਕ ਹਨ।

www.sikhbookclub.com

ਇਸੇ ਮਨੁੱਖਤਾ ਦੀ ਰੱਖਿਆ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 'ਸੰਤ ਸਿਪਾਹੀ' ਰੂਪ ਕ੍ਰਿਤਾਰਥ ਹੁੰਦਾ ਹੈ।

ਮਨੁੱਖਤਾ ਦੀ ਪਹਿਲੀ ਸ਼ਰਤ ਮਨੁੱਖ ਦੇ ਗੌਰਵ ਦੀ ਰੱਖਿਆ ਕਰਨਾ ਹੈ। ਮਨੁੱਖ ਨੂੰ ਛੋਟਾ ਬਣਾ ਕੇ ਕੋਈ ਧਰਮ, ਕੋਈ ਦਰਸ਼ਨ, ਕੋਈ ਵਿਚਾਰਧਾਰਾ ਵੱਡੀ ਨਹੀਂ ਬਣ ਸਕਦੀ। ਮਨੁੱਖ ਦਾ ਕਲਿਆਣ, ਉਸ ਦਾ ਸਰਬਪੱਖੀ ਵਿਕਾਸ ਅਤੇ ਉਸ ਵਿਕਾਸ ਲਈ ਸਮਾਜਕ ਜੀਵਨ ਵਿਚ ਢੁਕਵਾਂ ਵਾਤਾਵਰਣ ਪੈਦਾ ਕਰਨਾ ਉਹ ਸਹਾਇਕ ਤੱਤ ਹਨ ਜਿਨ੍ਹਾਂ ਨਾਲ ਉਸ ਦੇ ਗੌਰਵ ਨੂੰ ਕਾਇਮ ਰੱਖ ਕੇ ਮਜ਼ਬੂਤ ਬਣਾਇਆ ਅਤੇ ਵਿਕਸਤ ਕੀਤਾ ਜਾ ਸਕਦਾ ਹੈ।

ਅਗਿਆਨਤਾ, ਅੰਧ-ਵਿਸ਼ਵਾਸ ਅਤੇ ਸ਼ੋਸ਼ਣ ਦੇ ਵਿਰੁੱਧ ਮਨੁੱਖੀ ਚੇਤਨਾ, ਵਿਚਾਰਾਂ ਦੀ ਜਾਗ੍ਰਤੀ ਅਤੇ ਸਮਾਜਿਕ ਬਰਾਬਰੀ ਦੀਆਂ ਗੱਲਾਂ ਸਾਡੇ ਮਾਹੌਲ ਵਿਚ ਬਹੁਤ ਆਧੁਨਿਕ ਜਿਹੀਆਂ ਲਗਦੀਆਂ ਹਨ ਪਰ ਤਿੰਨ ਸੌ ਵਰ੍ਹੇ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਗੱਲਾਂ ਦੀ ਜਿਸ ਤਰ੍ਹਾਂ ਪ੍ਰਤਿਸ਼ਠਾ ਕੀਤੀ ਅਤੇ ਜਿਤਨੀ ਬੁਲੰਦ ਆਵਾਜ਼ ਵਿਚ ਪ੍ਰੇਰਨਾ ਦੇ ਕੇ ਇਨ੍ਹਾਂ ਕੀਮਤਾਂ 'ਤੇ ਜਿਤਨਾ ਜ਼ੋਰ ਦਿੱਤਾ, ਉਹ ਹੈਰਾਨੀ ਵਿਚ ਪਾਉਣ ਵਾਲੀ ਗੱਲ ਹੈ। ਸੰਨ 1699 ਦੀ ਵਿਸਾਖੀ ਦੇ ਦਿਨ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਆਏ ਹੋਏ ਆਪਣੇ ਸਿੱਖਾਂ ਨੂੰ ਅਨੰਦਪੁਰ ਵਿਚ ਇਕ ਨਵਾਂ ਰੂਪ ਦਿੱਤਾ 'ਖਾਲਸਾ'। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਸਿੱਖ ਪਰੰਪਰਾ ਨੂੰ ਉਸ ਸਮੇਂ ਤਕ ਲਗਭਗ ਦੋ ਸੌ ਸਾਲ ਹੋ ਚੁੱਕੇ ਸਨ। ਇਸ ਪਰੰਪਰਾ ਨੇ ਆਪਣੇ ਵਿਆਪਕ ਪ੍ਰਭਾਵ ਖੇਤਰ ਵਿਚ ਧਾਰਮਿਕ ਅਤੇ ਸਮਾਜਿਕ ਬਰਾਬਰੀ ਦੀਆਂ ਨਵੀਆਂ ਕਦਰਾਂ ਕੀਮਤਾਂ ਦੇ ਵਿਕਾਸ ਦੇ ਨਾਲ-ਨਾਲ ਰਾਜਨੀਤਕ ਅਤੇ ਆਰਥਿਕ ਚੇਤਨਾ ਵੀ ਪੈਦਾ ਕੀਤੀ ਸੀ। ਇਸ ਕੋਸ਼ਿਸ਼ ਵਿਚ ਉਹਨਾਂ ਨੂੰ ਧਰਮ ਦੇ ਠੇਕੇਦਾਰਾਂ, ਸਮਾਜਿਕ ਆਗੂਆਂ ਅਤੇ ਹੁਕਮਰਾਨਾਂ ਦਾ ਲਗਾਤਾਰ ਵਿਰੋਧ ਸਹਿਣਾ ਪਿਆ। ਇਹ ਵਿਰੋਧ ਤਦ ਆਪਣੇ ਸਿਖਰ 'ਤੇ ਪੁੱਜ ਗਿਆ ਜਦੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੰਨ 1606 ਈ. ਵਿਚ ਜਹਾਂਗੀਰ ਦੇ ਹੁਕਮ ਨਾਲ ਅਤੇ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੰਨ 1675 ਈ. ਵਿਚ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਅਨੁਭਵ ਕੀਤਾ ਸੀ ਕਿ ਉਨ੍ਹਾਂ ਦੇ ਪੈਰੋਕਾਰਾਂ ਨੇ ਸਿਰਫ਼ 'ਸਿੱਖ' ਹੀ ਨਹੀਂ ਰਹਿਣਾ 'ਸਿੰਘ' ਵੀ ਬਣਨਾ ਹੈ। ਇਨ੍ਹਾਂ ਸਿੰਘਾਂ ਨੇ 'ਗੁਰੂ ਕਾ ਖ਼ਾਲਸਾ' ਬਣਨਾ ਹੈ। ਇਨ੍ਹਾਂ ਨੇ ਅਤਿਆਚਾਰ ਤੇ ਅਨਿਆਂ ਦਾ ਵਿਰੋਧ ਹੀ ਨਹੀਂ ਕਰਨਾ ਸਗੋਂ ਮਨੁੱਖੀ ਕੀਮਤਾਂ ਦੀ ਰੱਖਿਆ ਵੀ ਕਰਨੀ ਹੈ ਅਤੇ ਇਹਨਾਂ ਕੀਮਤਾਂ ਵਿਚੋਂ ਸਭ ਤੋਂ ਪਹਿਲੀ ਤੇ ਸਭ ਤੋਂ ਪ੍ਰਮੁੱਖ ਮਨੁੱਖਤਾ ਦੀ ਬਰਾਬਰੀ ਹੈ, ਜਿਸ ਤੋਂ ਬਿਨਾਂ ਮਨੁੱਖੀ ਗੌਰਵ ਸੁਰੱਖਿਅਤ ਨਹੀਂ ਰਹਿ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਿਸਾਖੀ ਵਾਲੇ ਦਿਨ ਇਕ ਅਦਭੁਤ ਪਰੀਖਿਆ ਨਾਲ ਪੰਜ ਸਿੱਖਾਂ ਦੀ ਚੋਣ ਕੀਤੀ। ਇਹ ਸਨ ਦਯਾ ਰਾਮ, ਧਰਮ ਦਾਸ, ਮੁਹਕਮ ਚੰਦ, ਹਿੰਮਤ ਰਾਏ ਅਤੇ ਸਾਹਿਬ ਚੰਦ। ਇਹ ਸਾਰੇ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਜਾਤਾਂ ਦੇ ਸਨ। ਦਯਾ ਰਾਮ ਲਾਹੌਰ ਦਾ ਖੱਤਰੀ ਸੀ। ਧਰਮ ਦਾਸ ਦਿੱਲੀ ਦੇ ਨੇੜੇ ਦਾ ਜੱਟ ਸੀ। ਮੁਹਕਮ ਚੰਦ ਦਵਾਰਕਾ (ਗੁਜਰਾਤ) ਦਾ ਧੋਬੀ ਸੀ। ਹਿੰਮਤ ਰਾਏ ਜਗਨ ਨਾਥ ਪੁਰੀ (ਉੜੀਸਾ) ਦਾ ਨਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਸਰਬ ਲੋਹ ਦੇ ਬਾਟੇ ਵਿਚ ਸਰਬ ਲੋਹ ਦੇ ਖੰਡੇ ਨਾਲ ਤਿਆਰ ਕੀਤਾ ਅੰਮ੍ਰਿਤ ਛਕਾਇਆ, ਜਿਸ

www.sikhbookclub.com

ਵਿਚ ਗੁਰੂ ਦੇ ਮਹਿਲਾਂ ਨੇ ਪਤਾਸੇ ਪਾ ਦਿੱਤੇ ਸਨ ਕਿ ਇਹ ਸਾਰੇ ਲੋਹ-ਪੁਰਖ ਹੋਣ ਦੇ ਨਾਲ ਨਾਲ ਮਿੱਠ-ਬੋਲੜੇ ਵੀ ਹੋਣ। ਇਸ ਅੰਮ੍ਰਿਤ ਪਾਨ ਉਪਰੰਤ ਇਹ ਸਾਰੇ ਸੂਬਾਈ ਭਿੰਨਤਾ ਤੇ ਜਾਤੀਗਤ ਭੇਦ ਭਾਵ ਤੋਂ ਉਪਰ ਉਠ ਕੇ ਨਵੀਂ ਮਨੁਖਤਾ ਦੀ ਸਮਤਲ ਭੋਂ 'ਤੇ ਆ ਕੇ ਦਯਾ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ ਅਤੇ ਸਾਹਿਬ ਸਿੰਘ ਹੋ ਕੇ ਪੰਜ ਪਿਆਰੇ ਬਣ ਗਏ।

ਪਰ ਅਜੇ ਇਕ ਗੱਲ ਰਹਿੰਦੀ ਸੀ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜੇ ਤਕ ਗੋਬਿੰਦ ਰਾਏ ਸਨ। ਨਵੀਂ ਵਿਵਸਥਾ ਵਿਚ ਉਨ੍ਹਾਂ ਨੇ ਆਪਣੇ ਆਪ ਵੀ ਅੰਮ੍ਰਿਤ ਛਕਣਾ ਸੀ ਪਰ ਉਨ੍ਹਾਂ ਨੂੰ ਅੰਮ੍ਰਿਤ ਕੌਣ ਛਕਾਵੇ ? ਇਥੋਂ ਹੀ ਉਨ੍ਹਾਂ ਨੇ ਆਪਣੇ ਬਰਾਬਰੀ ਦੇ ਸਿਧਾਂਤ ਨੂੰ ਨਵਾਂ ਅਮਲੀ ਰੂਪ ਦਿੱਤਾ। 'ਪੰਜ ਪਿਆਰੇ' ਉਨ੍ਹਾਂ ਨੂੰ ਅੰਮ੍ਰਿਤ ਛਕਾਉਣਗੇ। ਗੁਰੂ ਆਪਣੇ ਹੀ ਸਿੰਘਾਂ ਦੇ ਸਾਹਮਣੇ ਹੱਥ ਜੋੜ ਦੇ ਖੜੇ ਹੋ ਗਏ। ਪੰਜ ਪਿਆਰਿਆਂ ਨੇ ਉਨ੍ਹਾਂ ਨੂੰ ਉਸੇ ਤਰ੍ਹਾਂ ਅੰਮ੍ਰਿਤ ਛਕਾਇਆ ਜਿਵੇਂ ਉਨ੍ਹਾਂ ਨੇ ਆਪ ਗੁਰੂ ਜੀ ਦੇ ਹੱਥੋਂ ਅੰਮ੍ਰਿਤ ਛਕਿਆ ਸੀ। ਇਹ ਵੀ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਗਏ—ਆਪੇ ਗੁਰੁ ਚੇਲਾ ਹੈ ਆਪੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤਾ ਸੀ ਕਿ ਕਿਸੇ ਪ੍ਰਭਾਵਸ਼ਾਲੀ ਧਾਰਮਿਕ ਨੇਤਾ ਨੂੰ ਉਸ ਦੇ ਪੈਰੋਕਾਰ ਕੁਝ ਹੀ ਸਮੇਂ ਵਿਚ ਆਪਣੇ ਵੱਲੋਂ ਭਗਵਾਨ ਦਾ ਦਰਜਾ ਦੇ ਦਿੰਦੇ ਹਨ। ਉਹ ਆਪ ਇਸ ਸਥਿਤੀ ਨੂੰ ਖੁਸ਼ੀ ਨਾਲ ਪ੍ਰਵਾਨ ਕਰ ਲੈਂਦਾ ਹੈ ਅਤੇ ਆਪਣੇ ਤੇ ਆਪਣੇ ਪੈਰੋਕਾਰਾਂ ਵਿਚ ਅਕਾਸ਼ ਅਤੇ ਧਰਤੀ ਵਰਗਾ ਅੰਤਰ ਪੈਦਾ ਕਰ ਦਿੰਦਾ ਹੈ। ਆਕਾਸ਼ ਦਾ ਕੰਮ ਹੈ ਉਪਰੋਂ ਵਰਖਾ ਕਰਨਾ ਅਤੇ ਧਰਤੀ ਦਾ ਕੰਮ ਹੈ ਹੇਠੋਂ ਗ੍ਰਹਿਣ ਕਰਨਾ। ਇਕ ਦਾਤਾ ਦੂਜਾ ਜਾਚਕ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਇਹ ਸਥਿਤੀ ਪਰਮਾਤਮਾ ਤੇ ਜੀਵ ਵਿਚਾਲੇ ਤਾਂ ਹੋ ਸਕਦੀ ਹੈ, ਮਨੁੱਖ ਤੇ ਮਨੁੱਖ ਵਿਚਾਲੇ ਨਹੀਂ। ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਮਨੁੱਖ ਬਣਨ ਵਿਚ ਹੈ, ਭਗਵਾਨ ਬਣਨ ਵਿਚ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਜ ਹੁੰਦੇ ਤਾਂ ਵੇਖਦੇ ਕਿ ਮਨੁੱਖ ਨੂੰ ਭਗਵਾਨ ਬਣਾ ਦੇਣ ਦਾ ਲਾਲਚ ਦੇ ਕੇ ਕਿਤਨੇ ਲੋਕ ਖੁਦ ਭਗਵਾਨ ਬਣ ਗਏ ਹਨ ਅਤੇ ਮਨੁੱਖ ਨੂੰ ਲਗਾਤਾਰ ਛੋਟਾ ਬਣਾਈ ਜਾ ਰਹੇ ਹਨ।

ਲਗਦਾ ਹੈ ਕਿ ਸ਼ਰਧਾ ਭਾਵ ਨਾਲ ਕੁਝ ਲੋਕਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਭਗਵਾਨ' ਕਹਿਣਾ ਸ਼ੁਰੂ ਕਰ ਦਿੱਤਾ ਹੋਵੇਗਾ ਪਰ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਮੈਂ ਭਗਵਾਨ ਨਹੀਂ ਹਾਂ, ਜੋ ਮੈਨੂੰ ਭਗਵਾਨ ਕਹੇਗਾ, ਉਹ ਨਰਕ ਦਾ ਭਾਗੀ ਹੋਵੇਗਾ। ਮੈਂ ਤਾਂ ਪਰਮਾਤਮਾ ਦਾ ਇਕ ਸੇਵਕ ਹਾਂ ਅਤੇ ਉਸ ਦੇ ਹੁਕਮ ਅਨੁਸਾਰ ਕੁਝ ਕੰਮ ਕਰਨ ਆਇਆ ਹਾਂ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ ॥
ਮਿਤ੍ਰ ਲੋਕ ਤੇ ਮੋਨ ਨ ਰਹਿਹੋਂ ॥੩੩॥

(ਦਸਮ ਗ੍ਰੰਥ, ਪੰਨਾ ੫੭)

www.sikhbookclub.com

ਪਰਮਾਤਮਾ ਕਹਾਣ ਦੇ ਲੋਭ ਤੋਂ ਆਪਣੇ ਆਪ ਨੂੰ ਵਿਰਕਤ ਰੱਖ ਕੇ ਕੇਵਲ ਮਨੁੱਖ ਹੋਣ ਦਾ ਅਜਿਹਾ ਸਾਹਸੀ ਐਲਾਨ ਨਿਸ਼ਚੈ ਹੀ ਆਪਣੇ ਆਪ ਵਿਚ ਬੇ-ਮਿਸਾਲ ਹੈ।

ਜਿਹੜਾ ਮਨੁੱਖਤਾ ਦਾ ਮਸੀਹਾ ਹੋਵੇ, ਉਹ ਮਨੁੱਖ ਤੇ ਮਨੁੱਖ ਦੇ ਭੇਦ-ਭਾਵ ਨੂੰ ਕਿਸੇ ਵੀ ਪੱਧਰ 'ਤੇ ਭਲਾ ਕਿਵੇਂ ਪਰਵਾਨ ਕਰੇਗਾ। ਉਨ੍ਹਾਂ ਦੇ ਪੰਜ ਪਿਆਰਿਆਂ ਵਿਚੋਂ ਚਾਰ ਅਜਿਹੇ ਸਨ, ਜਿਨ੍ਹਾਂ ਨੂੰ ਇਸ ਦੇਸ਼ ਦੀ ਰੂੜ੍ਹੀਗਤ ਸਮਾਜਿਕ ਵਿਵਸਥਾ 'ਸ਼ੂਦਰ' ਕਹਿ ਦੇ ਨੀਚ ਜਾਤੀ ਦੇ ਸਮਝਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁੱਲ੍ਹੀਆਂ ਬਾਹਵਾਂ ਵਿਚ ਸਾਰੇ ਸਮਾ ਰਹੇ ਸਨ। ਉਨ੍ਹਾਂ ਵਿਚ ਉੱਚੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਲੋਕ ਵੀ ਸਨ ਪਰ ਉਨ੍ਹਾਂ ਵਲ ਉਹ ਲੋਕ ਤੇਜ਼ੀ ਨਾਲ ਵੱਧ ਗਿਣਤੀ ਵਿਚ ਆ ਰਹੇ ਸਨ, ਜਿਨ੍ਹਾਂ ਨੂੰ ਸਦੀਆਂ ਤੋਂ ਨੀਚ ਕਿਹਾ ਜਾ ਰਿਹਾ ਸੀ। ਉੱਚੀ ਜਾਤੀ ਦੇ ਲੋਕਾਂ ਨੇ ਇਤਰਾਜ਼ ਕੀਤਾ, "ਗੁਰੂ ਜੀ! ਤੁਸੀਂ ਕੀ ਕਰ ਰਹੇ ਹੋ, ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਤੁਸੀਂ ਬਰਾਬਰ ਥਾਂ ਦੇ ਰਹੇ ਹੋ?" ਬ੍ਰਾਹਮਣਾਂ ਨੇ ਕਿਹਾ, "ਵਿੱਦਿਆ ਦੇ ਦਾਤਾ ਤਾਂ ਅਸੀਂ ਹਾਂ।" ਖੱਤਰੀਆਂ ਨੇ ਕਿਹਾ, "ਤੁਸੀਂ ਲੜਾਈਆਂ ਵਿਚ ਸਾਡੇ ਸਹਿਯੋਗ ਨਾਲ ਜਿੱਤਾਂ ਪ੍ਰਾਪਤ ਕਰੋਗੇ।" ਵੈਸ਼ਾਂ ਨੇ ਕਿਹਾ, "ਤੁਹਾਡਾ ਘਰ ਤਾਂ ਸਾਡੇ ਰਾਹੀਂ ਦਿੱਤੇ ਹੋਏ ਧਨ ਨਾਲ ਹੀ ਭਰੇਗਾ। ਇਹ ਨੀਵੀਆਂ ਜਾਤਾਂ ਦੇ ਲੋਕ ਭਲਾ ਤੁਹਾਨੂੰ ਕੀ ਦੇਣਗੇ?"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਤਕ ਅਨੇਕਾਂ ਯੁੱਧਾਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ ਸਨ। ਉਨ੍ਹਾਂ ਨੇ ਬੜੀ ਨਿਮਰਤਾ ਨਾਲ ਕਿਹਾ, "ਜਿਨ੍ਹਾਂ ਨੂੰ ਤੁਸੀਂ ਨੀਚ ਕਹਿ ਰਹੇ ਹੋ, ਮੈਂ ਸਾਰੇ ਯੁੱਧ ਉਨ੍ਹਾਂ ਦੀ ਕਿਰਪਾ ਨਾਲ ਹੀ ਜਿੱਤੇ ਹਨ। ਮੇਰੇ ਸਾਰੇ ਸੰਕਟ ਇਨ੍ਹਾਂ ਦੀ ਕਿਰਪਾ ਨਾਲ ਹੀ ਟਲਦੇ ਹਨ, ਇਨ੍ਹਾਂ ਦੀ ਕਿਰਪਾ ਨਾਲ ਹੀ ਮੇਰਾ ਲੁੱਟਿਆ ਹੋਇਆ ਘਰ ਮੁੜ ਭਰ ਜਾਂਦਾ ਹੈ, ਮੇਰੀ ਵਿਦਿਆ ਇਨ੍ਹਾਂ ਦੀ ਕਿਰਪਾ ਸਦਕਾ ਹੈ, ਮੇਰੇ ਦੁਸ਼ਮਣ ਇਨ੍ਹਾਂ ਦੀ ਕਿਰਪਾ ਨਾਲ ਹੀ ਹਾਰ ਜਾਂਦੇ ਹਨ, ਮੈਂ ਜੋ ਕੁਝ ਵੀ ਹਾਂ, ਇਨ੍ਹਾਂ ਦੀ ਕਿਰਪਾ ਸਦਕਾ ਹੀ ਹਾਂ, ਨਹੀਂ ਤਾਂ ਮੇਰੇ ਵਰਗੇ ਕਰੋੜਾਂ ਇਸ ਸੰਸਾਰ ਵਿਚ ਹਨ। ਕੌਣ ਪੁੱਛਦਾ ਹੈ ਉਨ੍ਹਾਂ ਨੂੰ?

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਪੰਨਾ ੭੧੬)

ਇਹ ਕਿਹੜਾ ਲੋਕਤਾਂਤ੍ਰਿਕ ਗਿਆਨ ਸੀ, ਜਿਹੜਾ ਉਨ੍ਹਾਂ ਤੋਂ ਇਸ ਤਰ੍ਹਾਂ ਮਨੁੱਖੀ ਗੌਰਵ ਨੂੰ ਉੱਨਤ ਕਰਵਾ ਰਿਹਾ ਸੀ। ਜਸ ਤੇ ਸਨਮਾਨ ਵਿਅਕਤੀ ਨੂੰ ਆਰਾਮ-ਪ੍ਰਸਤ ਬਣਾ ਦਿੰਦੇ ਹਨ ਅਤੇ ਆਰਾਮ-ਪ੍ਰਸਤ ਲੋਕ ਆਪਣੇ ਸੁਖ ਆਰਾਮ ਨੂੰ ਸੁਰੱਖਿਅਤ ਰੱਖਣ ਲਈ ਹਰ ਗ਼ਲਤ ਠੀਕ ਸਮਝੌਤੇ ਕਰ ਲੈਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਕਦਰਾਂ-ਕੀਮਤਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਮਾਤਾ-ਪਿਤਾ, ਚਾਰੇ ਸਾਹਿਬਜ਼ਾਦੇ, ਅਨੇਕਾਂ ਨਜ਼ਦੀਕੀ ਸੰਬੰਧੀ ਅਤੇ ਅੰਤ ਵਿਚ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ। ਘਰ ਬਾਰ ਖੋ ਗਿਆ, ਸੰਗੀ ਸਾਥੀ ਵਿਛੜ ਗਏ, ਰਾਜਿਆਂ ਨੂੰ ਲਲਚਾਉਣ ਵਾਲਾ ਧਨ-ਦੌਲਤ ਵੀ ਨਸ਼ਟ ਹੋ ਗਿਆ। ਅਜਿਹੀ ਸਥਿਤੀ ਵੀ ਆਈ ਜਦੋਂ ਮਾਛੀਵਾੜੇ ਦੇ ਜੰਗਲ ਵਿਚ ਨੰਗੇ ਪੈਰੀਂ ਤੁਰਨਾ ਪਿਆ ਪਰ ਇਕ ਹੀ ਗੱਲ

www.sikhbookclub.com

ਹਮੇਸ਼ਾ ਸਾਹਮਣੇ ਰਹੀ, ਮੈਂ ਆਪਣੇ ਇਨ੍ਹਾਂ ਲਤਾੜੇ ਹੋਏ ਦੁਖੀ ਅਣਗੌਲੇ ਅਤੇ ਹਾਰੇ ਹੋਏ ਸਾਥੀਆਂ ਲਈ ਹੀ ਹਾਂ। ਮੇਰਾ ਘਰ, ਤਨ, ਮਨ, ਧਨ ਸਭ ਕੁਝ ਇਨ੍ਹਾਂ ਦਾ ਹੀ ਹੈ। ਉਹਨਾਂ ਦੇ ਸ਼ਬਦਾਂ ਵਿਚ :

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥

(ਦਸਮ ਗ੍ਰੰਥ, ਪੰਨਾ ੭੧੬)

ਵਿਹਾਰਕ ਪੱਧਰ 'ਤੇ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਫ਼ਕੀਰ ਆਪਣੇ ਪੁੱਤਰਾਂ ਤੇ ਪੈਰੋਕਾਰਾਂ ਸਮੇਤ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਦੁਸ਼ਮਣਾਂ ਨਾਲ ਲੜੇ। ਸਿਧਾਂਤਕ ਪੱਧਰ 'ਤੇ ਉਹ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਕਿ ਦ੍ਰਿਸ਼ਟਮਾਨ ਜਗਤ ਦੇ ਵੱਖ-ਵੱਖ ਭੇਦਾਂ ਵਿਚਾਲੇ ਇਕ ਅਭੇਦ ਸ਼ਕਤੀ ਨਿਵਾਸ ਕਰਦੀ ਹੈ। ਸਭ ਕੁਝ ਉਸ ਤੋਂ ਪੈਦਾ ਹੋ ਕੇ ਅੰਤ ਵਿਚ ਉਸੇ ਵਿਚ ਸਮਾ ਜਾਂਦਾ ਹੈ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥

(ਅਕਾਲ ਉਸਤਤਿ)

ਜੇ ਇਹ ਮਨੁੱਖੀ ਸ੍ਰਿਸ਼ਟੀ ਉਸ ਇਕ ਵਿਸ਼ਵ ਰੂਪ ਤੋਂ ਹੀ ਪੈਦਾ ਹੋਈ ਹੈ ਤਾਂ ਫਿਰ ਭੇਦ ਕਿਸ ਗੱਲ ਦਾ ? ਸੰਸਾਰ ਵਿਚ ਮਨੁੱਖੀ ਭੇਦ-ਭਾਵ ਨੂੰ ਕਦੇ ਵਰਨ, ਕਦੇ ਧਰਮ, ਕਦੇ ਦੇਸ਼, ਅਮੀਰੀ ਗਰੀਬੀ ਆਦਿ ਅਨੇਕਾਂ ਆਧਾਰਾਂ 'ਤੇ ਪਾਲਿਆ ਪੋਸਿਆ ਜਾਂਦਾ ਹੈ ਪਰ ਇਹ ਸਾਰੇ ਆਧਾਰ ਗ਼ਲਤ ਹਨ। ਸੱਚਾਈ ਤਾਂ ਇਹ ਹੈ ਕਿ ਮਨੁੱਖ ਤਾਂ ਰਿਹਾ ਇਕ ਹੀ ਹੈ, ਭਿੰਨ ਭਿੰਨ ਪ੍ਰਭਾਵਾਂ ਕਾਰਨ ਕੁਝ ਲੋਕ ਮੰਦਰਾਂ ਵਿਚ ਜਾਂਦੇ ਹਨ, ਕੁਝ ਮਸੀਤਾਂ ਵਿਚ। ਕੁਝ ਲੋਕ ਇਸ ਤਰ੍ਹਾਂ ਦਾ ਜੀਵਨ ਜੀਉਂਦੇ ਹਨ, ਕੁਝ ਦੂਸਰੀ ਤਰ੍ਹਾਂ ਦਾ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥

www.sikhbookclub.com

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

(ਅਕਾਲ ਉਸਤਤਿ)

ਮਨੁੱਖਤਾ ਵਿਚ ਦ੍ਰਿਸ਼ਟਮਾਨ ਸੰਪੂਰਨ ਭੇਦ-ਭਾਵ, ਜਲ-ਵਾਯੂ, ਮਾਹੌਲ ਤੇ ਵਾਤਾਵਰਨ ਦੀ ਉਪਜ ਹੈ, ਉਸ ਵਿਚ ਅੰਤਰ ਕੁਝ ਵੀ ਨਹੀਂ। ਇਹ ਬਹੁਤ ਹੀ ਨਵੀਂ ਗੱਲ ਲੱਗਦੀ ਹੈ। ਪਰ ਇਸ ਗੱਲ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਸਦੀਆਂ ਪਹਿਲਾਂ ਕਿਹਾ ਹੀ ਨਹੀਂ ਸੀ ਸਗੋਂ ਇਸ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਵਿਚ ਕਰ ਵਿਖਾਇਆ। ਸਿਰ ਮੁਨਾ ਕੇ ਸੰਨਿਆਸੀ ਹੋਣ ਜਾਂ ਜੋਗੀ ਬਣਨ ਨਾਲ ਬ੍ਰਹਮਚਾਰੀ ਜਾਂ ਜਤੀ ਬਣਨ ਨਾਲ, ਹਿੰਦੂ ਜਾਂ ਤੁਰਕ ਹੋਣ ਨਾਲ ਮਨੁੱਖੀ ਸਰੂਪ ਤਾਂ ਨਹੀਂ ਬਦਲ ਜਾਂਦਾ। ਉਨ੍ਹਾਂ ਨੇ ਕਿਹਾ, ਮੈਂ ਇਨ੍ਹਾਂ ਸਾਰਿਆਂ ਵਿਚ ਇਕ ਮਨੁੱਖਤਾ ਨੂੰ ਹੀ ਪਹਿਚਾਨਦਾ ਹਾਂ। ਉਨ੍ਹਾਂ ਦੇ ਅੰਦਰ ਇਕ ਹੀ ਜੋਤੀ ਨਿਵਾਸ ਕਰਦੀ ਹੈ। ਇਸ ਲਈ ਭੁੱਲ ਕੇ ਵੀ ਮੈਂ ਕਿਸੇ ਹੋਰ ਭੇਦ ਨੂੰ ਨਹੀਂ ਮੰਨਦਾ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥

(ਅਕਾਲ ਉਸਤਤਿ)

ਉਂਜ ਮਨੁੱਖੀ ਬਰਾਬਰੀ ਦੀ ਗੱਲ ਕਰਨਾ ਮਨੁੱਖੀ ਕਦਰਾਂ-ਕੀਮਤਾਂ ਦੀ ਵਿਆਖਿਆ ਕਰਨਾ ਅਤੇ ਇਨ੍ਹਾਂ ਦਾ ਪ੍ਰਚਾਰ ਕਰਨਾ ਕੋਈ ਅਨੋਖੀ ਗੱਲ ਨਹੀਂ ਹੈ। ਮਨੁੱਖੀ ਇਤਿਹਾਸ ਦੇ ਲੰਬੇ ਸਮੇਂ ਵਿਚ ਇਸ ਧਰਤੀ 'ਤੇ ਅਜਿਹੇ ਸਿਧਾਂਤਾਂ ਦਾ ਅਮਲੀ ਰੂਪ ਵਿਚ ਪ੍ਰਚਾਰ ਕਰਨ ਵਾਲਿਆਂ ਦੀ ਕਮੀ ਨਹੀਂ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ ਵਿਚ ਇਹ ਸਥਿਤੀ ਵਧੇਰੇ ਰੌਚਕ, ਆਕਰਸ਼ਕ ਤੇ ਅਨੋਖੀ ਹੈ। ਉਹ ਇਕ ਧਰਮ ਗੁਰੂ ਸਨ, ਸੰਤ ਸਨ। ਇਸ ਦੇ ਨਾਲ ਹੀ ਆਪਣੇ ਸਮੇਂ ਦੀ ਜ਼ਾਲਮ ਹਕੂਮਤ ਦੇ ਵਿਰੁੱਧ ਪੈਦਾ ਹੋਏ ਅੰਦੋਲਨ ਦੇ ਨੇਤਾ ਸਨ। ਯੁੱਧ ਭੂਮੀ ਦੀ ਨੀਤੀ ਸਾਧਾਰਨ ਜੀਵਨ ਦੀ ਨੀਤੀ ਤੋਂ ਕੁਝ ਵੱਖਰੀ ਹੁੰਦੀ ਹੈ। ਇਸੇ ਤਰ੍ਹਾਂ ਯੁੱਧ ਕਰ ਰਹੇ ਸਿਪਾਹੀ ਦੀ ਨੀਤੀ ਆਮ ਵਿਅਕਤੀ ਦੀ ਨੀਤੀ ਤੋਂ ਕੁਝ ਵੱਖਰੀ ਦਿਖਾਈ ਦਿੰਦੀ ਹੈ। ਸਾਧਾਰਨ ਜੀਵਨ ਵਿਚ ਕਿਸੇ ਵਿਅਕਤੀ ਦਾ ਕਤਲ ਅਨੈਤਿਕ ਵੀ ਹੈ ਅਤੇ ਭਿਅੰਕਰ ਅਪਰਾਧ ਵੀ ਪਰ ਯੁੱਧ ਭੂਮੀ ਵਿਚ ਦੁਸ਼ਮਣ ਦੇ ਸਿਪਾਹੀਆਂ ਦਾ ਕਤਲ ਵੀਰਤਾ ਅਤੇ ਪ੍ਰਸੰਸਾ ਦਾ ਪਾਤਰ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੈਨਿਕ ਹੀ ਨਹੀਂ, ਸੈਨਾਪਤੀ ਵੀ ਸਨ। ਅਜਿਹੀ ਸਥਿਤੀ ਵਿਚ ਦੁਸ਼ਮਣਾਂ ਨੂੰ ਹਰਾਉਣ ਅਤੇ ਆਪਣੇ ਪੱਖ ਦਾ ਨੈਤਿਕ ਬਲ ਵਧਾਉਣ ਲਈ ਦੁਸ਼ਮਣ ਨੂੰ ਨੀਵਾਂ ਵਿਖਾਉਣ ਦੀ ਪਰਵਿਰਤੀ ਸੁਭਾਵਿਕ ਹੈ। ਇਥੋਂ ਹੀ ਅਜਿਹੀ ਸੂਝ ਬੂਝ ਦੀ ਲੋੜ ਅਨੁਭਵ ਹੁੰਦੀ ਹੈ,

www.sikhbookclub.com

ਜਿਸ ਤੋਂ ਇਹ ਪਤਾ ਲੱਗ ਸਕੇ ਕਿ ਯੁੱਧ ਭੂਮੀ ਵਿਚ ਦੁਸ਼ਮਣ ਵਿਖਾਈ ਦੇਣ ਵਾਲਾ ਵਿਅਕਤੀ ਵੀ ਪ੍ਰਸੰਗ ਬਦਲਦਿਆਂ ਹੀ ਸਾਧਾਰਨ ਮਨੁੱਖ ਦਿਖਾਈ ਦਿੰਦਾ ਹੈ ਅਤੇ ਸਾਡੇ ਸਨੇਹ ਦਾ ਪਾਤਰ ਬਣ ਜਾਂਦਾ ਹੈ। ਸੈਨਿਕ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਤੋਂ ਆਪਣੀ ਜਿੱਤ ਅਤੇ ਦੁਸ਼ਮਣ ਦੀ ਹਾਰ ਦੀ ਕਾਮਨਾ ਕੀਤੀ ਹੈ :

ਹਮਰੀ ਕਰੋ ਹਾਥ ਦੈ ਰੱਛਾ ॥
ਪੂਰਨ ਹੋਇ ਚਿਤ ਕੀ ਇੱਛਾ ॥...
ਹਮਰੇ ਦੁਸਟ ਸਭੈ ਤੁਮ ਘਾਵਹੁ ॥
ਆਪੁ ਹਾਥ ਦੈ ਮੋਹਿ ਬਚਾਵਹੁ ॥...
ਹੂਜੋ ਸਦਾ ਹਮਾਰੇ ਪੱਛਾ ॥
ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥

ਪਰ ਆਪਣੀ ਜਿੱਤ ਅਤੇ ਦੁਸ਼ਮਣ ਦੀ ਹਾਰ ਦੀ ਕਾਮਨਾ ਉਨ੍ਹਾਂ ਦੇ ਅੰਦਰ ਦੇ ਸੈਨਿਕ ਦੀ ਕਾਮਨਾ ਹੈ। ਅਜਿਹੀ ਸਥਿਤੀ ਵਿਚ ਵੀ ਉਨ੍ਹਾਂ ਦਾ ਦੁਸ਼ਮਣ ਕਿਸੇ ਵਿਸ਼ੇਸ਼ ਜਾਤ, ਧਰਮ ਜਾਂ ਵਰਗ ਦਾ ਨਹੀਂ ਹੈ। ਦੁਸ਼ਮਣ ਉਨ੍ਹਾਂ ਲਈ ਉਨ੍ਹਾਂ ਜ਼ਾਲਮਾਂ ਦਾ ਵਰਗ ਹੈ ਜਿਹੜਾ ਆਪਣੇ ਸੁਆਰਥਾਂ, ਤੰਗਦਿਲੀ ਅਤੇ ਸ਼ੋਸ਼ਣ ਲਈ ਸਾਧਾਰਨ ਲੋਕਾਂ ਨੂੰ ਦੁਖੀ ਕਰ ਰਿਹਾ ਸੀ। ਅਜਿਹੇ ਦੁਖੀ ਤੇ ਗ਼ੁਲਾਮ ਲੋਕਾਂ ਦੇ ਸਨਮਾਨ ਦੀ ਰੱਖਿਆ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵਾਰ ਉਠਾਉਣੀ ਪਈ ਸੀ। ਔਰੰਗਜ਼ੇਬ ਨੂੰ ਲਿਖੇ ਆਪਣੇ 'ਜ਼ਫ਼ਰਨਾਮੇ' ਵਿਚ ਉਨ੍ਹਾਂ ਨੇ ਲਿਖਿਆ ਸੀ ਕਿ ਔਰੰਗਜ਼ੇਬ ਨਾਂ ਤੈਨੂੰ ਸੋਭਾ ਨਹੀਂ ਦਿੰਦਾ, ਕਿਉਂਕਿ ਰਾਜ ਸਿੰਘਾਸਨ ਨੂੰ ਸੁਸ਼ੋਭਿਤ ਕਰਨ ਵਾਲੇ ਲਈ ਦਗਾ-ਫ਼ਰੇਬ ਯੋਗ ਨਹੀਂ ਹੈ। ਤੇਰੇ ਹੱਥ ਵਿਚਲੀ ਮਾਲਾ ਇਕ ਧੋਖਾ ਹੈ ਕਿਉਂਕਿ ਤੂੰ ਮਾਲਾ ਦੇ ਮਣਕਿਆਂ ਨੂੰ ਦਾਣੇ ਅਤੇ ਧਾਗੇ ਦਾ ਜਾਲ ਬਣਾ ਕੇ ਨਿਰਦੋਸ਼ ਵਿਅਕਤੀਆਂ ਨੂੰ ਫਸਾ ਲੈਂਦਾ ਹੈਂ। ਤੂੰ ਆਪਣੇ ਪਿਤਾ ਦੀ ਮਿੱਟੀ ਕੁਕਰਮ ਕਰ ਕੇ ਆਪਣੇ ਭਰਾ ਦੇ ਲਹੂ ਨਾਲ ਗੁੰਨ੍ਹੀ ਹੈ ਅਤੇ ਇਸ ਨਾਲ ਆਪਣੀ ਨਾਸ਼ਵਾਨ ਹਕੂਮਤ ਦੇ ਮਹਿਲ ਦੀ ਨੀਂਹ ਰੱਖੀ ਹੈ। ਇਸ ਪ੍ਰਸੰਗ ਵਿਚ ਉਨ੍ਹਾਂ ਲਿਖਿਆ ਸੀ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ *(ਦਸਮ ਗ੍ਰੰਥ, ਪੰਨਾ ੧੩੯੦)*

(ਜਦੋਂ ਸ਼ਾਂਤੀ ਦੇ ਸਾਰੇ ਉਪਾਅ ਅਸਫਲ ਹੋ ਜਾਣ ਤਾਂ ਤਲਵਾਰ ਦਾ ਸਹਾਰਾ ਲੈਣਾ ਸਾਰੇ ਪੱਖਾਂ ਤੋਂ ਉਚਿਤ ਹੈ।)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਉਠਾਈ ਅਤੇ ਉਸ ਦੇ ਕਾਰਨਾਂ ਦਾ ਵਿਸ਼ਲੇਸ਼ਣ ਵੀ ਕੀਤਾ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥

www.sikhbookclub.com

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਅਧਿ: ੬)*

ਧਰਮ ਦੀ ਰੱਖਿਆ, ਸੰਤਾਂ ਦਾ ਉਧਾਰ ਅਤੇ ਦੁਸ਼ਟਾਂ ਦਾ ਨਾਸ਼ ਉਨ੍ਹਾਂ ਦੇ ਸੰਪੂਰਨ ਜੀਵਨ ਦਾ ਸਮੁੱਚਾ ਆਧਾਰ ਬਣ ਗਿਆ ਸੀ।

ਜ਼ੁਲਮ ਦਾ ਵਿਰੋਧ ਕਰਨ ਲਈ ਲੋਕਾਂ ਵਿਚ ਜਿਸ ਸ਼ਕਤੀ-ਸੰਚਾਰ ਦੀ ਲੋੜ ਸੀ ਉਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸਾਹਿਬਾਨ ਦੀ ਭਗਤੀ ਪਰੰਪਰਾ ਵਿਚ ਵੀਰ-ਰੂਪਕਾਂ ਨੂੰ ਪ੍ਰਮੁੱਖਤਾ ਦਿੱਤੀ। ਸਮੁੱਚੇ ਭਗਤੀ-ਕਾਵਿ ਵਿਚ ਪਰਮਾਤਮਾ ਦੇ ਸ੍ਰਿਸ਼ਟੀ ਦੇ ਸਿਰਜਣਹਾਰ ਅਤੇ ਪਾਲਣਹਾਰ ਰੂਪ ਦੀ ਪ੍ਰਧਾਨਤਾ ਹੈ ਪਰ ਉਸ ਦਾ ਇਕ ਰੂਪ ਹੋਰ ਵੀ ਹੈ ਵਿਨਾਸ਼। ਵਿਨਾਸ਼ ਕਰਨ ਜਾਂ ਪਰਲੋ ਲਿਆਉਣ ਵਾਲਾ ਰੂਪ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਇਸ ਰੂਪ ਵੱਲ ਵੀ ਸੰਕੇਤ ਕੀਤਾ :

ਅਸੁਰ ਸਘਾਰਣ ਰਾਮੁ ਹਮਾਰਾ ॥ *(ਪੰਨਾ ੧੦੨੮)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਤ ਵਿਚ ਪਰਮਾਤਮਾ ਦੇ ਸਿਰਜਣਹਾਰ ਅਤੇ ਪਾਲਣਹਾਰ ਦੇ ਨਾਲ ਹੀ ਉਸ ਦੇ ਵਿਨਾਸ਼ਕਾਰੀ ਰੂਪ ਦਾ ਬੜੇ ਸੁੰਦਰ ਢੰਗ ਨਾਲ ਵਰਣਨ ਕੀਤਾ ਹੈ। ਅਨੇਕਾਂ ਥਾਵਾਂ 'ਤੇ ਉਹ ਕਹਿੰਦੇ ਹਨ ਕਿ ਜਿਸ 'ਅਕਾਲ ਪੁਰਖ' ਨੇ ਵੱਡੇ ਵੱਡੇ ਦੇਵਤਿਆਂ, ਦੈਂਤਾਂ, ਸਮਰਾਟਾਂ ਨੂੰ ਛਿਨ ਭਰ ਵਿਚ ਖ਼ਤਮ ਕਰ ਦਿੱਤਾ, ਉਸ ਦੇ ਸਾਹਮਣੇ ਕੋਈ ਟਿੱਕ ਸਕੇ, ਅਜਿਹੀ ਕਿਸ ਵਿਚ ਸ਼ਕਤੀ ਹੈ। ਸ਼ਾਇਦ ਇਹ ਕਹਿ ਕੇ ਉਨ੍ਹਾਂ ਨੇ ਆਪਣੇ ਜੁਗ ਦੀ ਤਾਕਤ ਦੇ ਨਸ਼ੇ ਵਿਚ ਅੰਨ੍ਹੀ ਹੋਈ ਮੁਗ਼ਲ ਹਕੂਮਤ ਵੱਲ ਸੰਕੇਤ ਕੀਤਾ ਸੀ, ਜਿਸ ਦੀ ਵਿਸ਼ਾਲ ਸ਼ਕਤੀ ਦੇ ਮੁਕਾਬਲੇ ਉਸ 'ਅਕਾਲ ਪੁਰਖ' ਦਾ ਭਰੋਸਾ ਲੈ ਕੇ ਉਹ ਖੜੇ ਹੋਏ ਸਨ :

ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ,
ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥ *(ਦਸਮ ਗ੍ਰੰਥ, ਪੰਨਾ ੪੫)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਪਰਮਾਤਮਾ ਦੇ ਅਣਗਿਣਤ ਨਾਵਾਂ ਦੀ ਵਰਤੋਂ ਕੀਤੀ ਹੋਈ ਹੈ। ਭਗਤੀ ਸਾਹਿਤ ਦੇ ਪਰਮੇਸ਼ਵਰ-ਵਾਚੀ ਨਾਂ ਵਧੇਰੇ ਕਰਕੇ ਸੰਤ-ਮਾਨਸਿਕਤਾ ਦੇ ਨਾਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਤ ਵੀ ਹਨ ਤੇ ਸਿਪਾਹੀ ਵੀ। ਇਸ ਲਈ ਉਨ੍ਹਾਂ ਦੇ ਸਾਹਿਤ ਵਿਚ ਸੰਤ ਮਾਨਸਿਕਤਾ ਦੇ ਨਾਂ ਤਾਂ ਹਨ ਹੀ, ਸਿਪਾਹੀ ਮਾਨਸਿਕਤਾ ਦੇ ਨਾਵਾਂ ਦੀ ਪ੍ਰਧਾਨਤਾ ਵੀ ਹੈ। ਇਸ ਪੱਖ ਤੋਂ 'ਕਾਲ' ਉਨ੍ਹਾਂ ਦਾ ਸਭ ਤੋਂ ਵੱਧ ਮਨ-ਭਾਉਂਦਾ ਨਾਂ ਹੈ। 'ਕਾਲ' ਨੂੰ ਉਨ੍ਹਾਂ ਨੇ ਅਕਾਲ, ਸਰਬਕਾਲ, ਮਹਾਂਕਾਲ, ਸ੍ਰੀਕਾਲ ਆਦਿ ਅਨੇਕਾਂ ਨਾਵਾਂ ਨਾਲ ਪੁਕਾਰਿਆ ਹੈ। ਕਾਲ ਦੇ ਰੂਪ ਵਿਚ ਉਨ੍ਹਾਂ ਪਰਮਾਤਮਾ ਦੇ ਵੀਰ ਰੂਪ ਤੇ ਪ੍ਰਚੰਡ ਰੂਪ ਦੀ ਪ੍ਰਤਿਸ਼ਠਾ ਕੀਤੀ ਹੈ। ਡਮਰੂ ਬਜਾਉਂਦਿਆਂ, ਫਨੀਅਰ ਸੱਪ ਵਾਂਗ ਫੁੰਕਾਰਦਿਆਂ, ਸ਼ੇਰ ਵਾਂਗ ਗਰਜਦਿਆਂ, ਬਿਜਲੀ ਵਾਂਗ ਲਿਸ਼ਕਦਿਆਂ, ਖ਼ੂਨ ਪੀਂਦਿਆਂ, ਅਠ ਭੁਜਾਂ ਧਾਰਨ ਕੀਤੇ ਹੋਏ ਸ਼ੇਰ 'ਤੇ ਸਵਾਰ, ਆਪਣੇ ਜਬਾੜੇ ਵਿਚ ਸਾਰਿਆਂ ਨੂੰ ਚਬਾਉਂਦਿਆਂ ਭਿਆਨਕ ਰੂਪ ਦਾ ਚਿਤਰਨ ਉਨ੍ਹਾਂ ਦੇ ਸਾਹਿਤ ਵਿਚ ਅਨੇਕਾਂ ਥਾਵਾਂ 'ਤੇ ਹੋਇਆ ਹੈ। ਉਦਾਹਰਨ ਲਈ :

ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਰ ਬਰੰ ॥

www.sikhbookclub.com

ਲੰਕੁੜੀਆ ਫਾਧੈ ਆਯੁਧ ਬਾਂਧੈ ਸੈਨ ਬਿਮਰਦਨ ਕਾਲ ਅਸੁਰੰ ॥
ਅਸਟਾਯੁਧ ਚਮਕੈ ਭੂਖਣ ਦਮਕੈ ਅਤਿਸਿਤ ਝਮਕੈ ਫੁੰਕ ਫਣੰ ॥
ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਦੈਤ ਜਿਣੰ ॥੩॥੨੧੩॥

(ਅਕਾਲ ਉਸਤਤਿ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਕਥਾ 'ਬਚਿਤ੍ਰ ਨਾਟਕ' ਵਿਚ ਕਾਲ ਦੇ ਇਸ ਰੌਦ੍ਰ ਰੂਪ ਦਾ ਉਲੇਖ ਇਥੇ ਉਦਾਹਰਣ ਵਜੋਂ ਪੇਸ਼ ਹੈ, ਭਾਵੇ ਦਸਮ ਗ੍ਰੰਥ ਵਿਚ ਅਜਿਹੇ ਰੂਪ ਚਿਤਰਾਂ ਦੀ ਕੋਈ ਕਮੀ ਨਹੀਂ ਹੈ :

ਕਰੰ ਬਾਮ ਚਾਪਿਯੰ ਕ੍ਰਿਪਾਣੰ ਕਰਾਲੰ ॥
ਮਹਾ ਤੇਜ ਤੇਜੰ ਬਿਰਾਜੈ ਬਿਸਾਲੰ ॥
ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ ॥
ਜਿਨੈ ਚਰਬੀਯੰ ਜੀਵ ਜੱਗਯੰ ਹਜਾਰੰ ॥੧੮॥
ਡਮਾਡੱਮ ਡਉਰੂ ਸਿਤਾ ਸੇਤ ਛਤ੍ਰੰ ॥
ਹਾਹਾ ਹੂਹੂ ਹਾਸੰ ਝਮਾਝੱਮ ਅਤ੍ਰੰ ॥
ਮਹਾ ਘੋਰ ਸਬਦੰ ਬਜੇ ਸੰਖ ਐਸੇ ॥
ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੇ ॥੧੯॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਕਾਲ' ਦੇ ਸਾਕਾਰ ਰੂਪ ਦੀ ਕਲਪਣਾ ਵੀ ਅਸਤਰ-ਸ਼ਸਤਰ ਯੁਕਤ ਹੈ। ਲੋਕਾਂ ਦੇ ਸਾਹਮਣੇ ਬੰਸਰੀ ਵਜਾਉਂਦੇ, ਗਊਆਂ ਚਰਾਉਂਦੇ, ਮੱਖਣ ਚੁਰਾਉਂਦੇ ਹੋਏ ਆਪਣੇ ਇਸ਼ਟ ਦੇਵ ਦਾ ਰੂਪ ਹੀ ਪ੍ਰਮੁੱਖ ਸੀ। ਗੁਰੂ ਜੀ ਨੇ ਲੋਕਾਂ ਦੇ ਸਾਹਮਣੇ ਖੜਗਧਾਰੀ, ਕਿਰਪਾਨਧਾਰੀ, ਬਾਣਧਾਰੀ, ਦੰਡਧਾਰੀ, ਚੱਕਰਧਾਰੀ, ਤੇਗਧਾਰੀ, ਖੜਗ ਕੇਤ, ਧਨੁਸ਼ ਬਾਨਾਧਾਰੀ ਆਦਿ ਅਨੰਤ ਵੀਰ ਰੂਪ ਰੱਖੇ।

ਪਰਮਾਤਮਾ ਦੇ ਵੀਰ ਰੂਪ ਅਤੇ ਅਸਤਰਾਂ-ਸ਼ਸਤਰਾਂ ਪ੍ਰਤੀ ਉਨ੍ਹਾਂ ਦੀ ਇਤਨੀ ਇਕਾਗਰਤਾ ਸੀ ਕਿ ਉਨ੍ਹਾਂ ਦੀ ਨਜ਼ਰ ਵਿਚ ਸ਼ਸਤਰ ਅਤੇ ਸ਼ਸਤਰਧਾਰੀ ਵਿਚ ਕੋਈ ਫ਼ਰਕ ਨਹੀਂ ਸੀ। ਖੜਗ ਆਪ ਹੀ ਖੜਗਧਾਰੀ ਦਾ ਪ੍ਰਤੀਕ ਬਣ ਗਈ। ਵੀਰ ਕਾਰਜਾਂ ਦੇ ਪ੍ਰਸੰਗ ਵਿਚ ਸ਼ਸਤਰ-ਪੂਜਾ ਇਸ ਦੇਸ਼ ਦੀ ਪ੍ਰਾਚੀਨ ਪਰੰਪਰਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਅਕਤਿਤਵ ਅਤੇ ਬਾਣੀ ਰਾਹੀਂ ਇਸ ਪਰੰਪਰਾ ਨੂੰ ਹੋਰ ਜ਼ੋਰ-ਸ਼ੋਰ ਨਾਲ ਚਲਾਇਆ। ਬਚਿਤ੍ਰ ਨਾਟਕ ਗ੍ਰੰਥ ਦਾ ਆਰੰਭ ਹੀ ਉਹ ਖੜਗ ਦੀ ਉਸਤਤ ਨਾਲ ਕਰਦੇ ਹਨ :

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ ॥੧॥

ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸ਼ਸਤਰ ਵੀ ਸ਼ਸਤਰਧਾਰੀ 'ਕਾਲ' ਦੇ ਵਾਂਗ ਇਕ ਰੂਪ ਹੈ :

ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥੮੭॥ *(ਦਸਮ ਗ੍ਰੰਥ, ਪੰਨਾ ੪੫)*

ਉਨ੍ਹਾਂ ਨੇ ਇਹ ਸਪੱਸ਼ਟ ਰੂਪ ਵਿਚ ਐਲਾਨ ਕੀਤਾ ਕਿ ਸੰਤਾਂ ਦੇ ਸੁਖ ਦਾ, ਦੁਸ਼ਟਾਂ ਦੇ ਨਾਸ਼ ਦਾ,

www.sikhbookclub.com

ਸੰਸਾਰ ਦੀ ਸਥਿਤੀ ਦਾ, ਸ੍ਰਿਸ਼ਟੀ ਦੇ ਉਧਾਰ ਦਾ ਅਤੇ ਮੇਰੀ ਪ੍ਰਤਿਗਿਆ ਦੀ ਪਾਲਣਾ ਦਾ ਇਕੋ ਇਕ ਸਾਧਨ ਤੇਗ ਹੈ, ਉਸੇ ਦੀ ਜੈ ਹੋਵੇ :

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥

(ਬਚਿਤ੍ਰ ਨਾਟਕ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਵਿਅਕਤਿਤਵ ਉਨ੍ਹਾਂ ਦੇ ਸੰਤ ਹੋਣ, ਉਨ੍ਹਾਂ ਦੇ ਸਿਪਾਹੀ ਹੋਣ ਅਤੇ ਉਨਾਂ ਦੇ ਸੰਤ-ਸਿਪਾਹੀ ਹੋਣ ਦੀ ਸਾਖੀ ਭਰਦਾ ਹੈ। ਬ੍ਰਹਮ ਤੇਜ ਤੇ ਖੱਤਰੀ ਤੇਜ ਦੇ ਸੰਜੋਗ ਨੂੰ ਦਰਸਾਉਣ ਵਾਲੇ ਕੁਝ ਉਦਾਹਰਨ ਭਾਰਤੀ ਇਤਿਹਾਸ ਵਿਚ ਮਿਲ ਜਾਣਗੇ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੀ ਸ਼ਖ਼ਸੀਅਤ ਜਿਸ ਵਿਚ ਬ੍ਰਹਮ ਤੇਜ, ਖੱਤਰੀ ਤੇਜ ਦੇ ਨਾਲ ਹੀ ਅਦਭੁਤ ਕਵਿਤਵ ਸ਼ਕਤੀ ਦਾ ਵੀ ਸੰਜੋਗ ਹੈ, ਵਿਸ਼ਵ ਸਾਹਿਤ ਵਿਚ ਸੱਚਮੁੱਚ ਅਨੋਖਾ ਤੇ ਬੇਮਿਸਾਲ ਹੈ।

(12/1992)

www.sikhbookclub.com

ਗੁਰੂ ਤੇ ਸ਼ਹਿਨਸ਼ਾਹ

ਸ੍ਰੀ ਅੰਮ੍ਰਿਤਸਰ ਵਿਖੇ ਐਤਕੀਂ ਜਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਗਿਆ ਤਾਂ ਹੋਰ ਸਾਰੇ ਪ੍ਰੋਗਰਾਮਾਂ ਤੋਂ ਇਲਾਵਾ ਇਕ ਨਵਾਂ ਤੇ ਵਿਲੱਖਣ ਪ੍ਰੋਗਰਾਮ ਇਹ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਜੇ ਹੋਏ ਭਾਰੀ ਦੀਵਾਨ ਵਿਚ ਗੁਰਪੁਰਬ ਵਾਲੀ ਰਾਤ ਨੂੰ ਇਕ ਅਮਰੀਕਨ ਈਸਾਈ ਪ੍ਰਚਾਰਕ ਨੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਈਸਾਈ ਪਰਚਾਰਕ ਹਨ ਡਾਕਟਰ ਸੀ.ਐਚ. ਲੋਹਲਿਨ। ਗੁਰਮਤਿ ਪ੍ਰਕਾਸ਼ ਦੇ ਪਾਠਕ ਆਪ ਦੇ ਨਾਮ ਤੋਂ ਜਾਣੂ ਹਨ। ਅਸੀਂ ਇਨ੍ਹਾਂ ਦੀ ਪੁਸਤਕ 'ਦੀ ਸਿਖਸ ਐਂਡ ਦੇਅਰ ਸਕ੍ਰਿਪਚਰਜ਼' (The Sikhs and their Scriptures) ਦਾ ਰੀਵਿਊ ਆਪਣੇ ਪਰਚੇ ਵਿਚ ਛਾਪ ਚੁੱਕੇ ਹਾਂ। ਇੰਜ ਹੀ ਡਾਕਟਰ ਲੋਹਲਿਨ ਵਲੋਂ ਇਕ ਦੋ ਸਿੱਖ ਪੁਸਤਕਾਂ 'ਤੇ ਕੀਤੇ ਰੀਵਿਊ ਵੀ ਪ੍ਰਕਾਸ਼ਤ ਕਰ ਚੁੱਕੇ ਹਾਂ। ਡਾਕਟਰ ਸਾਹਿਬ ਪੰਜਾਬੀ ਚੰਗੀ ਤਰ੍ਹਾਂ ਪੜ੍ਹ-ਲਿਖ ਸਕਦੇ ਹਨ ਅਤੇ ਅਮਰੀਕਨ ਲਹਿਜੇ ਵਿਚ ਸਹਿਜੇ-ਸਹਿਜੇ ਬੜੀ ਹੀ ਮਿੱਠੀ-ਮਿੱਠੀ ਪੰਜਾਬੀ ਬੋਲਦੇ ਹਨ। ਭਾਰਤ ਵਿਚ ਰਹਿੰਦਿਆਂ ਉਹਨਾਂ ਨੂੰ ਚਾਲੀ ਸਾਲ ਹੋ ਗਏ ਹਨ ਜਿਹਨਾਂ ਵਿਚੋਂ ਲਗਭਗ 35 ਸਾਲ ਉਹਨਾਂ ਨੇ ਸਿੱਖਾਂ ਵਿਚ ਵਿਚਰਦਿਆਂ ਗੁਜ਼ਾਰੇ ਹਨ। ਵਧੇਰੇ ਆਪ ਫ਼ੀਰੋਜ਼ਪੁਰ, ਅੰਮ੍ਰਿਤਸਰ, ਤਰਨ ਤਾਰਨ, ਜਲੰਧਰ ਤੇ ਬਟਾਲਾ ਰਹੇ ਹਨ। ਪਹਿਲਾਂ ਆਮ ਪਿੰਡਾਂ ਵਿਚ ਪ੍ਰਚਾਰ ਕਰਦੇ ਸਨ, ਫਿਰ ਬਟਾਲਾ ਕ੍ਰਿਸਚੀਅਨ ਕਾਲਜ ਵਿਚ ਪੜ੍ਹਾਉਣ ਲਗ ਪਏ। ਹੁਣ ਉਥੇ ਵਾਈਸ ਪ੍ਰਿੰਸੀਪਲ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੀ ਬਾਣੀ 'ਤੇ ਲਿਖ ਕੇ ਆਪ ਨੇ ਡਾਕਟਰੀ ਦੀ ਡਿਗਰੀ ਪ੍ਰਾਪਤ ਕੀਤੀ। ਸਿੱਖ ਧਰਮ ਤੇ ਇਤਿਹਾਸ ਦੇ ਚੰਗੇ ਜਾਣੂ ਹਨ ਤੇ ਸਿੱਖੀ ਤੇ ਈਸਾਈ ਮਤ ਦਾ ਤੁਲਨਾਤਮਕ ਅਧਿਐਨ ਚੰਗੀ ਤਰ੍ਹਾਂ ਕਰ ਸਕਦੇ ਹਨ।

ਡਾਕਟਰ ਲੋਹਲਿਨ ਇਕ ਚੰਗੇ ਈਸਾਈ ਪ੍ਰਚਾਰਕ ਤੇ ਸਿੱਖਾਂ ਦੇ ਮਿੱਤਰ ਹਨ। ਇਕ ਖੋਜੀ ਤੇ ਵਿਦਵਾਨ ਹਨ। ਇਕ ਚੰਗੇ ਉਸਤਾਦ ਤੇ ਪ੍ਰਬੰਧਕ ਹਨ। ਆਪ ਵੱਖੋ-ਵੱਖ ਧਰਮਾਂ ਦੇ ਮਿਲਵਰਤਨ ਤੇ ਆਪੋ ਵਿਚ ਮੇਲ ਮਿਲਾਪ ਚਾਹੁੰਦੇ ਹਨ। ਇਸੇ ਯਤਨ ਲਈ ਆਪ ਨੇ ਗ਼ੈਰ-ਸਿੱਖਾਂ ਲਈ ਤੇ ਅੰਗਰੇਜ਼ੀ ਪੜ੍ਹੇ-ਲਿਖਿਆਂ ਲਈ ਸਿੱਖ ਧਰਮ 'ਤੇ ਪੁਸਤਕਾਂ ਲਿਖੀਆਂ ਹਨ।

ਗੁਰਪੁਰਬ ਵਾਲੇ ਦਿਨ ਡਾਕਟਰ ਲੋਹਲਿਨ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਆਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਗਿਆਨੀ ਮਹਿੰਦਰ ਸਿੰਘ ਨੇ ਆਪ ਨੂੰ ਜੀ ਆਇਆਂ ਕਿਹਾ। ਆਪ ਨੇ ਸੰਗਤਾਂ ਨੂੰ ਦੱਸਿਆ ਕਿ ਕਿਵੇਂ ਉਸੇ ਦਿਨ ਡਾ. ਲੋਹਲਿਨ ਨੇ ਅੰਮ੍ਰਿਤਸਰ ਦੇ ਰੋਟਰੀ ਕਲੱਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਉੱਤੇ ਅੰਗਰੇਜ਼ੀ ਵਿਚ ਲੈਕਚਰ ਦਿੱਤਾ ਸੀ, ਹੁਣ ਪੰਜਾਬੀ ਵਿਚ ਸਿੱਖ ਸੰਗਤਾਂ ਨੂੰ ਸੰਬੋਧਨ ਕਰਨ ਲਈ ਆਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗਿਆਨੀ ਹਰਚਰਨ

www.sikhbookclub.com

ਸਿੰਘ ਹੁਡਿਆਰਾ ਨੇ ਆਪ ਦੇ ਗਲ ਵਿਚ ਹਾਰ ਪਾਇਆ ਤੇ ਡਾ. ਲੋਹਲਿਨ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਤੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਗੁਰੂ ਸਿੰਘ ਸਭਾ ਦਾ ਧੰਨਵਾਦ ਕੀਤਾ ਜਿਹਨਾਂ ਨੇ ਕਿ ਗੁਰਪੁਰਬ ਦਾ ਸਾਰਾ ਪ੍ਰਬੰਧ ਕੀਤਾ ਹੋਇਆ ਸੀ। ਡਾ. ਲੋਹਲਿਨ ਦੀ ਜਾਣ-ਪਛਾਣ ਦਾਸ ਨੇ ਕਰਾਈ ਤੇ ਸੰਗਤਾਂ ਨੂੰ ਦੱਸਿਆ ਕਿ ਡਾ. ਲੋਹਲਿਨ ਆਪਣੀ ਤਕਰੀਰ ਵਿਚ ਗੁਰੂ ਜੀ ਤੇ ਬਾਦਸ਼ਾਹ ਔਰੰਗਜ਼ੇਬ ਦਾ ਟਾਕਰਾ ਕਰਨਗੇ। ਡਾ. ਲੋਹਲਿਨ ਨੇ ਤਕਰੀਰ ਲਿਖ ਕੇ ਲਿਆਂਦੀ ਹੋਈ ਸੀ ਜੋ ਕਿ ਆਪ ਨੇ ਜੈਕਾਰਿਆਂ ਦੀ ਗੂੰਜ ਵਿਚ ਪੜ੍ਹੀ। ਦਾਸ ਨੇ ਆਪ ਦੀ ਤਕਰੀਰ ਦਾ ਸਾਰੰਸ਼ ਅਖੀਰ ਤੇ ਸੰਗਤਾਂ ਦੀ ਸੇਵਾ ਵਿਚ ਬਿਆਨ ਕੀਤਾ ਕਿਉਂਕਿ ਪੰਜਾਬੀ ਲਹਿਜਾ ਨਾ ਹੋਣ ਕਾਰਨ ਕਈ ਸੱਜਣ ਆਪ ਦੀ ਤਕਰੀਰ ਮੁਕੰਮਲ ਤੌਰ 'ਤੇ ਸਮਝ ਨਹੀਂ ਸਨ ਸਕੇ। ਡਾਕਟਰ ਲੋਹਲਿਨ ਦੀ ਤਕਰੀਰ ਗੁਰਮਤਿ ਪ੍ਰਕਾਸ਼ ਦੇ ਪਾਠਕਾਂ ਲਈ ਅਸੀਂ ਇੰਨ ਬਿੰਨ ਹੇਠਾਂ ਛਾਪ ਰਹੇ ਹਾਂ। ਪਾਠਕ ਅੰਦਾਜ਼ਾ ਕਰ ਸਕਦੇ ਹਨ ਕਿ ਇਕ ਪਰਦੇਸੀ ਵਿਦਵਾਨ ਨੂੰ ਸਿੱਖ ਧਰਮ ਦੀ ਕਿਤਨੀ ਵਾਕਫ਼ੀਅਤ ਹੈ ਤੇ ਉਹ ਸਿੱਖਾਂ ਨਾਲ ਕਿਤਨੀ ਹਮਦਰਦੀ ਰੱਖ ਰਹੇ ਹਨ ਤੇ ਸਿੱਖਾਂ ਦੇ ਕਿਤਨੇ ਚੰਗੇ ਮਿੱਤਰ ਹਨ।

ਡਾ. ਲੋਹਲਿਨ ਦੀ ਹੌਸਲਾ-ਅਫ਼ਜ਼ਾਈ ਕਰਦੇ ਹੋਏ ਕੁਝ ਮਾਇਆ ਸ੍ਰੀ ਗੁਰੂ ਸਿੰਘ ਸਭਾ ਦੇ ਕਰਮਚਾਰੀਆਂ ਵਲੋਂ ਆਪ ਨੂੰ ਦਿੱਤੀ ਗਈ ਜੋ ਕਿ ਆਪ ਨੇ ਸ੍ਰੀ ਦਰਬਾਰ ਸਾਹਿਬ ਦੇ ਗੁਰੂ ਕੇ ਲੰਗਰ ਵਾਸਤੇ ਦੇਂਦੇ ਹੋਏ ਕਿਹਾ ਕਿ ਮੈਨੂੰ ਸਤਿਗੁਰੂ ਨੇ ਬਹੁਤ ਕੁਝ ਦਿੱਤਾ ਹੈ। ਇਹ ਮਾਇਆ ਮੈਂ ਲੰਗਰ ਲਈ ਦਿੰਦਾ ਹਾਂ। ਲੰਗਰ ਸਿੱਖਾਂ ਦੀ ਇਕ ਉੱਤਮ ਤੇ ਵਿਲੱਖਣ ਸੰਸਥਾ ਹੈ।

—ਸੰਪਾਦਕ

ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਦੋ ਮਨੁੱਖ ਭਾਰਤ ਦੇ ਇਤਿਹਾਸ ਵਿਚ ਪ੍ਰਸਿੱਧ ਸਨ। ਦੋਨੋਂ ਆਪਣੇ ਆਪਣੇ ਨਿਸਚੇ ਅਨੁਸਾਰ ਧਰਮੀ ਸਨ। ਔਰੰਗਜ਼ੇਬ ਹਿੰਦੁਸਤਾਨ ਦੇ ਸ਼ਹਿਨਸ਼ਾਹ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਰੂਹਾਨੀ ਦਸਵਾਂ ਪਾਤਸ਼ਾਹ ਸਨ।

ਔਰੰਗਜ਼ੇਬ ਇਕ ਕੱਟੜ ਸੁੰਨੀ ਮੁਸਲਮਾਨ ਤਿਆਗੀ ਜਿਹਾ ਸੀ। ਉਹ ਸ਼ਰੀਅਤ ਅਤੇ ਹਦੀਸ ਪੂਰੀ ਤੌਰ ਨਾਲ ਮੰਨਦਾ ਸੀ। ਅਕਸਰ ਰੋਜ਼ੇ ਰੱਖਦਾ ਅਤੇ ਸਾਰੇ ਕੁਰਾਨ ਨੂੰ ਮੂੰਹ ਜ਼ਬਾਨੀ ਜਾਣਦਾ ਸੀ। ਭਾਵੇਂ ਔਰੰਗਜ਼ੇਬ ਦਾ ਈਮਾਨ ਇੰਨਾ ਪੱਕਾ ਸੀ ਤਾਂ ਵੀ ਉਨ੍ਹਾਂ ਦੇ ਅਮਲੀ ਜੀਵਨ ਉੱਤੇ ਉਹ ਬਹੁਤ ਥੋੜ੍ਹਾ ਅਸਰ ਕਰਦਾ ਸੀ। ਆਪਣੀ ਰਾਜਨੀਤੀ ਵਿਚ ਉਹ ਨਿਰੀ ਚਲਾਕੀ ਵਰਤਦਾ ਸੀ। ਇਹ ਗੱਲ ਉਸ ਦੀ ਤੰਗ ਦਿਲੀ ਦਾ ਸਬੂਤ ਹੈ—ਨਾਲੇ ਚਲਾਕੀ ਵਰਤੋਂ ਵਿਚ ਬੇਕਾਰ ਸਾਬਤ ਹੁੰਦੀ ਸੀ। (Oxford History of India, 3rd Ed. 423/25) ਗੁਰੂ ਗੋਬਿੰਦ ਸਿੰਘ ਜੀ ਦਾ ਜਾਪ ਯਾ ਅਕਾਲ ਉਸਤਤ ਪੜ੍ਹਿਆ ਜਾਵੇ ਤਾਂ ਗੁਰੂ ਜੀ ਦਾ ਡੂੰਘਾ ਨਾਲੇ ਉੱਚਾ ਖ਼ਿਆਲ ਪਰਮੇਸ਼ਰ ਵਿਖੇ ਪ੍ਰਗਟ ਹੋਵੇਗਾ ਅਤੇ ਬਚਿੱਤਰ ਨਾਟਕ ਵਿਚ ਦੱਸਿਆ ਜਾਂਦਾ ਹੈ ਕਿ ਗੁਰੂ ਜੀ ਨੇ ਕਿਵੇਂ ਆਪਣੇ ਸਾਰੇ ਜੀਵਨ ਨੂੰ ਆਪਣੇ ਸਿੱਖਾਂ ਦੇ ਬਚਾਉਣ ਤੇ ਸਿਖਾਉਣ ਲਈ ਅਰਪਣ ਕੀਤਾ ਸੀ।

ਔਰੰਗਜ਼ੇਬ ਕਰੋੜਾਂ ਉੱਤੇ ਰਾਜ ਕਰਦੇ ਸਨ ਪਰ ਸਿੱਖਾਂ ਦੇ ਦਸਵੇਂ ਪਾਤਸ਼ਾਹ ਇਕ ਦੋ ਲੱਖ ਭਾਈਆਂ ਦੇ ਉੱਤੇ ਰੂਹਾਨੀ ਰਾਜ ਕਰਦੇ ਸਨ। ਇਕ ਸਾਰੇ ਮੁਲਕ ਉੱਤੇ ਦੂਜਾ ਪੰਜਾਬ ਦੇ ਛੋਟੇ ਹਿੱਸੇ ਉੱਤੇ ਇਖ਼ਤਿਆਰ ਰੱਖਦੇ ਸਨ। ਸ਼ੈਦ (ਸ਼ਾਇਦ) ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅੰਮ੍ਰਿਤਸਰ ਨੂੰ ਕਦੀ ਵੇਖ ਨਹੀਂ ਸਕੇ ਕਿਉਂਕਿ ਜੋ ਮੁਗ਼ਲ ਰਾਜ ਉਨ੍ਹੀਂ ਦਿਨੀ ਬਹੁਤ ਪੱਕਾ ਅਤੇ ਮੋਕਲਾ ਸੀ।

www.sikhbookclub.com

ਇਕ ਇਤਾਲਵੀ ਵਕੀਲ ਸੰਨ 1695 ਵਿਚ ਲਿਖਦਾ ਹੈ ਕਿ ਸ਼ਹਿਨਸ਼ਾਹ ਦੀ ਛਾਉਣੀ ਦੱਖਣ ਵਿਚ 5 ਲੱਖ ਲੋਕੀਂ ਤੰਬੂਆਂ ਵਿਚ ਵਸਦੇ ਸਨ ਅਤੇ ਉਹ ਛਾਉਣੀ 30 ਮੀਲ ਦਾ ਘੇਰਾ ਰੱਖਦੀ ਸੀ। 240 ਵੱਖਰੇ ਬਾਜ਼ਾਰ ਵੀ ਹੁੰਦੇ ਸਨ ਜਿਨ੍ਹਾਂ ਦੇ ਵਿਚ ਸਭ ਪ੍ਰਕਾਰ ਦਾ ਸਮਾਨ ਮਿਲ ਸਕਦਾ ਸੀ। (Oxford History, 423) ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਬਹੁਤ ਮੁਸ਼ਕਿਲਾਂ ਸਨ ਪਰ ਉਨ੍ਹਾਂ ਨੇ ਸ਼ਿਕਸਤ ਨਹੀਂ ਮੰਨੀ ਭਾਵੇਂ ਚਾਰ ਬੇਟੇ ਮਾਰੇ (ਸ਼ਹੀਦ ਹੋ) ਗਏ। ਫ਼ੌਜ ਚਾਰ ਕੂੰਟਾਂ ਨੂੰ ਖਿੰਡ ਗਈ ਅਤੇ ਉਹ ਆਪ ਦੇਸ਼ ਨਿਕਾਲਾ ਜਿਹੇ ਦੀ ਹਾਲਤ ਵਿਚ ਸਨ ਤਾਂ ਵੀ ਹਿੰਮਤ ਨਹੀਂ ਹਾਰੀ। ਉਨ੍ਹਾਂ ਦਾ ਵਿਸ਼ਵਾਸ ਪਰਮੇਸ਼ਰ ਉੱਤੇ ਪੱਕਾ ਰਿਹਾ ਅਤੇ ਜਦ ਚੌਹੀਂ ਪਾਸੇ ਘੁੱਪ ਹਨੇਰਾ ਸੀ ਤਾਂ ਉਸੀ ਹਾਲਤ ਵਿਚ ਉਨ੍ਹਾਂ ਨੇ 'ਜ਼ਫ਼ਰਨਾਮਾ' ਅਰਥਾਤ 'ਫ਼ਤਹਿ ਦਾ ਖ਼ਤ' ਔਰੰਗਜ਼ੇਬ ਨੂੰ ਘੱਲਿਆ।

ਇਸ ਖ਼ਤ ਤੋਂ ਦੋਨੋਂ ਸ਼ਖ਼ਸੀਅਤਾਂ ਦਾ ਸਦਾਚਾਰ ਸਾਫ਼ ਨਜ਼ਰ ਆਉਂਦਾ ਹੈ। ਬਚਨ ਨੂੰ ਪੂਰਾ ਕਰਨਾ ਜ਼ਫ਼ਰਨਾਮੇ ਦਾ ਉਪਦੇਸ਼ ਹੈ। ਗੁਰੂ ਜੀ ਦਾ ਦਿਲ ਬਹੁਤ ਦੁਖੀ ਹੋਇਆ ਜਦ ਔਰੰਗਜ਼ੇਬ ਸ਼ਹਿਨਸ਼ਾਹ ਆਪਣੀ ਸਹੁੰ ਤੋਂ ਜਿਹੜੀ ਪਾਕ ਕੁਰਾਨ ਦੇ ਉੱਤੇ ਹੋਈ ਸੀ, ਫਿਰ ਗਿਆ। ਪਹਿਲੀ ਵਾਰ ਇਹ ਅਨੰਦਪੁਰ ਦੀ ਲੜਾਈ ਵਿਚ ਹੋਇਆ ਜਦੋਂ ਸ਼ਹਿਨਸ਼ਾਹ ਦੇ ਜਰਨੈਲਾਂ ਨੇ ਅਭੈ ਪੱਤਰ ਦੇ ਕੇ (Safe conduct) ਬੇਵਫ਼ਾਈ ਨਾਲ ਗੁਰੂ ਜੀ ਦਾ ਅਸਬਾਬ ਲੁੱਟਿਆ ਪਰ ਗੁਰੂ ਸਾਹਿਬ ਨੇ ਉਨ੍ਹਾਂ ਦੀ ਧੋਖੇਬਾਜ਼ ਨੀਅਤ ਜਾਣ ਕੇ ਉਨ੍ਹਾਂ ਬੋਰੀਆਂ ਨੂੰ ਕੂੜੇ ਨਾਲ ਭਰ ਦਿੱਤਾ ਹੋਇਆ ਸੀ। ਬੇਵਫ਼ਾਈ ਬਾਰ ਬਾਰ ਹੋਈ ਤਦੇ ਗੁਰੂ ਜੀ ਨੇ ਸ਼ਹਿਨਸ਼ਾਹ ਨੂੰ 'ਪੈਮਾਂ ਸ਼ਿਕਨ' ਅਰਥਾਤ 'ਬਚਨ ਤੋਂ ਫਿਰ ਜਾਣ ਵਾਲਾ' ਆਖਿਆ। ਸ਼ਹਿਨਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਸੱਦਿਆ ਸੀ। ਜਵਾਬ ਵਿਚ ਜ਼ਫ਼ਰਨਾਮਾ ਲਿਖ ਕੇ ਗੁਰੂ ਜੀ ਸ਼ਹਿਨਸ਼ਾਹ ਨੂੰ ਆਪਣੇ ਕੋਲ ਸੱਦਦੇ ਹਨ ਅਤੇ ਸੁੱਖ ਨਾਲ ਪੁਚਾਉਣ ਦਾ ਪ੍ਰਣ ਦਿੰਦੇ ਹਨ। ਆਖਰ ਨੂੰ ਉਹ ਔਰੰਗਜ਼ੇਬ ਨੂੰ ਚੇਤੇ ਕਰਾਉਂਦੇ ਹਨ ਕਿ ਅਦਾਲਤ ਪਰਮੇਸ਼ਰ ਦੇ ਹੱਥ ਵਿਚ ਹੈ ਜਿਹਦੇ ਅੱਗੇ ਸ਼ਹਿਨਸ਼ਾਹ ਨੂੰ ਵੀ ਆਪਣੇ ਜੀਵਨ ਦਾ ਹਿਸਾਬ ਦੇਣਾ ਪਏਗਾ।

ਦਾਊਦ ਬਾਦਸ਼ਾਹ ਨੇ ਇਸ ਤਰ੍ਹਾਂ ਸੱਚੇ ਧਰਮ ਦੀ ਕਸਾਉਟੀ 14 ਜਬੂਰ ਵਿਚ ਇਉਂ ਦੱਸੀ ਹੈ।

ਹੇ ਪ੍ਰਭੂ ਤੇਰੇ ਡੇਹਰੇ ਵਿਚ ਕੌਣ ਟਿਕੇਗਾ ?
ਤੇਰੇ ਪਵਿੱਤਰ ਪਹਾੜ ਉੱਤੇ ਕੌਣ ਵਸੇਗਾ ?
ਉਹੋ ਜਿਹੜਾ ਸਿੱਧੀ ਚਾਲ ਚਲਦਾ, ਨੇਕੀ ਕਰਦਾ ਅਤੇ ਮਨੋਂ ਸੱਚ ਬੋਲਦਾ ਹੈ.....

ਜਿਹੜਾ ਸੌਂਹ ਖਾ ਕੇ ਮੁਕਰਦਾ ਨਹੀਂ, ਭਾਵੇਂ ਉਹਨੂੰ ਘਾਟਾ ਵੀ ਪਵੇ। ਇੰਜੀਲ ਵਿਚ ਵੀ ਇਹੋ ਧਰਮ ਦੱਸਿਆ ਜਾਂਦਾ ਹੈ—'ਤੁਹਾਡੇ ਹਾਂ ਦੀ ਹਾਂ ਅਤੇ ਨਾਂਹ ਦੀ ਨਾਂਹ ਹੋਵੇ ਤਾਂ ਜੋ ਤੁਸੀਂ ਸਜ਼ਾ ਹੇਠਾਂ ਨਾ ਆ ਜਾਉ।

ਗੁਰੂ ਜੀ ਵੀ ਸਿਖਾਉਂਦੇ ਹਨ ਕਿ ਬਚਨ ਪੂਰਾ ਕਰਨਾ ਧਰਮੀ ਪੁਰਖ ਕਾ ਖਾਸ ਨਿਸ਼ਾਨ ਹੈ। ਇਸੇ ਲਈ ਗੁਰੂ ਜੀ ਨੇ ਬੜੀ ਸੋਚ ਦੇ ਮਗਰੋਂ ਉਨ੍ਹਾਂ ਚਾਲ੍ਹੀ ਸਿੱਖਾਂ ਨੂੰ ਮਾਫ਼ੀ ਬਖ਼ਸ਼ੀ ਜੋ ਬੇਵਫ਼ਾਈ ਨਾਲ ਆਪਣੀਆਂ ਸੌਂਹਾਂ ਤੋਂ ਫਿਰ ਕੇ ਰਣਭੂਮੀ ਤੋਂ ਨੱਠ ਗਏ। ਖ਼ੈਰ, ਉਨ੍ਹਾਂ ਨੇ ਮੁਕਤਸਰ ਦੀ ਲੜਾਈ ਵਿਚ ਆਪਣੀ ਜਾਨਾਂ ਨਾਲ ਮਾਫ਼ੀ ਕਮਾਈ, ਸੋ ਸਦਾ ਲਈ ਉਹ ਅਰਦਾਸ ਵਿਚ ਚਾਹਲੀ (ਚਾਲ੍ਹੀ) ਮੁਕਤਿਆਂ ਦੇ ਨਾਮ ਤੋਂ ਪ੍ਰਸਿੱਧ ਹਨ। ਅਜਿਹੀ ਤਬਦੀਲੀ ਗੁਰੂ ਦੇ ਜੀਵਨ ਤੇ ਸਿਖਿਆ ਦਾ ਨਤੀਜਾ ਹੈ।

ਸ਼ਹਿਨਸ਼ਾਹ ਦੇ ਅਖੀਰਲੇ ਦਿਨ ਮਾਯੂਸੀ ਨਾਲ ਭਰੇ ਹੋਏ ਸਨ। ਸ਼ਿਕਸਤ ਖਾ ਕੇ ਉਹ ਨਿਰਾਸ

www.sikhbookclub.com

ਹੋ ਗਏ। ਮਹਾਨ ਕੋਸ਼ ਵਿਚ ਇਉਂ ਲਿਖਿਆ ਹੈ : ਔਰੰਗਜ਼ੇਬ ਮਰਨ ਸਮੇਂ ਆਪਣੇ ਉੱਪਰ ਖ਼ੁਦ ਪਛਤਾਉਂਦਾ ਸੀ। ਉਹ ਆਪਣੇ ਪੁੱਤਰਾਂ ਨੂੰ ਲਿਖਦਾ ਹੈ : 'ਅਵਗੁਣਾਂ ਤੋਂ ਛੁਟ ਮੈਂ ਇਸ ਸੰਸਾਰ ਵਿਚ ਆਪਣੇ ਨਾਲ ਕੁਝ ਨਹੀਂ ਲਿਖਾਇਆ ਅਤੇ ਪਾਪ ਹੀ ਇਕੱਠੇ ਕਰਕੇ ਲੈ ਚਲਿਆ ਹਾਂ। ਮੈਂ ਭਾਰੀ ਭੁੱਲਾਂ ਕੀਤੀਆਂ ਹਨ ਅਤੇ ਪਤਾ ਨਹੀਂ ਕਿ ਕੀ ਸਜ਼ਾ ਮਿਲੇਗੀ ? ਮੈਨੂੰ ਨਜਾਤ ਲਈ ਭਾਰੀ ਚਿੰਤਾ ਹੈ।'

ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਸ਼ਹਿਨਸ਼ਾਹ ਕੋਲ ਹਿਤ ਭਰੀ ਸਿਖਿਆ ਘੱਲੀ ਜਿਸ ਦਾ ਔਰੰਗਜ਼ੇਬ ਉੱਤੇ ਬੜਾ ਅਸਰ ਹੋਇਆ ਸੋ ਉਹਨਾਂ ਦੇ ਆਖਰੀ ਦਿਨਾਂ ਵਿਚ ਉਸ ਵਿਰੋਧੀ ਤੋਂ ਤਸੱਲੀ ਆਈ ਜਿਹਨਾਂ ਉਤੇ ਸ਼ਹਿਨਸ਼ਾਹ ਵਲੋਂ ਵੱਡਾ ਜ਼ੁਲਮ ਹੋਇਆ। ਇਹ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਖੁਲ੍ਹਦਿਲੀ ਤੇ ਵਡਿਆਈ ਦਾ ਸਬੂਤ ਹੈ।

ਦਸਵੇਂ ਪਾਤਸ਼ਾਹ ਨੇ ਆਪਣੀ ਪਰਜਾ ਦੇ ਦਿਲਾਂ ਵਿਚ ਰਾਜ ਕਰਦੇ ਹੋਏ ਬਨਵਾਸ ਦੀ ਹਾਲਤ ਵਿਚ ਵੀ ਫਤਹਿ ਦਾ ਨਾਅਰਾ ਮਾਰਿਆ। ਗੁਰੂ ਜੀ ਖ਼ੂਬ ਜਾਣਦੇ ਸਨ ਕਿ ਸ਼ਿਕਸਤ ਬਾਹਰੋਂ ਨਹੀਂ ਪਰ ਦਿਲ ਦੇ ਅੰਦਰੋਂ ਆਉਂਦੀ ਹੈ ਨਾਲੇ ਫ਼ਤਹਿ ਵੀ ਬਾਹਰਲੀ ਹਾਲਤ ਉੱਤੇ ਮੁਬਨੀ ਨਹੀਂ ਸਗੋਂ ਦਿਲ ਦੇ ਹੌਂਸਲੇ ਉੱਤੇ। ਜ਼ਫ਼ਰਨਾਮੇ ਵਿਚ ਖਾਲਸਾ ਨੂੰ ਦਬਾਉਣ ਦੀ ਕੋਸ਼ਿਸ਼ ਵਿਖੇ ਇਹ ਲਿਖਿਆ ਗਿਆ :

ਇਹ ਕਿਸ ਤਰ੍ਹਾਂ ਦੀ ਬਹਾਦਰੀ ਹੈ ?
ਜੋ ਚੰਗਿਆੜਿਆਂ ਨੂੰ ਬੁਝਾਉਣਾ ਕਰਦਾ ਹੈ
ਅਤੇ ਜੋ ਅੱਗ ਭੜ ਭੜ ਕਰਕੇ ਮਚ ਰਹੀ ਹੈ
ਉਸ ਨੂੰ ਹੋਰ ਭੀ ਤੇਜ਼ ਕਰ ਰਿਹਾ ਹੈ ॥੭੯॥

ਸੋ ਆਲਮਗੀਰ ਸ਼ਹਿਨਸ਼ਾਹ ਨੇ ਦੁਨਿਆਵੀ ਸ਼ਾਨ ਤੇ ਤਾਕਤ ਅਤੇ ਪੱਕੀ ਸ਼ਰ੍ਹਾ ਰੱਖਣ ਦੇ ਬਾਵਜੂਦ ਹਾਰ ਖਾਧੀ ਪਰ ਗੁਰੂ ਗੋਬਿੰਦ ਸਿੰਘ ਜੀ ਅਤੇ ਖਾਲਸਾ ਬਰਾਦਰੀ ਕਦੀ ਸ਼ਿਕਸਤ ਨਹੀਂ ਮੰਨਦੇ ਸਗੋਂ ਪੂਰੀ ਫਤਹ ਵਿਚ ਵਿਸ਼ਵਾਸ ਰੱਖਦੇ ਹਨ। ਔਰੰਗਜ਼ੇਬ ਦੀ ਦੁਨਿਆਵੀ ਸਲਤਨਤ ਮਿਟ ਗਈ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਰੂਹਾਨੀ ਸਾਮਰਾਜ ਅਟੱਲ ਕਾਇਮ ਹੈ। ਔਰੰਗਜ਼ੇਬ ਦਾ ਜਨਮ ਦਿਨ ਯਾਦ ਨਹੀਂ ਹੁੰਦਾ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ (ਜਨਮ ਦਿਨ) ਸਦਾ ਮਨਾਇਆ ਜਾਵੇ।

ਸਤਿ ਸ੍ਰੀ ਅਕਾਲ।

(2/1966)

www.sikhbookclub.com

ਜੋਤਿ ਬਿਗਾਸ (ਫ਼ਾਰਸੀ) ਵਿਚ
ਦਸਮੇਸ਼ ਜੀ ਦੀ ਮਹਿਮਾ

ਦੁਨੀਆਂ ਦੇ ਹਰ ਮਨੁੱਖ ਦੀ ਪਰਵਿਰਤੀ ਹੈ ਕਿ ਉਹ ਦੂਜੇ ਮਨੁੱਖਾਂ ਦਾ ਅਸਰ ਕਬੂਲ ਕਰਦਾ ਹੈ, ਹਰ ਮਨੁੱਖ ਇਕ ਦੂਜੇ ਦੇ ਗੁਣਾਂ ਔਗੁਣਾਂ ਨੂੰ ਵਾਚਦਾ ਹੈ। ਕਵੀ ਲੋਕ ਜਾਂ ਲਿਖਾਰੀ ਜਦੋਂ ਕਿਸੇ ਤੋਂ ਪ੍ਰਭਾਵਿਤ ਹੁੰਦੇ ਹਨ ਤਾਂ ਉਹ ਆਪਣੀ ਰਚਨਾ ਵਿਚ ਜ਼ਰੂਰ ਅਜਿਹੇ ਚਰਿੱਤਰਾਂ ਨੂੰ ਉਘਾੜ ਕੇ, ਸੰਵਾਰ ਕੇ ਪੇਸ਼ ਕਰਦੇ ਹਨ। ਇਸੇ ਚੇਟਕ ਦੇ ਕਾਰਨ ਹੀ ਬੀਤੀ ਦੁਨੀਆਂ ਦਾ ਇਤਿਹਾਸ ਅੱਜ ਸਾਡੇ ਸਾਹਮਣੇ ਹੈ। ਵੈਸੇ ਤਾਂ ਹਰ ਧਰਮ ਤੇ ਫਿਰਕੇ ਦੇ ਲੋਕਾਂ ਨੇ ਆਪੋ ਆਪਣੇ ਤਬਕੇ ਨਾਲ ਸਬੰਧਤ ਮਹਾਂ ਪੁਰਸ਼ਾਂ ਦੀ ਮਹਿਮਾ ਗਾਈ ਹੈ ਪਰ ਗੁਰੂ ਸਾਹਿਬਾਨ ਅਜਿਹੀਆਂ ਮਹਾਨ ਹਸਤੀਆਂ ਹਨ ਜਿਨ੍ਹਾਂ ਬਾਰੇ ਤਕਰੀਬਨ ਹਰੇਕ ਫ਼ਿਰਕੇ ਤੇ ਮਜ਼ਬ ਦੇ ਲਿਖਾਰੀਆਂ ਨੇ ਆਪਣੇ ਲਫ਼ਜ਼ਾਂ ਵਿਚ ਉਹਨਾਂ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਹੈ। ਸਿੱਖਾਂ ਵਿਚ ਗੁਰੂ-ਭਗਤੀ ਤੇ ਗੁਰੂ-ਮਹਿਮਾ ਗਾਉਣ ਦੀ ਰੀਤ ਆਦਿ ਤੋਂ ਹੀ ਹੈ, ਜਿਸ ਦਾ ਸ੍ਰੇਸ਼ਟ ਨਮੂਨਾ ਭੱਟਾਂ ਦੇ ਸਵੱਈਏ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਹਨ।

ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਨੁੱਖਤਾ ਨੂੰ ਵਰ੍ਹਿਆਂ ਦੀ ਨੀਂਦਰ ਤੋਂ ਜਗਾਣ ਵਾਲੇ ਸ਼ੇਰ ਸਨ। ਉਹ ਆਪ ਸਿਰ-ਧੜ ਦੀ ਬਾਜ਼ੀ ਲਾ ਕੇ ਮੈਦਾਨੇ ਜੰਗ ਵਿਚ ਉਤਰਨ ਵਾਲੇ ਮਹਾਨ ਪਾਤਸ਼ਾਹ ਸਨ ਜਿਨ੍ਹਾਂ ਦੀ ਮੇਹਰ ਸਦਕਾ ਚਿੜੀਆਂ ਵਰਗੀ ਨਿਤਾਣੀ ਕੌਮ ਵਿਚ ਜਾਬਰ, ਜ਼ਾਲਮ ਹਾਕਮਾਂ ਦੇ ਬਾਜ਼ਾਂ ਵਰਗੇ ਤਾਣ ਵਾਲੀ ਜਮਾਤ ਨਾਲ ਟੱਕਰ ਲੈਣ ਦੀ ਹਿੰਮਤ ਪੈਦਾ ਹੋਈ। ਅੱਜ ਤਕ ਦੁਨੀਆਂ ਦੇ ਇਤਿਹਾਸ ਵਿਚ ਏਡਾ ਵੱਡਾ ਮਹਾਨ ਸੰਤ ਸਿਪਾਹੀ ਸ਼ਹੀਦ ਪੈਦਾ ਨਹੀਂ ਹੋਇਆ, ਜਿਸ ਨੇ ਆਪਣਾ ਸਾਰਾ ਸਰਬੰਸ ਅਤੇ ਆਪਣਾ ਆਪ ਕੁਰਬਾਨ ਕਰ ਦਿੱਤਾ ਹੋਵੇ, ਉਹ ਵੀ ਆਪਣੇ ਜ਼ਾਤੀ ਮੁਫ਼ਾਦ ਲਈ ਨਹੀਂ ਬਲਕਿ ਬੇ-ਸਹਾਰੇ ਲੋਕਾਂ ਨੂੰ ਪਾਤਸ਼ਾਹੀਆਂ ਬਖ਼ਸ਼ਣ ਦੇ ਵਾਸਤੇ। ਉਹਨਾਂ ਦਾ ਆਦਰਸ਼ ਹੀ ਇਹ ਸੀ ਕਿ ਜਿਨ੍ਹਾਂ ਦੇ ਜਾਤ ਕੁਲ ਵਿਚ ਕਦੀ ਸਰਦਾਰੀ ਨਹੀਂ ਸੀ, ਉਹਨਾਂ ਨੂੰ ਸਰਦਾਰ ਬਣਾਉਣਾ।

ਸਤਿਗੁਰੂ ਜੀ ਦੇ ਅਜਿਹੇ ਮਿਹਰਾਂ ਭਰੇ ਕਾਰਨਾਮਿਆਂ ਤੋਂ ਕਵੀ ਕਿਉਂ ਨਾ ਪ੍ਰਭਾਵਿਤ ਹੁੰਦੇ। ਕਵੀ ਇਕ ਤੋਂ ਇਕ ਅੱਗੇ ਵੱਧ ਕੇ ਸੱਚੇ ਪਾਤਸ਼ਾਹ ਦੇ ਕਾਵਿ-ਮੰਗਲ ਤੇ ਉਸਤਤੀ ਕਰਨ ਲੱਗੇ। ਗੁਰੂ ਦਰਬਾਰ ਦੀ ਮਹਿਮਾ ਸੁਣ ਕੇ ਸ਼ਾਹੀ ਰਾਜ ਦਰਬਾਰਾਂ ਦੇ ਕੱਟੜ ਮਜ਼ਹਬੀ ਮਾਹੌਲ ਤੋਂ ਦੁਖੀ ਹੋ ਕੇ ਕਈ ਕਵੀ ਸਤਿਗੁਰ ਦੇ ਦਰਬਾਰ ਵਿਚ ਆਉਣ ਲੱਗੇ ਤੇ ਗੁਰੂ ਪਾਤਸ਼ਾਹ ਦੇ ਗੁਣ ਗਾਇਨ ਵਿਚ ਲੀਨ ਹੋ ਗਏ। ਦਸਮ ਪਾਤਸ਼ਾਹ ਦੇ ਦਰਬਾਰ ਵਿਚ 52 ਹਜ਼ੂਰੀ ਕਵੀ ਸਨ ਜਿਨ੍ਹਾਂ ਵਿਚੋਂ ਹੰਸ ਰਾਮ, ਕੁਵਰੇਸ਼, ਮੰਗਲ ਰਾਇ, ਅੰਮ੍ਰਿਤ ਰਾਇ, ਚੰਦ, ਹੀਰ, ਅਣੀ ਰਾਇ, ਸੈਨਾਪਤਿ ਦੇ ਨਾਮ ਵਰਨਣਯੋਗ

www.sikhbookclub.com

ਹਨ ਤੇ ਇਹਨਾਂ ਸਭ ਕਵੀਆਂ ਦੇ ਸਿਰਤਾਜ ਗੁਰੂ ਜੀ ਦੇ ਅਨਿੰਨ ਸਿੱਖ ਭਾਈ ਨੰਦ ਲਾਲ ਜੀ 'ਗੋਯਾ' ਸਨ।

ਭਾਈ ਨੰਦ ਲਾਲ ਜੀ 'ਗੋਯਾ' ਵੀ ਆਗਰੇ ਵਿਚ ਔਰੰਗਜ਼ੇਬ ਦੇ ਵੱਡੇ ਸ਼ਹਿਜ਼ਾਦੇ ਬਹਾਦੁਰ ਸ਼ਾਹ ਪਾਸ ਦਰਬਾਰ ਵਿਚ ਮੀਰ ਮੁਨਸ਼ੀ ਲੱਗੇ ਹੋਏ ਸਨ। ਬਹਾਦੁਰ ਸ਼ਾਹ ਆਪ ਜੀ ਦੀ ਵਿਦਵਤਾ ਤੇ ਈਮਾਨਦਾਰੀ 'ਤੇ ਮਾਣ ਕਰਦਾ ਸੀ। ਇਕ ਦਫ਼ਾ ਔਰੰਗਜ਼ੇਬ ਨੇ ਆਗਰੇ ਆ ਕੇ ਮੌਲਵੀਆਂ ਤੇ ਬਹਾਦੁਰ ਸ਼ਾਹ ਤੋਂ ਕੁਰਾਨ ਸ਼ਰੀਫ਼ ਦੀ ਇਕ ਆਇਤ ਦੇ ਅਰਥ ਪੁੱਛੇ ਤਾਂ ਕੋਈ ਵੀ ਉਸ ਦੇ ਅਰਥ ਨਾ ਕਰ ਸਕਿਆ। ਬਹਾਦੁਰ ਸ਼ਾਹ ਦੇ ਪੁੱਛਣ 'ਤੇ ਭਾਈ ਨੰਦ ਲਾਲ ਜੀ ਨੇ ਆਸਾਨੀ ਨਾਲ ਸਮਝਾ ਦਿੱਤੇ। ਇਸ 'ਤੇ ਔਰੰਗਜ਼ੇਬ ਵੀ ਪ੍ਰਸੰਨ ਹੋਇਆ, ਆਪ ਦਾ ਮਾਣ ਕੀਤਾ। ਬਾਅਦ ਵਿਚ ਔਰੰਗਜ਼ੇਬ ਨੇ ਬਹਾਦੁਰ ਸ਼ਾਹ ਨੂੰ ਕਿਹਾ ਕਿ ਅਜਿਹੇ ਵਿਦਵਾਨ ਨੂੰ ਤਾਂ ਇਸਲਾਮ ਵਿਚ ਲੈ ਆਉਣਾ ਜ਼ਰੂਰੀ ਹੈ। ਭਾਈ ਸਾਹਿਬ ਨੂੰ ਜਦ ਇਸ ਇਰਾਦੇ ਬਾਰੇ ਪਤਾ ਲੱਗਾ ਤਾਂ ਆਪ ਨੇ ਸਾਫ਼ ਜਵਾਬ ਦੇ ਦਿੱਤਾ ਤੇ ਨੌਕਰੀ, ਮਾਣ, ਇੱਜ਼ਤ ਤੇ ਪੈਸੇ ਨੂੰ ਸਿੱਖੀ ਪਿੱਛੇ ਨਿਛਾਵਰ ਕਰ ਕੇ ਗੁਰੂ ਘਰ ਦੇ ਸ਼ਰਧਾਲੂ ਗਯਾਸੂਦੀਨ ਦਰੋਗੇ ਨਾਲ ਅਨੰਦਪੁਰ ਸਾਹਿਬ ਸਤਿਗੁਰਾਂ ਕੋਲ ਆ ਪੁੱਜੇ। ਗੁਰੂ ਦਰਬਾਰ ਵਿਚ ਆਪ ਨੂੰ ਬਹੁਤ ਮਾਨ ਮਿਲਿਆ। ਆਪ ਨੇ ਲੰਗਰ ਦੀ ਸੇਵਾ ਸੰਭਾਲ ਲਈ। ਗੁਰੂ ਮਹਿਮਾ ਤੇ ਭਗਤੀ ਬਾਰੇ ਆਪ ਨੇ ਫ਼ਾਰਸੀ ਜ਼ਬਾਨ ਵਿਚ ਕਈ ਪੁਸਤਕਾਂ ਲਿਖੀਆਂ ਪਰ ਇਸ ਲੇਖ ਵਿਚ ਸਿਰਫ਼ 'ਜੋਤਿ ਬਿਗਾਸ' (ਫ਼ਾਰਸੀ) ਵਿਚ ਦਸਮ ਗੁਰੂ ਮਹਿਮਾ ਬਾਰੇ ਹੀ ਦੱਸਿਆ ਗਿਆ ਹੈ। ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਵਾਂਗ ਆਪ ਜੀ ਦੀਆਂ ਰਚਨਾਵਾਂ ਨੂੰ ਗੁਰੂ ਦਰਬਾਰ ਵਿਚ ਪੜ੍ਹਨ ਤੇ ਗਾਉਣ ਦਾ ਮਾਣ ਪ੍ਰਾਪਤ ਹੈ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਕੇਂਦਰੀ ਧੁਰਾ ਗੁਰੂ ਭਗਤੀ ਅਤੇ ਦਸਮ ਗੁਰੂ ਜੀ ਦੀ ਸੋਭਾ ਹੀ ਹੈ। ਆਪ ਜੀ ਨੇ ਗਜ਼ਲ ਨੰ: ਦੋ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਵਾਲ ਦੀ ਕੀਮਤ ਦੋ ਜਹਾਨਾਂ ਦੇ ਬਰਾਬਰ ਦੱਸੀ ਹੈ।

ਦੀਨੋ ਦੁਨੀਆਂ ਦਰ ਕਮੰਦੇ ਆਂ ਪਰੀ ਰੁਖ ਸਾਰ ਮਾ।
ਹਰ ਦੋ ਆਲਮੇ ਕੀਮਤਿ ਯੱਕ ਤਾਰਿਮੂਇ ਯਾਰਿ ਮਾ।

(ਦੀਨ ਤੇ ਦੁਨੀਆਂ ਸਾਡੇ ਉਸ ਪਰੀ-ਚਿਹਰਾ ਦੋਸਤ ਦੀ ਫਾਹੀ ਵਿਚ ਹਨ, ਦੋਵੇਂ ਜਹਾਨ ਸਾਡੇ ਯਾਰ ਦੇ ਇਕ ਵਾਲ ਦੇ ਮੁੱਲ ਦੇ ਬਰਾਬਰ ਹਨ।)

'ਜੋਤਿ ਬਿਗਾਸ' (ਫ਼ਾਰਸੀ) ਵਿਚ ਵੀ ਦਸਮ ਪਾਤਸ਼ਾਹ ਦੀ ਮਹਿਮਾ ਬਾਰੇ ਹੀ ਪ੍ਰਮੁੱਖ ਤੌਰ 'ਤੇ ਲਿਖਿਆ ਹੈ, ਬਾਕੀ ਨੌਂ ਗੁਰੂਆਂ ਬਾਰੇ ਥੋੜ੍ਹਾ ਲਿਖਿਆ ਹੈ। ਭਾਈ ਸਾਹਿਬ ਦਸਾਂ ਗੁਰੂਆਂ ਨੂੰ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਮੰਨਦੇ ਹੋਏ ਲਿਖਦੇ ਹਨ :

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ
ਹਮਾ ਸ਼ਬਦਿ ਊ ਜ਼ੋਹਰੋ ਮਾਨਕ ਅਸਤ ॥੨੮॥

(੧ ਤੋਂ ੨੭ ਸਲੋਕਾਂ ਵਿਚ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਤਕ ਦੀ ਹਮਦ ਕੀਤੀ ਹੋਈ ਹੈ। ਬਾਕੀ ਸਾਰੀ ਦਸਮ ਪਾਤਸ਼ਾਹ ਬਾਰੇ ਹੈ। ਕੁਲ ਸ਼ਲੋਕ ੧੭੯ ਹਨ)

(ਓਹੋ ਹੈ ਗੁਰੂ ਗੋਬਿੰਦ ਸਿੰਘ ਜੀ ਅਤੇ ਓਹੋ ਗੁਰੂ ਨਾਨਕ ਸਾਹਿਬ ਹੈ। ਗੁਰੂ ਜੀ ਦੇ ਸਾਰੇ ਉਪਦੇਸ਼ ਜੌਹਰ ਤੇ ਮਾਨਕ ਹਨ।)

www.sikhbookclub.com

੩੧ ਤੋਂ ੩੩ ਤੱਕ ਸਲੋਕਾਂ ਵਿਚ ਦੱਸਿਆ ਹੈ ਕਿ ਦਸਮ ਪਾਤਸ਼ਾਹ ਦਾ ਫ਼ੁਰਮਾਨ ਛੇਆਂ ਦਿਸ਼ਾਵਾਂ ਵਿਚ ਚਲਦਾ ਹੈ ਤੇ ਸਾਰੇ ਜਗਤ ਦੀ ਰਹਿਨੁਮਾਈ ਕਰਦਾ ਹੈ। ਉਨ੍ਹਾਂ ਦੀ ਸੱਚੀ ਬਾਦਸ਼ਾਹਤ ਦਾ ਡੰਕਾ ਹਰ ਪਾਸੇ ਵਜਦਾ ਹੈ ਜਿਸ ਕਰਕੇ ਗੁਰੂ ਜੀ ਦੇ ਦੁਸ਼ਮਨ ਸੜਦੇ ਹਨ। ਸੜਦੇ ਵੀ ਕਿਉਂ ਨਾ ? ਕਿਉਂਕਿ ਸਤਿਗੁਰ ਦਾ ਉਦੇਸ਼ ਸੀ ਕਿ ਸੰਤਾਂ ਨੂੰ ਉਬਾਰਨਾ ਅਤੇ ਦੁਸ਼ਟਾਂ ਨੂੰ ਖ਼ਤਮ ਕਰਨਾ ਹੈ। ਜ਼ਾਲਮਾਂ ਦਾ ਵੱਸ ਗੁਰੂ ਜੀ ਸਾਹਵੇਂ ਨਹੀਂ ਸੀ ਚਲਦਾ :

ਬੁਲੰਦ ਅਖ਼ਤਰਸ਼ ਹਰ ਦੋ ਆਲਮ ਫ਼ਰੋਜ਼
ਕਜ਼ੋ ਆਮਦਾ ਦੁਸ਼ਮਨਾਨਸ਼ ਬਸੋਜ਼ ॥੩੩॥

(ਉਨ੍ਹਾਂ ਦਾ ਸਿਤਾਰਾ ਦੋਹਾਂ ਜਹਾਨਾਂ ਵਿਚ ਚਮਕ ਰਿਹੈ ਤੇ ਉਸ ਤੋਂ ਗੁਰੂ ਜੀ ਦੇ ਦੁਸ਼ਮਣਾਂ ਨੂੰ ਜਲਣ ਹੁੰਦੀ ਹੈ ॥੩੩॥)

੩੫ਵੇਂ ਸਲੋਕ ਵਿਚ ਗੁਰੂ ਜੀ ਦੁਆਰਾ ਚਲਾਏ ਗਏ ਪੰਥ ਨੂੰ ਸਭ ਮਜ਼ਹਬਾਂ ਤੋਂ ਮੁਬਾਰਕ ਦੱਸਦੇ ਹੋਏ ਕਿਹਾ ਹੈ ਕਿ ਇਸੇ ਲਈ ਸਾਰੇ ਬਾਦਸ਼ਾਹ ਤੇ ਦੇਵਤੇ ਗੁਰੂ ਜੀ ਅੱਗੇ ਸੀਸ ਨਿਵਾਂਦੇ ਹਨ :

ਮਲੂਕੋ ਮਲਿਕ ਤਾਅਤ ਅੰਦੇਸਿ ਊ
ਜ਼ਿ ਹਰ ਕੇਸ਼ ਫ਼ਰਖੰਦਾ-ਤਰ ਕੇਸ਼ਿ ਊ ॥੩੫॥

ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬ ਦੇ ਰੁਤਬੇ ਨੂੰ ਬੁਲੰਦ-ਤਰੀਨ ਦਰਸਾਉਂਦੇ ਹੋਏ ੩੬ਵੇਂ ਤੋਂ ੪੯ਵੇਂ ਸਲੋਕ ਤਕ ਇਹ ਲਿਖਿਆ ਹੈ ਕਿ ਦੁਨੀਆਂ ਦੀਆਂ ਵੱਡੀਆਂ ਤੋਂ ਵੱਡੀਆਂ ਸਲਤਨਤਾਂ (ਰੋਮ, ਈਰਾਨ, ਤੂਰਾਨ, ਯਮਨ, ਹਿੰਦੁਸਤਾਨ, ਰੂਸ, ਚੀਨ ਆਦਿ) ਦੇ ਬਾਦਸ਼ਾਹ ਗੁਰੂ ਜੀ ਦੇ ਮੁਕਾਬਲਤਨ ਤੁੱਛ ਹਨ ਤੇ ਸਭ ਸੁੱਚੇ ਪਾਤਸ਼ਾਹ ਦੇ ਪੈਰਾਂ ਦੀ ਧੂੜ ਹਨ ਯਾਨਿ ਚਰਨ ਸੇਵਕ ਹਨ। ਰੁਸਤਮ, ਤੇ ਸ਼ਾਮ ਵਰਗੇ ਪਹਿਲਵਾਨ, ਅਸਫੰਦਯਾਰ (ਈਰਾਨ ਦਾ ਸ਼ਾਸਾਨੀ ਦੌਰ ਦਾ ਸਭ ਤੋਂ ਪ੍ਰਤਾਪੀ ਬਾਦਸ਼ਾਹ) ਵਰਗੇ ਵੀ ਗੁਰੂ ਜੀ ਦੇ ਗ਼ੁਲਾਮ ਹਨ। ੪੪ਵੇਂ ਸਲੋਕ ਵਿਚ ਲਿਖਿਆ ਹੈ ਕਿ ਜਮਨਾ ਤੇ ਗੰਗਾ ਵਰਗੀਆਂ ਹਜ਼ਾਰਾਂ ਨਦੀਆਂ (ਜਿਨ੍ਹਾਂ ਨੂੰ ਲੋਕ ਪੂਜਦੇ ਹਨ) ਗੁਰੂ ਪਾਤਸ਼ਾਹ ਦੇ ਚਰਨਾਂ ਨੂੰ ਨਿਮਰਤਾ ਨਾਲ ਛੂੰਹਦੀਆਂ ਹਨ :

ਹਜ਼ਾਰਾਂ ਚੂੰ ਜਮਨਾ ਹਜ਼ਾਰਾਂ ਚੂੰ ਗੰਗ
ਬਪਾ ਅੰਦਰਸ਼ ਸਰ ਨਿਹਾਦਾ ਜ਼ਿ ਨੰਗ ॥੪੪॥

੪੫ਵੇਂ ਤੇ ੪੬ਵੇਂ ਸਲੋਕ ਵਿਚ ਇੰਦਰ ਬ੍ਰਹਮ ਆਦਿਕਾਂ ਦੀਆਂ ਜ਼ਬਾਨਾਂ ਵੀ ਗੁਰੂ ਸਾਹਿਬ ਦੇ ਗੁਣ ਗਾਉਣ ਤੋਂ ਅਸਮਰਥ ਹਨ ਤੇ ਸੱਚੇ ਪਾਤਸ਼ਾਹ ਦੀ ਮੇਹਰ ਦੇ ਤਲਬਗਾਰ ਹਨ। ਇਸੇ ਕਰਕੇ ਪਾਤਸ਼ਾਹ ਦੇ ਨਾਮ ਦਾ ਡੰਕਾ ਹਰ ਪਾਸੇ ਵਜਦਾ ਹੈ।

ਜਿਸ ਤਰ੍ਹਾਂ ਬਾਕੀ ਧਰਮਾਂ ਦੇ ਅਵਤਾਰਾਂ ਤੇ ਪੈਗੰਬਰਾਂ ਨੇ ਇਹ ਦਾਅਵਾ ਕੀਤਾ ਕਿ ਉਹ ਸਿਰਫ਼ ਆਪਣੇ ਮੰਨਣ ਵਾਲਿਆਂ ਦੀ ਗਵਾਹੀ ਰੱਬ ਦੀ ਦਰਗਾਹ ਵਿਚ ਦੇਣਗੇ। ਪਰ ਸਿੱਖੀ ਸਿੱਧਾਂਤ ਸਰਬੱਤ ਦਾ ਭਲਾ ਲੋਚਣ ਵਾਲੀ ਹੈ ਤੇ ਸਤਿਗੁਰੂ ਸਭ ਉਪਰ ਮੇਹਰ ਕਰਦਾ ਹੈ ਤੇ ਸਭ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਹਦੀਆਂ ਪ੍ਰਤੱਖ ਉਦਾਹਰਣਾਂ ਸਤਿਗੁਰਾਂ ਦੇ ਅਤੇ ਭਾਈ ਕਨ੍ਹਈਆ ਜੀ ਵਰਗੇ ਅਨੇਕਾਂ ਗੁਰਸਿੱਖਾਂ ਦੇ ਜੀਵਨ ਤੋਂ ਮਿਲ ਜਾਣਗੀਆਂ। ਭਾਈ ਸਾਹਿਬ ਨੇ ਗਰੀਬ-ਨਿਵਾਜ਼ ਗੁਰੂ ਬਾਰੇ 'ਗੰਜਨਾਮਾ' ਵਿਚ ਲਿਖਿਆ ਹੈ :

www.sikhbookclub.com

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰੁ ਗੋਬਿੰਦ ਸਿੰਘ ॥੧੩੯॥

(ਹਰ ਕੰਮ ਦਾ ਕਰਨ ਵਾਲਾ ਹੈ ਅਤੇ ਜਿਨ੍ਹਾਂ ਦਾ ਕੋਈ ਨਹੀਂ, ਯਾਨਿ ਜੋ ਨਿਤਾਣੇ ਹਨ ਉਹਨਾਂ ਦੀ ਓਟ (ਸ੍ਰੀ) ਗੁਰੂ ਗੋਬਿੰਦ ਸਿੰਘ ਹਨ।)

ਇਸੇ ਗੱਲ ਨੂੰ ਵਿਆਖਿਆ-ਭਰਪੂਰ ਢੰਗ ਨਾਲ 'ਜੋਤਿ ਬਿਗਾਸ' ਵਿਚ ੫੩ਵੇਂ ਸਲੋਕ ਤੋਂ ਲੈ ਕੇ ੭੦ਵੇਂ ਸਲੋਕ ਤਕ ਬਿਆਨਿਆ ਹੈ। ਇਹ ਸਾਰੇ ਸਲੋਕ ਅਰਬੀ ਸ਼ੈਲੀ ਵਿਚ ਵੀ ਹਨ ਤੇ ਇਨ੍ਹਾਂ ਸਲੋਕਾਂ ਵਿਚ ਗੁਰੂ ਜੀ ਦੀਆਂ ਵਡਿਆਈਆਂ ਕਰਦੇ ਹੋਏ ਉਹਨਾਂ ਨੂੰ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਸੋਮਾ, ਕਾਮਲ ਮੁਰਸ਼ਦ, ਦੀਨ ਦੁਨੀ ਦਾ ਮਾਲਕ, ਅਨ੍ਹੇਰੇ ਵਿਚ ਵੱਸ ਰਹੀ ਦੁਨੀਆਂ ਯਾਨਿ ਗਰੀਬਾਂ ਮਜ਼ਲੂਮਾਂ ਨੂੰ ਜ਼ਾਲਮਾਂ ਤੇ ਪਾਖੰਡੀਆਂ ਤੋਂ ਨਿਜਾਤ ਪਾ ਲੈਣ ਦਾ ਰਾਹ ਦਰਸਾਉਣ ਵਾਲਾ, ਇਨਸਾਫ਼ ਦਾ ਝੰਡਾ ਬੁਲੰਦ ਕਰਨ ਵਾਲਾ, ਸਭ ਦੇ ਭੇਦ ਜਾਨਣ ਵਾਲਾ, ਨੇਕੀ ਤੇ ਬਦੀ ਨੂੰ ਪਛਾਨਣ ਵਾਲਾ, ਜਗਤ ਦੀ ਵਕਾਲਤ ਕਰਨ ਵਾਲਾ, ਹਰ ਇਕ 'ਤੇ ਪ੍ਰਸੰਨ ਹੋ ਕੇ ਰਹਿਮਤਾਂ ਵਰਸਾਉਣ ਵਾਲਾ ਆਦਿ ਗੁਣਾਂ ਦਾ ਮਾਲਕ ਦੱਸਿਆ ਹੈ। ੫੪ਵੇਂ ਸਲੋਕ ਵਿਚ ਦ੍ਰਿੜ੍ਹ ਕਰਵਾਇਆ ਹੈ ਕਿ ਗੁਰੂ ਪਾਤਸ਼ਾਹ ਸਾਰੇ ਜਗ ਦੀ ਸਿਫ਼ਾਰਸ਼ ਕਰਨ ਵਾਲੇ ਲੋਕਾਂ ਦੇ ਜ਼ਾਮਨ, ਬਖ਼ਸ਼ਿਸ਼ਾਂ ਦੇ ਸਮੁੰਦਰ ਤੇ ਸਿਖਿਆ ਦੇ ਸੂਰਜ ਹਨ :

ਸ਼ਫੀਉਲ-ਵਰਾਇਆ, ਜ਼ਮਾਨੁਲ-ਵਰਾ
ਮਹੀਤੁਲ-ਸਖ਼ਾਇਆ ਜ਼ਕਾ-ਉਲ-ਹੁਦਾ ॥੫੩॥

ਜਿਥੇ ਸਤਿਗੁਰ ਮਿਹਰਾਂ ਦਾ ਦਾਤਾ ਹੈ ਉਥੇ ਪਾਪੀਆਂ ਨੂੰ ਸਜ਼ਾ ਵੀ ਦੇਂਦਾ ਹੈ, ਇਸ ਸਿਫ਼ਤ ਨੂੰ ਭਾਈ ਸਾਹਿਬ ਨੇ ੭੨ਵੇਂ ਸਲੋਕ ਵਿਚ ਕਿਆ ਖ਼ੂਬੀ ਨਾਲ ਬਿਆਨਿਆ ਹੈ :

ਬ-ਦਸਤਸ਼ ਫਰੋਜ਼ਾਂ ਦੋ ਗੌਹਰ ਚੂੰ ਮਿਹਰ
ਯਕੇ ਜਾਇ ਫ਼ਜ਼ਲੋ ਦਿਗਰ ਜਾਇ ਕਹਿਰ ॥੭੨॥

(ਉਸ ਦੇ ਹੱਥ ਵਿਚ ਦੋ ਮੋਤੀ ਸੂਰਜ ਵਾਂਗ ਚਮਕੀਲੇ ਹਨ, ਇਕ ਮਿਹਰ ਦੀ ਤੇ ਦੂਜਾ ਕਹਿਰ ਦੀ ਥਾਂ ਹੈ।)

ਅੱਗੇ ੭੩ਵੇਂ ਸਲੋਕ ਵਿਚ ਸਤਿਗੁਰੂ ਜੀ ਦੇ 'ਸੰਤ ਸਿਪਾਹੀ' ਸਰੂਪ ਨੂੰ ਦਰਸਾਇਆ ਹੈ :

ਬ-ਅੱਵਲ ਜਹਾਂ ਰਾ ਸ਼ੁਦਾ ਹੱਕ ਨੁਮਾ
ਬ-ਸਾਨੀ ਹਮਾ ਜ਼ੁਲਮੋ ਜ਼ੁਲਮਤ ਜ਼ਦਾ ॥੭੩॥

(ਪਹਿਲੇ ਮੋਤੀ (ਮਿਹਰ) ਨਾਲ ਜਹਾਨ ਵਿਚ ਸੱਚ ਨੂੰ ਦਰਸਾਇਆ ਯਾਨਿ ਸੱਚੇ ਨਾਮ ਵਾਲੇ ਅਕਾਲ ਪੁਰਖ ਦੀ ਜਾਣ-ਪਛਾਣ ਕਰਾਈ ਤੇ ਦੂਜੇ ਮੋਤੀ (ਕਹਿਰ) ਨਾਲ ਸਾਰੇ ਜ਼ੁਲਮ (ਤੇ ਅਗਿਆਨਤਾ) ਦੇ ਅਨ੍ਹੇਰੇ ਦਾ ਨਾਸ ਕੀਤਾ।)

ਭਾਈ ਸਾਹਿਬ ਲਿਖਦੇ ਹਨ ਕਿ ਗੁਰੂ ਜੀ ਨੇ ਜ਼ੁਲਮ ਤੇ ਪਾਖੰਡ ਦੇ ਅਨ੍ਹੇਰੇ ਨੂੰ ਦੂਰ ਕਰ ਕੇ ਖ਼ੁਸ਼ੀ ਵਰਤਾਈ, ਅਮਨ ਚੈਨ ਸਥਾਪਤ ਕੀਤਾ। ਇਸ ਕਰਕੇ ਕੀ ਵੱਡੇ ਤੇ ਕੀ ਛੋਟੇ, ਸਾਰੇ ਆਪ ਦੇ ਦਰ 'ਤੇ ਸਿਰ ਝੁਕਾਂਦੇ ਹਨ। ਗੁਰੂ ਪਾਤਸ਼ਾਹ ਕਲਿਜੁਗ ਵਿਚ ਸਤਿਜੁਗ ਇਉਂ ਮੋੜ ਕੇ ਲੈ ਆਏ ਕਿ ਛੋਟੇ ਵੱਡੇ (ਅਮੀਰ-ਗਰੀਬ ਤੇ ਉਚ-ਨੀਚ ਦੇ ਫ਼ਰਕਾਂ ਨੂੰ ਭੁਲਾ ਕੇ ਸਭ ਸੱਚ ਦੇ ਮਾਰਗ 'ਤੇ ਤੁਰਨ ਲੱਗੇ :

ਬ-ਕਲਜੁਗ ਚੁਨਾਂ ਸਤਿਜੁਗ ਆਵਰਦ ਬਾਜ਼

www.sikhbookclub.com

ਕਿ ਖ਼ੁਰਦੋ ਬਜ਼ੁਰਗ ਆਮਦਾ ਰਾਸਤ-ਬਾਜ਼ ॥੭੯॥

੮੦ਵੇਂ ਸਲੋਕ ਵਿਚ ਭਾਈ ਗੁਰਦਾਸ ਜੀ ਦੀ ਵਾਰ "ਜਿਉ ਕਰ ਸੂਰਜੁ ਨਿਕਲਿਆ, ਤਾਰੇ ਛਪਿ ਅੰਧੇਰੁ ਪਲੋਆ" ਵਾਂਗ ਹੀ ਲਿਖਿਆ ਹੈ, ਸਤਿਗੁਰ ਦੇ ਪ੍ਰਤਾਪ ਨਾਲ ਸਾਰਾ ਝੂਠ ਤੇ ਕੁਸੱਤ ਦੂਰ ਹੋ ਗਏ, ਅਨ੍ਹੇਰੀ ਰਾਤ ਸੂਰਜ ਚੜ੍ਹੇ ਵਾਂਗ ਚਮਕ ਉਠੀ :

ਹਮਾ ਕਿਜ਼ਬੋ ਨਾਰਾਸਤੀ ਗਸ਼ਤ ਦੂਰ
ਸ਼ਬਿ ਤੀਰਹ ਰਖ਼ਸ਼ਾਂ ਸਦਾ ਹਮਚੂ ਨੂਰ ॥੮੦॥

ਜਿਸ ਤਰ੍ਹਾਂ ਗੁਰੂ ਸਾਹਿਬ ਦਾ ਕਥਨ ਹੈ ਕਿ ਗਰੀਬਾਂ ਨੂੰ ਜਦੋਂ ਮੈਂ ਸਰਦਾਰ ਬਣਾਵਾਂਗਾ ਤਾਂ ਹੀ ਆਪਣਾ ਨਾਮ ਗੁਰੂ ਗੋਬਿੰਦ ਸਿੰਘ ਕਹਾਵਾਂਗਾ। ਸੋ ਇਹ ਸਤਿਗੁਰੂ ਨੇ ਪ੍ਰਤੱਖ ਕਰ ਦਿਖਲਾਇਆ ਸੀ, ਆਪ ਜੀ ਦੀ ਸੰਗਤ ਨਾਲ ਹੀ ਨਿਮਾਣਿਆਂ ਨੂੰ ਮਾਣ ਪ੍ਰਾਪਤ ਹੋਇਆ ਤੇ ਸਭ ਦੀਆਂ ਮੁਰਾਦਾਂ ਪੂਰੀਆਂ ਹੋਈਆਂ, ਇਸੇ ਗੱਲ ਨੂੰ ੮੫ਵੇਂ ਛੰਦ ਵਿਚ ਸਪੱਸ਼ਟ ਕੀਤਾ ਹੈ :

ਹਮਾ ਰਾਜ਼ਿ ਆਲਮ ਬਰੋ ਆਸ਼ਕਾਰ
ਹਮਾ ਚੋਬਿ ਖੁਸ਼ਕ ਅਜ਼ ਦਮਸ਼ ਬਾਰਦਾਰ ॥੮੫॥

(ਪਾਤਸ਼ਾਹ ਕੋਲ ਜਗਤ ਦੇ ਸਭ ਭੇਦ ਜ਼ਾਹਰ ਹਨ, ਉਸ ਦੇ ਦਮ ਨਾਲ ਸਾਰੇ ਸੁੱਕੇ ਕਾਠ (ਨਿਮਾਣੇ-ਨਿਤਾਣੇ ਲੋਕ) ਫਲਦਾਰ ਹੋ ਗਏ ਯਾਨਿ ਸੁਖ ਨਾਲ ਭਰਪੂਰ ਹੋ ਗਏ।)

ਅੱਗੇ ਚਲ ਕੇ ਗੁਰੂ ਪਾਤਸ਼ਾਹੀ ਦੀ ਇਨਸਾਫ਼ ਪਸੰਦੀ ਤੇ ਗਰੀਬੀ ਪਰਵਰੀ ਤੇ ਦੁਸ਼ਟ ਦਮਨੀ ਦੀ ਤਾਰੀਫ਼ ਲਿਖੀ ਹੈ ਤੇ ਕਿਹਾ ਹੈ ਕਿ ਹਰ ਮੁਸ਼ਕਿਲ ਦੀ ਕੁੰਜੀ ਖ਼ੁਦਾ ਨੇ ਗੁਰੂ ਜੀ ਨੂੰ ਸੌਂਪੀ ਤੇ ਹਰ ਇਕਬਾਲ ਵਾਲੇ ਪੁਰਸ਼ ਤੋਂ ਆਪ ਨੂੰ ਵੱਡਾ ਬਣਾਇਆ :

ਹੱਕਸ਼ ਦਾਦ ਮਿਫ਼ਤਾਹਿ ਹਰ ਮੁਸ਼ਕਲੇ
ਨਸ਼ਾਂਦਸ਼ ਜ਼ਬਰਦਸਤ ਹਰ ਮੁਕਬਲੇ ॥੧੦੧॥

੧੨੦ਵੇਂ ਤੋਂ ੧੨੩ਵੇਂ ਸਲੋਕ ਤੱਕ ਦਸਮ ਪਾਤਸ਼ਾਹ ਦੀ ਜੰਗੀ ਕਾਬਲੀਅਤ ਨੂੰ ਬ-ਖ਼ੂਬੀ ਬਿਆਨਦੇ ਹੋਏ "ਦੇਗ ਤੇਗ ਜਗ ਮੈ ਦੋਊ ਚਲੈ" ਦੇ ਸਿਧਾਂਤ ਨੂੰ ਵੀ ਨਾਲ ਹੀ ਉਘਾੜ ਰਹੇ ਹਨ :

ਬ-ਰਜ਼ਮ ਅੰਦਰੂੰ ਨੱਰਾਇ ਸ਼ੇਰਿ ਦਮਾਂ
ਬ-ਬਜ਼ਮ ਅੰਦਰੂੰ ਅਬਰਿ ਗਹੁਰ ਫ਼ਿਸ਼ਾਂ ॥੧੨੦॥

(ਉਹ ਰਣਭੂਮੀ ਵਿਚ ਚੰਘਾੜਦੇ ਹੋਏ ਬੱਬਰ ਸ਼ੇਰ ਹਨ ਤੇ (ਆਪਣੇ) ਦਰਬਾਰ ਵਿਚ ਮੋਤੀ ਵਰਸਾਉਣ ਵਾਲੇ ਬੱਦਲ ਹਨ। ਯਾਨਿ ਬਖ਼ਸ਼ਿਸ਼ਾਂ ਦੇ ਦਾਤੇ ਹਨ।)

ਜੰਗਾਂ-ਜੁੱਧਾਂ ਵਿਚ ਗੁਰੂ ਜੀ ਸ਼ਾਹਸਵਾਰ ਸਨ ਤੇ ਦੁਸ਼ਮਣਾਂ ਨੂੰ ਪਛਾੜਨ ਵਾਲੀ ਦੌੜ ਲਈ ਪ੍ਰਸਿੱਧ ਹਨ।

ਗੁਰੂ ਸਾਹਿਬ ਨੂੰ ਮਹਿਫ਼ਲਾਂ ਦਾ ਚਮਕਦਾ ਸੂਰਜ ਤੇ ਮੈਦਾਨੇ ਜੰਗ ਵਿਚ ਸ਼ੂਕਦਾ ਅਜਗਰ ਬਿਆਨਿਆ ਹੈ। ਉਹ ਜੰਗਾਂ ਦੇ ਸਮੁੰਦਰ ਦਾ ਫੁੰਕਾਰਦਾ ਹੋਇਆ ਮਗਰਮੱਛ ਹਨ, ਆਪਣੇ ਤੀਰਾਂ ਨਾਲ ਦੁਸ਼ਮਣਾਂ ਦੇ ਦਿਲਾਂ ਨੂੰ ਪਰੋ ਦੇਣ ਵਾਲੇ ਹਨ :

ਬ ਬਹਿਰਿ ਤਹਾਰਬ ਦਮਿੰਦਾ ਨਿਹੰਗ
ਦਿਲਿ ਖ਼ਸਮ ਦੋਜ਼ਾਂ ਬ ਤੀਰੋ ਖ਼ਦੰਗ ॥੧੨੨॥

www.sikhbookclub.com

੧੨੩ਵੇਂ ਸਲੋਕ ਤੋਂ ਅੱਗੇ ਫੇਰ ਇਸ ਗੱਲ ਦਾ ਦੁਹਰਾਓ ਹੈ ਕਿ ਸਿੱਧ, ਬੁੱਧ, ਨਾਥ, ਗੌਂਸ, ਔਲੀਏ ਤੇ ਯੋਧੇ ਆਦਿ ਸਭ ਉਸ ਦੇ ਦਰ ਦੇ ਭਿਖਾਰੀ ਹਨ। ਸੂਰਜ, ਚੰਦ, ਧਰਤੀ, ਸਮੁੰਦਰ ਸਭ ਉਸ ਮਹਾਨ ਸਤਿਗੁਰੂ ਦਾ ਗੁਣ ਗਾਇਨ ਕਰਦੇ ਹਨ। ਹਰ ਉਹ ਆਦਮੀ ਜਿਸ ਨੇ ਉਹਨਾਂ 'ਤੇ ਭਰੋਸਾ ਕੀਤਾ ਉਸ ਦੀ ਆਸ ਪੂਰੀ ਹੋਈ ਹੈ। ਮੁਰਦਿਆਂ ਯਾਨਿ ਕਮਜ਼ੋਰਾਂ ਨੂੰ ਨਵੀਂ ਜ਼ਿੰਦਗੀ ਦੇਣ ਵਾਲੇ ਹਨ। ੧੪੯ਵੇਂ ਸਲੋਕ ਵਿਚ ਸਤਿਗੁਰਾਂ ਦੇ ਬਚਨਾਂ ਦੀ ਮਿਠਾਸ ਨੂੰ ਇੰਨਾ ਵੱਡਾ ਦੱਸਿਆ ਹੈ ਕਿ ਸੈਂਕੜੇ ਆਬੇ ਹਯਾਤ (ਅੰਮ੍ਰਿਤ) ਉਸ ਵਿਚ ਸਮਾ ਸਕਦੇ ਹਨ :

ਜ਼ਲਾਲਿ ਮਕਾਲਿਸ਼ ਚੁਨਾਂ ਆਮਦਾ
ਕਿ ਸਦ ਆਬਿ ਹੈ ਵਾਂ ਦਰਾਂ ਆਮਦਾ ॥੧੪੯॥

ਅੱਗੇ ਚੱਲ ਕੇ ਜ਼ਿਕਰ ਕੀਤਾ ਹੈ ਕਿ ਸੱਚ ਨੂੰ ਪਛਾਣਨ ਲਈ ਸਭ ਤੋਂ ਉੱਚੀ ਦਿੱਬ-ਦ੍ਰਿਸ਼ਟੀ ਦਸਮ ਪਾਤਸ਼ਾਹ ਕੋਲ ਹੀ ਹੈ। ਸੁਹਜ ਤੇ ਸ਼ਿੰਗਾਰ ਵਿਚ ਉਹ ਸਿਰ ਤੋਂ ਪੈਰਾਂ ਤੱਕ ਹੁਸਨ ਹੀ ਹੁਸਨ ਹਨ।

ਜਿਸ ਤਰ੍ਹਾਂ ਕਿ ਪਿੱਛੇ ੧੨੦ ਤੋਂ ੧੨੩ ਤਕ ਗੁਰੂ ਜੀ ਦੀ ਜੰਗੀ ਪ੍ਰਵੀਨਤਾ ਦਾ ਜ਼ਿਕਰ ਕੀਤਾ ਹੈ, ਉਸੇ ਤਰ੍ਹਾਂ ੧੫੪ਵੇਂ ਸਲੋਕ ਤੋਂ ਅੱਗੇ ਤਫ਼ਸੀਲ ਨਾਲ ਬਿਆਨਿਆ ਹੈ ਕਿ ਉਹ ਸਭ ਤੋਂ ਉਚੇਰੇ ਹੌਂਸਲੇ ਦੇ ਮਾਲਕ ਹਨ, ਪ੍ਰਤਾਪ ਵਿਚ ਸਭ ਤੋਂ ਸ਼੍ਰੋਮਣੀ। ਭਾਵੇਂ ਦੋਨਾਂ ਜਹਾਨਾਂ ਨੂੰ ਫ਼ਤਹਿ ਕਰਨ ਵਾਸਤੇ ਗੁਰੂ ਸਾਹਿਬ ਨੂੰ ਤਲਵਾਰ ਤੇ ਭਾਲੇ ਦੀ ਲੋੜ ਨਹੀਂ ਪਰ ਫੇਰ ਵੀ ਜਦ ਉਹਨਾਂ ਦੀ ਤਲਵਾਰ ਦਾ ਜ਼ੌਹਰ ਰੌਸ਼ਨ ਹੁੰਦਾ ਹੈ ਤਾਂ ਉਸ ਦੀ ਲਿਸ਼ਕ ਨਾਲ ਦੁਸ਼ਮਣਾਂ ਦਾ ਦਿਲ ਬਲ ਉਠਦਾ ਹੈ। ਉਹਨਾਂ ਦੀ ਬਰਛੀ ਨਾਲ ਹਾਥੀ ਦਾ ਜਿਗਰ ਖ਼ੂਨ ਹੁੰਦਾ ਹੈ। ਉਹਨਾਂ ਦੇ ਤੀਰ ਤੋਂ ਬੱਬਰ ਸ਼ੇਰ ਦਾ ਦਿਲ ਟੁੱਟਦਾ ਹੈ। ਉਹਨਾਂ ਦੀ ਫਾਹੀ ਨੇ ਦਰਿੰਦਿਆਂ ਤੇ ਚੌਪਾਇਆਂ ਨੂੰ ਕਾਬੂ ਕਰ ਲਿਆ ਹੈ। ਗੁਰੂ ਜੀ ਦੇ ਨੇਜ਼ੇ ਨੇ ਜਿੰਨਾਂ ਤੇ ਭੂਤਾਂ ਨੂੰ ਗਰਦ ਵਿਚ ਮਿਲਾ ਦਿੱਤਾ। ਪਾਤਸ਼ਾਹ ਦੀ ਤੀਰ-ਅੰਦਾਜ਼ੀ ਦੇ ਕਮਾਲ ਨੂੰ ੧੫੯ਵੇਂ ਸਲੋਕ ਵਿਚ ਕਿਆ ਖ਼ੂਬੀ ਨਾਲ ਦਰਸਾਇਆ ਹੈ :

ਚੁਨਾਂ ਨਾਵਕਸ਼ ਹਲਕਾ ਦਰ ਕੋਹ ਕਰਦ
ਕਿ ਅਰਜਨ ਨ ਕਰਦਾ ਬਰੂਜ਼ਿ ਨਬੁੱਰਦ ॥੧੫੯॥

(ਗੁਰੂ ਜੀ ਦੇ) ਤੀਰਾਂ ਨੇ ਪਹਾੜਾਂ ਵਿਚ ਐਸੇ ਛੇਕ ਪਾ ਦਿੱਤੇ ਕਿ ਅਰਜੁਨ ਨੇ (ਮਹਾਂਭਾਰਤ ਦੇ ਜੰਗ ਵਿਚ) ਵੀ ਇਸ ਦੇ ਟਾਕਰੇ 'ਤੇ ਕੱਖ ਨਹੀਂ ਸੀ ਕੀਤਾ। ਜ਼ਮਾਨੇ ਨੇ (ਉਨ੍ਹਾਂ ਜਿਹਾ ਤੀਰ-ਅੰਦਾਜ਼ ਕੋਈ) ਪੈਦਾ ਹੀ ਨਹੀਂ ਕੀਤਾ। ਜਦ ਗੁਰੂ ਜੀ ਦਾ ਤੀਰ ਧਨੁਖ ਤੋਂ ਬਾਹਰ ਤੇਜ਼ ਹੋ ਕੇ ਨਿਕਲਦਾ ਹੈ ਤਾਂ ਸਾਰੇ ਵੈਰੀਆਂ ਦਾ ਜਿਗਰ ਛੇਕ-ਛੇਕ ਕਰ ਦਿੰਦਾ ਹੈ :

ਚੂੰ ਤੀਰਸ਼ ਜਿਹਦ ਅਜ਼ ਕਮਾਂ ਤੇਜ਼ ਤਰ
ਹਮਾ ਦੁਸ਼ਮਨਾਂ ਰਾ ਸ਼ਿਗਾਫ਼ਦ ਜਿਗਰ ॥੧੬੪॥

ਇਸੇ ਤਰ੍ਹਾਂ ਗੁਰਜ ਬਾਰੇ ਦੱਸਦੇ ਹਨ ਕਿ ਜਦੋਂ ਗੁਰਜ ਹਾਥੀਆਂ ਦੇ ਸਿਰ 'ਤੇ ਵੱਜਦਾ ਹੈ (ਹਾਥੀ ਤਾਂ ਕਿਤੇ ਰਹੇ) ਜੇ ਪਹਾੜ ਵੀ ਹੋਵੇ ਚਕਨਾਚੂਰ ਕਰਕੇ ਮਿੱਟੀ ਵਿਚ ਮਿਲਾ ਦਿੰਦਾ ਹੈ।

ਅਖੀਰ ਵਿਚ ਭਾਈ ਨੰਦ ਲਾਲ ਜੀ ਨੇ ਲਿਖਿਆ ਹੈ ਕਿ :

"ਦਸਮ ਗੁਰੂ ਜੀ ਦੀ ਵਡਿਆਈ ਨੂੰ ਪੂਰਨ ਰੂਪ ਵਿਚ ਜਾਣਨ ਦੇ ਹਰ ਕੋਈ ਅਸਮਰਥ ਹੈ,

www.sikhbookclub.com

ਉਨ੍ਹਾਂ ਦੀ ਵਡਿਆਈ ਉੱਚੀ ਤੋਂ ਉੱਚੀ ਹੈ। ਜਗਤ ਵਿਚ ਉਸ ਦੀ ਹਸਤੀ ਪਰਮ ਸਤਿਕਾਰਯੋਗ ਹੈ। ਗੁਰੂ ਜੀ ਦੇ ਕਮਾਲ ਹੱਦ ਟੱਪੇ ਹੋਏ ਹਨ। ਇਸ ਲਈ :

ਚੂ ਤੌਸੀ.ਫ਼ਸ਼ ਆਮਦ ਫ਼ਜ਼ੂੰ ਅਜ਼ ਹਿਸਾਬ
ਕੁਜਾ ਗੁੰਜਦ ਅੰਦਰ ਹਜਾਬਿ ਕਿਤਾਬ ॥੧੭੪॥

ਜਦੋਂ ਉਨ੍ਹਾਂ (ਸੱਚੇ ਪਾਤਸ਼ਾਹ) ਦੀ ਮਹਿਮਾ ਲੇਖੇ ਜੋਖੇ ਤੋਂ ਉਪਰ ਹੈ ਤਾਂ ਉਹ ਇਕ ਕਿਤਾਬ ਦੇ ਪਰਦੇ 'ਤੇ ਕਿਵੇਂ ਸਮਾ ਸਕਦੀ ਹੈ। ਭਾਵ ਕਿ ਜੋ ਕੁਝ ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ 'ਜੋਤਿ ਬਿਗਾਸ' ਨਾਮੀ ਪੁਸਤਕ ਵਿਚ ਸਤਿਗੁਰੂ ਦੀ ਵਡਿਆਈ ਵਿਚ ਲਿਖਿਆ ਹੈ ਉਹ ਗੁਰੂ ਜੀ ਦੀ ਅਸਲ ਗੁਣ ਸਰੂਪਤਾ ਦੀ ਹਕੀਕਤ ਕਥਨ ਤੋਂ ਕਿਤੇ ਘੱਟ ਹੈ। ਅੰਤਲੇ ਸਲੋਕ ਵਿਚ ਕਹਿੰਦੇ ਹਨ :

ਸਰਿ ਲਾਲ ਬਾਦਾ ਬਪਾਇਸ਼ ਫ਼ਿਦਾ
ਅਜ਼ੋ ਬਾਦ ਜਾਨੋ ਦਿਲਸ਼ ਰਾ ਨਵਾ ॥੧੭੫॥

ਭਾਵ ਕਿ ਵਾਹਿਗੁਰੂ ਕਰੇ ਕਿ ਨੰਦ ਲਾਲ ਦਾ ਸਿਰ ਸਤਿਗੁਰੂ ਦੇ ਨਾਮ ਤੋਂ ਕੁਰਬਾਨ ਹੋ ਜਾਏ।

(1/1986)

www.sikhbookclub.com

ਭਾਈ ਨੰਦ ਲਾਲ ਜੀ ਦੀ ਨਜ਼ਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਅਨੰਦਪੁਰ ਦੀ ਧਰਤੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪੰਜਾਬੀ, ਬ੍ਰਿਜ ਭਾਸ਼ਾ, ਫ਼ਾਰਸੀ ਆਦਿ ਦੇ ਬਵੰਜਾ ਪ੍ਰਸਿੱਧ ਕਵੀਆਂ ਦੀ ਹੋਂਦ ਇਹ ਸਾਬਤ ਕਰਦੀ ਹੈ ਕਿ ਗੁਰੂ ਜੀ ਕਲਾ, ਸਾਹਿਤ ਅਤੇ ਵਿਦਿਆ ਦੇ ਬਹੁਤ ਵੱਡੇ ਸਰਪ੍ਰਸਤ ਸਨ। ਇਹਨਾਂ ਪ੍ਰਸਿੱਧ ਕਵੀਆਂ ਵਿਚ ਭਾਈ ਨੰਦ ਲਾਲ ਜੀ ਬਹੁਤ ਪ੍ਰਸਿੱਧ ਅਤੇ ਗੁਰੂ ਜੀ ਦੇ ਬਹੁਤ ਨਿਕਟਵਰਤੀ ਕਵੀ ਹੋਏ ਹਨ। ਭਾਈ ਨੰਦ ਲਾਲ ਜੀ ਅਰਬੀ ਅਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਦਿਨ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕੀਤੀ, "ਮੈਨੂੰ ਇਕ ਤਲਵਾਰ ਬਖਸ਼ ਦਿਓ ਤਾਂ ਕਿ ਮੈਂ ਵੀ ਰਣ-ਖੇਤਰ ਵਿਚ ਜੂਝ ਸਕਾਂ।"

ਗੁਰੂ ਜੀ ਨੇ ਭਾਈ ਨੰਦ ਲਾਲ ਜੀ ਨੂੰ ਇਕ ਕਲਮ ਪੇਸ਼ ਕਰਦਿਆਂ ਕਿਹਾ, "ਤੁਹਾਡੇ ਹੱਥਾਂ ਵਿਚ ਇਹ ਕਲਮ ਹੀ ਤਲਵਾਰ ਦਾ ਕੰਮ ਕਰੇਗੀ।"

ਗੁਰੂ ਜੀ ਵਲੋਂ ਬਖ਼ਸ਼ੀ ਗਈ ਇਸ ਕਲਮ ਅਤੇ ਪ੍ਰੇਮ ਨੇ ਭਾਈ ਨੰਦ ਲਾਲ ਜੀ ਦੇ ਦਿਲ ਨੂੰ ਪੂਰੀ ਤਰ੍ਹਾਂ ਜਿੱਤ ਲਿਆ। ਭਾਈ ਨੰਦ ਲਾਲ ਜੀ ਨੇ ਜਿੰਨੀ ਖ਼ੂਬਸੂਰਤੀ ਅਤੇ ਅਥਾਹ ਸ਼ਰਧਾ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਕਲਮ ਰਾਹੀਂ ਉਘਾੜਿਆ ਹੈ, ਉਸ ਦਾ ਸ਼ਬਦਾਂ ਵਿਚ ਬਿਆਨ ਕਰਨਾ ਬਹੁਤ ਮੁਸ਼ਕਿਲ ਗੱਲ ਜਾਪਦੀ ਹੈ।

ਆਪਣੀ ਰਚਨਾ 'ਗੰਜਨਾਮਾ' ਵਿਚ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਵਰਣਨ ਕਰਨ ਦਾ ਯਤਨ ਕੀਤਾ ਹੈ। ਹਰ ਸ਼ਿਅਰ ਦੀਆਂ ਦੋਵਾਂ ਸਤਰਾਂ ਦਾ ਅੰਤ 'ਗੁਰੂ ਗੋਬਿੰਦ ਸਿੰਘ' ਦੇ ਬੜੇ ਲੈਅ-ਮਈ ਸ਼ਬਦਾਂ ਨਾਲ ਕੀਤਾ ਹੈ। ਕੀਰਤਨ ਕਰਨ ਵਾਲੇ ਜਦ ਇਹਨਾਂ ਨੂੰ ਲੈਅ ਵਿਚ ਗਾਉਂਦੇ ਹਨ ਤਾਂ 'ਗੁਰੂ ਗੋਬਿੰਦ ਸਿੰਘ', 'ਗੁਰੂ ਗੋਬਿੰਦ ਸਿੰਘ' ਦੀ ਪਿਆਰੀ ਧੁਨੀ ਨਾਲ ਇਕ ਅਨੋਖਾ ਰੰਗ ਬੱਝ ਜਾਂਦਾ ਹੈ। 'ਗੰਜਨਾਮਾ' ਦੇ ਇਹਨਾਂ ਸ਼ਿਅਰਾਂ ਵਿਚ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਰੰਭ ਵਿਚ ਹੀ ਰੱਬ ਵਲੋਂ ਪਰਵਾਨ ਮਹਾਂਪੁਰਸ਼ ਦੱਸਿਆ ਹੈ। ਆਪ ਲਿਖਦੇ ਹਨ :

ਈਜ਼ਦਿ ਮਨਜ਼ੂਰ ਗੁਰ ਗੋਬਿੰਦ ਸਿੰਘ।

'ਹੱਕ ਰਾ ਮਹਿਬੂਬ' ਕਹਿ ਕੇ ਗੁਰੂ ਜੀ ਨੂੰ 'ਰੱਬ ਦਾ ਪਿਆਰਾ' ਦੱਸਿਆ ਹੈ। ਇਸੇ ਤਰ੍ਹਾਂ ਭਾਈ ਨੰਦ ਲਾਲ ਜੀ 'ਗੰਜਨਾਮਾ' ਵਿਚ ਲਿਖਦੇ ਹਨ :

www.sikhbookclub.com

ਫ਼ੈਜ਼ਿ ਸੁਬਹਾਨ ਜ਼ਾਤਿ ਗੁਰ ਗੋਬਿੰਦ ਸਿੰਘ।
ਨੂਰਿ ਹੱਕ ਲਮਆਤ ਗੁਰ ਗੋਬਿੰਦ ਸਿੰਘ।

ਭਾਵ—ਗੁਰੂ ਗੋਬਿੰਦ ਸਿੰਘ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਮਿਹਰ ਹੈ, ਗੁਰੂ ਗੋਬਿੰਦ ਸਿੰਘ ਰੱਬ ਦੇ ਨੂਰ ਦੀ ਕਿਰਨਾਂ ਭਰੀ ਰੌਸ਼ਨੀ ਹੈ। ਦਸਮੇਸ਼ ਜੀ ਦੀ ਸ਼ਖ਼ਸੀਅਤ ਦਾ ਬੁਨਿਆਦੀ ਪੱਖ ਇਹੋ ਹੀ ਹੈ ਕਿ ਉਹ ਅਕਾਲ ਪੁਰਖ ਦੀ ਮਿਹਰ ਅਤੇ ਬਖ਼ਸ਼ਿਸ਼ ਸਦਕਾ ਧਰਮ ਦੀ ਰਾਖੀ ਲਈ ਇਸ ਧਰਤੀ 'ਤੇ ਵਿਚਰੇ। ਅਕਾਲ ਪੁਰਖ ਦੇ ਨਾਲ ਇਕਮਿਕਤਾ ਦੇ ਪੱਖ ਨੂੰ ਭਾਈ ਨੰਦ ਲਾਲ ਜੀ ਨੇ ਪਹਿਲ ਦੇ ਕੇ ਆਪਣੀ ਬਿਬੇਕਸ਼ੀਲਤਾ ਦਾ ਸਬੂਤ ਦਿੱਤਾ ਹੈ।

ਦਸਮੇਸ਼ ਜੀ ਦੀ ਸ਼ਖ਼ਸੀਅਤ ਦਾ ਆਧਾਰ ਜਿਥੇ ਅਕਾਲ ਪੁਰਖ ਦੀ ਮਿਹਰ ਹੈ, ਉਥੇ ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇਕ ਹੀ ਅਨੁਭਵ, ਇਕ ਹੀ ਜੋਤਿ ਅਤੇ ਇਕ ਹੀ ਨੂਰ ਵਿਆਪਕ ਹੈ। ਅੰਤਰੀਵ ਜਾਂ ਆਤਮਿਕ ਏਕਤਾ ਦੇ ਮਹੱਤਵ ਨੂੰ ਸਾਹਮਣੇ ਰੱਖ ਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ 'ਇਕ ਨੂਰ' ਜਾਂ 'ਇਕ ਜੋਤਿ' ਦੇ ਸਿਧਾਂਤ ਦੀ ਸਮਝ ਆ ਸਕਦੀ ਹੈ।

ਭਾਈ ਗੁਰਦਾਸ ਜੀ ਨੇ ਅਨੁਭਵ ਜਾਂ ਆਤਮਾ ਦੀ ਏਕਤਾ ਨੂੰ ਮੁੱਖ ਰੱਖ ਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤਕ ਇਕ ਹੀ ਸਿੱਕਾ, ਇਕ ਹੀ ਟਕਸਾਲ ਅਤੇ ਇਕ ਹੀ ਖੁਤਬੇ ਦੀ ਗੱਲ ਨੂੰ ਸਥਾਪਤ ਕੀਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੂੰ ਇਕ ਕਹਿਣ ਦਾ ਭਾਵ ਇਹ ਹੈ ਕਿ ਉਹਨਾਂ ਦਾ ਆਸ਼ਾ ਇਕ ਸੀ, ਰਸਤਾ ਇਕ ਸੀ, ਇਕ ਦੇ ਹੀ ਪੁਜਾਰੀ ਸਨ। ਇਹ ਏਕਤਾ ਸਰੀਰਾਂ ਦੀ ਏਕਤਾ ਨਹੀਂ ਸੀ। ਇਹ ਏਕਤਾ ਮਾਨਸਿਕ, ਬੌਧਿਕ ਅਤੇ ਆਤਮਿਕ ਸੀ। ਇਹ ਏਕਤਾ ਅੰਤਰੀਵੀ ਜਾਂ ਅੰਦਰਲੀ ਏਕਤਾ ਸੀ। ਦਸਮੇਸ਼ ਜੀ ਦੀ ਸ਼ਖ਼ਸੀਅਤ ਦੇ ਇਸ ਪੱਖ ਨੂੰ ਭਾਈ ਨੰਦ ਲਾਲ ਜੀ ਨੇ ਬੜੇ ਸਪੱਸ਼ਟ ਰੂਪ ਵਿਚ ਇਉਂ ਕਹਿ ਕੇ ਬਿਆਨਿਆ ਹੈ :

ਨਾਨਕ ਸੋ ਅੰਗਦ ਗੁਰ ਦੇਵਨਾ,
ਸੋ ਅਮਰਦਾਸ ਹਰਿ ਸੇਵਨਾ।
ਸੋ ਰਾਮਦਾਸ ਸੋ ਅਰਜਨਾ,
ਸੋ ਹਰਿ ਗੋਬਿੰਦ ਹਰਿ ਪਰਸਨਾ।
ਸੋ ਕਰਤਾ ਹਰਿ ਰਾਇ ਦਾਤਾਰਨੰ,
ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ।
ਸੋ ਤੇਗ ਬਹਾਦੁਰ ਸਤਿ ਸਰੂਪਨਾ,
ਸੋ ਗੁਰੂ ਗੋਬਿੰਦ ਸਿੰਘ ਹਰਿ ਕਾ ਰੂਪਨਾ।

'ਸੋ' ਸ਼ਬਦ ਦੇ ਰਾਹੀਂ ਭਾਈ ਨੰਦ ਲਾਲ ਜੀ ਨੇ ਦਸਾਂ ਪਾਤਿਸ਼ਾਹੀਆਂ ਦੇ ਨਾਂਅ ਲਿਖ ਕੇ ਉਹਨਾਂ ਦੀ ਏਕਤਾ ਬਿਆਨ ਕਰ ਕੇ ਕਿਸੇ ਕਿਸਮ ਦੇ ਸ਼ੱਕ ਦੀ ਬਿਲਕੁਲ ਗੁੰਜਾਇਸ਼ ਹੀ ਨਹੀਂ ਰਹਿਣ ਦਿੱਤੀ। 'ਹਰਿ ਸੇਵਨਾ', 'ਹਰਿ ਪਰਸਨਾ', 'ਅਗੰਮ ਅਪਾਰਨੰ', 'ਸਤਿ ਸਰੂਪਨਾ', 'ਹਰਿ ਕਾ ਰੂਪਨਾ' ਆਦਿ ਰਾਹੀਂ ਗੁਰੂ ਸਾਹਿਬਾਨ ਦੀ ਪ੍ਰਭੂ ਭਗਤੀ ਅਤੇ ਪ੍ਰਭੂ ਨਾਲ ਇਕਮਿਕਤਾ ਦਾ ਵੀ ਜ਼ਿਕਰ ਭਾਈ ਸਾਹਿਬ ਨੇ ਨਾਲ ਹੀ ਕਰ ਦਿੱਤਾ ਹੈ। 'ਜੋਤਿ ਬਿਗਾਸ' (ਪੰਜਾਬੀ) ਵਿਚ ਦਰਜ ਇਸ ਉਪਰਲੇ ਕਥਨ

www.sikhbookclub.com

ਤੋਂ ਇਲਾਵਾ ਭਾਈ ਨੰਦ ਲਾਲ ਜੀ ਨੇ 'ਜੋਤਿ ਬਿਗਾਸ' (ਫ਼ਾਰਸੀ) ਵਿਚ ਭੀ 'ਹਮੂ' ਸ਼ਬਦ ਵਰਤ ਕੇ ਦਸ ਗੁਰੂ ਸਾਹਿਬਾਨ ਦੀ ਏਕਤਾ ਨੂੰ ਦ੍ਰਿੜ੍ਹ ਕਰਵਾਇਆ ਹੈ ਅਤੇ ਇਸੇ ਰਚਨਾ ਵਿਚ ਆਪ ਨੇ ਲਿਖਿਆ ਹੈ :

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ

ਭਾਵ ਉਹੀ ਗੁਰੂ ਗੋਬਿੰਦ ਸਿੰਘ ਅਤੇ ਉਹੀ ਨਾਨਕ ਗੁਰੂ ਹੈ।

ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਦੋ ਪੱਖ, ਜੋ ਕਿ ਬੁਨਿਆਦੀ ਹਨ, ਭਾਈ ਨੰਦ ਲਾਲ ਜੀ ਦੀ ਨਜ਼ਰ ਵਿਚ ਸਪੱਸ਼ਟ ਹਨ :

ਪਹਿਲਾ ਇਹ ਹੈ ਕਿ ਗੁਰੂ ਜੀ ਅਕਾਲ ਪੁਰਖ ਦੀ ਮਿਹਰ ਦੁਆਰਾ ਵਰੋਸਾਏ ਹਨ ਅਤੇ ਉਸ ਨਾਲ ਇਕਮਿਕ ਹਨ। ਦੂਸਰਾ ਇਹ ਕਿ ਗੁਰੂ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਹਨ, ਜਾਂ ਦਸਵੇਂ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ। ਏਨੀ ਇਕਮਿਕਤਾ ਦੇ ਹੁੰਦਿਆਂ ਜ਼ਰੂਰੀ ਗੱਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਅਕਾਲ ਪੁਰਖ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਵਾਲੇ ਗੁਣਾਂ ਦੀ ਮਾਲਕ ਹੋਵੇ।

ਇਹੀ ਕਾਰਨ ਹੈ ਕਿ ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੋ ਜਹਾਨਾਂ ਦਾ ਮਾਲਕ ਦੱਸਿਆ ਹੈ (ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ)। 'ਖਾਲਿਸੋ ਬੇ-ਕੀਨਾ' ਕਹਿ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦਿਲ ਦਾ ਸਾਫ਼ ਅਤੇ ਵੈਰ-ਭਾਵ ਤੋਂ ਖ਼ਾਲੀ ਦੱਸਿਆ ਹੈ। 'ਨਿਰਭਉ ਨਿਰਵੈਰ' ਅਕਾਲ ਪੁਰਖ ਨਾਲ ਇਕਮਿਕ ਹੋਈ ਸ਼ਖ਼ਸੀਅਤ ਵਿਚ ਇਹਨਾਂ ਗੁਣਾਂ ਦਾ ਹੋਣਾ ਸੁਭਾਵਿਕ ਹੀ ਹੈ। 'ਕਾਦਿਰਿ ਹਰ ਕਾਰ' ਕਹਿ ਕੇ ਭਾਈ ਨੰਦ ਲਾਲ ਜੀ ਨੇ ਗੁਰੂ ਜੀ ਦੀ ਸਰਬ-ਸਮਰੱਥਾ ਦਾ ਪ੍ਰਗਟਾਵਾ ਕੀਤਾ ਹੈ। 'ਨੂਰ ਦਰ ਹਰ ਜਿਸਮ' ਅਤੇ 'ਨੂਰ ਦਰ ਹਰ ਚਸ਼ਮੇ' ਭਾਵ 'ਹਰ ਇਕ ਸਰੀਰ ਦੀ ਰੂਹ' ਅਤੇ 'ਹਰ ਇਕ ਅੱਖ ਦਾ ਨੂਰ' ਗੁਰੂ ਜੀ ਨੂੰ ਦੱਸ ਕੇ ਸੁਯੋਗ ਅਤੇ ਸ਼ਰਧਾਵਾਨ ਦੈਵੀ ਕਵੀ ਨੇ ਸਰਬ-ਵਿਆਪਕ ਦੇ ਗੁਣ ਦਾ ਬਿਆਨ ਕੀਤਾ ਹੈ।

ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਬੇਕਸਾਂ ਰਾ ਯਾਰ' ਅਤੇ 'ਨਾਸਿਰੋ ਮਨਸੂਰ' ਕਹਿ ਕੇ ਗਰੀਬਾਂ ਅਤੇ ਮਜ਼ਲੂਮਾਂ ਦੇ ਰੱਖਿਅਕ ਵਜੋਂ ਬਿਆਨਿਆ ਹੈ। ਗੁਰੂ ਜੀ ਦੀ ਮਹਾਨ ਤੇਜੱਸਵੀ ਸ਼ਖ਼ਸੀਅਤ ਦਾ ਇਹ ਪੱਖ ਨਿਰਸੰਦੇਹ ਬੜਾ ਸ਼ਲਾਘਾਯੋਗ ਹੈ। ਇਹੀ ਪੱਖ ਉਹਨਾਂ ਦੇ ਸੰਤ-ਸਿਪਾਹੀ ਸੁਭਾਅ ਨੂੰ ਉਘਾੜਦਾ ਹੈ। ਇਸੇ ਪੱਖ ਦਾ ਬਿਆਨ ਉਹਨਾਂ ਨੂੰ 'ਤੇਗ ਦੇ ਧਨੀ' ਅਤੇ 'ਬਾਦਸ਼ਾਹ ਦਰਵੇਸ਼' ਕਹਿਣ ਲਈ ਉਤਾਵਲਾ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਧਰਮ, ਸੱਚ, ਨਿਆਂ ਅਤੇ ਮਜ਼ਲੂਮਾਂ ਦੀ ਰੱਖਿਆ ਲਈ ਹਰ ਵੇਲੇ ਤਿਆਰ ਹੈ। ਇਸੇ ਕਰਕੇ ਗੁਰੂ ਸਾਹਿਬ ਦੀ ਅਧਿਆਤਮਿਕਤਾ ਬੀਰ-ਰਸ ਨਾਲ ਭਰਪੂਰ ਹੈ। ਇਹ ਬੀਰ-ਰਸ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦਾ ਵੀ ਇਕ ਉੱਘੜਵਾਂ ਹਿੱਸਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਪੰਨਾ ੧੪੧੨)

www.sikhbookclub.com

ਇਸੇ ਕਰਕੇ ਭਾਈ ਨੰਦ ਲਾਲ ਜੀ ਆਪਣੀ ਜਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਕਰਨ ਦੀ ਅਰਦਾਸ ਕਰਦੇ ਹਨ। ਉਹ ਆਪਣਾ ਸਿਰ ਉਸ ਮਹਾਨ ਗੁਰੂ ਦੇ ਚਰਨਾਂ 'ਤੇ ਹਰ ਵੇਲੇ ਟਿਕਿਆ ਰਹਿਣ ਦੇਣਾ ਚਾਹੁੰਦੇ ਹਨ। ਉਹ ਆਪਣੇ ਆਪ ਨੂੰ ਗੁਰੂ ਦੇ ਕੁੱਤਿਆਂ ਤੋਂ ਵੀ ਨੀਚ ਦੱਸਦੇ ਹਨ ਅਤੇ ਉਹਨਾਂ ਦੇ ਦਸਤਰਖਾਨ ਤੋਂ ਭੋਰੇ ਚੁਗਣ ਵਾਲਾ ਆਪਣੇ ਆਪ ਨੂੰ ਦੱਸਦੇ ਹਨ। ਉਹ ਆਪਣੇ ਆਪ ਨੂੰ ਗੁਰੂ ਦੇ ਦਰ ਦਾ ਇਕ ਗੁਲਾਮ ਅਤੇ ਕੁੱਤਾ ਦੱਸਦੇ ਹਨ। ਏਨੀ ਨਿਰਮਾਣਤਾ ਨਾਲ ਇਸ ਮਹਾਨ ਅਤੇ ਪ੍ਰਸਿੱਧ ਗੁਰਸਿੱਖ ਵਿਦਵਾਨ ਕਵੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸ਼ਰਧਾ ਪ੍ਰਗਟਾਈ ਹੈ ਕਿ ਇਸ ਦੇ ਸਾਨੀ ਹੋਰ ਕੋਈ ਸ਼ਬਦ ਲੱਭਣੇ ਬੜੇ ਕਠਿਨ ਹਨ।

ਭਾਈ ਨੰਦ ਲਾਲ ਜੀ ਨੇ ਜਿਸ ਨਜ਼ਰ ਨਾਲ ਗੁਰੂ ਜੀ ਨੂੰ ਵੇਖਿਆ ਹੈ, ਉਸ ਨਜ਼ਰ ਨਾਲ ਹੀ ਵੇਖਿਆਂ ਗੁਰੂ ਜੀ ਦੀ ਅਸਲੀ ਸ਼ਖ਼ਸੀਅਤ ਸਾਹਮਣੇ ਆ ਸਕਦੀ ਹੈ। ਏਥੇ ਜਦੋਂ ਅਸੀਂ ਸ਼ਖ਼ਸੀਅਤ ਦੇ ਇਸ ਜ਼ਿਕਰ ਨੂੰ ਇਤਿਹਾਸ ਦੇ ਪੱਤਰਿਆਂ ਨਾਲ ਮੇਲਦੇ ਹਾਂ ਤਾਂ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਅਜਿਹੇ ਕ੍ਰਿਸ਼ਮੇ ਕਰਨਾ ਸਾਧਾਰਨ ਮਨੁੱਖ ਦੇ ਵੱਸ ਦੀ ਗੱਲ ਨਹੀਂ।

ਕੋਈ 'ਮਰਦ ਅਗੰਮੜਾ' ਜਾਂ 'ਵਰਿਆਮ ਇਕੇਲਾ' ਹੀ ਅਜਿਹਾ ਕੁਝ ਕਰ ਸਕਦਾ ਹੈ। 42 ਸਾਲਾਂ ਦੀ ਛੋਟੀ ਜਿਹੀ ਜ਼ਿੰਦਗੀ ਵਿਚ 14 ਲੜਾਈਆਂ ਲੜਨੀਆਂ, ਸਰਬੰਸ ਤੱਕ ਵਾਰ ਦੇਣਾ, ਆਪਣਾ ਸਭ ਕੁਝ ਖੁਹਾ ਲੈਣਾ, ਅਨੰਦਪੁਰ ਦੀ ਧਰਤੀ ਤੇ ਫੇਰ ਵੀ ਕਲਾ ਅਤੇ ਸਾਹਿਤ ਦੇ ਭਾਈ ਨੰਦ ਲਾਲ ਜੀ ਵਰਗੇ ਹੀਰੇ ਮੋਤੀਆਂ ਦੀ ਸੰਭਾਲ ਅਤੇ ਦਸਮ ਗ੍ਰੰਥ ਦੇ ਰੂਪ ਵਿਚ ਏਨੀ ਬਾਣੀ.....ਸੱਚਮੁੱਚ ਹੀ ਕਿਸੇ ਸਾਧਾਰਨ ਸ਼ਖ਼ਸੀਅਤ ਦੇ ਵੱਸ ਦੀ ਗੱਲ ਨਹੀਂ। ਇਹ ਅਕਾਲ ਪੁਰਖ ਨਾਲ ਇਕਮਿਕ ਅਤੇ ਗੁਰੂ ਨਾਨਕ ਸਾਹਿਬ ਦੇ ਦਸਵੇਂ ਰੂਪ ਦਾ ਹੀ ਕ੍ਰਿਸ਼ਮਾ ਹੋ ਸਕਦਾ ਹੈ।

ਅਜਿਹੀ ਸ਼ਖ਼ਸੀਅਤ ਦੀ ਸਰੀਰਕ ਸੁੰਦਰਤਾ ਅਤੇ ਤਾਬ ਵੀ ਏਨੀ ਹੈ ਕਿ ਭਾਈ ਨੰਦ ਲਾਲ ਜੀ ਤੋਂ ਝੱਲੀ ਨਹੀਂ ਜਾਂਦੀ। ਇਸੇ ਕਰਕੇ ਉਹ ਕਹਿੰਦੇ ਹਨ :

ਦੀਨੋ ਦੁਨੀਆ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾ।

ਉਸ ਸੋਹਣੇ ਮੁੱਖ ਵਾਲੇ ਮਾਹੀ ਨੇ ਦੀਨ ਤੇ ਦੁਨੀਆਂ ਦੋਵੇਂ ਹੀ ਆਪਣੇ ਵੱਸ ਕੀਤੇ ਹੋਏ ਹਨ। ਮੈਂ ਉਸ ਦੇ ਇਕ ਇਕ ਵਾਲ ਤੋਂ ਹਲਤ-ਪਲਤ (ਲੋਕ-ਪਰਲੋਕ) ਦੋਵੇਂ ਹੀ ਵਾਰ ਦਿੱਤੇ ਹਨ।

ਭਾਈ ਨੰਦ ਲਾਲ ਜੀ ਦੀ ਸ਼ਰਧਾ ਅਤੇ ਪ੍ਰੇਮ ਦੇ ਰਸ ਨਾਲ ਗੁੱਧੀ ਨਜ਼ਰ ਅਪਣਾ ਕੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰਤਾ, ਸੁੰਦਰਤਾ ਤੇ ਵਿਸ਼ਾਲਤਾ ਦੇ ਆਨੰਦ ਨੂੰ ਮਾਣਿਆ ਜਾ ਸਕਦਾ ਹੈ।

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗ਼ੈਰ-ਸਿੱਖਾਂ ਵਲੋਂ ਉਪਮਾ

1. ਭੀਖਣ ਸ਼ਾਹ ਫ਼ਕੀਰ : ਪੰਜਾਬ ਦੇ ਨਗਰ ਘੁੜਾਮ ਵਿਖੇ ਰਹਿਣ ਵਾਲੇ ਇਕ ਪ੍ਰਸਿੱਧ ਫ਼ਕੀਰ ਭੀਖਣ ਸ਼ਾਹ ਨੂੰ ਆਪਣੇ ਅਨੁਭਵ ਤੋਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਜਾਣਿਆ ਤਾਂ ਨਮਾਜ਼ ਚੜ੍ਹਦੇ ਵੱਲ ਪੜ੍ਹੀ ਅਤੇ ਤੁਰੰਤ ਪਟਨਾ ਸ਼ਹਿਰ ਵਿਖੇ ਪੁੱਜਾ, ਬਾਲ ਗੋਬਿੰਦ ਜੀ ਨੂੰ ਸਜਦਾ ਕੀਤਾ, ਇਲਾਹੀ ਨੂਰ ਦੇ ਦਰਸ਼ਨ ਕੀਤੇ ਅਤੇ ਨੂਰੋ-ਨੂਰ ਹੋ ਗਿਆ, ਦੋ ਕੁੱਜੀਆਂ ਨੂੰ ਕ੍ਰਮਵਾਰ ਹਿੰਦੂ ਅਤੇ ਮੁਸਲਮਾਨ ਧਰਮ ਦੇ ਚਿੰਨ੍ਹਾਂ ਵਜੋਂ ਮੰਨਦਿਆਂ ਅੱਗੇ ਰੱਖਿਆ। ਬਾਲ ਗੋਬਿੰਦ ਜੀ ਨੇ ਦੋਹਾਂ ਕੁੱਚੀਆਂ 'ਤੇ ਹੱਥ ਰੱਖ ਦਿੱਤੇ ਅਤੇ ਪਾਵਨ ਚਰਨਾਂ ਨਾਲ ਦੋਵੇਂ ਕੁੱਜੀਆਂ ਡੋਲ੍ਹ ਦਿੱਤੀਆਂ। ਭੀਖਣ ਸ਼ਾਹ ਦਾ ਸੰਕਲਪ ਪੂਰਾ ਹੋ ਗਿਆ ਕਿ ਬਾਲ ਗੋਬਿੰਦ ਜੀ ਹਿੰਦੂ ਅਤੇ ਮੁਸਲਮਾਨ ਦੋਹਾਂ ਦੇ ਰਾਖੇ ਹਨ ਜਿਸ ਤਰ੍ਹਾਂ ਗੁਰੂ ਜੀ ਨੇ ਆਪ ਲਿਖਿਆ ਹੈ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥
ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

(ਅਕਾਲ ਉਸਤਤਿ)

2. ਲਾਲਾ ਦੌਲਤ ਰਾਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿਫ਼ਤ-ਸਾਲਾਹ ਲਿਖਦੇ ਹਨ : ਐਸਾ ਮਹਾਂਪੁਰਸ਼ ਔਰ ਬੀਰ ਨਾ ਤਸ਼ਮੇਂ ਜ਼ਮਾਨਾ ਨੇ ਕਭੀ ਦੇਖਾ ਔਰ ਨਾ ਕਭੀ ਜ਼ਮਾਨੇ ਨੇ ਪੈਦਾ ਕੀਤਾ, ਸਾਰੀ ਕੌਮੇਂ ਅਪਨੇ ਬਹਾਦਰੋਂ ਔਰ ਸ਼ਹੀਦੋਂ ਪਰ ਜਿਸ ਕਦਰ ਫ਼ਖਰ ਕਰੇ ਜ਼ੇਬਾ ਹੈ ਲੇਕਿਨ ਜੋ ਫ਼ਖ਼ਰ ਹਿੰਦੂਓਂ ਔਰ ਖ਼ਾਲਸਾ ਕੋ ਗੁਰੂ ਗੋਬਿੰਦ ਸਿੰਘ ਪਰ ਹੈ ਇਸ ਕਾ ਮੁਕਾਬਲਾ ਰੂਏ ਆਲਮ ਮੇਂ ਸ਼ਸ਼ਦਰ ਜਹਾਨ ਔਰ ਕੋਈ ਕੌਮ ਨਹੀਂ ਕਰ ਸਕਤੀ ਕਿਉਂਕਿ ਐਸੀ ਮਸਾਲ ਕੋਈ ਕੌਮ ਪੇਸ਼ ਨਹੀਂ ਕਰ ਸਕਤੀ।

ਲਾਲ ਦੌਲਤ ਰਾਏ ਗ਼ਿਲਾ ਕਰਦੇ ਹਨ ਕਿ ਇਨ੍ਹਾਂ ਤੋਂ ਪਹਿਲਾਂ ਇਤਿਹਾਸ ਵਿਚ ਕੋਈ ਐਸੀ

www.sikhbookclub.com

ਪੁਸਤਕ ਨਹੀਂ ਲਿਖੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਂ ਯੋਧੇ ਦੇ ਉਦੇਸ਼ ਸਪੱਸ਼ਟ ਤੌਰ 'ਤੇ ਲਿਖੇ। ਇਸ ਹਸਤੀ ਨੇ ਆਪਣੇ ਸਮੇਂ ਦੀ ਅਤੀ ਪੀੜਤ ਲੋਕਾਈ ਦੀ ਨਈਆ ਨੂੰ ਤੂਫ਼ਾਨ ਵਿੱਚੋਂ ਕੱਢਿਆ ਹੀ ਨਹੀਂ ਸਗੋਂ ਕੰਢੇ 'ਤੇ ਆਪ ਖੜਾ ਕੀਤਾ। ਜਿਸ ਬੂਟੇ ਨੂੰ ਗੁਰੂ ਨਾਨਕ ਸਾਹਿਬ ਨੇ ਲਗਾਇਆ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਖ਼ੂਨ ਨਾਲ ਸਿੰਜਿਆ ਉਸੇ ਦੀ ਸੇਵਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੇ ਲਹੂ ਦੀ ਖਾਦ ਨਾਲ ਇਤਨਾ ਬਲਵਾਨ ਕੀਤਾ ਕਿ ਉਸ ਨਾਲ ਫਲ ਲੱਗ ਪਏ, ਉਹ ਸੀ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ ਪਿਆਰ, ਦੇਸ਼ ਭਗਤੀ ਅਤੇ ਕੌਮੀਅਤ। ਅਜਿਹੇ ਮਹਾਂਉਪਕਾਰੀ, ਲਾਸਾਨੀ ਯੋਧੇ ਅਤੇ ਕੌਮ-ਉਸਰੀਏ ਨੂੰ ਪ੍ਰਣਾਮ ਅਤੇ ਪੁਰ-ਜੋਸ਼ ਖਰਾਜੇ-ਅਕੀਦਤ ਪੇਸ਼ ਕਰਦਾ ਹਾਂ :

ਕਹਤਾ ਹਬਾਬੇ ਹਸਤੀ ਕਾ ਦਰਿਆ ਰਵਾਂ ਰਹੇ।
ਅਫ਼ਸੋਸ ਹੈ ਕਿ ਮੈਂ ਰਹੋਂ ਨਾ ਰਹੋਂ ਔਰ ਜਹਾਂ ਰਹੇ।
(ਬੁਲਬੁਲੇ ਨੇ ਆਖਿਆ—ਜੀਵਨ ਨਦੀ-ਵਗਦੀ ਰਹੇ।
ਮੈਂ ਚਾਹੇ ਨਾ ਰਹਾਂ ਪਰ ਦੁਨੀਆਂ ਇਹ ਵੱਸਦੀ ਰਹੇ।)

3. ਇਤਿਹਾਸਕਾਰ ਮੁਹੰਮਦ ਲਤੀਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਲਿਖਦੇ ਹਨ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਤੌਰੇ ਇਨਸਾਨ ਮਹਾਨ ਸਨ, ਬਤੌਰੇ ਜੰਗਜੂ ਮਹਾਨਤਮ ਸਨ ਅਤੇ ਬਤੌਰੇ ਦਾਰਸ਼ਨਿਕ ਅਜਿਹੇ ਰੂਹਾਨੀ ਰਹਿਬਰ ਸਨ ਜਿਨ੍ਹਾਂ ਦਾ ਸਾਨੀ ਕੋਈ ਨਹੀਂ। ਉਹ ਵਿਸ਼ਵ ਮੰਚ 'ਤੇ ਜ਼ਾਬਤਾ ਕਰਨ ਵਾਲੇ ਪ੍ਰਸ਼ਾਸਕ ਸਨ, ਗੱਦੀ 'ਤੇ ਸੁਸ਼ੋਭਤ ਹੋਏ ਸੱਚੇ ਪਾਤਸ਼ਾਹ ਸਨ, ਗੋਸ਼ਟੀਆਂ ਅਤੇ ਉੱਘੇ ਵਿਦਵਾਨਾਂ ਦੀ ਬੈਠਕ ਵਿਚ ਬੇਨਜ਼ੀਰ ਕਵੀ ਸਨ, ਰਣ-ਭੂਮੀ ਵਿਚ ਮਹਾਂਬਲੀ ਯੋਧੇ ਸਨ ਅਤੇ ਖਾਲਸੇ ਦੀ ਸੰਗਤ ਵਿਚ ਫ਼ਕੀਰ ਅਤੇ ਦਰਵੇਸ਼ ਸਨ। ਇਨ੍ਹਾਂ ਦੀ ਕਿਰਪਾ ਸਦਕਾ ਹੀ ਆਪ-ਮੁਹਾਰੇ ਤੇ ਬੇਲਗ਼ਾਮ ਲੋਕ ਇਕ ਜਥੇਬੰਦੀ ਵਿਚ ਪਰੋਏ ਗਏ ਅਤੇ ਲਤਾੜੇ ਤੇ ਪਛਾੜੇ ਲੋਕ ਵੱਡੇ ਯੋਧੇ ਤੇ ਨਾਮਵਰ ਸੂਰਮੇ ਬਣ ਕੇ ਉਭਰੇ। ਅਲਾਮਾ ਇਕਬਾਲ ਦੇ ਕਹਿਣ ਅਨੁਸਾਰ 'ਨਿਗਾਹੇ ਮ੍ਰਦੇ ਮੋਮਨ ਸੇ ਬਦਲ ਜਾਤੀ ਹੈਂ ਤਕਦੀਰੇਂ'। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਸ਼ਾਨਾ ਉੱਚਾ ਸੀ ਅਤੇ ਜਿਸ ਕਾਰਜ ਨੂੰ ਉਨ੍ਹਾਂ ਨੇ ਹੱਥ ਪਾਇਆ ਉਹ ਮਹਾਨ ਸੀ, ਖ਼ਤਰੇ ਅਤੇ ਅਤਿ ਨਾਜ਼ੁਕ ਤੇ ਔਖੇ ਵਕਤ ਵਿਚ ਵੀ ਉਨ੍ਹਾਂ ਇਸਤਕਲਾਲ ਦਾ ਪੱਲਾ ਨਾ ਛੱਡਿਆ।

4. ਸੂਫ਼ੀ ਕਵੀ ਕਿਬਰੀਆ ਖਾਨ ਜੋ ਗੁਰੂ ਜੀ ਦੀਆਂ ਲਾਸਾਨੀ ਕੁਰਬਾਨੀਆਂ ਤੋਂ ਪ੍ਰਭਾਵਤ ਹੋਇਆ ਆਪਣਾ ਅਕੀਦਾ ਇਸ ਪ੍ਰਕਾਰ ਪੇਸ਼ ਕਰਦਾ ਹੈ :

ਕਿਆ ਦਸਮੇਸ਼ ਪਿਤਾ ਤੇਰੀ ਬਾਤ ਕਹੂੰ, ਜੋ ਤੂਨੇ ਪਰਉਪਕਾਰ ਕੀਏ।
ਇਕ ਖਾਲਸ ਖਾਲਸਾ ਪੰਥ ਸਜਾ, ਜਾਤੋਂ ਕੇ ਭੇਦ ਨਿਕਾਲ ਦੀਏ।
ਇਸ ਤੇਗ ਕੇ ਬੇਟੇ ਤੇਗ ਪਕੜ, ਦੁਖੀਓਂ ਕੇ ਕਾਟ ਜੰਜਾਲ ਦੀਏ।
ਉਹ ਮੁਲਕੋਂ ਵਤਨ ਕੀ ਖ਼ਿਦਮਤ ਮੈਂ, ਇਕ ਬਾਪ ਦੀਆਂ ਕਈ ਲਾਲ ਦੀਏ।

5. ਅਬੁਲ ਤੁਰਾਨੀ ਬਨਾਮ ਅਜਮੇਰ ਸਿੰਘ : ਅਬੁਲ ਤੁਰਾਨੀ 1699 ਦੀ ਵਿਸਾਖੀ ਵਾਲੇ ਦਿਨ ਖਾਲਸੇ ਦੀ ਪਰਖ ਦੇ ਵਕਤ ਕੇਸਗੜ੍ਹ ਦੇ ਦੀਵਾਨ ਵਿਚ ਬ੍ਰਾਹਮਣ ਦੇ ਭੇਸ ਵਿਚ ਹਾਜ਼ਰ ਸੀ। ਇਹ ਔਰੰਗਜ਼ੇਬ ਦਾ ਖਾਸ ਮਿੱਤਰ ਤੇ ਸ਼ਾਹੀ ਜਾਸੂਸ ਦੇ ਨਾਤੇ ਸਾਰੀਆਂ ਖ਼ਬਰਾਂ ਦਿੱਲੀ ਦਰਬਾਰ ਨੂੰ ਭੇਜਦਾ

www.sikhbookclub.com

ਸੀ। ਉਸ ਨੇ ਵਿਸਾਖੀ ਵਾਲੇ ਦਿਨ ਅੰਮ੍ਰਿਤ ਸੰਚਾਰ ਦੀ ਰਿਪੋਰਟ ਵੀ ਭੇਜੀ ਜਿਸ ਵਿਚ ਲਿਖਿਆ ਕਿ ਕੋਈ 50,000 ਦੀ ਹਾਜ਼ਰੀ ਵਿਚ ਕਈ ਹਜ਼ਾਰਾਂ ਨੇ ਅੰਮ੍ਰਿਤਪਾਨ ਕੀਤਾ। ਅਬੁਲ ਤੁਰਾਨੀ ਨੇ ਲਿਖਿਆ ਕਿ ਬਗ਼ੈਰ ਕੁੰਡਿਆਂ ਦੀ ਕੜਾਹੀ (ਬਾਟਾ) ਵਿਚ (ਜਲ) ਵਿਚ ਇਕ ਤਲਵਾਰ (ਖੰਡਾ) ਫੇਰੀ ਅਤੇ ਇਕ ਇਸਤਰੀ ਨੇ ਆ ਕੇ ਕੜਾਹੀ ਵਿਚ ਕੋਈ ਸ਼ੈਅ (ਪਤਾਸੇ) ਪਾਈ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤਪਾਨ ਕਰਵਾਇਆ—ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ। ਗੁਰੂ ਜੀ ਨੇ ਬੀਰ ਆਸਣ ਵਿਚ ਬੈਠ ਕੇ ਆਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤਪਾਨ ਕੀਤਾ ਅਤੇ ਉਨ੍ਹਾਂ ਦਾ ਨਾਮ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋਇਆ। ਜਿਨ੍ਹਾਂ ਪ੍ਰਾਣੀਆਂ ਨੇ ਅੰਮ੍ਰਿਤ ਲਿਆ ਉਨ੍ਹਾਂ ਦੀ ਸਰੀਰਕ, ਮਾਨਸਿਕ ਅਤੇ ਆਤਮਿਕ ਕਾਇਆ ਪਲਟ ਹੋਈ ਅਤੇ 'ਸਿੰਘ' ਦਾ ਨਾਂ ਲਗਾ ਕੇ ਮੈਂ ਵੀ ਅਤਿ ਪ੍ਰਭਾਵਤ ਹੋਇਆ ਅਤੇ ਗੁਰੂ ਜੀ ਦੀ ਈਸ਼ਵਰੀ ਸ਼ਕਤੀ ਦਾ ਕਾਇਲ ਹੋ ਗਿਆ, ਮੈਂ ਮਤਵਾਲਾ ਹੋ ਗਿਆ, ਗੁਰੂ ਜੀ ਦੇ ਚਰਨਾਂ 'ਤੇ ਜਾ ਡਿੱਗਾ। ਉਨ੍ਹਾਂ ਮੈਨੂੰ ਥਾਪੜਾ ਦੇ ਕੇ ਗਲੇ ਲਗਾਇਆ ਅਤੇ ਅੰਮ੍ਰਿਤ ਪਿਲਾ ਕੇ ਮੇਰਾ ਨਾਮ 'ਅਜਮੇਰ ਸਿੰਘ' ਰੱਖ ਦਿੱਤਾ, ਮੇਰੇ ਜਨਮਾਂ-ਜਨਮਾਂਤਰਾਂ ਦੇ ਪਾਪ ਧੋਏ ਗਏ। ਮੈਂ ਉਸ ਦਿਨ ਅਖੀਰੀ ਰਿਪੋਰਟ ਔਰੰਗਜ਼ੇਬ ਨੂੰ ਘੱਲ ਦਿੱਤੀ ਅਤੇ ਅੱਖੀਂ ਡਿੱਠੀ ਘਟਨਾ ਦਾ ਹਾਲ ਲਿਖ ਕੇ ਜ਼ੋਰਦਾਰ ਲਫ਼ਜ਼ਾਂ ਵਿਚ ਤਾੜਨਾ ਕੀਤੀ ਕਿ "ਐ ਬਾਦਸ਼ਾਹ! ਖ਼ਬਰਦਾਰ! ਜੀਉਂਦੇ-ਜਾਗਦੇ ਖ਼ੁਦਾ ਨਾਲ ਮੱਥਾ ਨਾ ਲਾ, ਜ਼ੁਲਮ ਨਾ ਕਰ, ਜੇ ਤੂੰ ਮੇਰੀ ਗੱਲ 'ਤੇ ਅਮਲ ਨਾ ਕੀਤਾ ਤਾਂ ਜਲਦੀ ਹੀ ਤੇਰੀ ਸਲਤਨਤ ਤਬਾਹ ਹੋ ਜਾਏਗੀ।"

6. 'ਗੰਜਿ ਸ਼ਹੀਦਾਂ' ਦਾ ਲੇਖਕ ਹਕੀਮ ਅੱਲਾ ਯਾਰ ਖ਼ਾਂ ਗੁਰੂ ਸਾਹਿਬ ਦੇ ਵਸਫ਼ਾਂ ਬਾਰੇ ਆਪਣੀ ਨਜ਼ਰ ਰਾਹੀਂ ਸਤਿਕਾਰ ਕਰਦਾ ਹੈ :

ਇਨਸਾਫ਼ ਕਰੇ ਜੀ ਮੇਂ ਜ਼ਮਾਨਾਂ ਤੋਂ ਯਕੀਂ ਹੈ,
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।...
ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।
ਸਤਿਗੁਰੁ ਕੇ ਲਿਖੂੰ ਵਸਫ ਕਿਆ, ਕਹਾਂ ਤਾਬਿ-ਰਕਮ ਹੈ।
ਇਕ ਆਂਖ ਸੇ ਕਿਆ, ਬੁਲਬੁਲਾ ਕੁਲ ਬਹਿਰ ਕੋ ਦੇਖੇ!
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਿਰ ਕੋ ਦੇਖੇ।

7. ਸੂਫ਼ੀ ਕਵੀ ਬੁਲ੍ਹੇ ਸ਼ਾਹ ਗੁਰੂ ਜੀ ਦੀ ਬੇਨਜ਼ੀਰ ਕੁਰਬਾਨੀ ਜਿਨ੍ਹਾਂ ਉਸ ਸਮੇਂ ਦੀ ਹਕੂਮਤ ਹੱਥੋਂ ਘੋਰ ਅਤਿਆਚਾਰ ਸਹਿਣ ਕਰ ਰਹੀ ਪੀੜਤ ਲੋਕਾਈ ਦੀ ਖ਼ਾਤਰ ਆਪਣਾ ਪਿਤਾ ਅਤੇ ਪਰਵਾਰ ਵਾਰ ਦਿੱਤਾ ਪ੍ਰੰਤੂ ਉਸ ਨੂੰ ਨਸ਼ਟ ਹੋਣ ਤੋਂ ਬਚਾ ਲਿਆ। ਉਸ ਦਾ ਕਹਿਣਾ ਹੈ :

ਨਾ ਕਹੂੰ ਜਬ ਕੀ ਨਾ ਕਹੂੰ ਤਬ ਕੀ ਬਾਤ ਕਹੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਬ ਕੀ।

8. ਪੀਰ ਬੁੱਧੂ ਸ਼ਾਹ ਸਢੌਰੇ ਵਾਲੇ ਜਿਨ੍ਹਾਂ ਦੀ ਪਾਕੀਜ਼ਗੀ, ਖ਼ੁਦਾਪ੍ਰਸਤੀ ਅਤੇ ਖ਼ਿਦਮਤੇ-ਖ਼ਲਕਤ ਕਾਰਨ ਗੁਰੂ-ਘਰ ਵਿਚ ਕਾਫ਼ੀ ਇੱਜ਼ਤ ਸੀ। ਉਨ੍ਹਾਂ ਨੇ ਗੁਰੂ ਸਾਹਿਬ ਕੋਲ ਪੰਜ ਸੌ ਪਠਾਣ ਜੋ ਬੇਰੁਜ਼ਗਾਰ ਸਨ ਗੁਰੂ ਜੀ ਦੀ ਫ਼ੌਜ ਵਿਚ ਭਰਤੀ ਕਰਵਾ ਦਿੱਤੇ ਪਰ ਜਦ ਭੰਗਾਣੀ ਦਾ ਯੁੱਧ ਸ਼ੁਰੂ

www.sikhbookclub.com

ਹੋਇਆ ਤਾਂ ਇਹ ਗੁਰੂ ਜੀ ਦਾ ਸਾਥ ਛੱਡ ਗਏ। ਪੀਰ ਬੁੱਧੂ ਸ਼ਾਹ ਆਪਣੇ ਸੱਤ ਸੌ ਮੁਰੀਦ ਲੈ ਕੇ ਗੁਰੂ ਜੀ ਦੀ ਹਮਾਇਤ ਵਿਚ ਆ ਕੇ ਮੈਦਾਨ-ਏ-ਜੰਗ ਵਿਚ ਲੜਿਆ। ਗੁਰੂ ਸਾਹਿਬ ਦੀ ਜਿੱਤ ਹੋਈ : "ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ" ॥ (ਬਚਿਤ੍ਰ ਨਾਟਕ)। ਪੀਰ ਬੁੱਧੂ ਸ਼ਾਹ ਦੇ ਤਿੰਨ ਪੁੱਤਰ, ਇਕ ਭਰਾ ਤੇ ਇਕ ਭਤੀਜਾ ਇਸ ਲੜਾਈ ਵਿਚ ਸ਼ਹੀਦ ਹੋਏ। ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਦਾ ਬਹੁਤ ਸਤਿਕਾਰ ਅਤੇ ਪਿਆਰ ਕੀਤਾ ਅਤੇ ਬੁਲਾ ਕੇ ਇੱਜ਼ਤ-ਮਾਣ ਬਖ਼ਸ਼ਿਆ। ਜਦ ਪੀਰ ਜੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਤਾਂ ਹਜ਼ੂਰ ਕੇਸਾਂ ਵਿਚ ਕੰਘਾ ਕਰ ਰਹੇ ਸਨ। ਨਜ਼ਰੇ-ਇਨਾਇਤ ਹੋਈ ਅਤੇ ਪੀਰ ਜੀ ਦੁਆਰਾ ਪਿਆਰ ਤੇ ਸ਼ਰਧਾ ਸਹਿਤ ਮੰਗਣ ਉੱਪਰ ਕੰਘਾ ਸਣੇ ਕੇਸ ਅਤੇ ਦਸਤਾਰ ਪੀਰ ਜੀ ਨੂੰ ਸਿਰੋਪਾਉ ਵਜੋਂ ਬਖ਼ਸ਼ ਦਿੱਤੇ। ਵਿਚਾਰਨ ਯੋਗ ਹੈ ਕਿ ਗੁਰੂ ਜੀ ਦੁਆਰਾ ਬਖ਼ਸ਼ਿਸ਼ ਇਸ ਦਾਤ ਨੇ ਪੀਰ ਬੁੱਧੂ ਸ਼ਾਹ ਦੀ ਹੀ ਨਹੀਂ ਬਲਕਿ ਸਾਰੀ ਕੁਲ ਦਾ ਹਲਤ-ਪਲਤ ਸੰਵਾਰ ਕੇ ਦੀਨ-ਦੁਨੀਆਂ ਤੋਂ ਮੁਕਤੀ ਅਤੇ ਨਿਜਾਤ ਬਖ਼ਸ਼ੀ। ਭਾਈ ਨੰਦ ਲਾਲ ਜੀ ਦੀ ਰਚਿਤ ਗੁਰੂ ਪਿਆਰ ਭਾਵਨਾ ਅਨੁਸਾਰ ਅਮਲੀ ਵਿਵਹਾਰ ਦਰਸਾਇਆ :

ਦੀਨੋ ਦੁਨੀਆਂ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ।

(ਗਜ਼ਲ ਨੰ: ੨)

(ਦੀਨ ਤੇ ਦੁਨੀਆਂ ਦੋਵੇਂ ਬੱਧ ਅੰਦਰ ਜ਼ੁਲਫ ਪਿਆਰੇ ਨੇ,
ਇਕ ਇਕ ਕੇਸ ਮਾਹੀ ਦੇ ਉੱਤੋਂ ਦੋਵੇਂ ਆਲਮ ਵਾਰੇ ਨੇ।)

9. ਗਨੀ ਖ਼ਾਂ, ਨਬੀ ਖ਼ਾਂ, ਪੀਰ ਮੁਹੰਮਦ ਕਾਜ਼ੀ ਅਤੇ ਰਾਏ ਕੱਲ੍ਹਾ : ਗੜ੍ਹੀ ਚਮਕੌਰ ਤੋਂ ਨਿਕਲ ਕੇ ਗੁਰੂ ਜੀ ਨੰਗੇ ਪੈਰੀਂ ਚੱਲਦੇ ਮਾਛੀਵਾੜੇ ਦੇ ਜੰਗਲ ਵਿਚ ਪਹੁੰਚੇ ਅਤੇ ਇਕ ਬਾਗ਼ ਵਿਚ ਢੀਮ ਦਾ ਸਰਹਾਣਾ ਰੱਖ ਕੇ ਥੱਲੇ ਜ਼ਮੀਨ ਅਤੇ ਅਸਮਾਨ ਦੀ ਚਾਦਰ ਤਾਣ ਆਰਾਮ ਕੀਤਾ। ਕਠਿਨ ਤੇ ਨਾਜ਼ੁਕ ਸਮਾਂ ਸੀ। ਗੁਰੂ ਸਾਹਿਬ ਬੇਸਰੋਸਾਮਾਨ, ਰਾਜ-ਭਾਗ- ਸਾਜ, ਘੋੜੇ ਅਤੇ ਸ਼ਸਤਰਾਂ ਤੋਂ ਬਗ਼ੈਰ ਇਸ ਹਾਲਤ ਵਿਚ ਵੀ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹਨ :

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਣਾ ॥

ਮੁਗ਼ਲ ਫ਼ੌਜ ਪਿੱਛਾ ਕਰ ਰਹੀ ਸੀ। ਅਚਾਨਕ ਗ਼ਨੀ ਖ਼ਾਨ ਤੇ ਨਬੀ ਖ਼ਾਨ ਨੇ ਆ ਸਜਦਾ ਕੀਤਾ ਅਤੇ ਕਾਜ਼ੀ ਪੀਰ ਮੁਹੰਮਦ ਦੀ ਮਦਦ ਨਾਲ ਗੁਰੂ ਸਾਹਿਬ ਤੇ ਉਨ੍ਹਾਂ ਦੇ ਤਿੰਨੇ ਸਾਥੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨੀਲੇ ਬਸਤਰ ਪਹਿਨਾਏ ਅਤੇ ਮੁਸਲਮਾਨਾਂ ਦਾ ਭੇਸ ਵਟਾ ਕੇ ਗੁਰੂ ਜੀ ਨੂੰ ਪਲੰਘ 'ਤੇ ਬਿਠਾ ਕੇ ਉਸ ਜ਼ਮਾਨੇ ਦੀ ਰਵਾਇਤ ਅਨੁਸਾਰ ਮੋਢਿਆਂ 'ਤੇ ਚੁੱਕ ਲਿਆ ਅਤੇ 'ਉੱਚ ਦਾ ਪੀਰ' ਕਹਿੰਦੇ ਪਿੰਡ-ਪਿੰਡ ਫੇਰਦੇ ਆਖਰ ਰਾਏ ਕੱਲ੍ਹਾ, ਰਾਏਕੋਟ ਦੇ ਰਈਸ ਕੋਲ ਪਹੁੰਚੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਸਫ਼ਰ ਵਿਚ ਕਈ ਵਾਰ ਮੁਗ਼ਲ ਫ਼ੌਜ ਦੇ ਦਸਤਿਆਂ ਨੇ ਤਫ਼ਤੀਸ਼ ਕੀਤੀ ਪਰ ਗ਼ਨੀ ਖ਼ਾਂ ਅਤੇ ਨਬੀ ਖ਼ਾਂ ਅਤੇ ਪੀਰ ਮੁਹੰਮਦ ਨੇ ਗੁਰੂ ਜੀ ਨੂੰ ਆਂਚ ਨਾ ਆਉਣ ਦਿੱਤੀ ਅਤੇ ਸਿਪਾਹੀਆਂ ਦੀ ਤਸੱਲੀ ਕਰਵਾਈ।

ਜ਼ਿੰਦਗੀ ਦੀ ਅਜਬ ਦਾਸਤਾਨ ਹੈ ਕਿ ਇਕ ਪਾਸੇ ਸ਼ਾਹੀ ਫ਼ੌਜ ਗੁਰੂ ਜੀ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਔਰੰਗਜ਼ੇਬ ਦੇ ਹੁਕਮ ਦੀ ਪਾਲਣਾ ਕਰਦੀ ਹੈ ਅਤੇ ਦੂਜੀ ਤਰਫ਼ ਖ਼ੁਦਾਪ੍ਰਸਤ ਮੁਸਲਮਾਨ ਗੁਰੂ

www.sikhbookclub.com

ਜੀ ਨੂੰ ਉੱਚ ਦੇ ਪੀਰ ਬਣਾ ਕੇ ਸੁਰੱਖਿਅਤ ਥਾਂ-ਟਿਕਾਣੇ ਪਹੁੰਚਾਉਣ ਵਾਸਤੇ ਆਪਣੀ ਜਾਨ ਤਲੀ 'ਤੇ ਰੱਖੀ ਫਿਰਦੇ ਹਨ। ਕਮਾਲ ਅਜੀਬ ਕੌਤਕ ਰਚਾਉਂਦੇ ਹੋਏ ਰਾਏ ਕੱਲ੍ਹਾ ਕੋਲ ਪਹੁੰਚੇ ਜਿਸ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਤੇ ਮਾਣ ਕੀਤਾ; ਘੋੜਾ, ਸ਼ਸਤਰ ਅਤੇ ਬਸਤਰ ਭੇਂਟ ਕੀਤੇ, ਸੇਵਾ-ਸੰਭਾਲ ਕੀਤੀ ਅਤੇ ਕੁਝ ਦਿਨ ਆਪਣੇ ਕੋਲ ਜੱਟਪੁਰਾ ਵਿਚ ਰੱਖ ਕੇ ਸਾਹਿਬ-ਏ-ਕਮਾਲ ਨੂੰ ਅੱਗੇ ਜਾਣ ਵਾਸਤੇ ਵਿਦਾ ਕੀਤਾ। ਜ਼ਾਹਰ ਹੈ ਕਿ ਗੁਰੂ ਸਾਹਿਬ ਦਾ ਸੰਘਰਸ਼ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਸੀ ਅਤੇ ਉਨ੍ਹਾਂ ਦਾ ਆਪਣਾ ਅਕੀਦਾ, 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਅਟਲ ਸੀ।

(2/2006)

www.sikhbookclub.com

ਸ੍ਰੀ ਦਸਮੇਸ਼ ਜੀ ਦੀ ਨੁਹਾਰ ਤੇ ਸਿੱਖਿਆ

(ਜੋ ਭਾਈ ਨੰਦ ਲਾਲ ਜੀ ਗੋਯਾ ਦੀ ਰਚਨਾ ਵਿਚੋਂ ਉਭਰਦੀ ਹੈ)

ਆਇਆ ਲਾਹਾ ਲੈਣਿ

ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ।
ਵਗਰਨਹ ਜ਼ੌਕਿ ਚੁਨੀਂ ਆਮਦਨ ਨਬੂਦ ਮਰਾ।

ਆਪ ਦੀ ਬੰਦਗੀ ਦੀ ਤੜਪ ਮੇਰੇ ਲਈ ਸੰਸਾਰ ਅੰਦਰ ਆਉਣ ਦਾ ਵਸੀਲਾ ਬਣੀ, ਨਹੀਂ ਤਾਂ ਇਸ ਤਰ੍ਹਾਂ ਇਥੇ ਆਉਣ ਦੀ ਮੈਨੂੰ ਕੋਈ ਤਾਂਘ ਨਹੀਂ ਸੀ।

ਤੁਧੁ ਵਿਸਰਿਐ ਮਰਿ ਜਾਈ

ਦਰ ਆਂ ਜ਼ਮਾਂ ਕਿ ਯਾਦ ਨਿਆਈ ਮੀ-ਮੀਰਮ,
ਬ਼ਗ਼ੈਰ ਅਜ਼ ਯਾਦਿ ਤੋ ਜ਼ੀਸਤਨ ਚਿਹ ਸੂਦ ਮਰਾ।

ਜਦੋਂ ਆਪ ਦੀ ਯਾਦ ਮੇਰੇ ਹਿਰਦੇ ਵਿੱਚੋਂ ਵਿਸਰ ਜਾਂਦੀ ਹੈ ਤਾਂ ਮੇਰਾ ਅੰਤ ਹੋ ਜਾਂਦਾ ਹੈ। ਭਲਾ ਆਪ ਦੀ ਯਾਦ ਤੋਂ ਬਿਨਾਂ ਮੇਰਾ ਜੀਣਾ ਕਿਸ ਅਰਥ ?

ਤੇਰਾ ਮੁਖੁ ਸੁਹਾਵਾ

ਆਈਨਏ ਖ਼ੁਦਾ ਨੁਮਾ ਹਸਤ ਰੂਇ ਤੋ,
ਦੀਦਾਰਿ ਹੱਕ ਜ਼ਿ ਆਈਨ ਏ ਰੂਏ ਤੋ ਮੀ ਕੁਨੰਦ।

ਆਪ ਦੇ ਮੁਖ-ਸ਼ੀਸ਼ੇ ਵਿੱਚੋਂ ਰੱਬੀ ਦੀਦਾਰ ਦੀ ਝਲਕ ਪੈਂਦੀ ਹੈ। ਮੁਤਲਾਸ਼ੀ ਆਪ ਦੇ ਮੁਖ-ਸ਼ੀਸ਼ੇ ਵਿੱਚੋਂ ਅਕਾਲ ਪੁਰਖ ਦਾ ਦੀਦਾਰ ਕਰਦੇ ਹਨ।

ਸਹਜ ਧੁਨਿ ਬਾਣੀ

ਆਬਿ ਹਯਾਤਿ ਮਾ ਸੁਖਨਿ ਪੀਰਿ ਕਾਮਿਲ ਅਸਤ,
ਦਿਲਹਾਇ ਮੁਰਦਹਾ ਰਾ ਬਿਕੁਨੱਦ ਜ਼ਿੰਦਾ ਓ ਖ਼ਲਾਸ।

ਮੇਰੇ ਪੂਰਨ ਪੁਰਖ ਮਾਅਬੂਦ ਸਤਿਗੁਰੂ ਦੇ ਬਚਨ ਅੰਮ੍ਰਿਤ ਤੁਲ ਹਨ, ਜੋ ਮੁਰਦਾ ਦਿਲਾਂ ਨੂੰ ਸਦ ਜੀਵਨ ਤੇ ਸੁਤੰਤਰਤਾ ਦੀ ਬਖ਼ਸ਼ਿਸ਼ ਕਰਦੇ ਹਨ।

www.sikhbookclub.com

ਬੰਕੇ ਲੋਇਣ

ਮਾ ਨਮੇ ਆਰੇਮ ਤਾਬੇ ਗ਼ਮਜ਼ਏ ਮਿਯਗਾਨਿ ਊ,

ਯਕ ਨਿਗਾਹਿ ਜਾਂ ਫਿਜ਼ਾਇਸ਼ ਬੱਸ ਬਵੱਦ ਦਰਕਾਰਿ ਮਾ।

ਆਪ ਦੀਆਂ ਝਿੰਮਣੀਆਂ ਵਿੱਚੋਂ ਝਰਦੇ ਨਾਜ਼ ਦੀ ਤਾਬ ਮੈਥੋਂ ਨਹੀਂ ਝੱਲੀ ਜਾਂਦੀ। ਇਕ ਜੀਵਨ-ਬਖ਼ਸ਼ ਕਿਰਪਾ ਕਟਾਕਸ਼ ਹੀ ਮੇਰੇ ਲਈ ਕਾਫ਼ੀ ਹੈ।

ਲੰਮੜੇ ਵਾਲਾ

(ੳ) ਦੀਨ ਓ ਦੁਨੀਆ ਦਰ ਕਮੰਦਿ ਆ ਪਰੀ ਰੁਖ਼ਸਾਰਿ ਮਾ।

ਹਰ ਦੂ ਆਲਮ ਕੀਮਤਿ ਯਕ ਤਾਰਿ ਮੂਏ ਯਾਰਿ ਮਾ।

ਦੀਨ ਤੇ ਦੁਨੀਆਂ ਮੇਰੇ, ਸੁੰਦਰ ਸਰੂਪ ਸਤਿਗੁਰੂ ਦੇ ਅਧੀਨ ਹਨ। ਦੋਨੋਂ ਜਹਾਨ ਮੇਰੇ ਮਹਿਬੂਬ ਪਾਤਸ਼ਾਹ ਦੇ ਇਕ ਪਵਿੱਤਰ ਕੇਸ ਦੇ ਤੁੱਲ ਹਨ।

(ਅ) ਹਲਕਏ ਜ਼ੁਲਫ਼ਤ ਦਿਲਮ ਰਾ ਬੁਰਦਹ ਅਸਤ,

ਯਾਫ਼ਤਮ ਅਜ਼ ਪੇਚਿਉ ਪੇਚਿ ਸੁਰਾਗ।

ਆਪ ਦੇ ਪਵਿੱਤਰ ਕੇਸਾਂ ਦਾ ਕੁੰਡਲ ਮੇਰੇ ਹਿਰਦੇ ਨੂੰ ਧੂਹ ਪਾਉਂਦਾ ਹੈ। ਉਸ ਦੇ ਪੇਚਾਂ ਵਿੱਚੋਂ ਮੈਂ (ਰੱਬੀ) ਭੇਤ ਦਾ ਪੇਚ ਲੱਭ ਲਿਆ ਹੈ।

ਮੁਖ ਮੰਦ ਹਸੈ ਦਮਕੈ ਕਿਛਟਾਹੀ

(ੳ) ਬਰਾਇ ਰੇਸ਼ਿ ਦਿਲਮ ਖੰਦਏ ਤੋ ਮਰਹਮ ਬਸ,

ਤਬਸਮਿ ਲਬਿ ਲਾਲਤ ਦਵਾਇ ਹਰ ਅਮਰਾਜ਼।

ਆਪ ਦੇ ਲਾਲ ਬੁੱਲ੍ਹਾਂ ਵਿੱਚੋਂ ਝਰਦੀ ਮੰਦ ਮੰਦ ਮੁਸਕਾਨ ਸਾਰੇ ਰੋਗਾਂ ਲਈ ਦਾਰੂ ਹੈ ਤੇ ਮੇਰੇ ਹਿਰਦੇ ਦੇ ਫੱਟਾਂ ਲਈ ਮਲ੍ਹਮ।

(ਅ) ਤਮਾਮੀ ਮੁਰਦਹਾ ਰਾ ਅਜ਼ ਤਬਸਮ ਜ਼ਿੰਦਹ ਮੀ ਸਾਜ਼ਦ,

ਚੁ ਰੇਜ਼ਦ ਆਬਿ ਹੈਵਾਂ ਅਜ਼ ਦਹਾਨਿ ਗੁਚਾ ਖੰਦਿ ਮਨ।

ਮੇਰੇ ਸਤਿਗੁਰੂ ਆਪਣੀ ਮਿਹਰਾਂ ਭਰੀ ਮੁਸਕਾਨ ਦੁਆਰਾ ਸਾਰੇ ਮੁਰਦਿਆਂ ਨੂੰ ਸਦ-ਜੀਵਨ ਬਖ਼ਸ਼ਦੇ ਹਨ, ਜਦੋਂ ਆਪ ਆਪਣੇ ਮੁਸਕਰਾਉਂਦੇ ਬੁੱਲ੍ਹਾਂ ਵਿੱਚੋਂ ਕਲੀਆਂ ਦੀ ਵਰਖਾ ਵਰਸਾਉਂਦੇ ਹਨ।

ਹੁਸਨੁਲ ਚਿਰਾਗ

ਅਜ਼ ਸੁਆਇ ਪਰਤਵਿ ਦੀਦਾਰਿ ਪਾਕ,

ਸਦ ਹਜ਼ਾਰਾਂ ਹਰ ਤਰਫ਼ ਰੌਸ਼ਨ ਚਿਰਾਗ।

ਆਪ ਦੇ ਪਵਿੱਤਰ ਦੀਦਾਰ ਦੀ ਕਿਰਨ ਦੀ ਲਿਸ਼ਕ ਤੋਂ ਸੈਂਕੜੇ ਹਜ਼ਾਰਾਂ ਦੀਪਕ ਹਰ ਪਾਸੇ ਚਾਨਣ ਬਿਖੇਰਦੇ ਹਨ।

www.sikhbookclub.com

ਨਮੋ ਸੂਰਜ ਸੂਰਜੇ ਨਮੋ ਚੰਦ੍ ਚੰਦ੍ਰੇ

ਮਹੋ ਖ਼ੁਰਸ਼ੀਦ ਗਿਰਦਿ ਕੂਏ ਤੋ ਬਗਿਰਦੰਦ ਸ਼ਬ ਓ ਰੋਜ਼,
ਅਜਾਇਬ ਰੌਸ਼ਨੀ ਬਖਸ਼ਿ ਦੁਆਲਮ ਹਸਤ ਇਹਸਾਨਸ਼।

ਚੰਦ ਤੇ ਸੂਰਜ ਦਿਨ ਰਾਤ ਆਪ ਦੇ ਕੂਚੇ (ਅਨੰਦਪੁਰੀ) ਦੇ ਗਿਰਦੇ ਪਰਕਰਮਾ ਕਰਦੇ ਹਨ ਅਤੇ ਆਪ ਦੀ ਬਖ਼ਸ਼ਿਸ਼ ਸਾਰੇ ਸੰਸਾਰ ਨੂੰ ਕਿੰਨਾ ਅਦਭੁਤ ਚਾਨਣ ਪ੍ਰਦਾਨ ਕਰ ਰਹੀ ਹੈ।

ਗੁਰੁ ਗੁਰੁ ਏਕੋ ਵੇਸ ਅਨੇਕ

ਗਾਹੇ ਸੂਫੀ ਗਾਹੇ ਜ਼ਾਹਿਦ ਗਹਿ ਕਲੰਦਰ ਮੀ ਸ਼ਵੱਦ,
ਰੰਗਹਾਇ ਮੁਖ਼ਤਲਿਫ਼ ਦਾਰਦ ਬੁਤਿ ਅੱਯਾਰਿ ਮਾ।

ਉਹ ਕਦੀ ਸੂਫ਼ੀ ਦਾ ਰੂਪ ਧਾਰਨ ਕਰਦਾ ਹੈ, ਕਦੀ ਪਰਹੇਜ਼ਗਾਰ ਦਾ ਤੇ ਕਦੀ ਮਸਤ ਕਲੰਦਰ ਦਾ। ਉਹ ਮੇਰਾ ਪਿਆਰਾ ਅੱਡ ਅੱਡ ਰੰਗਾਂ ਵਿਚ ਵਿਚਰਦਾ ਹੈ।

ਦਰਮਾਦੇ ਠਾਢੇ ਦਰਬਾਰਿ

ਤਖ਼ਤ ਓ ਨਗੀਂ ਗੁਜ਼ਾਸਤੰਦ ਸ਼ਾਹਾਂ ਜ਼ਿ ਬਹਿਰਿ ਤੋ,
ਬਿਕੁਸ਼ਾ ਰੁਖ਼ ਅਜ਼ ਨਕਾਬ ਕਿ ਆਲਮ ਸ਼ੁਦਹ ਹਲਾਕ।

ਆਪ ਦੀ (ਦੀਦ ਦੀ) ਇਕ ਝਲਕ ਪਾਉਣ ਦੀ ਖ਼ਾਤਰ ਸ਼ਹਿਨਸ਼ਾਹ ਤਖ਼ਤ 'ਤੇ ਹੀਰੇ ਮੋਤੀ ਤਿਆਗ ਕੇ ਸਾਧ ਹੋ ਗਏ ਹਨ। ਮੁਖੜੇ ਤੋਂ ਪਰਦਾ ਹਟਾ ਕੇ ਤੇ ਜ਼ਰਾ ਤੱਕੋ, (ਆਪ ਦੀ ਦੀਦ ਬਾਝੋਂ) ਸੰਸਾਰ ਮਰਨ ਕਿਨਾਰੇ ਪੁੱਜ ਚੁੱਕਾ ਹੈ।

ਹਮ ਗਰੀਬ ਮਸਕੀਨ

ਐ ਖ਼ਾਕਿ ਦਰਗਹਿ ਤੋ ਸਫ਼ਾ ਬਖ਼ਸਿ ਆਲਮ ਅਸਤ,
ਰਹਮੇ ਬਕੁਨ ਬਹਾਲਿ ਗਰੀਬਾਨਿ ਦਰਦਨਾਕ।

ਆਪ ਦੀ ਦਰਗਾਹ ਦੀ ਸਰਦਲ ਦੀ ਖ਼ਾਕ ਸਾਰੇ ਸੰਸਾਰ ਲਈ ਸਦ ਜੀਵਨ ਵਾਸਤੇ ਜ਼ਾਮਨ ਹੈ। ਇਸ ਲਈ ਹੇ ਮਾਲਕ! ਨਿਮਾਣੇ ਨਿਤਾਣਿਆਂ ਉੱਤੇ ਰਹਿਮ! ਰਹਿਮ!

ਪ੍ਰੇਮ ਬਾਣੀ ਮਨੁ ਮਾਰਿਆ

ਮਾਰਾ ਬਯੱਕ ਇਸ਼ਾਰਹੇ ਅਬਰੂ ਸ਼ਹੀਦ ਕਰਦ,
ਅਕਨੂੰ ਇਲਾਜ ਨੇਸਤ ਕਿ ਤੀਰ ਅਜ਼ ਕਮਾਂ ਗੁਜ਼ਸ਼ਤ।

ਆਪ ਦੇ ਭਰਵੱਟੇ ਦਾ ਇੱਕੋ ਇਸ਼ਾਰਾ ਮੈਨੂੰ ਕਤਲ ਕਰ ਗਿਆ ਹੈ। ਹੁਣ ਤੇ ਕਮਾਨ ਵਿੱਚੋਂ ਨਿਕਲੇ ਤੀਰ (ਨਾਲ ਲੱਗੇ ਫੱਟ) ਦਾ ਇਲਾਜ ਹੀ ਕੋਈ ਨਹੀਂ।

ਸਰਬ ਕਾਲ ਸਰਬ ਠਉਰ ਏਕ ਸੇ

ਖ਼ੁਦਾ ਹਾਜ਼ਿਰ ਬਵੱਦ ਦਾਇਮ ਬਬੀਂ ਦੀਦਾਰਿ ਪਾਕਸ਼ ਰਾ,

www.sikhbookclub.com

ਨ ਗਰਦਾਬੇ ਦਰ ਓ ਹਾਇਲ ਨ ਦਰਿਆ ਓ ਨ ਸਾਹਿਲ ਹਾ।

ਅਕਾਲ ਹਰ ਪਾਸੇ ਤੇ ਹਰ ਸਮੇਂ ਹਾਜ਼ਿਰ-ਨਾਜ਼ਰ ਹੈ, ਉਸ ਦਾ ਮੁਬਾਰਕ ਦੀਦਾਰ ਕਰ। ਕੋਈ ਝੱਖੜ, ਕੋਈ ਨਦੀ, ਕੋਈ ਕਿਨਾਰਾ (ਤੇਰੇ ਤੇ ਉਸ ਵਿਚਕਾਰ) ਰੋਕ ਨਹੀਂ ਬਣ ਸਕਦਾ।

ਆਪਣਾ ਮੂਲੁ ਪਛਾਣੁ

ਮਨ ਅਜ ਰੋਜ਼ਿ ਅਜ਼ਲ ਈਂ ਨਕਸ਼ਿ ਆਦਮ ਰਾ ਨ ਦਾਨਿਸਤਮ,
ਕਿ ਨਕਾਸ਼ਿ ਅਜ਼ ਬਰਾਇ ਮਾਂਦਨਿ ਖ਼ੁਦ ਖਾਨਾਂ ਮੀ ਸਾਜ਼ਦ।

ਮੈਂ ਸ੍ਰਿਸ਼ਟੀ ਦੇ ਮੁੱਢ ਕਾਲ ਤੋਂ ਹੀ ਇਸ ਮਨੁੱਖਾ ਦੇਹੀ (ਦੀ ਮਹਾਨਤਾ) ਤੋਂ ਅਜਾਣ ਚਲਿਆ ਆ ਰਿਹਾ ਸਾਂ। (ਆਖ਼ਿਰ ਇਹ ਸੋਝੀ ਆਪ ਦੇ ਦਰ ਤੋਂ ਹਾਸਿਲ ਹੋਈ ਕਿ ਦੇਹੀ ਦਾ) ਘੜਨਹਾਰ ਦਾਤਾਰ ਆਪਣਾ ਵਾਸ ਵਸਾਣ ਹਿੱਤ ਟਿਕਾਣਾ ਬਣਾ ਰਿਹਾ ਹੈ।

ਲਾਹਾ ਹਰਿ ਭਗਤਿ ਧਨੁ ਖਟਿਆ

ਗ਼ੈਰ ਹਮਦਿ ਹਕ ਨਿਆਯਦ ਬਰ ਜ਼ਬਾਨਮ ਹੇਚ ਗਾਹ,
ਹਾਸਿਲਿ ਉਮਰਿ ਗਿਰਾਮੀ ਆਖਿਰ ਦਿਲਿ ਗੋਯਾ ਗਿਫ਼ਤ।

ਮੇਰੀ ਰਸਨਾ ਹਰ ਸਮੇਂ ਇਕ ਅਕਾਲ ਦੇ ਨਾਮ ਦਾ ਸਿਮਰਨ ਕਰਦੀ ਹੈ, ਇਸ ਤਰ੍ਹਾਂ ਮੈਂ ਇਸ ਅਮੋਲ ਜੀਵਨ ਦਾ ਲਾਹਾ ਪ੍ਰਾਪਤ ਕਰ ਲਿਆ ਹੈ।

(1/1978)

www.sikhbookclub.com

ਖਾਲਸੇ ਦਾ ਜਨਮ ਤੇ ਦਸਮੇਸ਼ ਜੀ ਦੀ ਫ਼ਿਲਾਸਫ਼ੀ

ਖਾਲਸਾ ਸੋਲਾਂ ਸੌ ਨੜ੍ਹਿਨਵੇਂ ਈਸਵੀ ਵਿਚ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰਗਟ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਅਦੁੱਤੀ ਹਸਤੀ ਸਨ, ਉਨ੍ਹਾਂ ਕਈ ਅਦੁੱਤੀ ਕੰਮ ਸਿਰੇ ਚਾੜ੍ਹੇ ਪਰ ਖਾਲਸੇ ਦੀ ਸਾਜਣਾ, ਉਨ੍ਹਾਂ ਦੀ ਸਭ ਤੋਂ ਮਹਾਨ ਕਿਰਤ ਸੀ, ਜਿਸ ਵਿੱਚੋਂ Politicians, Sociologists, Anthropologists, Religious Reformers ਤੇ Psychologists ਕਈ ਲਾਭਦਾਇਕ ਸਬਕ ਸਿੱਖ ਸਕਦੇ ਸਨ। ਖਾਲਸੇ ਨੂੰ ਪੰਜ ਕਕਾਰਾਂ ਨਾਲ ਸਜਾ ਕੇ "ਸਾਬਤ ਸੂਰਤ" ਪ੍ਰਦਾਨ ਕਰਨਾ ਦਸਮੇਸ਼ ਜੀ ਦਾ ਫ਼ਲਸਫ਼ੇ ਭਰਿਆ ਚਮਤਕਾਰ ਸੀ। ਖਾਲਸਾ ਸਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੁਜ਼ਦਿਲੀ, ਬੇਵਫ਼ਾਈ, ਦੇਸ਼-ਧਰੋਹੀ, ਨਾਇਤਫ਼ਾਕੀ, ਛੂਤ-ਛਾਤ ਆਦਿ ਕਈ ਮਨੁੱਖਤਾ-ਮਾਰੂ ਤੇ ਦੇਸ਼-ਦਲੂ ਬੀਮਾਰੀਆਂ ਦਾ ਇਲਾਜ ਕੀਤਾ। ਖਾਲਸੇ ਦੇ ਰੂਪ ਦਾ ਹੋਂਦ ਵਿਚ ਆਉਣਾ ਦਸਮੇਸ਼ ਜੀ ਦੇ ਮੁਤਾਲਿਆ, ਤਪੱਸਿਆ, ਅਨੁਭਵ ਤੇ ਉਮਰ ਭਰ ਦੀ ਸੋਚ-ਵਿਚਾਰ ਦਾ ਨਤੀਜਾ ਹੈ, ਜਿਸ ਵਿਚ ਬੜੀ ਡੂੰਘੀ ਫ਼ਿਲਾਸਫ਼ੀ ਹੈ ਜੋ ਹੇਠ ਲਿਖੇ ਪ੍ਰਸ਼ਨਾਂ 'ਤੇ ਵਿਚਾਰ ਕੀਤਿਆਂ ਸਪੱਸ਼ਟ ਹੋ ਜਾਂਦੀ ਹੈ :

1. ਖਾਲਸੇ ਦੀ ਸਾਜਣ ਦੀ ਕੀ ਲੋੜ ਸੀ ?
2. ਖਾਲਸਾ ਬਣਨ ਨਾਲ ਛੂਤ-ਛਾਤ ਦਾ ਭਰਮ ਅਮਲੀ ਤੌਰ 'ਤੇ ਕਿਵੇਂ ਦੂਰ ਹੁੰਦਾ ਹੈ ?
3. ਖਾਲਸਾ ਬਣਨ ਨਾਲ ਬੁਜ਼ਦਿਲ, ਬਹਾਦਰਾਂ ਵਿਚ ਕਿਵੇਂ ਤਬਦੀਲ ਹੋ ਜਾਂਦੇ ਹਨ ?
4. ਖਾਲਸਾ ਬਣਨ ਨਾਲ ਨਾ-ਇਤਫ਼ਾਕੀ, ਪਿਆਰ ਤੇ ਏਕਤਾ ਦਾ ਰੂਪ ਕਿਵੇਂ ਧਾਰਨ ਕਰ ਲੈਂਦੀ ਹੈ ?
5. ਖਾਲਸਾ ਬਣਨ ਨਾਲ ਉੱਚੇ-ਨੀਵੇਂ ਦੀ ਵਿਖੇਪਤਾ ਕਿਵੇਂ ਦੂਰ ਹੋ ਜਾਂਦੀ ਹੈ ?

ਇਹ ਸਭ ਗੱਲਾਂ ਕਿਸੇ ਦੇਸ਼ ਜਾਂ ਕੌਮ ਦੇ ਪੂਰੇ ਵਿਕਾਸ ਲਈ ਅਤਿ ਜ਼ਰੂਰੀ ਹਨ। ਹਿੰਦੁਸਤਾਨ ਮੁੱਢ ਤੋਂ ਹੀ ਬੜਾ ਮਹਾਨ ਤੇ ਵਿਸ਼ਾਲ ਦੇਸ਼ ਹੈ। ਇਸ ਦੀ ਸਭਿਅਤਾ ਦੇ ਸੂਰਜ ਦੀਆਂ ਰਿਸ਼ਮਾਂ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਵੀ ਦੁਨੀਆਂ ਦੇ ਕਈ ਦੇਸ਼ਾਂ ਨੂੰ ਰੁਸ਼ਨਾ ਰਹੀਆਂ ਹਨ ਪਰ ਪਿਛਲੇ ਹਜ਼ਾਰ ਸਾਲਾਂ ਵਿਚ ਉਹ ਸਮਾਂ ਵੀ ਆਇਆ ਜਦੋਂ ਹਿੰਦੁਸਤਾਨ ਵਿੱਚੋਂ ਬਹਾਦਰੀ, ਏਕਤਾ, ਸੇਵਾ ਤੇ ਕੁਰਬਾਨੀ ਦਾ ਤਕਰੀਬਨ ਅੰਤ ਹੋ ਗਿਆ ਸੀ ਤੇ ਏਥੋਂ ਦੇ ਕਰੋੜਾਂ ਵਾਸੀਆਂ ਉੱਤੇ ਸੈਂਕੜੇ ਤੇ ਹਜ਼ਾਰਾਂ ਪ੍ਰਦੇਸੀ ਹੁਕਮਰਾਨਾਂ ਨੇ ਰਾਜ ਕੀਤੇ ਤੇ ਲੁੱਟ-ਖਸੁਟ, ਮਾਰ-ਧਾੜ ਤੇ ਤਬਾਹੀ ਨੇ ਆਪਣੀਆਂ ਮਨਮਾਨੀਆਂ ਕੀਤੀਆਂ। ਸੋਮਨਾਥ ਦੇ ਮੰਦਰ ਦੇ ਚੌਖਟੇ ਵੀ ਪੁੱਟੇ ਗਏ ਤੇ ਮਹਿਮੂਦ ਗਜ਼ਨਵੀ ਦੋ-ਚਾਰ ਹਜ਼ਾਰ ਬੰਦਿਆਂ ਦੀ ਤਾਕਤ ਨਾਲ ਇਹ ਕਲੰਕ ਹਿੰਦੁਸਤਾਨੀਆਂ ਦੇ ਮੱਥੇ 'ਤੇ ਲਾਉਣ ਵਿਚ ਸਫਲ ਹੋਇਆ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਦੁਰਦਸ਼ਾ ਦਾ ਕਾਰਨ ਕੀ ਸੀ ? ਹਿੰਦੂਆਂ ਨੂੰ

www.sikhbookclub.com

ਨਾਲ ਦਿੰਦੇ ਸਨ, ਨੂੰ ਚੰਗਾ ਸਮਝਿਆ ਤੇ ਆਪ ਦੇਸ਼ ਪਿਆਰਿਆਂ ਦੇ ਵਿਰੁੱਧ ਮੁਸਲਮਾਨਾਂ ਦੀ ਬਦੇਸ਼ੀ ਹਕੂਮਤ ਨਾਲ ਰਲ ਕੇ ਨਿੱਜੀ ਸੁਖਾਂ, ਐਸ਼-ਪ੍ਰਸਤੀ. ਜਾਗੀਰਦਾਰੀਆਂ ਤੇ ਸਰਦਾਰੀਆਂ ਦੀ ਪ੍ਰਾਪਤੀ ਵਿਚ ਰੁੱਝ ਗਏ, ਭਾਵੇਂ ਉਨ੍ਹਾਂ ਨੂੰ ਅਕਬਰ ਨੂੰ ਆਪਣੀਆਂ ਧੀਆਂ ਦੇ ਸਾਕ ਵੀ ਦੇਣੇ ਪਏ।

ਦਸਮੇਸ਼ ਜੀ ਨੇ ਖਾਲਸੇ ਨੂੰ ਜੋ ਸਿੰਘ ਬਣਾਇਆ ਤਾਂ ਨਾਲ ਹੀ 'ਸਰਦਾਰ' ਦਾ ਖ਼ਿਤਾਬ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ ਖਾਲਸਾ ਸਜਣ ਵਾਲੇ ਲੋਕਾਂ ਦੇ ਮਨਾਂ 'ਤੇ ਬੜਾ ਲਾਭਦਾਇਕ, ਆਸ਼ਾਵਾਦੀ ਤੇ ਉਸਾਰੂ ਅਸਰ ਪਿਆ। ਮੁਸਲਮਾਨਾਂ ਦੀ ਬਦੇਸ਼ੀ ਹਕੂਮਤ ਸਮੇਂ ਮੁਸਲਮਾਨ ਬਾਦਸ਼ਾਹ ਹਿੰਦੁਸਤਾਨ ਦੀ ਜਨਤਾ ਵਿਚ ਪਾਟਕ ਪਾਉਣ ਦੀ ਖ਼ਾਤਰ ਕਈ ਅਸਰ-ਰਸੂਖ਼ ਵਾਲੇ ਆਦਮੀਆਂ ਨੂੰ ਵੱਡੇ-ਵੱਡੇ ਅਹੁਦੇ, ਜਾਗੀਰਾਂ ਦੇ ਕੇ 'ਸਰਦਾਰ' ਦਾ ਖ਼ਿਤਾਬ ਦਿੰਦੇ ਸਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਦੱਸਿਆ ਕਿ ਤੂੰ ਤੇ ਕਿਸੇ ਵਿਰਲੇ ਵਾਹਵੇਂ ਤੇ ਚੋਣਵੇਂ ਮਨੁੱਖ ਨੂੰ 'ਸਰਦਾਰ' ਬਣਾਉਂਦਾ ਹੈਂ; ਐਪਰ ਤੱਕ! ਮੈਂ ਮਨੁੱਖੀ ਸਮਾਨਤਾ ਨੂੰ ਮੁੱਖ ਰੱਖ ਕੇ ਹਰ ਖਾਲਸੇ ਨੂੰ 'ਸਰਦਾਰ' ਬਣਾ ਦਿੱਤਾ ਹੈ! ਇਹ ਸਭ ਗੱਲਾਂ ਹਿੰਦੁਸਤਾਨ ਦੇ ਵਾਸੀਆਂ ਲਈ ਖ਼ਾਸ ਕਸ਼ਸ਼ ਰੱਖਦੀਆਂ ਸਨ ਤੇ ਇਨ੍ਹਾਂ ਨਾਲ ਲੋਕਾਂ ਵਿਚ ਸਵੈ-ਮਾਨ ਤੇ ਸਵੈ-ਭਰੋਸਾ ਵਧ ਗਿਆ।

ਔਰੰਗਜ਼ੇਬ ਸਮੇਂ ਭਾਰਤ-ਵਾਸੀਆਂ 'ਚੋਂ ਦੇਸ਼-ਪਿਆਰ, ਏਕਤਾ ਤੇ ਤਿਆਗ ਆਦਿ ਮੁੱਕ ਚੁੱਕੇ ਸਨ। ਘੋੜ ਸਵਾਰੀ ਤੇ ਸ਼ਸਤਰ ਪਹਿਨਣਾ ਮੁਸਲਮਾਨਾਂ ਤਕ ਹੀ ਸੀਮਤ ਹੋ ਚੁੱਕਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਖਾਲਸੇ ਨੂੰ ਸਵੈ-ਰੱਖਿਆ ਤੇ ਦੇਸ਼ ਦੀ ਸੁਤੰਤਰਤਾ ਲਈ ਲੜਨ ਦੇ ਵਾਸਤੇ ਸ਼ਸਤਰਧਾਰੀ ਹੋਣਾ ਲਾਜ਼ਮੀ ਕਰਾਰ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਤੋਂ ਪਹਿਲਾਂ ਜਿਹੜੇ ਲੋਕ ਅਛੂਤ ਤੇ ਗਵਾਰ ਸਮਝੇ ਜਾਂਦੇ ਸਨ ਤੇ ਜਿਨ੍ਹਾਂ ਨਾਲ ਹਿੰਦੂਆਂ ਦਾ ਬ੍ਰਾਹਮਣੀ ਸਮਾਜ, ਇਨਸਾਨਾਂ ਵਾਂਗ ਵਤੀਰਾ ਕਰਨ ਨੂੰ ਤਿਆਰ ਨਹੀਂ ਸੀ, ਖਾਲਸਾ ਸਜ ਕੇ ਬਹਾਦਰ, ਉੱਚੇ, ਸਰਦਾਰ ਤੇ ਪੰਥ ਤੇ ਗੁਰੂ ਦੇ ਪਿਆਰੇ ਬਣ ਗਏ—ਦਸਮੇਸ਼ ਜੀ ਨੇ ਪਹਿਲੇ ਖਾਲਸਾ ਸਜੇ ਪੰਜਾਂ ਸਿੰਘਾਂ ਨੂੰ 'ਪੰਜ ਪਿਆਰੇ' ਦੀ ਪਦਵੀ ਦਿੱਤੀ। ਜਿਹੜੇ ਲੋਕ ਮੁਸਲਮਾਨ ਨਵਾਬਾਂ, ਸਰਦਾਰਾਂ ਦਾ ਨਾਂ ਸੁਣ ਕੇ ਕੰਬਦੇ ਫਿਰਦੇ ਸਨ ਉਹ ਖ਼ੁਦ ਸਰਦਾਰ ਬਣ, ਜ਼ਾਲਮ ਮੁਸਲਮਾਨ ਹੁਕਮਰਾਨਾਂ ਦਾ ਮੂੰਹ ਭੰਨਣ ਲੱਗ ਪਏ। ਬਹੁਤ ਸਾਰੇ ਅੰਗਰੇਜ਼ ਲਿਖਾਰੀਆਂ ਨੇ ਕਿਹਾ ਹੈ ਕਿ 'ਸ਼ੇਰ ਖਾਲਸਾ' ਹਿੰਦੂ ਸਮਾਜ ਦੀ ਰਹਿੰਦ-ਖੂੰਹਦ ਤੋਂ ਬਣਾਇਆ ਗਿਆ।

'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚੀ ਹੋਈ ਬਹੁਤ ਪ੍ਰਸਿੱਧ ਕਿਰਤ ਹੈ। 'ਜ਼ਫ਼ਰਨਾਮੇ' ਦਾ ਸ਼ਬਦਾਂਤਿਕ ਅਰਥ ਫ਼ਤਹ-ਨਾਮਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਨੇਕ ਮਨੋਰਥ, ਵਾਹਿਗੁਰੂ 'ਤੇ ਵਿਸ਼ਵਾਸ ਤੇ ਸਵੈ-ਭਰੋਸੇ ਦੀ ਦ੍ਰਿੜ੍ਹਤਾ ਸੀ ਕਿ ਉਹ ਜ਼ਾਲਮ ਤੇ ਪਾਪੀ ਬਦੇਸ਼ੀ ਹਕੂਮਤ ਦੀ ਬੇਸ਼ੁਮਾਰ ਤਾਕਤ ਵਿਰੁੱਧ ਲੜ ਕੇ ਵੀ ਜਿੱਤ ਪ੍ਰਾਪਤ ਕਰਨਗੇ :

ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥ *(ਚੰਡੀ ਚਰਿਤ੍ਰ)*

ਦਸਮੇਸ਼ ਜੀ ਦਾ ਇਹ ਅਟੱਲ ਨਿਸ਼ਚਾ ਸੱਚਾ ਸਾਬਤ ਹੋਇਆ ਤੇ ਇਤਿਹਾਸ ਗਵਾਹੀ ਦਿੰਦਾ ਹੈ ਕਿ ਖਾਲਸੇ ਦੀ ਕੁਰਬਾਨੀ, ਸੇਵਾ, ਬਹਾਦਰੀ ਤੇ ਦੇਸ਼ ਪਿਆਰ ਦੇ ਜਜ਼ਬੇ ਨੇ ਹਿੰਦੁਸਤਾਨ ਦੇ ਇਤਿਹਾਸ ਦੀ ਮੁਹਾਰ ਹੀ ਬਦਲ ਦਿੱਤੀ ਅਤੇ ਡਾਕਟਰ ਆਰ. ਸੀ. ਮਾਜੂਮਦਾਰ An Adwanced History of India ਦੇ ਸਫ਼ਾ 500 'ਤੇ ਲਿਖਦਾ ਹੈ :

www.sikhbookclub.com

"The Son and Successor of Teg Bahadur, Guru Govind (Gobind) Singh was one of the most Remarkable Personalities in Indian History."

ਸੱਯਦ ਮੁਹੰਮਦ ਲਤੀਫ਼ ਦੀ History of Punjab 'ਚੋਂ ਥਾਂ-ਥਾਂ ਉਸ ਦਾ ਇਸਲਾਮੀ ਪੱਖ ਸਪੱਸ਼ਟ ਹੈ ਤੇ ਸਿੱਖ ਗੁਰੂ ਸ਼ਾਹਿਬਾਨ ਦੀਆਂ ਜੀਵਨੀਆਂ ਤੇ ਜੀਵਨ-ਉਦੇਸ਼ ਵਿਚ ਉਸ ਨੇ ਨਿਰਸੰਦੇਹ ਕਈ ਗ਼ਲਤ ਬਿਆਨੀਆਂ ਵੀ ਕੀਤੀਆਂ ਹਨ ਪਰ ਫਿਰ ਵੀ ਕਈ ਥਾਂਵਾਂ 'ਤੇ ਸਚਾਈ ਉਸ ਦੀ ਕਲਮ ਦਾ ਮੂੰਹ ਪਾੜ ਕੇ ਨਿਕਲ ਹੀ ਗਈ ਹੈ। ਸੱਯਦ ਮੁਹੰਮਦ ਲਤੀਫ਼ ਆਪਣੀ ਕਿਤਾਬ ਦੇ ਸਫ਼ਾ 261 'ਤੇ ਖਾਲਸਾ ਸਾਜਣ ਤੋਂ ਪਿੱਛੋਂ ਸਿੱਖ ਪੰਥ ਜਾਂ ਸਿੱਖ ਕੌਮ ਬਾਰੇ ਲਿਖਦਾ ਹੈ :

Hence forward a new leaf opens in the history of the Sikhs. It is no longer the record of the sect who following the peaceful tenets of their founder, desired merely to protect themselves... but that of a race which actuated by a deep sense of the wrongs done by a persecuting Government, strove to make itself prominent in the world by those deeds of valour and patriotism which make nations great and glorious.

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਜ਼ਫਰਨਾਮਾ' ਸ਼ੁਰੂ ਕਰਦਿਆਂ ਵਾਹਿਗੁਰੂ ਨੂੰ ਸੰਬੋਧਨ ਕਰ ਕੇ ਲਿਖਦੇ ਹਨ :

ਬ ਨਾਮਿ ਖ਼ੁਦਾਵੰਦੇ ਤੇਗ਼ੋ ਤਬਰ, ਖ਼ੁਦਾਵੰਦ ਤੀਰੋ ਸਨਾਨੋ ਸਿਪਰ ॥
ਖ਼ੁਦਾਵੰਦੇ ਮਰਦਾਨੇ ਜੰਗ ਆਜ਼ਮਾ, ਖ਼ੁਦਾਵੰਦੇ ਅਸਪਾਨ, ਪਾ ਦਰ ਹਵਾ ॥

ਅਤੇ ਵਾਹਿਗੁਰੂ ਨੂੰ ਸਾਕੀ ਦੀ ਉਪਮਾ ਦੇ ਕੇ ਲਿਖਦੇ ਹਨ :

ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ ॥
ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ ॥੫੬॥

ਦਸਮੇਸ਼ ਜੀ ਦੀਆਂ ਇਹ ਆਖ਼ਰੀ ਦੋ ਲਾਈਨਾਂ ਖ਼ਾਸ ਧਿਆਨਯੋਗ ਹਨ। ਇਨ੍ਹਾਂ ਵਿਚ ਆਪ ਫ਼ੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ! ਮੈਨੂੰ ਐਸਾ ਪਿਆਲਾ ਦੇਹ ਕਿ ਮੈਂ ਚਿੱਕੜ ਵਿੱਚੋਂ ਮੋਤੀ ਪੈਦਾ ਕਰ ਲਵਾਂ ਭਾਵ ਗ਼ੈਰਤਹੀਨ, ਬੁਜ਼ਦਿਲ, ਛੂਤ-ਛਾਤ ਤੇ ਨਾ-ਇਤਫ਼ਾਕੀ ਦੇ ਸ਼ਿਕਾਰ ਹਿੰਦੁਸਤਾਨੀਆਂ ਵਿੱਚੋਂ ਖਾਲਸੇ ਵਰਗੀ ਬਹਾਦਰ ਕੌਮ (ਮੋਤ) ਤਿਆਰ ਕਰ ਸਕਾਂ। ਦਸਮੇਸ਼ ਜੀ ਨੇ ਜੋ ਕਿਹਾ ਉਹ ਕਰ ਕੇ ਵੀ ਵਿਖਾ ਦਿੱਤਾ। ਸੱਚਮੁੱਚ ਹੀ ਖਾਲਸੇ ਨੇ ਆਪਣੀ ਬਹਾਦਰੀ, ਦੇਸ਼-ਪਿਆਰ, ਸੇਵਾ ਤੇ ਕੁਰਬਾਨੀ ਦੇ ਸਦਕਾ ਦੁਨੀਆਂ ਦੇ ਇਤਿਹਾਸ ਵਿਚ ਜੋ ਧਾਕਾਂ ਪਾਈਆਂ ਉਨ੍ਹਾਂ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ 'ਤੇ ਹੈ, ਜਿਨ੍ਹਾਂ ਖਾਲਸੇ ਨੂੰ ਵੈਸਾਖੀ ਦੇ ਦਿਨ 1699 ਈਸਵੀ ਵਿਚ ਪ੍ਰਗਟ ਕੀਤਾ।

(1/2000)

www.sikhbookclub.com

ਗ਼ਰੀਬੁਲ ਪਰਸਤੈ

ਸ਼ੀਸ਼ੇ ਤੋਂ ਸੁਥਰਾ, ਫੁੱਲਾਂ ਤੋਂ ਕੋਮਲ, ਸਾਗਰਾਂ ਤੋਂ ਵਿਸ਼ਾਲ, ਪਰਬਤਾਂ ਤੋਂ ਮਜ਼ਬੂਤ, ਦ੍ਰਿੜ੍ਹ ਨਿਸਚੇ ਵਾਲਾ ਅਹਿਲ ਤੇ ਸ਼ਕਤੀਮਾਨ ਦਿਲ, ਜਿਸ ਦਿਲ ਵਿਚ ਪ੍ਰਭੂ ਨੂੰ ਮਿਲਣ ਦੀ ਪ੍ਰਬਲ ਇੱਛਾ, ਲਤਾੜੇ ਤੇ ਪਛਾੜੇ ਹੋਇਆਂ ਲਈ ਮਿਹਰ-ਮੁਹੱਬਤਾਂ ਅਤੇ ਕੁਦਰਤ ਜਿਹੀ ਫੱਬਤ, ਐਸੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਉਹਨਾਂ ਦੀ 'ਤੇਗ' ਵਿਚ ਬਿਜਲੀਆਂ ਦਾ ਵੇਗ ਸੀ, ਜੋ ਨਿਡਰ ਤੇ ਬੇਦਰੇਗੇ ਜ਼ੁਲਮਾਂ ਦਾ ਟਾਕਰਾ ਕਰਦੀ ਸੀ ਤੇ ਬੇ-ਸਹਾਰਿਆਂ ਦਾ ਸਹਾਰਾ ਬਣਦੀ ਸੀ। ਉਹ ਭਟਕਿਆਂ ਲਈ ਪੱਥ-ਪ੍ਰਦਰਸ਼ਨ ਜਿਹਾ ਤਾਰਾ ਬਣਦੀ ਸੀ ਅਤੇ ਮੁਰਦਿਆਂ, ਮਰਦਿਆਂ ਲਈ ਜੀਵਨ-ਦਾਤੀ ਬਣਦੀ ਸੀ। ਉਹ ਤੇਗ ਬੀਰਤਾ ਦੇ ਨਾਲ-ਨਾਲ ਲੋੜਵੰਦਾਂ ਦੀ ਦੇਗ ਵੀ ਸੀ। ਐਸਾ ਸੀ ਪਾਵਨ ਪਵਿੱਤਰ ਚਰਿੱਤਰ ਬੇਕਸਾਂ-ਰਾ-ਯਾਰ-ਮਿੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਦਾ।

ਤੇਗ ਦੇ ਧਨੀ, ਕਿਰਦਾਰ ਦੇ ਗਨਿ, ਹਿੰਦ ਦੇ ਕਾਤਬੇ-ਤਕਦੀਰ, ਕੁਰਬਾਨੀ ਸਿਖਰ ਦੀ, ਕਿਸਮਤ ਦੇ ਘਾੜੇ, ਮਾਨਵਤਾ ਦੇ ਨੰਗੇਜ਼ ਨੂੰ ਆਪਣੇ ਪਵਿੱਤਰ-ਪਿਤਾ, ਪਾਤਸ਼ਾਹ ਦੇ ਸਰੀਰ ਰੂਪੀ ਚਾਦਰ ਨਾਲ ਢੱਕਣ ਵਾਲੇ ਮਾਨੀ ਮਹਾਂ ਮਾਨ ਦਾਨੀ ਸਨ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਆਜ਼ਾਦੀ ਦੀ ਪੁਕਾਰ ਸਨ, ਬਹਾਦਰ ਚਿੱਤਰਾਂ ਦੇ ਚਿੱਤਰਕਾਰ ਸਨ। ਉਹ ਤੇਗਾਂ ਨਾਲ ਕਲਮਾਂ ਨੂੰ ਘੜਨ ਵਾਲੇ ਕਲਮਕਾਰ ਸਨ। ਰੱਬ ਉਹਨਾਂ ਦਾ ਮਿੱਤਰ ਸੀ ਤੇ ਉਹ ਗ਼ਰੀਬਾਂ ਦੇ ਯਾਰ ਸਨ। ਗ਼ਰੀਬਾਂ ਨੂੰ ਪਾਤਸ਼ਾਹੀਆਂ ਤੇ ਸਰਦਾਰੀਆਂ ਦੇਣ ਵਾਲੇ ਸਰਦਾਰਾਂ ਦੇ ਸਰਦਾਰ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਜਦੋਂ ਜ਼ੁਲਮ ਨਾਲ ਲੜਦੇ ਸਨ, ਸੂਰਜ ਵਾਂਗ ਚਮਕਦੇ ਤੇ ਹੜ੍ਹ ਵਾਂਗ ਚੜ੍ਹਦੇ ਸਨ। ਨਿਸਚੇ ਵਾਂਗ ਦ੍ਰਿੜ੍ਹ ਸਨ ਚੱਟਾਨਾਂ ਵਾਂਗ ਖੜ੍ਹਦੇ ਸਨ। ਜਿੱਤ ਉਹਨਾਂ ਦੇ ਪੈਰ ਨਿੱਤ ਚੁੰਮਦੀ ਸੀ। ਸਾਹਮਣੇ ਕੋਈ ਟਿਕ ਨਹੀਂ ਸੀ ਸਕਦਾ। ਜਦੋਂ ਅੜਦੇ ਸਨ, ਪਾਖੰਡ ਤੇ ਭਰਮ ਨੂੰ ਧੌਣ ਤੋਂ ਫੜ੍ਹਦੇ ਸਨ। ਐਸੇ ਸਨ ਸਮਸ਼ੇਰ ਦਸਮੇਸ਼ ਪਿਤਾ, ਸਰਬੰਸ ਦਾਨੀ, ਨਾਸਰੋ-ਮਨਸੂਰ, ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਪਰਮ-ਪੁਰਖ ਦੇ ਦਾਸ, ਨਿਧਿਰਿਆਂ ਦੀ ਧਿਰ, ਮਾਯੂਸਾਂ ਦੀ ਆਸ, ਟੁੱਟਿਆਂ-ਪੁੱਟਿਆਂ-ਲੁਟਿਆਂ ਤੇ ਨਖੁੱਟਿਆਂ ਦੀ ਰਾਸ, ਨਿਮਰਤਾ ਦੇ ਪੁੰਜ, ਖੂਬੀਆਂ ਦੇ ਖ਼ਜ਼ਾਨੇ ਤੇ ਗੁਣਤਾਸ, ਮੁਰਦੇਹਾਣ ਹਿਰਦਿਆਂ ਦੀ ਮੁਸਕਾਨ ਤੇ ਲਹੂ ਚੋਂਦੀਆਂ ਅੱਖਾਂ ਲਈ ਆਸ, ਸੱਚ ਦਾ ਸਜੀਵ ਆਭਾਸ ਅਤੇ ਇਕ ਖ਼ਾਸ ਰੱਬੀ ਰੂਪ ਦੀ ਆਭਾ ਦਾ ਅਹਿਸਾਸ ਸਨ ਸੁੰਦਰ ਸਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਅਕਾਲ ਰੂਪ ਹਨ। ਬਾਬਾ ਗੁਰੂ ਨਾਨਕ ਤੇ ਉਹਨਾਂ ਦੇ ਹੀ ਆਕਾਰ ਰੂਪ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

www.sikhbookclub.com

"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸੰਦੇਸ਼ ਮਾਨਵ ਜਾਤੀ ਤੇ ਇਸ ਦੇਸ਼ ਨੂੰ ਦੇਣ ਵਾਲੇ ਪਰਮੇਸ਼ ਹਨ, ਹਮੇਸ਼ ਧਿਰ ਮਹੇਸ਼ ਹਰਮੇਸ਼ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ।

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥

(ਪੰਨਾ ੭੩੧)

www.sikhbookclub.com

ਨੱਯਾ ਕੇ ਖੇਵੱਯਾ

ਤਰਸਤੀ ਹੈ ਤੇਰੇ ਹਾਥੋਂ ਜਾਨ ਜਾਨੇ ਕੇ ਲੀਏ,
ਫਿਰ ਪਕੜ ਤਲਵਾਰ ਮੇਰੇ ਆਜ਼ਮਾਨੇ ਕੇ ਲੀਏ।
ਚਕਵੀ ਕੋ ਖੁਰਸ਼ੀਦ ਸੇ ਉਲਫਤ ਚਕੋਰਾਂ ਚਾਂਦ ਸੇ,
ਮੇਰਾ ਜੀਵਨ ਵਕਫ਼ ਹੈ ਤੁਝਸੇ ਨਿਭਾਨੇ ਕੇ ਲੀਏ।
ਏਕ ਹੀ ਘਰ ਮੇਂ ਬਸੇਰਾ ਹੈ ਮਗਰ ਮਿਲਤੇ ਨਹੀਂ,
ਕਿਆ ਨਿਰਾਲਾ ਢੰਗ ਰਖਾ ਹੈ ਸਤਾਨੇ ਕੇ ਲੀਏ।
ਪ੍ਰੇਮ ਕੀ ਬਸਤੀ ਕੇ ਹਰ ਬਾਸੀ ਕਾ ਯਿਹ ਦਸਤੂਰ ਹੈ,
ਹਰ ਵਕਤ ਆਮਾਦਾ ਰਹਿਨਾ ਘਰ ਲੁਟਾਨੇ ਕੇ ਲੀਏ।
ਖਾ ਰਹਾ ਹੈ ਉਲਟਾ ਗ਼ਮ ਮੁਝ ਕੋ ਮੇਰੇ ਗ਼ਮਖਾਰ ਕਾ,
ਬੱਚੇ ਕੁਰਬਾਂ ਕਰ ਦੀਏ ਹਮ ਕੋ ਬਚਾਨੇ ਕੇ ਲੀਏ।
ਵਾਹ ਰੇ ਜੋਸ਼ਿ ਮੁਹੱਬਤ ਸਰ ਹਥੇਲੀ ਪਰ ਧਰੇ,
ਜਾ ਰਹਾ ਹੈ ਦੀਪ ਸਿੰਘ ਸਤਿਗੁਰ ਮਨਾਨੇ ਕੇ ਲੀਏ।
ਨੀਚੀ ਗਰਦਨ ਡਾਲ ਕਰ ਹੈਰਾਨ ਡੱਲਾ ਰਹਿ ਗਿਆ,
ਲੜ ਰਹੇ ਸਿਖ ਦੇਖ ਕਰ ਤੇਰੇ ਨਿਸ਼ਾਨੇ ਕੇ ਲੀਏ।
ਮੇਰੀ ਨੱਯਾ ਕੇ ਖੇਵੱਯਾ ਹੈਂ ਗੁਰੂ ਗੋਬਿੰਦ ਸਿੰਘ,
ਉਠੇ ਤੂਫ਼ਾਂ ਸੈਂਕੜੋਂ ਮੇਰੇ ਮਿਟਾਨੇ ਕੇ ਲੀਏ।
ਨਾ ਕੀਆ ਨਾ ਕਰਤੇ ਹੈਂ ਹਮ ਦਾਵਾਇ ਸ਼ੇਅਰੋ ਸੁਖਨ,
ਇਕ ਬਹਾਨਾ ਹੈ ਉਨ੍ਹੇਂ ਦਿਲ ਕੀ ਸੁਨਾਨੇ ਕੀ ਲੀਏ।

(5/1960)

www.sikhbookclub.com

ਸੱਚੀ ਸਰਕਾਰ

ਗੁਰੂ ਗੋਬਿੰਦ ਸਿੰਘ ਗੁਰ ਕਾਦਰਿ ਹਰ-ਕਾਰ ਕੇ ਸਦਕੇ,
ਪਨਾਹਿ ਹਰ ਦੋ ਆਲਮ ਉਸ ਸੱਚੀ ਸਰਕਾਰ ਕੇ ਸਦਕੇ।
ਜਿਨ੍ਹੇ ਆਪਣੇ ਬੇਗਾਨੇ ਸਭ ਜ਼ਲੀਲੋ ਖ਼੍ਵਾਰ ਕਰਤੇ ਥੇ,
ਕੀਏ ਸਰਦਾਰ ਜਿਸ ਉਸ ਬੇ-ਕਸੋਂ ਕੇ ਯਾਰ ਕੇ ਸਦਕੇ।
ਸ਼ਜਾਇਤ ਦੀ ਅਤਾਇਤ ਦੀ ਮੁਕਤ ਔ ਜੁਗਤ ਦਰ ਖੋਲ੍ਹੇ,
ਦੀਆ ਜਿਸ ਨਾਮ ਕਾ ਅੰਮ੍ਰਿਤ ਮੈਂ ਉਸ ਦਾਤਾਰ ਕੇ ਸਦਕੇ।
ਸੁਰਾਹੀ ਸੂਲ ਥੀ ਜਿਸ ਕੀ ਪਿਆਲਾ ਥਾ ਖੰਜਰ ਜਿਸ ਕਾ,
ਲੁੰਢਾਏ ਖੁਮ ਕੇ ਖੁਮ ਜਿਸ ਨੇ ਮੈਂ ਉਸ ਮੈ-ਖਾਰ ਕੇ ਸਦਕੇ।
ਬੈਰਾਗੀ ਜਿਸ ਕਾ ਬੰਦਾ ਥਾ ਸੈਦ ਖਾਂ ਜਿਸ ਪੈ ਸ਼ੈਦਾ ਥਾ,
ਜਿਸ ਨੰਦ ਲਾਲ ਨੇ ਦੇਖਾ ਮੈਂ ਉਸ ਦੀਦਾਰ ਕੇ ਸਦਕੇ।
ਖਬਰ ਸਰਹੰਦ ਸੇ ਆਨਾ ਵਹੁ ਸੁਨ ਕਰ ਤੇਰਾ ਫੁਰਮਾਨਾ,
ਅਮਾਨਤ ਥੀ ਅਦਾ ਹੋ ਗਈ ਤੇਰੇ ਈਸਾਰ ਕੇ ਸਦਕੇ।
ਤੇਰੇ ਸਰਬੰਸ ਸਾਰੇ ਨੇ ਪੀਏ ਪਿਆਲੇ ਸ਼ਹਾਦਤ ਕੇ,
ਮੇਰੇ ਸਰਬੰਸ ਦਾਨੀ, ਮੈਂ ਤੇਰੇ ਪਰਵਾਰ ਕੇ ਸਦਕੇ।
ਜਿਨ੍ਹੇ ਤੂੰ ਪਿਆਰ ਕਰਤਾ ਥਾ ਲਗੇਂ ਪਿਆਰੇ ਨਾ ਕਿਉਂ ਮੁਝ ਕੋ,
ਸਰੋਹੀ ਸੈਹਥੀ ਤੀਰੋ ਤਬਰ ਤਲਵਾਰ ਕੇ ਸਦਕੇ।
ਮਹਾਂ ਸਿੰਘ ਜਾਂ-ਬ-ਲਬ ਜਿਸ ਦਮ ਤੇਰੇ ਪਹਿਲੂ ਮੇਂ ਲੇਟਾ ਥਾ,
ਜੋ ਉਸ ਕੇ ਸਾਥ ਤੂਨੇ ਕੀ ਮੈਂ ਉਸ ਗੁਫ਼ਤਾਰ ਕੇ ਸਦਕੇ।
ਹੂੰ ਤਰ-ਦਾਮਨ ਤੇਰਾ ਬੰਦਾ ਮੇਰੇ ਮੌਲਾ ਸ਼ਰਮ ਰਖਨਾ,
ਮੈਂ ਤੇਰੇ ਪਤਿਤ-ਪਾਵਨ ਬਿਰਦ ਬਖਸ਼ਨ-ਹਾਰ ਕੇ ਸਦਕੇ।
ਅਗਰ ਬਖਸ਼ੇ ਕਰਮ ਤੇਰਾ ਨਾਂ ਬਖਸ਼ੇ ਤੋ ਸ਼ਿਕਾਇਤ ਕਿਆ,
ਤੇਰੇ ਇਕਰਾਰ ਕੇ ਸਦਕੇ ਤੇਰੇ ਇਨਕਾਰ ਕੇ ਸਦਕੇ।

(12/1968)

www.sikhbookclub.com

ਕੇਸਗੜ੍ਹ ਵਿਚ ਸੁਰਖਸ਼ਤ ਉਹ ਹੈ ਜੋ ਪੰਜ ਬਾਣੀਆਂ ਦਾ ਨਿਤਨੇਮ ਕਰਦਾ ਹੈ, ਪੰਜ ਕੱਕਾਰਾਂ ਦੀ ਰਹਿਤ ਰੱਖਦਾ ਹੈ, ਗੁਰੂ-ਪੰਥ ਤੇ ਸੰਗਤ ਵਿਚ ਦਰਸ਼ਨ ਕਰਦਾ ਹੈ ਅਤੇ ਨਾਮ-ਦਾਨ-ਇਸ਼ਨਾਨ (ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ) ਦਾ ਵਿਸ਼ਵਾਸੀ ਹੈ ਅਤੇ ਚਾਰ ਕੁਰਹਿਤਾਂ ਤੋਂ ਬਚ ਕੇ ਸਮਾਜ ਦਾ ਨਰੋਇਆ ਅੰਗ ਰਹਿੰਦਾ ਹੈ। ਰਹਿਤ ਹੀ ਸਿੱਖੀ ਹੈ :

ਰਹਤ ਬਿਨ ਸਦਗਤਿ ਨਹਿ ਹੋਈ।
ਰਹਤ ਬਿਨਾ ਭਲ ਕਹੈ ਨ ਕੋਈ।
ਰਹਤ ਬਿਨਾ ਨਹਿ ਸਿੰਘ ਕਹਾਵੈ।
ਰਹਤ ਬਿਨਾ ਦਰ ਚੋਟਾ ਖਾਵੈ।
ਰਹਤ ਬਿਨਾ ਜਗ ਮੋ ਭਰਮਾਈ।
ਰਹਤ ਬਿਨਾ ਨਰ ਨਰਕੇ ਜਾਈ।
ਰਹਤ ਬਿਨਾ ਤਨਖਾਹੀ ਜਾਨੋ।
ਰਹਤ ਬਿਨਾ ਜੜ੍ਹ ਭੂਤ ਬਖਾਨੋ।
ਰਹਤ ਬਿਨਾ ਸੁਖ ਕਬਹੂ ਨ ਲਹੈ।
ਤਾਂ ਤੇ ਰਹਤ ਸੁ ਦ੍ਰਿੜ੍ਹ ਕਰ ਗਹੈ। **(ਰਹਿਤਨਾਮਾ, ਭਾਈ ਦੇਸਾ ਸਿੰਘ)**

4.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਕੇਸਗੜ੍ਹ ਤੋਂ ਸਾਰੀ ਭਾਰਤੀ ਕੌਮ ਦੀ ਪਰਖ ਕੀਤੀ ਅਤੇ ਭਾਈ ਦਇਆ ਸਿੰਘ (ਲਾਹੌਰ), ਭਾਈ ਧਰਮ ਸਿੰਘ (ਜੱਟ, ਹਸਤਨਾਪੁਰ), ਭਾਈ ਮੋਹਕਮ ਚੰਦ (ਛੀਂਬਾ, ਦਵਾਰਕਾ), ਭਾਈ ਹਿੰਮਤ ਸਿੰਘ (ਝੀਵਰ, ਜਗਨਨਾਥ) ਅਤੇ ਭਾਈ ਸਾਹਿਬ ਚੰਦ (ਨਾਈ, ਬਿਦਰ) ਨੇ ਸੀਸ ਦੇ ਕੇ ਭਾਰਤੀ ਮਨੁੱਖਤਾ ਦੀ ਪ੍ਰਤੀਨਿਧਤਾ ਕੀਤੀ ਕਿ ਕੌਮ ਕੁਰਬਾਨੀ ਲਈ ਤਿਆਰ ਹੈ। ਬਸ ਫਿਰ ਕੀ ਸੀ, ਗੁਰੂ ਸਾਹਿਬ ਨੇ ਜਥੇਦਾਰੀ ਕੌਮ ਦੇ ਸਪੁਰਦ ਕਰ ਦਿੱਤੀ, ਆਪੇ ਗੁਰ ਚੇਲਾ ਹੋ ਗਏ। ਪੰਜ ਪਿਆਰਿਆਂ ਦੀ ਵਾਸੀ ਹੀ ਦੱਸਦੀ ਹੈ ਕਿ 1699 ਵਿਚ ਸਾਰੇ ਭਾਰਤ ਵਿਚੋਂ ਲੋਕੀਂ ਸ੍ਰੀ ਗੁਰੂ ਜੀ ਦਾ ਸੰਦੇਸ਼ ਸੁਣਨ ਵਾਸਤੇ ਪੁੱਜੇ ਹੋਏ ਸਨ।

ਇਸ ਨਾਟਕੀ ਕਾਂਡ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਅੰਕਤ ਨਹੀਂ ਕੀਤਾ। ਇਸ ਦਾ ਕਾਰਨ ਉਹ ਆਪ ਹੀ ਜਾਣਦੇ ਹਨ। ਹਜ਼ੂਰ ਖਾਲਸੇ ਵਿਚ ਸਮਾ ਗਏ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮਹਿ ਹਉਂ ਕਰਉ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗ।
ਖਾਲਸਾ ਕੇ ਹਉਂ ਬਸਤ ਸਦ ਸੰਗ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹਿਯਤ ਬਿਰਦ।
ਖਾਲਸਾ ਮੇਰੋ ਪੱਛ ਅਰੁ ਪਾਟ।
ਖਾਲਸਾ ਮੇਰੋ ਸੁਖ ਅਹਿਲਾਦ।

www.sikhbookclub.com

ਖਾਲਸਾ ਮੇਰੋ ਮਿਤ੍ਰ ਸਖਾਈ ।
ਖਾਲਸਾ ਮਾਤ ਪਿਤਾ ਸੁਖਦਾਈ ।
ਖਾਲਸਾ ਮੇਰੀ ਸੋਭਾ, ਸੀਲ ।
ਖਾਲਸਾ ਬੰਧੁ ਸਖਾ ਸਦ ਡੀਲ ।
ਖਾਲਸਾ ਮੇਰੋ ਜਤ ਅਰ ਪਤ ।
ਖਾਲਸਾ ਸੋ ਮਾ ਕਉ ਉਤਪਤਿ ।
ਖਾਲਸਾ ਮੇਰੋ ਭਵਨ ਭੰਡਾਰ ।
ਖਾਲਸਹਿ ਕਰਿ ਮੇਰੋ ਸਦ ਕਾਰ ।
ਖਾਲਸਾ ਮੇਰੋ ਸਜਨ ਪਰਵਾਰ ।
ਖਾਲਸਾ ਮੇਰੋ ਕਰਤ ਉਧਾਰ ।
ਖਾਲਸਾ ਮੇਰੋ ਪਿੰਡ ਪ੍ਰਾਨ ।
ਖਾਲਸਾ ਮੇਰੀ ਜਾਨ ਕੀ ਜਾਨ ।
ਖਾਲਸਾ ਮੇਰੋ ਧਰਮ ਅਰ ਕਰਮ ।
ਖਾਲਸਾ ਮੇਰੋ ਭੇਦ ਨਿਜ ਮਰਮ ।
ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸ੍ਵਜਨ ਸੂਰਾ ।
ਖਾਲਸਾ ਮੇਰੋ ਬੁਧਿ ਗਯਾਨ ।
ਖਾਲਸੇ ਕਾ ਹਉ ਧਰਉ ਧਯਾਨ ।
ਉਪਮਾ ਖਾਲਸਹਿ ਜਾਤ ਨ ਕਹੀ ।
ਜਿਹਵਾ ਏਕ ਪਾਰ ਨਹਿੰ ਲਹੀ ।

('ਸਰਬ ਲੋਹ ਗ੍ਰੰਥ' ਵਿਚੋਂ)

(12/1965)

www.sikhbookclub.com

ਅਦੁੱਤੀ ਵੈਸਾਖੀ

ਮਨੁੱਖ ਦੀ ਜੀਵਨ-ਤੋਰ ਵਿਚ ਕੁਝ ਦਿਨ ਐਸੀਆਂ ਘਟਨਾਵਾਂ ਭਰਪੂਰ ਵੀ ਹੁੰਦੇ ਹਨ, ਜਿਨ੍ਹਾਂ ਨੂੰ ਭਵਿੱਖ ਦੇ ਇਤਿਹਾਸ ਦੀ ਚੂਲ ਦਾ ਧੁਰਾ ਕਿਹਾ ਜਾ ਸਕਦਾ ਹੈ। ਇਹ ਘਟਨਾਵਾਂ ਚੰਗੀਆਂ ਅਤੇ ਆਸ਼ਾਵਾਦੀ ਭਾਵਨਾਵਾਂ ਭਰਪੂਰ ਵੀ ਹੋ ਸਕਦੀਆਂ ਹਨ ਅਤੇ ਮੰਦੀਆਂ ਤੇ ਨਿਰਾਸ਼ਾਵਾਦੀ ਵੀ, ਮਨੁੱਖੀ ਸਮਾਜ ਦੀ ਪ੍ਰਗਤੀ ਵਾਲੀਆਂ ਵੀ ਤੇ ਦੁਰਗਤੀ ਵਾਲੀਆਂ ਵੀ।

ਸੰਮਤ ੧੭੫੬ ਦੀ ਵੈਸਾਖੀ ਦਾ ਪਾਵਨ ਦਿਨ ਨਾ ਕੇਵਲ ਸਿੱਖਾਂ ਅਤੇ ਭਾਰਤ ਵਾਸੀਆਂ ਲਈ ਹੀ, ਸਗੋਂ ਸਮਸਤ ਸੰਸਾਰ ਦੀ ਸਦੀਵੀ ਅਗਵਾਈ ਲਈ ਇਕ ਐਸੀ ਸੇਧ ਦਾ ਮੂਜਬ ਹੋਇਆ, ਜਿਸ ਨੂੰ ਹੱਕੀ ਤੌਰ ਉੱਤੇ ਮਨੁੱਖ ਦੀ ਚਲਨ-ਉਸਾਰੀ, ਦੈਵੀ-ਕਰਤਵ ਤੇ ਅਰਸ਼ੀ ਆਸ਼ਿਆਂ ਨਾਲ ਲਬਾ-ਲਬ ਭਰੇ ਜੀਵਨ ਦਾ ਜੌਹਰ ਕਿਹਾ ਜਾ ਸਕਦਾ ਹੈ।

ਹਾਂ, ਆਦਿ ਕਾਲ ਤੋਂ ਹੀ ਇਹ ਵੈਸਾਖੀ ਤਥਾ 'ਵੈਸਾਖ ਭਲਾ' "ਵੈਸਾਖੁ ਭਲਾ ਸਾਖਾ ਵੇਸ ਕਰੇ॥" (ਪੰਨਾ ੧੧੦੮) ਹਰ ਸਾਲ ਨਿਯਤ ਸਮੇਂ ਆਉਂਦੇ ਰਹੇ ਹਨ ਅਤੇ ਬਨਸਪਤੀ, ਪੱਤਝੜ ਉਪਰੰਤ, ਨਵੀਆਂ ਪੱਤੀਆਂ ਤੇ ਕਰੂੰਬਲਾਂ ਦੀ ਸ਼ਕਲ ਵਿਚ ਨਵਾਂ ਵੇਸ ਵਟਾਉਂਦੀ ਆਈ ਹੈ। ਕਾਲ ਦੇ ਅਰੁਕਵੇਂ ਵੇਗ ਦਾ ਸਿਲਸਿਲਾ ਜਦ ਤਕ 'ਕਰਤਾਰ' "ਜਬ ਆਕਰਖ ਕਰਤ ਹੋ ਕਬਹੂੰ॥ ਤੁਮ ਮੈ ਮਿਲਤ ਦੇਹ ਧਰ ਸਭਹੂੰ॥" (ਪਾਤਸ਼ਾਹੀ ੧੦) 'ਆਕਰਖ ਕਰ ਕੇ' ਸਭ ਕੁਝ ਆਪਣੇ ਆਪ ਵਿਚ ਸਮੇਟ ਨਹੀਂ ਲੈਂਦਾ, ਜਾਰੀ ਰਹੇਗਾ।

ਜਿਵੇਂ ਰੁੱਤਾਂ ਦੀ ਬਦਲੀ ਨਾਲ ਬਨਸਪਤੀ ਵਿਚ ਪਤਝੜ ਆਉਣ ਦਾ ਨੇਮ ਹੈ, ਕੁਝ ਇਵੇਂ ਹੀ ਮਨੁੱਖਤਾ ਦੇ ਮਨਾਂ ਦੀਆਂ ਕਿਆਰੀਆਂ ਵਿਚ ਵੀ ਇਹ ਵੀਰਾਨਾ-ਪਨ ਆਉਂਦਾ ਰਿਹਾ ਹੈ। ਜਦ ਜਦ ਵੀ ਮਨੁੱਖ ਵਿਚ ਈਰਖਾ, ਦਵੈਖ, ਹਉਮੈ, ਸਵਾਰਥ, ਜਬਰ, ਤਅੱਦੀ ਤੇ ਹਿੰਸਕ ਰੁਚੀਆਂ ਵਧੀਆਂ ਤੇ ਮਨਾਂ ਦੇ ਸਦਗੁਣਾਂ ਦੀ ਰਮਣੀਕ ਫੁਲਵਾੜੀ ਔਗੁਣਾਂ ਦੇ ਉਦਿਆਨ ਵਿਚ ਬਦਲੀ ਤਦ ਹੀ ਮਨੁੱਖਤਾ ਦੀ ਬਹੁੜੀ ਕਰਨ ਲਈ ਕਰਤਾਰ ਕੌਤਕਹਾਰ ਨੇ ਤਰੁੱਠ ਕੇ, ਕਿਸੇ ਨਿਵਾਜੀ ਰੂਹ ਨੂੰ ਥਾਪਣਾ ਦੇ ਕੇ ਸੰਸਾਰ ਉੱਤੇ ਭੇਜਿਆ, ਜਿਸ ਨੇ ਪਿਆਰਾਂ ਤੇ ਉਪਕਾਰਾਂ ਦੀ ਛਹਿਬਰ ਲਾ ਕੇ ਤੇ ਆਪੇ ਦੀ ਸੋਝੀ ਦੁਆ ਕੇ ਇਸ ਫੁਲਵਾੜੀ ਵਿਚ ਖੇੜੇ ਲਿਆਂਦੇ, ਜੀਵਨ-ਮਨੋਰਥ ਦੀਆਂ ਪੱਧਰਾਂ, ਉਚਿਆਈਆਂ ਤੇ ਕਿਸੇ ਦਾ ਸੁਖ ਖੋਹ ਲੈਣ ਦੀ ਥਾਂ ਸੁਖ ਦੇਣ ਤੇ ਦਰਦ-ਵੰਡਾਉਣ ਵਿਚ ਘਣਾ-ਅਨੰਦ ਪ੍ਰਤੀਤ ਕਰਨ ਦਾ ਭੇਤ ਸਮਝਾਇਆ।

ਮਨੁੱਖ ਦੇ ਇਤਿਹਾਸ ਦੀ ਤੋਰ ਵਿਚ ਇਕ ਵੇਰ ਇਕ ਸਮਾਂ ਅਜਿਹਾ ਆਇਆ, ਜਦ ਇਸ ਦਾ ਜੀਵਨ ਏਥੋਂ ਤਕ ਨਿੱਘਰ ਗਿਆ ਕਿ ਰਾਜੇ ਜੋ ਪਰਜਾ ਦੇ ਰਾਖੇ ਸਨ, ਉਹ ਸ਼ੀਂਹ "ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥" (ਪੰਨਾ ੧੨੮੮) ਵਾਂਗੂ ਖੂੰਖਾਰ ਹੋ ਗਏ ਤੇ 'ਮੁਕੱਦਮ' ਕੁੱਤਿਆਂ

www.sikhbookclub.com

ਵਾਂਗ ਲੋਭੀ। ਵਾੜ "ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।" (ਵਾਰ ੧/੩੦) ਹੀ ਖੇਤ ਨੂੰ ਖਾਣ ਲੱਗੀ। ਪਰਜਾ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" (ਪੰਨਾ ੪੬੯) ਗਿਆਨ-ਹੀਨ ਹੋ, ਦੂਜਿਆਂ ਦੇ ਹੱਕ ਉੱਤੇ ਛਾਪਾ ਮਾਰ ਮੁਰਦਾਰ ਖਾਣ ਵਿਚ ਰੁੱਝ ਗਈ। ਸੱਚ "ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥" (ਪੰਨਾ ੪੬੮) ਦਾ ਕਾਲ ਪੈ ਗਿਆ, ਤੇ ਹਰ ਪਾਸੇ ਕੂੜ ਹੀ ਕੂੜ ਪ੍ਰਧਾਨ ਦਿਸ ਆਇਆ। ਨਿਆਂ-ਦਾਤੇ ਕਾਜ਼ੀ ਵੱਢੀਆਂ ਲੈ ਕੇ ਹੱਕ-ਇਨਸਾਫ਼ ਦਾ ਖ਼ੂਨ ਕਰਨ ਤੇ ਸੱਚ ਦਾ ਗਲਾ ਘੁੱਟਣ ਲੱਗੇ "ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕੁ ਗਵਾਈ।" (ਵਾਰ ੧/੩੦) ਧਾਰਮਿਕ ਆਗੂ ਸਿੱਖ ਧਰਮ ਦੀ ਇਕਾਈ ਨੂੰ ਸਮਝਣ-ਸਮਝਾਉਣ ਦੀ ਥਾਂ ਆਪਣੇ-ਆਪਣੇ ਅਨੁਯਾਈਆਂ ਦੇ ਲਾਓ-ਲਸ਼ਕਰਾਂ ਸਮੇਤ ਖਹਿ-ਖਹਿ ਮਰ ਰਹੇ ਸਨ। ਗੱਲ ਕੀ ਲੋਭ-ਲਹਿਰ ਦੀ ਤਿੱਖੀ ਮਾਰ ਹੇਠ ਆਈ ਮਨੁੱਖ-ਮਨਾਂ ਦੀ ਫੁਲਵਾੜੀ ਦਾ ਕੋਈ ਵਿਰਲਾ ਬੂਟਾ ਹੀ ਹਰਿਆ-ਭਰਿਆ ਦਿਸਦਾ ਸੀ। ਹਰ ਪਾਸੇ ਸਹਿਮ, ਤ੍ਰਿਸ਼ਨਾ, ਹਉਮੈ ਤੇ ਲੁਟ-ਖਸੁੱਟ ਦੇ ਕਾਰਨ ਸੰਸਾਰ ਵਿਚ ਇਕ ਅਜੀਬ ਕੋਹਰਾਮ ਮੱਚ ਰਿਹਾ ਸੀ।

ਆਖਰ ਮਨੁੱਖ ਦੀ ਪੀੜਤ ਆਤਮਾ ਦੀ ਪੁਕਾਰ ਪ੍ਰਭੂ ਪਿਤਾ ਦੇ ਦਰ ਪੁੱਜੀ। ਉਹ ਤਰੁੱਠਿਆ ਤੇ ਉਸ ਨੇ ਆਪਣੀ ਮੇਹਰ ਨੂੰ ਨਿਰੰਕਾਰੀ ਨਾਨਕ ਜੀ ਦੇ ਰੂਪ ਵਿਚ ਮੂਰਤੀਮਾਨ ਕੀਤਾ, ਜਿਨ੍ਹਾਂ ਨੇ ਕੂੜ ਦੀ ਪਾਲ (ਕੰਧ) ਨੂੰ ਤੋੜ ਕੇ, ਸਚਿਆਰੇ ਬਣਨ ਹਿੱਤ ਰਜ਼ਾ ਵਾਲੇ ਪ੍ਰਭੂ ਦੇ ਹੁਕਮ ਵਿਚ ਚੱਲਣ ਦੀ ਵਿਧੀ ਸਮਝਾਈ। ਸੱਚੇ ਰੱਬ ਦੀ ਸੱਚੀ ਟਕਸਾਲ ਵਿਚ ਮਨੁੱਖ-ਚਲਣ ਨੂੰ ਘੜਨ ਹਿਤ ਇਕ ਨਹੀਂ, ਸਗੋਂ ਨੌਂ ਜਾਮੇ ਧਾਰੇ। ਨਿਰੰਕਾਰੀ ਬਾਬੇ ਦਾ ਦਾਅਵਾ ਸੀ ਕਿ ਘਰ-ਘਰ ਵਿਚ ਧਰਮਸਾਲ "ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।" (ਵਾਰ ੧/੨੭) ਹੋਵੇਗੀ, ਓਥੇ ਹਰੀ-ਕੀਰਤਨ ਦਾ ਧੁਨ ਉਠੇਗੀ ਅਤੇ ਹਰ ਸਵੇਰ, ਵਸੋਆ (ਵੈਸਾਖੀ ਨੌਂ-ਰੋਜ਼ ਚਾਵ੍ਹਾਂ ਮਲ੍ਹਾਰਾਂ ਦਾ ਦਿਨ ਹੋਵੇਗਾ।

ਸਮਾਂ ਬੀਤਦਾ ਗਿਆ, ਵੈਸਾਖੀ ਆਉਂਦੀ ਤੇ ਜਾਂਦੀ ਰਹੀ। ਬਾਬੇ ਦੇ ਸਾਦਿਕ ਸਿੱਖਾਂ ਦੇ ਘਰ ਧਰਮਸਾਲਾਂ ਵਿਚ ਬਦਲ ਗਏ, ਹਰੀ-ਕੀਰਤਨ ਦੀਆਂ ਗੂੰਜਾਂ ਪੈਣ ਲੱਗੀਆਂ, ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝਿਆ ਜਾਣ ਲੱਗਾ ਅਤੇ ਨਾਮ ਜਪਣ, ਧਰਮ ਦੀ ਕਿਰਤ ਕਰਨ ਦੇ ਨਾਲ ਵੰਡ ਕੇ ਛਕਣ ਦੀ ਮਰਯਾਦਾ ਪ੍ਰਪੱਕ ਹੁੰਦੀ ਗਈ। ਹਰੇਕ ਘਰ ਦਾ ਲੰਗਰ, ਗੁਰੂ ਕੇ ਲੰਗਰ ਵਿਚ ਬਦਲ ਗਿਆ। ਪ੍ਰੰਤੂ, ਅਜੇ ਉਹ ਅਨੋਖੀ ਵੈਸਾਖੀ ਆਉਣੀ ਸੀ, ਜਿਸ ਦੀ ਆਮਦ ਦੀ ਤਿਆਰੀ ਵਿਚ ਇੰਨਾ ਕੁਝ ਕੀਤਾ ਅਤੇ 230 ਸਾਲ ਦਾ ਇਹ ਲੰਮਾ ਸਮਾਂ ਲਾਇਆ ਜਾ ਰਿਹਾ ਸੀ।

ਆਖਰ, ਮਨੁੱਖ ਦੇ ਸੁਭਾਗ ਨੂੰ ਉਹ ਕਲਿਆਣਕਾਰੀ ਵੈਸਾਖੀ ਆ ਗਈ, ਜਿਸ ਦਿਨ ਮਨੁੱਖ-ਆਚਰਨ ਦੇ ਉਸ ਮਹੱਲ ਦੀ ਸੰਪੂਰਨਤਾ ਹੋਣੀ ਸੀ ਜਿਸ ਦੀ ਬੁਨਿਆਦ, ਅਰਸ਼ੀ ਨਾਨਕ ਨੇ ਰਾਵੀ ਦੇ ਬੇਲਿਆਂ, ਸੁਮੇਰ ਪਰਬਤ ਦੀਆਂ ਬਿਖਮ ਘਾਟੀਆਂ, ਅਰਬ ਦੇ ਮਾਰੂਥਲਾਂ ਤੇ ਭਿਆਨਕ ਜੰਗਲਾਂ ਬੀਆਬਾਨਾਂ ਵਿਚ ਧੁਰੋਂ ਆਈ ਬਾਨੀ ਨੂੰ ਅੱਲਾਹੀ ਵਜਦ ਵਿਚ ਇਉਂ ਗਾਂਦਿਆਂ-ਗਾਂਦਿਆਂ ਰੱਖੀ ਸੀ :

—ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (ਪੰਨਾ ੧੪)

—ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਪੰਨਾ ੬੨)

www.sikhbookclub.com

—ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ (ਪੰਨਾ ੬੮੭)

—ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਪੰਨਾ ੪੭੦)

—ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (ਪੰਨਾ ੧੪੧)

—ਮਨਿ ਜੀਤੈ ਜਗੁ ਜੀਤੁ ॥ (ਪੰਨਾ ੬)

ਨਿਰੰਕਾਰੀ ਬਾਬੇ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥" (ਪੰਨਾ ੯੬੬) ਦੀ 'ਓਹਾ' ਜੋਤ ਤੇ 'ਸਾਈ' ਜੁਗਤੀ ਵਿਚ ਵਿਚਰਨ ਵਾਲੇ ਸ੍ਰੀ ਦਸਮੇਸ਼ ਜੀ ਨੇ ਇਸ ਵਾਰੀ ਸੰਗਤਾਂ ਨੂੰ ਉਚੇਚੇ ਸੱਦੇ ਭੇਜੇ ਕਿ ਉਹ ਵੈਸਾਖੀ ਸਮੇਂ ਹੁੰਮ-ਹੁਮਾ ਕੇ ਸ੍ਰੀ ਅਨੰਦਪੁਰ ਪੁੱਜਣ। ਸੋ, ਦੇਸ਼ ਭਰ 'ਚੋਂ ਹਜ਼ਾਰਾਂ ਗੁਰੂ ਕੇ ਸਿੱਖ ਲੰਮੇ ਪੈਂਡੇ ਝਾਗਦੇ, ਗੁਰੂ-ਦਰਸ਼ਨਾਂ ਲਈ ਪੁੱਜੇ। ਸ੍ਰੀ ਅਨੰਦਪੁਰ ਵਿਖੇ ਇਸ ਵਾਰੀ ਵਿਸ਼ੇਸ਼ ਉਤਸ਼ਾਹ ਤੇ ਰੌਣਕ ਸੀ।

ਆਖ਼ਰ ਸੰਮਤ ੧੭੫੬ ਦੀ ਵੈਸਾਖੀ ਦੇ ਪਾਵਨ ਦਿਨ ਦੀ ਉਹ ਘੜੀ ਆਈ ਜਦ ਮਾਨਵਤਾ ਦੀ ਸਦੀਵੀ ਜਿੱਤ ਦੀ ਜੈ-ਜੈ-ਕਾਰ ਹੋਣੀ ਸੀ, ਜਦ ਇਕ, ਦੋ, ਤਿੰਨ ਦੀਆਂ ਵੰਡਾਂ ਤੇ ਵਿਤਕਰਿਆਂ ਦੇ ਸਭ ਆਈਨ ਮਨਸੂਖ ਹੋਣੇ ਤੇ ਜੀਵਨ ਦੇ ਹਰ ਖੇਤਰ ਵਿਚ ਮਨੁੱਖੀ ਸਮਾਨਤਾ ਦਾ ਬੋਲ-ਬਾਲਾ ਹੋਣਾ ਸੀ, ਜਦ "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਹੱਕੀ ਨਾਅਰੇ ਦਾ ਇਕ ਅਜਬ ਢੰਗ ਨਾਲ ਪ੍ਰਗਟਾਵਾ ਕੀਤਾ ਜਾਣਾ ਸੀ, ਜਦ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਉਹ ਨਾਟਕ ਖੇਡਿਆ ਜਾਣਾ ਸੀ, ਜਿਸ ਨੂੰ ਇਨਸਾਨ ਰਹਿੰਦੀ ਦੁਨੀਆਂ ਤਕ ਨਾ ਭੁੱਲੇ, ਜਦ ਪੂਰਨ ਮਨੁੱਖ ਖਾਲਸੇ ਨੇ ਜ਼ਹੂਰ ਵਿਚ ਆਉਣਾ, ਗੁਰੂ ਨੇ ਚੇਲਿਆਂ ਤੋਂ ਦੀਖਸ਼ਤ ਹੋਣਾ ਤੇ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਣਾ ਸੀ—ਜਿਨ੍ਹਾਂ ਤੋਂ ਬਿਨਾਂ ਜੀਵਨ ਥੋਥਾ, ਅਧੂਰਾ ਤੇ ਉਲਾਰ ਸੀ।

ਵੇਖੋ, ਹੁਣ ਇਸ ਸੰਸਾਰ ਨੂੰ ਜਗਤ-ਤਮਾਸ਼ਾ ਸਮਝਣ ਵਾਲੇ ਕਲਗੀਆਂ ਤੇ ਚਿੱਟਿਆਂ ਬਾਜ਼ਾਂ ਵਾਲੇ ਗੁਰਦੇਵ—ਏਕਾਂਤ, ਸੋਚ ਤੇ ਵੈਰਾਗਮਈ ਅਵਸਥਾ ਵਿਚ ਰਹਿਣ ਉਪਰੰਤ ਨੰਗੀ ਸ੍ਰੀ ਸਾਹਿਬ ਹੱਥ ਵਿਚ ਫੜੀ, ਕਿਸੇ ਦਿਲ-ਜ਼ੋਰ ਅਵਸਥਾ ਵਿਚ ਦੀਵਾਨ ਵਿਚ ਆਏ ਹਨ ਤੇ ਕਿਵੇਂ ਬੀਰ-ਰਸੀ ਕੜਕਵੀਂ ਆਵਾਜ਼ ਵਿਚ ਸਿੱਖਾਂ ਤੋਂ ਸਿਰਾਂ ਦੀ ਮੰਗ ਕੀਤੀ ਹੈ, ਅਤੇ ਉਹ ਵੀ ਬਿਨਾਂ ਕੋਈ ਕਾਰਨ ਦੱਸੇ। ਸਾਰੇ ਸੱਨਾਟਾ ਛਾ ਗਿਆ। ਸੰਗਤਾਂ ਹੱਕੀਆਂ-ਬੱਕੀਆਂ ਰਹਿ ਗਈਆਂ ਤੇ ਸੋਚਿਆ ਕਿ ਪਹਿਲੇ ਸਤਿਗੁਰਾਂ ਤਾਂ ਕਦੀ ਅਜਿਹਾ ਪਰਚਾ ਨਹੀਂ ਸੀ ਪਾਇਆ। ਜਿਹੜੇ ਸਿੱਖ ਦਿਮਾਗੀ ਤੌਰ ਉੱਤੇ ਜਿੰਨੇ ਵਧੇਰੇ ਚਤੁਰ ਸਨ, ਉਹ ਉਤਨੇ ਹੀ ਵਧ ਘਬਰਾਏ।

ਸ੍ਰੀ ਗੁਰੂ ਜੀ ਨੇ ਜਲਾਲ ਵਿਚ ਆ ਕੇ ਹੋਰ ਦੋ ਵੇਰ ਸਿਰ ਦੀ ਮੰਗ ਦੁਹਰਾਈ। ਆਖ਼ਰ ਲਾਹੌਰ ਦੇ ਭਾਈ ਦਯਾ ਰਾਮ ਜੀ ਖੱਤਰੀ ਨੇ ਗਲ ਵਿਚ ਪੱਲਾ ਪਾ ਕੇ ਜੋਦੜੀ ਕੀਤੀ, 'ਦਾਤਾ ਇਹ ਸਿਰ ਤੇਰਾ ਹੈ, ਜਿਸ ਲੇਖੇ ਚਾਹੋ, ਲਾਵੋ ਤੇ ਸਫਲਾ ਕਰੋ।'

ਗੁਰਦੇਵ ਉਸ ਨੂੰ ਨਾਲ ਦੀ ਠੇਰੀ ਉੱਤੇ ਲਗੇ ਤੰਬੂ ਵਿਚ ਲੈ ਗਏ ਤੇ ਫੇਰ ਲਹੂ-ਭਿੱਜੀ ਤਲਵਾਰ ਹੱਥ ਲਈ ਆ ਕੜਕੇ ਕਿ ਇਕ ਹੋਰ ਸਿਰ ਦੀ ਲੋੜ ਹੈ।

ਲਹੂ ਨਾਲ ਭਿੱਜੀ ਤਲਵਾਰ ਨੇ ਰਹਿੰਦਾ-ਖੂੰਹਦਾ ਇਹ ਸੰਸਾ ਵੀ ਦੂਰ ਕਰ ਦਿੱਤਾ ਕਿ ਸ਼ਾਇਦ ਸਤਿਗੁਰੂ ਜੀ ਦਾ ਭਾਵ ਸੱਚੀਂ ਮੁੱਚੀਂ ਸਿਰ ਲੈਣ ਤੋਂ ਨਾ ਹੋਵੇ।

ਪਰੰਤੂ ਸਤਿਗੁਰਾਂ ਦੀ ਇਸ ਦੂਜੀ ਲਲਕਾਰ ਦੇ ਉੱਤਰ ਵਿਚ ਭਾਈ ਧਰਮ ਚੰਦ (ਜੱਟ), ਤੀਜੀ

www.sikhbookclub.com

'ਤੇ ਭਾਈ ਹਿੰਮਤ ਰਾਏ (ਕਹਾਰ), ਚੌਥੀ 'ਤੇ ਭਾਈ ਮੁਹਕਮ ਚੰਦ (ਛੀਂਬੇ) ਅਤੇ ਪੰਜਵੀਂ 'ਤੇ ਭਾਈ ਸਾਹਿਬ ਚੰਦ ਜੀ (ਨਾਈ) ਨਿੱਤਰੇ ਤੇ ਸਿਰਾਂ ਨੂੰ ਸਤਿਗੁਰੂ ਜੀ ਦੇ ਹਵਾਲੇ ਕੀਤਾ। ਸਤਿਗੁਰੂ ਜੀ ਦੇ ਹਰ ਵਾਰ ਲਹੂ-ਭਿੱਜੀ ਤਲਵਾਰ ਲੈ ਕੇ ਦੀਵਾਨ ਵਿਚ ਆਉਣ ਨੇ, ਪ੍ਰੀਖਿਆ ਦੇ ਇਸ ਪਰਚੇ ਨੂੰ ਹਰ ਵਾਰੀ ਵਧੇਰੇ ਬਿਖਮ ਤੇ ਭਿਆਨਕ ਬਣਾ ਦਿੱਤਾ ਸੀ। ਸੋ ਹੁਣ ਤਕ ਦਿਲ-ਹਾਰੂ ਸਿਦਕਹੀਣਾਂ ਦੇ ਦੀਵਾਨ ਵਿਚੋਂ ਖਿਸਕਣ ਦੇ ਕਾਰਨ ਦੀਵਾਨ ਦੀ ਹਾਜ਼ਰੀ ਪਹਿਲਾਂ ਨਾਲੋਂ ਪਤਲੀ ਪੈ ਚੁੱਕੀ ਸੀ।

ਐਤਕੀਂ ਗੁਰਦੇਵ, ਪਹਿਲੇ ਵਾਂਗ ਸ਼ੀਘਰ ਹੀ ਹੋਰ ਸਿਰ ਮੰਗਣ ਲਈ ਦੀਵਾਨ ਵਿਚ ਨਾ ਪਰਤੇ ਸਗੋਂ ਕੁਝ ਸਮੇਂ ਉਪਰੰਤ ਜਦ ਪਧਾਰੇ ਤਾਂ ਸੋਹਣੇ ਬਸਤਰਾਂ ਨਾਲ ਸਜੇ ਉਹ ਪੰਜ ਸਿੱਖ ਵੀ ਨਾਲ ਹੀ ਸਨ, ਜਿਨ੍ਹਾਂ ਨੇ ਬਿਨਾਂ ਕਿੰਤੂ ਕੀਤੇ ਜਾਂ ਇਹ ਪੁੱਛੇ ਦੱਸੇ ਕਿ ਇਹ ਸਿਰ ਕਿਉਂ ਤੇ ਕਾਹਦੇ ਲਈ ਚਾਹੀਦੇ ਹਨ, ਸੀਸ ਭੇਟ ਕੀਤੇ ਸਨ; ਆਪਾ ਵਾਰਿਆ ਸੀ। ਇਹ ਅਲੌਕਿਕ ਦ੍ਰਿਸ਼ ਵੇਖ, ਸਭ ਨੂੰ ਹੈਰਾਨੀ ਹੋਈ ਤੇ ਨਾਲ ਪਛਤਾਵਾ ਵੀ, ਜੋ ਉਹ ਸਤਿਗੁਰੂ ਨੂੰ ਸਿਰ ਭੇਟ ਕਰਨ ਵਿਚ ਕਿਉਂ ਪਿੱਛੇ ਰਹਿ ਗਏ। ਘਬਰਾ ਕੇ, ਡਰਦੇ ਮਾਰੇ ਨੱਸੇ ਲੋਕ ਵੀ ਜਿਵੇਂ ਇਹ ਅਚੰਭਿਤ ਖਬਰ ਸੁਣੀ ਦੀਵਾਨ ਵਿਚ ਪਰਤ ਆਏ।

ਸਤਿਗੁਰੂ ਜੀ ਨੇ ਸਭ ਨੂੰ ਦਿਲਾਸਾ ਦਿੱਤਾ। ਖੰਡਾ, ਬਾਟਾ ਆਦਿ ਮੰਗਵਾਇਆ ਤੇ ਪੰਜਾਂ ਬਾਣੀਆਂ—ਸ੍ਰੀ ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵੱਯੇ, ਚੌਪਈ ਸਾਹਿਬ ਤੇ ਸ੍ਰੀ ਅਨੰਦ ਸਾਹਿਬ ਆਦਿ ਦਾ ਪਾਠ ਕਰਦਿਆਂ ਅੰਮ੍ਰਿਤ ਤਿਆਰ ਕੀਤਾ, ਪੰਜਾਂ ਪ੍ਰਵਾਨਿਆਂ ਨੂੰ ਛਕਾਇਆ ਅਤੇ ਹਰੇਕ ਦੇ ਨਾਮ ਪਿੱਛੇ ਸਿੰਘ ਪਦ ਲਾਉਣ ਉਪਰੰਤ ਕੁਝ ਇਸ ਭਾਵ ਦੇ ਸ਼ਬਦਾਂ ਨਾਲ ਉਨ੍ਹਾਂ ਨੂੰ ਸੰਬੋਧਨ ਕੀਤਾ:

"ਅੱਜ ਤੋਂ ਤੁਹਾਡਾ ਗੁਰੂ ਘਰ ਵਿਚ ਨਵਾਂ ਜਨਮ ਹੋਇਆ ਹੈ। ਪਿਛਲੀਆਂ ਜਾਤਾਂ, ਗੋਤਾਂ ਆਦਿ ਦੇ ਸਭ ਵਿਤਕਰੇ ਖ਼ਤਮ ਹੋਏ ਹਨ। ਅੱਜ ਤੋਂ ਤੁਸੀਂ 'ਵਾਹਿਗੁਰੂ ਜੀ ਕਾ ਖਾਲਸਾ' ਮੇਰੇ ਪਿਆਰੇ ਭਾਈ ਭਾਈ ਹੋ। ਸਦਾ ਕੇਵਲ ਇਕ ਅਕਾਲ ਦੀ ਟੇਕ ਰੱਖਣਾ ਤੇ ਓਸੇ ਦੀ ਜਾਗਦੀ ਜੋਤਿ ਨੂੰ ਜਪਣਾ:

ਜਾਗਤਿ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥

(ਦਸਮ ਗ੍ਰੰਥ, ਪੰਨਾ ੭੧੨)

ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਮਠ ਆਦਿ ਨੂੰ ਭੁੱਲ ਕੇ ਵੀ ਨਹੀਂ ਮੰਨਣਾ। ਹੁਣ ਤੋਂ ਤੁਸੀਂ ਮੇਰਾ 'ਖਾਸ ਰੂਪ ਖਾਲਸਾ' ਹੋ। "ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹਉ ਕਰਉ ਨਿਵਾਸ॥" (ਰਹਿਤਨਾਮਾ)। ਮੇਰੀ ਰਹਿਣੀ, ਮੇਰੀ ਕਰਨੀ, ਤੁਹਾਡੀ ਕਰਨੀ ਤੇ ਰਹਿਣੀ ਹੋਣਗੀਆਂ। ਗੁਰੂ ਸਦਾ ਅੰਗ ਸੰਗ ਹੋਵੇਗਾ, ਇਤਿਆਦਿ।"

ਪ੍ਰੇਮ ਦੇ "ਉਲਟਾ ਖੇਲ ਪ੍ਰਿਮ ਦਾ ਪੈਰੀ ਪਵਣਾ ਜਗ ਵਰਤਾਇਆ॥" (ਭਾਈ ਗੁਰਦਾਸ ਜੀ) ਇਸ 'ਉਲਟੇ ਖੇਲ' ਵਿਚ ਇਕ ਹੋਰ ਅਤਿ ਬਚਿਤਰ ਝਾਕੀ ਓਦੋਂ ਵਾਪਰੀ ਜਦ ਅੰਮ੍ਰਿਤ ਦਾਤੇ ਸ੍ਰੀ ਦਸਮੇਸ਼ ਜੀ ਨੇ ਗੋਡਿਆਂ ਪਰਨੇ ਹੋ, ਇਨ੍ਹਾਂ ਗੁਰੂ ਰੂਪ ਹੋ ਚੁੱਕੇ ਪੰਜਾਂ ਪਿਆਰਿਆਂ ਅੱਗੇ ਹੱਥ ਫੈਲਾ

www.sikhbookclub.com

ਜਾਚਣਾ ਕੀਤੀ ਕਿ ਹੁਣ ਇਹ ਅੰਮ੍ਰਿਤ ਦੀ ਦਾਤ ਉਨ੍ਹਾਂ ਨੂੰ ਵੀ ਬਖ਼ਸ਼ੀ ਜਾਵੇ। ਸਤਿਗੁਰਾਂ ਦੇ ਇਸ ਕਰਤੱਵ ਨੇ ਸਭ ਨੇਤਰ ਸੇਜਲ ਕਰ ਦਿੱਤੇ। ਸਭ ਪ੍ਰੇਮ-ਮੁਗਧ ਹੋ ਗੁਰਦੇਵ ਦੇ ਚਰਨ-ਕੰਵਲਾਂ ਤੋਂ ਵਾਰੇ ਜਾਣ ਲੱਗੇ। ਕੌਣ ਬਿਆਨ ਕਰੇ ਅਦੁੱਤੀ ਸਤਿਗੁਰੂ ਜੀ ਦੇ ਇਸ ਕਮਾਲ ਅਤੇ 'ਆਪੇ ਗੁਰ ਚੇਲਾ' ਹੋਣ ਦੇ ਲਾਸਾਨੀ ਫ਼ਲਸਫ਼ੇ ਦੇ ਪ੍ਰੇਮ-ਗੀਤ ਨੂੰ। ਭਾਈ ਨੰਦ ਲਾਲ ਜੀ ਨੇ ਸ਼ਾਇਦ ਕੁਝ ਅਜਿਹੇ ਦ੍ਰਿਸ਼ਾਂ ਤੋਂ ਹੀ ਪ੍ਰਭਾਵਤ ਹੋ, ਇਹ ਸ਼ੇਅਰ ਰਚੇ ਸਨ:

(ੳ) *ਤਾਲਬੇ ਮਤਲੂਬ ਗੁਰੂ ਗੋਬਿੰਦ ਸਿੰਘ।*

ਗੁਰਦੇਵ ਆਪ ਚਾਹੁਣ ਵਾਲੇ ਵੀ ਹਨ ਤੇ ਆਪੇ ਚਾਹੇ ਜਾਣ ਵਾਲੇ ਵੀ।

(ਅ) *ਸਾਜਦੇ ਮਸਜੂਦ ਗੁਰ ਗੋਬਿੰਦ ਸਿੰਘ।*

ਆਪ ਸਿਜਦਾ ਕਰਨ ਵਾਲੇ ਅਤੇ ਸਭ ਤੋਂ ਸਿਜਦਾ ਲੈਣ ਵਾਲੇ ਹਨ।

(ੲ) *ਦਿਲਿ ਆਸ਼ਕ ਬਅੰਦਕ ਫੁਰਸਤੇ ਮਾਸ਼ੂਕ ਮੇ ਗਰਦਦ।*
ਸਰਾ ਪਾ ਜਾਂ ਸਵਲ ਹਰ ਕਸ ਕਿ ਬਾ ਜਨਾਨਾ ਮੇ ਸਾਜ਼ਦ। *(ਗਜ਼ਲ ੨੧)*

ਆਸ਼ਿਕ (ਪ੍ਰੇਮੀ) ਦਾ ਦਿਲ ਥੋੜੇ ਸਮੇਂ ਬਾਅਦ ਮਾਸ਼ੂਕ ਹੋ ਜਾਂਦਾ ਹੈ। ਜਿਹੜੇ ਪਿਆਰ ਨਾਲ ਪ੍ਰੇਮ ਕਰਦੇ ਹਨ ਉਹ ਸਿਰ ਤੋਂ ਪੈਰਾਂ ਤਕ ਓਸੇ ਦਾ ਰੂਪ ਹੋ ਜਾਂਦੇ ਹਨ।

(ਸ) *ਆਸ਼ੁਫਤਾਇ ਆਨੇਮ ਕਿ ਆਸ਼ੁਫਤਾਇ ਮਾਸਤ।*
ਮਾ ਸ਼ਾਹ ਨ ਦਾਨੇਮ, ਗਦਾ ਰਾ ਨਾ ਸ਼ਨਾਸੇਮ। *(ਗਜ਼ਲ ੫੮)*

ਅਸੀਂ ਓਹਦੇ ਮਤਵਾਲੇ ਹਾਂ ਜੋ ਸਾਡੇ ਲਈ ਪਰੇਸ਼ਾਨ (ਮਤਵਾਲਾ) ਹੈ। ਪ੍ਰੇਮ ਦੀ ਇਸ ਖੇਡ ਵਿਚ ਨਾ ਕਿਸੇ ਨੂੰ ਬਾਦਸ਼ਾਹ ਜਾਣਦੇ ਹਾਂ, ਨਾ ਹੀ ਮੰਗਤਾ। ਦੋਹੀਂ ਪਾਸੀਂ ਪ੍ਰੇਮ ਦੀ ਇਕੋ ਜਿਹੀ ਖਿੱਚ ਤੇ ਅਗਨੀ ਪ੍ਰਜ੍ਵਲਤ ਹੈ।

ਇਸ ਤਰ੍ਹਾਂ ਸ੍ਰੀ ਅਨੰਦਪੁਰ ਦੀ ਪਾਵਨ ਧਰਤੀ ਉੱਤੇ ੧੭੫੬ ਦੀ ਵੈਸਾਖੀ ਦੇ ਦਿਨ ਮਨੁੱਖ ਦੇ ਇਤਿਹਾਸ ਵਿਚ ਉਹ ਇਨਕਲਾਬ ਆਇਆ ਜੋ ਸੂਰਜ ਦੀ ਅੱਖ ਨੇ ਨਾ ਕਦੀ ਪਹਿਲੇ ਵੇਖਿਆ ਸੀ ਅਤੇ ਨਾ ਹੀ ਸ਼ਾਇਦ ਕਦੇ ਫੇਰ ਵੇਖੇ। ਪ੍ਰੇਮ ਦੀ ਇਸ ਅਲੌਕਿਕ ਖੇਡ ਦਾ ਭੇਤ ਓਦੋਂ ਖੁੱਲ੍ਹਿਆ ਜਦ ਗੁਰੂ ਜੀ ਦੇ ਇਕ-ਇਕ ਸਿੰਘ ਨੇ ਸਵਾ-ਸਵਾ ਲੱਖ ਨਾਲ ਟਾਕਰਾ ਕੀਤਾ। ਚਮਕੌਰ ਦੀ ਕੱਚੀ ਗੜ੍ਹੀ ਵਿਚ ਚਾਲੀ ਭੁੱਖੇ ਭਾਣੇ ਸਿੰਘਾਂ ਨੇ ਦਸ ਲੱਖ ਨਾਲ ਸਫਲ ਯੁੱਧ ਕੀਤਾ।

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ॥੧੯॥ *(ਜ਼ਫ਼ਰਨਾਮਾ)*

ਸ੍ਰੀ ਕਲਗੀਧਰ ਜੀ ਦੀ ਇਸ ਅਵਸਰ ਉੱਤੇ ਕੀਤੀ ਕਰਾਮਾਤ ਓਦੋਂ ਪ੍ਰਚੰਡ ਹੋ ਚਮਕੀ ਜਦ ਸਿੰਘਾਂ ਤੇ ਸਿੰਘਣੀਆਂ ਨੇ ਖੋਪਰੀਆਂ ਲੁਹਾ ਲਹੀਆਂ, ਤਨਾਂ ਨੂੰ ਆਰਿਆਂ ਨਾਲ ਚਿਰਵਾ ਲਿਆ, ਬੰਦ ਬੰਦ ਕਟਵਾ ਲਏ, ਚਰਖੜੀਆਂ ਉੱਤੇ ਤੂੰਬਾ ਤੂੰਬਾ ਉਡਣਾ ਪਰਵਾਨ ਕਰ ਲਿਆ, ਬੱਚਿਆਂ ਨੂੰ ਟੁਕੜੇ ਕਰਵਾ ਕੇ ਝੋਲੀਆਂ ਵਿਚ ਪੁਆਇਆ, ਪੂਰਾਂ ਤੇ ਪੂਰ ਪਰਵਾਨਿਆਂ ਨੇ ਖਿੜੇ ਮੱਥੇ ਸ਼ਹਾਦਤ ਦੇ ਜਾਮ ਪੀਤੇ ਪਰ ੧੭੫੬ ਦੀ ਇਤਿਹਾਸਕ ਵੈਸਾਖੀ ਵਾਲੇ ਪਾਵਨ ਦਿਵਸ ਪ੍ਰਾਪਤ ਕੀਤੇ ਸਿੱਖੀ ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਇਆ। ਸਾਰੇ ਸਿੱਖ ਇਤਿਹਾਸ ਵਿਚ ਇਕ ਵੀ ਘਟਨਾ ਅਜਿਹੀ ਨਹੀਂ ਮਿਲਦੀ ਜਦ ਗੁਰੂ ਜੀ ਦੇ ਸਿੰਘ ਦਾ ਸਿਦਕ ਡੋਲਿਆ ਹੋਵੇ।

www.sikhbookclub.com

ਸਿੱਖੀ ਦੇ ਬ੍ਰਿਛ ਨੂੰ ਸਿਦਕ ਦੇ ਲੱਗੇ ਫ਼ੁਲ ਦੇ ਸਿੱਖਰ ਦਾ ਇਕ ਅਲੌਕਿਕ ਦ੍ਰਿਸ਼ ਓਦੋਂ ਨਜ਼ਰੀਂ ਆਉਂਦਾ ਤੇ ਅੱਖਾਂ ਨੂੰ ਚੁੰਧਿਆਉਂਦਾ ਹੈ ਜਦ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਗ੍ਰਿਫ਼ਤਾਰ ਕੀਤੇ ਗਏ ਸੱਤ ਸੌ ਤੋਂ ਵਧੀਕ ਸਿੰਘਾਂ ਦੇ ਸੌ ਸੌ ਜਥੇ ਨੂੰ ਦਿੱਲੀ ਵਿਖੇ ਰੋਜ਼ ਕਤਲ ਕੀਤਾ ਜਾਂਦਾ ਸੀ। ਜਦ ਕਾਜ਼ੀ ਹਰੇਕ ਸਿੰਘ ਨੂੰ ਇਸਲਾਮ ਜਾਂ ਮੌਤ 'ਚੋਂ ਇਕ ਨੂੰ ਚੁਣਨ ਦੀ ਪੇਸ਼ਕਸ਼ ਕਰਦਾ ਤਾਂ ਕੀ ਮਜਾਲ ਜੋ ਤਸੀਹਾਂ ਨਾਲ ਵਿੰਨ੍ਹ-ਵਿੰਨ੍ਹ ਕਿਸੇ ਇਕ ਵੀ ਸਿੰਘ ਦੇ ਸਿਦਕ ਵਿਚ ਕਿਸੇ ਪ੍ਰਕਾਰ ਦੀ ਲਰਜ਼ਸ਼ (ਕਮਜ਼ੋਰੀ) ਆਈ ਹੋਵੇ। ਇਸ ਬਾਰੇ ਇਤਿਹਾਸਕਾਰ ਖਾਫੀ ਖਾਨ ਦੀ ਗਵਾਹੀ ਨੇ ਤਾਂ 'ਸਿੱਖੀ ਸਿਦਕ' ਨੂੰ ਉਹ ਉਜਾਗਰ ਕੀਤਾ ਹੈ ਕਿ ਵਰਤਮਾਨ ਜੁੱਗ ਦੇ ਸਿੱਖ ਗੱਭਰੂਆਂ ਦੀ ਸਿੱਖ ਰਹਿਤ ਮਰਯਾਦਾ ਵਿਚ ਇਕ ਪ੍ਰਪੱਕ ਨਾ ਰਹਿਣ ਦੀ ਅਰੁਚੀ ਨਾ ਕੇਵਲ ਲੱਜਾ ਦਾ ਹੀ ਕਾਰਨ ਹੈ, ਸਗੋਂ ਨਾ-ਖਿਮਾਂ ਕੀਤੀ ਜਾਣ ਵਾਲੀ ਅਵੱਗਿਆ ਤੇ ਸਿੱਖਾਂ ਜਿਹੀ ਸਿਰਮੌਰ ਕੌਮ ਉੱਤੇ ਇਕ ਬਦ-ਨੁਮਾ ਧੱਬਾ ਵੀ। ਉਹ ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਜੋ ਸਿੱਖ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਵਿਚ ਛੋਟੀ ਉਮਰ ਦਾ ਇਕ ਬੱਚਾ ਵੀ ਸੀ। ਇਸ ਬੱਚੇ ਦੀ ਬੁੱਢੀ ਮਾਂ ਨੇ ਕਿਸੇ ਤਰ੍ਹਾਂ ਦਿੱਲੀ ਪੁੱਜ ਕੇ ਤੇ ਇਹ ਕਹਿ ਕੇ ਕਿ ਉਸ ਦਾ ਨਾਬਾਲਗ ਬੱਚਾ ਸਿੱਖ ਨਹੀਂ ਜਿਵੇਂ-ਕਿਵੇਂ ਉਸ ਦੀ ਰਿਹਾਈ ਦਾ ਸ਼ਾਹੀ ਪਰਵਾਨਾ ਹਾਸਿਲ ਕਰ ਲਿਆ। ਜਿਸ ਦਿਨ ਤੇ ਜਿਸ ਸਮੇਂ ਉਹ ਬੀਰ ਬੱਚਾ ਕਤਲ ਹੋਣ ਲਈ ਅੱਗੇ ਵਧਿਆ, ਉਸ ਦੀ ਮਾਤਾ ਭੀੜ ਨੂੰ ਚੀਰਦੀ ਅੱਗੇ ਆਈ ਤੇ ਸਬੰਧਤ ਅਧਿਕਾਰੀ ਨੂੰ ਉਸ ਦੀ ਰਿਹਾਈ ਲਈ ਪ੍ਰਾਪਤ ਕੀਤਾ ਪਰਵਾਨਾ ਇਹ ਆਖ ਕੇ ਪੇਸ਼ ਕੀਤਾ ਕਿ ਉਸ ਦਾ ਬੱਚਾ ਸਿੱਖ ਨਹੀਂ ਐਵੇਂ ਗ਼ਲਤੀ ਨਾਲ ਸਿੱਖਾਂ ਵਿਚ ਫੜਿਆ ਗਿਆ ਹੈ। ਮਮਤਾ ਦੀ ਮਾਰੀ ਮਾਤਾ ਦੀ ਇਸ ਲਿਲਕੜੀ ਉੱਤੇ ਜਦ ਮੁਫਤੀ ਨੇ ਉਸ ਬੱਚੇ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਤਾਂ ਸ੍ਰੀ ਕਲਗੀਧਰ ਦੀ ਸਿੱਖੀ ਤੇ ਸਿਦਕ ਨੂੰ ਰਹਿੰਦੀ ਦੁਨੀਆਂ ਤਕ ਚਾਰ ਚੰਦ ਲਾਉਣ ਵਾਲਾ ਉਹ ਬਹਾਦਰ ਬੱਚਾ ਅੱਗੋਂ ਬੜੇ ਰੋਹ ਤੇ ਜਲਾਲ ਵਿਚ ਪੁਕਾਰ ਉਠਿਆ :

> ਮਾਦਰਮ ਦਰੋਗ ਮੇ ਗੋਇਦ। ਮਨ ਬਦਿੱਲੋ ਜਾਨ ਅਜ਼ ਮੋਅਤਕਿਦਾਂ।
> ਵ ਫਿਦਾਇਆਨੇ ਜਾਂ ਨਿਸਾਰਿ ਮੁਰਸ਼ਦਿ ਖ਼ੁਦਮ।
> ਮਰਾ ਜ਼ੂਦ ਬਾ ਰਫੀਕਾਨਿ ਮਨ ਰਸਾਨੇਦ। (ਖਾਫੀ ਖਾਨ ਮੁਹੰਮਦ ਹਾਸ਼ਮ)

ਭਾਵ ਅਰਥ-ਮੇਰੀ ਮਾਂ ਝੂਠ ਬੋਲਦੀ ਹੈ (ਕਿ ਮੈਂ ਸਿੱਖ ਨਹੀਂ ਹਾਂ)। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਉੱਤੇ ਈਮਾਨ ਰੱਖਣ ਵਾਲਿਆਂ ਆਪਣੇ ਮੁਰਸ਼ਦ (ਗੁਰੂ) ਤੋਂ ਜਿੰਦ ਵਾਰਨ ਵਾਲਿਆਂ ਵਿਚੋਂ ਹਾਂ। (ਇਸ ਲਈ) ਮੈਨੂੰ ਛੇਤੀ ਮੇਰੇ (ਸ਼ਹੀਦ ਹੋ ਚੁੱਕੇ) ਸਾਥੀਆਂ ਪਾਸ ਪਹੁੰਚਾਵੋ।

ਕਿਉ ਜੀ, ਕੀ ਇਹ ਸਿੱਖੀ ਸਿਦਕ ਤੇ ਸਤਿਗੁਰਾਂ ਲਈ ਪ੍ਰੀਤ ਤੇ ਪ੍ਰਤੀਤ ੧੭੫੬ ਦੀ ਵੈਸਾਖੀ ਵਾਲੇ ਦਿਨ ਬਖਸ਼ੇ ਅੰਮ੍ਰਿਤ ਦੀ ਅਦੁੱਤੀ ਕਰਾਮਾਤ ਨਹੀਂ ? ਕੀ ਜੇ 'ਗੁਰੂ ਕੇ ਸਿੰਘਾਂ' ਨੂੰ ਆਪਣੇ ਅੰਮ੍ਰਿਤ ਦਾਤੇ ਸਤਿਗੁਰੂ ਉੱਤੇ ਨਾਜ਼ ਹੈ ਤਾਂ ਸਤਿਗੁਰੂ ਨੂੰ ਆਪਣੇ ਅਜਿਹੇ ਦੂਲੇ ਸ਼ਹੀਦ ਸਿੰਘਾਂ ਉੱਤੇ ਘੱਟ ਮਾਣ ਹੈ ? ਗੁਰੂ ਤੇ ਸਿੱਖ ਦੀ ਦੁਵੱਲੀ ਸਮਾਨ ਪ੍ਰੀਤ-ਖਿਚ ਤੇ ਕਿਰਦਾਰ ਨੂੰ ਵੇਖ ਕੇ ਭਾਈ ਗੁਰਦਾਸ ਜੀ (ਦੂਜੇ) ਬੇਸਾਖਤਾ ਪੁਕਾਰ ਉਠੇ ਸਨ-"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥"

ਹਾਂ ਜੀ ਇਸ ਦਿਨ ਓਸ ਪੂਰਨ-ਮਨੁੱਖ ਖਾਲਸੇ ਦੀ ਸਿਰਜਣਾ ਹੋਈ ਸੀ, ਜਿਸ ਦੇ ਦੈਵੀ ਕਰਤਵ-ਸੇਵਾ, ਸਿਮਰਨ ਤੇ ਕੁਰਬਾਨੀ ਉੱਤੇ ਮਾਨਵਤਾ ਜਿਤਨਾ ਵੀ ਨਾਜ਼ ਕਰੇ ਥੋੜਾ ਹੈ।

(4/1978)

www.sikhbookclub.com

ਵੈਸਾਖੀ ਦਾ ਕ੍ਰਿਸ਼ਮਾ

ਤਿੰਨ ਸਦੀਆਂ ਪਹਿਲਾਂ ਦੀ ਗੱਲ ਹੈ, ਜੋਬਨ ਮੱਤੀਆਂ ਸੁਨਹਿਰੀ ਕਣਕਾਂ ਦੇ ਸਿਰਾਂ 'ਤੇ ਮੋਤੀਆਂ ਦੀਆਂ ਲੜੀਆਂ ਝਿਲਮਿਲਾ ਰਹੀਆਂ ਸਨ, ਲੋਕ ਯੁਗ ਦੇ ਸੁਨਹਿਰੀ ਸਿੱਟੇ ਪੱਕਣ 'ਤੇ ਆਏ ਹੋਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਣਕਾਂ ਵਾਂਗ ਜੋਬਨ 'ਤੇ ਪਹੁੰਚੀ ਜੀਵਨ ਲਹਿਰ ਨੂੰ ਅਮਰ ਕਰਨ ਖ਼ਾਤਰ ਅੰਮ੍ਰਿਤ ਪਿਲਾਇਆ ਤਾਂ ਕਿ ਮੌਤ ਕਦੀ ਉਸ ਨੂੰ ਮਾਰ ਨਾ ਸਕੇ, ਹੱਥ ਵਿਚ ਤੇਗ ਫੜਾਈ ਜਿਸ ਨਾਲ ਉਹ ਲੋਕ-ਸ਼ਕਤੀਆਂ ਦੇ ਵਿਰੋਧੀ ਅਨਸਰ ਨੂੰ ਮੌਤ ਦੇ ਸਪੁਰਦ ਕਰਦੀ ਜਾਵੇ। ਦਿਨ ਵਿਸਾਖੀ ਦਾ ਸੀ ਜਦੋਂ ਗੁਰੂ ਸਾਹਿਬ ਨੇ ਇਹ ਪ੍ਰਤਿਗਿਆ ਦੁਹਰਾਈ ਕਿ ਨਿਘਰੀ ਢੱਠੀ ਮਨੁੱਖਤਾ ਨੂੰ ਹੁਣ ਸ਼ਾਹੀ ਸਿੰਘਾਸਨ 'ਤੇ ਬਿਠਾਇਆ ਜਾਏਗਾ।

ਸੱਤ ਸਨਾਤਿ ਔਂ ਬਾਰਹ ਜਾਤ।
ਜਾਨੈ ਨਾਹਿ ਰਾਜਨੀਤ ਕੀ ਬਾਤ।
ਜੱਟ ਬੂਟ ਕਹਿ ਜਿਂਹ ਜਗ ਮਾਹੀ।
ਬਣੀਏ ਬਕਾਲ ਕਿਰਾੜ ਖਤ੍ਰੀ ਸਦਾਹੀ।
ਲੁਹਾਰ ਤ੍ਰਖਾਣ ਹੁਤ ਜਾਤਿ ਕਮੀਨੀ।
ਛੀਪੇ ਕਲਾਲ ਨੀਚਨ ਪੈ ਕਿਰਪਾ ਕੀਨੀ।
ਗੁੱਜਰ ਗਵਾਰ ਅਹੀਰ ਕਮਜਾਤ।
ਕੰਬੋਇ ਸੂਦਨ ਕੋਇ ਪੁਛੈ ਨ ਬਾਤ।
ਝੀਵਰ ਨਾਈ ਰੋੜੇ ਘੁਮਿਆਰ।
ਸਾਇਣੀ ਸੁਨਿਆਰੇ... ਚਮਿਆਰ।
ਭੱਟ ਔਂ ਬ੍ਰਾਹਮਣ ਹੁਤ ਮੰਗਵਾਰ।
ਬਹੁਰੂਪੀਏ ਲੁਬਾਣੇ ਔਂ ਬਟਵਾਲ।
ਇਨ ਗ੍ਰੀਬ ਸਿਖਨ ਕੋ ਦੈ ਪਾਤਸ਼ਾਹੀ।
ਯਹ ਯਾਦ ਰਖੈਂ ਹਮਰੀ ਗੁਰਿਆਈ।

(ਪੰਥ ਪ੍ਰਕਾਸ਼, ਕ੍ਰਿਤ ਰਤਨ ਸਿੰਘ ਭੰਗੂ)

ਗੱਲਾਂ ਉਹੋ ਹੋਈਆਂ ਜੋ ਜਨਤਾ ਦਾ ਪੈਗ਼ੰਬਰ ਚਾਹੁੰਦਾ ਸੀ।

ਦੁਨੀਆਂ ਨੇ ਵੇਖਿਆ ਰੁੱਖਾ ਸੁੱਕਾ ਵਣ ਇਕ ਬਗੀਚਾ ਬਣ ਗਿਆ। ਜ਼ਿੰਦਗੀ ਨੂੰ ਇਸ ਤਰ੍ਹਾਂ ਟਹਿਕਾਇਆ ਮਹਿਕਾਇਆ ਗਿਆ ਕਿ ਸੁੱਤੀਆਂ ਕਲਾਂ ਜਾਗ ਪਈਆਂ। ਮਾਮੂਲੀ ਤੋਂ ਮਾਮੂਲੀ ਚਿੜੀਆਂ ਸਰੀਖੇ ਗਰੀਬ ਸਿੱਖਾਂ ਨੂੰ ਤੇਗਾਂ ਫੜਾ ਕੇ ਸ਼ਹਿਨ-ਸ਼ਾਹੀਅਤ ਨਾਲ ਟਕਰਾਇਆ ਗਿਆ।

www.sikhbookclub.com

ਅਮਰ ਤੇ ਨਿਰਭੈ ਜਾਗੀ ਜਨਤਾ ਨੇ ਆਪਣੀ ਵਚਿੱਤਰ ਸ਼ਕਤੀ ਨਾਲ ਸਾਮਰਾਜੀ ਹਾਥੀ ਨੂੰ ਪਿਛਾਂਹ ਧਕੇਲਿਆ। ਧਰਮ ਦੇ ਪਰਦੇ ਹੇਠ ਸਮਾਜ ਨੂੰ ਵਿਚੋਂ ਵਿਚ ਖਾ ਰਹੀ ਬ੍ਰਾਹਮਣੀ ਸ਼ਹਿਨ- ਸ਼ਾਹੀਅਤ, ਦੋਹਾਂ ਨੂੰ ਵੰਗਾਰ ਕੇ ਥਾਂ ਮਾਰਿਆ ਅਤੇ ਕਲਗੀਆਂ ਵਾਲੇ ਨੇ ਖ਼ੁਦ ਘਾਹੀ ਸਿੱਖਾਂ ਦੇ ਸਿਰਾਂ 'ਤੇ ਕਲਗੀਆਂ ਸਜਾਈਆਂ। ਇਹ ਸੁੰਦਰ ਸੂਰਤ ਦੇਖ ਕੇ ਖ਼ੁਦ ਗੁਰੂ ਦੀ ਆਤਮਾ ਮੁਸਕਰਾਉਂਦੀ ਹੋਈ ਇਉਂ ਗੁਣ ਗੁਣਾ ਰਹੀ ਸੀ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮਹਿ ਹਉਂ ਕਰਉ ਨਿਵਾਸ।.....
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸ੍ਵਜਨ ਸੂਰਾ।

ਇਹ ਗੁਰ ਚੇਲੇ ਦਾ ਕੌਤਕ ਸੱਚ-ਮੁੱਚ ਹੀ ਵਾਹ ਵਾਹ ਦੇ ਯੋਗ ਸੀ। ਦੁਨੀਆਂ ਨੇ ਗੱਜ ਕੇ ਹਾਮੀ ਭਰਦਿਆਂ ਕਿਹਾ :

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਇਸ ਲਈ ਵਾਹ ਵਾਹ ਦੇ ਯੋਗ ਹੋਏ ਕਿਉਂਕਿ ਉਨ੍ਹਾਂ ਨੇ ਕੀਟਾਂ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਮੈਲੇ ਕੁਚੈਲੇ ਨਿਮਾਣਿਆਂ ਨਿਤਾਣਿਆਂ ਨੂੰ ਗੁਰੂ ਬਣਾਇਆ, ਮਨੁੱਖ ਦੀ ਅੰਦਰਲੀ ਜੋਤਿ ਨੂੰ ਜਗਾ ਕੇ ਅੰਧਕਾਰਮਈ ਸੰਸਾਰ ਨੂੰ ਜਗਮਗਾ ਦੇਣਾ ਉਨ੍ਹਾਂ ਦੀ ਮਹਾਨ ਕਰਾਮਾਤ ਸੀ।

ਲੋਕ ਯੁੱਗ ਦੇ ਮੋਢੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਚਾਹੁੰਦੇ ਸਨ ਕਿ ਜ਼ਿੰਦਗੀ ਦੀ ਗੁਰਿਆਈ, ਧਰਤੀ ਦੇ ਸਰਦਾਰ ਨੂੰ ਸੌਂਪੀ ਜਾਵੇ। ਇਹ ਨਾ ਹੋਵੇ ਕਿ ਲੋਕ, ਸਦਾ ਅਰਸ਼ਾਂ ਤੋਂ ਉਤਰਨ ਵਾਲੇ ਨਬੀਆਂ ਪੀਰਾਂ ਜਾਂ ਅਵਤਾਰਾਂ ਦੀ ਉਡੀਕ ਵਿਚ ਵਿਅਰਥ ਸਮਾਂ ਗੁਆਉਂਦੇ ਰਹਿਣ। ਸੋ, ਉਨ੍ਹਾਂ ਕਲਾ ਵਰਤਾ ਕੇ ਮਨੁੱਖ ਦੇ ਅੰਦਰਲੇ ਰੱਬ ਨੂੰ ਜਗਾਇਆ।

ਗੁਰੂ ਸਾਹਿਬ, ਇਸ ਤੋਂ ਵੀ ਜ਼ਰਾ ਹੋਰ ਅਗੇਰੇ ਗਏ। ਉਨ੍ਹਾਂ ਦੁਨੀਆਂ ਸਾਹਮਣੇ ਸਪੱਸ਼ਟ ਕੀਤਾ ਕਿ ਮੈਨੂੰ ਤਾਂ ਇਸ ਜਿਊਂਦੀ ਜਾਗਦੀ ਅਮਰ ਜਨਤਾ ਦੀ ਸੇਵਾ ਪਸੰਦ ਹੈ ਅਤੇ ਹੋਰ ਕਿਸੇ ਦੇਵੀ ਦੇਵਤੇ ਦੀ ਪੂਜਾ ਉਪਾਸ਼ਨਾ ਨਹੀਂ ਭਾਉਂਦੀ।

ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਪੰਨਾ ੭੧੬)

ਮੇਰੇ ਪਾਸ ਜੋ ਕੁਛ ਵੀ ਹੈ, ਦੌਲਤ, ਘਰ ਬਾਰ, ਸਭ, ਇਸ ਲੋਕ-ਦੇਵਤਾ ਅੱਗੇ ਸਮਰਪਤ ਹੈ। ਮੈਂ ਇਸ ਲੋਕ-ਸ਼ਕਤੀ ਦੇ ਸਦਕੇ ਹੀ ਸਭ ਜੁੱਧ ਜਿੱਤੇ ਤੇ ਸ਼ੈਤਾਨੀ ਤਾਕਤਾਂ ਨੂੰ ਹਾਰ ਦਿੱਤੀ ਹੈ। ਸੱਚ ਪੁੱਛੋ ਤਾਂ ਮੈਂ ਨਾਚੀਜ਼ ਨੂੰ 'ਕਲਗੀ' ਵਾਲਾ ਬਣਾਉਣ ਵਾਲੀ ਇਹੋ ਅਮਰ ਜਨਤਾ ਹੈ।

www.sikhbookclub.com

ਇਹ ਲੋਕ-ਯੁੱਗ ਦੇ ਮੋਢੀ ਮਹਾਨ ਗੁਰੂ ਦੇ ਆਪਣੇ ਸ਼ਬਦ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਆਪਣੀ ਜ਼ਿੰਦਗੀ ਦੀ ਗੁਰਿਆਈ ਜਾਗ੍ਰਿਤ ਜਨਤਾ ਨੂੰ ਸੌਂਪ ਕੇ ਹਰ ਤਰ੍ਹਾਂ ਦੀ ਸ਼ਖ਼ਸੀ ਗ਼ੁਲਾਮੀ ਦਾ ਖ਼ਾਤਮਾ ਕਰ ਦਿੱਤਾ।

ਇਹ ਵੈਸਾਖੀ ਦਾ ਕ੍ਰਿਸ਼ਮਾ ਸੀ।

(4/1985)

www.sikhbookclub.com

ਵਿਸਾਖੀ ਤੇ ਅੰਮ੍ਰਿਤ

ਕਦੇ ਮਰਦ ਅਗੰਮੜੇ ਦੀ ਲਲਕਾਰ ਗੂੰਜੀ ਸੀ ਅਨੰਦਪੁਰ ਸਾਹਿਬ ਵਿਚ ! ਕਦੇ ਸਿੱਖਾਂ ਨੇ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਉਪਦੇਸ਼ਾਂ ਨੂੰ ਹਿਰਦੇ ਦੀਆਂ ਗਹਿਰਾਈਆਂ ਵਿਚ ਵਿਚਾਰ ਕੇ, ਸਾਰੇ ਗੁਰੂ ਪਾਤਸ਼ਾਹਾਂ ਦੀ ਚੈਲੰਜ ਭਰੀ ਆਵਾਜ਼ ਨੂੰ ਖੋਜ ਕੇ ਅਤੇ ਦੋ ਗੁਰੂ ਪਾਤਸ਼ਾਹਾਂ ਵਲੋਂ ਸ਼ਹਾਦਤ ਦੇਣ ਕਰ ਕੇ ਸਿੱਖੀ ਮਹਿਲ ਦੀ ਬਣਤਰ ਦਾ ਸੋਚ ਕੇ, ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਅਵਾਜ਼ ਨੂੰ ਪਛਾਣ ਕੇ, ਗੁਰੂ-ਸਿੱਖ ਦੇ ਰਿਸ਼ਤੇ ਨੂੰ ਰਹਿੰਦੀ ਦੁਨੀਆਂ ਤੱਕ ਲਿਸ਼ਕਦਾ ਰੱਖਣ ਲਈ ਇਕ ਖੇਡ ਵਰਤਾਈ ਸੀ। ਉਸ ਖੇਡ ਵਿਚ ਗੁਰਮੁਖ ਜਿੱਤਿਆ ਸੀ ਤੇ ਮਨਮੁਖ ਹਾਰਿਆ ਸੀ ਪਰ ਗੁਰੂ ਨੇ ਫਿਰ ਸਭ ਦੀ ਲਾਜ ਰੱਖੀ ਸੀ। ਖੇਡ ਵਿਚ ਪਹਿਲੇ ਨੰਬਰ 'ਤੇ ਆਏ ਸੀ—ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਜੀ। ਗੁਰੂ ਨੇ ਸਿਰ ਮੰਗੇ ਸਨ, ਇਨ੍ਹਾਂ ਨੇ ਸਿਰ ਦਿੱਤੇ ਸਨ। ਨਾ ਗੁਰੂ ਨੇ ਮਾਰਨਾ ਸੀ, ਨਾ ਗੁਰੂ ਖ਼ੂਨ ਦਾ ਪਿਆਸਾ ਸੀ। ਗੁਰੂ ਨੇ ਸਿੱਖਾਂ ਵਿਚੋਂ ਮੌਤ ਦਾ ਡਰ ਕੱਢਣਾ ਸੀ, ਸਿੱਖਾਂ ਨੇ ਮਰ ਕੇ ਜੀਵਣਾ ਸਿੱਖਣਾ ਸੀ। ਗੁਰੂ ਨੇ ਸਿੱਖੀ ਮਹਿਲ ਦਾ ਜੋ ਪੂਰਾ ਸਰੂਪ ਬਣਾਉਣਾ ਸੀ, ਸਿੱਖ ਨੇ ਉਸ ਮਹਿਲ ਦੀਆਂ ਨੀਹਾਂ ਵਿਚ ਆਪਣਾ ਆਪ ਗਵਾ ਕੇ ਨੀਹਾਂ ਪੱਕੀਆਂ ਕਰਨੀਆਂ ਸਨ ਤਾਂ ਜੋ ਮਗਰੋਂ ਗੁਰੂ ਦੇ ਸਿੱਖ (ਤੇ ਸਾਹਿਬਜ਼ਾਦੇ ਵੀ) ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਵਾਂਗ ਛੋਟੀ ਉਮਰੇ ਆਪਣੀਆਂ ਦੇਹਾਂ ਨੂੰ ਜ਼ਿੰਦਾ ਦੀਵਾਰਾਂ ਵਿਚ ਚਿਣਾ ਸਕਣ ਅਤੇ 'ਵਾਹਿਗੁਰੂ ਜੀ ਕੀ ਫ਼ਤਹਿ' ਗਜਾ ਸਕਣ।

ਅੱਜ ਜਿਥੇ ਜਿਥੇ ਸਿੱਖ ਵੱਸਦੇ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਲਕਾਰ ਭਰੀ ਆਵਾਜ਼ ਗੂੰਜਦੀ ਹੈ। ਅੱਜ ਅਨੰਦਪੁਰ ਸਾਹਿਬ ਦਾ ਦੀਵਾਨ ਸਾਰੀ ਦੁਨੀਆਂ ਦਾ ਦੀਵਾਨ ਹੈ। ਗੁਰੂ ਸੱਚ ਦੀ ਆਵਾਜ਼ ਹੈ, ਕੁਰਬਾਨੀ ਦੀ ਆਵਾਜ਼ ਹੈ, ਸੁੱਚਤਾ ਦੀ ਆਵਾਜ਼ ਹੈ, ਪ੍ਰੇਮ ਦੀ ਆਵਾਜ਼ ਹੈ, ਗ਼ਰੀਬ-ਨਿਵਾਜੀ ਦੀ ਆਵਾਜ਼ ਹੈ, ਸਿਰ ਵੇਚਣ ਦੇ ਆਸ਼ਕਾਂ ਨੂੰ ਲਲਕਾਰ ਹੈ, ਹੈ ਕੋਈ ਐਸਾ ਜੋ ਅੱਜ ਵੀ ਪੰਜਾਂ ਪਿਆਰਿਆਂ ਵਾਂਗ ਕਹੇ :

ਮੇਰਾ ਸਿਰ ਅਬ ਬਿਕ ਚੁਕਾ ਹੈ ਤੇਰੇ ਹਜ਼ੂਰ।
ਮੇਰੇ ਗੁਰੂ ਅਬ ਮੁਝ ਕੋ ਰੱਖਨਾ ਐਬੋਂ ਸੇ ਦੂਰ।

ਹੈ ਕੋਈ ਐਸਾ ਜੋ ਅੱਜ ਵੀ ਕਹੇ :-

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥

(ਪੰਨਾ ੬੨੮)

www.sikhbookclub.com

ਹੈ ਕੋਈ ਐਸਾ ਜੋ ਅੱਜ ਜ਼ੁਲਮ ਨਾਲ ਦੱਬੀਆਂ ਇਸਤਰੀਆਂ ਜਿਹੜੀਆਂ ਦਾਜਾਂ ਲਈ ਸਾੜ ਦਿੱਤੀਆਂ ਜਾਂਦੀਆਂ ਹਨ, ਸੜਕਾਂ 'ਤੇ ਜਿਨ੍ਹਾਂ ਦੀ ਇੱਜ਼ਤ ਲੁੱਟੀ ਜਾਂਦੀ ਹੈ, ਘਰਾਂ ਵਿਚ ਨੌਕਰਾਂ ਵਾਂਗ ਜ਼ਿੰਦਗੀ ਬਤੀਤ ਕਰਦੀਆਂ ਹਨ, ਉਸ ਜ਼ੁਲਮ ਦੇ ਵਿਰੁੱਧ ਆਪਣਾ ਆਪ ਮਿਟਾ ਕੇ ਲੜ ਸਕੇ ! ਹੈ ਕੋਈ ਐਸਾ ਜਿਹੜਾ ਸਾਰੀ ਦੁਨੀਆਂ ਵਿਚ ਆਪਣੇ (ਖ਼ਾਲੀ ਮੂੰਹ ਤੋਂ ਨਹੀਂ, ਸਗੋਂ ਜੀਵਨ ਵਿਚ) ਗੁਰੂ ਨਾਲ ਕੀਤੇ ਆਸ਼ਵਾਸਨ ਨੂੰ ਨਿਭਾ ਸਕੇ ਜਿਹੜਾ ਦਿੱਤਾ ਸੀ ?

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਹੈ ਕੋਈ ਐਸਾ ਜੋ ਗੁਰੂ ਦੀ ਇਸ ਸਿਖਿਆ ਨੂੰ ਪੱਲੇ ਬੰਨ੍ਹ ਕੇ ਅਮਲੀ ਜੀਵਨ ਵਿਚ ਇਹ ਸਿੱਖਿਆ ਜੀਵੇ ?

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥

(ਪੰਨਾ ੯੧੯)

ਹੈ ਕੋਈ ਐਸਾ ਜਿਹੜਾ ਗੁਰੂ, ਗੁਰੂ ਕਰਕੇ 24 ਘੰਟੇ ਆਪਣੇ ਆਪ ਨੂੰ ਖਾਲਸੇ ਦਾ ਨਮੂਨਾ ਪੇਸ਼ ਕਰਕੇ ਦੂਜਿਆਂ ਨੂੰ ਲੱਗੇ :-

ਖਾਲਸਾ ਮੇਰੋ ਰੂਪ ਹੈ ਖਾਸ ।
ਖਾਲਸਾ ਮਹਿ ਹਉਂ ਕਰਉ ਨਿਵਾਸ । *(ਸਰਬ ਲੋਹ ਵਿਚੋਂ)*

ਇਹੋ ਮਾਹੀ ਦਾ ਸੱਦੜਾ ਹੈ, ਇਹੋ ਮਾਹੀ ਦਾ ਪਿਆਰ ਹੈ, ਜਿਹੜਾ ਹਰ ਵਿਸਾਖੀ ਨੂੰ 1699 ਦੀ ਵਿਸਾਖੀ ਦੀ ਯਾਦ ਲੈ ਕੇ ਮੁੜ-ਮੁੜ ਦੁਹਰਾਣ ਆਉਂਦਾ ਹੈ ਅਤੇ ਲਲਕਾਰਦਾ ਹੈ :-

ਓਇ ਸ਼ੇਰ ਦੇ ਬੱਚਿਓ ! ਕਿਉਂ ਖੋਤਿਆਂ ਵਾਲਾ ਜੀਵਨ ਬਤੀਤ ਕਰ ਰਹੇ ਹੋ ?
ਓਇ ਹੰਸਾਂ ਦੀਓ ਡਾਰੋ ! ਕਿਉਂ ਬਗਲੇ ਬਣੀ ਬੈਠੇ ਹੋ ?
ਓਇ ਸੁੱਚਤਾ ਦੇ ਆਸ਼ਕੋ ! ਕਿਉਂ ਜੂਠ ਵਿਚ ਮੂੰਹ ਮਾਰ ਰਹੇ ਹੋ ?
ਓਇ ਪ੍ਰੇਮ ਦੇ ਪੁਜਾਰੀਓ ! ਕਿਉਂ ਨਫ਼ਰਤ ਦਾ ਵਾਪਾਰ ਕਰ ਰਹੇ ਹੋ ?
ਓਇ ਸਿਮਰਨ ਦੀਓ ਮੂਰਤੋ ! ਕਿਉਂ ਨਿੰਦਾ ਚੁਗਲੀ 'ਚ ਜਿਉਂਦੇ ਹੋ
ਓਇ ਅੰਮ੍ਰਿਤ ਪੀਣ ਵਾਲਿਓ ! ਕਿਉਂ ਸ਼ਰਾਬ ਦੇ ਰੂਪ ਵਿਚ ਜ਼ਹਿਰ ਪੀ ਰਹੇ ਹੋ ?

ਪਰ ਅੱਜ ਆਵਾਜ਼ ਨਹੀਂ ਸੁਣੀਂਦੀ। ਭਾਵੇਂ ਸ਼ੋਰ ਬਹੁਤ ਹੈ। ਲਾਊਡ ਸਪੀਕਰ ਬਹੁਤ ਹਨ। ਕਥਾਕਾਰ ਕੀਰਤਨੀਏਂ ਬਹੁਤ ਹਨ, ਉੱਚਾ ਵੀ ਬੋਲ ਰਹੇ ਹਨ। ਟੇਪ ਰੀਕਾਰਡਰ 'ਚ ਕਥਾਕਾਰਾਂ ਦੀਆਂ ਕਥਾਵਾਂ, ਕੀਰਤਨੀਆਂ ਦੇ ਕੀਰਤਨ, ਬਾਣੀ ਧੁਨਾਂ, ਛੈਣੇ ਢੋਲਕੀਆਂ ਵਾਜਿਆਂ ਸਾਜ਼ਾਂ ਦਾ ਇਤਨਾ ਸ਼ੋਰ ਹੈ, ਰਾਜਸੀ ਮੰਗਾਂ ਤੇ ਕੁਰਸੀ ਨੂੰ ਸਾਂਭਣ ਲਈ ਨਾਹਰੇ ਮਾਰਨ ਦਾ ਇਤਨਾ ਸ਼ੋਰ ਹੈ, ਗੁਰਦੁਆਰਿਆਂ ਵਿਚ ਵਿਰੋਧੀ ਧੜਿਆਂ ਦੀਆਂ ਲੜਾਈਆਂ ਦਾ ਇਤਨਾ ਸ਼ੋਰ ਹੈ; ਪੂਜਾ ਦੇ ਧਨ ਦੀ ਛਣਕਾਰ ਦਾ ਇਤਨਾ ਸ਼ੋਰ ਹੈ, ਭਾਈ ਸਾਹਿਬਾਂ ਦੇ ਅਖੰਡ ਪਾਠਾਂ ਦੀਆਂ ਲੜੀਆਂ ਦਾ ਇਤਨਾ ਸ਼ੋਰ ਹੈ, ਕੜਾਹ ਪ੍ਰਸ਼ਾਦਿ ਕਰਾਣ ਵਾਲਿਆਂ ਦੀਆਂ ਅਰਦਾਸਾਂ ਦਾ ਇਤਨਾ ਸ਼ੋਰ ਹੈ ਕਿ—

ਗੁਰੂ ਦੀ ਆਵਾਜ਼ ਕਿਸੇ ਨੂੰ ਸੁਣਾਈ ਹੀ ਨਹੀਂ ਦਿੰਦੀ ਤੇ ਜੋ ਸੁਣਾਈ ਦਿੰਦੀ ਹੈ ਤਾਂ ਇਹੋ ਕਹਿੰਦੀ ਹੈ—

www.sikhbookclub.com

1. ਗੁਰੂ ਦੀ ਕਿਰਪਾ ਹੈ ਉਸ ਸੰਤ ਨੇ ਸਾਡੀ ਫੈਕਟਰੀ ਨੂੰ ਭਾਗ ਲਾਏ।
2. ਗੁਰੂ ਦੀ ਕਿਰਪਾ ਹੈ ਸਾਡਾ ਬੱਚਾ ਪਾਸ ਹੋ ਗਿਆ।
3. ਗੁਰੂ ਦੀ ਕਿਰਪਾ ਹੈ ਸਾਡੀ ਧੀ ਦੀ ਸ਼ਾਦੀ ਹੋ ਗਈ।
4. ਗੁਰੂ ਦੀ ਕਿਰਪਾ ਹੈ ਪੁੱਤਰ ਦੀ ਤਨਖਾਹ ਵਧ ਗਈ।
5. ਗੁਰੂ ਦੀ ਕਿਰਪਾ ਨਾਲ ਹੁਣ ਦੋ ਪੋਤਰੇ ਹਨ।

ਜਿਸ ਗੁਰੂ ਨੇ ਅਨੰਦਪੁਰ ਸਾਹਿਬ ਵਿਚ ਲਲਕਾਰ ਕੇ ਸਿਰ ਮੰਗੇ ਸਨ ਤੇ ਜਦ ਸਿਰ ਦਿੱਤੇ ਗਏ ਸਨ ਤਾਂ ਉਸ ਅੰਮ੍ਰਿਤ ਪਿਲਾਇਆ ਸੀ। ਪਿਲਾ ਕੇ ਫਿਰ ਆਪ ਪੀਤਾ ਸੀ ਚੇਲਾ ਬਣ ਕੇ, ਕੀ ਮਤਲਬ ਸੀ ਉਸ ਦਾ ? ਦਸਮ ਪਿਤਾ ਨੇ ਤਾਂ ਸਮਝਾਇਆ ਸੀ ਕਿ—

1. ਗੁਰੂ ਦੀ ਹਜ਼ੂਰੀ ਵਿਚ ਆ ਕੇ ਨਾਮ ਜਪਣਾ।
2. ਇਨਸਾਨੀਅਤ ਦੀ ਸੇਵਾ ਕਰਨਾ।
3. ਸਾਰੀ ਮਨੁੱਖਤਾ ਨਾਲ ਪਿਆਰ ਕਰਨਾ।
4. ਪੰਜ ਚੋਰਾਂ ਨੂੰ ਕਾਬੂ ਕਰਕੇ ਗੁਰੂ ਨਾਲ ਨਿਸ਼ਕਾਮ ਪ੍ਰੇਮ ਭਗਤੀ ਕਰਨੀ।
5. ਨਿਰਭਉ ਤੇ ਨਿਰਵੈਰ ਹੋਣਾ।

ਗੁਰੂ ਨੇ ਕਦੇ ਵੀ ਮਨ੍ਹਾਂ ਨਹੀਂ ਕੀਤਾ। ਸਾਰੀਆਂ ਦੁਨਿਆਵੀ ਬਰਕਤਾਂ ਦਾ ਆਪਣੇ ਆਪ ਆਉਣਾ ਸੁਭਾਵਕ ਸੀ ਪਰ ਗੁਰੂ ਜੀ ਨੇ ਕਿਹਾ ਸੀ—

1. ਨਾਮ ਬਿਨਾਂ ਖਾਣਾ, ਪੀਣਾ ਤੇ ਪਹਿਨਣਾ ਕੁੱਤੇ ਵਾਂਗ ਜੂਠ ਵਿਚ ਮੂੰਹ ਪਾਣਾ ਹੋਵੇਗਾ।
2. ਨਾਮ ਬਿਨਾਂ ਕਾਰ-ਵਿਹਾਰ ਕਰਨਾ ਇੰਜ ਹੈ ਜਿਵੇਂ ਲਾਸ਼ ਨੂੰ ਸਜਾਉਣਾ।
3. ਨਾਮ ਬਿਨਾਂ ਪੈਸਾ ਉਸ ਤਰ੍ਹਾਂ ਹੈ ਜਿਵੇਂ ਕੰਜੂਸ ਦਾ ਫ਼ਜ਼ੂਲ ਧਨ।
4. ਨਾਮ ਬਿਨਾਂ ਬੰਦਾ ਮੋਇਆ ਹੈ ਤੇ ਉਹ ਮਰ-ਮਰ ਜੰਮਦਾ ਤੇ ਕੋਹੜਾ ਹੈ।
5. ਨਾਮ ਬਿਨਾਂ ਬੰਦਾ ਮੂਰਖਤਾ ਵਿਚ, ਅੰਧੀ ਅਗਿਆਨਤਾ ਵਿਚ ਫਸਿਆ ਹੋਇਆ ਹੈ।

ਅਫ਼ਸੋਸ ! ਹਜ਼ਾਰ ਵਾਰ ਅਫ਼ਸੋਸ ! ਅੱਜ ਇਕ ਸਿੱਖ ਪਾਸੋਂ ਉਹ ਨਹੀਂ ਲੱਭਦਾ ਜਿਹੜਾ ਗੁਰੂ ਨੇ ਦਰਸਾਇਆ ਸੀ। ਗੁਰੂ ਦਾ ਸਭ ਕੰਮ ਅੰਦਰ ਦਾ ਸੀ। ਪਰ ਹੁਣ ਰਹਿ ਗਈ ਹੈ ਕੇਵਲ ਬਾਹਰਲੀ ਖੇਡ, ਅੰਦਰਲੀ ਸੁੱਚਮਤਾ ਸੁੱਚਤਾ ਤਾਂ ਮਾਨੋ ਮੁੱਕ ਹੀ ਗਈ ਹੋਵੇ !

ਅੱਜ ਇਸ ਵਿਸਾਖੀ ਸਮੇਂ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹਾਂ (ਆਪਣੇ ਜੀਵਨ ਦੇ ਅਨੁਭਵ ਵਿਚੋਂ) ਕਿ ਗੁਰੂ ਸਾਹਿਬ ਸਦਾ ਹਾਜ਼ਰਾ-ਹਜ਼ੂਰ ਹਨ। ਅਸੀਂ ਖੁਸ਼ਕਿਸਮਤ ਹਾਂ ਕਿ ਸਾਡਾ ਪਰਤੱਖ ਗੁਰੂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਜੁਗੋ-ਜੁਗ ਅਟੱਲ ਹੈ ਤੇ ਇਨ੍ਹਾਂ ਦੀ ਕਿਰਪਾ ਨਾਲ ਗੁਰੂ ਨਾਲ ਮਹਾਰਾਜ ਆਪ ਹੀ ਅੰਦਰੋਂ ਬੋਲਦੇ ਹਨ ਤੇ ਜੀਵ ਦੀ ਅਗਵਾਈ ਕਰਦੇ ਹਨ। ਜਿਵੇਂ ਕੁੱਤੇ ਨੂੰ ਪਟਾ ਪਾ ਕੇ ਮਲਕੀਅਤ ਦਰਸਾਈਦੀ ਹੈ, ਉਵੇਂ ਹੀ ਗੁਰੂ ਦਾ ਅੰਮ੍ਰਿਤ ਪੀ ਕੇ ਅਤੇ ਸਿਰ ਦੇ ਕੇ ਜੁਗੋ ਜੁਗ ਸੇਵਕੀ ਪਾਈਦੀ ਹੈ। ਇਹ ਖੇਡ ਸਾਰੀ ਅੰਦਰ ਦੀ ਹੈ। ਗੁਰੂ ਦੇ ਉਪਦੇਸ਼ਾਂ ਨਾਲ ਪਿਆਰ ਕਰਨ ਨਾਲ ਆਪਣੇ ਆਪ ਪਿਤਾ ਪੁੱਤ ਦੀ ਸਾਂਝ ਹੁੰਦੀ ਹੈ। ਬਾਹਰਲੇ ਚਿੰਨ੍ਹ ਹਨ ਪੰਜ ਕਕਾਰ ਅਤੇ ਅੰਦਰਲੇ ਚਿੰਨ੍ਹ ਹਨ—ਸੇਵਾ, ਸਿਮਰਨ, ਸ਼ਰਧਾ, ਸੱਚਾਈ ਤੇ ਸੁੱਚਤਾ। ਜੇ ਇਕ ਕਦਮ ਪੁੱਟ ਕੇ, ਅੰਮ੍ਰਿਤ ਪੀ ਕੇ ਗੁਰੂ ਦਾ ਪਿਆਰ ਪਾ ਲਈਏ ਤਾਂ ਸਾਰੀ ਉਮਰ ਗੁਰੂ ਦਾ ਹੱਥ ਸਿਰ ਉਤੇ ਰੱਖਿਆ ਮਹਿਸੂਸ ਕਰ ਸਕਦੇ ਹਾਂ।

www.sikhbookclub.com

ਅੰਮ੍ਰਿਤ ਇਕ ਖੇਡ ਨਹੀਂ ਜਿਹੜੀ ਕੇਵਲ ਛੱਟੇ ਮਾਰ ਕੇ ਪੂਰੀ ਹੋ ਜਾਂਦੀ ਹੈ। ਇਸ ਦੀਆਂ ਕਈ ਬਖ਼ਸ਼ਸ਼ਾਂ ਹਨ :

1. ਅੰਮ੍ਰਿਤ ਸਿੱਖ ਨੂੰ ਨਿਰਵੈਰ ਬਣਾ ਕੇ ਸਭ ਨੂੰ ਪਿਆਰ ਕਰਨ ਲਈ ਇਤਨਾ ਮਜਬੂਰ ਕਰਦਾ ਹੈ ਕਿ ਜ਼ਰਾ ਮਨ ਵਿਚ ਵੈਰ ਆਏ ਤਾਂ ਗੁਰੂ ਬੋਲ ਕੇ ਕਹਿ ਦਿੰਦਾ ਹੈ-ਅਰੇ ?
2. ਵਿਕਾਰਾਂ ਦੇ ਜਾਲ ਲੈ ਕੇ ਪੰਜ ਚੋਰ ਜਦ ਨੇੜੇ ਆਉਂਦੇ ਹਨ ਤਾਂ ਗੁਰੂ ਗੁਰ-ਸ਼ਬਦਾਂ ਦੀ ਫੌਜ ਲੈ ਕੇ ਪਹਿਲਾਂ ਹੀ ਖੜ੍ਹਾ ਹੁੰਦਾ ਹੈ ਤੇ ਵਿਕਾਰ ਵਿਚਾਰੇ ਲੱਜਾ ਨਾਲ ਵਾਪਸ ਮੁੜ ਜਾਂਦੇ ਹਨ।
3. ਨਿਸ਼ਕਾਮ ਪਰਉਪਕਾਰ ਲਈ ਚਾਹ ਪੈਦਾ ਕਰਦਾ ਹੈ। ਗੁਰੂ ਦਾ ਅੰਮ੍ਰਿਤ ਸਭ ਵਿਚ ਖੁਸ਼ੀ ਤੇ ਸੁਖ ਵੇਖਣ ਲਈ ਉਤਾਵਲਾ ਰਹਿੰਦਾ ਹੈ।
4. ਅੰਮ੍ਰਿਤ ਦਾ ਰਸ ਹੀ ਐਸਾ ਰਸ ਹੈ ਜਿਹੜਾ ਬਾਕੀ ਰਸਾਂ ਤੋਂ ਛੁੱਟੀ ਲੈ ਦਿੰਦਾ ਹੈ।
5. ਅੰਮ੍ਰਿਤ ਦੀ ਕਿਰਪਾ ਕਰਕੇ ਸਾਨੂੰ ਸਿਖਲਾਈ ਦੇਣ ਲਈ ਸਾਡੇ ਕੋਲੋਂ ਐਸੇ ਛੋਟੇ ਮੋਟੇ ਕੰਮ ਕਰਵਾ ਦਿੰਦਾ ਹੈ ਜਿਨ੍ਹਾਂ ਤੋਂ ਅਸੀਂ ਵਿਛੜੇ ਹੋਏ ਮਹਿਸੂਸ ਕਰਦੇ ਹਾਂ। ਆਪੇ ਹੀ ਸਮਝਾ ਕੇ ਗੁਰੂ ਦੇ ਹੁਕਮਾਂ ਨੂੰ ਅਮਲੀ ਰੂਪ ਵਿਚ ਦਰਸਾ ਕੇ ਇਹ ਰਹਿਮਤ ਕਰਦਾ ਹੈ ਕਿ ਕਥਨੀ ਅਤੇ ਕਰਨੀ ਦਾ ਸੁਮੇਲ ਹੋ ਜਾਏ।
6. ਅੰਮ੍ਰਿਤ ਹੀ ਗੁਰੂ ਦੀ ਕਿਰਪਾ ਨੂੰ ਆਪਣਾ ਆਪ ਗਵਾ ਕੇ ਪਰਤਖ ਵੇਖਣ ਵਿਚ ਮਦਦ ਕਰਦਾ ਹੈ। ਗੁਰੂ ਸਭ ਕੁਝ ਹੁਕਮ ਵਿਚ ਹੁੰਦਾ ਮਹਿਸੂਸ ਕਰਵਾਉਂਦਾ, ਆਕੜ ਤੋਂ ਬਚਾਉਂਦਾ ਹੈ ਤੇ ਜਦ ਆਕੜ ਘੇਰ ਲਵੇ, ਮੁੜ ਗੁਰੂ ਨੂੰ ਸਿਰ ਵੇਚਿਆ ਯਾਦ ਕਰਾ ਕੇ 'ਮੈਂ ਕੁਝ ਨਹੀਂ' ਬਣਨ ਵਿਚ ਸਹਾਈ ਹੁੰਦਾ ਹੈ।
7. 'ਮੈਂ ਕੁਝ ਨਹੀਂ' ਦਾ ਜਾਦੂ ਅੰਮ੍ਰਿਤ ਪਰਤੱਖ ਦਿਖਾਉਂਦਾ ਹੈ ਜੋ ਵਿਛੋੜੇ ਨੂੰ ਮਿਲਾਪ ਵਿਚ, ਆਕੜ ਨੂੰ ਨਿਮਰਤਾ ਵਿਚ ਤੇ ਨਿੰਦਾ ਨੂੰ ਪ੍ਰੇਮ ਤੇ ਸਤਿਕਾਰ ਵਿਚ ਬਦਲ ਦਿੰਦਾ ਹੈ।
8. ਅੰਮ੍ਰਿਤ ਹੀ ਕਿਰਪਾ ਕਰਕੇ ਯਾਦ ਕਰਵਾਂਦਾ ਹੈ ਕਿ ਕਰਨ ਕਰਾਵਣ ਵਾਲਾ ਮਾਲਕ ਹੈ 'ਮੈਂ ਨਹੀਂ', ਕਿਉਂਕਿ ਜਦ ਤੱਕ 'ਮੈਂ ਕਰਨ ਵਾਲਾ' ਸਮਝਦੇ ਹਾਂ ਤਦ ਤੱਕ ਦੁੱਖ ਮਗਰੋਂ ਨਹੀਂ ਲਹਿੰਦੇ। ਜਦ ਕਰਨ ਵਾਲੇ ਦੇ ਹੋ ਕੇ ਕੁਝ ਕਰਦੇ ਹਾਂ ਤਾਂ ਠੰਢ ਪੈਂਦੀ ਹੈ।
9. ਅੰਮ੍ਰਿਤ ਇਕ ਦਰਪਨ ਹੈ ਆਪਣੇ ਨੁਕਸ ਵੇਖਣ ਲਈ ਨਾ ਕਿ ਖੁਰਦਬੀਨ ਹੈ ਦੂਜਿਆਂ ਦੇ ਨੁਕਸ ਵੇਖਣ ਲਈ।
10. ਅੰਮ੍ਰਿਤ ਮਨ ਵਿਚੋਂ ਦੁਨਿਆਵੀ ਰੀਝਾਂ ਕੱਢ ਕੇ ਇਕੋ ਰੀਝ ਪੈਦਾ ਕਰਦਾ ਹੈ, ਉਹ ਰੀਝ ਹੈ :

- ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ (ਪੰਨਾ ੩੯੪)

- ਸਾਸਿ ਸਾਸਿ ਸਿਮਰਹੁ ਗੋਬਿੰਦ ॥ (ਪੰਨਾ ੨੯੫)

- ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨ ਰਾਤਿ ਨਾਨਕ ਚਾਉ ਏਹੁ ॥ (ਪੰਨਾ ੭੬੨)

ਇਹ ਅੰਮ੍ਰਿਤ ਦੀਆਂ ਦਾਤਾਂ ਹਰ ਇਕ ਨੂੰ ਨਸੀਬ ਹੋ ਸਕਦੀਆਂ ਹਨ, ਪਰ ਇਹ ਸ਼ਰਤ ਹੈ

www.sikhbookclub.com

ਬਹੁਤ ਔਖੀ ਤੇ ਸੌਖੀ ਵੀ। ਔਖੀ ਤਾਂ, ਜੇ ਆਪਣੇ ਲਈ ਜੀਵੀਏ, ਪਰ ਸੌਖੀ ਹੈ ਜੇਕਰ ਗੁਰੂ ਲਈ ਜੀਵੀਏ। ਉਹ ਸ਼ਰਤ ਹੈ ਕਿ ਅੰਮ੍ਰਿਤ ਛਕਣ ਵੇਲੇ, ਉਸ ਤੋਂ ਪਹਿਲਾਂ ਤੇ ਉਸ ਤੋਂ ਬਾਅਦ ਹਰ ਸਮੇਂ 1699 ਦੀ ਵਿਸਾਖੀ ਦਾ ਨਜ਼ਾਰਾ, ਪੰਜਾਂ ਪਿਆਰਿਆਂ ਦਾ ਸਿਰ ਤਲੀ 'ਤੇ ਰੱਖ ਕੇ ਨਿੱਤਰਨਾ, ਅੰਮ੍ਰਿਤ ਛਕਣਾ ਤੇ ਗੁਰੂ ਦਾ ਅੰਮ੍ਰਿਤ ਛਕਣਾ ਸਾਹਮਣੇ ਰਹੇ।

ਮੇਰੇ ਗੁਰਸਿੱਖ ਸਾਥੀਓ ! ਇਕੋ ਗੱਲ ਕਹਿੰਦਾ ਹਾਂ, ਜੇ ਕੋਈ ਸਹਾਰਾ ਇਤਨੀ ਆਜ਼ਾਦੀ ਨਾਲ ਜੀਉਂਦਿਆਂ ਮੁਕਤੀ ਦੇਵੇ, ਤਾਂ ਢਿੱਲ ਕਿਉਂ ?

ਕੁਝ-ਕੁਝ ਸਮਝ ਆਉਂਦੀ ਹੈ ਕਿ ਢਿੱਲ ਕਿਉਂ ਹੈ ? ਮੇਰੇ ਵਰਗੇ ਲੱਖਾਂ ਨੇ ਅੰਮ੍ਰਿਤ ਛਕਿਆ ਹੈ ਪਰ ਸਾਡਾ ਅਮਲੀ ਜੀਵਨ ਕੋਹੜਿਆਂ ਵਾਲਾ ਹੈ। ਲੱਖਾਂ ਲੋਕ ਗੁਰੂ ਦੀ ਗੱਲ ਕਰਦੇ ਹਨ ਪਰ ਪੇਟ ਲਈ। ਲੱਖਾਂ ਨੇ ਇਤਿਹਾਸ ਸੁਣਾਇਆ ਸੀ ਪਰ ਸ਼ਰਧਾਹੀਣ ਹੋ ਕੇ। ਲੱਖਾਂ ਨੇ ਕਕਾਰਾਂ ਦੀ ਮਹੱਤਤਾ ਦੱਸੀ ਹੈ ਪਰ ਪ੍ਰੇਮ ਰਹਿਤ ਹੋ ਕੇ।

ਅੰਮ੍ਰਿਤ ਦੀ ਸਾਜਣਾ ਕਰਨ ਵਾਲੇ ਮਹਾਨ ਗੁਰੂ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਸਾਹਿਬ ! ਜੇ ਰਹਿਮਤਾਂ ਵਿਚ ਆ ਕੇ ਅੰਮ੍ਰਿਤ ਦੀ ਬਖ਼ਸ਼ਿਸ਼ ਕੀਤੀ ਹੈ ਤਾਂ ਆਪਣਾ ਰੂਪ ਬਣਾ ਦੇ। ਮੈਂ ਨਾਦਾਨ, ਨਾਚੀਜ਼ ਤੇ ਕਮਜ਼ੋਰ ਹਾਂ, ਤੂੰ ਹੀ ਕਿਰਪਾ ਕਰ। ਉਰਦੂ ਵਿਚ ਕਿਸੇ ਦੀ ਇਕ ਨਜ਼ਮ ਵਿਚ ਅਰਦਾਸ ਕਰਦਾ ਹਾਂ ਆਪਣੇ ਲਈ ਤੇ ਹੋਰ ਉਨ੍ਹਾਂ ਸਾਥੀਆਂ ਲਈ ਜਿਹੜੇ ਮੇਰੇ ਨਾਲ ਰਲੇ ਹਨਃ ਕੇਰਲ, ਇਟਲੀ, ਮਹਾਰਾਸ਼ਟਰ, ਦਿੱਲੀ, ਅਮਰੀਕਾ, ਦੁਬਈ ਤੇ ਹੋਰ ਜਿਥੇ ਵੀ ਅਸੀਂ ਬੈਠੇ ਹਾਂ, ਲਾਜ ਰੱਖੀਂ:-

ਲਬ ਪੇ ਆਤੀ ਹੈ ਦੁਆ ਬਣਕੇ ਤਮੱਨਾ ਮੇਰੀ।
ਜ਼ਿੰਦਗੀ ਸ਼ੱਮਾਂ ਦੀ ਸੂਰਤ ਹੋ ਖ਼ੁਦਾਇਆ ਮੇਰੀ।
ਹੋ ਮੇਰਾ ਕਾਮ ਗਰੀਬੋਂ ਕੀ ਹਿਮਾਇਤ ਕਰਨਾ।
ਦਰਦਮੰਦੋਂ ਸੇ ਜ਼ਈਫੋਂ ਸੇ ਮੁਹੱਬਤ ਕਰਨਾ।
ਮੇਰੇ ਅੱਲਾਹ, ਬੁਰਾਈ ਸੇ ਬਚਾਨਾ ਮੁਝ ਕੋ।
ਨੇਕ ਜੋ ਰਾਹ ਹੋ ਉਸ ਰਾਹ ਪਿ ਲਾਨਾ ਮੁਝ ਕੋ।

ਕੇਵਲ ਨਾਮ ਤੇ ਨਾਮ ਦੀ ਜਾਚਨਾ ਕਰਦਾ ਹਾਂ ਤਾਂ ਜੋ ਸਾਹਿਬਜ਼ਾਦਿਆਂ ਦੇ ਨਕਸ਼ੇ-ਕਦਮ 'ਤੇ ਚਲ ਸਕੀਏ, ਸੱਚ ਲਈ ਸ਼ਹੀਦ ਹੋ ਜਾਈਏ ਪਰ ਗੁਰੂ ਦੇ ਚਰਨ ਨਾ ਛੋੜੀਏ।

ਮੇਰੇ ਸਾਹਿਬ ! ਦੋ ਘੰਟੇ ਬਾਅਦ ਫਿਰ ਆਪ ਦੇ ਪਾਸ ਆਣ ਬੈਠਾ ਹਾਂ। ਇਕ ਰੀਝ ਆਈ ਹੈ, ਇਕ ਧੂਹ ਉਠੀ ਹੈ, ਇਕ ਪ੍ਰੇਮ ਉਪਜਿਆ ਹੈ, ਇਕ ਬੇਵਸੀ ਨਿਕਲੀ ਹੈ, ਇਕ ਬੇਇਖ਼ਤਿਆਰ ਲਿਲਕ ਆਈ ਹੈ। ਮੇਰੇ ਸਾਹਿਬ ! ਪ੍ਰੇਮ ਕੀ ਹੈ ? ਪ੍ਰੇਮ ਕਰਨ ਵਾਲਾ ਤੂੰ, ਕਰਾਣ ਵਾਲਾ ਤੂੰ। ਸਭ ਕੁਝ ਤੂੰ ਕਰਦਾ ਹੈਂ, ਫਿਰ 'ਮੈਂ' ਵਿਚ ਕਿਉਂ ਫਸ ਜਾਂਦਾ ਹਾਂ ? ਕੋਈ ਐਸੀ ਰਿਸ਼ਤੇਦਾਰੀ, ਜਿਸ ਵਿਚ ਸਭ ਕੁਝ ਇਕ ਪਾਸਿਉਂ ਹੁੰਦਾ ਹੈ, ਫਿਰ ਵੀ ਮੈਨੂੰ ਉਪਦੇਸ਼ ਹੈ ਮੈਂ ਪਿਆਰ ਕਰਾਂ, ਮੈਂ ਨਾਮ ਜਪਾਂ, ਮੈਂ ਸੇਵਾ ਕਰਾਂ, ਮੈਂ ਪਰਉਪਕਾਰ ਕਰਾਂ, ਮੈਂ ਸੱਚ ਬੋਲਾਂ, ਮੈਂ ਵੈਰ ਨਾ ਕਰਾਂ, ਮੈਂ ਨਿਰਭਉ ਹੋਵਾਂ, ਮੈਂ ਲਾਲਚ ਤੇ ਆਕੜ ਤੋਂ ਦੂਰ ਰਹਾਂ, ਮੈਂ ਕਰੋਧ ਤੇ ਕਾਮ ਨਾਲ ਯਾਰੀ ਨਾ ਪਾਵਾਂ। ਮੈਂ ਤਾਂ ਇਹੋ ਜਾਣਦਾ ਹਾਂ ਕਿ ਜੇ ਤੂੰ ਨਜ਼ਰ ਭਰ ਕੇ ਤੱਕਦਾ ਹੈਂ ਤਾਂ ਮੈਂ ਪੂਛ ਹਿਲਾ ਦਿੰਦਾ ਹਾਂ। ਜੇ ਤੂੰ ਪਿਤਾ ਦੀ ਨਜ਼ਰ ਭਰ ਕੇ ਤੱਕਦਾ ਹੈਂ ਤਾਂ ਮੈਂ ਪੁੱਤਰ ਬਣ ਕੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਵਾਲੀ ਸ਼ਹੀਦੀ ਦੀਆਂ ਉਮੰਗਾਂ ਕਰ ਲੈਂਦਾ ਹਾਂ। ਜੇ ਤੂੰ ਪਤੀ ਦੀ ਨਜ਼ਰ ਭਰ ਕੇ

www.sikhbookclub.com

ਤੱਕਦਾ ਹੈਂ ਤਾਂ ਅੱਥਰੂਆਂ ਵਿਚ ਲਿਸ਼ਕਦੀਆਂ ਅੱਖਾਂ ਤੇਰੀਆਂ ਅੱਖਾਂ ਵਿਚ ਪਾ ਦਿੰਦਾ ਹਾਂ।

ਮੇਰੇ ਸਾਹਿਬ ! ਮੇਰੀ ਲਾਜ ਪੱਤ ਤੂੰ ਹੈਂ, ਮੇਰਾ ਮਾਲਕ ਤੂੰ ਹੈਂ, ਮੇਰੀ ਜ਼ਿੰਦਗੀ ਤੂੰ ਹੈਂ, ਮੇਰਾ ਭੋਜਨ ਗਿਆਨ ਤੂੰ ਹੈਂ, ਮੇਰਾ ਪਹਿਨਣ-ਖਾਣ ਤੂੰ ਹੈਂ, ਫਿਰ ਵੀ 'ਮੈਂ' ਪਤਾ ਨਹੀਂ ਕਿਥੋਂ ਉਪਜ ਪੈਂਦੀ ਹੈ? ਕਿਉਂਕਿ ਗੰਦਗੀ ਦਾ ਭਰਿਆ ਹੋਇਆ ਜੋ ਹਾਂ। ਬਸ ਹਟਕੋਰਿਆਂ ਵਿਚ ਇਕ ਲਿਲਕ ਭਰੀ ਅਰਦਾਸ ਹੈ :

ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥

(ਪੰਨਾ ੭੩੧)

(4/1996)

www.sikhbookclub.com

ਅਨੰਦਪੁਰ ਸਾਹਿਬ
1699 ਦੀ ਇਕ ਵਿਸਾਖੀ

ਵਿਸਾਖੀ ਦੇ ਮੇਲੇ ਦਾ ਦ੍ਰਿਸ਼, ਕੁਝ ਲੋਕ ਸ਼ਬਦ ਪੜ੍ਹਦੇ, ਦੋ ਤਿੰਨ ਟੋਲੀਆਂ ਵਿਚ ਆਉਂਦੇ, ਲਿਬਾਸਾਂ ਤੋਂ ਵੱਖ-ਵੱਖ ਪ੍ਰਾਂਤਾਂ (ਸੱਜੇ-ਖੱਬੇ ਟੋਲੀਆਂ ਪਿੱਛੋਂ ਤੇ ਇਲਾਕਿਆਂ, ਪਹਾੜੀ, ਪੂਰਬੀਏ ਪਿਸ਼ੌਰ, ਕਾਬਲ, ਦਵਾਬਾ, ਮਾਲਵਾ) ਦੇ ਜਾਪਣ—ਸਭ ਸ਼ਬਦ ਪੜ੍ਹਦੇ ਜਾਂ ਸਤਿਨਾਮੁ ਵਾਹਿਗੁਰੂ ਕਰਦੇ।

ਸ਼ਬਦ :
ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿੰਦ੍ਰਾ ਮੈ,
ਕਬਹੂੰ ਸੁਚਿਤ ਹ੍ਵੈ ਜਾਗੋ ॥.....
ਸਿੰਚਤ ਕਹਾ ਪਰੇ ਬਿਖਿਯਨ ਕਹ,
ਕਬਹੁ ਬਿਖੈ ਰਸ ਤਯਾਗੋ ॥

ਇਕ ਕਲੰਦਰ, ਇਕ ਮਦਾਰੀ ਤੇ ਬਾਜ਼ੀਗਰਾਂ ਦੀ ਟੋਲੀ :
ਬੰਸਰੀ, ਢੋਲਕੀ ਵਜਾਉਂਦੇ ਆਦਿਕ।

ਸਿਰਾਂ 'ਤੇ ਗਠੜੀ ਚੁਕੀ ਪਹਾੜੀ ਲਿਬਾਸ ਵਿਚ ਇਕ—ਬੱਲੇ ਬੱਲੇ ਹੱਦ ਹੋ ਗਈ। ਮੈਂ ਥੋੜਾ ਹੀ ਮਾਲ ਲਿਆਇਆ ਹਾਂ। ਐਡਾ ਮੇਲਾ ਐ ਮੇਲਾ—ਏਨਾ ਤੇ ਨੈਣਾਂ ਦੇਵੀ ਭੀ ਨਹੀਂ ਕਦੇ ਵੇਖਿਆ।

ਇਕ ਹੋਰ— (ਖਾਲੀ ਹੱਥੀਂ) ਮਾਹਣੂਆਂ ! ਏਥੇ ਭਲਾ ਕੋਈ ਪਕੌੜੇ ਤਲਣ ਵਾਲਾ ਹੋਊ ਗਰਮ ਗਰਮ ?

ਦੂਜਾ— ਅਹੁ ਵੇਖ ਖਾਂ, ਧੂੰਆਂ ਨਿਕਲਦਾ।

ਪਹਿਲਾ— ਓਇ ਹੋਇ, ਪਕੌੜੇ ਕੀ ਕਰਨੇ ਆਂ ਐਡੇ ਮੇਲੇ ਵਿਚ ? ਕੋਈ ਜਲੇਬੀਆਂ ਲੈ, ਕੋਈ ਲੱਡੂ ਖਾਹ, ਪਕੌੜੇ ਤਾਂ ਤੁਹਾਡੇ ਗਰਾਂਏ ਵਿਚ ਹਟਵਾਣੀਆਂ ਭੀ ਤਲਦਾ ਏ।

ਤੀਜਾ— ਉਹ ਭਰਾਵਾ ਕੇ ਗਲਾਵਾਂ ! ਏਹਨਾਂ ਜਨਾਨੀਆਂ ਦੇ ਆਪਣੇ ਸਵਾਦ ਨੇ, ਘਰੋਂ ਮੰਨੀਆਂ ਲਾਹ ਲਿਆਈ ਏ, ਕਹਿੰਦੀ ਏ ਪਕੌੜਿਆਂ ਨਾਲ ਖਾਣੀਆਂ ਨੇ, ਉਹ ਵੀ ਗਰਮ ਹੋਣ ਤਾਂ !

ਦੂਜਾ— ਹਾਓ ਭਈ, ਏਨ੍ਹਾਂ ਦੀ ਮੰਨੀ ਹੀ ਪੈਂਦੀ ਏ, ਨਹੀਂ ਤੇ ਭਲਕ ਨੂੰ ਟਿਕੀਓਂ ਭੀ ਜਵਾਬ।

ਤੀਜਾ— ਨਾਂ ਘਰ ਵਾਲੀ ਦਾ, ਭਲਾ ਏਨ ਆਪ ਨਹੀਂ ਖਾਣੇ।

www.sikhbookclub.com

ਪਹਿਲਾ— ਓਇ ਮਾਹਣੂਆਂ ! ਓਏ ਗੁਰੂ ਕਿਆਂ ਦੇ ਲੰਗਰ ਆਈ ਜਾ, ਖੀਰ ਖਾਹ, ਕੜਾਹ ਖਾਹ, ਮਾਂਹ ਤੇ ਮੰਡੇ। ਅਸੀਂ ਤੇ ਵੇਖ ਲੈ, ਬਸ, ਵੇਚਣ ਲਈ ਸੌਦਾ ਲੈ ਆਏ ਹਾਂ, ਰੋਟੀ ਦੇ ਤਿੰਨ ਡੰਗ ਓਥੇ ਹੀ ਖਾਈ ਛੋੜਾਂਗੇ। ਸੁਣਿਆ ਏ ਮ੍ਹਾਣੀ ਤੇ ਭਾਤ ਵੀ ਹੁੰਦਾ ਏ।

ਤੀਜਾ— ਮੇਰੀ ਘਰ ਵਾਲੀ ਬੜੀ ਵਹਿਮਣ ਏ, ਕਹਿੰਦੀ ਏ, ਓਥੇ ਸਭ ਉੱਚੀਆਂ ਨੀਵੀਆਂ ਜਾਤਾਂ ਦੇ ਲੋਕੀਂ ਕੱਠੇ ਬਹਿ ਕੇ ਖਾਂਦੇ ਆ।

ਪਹਿਲਾ— ਯਾਰ ਛੱਡ ਸਭ ਗੱਲਾਂ, ਸੁਣਿਆ ਨਹੀਂ ਊਂ ਪਈ ਜਿੰਨ ਚਲਾ ਜਾਂਦਾ ਏ, ਪਰ ਜਿੰਨ ਦਾ ਵਹਿਮ ਨਹੀਂ ਜਾਂਦਾ। ਸਾਨੂੰ ਤੇ ਅੱਗੇ ਹੀ ਦੇਰ ਹੋਈ ਗਈ ਏ, ਆ ਛੇਤੀ ਛੇਤੀ ਸੌਦਾ ਲਾਈਏ।

(ਚਾਦਰ ਵਿਛਾ ਰਹੇ ਨੇ ਤੇ ਗੰਢੜੀ ਖੋਲ੍ਹਣ ਲਗਦੇ ਨੇ ਜਦ ਰੌਲਾ, ਘਬਰਾਹਟ, ਸੌਦਾ ਖਿਲਾਰੀ ਬੈਠੇ 5-7 ਹੱਟੀ ਵਾਲੇ ਸੌਦਾ ਸਾਂਭਣ ਤੇ ਉਠ ਕੇ ਨੱਠਣ ਦੀ ਤਿਆਰੀ ਵਿਚ ਜਾਪਣ—ਪਿਛਲੇ ਪਾਸਿਓਂ ਭੱਜੇ ਭੱਜੇ ਦੋ ਤਿੰਨ ਬੰਦੇ ਸਟੇਜ ਉੱਤੇ ਆਉਂਦੇ ਹਨ, ਅੱਗੋਂ ਉਨ੍ਹਾਂ ਨੂੰ ਰੋਕ ਕੇ :

ਦੀਨਾ ਨਾਥ— ਓਇ ਕੀ ਹੋਇਆ ਸਾਧ ਰਾਮਾ, ਕੀ ਹੋਇਆ, ਓਇ ਕੋਈ ਸ਼ੇਰ ਆ ਪਿਆ।

ਇਕ ਹਫ਼ਿਆ ਤੇ ਘਬਰਾਇਆ—ਉਹ ਬਚ ਜਾ, ਬਚ ਜਾ (ਬਾਂਹ ਛੁਡਾ ਕੇ ਭੱਜਣ ਦੀ ਕੋਸ਼ਿਸ਼ ਕਰਦਾ ਏ, ਬਾਕੀ ਦੇ ਦੋਵੇਂ ਭੱਜ ਜਾਂਦੇ ਹਨ)

ਦੀਨਾ ਨਾਥ— ਓਇ ਕੋਈ ਵੀ ਨਹੀਂ ਤੇਰੇ ਪਿੱਛੇ ਡਰ ਨਾ, ਦਿਨ ਏ, ਹੋਇਆ ਕੀ, ਆਰਾਮ ਨਾਲ ਦੱਸ ?

ਸਾਧੂ ਰਾਮ— ਦੀਵਾਨ ਵਿਚ ਹੀ ਖਲੋ ਗਿਆ, ਨੰਗੀ ਤਲਵਾਰ ਕੱਢ ਲਈ (ਸਾਹੋ ਸਾਹ)।

ਦੀਨਾ ਨਾਥ— ਕੀਹਨੇ ? ਨੰਦ ਚੰਦ ਨੇ ?

ਸਾਧੂ ਰਾਮ— ਓਇ ਨਹੀਂ, ਗੁਰੂ ਜੀ ਨੇ।

ਦੀਨਾ ਨਾਥ— ਫੇਰ ਕੀ ਹਨੇਰ ਆਇਆ, ਅੱਗੇ ਸ਼ਿਕਾਰ ਵਿਚ ਨਹੀਂ ਕਢਦੇ ਕਿ ਲੜਾਈ ਵਿਚ ਨਹੀਂ ਤੀਰ ਤਲਵਾਰ ਚਲਾਉਂਦੇ ? (ਇਕ ਹੋਰ ਆ ਕੇ)

ਨਵਾਂ— ਲੈ ਓਦਣ ਓਨ੍ਹਾਂ ਤਲਵਾਰ ਨਾਲ ਹੀ ਕੱਲਿਆਂ ਬਾਘ ਦਾ ਸ਼ਿਕਾਰ ਕੀਤਾ ਸੀ।

ਸਾਧੂ ਰਾਮ— (ਘਾਬਰਿਆ, ਐਧਰ ਓਧਰ ਵੇਖਦਾ) ਬੜੀ ਰੋਹ ਵਾਲੀ ਆਵਾਜ਼ ਵਿਚ ਗਰਜ ਕੇ ਕਹਿੰਦੇ ਮੈਨੂੰ ਕਿਸੇ ਦਾ ਸਿਰ ਚਾਹੀਦਾ ਹੈ। ਕੋਈ ਹੈ ਜੋ ਮੈਨੂੰ ਆਪਣਾ ਸਿਰ ਦੇਵੇ।

(ਪਿਛੋਂ ਹੋਰ ਪੰਜ ਛੇ ਜਣੇ ਭੱਜੇ ਆਉਣ)

(ਉਚੀ ਉਚੀ, ਮਰ ਗਏ, ਰੱਖ ਲੈ ਦੇਵੀ ਮਾਤਾ ਹਰੇ ਰਾਮ, ਹੇ ਭਗਵਾਨ)

ਇਕ— ਸਿਰ ਨੂੰ ਗਰਮੀ ਚੜ੍ਹ ਗਈ।

ਦੂਜਾ— ਉਹ ਪਹਿਲਾ ਤੇ ਗਿਆ। ਲਹੂ ਭਿੱਜੀ ਤਲਵਾਰ ਲੈ ਕੇ ਗੁਰੂ ਦੂਜਾ ਸਿਰ ਮੰਗਣ ਲਈ ਆ ਖਲੋਤਾ।

ਤੀਜਾ— ਫੇਰ ਸਾਰੇ ਲੋਕੀਂ ਏਧਰ ਉਧਰ ਭੱਜ ਉਠੇ, ਲੁਕਣ ਲਈ ਥਾਂ ਲਭਦੇ।

ਦੂਜਾ— ਅਸਾਂ ਤੇ ਭਾਈ, ਜਾਨ ਬਚਾ ਕੇ ਨੱਠਣ ਦੀ ਕੀਤੀ।

ਚੌਥਾ— ਹਾਓ, ਨਹੀਂ ਤੇ ਅੱਗੇ ਸਾਡੀ ਹੀ ਵਾਰੀ ਆਉਣੀ ਸੀ। ਲੋਕੀਂ ਭੱਜ ਗਏ ਨੇ। ਕੋਈ

www.sikhbookclub.com

ਕੋਈ ਹੀ ਰਹਿ ਗਿਆ ਹੋਣਾ ਏ, ਪਤਾ ਨਹੀਂ ਕੀ ਹੋ ਗਿਆ ਗੁਰੂ ਸਾਹਿਬ ਨੂੰ, ਚੰਗੇ ਭਲੇ ਸਨ ਹਸੂੰ ਹਸੂੰ ਕਰਦੇ।

ਪੰਜਵਾਂ— ਕਈ ਉਨ੍ਹਾਂ ਦੀ ਮਾਂ ਨੂੰ ਕਹਿਣ ਭੱਜ ਗਏ ਨੇ ਪਈ ਰੋਕੋ ਆਪਣੇ ਪੁੱਤਰ ਨੂੰ।

(ਰੌਲਾ, ਘਬਰਾਹਟ, ਭੱਜ-ਨੱਠ ਇਕ ਦੋ ਮਿੰਟ ਜਾਰੀ ਰਹੇ, ਮਦਾਰੀ ਤੇ ਬਾਜ਼ੀਗਰਾਂ ਨੂੰ ਵੇਖ ਕੇ ਲੋਕ ਭੀ ਐਧਰ ਉਧਰ ਖਿੰਡਣ ਲੱਗਣ (ਫੇਰ) ਦੋ ਤਿੰਨ ਦੁਕਾਨਦਾਰ (ਹੱਥਾਂ ਨਾਲ) ਬਹਿ ਜਾ, ਬਹਿ ਜਾ, ਦਾ ਇਸ਼ਾਰਾ ਕਰਦੇ ਆਉਣ)

ਇਕ— ਓਇ, ਲਗੇ ਰਹੋ, ਭਈ ਬੈਠੇ ਰਹੋ। ਕੁਝ ਨਹੀਂ ਹੋਇਆ।

ਇਕ ਹੋਰ— ਉਹ ਤਾਂ ਪੰਜੇ ਹੀ ਜੀਉਂਦੇ ਜਾਗਦੇ ਨੇ।

ਹੋਰ ਇਕ— ਜੀਉਂਦੇ ਜਾਗਦੇ ਹੀ ਨਹੀਂ, ਉਹ ਤਾਂ ਐਉਂ ਜਾਪਦੇ ਨੇ ਨਵਾਂ ਜਨਮ ਲੈ ਕੇ ਮਹਾਂ ਬਲੀ ਬਣ ਆਏ ਨੇ।

ਦੂਜਾ— ਹੱਛਾ!

ਤੀਜਾ— ਹਾਂ, ਹਾਂ ਗੁਰੂ ਜੀ ਉਨ੍ਹਾਂ ਪੰਜਾਂ ਨੂੰ ਹੀ ਜਿਨ੍ਹਾਂ ਵਾਰੀ ਵਾਰੀ ਆਪਣੇ ਸਿਰ ਦੇਣੇ ਮੰਨੇ ਸਨ, ਨਾਲ ਲੈ ਕੇ ਪਿਛਲੇ ਤੰਬੂ ਤੋਂ ਬਾਹਰ ਆਏ ਤੇ ਕਹਿਣ ਲੱਗੇ—ਇਹ ਮੇਰੇ ਪਿਆਰੇ ਬੱਬਰ ਸ਼ੇਰ ਨੇ।

ਦੂਜਾ— ਤੇ ਨਾਂ ਭੀ ਬਦਲ ਗਏ।

ਤੀਜਾ— ਤੇ ਹੋਰ ਨਾ ਦਯਾ ਰਾਮ ਦਾ ਦਇਆ ਸਿੰਘ ਤੇ ਧਰਮ ਚੰਦ ਦਾ ਧਰਮ ਸਿੰਘ ਬਣ ਗਿਆ ਏ, ਉਹ ਕਹਾਰ ਹਿੰਮਤਾ ਹੁਣ ਹਿੰਮਤ ਸਿੰਘ ਏ, ਤੇ ਮੋਹਕਮ ਚੰਦ ਮੋਹਕਮ ਸਿੰਘ ਹੋ ਗਿਆ ਏ, ਪੰਜਵੇਂ ਦਾ ਨਾਂ ਸਾਹਿਬ ਸਿੰਘ ਏ।

ਦੂਜਾ— ਕੋਈ ਹੋਰ ਭੀ ਦਸਿਆ ?

ਤੀਜਾ— ਹਾਂ, ਹਾਂ ਕੁੜੀਆਂ ਨੂੰ ਮਾਰਨਾ, ਨਸ਼ਾ, ਹੁਕਾ ਪੀਣਾ, ਪਰਇਸਤ੍ਰੀ ਵੱਲ ਬੁਰੀ ਨਜ਼ਰ ਰੱਖਣੀ ਤੇ ਵਾਲ ਕਟਣੇ ਬੰਦ।

ਪਹਿਲਾ— ਇਹ ਤੇ ਫੇਰ ਨਵਾਂ ਧਰਮ ਹੀ ਹੋਇਆ ਕਿ।

ਦੂਜਾ— ਤੇ ਹੋਰ ਨਾ, ਇਹ ਫ਼ੌਜ ਬਣ ਜਾਣੀ ਏ ਫ਼ੌਜ, ਬੜੀ ਤਕੜੀ ਸੈਨਾ, ਤੂੰ ਵੇਂਹਦਾ ਰਹੁ। ਅਜੇ ਖਵਰੇ ਕੀ ਕੀ ਚੰਨ ਚੜ੍ਹਨੇ ਨੇ।

ਪਹਿਲਾ— ਪਹਾੜੀਏ ਰਾਜੇ ਤੇ ਅੱਗੇ ਹੀ ਡਰੇ ਬੈਠੇ ਨੇ, ਹੁਣ ਫੇਰ ਸਰਹੰਦ ਦੇ ਸੂਬੇਦਾਰ ਦਿੱਲੀ ਦੀਆਂ ਜੁੱਤੀਆਂ ਚੱਟਣਗੇ।

ਤੀਜਾ— ਭਰਾਵੋ, ਤੁਸੀਂ ਜਾਣਦੇ ਹੋ, ਜਦੋਂ ਭੀ ਕਿਤੇ ਲੋਕ ਇਕੱਠੇ ਹੋ ਜਾਣ, ਕਿਸੇ ਇਕ ਨੂੰ ਆਗੂ ਜਾਂ ਗੁਰੂ ਮੰਨ ਲੈਣ, ਹਕੂਮਤ ਨੂੰ ਖ਼ਤਰਾ ਪਈ ਜਾਂਦਾ ਏ।

ਪਹਿਲਾ— ਗੁਰੂ ਜੀ ਨੇ ਇਹ ਭੀ ਐਲਾਨ ਕਰ ਦਿੱਤਾ ਕਿ ਕੱਠੇ ਬੈਠ ਕੇ ਖਾਉ, ਭਰਾ ਬਣ ਕੇ ਰਹੋ, ਹੁਣ ਇਹ ਸਭੇ ਇਕ ਦੂਜੇ ਨੂੰ ਭਾਈ, ਕਹਿ ਕੇ ਹੀ ਬੁਲਾਉਂਦੇ ਨੇ।

ਤੀਜਾ— ਆਹੋ ਭਈ, ਏਕੇ ਵਿਚ ਹੀ ਬਰਕਤ ਤੇ ਤਾਕਤ ਏ।

ਕੀਰਤਨ ਵਾਂਗ—

ਧੰਨ ਜੀਓ ਤਿਹ ਕੋ ਜਗ ਮੈ,

www.sikhbookclub.com

ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ,
ਜਸੁ ਨਾਵ ਚੜੈ ਭਵਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ,
ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਜਾਨਹਿ ਕੀ ਬਢਨੀ ਮਨਹੁ ਹਾਥ ਲੈ,
ਕਾਤਰਤਾ ਕੁਤਵਾਰ ਬੁਹਾਰੈ ॥

(ਦਸਮ ਗ੍ਰੰਥ, ਪੰਨਾ ੫੭੦)

ਢਾਡੀ— ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ, ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ, ਜਪਿਓ ਕਰਤਾਰਾ।
ਨਿਜ ਪੰਜ ਚਲਾਇਓ ਖਾਲਸਾ, ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ, ਗਹਿ ਖੜਗ ਕੋ, ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਰਿ, ਪਕੜੋ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ, ਜੀਤਿਓ ਰਣ ਭਾਰਾ।
ਸਭ ਦੈਤ ਅਰਿਨਿ ਕੋ ਘੇਰ ਕਰਿ, ਕੀਚੈ ਪ੍ਰਹਾਰਾ।.....
ਗਹਿ ਐਸੇ ਖੜਗ ਦਿਖਾਈਐ, ਕੋ ਸਕੈ ਨ ਝੇਲਾ।
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ ॥੧੫॥

(ਵਾਰ ੪੧)

(4/1989)

www.sikhbookclub.com

ਅੰਮ੍ਰਿਤ ਵਾਸਤੇ ਕੁਰਬਾਨੀ

ਸਿੱਖ ਧਰਮ ਦੀ ਪ੍ਰਾਪਤੀ ਸਿਰ-ਧੜ ਦੀ ਬਾਜ਼ੀ ਵਾਲੀ ਬਾਤ ਹੈ। ਗੁਰੂ ਘਰ ਵਿਚ ਕੇਵਲ ਗੱਲਾਂ ਬਾਤਾਂ ਨਾਲ ਕੁਝ ਭੀ ਪ੍ਰਾਪਤ ਨਹੀਂ ਹੋ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖਣ ਵੇਲੇ ਕਿਸੇ ਨੂੰ ਸੁਰਗਾਂ (ਬਹਿਸ਼ਤਾਂ), ਹੂਰਾਂ ਅਤੇ ਅੰਗੂਰੀ ਸ਼ਰਾਬਾਂ ਆਦਿ ਦਾ ਕੋਈ ਲਾਲਚ ਨਹੀਂ ਦਿੱਤਾ ਸੀ ਬਲਕਿ ਆਪ ਨੇ ਫ਼ੁਰਮਾਇਆ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ *(ਪੰਨਾ ੧੪੧੨)*

ਸਿੱਖੀ ਸਿਦਕ ਲਈ ਤਾਂ ਇਹ ਇਕ ਰਸਤਾ ਹੈ। ਸੰਸਾਰੀ ਲੋਕ ਜਾਂ ਅਨਮਤਾਂ ਵਾਲੇ ਰਾਜ ਜਾਂ ਧਰਮ ਦੀ ਪ੍ਰਾਪਤੀ ਵਾਸਤੇ ਪਸ਼ੂਆਂ ਦੀ ਕੁਰਬਾਨੀ ਦਿੰਦੇ ਆਏ ਹਨ, ਜੋ ਭਾਰੀ ਗ਼ਲਤੀ ਅਤੇ ਖ਼ੁਦਗਰਜ਼ੀ ਹੈ। ਕਿਉਂਕਿ ਆਪਣੀ ਜਾਨ ਬਚਾਉਣ ਵਾਸਤੇ ਦੂਜੇ ਨੂੰ ਮਾਰਨਾ ਕੋਈ ਕੁਰਬਾਨੀ ਜਾਂ ਉਪਕਾਰ ਨਹੀਂ ਹੈ, ਇਹ ਤਾਂ ਉਲਟਾ ਪਾਪ ਜਾਂ ਅਧਰਮ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਵਿਚ ਅਮਲੀ ਕੁਰਬਾਨੀ ਦੀ ਮਿਸਾਲ ਕਾਇਮ ਕਰਨ ਵਾਸਤੇ ਪਹਿਲਾਂ ਆਪਣੇ ਸਰੀਰ ਦੀ ਅਹੂਤੀ ਦਿੱਤੀ, ਤਦੇ ਆਪ ਨੇ ਫ਼ੁਰਮਾਇਆ ਹੈ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ *(ਪੰਨਾ ੧੧੦੨)*

ਨੌਵੇਂ ਗੁਰੂ ਜੀ ਦੀ ਧਰਮ ਹਿੱਤ ਕੁਰਬਾਨੀ ਦੇਣ ਸਮੇਂ ਇਉਂ ਹਾਲਤ ਸੀ :

ਧਰ ਪਈਐ ਧਰਮ ਨ ਛੋਡੀਐ ॥

ਉਨ੍ਹਾਂ ਧਰਮ ਦੀ ਰੱਖਿਆ ਹਿੱਤ ਸੀਸ ਦੇਣਾ ਸਿਖਾਇਆ ਜਿਸ ਤਰ੍ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਹੀ ਫ਼ੁਰਮਾਇਆ ਸੀ :

ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥ *(ਪੰਨਾ ੯੯੨)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਧਰਮ ਦੀ ਰੱਖਿਆ ਤੇ ਆਜ਼ਾਦੀ ਪ੍ਰਾਪਤ ਕਰਨ ਵਾਸਤੇ ਪੰਜਾਂ ਸਿੱਖਾਂ ਦੀ ਪੰਚਾਇਤ ਬਣਾਈ ਜਿਨ੍ਹਾਂ 'ਪਰ ਕੁਰਬਾਨੀ ਦੀ ਨੀਂਹ ਰੱਖੀ। ਇਹ ਕੋਈ ਡਰਾਮਾ ਜਾਂ ਵਿਖਾਵਾ ਨਹੀਂ ਸੀ। ਭਾਵੇਂ ਪਿਛਲੇ ਨੌਵੇਂ ਗੁਰੂ ਸਰੂਪ ਧਰਮ ਪ੍ਰੀਖਿਆ ਕਰ ਕੇ ਹੀ ਦੂਜੇ ਗੁਰੂ ਸਰੂਪ ਨੂੰ ਗੁਰੂ ਗੱਦੀ 'ਪਰ ਸੁਸ਼ੋਭਤ ਕਰਦੇ ਸਨ ਪਰ ਉਹ ਤਰੀਕਾ ਪੂਰਨ ਤੌਰ 'ਪਰ ਪੰਚਾਇਤੀ ਰਾਜ ਦੇ ਅਸੂਲਾਂ

www.sikhbookclub.com

ਦਾ ਨਹੀਂ ਸੀ। ਦਸਮ ਗੁਰੂ ਜੀ ਨੇ ਅਰਥਾਤ ਦਸਮੇ ਨਾਨਕ ਸਰੂਪ ਨੇ ਅੰਤਿਮ ਪ੍ਰੀਖਿਆ ਵਾਸਤੇ ਪੰਜਾਂ ਸਿੱਖਾਂ ਦੀ ਚੋਣ ਕੀਤੀ ਜੋ ਕਿ ਖੰਡੇ ਦੇ ਅੰਮ੍ਰਿਤ ਦੁਆਰਾ ਮੁਰਦਾ ਹੋ ਚੁੱਕੀਆਂ ਰੂਹਾਂ ਵਿਚ ਜਿੰਦ ਜਾਨ ਪਾਉਣੀ ਸੀ, ਕਿਉਂਕਿ ਭਾਰਤ ਵਰਸ਼ ਦੇ ਲੋਕ ਇਥੇ ਤੱਕ ਗਿਰ ਚੁੱਕੇ ਸਨ ਕਿ ਜਰਵਾਣੇ ਲੋਕ ਇਨ੍ਹਾਂ ਦਾ ਧਨ ਦੌਲਤ, ਬਹੂ ਬੇਟੀਆਂ ਇਨ੍ਹਾਂ ਦੇ ਸਾਹਮਣੇ ਲੁੱਟ ਕੇ ਲੈ ਜਾਂਦੇ ਹਨ ਅਤੇ ਇਹ ਭੇਡਾਂ ਬੱਕਰੀਆਂ ਦੀ ਤਰ੍ਹਾਂ ਡਰ ਕੇ ਸਹਿਮ ਜਾਂਦੇ ਸਨ। ਸ੍ਰੀ ਗੁਰੂ ਦਸਮੇਸ਼ ਜੀ ਨੇ ਵਿਸਾਖੀ ਦੇ ਇਕੱਠ 'ਪਰ ਨੰਗੀ ਤਲਵਾਰ ਸੂਤ ਕੇ ਆਪਣੇ ਦਰਬਾਰ ਵਿਚ ਮੰਗ ਕੀਤੀ ਕਿ ਸਾਨੂੰ ਦੇਸ਼ ਅਤੇ ਧਰਮ ਆਜ਼ਾਦੀ ਵਾਸਤੇ ਸੀਸ ਦੀ ਲੋੜ ਹੈ। ਸੋ ਇਸ ਮੰਗ ਨੂੰ ਪੂਰਨ ਕਰਨ ਵਾਸਤੇ ਵਾਰੋ ਵਾਰੀ ਪੰਜ ਮਰਜੀਵੜੇ ਸਿੱਖ ਤਲਵਾਰ ਦੀ ਧਾਰ ਹੇਠਾਂ ਆ ਨਿੱਤਰੇ ਕਿ ਅਸੀਂ ਤਿਆਰ ਹਾਂ, ਜੋ ਸਤਿਗੁਰੂ ਜੀ ਹੁਕਮ ਕਰਨਗੇ ਉਸ ਪਰ ਅਮਲ ਕਰਾਂਗੇ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਪੰਨਾ ੯੧੮)

ਪੰਜ ਪਿਆਰੇ ਪ੍ਰਣ ਕਰਕੇ (ਗੁਰੂ ਤੋਂ ਆਪਾ ਵਾਰ ਕੇ) ਕਾਇਮ ਹੋਏ ਜਿਨ੍ਹਾਂ 'ਪਰ ਖ਼ਾਲਸਾ ਪੰਥ ਦੀ ਬੁਨਿਆਦੀ ਰੱਖੀ ਗਈ। ਇਹ ਨਹੀਂ ਆਖਿਆ ਜਾ ਸਕਦਾ ਕਿ ਸੀਸ ਵਾਰਨ ਲਈ ਹੋਰ ਸਿੱਖ ਤਿਆਰ ਨਹੀਂ ਸੀ। ਜੇਕਰ ਗੁਰੂ ਜੀ ਹੋਰ ਸੀਸ ਮੰਗਦੇ ਤਾਂ ਹੋਰ ਕਈ ਤਲਵਾਰ ਦੀ ਧਾਰ ਅੱਗੇ ਜ਼ਰੂਰ ਆਉਂਦੇ ਪਰ ਪੰਚਾਇਤੀ ਅਸੂਲਾਂ ਅਨੁਸਾਰ ਪੰਜ ਹੀ ਚੁਣੇ ਸਨ ਜੋ ਕਿ ਗੁਰੂ ਜੀ ਦੀਆਂ ਨਜ਼ਰਾਂ ਵਿਚ ਕਬੂਲ ਹੋ ਗਏ। ਜੋ ਰਹਿ ਗਏ ਉਹ ਪਛਤਾਏ ਜ਼ਰੂਰ ਹੋਣਗੇ ਕਿਉਂਕਿ ਕੁਰਬਾਨੀ ਲਈ ਕੋਈ ਖਾਸ ਸਮਾਂ ਤੇ ਅਵਸਰ ਹੀ ਹੁੰਦਾ ਹੈ।

ਇਹ ਬਾਤ ਠੀਕ ਨਹੀਂ ਜਾਪਦੀ ਕਿ ਗੁਰੂ ਜੀ ਨੇ ਉਨ੍ਹਾਂ ਦੀ ਪਰੀਖਿਆ ਹਿਤ ਹੋਰ ਕੀ ਕੁਝ ਕਰਨਾ ਸੀ ਕਿਉਂਕਿ ਉਹ ਤਲਵਾਰ ਦੀ ਧਾਰ ਅੱਗੇ ਆਉਣ ਸਾਰ ਪਾਸ ਹੋ ਗਏ ਮੰਨੇ ਗਏ ਸਨ। ਤੰਬੂ ਵਿਚ ਲੈ ਜਾ ਕੇ ਬੱਕਰੇ ਆਦਿ ਝਟਕਣੇ ਜਾਂ ਹੋਰ ਕੋਈ ਵਿਖਾਵਾ ਕਰਨਾ ਨਿਸਚਿਤ ਨਹੀਂ ਕਿਹਾ ਜਾ ਸਕਦਾ। ਇਸ ਬਾਤ ਨੂੰ ਪੰਜੇ ਪਿਆਰੇ ਯਾਂ ਗੁਰੂ ਜੀ ਹੀ ਸਮਝਦੇ ਹਨ।... ਪ੍ਰੀਖਿਆ ਇਹੋ ਸੀ ਕਿ ਉਹ ਤਲਵਾਰ ਦੀ ਧਾਰ ਅੱਗੇ ਆ ਕੇ ਮਰਨ ਕਬੂਲ ਕਰਨ ਅਤੇ ਤਨ ਮਨ ਧਨ ਦੀ ਕੁਰਬਾਨੀ ਲਈ ਅਟੱਲ ਰਹਿਣ। ਅੰਮ੍ਰਿਤ ਮਰਯਾਦਾ ਦਾ ਇਹੋ ਤਰੀਕਾ ਹੈ ਕਿ ਜਿਸ ਨੂੰ ਵੀ ਅੰਮ੍ਰਿਤ ਛਕਾਇਆ ਜਾਵੇ ਉਸ ਪਾਸੋਂ ਤਨ ਮਨ ਧਨ ਵਾਰਨੇ ਦਾ ਪ੍ਰਣ ਲੈ ਕੇ ਅੰਮ੍ਰਿਤ ਛਕਾਇਆ ਜਾਂਦਾ ਹੈ। ਇਹ ਇਕ ਸਿੱਖ ਧਰਮ ਅਨੁਸਾਰ ਸਹੁੰ ਚੁਕਾਉਣ ਦਾ ਤਰੀਕਾ ਹੈ। ਅੰਮ੍ਰਿਤ ਛਕਣਾ ਗੁਰੂ ਧਾਰਨ ਕਰਨ ਦਾ ਵੀ ਪ੍ਰਣ ਹੈ। ਜੋ ਅੰਮ੍ਰਿਤ ਨਾ ਛਕੇ ਉਸ ਨੂੰ ਰਹਿਤਨਾਮਿਆਂ ਅਨੁਸਾਰ ਨਿਗੁਰਾ ਮੰਨਿਆ ਜਾਂਦਾ ਹੈ ਉਸ ਵਾਸਤੇ ਗੁਰੂ ਘਰ ਵਿਚ ਕੋਈ ਥਾਂ ਨਹੀਂ ਹੈ।

ਜਿਸ ਅੰਮ੍ਰਿਤ ਦੀ ਪ੍ਰਾਪਤੀ ਵਾਸਤੇ ਦੇਵੀ ਦੇਵਤੇ ਆਦਿ ਲੋਚਦੇ ਰਹੇ ਤੇ ਉਹਨਾਂ ਨੂੰ ਕਿਧਰੋਂ ਵੀ ਪ੍ਰਾਪਤ ਨਹੀਂ ਸੀ ਹੋ ਸਕਿਆ ਉਹ ਅੰਮ੍ਰਿਤ ਸਤਿਗੁਰਾਂ ਪਾਸੋਂ ਪ੍ਰਾਪਤ ਹੁੰਦਾ ਹੈ। ਜਿਹਾ ਕਿ ਹੁਕਮ ਹੈ :

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥

(ਪੰਨਾ ੫੯੮)

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥ *(ਪੰਨਾ ੯੧੮)*

www.sikhbookclub.com

ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਪ੍ਰਾਪਤ ਕਰਨ ਲਈ ਗੁਰੂ ਜੀ ਨੇ ਵੀ ਆਪਣਾ ਤਨ ਮਨ ਧਨ ਵਾਰਨ ਦਾ ਪ੍ਰਣ ਕੀਤਾ ਸੀ, ਜਿਹਾ ਕਿ :

ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥

(ਦਸਮ ਗ੍ਰੰਥ, ਪੰਨਾ ੭੬੬)

ਇਸ ਤੋਂ ਵੱਧ ਸਤਿਗੁਰੂ ਜੀ ਨੇ ਖ਼ਾਲਸਾ ਜੀ ਦੇ ਉਪਰ ਦੀ ਆਪਣੇ ਪਰਿਵਾਰ ਅਥਵਾ ਸਰਬੰਸ ਨੂੰ ਕੁਰਬਾਨ ਕਰ ਕੇ ਪੂਰਨ ਅਮਲ ਕਰ ਵਿਖਾਇਆ। ਸੋ ਸਿਰ ਦੀ ਕੁਰਬਾਨੀ ਦੇ ਅਰਥ ਆਪੇ ਸਿਰ ਵਢਣਾ ਨਹੀਂ ਹੁੰਦੇ ਬਲਕਿ ਸਮੇਂ ਅਤੇ ਲੋੜ ਅਨੁਸਾਰ ਆਪਣਾ ਸੀਸ ਧਰਮ ਦੇ ਲੇਖੇ ਲਾਉਣਾ ਅਥਵਾ ਸ਼ਹੀਦੀ ਪ੍ਰਾਪਤ ਕਰਨਾ ਹੈ। ਇਸੇ ਤਰ੍ਹਾਂ ਪੰਜਾਂ ਪਿਆਰਿਆਂ ਮਗਰੋਂ ਅੰਮ੍ਰਿਤਧਾਰੀ ਖ਼ਾਲਸਾ ਜੀ ਆਪਣੇ ਸੀਸ ਵਾਰ ਕੇ ਸਫਲਤਾ ਪ੍ਰਾਪਤ ਕਰਦਾ ਆ ਰਿਹਾ ਹੈ। ਇਸ ਤਰ੍ਹਾਂ ਦੇ ਪ੍ਰਣ ਪ੍ਰਮਾਣ ਗੁਰਬਾਣੀ ਵਿਚੋਂ ਵੀ ਕਾਫ਼ੀ ਮਿਲਦੇ ਹਨ, ਜੋ ਕੁਰਬਾਨੀ ਹਿੱਤ ਪ੍ਰੇਰਨਾ ਕਰਦੇ ਹਨ।

ਇਹ ਹੈ ਪ੍ਰੇਮ ਦਾ ਪ੍ਰਣ ਜੋ ਪੰਜਾਂ ਪਿਆਰਿਆਂ ਨੇ ਧਾਰਨ ਕੀਤਾ ਸੀ। ਭਾਵ ਜਦੋਂ ਭੀ ਲੋੜ ਪਵੇ ਸੀਸ ਹਾਜ਼ਰ ਹੈ। ਹਰ ਇਕ ਅੰਮ੍ਰਿਤਧਾਰੀ ਦਾ ਇਹੋ ਹੀ ਮਨੋਰਥ ਹੋਣਾ ਚਾਹੀਦਾ ਹੈ। ਵਿਸਾਖੀ ਦਾ ਇਹੋ ਸੰਦੇਸ਼ ਹੈ ਕਿ ਅਸੀਂ ਹਰ ਸਮੇਂ ਧਾਰਮਿਕ ਕੁਰਬਾਨੀ ਲਈ ਤੱਤਪਰ ਰਹੀਏ।

(4/1961)

www.sikhbookclub.com

ਇਕ ਯਾਤਰਾ ਸ੍ਰੀ ਪਟਨਾ ਸਾਹਿਬ ਦੀ

ਇਕ ਹੌਲੀ ਰਫ਼ਤਾਰ ਤੇ ਚਲਦੀ ਗੱਡੀ ਵਿਚ ਬੈਠਿਆਂ ਹੀ ਬਹੁਤ ਪਹਿਲਾਂ ਮੇਰੇ ਵਿਚਾਰਾਂ ਦੀ ਗੱਡੀ ਪਟਨੇ ਸਾਹਿਬ ਪੁੱਜ ਗਈ ਅਤੇ ਮੈਂ ਸੋਚਦਾ ਸੋਚਦਾ ਅੱਜ ਤੋਂ 2200 ਵਰ੍ਹੇ ਪਹਿਲਾਂ ਦਾ ਪਟਨਾ, ਜੋ ਉਸ ਵੇਲੇ ਪਾਟਲੀ ਪੁੱਤਰ ਨਾਂ ਨਾਲ ਮੋਰੀਆ ਵੰਸ ਦੇ ਮਹਾਰਾਜਾ ਚੰਦਰ ਗੁਪਤ ਦੀ ਰਾਜਧਾਨੀ ਸੀ, ਆਪਣੀ ਕਲਪਨਾ ਵਿਚ ਵੇਖਣ ਲੱਗ ਪਿਆ। ਮੈਨੂੰ ਯਾਦ ਆਇਆ ਕਿ ਇਤਿਹਾਸ ਵਿਚ ਇਸ ਪਾਟਲੀ ਪੁੱਤਰ ਨੂੰ 9 ਮੀਲ ਲੰਮਾ ਤੇ ਡੇਢ ਮੀਲ ਚੌੜਾ ਦੱਸਿਆ ਹੁੰਦਾ ਹੈ ਅਤੇ ਇਹ ਭੀ ਲਿਖਿਆ ਹੁੰਦਾ ਹੈ ਕਿ ਉਸ ਵੇਲੇ ਸਾਰੇ ਸ਼ਹਿਰ ਦੇ ਦੁਆਲੇ ਇਕ ਪੱਕੀ ਕੰਧ ਹੁੰਦੀ ਸੀ ਜਿਸ ਵਿਚ 64 ਵੱਡੇ ਬੂਹੇ ਹੁੰਦੇ ਸਨ ਅਤੇ ਕੰਧ ਉੱਤੇ 570 ਥਾਵਾਂ ਉੱਤੇ ਬੁਰਜ ਬਣੇ ਹੋਏ ਸਨ। ਇਸ ਕੰਧ ਦੇ ਦੁਆਲੇ ਇਕ 60 ਫੁੱਟ ਚੌੜੀ ਦੇ 45 ਫੁੱਟ ਡੂੰਘੀ ਖਾਈ ਜਾਂ ਖੁੰਦਕ ਹੁੰਦੀ ਸੀ। ਮੈਂ ਪੜ੍ਹਿਆ ਸੀ ਕਿ ਇਥੇ ਮਹਾਰਾਜਾ ਅਸ਼ੋਕ ਦਾ ਰਾਜ ਭਵਨ ਦੇ ਭੀ ਕੁਝ ਚਿੰਨ੍ਹ ਮਿਲਦੇ ਹਨ ਅਤੇ ਇਉਂ ਭੀ ਪੜ੍ਹਿਆ ਸੀ ਕਿ ਸੰਸਕ੍ਰਿਤ ਦੇ ਗ੍ਰੰਥਾਂ ਵਿਚ ਇਸੇ ਸ਼ਹਿਰ ਦਾ ਨਾਂ ਕੁਸਮਪੁਰ ਅਤੇ ਪਦਮਾ-ਵਤੀ ਪੁਸ਼ਪ-ਪੁਰ ਭੀ ਹੈ।

ਮਿਤੀ 20-11-63 ਨੂੰ ਲੌਢੇ ਵੇਲੇ ਦੇ ਚਾਰ ਕੁ ਵਜੇ ਮੈਂ ਪਟਨੇ ਸਾਹਿਬ ਦੇ ਵੱਡੇ ਸਟੇਸ਼ਨ ਉੱਤੇ ਸਾਂ। ਪਰ ਅਜੇ ਵੀ ਪਿਛਲੇ ਵਿਚਾਰ ਮੇਰੇ ਮਨ ਵਿਚ ਫਿਰ ਰਹੇ ਸਨ। ਮੈਂ ਸੋਚ ਰਿਹਾ ਸਾਂ ਕਿ ਜੋ ਸਹੂਲਤਾਂ ਦੇਣ ਦਾ ਇਕਰਾਰ ਰੇਲਵੇ ਜਿੱਡਾ ਵੱਡਾ ਵਿਭਾਗ ਕਰਦਾ ਹੈ ਉਹ ਕਿਉਂ ਨਹੀਂ ਆਪਣੇ ਵਚਨ ਨੂੰ ਸੋਹਣੀ ਤਰ੍ਹਾਂ ਨਿਭਾਉਂਦਾ ? ਪਲੇਟਫਾਰਮ 'ਤੇ ਤੁਰਿਆਂ ਜਾਦਿਆਂ ਮੇਰੇ ਮਨ ਵਿਚ ਵਿਚਾਰ ਆਇਆ ਕਿ ਅੰਤ, ਕੰਮ ਮਨੁੱਖਾਂ ਨੇ ਕਰਨਾ ਹੈ। ਸੁਸਤੀ ਅਤੇ ਦਲਿੱਦਰ ਸਾਡੇ ਸੁਭਾਅ ਵਿਚ ਹੈ। ਕਈ ਕਹਿੰਦੇ ਹਨ ਇਹ ਸੁਭਾਅ ਮੁਲਕ ਦੇ ਗਰਮ ਹੋਣ ਕਰਕੇ ਹੈ। ਕਈ ਕਹਿੰਦੇ ਹਨ, ਖੁਰਾਕ ਘੱਟ ਹੋਣ ਕਰਕੇ ਹੈ ਪਰ ਮੇਰਾ ਖ਼ਿਆਲ ਬਣ ਰਿਹਾ ਸੀ ਕਿ ਇਹ ਸੁਭਾਅ ਕਰਕੇ ਹੀ ਸੁਭਾਅ ਹੈ। ਇਸ ਦਾ ਕੋਈ ਹੋਰ ਕਾਰਨ ਨਹੀਂ।

ਸੁਭਾਵਕ ਹੀ ਪਲੇਟਫਾਰਮ ਉੱਤੇ ਲੱਗੇ ਇਕ ਬੋਰਡ ਉੱਤੇ ਮੇਰੀ ਨਜ਼ਰ ਜਾ ਪਈ। ਉਸ ਉੱਤੇ ਲਿਖਿਆ ਸੀ ਕਿ ਆਰਾਮ ਕਮਰੇ ਉਪਰ ਹਨ। ਮੈਂ ਕੁਲੀ ਦੀ ਅਗਵਾਈ ਹੇਠ, ਕਿਉਂਕਿ ਉਸ ਵੇਲੇ ਉਹ ਮੇਰਾ ਆਗੂ ਸੀ, ਉਪਰਲੀ ਛੱਤੇ ਪੁੱਜਾ। ਪਤਾ ਲੱਗਾ ਕਿ ਥਾਂ ਮਿਲ ਜਾਏਗੀ। ਸਾਮਾਨ ਉਥੇ ਰੱਖ ਕੇ ਮੈਨੂੰ ਫਿਰ ਬੁਕਿੰਗ ਆਫ਼ਿਸ ਵਿਚ ਆਉਣਾ ਪਿਆ ਅਤੇ 3 ਰੁਪਏ ਦੇ ਕੇ ਰਾਤ ਦੀ ਨੀਂਦ ਦਾ ਪ੍ਰਬੰਧ ਹੋ ਗਿਆ। ਇਉਂ ਜਿਸ ਗੱਲ ਦਾ ਬਹੁਤ ਫ਼ਿਕਰ ਸੀ ਉਹ ਹੱਲ ਹੋ ਗਈ। ਹੋਟਲ ਲੱਭਣ ਤੇ ਉਥੇ ਸਮਾਨ ਨਾਲ ਲੈ ਜਾਣ ਆਉਣ ਉੱਤੇ ਹੀ ਮੈਨੂੰ ਇਹ ਤਿੰਨ ਕੁ ਰੁਪਏ ਖਰਚਣੇ ਪੈ ਜਾਣੇ ਸਨ।

ਇਹ ਤਜਰਬਾ ਮੇਰੇ ਲਈ ਨਵਾਂ ਸੀ। ਇਹ ਵੱਡਾ ਸਾਰਾ ਨਵਾਂ ਬਣਿਆ ਹਾਲ ਸੀ, ਜਿਸ ਵਿਚ ਚਿਪਸ ਵਾਲੇ ਫ਼ਰਸ਼ ਉੱਤੇ ਖੁੱਲ੍ਹੇ ਡੁੱਲ੍ਹੇ ਅਤੇ ਨਵੇਂ ਨਵੇਂ ਪਲੰਘ ਸਣੇ ਗਦੇਲਿਆਂ ਦੇ ਪਏ ਸਨ। ਲਾਲ

www.sikhbookclub.com

ਰੰਗ ਦੇ ਸਾਫ਼ ਕੰਬਲ ਅਤੇ ਚਿੱਟੀਆਂ ਚੱਦਰਾਂ ਭੀ ਹਰ ਪਲੰਘ ਉੱਤੇ ਤਹਿ ਹੋਈਆਂ ਪਈਆਂ ਸਨ। ਹਰ ਪਲੰਘ ਨਾਲ ਇਕ ਮੇਜ਼ ਅਤੇ ਹਰ ਚਾਰ ਪੰਜ ਪਲੰਘਾਂ ਪਿੱਛੇ ਇਕ ਨਵੇਂ ਢੰਗ ਦਾ, ਫਲੱਸ਼ ਸਿਸਟਮ ਵਾਲਾ ਗੁਸਲਖਾਨਾ ਭੀ ਹੈ ਸੀ। ਹਸਪਤਾਲ ਦੇ ਵਾਰਡ ਵਾਂਗ ਪਰਦਿਆਂ ਨਾਲ ਹਰ ਇਕ ਮੰਜਾ ਉਹਲੇ ਕਰਨ ਦਾ ਪ੍ਰਬੰਧ ਭੀ ਸੀ। ਮੈਨੂੰ ਇਸ ਪ੍ਰਬੰਧ ਉੱਤੇ ਖ਼ੁਸ਼ੀ ਹੋਈ। ਸਫ਼ਾਈ ਅਤੇ ਹੋਰ ਸਹੂਲਤਾਂ ਵੇਖ ਕੇ ਵਿਚਾਰ ਆਇਆ ਕਿ ਇਸ ਨਾਲ ਮੁਸਾਫ਼ਰ ਨੂੰ ਕਿੰਨਾ ਸੁੱਖ ਕਿੰਨੇ ਥੋੜੇ ਮੁੱਲ 'ਤੇ ਮਿਲ ਸਕਦਾ ਹੈ। ਇਹ ਵੇਖ ਕੇ ਹੈਰਾਨੀ ਹੋਈ ਕਿ ਮੰਗ ਵਧੇਰੇ ਸੀ ਅਤੇ ਥਾਂ ਥੋੜ੍ਹੀ। ਰਾਤ ਦੇ ਨੌਂ ਵਜੇ ਤੋਂ ਪਹਿਲਾਂ ਸਾਰੇ ਮੰਜੇ ਬੁੱਕ ਹੋ ਚੁੱਕੇ ਸਨ। ਇਕ ਹੋਰ ਵੱਡੀ ਖ਼ੁਸ਼ੀ ਇਹ ਸੀ ਕਿ ਭਾਵੇਂ ਇਹ ਥਾਂ ਪਲੇਟਫਾਰਮ ਦੇ ਕੰਢੇ ਉੱਤੇ ਸੀ, ਪਰ ਇਥੇ ਗੱਡੀਆਂ ਜਾਂ ਪਲੇਟਫਾਰਮ ਦਾ ਰੌਲਾ ਬਿਲਕੁਲ ਨਹੀਂ ਸੀ ਪੁੱਜਦਾ। ਇਸ ਲਈ ਬੜੀ ਸ਼ਾਂਤੀ ਤੇ ਚੁੱਪਚਾਪ ਸੀ। ਉਥੇ ਤਾਂ ਪੜ੍ਹਿਆ ਵੀ ਜਾ ਸਕਦਾ ਸੀ। ਤੁਹਾਡੇ ਸਮਾਨ ਦੀ ਰਾਖੀ ਲਈ ਭੀ ਸੇਵਾਦਾਰ ਹੈ। ਮੈਂ ਉਥੇ ਹੀ ਚਾਹ ਮੰਗਾਈ, ਨਾਲ ਕਾਫੀ ਕੁਝ ਖਾ ਕੇ ਦੁਪਹਿਰ ਦੀ ਕਸਰ ਪੂਰੀ ਕਰ ਲਈ ਅਤੇ ਨਾਲ ਹੀ ਇਹ ਭੀ ਫੈਸਲਾ ਕਰ ਲਿਆ ਕਿ ਰਾਤ ਨੂੰ ਰੋਟੀ ਨਹੀਂ ਖਾਧੀ ਜਾਏਗੀ। ਸਫ਼ਰ ਵਿਚ ਘੱਟ ਤੋਂ ਘਟ ਖਾਣਾ ਭੀ ਅਰੋਗ ਰਹਿਣ ਦਾ ਇਕ ਸਾਧਨ ਹੈ।

ਮੂੰਹ ਹੱਥ ਧੋ ਅਤੇ ਪਗੜੀ ਸਵਾਰ ਮੈਂ ਇਕ ਤਰ੍ਹਾਂ ਨਾਲ ਉਥੋਂ ਦੇ ਸੁਭਾਵਕ ਵਸਨੀਕਾਂ ਜਿਹਾ ਸ਼ਹਿਰੀ ਬਣ ਕੇ ਹੱਥ ਵਿਚ ਕੇਵਲ ਆਪਣੀ ਡਾਇਰੀ ਲਈ ਸਟੇਸ਼ਨ ਤੋਂ ਬਾਹਰ ਆਇਆ। ਲੋਕਲ ਬੱਸਾਂ ਵੇਖ ਕੇ ਵਿਚਾਰ ਆਇਆ ਕਿ ਸ਼ਾਇਦ ਕੁਝ ਵਕਤ ਬਚਾ ਸਕਾਂ। ਅੱਡਾ ਸਾਹਮਣੇ ਹੀ ਸੀ। ਉਥੋਂ ਇਕ ਪੰਜਾਬੀ ਸੱਜਣ ਤੋਂ ਤਖ਼ਤ ਸ੍ਰੀ ਹਰਿਮੰਦਰ ਜੀ (ਪਟਨਾ ਸਾਹਿਬ) ਲਈ ਬੱਸ ਅਤੇ ਰਸਤਾ ਪੁੱਛਿਆ ਤਾਂ ਉਨ੍ਹਾਂ ਦੱਸਿਆ, ਅਸਾਂ ਭੀ ਉਧਰ ਹੀ ਚਲਣਾ ਹੈ। ਇਹ ਜਾਣ ਕੇ ਹੋਰ ਵੀ ਖ਼ੁਸ਼ੀ ਹੋਈ ਕਿ ਉਹ ਸੱਜਣ ਪੜ੍ਹੇ-ਲਿਖੇ ਅਤੇ ਉਥੋਂ ਦੇ ਹੀ ਵਸਨੀਕ ਸਨ। ਬੱਸ ਵਿਚ ਹੀ ਮੈਂ ਉਨ੍ਹਾਂ ਤੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕਰ ਲਈ। ਪੰਜਾਬੀਆਂ ਅਤੇ ਸਿੱਖਾਂ ਵਾਲੇ ਸੁਭਾਅ ਅਨੁਸਾਰ ਉਨ੍ਹਾਂ ਨੇ ਰੋਟੀ, ਰਿਹਾਇਸ਼ ਅਤੇ ਸੇਵਾ ਦੀ ਪੇਸ਼ਕਸ਼ ਕੀਤੀ ਜੋ ਮੈਂ ਧੰਨਵਾਦ ਕਰਕੇ ਪਰਵਾਨ ਕਰਨ ਤੋਂ ਲਾਚਾਰੀ ਪ੍ਰਗਟ ਕੀਤੀ।

ਚੌਂਕ ਵਿਚੋਂ ਉਨ੍ਹਾਂ ਨੇ ਹੀ ਮੈਨੂੰ ਰਸਤਾ ਦੱਸਿਆ ਅਤੇ ਮੈਂ ਪਟਨੇ ਸਾਹਿਬ ਦੇ ਹਰਿਮੰਦਰ ਸਾਹਿਬ ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਉੱਤੇ ਬਣੇ ਗੁਰਦੁਆਰੇ ਦੇ ਸਾਹਮਣੇ ਸਾਂ।

ਜੋੜੇ ਰੱਖਣ ਲਈ ਵੱਖਰੇ ਕਮਰੇ ਵਿਚ ਪ੍ਰਬੰਧ ਵੇਖ ਕੇ ਫੇਰ ਪਿਛਲੀ ਯਾਤਰਾ ਯਾਦ ਆਈ। ਬਨਾਰਸ ਦੇ ਬਿਰਲਾ ਮੰਦਰ ਸੰਬੰਧੀ ਇਸ ਯਾਤਰੂ ਨੇ ਲਿਖਿਆ ਹੈ : 'ਰਸਤੇ ਦੀ ਸ਼ਿਕਾਇਤ ਤੋਂ ਬਿਨਾਂ ਇਕ ਪੁਰਾਣੀ ਸ਼ਿਕਾਇਤ ਜੁੱਤੀਆਂ ਰੱਖਣ ਦਾ ਕੋਈ ਪ੍ਰਬੰਧ ਨਾ ਹੋਣ ਦੀ ਹੋਈ। ਸਿਹਰੇ ਵੇਚਣ ਵਾਲਿਆਂ ਨੇ ਜੁੱਤੀ ਇਸ ਸ਼ਰਤ 'ਤੇ ਰੱਖੀ ਕਿ ਸਿਹਰਾ ਲਓ। ਗੰਦੀ ਗਲੀ ਵਿਚ ਕਾਫ਼ੀ ਦੂਰ ਤਕ ਨੰਗੇ ਪੈਰੀਂ ਜਾਣਾ ਪਿਆ। ਮੰਦਰ ਵਿਚ ਇਕ ਸੱਜਣ ਨੇ ਸੇਹਰੇ ਫੜ ਕੇ ਭੀੜ ਵਿਚੋਂ ਹੀ ਮੰਦਰ ਵਿਚ ਸੁੱਟ ਕੇ ਮੈਥੋਂ ਦੱਛਣਾ ਮੰਗਣੀ ਆਰੰਭ ਦਿੱਤੀ। ਇਸ ਮੰਦਰ ਦੀ ਵੱਡੀ ਸਿਫਤ ਇਹ ਸੁਣੀ ਕਿ ਇਸ ਉੱਤੇ 22 ਸੇਰ ਸੋਨਾ ਲੱਗਾ ਹੈ।'

ਮੱਥਾ ਟੇਕਣ ਜਾਣ ਤੋਂ ਪਹਿਲਾਂ ਮੈਂ ਕਿੰਨਾ ਚਿਰ ਬਾਹਰੋਂ ਹੀ ਗੁਰਦੁਆਰੇ ਦੀ ਸ਼ਹਾਨਾ, ਸੰਗਮਰਮਰ ਦੀ ਮੋਤੀਆਂ ਜਿਹੀ ਚਿੱਟੀ ਚਮਕ, ਲਗਭਗ ਸ਼ਾਮ ਤਕ ਇੰਨੀ ਸਫ਼ਾਈ ਅਤੇ ਇੰਨੀ ਸੰਘਣੀ ਆਬਾਦੀ ਵਾਲੇ ਇੰਨੇ ਪੁਰਾਣੇ ਸ਼ਹਿਰ ਵਿਚ ਇੰਨਾ ਖੁਲ੍ਹਾ ਵਿਸ਼ਾਲ ਅਸਥਾਨ ਵੇਖ ਕੇ ਚਕ੍ਰਿਤ ਹੀ ਰਹਿ ਗਿਆ।

www.sikhbookclub.com

ਕਿਉਂਕਿ ਮੇਰਾ ਵਿਚਾਰ ਇਹ ਹੀ ਸੀ ਕਿ ਇਕ ਛੋਟਾ ਜਿਹਾ ਰਕਬਾ ਹੀ ਇਸ ਗੁਰਦੁਆਰੇ ਦੇ ਨਾਲ ਹੋਵੇਗਾ।

ਦੂਜੀ ਹੈਰਾਨੀ ਇਹ ਹੋਈ ਕਿ ਕਿਸੇ ਨੇ ਬਨਾਰਸ ਵਾਂਗ ਨਾ ਤਾਂ ਸਿਹਰੇ ਲਿਜਾਣ ਲਈ ਕਿਹਾ ਅਤੇ ਨਾ ਹੀ ਕਿਸੇ ਨੇ ਪ੍ਰਸ਼ਾਦ ਜਾਂ ਮਾਇਆ ਚੜ੍ਹਾਉਣ ਲਈ ਜਾਂ ਦਛਨਾ ਲਈ ਆਖਿਆ।

ਮੈਂ ਇਧਰ ਉਧਰ ਵੇਖ ਕੇ ਜੋੜਿਆਂ ਦੀ ਸੇਵਾ ਕਰਨ ਵਾਲਿਆਂ ਨੂੰ ਪੁੱਛਿਆ, "ਕੀ ਚੜ੍ਹਾਉਣ ਲਈ ਪ੍ਰਸ਼ਾਦ ਇਸ ਵੇਲੇ ਮਿਲ ਸਕੇਗਾ ?" ਤਾਂ ਉਨ੍ਹਾਂ ਸੁਭਾਵਿਕ ਹੀ ਉੱਤਰ ਦਿੱਤਾ, "ਹਾਂ ਜੀ ਕੜਾਹ ਪ੍ਰਸ਼ਾਦਿ ਜਾਂ ਟਿੱਕੀ ਪ੍ਰਸ਼ਾਦ ਵਿਚੋਂ ਜਿਹੜਾ ਭੀ ਚਾਹੋ ਸਾਹਮਣੇ ਕਮਰੇ ਤੋਂ ਲੈ ਸਕਦੇ ਹੋ।"

ਮੈਂ ਧਿਆਨ ਕੀਤਾ ਤਾਂ ਉਥੇ ਬੋਰਡ ਲੱਗਾ ਹੋਇਆ ਸੀ, "ਪ੍ਰਸ਼ਾਦ ਇਥੋਂ ਲਵੋ।" ਟਿੱਕੀ ਪ੍ਰਸ਼ਾਦ ਦੀ ਗੱਲ ਮੈਨੂੰ ਸਮਝ ਨਾ ਆਈ। ਇਸ ਲਈ ਮੈਂ ਉਨ੍ਹਾਂ ਨੂੰ ਹੀ ਮੁੜ ਪੁੱਛਿਆ, "ਜੀ ਇਹ ਟਿੱਕੀ ਪ੍ਰਸ਼ਾਦ ਕੀ ਹੁੰਦਾ ਹੈ।" ਮੇਰਾ ਆਪਣਾ ਵਿਚਾਰ ਇਹ ਬਣ ਗਿਆ ਸੀ ਕਿ ਪੂਰੀਆਂ ਜਾਂ ਹੋਰ ਕੋਈ ਮੱਠੀਆਂ ਜਾਂ ਗੁਲਗੁਲਿਆਂ ਵਾਂਗ ਤਲੀਆਂ ਹੋਈਆਂ ਟਿੱਕੀਆਂ ਹੋਣਗੀਆਂ, ਜੋ ਚੜ੍ਹਾਉਣ ਦਾ ਇਥੇ ਰਿਵਾਜ ਹੋਵੇਗਾ, ਜਿਵੇਂ ਕਈ ਥਾਈਂ ਪਤਾਸੇ ਜਾਂ ਨਾਰੀਅਲ ਜਾਂ ਫੁੱਲ ਤੇ ਜਾਂ ਫੁੱਲੀਆਂ ਆਦਿ ਭੇਟਾ ਕਰਨ ਦੀਆਂ ਰੀਤਾਂ ਹਨ ਪਰ ਉੱਤਰ ਮਿਲਣ ਉੱਤੇ ਮੈਨੂੰ ਬਹੁਤ ਹੀ ਪ੍ਰਸੰਨਤਾ ਹੋਈ ਕਿ ਯਾਤਰੂ ਦੀਆਂ ਲੋੜਾਂ ਦਾ ਇੰਨਾ ਧਿਆਨ ਰੱਖਿਆ ਗਿਆ ਹੈ ਅਤੇ ਇਸ ਨਾਲ ਮੇਰੀ ਭੀ ਇਕ ਸਮੱਸਿਆ ਹੱਲ ਹੋ ਗਈ। ਇਸ ਤੋਂ ਪਹਿਲਾਂ ਮੈਂ ਸੋਚ ਰਿਹਾ ਸਾਂ ਕਿ ਜਦ ਮੈਂ ਘਰ ਜਾ ਕੇ ਦੱਸਾਂਗਾ, ਮੈਂ ਗੁਰਦੁਆਰਾ ਪਟਨਾ ਸਾਹਿਬ ਹੋ ਕੇ ਆਇਆ ਹਾਂ ਤਾਂ ਮੇਰੇ ਘਰ ਦੇ ਜੀਆਂ ਦੇ ਮਨ ਵਿਚ ਪ੍ਰਸ਼ਾਦ ਦੀ ਇੱਛਿਆ ਪੈਦਾ ਜ਼ਰੂਰ ਹੋਵੇਗੀ ਭਾਵੇਂ ਇਕ ਕਿਣਕਾ ਹੀ ਮਿਲੇ ਪਰ ਕੜਾਹ ਪ੍ਰਸ਼ਾਦ ਦੀ ਹਾਲਤ ਵਿਚ ਮੈਨੂੰ ਡਰ ਸੀ ਕਿ ਦੋ ਦਿਨਾਂ ਵਿਚ ਸ਼ਾਇਦ ਉਹ ਠੀਕ ਨਾ ਰਹੇ। ਜੋੜਿਆਂ ਦੀ ਸੇਵਾ ਕਰਨ ਵਾਲੇ ਪ੍ਰੇਮੀਆਂ ਨੇ ਦੱਸਿਆ, ਜੀ ਦੂਰੋਂ ਆਏ ਯਾਤਰੂਆਂ ਦੇ ਸੁਖ ਲਈ ਪੰਜੀਰੀ ਦੀਆਂ ਪਿੰਨੀਆਂ ਬਣਾਈਆਂ ਜਾਂਦੀਆਂ ਹਨ ਅਤੇ ਉਹ ਮਹੰਤ ਜੀ ਆਪ ਕੋਲ ਖਲੋ ਕੇ ਬਣਾਉਂਦੇ ਹਨ। ਉਨ੍ਹਾਂ ਦਾ ਸੁੱਖ ਇਹ ਹੈ ਕਿ ਦਸ ਪੰਦਰਾਂ ਦਿਨ ਜਾਂ ਵੱਧ ਭੀ ਉਨ੍ਹਾਂ ਦੇ ਖਰਾਬ ਹੋਣ ਦਾ ਡਰ ਨਹੀਂ ਹੁੰਦਾ। ਉਹ ਕ੍ਰਿਪਾਨ ਭੇਟ ਕਰਕੇ ਤੁਹਾਨੂੰ ਹੀ ਦੇ ਦਿੱਤੀਆਂ ਜਾਣਗੀਆਂ। ਉਸ ਵਿਚੋਂ ਪ੍ਰਸ਼ਾਦ ਰੱਖਿਆ ਨਹੀਂ ਜਾਂਦਾ। ਜੇ ਤੁਸਾਂ ਸੰਗਤ ਨੂੰ ਵਰਤਾਉਣ ਲਈ ਕੜਾਹ ਪ੍ਰਸ਼ਾਦ ਚੜ੍ਹਾਉਣਾ ਹੋਵੇ ਤਾਂ ਭੀ ਮਿਲ ਸਕਦਾ ਹੈ।

ਅਤੇ ਸੱਚੀਂ ਮੁੱਚੀਂ ਇਸ ਟਿੱਕੀ ਪ੍ਰਸ਼ਾਦਿ ਦੀ ਕ੍ਰਿਪਾ ਨਾਲ ਮੈਂ ਘਰ ਆ ਕੇ ਆਪਣੇ ਘਰ ਦੇ ਜੀਆਂ ਤੇ ਗੁਆਂਢੀਆਂ ਦੇ ਧੰਨਵਾਦ ਦਾ ਪਾਤਰ ਬਣਿਆ।

ਅੰਦਰ ਕੀਰਤਨ ਹੋ ਰਿਹਾ ਸੀ। ਅਤਿ ਸਵਛਤਾ, ਸ਼ਾਂਤੀ ਅਤੇ ਸੁੰਦਰਤਾ ਦਾ ਵਾਤਾਵਰਣ ਸੀ। ਮੇਰਾ ਚਿੱਤ ਰੱਬੀ ਕੀਰਤਨ ਸੁਣਨ ਨੂੰ ਕਰ ਰਿਹਾ ਸੀ। ਇਸ ਲਈ ਮੈਂ ਬਹਿ ਗਿਆ ਪਰ ਅੱਖਾਂ ਇਮਾਰਤ ਦੀ ਸ਼ਾਨ ਨੂੰ ਦੇਖ ਦੇਖ ਚਕ੍ਰਿਤ ਹੋ ਰਹੀਆਂ ਸਨ। ਪੰਜਾਬ ਤੋਂ ਦੂਰ ਦੁਰਾਡੇ ਬੁੱਧ ਮੱਤ ਦੇ ਦੇਸ਼ ਵਿਚ ਅਨਮਤਾਂ ਦੀ ਵਸੋਂ ਵਿਚ ਥੋੜੇ ਜਿਹੇ ਸਿੱਖਾਂ ਦਾ ਆਪਣੇ ਧਾਰਮਕ ਅਸਥਾਨ ਲਈ ਇੰਨਾ ਉਤਸ਼ਾਹ ! ਮਹਾਰਾਜਾ ਰਣਜੀਤ ਸਿੰਘ ਦੀ ਕੀਤੀ ਸੇਵਾ ਭੀ ਯਾਦ ਆਈ ਅਤੇ ਫੇਰ ਸਿੱਖਾਂ ਵਲੋਂ ਕਰੋੜਾਂ ਰੁਪਏ ਇਸ ਇਮਾਰਤ ਉੱਤੇ ਲੱਗੇ ਵੇਖ ਕੇ ਰਾਜਾ ਖੁਸ਼ਹਾਲ ਚੰਦ ਦੀ ਸਿੱਖਾਂ ਦੇ ਸੁਭਾਅ ਬਾਬਤ ਲਿਖੀ ਇਕ ਸਤਰ ਚੇਤੇ ਆਈ :

ਜੀਅ ਜਾਨ ਤਨ ਮਨ ਅਰਪਣਾ ਸਰਫਾ ਨਾ ਕਰਨਾ ਦਾਮ ਕਾ।

www.sikhbookclub.com

ਟਿੱਕੀ ਪ੍ਰਸ਼ਾਦ ਦਾ ਲਿਫਾਫਾ ਹੱਥ ਵਿਚ ਫੜ, ਮੈਂ ਉਸ ਗੁਰਦੁਆਰੇ ਦੀ ਪ੍ਰਕਰਮਾ ਕੀਤੀ। ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੁਰਾਣਾ ਪੰਘੂੜਾ, ਉਨ੍ਹਾਂ ਦੇ ਚਾਰ ਤੀਰ, ਇਕ ਛੋਟੀ ਤਲਵਾਰ, ਇਕ ਛੋਟਾ ਖੰਡਾ, ਖੜਾਵਾਂ ਦੇ ਜੋੜੇ ਅਤੇ ਚੰਦਨ ਦਾ ਕੰਘਾ ਆਦਿ ਪੁਰਾਣੀਆਂ ਨਿਸ਼ਾਨੀਆਂ ਵੇਖ ਕੇ ਅੱਜ ਤੋਂ 300 ਸਾਲ ਪਹਿਲਾਂ ਦੀ ਫਿਲਮ ਅੱਖਾਂ ਅੱਗੇ ਫਿਰ ਗਈ। ਇਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਲੰਮੇ ਚੋਲੇ ਦੇ ਭੀ ਦਰਸ਼ਨ ਹੋਏ, ਜਿਸ ਤੋਂ ਗੁਰੂ ਜੀ ਦੀ ਬਾਲ ਉਮਰ ਦਾ ਇਕ ਦ੍ਰਿਸ਼ ਸਾਹਮਣੇ ਆਇਆ। ਇਹ ਸਭ ਚੀਜ਼ਾਂ ਬਹੁਤ ਸੋਹਣੀ ਤਰ੍ਹਾਂ ਸਾਂਭੀਆਂ ਹੋਈਆਂ ਹਨ। ਇਥੇ ਨਾਲ ਹੀ ਬਹੁਤ ਸੁੰਦਰ ਨਵੀਂ ਸਰਾਂ, ਲਾਇਬਰੇਰੀ, ਹਸਪਤਾਲ ਅਤੇ ਗ੍ਰੰਥੀਆਂ ਅਤੇ ਸੇਵਾਦਾਰਾਂ ਲਈ ਰਿਹਾਇਸ਼ ਦੇ ਪ੍ਰਬੰਧ ਦੀ ਸ਼ਲਾਘਾ ਹੀ ਸ਼ਲਾਘਾ ਮੇਰੇ ਮਨ ਵਿਚ ਸੀ। ਇਹ ਭੀ ਪਤਾ ਲੱਗਾ ਕਿ ਗੁਰਦੁਆਰੇ ਵਲੋਂ ਇਕ ਹਾਈ ਸਕੂਲ ਅਤੇ ਕਾਲਜ ਭੀ ਚਲ ਰਿਹਾ ਹੈ। ਸਰਾਂ ਦੇ ਨਾਲੋਂ ਲੰਘਦਾ ਦਰਵਾਜ਼ਾ ਹੀ ਵੱਡਾ ਦਰਵਾਜ਼ਾ ਹੈ ਜਿਥੇ ਦੋ ਚੋਬਦਾਰ ਖਲੋਤੇ ਸਨ ਅਤੇ ਇਉਂ ਗੁਰਦੁਆਰੇ ਦੇ ਅੰਦਰ ਲੰਘਣ ਲਗਿਆਂ ਕੁਝ ਇਹੋ ਜਿਹਾ ਪ੍ਰਭਾਵ ਪੈਂਦਾ ਸੀ ਕਿ ਜਿਵੇਂ ਕਿਸੇ ਵੱਡੇ ਦਰਬਾਰ ਵਿਚ ਤਖ਼ਤ ਤਾਜ ਦੇ ਮਾਲਕ ਦੇ ਦਰਬਾਰ ਵਿਚ ਜਾ ਰਹੇ ਹੋਈਏ। ਗੁਰਦੁਆਰੇ ਦੇ ਨਾਲ ਲਗਦੇ ਬਜ਼ਾਰ ਵਿਚ ਬਹੁਤ ਸਾਰੀਆਂ ਦੁਕਾਨਾਂ ਸਿੱਖਾਂ ਅਤੇ ਪੰਜਾਬੀਆਂ ਦੀਆਂ ਹੀ ਸਨ, ਜਿਨ੍ਹਾਂ ਵਿਚ ਵਧੇਰੇ ਗੁਜਰਾਤ (ਪਾਕਿਸਤਾਨ) ਦੇ ਵਸਨੀਕ ਅਤੇ ਕਪੜੇ ਦੇ ਵਪਾਰੀ ਸਨ। "ਧਰਮ ਅਸਥਾਨ ਉਪਕਾਰ, ਉਪਜੀਵਕਾ ਤੇ ਸੇਵਾ ਦਾ ਸਾਧਨ ਬਣ ਜਾਂਦੇ ਹਨ।" ਮੇਰੇ ਇਸ ਵਿਚਾਰ ਦੀ ਗਇਆ ਵਾਂਗ ਇਥੇ ਵੀ ਪੁਸ਼ਟੀ ਹੋ ਗਈ। (ਬੁਧ ਗਇਆ ਤੋਂ ਮੁੜਦਿਆਂ ਗੱਡੀ ਵਿਚ ਇਸ ਪਾਂਧੀ ਦੇ ਵਿਚਾਰ ਕੁਝ ਇਉਂ ਹਨ : ਰਾਹ ਵਿਚ ਮੈਂ ਸੋਚ ਰਿਹਾ ਸਾਂ, ਮੰਦਰਾਂ ਦੀ ਸਾਂਭ, ਸਫਾਈ, ਵਾਤਾਵਰਨ, ਨਿੱਕੇ ਬਗੀਚੇ ਸਚਮੁਚ ਸਲਾਹੁਣਯੋਗ ਹਨ ਪਰ ਅਸੀਂ ਤਾਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਗਾਈਡ ਕਮੇਟੀ ਵਲੋਂ ਰੱਖਿਆ ਗਿਆ ਹੈ ਤੇ ਕਮੇਟੀ ਉਸ ਨੂੰ ਤਨਖ਼ਾਹ ਦੇਂਦੀ ਹੈ। ਇਥੇ ਉਨੇ ਲੋਕ ਤਾਂ ਰੋਜ਼ ਨਹੀਂ ਆਉਂਦੇ ਹੋਣੇ, ਮੂਰਤੀਆਂ ਨੂੰ ਸੋਨੇ ਆਦਿ ਨਾਲ ਕੱਜਿਆ ਤੇ ਸਜਾਇਆ ਵੇਖ ਕੇ ਸੋਚ ਰਿਹਾ ਸਾਂ ਕਿ ਕੀ ਇਕ ਗਾਈਡ ਦਾ ਖਰਚ ਨਹੀਂ ਸਹਾਰਿਆ ਜਾ ਸਕਦਾ। ਹੱਦ ਦੇ ਅੰਦਰ ਹੀ ਦੁਕਾਨਦਾਰੀ (ਗਾਈਡ, ਬੁਕਸ, ਤਸਵੀਰਾਂ ਆਦਿ ਦੀ) ਤੇ ਥਾਂ ਥਾਂ ਦਾਨ ਪਾਤਰ ਆਦਿ ਦਾ ਹੋਣਾ ਜਾਂ ਲਿਖ ਲਿਖ ਲੱਗੀਆਂ ਅਪੀਲਾਂ ਮੈਨੂੰ ਕੁਝ ਓਪਰੀਆਂ ਲੱਗ ਰਹੀਆਂ ਸਨ। ਇਸ ਤਰ੍ਹਾਂ ਹੀ ਜੁੱਤੀਆਂ ਰੱਖਣ ਦਾ ਕੋਈ ਪ੍ਰਬੰਧ ਨਹੀਂ ਸੀ ਹਾਲਾਂ ਕਿ ਜੁੱਤੀ ਥਾਂ ਥਾਂ ਉਤਾਰਨੀ ਪੈਂਦੀ ਸੀ। ਸੋਚ ਆ ਰਹੀ ਸੀ ਕਿ ਜੇ ਬਿਨਾਂ ਅਪੀਲ ਇਕੋ ਦਾਨੀ ਇਥੇ ਇਕ ਮੰਦਰ ਤੇ ਸਰਾ ਬਣਾ ਸਕਦਾ ਹੈ ਤਾਂ ਇਉਂ ਸਭ ਕੁਝ ਮੁੜ ਮੁੜ ਮੰਗਣ ਦੀ ਜਾਂ ਚੇਤਾ ਕਰਾਉਣ ਦੀ ਕੀ ਲੋੜ ਹੈ ?)

ਗਲੀਆਂ ਵਿਚੋਂ ਲੰਘ ਕੇ ਮੈਂ ਗੁਰਦੁਆਰਾ ਬਾਲ ਲੀਲ੍ਹਾ (ਮੈਨੀ ਸੰਗਤ) ਦੇ ਦਰਸ਼ਨ ਭੀ ਕੀਤੇ। ਉਥੋਂ ਦਾ ਪ੍ਰਬੰਧ ਨਿਰਮਲ ਸੰਤਾਂ ਦੇ ਹੱਥ ਹੈ ਤੇ ਇਹ ਗੁਰਦੁਆਰਾ ਅਜੇ ਬਣ ਰਿਹਾ ਹੈ। ਇਸ ਗੁਰਦੁਆਰੇ ਨੂੰ ਛੋਟੀ ਸੰਗਤ ਭੀ ਆਖਦੇ ਹਨ। ਇਥੇ ਗੁਰੂ ਜੀ ਸਾਥੀਆਂ ਸਮੇਤ ਆਉਂਦੇ ਸਨ ਤਾਂ ਓਸੇ ਘਰ ਵਾਲੇ ਉਨ੍ਹਾਂ ਨੂੰ ਘੁੰਗਣੀਆਂ ਦੇਂਦੇ ਸਨ। ਹੁਣ ਤਕ ਓਵੇਂ ਹੀ ਉਥੇ ਘੁੰਗਣੀਆਂ ਦਾ ਪ੍ਰਸ਼ਾਦ ਵਰਤਦਾ ਹੈ।

ਇਕ ਹੋਰ ਗੁਰਦੁਆਰਾ ਜਿਸ ਦਾ ਨਾਂ ਗੋਬਿੰਦ ਘਾਟ ਹੈ, ਗੰਗਾ ਦੇ ਐਨ ਕੰਢੇ ਉੱਤੇ ਹੈ। ਰਸਤੇ ਵਿਚ ਹਨੇਰਾ ਹੀ ਸੀ ਅਤੇ ਇਥੋਂ ਦਾ ਗ੍ਰੰਥੀ ਭੀ ਇਕ ਸਾਧਾਰਨ ਸਿੰਘ ਸੀ। ਇਹ ਬੜਾ ਸਾਧਾਰਨ ਤੇ

www.sikhbookclub.com

ਛੋਟਾ ਜਿਹਾ ਗੁਰਦੁਆਰਾ ਹੈ। ਖ਼ਿਆਲ ਹੈ ਕਿ ਇਥੋਂ ਗੁਰੂ ਜੀ ਬੇੜੀ 'ਤੇ ਚੜ੍ਹ ਕੇ ਗੰਗਾ ਦੀ ਸੈਰ ਕਰਦੇ ਸਨ। ਪਟਨੇ ਵਿਚ ਹੀ ਹੋਰ ਭੀ ਦੋ ਤਿੰਨ ਗੁਰਦੁਆਰੇ ਹਨ। ਇਨ੍ਹਾਂ ਵਿਚੋਂ ਇਕ ਤਾਂ ਗੁਰੂ ਕਾ ਬਾਗ਼ ਹੈ ਜੋ ਇਕ ਕਾਜ਼ੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਭੇਟਾ ਕੀਤਾ ਸੀ ਅਤੇ ਇਕ ਗੁਰਦੁਆਰਾ ਵੱਡੀ ਸੰਗਤ ਹੈ। ਇਹ ਉਹ ਹਵੇਲੀ ਹੈ ਜਿਥੇ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਹਿਲਾਂ ਪਹਿਲ ਰਹੇ ਸਨ। ਇਥੇ ਬੜਾ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਇਕ ਹੋਰ ਯਾਦਗਾਰ 'ਮੋਹਨ ਮਾਈ ਦੀ ਸੰਗਤ' ਨਾਂ ਦਾ ਭੀ ਹੈ, ਜਿਥੇ ਗੁਰੂ ਜੀ ਆਪਣੇ ਸਾਥੀਆਂ ਸਮੇਤ ਜਾ ਕੇ ਇਸ ਮਾਹੀ ਕੋਲੋਂ ਘੁੰਗਣੀਆਂ ਖਾਂਦੇ ਹੁੰਦੇ ਸਨ। ਹਨੇਰਾ ਹੋ ਜਾਣ ਕਰਕੇ ਕੇਵਲ ਪਹਿਲੇ ਤਿੰਨ ਗੁਰਦੁਆਰਿਆਂ ਦੇ ਹੀ ਦਰਸ਼ਨ ਕਰ ਸਕਿਆ ਸਾਂ।

ਪਟਨੇ ਦੇ ਬਹੁਤ ਸਾਰੇ ਬਜ਼ਾਰ ਰਾਤ ਨੂੰ ਫਿਰ ਤੁਰ ਕੇ ਵੇਖੇ। ਕੁਝ ਬਾਹਰਲੇ ਬਾਜ਼ਾਰ ਨਵੇਂ ਬਣੇ ਸ਼ਹਿਰਾਂ ਦੇ ਬਜ਼ਾਰਾਂ ਵਾਂਗ ਬੜੇ ਖੁੱਲ੍ਹੇ ਤੇ ਬੜੇ ਸਜੇ ਹੋਏ ਸਨ। ਇਉਂ ਰਾਤ ਦੇ 10 ਵਜੇ ਤਕ ਫਿਰਨ ਤੁਰਨ ਪਿੱਛੋਂ ਮੈਂ ਆਪਣੇ ਮੰਜੇ ਕੋਲ ਸਟੇਸ਼ਨ ਉੱਤੇ ਆ ਗਿਆ। ਸਵੇਰ ਤਕ ਰੱਜਵੀਂ ਨੀਂਦ ਲੈ ਕੇ ਬੜੇ ਸੁਆਦ ਨਾਲ ਉਥੇ ਨਵੇਂ ਬਣੇ ਗੁਸਲਖਾਨੇ ਵਿਚ ਇਸ਼ਨਾਨ ਕੀਤਾ ਅਤੇ ਨਾਸ਼ਤਾ ਕਰਨ ਪਿੱਛੋਂ ਸਵਾ ਕੁ ਅੱਠ ਵਜੇ ਇਕ ਗੱਡੀ ਲੈ ਕੇ ਮੁਗ਼ਲ ਸਰਾਏ ਪਹੁੰਚਾ। ਇਛਿਆ ਤਾਂ ਸਿੱਧੀ ਬਨਾਰਸ ਜਾਣ ਦੀ ਸੀ ਪਰ ਕੋਈ ਗੱਡੀ ਰੁਕਦੀ ਨਹੀਂ ਸੀ ਜਾਪਦੀ। ਲਗਭਗ ਦੁਪਹਿਰ ਦੇ ਬਾਰਾਂ ਇਥੇ ਪੁੱਜਦਿਆਂ ਨੂੰ ਵੱਜ ਚੁੱਕੇ ਸਨ।

ਮੇਰੇ ਮਨ ਵਿਚ ਇਕ ਤਸੱਲੀ ਸੀ ਕਿ ਮੈਂ ਜਿਨ੍ਹਾਂ ਨੂੰ ਆਪਣੇ ਧਾਰਮਿਕ ਪਿਤਾ ਦਸਮੇਸ਼ ਗੁਰੂ ਆਖਦਾ ਸਾਂ ਉਨ੍ਹਾਂ ਦੇ ਪ੍ਰਕਾਸ਼ ਅਸਥਾਨ ਦੀ ਯਾਤਰਾ ਕਰ ਆਇਆ ਹਾਂ। ਉੱਧ ਮੈਂ ਸੋਚ ਰਿਹਾ ਸਾਂ ਕਿ ਮੈਂ ਆਪਣੀ ਯਾਤਰਾ ਵਿਚਲੇ ਇਸ ਅਖੀਰੀ ਪੜਾਅ ਉੱਤੇ ਪਹੁੰਚ ਗਿਆ ਹਾਂ, ਜਿਸ ਤੋਂ ਪਿੱਛੇ ਮੈਂ ਘਰ ਹੀ ਪੁੱਜਣਾ ਹੈ। ਵਿਚਾਰ ਆਇਆ ਕਿ ਇੰਨੀਆਂ ਸ਼ਾਨਦਾਰ ਤੇ ਦੂਰ-ਦੁਰਾਡੇ ਦੀਆਂ ਥਾਵਾਂ ਦੇ ਟਾਕਰੇ ਉੱਤੇ ਘਰ ਕਿੰਨੀ ਸਾਦੀ ਸ਼ੈਅ ਹੈ, ਪਰ ਉਸ ਦੀ ਖਿੱਚ ਕਿੰਨੀ ਅਟੱਲ ਹੈ। ਇਹ ਸੋਚਦਾ ਮੈਂ ਇਕ ਸ਼ੀਸ਼ੇ ਦੇ ਸਾਹਮਣੇ ਸਾਂ। ਚਿੱਟੀ ਦਾੜ੍ਹੀ ਨੇ ਯਾਦ ਕਰਾਇਆ ਕਿ ਜ਼ਿੰਦਗੀ ਵਿਚਲਾ ਇਹ ਅਖੀਰਲਾ ਪੜਾਅ ਹੈ, ਇਸ ਤੋਂ ਪਿੱਛੋਂ ਆਪਣੇ ਘਰ ਪਹੁੰਚਣਾ ਹੈ ਪਰ ਕੀ ਉਸ ਵਿਚ ਭੀ ਸਦਾ ਟਿਕੇ ਰਹਿਣ ਦਾ ਕੋਈ ਭਰੋਸਾ ਹੈ ? ਕੁਝ ਇਉਂ ਜਾਪਿਆ ਕਿ ਜੀਵਨ ਯਾਤਰਾ ਹੈ, ਮੌਤ ਯਾਤਰਾ ਹੈ ਤੇ ਜਿਵੇਂ ਜੀਵਨ ਪਿੱਛੋਂ ਯਾਤਰਾ ਹੈ ਤਿਵੇਂ ਮੌਤ ਪਿੱਛੋਂ ਭੀ ਯਾਤਰਾ ਹੋਵੇਗੀ। ਕੁਝ ਖ਼ੁਸ਼ੀ ਹੋਈ ਕਿ ਮੌਤ ਪਿੱਛੋਂ ਭੀ ਕੋਈ ਨਵੀਂ ਥਾਂ ਵੇਖਣ ਦਾ ਸ਼ਾਇਦ ਮੌਕਾ ਮਿਲੇ।

(1/1979)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤੀ ਸਮਾਜ ਨੂੰ ਦੇਣ

ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸੰਤ ਸਿਪਾਹੀ ਸਨ, ਇਕ ਇਨਕਲਾਬੀ ਯੋਧਾ ਸਨ। ਉਨ੍ਹਾਂ ਪਹਿਲੇ ਨੌਂ ਗੁਰੂ ਸਾਹਿਬਾਨ ਵਾਂਗ ਜਿਥੇ ਸਾਂਝੀਵਾਲਤਾ, ਨਾਮ ਜਪਣ, ਇਕ ਸੱਚਾ ਸੁੱਚਾ ਜੀਵਨ ਬਿਤਾਉਣ ਦਾ ਸੰਦੇਸ਼ ਦਿੱਤਾ, ਉਥੇ ਖਾਲਸਾ ਪੰਥ ਦੀ ਸਾਜਣਾ ਕਰ ਕੇ ਹਿੰਦੁਸਤਾਨ ਦੇ ਇਤਿਹਾਸ ਦਾ ਰੁਖ਼ ਮੋੜ ਦਿੱਤਾ। ਇਕ ਨਿਤਾਣੀ ਹੋ ਚੁੱਕੀ ਭਾਰਤੀ ਕੌਮ ਵਿਚ ਅਜਿਹਾ ਜਜ਼ਬਾ ਭਰਿਆ ਕਿ ਚਿੜੀਆਂ ਨੂੰ ਬਾਜ਼ਾਂ ਨਾਲ, ਸਵਾ ਲੱਖ ਨਾਲ ਇਕ ਖ਼ਾਲਸਾ ਲੜਾ ਕੇ ਭਾਰਤੀ ਸਮਾਜ ਦਾ ਮੂੰਹ-ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਨਾ ਹੁੰਦੇ ਤਾਂ ਅੱਜ ਹਿੰਦੁਸਤਾਨ ਦਾ ਇਤਿਹਾਸ ਅਤੇ ਇਸ ਦਾ ਭੂਗੋਲਿਕ ਨਕਸ਼ਾ ਹੋਰ ਹੁੰਦਾ, ਭਾਰਤੀਆਂ ਦਾ ਧਾਰਮਿਕ, ਇਤਿਹਾਸਿਕ ਤੇ ਸੱਭਿਆਚਾਰਕ ਵਿਰਸਾ ਹੋਰ ਹੁੰਦਾ।

ਇਸ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਹਿੰਦੁਸਤਾਨ ਦੀ ਸਥਿਤੀ ਬਾਰੇ ਚਰਚਾ ਕਰਨੀ ਬਹੁਤ ਜ਼ਰੂਰੀ ਹੈ। ਇਸ ਬਾਰੇ ਨਾਮਵਰ ਆਰੀਆ ਸਮਾਜੀ ਵਿਦਵਾਨ ਲਾਲਾ ਦੌਲਤ ਰਾਏ ਦੀ ਖੋਜ ਭਰਪੂਰ ਲਿਖਤ 'ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ' ਅਨੁਸਾਰ ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇਂ ਰੱਖੀ। ਬਾਬਰ ਦੇ ਹਿੰਦੁਸਤਾਨ ਉੱਤੇ ਹਮਲੇ ਤੋਂ ਲਗਭਗ 350 ਵਰ੍ਹੇ ਪਹਿਲਾਂ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕੇ ਇਸਲਾਮੀ ਹਕੂਮਤ ਅਧੀਨ ਆ ਚੁੱਕੇ ਸਨ। ਮੁਸਲਮਾਨਾਂ ਨੂੰ ਕਿਹੜੀਆਂ ਗੱਲਾਂ ਨੇ ਸੋਨੇ ਦੀ ਚਿੜੀ ਕਹੇ ਜਾਣ ਵਾਲੇ ਹਿੰਦੁਸਤਾਨ ਵਿਚ ਆਉਣ ਲਈ ਪ੍ਰੇਰਿਆ, ਦਾ ਜ਼ਿਕਰ ਕਰਦਿਆਂ ਉਹ ਜਾਤ-ਪਾਤ ਤੇ ਊਚ-ਨੀਚ ਦੇ ਵਖਰੇਵੇਂ, ਭਰਮ-ਵਹਿਮ, ਇਖ਼ਲਾਕੀ ਕਦਰਾਂ-ਕੀਮਤਾਂ ਵਿਚ ਆਏ ਨਿਘਾਰ ਆਦਿ ਬਾਰੇ ਲਿਖਦੇ ਹਨ, "ਮਨੂੰ ਤੇ ਮਹਾਂਭਾਰਤ ਦੇ ਜ਼ਮਾਨੇ ਪਿੱਛੋਂ ਹਿੰਦੂ ਧਰਮ ਵਿਚ ਭਾਰੀ ਤਬਦੀਲੀ ਆਈ। ਹਿੰਦੂ ਕੌਮ ਦੀ ਏਕਤਾ ਨਾ ਰਹੀ। ਉਨ੍ਹਾਂ ਦਾ ਕੌਮੀ ਤਾਣਾ-ਬਾਣਾ ਲੀਰੋ-ਲੀਰ ਹੋ ਗਿਆ। ਕੌਮੀ ਮਾਲਾ ਦੇ ਮਣਕੇ ਖੇਰੂੰ-ਖੇਰੂੰ ਹੋ ਗਏ। ਜਾਤੀ ਭੇਦ ਤੇ ਵਿਤਕਰਾ ਇਤਨਾ ਵਧਿਆ ਕਿ ਹਰੇਕ ਫ਼ਿਰਕਾ ਨਾ ਕੇਵਲ ਇਕ ਦੂਜੇ ਤੋਂ ਅੱਡ ਹੋ ਕੇ ਢਾਈ ਚੌਲਾਂ ਦੀ ਖਿਚੜੀ ਵੱਖ-ਵੱਖ ਪਕਾਉਣ ਲੱਗਿਆ, ਸਗੋਂ ਇਕ-ਦੂਜੇ ਦੇ ਵਿਰੋਧੀ ਹੋ ਕੇ ਆਪਸ ਵਿਚ ਖਹਿਣ ਤੇ ਇਕ ਦੂਜੇ ਨੂੰ ਉਜਾੜਨ ਲੱਗ ਪਏ।"

ਉਹ ਲਿਖਦੇ ਹਨ ਕਿ "ਸਾਫ਼ ਸਪੱਸ਼ਟ ਹੈ ਕਿ ਕਮਜ਼ੋਰ ਤੇ ਗ਼ਰੀਬ ਹਮੇਸ਼ਾਂ ਜਬਰ-ਜੰਗ ਤੇ ਤਾਕਤ ਦੇ ਮਾਲਕ ਦਾ ਗੋਲਾ ਹੀ ਹੁੰਦਾ ਹੈ। ਇਸੇ ਕਰਕੇ ਹੀ ਮੁਸਲਮਾਨ ਜੇਤੂਆਂ ਨੇ ਆਪਣਾ ਮੂੰਹ ਹਿੰਦੁਸਤਾਨ ਵਲ ਕੀਤਾ ਅਤੇ ਸਿੱਟਾ ਵੀ ਉਹੀ ਨਿਕਲਿਆ ਜਿਸ ਦੀ ਅਜਿਹੀ ਹਾਲਤ ਵਿਚ ਆਸ ਹੁੰਦੀ ਹੈ। ਇਸਲਾਮੀ ਤਲਵਾਰ ਨੇ ਆਖ਼ਰ ਹਿੰਦੂਆਂ ਨੂੰ ਗ਼ੁਲਾਮ ਬਣਾ ਲਿਆ। ਉਨ੍ਹਾਂ ਦੀ ਬਚੀ-ਖੁਚੀ ਤਾਕਤ ਖੇਰੂੰ-ਖੇਰੂੰ ਕਰ ਦਿੱਤੀ। ਜਿੰਨਾ ਵੀ ਹੋ ਸਕਿਆ, ਮੁਸਲਮਾਨਾਂ ਨੇ ਉਨ੍ਹਾਂ ਨੂੰ ਜ਼ਲੀਲ ਤੇ ਖ਼ੁਆਰ

www.sikhbookclub.com

ਕੀਤਾ। ਉਨ੍ਹਾਂ ਦੀ ਸ਼ਰਮ ਤੇ ਹਯਾ ਨੂੰ ਬਰਬਾਦ ਕੀਤਾ। ਇਜ਼ਤ ਦੌਲਤ ਲੁੱਟੀ ਤੇ ਆਪਣੇ ਕਬਜ਼ੇ ਵਿਚ ਕੀਤੀ। ਗ਼ੁਲਾਮੀ ਦਾ ਪਟਾ ਉਨ੍ਹਾਂ ਦੇ ਗਲੇ ਵਿਚ ਐਸਾ ਪਾਇਆ, ਜਿਸ ਨੂੰ ਉਹ ਫਿਰ ਕਦੇ ਵੀ ਆਪਣੇ ਗਲੇ ਵਿੱਚੋਂ ਲਾਹ ਨਾ ਸਕੇ। ਮੁੱਕਦੀ ਗੱਲ ਇਹ ਕਿ ਮੁਸਲਮਾਨ ਜੇਤੂ, ਹਿੰਦੁਸਤਾਨ ਦੇ ਕਰਤਾ-ਧਰਤਾ ਤੇ ਐਸੇ ਮਾਲਕ ਬਣੇ, ਜਿਵੇਂ ਕਿ ਮਨੁੱਖ ਪਸ਼ੂਆਂ ਦੇ ਮਾਲਕ ਹੁੰਦੇ ਹਨ।"

ਮਹਿਮੂਦ ਨੇ ਹਿੰਦੂਆਂ ਦੇ ਮੰਦਰਾਂ ਨੂੰ ਲੁੱਟਿਆ, ਉਨ੍ਹਾਂ ਦੇ ਦੇਵਤਿਆਂ ਦੀ ਬੇਇੱਜ਼ਤੀ ਕੀਤੀ, ਮੂਰਤੀਆਂ ਭੰਨੀਆਂ ਅਤੇ ਹਿੰਦੂਆਂ ਨੂੰ ਦਿਲ ਖੋਲ੍ਹ ਕੇ ਲੁੱਟਿਆ। ਹਿੰਦੂ ਸਮਾਜ ਬਹੁਤ ਹੀ ਨਿਰਬਲ, ਸੱਤਿਆਹੀਣ ਤੇ ਨਿਆਸਰਾ ਹੋ ਚੁੱਕਾ ਸੀ। ਕਿਤੇ-ਕਿਤੇ ਟਾਵੀਂ ਕੋਈ ਰਾਜਪੂਤ ਹਕੂਮਤ ਸੀ, ਉਹ ਵੀ ਪਹਾੜ ਦੀਆਂ ਕੁੰਦਰਾਂ ਤੇ ਖੰਡਰਾਂ ਵਿਚ ਬਚੀ ਹੋਈ ਸੀ। ਉਸ ਦੇ ਪਿੱਛੇ ਵੀ ਇਸਲਾਮੀ ਟਿੱਡੀ ਦਲ ਫ਼ੌਜਾਂ ਹਰ ਸਮੇਂ ਜਹਾਦ ਲਈ ਤਿਆਰ ਰਹਿੰਦੀਆਂ ਸਨ।

ਅਜਿਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਉਨ੍ਹਾਂ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਸਿੱਧਾ-ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀਂ ਕਿਰਤ ਕਰਨ, ਵੰਡ ਛਕਣ, ਇੱਕੋ ਪਰਮਾਤਮਾ ਉੱਤੇ ਅਟੁੱਟ ਵਿਸ਼ਵਾਸ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿਚ, "ਉਨ੍ਹਾਂ ਇਹ ਕਾਰਜ ਐਸੀ ਜੁਗਤੀ ਨਾਲ ਅਰੰਭਿਆ ਤੇ ਨਿਭਾਇਆ, ਜੋ ਕੇਵਲ ਉਹੋ ਹੀ ਕਰ ਸਕਦੇ ਸਨ। ਇਹੋ ਕਾਰਨ ਹੈ ਕਿ ਮੁਸਲਮਾਨ ਵੀ ਅਜਿਹੇ ਦਲੇਰ ਵਿਅਕਤੀ ਦੇ ਖ਼ਿਲਾਫ਼ ਨਾ ਹੋਏ ਜੋ ਹਿੰਦੂਆਂ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆਉਣ ਦੀ ਨੀਂਹ ਰੱਖ ਰਿਹਾ ਸੀ।" ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸ ਤਰ੍ਹਾਂ ਦੋਨਾਂ ਧਰਮਾਂ ਦੇ ਲੋਕਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਜਾਰੀ ਰੱਖਿਆ।

ਔਰੰਗਜ਼ੇਬ ਬਾਦਸ਼ਾਹ ਦੀ ਹਕੂਮਤ ਸਮੇਂ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦੀ ਮੁਹਿੰਮ ਤੇਜ਼ ਹੋ ਗਈ। ਉਸ ਦੇ ਜ਼ੁਲਮ ਤਸ਼ੱਦਦ ਤੋਂ ਪ੍ਰੇਸ਼ਾਨ ਹੋਏ ਕਸ਼ਮੀਰੀ ਪੰਡਤ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫ਼ਰਿਆਦ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਬਾਲਕ ਗੋਬਿੰਦ ਰਾਏ ਜੀ, ਜੋ ਕੇਵਲ 9 ਵਰ੍ਹਿਆਂ ਦੇ ਸਨ, ਦੇ ਆਖਣ 'ਤੇ ਉਨ੍ਹਾਂ ਦੀ ਰੱਖਿਆ ਲਈ ਦਿੱਲੀ ਗਏ, ਜਿਥੇ ਬਾਦਸ਼ਾਹ ਦੇ ਹੁਕਮ 'ਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਗ਼ਰੀਬ, ਮਜ਼ਲੂਮ ਤੇ ਨਿਤਾਣਿਆਂ ਦੀ ਰੱਖਿਆ ਲਈ ਅਤੇ ਮੁਗ਼ਲ ਹਕੂਮਤ ਦੇ ਜ਼ੁਲਮ, ਤਸ਼ੱਦਦ ਤੇ ਅੱਤਿਆਚਾਰ ਦਾ ਟਾਕਰਾ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਸਾਜਿਆ ਅਤੇ ਕੌਮ ਵਿਚ ਇਕ ਨਵੀਂ ਰੂਹ ਭਰ ਦਿੱਤੀ। ਗੁਰੂ ਜੀ ਦੇ ਖ਼ਾਲਸੇ ਨੇ ਇਤਿਹਾਸ ਦਾ ਰੁਖ਼ ਬਦਲ ਕੇ ਰੱਖ ਦਿੱਤਾ। ਇਸ ਮੁਹਿੰਮ ਵਿਚ ਉਨ੍ਹਾਂ ਦੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਲਾਲਾ ਦੌਲਤ ਰਾਏ ਦੇ ਆਪਣੇ ਸ਼ਬਦਾਂ ਅਨੁਸਾਰ, "ਔਰੰਗਜ਼ੇਬ ਦੇ ਸਮੇਂ ਤਕ ਹਿੰਦੂਆਂ ਤੇ ਹਿੰਦੁਸਤਾਨ ਦੀ ਅਜਿਹੀ ਦਸ਼ਾ ਹੋ ਗਈ ਸੀ ਕਿ ਸਾਰੇ ਭਾਰਤਵਰਸ਼ 'ਤੇ ਹੀ ਇਸਲਾਮੀ ਝੰਡਾ ਝੁੱਲਣ ਲੱਗ ਗਿਆ ਸੀ। ਲਹਿੰਦੇ ਪਾਸੇ ਗੁਜਰਾਤ ਤੇ ਦੁਆਰਕਾ ਤਕ ਇਸਲਾਮੀ ਹਕੂਮਤ ਕਾਇਮ ਹੋ ਚੁੱਕੀ ਸੀ। ਦੱਖਣ ਦੀਆਂ ਸਾਰੀਆਂ ਹਿੰਦੂ ਹਕੂਮਤਾਂ ਬਰਬਾਦ ਹੋ ਕੇ ਆਪਣੀ ਹੋਂਦ ਹੀ ਖ਼ਤਮ ਕਰ ਰਹੀਆਂ ਸਨ। ਰਾਮੇਸ਼ਵਰਮ ਵਿਚ ਮਸਜਿਦਾਂ ਉਸਰ ਚੁੱਕੀਆਂ ਸਨ, ਜਿਥੋਂ 'ਅੱਲਾ ਹੂ ਅਕਬਰ' ਦੀਆਂ ਉੱਚੀਆਂ-ਉੱਚੀਆਂ ਬਾਂਗਾਂ ਸੁਣਾਈ ਦੇ ਰਹੀਆਂ ਸਨ। ਚੜ੍ਹਦੇ ਵਿਚ ਉੜੀਸਾ ਤੇ ਬੰਗਾਲ ਢੇਰ ਸਮੇਂ ਤੋਂ ਇਸਲਾਮ ਦੇ ਜ਼ੋਰ ਤੇ ਜ਼ੁਲਮ ਦੇ ਅਭਿਆਸ ਦਾ ਖੇਤਰ ਬਣਿਆ ਹੋਇਆ ਸੀ। ਉੱਤਰ ਵਿਚ ਵੀ ਪਹਾੜਾਂ ਵਿਚ ਹਿੰਦੂ ਰਾਜਿਆਂ ਦੀ ਹਕੂਮਤ ਦਾ ਭੋਗ ਪੈ ਚੁੱਕਾ ਸੀ

www.sikhbookclub.com

ਅਤੇ ਉਹ ਸਾਰੇ ਅਧੀਨ ਹੋ ਗਏ ਸਨ। ਕਸ਼ਮੀਰ ਵਿਚ ਇਸਲਾਮੀ ਝੰਡਾ ਲਹਿਰਾ ਰਿਹਾ ਸੀ ਪਰ ਫਿਰ ਵੀ ਉਨ੍ਹਾਂ ਜਿੱਤਾਂ ਤੇ ਤਾਕਤੀ ਪਸਾਰੇ ਦੇ ਬਾਵਜੂਦ ਮੁਲਕ ਵਿਚ ਚੈਨ ਨਹੀਂ ਸੀ।"

ਉਹ ਅੱਗੇ ਲਿਖਦੇ ਹਨ, "ਜੋ ਕੁਝ ਪਹਿਲਾਂ ਵਾਪਰ ਚੁੱਕਾ ਸੀ, ਉਸ ਨੂੰ ਭੁਲਾ ਕੇ ਜੇ ਇਕੱਲੇ ਔਰੰਗਜ਼ੇਬ ਦੀਆਂ ਕਰਤੂਤਾਂ ਹੀ ਵੇਖੀਆਂ ਜਾਣ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਹੁਣ ਉਹ ਸਮਾਂ ਆ ਗਿਆ ਸੀ ਕਿ ਹਿੰਦੂਆਂ ਦਾ ਨਾਂ ਵੀ ਹਿੰਦੁਸਤਾਨ ਦੀ ਧਰਤੀ ਤੋਂ ਉਸੇ ਤਰ੍ਹਾਂ ਹੀ ਮਿਟ ਜਾਂਦਾ ਜਿਵੇਂ ਕੁਰੈਸ਼ੀਆਂ ਦਾ ਅਰਬ ਵਿਚ ਮੇਟਿਆ ਗਿਆ ਸੀ, ਜਾਂ ਫਿਰ ਉਹ ਹਾਲ ਹੁੰਦਾ ਜਿਵੇਂ ਇਰਾਨ, ਤੁਰਕਿਸਤਾਨ, ਅਫ਼ਗਾਨਿਸਤਾਨ ਤੇ ਬਲੋਚਿਸਤਾਨ ਦੇ ਵਸਨੀਕ ਆਪਣੇ ਵੱਡੇ-ਵਡੇਰਿਆਂ ਦੇ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਸਨ। ਇਥੇ ਵੀ ਸਾਰੇ ਹੀ ਹਿੰਦੂ ਆਪਣੇ ਧਰਮ ਦਾ ਤਿਆਗ ਕਰ ਦਿੰਦੇ ਤੇ ਇਸਲਾਮ ਦੀ ਜ਼ਾਲਮ ਤਲਵਾਰ ਅੱਗੇ ਸਿਰ ਨੀਵਾਂ ਕਰ ਕੇ ਆਪਣੀ ਸੰਸਕ੍ਰਿਤੀ ਤੋਂ ਹੱਥ ਧੋ ਬੈਠਦੇ ਕਿਉਂਕਿ ਹਿੰਦੂਆਂ ਵਿਚ ਹੁਣ ਇਸਲਾਮੀ ਜਬਰ ਤੇ ਜੋਸ਼ ਦਾ ਟਾਕਰਾ ਕਰਨ ਦੀ ਨਾ ਹਿੰਮਤ ਸੀ ਤੇ ਨਾ ਹੀ ਤਾਕਤ, ਨਾ ਹੀ ਹੌਸਲਾ ਸੀ ਤੇ ਨਾ ਹੀ ਸੂਝ, ਨਾ ਹੀ ਧਰਮ ਦਾ ਬਲ ਤੇ ਨਾ ਹੀ ਧਨ-ਬਲ ਸੀ।"

"ਫਿਰ ਐਸੀ ਨਿਰਾਸ਼ਤਾ ਵਿਚ ਅਚਨਚੇਤ ਇਕ ਦੈਵੀ ਸ਼ਖ਼ਸੀਅਤ ਪ੍ਰਗਟ ਹੋਈ। ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫ਼ਾਨ ਵਿੱਚੋਂ ਕੱਢਿਆ ਹੀ ਨਹੀਂ ਸਗੋਂ ਕੰਢੇ 'ਤੇ ਆ ਖੜ੍ਹਾ ਕੀਤਾ। ਹਿੰਦੂ ਧਰਮ ਦੇ ਸੁੱਕ ਚੁੱਕੇ ਤੇ ਕੁਮਲਾ ਗਏ ਬਾਗ਼ ਲਈ ਉਹ ਰਹਿਮਤ ਦੀ ਵਰਖਾ ਤੇ ਉੱਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ ? ਹਾਂ ਉਹ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ। ਜਿਸ ਬੂਟੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਪਾ ਕੇ ਵੱਡਾ ਕੀਤਾ ਸੀ ਅਤੇ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ ਤੇ, ਉਸੇ ਦੀ ਸੇਵਾ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮਾਤਾ, ਚਾਰ ਪੁੱਤਰਾਂ, ਪੰਜ ਪਿਆਰਿਆਂ ਅਤੇ ਹਜ਼ਾਰਾਂ ਸ਼ਰਧਾਲੂ ਸਿੱਖ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫੁੱਲ ਲੱਗ ਗਏ। ਉਹ ਫੁੱਲ ਕੀ ਸਨ ? ਉਹ ਸਨ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ ਪਿਆਰ ਦੇ ਫੁੱਲ। ਇਹ ਇਕ ਐਸਾ ਫਲ ਸੀ ਕਿ ਜਿਸ ਦਾ ਫੁੱਲ ਅਕਾਲ ਪੁਰਖ ਦੀ ਪੂਜਾ ਸੀ, ਜਿਸ ਦੇ ਗੁੱਦੇ ਵਿਚ ਕੌਮੀ ਪਿਆਰ ਸੀ ਤੇ ਜਿਸ ਦਾ ਛਿਲਕਾ ਸੀ ਦੇਸ਼-ਪਿਆਰ। ਜਿਸ ਦੀ ਗਿਟਕ ਸੀ ਭਗਤੀ-ਭਾਵ, ਜਿਸ ਦਾ ਮਿੱਠਾ ਰਸ ਸੀ ਕੌਮੀਅਤ।" ਉਹ ਅੱਗੇ ਲਿਖਦੇ ਹਨ ਕਿ ਕਿਸੇ ਕਵੀ ਨੇ ਠੀਕ ਆਖਿਆ ਹੈ :

ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ ਬਾਤ ਕਹੂੰ ਮੈਂ ਜਬ ਕੀ।
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ ਸੁੰਨਤ ਹੋਤੀ ਸਭ ਕੀ।

ਲਾਲਾ ਦੌਲਤ ਰਾਏ ਨੇ ਕਈ ਅੰਗਰੇਜ਼ ਵਿਦਵਾਨਾਂ ਦੇ ਵੀ ਇਸ ਤਰ੍ਹਾਂ ਦੇ ਹਵਾਲੇ ਦਿੱਤੇ ਹਨ। ਲਾਲਾ ਜੀ ਦੇ ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੇਕਰ ਗੁਰੂ ਸਾਹਿਬਾਨ ਅਵਤਾਰ ਨਾ ਧਾਰਦੇ ਤਾਂ ਸਾਰਾ ਹਿੰਦੁਸਤਾਨ, ਜਿਸ ਵਿਚ ਪਾਕਿਸਤਾਨ ਤੇ ਬੰਗਲਾ ਦੇਸ਼ ਵਾਲੇ ਖੇਤਰ ਵੀ ਸ਼ਾਮਲ ਸੀ, ਇਸਲਾਮੀ ਦੇਸ਼ ਬਣ ਗਿਆ ਹੁੰਦਾ। ਪ੍ਰਸਿੱਧ ਪੰਥਕ ਵਿਦਵਾਨ ਮਰਹੂਮ ਗਿਆਨੀ ਸੰਤ ਸਿੰਘ

www.sikhbookclub.com

ਮਸਕੀਨ ਆਪਣੀਆਂ ਕਈ ਕਥਾਵਾਂ ਵਿਚ ਨਾਮਵਰ ਸਿੱਖ ਵਿਦਵਾਨ ਮਹਾਂਕਵੀ ਸੰਤੋਖ ਸਿੰਘ ਜੀ ਦੀ ਹੇਠ ਲਿਖੀ ਲਿਖਤ ਦਾ ਹਵਾਲਾ ਦਿਆ ਕਰਦੇ ਸਨ :

ਛਾਏ ਜਾਤੀ ਏਕਤਾ ਅਨੇਕਤਾ ਵਿਲਾਏ ਜਾਈ ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪਰਪੱਕ ਜਾਤੇ ਧਰਮ ਧਸੱਕ ਜਾਤੇ ਵਰਨ ਗਰਕ ਜਾਤੇ ਸਹਿਤ ਵਿਧਾਨ ਕੀ।
ਦੇਵੀ ਦੇਵ ਦੇਵਤੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ਮੂਰਤਿ ਨਾ ਹੋਤੀ ਜੋ ਪੈ ਕਰੁਣਾਨਿਧਾਨ ਕੀ।

ਉਪਰੋਕਤ ਲਿਖਤ ਦਾ ਹਵਾਲਾ ਦੇ ਕੇ ਮਸਕੀਨ ਜੀ ਆਖਦੇ ਸਨ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਨਾ ਹੁੰਦਾ ਤਾਂ ਇਸਲਾਮੀ ਹਮਲਾਵਰਾਂ ਤੇ ਹੁਕਮਰਾਨਾਂ ਨੇ ਸਾਰਾ ਹਿੰਦੁਸਤਾਨ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾ ਲੈਣਾ ਸੀ ਜਿਵੇਂ ਉਨ੍ਹਾਂ ਨੇ ਪਹਿਲਾਂ ਇਰਾਨ, ਅਫ਼ਗਾਨਿਸਤਾਨ ਆਦਿ ਕਈ ਦੇਸ਼ਾਂ ਨੂੰ ਤਲਵਾਰ ਦੇ ਜ਼ੋਰ ਨਾਲ ਇਸਲਾਮੀ ਦੇਸ਼ ਬਣਾ ਲਿਆ ਸੀ। ਫਿਰ ਭਾਵੇਂ ਇਸ ਦਾ ਨਾਂ ਹਿੰਦੁਸਤਾਨ ਹੀ ਰਹਿੰਦਾ ਪਰ ਇਕ ਇਸਲਾਮੀ ਦੇਸ਼ ਹੋਣਾ ਸੀ, ਭਾਵ ਅੱਜ ਵਾਲਾ ਸਾਰਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਸਮੇਤ ਭਾਰਤੀ ਉਪ-ਮਹਾਂਦੀਪ ਇੱਕੋ ਇਸਲਾਮੀ ਦੇਸ਼ ਹੋਣਾ ਸੀ। ਕੀ ਭਾਰਤ ਵਾਸੀ ਹਿੰਦੂ ਧਰਮ ਦੀ ਰੱਖਿਆ ਅਤੇ ਇਸ ਦੇਸ਼ ਦਾ ਬਹੁ-ਧਰਮੀ ਚਰਿੱਤਰ (ਜਿਸ ਕਾਰਨ ਅੱਜ ਇਹ ਇਕ ਧਰਮ-ਨਿਰਪੱਖ ਦੇਸ਼ ਹੈ) ਤੇ ਹਜ਼ਾਰਾਂ ਸਾਲ ਪੁਰਾਣੀ ਸੰਸਕ੍ਰਿਤੀ ਬਚਾਉਣ ਵਾਸਤੇ ਗੁਰੂ ਸਾਹਿਬਾਨ ਅਤੇ ਪਿੱਛੋਂ ਉਨ੍ਹਾਂ ਦੇ ਬਹਾਦਰ ਯੋਧੇ ਸਿੰਘਾਂ ਵੱਲੋਂ ਕੀਤੀਆਂ ਮਹਾਨ ਕੁਰਬਾਨੀਆਂ ਨੂੰ ਅੱਖੋਂ-ਪਰੋਖੇ ਕਰ ਸਕਦੇ ਹਨ।

(1/2013)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ-ਪੰਥ

'ਖਾਲਸਾ-ਪੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਜਿਆ। ਇਹ ਉਨ੍ਹਾਂ ਅਣਖੀ ਸੂਰਮਿਆਂ ਦਾ ਪੰਥ ਹੈ, ਜਿਹੜੇ ਨਾਮ ਅਤੇ ਸਿਮਰਨ ਵਾਲਾ ਅੰਤਰਮੁਖੀ ਜੀਵਨ ਜਿਊਂਦੇ ਹਨ। ਉਹ, ਉਹ ਹਨ ਜਿਨ੍ਹਾਂ ਦੀ ਮੌਜੂਦਗੀ ਸ਼ਾਂਤ-ਅੰਮ੍ਰਿਤ ਨਾਲ ਦੁਆਲਾ ਰੰਗ ਦਿੰਦੀ ਹੈ। ਉਹ ਨਾ ਹੀ ਰਾਜ ਚਾਹੁੰਦੇ ਹਨ ਅਤੇ ਨਾ ਹੀ ਮੁਕਤੀ, ਕੇਵਲ 'ਮਨਿ ਪ੍ਰੀਤਿ ਚਰਨ ਕਮਲਾਰੇ' ਦੇ ਧਾਰਨੀ ਹਨ। ਨਾ ਹੀ ਉਹ ਯੋਗ ਦੀ ਰਹੱਸ-ਪੂਰਨ ਅਤੇ ਨਾ ਹੀ ਭੋਗ ਦੀ ਵਾਸ਼ਨਾ-ਪੂਰਨ ਖੁਸ਼ੀ ਦੇ ਇੱਛਕ ਹਨ, ਉਹ ਤਾਂ ਕੇਵਲ ਉਸ ਦਾ ਪਿਆਰ ਅੰਮ੍ਰਿਤ ਮੰਗਦੇ ਹਨ, ਉਸ ਦੀ ਬਾਣੀ ਦੀ ਸ਼ਬਨਮ ਦੇ ਛਲਕਦੇ ਜਾਮ। ਉਹ ਜੀਵਨ ਦੇ ਦਾਰਸ਼ਨਿਕ ਗ਼ਮਾਂ ਨਾਲ ਭਰੇ ਪੀਤੇ ਪਏ ਹਨ ਅਤੇ ਉਹ ਆਪਣੀ ਪਿਆਸ ਅਤੇ ਸਭ ਦੁਖੀਆਂ ਦੀ ਪਿਆਸ ਬੁਝਾਉਣ ਲਈ ਬੰਬੀਹੇ ਵਾਂਗ ਸਵਾਂਤੀ ਬੂੰਦ ਨੂੰ ਟੇਰਦੇ ਹਨ। ਮਹਿਬੂਬ ਦਾ ਨਾਮ ਜਪਣ ਨਾਲ ਹੀ ਉਹ ਇਸ ਰੂਹਾਨੀ ਸਥਿਤੀ ਨੂੰ ਕਾਇਮ ਰੱਖ ਸਕਦੇ ਹਨ ਅਤੇ ਕਿਉਂਕਿ ਉਹਨਾਂ ਦੀ ਇਹ ਪਿਆਸ ਅਸੀਮ ਹੈ ਅਤੇ ਜਾਪ, ਪੰਛੀਆਂ ਦੀ ਨਿਰੰਤਰ ਕੂਕ ਵਰਗਾ। ਰੂਹਾਨੀ ਮਰਦਾਨਗੀ ਦਾ ਭੇਦ ਮਹਿਬੂਬ ਪ੍ਰਤਿ ਵਿਗਸਿਆ ਪਿਆਰ ਹੈ ਅਤੇ ਇਹ ਪਿਆਰ ਗੁਰੂ-ਬਾਣੀ ਦੇ ਨਿਰੰਤਰ ਪਾਠ ਅਤੇ ਗੁਰੂ ਦਾ ਨਾਮ ਜਪਣ ਵਿੱਚ ਹੈ।

ਇਸ ਪੰਥ ਦੀ ਰੰਗ ਰੱਤੜੀ ਹਸਤੀ ਬਾਣੀ ਨਾਲ ਜੁੜੀ, ਪਿਆਰ ਵਿਗੁਤੀ, ਸ਼ਕਤੀਸ਼ਾਲੀ ਅਤੇ ਨਿਮਰ, ਨਿਰਭੈ, ਮੌਤ ਨੂੰ ਮਖੌਲਾਂ ਕਰਦੀ, ਮੌਤ ਨੂੰ ਜੱਫੀਆਂ ਪਾਉਂਦੀ, ਮਾਲਕ ਦੇ ਨਾਂ ਤੋਂ ਸਦਾ ਨਿਰਸਵਾਰਥ ਜਾਨ ਵਾਰ ਦਿੰਦੀ, ਸ਼ਮ੍ਹਾਂ ਦੁਆਲੇ ਪਰਵਾਨੇ ਵਾਂਗ ਸੜ ਉਠਦੀ, ਨਾਇਕਾਂ ਵਾਂਗ ਜਿਊਂਦੀ, ਚੰਦਰ-ਮੰਡਲ ਵਾਂਗ ਚਮਕਦੀ, ਮਸਤੀ ਭਰੀ, ਹਰ ਸਮੇਂ ਮਿੱਠਤ ਹੁਲਸਾਈ, ਜੀਵਨ ਦੇ ਗ਼ਮਾਂ ਤੋਂ ਉਪਰ ਉਠੀ, ਸਰਬੱਤ ਦਾ ਭਲਾ ਮੰਗਦੀ ਅਤੇ ਨਿਸ਼ਕਾਮ ਵਿਚਰਦੀ ਹੈ। ਸਵਾਸ-ਸਵਾਸ ਨਾਮ ਜਪਣਾ ਸੱਚਾਈ ਹੈ, ਨਿੱਜੀ ਸੱਚਾਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਲਈ ਸੰਪੂਰਨ ਸੱਚਾਈ।

ਜਿਵੇਂ ਕਿ ਗੁਰੂ ਸਾਹਿਬਾਂ ਫ਼ਰਮਾਇਆ ਹੈ, ਅਜਿਹੀ ਅਗੰਮੀ ਹਸਤੀ ਦੀ ਪਛਾਣ, ਜੋ ਰੱਬ ਵਾਂਗ ਨਿਰਾਕਾਰ ਹੈ, ਮਨ-ਮੰਦਰ ਵਿੱਚ, ਨਾਮ ਦੀ ਜੋਤ, ਜੀਵਨ ਸ਼ਮ੍ਹਾਂ ਨੂੰ ਸਦਾ ਬਲਦਿਆਂ ਰੱਖਣ ਨਾਲ ਹੁੰਦੀ ਹੈ। ਜਿਸ ਦੇ ਮਨ-ਮੰਦਰ ਵਿੱਚ ਅਜਿਹੀ ਸ਼ਮ੍ਹਾਂ ਨਿਸ-ਬਾਸਰ ਬਲਦੀ ਰਹੇ, ਉਹ ਸੱਚਾ ਖਾਲਸਾ ਹੈ।

ਉਸ ਜੋਤ ਦਾ ਚਿੰਨ੍ਹਾਤਮਕ ਪ੍ਰਗਟਾਵਾ ਨਾਮ ਜਪਣਾ ਹੈ। ਮਨੁੱਖ ਦੇ ਸਵਾਸ ਉਸ ਨਾਲ ਗੂੰਜਦੇ ਹਨ ਅਤੇ ਰੋਮ-ਰੋਮ ਵਿੱਚ ਉਸ ਦਾ ਅੰਮ੍ਰਿਤ ਭਰਿਆ ਪਿਆ ਹੈ। ਉਪਰਲੀਆਂ ਪਿਪਣੀਆਂ ਹੇਠ ਅੱਖਾਂ ਉਪਰ ਵੱਲ ਅੱਧ ਤਕ ਪੁੱਜ ਜਾਂਦੀਆਂ ਹਨ, ਮੱਥਾ ਅੰਮ੍ਰਿਤ ਭਿੰਨਾ ਹੋ ਜਾਂਦਾ ਹੈ, ਜਿਵੇਂ ਕਿ ਉਹ

www.sikhbookclub.com

ਕੋਈ ਸੋਮਾ ਹੋਵੇ ਅਤੇ ਹਜ਼ਾਰਾਂ ਸਾਫ਼ ਚਸ਼ਮੇ ਇਸ ਹਿਮਾਲੀਆ ਵਿਚੋਂ ਹੇਠਾਂ ਨੂੰ ਵਹਿ ਰਹੇ ਹੋਣ, ਜੋ ਕੇਵਲ ਇਕ ਮਨੁੱਖ ਦੀ ਧਰਤ ਨੂੰ ਜ਼ਰਖੇਜ਼ ਨਹੀਂ ਕਰਦੇ, ਸਗੋਂ ਉਨ੍ਹਾਂ ਸਾਰਿਆਂ ਨੂੰ, ਜੋ ਉਸ ਦੀ ਜ਼ਦ ਵਿੱਚ ਆਉਂਦੇ ਹਨ। ਖਾਲਸਾ ਕਿਸੇ ਝੀਲ, ਸੋਮੇ, ਦਰਿਆ ਵਾਂਗ ਸੁਤੇ-ਸਿੱਧ ਵਿਸ਼ਵ-ਵਿਆਪੀ ਸਦ-ਭਾਵਨਾ, ਸ਼ਾਂਤ ਅਤੇ ਪਿਆਰ ਦੀਆਂ ਝਲਕਾਂ ਮਾਰਨ ਲੱਗ ਪੈਂਦਾ ਹੈ। ਚਾਰੇ ਪਾਸੇ ਚਟਾਕ ਚਾਨਣਾ ਹੋ ਜਾਂਦਾ ਹੈ, ਕੋਈ ਭੂਤ-ਪ੍ਰੇਤ ਜਾਂ ਭੈੜੀ ਰੂਹ ਅਜਿਹੀ ਹਸਤੀ ਦੇ ਨੇੜੇ ਨਹੀਂ ਫਟਕ ਸਕਦੀ।

ਉਨ੍ਹਾਂ ਦਾ 'ਨੀਤੀ-ਸ਼ਾਸਤਰ' ਕਿਤਾਬੀ ਨਹੀਂ, ਅਲਜਬਰੇ ਦੇ ਫਾਰਮੂਲਿਆਂ ਦਾ ਵੀ ਨਹੀਂ, ਅਖੌਤੀ ਇਖ਼ਲਾਕੀ ਜਾਂ ਗੈਰ-ਇਖ਼ਲਾਕੀ ਕਰਣੀ ਨੂੰ ਚਤੁਰਾਈ ਨਾਲ ਸਹੀ ਸਿੱਧ ਕਰਨ ਦਾ ਵੀ ਨਹੀਂ। ਉਹ ਆਪਣੀ ਪਵਿੱਤਰ ਨਿਸ਼ਕਾਮਤਾ ਕਾਰਣ, ਕੁਦਰਤ ਦੀ ਰੂਹ ਨਾਲ ਇਕ-ਸੁਰ ਹਨ। ਉਹ ਪਰਬਤ ਹਨ, ਦਰਿਆ ਹਨ, ਬੱਦਲ ਹਨ ਅਤੇ ਫੁੱਲ ਹਨ। ਜਿੱਥੇ ਵੀ ਕੋਈ ਗੁਲਾਬ ਦਾ ਫੁੱਲ ਹੈ, ਉਹ ਖੁਸ਼ਬੂ ਆਲੇ-ਦੁਆਲੇ ਆਪਣੇ-ਆਪ ਖਲੇਰ ਦਿੰਦਾ ਹੈ। ਖਾਲਸਾ ਆਪਣੀ ਰੂਹਾਨੀ ਮਿੱਠਤ ਨੂੰ ਧਰਤੀ ਦੇ ਜਿਸ ਕੋਨੇ 'ਤੇ ਵੀ ਹੋਵੇ, ਵੰਡ ਹੀ ਨਹੀਂ ਦਿੰਦਾ, ਸਗੋਂ ਉਹ ਤਾਂ ਆਪਣੇ-ਆਪ ਨਿਕਲ-ਨਿਕਲ ਪੈਂਦੀ ਹੈ, ਇਕ ਜ਼ੋਰਦਾਰ ਸੁਹਿਰਦਤਾ ਨਾਲ। ਉਹ ਸਦਾ ਦਇਆ ਦਾ ਸ਼ਹਿਜ਼ਾਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਕਿਸੇ ਵਿਧਵਾ ਦੇ, ਉਸ ਦੇ ਪਤੀ ਦੇ ਸਵਰਗਵਾਸ ਹੋਣ 'ਤੇ ਪਾਏ ਕੀਰਨੇ ਅਤੇ ਕਿਸੇ ਮਾਂ ਦਾ ਆਪਣੇ ਪੁੱਤਰ ਦੀ ਮੌਤ 'ਤੇ ਕੀਤਾ ਵਿਰਲਾਪ, ਨਹੀਂ ਸਨ ਸੁਣ ਸਕਦੇ ਅਤੇ ਇਸ ਤਰ੍ਹਾਂ ਹੋਇਆ ਕਿ ਮਾਲਕ ਦੇ ਨਿਵਾਸ ਸਥਾਨ, ਗੋਇੰਦਵਾਲ ਵਿੱਚ ਉਨ੍ਹਾਂ ਦੇ ਜੀਵਨ ਭਰ ਦੇ ਸਮੇਂ ਦੇ ਦੌਰਾਨ ਅਜਿਹੀ ਕੋਈ ਦੁਰਘਟਨਾ ਨਹੀਂ ਹੋਈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ ਦੁੱਖਾਂ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ, ਉਨ੍ਹਾਂ ਦੀ ਬਾਣੀ ਅਥਰੂ ਭਿੱਜੀ, ਅਸੀਮ ਵੈਰਾਗਮਈ ਹੈ, ਜੋ ਉਸ ਨਾਲ ਦੁਖੀ ਮਨੁੱਖ ਨੂੰ ਖੁਸ਼ੀ ਅਤੇ ਮੁਕਤੀ ਮਿਲ ਸਕੇ।

ਦਸ ਗੁਰੂ ਸਾਹਿਬਾਨ, ਉਨ੍ਹਾਂ ਦੇ ਸਿੱਖਾਂ ਅਤੇ ਆਪਣੇ ਵਡੇਰਿਆਂ ਦੀ ਰੂਹਾਨੀ ਵਿਰਾਸਤ ਤੋਂ ਮਿਲਦੀ ਪ੍ਰੇਰਣਾ ਅਨੁਸਾਰ 'ਖਾਲਸਾ' ਉਹ ਹੈ, ਜੋ ਉਤਸ਼ਾਹ ਦੀ ਮਸ਼ਾਲ ਜਲਾਈ ਰੱਖਦਾ ਹੈ, ਕਿਸੇ ਸੰਕਲਪ ਖ਼ਾਤਰ ਨਹੀਂ, ਕਿਸੇ ਲਾਭ ਖ਼ਾਤਰ ਨਹੀਂ, ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਵਿੱਚ ਅਤੇ ਸਹਿਜੇ ਹੀ ਉਸ ਦੇ ਨਾਮ ਸਿਮਰਨ ਵਿੱਚ ਜੁੜਿਆ ਰਹਿੰਦਾ ਹੈ। ਖਾਲਸਾ ਆਪਣੀ ਰੂਹ ਦੇ ਟਾਂਗੇ ਦਾ ਕੋਚਵਾਨ ਹੈ। ਜਦੋਂ ਸਿਮਰਨ ਦੀ ਜੋਤ ਜਗਦੀ ਹੈ, ਸਿੱਖ ਮਰ ਜਾਂਦਾ ਹੈ। ਜਿਵੇਂ ਰੁੱਖ ਨੂੰ ਬੂਰ ਪੈਂਦਾ ਹੈ, ਉਸ ਤਰ੍ਹਾਂ ਸਿੱਖ ਨਾਮ ਅਤੇ ਸਿਮਰਨ ਦੀ ਖੁਸ਼ੀ ਨਾਲ ਖੇੜੇ 'ਤੇ ਆ ਜਾਂਦਾ ਹੈ। ਜਿਵੇਂ ਰੁੱਖ ਚਲਦੀ ਹਵਾ ਨੂੰ ਆਪਣੀ ਉੱਤਮ ਵਸਤੂ ਦੇ ਦਿੰਦਾ ਹੈ, ਇਸ ਤਰ੍ਹਾਂ ਸਿੱਖ ਸਭ ਨੂੰ ਖੁਸ਼ਬੋਈ ਦੇ ਦਿੰਦਾ ਹੈ। ਮੇਰੀ ਅਧਿਆਤਮਕ ਕਰਣੀ ਲਈ, ਮੈਂ ਨਹੀਂ, ਉਹ ਜ਼ਿੰਮੇਵਾਰ ਹੈ, ਜੋ ਬਸੰਤ ਸਮੇਂ ਹਰ ਰੁੱਖ 'ਤੇ ਜੋਬਨ ਲੈ ਆਉਂਦਾ ਹੈ, ਜੋ ਸਾਰਿਆਂ ਨੂੰ ਚਮਕ ਬਖ਼ਸ਼ਦਾ ਹੈ। ਮੈਂ ਜੀਵਨ-ਭੇਦ ਪਾ ਲਿਆ ਹੈ ਅਤੇ ਮੈਂ ਆਪਣੇ-ਆਪ ਨੂੰ ਬੱਦਲ ਦੀ ਟੁਕੜੀ ਵਾਂਗ ਰੱਖਦਾ ਹਾਂ, ਉਸ ਦੇ ਆਦੇਸ਼ ਵਿੱਚ ਵੱਸ ਪੈਂਦਾ ਹਾਂ, ਬਿਜਲੀ ਬਣ ਚਮਕ ਪੈਂਦਾ ਹਾਂ। ਮੇਰੀ ਕਰਣੀ ਮੇਰੇ ਜਜ਼ਬਾਤ ਦੀ ਮੂੰਹ ਬੋਲਦੀ ਤਸਵੀਰ ਹੈ, ਅਜਿਹੀ ਉਸ ਦੀ ਖੁਸ਼ੀ ਹੈ। ਸਾਰੇ ਕਾਰਜ, ਮੇਰੇ ਲਈ, ਉਸੇ ਸੁਪਨਮਈ ਲੈਅ ਵਿੱਚ ਸੈੱਟ ਹਨ, ਅਜਿਹੀ ਉਸ ਦੀ ਰਜ਼ਾ ਹੈ।

ਸੰਸਾਰ ਦੇ ਸੱਚ ਮੇਰੇ ਲਈ ਝੂਠ ਹਨ, ਉਨ੍ਹਾਂ ਲਈ ਨਿਰ-ਵਿਵਾਦ, ਹਨੇਰੇ ਦੇ ਵਿਚਾਰ ਹਨ:

www.sikhbookclub.com

ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ, ਮਨੁੱਖਤਾ ਦੇ ਇਤਿਹਾਸ ਵਿੱਚ ਵਿਰਲੇ ਹਨ, ਜਿਹੜੇ ਆਪਣੇ ਆਪ ਨੂੰ ਖਾਲਸਾ ਅਖਵਾਉਂਦੇ ਹਨ—ਪਰ ਅੰਦਰੋਂ ਰੂਹਾਨੀ ਤੌਰ 'ਤੇ ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ—ਦਾ ਨਾਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵਿੱਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ 'ਗੁਪਤ-ਪੰਥ' ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿੱਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇਕੱਲੇ ਵਿੱਚ ਨਹੀਂ; ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿੱਚੋਂ ਨਿਕਲਦਾ ਹੈ। ਇਨ੍ਹਾਂ ਸਾਰਿਆਂ ਵਿੱਚ ਮਾਲਕ ਦੀ ਚਮਕਾਂ ਮਾਰਦੀ ਕਲਗ਼ੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ, "ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿੱਚ ਨਿਹਤ ਹਨ—ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।'

ਨਾਮ

ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿੱਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿੱਚ ਮਨੁੱਖ ਉਹ-ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼-ਮਈ ਭੌਤਿਕ ਸੰਸਾਰ ਵਿੱਚ ਸਰੀਰਕ ਉੱਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

ਦਾਨ

ਦਾਨ ਦੇਣਾ, ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਣ, ਜੀਵਨ ਪ੍ਰਤਿ ਅਸੀਮ ਫਲਸਫ਼ੀਆਨਾ ਵੈਰਾਗ ਵਿੱਚ ਅਤੇ ਅਸੀਮ ਵਿੱਚ ਪਰੰਤੂ ਚੁੱਪ-ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ, ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਦਾ ਮੈਂਬਰ।

www.sikhbookclub.com

ਗੈਰ-ਹਕੀਕੀ, ਭੂਤਾਂ ਵਰਗੇ, ਜਿਨ੍ਹਾਂ ਦੀ ਛਾਇਆ ਤੋਂ ਵੀ ਮੈਨੂੰ ਡਰ ਲਗਦਾ ਹੈ ਅਤੇ ਜਿਨ੍ਹਾਂ ਤੋਂ ਮੈਂ ਦੂਰ ਭੱਜਦਾ ਹਾਂ। ਮੇਰੇ ਪੰਥ ਦੇ ਤਾਂ, ਮਨੁੱਖਤਾ ਦੇ ਇਤਿਹਾਸ ਵਿੱਚ ਵਿਰਲੇ ਹਨ, ਜਿਹੜੇ ਆਪਣੇ ਆਪ ਨੂੰ ਖਾਲਸਾ ਅਖਵਾਉਂਦੇ ਹਨ–ਪਰ ਅੰਦਰੋਂ ਰੂਹਾਨੀ ਤੌਰ 'ਤੇ ਨਿਯਤਨ, ਇਲਹਾਮੀ ਹਨ ਅਤੇ ਅਚੇਤ ਤੌਰ 'ਤੇ ਗੁਰੂ ਦੇ ਨਹੀਂ ਹਨ–ਦਾ ਨਾਂ ਸੂਚੀ ਵਿਚੋਂ ਕੱਟ ਦਿੱਤਾ ਗਿਆ ਹੈ। ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਨੂੰ ਰੂਹਾਨੀ ਜੀਵਨ ਦੀ ਖਾਲਸੇ ਵਾਲੀ ਸਥਿਤੀ ਪ੍ਰਾਪਤ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਵਿੱਚ ਥਾਂ ਮਿਲਦੀ ਹੈ ਅਤੇ ਉਹ ਸਾਡੇ ਹਨ। ਪੰਥ ਦਾ ਪਸਾਰਾ ਹਵਾ, ਪਾਣੀ, ਅੱਗ, ਬੱਦਲਾਂ, ਸੂਰਜ ਅਤੇ ਤਾਰਿਆਂ ਵਿਚ ਹੈ। ਮੈਂ ਇਸ ਪਵਿੱਤਰ 'ਗੁਪਤ-ਪੰਥ' ਦੀ ਜੈ-ਜੈਕਾਰ, ਫੁੱਲਾਂ ਦੀਆਂ ਪੱਤੀਆਂ, ਪ੍ਰਕਿਰਤਕ ਨਜ਼ਾਰਿਆਂ ਦੀ ਸੁੰਦਰਤਾ ਤੋਂ ਘੜੇ ਸੰਗੀਤ ਰੂਪ ਬੁੱਤਾਂ ਤੋਂ ਸੁਣਦਾ ਹਾਂ। ਬੱਦਲ ਮੇਰੇ ਨਾਲ ਹਮਦਰਦੀ ਕਰਦਾ ਹੈ ਅਤੇ ਸੂਰਜ ਦਾ ਮੇਰੇ ਪ੍ਰਤੀ ਪਿਆਰ ਅਸੀਮ ਅਤੇ ਬਿਨਾਂ ਕਿਸੇ ਸ਼ਰਤ ਤੋਂ ਹੈ। ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿੱਚ ਇਕ ਵਡੱਪਣ ਹੈ, ਇਕ ਨਾਦਰ ਝਲਕਾਰਾ, ਜੋ ਕਿਸੇ ਇਕੱਲੇ ਵਿੱਚ ਨਹੀਂ; ਇਕ ਚਮਕਾਰ ਬੱਦਲਾਂ ਦੇ ਇਕੱਠ ਵਿਚੋਂ ਨਿਕਲਣ ਵਾਂਗ ਲੋਕਾਂ ਦੀ ਸੰਗਤ ਵਿੱਚੋਂ ਨਿਕਲਦਾ ਹੈ। ਇਨ੍ਹਾਂ ਸਾਰਿਆਂ ਵਿੱਚ ਮਾਲਕ ਦੀ ਚਮਕਾਂ ਮਾਰਦੀ ਕਲਗੀ ਦੀ ਚਮਕ ਹੈ, ਜੋ ਉਹ ਲਾਉਂਦਾ ਹੈ ਅਤੇ ਨੀਲੇ ਘੋੜੇ 'ਤੇ ਚੜ੍ਹਿਆ ਖਾਲਸੇ ਦੇ, ਸਿੱਖਾਂ ਦੇ ਘਰੀਂ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿੱਚ, "ਇਸ ਪੰਥ ਦੇ ਸਿਧਾਂਤ ਇਨ੍ਹਾਂ ਪੰਜ ਸ਼ਬਦਾਂ ਵਿੱਚ ਨਿਹਤ ਹਨ–ਨਾਮ, ਦਾਨ, ਇਸ਼ਨਾਨ, ਕਿਰਤ ਕਰਨਾ ਅਤੇ ਵੰਡ ਛਕਣਾ।'

ਨਾਮ

ਉਸ ਦਾ ਨਾਮ ਜਪਣਾ, ਹਸਤੀ ਦਾ ਰਹੱਸ, ਜਿਸ ਦਾ ਕੋਈ ਨਿੱਜੀ ਮਨੋਰਥ, ਇੱਛਾ ਜਾਂ ਖ਼ੁਦਗਰਜ਼ੀ ਨਹੀਂ।

ਪਿਆਰ ਨਾਲ ਸੁਆਰਥ ਤੋਂ ਉਤਾਂਹ ਉਠਿਆ ਜਾ ਸਕਦਾ ਹੈ। ਇਸ ਲਈ ਉਸ ਵਿਚ ਰਹਿਣ, ਉਸ ਦਾ ਜਾਪ ਜਪਣ, ਉਸ ਵਿਚ ਫਨਾਹ ਹੋ ਜਾਣ, ਉਸ ਦੇ ਪਿਆਰ ਵਿੱਚ ਮਨੁੱਖ ਉਹ-ਸਾਹਸ ਪ੍ਰਾਪਤ ਕਰਦਾ ਹੈ, ਜੋ ਸਦਾ ਅਗੰਮੀ ਹੈ ਅਤੇ ਨਿਰ ਸੁਆਰਥ ਹੈ। ਰੂਹ ਦੀ ਅਸਲੀ ਪ੍ਰਕਿਰਤੀ ਨਿਸ਼ਕਾਮਤਾ ਹੈ। ਨਾਮ ਰਾਹੀਂ ਪਹਿਲਾਂ ਆਪਣੇ ਆਪੇ ਦੀ ਪਛਾਣ ਇਸ ਪੰਥ ਦਾ ਜੀਵਨ ਹੈ। ਇਸ ਤਰ੍ਹਾਂ ਇਸ ਸੰਘਰਸ਼-ਮਈ ਭੌਤਿਕ ਸੰਸਾਰ ਵਿੱਚ ਸਰੀਰਕ ਉੱਦਮ ਰਾਹੀਂ ਰੂਹਾਨੀ ਪ੍ਰਵਿਰਤੀ ਨੂੰ ਬਣਾਈ ਰੱਖਣਾ ਹੈ।

ਦਾਨ

ਦਾਨ ਦੇਣਾ, ਆਪਣਾ ਸਭ ਕੁਝ ਦੇ ਦੇਣਾ, ਕੁਦਰਤੀ ਹਮਦਰਦੀ ਕਾਰਣ, ਜੀਵਨ ਪ੍ਰਤਿ ਅਸੀਮ ਫਲਸਫ਼ੀਆਨਾ ਵੈਰਾਗ ਵਿਚ ਅਤੇ ਅਸੀਮ ਵਿੱਚ ਪਰੰਤੂ ਚੁੱਪ-ਚਾਪ ਬਿਨਾਂ ਧੱਕੇ, ਬਿਨਾਂ ਜਬਰ, ਫੁੱਲ ਜਾਂ ਦਰਿਆ ਵਾਂਗ ਮਨੁੱਖਤਾ ਦੀ ਭਲਾਈ ਦੇ ਚਾਓ ਨਾਲ। ਇਹ ਉਚਿਆਏ ਜੀਵਨ ਦੀ ਹੀ ਪ੍ਰਵਿਰਤੀ ਹੈ ਜੋ ਬਿਨਾਂ ਜਾਣੇ ਦਿੰਦੀ ਹੈ। ਜਿਵੇਂ ਗਰਮ ਪਦਾਰਥ, ਦੁਆਲੇ ਦੇ ਠੰਡਿਆਂ ਪਦਾਰਥਾਂ ਨੂੰ ਸ਼ਕਤੀ ਦੇ ਫ਼ਰਕ ਕਾਰਣ ਹੀ ਆਪਣੇ ਆਪ ਗਰਮਾ ਦਿੰਦੇ ਹਨ, ਇਸ ਤਰ੍ਹਾਂ ਕਰਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਦਾ ਮੈਂਬਰ।

www.sikhbookclub.com

ਦਾਨ ਦਾ ਭਾਵ ਨਿਰਸੰਦੇਹ, ਗੁਰੂ ਸਾਹਿਬ ਦੇ ਪੰਥ ਵਿੱਚ ਸੁਚੇਤ ਰੂਪ ਵਿੱਚ ਖ਼ੈਰਾਤ ਜਾਂ ਦਾਨ ਦੇਣ ਤੋਂ ਨਹੀਂ। 'ਸਭ ਕੁਝ ਗੁਰੂ ਦਾ ਹੈ' ਇਸੇ ਤਰ੍ਹਾਂ ਖਾਲਸਾ ਮਹਿਸੂਸਦਾ ਹੈ, 'ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ।' ਅਜਿਹੀ ਸਨੇਹ-ਮਈ ਪ੍ਰਵਿਰਤੀ ਕਿਸੇ ਸਮਾਜਿਕ ਜ਼ਾਬਤੇ ਜਾਂ ਨਿਯਮਾਂ ਅਧੀਨ ਨਹੀਂ ਆਉਂਦੀ। ਇਸ ਵਿੱਚ ਕੁਝ ਵੀ ਮਕਾਨਕੀ ਨਹੀਂ। ਇਹ ਗਹਿਰਾ ਅਤੇ ਸੰਜੀਵ ਹੈ। ਖਾਲਸੇ ਦੀ ਇਹ ਖ਼ੈਰਾਤ ਦਰਿਆਵਾਂ ਵਾਂਗ ਉਸ ਦੇ ਆਪੇ ਵਿਚੋਂ ਨਿਕਲ ਤੁਰਦੀ ਹੈ। ਖਾਲਸਾ ਆਪਣਾ ਆਪਾ, ਆਪਣੀ ਮਿਹਨਤ, ਆਪਣਾ ਹੱਡ ਮਾਸ, ਆਪਣਾ ਜੀਵਨ ਅਤੇ ਆਪਣੀ ਰੂਹ ਵੀ ਆਪਣੇ ਮਾਲਕ, ਮਹਿਬੂਬ ਤੋਂ ਨਿਛਾਵਰ ਕਰ ਚੁੱਕਾ ਹੈ।

ਇਸ਼ਨਾਨ

ਸਰੀਰ ਦਾ ਠੰਡੇ ਪਾਣੀ ਨਾਲ ਨਾਹੁਣਾ, ਮਨ ਦਾ ਅੰਮ੍ਰਿਤ ਦੇ ਚਸ਼ਮੇ ਵਿੱਚ ਅਤੇ ਰੂਹ ਦਾ ਉਸ ਦੇ ਪਿਆਰ ਵਿੱਚ ਗੋਤਾ ਲਾਉਣਾ, ਇਸ਼ਨਾਨ ਹੈ।

ਕਿਰਤ ਕਰਨਾ

ਇਹ ਚਿੰਨ੍ਹਾਤਮਕ ਦਾਨ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਨੂੰ ਮਿਹਨਤ-ਕਸ਼ਾਂ ਦੀ ਸਾਰੀ ਲੋਕਾਈ ਨਾਲ ਜੋੜਦਾ ਹੈ। ਗੁਰੂ ਪਾਸ ਕੋਈ ਅਮੀਰ ਨਹੀਂ। ਉਸ ਦੇ ਪੰਥ ਵਿੱਚ ਕੋਈ ਵਿਹਲੜ ਅਮੀਰ ਨਹੀਂ, ਉਸ ਲਈ ਤਾਂ ਕੋਈ ਥਾਂ ਨਹੀਂ, ਸਾਰਿਆਂ ਨੂੰ ਕਿਰਤ ਕਰਨੀ ਪੈਂਦੀ ਹੈ, ਅੰਨ ਪੈਦਾ ਕਰਨ ਲਈ ਪਸੀਨਾ ਵੀਟਣਾ ਪੈਂਦਾ ਹੈ। ਲੋਹੇ, ਲੱਕੜੀ ਅਤੇ ਪੱਥਰ ਵਿਚੋਂ ਨਵੇਂ ਰੂਪ ਘੜਨੇ ਪੈਂਦੇ ਹਨ। ਕੰਮ ਕਰਨਾ, ਕਿਰਤ ਕਰਨੀ ਅਤੇ ਮਿਹਨਤ ਦੀ ਕਮਾਈ ਦਾ ਵੀ ਤਿਆਗ ਅਤੇ ਇਸ ਸੁਤੇ-ਸਿੱਧ ਤਿਆਗ ਕਾਰਨ ਗੁਰੂ ਅਤੇ ਅੱਜ ਦੇ ਕਾਮਗਾਰਾਂ ਵਿਚਾਲੇ ਫ਼ਰਕ ਸਪੱਸ਼ਟ ਹੈ।

ਵੰਡ ਛਕਣਾ

ਕਿਰਤ ਕਮਾਈ ਦੀ ਇਕਸਾਰ ਵੰਡ। 'ਉਹ ਰੋਟੀ ਨਾ ਖਾ, ਜੋ ਤੂੰ ਆਪਣੇ ਖਾਲਸਾ ਵੀਰ ਨੂੰ ਨਹੀਂ ਵੰਡੀ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਤਮਾਨ ਯੁਗ ਦੇ ਗੁਰੂ ਹਨ, ਜਿਨ੍ਹਾਂ ਨੇ ਮਨੁੱਖੀ-ਸਮਾਜ ਦੀ ਨਾਮ, ਦਾਨ, ਇਸ਼ਨਾਨ, ਕਿਰਤ ਕਰਨ, ਵੰਡ ਛਕਣ ਦੇ ਆਧਾਰ 'ਤੇ ਪੰਥ ਦੇ ਰੂਪ ਵਿੱਚ ਪੁਨਰ ਉਸਾਰੀ ਕੀਤੀ ਹੈ।

ਨਾਮ, ਮੁਕੰਮਲ ਅਤੇ ਸੰਪੂਰਨ ਤਿਆਗ ਅਤੇ ਸਰੀਰ, ਮਨ ਅਤੇ ਰੂਹ ਦਾ ਅਸੀਮ ਵਿੱਚ ਇਸ਼ਨਾਨ। ਹਰੇਕ ਮਨੁੱਖ ਮਾਤਰ ਲਈ, ਕਿਰਤ ਕਰਨਾ, ਪੈਦਾ ਕਰਨਾ ਅਤੇ ਇਸ ਕਮਾਈ ਦਾ ਕਿਸੇ ਨਿਰਾਸ਼ਾਮਈ ਭਾਵਨਾ ਅਧੀਨ ਤਿਆਗ ਨਹੀਂ, ਸਗੋਂ ਦਿਲੋਂ ਇਸ ਕਮਾਈ ਨੂੰ ਆਪਣੇ ਖਾਲਸਾ ਭਰਾਵਾਂ ਵਿੱਚ ਵੰਡ ਦੇਣਾ, ਲਾਜ਼ਮੀ ਰੂਹਾਨੀ ਲੋੜ ਹੈ। ਜੇ ਪੰਜਾਬ ਦੇ ਸਿੱਖ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਨਿਰਮਲ-ਪੰਥ ਦੀ ਮਾੜੀ ਜਿਹੀ 'ਯਾਦ' ਦਿਵਾਉਂਦੇ ਹਨ ਤਾਂ ਇਹ ਕੀ ਵੱਡੀ ਗੱਲ ਹੈ, ਜਦੋਂ ਕਿ ਸਾਰਾ ਸੰਸਾਰ ਅੰਦਰੋਂ-ਅੰਦਰੇ ਇਸ ਨੂੰ ਅਪਨਾਉਣ ਦੀ ਦਿਲੀ ਇੱਛਾ ਕਰ ਰਿਹਾ ਹੈ।

www.sikhbookclub.com

ਇਥੇ ਗੁਰੂ ਦਾ ਸਾਰੇ ਸੰਸਾਰ ਨੂੰ ਸੱਦਾ ਹੈ ਅਤੇ ਸਾਡੇ ਵਿਚੋਂ ਕੌਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤਿ ਸਾਰੇ ਸੰਸਾਰ ਦੇ ਅਸਪੱਸ਼ਟ ਅਤੇ ਅਚੇਤ ਪਰ ਜ਼ੋਰਦਾਰ ਹੁੰਗਾਰੇ ਨੂੰ ਨਹੀਂ ਵੇਖਦਾ ? ਉਸ ਦੀ ਪ੍ਰਤਿਭਾ ਨੂੰ ਸਮਝਣ ਲਈ ਮਨੁੱਖ ਨੂੰ ਸਦੀਆਂ ਲੱਗਣਗੀਆਂ, ਜਦੋਂ ਉਹ ਗੁਰੂ ਸਾਹਿਬ ਦੇ ਰੂਹਾਨੀ ਪੰਥ ਨੂੰ ਪਾ ਲਵੇਗਾ।

ਯਕੀਨਨ ਭਾਰਤ ਦੇ ਗ਼ੁਲਾਮਾਂ ਨੇ ਉਸ ਨੂੰ ਅਜੇ ਤਕ ਨਾ ਹੀ ਸਮਝਿਆ ਹੈ ਅਤੇ ਨਾ ਹੀ ਉਸ ਦੀ ਪ੍ਰਤਿਭਾ ਨੂੰ ਸਮਝਣ ਦੇ ਯੋਗ ਹਨ। ਉਸ ਦੀ ਮਹਾਨ ਸ਼ਖ਼ਸੀਅਤ ਦਾ ਪਰਛਾਵਾਂ ਬਹੁਤ ਦੂਰ ਸਦੀਆਂ ਤੋਂ ਪਰੇ ਤੱਕ ਪੈਂਦਾ ਹੈ ਅਤੇ ਭਾਰਤ ਦੇ ਅਖੌਤੀ ਮਹਾਨ ਵਿਦਵਾਨ, ਜਦੋਂ ਗੁਰੂ ਨੂੰ ਸਮਝਾਉਣ ਦਾ ਮਨ ਬਣਾਉਂਦੇ ਹਨ, ਕੇਵਲ ਕੰਡਿਆਂ ਨਾਲ ਝਰੀਟੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗੁਰੂ ਨਾਨਕ ਜਿੰਨਾ ਰੂਹਾਨੀਅਤ ਵਾਲਾ ਨਾ ਸਮਝ ਕੇ, ਛੱਡ ਦਿੰਦੇ ਹਨ। ਇਸ ਤੋਂ ਉਨ੍ਹਾਂ ਦੁਆਲੇ ਪਸਰੇ ਹਨੇਰੇ ਦਾ ਹੀ ਅਨੁਭਵ ਹੁੰਦਾ ਹੈ, ਜੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿੱਚ ਗੁਰੂ ਨਾਨਕ ਜੀ ਦੇ ਉੱਚੇ ਅਤੇ ਚਮਕਦੇ ਸਿਖਰ ਨੂੰ ਨਹੀਂ ਵੇਖ ਸਕਦੇ, ਯਕੀਨਨ ਉਹ ਧਾਰਮਿਕ ਵਿਚਾਰਧਾਰਾ ਦੀ ਕ੍ਰਾਂਤੀ ਦੇ ਸ਼ਹਿਨਸ਼ਾਹ ਨੂੰ ਨਹੀਂ ਸਮਝ ਸਕੇ। ਉਸ ਦੇ ਇਕ-ਇਕ ਨਿਮਰਤਾ ਭਰੇ ਸ਼ਬਦ ਵਿੱਚ ਵੀ ਅਸੰਖ ਲਾਟਾਂ ਹਨ, ਜੋ ਬਿਜਲੀ ਵਾਂਗ ਅਸੰਖਾਂ ਸ਼ਮਸ਼ੀਰਾਂ ਹੋ ਟੁਟਦੀਆਂ ਹਨ, ਜੋ ਮਨੁੱਖੀ ਖ਼ੂਨ ਵਿੱਚ ਹਲੂਲ ਕਰ ਜਾਂਦੀਆਂ ਹਨ, ਨਾਮ ਜਿਸ ਦੇ ਜਪਣ ਨੇ ਕਿਰਤ ਕਰਦੇ ਮਨੁੱਖ ਦੀ ਪਿਆਰ, ਕਿਰਤ ਅਤੇ ਸੰਪੂਰਨ ਤਿਆਗ ਦੀ ਭਾਵਨਾ ਤੇ ਸੰਭਾਵੀ ਸਲਤਨਤ ਦੀ ਬੁਨਿਆਦ ਰੱਖਣੀ ਹੈ।

ਵਿਚਾਰਕਾਂ ਨੇ ਅਜੇ ਦਸ ਗੁਰੂ ਸਾਹਿਬਾਨ ਦੇ ਵਿਚਾਰਾਂ, ਜਿਨ੍ਹਾਂ ਨੂੰ ਪ੍ਰਗਟਾਉਣ ਲਈ ਵਰਤੀ ਗਈ ਬ੍ਰਾਹਮਣੀ ਭਾਸ਼ਾ ਕਾਰਨ ਅਤੇ ਵਿਰੋਧੀ ਬ੍ਰਾਹਮਣੀ ਮਾਹੌਲ, ਜੋ ਸਦਾ ਮਨੁੱਖ ਦੇ ਅਸਲੀ ਸਭਿਆਚਾਰਕ ਵਿਕਾਸ ਵਿੱਚ ਬਾਧਕ ਰਿਹਾ ਹੈ, ਦੀ ਮਹਾਨਤਾ ਨੂੰ ਸਮਝਣਾ ਹੈ।

ਗੁਰੂ ਸਾਹਿਬਾਨ ਦੀ ਪ੍ਰਤਿਭਾ ਆਪਣੇ ਕ੍ਰਾਂਤੀਕਾਰੀ ਵਿਚਾਰ, ਉਸੇ ਵਿਸ਼ੇਸ਼ ਦੇਸੀ ਭਾਸ਼ਾ ਵਿੱਚ, ਆਪਣੇ ਵਿਚਾਰਾਂ ਦਾ ਵਿਰੋਧ ਕਰਦੇ ਹੋਏ, ਪ੍ਰਗਟ ਕਰਦੀ ਹੈ ਅਤੇ ਆਪਣੇ ਵਿਚਾਰਾਂ ਦੇ ਮੱਥੇ 'ਤੇ ਪਈਆਂ ਪਰਸਪਰ ਕੱਟਦੀਆਂ ਲਕੀਰਾਂ ਅਤੇ ਵਿਚਾਰ ਮੰਡਲਾਂ ਨੂੰ ਆਪਣੇ ਜੀਵਨ ਅਤੇ ਕਾਰਨਾਮਿਆਂ ਦੇ ਅਨੁਕਰਣ ਵਿੱਚ ਅਤੇ ਪਿਆਰ ਤੇ ਸੰਪੂਰਨ ਤਿਆਗ ਦਾ, ਜੋ ਪੰਥ ਉਨ੍ਹਾਂ ਸਾਜਿਆ, ਨੂੰ ਪੜ੍ਹਨ ਲਈ ਪਾਠਕ 'ਤੇ ਛੱਡ ਦਿੰਦੀ ਹੈ। ਮੇਰਾ ਇਹ ਵਿਸ਼ਵਾਸ ਹੈ ਕਿ ਇਕ ਰਾਤ ਵਿਚ ਅਤੇ ਇਕ ਦਿਨ ਵਿਚ ਜਦੋਂ ਗੁਰੂ ਸਾਹਿਬ ਦੇ ਵਿਚਾਰ, ਜੋ ਕਿ ਧਰਮ ਅਤੇ ਜੀਵਨ-ਜਾਚ ਸੰਬੰਧੀ ਪੂਰਬੀ ਵਿਚਾਰਾਂ ਵਿੱਚ ਮੁਕੰਮਲ ਕ੍ਰਾਂਤੀ ਹਨ, ਵੇਖੇ ਜਾਣ ਅਤੇ ਜੇ ਇਹ ਸੰਪੂਰਨ ਸਾਦਗੀ ਨਾਲ ਅਤੇ ਸੁਯੋਗ ਭਾਸ਼ਾ ਵਿੱਚ ਬਿਆਨ ਕੀਤੇ ਜਾਣ ਤਾਂ ਦਸਾਂ ਗੁਰੂ ਸਾਹਿਬਾਨ ਦੀ ਚੇਤਨਤਾ ਸਾਰੇ ਮਨੁੱਖੀ ਸਭਿਆਚਾਰ 'ਤੇ ਛਾ ਜਾਵੇਗੀ। ਉਨ੍ਹਾਂ ਦੀ ਵਡਿਆਈ ਦੀ ਸਾਖੀ, ਮਨੁੱਖ ਦੀ ਬਹੁਪੱਖੀ ਉੱਨਤੀ ਦੀਆਂ ਕਈ ਸਦੀਆਂ ਨੇ ਭਰਨੀ ਹੈ। ਮੈਂ ਇਥੇ ਕਹਿ ਦੇਣਾ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਧਰਮ, ਨਿਰਸੰਦੇਹ ਕੁਦਰਤ ਅਤੇ ਰੂਹ ਦਾ ਧਰਮ ਹੈ। ਇਹ ਬ੍ਰਾਹਮਣਾਂ ਦੇ ਅਧਿਆਤਮਿਕ ਅਤੇ ਦਾਰਸ਼ਨਿਕ ਬਕੜਵਾਦ ਤੋਂ ਬਿਲਕੁਲ ਵੱਖਰਾ ਹੈ।

ਗੁਰੂ ਸਾਹਿਬਾਨ ਦਾ ਮਜ਼੍ਹਬ ਸੰਖੇਪ ਵਿੱਚ, ਜੀਵਨ-ਜਾਚ, ਅਗੰਮੀ ਜੋਤ ਨੂੰ ਜਾਗਦੇ ਰੱਖਣ ਦਾ ਹੈ। ਇਹ ਅਧਿਆਤਮਿਕ ਜਾਂ ਧਰਮ-ਸ਼ਾਸਤਰਾਂ ਅਨੁਸਾਰ ਹੋਣ ਦੀ ਬਜਾਏ ਵਧੇਰੇ ਕਲਾਮਈ ਹੈ ਅਤੇ ਇਹ ਕਿਰਤ, ਕਾਰੀਗਰੀ ਮਨੁੱਖ, ਕੁਦਰਤ ਅਤੇ ਉਨ੍ਹਾਂ ਦੀ ਘਾੜਤ ਵਿਚਲੇ ਹੁਸਨ ਦੀ ਪ੍ਰਸ਼ੰਸਾ ਨਾਲ

www.sikhbookclub.com

ਭਰਪੂਰ ਹੈ। ਇਸ ਵਿੱਚ ਅਸੀਮ ਖੁਸ਼ੀ ਹੈ ਅਤੇ ਅਸੀਮ ਗ਼ਮ ਵੀ ਹਨ। ਗੁਰੂ-ਪ੍ਰਣਾਲੀ ਵਿੱਚ ਖੁਸ਼ੀ, ਜੀਵਨ ਦੇ ਗ਼ਮਾਂ ਰੂਪੀ ਰੁੱਖ 'ਤੇ ਖਿੜਿਆ ਫੁੱਲ ਹੈ। ਜਿਨ੍ਹਾਂ ਨੂੰ ਜੀਵਨ ਵਿੱਚ ਗ਼ਮ ਦਾ ਅਹਿਸਾਸ ਪ੍ਰਾਪਤ ਨਹੀਂ ਹੋਇਆ, ਉਨ੍ਹਾਂ ਲਈ ਨਿਰੀ ਖੁਸ਼ੀ ਹੌਕੇ ਭਰੀ, ਧੋਖਾ ਅਤੇ ਟਹਿਣੀਓਂ ਟੁੱਟੇ ਫੁੱਲ ਦੇ ਮੁਰਝਾਉਣ ਸਮੇਂ ਦੇ ਰੰਗਾਂ ਵਾਂਗ ਤਤਵਹੀਣ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ ਇਕ ਅਜਿਹਾ ਸੰਘ ਹੈ, ਜਿਸ ਵਿੱਚ ਇਸਤਰੀਆਂ ਖੁੱਲ੍ਹਾ ਅਤੇ ਬਰਾਬਰ ਦਾ ਭਾਗ ਲੈਂਦੀਆਂ ਹਨ। ਪੂਰਬ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਇਸਤਰੀ ਨੂੰ ਮਰਦਾਂ ਦੇ ਬਰਾਬਰ ਦਾ ਹੱਕ ਮਿਲਿਆ ਹੈ। ਗੁਰੂ ਸਾਹਿਬਾਨ ਵੱਲੋਂ ਰਚੇ ਗਏ ਸਿੱਖ ਸਾਹਿਤ ਵਿੱਚ ਸਿੱਖਣੀ ਸ਼ਬਦ ਕਿਤੇ ਨਹੀਂ ਮਿਲਦਾ। ਅਨੁਯਾਈ ਜਾਂ ਸਿੱਖ ਲਿੰਗ-ਰਹਿਤ ਨਾਂਵ ਹੈ। ਇਹ ਨਾਮਕਰਣ ਸਭ ਨੂੰ ਦਿੱਤਾ ਜਾਂਦਾ ਹੈ, ਜੋ ਸੰਗਤ ਵਿੱਚ ਆਉਂਦਾ ਹੈ। ਇਥੇ ਤਾਂ ਪਿਆਰ ਦੇ ਸੇਵਕਾਂ, ਮਰਦਾਂ ਅਤੇ ਇਸਤਰੀਆਂ ਲਈ ਸਿੱਖੀ ਅਤੇ ਪਿਆਰ ਦੇ ਬਰਾਬਰ ਦੇ ਅਧਿਕਾਰਾਂ 'ਤੇ ਸਮਾਜ ਦੀ ਪੁਨਰ-ਉਸਾਰੀ ਕੀਤੀ ਗਈ ਹੈ। ਗੁਰੂ ਸਾਹਿਬਾਨ ਦਾ ਆਦਰਸ਼ ਲਾਸਾਨੀ ਅਤੇ ਕ੍ਰਾਂਤੀਕਾਰੀ ਹੈ।

ਆਓ ਫਿਰ! ਓਹ ਪੰਜਾਬ ਦੇ ਸਿੱਖ ਨੌਜਵਾਨੋਂ! ਅਤੇ ਉਸ ਦੇ ਨਾਮ 'ਤੇ ਸਭ ਕੁਝ ਤਿਆਗ ਕੇ, ਗੁਰੂ ਦਾ ਝੰਡਾ ਬੁਲੰਦ ਅਤੇ ਝੂਲਦਾ ਰੱਖੋ। ਆਓ! ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਬਣੀਏ ਅਤੇ ਇਸ ਜੀਵਨ ਰੂਪੀ ਜੰਗਲ ਦੇ ਕੱਖ-ਕਾਣ ਵਰਗੇ ਅਖਾਉਤੀ ਅਵਤਾਰਾਂ ਦੇ ਫ਼ਿਰਕਿਆਂ, ਸਭਾਵਾਂ ਜਾਂ ਕਲੱਬਾਂ ਦੀ ਹੋ ਰਹੀ ਖੁੰਬਾਂ ਵਰਗੀ ਉਤਪਤੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਈਏ।

(4/1994)

www.sikhbookclub.com

ਖ਼ਾਲਸੇ ਨੂੰ ਗੁਰਿਆਈ

ਪ੍ਰਸ਼ਨ : 'ਗੁਰੂ' ਦੀ ਕੀ ਲੋੜ ਪੈਂਦੀ ਹੈ ? 'ਗੁਰੂ' ਆ ਕੇ ਕੀ ਕਰਦਾ ਹੈ ?

ਉੱਤਰ : ਭਗਵਤ ਗੀਤਾ ਵਿਚ ਸ਼੍ਰੀ ਕ੍ਰਿਸ਼ਨ ਜੀ ਅਰਜੁਨ ਨੂੰ ਆਖਦੇ ਹਨ—

ਯਦਾ ਯਦਾ ਹਿ 'ਧਰਮਸਯ', ਗਲਾਨਿ ਭਵਤਿ, ਭਾਰਤ ।
ਅਭਯੁੱਥਾਨਮਧਰਮਸਯ, ਤਦਾਤਮਾਨੰ ਸ੍ਰਿਜਾਮਯਹੰ ॥

ਭਾਵ : ਹੇ ਅਰਜੁਨ ਜਦੋਂ-ਜਦੋਂ 'ਧਰਮ' ਵਲੋਂ ਨਫ਼ਰਤ ਹੁੰਦੀ ਹੈ, ਤੇ 'ਅਧਰਮ' ਵਲ ਰੁਚੀ ਵਧਦੀ ਹੈ, ਤਦੋਂ-ਤਦੋਂ ਮੈਂ ਆਪਣੇ ਆਪ ਨੂੰ ਪ੍ਰਗਟ ਕਰਦਾ ਹਾਂ ।

ਸ੍ਰੀ ਕਲਗੀਧਰ ਜੀ ਫੁਰਮਾਂਦੇ ਹਨ :

ਹਮ ਇਹ ਕਾਜ ਜਗਤ ਮੋ ਆਏ ॥
'ਧਰਮ' ਹੇਤ ਗੁਰਦੇਵ ਪਠਾਏ ॥

ਸੋ,

'ਗੁਰੂ' 'ਧਰਮ' ਅਸਥਾਪਨ ਕਰਨ ਆਉਂਦਾ ਹੈ ।

ਪ੍ਰਸ਼ਨ : 'ਧਰਮ' ਕੀ ਹੈ ?

ਭਗਵਤ ਗੀਤਾ ਵਿਚ ਹੀ ਸ਼੍ਰੀ ਕ੍ਰਿਸ਼ਨ ਜੀ ਉਸ ਪਹਿਲੇ ਸ਼ਲੋਕ ਦੇ ਨਾਲ ਹੀ ਅਰਜੁਨ ਨੂੰ ਆਖਦੇ ਹਨ :

ਪਰਿਤ੍ਰਾਣਾਯ ਸਾਧੂਨਾਂ, ਵਿਨਾਸ਼ਾਯ ਚ ਦੁਸ਼ਕ੍ਰਿਤਾਂ ॥
ਧਰਮ ਸੰਸਥਾਪਨਾਰਥਾਯ, ਸੰਭਵਾਮਿ ਯੁਗੇ ਯੁਗੇ ॥

ਭਾਵ : ਭਲੇ ਮਨੁੱਖਾਂ ਨੂੰ ਬਚਾਣ ਲਈ, ਤੇ ਦੁਸ਼ਟਾਂ ਦਾ ਨਾਸ਼ ਕਰਨ ਲਈ, 'ਧਰਮ' ਦੀਆਂ ਜੜ੍ਹਾਂ ਪੱਕੀਆਂ ਕਰਨ ਲਈ, ਮੈਂ ਹਰੇਕ ਯੁਗ ਵਿਚ ਪ੍ਰਗਟ ਹੁੰਦਾ ਹਾਂ ।

ਸ੍ਰੀ ਕਲਗੀਧਰ ਜੀ ਫ਼ੁਰਮਾਂਦੇ ਹਨ ਕਿ ਪਰਮਾਤਮਾ ਨੇ ਸਾਨੂੰ ਆਖਿਆ :

ਜਾਹਿ ਤਹਾਂ ਤੈਂ 'ਧਰਮੁ' ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥

ਸੋ,

'ਧਰਮ' ਹੈ 'ਕੁਬੁਧਿ' ਤੋਂ ਹਟਣਾ, ਮੰਦੇ ਕੰਮਾਂ ਤੋਂ ਬਚਣਾ ।

'ਧਰਮ' ਹੈ 'ਜੀਉਣ ਦਾ ਹੁਨਰ'—art of living

ਮਨੁੱਖ ਨੇ ਜਿਤਨੇ ਹੁਨਰ ਹੁਣ ਤਕ ਸਿਖੇ ਹਨ—ਚਿੱਤਰਕਾਰੀ, ਫ਼ੋਟੋਗ੍ਰਾਫ਼ੀ, ਰਾਗ ਆਦਿਕ—ਇਹ

www.sikhbookclub.com

ਸਾਰੇ 'ਕੁਦਰਤਿ' ਤੋਂ ਲਏ ਹਨ। ਇਹ ਸਾਰੇ ਸੋਹਣੇ ਰਾਜ਼ 'ਕੁਦਰਤਿ' ਵਿਚ ਲੁਕੇ ਪਏ ਹਨ। ਇਨਸਾਨ ਨੂੰ ਜਿਉਂ ਜਿਉਂ ਕੁਦਰਤਿ ਨਾਲ 'ਵਾਹ' ਪਿਆ, ਇਹ 'ਭੇਤ' ਇਸ ਨੂੰ ਲੱਭਦੇ ਗਏ।

ਇਸੇ ਤਰ੍ਹਾਂ 'ਕੁਦਰਤਿ' ਨਾਲ 'ਵਾਹ' ਪਿਆਂ ਮਨੁੱਖ ਨੇ 'ਜੀਉਣ ਦਾ ਹੁਨਰ' ਸਿੱਖ ਲਿਆ।

ਸੋ 'ਜੀਉਣ ਦਾ ਹੁਨਰ' ਕੀ ਹੈ ?

'ਕੁਦਰਤਿ' ਨਾਲ ਮਨੁੱਖ ਦੇ ਸਹੀ ਰਿਸ਼ਤੇ ਦੀ ਸਮਝ ਅਤੇ ਵਰਤੋਂ।

ਪਰ

'ਕੁਦਰਤਿ' ਦੇ ਜ਼ੱਰੇ-ਜ਼ੱਰੇ ਵਿਚ ਇਸ ਦਾ 'ਕਾਦਿਰ' ਮੌਜੂਦ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਂਦੇ ਹਨ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥੧॥

(ਪੰਨਾ ੪੬੩)

ਸੋ 'ਜੀਉਣ ਦਾ ਹੁਨਰ' ਹੈ—ਕਾਦਿਰ ਅਤੇ ਕੁਦਰਤਿ ਨਾਲ ਮਨੁੱਖ ਦੇ ਸਹੀ ਰਿਸ਼ਤੇ ਦੀ ਸਮਝ ਅਤੇ ਵਰਤੋਂ।

ਸੋ, 'ਧਰਮ' ਹੈ—ਕਾਦਰ ਅਤੇ ਕੁਦਰਤਿ ਨਾਲ ਸਹੀ ਰਿਸ਼ਤਾ।
ਖ਼ਾਲਕ ਅਤੇ ਖ਼ਲਕਤ ਨਾਲ ਸਹੀ ਰਿਸ਼ਤਾ।

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ 'ਹੁਨਰ' ਵਿਚ ਕੀ ਨੁਕਸ ਵੇਖੇ ਅਤੇ ਕਿਵੇਂ ਦੂਰ ਕੀਤੇ ਸਨ?

ਤਦੋਂ ਹੀ ਹਾਲਤ ਜੋ ਸਤਿਗੁਰੂ ਜੀ ਨੇ ਆਪਣੀ ਅੱਖੀਂ ਵੇਖੇ ਉਹ ਆਪ ਬਿਆਨ ਕਰਦੇ ਹਨ :

ਨਾਨਕ ਦੁਨੀਆ ਕੈਸੀ ਹੋਈ ॥
ਸਾਲਕੁ ਮਿਤੁ ਨ ਰਹਿਓ ਕੋਈ ॥
ਭਾਈ ਬੰਧੀ ਹੇਤੁ ਚੁਕਾਇਆ ॥
ਦੁਨੀਆ ਕਾਰਣਿ ਦੀਨੁ ਗਵਾਇਆ ॥

(ਪੰਨਾ ੧੪੧੦)

ਭਾਵ : ਖ਼ਲਕਤ ਨਾਲ 'ਹਿਤੁ' ਨਹੀਂ ਸੀ ਰਿਹਾ। ਮਨੁੱਖ 'ਦੁਨੀਆ' ਵਿਚ ਇਤਨੇ ਮਸਤ ਹੋਏ ਕਿ 'ਪਰਸਪਰ ਹਿਤ' ਨਾ ਰਿਹਾ। ਈਰਖਾ ਤੇ ਨਫ਼ਰਤ ਹੀ ਨਫ਼ਰਤ ਸੀ।

ਦੂਜੇ ਪਾਸੇ, ਜਿਨ੍ਹਾਂ ਨੂੰ ਦੁਨੀਆਂਦਾਰਾਂ ਦੀ ਇਹ 'ਨਫ਼ਰਤ' ਤੇ 'ਖਹ-ਖਹ' ਪਸੰਦ ਨਾ ਆਈ, ਉਹ ਸਾਰਿਆਂ ਤੋਂ 'ਨਫ਼ਰਤ' ਕਰਕੇ ਪਰ੍ਹੇ ਹਟ ਗਏ।

ਸੋ, ਇਕ ਪਾਸੇ ਦੁਨੀਆਂਦਾਰਾਂ ਦੀ ਆਪੋ ਵਿਚ ਦੀ 'ਨਫ਼ਰਤ'।

ਦੂਜੇ ਪਾਸੇ, 'ਦੁਨੀਆਂ' ਤੋਂ ਪਰੇ ਹਟਣ ਵਾਲਿਆਂ ਦੀ ਸਾਰੀ 'ਦੁਨੀਆਂ' ਤੋਂ ਹੀ 'ਨਫ਼ਰਤ'।

'ਖ਼ਾਲਕ' ਤੋਂ ਖੁੰਝ ਕੇ 'ਖ਼ਲਕਤ' ਤੋਂ ਨਫ਼ਰਤ ਹੋ ਰਹੀ ਸੀ। ਗੁਰੂ ਨਾਨਕ ਪਾਤਿਸ਼ਾਹ ਨੇ ਜੀਵਾਂ

www.sikhbookclub.com

ਨੂੰ ਪਰਮਾਤਮਾ ਦੇ ਚਰਨਾਂ ਵਿਚ ਜੋੜਨ ਦੀ ਪ੍ਰੇਰਨਾ ਕੀਤੀ। ਕੌਲ ਫੁੱਲਾਂ ਨਾਲ ਲਹਿ-ਲਹਿ ਕਰ ਰਹੇ ਇਕ ਸਰੋਵਰ ਦਾ ਦ੍ਰਿਸ਼ਟਾਂਤ ਦੇ ਕੇ, ਉਸ ਸਰੋਵਰ ਨੂੰ ਸੰਬੋਧਨ ਕਰਕੇ ਆਖਦੇ ਹਨ—ਹੇ ਸਰੋਵਰ ! ਤੂੰ ਕਦੇ ਹਰਾ ਭਰਾ ਸੀ, ਤੇਰੇ ਵਿਚ ਕੌਲ ਫੁੱਲ ਲਹਿ-ਲਹਿ ਕਰ ਰਹੇ ਸਨ। ਹੁਣ ਕੀ ਹੋਇਆ? ਉਹਨਾਂ ਫੁੱਲਾਂ ਦਾ ਕਿਤੇ ਨਾਮ-ਨਿਸ਼ਾਨ ਨਹੀਂ ਰਿਹਾ, ਤੇਰਾ ਸਰੀਰ ਭੀ ਕਾਲਾ ਹੋ ਚੁੱਕਾ ਹੈ। ਸਰੋਵਰ ਅਗੋਂ ਉੱਤਰ ਦੇਂਦਾ ਹੈ ਕਿ ਪਾਣੀ ਦੀ ਬਰਕਤ ਨਾਲ ਹੀ ਸੀ ਉਹ ਹਰਿਆਵਲ, ਹੁਣ ਉਸ ਪਾਣੀ ਨਾਲੋਂ ਮੇਰਾ ਸੰਬੰਧ ਟੁੱਟ ਗਿਆ ਹੈ। ਫ਼ੁਰਮਾਂਦੇ ਹਨ :

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥
ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥
ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥

(ਪੰਨਾ ੧੪੧੨)

ਇਹੀ ਗੱਲ ਕਬੀਰ ਜੀ ਨੇ ਆਖੀ ਹੈ :

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥
ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥
ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥
ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥

(ਪੰਨਾ ੧੩੭੭)

ਸੋ, ਗੁਰੂ ਨਾਨਕ ਪਾਤਿਸ਼ਾਹ ਨੇ ਸਿਖਾਇਆ ਕਿ 'ਖ਼ਾਲਕ' ਨੂੰ ਚੇਤੇ ਰੱਖੋ ਤਾਂ ਜੋ 'ਖ਼ਲਕਤਿ' ਨਾਲ ਪਿਆਰ ਕਰ ਸਕੋ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਮਲੀ ਕਦਮ

(1) ਆਪਣਾ ਸਦੀਵੀ ਸਾਥੀ ਬਣਾਇਆ ਭਾਈ ਮਰਦਾਨੇ ਨੂੰ, ਜੋ ਲੋਕਾਂ ਦੀਆਂ ਨਜ਼ਰਾਂ ਵਿਚ ਨੀਵੀਂ ਜਾਤਿ ਵਿਚੋਂ ਸੀ।

(2) ਸਤਿਗੁਰ ਪਾਤਿਸ਼ਾਹ ਨੇ ਖੁਲਮ-ਖੁਲ੍ਹਾ ਐਲਾਨ ਕੀਤਾ ਕਿ

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਪੰਨਾ ੧੫)

(3) 'ਉਦਾਸੀਆਂ' ਸਮੇਂ ਆਮ ਤੌਰ 'ਤੇ ਗਰੀਬਾਂ ਦੇ ਹੀ ਘਰੀਂ ਟਿਕਦੇ ਰਹੇ। ਐਮਨਾਬਾਦ 'ਪਹਿਲੀ ਉਦਾਸੀ ਤੇ ਤੀਜੀ ਉਦਾਸੀ' ਸਮੇਂ ਭਾਈ ਲਾਲੋ ਤਰਖਾਣ ਦੇ ਘਰ ਹੀ ਟਿਕੇ ਸਨ। ਸਿੱਖ ਇਤਿਹਾਸ ਵਿਚ ਇਹ ਸਾਖੀਆਂ ਬਹੁਤ ਪ੍ਰਸਿੱਧ ਹਨ।

(4) ਜਦੋਂ ਗੁਰੂ ਨਾਨਕ ਸਾਹਿਬ ਨੇ ਬਾਬਾ ਲਹਿਣਾ ਜੀ ਨੂੰ ਇਸ ਜ਼ਿੰਮੇਵਾਰੀ ਲਈ ਤਿਆਰ ਕੀਤਾ ਸੀ ਤਾਂ ਉਹਨਾਂ ਤੋਂ ਭੀ ਨੀਵਿਆਂ ਵਾਲੇ ਕੰਮ ਕਰਾਏ ਸਨ ਤਾਂ ਜੋ ਉਹਨਾਂ ਦੇ ਹਿਰਦੇ ਵਿਚ ਨੀਵੇਂ ਕੰਮ ਕਰਨ ਵਾਲਿਆਂ ਤੋਂ ਨਫ਼ਰਤ ਨਾ ਰਹੇ। ਇਸ ਬਾਰੇ ਹੇਠ ਲਿਖੀਆਂ ਸਾਖੀਆਂ ਪ੍ਰਸਿੱਧ ਹਨ :

(ੳ) ਧਰਮਸਾਲ ਦੀ ਕੰਧ ਬਣਵਾਈ।

www.sikhbookclub.com

(ਅ) ਸਿਆਲ ਦੀ ਬਹਾਰੇ ਅੱਧੀ ਰਾਤੀਂ ਕੱਪੜੇ ਧੁਆਣੇ।

(ੲ) ਧਰਮਸਾਲ ਵਿਚੋਂ ਮੋਈ ਹੋਈ ਚੂਹੀ ਬਾਹਰ ਸੁਟਾਣੀ।

(ਸ) ਗੰਦੇ ਚਲ੍ਹੇ ਵਿਚੋਂ ਕਟੋਰਾ ਕਢਾਣਾ।

(ਹ) ਪੈਲੀ ਵਿਚੋਂ ਪੱਠਿਆਂ ਦੀਆਂ ਪੰਡਾਂ ਚੁਕਾ ਕੇ ਲਿਆਉਣੀਆਂ।

ਪਰ ਜਿਥੇ 'ਪਿਆਰ' ਹੈ, ਉਥੇ 'ਸੇਵਾ' ਹੈ, ਉਥੇ 'ਕੁਰਬਾਨੀ' ਹੈ। ਜਿਨ੍ਹਾਂ ਨਾਲ ਪਿਆਰ ਹੋਵੇ, ਉਹਨਾਂ ਦੇ ਦੁਖ-ਸੁਖ ਦੇ ਭਾਈਵਾਲ ਬਣਨੋਂ ਰਹਿ ਨਹੀਂ ਸਕੀਦਾ, ਉਹਨਾਂ ਦੀ ਸੇਵਾ ਕਰਨੋਂ ਰਹਿ ਨਹੀਂ ਸਕੀਦਾ। 'ਸੇਵਾ' ਕਰਨ ਵੇਲੇ ਕੁਝ ਆਪਣੇ ਸੁਖ ਵਾਰਨੇ ਪੈਂਦੇ ਹਨ, ਕੁਝ ਕੁਰਬਾਨੀ ਕਰਨੀ ਪੈਂਦੀ ਹੈ। 'ਮਾਂ' ਪਿਆਰ-ਵੱਸ ਹੋ ਕੇ ਬੱਚੇ ਦੀ ਖ਼ਾਤਰ ਹੱਸ ਕੇ 'ਆਪਾ' ਵਾਰਦੀ ਹੈ।

ਆਸਾ ਦੀ ਵਾਰ ਵਿਚ ਸਾਹਿਬ ਫ਼ੁਰਮਾਂਦੇ ਹਨ:

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

(ਪੰਨਾ ੪੬੬-੬੭)

ਸੋ ਗੁਰੂ ਨਾਨਕ ਪਾਤਿਸ਼ਾਹ ਨੇ ਸਿਖਾਇਆ:
ਬੰਦਗੀ ਤੇ ਪਿਆਰ ਭਰੀ ਸੇਵਾ
ਬੰਦਗੀ ਤੇ ਪਿਆਰ ਭਰੀ ਕੁਰਬਾਨੀ

ਆਪ ਫ਼ੁਰਮਾਂਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

(ਪੰਨਾ ੧੪੧੨)

ਹਰੇਕ ਗੁਰੂ ਸਾਹਿਬ ਨੇ ਆਪੋ ਆਪਣੇ ਪਹਿਰੇ ਵਿਚ 'ਬੰਦਗੀ ਤੇ ਸੇਵਾ' ਦੀ ਜਾਚ ਸਿਖਾਈ ਸੀ। 'ਗੁਰਿਆਈ' ਮਿਲਣ ਵੇਲੇ ਭੀ ਕਸਵੱਟੀ ਇਹੀ ਵਰਤੀਂਦੀ ਰਹੀ, ਕਿਉਂਕਿ ਇਹੀ ਹੈ 'ਜੀਉਣ ਦੇ ਹੁਨਰ ਦਾ ਭੇਤ'।

(ੳ) ਬਾਬਾ ਲਹਿਣਾ ਜੀ ਦੀਆਂ ਘਾਲਾਂ।

(ਅ) ਸ੍ਰੀ ਗੁਰੂ ਅਮਰਦਾਸ ਜੀ ਨੇ ਕਈ ਸਾਲ ਬਿਆਸਾ ਤੋਂ ਅੱਧੀ ਰਾਤ ਵੇਲੇ ਪਾਣੀ ਲਿਆ ਕੇ ਸ੍ਰੀ ਗੁਰੂ ਅੰਗਦ ਸਾਹਿਬ ਦੀ ਸੇਵਾ ਕੀਤੀ। ਜੁਲਾਹੇ ਦੀ ਖੱਡੀ ਵਿਚ ਡਿੱਗਣ ਦੀ ਸਾਖੀ ਸਿੱਖ-ਇਤਿਹਾਸ ਵਿਚ ਬਹੁਤ ਪ੍ਰਸਿੱਧ ਹੈ।

(ੲ) ਸ੍ਰੀ ਗੁਰੂ ਰਾਮਦਾਸ ਜੀ ਨੇ ਸਾਕੋਂ ਜਵਾਈ ਹੁੰਦਿਆਂ ਭੀ ਕਈ ਸਾਲ ਟੋਕਰੀ ਢੋ ਕੇ ਬਾਉਲੀ ਦੀ ਸੇਵਾ ਕੀਤੀ ਸੀ।

ਜਿਸ ਭੀ 'ਹੁਨਰ' ਨੇ 'ਕਮਾਲ' 'ਤੇ ਅੱਪੜਨਾ ਹੋਵੇ, ਉਸ ਵਿਚ ਪੂਰੀ ਤਨ-ਦੇਹੀ ਨਾਲ ਮਿਹਨਤ ਕਰਨੀ ਪੈਂਦੀ ਹੈ, ਸਹਿਜੇ-ਸਹਿਜੇ ਧੀਰਜ ਧਿਆਨ ਨਾਲ ਤੇ ਗੰਭੀਰਤਾ ਨਾਲ ਮਿਹਨਤ ਕਰਨੀ ਪੈਂਦੀ ਹੈ।

ਦੁਨੀਆਂ ਦੇ ਸਾਰੇ ਕੋਮਲ ਹੁਨਰਾਂ ਨਾਲੋਂ 'ਜੀਉਣ ਦਾ ਹੁਨਰ' (art of living) ਬਹੁਤ ਵਧੀਕ

www.sikhbookclub.com

ਔਖਾ ਤੇ ਬਾਰੀਕੀ ਵਾਲਾ ਹੈ। ਸੋ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਵਿਅਕਤੀਆਂ ਵਿਚ ਹੋ ਕੇ ਇਹ 'ਹੁਨਰ' ਸਿਖਾਇਆ ਸੀ।

ਸ੍ਰੀ ਕਲਗੀਧਰ ਪਾਤਿਸ਼ਾਹ ਜੀ ਨੇ ਇਸ 'ਹੁਨਰ' ਦਾ ਕਮਾਲ, ਇਸ 'ਹੁਨਰ ਦਾ ਜੋਬਨ' ਚਮਕੌਰ ਸਾਹਿਬ ਵਿਚ ਵੇਖਿਆ ਸੀ। ਅੰਦਰ ਸਿਰਫ਼ ਚਾਲੀ ਤੇ ਬਾਹਰ ਲੱਖਾਂ ਦੀ ਗਿਣਤੀ। ਕੀ ਮਜਾਲ ਕਿਤੇ ਘਬਰਾਹਟ ਹੋਵੇ। ਦੁਨੀਆਂ ਦੇ ਜਰਨੈਲ ਖੁੱਲ੍ਹੇ ਮੈਦਾਨਾਂ ਵਿਚ ਹਜ਼ਾਰਾਂ ਲੱਖਾਂ ਸਨੱਧ-ਬੱਧ ਸਾਥੀ ਹੁੰਦਿਆਂ ਭੀ ਜ਼ਿੰਦ ਬਚਾਣ ਦੀ ਖ਼ਾਤਰ ਹਥਿਆਰ ਛੱਡ ਕੇ ਈਨ ਮੰਨ ਲੈਂਦੇ ਹਨ। ਪਰ ਪੜ੍ਹੋ ਇਥੋਂ ਦੀ ਬਾਬਤ ਹਜ਼ੂਰ ਦੇ ਆਪਣੇ ਬਚਨ ਜੋ ਉਹਨਾਂ ਔਰੰਗਜ਼ੇਬ ਨੂੰ 'ਜ਼ਫ਼ਰਨਾਮੇ' ਵਿਚ ਲਿਖ ਕੇ ਭੇਜੇ ਸਨ :

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ ॥੧੯॥...
ਹਮ ਆਖਿਰ ਚਿ ਮਰਦੀ ਕੁਨਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ ॥੪੧॥

ਵੇਖੋ ਉਹਨਾਂ ਸੂਰਿਆਂ ਦਾ 'ਪਿਆਰ' ਤੇ ਉਹਨਾਂ ਦੀ ਉੱਚ ਕੋਟੀ ਦੀ 'ਕੁਰਬਾਨੀ'! ਉਹਨਾਂ ਨੂੰ ਆਪਣੀ ਜ਼ਿੰਦ ਦੀ ਪਰਵਾਹ ਨਹੀਂ। ਪਰ ਤਾਂਘ ਇਹ ਹੈ ਕਿ 'ਗੁਰੂ' ਨੂੰ ਤੱਤੀ ਵਾਉ ਨਾ ਲਗੇ।

'ਨਿਰਭੈਤਾ ਅਤੇ ਪਿਆਰ'—ਇਹੀ ਦੋ ਅੰਗ ਮਨੁੱਖਤਾ ਦੇ ਹਨ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

(ਪੰਨਾ ੧੪੨੭)

ਸ੍ਰੀ ਕਲਗੀਧਰ ਜੀ ਨੇ ਵੇਖ ਲਿਆ ਕਿ ਖਾਲਸੇ ਨੇ ਸਮੁੱਚੇ ਤੌਰ 'ਤੇ ਜੀਉਣ ਦੇ ਹੁਨਰ ਦਾ ਭੇਤ ਸਿੱਖ ਲਿਆ ਹੈ। ਇਹੀ ਸੀ 'ਧਰਮ', ਜਿਸ ਦੀ ਖਾਤਰ 'ਗੁਰੂ' ਜਗਤ 'ਤੇ ਆਇਆ। ਇਹੀ ਸੀ 'ਗੁਰਿਆਈ' ਦਾ ਮਨੋਰਥ।

ਸੋ ਹੁਣ ਕੋਈ ਇਕ ਸ਼ਖ਼ਸ ਲੱਭਣ ਦੀ ਥਾਂ 'ਖਾਲਸੇ' ਨੂੰ ਗੁਰਿਆਈ ਬਖਸ਼ੀ। 'ਖਾਲਸੇ' ਨੂੰ 'ਜੀਉਣ ਦੇ ਹੁਨਰ' ਦੀ ਜ਼ਿੰਮੇਵਾਰੀ ਸੌਂਪੀ। 'ਖਾਲਸੇ' ਦੇ ਹੱਥ 'ਧਰਮ' ਦੀ ਵਾਗਡੋਰ ਦਿੱਤੀ। 'ਖਾਲਸੇ' ਨੂੰ 'ਗੁਰੂ' ਬਣਾਇਆ।

ਸੋ ਹੁਣ ਇਹ ਵੇਖੋ ਕਿ 'ਗੁਰੂ ਖਾਲਸਾ' ਕੀ ਹੈ ?

ਖ਼ਲਕਤ ਵਿਚੋਂ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦਾ ਕਾਇਮ ਕੀਤਾ ਉਹ ਭਾਈਚਾਰਾ, ਜੋ ਜਗਤ ਵਿਚ 'ਧਰਮ' ਅਸਥਾਪਨ ਕਰਨਾ ਆਪਣਾ ਫ਼ਰਜ਼ ਸਮਝਦਾ ਹੈ। ਜੋ 'ਜੀਉਣ ਦਾ ਹੁਨਰ' ਸਿੱਖਣਾ ਅਤੇ ਸਿਖਾਉਣਾ ਆਪਣੀ ਜ਼ਿੰਮੇਵਾਰੀ ਸਮਝਦਾ ਹੈ। ਜੋ 'ਬੰਦਗੀ ਅਤੇ ਖ਼ਲਕਤ ਨਾਲ ਪਿਆਰ' ਕਰਨਾ ਆਪਣੀ ਹਸਤੀ ਜਾਂ ਮਨੋਰਥ ਮੰਨਦਾ ਹੈ। ਜੋ 'ਬੰਦਗੀ ਅਤੇ ਸੇਵਾ' ਆਪਣੀ ਹੋਂਦ ਦਾ ਨਿਸ਼ਾਨਾ ਸਮਝਦਾ ਹੈ।

ਇਸੇ 'ਖਾਲਸੇ' ਨੂੰ ਸ੍ਰੀ ਕਲਗੀਧਰ ਜੀ ਨੇ 'ਆਪਣਾ ਰੂਪ' ਆਖਿਆ ਸੀ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮਹਿ ਹਉਂ ਕਰਉ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗ।
ਖਾਲਸੇ ਕੇ ਹਉਂ ਬਸਤ ਸਦ ਸੰਗ ॥੫੧੯॥

www.sikhbookclub.com

ਖਾਲਸਾ ਮੇਰੋ ਇਸ਼ਟ ਸੁਹਿਰਦ ।
ਖਾਲਸਾ ਮੇਰੋ ਕਹਿਯਤ ਬਿਰਦ ।...
ਖਾਲਸਾ ਮੇਰੋ ਮਿਤ੍ਰ ਸਖਾਈ ।
ਖਾਲਸਾ ਮਾਤ ਪਿਤਾ ਸੁਖਦਾਈ ॥੫੨੧॥
ਖਾਲਸਾ ਮੇਰੋ ਭਵਨ ਭੰਡਾਰ ।
ਖਾਲਸਹਿ ਕਰਿ ਮੇਰੋ ਸਦ ਕਾਰ ।...
ਖਾਲਸਾ ਮੇਰੋ ਪਿੰਡ ਪ੍ਰਾਨ ।
ਖਾਲਸਾ ਮੇਰੀ ਜਾਨ ਕੀ ਜਾਨ ॥੫੨੩॥
ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸ੍ਵਜਨ ਸੂਰਾ ॥੫੨੪॥
ਖਾਲਸਾ ਮੇਰੋ ਬੁਧਿ ਗਯਾਨ ।
ਖਾਲਸੇ ਕਾ ਹਉ ਧਰਉਂ ਧਯਾਨ ।
ਉਪਮਾ ਖਾਲਸਹਿ ਜਾਤ ਨ ਕਹੀ ।
ਜਿਹਵਾ ਏਕ ਪਾਰ ਨਹਿੰ ਲਹੀ ॥੫੨੫॥
ਯਾ ਮਹਿ ਰੰਚ ਨ ਮਿਥਯਾ ਭਾਖੀ ।
ਪਾਰਬ੍ਰਹਮ ਗੁਰ ਨਾਨਕ ਸਾਖੀ ॥੫੨੬॥
ਰੋਮ ਰੋਮ ਰਸਨਾ ਜਉ ਪਾਵਹੁੰ ।
ਤਦਪਿ ਨ ਖਾਲਸ ਜਸਹਿ ਤ ਗਾਵਹੂੰ ।
ਹੌਂ ਖਾਲਸੇ ਕੋ ਖਾਲਸਾ ਮੇਰੋ ।
ਓਤ ਪੋਤ ਸਾਗਰ ਬੂੰਦੇਰੋ ॥੫੨੭॥

(ਸਰਬ ਲੋਹ ਵਿਚੋਂ)

(7/1994)

www.sikhbookclub.com

ਚਾਰ ਸਾਹਿਬਜ਼ਾਦੇ

ਸਿੱਖ ਪਰਿਭਾਸ਼ਾ ਵਿਚ ਸਾਹਿਬਜ਼ਾਦੇ ਗੁਰੂ-ਪੁੱਤਰਾਂ ਨੂੰ ਕਿਹਾ ਜਾਂਦਾ ਹੈ। ਸਤਿਗੁਰਾਂ ਦੀ ਵੰਸ਼ ਹੋਣ ਕਾਰਨ ਸਾਰੇ ਗੁਰੂ-ਪੁੱਤਰ ਸਾਡੇ ਸਤਿਕਾਰ ਦੇ ਹੱਕਦਾਰ ਹੋਣੇ ਚਾਹੀਦੇ ਹਨ ਪਰ ਇਉਂ ਹੋਇਆ ਨਹੀਂ। ਜਿਨ੍ਹਾਂ 'ਪੁਤ੍ਰੀ ਕਉਲੁ ਨ ਪਾਲਿਓ'[1] ਉਹਨਾਂ ਨੂੰ ਸਤਿਗੁਰਾਂ ਆਪ ਫਿਟਕਾਰ ਦਿੱਤਾ। ਸਤਿਕਾਰ ਜੋਗ ਕੇਵਲ ਓਹੀ ਹੋਏ ਜੋ ਸਿੱਖੀ ਦੀ ਕਸਵੱਟੀ 'ਤੇ ਪੂਰੇ ਉਤਰੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਪੁੱਤਰ ਹੋਏ : ਬਾਬਾ ਸਿਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ। ਬਾਬਾ ਸਿਰੀ ਚੰਦ ਜੀ ਵਿਰੱਕਤ ਸਾਧੂ ਸਨ। ਉਹਨਾਂ 'ਉਦਾਸੀ' ਪੰਥ ਚਲਾਇਆ ਪਰ ਉਦਾਸੀ ਦੀ ਗੀਤ 'ਗ੍ਰਹਸਤ ਮਾਹਿ ਉਦਾਸ' ਦੇ ਸਿੱਖ ਸਿਧਾਂਤ[2] ਦੇ ਪ੍ਰਤੀਕੂਲ ਹੋਣ ਕਾਰਨ ਗੁਰੂ ਬਾਬੇ ਦੀ ਨਜ਼ਰ ਵਿਚ ਮਨਜ਼ੂਰ ਨਹੀਂ ਸੀ ਹੋ ਸਕਦੀ। ਬਾਬਾ ਲਖਮੀ ਦਾਸ ਜੀ ਸੰਸਾਰੀ ਰੁਚੀ ਵਾਲੇ ਸਨ। ਇਸ ਲਈ ਉਹ ਵੀ ਪਰਵਾਨ ਨਹੀਂ ਸਨ। ਪਰਵਾਨ ਕੌਣ ਹੋਇਆ ? ਲਹਿਣਾ, ਜਿਸ ਨੂੰ ਬਾਬੇ ਨੇ ਆਪਣੇ ਅੰਗ ਲਗਾ ਕੇ ਸ੍ਰੀ ਗੁਰੂ ਅੰਗਦ ਦੇਵ ਕਰ ਦਿੱਤਾ ਪਰ ਸਿਰੀ ਚੰਦ ਜੀ ਗੁਰਗੱਦੀ ਨੂੰ ਆਪਣਾ ਹੱਕ ਸਮਝਦੇ ਸਨ। ਉਹਨਾਂ ਬਿਰਾਦਰੀ ਇਕੱਠੀ ਕੀਤੀ ਸੰਸਾਰੀ ਦ੍ਰਿਸ਼ਟੀ ਵਾਲੀ ਇਸ ਬਿਰਾਦਰੀ ਨੇ ਜਦੋਂ ਗੁਰੂ-ਬਾਬੇ ਦੇ ਫੈਸਲੇ 'ਤੇ ਕਿੰਤੂ ਕੀਤਾ ਤਦ ਕਹਿੰਦੇ ਹਨ ਸਤਿਗੁਰਾਂ ਇਕ ਪੈਸਾ ਚੁੱਕਿਆ ਤੇ ਆਪਣੀ ਮੁੱਠ ਵਿਚ ਬੰਦ ਕਰ ਲਿਆ। ਫਿਰ ਉਹਨਾਂ ਸਿਰੀ ਚੰਦ ਜੀ ਨੂੰ ਪੁੱਛਿਆ, "ਸਿਰੀ ਚੰਦ! ਦੱਸ ਮੇਰੀ ਮੁੱਠੀ ਵਿਚ ਕੀ ਹੈ ?" ਉਹ ਕਹਿਣ ਲੱਗੇ, "ਪਿਤਾ ਜੀ! ਤੁਹਾਡੀ ਮੁੱਠੀ ਵਿਚ ਇਕ ਪੈਸਾ ਹੈ ?" ਫਿਰ ਉਹਨਾਂ ਲਖਮੀ ਦਾਸ ਜੀ ਨੂੰ ਪੁੱਛਿਆ। ਉਹ ਕਹਿਣ ਲੱਗੇ, "ਇਕ ਪੈਸਾ ਹੀ ਤਾਂ ਹੈ, ਹੋਰ ਕੀ ਹੈ ?" ਤਦ ਉਹਨਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਪੁੱਛਿਆ, "ਭਾਈ ਲਹਿਣਾ ਜੀ, ਤੁਸੀਂ ਦੱਸੋ ਮੇਰੀ ਮੁੱਠੀ ਵਿਚ ਕੀ ਹੈ ?" ਸ੍ਰੀ ਗੁਰੂ ਅੰਗਦ ਦੇਵ ਜੀ ਬੋਲੇ, "ਹੇ ਮੇਰੇ ਗੋਬਿੰਦ ਰੂਪ, ਮੇਰੀ ਸਮਰੱਥਾ ਨਹੀਂ ਕਿ ਮੈਂ ਦੱਸ ਸਕਾਂ ਆਪ ਦੀ ਮੁੱਠੀ ਵਿਚ ਕੀ ਹੈ। ਤੁਹਾਡੀ ਮੁੱਠੀ ਵਿਚ ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ ਹਨ। ਤੁਹਾਡੀ ਮੁੱਠੀ ਵਿਚ ਗਿਆਨ ਹੈ, ਕਰਮ ਹੈ। ਤੁਹਾਡੀ ਮੁੱਠੀ ਵਿਚ ਪਰਮਾਤਮਾ ਹੈ। ਤੁਹਾਡੀ ਮੁੱਠੀ ਵਿਚ ਸਾਰਾ ਸੰਸਾਰ ਹੈ।" ਤਦ ਗੁਰੂ ਬਾਬੇ ਨੇ ਸਮਸਤ ਜੁੜੀ ਬਿਰਾਦਰੀ ਨੂੰ ਆਖਿਆ, "ਵੇਖਿਆ ਜੇ, ਮੇਰੇ ਪੁੱਤਰਾਂ ਨੂੰ ਇਕ ਪੈਸੇ ਤੋਂ ਅੱਗੇ ਕੁਝ ਨਹੀਂ ਦਿਸਿਆ। ਗੁਰਿਆਈ ਤਾਂ ਸ੍ਰੀ ਗੁਰੂ ਅੰਗਦ ਸਾਹਿਬ ਵਾਲੀ ਦ੍ਰਿਸ਼ਟੀ ਵਾਲੇ ਦਾ ਹੀ ਹੱਕ ਹੋ ਸਕਦੀ ਹੈ। ਸੋ, ਉਹਨਾਂ ਪ੍ਰਾਪਤ ਕਰ ਲਈ।" ਸਾਹਿਬਜ਼ਾਦੇ ਵਾਂਝੇ ਰਹਿ ਗਏ।

ਸ੍ਰੀ ਗੁਰੂ ਅੰਗਦ ਸਾਹਿਬ ਦੇ ਦੋ ਸਾਹਿਬਜ਼ਾਦੇ ਸਨ : ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ। ਉਹ ਵੀ

---

1. ਰਾਮਕਲੀ ਕੀ ਵਾਰ : ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ (੯੬੬)।
2. ਵੇਈਂ ਨਦੀ ਵਾਲੇ ਸਾਕੇ ਦੌਰਾਨ ਅਕਾਲ ਪੁਰਖ ਨੇ ਗੁਰੂ ਬਾਬੇ ਨੂੰ ਇਉਂ ਆਦੇਸ਼ ਦਿੱਤਾ ਸੀ : "ਨਾਨਕਾ ਜਾ! ਮੈਂ ਸੰਸਾਰ ਵਿਚ ਤੇਰਾ ਇਕ ਪੰਥ ਕੀਤਾ। ਉਦਾਸੀ ਕਰਣੈ ਨਾਹੀ। ਗ੍ਰਹਸਤ ਵਿਚ ਬੈਰਾਗੀ ਕਰਣੇ।"

www.sikhbookclub.com

ਸਿੱਖੀ ਦੀ ਕਸਵੱਟੀ 'ਤੇ ਪੂਰੇ ਨਾ ਉਤਰ ਸਕੇ। ਸ੍ਰੀ ਗੁਰੂ ਅਮਰਦਾਸ ਜੀ ਗੁਰੂ ਥਾਪ ਦਿੱਤੇ ਗਏ। ਤਦ ਦਾਤੂ ਜੀ ਨੇ ਭਰੇ ਦਰਬਾਰ ਵਿਚ ਆ ਕੇ ਬਿਰਧ ਸ੍ਰੀ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ। ਸ੍ਰੀ ਗੁਰੂ ਅਮਰਦਾਸ ਜੀ ਨੇ ਅੱਗੋਂ ਉਹਨਾਂ ਦੇ ਚਰਨ ਘੁੱਟਣੇ ਸ਼ੁਰੂ ਕਰ ਦਿੱਤੇ ਤੇ ਕਿਹਾ, "ਮੈਨੂੰ ਖਿਮਾਂ ਕਰ ਦੇਣਾ, ਮੇਰੀਆਂ ਬੁੱਢੀਆਂ ਹੱਡੀਆਂ ਕਾਰਨ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਵੱਜੀ ਹੋਵੇਗੀ।"

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਵੀ ਦੋ ਸਾਹਿਬਜ਼ਾਦੇ ਸਨ : ਮੋਹਰੀ ਜੀ ਤੇ ਮੋਹਨ ਜੀ। ਇਹ ਵੀ ਯੋਗ ਨਾ ਹੋਣ ਕਾਰਨ ਨਜ਼ਰ-ਅੰਦਾਜ਼ ਹੋਏ ਤੇ ਗੁਰਗੱਦੀ ਜੇਠਾ ਜੀ (ਸ੍ਰੀ ਰਾਮਦਾਸ ਜੀ) ਨੂੰ ਮਿਲੀ। ਗੁਰਿਆਈ ਦੇਣ ਮਗਰੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕਰਨ ਦਾ ਆਦੇਸ਼ ਦਿੱਤਾ। ਮੋਹਰੀ ਜੀ ਤਾਂ ਪੈਰੀਂ ਪੈ ਗਏ, ਪਰ ਮੋਹਨ ਜੀ ਨੇ ਰੋਸ ਪ੍ਰਗਟ ਕਰਦਿਆਂ ਆਖਿਆ, "ਗੁਰੂ ਗੱਦੀ ਰਾਮਦਾਸ ਦਾ ਹੱਕ ਨਹੀਂ, ਉਹ ਜਵਾਈ ਹੈ। ਮੈਂ ਤੁਹਾਡਾ ਬੇਟਾ ਹਾਂ, ਹੱਕ ਮੇਰਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਉੱਤਰ ਦਿੱਤਾ, "ਇਸ ਗੱਦੀ 'ਤੇ ਕਿਸੇ ਦਾ ਦਾਅਵਾ ਨਹੀਂ। ਇਹ ਸਚਖੰਡ ਦੀ ਹੁੰਡੀ ਹੈ। ਇਸ ਉੱਤੇ ਜਿਸ ਦਾ ਹੱਕ ਸੀ ਉਸ ਨੇ ਇਸ ਨੂੰ ਪਾ ਲਿਆ ਹੈ।"

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਹੋਏ : ਪ੍ਰਿਥੀ ਚੰਦ ਜੀ, ਮਹਾਦੇਵ ਜੀ ਤੇ ਅਰਜਨ ਦੇਵ ਜੀ। ਪ੍ਰਿਥੀ ਚੰਦ ਜੀ ਦੁਨੀਆਦਾਰ ਸਨ, ਮਹਾਦੇਵ ਜੀ ਵਿਰੱਕਤ ਤੇ ਅਰਜਨ ਦੇਵ ਜੀ ਆਗਿਆਕਾਰ। ਸਿਹਾਰੀ ਮਲ ਜੀ ਦੇ ਬੇਟੇ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਥਾਂ ਕਿਸੇ ਬੇਟੇ ਨੂੰ ਘੱਲਣ ਦਾ ਸੰਕਲਪ ਬਣਾਇਆ ਤਾਂ ਪ੍ਰਿਥੀ ਚੰਦ ਕਹਿਣ ਲੱਗੇ, "ਪਿਤਾ ਜੀ ! ਤੁਹਾਨੂੰ ਪਤਾ ਹੈ ਸਾਰਾ ਹਿਸਾਬ-ਕਿਤਾਬ ਤੇ ਲੰਗਰ ਦਾ ਇੰਤਜ਼ਾਮ ਆਦਿ ਮੈਂ ਸੰਭਾਲਿਆ ਹੋਇਆ ਹੈ। ਮੈਂ ਚਲਾ ਗਿਆ ਤਾਂ ਤੁਹਾਨੂੰ ਮੁਸ਼ਕਲ ਹੋਵੇਗੀ। ਚੰਗਾ ਹੋਵੇ ਜੇ ਤੁਸੀਂ ਹੋਰ ਕਿਸੇ ਨੂੰ ਘੱਲ ਦਿਓ।" ਜਦੋਂ ਮਹਾਦੇਵ ਜੀ ਨੂੰ ਪੁੱਛਿਆ ਤਾਂ ਉਹ ਬੋਲੇ, "ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਰਹਿ ਗਿਆ। ਮੈਂ ਕਿਸੇ ਸ਼ਾਦੀ 'ਤੇ ਨਹੀਂ ਜਾਣਾ।" ਜਦ ਸ੍ਰੀ ਅਰਜਨ ਦੇਵ ਜੀ ਨੂੰ ਪੁੱਛਿਆ ਤਾਂ ਉਹ 'ਸਤਿ ਬਚਨ' ਆਖ ਕੇ ਤੁਰਤ ਤਿਆਰ ਹੋ ਗਏ। ਬਚਨ-ਪਾਲਕ ਅਰਜਨ ਦੇਵ ਜੀ ਗੁਰ-ਗੱਦੀ ਦੇ ਮਾਲਕ ਹੋ ਗਏ ਪਰ, ਅਭਿਮਾਨ-ਮੁੱਠੇ ਪ੍ਰਿਥੀ ਚੰਦ ਜੀ ਸਾੜੇ ਦੀ ਅੱਗ ਵਿਚ ਜਲਣ ਲੱਗੇ। ਉਹਨਾਂ ਕਈ ਢੰਗਾਂ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦੁੱਖ ਪੁਚਾਉਣ ਦੇ ਜਤਨ ਕੀਤੇ, ਪਰ ਸ਼ਾਂਤੀ ਦੇ ਪੁੰਜ ਗੁਰੂ ਜੀ ਨੇ ਕਦੇ ਮੱਥੇ 'ਤੇ ਵੱਟ ਨਾ ਪਾਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਕੋ ਹੀ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਜੀ ਹੋਏ ਤੇ ਉਹ ਗੁਰਗੱਦੀ ਦੇ ਮਾਲਕ ਥਾਪੇ ਗਏ। ਉਹਨਾਂ ਦੇ ਅੱਗੋਂ ਪੰਜ ਸਾਹਿਬਜ਼ਾਦੇ ਹੋਏ : ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ, ਬਾਬਾ ਤਿਆਗ ਮਲ ਜੀ ਤੇ ਬਾਬਾ ਅਟੱਲ ਰਾਏ ਜੀ। ਬਾਬਾ ਗੁਰਦਿੱਤਾ ਜੀ ਉਦਾਸੀ ਹੋ ਗਏ।[3] ਬਾਬਾ ਸੂਰਜ ਮਲ ਤੇ ਅਣੀ ਰਾਏ ਜੀ ਦੁਨਿਆਵੀ ਰੁਚੀਆਂ

3. ਗੁਰੂ ਨਾਨਕ ਜੀ ਦੇ ਸਾਹਿਬਜ਼ਾਦੇ ਤੇ ਉਦਾਸੀ ਸੰਪ੍ਰਦਾਇ ਦੇ ਮੋਢੀ ਬਾਬਾ ਸਿਰੀ ਚੰਦ ਜੀ ਇਕ ਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਨੂੰ ਆਏ। ਉਥੇ ਉਹ ਬਾਬਾ ਗੁਰਦਿੱਤਾ ਜੀ ਨੂੰ ਵੇਖ ਕੇ ਬੜੇ ਪ੍ਰਭਾਵਿਤ ਹੋਏ, ਕਿਉਂਕਿ ਉਹਨਾਂ ਦਾ ਚਿਹਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਹੁਤ ਮਿਲਦਾ ਸੀ। ਉਹਨਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਹਾ, "ਆਪਣਾ ਵੱਡਾ ਪੁੱਤਰ ਸਾਡੀ ਝੋਲੀ ਪਾ ਦਿਉ।" ਗੁਰੂ ਜੀ ਨੇ ਖਿੜੇ-ਮੱਥੇ ਇਹ ਗੱਲ ਕਬੂਲ ਕਰ ਲਈ। ਬਾਬਾ ਸਿਰੀ ਚੰਦ ਜੀ ਬੋਲੇ, "ਗੁਰਗੱਦੀ ਤਾਂ ਪਹਿਲੋਂ ਹੀ ਤੁਸਾਂ ਲੈ ਲਈ ਸੀ। ਸਾਡੇ ਪਾਸ ਤਾਂ ਤਿਆਗ ਤੇ ਤਪ ਹੀ ਰਹਿ ਗਿਆ ਸੀ। ਉਹ ਵੀ ਅੱਜ ਅਸਾਂ ਤੁਹਾਡੇ ਪੁੱਤਰ ਦੀ ਝੋਲੀ ਪਾ ਦਿੱਤਾ।" ਇਉਂ ਉਦਾਸੀ ਸੰਪ੍ਰਦਾਇ ਸਾਰਾ ਵਿਰੋਧ ਤਿਆਗ ਕੇ ਫਿਰ ਗੁਰੂ ਘਰ ਨਾਲ ਆਣ ਮਿਲੀ। ਘੱਲੂਘਾਰਿਆਂ ਵੇਲੇ ਉਦਾਸੀਆਂ ਨੇ ਸਿੱਖ-ਗੁਰਦੁਆਰਿਆਂ ਦੀ ਸੇਵਾ-ਸੰਭਾਲ ਸਾਂਭ ਕੇ ਖ਼ਾਲਸਾ ਪੰਥ ਦੀ ਵੱਡੀ ਸੇਵਾ ਕੀਤੀ।

www.sikhbookclub.com

ਵਾਲੇ ਨਿਕਲੇ। ਬਾਬਾ ਅਟੱਲ ਰਾਏ ਜੀ ਛੋਟੀ ਉਮਰ ਵਿਚ ਹੀ ਆਪਣੇ ਮੋਏ ਹੋਏ ਆੜੀ ਨੂੰ ਮੁੜ ਜਿਵਾਲਣ ਦੀ ਕਰਾਮਾਤ ਕਰਨ ਕਰਕੇ ਪਿਤਾ ਗੁਰੂ ਦੇ ਰੋਸ ਦਾ ਕਾਰਨ ਬਣੇ ਤੇ ਪ੍ਰਾਣ ਤਿਆਗ ਗਏ। ਬਾਬਾ ਤਿਆਗ ਮੱਲ ਜੀ, ਜਿਨ੍ਹਾਂ ਨੂੰ ਜੰਗ ਵਿਚ ਜੌਹਰ ਦਿਖਾਣ ਪੁਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪ੍ਰਸੰਨ ਹੋ ਕੇ 'ਤੇਗ ਬਹਾਦਰ' ਦਾ ਖਿਤਾਬ ਦਿੱਤਾ, ਬਾਅਦ ਵਿਚ ਨੌਵੇਂ ਗੁਰੂ ਹੋਏ, ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਗੁਰਗੱਦੀ ਉਹਨਾਂ ਦੇ ਪੋਤੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਸ੍ਰੀ ਹਰਿ ਰਾਏ ਜੀ ਨੂੰ ਮਿਲੀ।

ਸ੍ਰੀ ਗੁਰੂ ਹਰਿ ਰਾਇ ਜੀ ਦੇ ਦੋ ਸਾਹਿਬਜ਼ਾਦੇ : ਬਾਬਾ ਰਾਮ ਰਾਇ ਜੀ ਤੇ ਸ੍ਰੀ ਹਰਿਕ੍ਰਿਸ਼ਨ ਜੀ ਸਨ। ਬਾਬਾ ਰਾਮ ਰਾਇ ਜੀ ਕਰਣੀ ਵਾਲੇ ਸਨ, ਬਾਦਸ਼ਾਹ ਔਰੰਗਜ਼ੇਬ ਦੀ ਖੁਸ਼ਨੂਦੀ ਹਾਸਲ ਕਰਨ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਬਦਲ ਬੈਠੇ, ਜਿਸ ਪੁਰ ਸ੍ਰੀ ਗੁਰੂ ਹਰਿ ਰਾਏ ਜੀ ਨੇ ਉਹਨਾਂ ਨੂੰ ਕਦੇ ਮੂੰਹ ਨਾ ਲਾਉਣ ਦਾ ਫ਼ੈਸਲਾ ਕਰ ਲਿਆ। ਗੁਰਗੱਦੀ, ਧੀਰ ਮਲ ਦੀ ਈਰਖਾ ਦੇ ਬਾਵਜੂਦ ਪੰਜ ਸਾਲ ਦੇ ਬਾਲਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਪ੍ਰਾਪਤ ਹੋਈ ਜਿਨ੍ਹਾਂ ਆਪਣਾ ਜਾਨਸ਼ੀਨ 'ਬਾਬੇ ਬਕਾਲੇ' ਦੇ ਸੰਕੇਤ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਥਾਪਤ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਕੋ ਇਕ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਹੋਏ, ਜੋ ਪੰਥ ਦੇ ਵਾਲੀ, ਦਸਮੇਸ਼ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਅੱਗੋਂ ਉਹਨਾਂ ਦੇ ਚਾਰ ਸਾਹਿਬਜ਼ਾਦੇ ਹੋਏ : ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ[4] ਤੇ ਬਾਬਾ ਫ਼ਤਹ ਸਿੰਘ[5]। ਇਹ ਚਾਰੇ ਸਾਹਿਬਜ਼ਾਦੇ ਬੜੀ ਅਦੁੱਤੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਪੰਥਕ ਆਨ ਤੇ ਸ਼ਾਨ ਹਿਤ ਬੇਮਿਸਾਲ ਸ਼ਹਾਦਤਾਂ ਦਿੱਤੀਆਂ। ਇਹਨਾਂ ਨੂੰ ਸਾਰਾ ਪੰਥ ਨਿੱਤ ਅਰਦਾਸ ਵਿਚ ਸ਼ਰਧਾ ਤੇ ਵੈਰਾਗ ਭਰੇ ਮਨ ਨਾਲ ਚੇਤੇ ਕਰਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਮਗਰੋਂ, ਸਰਸਾ ਨਦੀ ਪਾਰ ਕਰਦਿਆਂ ਵੱਡੇ ਦੋ ਸਾਹਿਬਜ਼ਾਦੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਰਹੇ ਤੇ ਚਮਕੌਰ ਦੀ ਗੜ੍ਹੀ ਵਿਚ ਪਹੁੰਚ ਗਏ। ਛੋਟੇ ਦੋ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਣੇ ਗੁਰੂ ਸਾਹਿਬ ਨਾਲੋਂ ਵਿਛੜ ਗਏ ਤੇ ਗੰਗੂ ਰਸੋਈਏ ਦੇ

---

4. 1699 ਦੀ ਵਿਸਾਖੀ ਨੂੰ ਵੱਡੇ ਦੋ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ 14 ਤੇ 10 ਸਾਲ ਦੀ ਉਮਰ ਵਿਚ ਅੰਮ੍ਰਿਤ ਪਾਨ ਕਰਨਾ ਸੀ, ਤਦ ਮਾਤਾ ਗੁਜਰੀ ਜੀ ਨੇ ਬਾਬਾ ਜ਼ੋਰਾਵਰ ਸਿੰਘ ਨੂੰ ਵੀ ਅੰਮ੍ਰਿਤ ਪਾਨ ਕਰਨ ਲਈ ਤਿਆਰ ਕੀਤਾ। ਇਸ ਪੁਰ ਮਾਤਾ ਸੁੰਦਰੀ ਜੀ ਕਹਿਣ ਲੱਗੇ, "ਇਹ ਅਜੇ ਛੋਟਾ ਹੈ।" ਤਾਂ ਮਾਤਾ ਗੁਜਰੀ ਜੀ ਨੇ ਕਿਹਾ, "ਇਹ ਬੜੀ ਵੱਡੀ ਆਤਮਕ ਅਵਸਥਾ ਦਾ ਸੁਆਮੀ ਹੈ। ਇਹ ਛੋਟਾ ਨਹੀਂ, ਇਹ ਬਾਬਾ ਹੈ।" ਤਦ ਚਾਰ ਸਾਲ ਦੇ ਜ਼ੋਰਾਵਰ ਸਿੰਘ ਨੇ ਵੀ ਅੰਮ੍ਰਿਤ ਪਾਨ ਕੀਤਾ।
5. ਇਕ ਵੇਰਾਂ ਸਾਹਿਬਜ਼ਾਦੇ ਖੇਡ ਰਹੇ ਸਨ। ਬਾਬਾ ਫ਼ਤਹ ਸਿੰਘ, ਜੋ ਉਸ ਵੇਲੇ ਤਿੰਨ ਕੁ ਸਾਲ ਦੇ ਸਨ, ਉਹ ਵੀ ਨਾਲ ਖੇਡਣ ਆ ਗਏ। ਭਰਾਵਾਂ ਆਖਿਆ, "ਤੁਸੀਂ ਨਹੀਂ ਖੇਡ ਸਕਦੇ, ਤੁਸੀਂ ਛੋਟੇ ਹੋ।" ਤਦ ਬਾਬਾ ਫ਼ਤਹ ਸਿੰਘ ਅੰਦਰ ਚਲੇ ਗਏ। ਆਪਣੇ ਸੀਸ ਉਪਰ ਪਹਿਲਾਂ ਇਕ ਦੁਮਾਲਾ ਸਜਾਇਆ, ਫਿਰ ਦੂਜਾ, ਫਿਰ ਤੀਜਾ—ਤੇ ਆਪਣਾ ਕੱਦ ਇਹਨਾਂ ਦੁਮਾਲਿਆਂ ਸਦਕਾ ਆਪਣੇ ਵੀਰਾਂ ਤੋਂ ਉੱਚਾ ਕਰ ਲਿਆ। ਫਿਰ ਆ ਕੇ ਕਹਿਣ ਲੱਗੇ, "ਹੁਣ ਤਾਂ ਮੈਂ ਵੱਡਾ ਹੋ ਗਿਆ ਹਾਂ ਨਾ, ਹੁਣ ਤਾਂ ਖੇਡ ਸਕਦਾ ਹਾਂ ?" ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ ਸਭ ਕੁਝ ਵੇਖ ਰਹੇ ਸਨ, ਬੜੇ ਪ੍ਰਭਾਵਿਤ ਹੋਏ। ਸਾਹਿਬਜ਼ਾਦਾ ਬਾਬਾ ਫ਼ਤਹ ਸਿੰਘ ਜੀ ਨੂੰ ਗੋਦ ਵਿਚ ਲਿਆ ਤੇ ਭਰੀ ਸੰਗਤ ਵਿਚ ਐਲਾਨ ਕੀਤਾ, "ਬਾਬਾ ਫ਼ਤਹ ਸਿੰਘ ਦੀ ਤਾਬਿਆ, ਇਸ ਬਾਣੇ ਵਾਲਾ ਨਿਹੰਗ ਸਿੰਘਾਂ ਦਾ ਪੰਥ ਕਰਦਾ ਹਾਂ। ਇਹ ਅਕਾਲੀ ਜਥਾ ਹੋਵੇਗਾ, ਜੋ ਕਿਸੇ ਅੱਗੇ ਨਹੀਂ ਝੁਕੇਗਾ।" ਫਿਰ ਸੰਗਤ ਵਿਚੋਂ ਪੰਜਾਂ ਸਿੰਘਾਂ ਭਾਈ ਉਦੈ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਦੇਵਾ ਸਿੰਘ ਤੇ ਸੁਲੱਖਨ ਸਿੰਘ ਨੂੰ ਨਵੇਂ ਨੀਲੇ ਬਾਣਿਆਂ ਵਿਚ ਸਜਾ ਕੇ ਬਾਬਾ ਫ਼ਤਹ ਸਿੰਘ ਦਾ ਨਿਹੰਗ ਜਥਾ ਕਾਇਮ ਕੀਤਾ। ਇਹ ਜਥਾ ਸੰਨ 1704 ਵਿਚ ਸਥਾਪਤ ਹੋਇਆ।

(ਭਾਈ ਕਾਨ੍ਹ ਸਿੰਘ, 'ਮਹਾਨ ਕੋਸ਼')

www.sikhbookclub.com

ਧ੍ਰੋਹ ਕਾਰਨ ਮੁਗ਼ਲ ਹਾਕਮਾਂ ਦੇ ਹੱਥ ਆ ਗਏ ਤੇ ਸਰਹਿੰਦ ਦੇ ਬੁਰਜ ਵਿਚ ਕੈਦ ਕਰ ਦਿੱਤੇ ਗਏ। ਸਾਹਿਬਜ਼ਾਦਿਆਂ ਦੀਆਂ ਦੋਵਾਂ ਜੋੜੀਆਂ ਦੇ ਸ਼ਹੀਦੀ-ਬਿਰਤਾਂਤ ਬੜੇ ਰੋਮਾਂਚਕ ਹਨ।

ਚਮਕੌਰ ਦੀ ਗੜ੍ਹੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਦੇ ਚਾਲੀ ਸਿੰਘਾਂ ਨੂੰ ਦਸ ਲੱਖ ਫ਼ੌਜ ਨੇ ਘੇਰ ਲਿਆ।[6] ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਅਸੀਂ ਸਾਰੇ ਸ਼ਹੀਦੀ ਪਾ ਜਾਵਾਂਗੇ, ਤੁਸੀਂ ਸਾਹਿਬਜ਼ਾਦਿਆਂ ਨੂੰ ਲੈ ਕੇ ਨਿਕਲ ਜਾਓ।" ਗੁਰੂ ਜੀ ਨੇ ਅੱਗੋਂ ਕਿਹਾ, "ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ ? ਤੁਸੀਂ ਸਾਰੇ ਮੇਰੇ ਸਾਹਿਬਜ਼ਾਦੇ ਹੋ!" ਤਦ ਕਹਿੰਦੇ ਹਨ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ (ਉਮਰ 18 ਵਰ੍ਹੇ) ਉਠੇ ਤੇ ਗੁਰੂ ਜੀ ਪਾਸੋਂ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਨ ਨਾਲ ਜੂਝਣ ਦੀ ਆਗਿਆ ਮੰਗੀ।[7] ਗੁਰੂ ਜੀ ਨੇ ਪ੍ਰਸੰਨ ਹੋ ਕੇ ਪੰਜ ਸਿੰਘ ਨਾਲ ਦੇ ਕੇ ਵਿਦਾ ਕੀਤਾ। ਬਾਬਾ ਅਜੀਤ ਸਿੰਘ ਜੀ ਮੈਦਾਨੇ ਜੰਗ ਵਿਚ ਕੁੱਦ ਪਏ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉੱਚੇ ਬੈਠ ਕੇ ਉਹਨਾਂ ਦੀ ਸੂਰਮਗਤੀ ਦੇ ਜੌਹਰ ਵੇਖ ਵੇਖ ਪ੍ਰਸੰਨ ਹੋਣ ਲੱਗੇ। ਬਾਬਾ ਅਜੀਤ ਸਿੰਘ ਜੀ ਨੇ ਮੁਗ਼ਲ ਫ਼ੌਜਾਂ ਦੇ ਬੜੇ ਆਹੂ ਲਾਹੇ। "ਅਰੇ ਖ਼ੁਦਾਇ! ਅਰੇ ਖ਼ੁਦਾਇ!" ਕੂਕਦੇ ਸਨ। ਅੰਤ, ਜਦ ਉਸ ਦੇ ਸਾਰੇ ਤੀਰ ਖ਼ਤਮ ਹੋ ਗਏ ਤਾਂ ਇਕ ਬਰਛਾ ਉਸ ਦੇ ਸਿਰ ਵਿਚ ਆ ਕੇ ਵੱਜਾ ਤੇ ਉਹ ਦੁਸ਼ਮਨਾਂ ਦੇ ਘੇਰੇ ਵਿਚ ਸ਼ਹੀਦ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਤਹ ਦਾ ਜੈਕਾਰਾ ਗਜਾਇਆ ਤੇ ਕਿਹਾ, "ਹੇ ਅਕਾਲ ਪੁਰਖ, ਤੇਰੀ ਅਮਾਨਤ ਅਦਾ ਹੋਈ ਹੈ।"

ਵਕਤ ਦੀ ਨਜ਼ਾਕਤ ਸਮਝ ਕੇ, ਤਦ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ (ਉਮਰ 14 ਸਾਲ) ਪਿਤਾ ਜੀ ਦੀ ਆਗਿਆ ਲੈ ਕੇ ਆਪਣੇ ਵੱਡੇ ਵੀਰ ਦੀ ਤਰ੍ਹਾਂ ਰਣ-ਤੱਤੇ ਦੀ ਬਲਦੀ ਅੱਗ ਵਿਚ ਜਾ ਕੁੱਦੇ।[8] ਜਿਤਨਾ ਚਿਰ ਦਿਨ ਰਿਹਾ, ਉਹ ਜਾਨ ਤੋੜ ਕੇ ਲੜੇ ਤੇ ਵੈਰੀ ਦਲ ਨੂੰ ਆਪਣੀ ਸੂਰਮਗਤੀ ਵਲੋਂ ਕਾਇਲ ਕਰਦੇ ਰਹੇ। ਜਦ ਸੂਰਜ ਡੁੱਬ ਰਿਹਾ ਸੀ, ਬਾਬਾ ਜੁਝਾਰ ਸਿੰਘ ਜੀ ਵੀ ਸ਼ਹੀਦੀ ਪ੍ਰਾਪਤ ਕਰ ਗਏ।

ਦੋਵੇਂ ਵੱਡੇ ਸਾਹਿਬਜ਼ਾਦੇ, ਇਸ ਤਰ੍ਹਾਂ ਚਮਕੌਰ ਦੀ ਜੰਗ ਵਿਚ ਜੂਝ ਕੇ, ਵੀਰ-ਗਤੀ ਨੂੰ ਪ੍ਰਾਪਤ ਹੋਏ। ਇੰਜ ਲਗਦਾ ਹੈ, ਜਿਵੇਂ ਉਹਨਾਂ ਦੀ ਇਹ ਅਰਦਾਸ ਪੂਰੀ ਹੋਈ ਹੋਵੇ :

ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਦਸਮ ਗ੍ਰੰਥ, ਚੰਡੀ ਚਰਿਤ੍ਰ)

ਓਧਰ ਮਾਤਾ ਗੁਜਰੀ ਜੀ ਸਣੇ, ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਨੇ ਸਰਹਿੰਦ ਦੇ ਬੁਰਜ ਵਿਚ ਕੈਦ ਕਰ ਦਿੱਤਾ ਸੀ। ਸਾਹਿਬਜ਼ਾਦਿਆਂ ਨੂੰ ਅਗਲੇ ਦਿਨ ਕਚਹਿਰੀ ਵਿਚ ਬੁਲਾਇਆ ਗਿਆ। ਮਾਤਾ ਜੀ ਨੇ ਇਉਂ ਹਿਦਾਇਤ ਕਰ ਕੇ ਤੋਰਿਆ, "ਮੇਰੇ ਜਿਗਰ ਦੇ ਟੋਟਿਓ! ਯਾਦ ਰੱਖਿਓ, ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਫ਼ਰਜ਼ੰਦ, ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਦੇ ਪੋਤੇ ਤੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ ਸਿੱਖ ਹੋ। ਆਪਣੇ ਧਰਮ ਨੂੰ ਆਂਚ ਨਾ ਆਉਣ ਦੇਣੀ।" ਕਚਹਿਰੀ ਵਿਚ ਉਹਨਾਂ

---

6. ਗੁਰਸਨਹ ਚਿਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ ॥੧੯॥ (ਜ਼ਫ਼ਰਨਾਮਾ, ਪੰਨਾ ੧੩੯੯)
7. ਇਸ ਤੋਂ ਪਹਿਲਾਂ ਵੀ ਅਨੰਦਪੁਰ ਸਾਹਿਬ ਦੀਆਂ ਦੋ ਲੜਾਈਆਂ ਵਿਚ ਬਾਬਾ ਅਜੀਤ ਸਿੰਘ ਆਪਣੀ ਬੀਰਤਾ ਦੇ ਜੌਹਰ ਦਿਖਾ ਚੁੱਕੇ ਸਨ।
8. ਜਬ ਦੇਖਯੋ ਜੁਝਾਰ ਸਿੰਘ ਸਮਾ ਪਹੂਚਯੋ ਆਨ।
ਦੌਰਯੋ ਦਲ ਮੈਂ ਧਾਇ ਕੈ ਕਰ ਮੈ ਗਹੀ ਕਮਾਨ ॥੫੫॥ (ਕਵੀ ਸੈਨਾਪਤਿ, ਅਧਿ: ੧੨)

www.sikhbookclub.com

ਬੱਚਿਆਂ ਨੂੰ ਕਿਹਾ ਗਿਆ, "ਤੁਹਾਡੀ ਉਮਰ ਛੋਟੀ ਹੈ, ਤੁਹਾਨੂੰ ਛੋੜ ਦੇਣ ਬਾਰੇ ਵਿਚਾਰ ਕਰ ਰਹੇ ਹਾਂ। ਜੇਕਰ ਤੁਹਾਨੂੰ ਛੋੜ ਦੇਈਏ ਤਾਂ ਕੀ ਕਰੋਗੇ ?" ਬਾਬਾ ਜ਼ੋਰਾਵਰ ਸਿੰਘ ਜੀ ਬੋਲੇ :

ਵਿਚ ਜੰਗਲਾਂ ਜਾਵਾਂਗੇ,
ਸਿੱਖਾਂ ਜੋੜ ਲਿਆਵਾਂਗੇ,
ਸ਼ਸਤ੍ਰ ਇਕੱਠੇ ਕਰਾਂਗੇ,
ਘੋੜਿਆਂ ਉਪਰ ਚੜ੍ਹਾਂਗੇ,
ਨਾਲ ਤੁਹਾਡੇ ਲੜਾਂਗੇ।

ਦਰਬਾਰੀਆਂ ਆਖਿਆ, "ਇਹ ਸਪੋਲੀਏ ਨੇ। ਇਹਨਾਂ ਨੂੰ ਛੱਡਣਾ ਰਾਜਨੀਤੀ ਨਹੀਂ।" ਫਿਰ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦਾ ਲਾਲਚ ਦੇ ਕੇ ਇਸਲਾਮ ਕਬੂਲਣ ਲਈ ਪ੍ਰੇਰਿਆ ਗਿਆ। ਪਰ ਉਹ ਕਿਸੇ ਲਾਲਚ ਵਿਚ ਵੀ ਨਾ ਆਏ। ਅਖ਼ੀਰ ਕੋਈ ਵੀ ਵਾਹ ਨਾ ਲੱਗਦੀ ਵੇਖ ਕੇ ਉਨ੍ਹਾਂ ਨੂੰ ਕੰਧ ਵਿਚ ਜ਼ਿੰਦਾ ਚਿਣਾ ਦੇਣ ਦਾ ਹੁਕਮ ਸਾਦਰ ਕਰ ਦਿੱਤਾ। ਇਉਂ ਦੋਵੇਂ ਮਾਸੂਸ ਜਿੰਦਾਂ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਹਨਾਂ ਧਰਮ ਨਾ ਹਾਰਿਆ।

ਧੁਰ ਉਪਰ, ਦੂਰ ਉੱਚੇ ਖੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਗਦ-ਗਦ ਹੋ ਰਹੇ ਸਨ, ਮਾਨੋ ਉਹ ਕਹਿ ਰਹੇ ਹਨ : "ਸ਼ਾਬਾਸ਼ ਬੱਚਿਓ ! ਸ਼ਾਬਾਸ਼ ਬੇਟਿਓ !! ਤੁਸੀਂ ਜਦੋਂ ਅਜੇ ਸੰਸਾਰ ਵਿਚ ਨਹੀਂ ਸੀ ਉਪਜੇ ਮੈਂ ਉਸ ਵੇਲੇ ਤੁਹਾਡੀ ਹੀ ਆਤਮਾ ਨੂੰ, ਜੋ ਅਨੰਤ ਦੀ ਗੋਦ ਵਿਚ ਬੈਠੀ ਸੀ, ਨਿਰਭੈਤਾ ਦੀ ਪ੍ਰਾਣ-ਕਲਾ ਨਾਲ ਸਫ਼ੁਰਤ ਕਰ ਰਿਹਾ ਸਾਂ—ਆਓ ਲਾਲੋ ! ਆਓ, ਆਪਣੇ ਦਾਦੇ ਦੀ ਗੋਦ ਵਿਚ ਆਓ ! ਤੁਸੀਂ ਆਪਣੀ ਵਯਕਤੀ ਆਪਣੇ ਨਾਂ ਵਿਚ ਛੱਡ ਆਏ ਹੋ। ਆਓ ! ਤੁਹਾਡਾ ਨਾਂ ਕੌਮ ਦੇ ਖ਼ੂਨ ਦੀ ਤੜਪ ਵਿਚ ਹਮੇਸ਼ਾ ਜ਼ਿੰਦਾ ਰਹੇਗਾ। ਆਓ, ਦਾਦੇ ਦੀ ਗੋਦ ਵਿਚ ਅਵਯਕਤ ਬਿਸ੍ਰਾਮ ਲਈ।'

ਐਸਾ ਸੁਭਾਗ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜੋ ਨਿਰਭਉ ਦੀ ਸਦਾ ਥਿਰ ਪੌੜੀ ਉੱਤੇ ਤਾੜੀ ਲਾ ਕੇ ਖੜੋਤੇ ਹੋਣ।[9] ਐਸੀ ਹੀ ਥਿਰਤਾ ਦੇ ਮਾਲਕ ਸਨ ਇਹ ਸਾਹਿਬਜ਼ਾਦੇ, ਜਿਨ੍ਹਾਂ ਬਾਲ ਵਰੇਸ ਵਿਚ ਹੀ ਉਹ ਕੁਝ ਕਰ ਵਿਖਾਇਆ ਜੋ ਵੱਡੇ-ਵੱਡੇ ਜਿਗਰਿਆਂ ਵਾਲੇ ਵੀ ਨਹੀਂ ਸੀ ਕਰ ਸਕਦੇ। ਇਉਂ ਉਹ ਚਾਰੇ ਮਾਸੂਮ ਜਿੰਦਾਂ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਹਨਾਂ ਸਿੱਖੀ ਸਿਦਕ ਨਾ ਹਾਰਿਆ।

ਚੌਹਾਂ ਸਾਹਿਬਜ਼ਾਦਿਆਂ ਦਾ ਅਦੁੱਤੀ ਸਿਰੜ, ਬੇਖ਼ੌਫ਼ ਸੂਰਮਗਤੀ ਤੇ ਬੇ-ਮਿਸਾਲ ਸ਼ਹਾਦਤ ਸਾਰੇ ਪੰਥ ਲਈ ਸਦੀਵੀ ਪ੍ਰੇਰਨਾ ਹੈ।

ਇਨ੍ਹਾਂ ਸਾਹਿਬਜ਼ਾਦਿਆਂ ਦੇ ਕਿਰਦਾਰ ਤੋਂ ਇਕ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਆਤਮਕ ਬਲ ਦਾ ਉਮਰ ਨਾਲ ਕੋਈ ਸੰਬੰਧ ਨਹੀਂ। ਇਹ ਚਾਰੇ ਕੱਚੀ ਉਮਰ ਵਿਚ ਵੀ ਸੱਚ-ਮੁੱਚ ਬਾਬੇ ਸਨ, ਵੱਡੀ ਆਤਮਕ ਅਵਸਥਾ ਦੇ ਸੁਆਮੀ, ਨਿਰਭੈ ਪਦ ਨੂੰ ਪ੍ਰਾਪਤ। ਏਹੋ ਰਹੱਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪੰਜ ਸਾਲ ਦੀ ਉਮਰ ਵਿਚ ਗੱਦੀ ਨਸ਼ੀਨ ਹੋਣ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੌਂ ਸਾਲ ਦੀ ਉਮਰ ਵਿਚ ਗੁਰਤਾ ਸੰਭਾਲਣ ਦੇ ਉਹਲੇ ਵੀ ਵਰਤਦਾ ਹੈ। ਦੂਜੀ ਗੱਲ ਇਹ ਸਪੱਸ਼ਟ ਹੁੰਦੀ ਹੈ

---

9. ਨਿਰਾਲੰਬ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ ॥ (ਪ੍ਰਭਾਤੀ ਮ: ੧, ਪੰਨਾ ੧੩੩੨)

www.sikhbookclub.com

ਕਿ ਗੁਣ ਸਦਾ ਵਿਰਾਸਤ ਵਿਚ ਨਹੀਂ ਮਿਲਦੇ। ਗੁਰੂ ਘਰ ਵਿਚ ਪੈਦਾ ਹੋ ਕੇ ਵੀ ਕਈ ਸਾਹਿਬਜ਼ਾਦੇ ਦੈਵੀ ਗੁਣਾਂ ਤੋਂ ਵਾਂਝੇ ਰਹਿ ਗਏ। ਉਹਨਾਂ ਨੂੰ ਪੰਥ ਉੱਕਾ ਚੇਤੇ ਨਹੀਂ ਕਰਦਾ। ਪੰਥ ਜਾਂ ਤਾਂ ਉਹਨਾਂ ਸਾਹਿਬਜ਼ਾਦਿਆਂ ਨੂੰ ਸਿਮਰਦਾ ਹੈ ਜੋ ਗੁਰੂ ਪਦਵੀ ਨੂੰ ਪ੍ਰਾਪਤ ਕਰ ਗਏ, ਜਾਂ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੂੰ, ਜਿਨ੍ਹਾਂ ਸ਼ਹਾਦਤ ਦੀ ਪਰੰਪਰਾ ਨੂੰ ਚਾਰ ਚੰਨ ਲਾਏ। ਜਿਹੜੇ ਸਾਹਿਬਜ਼ਾਦੇ ਗੁਰੂ ਘਰ ਨਾਲ ਈਰਖਾ ਤੇ ਵੈਰ ਭਾਵਨਾ ਕਰਦੇ ਰਹੇ ਤੇ ਆਪ ਗੱਦੀਆਂ ਲਾ ਕੇ ਬੈਠ ਗਏ, ਉਹਨਾਂ ਨਾਲ ਤੇ ਗੁਰੂ ਘਰੋਂ ਬੇਮੁਖ ਹੋਏ ਉਹਨਾਂ ਦੇ ਪਿਛਲੱਗਾਂ ਨਾਲ, ਵਰਤਣ ਤੋਂ ਸਾਂਝ ਪਾਲਣ ਦੀ ਸਿੱਖਾਂ ਨੂੰ ਵਰਜਨਾ ਹੋ ਗਈ।[10] ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਦੀ ਪਾਵਨ ਯਾਦ ਨੂੰ ਹੀ ਪੰਥ ਨਿੱਤ ਅਰਦਾਸ ਵਿਚ ਤਾਜ਼ਾ ਕਰਦਾ ਹੈ, ਜਿਨ੍ਹਾਂ ਸਿਦਕ ਦਾ ਉੱਚਤਮ ਆਦਰਸ਼ ਨਿਭਾਉਂਦਿਆਂ ਆਪਣੀਆਂ ਜਾਨਾਂ ਲਾ ਦਿੱਤੀਆਂ। ਅਰਦਾਸ ਵਿਚ ਉਹਨਾਂ ਦੀ ਯਾਦ ਉਹਨਾਂ ਦੇ ਸਿਦਕ-ਸਿਰੜ ਨੂੰ ਅਵਿਰਲ ਸ਼ਰਧਾਂਜਲੀ ਅਰਪਣ ਕਰਨ ਦਾ ਉਪਰਾਲਾ ਹੈ।

(12/1991)

10. ਰਾਮਰਾਈਏ, ਧੀਰਮਲੀਏ, ਮੀਣੇਂ, ਪ੍ਰਿਥੀਏ ਕੇ ਸਭ ਇਸੇ ਸ਼੍ਰੇਣੀ ਵਿਚ ਸ਼ਾਮਿਲ ਹਨ। 'ਭਾਵੇਂ ਗੁਰੂ ਕੇ ਸਰਬੰਧੀ ਹੈਨਿ ਤਾਂ ਭੀ ਇਹ ਨਿੰਦਾ ਕਰ ਕੇ ਦੁਸ਼ਟ ਹੋਏ ਹੈਨਿ।'

(ਰਹਿਤਨਾਮਾ ਭਾਈ ਚਉਪਾ ਸਿੰਘ)

www.sikhbookclub.com

ਮਾਤਾ ਗੁਜਰੀ ਜੀ

ਕੇਵਲ ਮਾਤਾ ਗੁਜਰੀ ਜੀ ਹੀ ਇਕ ਐਸੀ ਔਰਤ ਹੈ ਜਿਸ ਦਾ ਪਤੀ (ਸ੍ਰੀ ਗੁਰੂ ਤੇਗ ਬਹਾਦਰ ਜੀ) ਸ਼ਹੀਦ, ਜਿਸ ਦੇ ਪੋਤਰੇ (ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ) ਸ਼ਹੀਦ, ਜਿਸ ਦਾ ਭਰਾ (ਕ੍ਰਿਪਾਲ ਚੰਦ ਜੀ) ਸ਼ਹੀਦ, ਜਿਸ ਦੇ ਪੰਜੇ ਨੋਨੇਤਰੇ (ਬੀਬੀ ਵੀਰੋ ਜੀ ਦੇ ਪੰਜੇ ਪੁੱਤਰ—ਸੰਘੋ ਸ਼ਾਹ ਜੀ, ਗੁਲਾਬ ਚੰਦ ਜੀ, ਜਤੀ ਮਲ ਜੀ, ਗੰਗਾ ਰਾਮ ਜੀ ਅਤੇ ਸਹਾਰੀ ਚੰਦ ਜੀ) ਸ਼ਹੀਦ।

ਸੰਘੋ ਸ਼ਾਹ ਜੀ ਦੀ ਭੰਗਾਣੀ ਦੇ ਯੁੱਧ ਵਿਚ ਸੂਰਮਗਤੀ ਨੂੰ ਦੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਸ਼ਾਹ ਸੰਗਰਾਮ ਹੋਣ ਦਾ ਖਿਤਾਬ ਵੀ ਦਿੱਤਾ ਸੀ ਅਤੇ ਬਾਬਾ ਜਤੀ ਮਲ ਦੀ ਸ਼ਹਾਦਤ ਵੇਲੇ 'ਹਠੀ ਜਵਾਨ' ਲਿਖ ਸਤਿਕਾਰਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਸਤਰ-ਵਿਦਿਆ ਦੇਣ ਲਈ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਘੋ ਸ਼ਾਹ ਨੂੰ ਹੀ ਨੀਯਤ ਕੀਤਾ ਸੀ।

ਮਹਾਨ ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਜੀ ਦੇ ਘਰ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਸੰਨ 1627 ਈ. ਨੂੰ ਹੋਇਆ ਸੀ।

ਛੋਟੀ ਉਮਰ ਵਿਚ ਹੀ ਆਪ ਜੀ ਦਾ ਅਨੰਦ ਕਾਰਜ (ਗੁਰੂ) ਤੇਗ ਬਹਾਦਰ ਜੀ ਨਾਲ ਹੋ ਗਿਆ। ਨਾਨਕੇ ਆਪ ਜੀ ਦੇ ਲਖਨੌਰ ਸਾਹਿਬ ਸਨ। ਯਾਦ ਰਹੇ ਕਿ ਲਖਨੌਰ ਸਾਹਿਬ ਕੇਵਲ ਮਾਤਾ ਗੁਜਰੀ ਜੀ ਦਾ ਖੂਹ ਹੀ ਹੈ ਜਿਸ ਦਾ ਜਲ ਮਿੱਠਾ ਤੇ ਸਵੱਛ ਹੈ। ਇਰਦ-ਗਿਰਦ ਦੇ ਸਾਰੇ ਹੀ ਖੂਹ ਖਾਰੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਕਿਉਂਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ, ਇਸ ਲਈ ਵਿਆਹ ਦਾ ਸਭਨਾਂ ਨੂੰ ਬਹੁਤ ਚਾਅ ਸੀ। ਕਰਤਾਰਪੁਰ ਬਰਾਤ ਢੁਕੀ ਤੇ ਛਬਿ ਨਿਰਾਲੀ ਸੀ। ਵਿਆਹ ਤੋਂ ਪਿੱਛੋਂ ਜਦ ਮਾਤਾ ਗੁਜਰੀ ਜੀ ਨੂੰ ਡੋਲੇ ਪਾਨ ਲੱਗੇ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਕੋਲ ਬਿਠਾ ਕੇ ਕਿਹਾ—'ਬੇਟਾ! ਨਾਮ ਨੂੰ ਲਾਜ ਨਾ ਲੱਗਣ ਦੇਵੀਂ।' 'ਜਹਿ ਸੁਖਦਾਈ' ਅਤੇ ਫਿਰ ਕਿਹਾ ਕਿ ਪਤੀ ਨੂੰ ਪ੍ਰਮੇਸ਼ਰ ਜਾਣ ਸੇਵਾ ਕਰੀਂ। ਇਸ ਦੇ ਟਾਕਰੇ ਦੀ ਹੋਰ ਕੋਈ ਸੇਵਾ ਨਹੀਂ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਸ਼ਬਦਾਂ ਵਿਚ ਕਿਹਾ :

ਪਤਿ ਸਮ ਈਸ ਪਛਾਨ ਕੈ, ਹੇ ਪੁਤਰੀ ਕਰ ਸੇਵ।
ਪਤਿ ਪ੍ਰਮੇਸ਼ਰ ਜਾਨੀਏ, ਔਰ ਤੁਛ ਲਖ ਏਵ।

ਉਧਰ ਭਾਈ ਲਾਲ ਚੰਦ ਜੀ ਹੱਥ ਜੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਇਹ ਕਹਿ ਰਹੇ ਸਨ ਕਿ ਉਨ੍ਹਾਂ ਕੋਲੋਂ ਸੇਵਾ-ਸੰਭਾਲ ਨਹੀਂ ਹੋ ਸਕੀ, ਸੋ ਖਿਮਾਂ ਦੇਣਾ। ਜਦ ਲਾਲ ਚੰਦ ਜੀ ਨੇ ਇਹ ਕਿਹਾ :

www.sikhbookclub.com

ਨਹਿ ਸਰਯੋ ਕਛੂ ਢਿਗ ਮੋਰ।

ਸਾਡੇ ਕੋਲੋਂ ਆਪ ਜੀ ਦੇ ਸਨਮਾਨ ਵਜੋਂ ਕੁਝ ਨਹੀਂ ਹੋ ਸਕਿਆ ਤਾਂ ਉਸ ਸਮੇਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜੋ ਫੁਰਮਾਇਆ, ਜੇ ਲੜਕੇ ਵਾਲੇ ਧਿਆਨ ਵਿਚ ਰੱਖਣ ਤਾਂ ਦਾਜ ਪ੍ਰਥਾ ਦੀ ਬੀਮਾਰੀ ਕੋਈ ਘਰ ਨਾ ਉਜਾੜੇ। ਸੁਖ ਲੈਣ ਤੇ ਸੁਖੀ ਰਹਿਣ ਦਾ ਜੋ ਨੁਸਖਾ ਮਹਾਰਾਜ ਜੀ ਨੇ ਦੱਸਿਆ, ਉਸ ਨੂੰ ਅਪਨਾਏ ਬਗ਼ੈਰ ਗ੍ਰਹਿਸਤ ਵਿਚ ਅਨੰਦ ਨਹੀਂ ਹੋ ਸਕਦਾ। ਮਹਾਰਾਜ ਨੇ ਫੁਰਮਾਇਆ :

ਲਾਲ ਚੰਦ ਤੁਮ ਦੀਨੋ ਸਕਲ ਬਿਸਾਲਾ।
ਜਿਨ ਤਨੁਜਾ ਅਰਪਨ ਕੀਨੇ।
ਕਯਾ ਪਾਛੇ ਤਿਨ ਰਖ ਲੀਨੇ। *(ਰਾਸ ੧੨, ੬੧੧)*

ਫਿਰ ਕਿਹਾ ਕਿ ਇਹ ਹੀ ਅਰਦਾਸ ਕਰਨੀ ਕਿ (ਗੁਰੂ) ਹਰਿਗੋਬਿੰਦ ਦੇ ਘਰੋਂ ਨਿੱਘ ਆਵੇ, ਸੇਕ ਨਾਂਹ। ਇਹ ਮਾਤਾ ਗੁਜਰੀ ਜੀ ਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਐਸੀ ਜੋੜੀ ਬਣੀ ਕਿ ਸਭ ਦੇਖ ਕਹਿੰਦੇ ਸਨ ਕਿ ਇਹ ਜੋੜੀ ਵਿਧਾਤਾ ਨੇ ਆਪ ਸੁੰਦਰਤਾ ਵਿਚ ਡੁਬੋ ਕੇ ਸਾਜੀ ਹੈ :

ਕਹਿ ਤੇਗ ਬਹਾਦਰ ਜੋਰੀ।
ਬਿਧ ਰਚੀ ਰੁਚਿਰ ਰੁਚਿ ਬੋਰੀ।

ਗੁਜਰੀ ਜੀ ਸ਼ਰਮ, ਲਜਾ ਤੇ ਨਿਮਰਤਾ ਦੀ ਮੂਰਤ ਸਨ। ਉਹਨਾਂ ਕਦੇ ਨੈਣ ਵੀ ਉਚੇ ਨਹੀਂ ਕੀਤੇ ਸਨ। ਸੱਸ, ਮਾਤਾ ਜੀ ਨੂੰ ਕਦੇ ਮੌਕਾ ਹੀ ਨਹੀਂ ਸੀ ਦਿੱਤਾ ਕਿ ਉਹਨਾਂ ਨੂੰ ਕੁਝ ਕਹਿਣਾ ਪਵੇ। ਹਰ ਸਮੇਂ ਸੇਵਾ ਵਿਚ ਜੁਟੇ ਰਹਿੰਦੇ। ਜਦ ਵਿਆਹ ਤੋਂ ਕੁਝ ਚਿਰ ਬਾਅਦ ਹੀ ਕਰਤਾਰਪੁਰ ਵਿਖੇ ਗੁਰੂ ਹਰਿਗੋਬਿੰਦ ਜੀ ਨੂੰ ਪੈਂਦੇ ਖ਼ਾਨ ਦੀ ਚੁਕ 'ਤੇ ਮੁਗ਼ਲ ਸੈਨਾ ਨਾਲ ਜੰਗ ਲੜਨੀ ਪਈ ਤਾਂ ਮਾਤਾ ਗੁਜਰੀ ਜੀ ਨੇ ਜੋ ਸਾਹਸ ਦੱਸਿਆ ਉਸ ਦਾ ਵਰਣਨ ਮੁਹਸਿਨ ਫਾਨੀ ਨੇ ਕੀਤਾ ਹੈ। ਇਹ ਪਹਿਲੀ ਜੰਗ ਸੀ, ਜੋ ਗੁਰੂ-ਮਹਲ ਮਾਤਾ ਗੁਜਰੀ ਜੀ ਨੇ ਅੱਖੀਂ ਡਿੱਠੀ। ਮਕਾਨਾਂ ਦੀਆਂ ਛੱਤਾਂ 'ਤੇ ਚੜ੍ਹ ਅੱਖੀਂ ਮਾਤਾ ਗੁਜਰੀ ਜੀ ਆਪਣੇ ਸਿਰ ਦੇ ਸਾਈਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਜੂਝਦੇ ਦੇਖ ਰਹੇ ਸਨ। ਇਸੇ ਜੰਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਮਾਲ ਦੀ ਹੁਸ਼ਿਆਰੀ ਤੇ ਬਹਾਦਰੀ ਨਾਲ ਤਲਵਾਰ ਚਲਾਉਂਦੇ ਦੇਖ, ਛੇਵੇਂ ਪਾਤਿਸ਼ਾਹ ਜੀ ਨੇ ਕਿਹਾ ਸੀ :

ਤੂੰ ਤਿਆਗ ਮਲ ਤਾਂ ਨਹੀਂ, ਤੇਗ ਬਹਾਦਰ ਹੈਂ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਸੌਂਪ ਦਿੱਤੀ। (ਗੁਰੂ) ਤੇਗ ਬਹਾਦਰ ਜੀ ਨੇ ਆਪ ਮੱਥਾ ਟੇਕ ਆਗਿਆ ਪਾਲੀ ਸੀ। ਛੇਵੇਂ ਪਾਤਸ਼ਾਹ ਦੇ ਹੁਕਮ ਕਰਨ 'ਤੇ ਹੀ ਆਪ ਜੀ ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨਾਲ ਬਾਬਾ ਬਕਾਲੇ ਆ ਗਏ ਸਨ।

ਬਾਬਾ ਬਕਾਲਾ ਵਿਖੇ ਤਕਰੀਬਨ 21 ਸਾਲ ਜੋ ਤਿਆਗ, ਸੇਵਾ, ਸਿਮਰਨ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਨੇ ਕੀਤਾ ਉਸ ਦੀ ਉਦਾਹਰਣ ਮਿਲਣੀ ਕਠਨ ਹੈ। ਬਾਬਾ ਬਕਾਲਾ ਵਿਖੇ ਕਈ ਘੰਟੇ ਗੁਰਬਾਣੀ ਦਾ ਪਾਠ ਕਰਨ ਦਾ ਜ਼ਿਕਰ ਸਿੱਖ ਇਤਿਹਾਸ ਨੇ ਕੀਤਾ ਹੈ। ਇਹ ਹੀ ਤਪਾਂ ਸਿਰ ਤਪ ਸੀ। ਇਹ ਹੀ ਜੋਗ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿਚ ਇਸ

www.sikhbookclub.com

ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ਕਿ ਮੇਰੇ ਮਾਤਾ (ਗੁਜਰੀ ਜੀ) ਤੇ ਤਾਤ (ਗੁਰੂ ਤੇਗ ਬਹਾਦਰ ਜੀ) ਦੋਵਾਂ ਨੇ ਐਸੀ ਤਪੱਸਿਆ ਕੀਤੀ ਕਿ ਉਸ 'ਤੇ ਵਾਹਿਗੁਰੂ ਪ੍ਰਸੰਨ ਹੋਏ :

**ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥
ਤਾ ਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਆ ॥੪॥**

(ਬਚਿਤ੍ਰ ਨਾਟਕ, ਅਧਿ: ੬)

ਉਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਹਿਗੁਰੂ ਨਾਲ ਇਕ ਮਿਕ ਹੋਏ ਸਨ। ਉਨ੍ਹਾਂ ਦੀ ਘਾਲਣਾ 'ਤੇ ਖ਼ੁਸ਼ ਹੋ ਕੇ ਵਾਹਿਗੁਰੂ ਨੇ ਹੁਕਮ ਦਿੱਤਾ ਕਿ ਮਾਤ-ਲੋਕ ਵਿਚ ਜਾ ਕੇ ਨਿਰਭੈ ਪਦ ਪਾਵਨ ਦੀ ਜਾਚ ਜਗਤ ਨੂੰ ਦੱਸੋ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਅਦੁੱਤੀ ਤਪੱਸਿਆ ਕਰਦੀ ਜੋੜੀ ਦੇ ਘਰ ਹੋਇਆ।

ਮਾਂ ਗੁਜਰੀ ਅਤੇ ਬਾਪ ਗੁਰੂ ਤੇਗ ਬਹਾਦਰ ਜੀ ਨੇ ਐਸੀ ਪਾਲਣ ਪੋਸਣਾ ਕੀਤੀ ਕਿ ਅਖਾਣ ਹੀ ਬਣ ਗਿਆ। ਪਹਿਲਾਂ ਪਟਨਾ ਸਾਹਿਬ 'ਅਨਿਕ ਭਾਤ ਤਨ ਰਛਾ', ਫਿਰ ਅਨੰਦਪੁਰ ਸਾਹਿਬ 'ਭਾਂਤ-ਭਾਂਤ ਦੀ ਸਿਛਾ' ਦਿੱਤੀ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋ ਜਾਣ 'ਤੇ ਜੋ ਹੌਂਸਲਾ ਤੇ ਜੁਰਅਤਿ ਮਾਤਾ ਗੁਜਰੀ ਜੀ ਨੇ ਦਰਸਾਈ, ਉਹ ਵੀ ਦੇਖਣ ਵਾਲੀ ਹੈ। ਜਦ ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਕਟਿਆ ਹੋਇਆ ਪਾਵਨ ਸੀਸ ਭਾਈ ਜੈਤਾ ਜੀ, ਬਿਬਾਨਗੜ੍ਹ (ਕੀਰਤਪੁਰ ਸਾਹਿਬ) ਲੈ ਕੇ ਆਏ ਤੇ ਅਨੰਦਪੁਰ ਖ਼ਬਰ ਭੇਜੀ ਤਾਂ ਮਾਤਾ ਗੁਜਰੀ ਜੀ ਨੇ ਗੁਰੂ ਪਤੀ ਦੇ ਸ਼ਹੀਦ ਸੀਸ ਅੱਗੇ ਸਿਰ ਝੁਕਾ ਕੇ ਕਿਹਾ ਕਿ ਤੁਹਾਡੀ ਨਿਭ ਆਈ। ਇਹ ਹੀ ਬਖਸ਼ਸ਼ ਕਰਨੀ ਕਿ ਮੇਰੀ ਵੀ ਨਿਭ ਜਾਏ। ਸਚਮੁਚ ਮਾਤਾ ਗੁਜਰੀ ਜੀ ਵੀ ਐਸੇ ਨਿਭਾ ਕੇ ਗਏ ਕਿ ਦੁਨੀਆਂ ਦੀਆਂ ਮਾਵਾਂ ਲਈ ਪੂਰਨੇ ਹਨ। ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਹੌਂਸਲਾ ਧਾਰ, ਦ੍ਰਿੜ੍ਹ ਹੋ ਜ਼ੁਲਮ ਵਿਰੁੱਧ ਖੜੇ ਹੋਣ ਲਈ ਵੰਗਾਰ ਪਾਈ ਤਾਂ ਮਾਤਾ ਜੀ ਨੇ ਨਾ ਸਿਰਫ਼ ਚਾਅ ਪ੍ਰਗਟ ਕੀਤਾ ਸਗੋਂ ਹੋਰ ਅਸੀਸਾਂ ਦਿੱਤੀਆਂ। ਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਕਿਹਾ ਸੀ :

ਹੋਵਹੁ ਸੁਜਸ ਪ੍ਰਤਾਪ ਉਚੇਰਾ।

1675 ਤੋਂ 1684 ਤਕ ਆਪ ਅਨੰਦਪੁਰ ਰਹਿ ਕੇ ਜਿਵੇਂ ਮਸੰਦਾਂ ਦੀਆਂ ਚਾਲਾਂ ਉਘੇੜਦੇ ਰਹੇ ਤੇ ਕੌਮ ਵਿਚ ਉਤਸ਼ਾਹ ਕਾਇਮ ਰੱਖਣ ਦੇ ਜਤਨ ਕਰਦੇ ਰਹੇ, ਉਹ ਵੀ ਇਕ ਪੂਰਾ ਇਤਿਹਾਸ ਹੈ। ਆਪ ਜੀ ਦੇ ਲਿਖੇ ਕਿਤਨੇ ਹੀ ਹੁਕਮਨਾਮੇ ਹੋਣਗੇ ਪਰ ਜੋ ਸਾਨੂੰ ਮਿਲ ਸਕੇ ਹਨ, ਉਨ੍ਹਾਂ ਦੀ ਲਿਖਤ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਜੀ ਦ੍ਰਿੜ੍ਹ ਚਿਤ ਸੁਭਾਅ ਦੇ ਧਾਰਨੀ ਸਨ। ਹੱਥ ਲਿਖਤ ਦੀ ਰਵਾਨੀ ਦੱਸਦੀ ਹੈ ਕਿ ਸਰਲ ਚਿਤ ਵੀ ਸਨ। ਗੱਲ ਇਸ ਸਪੱਸ਼ਟਤਾ ਨਾਲ ਲਿਖਦੇ ਹਨ, ਉਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਪ ਜੀ ਵਲ-ਛਲ ਰਹਿਤ ਗੱਲ ਕਰਨ ਦੇ ਸੁਭਾਅ ਵਾਲੇ ਸਨ। ਮਸੰਦਾਂ ਨੂੰ ਜਿਵੇਂ ਤਾੜ ਕੇ ਰੱਖਦੇ ਸਨ, ਉਹ ਇਕ ਹੁਕਮਨਾਮਾ ਤੋਂ ਸਪੱਸ਼ਟ ਹੈ।

www.sikhbookclub.com

ਪਹਿਲੇ ਹੁਕਮਨਾਮੇ ਵਿਚ ਜੋ ਉਨ੍ਹਾਂ ਭਾਈ ਮੱਲਾ ਕੇ ਭਾਈ ਬਾਘਾ ਦੇ ਨਾਂ ਲਿਖਿਆ ਉਸ ਤੋਂ ਜ਼ਾਹਿਰ ਹੈ ਕਿ ਕੁਝ ਧਾੜਵੀਆਂ ਨੇ ਖਚਰ, ਬੈਲ ਚੁਰਾ ਲਏ ਸਨ ਤੇ ਮਾਤਾ ਗੁਜਰੀ ਜੀ ਨੇ ਸੰਗਤਿ ਦੇ ਨਾਂ ਲਿਖਿਆ ਕਿ 'ਸਰਕਾਰ ਦੀ ਖਚਰ ਜਾਣੀ ਪਾਵੈ ਨਾਹੀ, ਮਜਰਾ ਹੋਸ।" ਇਹ ਹੁਕਮਨਾਮਾ ਦਰਸਾਂਦਾ ਹੈ ਕਿ ਮਾਤਾ ਜੀ ਵਿਚ ਡੱਟ ਖਲੋਣ ਦੀ ਤੇ ਅਗਵਾਈ ਕਰਨ ਦੀ ਕਿਤਨੀ ਜੁਰਅਤਿ ਸੀ। ਦੂਜੇ ਹੁਕਮਨਾਮੇ ਵਿਚ ਜੋ ਉਨ੍ਹਾਂ ਸੰਗਤਿ ਧੀਰ ਬਸੀਆ ਜੋਗ ਅਤੇ ਨਾਇਕ ਹਰਿਦਾਸ ਦੇ ਨਾਂ ਖਾਸ ਲਿਖਿਆ, ਉਸ ਵਿਚ ਸਪੱਸ਼ਟ ਲਿਖਿਆ ਕਿ 'ਬਗ਼ੈਰ ਬੋਲਿਆਂ ਚਾਲਿਆਂ ਭੇਜਣਾ' ਭਾਵ ਚੂੰ-ਚਰਾਂ ਕੀਤੇ ਬਗ਼ੈਰ ਸਿੱਧੀ ਤਰ੍ਹਾਂ ਭੇਜਣਾ। ਹੁਕਮਨਾਮੇ ਦੇ ਸ਼ਬਦ ਹਨ :

"ਨਾਇਕ ਹਰਿਦਾਸ ਸਰਬਤਿ ਸੰਗਤ ਗੁਰ ਤੁਸਾਡੀ ਰਖੇਗਾ
ਮੇਵੜੇ ਭੇਜੇ ਹਨ। ਕਾਰ ਭੇਟ ਸੁਖ ਮੰਨਿਤ ਬਗ਼ੈਰ ਬੋਲਿਆ
ਚਲਿਆ ਸਭਨਾ ਜੀਆ ਕਾ ਦੇਣਾ ਕੋਲ ਨਾਹਿ ਰੱਖਣੀ।
ਸਰਬ ਸੰਗਤਿ ਕੇ ਮਨੋਰਥ ਪੂਰੇ ਕਰੇਗਾ।"

ਫਿਰ ਹੇਠਾਂ ਲਿਖਾਰੀ ਨੇ ਵਿਆਖਿਆ ਕਰ ਕੇ ਲਿਖਿਆ ਹੈ ਕਿ ਇਕ ਹਰਿ ਦਾਸ ਨਾਇਕ ਦੀ ਭੇਟ ਆਇਆਂ ਚਿਰ ਹੋ ਗਿਆ ਹੈ। ਸਭ ਭੇਟਾ ਉਹ ਪਾਸ ਹੀ ਰੱਖ ਲੈਂਦਾ ਸੀ ਅਤੇ ਕਈ ਬਹਾਨੇ ਬਣਾ ਕੇ ਭੇਜਦਾ ਸੀ। ਇਥੋਂ ਇਸ ਗੱਲ ਦਾ ਵੀ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਮਸੰਦ ਆਪ ਹੁਦਰੀਆਂ ਕਰਨ ਲੱਗ ਪਏ ਸਨ ਅਤੇ ਮਾਤਾ ਜੀ ਡਾਂਟ ਕੇ ਰੱਖਦੇ ਸਨ ਤੇ ਜਦ ਪਾਣੀ ਸਿਰ ਤੋਂ ਉਤਾਂਹ ਹੋ ਗਿਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਸੰਦ ਪ੍ਰਥਾ ਹੀ ਖ਼ਤਮ ਕਰਨ ਦਾ ਹੁਕਮ ਦਿੱਤਾ।

ਦਾਦੀ ਪੋਤਰਿਆਂ ਦਾ ਪਿਆਰ ਪ੍ਰਸਿੱਧ ਹੈ ਪਰ ਪਿਆਰ ਵਿਚ ਉਹ ਸਿੱਖੀ ਅਸੂਲ ਦ੍ਰਿੜ੍ਹਾਉਣੇ ਨਹੀਂ ਸਨ ਭੁਲਦੇ। ਅੰਮ੍ਰਿਤ ਛਕਾਉਣ ਵੇਲੇ ਵਿਸਾਖੀ ਵਾਲੇ ਦਿਨ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਅੰਮ੍ਰਿਤ ਛਕਿਆ। ਇਹ ਯਾਦ ਰਹੇ ਕਿ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਉਸ ਵੇਲੇ ਮਸਾਂ 4 ਸਾਲ ਦੀ ਸੀ। ਸੈਨਾਪਤਿ ਦਾ ਕਹਿਣਾ ਹੈ :

ਦੇਹ ਖਾਂਡੇ ਕੀ ਪਾਹੁਲ ਤੇਜ ਬਢਾਇਆ।
ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।

ਅਨੰਦਪੁਰ ਦੀ ਪਹਿਲੀ ਜੰਗ (1700) ਵਿਚ ਬਾਬਾ ਅਜੀਤ ਸਿੰਘ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਮਾਨ ਸੰਭਾਲਣ ਦਾ ਹੁਕਮ ਦਿੱਤਾ। ਸੈਨਾਪਤਿ ਦੇ ਹੀ ਸ਼ਬਦਾਂ ਵਿਚ :

ਤਬ ਹੀ ਬਚਨ ਪਾਇ। ਚੜ੍ਹਾਯੋ ਨਗਾਰਾ ਵਾਇ।
ਸਵਾਰ ਪਾਯੋ ਜੀਤ ਸਿੰਘ, ਜੁਧ ਕੇ ਕਰਨੇ ਕੋ।

'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ ਲਿਖਿਆ ਹੈ ਕਿ ਮਾਤਾ ਸੁੰਦਰੀ ਜੀ ਨੇ ਕਿਹਾ ਕਿ ਸਾਹਿਬਜ਼ਾਦਾ ਅਜੇ ਛੋਟਾ ਹੈ ਅਤੇ ਮਾਤਾ ਗੁਜਰੀ ਜੀ ਨੇ ਕਿਹਾ, 'ਛੋਟੇ ਵੱਡੇ ਦੀ ਕੋਈ ਗੱਲ ਨਾ ਕਰੋ। ਸ਼ੇਰਾਂ ਦੇ ਬੱਚੇ ਸ਼ੇਰ ਹੀ ਹੁੰਦੇ ਹਨ। ਜਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਜੰਗ ਜਿੱਤ ਕੇ ਆਏ ਤਾਂ ਮਾਤਾ ਜੀ ਨੇ ਜੱਫੀ ਵਿਚ ਲੈ ਕੇ ਅਸੀਸ ਤੇ ਸ਼ਾਬਾਸ਼ ਦਿੱਤੀ।

ਅਨੰਦਪੁਰ ਛੱਡਣ ਵੇਲੇ ਜਦ ਸਰਸਾ ਤੋਂ ਮਾਤਾ ਜੀ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਰਾਤੀਂ ਖ਼ਜ਼ਾਨੇ ਦੀ ਭਰੀ ਖੁਰਜੀ ਚੁਰਾ ਲਈ ਤਾਂ ਮਾਤਾ ਜੀ ਨੇ ਉਸ ਨੂੰ ਕਿਹਾ :

www.sikhbookclub.com

'ਚੁਰਾਉਣ ਦੀ ਕੀ ਲੋੜ ਸੀ, ਤੂੰ ਮੰਗ ਲੈਂਦਾ ਤਾਂ ਮੈਂ ਕੀ ਨਾਂਹ ਕਰਨੀ ਸੀ।' ਉਸ ਚੋਰ ਨਾਲੇ ਚਤੁਰ ਨੇ ਮੁਰਿੰਡੇ ਥਾਣੇ ਸ਼ਕਾਇਤ ਕੀਤੀ। ਮਾਤਾ ਜੀ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਪਕੜ, ਗੱਡੇ 'ਤੇ ਬਿਠਾ ਕੇ ਸਰਹਿੰਦ ਪਹੁੰਚਾਇਆ ਗਿਆ। ਉਥੇ ਜਿਵੇਂ ਸਾਹਿਬਜ਼ਾਦਿਆਂ ਨੇ ਭਰੀ ਕਚਹਿਰੀ ਵਿਚ ਨਵਾਬ ਤੇ ਸੁੱਚਾ ਨੰਦ ਨੂੰ ਜਵਾਬ ਦਿੱਤੇ, ਉਸ ਨੇ ਸਭ ਨੂੰ ਹੈਰਾਨ ਕੀਤਾ ਪਰ ਸਿੱਖ ਇਤਿਹਾਸ ਪੜ੍ਹਨ ਵਾਲੇ ਨੂੰ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਕਿਉਂਕਿ ਮਾਤਾ ਗੁਜਰੀ ਜੀ ਦੀ ਰੋਜ਼ ਦੀ ਗੁੜ੍ਹਤੀ ਸੀ ਜੋ ਉਨ੍ਹਾਂ ਨੂੰ ਅਡੋਲ ਰੱਖ ਰਹੀ ਸੀ। ਸਾਡੇ ਇਤਿਹਾਸ ਵਿਚ ਲਿਖਿਆ ਹੈ :

ਜਦ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਲੈ ਜਾਣ ਲਈ ਪਿਆਦੇ ਆਏ ਤਾਂ ਮਾਤਾ ਗੁਜਰੀ ਜੀ ਨੇ ਕਮਾਲ ਧੀਰਜ ਨਾਲ ਉਹਨਾਂ ਦੇ ਮੁਖ ਧੋ ਕੇ ਦਸਤਾਰਾਂ ਸਜਾਈਆਂ ਅਤੇ ਕਿਹਾ :

'ਬੇਟਾ ! ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਹੋ। ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹੋ, ਕਿਸੇ ਅੱਗੇ ਸਿਰ ਨਹੀਂ ਝੁਕਾਉਣਾ। ਕਚਹਿਰੀ ਵਿਚ ਜਾ ਕੇ ਗੱਜ ਕੇ ਫਤਹਿ ਬੁਲਾਉਣੀ ਅਤੇ ਅਡੋਲ ਖੜੇ ਰਹਿਣਾ। ਕੋਈ ਐਸੀ ਗੱਲ ਨਾ ਕਹਿਣੀ ਜਿਸ ਨਾਲ ਗੁਰੂ ਸਾਹਿਬਾਂ ਨੂੰ ਵੱਟਾ ਲੱਗੇ।' ਉਸ ਸਮੇਂ ਸਾਹਿਬਜ਼ਾਦਿਆਂ ਵੀ ਮੋੜਵਾਂ ਇਹ ਕਿਹਾ ਸੀ :

ਧਨ ਭਾਗ ਹਮਰੈ ਹੈਂ ਮਾਈ।
ਧਰਮ ਹੇਤਿ ਤਨ ਜੇਕਰ ਜਾਈ। (ਪੰਥ ਪ੍ਰਕਾਸ਼)

ਇਹ ਵੀ ਲਿਖਿਆ ਹੈ ਕਿ :

ਨਵਾਬ ਨੇ ਚਾਲ ਚੱਲੀ ਸੀ ਕਿ ਕਚਹਿਰੀ ਦਾ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਜਾਵੇ, ਛੋਟੀ ਖਿੜਕੀ ਹੀ ਖੁੱਲ੍ਹੀ ਰੱਖੀ ਜਾਵੇ। ਇਸ ਤਰ੍ਹਾਂ ਜਦ ਸਾਹਿਬਜ਼ਾਦੇ ਅੰਦਰ ਆਉਣਗੇ ਤਾਂ ਆਪਣੇ ਆਪ ਸਾਹਿਬਜ਼ਾਦਿਆਂ ਦਾ ਸਿਰ ਝੁਕ ਜਾਵੇਗਾ ਤੇ ਅਹਿਲਕਾਰ ਤਾੜੀ ਮਾਰ ਦੇਣਗੇ।

ਪਰ ਸਾਹਿਬਜ਼ਾਦੇ ਚਾਲ ਸਮਝ ਗਏ ਤੇ ਕਚਹਿਰੀ ਵਿਚ ਜਾਂਦਿਆਂ ਹੀ ਪਹਿਲਾਂ ਆਪਣੇ ਪੈਰ ਅੰਦਰ ਕੀਤੇ ਤੇ ਫਿਰ ਸਿਰ ਅਤੇ ਜਾਂਦਿਆਂ ਹੀ ਗੱਜ ਕੇ 'ਵਾਹਿਗੁਰੂ ਜੀ ਕੀ ਫਤਹਿ' ਬੁਲਾਈ।

'ਮਹਿਮਾ ਪ੍ਰਕਾਸ਼' ਦੀ ਸਾਖੀ ੨੨ ਵਿਚ ਲਿਖਿਆ ਹੈ, ਸੁਚਾ ਨੰਦ ਨੇ ਕਿਹਾ ਸੂਬੇ ਕੋ ਸਲਾਮ ਕਰੋ।

ਤਦ ਸਾਹਿਬਜ਼ਾਦਿਆਂ ਬਚਨ ਕੀਆ, ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ, ਅਉਰ ਕੋ ਨਹੀਂ ਕਰਤੇ।

ਨਹਿਰ ਜਬ ਮਸਤਕ ਸਨਮੁਖ ਟੇਕਹਿ।
ਸੀਸ ਉਲਟ ਮੁੜ ਪਾਛੇ ਪੇਖਹਿ।
ਬਹੁਰ ਕਹੀ ਚੁਸਤ ਯਹਿ ਬਾਨੀ।
ਦੇਖੋ ਬਾਲਕ ਯਹਿ ਅਭਿਮਾਨੀ।

ਜੋਗੀ ਅਲਾਹ ਯਾਰ ਖਾਨ ਨੇ ਵੀ ਖ਼ੂਬ ਲਿਖਿਆ ਹੈ :

ਥੀ ਪਿਆਰੀ ਸੂਰਤੋਂ ਸੇ ਸਜ਼ਾ ਅਤ ਬਰਸ ਰਹੀ।
ਨੰਨੀ ਸੀ ਮੂਰਤੋਂ ਸੇ ਬੀ ਜੁਰਅਤਿ ਬਰਸ ਰਹੀ।
ਰੁਖ ਪਰ ਨਵਾਬ ਕੇ ਬੀ ਸ਼ਕਾਵਤ ਬਰਸ ਰਹੀ।
ਰਾਜੋਂ ਕੇ ਮੂੰਹ ਪਿ ਸਾਫ਼ ਥੀ, ਲਾਹਨਤ ਬਰਸ ਰਹੀ।

www.sikhbookclub.com

ਕਥਾ ਗੁਰੂ ਜੀ ਦੇ ਸੁਤਨ ਕੀ। ਕਿਰਤ ਭਾਈ ਦੂਨਾ ਸਿੰਘ ਹੰਡੂਰੀਆ ਵਿਚ ਵੀ ਲਿਖਿਆ ਹੈ ਕਿ ਸੁੱਚਾ ਨੰਦ ਨੇ ਨਵਾਬ ਨੂੰ ਕਿਹਾ ਸੀ :

ਨੀਕੇ ਬਾਲਕ ਤੁਮ ਮਤ ਜਾਨਹੁ।
ਨਾਗਹੁ ਕੇ ਇਹ ਪੁਤ ਬਖਾਨਹੁ।
ਅਤੇ ਤਬ ਦੁਸ਼ਟ ਐਸੇ ਫੁਨ ਕਹੇ,
ਮਸਤਕ ਸਨਮੁਖ ਟੇਕਹੁ ਅਹੇ।

ਇਕ ਸਾਖੀ 'ਬੀਰ ਮ੍ਰਿਗੇਸ਼' ਵਿਚ ਵੀ ਲਿਖੀ ਹੈ ਕਿ ਇਸੇ ਸੁਚਾ ਨੰਦ, ਜੋ ਰਿਸ਼ਤੇ ਵਿਚ ਚੰਦੂ ਦੇ ਪੁੱਤਰ ਦਾ ਕੁੜਮ ਸੀ, ਨੇ ਨਵਾਬ ਨੂੰ ਕਿਹਾ ਕਿ ਇਹ ਬਾਲਕ ਨਹੀਓਂ। ਇਹਨਾਂ ਦੇ ਲੱਛਣ ਬਾਲਾਂ ਵਾਲੇ ਨਹੀਂ। ਇਹ ਹੁਣੇ ਦੇਖ ਲੈਂਦੇ ਹਾਂ ਕਿ ਇਹ ਬਾਲਕ ਹਨ ਜਾਂ ਸਿਆਣੇ। ਉਸ ਨੇ ਵਿਉਂਤ ਅਨੁਸਾਰ ਬਾਹਰ ਕਚਹਿਰੀ ਤਿੰਨ ਦੁਕਾਨਾਂ ਪਵਾ ਦਿੱਤੀਆਂ। ਇਕ ਵਿਚ ਖਿਡੌਣੇ, ਦੂਜੀ ਵਿਚ ਮਿਠਾਈ ਤੇ ਤੀਜੀ ਵਿਚ ਹਥਿਆਰ, ਸ਼ਸਤਰ। ਜਦ ਸਾਹਿਬਜ਼ਾਦਿਆਂ ਨੂੰ ਇਹ ਦੇਖਣ ਲਈ ਕਿ ਉਹ ਬਾਲ ਹਨ ਜਾਂ ਯੋਧੇ, ਛੱਡਿਆ ਗਿਆ ਤਾਂ ਉਹ ਧਾ ਕੇ ਸ਼ਸਤਰਾਂ ਨੂੰ ਪਏ। ਇਕ ਨੇ ਤੀਰ ਕਮਾਨ ਉਠਾ ਲਿਆ ਤੇ ਦੂਜੇ ਨੇ ਨੇਜ਼ਾ ਅਤੇ ਦੌੜਦੇ ਕਚਹਿਰੀ ਵਿਚ ਆ ਗਏ।

ਫਿਰ ਜਦ ਕਲਮਾ ਪੜ੍ਹਨ ਲਈ ਬੱਚਿਆਂ ਨੂੰ ਕਿਹਾ ਗਿਆ ਤਾਂ ਉਹ ਬਾਲਕ ਨਾ ਮੰਨੇ ਤੇ ਨੀਹਾਂ ਵਿਚ ਚਿਨਾਏ ਗਏ ਅਤੇ ਸੀਸ ਦੇ ਦਿੱਤੇ। ਮਾਤਾ ਜੀ ਨੇ ਵੀ 'ਆਪਣੇ ਜੌਹਰ ਨਾਲ' ਭਾਵ ਸਮਾਧੀ ਸਥਿਤ ਹੋ ਕੇ ਪ੍ਰਾਣ ਤਿਆਗ ਦਿੱਤੇ। ਦੂਨਾ ਸਿੰਘ ਦੇ ਹੀ ਸ਼ਬਦਾਂ ਵਿਚ :

ਸੋ ਨਾ ਮੰਨੇ ਤਿਨ ਸੀਸ ਦਯੋ,
ਜਿਮ ਤੇਗ ਬਹਾਦਰ ਬਾਤ ਚਲਾਨੀ।
ਮਾਤ ਚਲੀ ਕਰ ਜੌਹਰ ਆਪਹਿ,
ਹਾਇ ਸੁ ਹਾਇ ਕਹੈ ਜਗ ਬਾਨੀ ॥੧੪॥

ਇਹ ਵੀ ਲਿਖਿਆ ਹੈ ਕਿ ਨੀਹਾਂ ਵਿਚ ਚਿਣੇ ਜਾਣ ਵੇਲੇ ਸਾਹਿਬਜ਼ਾਦੇ ਇਕ ਦੂਜੇ ਨੂੰ ਇਹ ਵੀ ਆਖ ਰਹੇ ਸਨ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਅਤੇ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ। ਜੇ ਅਸੀਂ ਰਤਾ ਕੁ ਵੀ ਕਮਜ਼ੋਰੀ ਦਿਖਾਈ ਤਾਂ ਦਸ ਗੁਰੂ ਸਾਹਿਬਾਨ ਨੂੰ ਲਾਜ ਆਵੇਗੀ :

ਫਤੇਹ ਸਿੰਘ ਤਬ ਕਹਯੋ ਬਖਾਨ,
ਦਸ ਪਾਤਸ਼ਾਹੀ ਹੋਵੈ ਹਾਨ।

'ਪੰਥ ਪ੍ਰਕਾਸ਼' ਦੇ ਲਿਖੇ ਅਨੁਸਾਰ ਇਹ ਬਚਨ ਵੀ ਕਹੇ ਸਨ :

ਹਮਰੇ ਬੰਸ ਰੀਤ ਇਮ ਆਈ।
ਸੀਸ ਦੇਤ ਪਰ ਧਰਮ ਨ ਜਾਈ।

ਕੈਸਾ ਸੁੰਦਰ ਲਿਖਿਆ ਹੈ ਜੋਗੀ ਅੱਲ੍ਹਾ ਯਾਰ ਖਾਂ ਨੇ ਕਿ ਨੀਹਾਂ ਵਿਚ ਚਿਣਦੇ ਇਹ ਹੀ ਕਹਿੰਦੇ ਰਹੇ :

ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।
ਸਰ ਕੌਮ ਸੇ ਬਚਾਨਾ ਯਿ ਗੈਰਤ ਸੇ ਦੂਰ ਥਾ।

www.sikhbookclub.com

ਤਿੰਨਾਂ ਦਾ ਇਕੱਠਿਆਂ ਹੀ ਸਸਕਾਰ 28 ਦਸੰਬਰ 1704 ਨੂੰ ਜਯੋਤੀ ਸਰੂਪ ਵਾਲੀ ਥਾਂ ਕੀਤਾ ਗਿਆ।

ਇਹ ਵੀ ਚੇਤਾ ਰਹੇ ਕਿ ਸੰਸਾਰ ਦੀ ਸਭ ਤੋਂ ਕੀਮਤੀ ਜ਼ਮੀਨ ਇਹ ਹੀ ਹੈ ਜੋ ਟੋਡਰ ਮਲ ਜੀ ਨੇ ਲੱਖਾਂ ਦੀ ਮਾਲੀਅਤ ਦੀਆਂ ਮੁਹਰਾਂ ਵਿਛਾ ਕੇ ਲਈ ਅਤੇ ਸਭ ਤੋਂ ਕੀਮਤੀ ਵਿਚਾਰ ਵੀ ਉਹੀ ਦਿੱਤਾ ਜਾ ਰਿਹਾ ਹੈ ਕਿ ਦਾਦੀ ਦਾ ਇਹ ਫ਼ਰਜ਼ ਹੈ ਕਿ ਪੋਤਰਿਆਂ ਦੀ ਪਾਲਣਾ ਹੀ ਨਾ ਕਰੇ, ਲਾਡ ਹੀ ਨਾ ਲਡਾਂਦੀ ਫਿਰੇ ਸਗੋਂ ਧਰਮ ਦ੍ਰਿੜ੍ਹ ਕਰਾਏ ਜਿਵੇਂ ਮਾਤਾ ਗੁਜਰੀ ਜੀ ਨੇ ਕਰਾਇਆ।

ਸਸਕਾਰ ਤਾਂ ਤਿੰਨਾਂ ਮਾਤਾ ਗੁਜਰੀ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਜੀ ਦਾ ਇਕੱਠਾ ਹੀ ਚੰਦਨ ਦੀ ਚਿਖਾ ਬਣਾ ਕੇ ਕੀਤਾ ਗਿਆ ਪਰ ਜਦ ਯਾਦਗਾਰਾਂ ਬਣਾਈਆਂ ਗਈਆਂ ਸੀ ਤਾਂ ਸਾਹਿਬਜ਼ਾਦਿਆਂ ਦੀਆਂ ਅੰਦਰ ਚਾਰ ਦੀਵਾਰੀ ਵਿਚ ਅਤੇ ਮਾਤਾ ਗੁਜਰੀ ਜੀ ਦੀ ਬਾਹਰ ਦਲੀਜ਼ 'ਤੇ। ਇਹ ਇਸ ਲਈ ਕੀਤਾ ਗਿਆ ਤਾਂ ਕਿ ਪ੍ਰਗਟ ਰਹੇ ਕਿ ਦਾਦੀ ਦਾ ਕੀ ਫ਼ਰਜ਼ ਹੈ। ਦਾਦੀ ਅੱਜ ਵੀ ਦਲੀਜ਼ 'ਤੇ ਬੈਠ ਕੇ ਬੱਚਿਆਂ ਦਾ ਰਾਖੀ ਕਰਦੀ ਪਈ ਹੈ।

(2/1990)

www.sikhbookclub.com

ਪਾਂਵਟਾ ਸਾਹਿਬ ਤੇ ਅਨੰਦਪੁਰ

ਹਿਮਾਚਲ ਪ੍ਰਦੇਸ਼ ਵਿਚ ਨਾਹਨ (ਸਿਰਮੌਰ) ਦੀ ਰਿਆਸਤ ਬੜੀ ਪ੍ਰਸਿੱਧ ਹੈ। ਮੇਦਨੀ ਪ੍ਰਕਾਸ਼ ਇਸ ਰਿਆਸਤ ਦਾ ਰਾਜਾ ਸੀ। ਮੇਦਨੀ ਪ੍ਰਕਾਸ਼ ਦੀ ਦਰਸ਼ਨੀ ਤਾਂਘ ਵਜੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਹਨ ਰਿਆਸਤ ਵਿਚ ਗਏ ਸਨ। ਚੂੰਕਿ ਗੁਰੂ ਸਾਹਿਬ ਜੀ ਨੇ ਇਥੇ ਪੈਰ ਪਾਏ ਸਨ, ਇਸ ਕਰਕੇ ਇਸ ਅਸਥਾਨ ਦਾ ਨਾਮ 'ਪਾਂਵਟਾ ਸਾਹਿਬ' ਪ੍ਰਸਿੱਧ ਹੋ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਪਾਂਵਟਾ ਸਾਹਿਬ ਦਾ ਇਸ ਤਰ੍ਹਾਂ ਜ਼ਿਕਰ ਕਰਦੇ ਹਨ :

(ੳ) ਦੇਸ ਚਾਲ ਹਮ ਤੇ ਪੁਨਿ ਭਈ ॥
ਸਹਰ ਪਾਂਵਟਾ ਕੀ ਸੁਧਿ ਲਈ ॥
ਕਾਲਿੰਦ੍ਰੀ ਤਟਿ ਕਰੇ ਬਿਲਾਸਾ ॥
ਅਨਿਕ ਭਾਂਤ ਕੇ ਪੇਖ ਤਮਾਸਾ ॥੨॥ *(ਅਧਿ: ੮)*

(ਅ) ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ ॥
ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ ॥੨੪੯੦॥ *(ਕ੍ਰਿਸ਼ਨਾਵਤਾਰ)*

'ਪਾਂਵਟਾ ਸਾਹਿਬ' ਦਾ ਸਿੱਖ ਇਤਿਹਾਸ ਤੇ ਸਿੱਖ ਸਾਹਿਤ ਵਿਚ ਇਕ ਵਿਸ਼ੇਸ਼ ਤੇ ਮਹੱਤਵ ਪੂਰਨ ਅਸਥਾਨ ਹੈ। ਵਿਸ਼ੇਸ਼ ਇਸ ਕਰਕੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦਾ ਪਹਿਲਾ ਯੁੱਧ, ਜਿਸ ਨੂੰ ਭੰਗਾਣੀ ਦਾ ਯੁੱਧ ਕਿਹਾ ਜਾਂਦਾ ਹੈ, 1698 ਈਸਵੀ ਵਿਚ ਇਥੇ ਹੀ ਰਿਆਸਤੀ ਰਾਜਿਆਂ ਨਾਲ ਲੜਿਆ ਸੀ ਅਤੇ ਜਿੱਤ ਪ੍ਰਾਪਤ ਕੀਤੀ ਸੀ। ਦੂਜਾ ਇਸ ਅਸਥਾਨ ਦਾ ਪ੍ਰਕਿਰਤਕ ਵਾਤਾਵਰਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਜੂ ਤੇ ਕਾਵਿਕ ਬਿਰਤੀਆਂ ਨੂੰ ਪ੍ਰਚੰਡ ਕਰਨ ਦਾ ਸਾਧਨ ਬਣਦਾ ਹੈ। ਤੀਜਾ ਪਾਂਵਟਾ ਸਾਹਿਬ ਦੀ ਧਰਤੀ ਦੇ ਆਲੇ-ਦੁਆਲੇ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਿਕਾਰ ਖੇਡਣਾ, ਸਿੱਖਾਂ ਨੂੰ ਮਿਲਟਰੀ ਸਿੱਖਿਆ ਦੇਣੀ, ਸੈਨਿਕ-ਸ਼ਕਤੀ ਨੂੰ ਕੇਂਦਰਿਤ ਕਰਨਾ, ਫ਼ੌਜੀ ਗਿਣਤੀ ਨੂੰ ਵਧਾਉਣਾ, ਖ਼ਾਸ ਕਰਕੇ ਪੀਰ ਬੁੱਧੂ ਸ਼ਾਹ ਦਾ ਪੰਜ ਸੌ ਪਠਾਣਾਂ ਨੂੰ ਇਥੇ ਹੀ ਆ ਭਰਤੀ ਕਰਾਉਣਾ ਇਹ ਕਰਤੱਵ ਪਾਂਵਟਾ ਸਾਹਿਬ ਨੂੰ ਸੈਨਿਕ-ਕੇਂਦਰ ਨੀਯਤ ਕਰਦੇ ਹਨ ਤੇ ਇਸ ਤਰ੍ਹਾਂ ਇਸ ਧਰਤੀ ਨੂੰ ਫ਼ੌਜੀ ਸ਼ਕਤੀ ਦਾ ਕੇਂਦਰ ਬਣਾਉਣਾ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਿਕ ਦਿੱਬ-ਦ੍ਰਿਸ਼ਟੀ ਦਾ ਲਖਾਇਕ ਹੈ ਅਤੇ ਮਿਲਟਰੀ ਕਰਤਵਾਂ ਦੀ ਡੂੰਘੀ ਜਾਣਕਾਰੀ ਦਾ ਸਿੱਟਾ ਹੈ। ਮਹੱਤਵਪੂਰਨ ਇਸ ਕਰਕੇ ਕਿ ਇਹੀ ਪਾਂਵਟਾ ਸਾਹਿਬ ਦੀ ਧਰਤੀ ਹੈ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਗਪਗ ਤਿੰਨ ਸਾਲ ਰਹਿ ਕੇ ਇਸ ਧਰਤੀ ਨੂੰ ਸਾਹਿਤਕ ਕੇਂਦਰ ਵੀ ਬਣਾਇਆ ਹੈ। ਇਸ ਪਾਂਵਟਾ ਦੀ ਧਰਤੀ 'ਤੇ ਹੀ 52 ਕਵੀ ਜੁੜਦੇ, ਕਾਵਿ-ਸੰਮੇਲਨ ਤੇ ਕਾਵਿ-ਮੁਕਾਬਲੇ ਵੀ

www.sikhbookclub.com

ਇਥੇ ਹੁੰਦੇ ਸਨ। ਅਨੇਕਾਂ ਗ੍ਰੰਥਾਂ ਦੇ ਅਨੁਵਾਦ ਵੀ ਇਥੇ ਹੋਏ ਹੋਣਗੇ। ਇਸੇ ਸਥਾਨ 'ਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਵੀ ਬਾਣੀ ਰਚੀ ਹੈ। ਜਾਪੁ ਸਾਹਿਬ ਤੇ ਅਕਾਲ ਉਸਤਤਿ ਇਸੇ ਸਥਾਨ 'ਤੇ ਹੀ ਰਚੀਆਂ ਗਈਆਂ ਬਾਣੀਆਂ ਹਨ। ਚੰਡੀ ਦੀ ਵਾਰ ਦਾ ਰਚਨ ਸਥਾਨ ਵੀ ਇਹੀ ਮੰਨਿਆ ਜਾਂਦਾ ਹੈ। ਹੋਰ ਵੀ ਗ੍ਰੰਥਾਂ ਦੀ ਰਚਨਾ ਇਥੇ ਹੋਈ ਹੈ। 'ਬਚਿਤ੍ਰ ਨਾਟਕ' ਇਸ ਸਥਾਨ ਦੀ ਪ੍ਰੋੜ੍ਹਤਾ ਕਰਦਾ ਹੈ :

ਨਗਰ ਪਾਵਟਾ ਮੋ ਤੁਮੇ ਰਚਿਯੋ ਗ੍ਰੰਥ ਸੁਧਾਰ ॥

ਇਸ ਤਰ੍ਹਾਂ ਪਾਂਵਟਾ ਸਾਹਿਬ ਸੈਨਿਕ ਤੇ ਸਾਹਿਤਕ, ਦੋਹਾਂ ਸ਼ਕਤੀਆਂ ਦਾ ਕੇਂਦਰ ਬਣਿਆ ਰਿਹਾ ਹੈ ਤੇ ਇਸ ਧਰਤੀ ਨੂੰ ਸੈਨਾ ਤੇ ਸਾਹਿਤ ਦੋਹਾਂ ਦਾ ਕੇਂਦਰ ਸਥਾਪਿਤ ਕਰਨਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੂਰ-ਦਰਸ਼ੀ ਪਾਰ-ਦਰਸ਼ੀ ਦ੍ਰਿਸ਼ਟੀ ਦਾ ਪ੍ਰਮਾਣ ਹੈ। ਉਨ੍ਹਾਂ ਦੀ ਮਿਲਟਰੀ ਤੇ ਸਾਹਿਤਕ ਦੋਹਾਂ ਤਰ੍ਹਾਂ ਦੀ ਵਿਸ਼ਾਲ ਜਾਣਕਾਰੀ ਦਾ ਸਿੱਟਾ ਹੈ, ਉਨ੍ਹਾਂ ਦੇ ਕਵੀ ਭਗਤ ਤੇ ਜੋਧੇ ਹੋਣ ਦਾ ਪ੍ਰਤੀਕ ਹੈ। ਭਗਤੀ ਤੇ ਸੰਗਰਾਮ ਲਈ ਇਹ ਪਾਂਵਟਾ ਸਾਹਿਬ ਦੀ ਧਰਤੀ ਬੜੀ ਹੀ ਉਪਯੋਗੀ ਹੈ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨੌਜਵਾਨੀ ਦੇ ਸੁਨਹਿਰੀ ਤਿੰਨ ਸਾਲ ਇਥੇ ਹੀ ਗੁਜ਼ਾਰੇ ਸਨ।

ਇਨ੍ਹਾਂ ਤਿੰਨਾਂ ਸਾਲਾਂ ਦਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੈਨਿਕ ਤੇ ਸਾਹਿਤਕ ਜੀਵਨ ਵਿਚ ਬੜਾ ਮਹੱਤਵਪੂਰਨ ਸਥਾਨ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸ੍ਰੀ ਅਨੰਦਪੁਰ ਸਾਹਿਬ

'ਬਚਿਤ੍ਰ ਨਾਟਕ' ਦੀਆਂ ਇਹ ਤੁਕਾਂ ਵਾਚਣ ਯੋਗ ਹਨ :

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ ॥
ਕਾਹਲੂਰ ਮੈਂ ਬਾਂਧਿਯੋ, ਆਨ ਆਨੰਦਪੁਰ ਗਾਂਵ ॥੩੯॥ *(ਅਧਿ: ੮)*

'ਕਹਿਲੂਰ' ਪੰਜਾਬ ਦੀ ਇਕ ਰਿਆਸਤ ਹੈ ਤੇ ਮਾਖੋਵਾਲ ਇਸ ਰਿਆਸਤ ਵਿਚ ਇਕ ਪਿੰਡ ਹੈ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮੁਲ ਖਰੀਦ ਕੇ ਆਪਣਾ ਨਿਵਾਸ ਸਥਾਨ ਸਥਾਪਨ ਕੀਤਾ। ਇੰਜ ਜਾਪਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਟਨੇ ਤੋਂ ਮਦਰ ਦੇਸ ਆਉਣ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣਾ ਨਿਵਾਸ ਅਨੰਦਪੁਰ ਸਾਹਿਬ ਵਿਚ ਹੀ ਕਰਦੇ ਸਨ। ਇਸੇ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਮਾਤਾ ਸਮੇਤ ਉਤਰ ਪ੍ਰਦੇਸ਼ ਦੀ ਯਾਤਰਾ ਕਰਦੇ, ਸਿੱਧਾ ਅਨੰਦਪੁਰ ਸਾਹਿਬ ਹੀ ਪਹੁੰਚਦੇ ਹਨ ਤੇ ਇਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਛਤਰ-ਛਾਇਆ ਹੇਠ ਗੋਬਿੰਦ-ਸੂਰੇ ਦਾ ਵਿਦਿਆ-ਪ੍ਰਬੰਧ ਕਰਦੇ ਹਨ। ਇਸੇ ਅਨੰਦਪੁਰ ਨੂੰ ਹੀ ਗੁਰੂ ਨਾਨਕ ਗੱਦੀ ਦਾ ਕੇਂਦਰ ਸਥਾਪਨ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਦਾ ਵਾਰਸ ਬਣਾ ਕੇ ਉਹ ਸ਼ਹਾਦਤ ਦੇਣ ਵਾਸਤੇ ਦਿੱਲੀ ਵਲ ਆਉਂਦੇ ਹਨ। ਪਿੱਛੋਂ ਇਹ ਅਨੰਦਪੁਰ ਨਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਿਵਾਸ-ਅਸਥਾਨ ਹੀ ਰਹਿੰਦਾ ਹੈ, ਸਗੋਂ ਸਿੱਖ-ਸ਼ਕਤੀ ਦਾ ਕੇਂਦਰ; ਸਿੱਖ ਸਾਹਿਤ ਦਾ ਕੇਂਦਰ, ਖਾਲਸੇ ਦਾ ਜਨਮ ਸਥਾਨ, ਆਤਮਿਕ ਮੰਡਲ ਦਾ ਵਾਸਾ, ਸਿੱਖ ਕੌਮ ਦਾ ਇਤਿਹਾਸਕ ਤਖ਼ਤ ਵੀ ਬਣ ਜਾਂਦਾ ਹੈ। ਅੱਜ ਅਨੰਦਪੁਰ ਸਾਹਿਬ ਦੀ ਮਹੱਤਤਾ ਇਨ੍ਹਾਂ ਵਿਸ਼ੇਸ਼ਤਾਈਆਂ ਕਰਕੇ ਹੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਲਗਪਗ 27 ਸਾਲ ਅਨੰਦਪੁਰ ਸਾਹਿਬ

www.sikhbookclub.com

ਵਿਚ ਹੀ ਬਿਤਾਏ ਹਨ। ਦਸ ਸਾਲ ਬਾਲ ਉਮਰ ਵਿਚ (6 ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਪਹੁੰਚਦੇ ਹਨ ਤੇ 16 ਸਾਲ ਦੀ ਉਮਰ ਤਕ, ਉਹ ਇਥੇ ਹੀ ਰਹਿੰਦੇ ਹਨ), 1687 ਸੰਨ ਵਿਚ ਆਪ ਪਾਂਵਟੇ ਤੋਂ ਫਿਰ ਅਨੰਦਪੁਰ ਸਾਹਿਬ ਆਏ ਤੇ 1687 ਤੋਂ ਲੈ ਕੇ ਦਸੰਬਰ 1704 ਤਕ, 17 ਸਾਲ ਆਪ ਇਥੇ ਹੀ ਰਹੇ। ਇੰਞ ਜਾਪਦਾ ਹੈ ਕਿ ਅਨੰਦਪੁਰ ਸਾਹਿਬ ਦੀ ਧਰਤੀ ਵਿਚ ਕੁਝ ਵਿਸ਼ੇਸ਼ ਆਤਮਿਕ ਅਨੰਦ ਸੀ, ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਨੂੰ ਪ੍ਰਭੂ ਸੁਰਤਿ ਵਿਚ ਪੂਰਨ ਰੂਪ ਵਿਚ ਜੋੜੀ ਰੱਖਿਆ।

'ਅਨੰਦਪੁਰ' ਬੇਗਮਪੁਰਾ ਦਾ ਪ੍ਰਤੀਕ ਵੀ ਹੈ। ਬੇਗਮਪੁਰਾ ਆਤਮਾ ਦੀ ਉਹ ਅਵਸਥਾ ਹੈ, ਜਿਥੇ ਪਦਾਰਥਕ ਗ਼ਮ ਆ ਕੇ ਮੁੱਕ ਜਾਂਦੇ ਹਨ, ਮਨੁੱਖੀ ਆਤਮਾ ਦੁਨਿਆਵੀ ਜੰਜਾਲਾਂ ਤੋਂ ਮੁਕਤ ਹੋ ਜਾਂਦੀ ਹੈ। ਵਿਸ ਗੰਦਲਾਂ ਤੋਂ ਮੁਕਤੀ ਪ੍ਰਾਪਤ ਕਰਨੀ ਅਨੰਦਪੁਰ ਦਾ ਵਾਸੀ ਹੋਣਾ ਹੈ, 'ਪ੍ਰਮਾਰਥਕ ਅਨੰਦ' ਦਾ ਮਾਣਨ ਵਾਲਾ ਹੋਣਾ ਹੈ। 'ਅੰਮ੍ਰਿਤ' ਛਕਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਸਿੱਖਿਆ ਦੇਣੀ ਕਿ ਅੱਜ ਤੋਂ ਤੁਹਾਡਾ ਜਨਮ ਸਥਾਨ ਅਨੰਦਪੁਰ ਹੈ, ਤੁਸਾਂ ਆਪਣੇ ਆਪ ਨੂੰ ਅਨੰਦਪੁਰ ਦਾ ਵਾਸੀ ਦੱਸਣਾ ਹੈ। ਇਸ ਸਿੱਖਿਆ ਵਿਚ ਰਹੱਸ ਇਹੀ ਹੈ ਕਿ 'ਖਾਲਸਾ ਪੰਥ' ਦਾ ਜੀਵਨ ਅਨੰਦਮਈ ਹੈ, ਉਸ ਨੇ ਹਮੇਸ਼ਾਂ ਆਤਮਿਕ ਅਨੰਦ ਦਾ ਵਾਸੀ ਰਹਿਣਾ ਹੈ; ਕਿਉਂਕਿ ਉਸ ਦਾ ਜਨਮ ਅਨੰਦਪੁਰ ਵਿੱਚੋਂ ਹੋਇਆ ਹੈ, ਆਤਮਿਕ ਅਨੰਦ ਦੀ ਅਵਸਥਾ ਵਿੱਚੋਂ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੀ ਉਮਰ ਦਾ ਹਿੱਸਾ ਇਥੇ ਬਿਤਾਣਾ ਇਹ ਦੱਸਦਾ ਹੈ ਕਿ ਉਨ੍ਹਾਂ ਨੂੰ ਇਥੋਂ ਆਤਮਿਕ ਅਨੰਦ ਪ੍ਰਾਪਤ ਹੁੰਦਾ ਸੀ, ਭਾਵੇਂ ਸੈਰ ਕਰ ਕੇ, ਸ਼ਿਕਾਰ ਖੇਡ ਕੇ, ਮੁਗ਼ਲਾਂ ਤੇ ਰਾਜਿਆਂ ਨਾਲ ਯੁੱਧ ਕਰ ਕੇ; ਸਿੱਖ ਜਥੇਬੰਦੀ ਨੂੰ ਪੂਰਨਤਾ ਪ੍ਰਦਾਨ ਕਰਨ ਕਰ ਕੇ, ਜਾਂ ਆਪਣੇ ਆਦਰਸ਼ ਦੀ ਪ੍ਰਾਪਤੀ ਵਾਸਤੇ ਕਿਲ੍ਹੇ ਬਣਾ ਕੇ, ਕਵੀ-ਦਰਬਾਰ ਲਗਵਾ ਕੇ, ਪ੍ਰਾਚੀਨ ਸਾਹਿਤਕ ਵਿਰਸਾ ਉਲਥਾ ਕੇ, ਸਰਬੰਸ-ਵਾਰ ਕੇ। ਇੰਞ ਜਾਪਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਅਨੰਦਪੁਰ ਸਾਹਿਬ ਦ੍ਵੈ ਤੋਂ ਇਕ ਹੋ ਗਏ ਸਨ। ਅਨੰਦਪੁਰ ਸਾਹਿਬ ਵਿਚ ਉਨ੍ਹਾਂ ਦੀ ਵਿਸ਼ੇਸ਼ ਲਿਵ ਸੀ, ਵਿਸ਼ੇਸ਼ ਲਗਨ ਸੀ, ਸ਼ਾਇਦ ਇਸੇ ਲਈ ਸ੍ਵੈ-ਰੱਖਿਆ ਤੇ ਪਰ-ਰੱਖਿਆ ਹਿੱਤ, ਉਨ੍ਹਾਂ ਅਨੰਦਪੁਰ ਸਾਹਿਬ ਨੂੰ ਹੀ ਸਾਰੇ ਪੰਜਾਬ ਵਿੱਚੋਂ ਵਿਸ਼ੇਸ਼ ਸਥਾਨ ਚੁਣਿਆ। ਪੰਜ ਕਿਲ੍ਹੇ ਵੀ ਇਥੇ ਉਸਾਰੇ। ਮੁਗ਼ਲਾਂ ਨਾਲ ਮੁਕਾਬਲਾ ਕਰਨ ਵਾਸਤੇ, ਇਸੇ ਨੂੰ ਹੀ ਆਪਣੀ ਸੈਨਿਕ-ਸ਼ਕਤੀ ਦਾ ਕੇਂਦਰ ਨੀਯਤ ਕੀਤਾ। ਸ਼੍ਰੋਮਣੀ ਸ਼ਕਤੀ ਕੇਸਾਂ ਦਾ ਵੀ ਇਸੇ ਨੂੰ ਗੜ੍ਹ ਦੱਸਿਆ। (ਕੇਸਗੜ੍ਹ ਇਸੇ ਕਰਕੇ ਪ੍ਰਸਿੱਧ ਹੈ) ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਤਮਿਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਅਨੰਦਪੁਰ ਸਾਹਿਬ ਨੂੰ ਪੂਰਨ ਪਰਮਾਨੰਦ ਦਾ ਸਿੱਖਿਆ ਸਕੂਲ ਬਣਾ ਕੇ ਭਾਰਤੀ ਜਨਤਾ ਨੂੰ ਵੰਗਾਰਿਆ—'ਆਉ ਜੇ ਪੂਰਨ ਪਰਮਾ ਅਨੰਦ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਅਨੰਦਪੁਰ ਦੇ ਵਾਸੀ ਬਣੋ, ਅੰਮ੍ਰਿਤ ਛਕ ਕੇ ਅਮਰ ਬਣੋ, ਸਿਰ ਨੂੰ ਤਲੀ 'ਤੇ ਰੱਖ ਕੇ, 'ਮੋਹੇ ਮਰਨੇ ਕਾ ਚਾਉ ਹੈ' ਦਾ ਨਾਹਰਾ ਮਾਰੋ। ਇਹ ਇਨਕਲਾਬੀ ਨਾਹਰਾ 1699 ਈ: ਨੂੰ ਵਿਸਾਖੀ ਮਹਾਂ ਸਮਾਗਮ ਪਿੱਛੋਂ ਸਾਰੇ ਭਾਰਤ ਵਿਚ ਸੁਣਾਈ ਦਿੱਤਾ। ਇਹ ਨਾਹਰਾ ਨਹੀਂ ਸੀ, ਸਦੀਆਂ ਤੋਂ ਸੁੱਤੀ ਜਨਤਾ ਨੂੰ ਜਗਾਉਣ ਦੀ ਕਲਾ ਸੀ, ਭਾਰਤੀ ਮੁਰਦਿਆਂ ਨੂੰ ਜੀਵਨ ਪ੍ਰਦਾਨ ਕਰਨ ਦਾ ਨਿਡਰ ਸੁਨੇਹਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਇਨਕਲਾਬੀ ਸੁਨੇਹਾ ਹੀ ਸੀ, ਜਿਸ ਨੂੰ ਪਹਿਲਾਂ ਪੰਜਾਂ ਨੇ ਸੁਣਿਆ, ਫਿਰ 20 ਹਜ਼ਾਰ ਨੇ ਸੁਣਿਆ, ਫਿਰ ਭਾਰਤ ਦੀ ਬਹੁ-ਗਿਣਤੀ ਜਨਤਾ ਨੇ। ਮੁਹੰਮਦ ਲਤੀਫ਼ ਦੇ ਅਨੁਸਾਰ 15 ਦਿਨ ਦੇ ਅੰਦਰ ਇਹ ਨਿਡਰ ਸੁਨੇਹਾ ਸੁਣਨ ਵਾਸਤੇ ਲਗਪਗ 80000

www.sikhbookclub.com

ਲੋਕ ਇਕੱਠੇ ਹੋਏ, ਜਿਨ੍ਹਾਂ ਅੰਮ੍ਰਿਤ ਛਕ ਕੇ, ਆਪਣੇ ਆਪ ਨੂੰ ਇਸ ਨਿਡਰ ਤੇ ਨਵੇਂ ਮਾਰਗ ਵਿਚ ਦੀਖਯਤ ਕੀਤਾ। ਇੰਜ ਤੀਜਾ ਪੰਥ ਪੈਦਾ ਹੋ ਗਿਆ।

ਤੀਜਾ ਪੰਥ—'ਖਾਲਸਾ ਪੰਥ'—ਅਨੰਦਪੁਰ ਦੀ ਹੀ ਸੰਸਾਰ ਨੂੰ ਦੇਣ ਹੈ। ਖਾਲਸਾ ਕਰਕੇ ਅਨੰਦਪੁਰ ਸਾਹਿਬ ਵਿਚ ਵਸਦੀ ਰਸਦੀ ਮਹਾਨ, ਮਰਦ ਤੇ ਅਗੰਮੜਾ ਸ਼ਖ਼ਸੀਅਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਵ ਨੂੰ ਅਦੁਤੀ ਤੇ ਸੁਨਹਿਰੀ ਦੇਣ ਹੈ।

'ਅਨੰਦਪੁਰ ਸਾਹਿਬ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਜੀਵਨ ਕੇਂਦਰ ਵੀ ਬਣਿਆ ਰਿਹਾ ਹੈ। ਸ੍ਰੀ ਦਸਮ ਗ੍ਰੰਥ ਵਿੱਚੋਂ ਕੁਝ ਬਾਣੀ ਪਾਂਵਟਾ ਸਾਹਿਬ ਵਿਚ ਰਚੀ ਗਈ ਹੈ ਤੇ ਕੁਝ ਅਨੰਦਪੁਰ ਸਾਹਿਬ ਵਿਚ ਲਿਖੀ ਗਈ ਹੈ। ਡਾਕਟਰ ਮੋਹਨ ਸਿੰਘ ਤਾਂ 1675 ਈਸਵੀ ਤੋਂ 1705 ਤਕ, ਪੰਜਾਬ ਵਿੱਚੋਂ ਮੁਖ ਸਾਹਿਤਕ ਕੇਂਦਰ ਅਨੰਦਪੁਰ ਸਾਹਿਬ ਨੂੰ ਹੀ ਮੰਨਦਾ ਹੈ। ਭਾਵੇਂ ਬਾਕੀਆਂ ਥਾਵਾਂ 'ਤੇ ਵੀ ਥੋੜ੍ਹੀ ਬਹੁਤੀ ਸਾਹਿਤ ਸਿਰਜਣਾ ਹੁੰਦੀ ਰਹੀ ਹੈ। ਸ੍ਰੀ 'ਦਸਮ ਗ੍ਰੰਥ' ਵਿੱਚੋਂ ਚੌਬੀਸ ਅਵਤਾਰ, ਸ੍ਰੀ ਸ਼ਸਤ੍ਰ ਨਾਮ ਮਾਲਾ, ਬਚਿਤ੍ਰ ਨਾਟਕ, ਤਿਰੀਆ ਚਰਿਤਰ—ਇਹ ਬਾਣੀਆਂ ਤਾਂ ਅਨੰਦਪੁਰ ਸਾਹਿਬ ਵਿਚ ਹੀ ਲਿਖੀਆਂ ਗਈਆਂ ਸਨ। ਦਰਬਾਰੀ ਕਵੀਆਂ ਦੀਆਂ ਕੁਛ ਰਚਨਾਂ ਵੀ ਇਥੇ ਹੀ ਲਿਖੀ ਗਈ ਹੈ। ਸੈਨਾਪਤੀ ਦਾ 'ਗੁਰ ਸੋਭਾ' ਗ੍ਰੰਥ, ਭਾਈ ਨੰਦ ਲਾਲ ਦੀਆਂ ਫ਼ਾਰਸੀ ਰਚਨਾਵਾਂ, ਰਹਿਤਨਾਮੇ, ਕੁਝ ਅਨੁਵਾਦਕ ਰਚਨਾਵਾਂ ਅਨੰਦਪੁਰ ਸਾਹਿਬ ਵਿਚ ਹੀ ਲਿਖੀਆਂ ਗਈਆਂ ਸਨ। 'ਵਿਦਿਆ ਧਰ ਗ੍ਰੰਥ' ਵੀ, ਜਿਸ ਦਾ ਵਜ਼ਨ ਨੌਂ ਮਣ ਦੱਸਿਆ ਜਾਂਦਾ ਹੈ ਇਥੇ ਹੀ ਲਿਖਿਆ ਗਿਆ ਜਾਪਦਾ ਹੈ। ਅਨੰਦਪੁਰ ਸਾਹਿਬ ਦਾ ਇਹ ਸਾਹਿਤਕ ਭੰਡਾਰਾ ਬਹੁਤਾ ਬ੍ਰਿਜ ਭਾਸ਼ਾ ਵਿਚ ਹੈ।

'ਦਸਮੇਸ਼ ਸਾਹਿਤ' ਬੀਰ-ਰਸ ਭਰਪੂਰ ਬੜਾ ਪ੍ਰਭਾਵਸ਼ਾਲੀ ਸਾਹਿਤ ਹੈ। ਪੰਜਾਬ ਦੇ ਜੀਵਨ 'ਤੇ ਇਸ ਬੀਰ-ਰਸੀ ਸਾਹਿਤਕ ਪ੍ਰੰਪਰਾ ਦਾ ਇਤਨਾ ਵਿਆਪਕ ਤੇ ਪ੍ਰਭਾਵਸ਼ਾਲੀ ਅਸਰ ਹੋਇਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ, ਸਿੱਖ ਖ਼ਾਸ ਕਰਕੇ ਨਿਰਮਲੇ ਸੰਸਕ੍ਰਿਤ, ਫ਼ਾਰਸੀ ਪੜ੍ਹ ਕੇ ਪੰਜਾਬੀ ਸਾਹਿਤ ਨੂੰ ਅਮੀਰ ਤੇ ਭਾਰਤ ਦਾ ਪ੍ਰਤੀਨਿਧ ਸਾਹਿਤ ਬਣਾਉਂਦੇ ਰਹੇ। ਸਵਈਏ, ਕਬਿਤ, ਚੌਪਈ, ਸ਼ਾਸਤਰੀ ਛੰਦਾਂ ਦਾ ਆਮ ਰਿਵਾਜ ਹੋ ਗਿਆ, ਪੰਜਾਬੀ ਭਾਸ਼ਾ ਹਿੰਦੀ ਪ੍ਰਭਾਵ ਅਧੀਨ ਆ ਗਈ। ਬੀਰ-ਰਸ ਦੀ ਕਵਿਤਾ ਲਿਖੀ ਜਾਣ ਲਗ ਪਈ, ਸੰਸਕ੍ਰਿਤ ਫ਼ਾਰਸੀ ਦੇ ਗ੍ਰੰਥਾਂ ਦੇ ਅਨੁਵਾਦ ਸਿੱਧੇ ਪੰਜਾਬੀ ਗਦ ਪਦ ਵਿਚ ਹੋਣ ਲੱਗ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੁੱਧਾਂ, ਸਫ਼ਰਾਂ, ਬਚਨਾਂ, ਖ਼ਾਲਸਈ ਰਹਿਤ ਬਾਰੇ ਹੁਕਮਨਾਮੇ ਗਦ-ਗ੍ਰੰਥ ਰਚੇ ਜਾਣ ਲਗ ਪਏ। ਤਿਰੀਆ ਚਰਿਤਰਾਂ ਦੇ ਆਧਾਰ 'ਤੇ ਕੁਝ ਕਿੱਸੇ ਲਿਖਣੇ ਸ਼ੁਰੂ ਹੋ ਗਏ। ਗੱਲ ਕੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤ ਰਚਨਾ ਦਾ ਇੰਨਾ ਸਜਰਾ ਤੇ ਉਤਸ਼ਾਹਜਨਕ ਪ੍ਰਭਾਵ ਹੋਇਆ, ਜਿਸ ਨਾਲ ਪੰਜਾਬੀ ਸਾਹਿਤ ਵਿਚ ਜੋ ਸ੍ਰਿਸ਼ਟਾਤਮਿਕ, ਉਸਾਰੂ, ਮੌਲਿਕ ਤੇ ਨਵੀਆਂ ਲੀਹਾਂ ਪਾਉਣ ਵਾਲਾ ਸਾਹਿਤਕ ਖੇਤਰ ਵਿਚ ਕੰਮ ਹੋਇਆ, ਉਹ ਮਾਨੋਂ 1708 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਕੁਝ ਅਲੋਪ ਹੁੰਦਾ ਹੀ ਨਜ਼ਰ ਆਉਂਦਾ ਹੈ। ਪੂਰਨ ਹੋਈ ਸਾਹਿਤਕ ਸਿਰਜਣਾ ਦਾ ਜ਼ਿਕਰ, ਵਿਸਥਾਰ, ਵਿਆਖਿਆ ਜਾਂ ਉਨ੍ਹਾਂ ਲੀਹਾਂ 'ਤੇ ਅਗਾਂਹ ਤੁਰੀ ਜਾਣਾ, ਇਹ ਪ੍ਰੰਪਰਾ ਤਾਂ ਰਹਿੰਦੀ ਹੈ ਪਰ ਉੱਤਮ ਤੇ ਮੌਲਕ ਸਾਹਿਤ ਦੀ ਲਗਪਗ 18ਵੀਂ ਸਦੀ ਵਿਚ ਅਣਹੋਂਦ ਹੀ ਜਾਪਦੀ ਹੈ, ਸ਼ਾਇਦ ਮਹਾਨ ਹਸਤੀਆਂ ਮੁਕ ਜਾਣ ਕਰਕੇ ਜਾਂ ਸਮਾਜਿਕ ਤੇ ਰਾਜਸੀ ਸਥਿਤੀ ਵਿਗੜ ਜਾਣ ਕਰਕੇ ਇਸ ਤਰ੍ਹਾਂ ਦਾ ਉੱਚ ਸਾਹਿਤ ਨਹੀਂ ਰਚਿਆ ਗਿਆ।

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਨੰਦਪੁਰ ਤਿਆਗਣਾ

'ਬਚਿਤ੍ਰ ਨਾਟਕ' ਵਿਚ ਅਨੰਦਪੁਰ ਤਿਆਗਣ, ਖ਼ਾਲਸਾ ਪੰਥ ਦੀ ਸਿਰਜਣਾ, ਔਰੰਗਜ਼ੇਬ ਦੇ ਨਾਂ ਫ਼ਤਹਿਨਾਮਾ ਤੇ ਜ਼ਫ਼ਰਨਾਮਾ ਪੱਤਰ ਨਾਵਾਂ, ਔਰੰਗਜ਼ੇਬ ਦੀ ਮੌਤ, ਬਹਾਦਰ ਸ਼ਾਹ ਨਾਲ ਮੁਲਾਕਾਤ ਤੇ ਉਸ ਨਾਲ ਨੰਦੇੜ ਵਲ ਜਾਣਾ, ਬੰਦਾ ਬਹਾਦਰ ਨਾਲ ਮੁਲਾਕਾਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤਿ ਸਮਾਉਣਾ ਆਦਿ ਇਤਿਹਾਸਕ ਘਟਨਾਵਾਂ ਦਾ ਬਿਲਕੁਲ ਜ਼ਿਕਰ ਨਹੀਂ। ਇਨ੍ਹਾਂ ਜੀਵਨ-ਘਟਨਾਵਾਂ ਦਾ ਵਰਣਨ 'ਬਚਿਤ੍ਰ ਨਾਟਕ' ਵਿਚ ਨਾ ਹੋਣ ਦਾ ਇਕ ਕਾਰਨ ਸਪੱਸ਼ਟ ਹੈ ਕਿ ਇਹ ਰਚਨਾ, ਇਨ੍ਹਾਂ ਘਟਨਾਵਾਂ ਤੋਂ ਪਹਿਲਾਂ ਉਚਾਰੀ ਜਾ ਚੁੱਕੀ ਸੀ। ਸ: ਰਣਧੀਰ ਸਿੰਘ ਤੇ ਇੰਦੂ ਭੂਸ਼ਨ ਬੈਨਰਜੀ ਦਾ ਮਤ ਹੈ ਕਿ 'ਬਚਿਤ੍ਰ ਨਾਟਕ' ਦਾ ਰਚਨ ਕਾਲ 1698 ਈ: ਹੈ। 30 ਮਾਰਚ, 1699 ਈ: ਨੂੰ ਖ਼ਾਲਸਾ ਪੰਥ ਦੀ ਸਿਰਜਣਾ ਹੁੰਦੀ ਹੈ ਤੇ 20-21 ਦਸੰਬਰ ਦੀ ਰਾਤ (6-7 ਪੋਹ) ਸੰਨ 1704 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਨੂੰ ਤਿਆਗਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਇਤਿਹਾਸਕ ਘਟਨਾਵਾਂ ਵਾਪਰਨ ਤੋਂ ਪਹਿਲਾਂ ਹੀ 'ਬਚਿਤ੍ਰ ਨਾਟਕ' ਦੀ ਰਚਨਾ ਲਿਖੀ ਜਾ ਚੁੱਕੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਜਿਹੀ ਸੰਗਰਾਮੀ ਸ਼ਖ਼ਸੀਅਤ ਹੈ, ਜਿਨ੍ਹਾਂ ਨੂੰ ਆਪਣੇ ਜੀਵਨ ਦਾ ਕਾਫ਼ੀ ਸਮਾਂ ਸਮਕਾਲੀ ਮੁਗ਼ਲ ਹਕੂਮਤ ਤੇ ਪਹਾੜੀ ਰਾਜਿਆਂ ਨਾਲ ਸੰਘਰਸ਼ ਕਰਕੇ ਬਿਤਾਣਾ ਪਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਗਪਗ 14 ਜੰਗਾਂ ਬੜੀਆਂ ਪ੍ਰਸਿੱਧ ਹਨ। ਭੰਗਾਣੀ ਦਾ ਯੁਧ (5 ਮਈ, 1687), ਨਦੌਣ ਦਾ ਯੁੱਧ (ਸੰਨ 1689) ਤੇ ਹੁਸੈਨੀ ਦਾ ਯੁਧ (ਸੰਨ 1690), ਖਾਲਸਾ ਪੰਥ ਸਿਰਜਣ ਤੋਂ ਪਹਿਲਾਂ ਪਹਾੜੀ ਰਾਜਿਆਂ ਨਾਲ ਹੋਈਆਂ ਜੰਗਾਂ ਹਨ। 30 ਮਾਰਚ, 1699 ਈਸਵੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਿਰਜਣਾ ਹੋ ਜਾਂਦੀ ਹੈ। ਹਜ਼ਾਰਾਂ ਪੰਜਾਬ-ਭਾਰਤੀ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੇ ਹਨ। ਸਿੰਘਾਂ ਦੀ ਫ਼ੌਜ ਨੂੰ 'ਖਾਲਸਾ ਪੰਥ' ਦਾ ਨਾਂ ਦੇ ਦਿੱਤਾ ਜਾਂਦਾ ਹੈ। ਸਮਕਾਲੀ ਹਕੂਮਤ ਤੇ ਪਹਾੜੀ ਰਾਜਿਆਂ ਨੂੰ ਇਹ ਤੀਜੀ ਤੇ ਇਨਕਲਾਬੀ ਕੌਮ ਦੇ ਰੂਪ ਵਿਚ ਭਾਸਦੀ ਹੈ। ਸਿੰਘਾਂ ਦਾ ਪਵਿੱਤਰ ਆਚਰਣ, ਲੋਕ ਹਿੱਤਾਂ ਵਾਲਾ ਆਦਰਸ਼, ਸਮਾਜ-ਸਾਂਝੀਵਾਲਤਾ, ਲੋਕ-ਰਾਜ ਦੀ ਉਸਾਰੀ, ਗ਼ਰੀਬ ਸ਼੍ਰੇਣੀ ਦਾ ਸਤਿਕਾਰ, ਜ਼ਾਲਮਾਂ ਦੇ ਸਿਤਮ ਵਿਰੁੱਧ ਰਣਜੀਤ ਨਗਾਰੇ ਦੀ ਚੋਟ, ਲੰਗਰ ਦੀ ਪੰਗਤ ਮਰਯਾਦਾ, ਹਾਕਮ ਸ਼੍ਰੇਣੀ ਕੋਲੋਂ ਫ਼ੈਸਲੇ ਕਰਾਉਣ ਦੀ ਥਾਂ ਆਪਣੇ ਗੁਰੂ ਕੋਲੋਂ ਫ਼ੈਸਲੇ ਕਰਾਉਣੇ, ਕੁਰਬਾਨੀ ਤੇ ਨਿਸ਼ਕਾਮਤਾ ਵਾਲਾ ਜੀਵਨ ਦਰਵੇਸ਼ੀ ਤੇ ਬਾਦਸ਼ਾਹੀ ਜੀਵਨ ਮਨੁੱਖਤਾ ਨੂੰ ਆਪਣਾ ਗੌਰਵ ਜਗਾਣ ਤੇ ਪ੍ਰਫੁਲਿਤ ਕਰਨ ਦੀ ਸੁਤੰਤ੍ਰਤਾ...ਇਹ ਤੀਜੀ ਕੌਮ ਦੀ ਅਜਿਹੀ ਆਦਰਸ਼ਕ ਜੀਵਨ ਜਾਂਚ ਸੀ, ਜਿਸ ਨੂੰ ਪੰਜਾਬ-ਭਾਰਤੀਆਂ ਨੇ ਬੜੇ ਸੁਆਗਤੀ ਸੁਭਾ ਵਿਚ ਪ੍ਰਵਾਨ ਕੀਤਾ। ਆਪਣੇ ਆਪ ਨੂੰ ਇਸ ਕੌਮ ਦਾ ਜਾਤੀ ਮੈਂਬਰ ਬਣਾਉਣ ਵਿਚ ਫ਼ਖ਼ਰ ਮਹਿਸੂਸ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਗੌਰਵ ਤੇ ਫ਼ਖ਼ਰ ਨੂੰ ਭਾਰਤੀ ਜ਼ਿੰਦਗੀ ਵਿੱਚੋਂ ਮੁੜ ਸੁਰਜੀਤ ਕਰਨਾ ਚਾਹੁੰਦੇ ਸਨ। ਇਸੇ ਜਾਗ੍ਰਤੀ ਦਾ ਸਿੱਟਾ ਹੀ ਸੀ ਕਿ ਡੇਢ ਸਦੀ ਬਾਅਦ ਇਹ ਖਾਲਸਾ ਪੰਥ, ਤੀਜੀ ਕੌਮ, ਪੰਜਾਬ ਦੀ ਹਾਕਮ ਬਣ ਗਈ।

ਪੰਜਾਬ-ਭਾਰਤੀਆਂ ਨੂੰ ਇਸ ਇਨਕਲਾਬੀ ਲਹਿਰ ਵਿਚ ਪ੍ਰਵੇਸ਼ ਹੁੰਦਿਆਂ ਦੇਖ ਕੇ ਪਹਾੜੀ ਰਾਜਿਆਂ ਨੂੰ ਆਪਣੀਆਂ ਰਾਜ ਗੱਦੀਆਂ ਖੁਸਦੀਆਂ ਦਿਸੀਆਂ। ਬਣੀ ਹੋਈ ਸ਼ਾਨ ਤੇ ਇਜ਼ਤ ਮੁਕਦੀ ਭਾਸੀ। ਰੋਸ ਵਜੋਂ ਉਨ੍ਹਾਂ ਸੰਨ 1700, 1701, 1702 ਅਤੇ 1703 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਚਾਰ ਨਿੱਕੀਆਂ ਨਿੱਕੀਆਂ ਲੜਾਈਆਂ ਵੀ ਲੜੀਆਂ, ਪਰ ਹਾਰ ਦਾ ਮੂੰਹ ਹੀ ਦੇਖਣਾ

www.sikhbookclub.com

ਪਿਆ। ਔਰੰਗਜ਼ੇਬ ਨੂੰ ਵੀ ਇਸ ਵਧਦੀ ਸ਼ਕਤੀ ਦੀਆਂ ਖ਼ਬਰਾਂ ਪੁਚਾਈਆਂ ਗਈਆਂ। ਉਹ ਆਪਣੀਆਂ ਰਾਜ-ਹੱਦਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਸ਼ਕਤੀ ਨੂੰ ਕਿਵੇਂ ਸਹਾਰ ਸਕਦਾ ਸੀ? ਉਸ ਪੰਜਾਬ ਹਾਕਮਾਂ ਦੇ ਨਾ ਫ਼ੁਰਮਾਨ ਭੇਜੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਕੇ ਮੇਰੇ ਕੋਲ ਲਿਆਂਦਾ ਜਾਏ। ਪੰਜਾਬ ਦੇ ਸ਼ਾਹੀ ਹਾਕਮ ਹੁਕਮ ਮਿਲਦਿਆਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਰੁੱਧ ਲੜਨ ਵਾਸਤੇ ਤਿਆਰ ਹੋ ਗਏ। ਪਹਾੜੀ ਰਾਜਿਆਂ ਨੂੰ ਵੀ ਇਹ ਮੌਕਾ ਲਾਭਵੰਦ ਦਿਸਿਆ। ਉਹ ਵੀ ਸ਼ਾਹੀ ਲਸ਼ਕਰ ਨਾਲ ਰਲ ਕੇ, ਇਸ ਹੋਣ ਵਾਲੀ ਲੜਾਈ ਵਿਚ ਹਿੱਸਾ ਲੈਣ ਲਈ ਆਪਣੀਆਂ ਫ਼ੌਜਾਂ ਸਮੇਤ ਤਿਆਰ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਇਸ ਤਿਆਰੀ ਦੀ ਸੂਹ ਮਿਲ ਗਈ। ਉਨ੍ਹਾਂ ਵੀ ਸੈਨਿਕ-ਸ਼ਕਤੀ ਵਧਾਉਣ ਦੇ ਪ੍ਰੋਗਰਾਮ ਆਰੰਭ ਦਿੱਤੇ। ਸ਼ਰਧਾਲੂ ਸਿੰਘਾਂ ਨੂੰ ਅਨੰਦਪੁਰ ਵਿਚ ਪਹੁੰਚਣ ਲਈ ਸੱਦਾ ਦੇ ਦਿੱਤਾ। ਸ਼ਸਤਰ-ਅਸਤਰ ਤੇ ਰੁਪਇਆ ਲਿਆਉਣ ਲਈ ਪ੍ਰੇਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸ੍ਵੈ-ਰੱਖਿਆ ਵਾਸਤੇ ਅਨੰਦਪੁਰ ਸਾਹਿਬ ਵਿਚ ਸੈਨਿਕ ਦ੍ਰਿਸ਼ਟੀ ਤੋਂ ਕਿਲ੍ਹੇ ਵੀ ਬਣਵਾਏ—ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਨਿਰਮੋਹਗੜ੍ਹ, ਹੋਲਗੜ੍ਹ ਤੇ ਫਤਹਿਗੜ੍ਹ।' ਇਹ ਕਿਲ੍ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਿਕ ਸ਼ਕਤੀ ਦੇ ਕੇਂਦਰ ਸਨ। ਆਤਮਿਕ ਤੇ ਰਾਜਨੀਤਕ ਦ੍ਰਿਸ਼ਟੀ ਤੋਂ ਇਨ੍ਹਾਂ ਕਿਲ੍ਹਿਆਂ ਦੀ ਬੜੀ ਮਹੱਤਤਾ ਹੈ।

ਸੰਨ 1704 ਵਿਚ ਸ਼ਾਹੀ ਤਿਆਰੀਆਂ ਮੁਕੰਮਲ ਹੋ ਗਈਆਂ। ਪਹਾੜੀ ਰਾਜੇ, ਸ਼ਾਹੀ ਫ਼ੌਜ ਤੇ ਸਰਹਿੰਦ ਦਾ ਸੂਬਾ, ਇਨ੍ਹਾਂ ਸਾਰੀਆਂ ਫ਼ੌਜਾਂ ਨੇ ਰਲ ਕੇ ਅਨੰਦਪੁਰ 'ਤੇ ਹਮਲਾ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸੈਨਿਕ-ਸ਼ਕਤੀ ਤੇ ਫ਼ੌਜੀ ਸਿਆਣਪ ਦੁਆਰਾ ਇਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਲਗਭਗ 8 ਮਹੀਨੇ ਸ਼ਾਹੀ ਲਸ਼ਕਰ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਦੇ ਹੱਥ ਇਕ ਵੀ ਕਿਲ੍ਹਾ ਨਾ ਜਾਣ ਦਿੱਤਾ ਅਤੇ ਨਾ ਹੀ ਕਮਜ਼ੋਰੀ ਦੀ ਕੋਈ ਨਿਸ਼ਾਨੀ ਜ਼ਾਹਰ ਹੋਣ ਦਿੱਤੀ। ਵਿਰੋਧੀ ਸਿਪਾਹਸਲਾਰਾਂ ਨੇ ਕਿਸੇ ਸਿਆਸੀ ਨੀਤੀ ਜਾਂ ਧਰੋ੍ਹ ਤੋਂ ਕੰਮ ਲੈਣ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਗੁਰੂ ਜੀ ਨੂੰ ਸੁਗੰਧਾਂ ਖਾ ਕੇ ਆਖਿਆ ਕਿ ਤੁਸੀਂ ਅਨੰਦਪੁਰ ਨੂੰ ਖ਼ਾਲੀ ਕਰ ਜਾਉ ਤੇ ਅਸੀਂ ਤੁਹਾਡੇ ਰਾਹ ਵਿਚ ਕਿਸੇ ਕਿਸਮ ਦਾ ਵਿਘਨ ਨਹੀਂ ਪਾਵਾਂਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਰਾਜਨੀਤਕ ਚਾਲ ਨੂੰ ਸਮਝਦੇ ਸਨ। ਦਸੰਬਰ 20-21 ਦੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਆਪਣੇ ਸਿੱਖਾਂ, ਕੁਝ ਪੁਰਾਣੀਆਂ ਹੱਥ-ਲਿਖਤਾਂ, ਮੌਲਿਕ ਰਚਨਾਵਾਂ ਤੇ ਬਹੁ-ਮੁਲੇ ਆਰਟ ਦੇ ਖ਼ਜ਼ਾਨੇ ਲੈ ਕੇ ਅਨੰਦਪੁਰ ਤਿਆਗਦੇ ਹਨ। ਹਾਲਾਂ ਕਿਲ੍ਹੇ ਵਿੱਚੋਂ ਨਿਕਲੇ ਹੀ ਹਨ ਕਿ ਧੋਖੇਬਾਜ਼ ਸ਼ਾਹੀ ਫ਼ੌਜਾਂ, ਗੁਰੂ ਸਾਹਿਬ 'ਤੇ ਹਨ੍ਹੇਰੀ ਵਾਂਗ ਟੁੱਟ ਪਈਆਂ। ਇਸ ਅਣਸਾਵੀਂ ਲੜਾਈ ਵਿਚ ਸਿੱਖਾਂ ਨੇ ਬੜੀ ਬਹਾਦਰੀ ਤੇ ਕੁਰਬਾਨੀ ਨਾਲ ਦੁਸ਼ਮਣ ਦਾ ਟਾਕਰਾ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਕਾਫ਼ੀ ਥੱਕੇ ਟੁੱਟੇ ਤੇ ਭੁੱਖੇ ਸਿੱਖਾਂ ਸਮੇਤ, ਜਿਨ੍ਹਾਂ ਵਿਚ ਪੰਜ ਪਿਆਰੇ ਤੇ ਦੋ ਸਾਹਿਬਜ਼ਾਦੇ ਸਨ, ਅਗਲੇ ਦਿਨ, ਦਸੰਬਰ 22 ਸ਼ਾਮ ਨੂੰ ਭਾਵੇਂ ਚਮਕੌਰ ਦੇ ਕਿਲ੍ਹੇ ਵਿਚ ਪਹੁੰਚ ਗਏ, ਪਰ ਇਸ ਹਿਲਜੁਲ ਵਿਚ ਸਿੱਖ ਸਾਹਿਤ ਤੇ ਸਿੱਖ ਆਰਟ ਦਾ ਬਹੁਮੁਲਾ ਖ਼ਜ਼ਾਨਾ, ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਮਿਹਨਤ ਤੇ ਸ਼ੌਕ ਨਾਲ ਇਕੱਠਾ ਕੀਤਾ ਸੀ, ਸਰਸਾ ਨਦੀ ਦੀ ਭੇਟਾ ਚੜ੍ਹ ਗਿਆ। ਇਹ ਸਿੱਖ ਕੌਮ ਦਾ ਪੰਜਾਬੀ ਸਾਹਿਤ ਦਾ ਤੇ ਖ਼ਾਸ ਕਰਕੇ ਭਾਰਤੀ ਸਾਹਿਤ ਦਾ, ਨਾ ਪੂਰਾ ਹੋਣ ਵਾਲਾ ਨੁਕਸਾਨ ਸੀ। ਜੇ ਇਹ ਸਾਹਿਤਕ ਨੁਕਸਾਨ ਨਾ ਹੁੰਦਾ ਤਾਂ ਸੰਭਵ ਸੀ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਨੁਹਾਰ ਅੱਜ ਕੁਝ ਹੋਰ ਹੁੰਦੀ।

(2/1965)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵਿਚ

20 ਫਰਵਰੀ, 1707 ਨੂੰ 90 ਸਾਲ ਦਾ ਬੁੱਢਾ ਬਾਦਸ਼ਾਹ ਔਰੰਗਜ਼ੇਬ ਇਸ ਜਹਾਨ ਤੋਂ ਕੂਚ ਕਰ ਗਿਆ। ਉਹ ਉਦੋਂ ਅਹਿਮਦ ਨਗਰ (ਦੱਖਣ) ਵਿਚ ਸੀ ਤੇ ਕਾਫ਼ੀ ਅਰਸੇ ਤੋਂ ਬੀਮਾਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜੋ 30 ਅਕਤੂਬਰ, 1706 ਨੂੰ ਤਲਵੰਡੀ ਸਾਬੋ ਤੋਂ ਰਵਾਨਾ ਹੋ ਕੇ ਬਾਦਸ਼ਾਹ ਨਾਲ ਗੱਲਬਾਤ ਕਰਨ ਲਈ ਦੱਖਣ ਵੱਲ ਜਾ ਰਹੇ ਸਨ, ਨੂੰ ਇਸ ਦੀ ਸੂਚਨਾ ਬਘੌਰ (ਰਿਆਸਤ ਉਦੈਪੁਰ) ਪਹੁੰਚਣ 'ਤੇ ਮਿਲੀ। ਆਉਣ ਵਾਲੇ ਹਾਲਾਤ ਦਾ ਜਾਇਜ਼ਾ ਲੈਣ ਲਈ ਗੁਰੂ ਸਾਹਿਬ ਨੇ ਦਿੱਲੀ ਵੱਲ ਚਾਲੇ ਪਾ ਦਿੱਤੇ।

ਔਰੰਗਜ਼ੇਬ ਦੇ ਅੱਖਾਂ ਮੀਟਦੇ ਸਾਰ ਉਸ ਦੇ ਬੇਟਿਆਂ ਵਿਚਕਾਰ ਤਖ਼ਤ ਹਥਿਆਉਣ ਲਈ ਜੱਦੋ-ਜਹਿਦ ਸ਼ੁਰੂ ਹੋ ਗਈ। ਉਸ ਦਾ 64 ਸਾਲਾ ਪਲੇਠਾ ਪੁੱਤਰ ਅਤੇ ਤਖ਼ਤ ਦਾ ਜਾਇਜ਼ ਵਾਰਸ, ਮੁਅੱਜ਼ਮ (ਬਹਾਦਰ ਸ਼ਾਹ) ਉਸ ਸਮੇਂ ਅਫ਼ਗਾਨਿਸਤਾਨ, ਪੰਜਾਬ ਤੇ ਮੁਲਤਾਨ ਦਾ ਗਵਰਨਰ ਸੀ। ਪਿਤਾ ਦੀ ਮੌਤ ਦੀ ਖ਼ਬਰ ਉਸ ਨੂੰ ਦੱਰਾ ਖ਼ੈਬਰ ਲਾਗੇ ਜਮਰੌਦ ਦੇ ਮੁਕਾਮ 'ਤੇ ਮਿਲੀ। ਇਲਾਕੇ ਦਾ ਯੋਗ ਪ੍ਰਬੰਧ ਕਰ ਕੇ ਉਹ ਆਪਣੇ ਲਾਉ-ਲਸ਼ਕਰ ਨਾਲ ਦਿੱਲੀ ਵੱਲ ਰਵਾਨਾ ਹੋ ਗਿਆ। ਉਸ ਦਾ ਛੋਟਾ ਭਰਾ, ਤਾਰਾ ਆਜ਼ਮ (ਉਮਰ 54 ਸਾਲ) ਉਸ ਵੇਲੇ ਦੱਖਣ ਵੱਲ ਹੀ ਸੀ। ਪਿਤਾ ਦੇ ਕਫ਼ਨ-ਦਫ਼ਨ ਤੋਂ ਫ਼ਾਰਗ ਹੋ ਕੇ ਉਸ ਨੇ ਆਪਣੇ ਆਪ ਨੂੰ ਸ਼ਹਿਨਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਫ਼ੌਜ ਇਕੱਠੀ ਕਰ ਕੇ ਉੱਤਰ ਵੱਲ ਚੱਲ ਪਿਆ।

18 ਜੂਨ, 1707 ਨੂੰ ਦੋਵੇਂ ਮੁਖ਼ਾਲਫ਼ ਫ਼ੌਜਾਂ ਆਗਰੇ ਨੇੜੇ ਜਾਜੋ ਦੇ ਮੁਕਾਮ 'ਤੇ ਆਹਮੋ-ਸਾਹਮਣੇ ਹੋਈਆਂ ਅਤੇ ਘਮਸਾਨ ਦਾ ਯੁੱਧ ਹੋਇਆ। ਤਾਰਾ ਆਜ਼ਮ ਤੇ ਉਸ ਦਾ ਬੇਟਾ ਬਿਦਰ ਬਖ਼ਤ ਮਾਰੇ ਗਏ ਅਤੇ ਮੈਦਾਨ ਬਹਾਦਰ ਸ਼ਾਹ ਦੇ ਹੱਥ ਰਿਹਾ। ਕੁਝ ਦਿਨਾਂ ਬਾਅਦ ਆਗਰੇ ਹੀ ਉਸ ਦੀ ਤਾਜਪੋਸ਼ੀ ਦੀ ਰਸਮ ਅਦਾ ਹੋਈ। ਬਾਦਸ਼ਾਹ ਨੇ ਕੁਝ ਸਮਾਂ ਇਥੇ ਹੀ ਠਹਿਰੇ ਰਹਿਣ ਦਾ ਫ਼ੈਸਲਾ ਕੀਤਾ।

ਇਸ ਜੰਗ ਤੋਂ ਪਹਿਲਾਂ ਬਹਾਦਰ ਸ਼ਾਹ ਨੇ ਆਪਣੇ ਮੀਰ ਮੁਨਸ਼ੀ ਭਾਈ ਨੰਦ ਲਾਲ (ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਤੇ ਅਨਿੰਨ ਸ਼ਰਧਾਲੂ ਸਨ) ਦੇ ਕਹਿਣ 'ਤੇ ਗੁਰੂ ਸਾਹਿਬ ਨੂੰ ਮਦਦ ਲਈ ਬੇਨਤੀ ਕਰ ਭੇਜੀ ਸੀ। ਉਹ ਜਾਣਦਾ ਸੀ ਕਿ ਗੁਰੂ ਸਾਹਿਬ ਕੋਲ ਬਹੁਤੀ ਫ਼ੌਜ ਨਹੀਂ ਸੀ, ਪਰੰਤੂ ਉਹ ਭਾਈ ਜੀ ਤੋਂ ਉਨ੍ਹਾਂ ਦੀ ਅਧਿਆਤਮਕ ਉਚਤਾ ਦਾ ਚਰਚਾ ਸੁਣ ਚੁੱਕਾ ਸੀ ਅਤੇ ਉਨ੍ਹਾਂ ਦੀ ਰੂਹਾਨੀਅਤ ਦੀ ਛਾਂ ਤੇ ਅਸੀਸ ਮਾਣਨ ਦਾ ਚਾਹਵਾਨ ਸੀ। ਗੁਰੂ ਸਾਹਿਬ ਨੇ ਭਾਈ ਧਰਮ ਸਿੰਘ ਦੀ ਕਮਾਨ ਹੇਠ 250 ਕੁ ਸਿੰਘ ਸੂਰਮਿਆਂ ਦਾ ਇਕ ਜਥਾ ਇਸ ਜੰਗ ਵਿਚ ਭੇਜ ਦਿੱਤਾ ਸੀ।

ਤਾਜਪੋਸ਼ੀ ਤੋਂ ਕੁਝ ਦਿਨ ਬਾਅਦ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ, ਜੋ ਉਸ ਵਕਤ ਦਿੱਲੀ

www.sikhbookclub.com

ਸਨ, ਮੁਲਾਕਾਤ ਦਾ ਸੱਦਾ ਭੇਜਿਆ। ਗੁਰੂ ਸਾਹਿਬ ਆਪਣੇ ਕੁਝ ਸਿੰਘਾਂ ਨਾਲ ਆਗਰੇ ਆਏ ਅਤੇ ਸ਼ਹਿਰ ਤੋਂ 4 ਕੁ ਮੀਲ ਬਾਹਰ ਇਕ ਬਾਗ਼ ਵਿਚ ਉਤਾਰਾ ਕੀਤਾ। ਇਕ ਦਿਨ ਵਜ਼ੀਰ-ਏ-ਆਜ਼ਮ ਖ਼ਾਨਿ-ਖ਼ਾਨਾਂ ਮੁਨਿਅਮ ਖਾਂ ਨਾਲ ਭੇਟ ਹੋਈ। 23 ਜੁਲਾਈ, 1707 ਈ ਨੂੰ ਆਪ ਬਹਾਦਰ ਸ਼ਾਹ ਨੂੰ ਮਿਲਣ ਗਏ। ਉਸ ਨੇ ਆਪ ਦਾ ਨਿੱਘਾ ਸੁਆਗਤ ਕੀਤਾ ਅਤੇ ਸ਼ੁਕਰਾਨੇ ਵਜੋਂ ਜੜਾਊ ਖਿਲਅਤ ਤੇ ਹੋਰ ਕੀਮਤੀ ਤੋਹਫ਼ੇ ਭੇਟ ਕੀਤੇ। ਇਸ ਮੁਲਾਕਾਤ ਦਾ ਜ਼ਿਕਰ ਦਾਨਿਸ਼ ਖਾਂ ਕ੍ਰਿਤ 'ਬਹਾਦੁਰ ਸ਼ਾਹ ਨਾਮਾ', ਸੈਨਾਪਤਿ ਕਰਤਾ 'ਸ੍ਰੀ ਗੁਰ ਸੋਭਾ' ਅਤੇ ਭਾਈ ਸੰਤੋਖ ਸਿੰਘ ਕ੍ਰਿਤ 'ਸੂਰਜ ਪ੍ਰਕਾਸ਼' ਵਿਚ ਮਿਲਦਾ ਹੈ।

ਗੱਲਬਾਤ ਦੌਰਾਨ ਗੁਰੂ ਸਾਹਿਬ ਨੇ ਪੰਜਾਬ ਵਿਚ ਨਵਾਬ ਵਜ਼ੀਰ ਖ਼ਾਂ ਤੇ ਹੋਰ ਸ਼ਾਹੀ ਹਾਕਮਾਂ ਅਤੇ ਪਹਾੜੀ ਰਾਜਿਆਂ ਵੱਲੋਂ ਗੁਰੂ-ਘਰ ਤੇ ਸਿੱਖਾਂ ਨਾਲ ਕੀਤੀਆਂ ਗਈਆਂ ਵਧੀਕੀਆਂ ਦਾ ਮੁੱਦਾ ਵੀ ਉਠਾਇਆ ਅਤੇ ਦੋਸ਼ੀਆਂ ਵਿਰੁੱਧ ਯੋਗ ਕਾਰਵਾਈ ਕਰ ਕੇ ਉਥੇ ਨਿਆਂਪੂਰਨ ਤੇ ਪੁਰ-ਅਮਨ ਹਾਲਾਤ ਬਹਾਲ ਕਰਨ ਉਤੇ ਜ਼ੋਰ ਦਿੱਤਾ, ਤਾਂ ਜੁ ਆਪ ਦੀ ਅਨੰਦਪੁਰ ਸਾਹਿਬ ਵਾਪਸੀ ਸੰਭਵ ਹੋ ਸਕੇ। ਬਾਦਸ਼ਾਹ ਦਾ ਮੁੱਢਲਾ ਹੁੰਗਾਰਾ ਆਸ਼ਾਜਨਕ ਜਾਣ ਕੇ ਗੁਰੂ ਸਾਹਿਬ ਨੇ ਗੱਲਬਾਤ ਨੂੰ ਅੱਗੇ ਤੋਰਨ ਦਾ ਫ਼ੈਸਲਾ ਕਰ ਲਿਆ। ਇਥੇ ਰਹਿ ਕੇ ਆਪ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਵੀ ਕਰਦੇ ਰਹੇ। ਕਦੀ-ਕਦੀ ਬਾਦਸ਼ਾਹ ਨਾਲ ਮੇਲ ਵੀ ਹੋ ਜਾਂਦਾ ਸੀ।

ਇਉਂ ਜਾਪਦਾ ਹੈ ਕਿ ਗੱਲਬਾਤ ਵਿਚ ਸੰਤੋਸ਼ਜਨਕ ਪ੍ਰਗਤੀ ਹੋ ਰਹੀ ਸੀ ਅਤੇ ਗੁਰੂ ਸਾਹਿਬ ਨੂੰ ਛੇਤੀ ਹੀ ਅਨੰਦਪੁਰ ਵਾਪਸੀ ਦੀ ਆਸ ਲੱਗ ਪਈ ਸੀ। ਇਸ ਦਾ ਸੰਕੇਤ ੧ ਕੱਤਕ, ਸੰਮਤ ੧੭੬੪ ਬਿਕ੍ਰਮੀ (ਅਕਤੂਬਰ, 1707) ਨੂੰ ਧਉਲ ਦੀ ਸੰਗਤ ਦੇ ਨਾਂ ਆਪ ਦੇ ਹੁਕਮਨਾਮੇ ਤੋਂ ਮਿਲਦਾ ਹੈ, ਜਿਸ ਦਾ ਮੁੱਢਲਾ ਭਾਗ ਇਸ ਪ੍ਰਕਾਰ ਹੈ:

> "ਸ੍ਰਬਤਿ ਸੰਗਤਿ ਧਉਲ ਕੀ, ਤੁਸੀ ਮੇਰਾ ਖਾਲਸਾ ਹੋ, ਗੁਰੂ ਰਖੈਗਾ। ਗੁਰੂ ਗੁਰੂ ਜਪਣਾ, ਜਨਮ ਸਵਰੈਗਾ। ਸ੍ਰਬ ਸੁਖ ਨਾਲ ਪਾਤਸ਼ਾਹ ਪਾਸ ਆਏ। ਸਿਰੋਪਾਓ ਅਰ ਸਠਿ ਹਜ਼ਾਰ ਕੀ ਧੁਖਧੁਖੀ ਜੜਾਊ ਇਨਾਮੁ ਹੋਈ। ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ। ਅਸੀ ਭੀ ਥੋੜੇ ਹੀ ਦਿਨਾ ਨੋ ਆਵਤੇ ਹਾਂ। ਸ੍ਰਬਤਿ ਸੰਗਤਿ ਖਾਲਸੇ ਕੋ ਮੇਰਾ ਹੁਕਮ ਹੈ, ਆਪਸ ਮੋ ਮੇਲੁ ਕਰਣਾ। ਜਦਿ ਅਸੀ ਕਹਲੂਰ ਆਵਤੇ, ਤਦਿ ਸ੍ਰਬਤਿ ਖਾਲਸੇ ਹਥੀਯਾਰ ਬਨਿ ਕੈ ਹਜ਼ੂਰਿ ਆਵਣਾ। ਜੋ ਆਵੈਗਾ, ਸੋ ਨਿਹਾਲ ਹੋਵੈਗਾ।"

12 ਨਵੰਬਰ, 1707 ਨੂੰ ਬਹਾਦਰ ਸ਼ਾਹ ਨੂੰ ਕੁਝ ਬਗ਼ਾਵਤਾਂ ਦੀ ਸਰਕੋਬੀ ਲਈ ਰਾਜਪੂਤਾਨੇ ਜਾਣਾ ਪਿਆ। ਉਸ ਨੇ ਗੁਰੂ ਸਾਹਿਬ ਨੂੰ ਵੀ ਨਾਲ ਚੱਲਣ ਲਈ ਕਿਹਾ। ਗੁਰੂ ਸਾਹਿਬ ਉਦੋਂ ਤਾਂ ਨਾਲ ਨਹੀਂ ਗਏ, ਪਰੰਤੂ ਮਾਰਚ 1708 ਦੇ ਅੰਤ ਵਿਚ ਆਪਣੇ 200-300 ਸਿੰਘਾਂ ਨਾਲ ਉਸ ਨੂੰ ਅਜਮੇਰ ਜਾ ਮਿਲੇ। ਇਸ ਤੋਂ ਛੇਤੀ ਬਾਅਦ ਬਾਦਸ਼ਾਹ ਨੂੰ ਸੂਚਨਾ ਮਿਲੀ ਕਿ ਦੱਖਣ ਵਿਚ ਉਸ ਦੇ ਛੋਟੇ ਭਰਾ ਕਾਮ ਬਖ਼ਸ਼ ਨੇ ਬਗ਼ਾਵਤ ਕਰ ਦਿੱਤੀ ਸੀ। ਰਾਜਪੂਤਾਨੇ ਦੀ ਮੁਹਿੰਮ ਅਧਵਾਟੇ ਛੱਡ, ਲੋੜੀਂਦੀ ਤਿਆਰੀ ਕਰ ਕੇ ਮਈ 1708 ਦੇ ਪਹਿਲੇ ਹਫ਼ਤੇ ਉਸ ਨੇ ਹੈਦਰਾਬਾਦ ਵੱਲ ਕੂਚ ਕਰ ਦਿੱਤਾ। ਉਸ ਨਾਲ ਕਿਸੇ ਅੰਤਿਮ ਫ਼ੈਸਲੇ 'ਤੇ ਪੁੱਜਣ ਦੀ ਆਸ ਵਿਚ ਗੁਰੂ ਸਾਹਿਬ ਵੀ ਨਾਲ ਚੱਲ ਪਏ। ਦੋਨੋਂ ਕੈਂਪ ਵੱਖਰੇ, ਪਰੰਤੂ ਨਾਲ-ਨਾਲ ਸਫ਼ਰ ਕਰ ਰਹੇ ਸਨ। ਰਾਹ ਵਿਚ ਅੱਗੇ-ਪਿੱਛੇ ਵੀ ਹੋ ਜਾਇਆ ਕਰਦੇ ਸਨ। ਗੁਰੂ ਜੀ ਕਈ ਥਾਵਾਂ 'ਤੇ ਸੰਗਤਾਂ ਦੀ ਬੇਨਤੀ 'ਤੇ ਅਤੇ ਪ੍ਰਚਾਰ ਹਿੱਤ

www.sikhbookclub.com

ਜ਼ਿਆਦਾ ਸਮਾਂ ਵੀ ਠਹਿਰ ਜਾਂਦੇ ਸਨ ਪਰੰਤੂ ਪੈਂਡਾ ਮਾਰ ਫਿਰ ਸ਼ਾਹੀ ਕੈਂਪ ਨਾਲ ਆ ਮਿਲਦੇ ਸਨ। ਅਗਸਤ 1708 ਦੇ ਅਖ਼ੀਰ ਵਿਚ ਇਹ ਕਾਫ਼ਲਾ ਨਾਂਦੇੜ ਪਹੁੰਚ ਗਿਆ। ਗੁਰੂ ਸਾਹਿਬ ਨੇ ਆਪਣੇ ਸਿੰਘਾਂ ਨਾਲ ਗੋਦਾਵਰੀ ਦੇ ਸੱਜੇ ਕੰਢੇ 'ਤੇ ਉਤਾਰਾ ਕੀਤਾ। ਬਾਦਸ਼ਾਹ ਹਮਲੇ ਦੀ ਤਿਆਰੀ ਲਈ ਕੁਝ ਮੀਲ ਦੂਰ ਦਰਿਆ ਪਾਰ ਠਹਿਰ ਗਿਆ। ਹੈਦਰਾਬਾਦ ਇਥੋਂ 150 ਮੀਲ ਦੂਰ ਸੀ।

ਭਾਵੇਂ ਬਾਦਸ਼ਾਹ ਗੁਰੂ ਸਾਹਿਬ ਨੂੰ ਭਰੋਸਾ ਦਿਵਾਉਂਦਾ ਸੀ ਕਿ ਫ਼ੌਰੀ ਝਮੇਲਿਆਂ ਤੋਂ ਵਿਹਲਾ ਹੋ ਕੇ ਉਹ ਪੰਜਾਬ ਵੱਲ ਧਿਆਨ ਦੇਵੇਗਾ ਪਰ ਹੁਣ ਤਕ ਆਪ ਨੇ ਮਹਿਸੂਸ ਕਰ ਲਿਆ ਸੀ ਕਿ ਇਸ ਗੱਲਬਾਤ ਦਾ ਕੋਈ ਖ਼ਾਤਰ-ਖ਼ਾਹ ਨਤੀਜਾ ਨਿਕਲਣ ਵਾਲਾ ਨਹੀਂ। ਦਰਅਸਲ ਬਾਦਸ਼ਾਹ ਦੀਆਂ ਵੀ ਕੁਝ ਆਪਣੀਆਂ ਮਜਬੂਰੀਆਂ ਸਨ। ਉਸ ਦਾ ਰਾਜ ਅਜੇ ਪੱਕੇ ਪੈਰੀਂ ਸਥਾਪਤ ਨਹੀਂ ਸੀ ਹੋਇਆ। ਇਧਰ-ਉਧਰ ਬਗ਼ਾਵਤਾਂ ਹੋ ਰਹੀਆਂ ਸਨ। ਮੁਲਕ ਦੀ ਸਿਆਸਤ ਵਿਚ ਉਲੇਮਾਵਾਂ ਦਾ ਬੜਾ ਜ਼ੋਰ ਸੀ ਅਤੇ ਬਾਦਸ਼ਾਹ ਉਨ੍ਹਾਂ ਦੀ ਨਾਰਾਜ਼ਗੀ ਵੀ ਮੁੱਲ ਲੈਣਾ ਉਚਿਤ ਨਹੀਂ ਸਮਝਦਾ ਸੀ। ਸ਼ਹਿਨਸ਼ਾਹ ਅਕਬਰ ਦੇ ਰਾਜ ਦੇ ਅਖ਼ੀਰਲੇ ਸਾਲਾਂ ਦੌਰਾਨ ਕੱਟੜ ਇਸਲਾਮੀ ਸ਼ਰ੍ਹਾ ਨੂੰ ਮੰਨਣ ਵਾਲੇ ਨਕਸ਼ਬੰਦੀ ਸੂਫ਼ੀ ਫ਼ਿਰਕੇ ਨੇ ਸਰਹਿੰਦ ਵਿਚ ਆਪਣਾ ਪ੍ਰਚਾਰ ਕੇਂਦਰ ਕਾਇਮ ਕਰ ਲਿਆ ਸੀ। ਇਸ ਫ਼ਿਰਕੇ ਦੇ ਆਗੂਆਂ ਦਾ ਮੁੱਖ ਨਿਸ਼ਾਨਾ ਰਾਜ-ਦਰਬਾਰੀਆਂ ਤੇ ਵੱਡੇ ਅਫ਼ਸਰਾਂ ਨੂੰ ਆਪਣੇ ਸ਼ਰਧਾਲੂ ਬਣਾ ਕੇ ਰਾਜ ਸ਼ਕਤੀ ਦੀ ਵਰਤੋਂ ਨਾਲ ਇਸਲਾਮ ਦਾ ਪ੍ਰਚਾਰ ਕਰਨਾ ਹੁੰਦਾ ਸੀ। ਪੰਜਾਬ ਵਿਚ ਸਿੱਖ ਧਰਮ ਦੀ ਲੋਕਪ੍ਰਿਯਤਾ ਉਨ੍ਹਾਂ ਨੂੰ ਆਪਣੇ ਰਾਹ ਦਾ ਵੱਡਾ ਰੋੜਾ ਜਾਪਦੀ ਸੀ। ਉਹ ਹਾਕਮਾਂ ਨੂੰ ਸਿੱਖ-ਵਿਰੋਧੀ ਕਾਰਵਾਈਆਂ ਲਈ ਉਕਸਾਉਂਦੇ ਰਹਿੰਦੇ ਸਨ। ਨਵਾਬ ਵਜ਼ੀਰ ਖਾਂ ਨੂੰ ਇਸ ਫ਼ਿਰਕੇ ਦਾ ਤਕੜਾ ਸਮਰਥਨ ਹਾਸਲ ਸੀ। ਬਾਦਸ਼ਾਹ ਫ਼ਿਲਹਾਲ ਉਸ ਵਿਰੁੱਧ ਕੋਈ ਕਾਰਵਾਈ ਕਰ ਕੇ ਆਪਣੇ ਲਈ ਕੋਈ ਨਵਾਂ ਬਖੇੜਾ ਖੜ੍ਹਾ ਨਹੀਂ ਕਰਨਾ ਚਾਹੁੰਦਾ ਸੀ। ਉਹ ਇਹ ਵੀ ਨਹੀਂ ਚਾਹੁੰਦਾ ਸੀ ਕਿ ਗੁਰੂ ਸਾਹਿਬ ਅਜੇ ਪੰਜਾਬ ਆਉਣ। ਇਸ ਲਈ ਉਸ ਨੇ ਗੁਰੂ ਜੀ ਨੂੰ ਆਪਣੇ ਨਾਲ ਰੱਖਣਾ ਹੀ ਬਿਹਤਰ ਸਮਝਿਆ ਸੀ।

ਹਾਲਾਤ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਨੇ ਨਾਂਦੇੜ ਦੇ ਰਮਣੀਕ ਅਸਥਾਨ 'ਤੇ ਰਹਿਣ ਦਾ ਫ਼ੈਸਲਾ ਕਰ ਲਿਆ। ਸਵੇਰੇ-ਸ਼ਾਮ ਦੀਵਾਨ ਸਜਣ ਲੱਗ ਪਏ। ਦੁਪਹਿਰ ਤੋਂ ਬਾਅਦ ਢਾਡੀ ਵਾਰਾਂ ਗਾਉਂਦੇ ਸਨ। ਸਥਾਨਕ ਵੱਸੋਂ ਵੀ ਹਾਜ਼ਰੀ ਭਰਦੀ ਸੀ।

3 ਸਤੰਬਰ, 1708 ਨੂੰ ਗੁਰੂ ਸਾਹਿਬ ਰਿਧੀਆਂ-ਸਿਧੀਆਂ ਤੇ ਜਾਦੂ-ਮੰਤਰਾਂ ਕਾਰਨ ਪ੍ਰਸਿੱਧ ਬੈਰਾਗੀ ਮਾਧੋ ਦਾਸ ਦੇ ਮੱਠ (ਜੋ ਨੇੜੇ ਹੀ ਸੀ) 'ਤੇ ਗਏ ਅਤੇ ਉਪਦੇਸ਼ ਰਾਹੀਂ ਉਸ ਦਾ ਕਾਇਆਂ-ਕਲਪ ਕਰ, ਬੰਦਾ ਸਿੰਘ ਬਹਾਦਰ ਨਾਂ ਨਾਲ ਉਸ ਨੂੰ ਆਪਣਾ ਸਿੰਘ ਸਜਾਇਆ। ਕੁਝ ਦਿਨਾਂ ਬਾਅਦ ਆਪਣੇ ਕੁਝ ਸ਼ਸਤਰ ਦੇ ਕੇ ਕੁਝ ਸਿੰਘਾਂ ਨਾਲ ਪੰਜਾਬ-ਵਾਸੀਆਂ ਨੂੰ ਉਸ ਦੇ ਝੰਡੇ ਹੇਠ ਇਕੱਠੇ ਹੋਣ ਲਈ ਉਸ ਨੂੰ ਹੁਕਮਨਾਮੇ ਵੀ ਬਖਸ਼ ਕੇ ਜਾਬਰ ਹਕੂਮਤ ਨੂੰ ਸੋਧਣ ਲਈ ਰਵਾਨਾ ਕਰ ਦਿੱਤਾ।

ਗੁਰੂ ਸਾਹਿਬ ਅਤੇ ਬਾਦਸ਼ਾਹ ਵਿਚਕਾਰ ਵਧਦੀ ਦੋਸਤੀ ਤੋਂ ਨਵਾਬ ਵਜ਼ੀਰ ਖਾਂ ਬਹੁਤ ਫ਼ਿਕਰਮੰਦ ਸੀ। ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਦੋ ਪਠਾਣ ਉਨ੍ਹਾਂ ਦੇ ਮਗਰ ਲਾਏ ਹੋਏ ਸਨ, ਜੋ ਪੁੱਛਦੇ-ਪੁੱਛਦੇ ਨਾਂਦੇੜ ਆ ਪਹੁੰਚੇ। ਉਹ ਕਈ ਦਿਨ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਭਰਦੇ ਰਹੇ ਅਤੇ ਸਿੰਘਾਂ ਉਤੇ ਉਨ੍ਹਾਂ ਨੇ ਆਪਣਾ ਇਤਬਾਰ ਜਮਾ ਲਿਆ ਸੀ। ਇਕ ਦਿਨ ਜਦ ਰਹਿਰਾਸ ਪਿੱਛੋਂ

www.sikhbookclub.com

ਗੁਰੂ ਸਾਹਿਬ ਆਪਣੇ ਖੈਮੇ ਵਿਚ ਆਰਾਮ ਫ਼ਰਮਾ ਰਹੇ ਸਨ ਤਾਂ ਉਨ੍ਹਾਂ ਵਿੱਚੋਂ ਇਕ ਪਠਾਣ, ਪਹਿਰੇ ਉਤਲੇ ਸਿੰਘ ਨੂੰ ਅਵੇਸਲਾ ਦੇਖ, ਦੱਬੇ ਪੈਰੀਂ ਅੰਦਰ ਆਇਆ ਅਤੇ ਗੁਰੂ ਜੀ ਦੀ ਖੱਬੀ ਵੱਖੀ ਵਿਚ ਦਿਲ ਤੋਂ ਜ਼ਰਾ ਹੇਠਾਂ ਛੁਰਾ ਖੋਭ ਦਿੱਤਾ। ਇਸ ਤੋਂ ਪਹਿਲਾਂ ਕਿ ਉਹ ਦੂਜਾ ਵਾਰ ਕਰਦਾ, ਗੁਰੂ ਸਾਹਿਬ ਨੇ ਕਿਰਪਾਨ ਸੂਤ ਕੇ ਉਸ ਨੂੰ ਉਥੇ ਹੀ ਢੇਰ ਕਰ ਦਿੱਤਾ। ਉਸ ਦੇ ਭੱਜੇ ਜਾਂਦੇ ਸਾਥੀ ਨੂੰ ਸਿੰਘਾਂ ਨੇ ਪਾਰ ਬੁਲਾਇਆ।

ਇਕ ਜੱਰਾਹ ਸੱਦਿਆ ਗਿਆ। ਉਸ ਨੇ ਜ਼ਖ਼ਮ ਸਾਫ਼ ਕਰ ਕੇ ਟਾਂਕੇ ਲਾ ਦਿੱਤੇ। ਦਸ ਦਿਨਾਂ ਵਿਚ ਜ਼ਖ਼ਮ ਜ਼ਾਹਰਾ ਰਾਜ਼ੀ ਹੋ ਗਿਆ ਅਤੇ ਗੁਰੂ ਸਾਹਿਬ ਨੇ ਦੀਵਾਨ ਵਿਚ ਸੰਗਤ ਨੂੰ ਦਰਸ਼ਨ ਦਿੱਤੇ। ਅਕਤੂਬਰ 1708 ਦੇ ਪਹਿਲੇ ਹਫ਼ਤੇ ਇਕ ਸਖ਼ਤ ਕਮਾਨ ਨੂੰ ਚਿੱਲਾ ਚੜ੍ਹਾਉਣ ਕਾਰਨ ਜ਼ਖ਼ਮ (ਜੋ ਅੰਦਰੋਂ ਅਜੇ ਅੱਲਾ ਸੀ) ਮੁੜ ਖੁੱਲ੍ਹ ਗਿਆ। ਖ਼ੂਨ ਬਹੁਤਾ ਵਗ ਜਾਣ ਕਾਰਨ ੭ ਕੱਤਕ, ਸੰਮਤ ਨਾਨਕਸ਼ਾਹੀ ੨੪੦ ਅਨੁਸਾਰ ੧੭੬੫ ਬਿਕ੍ਰਮੀ (1708 ਈ) ਨੂੰ ਸਵੇਰ ਦੀਆਂ ਅਰੰਭਕ ਘੜੀਆਂ ਵਿਚ (ਅੱਧੀ ਰਾਤ ਤੋਂ ਥੋੜ੍ਹਾ ਪਿੱਛੋਂ) ਆਪ ਸੱਚਖੰਡ ਪਿਆਨਾ ਕਰ ਗਏ। ਇਸ ਸੰਬੰਧ ਵਿਚ ਕਵੀ ਸੈਨਾਪਤਿ (ਸ੍ਰੀ ਗੁਰ ਸੋਭਾ, 1711 ਈ.) ਲਿਖਦਾ ਹੈ:

ਬਿਸਮੇ ਸਭ ਹੋਇ ਰਹੇ ਮਨ ਮੈ ਕਛ ਕੀ ਕਛੁ ਹੋਇ ਗਈ ਅਬ ਹੀ।
ਮਿਲਿ ਕੈ ਸਬ ਸਿੰਘਨੁ ਤਾਹਿ ਸਮੈ ਇਹ ਭਾਂਤ ਬਿਚਾਰ ਕੀਉ ਤਬ ਹੀ।
ਸਸਕਾਰ ਕਰੋ ਨਿਸ ਹੀ ਕੇ ਸਮੇ ਨਿਕਸੇ ਨਹੀਂ ਭਾਨ ਕਹਿਓ ਸਬ ਹੀ।
ਇਮ ਕਾਰਨ ਕਾਰਜ ਕੋ ਕਰਹੀ ਮਿਲਿ ਜੋਤਿ ਸੋ ਜੋਤਿ ਗਈ ਤਬ ਹੀ ॥੩੬॥੮੦੧॥
ਸੰਮਤ ਸਤ੍ਰਾ ਸੈ ਭਏ, ਪੈਂਸਠ ਬਰਖ ਪ੍ਰਮਾਨ।
ਕਾਤਕ ਸੁਦ ਭਈ ਪੰਚਮੀ, ਨਿਸ ਕਾਰਨ ਕਰਿ ਜਾਨ ॥੩੭॥੮੦੨॥

ਗੁਰੂ ਜੀ ਦੀ ਯਾਦ ਵਿਚ ਉਸ ਮੁਕਾਮ 'ਤੇ ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਦੀ ਸਥਾਪਨਾ ਤੇ ਉਸਾਰੀ ਹੋਈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਮੁਕੰਮਲ ਕਰਾਈ ਸੀ। ਨਿਜ਼ਾਮ ਹੈਦਰਾਬਾਦ ਨੇ ਇਸ ਪਵਿੱਤਰ ਅਸਥਾਨ ਦੇ ਨਾਂ ਸੱਤ ਪਿੰਡਾਂ ਦੀ ਜਾਗੀਰ ਲਾਈ। ਸੱਚਖੰਡ ਪਿਆਨਾ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਸਦੀਵੀ ਗੁਰੂ ਥਾਪ ਦਿੱਤਾ ਸੀ।

(10/2008)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਬਹਾਦਰ ਸ਼ਾਹ

ਔਰੰਗਜ਼ੇਬ ਦੇ ਉਤਰਾਧਿਕਾਰੀ ਬਹਾਦਰ ਸ਼ਾਹ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੰਬੰਧ ਉਸ ਲੜੀ ਦੀ ਅੰਤਮ ਕੜੀ ਹਨ ਜੋ ਗੁਰੂ ਜੀ ਨੇ ਪੰਜਾਬ ਦੀ ਰਾਜਸੀ ਤੇ ਸਮਾਜੀ ਉਲਝਣ ਨੂੰ ਪੁਰਅਮਨ ਤਰੀਕੇ ਨਾਲ ਸੁਲਝਾਣ ਲਈ ਛੋਹੀ ਸੀ।

ਬਾਦਸ਼ਾਹ ਬਣਨ ਤੋਂ ਪਹਿਲਾਂ ਵੀ ਬਹਾਦਰ ਸ਼ਾਹ ਦੇ ਪੰਜਾਬ ਨਾਲ ਡੂੰਘੇ ਸੰਬੰਧ ਰਹੇ ਸਨ। ਇਸ ਲਈ ਗੁਰੂ ਸਾਹਿਬ ਅਤੇ ਸਿੱਖਾਂ ਨਾਲ ਬਹਾਦਰ ਸ਼ਾਹ ਦਾ ਸੰਪਰਕ ਹੋਣਾ ਕੁਦਰਤੀ ਗੱਲ ਸੀ। 1696 ਈ. ਵਿਚ ਬਹਾਦਰ ਸ਼ਾਹ ਨੂੰ ਜੋ ਅਜੇ ਸ਼ਾਹਜ਼ਾਦਾ ਮੁਅੱਜ਼ਮ ਹੀ ਸੀ, ਲਾਹੌਰ ਦੇ ਗੁਆਂਢ ਵਿਚ ਮੁਲਤਾਨ ਦਾ ਗਵਰਨਰ ਥਾਪਿਆ ਗਿਆ। 28 ਅਪ੍ਰੈਲ, 1698 ਵਿਚ ਉਸ ਨੂੰ ਕਾਬੁਲ ਦੀ ਸੂਬੇਦਾਰੀ 'ਤੇ ਨਿਯੁਕਤ ਕੀਤਾ ਗਿਆ ਅਤੇ ਖਾਲਸੇ ਦੀ ਸਿਰਜਣਾ ਦੇ ਕੋਈ ਨੌਂ ਮਹੀਨਿਆਂ ਮਗਰੋਂ 31 ਜਨਵਰੀ, 1700 ਵਿਚ ਉਸ ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ ਗਿਆ।

ਮੁਲਤਾਨ ਦਾ ਸੂਬੇਦਾਰ ਬਣਨ ਤੋਂ ਥੋੜ੍ਹਾ ਚਿਰ ਪਹਿਲਾਂ ਭਾਈ ਨੰਦ ਲਾਲ ਨੇ ਜੋ ਗੁਰੂ ਘਰ ਦਾ ਅਤਿ ਸ਼ਰਧਾਲੂ ਸਿੱਖ ਸੀ, ਸ਼ਾਹਜ਼ਾਦਾ ਮੁਅੱਜ਼ਮ ਅਤੇ ਗੁਰੂ ਸਾਹਿਬ ਵਿਚਕਾਰ ਸੁਖਾਵੇਂ ਹਾਲਾਤ ਪੈਦਾ ਕਰਨ ਲਈ ਸਾਜ਼ਗਾਰ ਫ਼ਿਜ਼ਾ ਬਣਾ ਦਿੱਤੀ ਸੀ। ਲਾਹੌਰ ਦਾ ਸੂਬੇਦਾਰ ਬਣਨ ਅਤੇ 1707 ਵਿਚ ਔਰੰਗਜ਼ੇਬ ਦੀ ਮੌਤ ਉਪਰੰਤ ਮੁਗ਼ਲ ਸ਼ਾਹਜ਼ਾਦਿਆਂ ਵਿਚਕਾਰ ਤਖ਼ਤ-ਨਸ਼ੀਨੀ ਦੀ ਜੰਗ ਛਿੜ ਜਾਣ ਕਾਰਨ ਬਹਾਦਰ ਸ਼ਾਹ ਨੂੰ ਮਜਬੂਰ ਹੋ ਕੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੇੜੇ ਆਉਣਾ ਪਿਆ। ਜੇ 1777 ਈ. ਵਿਚ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ' ਅਤੇ ਸਿਰੀ ਰਾਮ ਸ਼ਰਮਾ ਦੀ 'ਰਿਲੀਜਸ ਪਾਲਿਸੀ ਆਫ਼ ਦੀ ਮੁਗ਼ਲਜ਼' ਨੂੰ ਆਧਾਰ ਮੰਨਿਆ ਜਾਏ ਤਾਂ ਸਿੱਖਾਂ ਨੂੰ ਮੁਅੱਜ਼ਮ ਦੀ ਕਾਬੁਲ ਦੀ ਸੂਬੇਦਾਰੀ ਦੌਰਾਨ ਵੀ ਸ਼ਾਹਜ਼ਾਦਾ ਦੀ ਫ਼ੌਜ ਵਿਚ ਭਰਤੀ ਹੋ ਕੇ ਉਸ ਨੂੰ ਸਹਾਇਤਾ ਦੇਣ ਦਾ ਵਚਨ ਦਿੱਤਾ ਸੀ।

1707 ਈ. ਵਿਚ ਔਰੰਗਜ਼ੇਬ ਦੀ ਮੌਤ ਨੇ ਨਵੇਂ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਕਿ ਮੁਅੱਜ਼ਮ ਗੁਰੂ ਸਾਹਿਬ ਦੇ ਹੋਰ ਨੇੜੇ ਹੋਣ ਲੱਗਾ। ਔਰੰਗਜ਼ੇਬ ਦੀ ਮੌਤ ਸਮੇਂ ਗੁਰੂ ਸਾਹਿਬ ਮਾਰਵਾੜ ਰਿਆਸਤ ਕਸਬਾ ਬਗ਼ੌਰ ਵਿਚ ਸਨ। ਉਥੋਂ ਆਪ ਦਿੱਲੀ ਨੂੰ ਰਵਾਨਾ ਹੋਏ। ਇਧਰੋਂ ਮੁਅੱਜ਼ਮ ਜੋ ਕਾਬੁਲ ਵਿਚ ਤਖ਼ਤ ਲਈ ਆਪਣਾ ਹੱਕ ਜਤਾਣ ਲਈ ਕਾਬੁਲ ਤੋਂ ਦਿੱਲੀ ਰਵਾਨਾ ਹੋਇਆ।

ਇਰਵਿਨ ਨੇ 'ਲੇਟਰ ਮੁਗ਼ਲਜ਼' ਵਿਚ ਅਤੇ ਮੈਕਾਲਫ਼ ਨੇ ਵੀ ਇਹੀ ਸਿੱਧ ਕਰਨਾ ਚਾਹਿਆ ਹੈ ਕਿ ਇਸ ਸਮੇਂ ਗੁਰੂ ਸਾਹਿਬ ਅਤੇ ਮੁਅੱਜ਼ਮ ਵਿਚ ਲਾਹੌਰ ਤੋਂ ਦਿੱਲੀ ਦੇ ਵਿਚਕਾਰ ਕਿਸੇ ਥਾਂ ਮੁਲਾਕਾਤ ਹੋਈ ਅਤੇ ਇੰਝ ਪ੍ਰਤੀਤ ਹੁੰਦਾ ਹੈ ਕਿ ਸ਼ਾਹਜ਼ਾਦਾ ਮੁਅੱਜ਼ਮ ਨੇ ਗੁਰੂ ਸਾਹਿਬ ਨੂੰ ਯਕੀਨ ਦਿਵਾਇਆ ਕਿ ਤਖ਼ਤ-ਨਸ਼ੀਨੀ ਦੀ ਜੰਗ ਪਿੱਛੋਂ ਪੰਜਾਬ ਦੀ ਸਥਿਤੀ ਬਾਰੇ ਗੁਰੂ ਸਾਹਿਬ ਦੇ ਸੁਝਾਉ ਪ੍ਰਵਾਨ ਕਰ

www.sikhbookclub.com

ਲਏ ਜਾਣਗੇ। ਇਹ ਵੀ ਲੱਗਦਾ ਹੈ ਕਿ ਮੁਅੱਜ਼ਮ ਨੇ ਗੁਰੂ ਸਾਹਿਬ ਨੂੰ ਇਸ ਜੰਗ ਵਿਚ ਉਸ ਦਾ ਪੱਖ ਪੂਰਨ ਲਈ ਵੀ ਤਿਆਰ ਕਰ ਲਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਮੇਂ ਗੁਰੂ ਸਾਹਿਬ ਪਾਸ ਦੋ ਤਿੰਨ ਸੌ ਤੋਂ ਵੱਧ ਸ਼ਸਤਰ-ਬੱਧ ਘੋੜ ਸਵਾਰ ਤੇ ਜ਼ਿਆਦਾ ਸਿੱਖ ਨਹੀਂ ਸਨ, ਪਰ 1 ਜੁਲਾਈ, 1707 ਵਿਚ ਸ਼ਾਹਜ਼ਾਦਾ ਆਜ਼ਮ ਅਤੇ ਮੁਅੱਜ਼ਮ ਵਿਚਕਾਰ ਲੜੀ ਜੰਗ ਵਿਚ ਸਿੱਖਾਂ ਦੀ ਸ਼ਮੂਲੀਅਤ ਇਹ ਸਿੱਧ ਕਰਦੀ ਹੈ ਕਿ ਮੁਅੱਜ਼ਮ ਨੇ ਬਾਦਸ਼ਾਹ ਬਣਨ ਉਪਰੰਤ ਗੁਰੂ ਸਾਹਿਬ ਦੀ ਮਨਸਾ ਅਨੁਸਾਰ ਪੰਜਾਬ ਦਾ ਉਚਿਤ ਹੱਲ ਲੱਭਣ ਲਈ ਗੁਰੂ ਸਾਹਿਬ ਨੂੰ ਵਿਚਾਰ ਦੇ ਰੱਖਿਆ ਸੀ। ਜਾਜੋ ਦੀ ਲੜਾਈ ਫ਼ੈਸਲਾਕੁੰਨ ਸਾਬਤ ਹੋਈ ਅਤੇ ਮੁਅੱਜ਼ਮ ਨੂੰ ਜਿੱਤ ਪ੍ਰਾਪਤ ਹੋਈ।

ਇਹਨਾਂ ਹਾਲਾਤ 'ਤੇ ਟਿੱਪਣੀ ਕਰਦਿਆਂ ਜਾਦੂ ਨਾਥ ਸਰਕਾਰ ਲਿਖਦਾ ਹੈ ਕਿ :

> ਗੁਰੂ ਸਾਹਿਬ ਨੇ ਮੁਅੱਜ਼ਮ ਨੂੰ ਤਖ਼ਤ ਦਿਲਾਣ ਲਈ ਉਸ ਦੀ ਬੜੀ ਸਹਾਇਤਾ ਕੀਤੀ। ਇਕ ਤਾਂ ਮੁਅੱਜ਼ਮ ਔਰੰਗਜ਼ੇਬ ਦਾ ਵੱਡਾ ਪੁੱਤਰ ਸੀ। ਦੂਜੇ ਉਹ ਲਾਹੌਰ ਦਾ ਸੂਬੇਦਾਰ ਰਹਿਣ ਕਾਰਨ ਪੰਜਾਬ ਦਾ ਮਸਲਾ ਹੱਲ ਕਰਨ ਲਈ ਆਪਣੀ ਸਿਦਕ-ਦਿਲੀ ਦਾ ਵਚਨ ਦੇ ਰੱਖਿਆ ਸੀ।

ਤਖ਼ਤ ਉੱਤੇ ਬੈਠਦਿਆਂ ਜਿਥੇ ਮੁਅੱਜ਼ਮ ਨੇ ਆਪਣਾ ਲਕਬ ਬਹਾਦਰ ਸ਼ਾਹ ਇਖ਼ਤਿਆਰ ਕਰ ਲਿਆ, ਉਥੇ ਗੁਰੂ ਸਾਹਿਬ ਨੂੰ ਆਪਣਾ ਰਿਣ ਚੁਕਾਣ ਲਈ ਉਸ ਨੇ ਮਿਲਣ ਲਈ ਇੱਛਾ ਪ੍ਰਗਟ ਕੀਤੀ ਅਤੇ ਉਹਨਾਂ ਨੂੰ ਮੁਲਾਕਾਤ ਦਾ ਨਿਮੰਤ੍ਰਣ ਦਿੱਤਾ।

ਜਾਜੋ ਦੀ ਜਿੱਤ ਦੇ ਪੰਜਾਂ ਦਿਨਾਂ ਮਗਰੋਂ ਬਹਾਦਰ ਸ਼ਾਹ ਅਤੇ ਗੁਰੂ ਸਾਹਿਬ ਦੀ 23 ਜੁਲਾਈ, 1707 ਨੂੰ ਮੁਲਾਕਾਤ ਹੋਈ। ਗੁਰੂ ਸਾਹਿਬ ਪ੍ਰਤੀ ਬਹਾਦਰ ਸ਼ਾਹ ਦੀ ਸ਼ਰਧਾ ਇਤਨੀ ਸਪੱਸ਼ਟ ਸੀ ਕਿ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਮੁਗ਼ਲਾਂ ਦੇ ਸਦੀਆਂ ਪੁਰਾਣੇ ਤੌਰ-ਤਰੀਕੇ ਵੀ ਤਿਆਗ ਦਿੱਤੇ।

ਮੁਗ਼ਲ ਦਰਬਾਰ ਦੀ ਪ੍ਰਚੱਲਤ ਗੀਤ ਦੇ ਬਿਲਕੁਲ ਉਲਟ ਬਹਾਦਰ ਸ਼ਾਹ ਨੇ ਆਪਣੇ ਸਲਾਹਕਾਰਾਂ ਦੀ ਰਾਏ ਦੇ ਉਲਟ ਗੁਰੂ ਸਾਹਿਬ ਨੂੰ ਸ਼ਸਤਰ-ਬੱਧ ਹੋ ਕੇ ਆਪਣੇ ਦਰਬਾਰ ਵਿਚ ਆਉਣ ਦਿੱਤਾ ਅਤੇ ਕਿਸੇ ਨੂੰ ਗੁਰੂ ਸਾਹਿਬ ਨੂੰ ਦਰਬਾਰ ਵਿਚ ਸ਼ਸਤਰ ਸਜਾ ਕੇ ਅੰਦਰ ਵੜਨੋਂ ਰੋਕਣ ਦੀ ਹਿੰਮਤ ਨਹੀਂ ਹੋਈ। ਇਤਨਾ ਹੀ ਨਹੀਂ, ਇਕ ਸ਼ਸਤਰ-ਬੱਧ ਸਿੱਖ ਡਿਊਢੀ ਤਕ ਗੁਰੂ ਸਾਹਿਬ ਦੇ ਨਾਲ ਗਿਆ ਅਤੇ ਫਿਰ ਡਿਊਢੀ 'ਤੇ ਗੁਰੂ ਸਾਹਿਬ ਦੀ ਉਡੀਕ ਕਰਨ ਲੱਗਾ। ਗੁਰੂ ਸਾਹਿਬ ਸਿਰਫ਼ ਸ਼ਸਤਰ-ਬੱਧ ਹੀ ਨਹੀਂ ਸਨ, ਉਹਨਾਂ ਕਲਗੀ ਵੀ ਸਜਾਈ ਹੋਈ ਸੀ। ਕਲਗੀ ਸ਼ਾਹੀ ਚਿੰਨ੍ਹ ਦਰਸਾਂਦੀ ਹੈ, ਪਰ ਬਹਾਦਰ ਸ਼ਾਹ ਨੇ ਇਤਰਾਜ਼ ਨਾ ਕੀਤਾ, ਸਗੋਂ ਗੁਰੂ ਸਾਹਿਬ ਦੇ ਆਦਰ ਵਜੋਂ ਜੋ ਸਿਰੋਪਾ ਉਹਨਾਂ ਨੂੰ ਦਿੱਤਾ, ਉਸ ਵਿਚ ਵੀ ਕਲਗੀ ਸ਼ਾਮਲ ਸੀ। ਇਥੇ ਹੀ ਬਸ ਨਹੀਂ, ਮੁਗ਼ਲ ਦਸਤੂਰ ਦੇ ਬਿਲਕੁਲ ਉਲਟ, ਗੁਰੂ ਸਾਹਿਬ ਦੇ ਬਾਦਸ਼ਾਹ ਦੇ ਦਰਬਾਰ ਵਿਚ ਬਾਦਸ਼ਾਹ ਵਲੋਂ ਮਿਲੇ 'ਖਿਲਅਤ' ਨਾ ਪਹਿਨਣ 'ਤੇ ਵੀ ਕੋਈ ਇਤਰਾਜ਼ ਨਾ ਕੀਤਾ ਅਤੇ ਗੁਰੂ ਸਾਹਿਬ ਨੇ ਡਿਊਢੀ 'ਤੇ ਉਡੀਕ ਰਹੇ ਸਿੱਖ ਨੂੰ ਅੰਦਰ ਬੁਲਾ ਕੇ ਸਿਰੋਪਾ ਉਸ ਨੂੰ ਚੁਕਵਾ ਦਿੱਤਾ।

ਇਥੋਂ ਤਕ ਸਾਰੇ ਹਾਲਾਤ ਬੜੀ ਸਾਜ਼ਗਾਰ ਫਿਜ਼ਾ ਵਿਚੋਂ ਲੰਘ ਰਹੇ ਸਨ। ਦਸਮੇਸ਼ ਪਿਤਾ ਦੀ ਪੰਜਾਬ ਬਾਰੇ ਕੋਈ ਗੱਲ ਸਿਰੇ ਚਾੜ੍ਹਨ, ਲਈ ਬਾਦਸ਼ਾਹ ਨਾਲ ਇਹ ਬੜੀ ਮਹੱਤਵਪੂਰਨ ਮੁਲਾਕਾਤ ਸੀ, ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਮੁਗ਼ਲ ਨੌਕਰਸ਼ਾਹੀ ਦੀ ਇਕ ਮਜ਼ਬੂਤ ਕੜੀ ਸਰਹਿੰਦ ਦਾ

www.sikhbookclub.com

ਫ਼ੌਜਦਾਰ ਵਜ਼ੀਰ ਖ਼ਾਨ ਮੁਗ਼ਲ ਦਰਬਾਰ ਵਿਚ ਇਤਨਾ ਰਸੂਖ ਰੱਖਦਾ ਸੀ ਕਿ ਬਾਦਸ਼ਾਹ ਉਸ ਵਿਰੁੱਧ ਕੋਈ ਕਰੜੀ ਕਾਰਵਾਈ ਕਰਨ ਤੋਂ ਪਹਿਲਾਂ ਹਾਲਾਤ ਦਾ ਵਧੇਰੇ ਜਾਇਜ਼ਾ ਲੈਣ ਲਈ ਕੁਝ ਮੁਹਲਤ ਚਾਹੁੰਦਾ ਸੀ। ਉਸ ਨੂੰ ਇਹ ਵੀ ਖ਼ਤਰਾ ਦਿੱਸ ਰਿਹਾ ਸੀ ਕਿ ਜੇ ਗੁਰੂ ਸਾਹਿਬ ਪੰਜਾਬ ਵਾਪਸ ਚਲੇ ਗਏ, ਤਾਂ ਪੰਜਾਬ ਵਿਚ ਜੋ ਇਕ ਸਰਹੱਦੀ ਸੂਬਾ ਸੀ ਤੇ ਫ਼ੌਜੀ ਤੌਰ ’ਤੇ ਬੜੀ ਅਹਿਮੀਅਤ ਰੱਖਦਾ ਸੀ, ਕਿਤੇ ਬਦਅਮਨੀ ਨਾ ਫੈਲ ਜਾਏ। ਉਸ ਨੂੰ ਤਖ਼ਤ ’ਤੇ ਬੈਠਿਆਂ ਕੁਝ ਦਿਨ ਹੀ ਤਾਂ ਹੋਏ ਸਨ। ਉਹ ਤਖ਼ਤ ਉੱਤੇ ਆਪਣੀ ਪੋਜ਼ੀਸ਼ਨ ਕੁਝ ਹੋਰ ਮਜ਼ਬੂਤ ਕਰਨਾ ਚਾਹੁੰਦਾ ਸੀ। ਦੱਖਣ ਦੇ ਹਾਲਾਤ ਅਜੇ ਵੀ ਦੱਖਣ ਵਿਚ ਉਸ ਦੀ ਮੌਜੂਦਗੀ ਨੂੰ ਜ਼ਰੂਰੀ ਕਰਾਰ ਦੇ ਰਹੇ ਸਨ। ਇਸ ਲਈ ਬਹਾਦਰ ਸ਼ਾਹ ਰਾਜਪੂਤਾਨੇ ਤੋਂ ਗੁਰੂ ਸਾਹਿਬ ਨਾਲ ਮਿਲ ਕੇ ਨਰਬਦਾ ਵਲ ਰਵਾਨਾ ਹੋ ਗਏ। ਗੁਰੂ ਸਾਹਿਬ ਦਾ ਬਾਦਸ਼ਾਹ ਦੇ ਨਾਲ ਦੱਖਣ ਜਾਣ ’ਤੇ ਰਜ਼ਾਮੰਦ ਹੋਣਾ ਗੁਰੂ ਸਾਹਿਬ ਦੀ ਪੰਜਾਬ ਦੀ ਹਾਲਤ ਨੂੰ ਸੰਵਾਰਨ ਬਾਰੇ ਉਹਨਾਂ ਦੀ ਉਤਸੁਕਤਾ ਨੂੰ ਦਰਸਾਉਂਦਾ ਹੈ।

ਜਿਹੜੇ ਇਤਿਹਾਸਕਾਰ ਕਾਹਲੀ ਵਿਚ ਇਹ ਦੱਸਦੇ ਹਨ ਕਿ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਤੋਂ ਖਿਲਅਤ ਪ੍ਰਵਾਨ ਕਰ ਕੇ ਉਸ ਦੇ ਨਾਲ ਨਾਲ ਦੱਖਣ ਜਾਣ ਦੀ ਰਜ਼ਾਮੰਦੀ ਦੇਣਾ ਇਹ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਦੇ ਦਰਬਾਰ ਵਿਚ ਇਕ ਅਹਿਲਕਾਰ ਦੇ ਤੌਰ ’ਤੇ ਕੋਈ ਮੁਨਸਬ ਹਾਸਿਲ ਕਰ ਲਿਆ ਸੀ, ਉਹ ਇਹ ਭੁੱਲ ਜਾਂਦੇ ਹਨ ਕਿ ਗੁਰੂ ਸਾਹਿਬ ਇਕ ਸਾਥੀ ਦੇ ਤੌਰ ’ਤੇ ਬਾਦਸ਼ਾਹ ਦੇ ਨਾਲ ਸਨ, ਇਕ ਮੁਲਾਜ਼ਮ ਦੇ ਤੌਰ ’ਤੇ ਨਹੀਂ।

ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਨੇ ਇਸ ਸਫ਼ਰ ਨੂੰ ‘ਰਿਫਾਕਤ’ ਦਾ ਨਾਂ ਦਿੱਤਾ ਹੈ ਜਿਸ ਦਾ ਮਤਲਬ ਸਾਥੀ ਹੈ, ਮੁਲਾਜ਼ਮ ਨਹੀਂ। ਉਹ ਇਹ ਵੀ ਭੁੱਲ ਜਾਂਦੇ ਹਨ ਕਿ ‘ਖ਼ਿਲਅਤ’ ਤਾਂ ਮੁਗ਼ਲ ਦਰਬਾਰ ਵਿਚ ਕਿਸੇ ਨੂੰ ਆਦਰ ਸਤਿਕਾਰ ਵਜੋਂ ਦਿੱਤਾ ਜਾਂਦਾ ਸੀ।

‘ਮੁਨਤਖ਼ਬੁਲ ਲੁਬਾਬ’ (1734 ਈ.) ਦੇ ਲੇਖਕ ਖ਼ਾਫੀ ਖ਼ਾਨ ਨੇ ਕੇਵਲ ਇਹ ਦੱਸਿਆ ਹੈ ਕਿ :

> “ਗੁਰੂ ਸਾਹਿਬ ਇਕ ਸਾਥੀ ਵਜੋਂ ਬਾਦਸ਼ਾਹ ਦੇ ਨਾਲ ਜਾ ਰਹੇ ਸਨ।”

ਇਸੀ ਪ੍ਰਕਾਰ ਇਕ ਹੋਰ ਸਮਕਾਲੀ ਲਿਖਤ ‘ਤਾਰੀਖ਼-ਇ-ਬਹਾਦੁਰ ਸ਼ਾਹੀ’ ਵੀ ਕੇਵਲ ਇਹੀ ਦੱਸਦੀ ਹੈ ਕਿ :

> “ਜਦ ਬਾਦਸ਼ਾਹ ਦੀਆਂ ਫ਼ੌਜਾਂ ਬੁਰਹਾਨਪੁਰ ਵੱਲ ਰਵਾਨਾ ਹੋਈਆਂ ਤਾਂ ਉਦੋਂ ਉਨ੍ਹਾਂ ਇਲਾਕਿਆਂ ਵਿਚ ਗੁਰੂ ਨਾਨਕ ਜੀ ਦਾ ਇਕ ਉਤਰਾਧਿਕਾਰੀ ਗੁਰੂ ਗੋਬਿੰਦ (ਸਿੰਘ) ਵੀ ਸਫ਼ਰ ਕਰਦਾ ਉਸ ਇਲਾਕੇ ਵਿਚ ਆ ਪੁੱਜਾ। ਉਹ ਸੰਗਤਾਂ ਨੂੰ ਅਤੇ ਧਰਮ ਵਿਚ ਪਰਪਕ ਲੋਕਾਂ ਅਤੇ ਹੋਰ ਦੁਨੀਆਦਾਰਾਂ ਨੂੰ ਅਕਸਰ ਉਪਦੇਸ਼ ਦਿੰਦਾ ਰਹਿੰਦਾ ਸੀ।”

ਇਸ ਦਾ ਮਤਲਬ ਬਿਲਕੁਲ ਸਾਫ਼ ਹੈ ਕਿ ਬਾਦਸ਼ਾਹ ਦੇ ਨਾਲ ਹੁੰਦਿਆਂ ਵੀ ਗੁਰੂ ਸਾਹਿਬ ਦਾ ਅਸਲੀ ਉਦੇਸ਼ ਸੰਗਤਾਂ ਨੂੰ ਧਰਮ ਦਾ ਉਪਦੇਸ਼ ਦੇਣਾ ਸੀ।

ਅਜਿਹੇ ਹਾਲਾਤ ਵਿਚ ਜਦ ਗੁਰੂ ਸਾਹਿਬ ਨਾਂਦੇੜ ਪੁੱਜੇ ਤਾਂ ਵਜ਼ੀਰ ਖ਼ਾਨ ਦੇ ਘੱਲੇ ਇਕ ਸ਼ਖ਼ਸ ਜਮਸ਼ੇਦ ਖ਼ਾਨ ਅਤੇ ਉਸ ਦੇ ਸਾਥੀ ਨੇ ਗੁਰੂ ਸਾਹਿਬ ’ਤੇ ਵਾਰ ਕਰ ਕੇ ਉਨ੍ਹਾਂ ’ਤੇ ਕਾਰੀ ਜ਼ਰਬ ਲਗਾਈ ਅਤੇ ਇਸ ਦੇ ਬਾਵਜੂਦ ਜਮਸ਼ੈਦ ਖ਼ਾਨ ਆਪ ਵੀ ਗੁਰੂ ਸਾਹਿਬ ਦੇ ਹੱਥੋਂ ਮਾਰਿਆ ਗਿਆ ਅਤੇ ਉਸ ਦੇ ਦੋਸ਼ੀ ਸਾਥੀ ਦੇ ਵੀ ਟੋਟੇ ਟੋਟੇ ਕਰ ਦਿੱਤੇ ਗਏ, ਗੁਰੂ ਸਾਹਿਬ ਲਈ ਵੀ ਉਹ ਜ਼ਖ਼ਮਕਾਰੀ ਸਿੱਧ ਹੋਏ

www.sikhbookclub.com

ਅਤੇ ਬਾਦਸ਼ਾਹ ਵਲੋਂ ਭੇਜੇ ਅੰਗਰੇਜ਼ ਜਰਾਹਾਂ ਦੀ ਪੂਰੀ ਕੋਸ਼ਿਸ਼ ਦੇ ਬਾਵਜੂਦ ਆਪ ਸਿਹਤਯਾਬ ਨਾ ਹੋਏ। ਆਪ ਜੀ ਦੇ ਜੋਤੀ-ਜੋਤ ਸਮਾਉਣ ਨਾਲ ਮੁਗ਼ਲ ਬਾਦਸ਼ਾਹ ਨਾਲ ਸਿੱਖਾਂ ਦੇ ਇਨ੍ਹਾਂ ਸੰਬੰਧਾਂ ਦੀ ਲੜੀ ਯਕਲਖਤ ਟੁੱਟ ਜਾਂਦੀ ਹੈ।

ਇਕ ਗੱਲ ਮਹਿਸੂਸ ਹੁੰਦੀ ਹੈ ਕਿ ਗੁਰੂ ਸਾਹਿਬ ਜੀ ਨੂੰ ਇਹ ਨਿਸ਼ਚਾ ਹੁੰਦਾ ਜਾ ਰਿਹਾ ਸੀ ਕਿ ਮੁਗ਼ਲਾਂ ਨਾਲ ਸਮਝੌਤਾ ਹੋ ਜਾਏਗਾ ਅਤੇ ਉਹ ਅਨੰਦਪੁਰ ਸਾਹਿਬ ਵਾਪਸ ਚਲੇ ਜਾਣਗੇ। ਸਿੱਖ ਸੰਗਤਾਂ ਦੇ ਨਾਂ ਜਾਰੀ ਕੀਤਾ ਉਨ੍ਹਾਂ ਦਾ ਹੁਕਮਨਾਮਾ ਇਹ ਸਿੱਧ ਕਰਦਾ ਹੈ ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਬਾਦਸ਼ਾਹ ਤਖ਼ਤ ਉੱਤੇ ਆਪਣੀ ਪੋਜ਼ੀਸ਼ਨ ਅਜੇ ਡਾਵਾਂ-ਡੋਲ ਸਮਝਦਾ ਸੀ ਅਤੇ ਪੰਜਾਬ ਵਰਗੇ ਫੌਗੀ ਤੌਰ 'ਤੇ ਅਹਿਮ ਸੂਬੇ ਦੀ ਇਕ ਤਕੜੇ ਫ਼ੌਜਦਾਰ ਵਜ਼ੀਰ ਖ਼ਾਨ ਵਿਰੁੱਧ ਕੋਈ ਕਰੜੀ ਕਾਰਵਾਈ ਤੋਂ ਝਿਜਕ ਰਿਹਾ ਸੀ। ਵਜ਼ੀਰ ਖ਼ਾਨ ਵਿਰੁੱਧ ਸ਼ਾਹੀ ਫ਼ੁਰਮਾਨ ਦੇ ਜਾਰੀ ਹੋਣ ਵਿਚ ਦੇਰੀ ਨੇ ਗੁਰੂ ਸਾਹਿਬ ਦੇ ਮਨ ਵਿਚ ਬਾਦਸ਼ਾਹ ਦੀ ਨੀਅਤ ਉੱਤੇ ਸ਼ੱਕ ਪੈਦਾ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦੀ ਰਾਜਸੀ ਕਮਾਨ ਦੇ ਕੇ ਪੰਜਾਬ ਤੋਰਨਾ ਘੱਟੋ ਘੱਟ ਇਹ ਸਾਬਤ ਕਰਦਾ ਹੈ।

ਕਈ ਵਿਦਵਾਨ ਗੁਰੂ ਸਾਹਿਬ ਉੱਤੇ ਕਾਤਲਾਨਾ ਹਮਲੇ ਲਈ ਖ਼ੁਦ ਬਾਦਸ਼ਾਹ ਨੂੰ ਜ਼ਿੰਮੇਵਾਰ ਠਹਿਰਾਂਦੇ ਹਨ ਪਰ ਇਸ ਬਾਰੇ ਕੋਈ ਮੁਸਤਨਦ ਗਵਾਹੀ ਨਾ ਹੋਣ ਕਾਰਨ ਨਿਸ਼ਚਿਤ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਸਿਰਫ਼ ਇਸ ਬਿਨਾਅ 'ਤੇ ਬਾਦਸ਼ਾਹ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿ ਉਸ ਨੇ ਗੁਰੂ ਸਾਹਿਬ ਦੇ ਹੱਥੋਂ ਹਲਾਕ ਹੋਣ ਵਾਲੇ ਜਮਸ਼ੈਦ ਖ਼ਾਨ ਨੂੰ ਮਗਰੋਂ ਮਾਤਮੀ ਖਿਲਅਤ ਪ੍ਰਦਾਨ ਕੀਤਾ। ਜਮਸ਼ੈਦ ਖ਼ਾਨ ਆਖ਼ਰ ਮੁਗ਼ਲ ਫ਼ੌਜ ਦਾ ਹੀ ਕਰਿੰਦਾ ਸੀ ਅਤੇ ਦਸਤੂਰ ਅਨੁਸਾਰ ਉਸ ਨੂੰ ਮਾਤਮੀ ਖਿਲਅਤ ਦਿੱਤਾ ਜਾਣਾ ਗੁਰੂ ਸਾਹਿਬ ਪ੍ਰਤੀ ਬਾਦਸ਼ਾਹ ਦੀ ਅਸ਼ਰਧਾ ਦਾ ਸੂਚਕ ਨਹੀਂ ਹੋ ਸਕਦਾ।

ਪਰ ਇਹ ਸਭ ਕੁਝ ਕਹਿਣ ਮਗਰੋਂ ਇਹ ਮੰਨਣਾ ਪਵੇਗਾ ਕਿ ਬਹਾਦਰ ਸ਼ਾਹ ਨੇ ਆਪਣੀ ਫ਼ੌਜੀ ਪੁਜ਼ੀਸ਼ਨ ਕਾਰਨ ਜਾਂ ਨੌਕਰਸ਼ਾਹੀ ਨੂੰ ਨਾਰਾਜ਼ ਨਾ ਕਰਨ ਖ਼ਾਤਰ ਪੰਜਾਬ ਨਾਲ ਨਿਆਂ ਕਰਨ ਵਿਚ ਦੇਰ ਲਗਾ ਦਿੱਤੀ ਅਤੇ ਇਸ ਦਾ ਨਤੀਜਾ ਮੁਗ਼ਲਾਂ ਨੂੰ ਭੁਗਤਣਾ ਪਿਆ। ਦੋ ਵਰ੍ਹਿਆਂ ਵਿਚ ਸਿੱਖਾਂ ਨੇ ਥਾਨੇਸਰ ਦੇ ਅਸਥਾਨ 'ਤੇ ਪੰਜਾਬ ਦੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਬੇਸ਼ਕ ਇਕ ਮੁੱਢਲੀ ਸਿੱਖ ਸਰਕਾਰ ਬਹੁਤ ਚਿਰ ਨਾ ਰਹੀ, ਪਰ ਨਿਰਸੰਦੇਹ ਪੰਜਾਬ ਨੂੰ 1754 ਵਿਚ ਮੁਗ਼ਲਾਂ ਤੋਂ ਸੁਤੰਤਰਤਾ ਮਿਲ ਗਈ ਅਤੇ ਅਗਲੇ ਇਕ ਸੌ ਸਾਲ ਤਕ ਪੰਜਾਬ ਦੇ ਬਹੁਤ ਵੱਡੇ ਭਾਗ ਉੱਤੇ ਜਿਸ ਵਿਚ ਪੱਛਮੀ ਪੰਜਾਬ ਤੇ ਮੁਲਤਾਨ ਵੀ ਸ਼ਾਮਲ ਸਨ, ਸਿੱਖਾਂ ਦਾ ਰਾਜ ਕਾਇਮ ਰਿਹਾ।

ਸਾਰੰਸ਼

ਸਿੱਖ ਅਸੂਲੀ ਤੌਰ 'ਤੇ ਅਤਿਵਾਦੀ ਨਹੀਂ। ਉਹ ਪੁਰਅਮਨ ਸਮਝੌਤੇ ਲਈ ਪੂਰੀ ਕੋਸ਼ਿਸ਼ ਕਰਦੇ ਹਨ ਪਰ ਜੇ ਵਿਰੋਧੀ ਅਮਨ ਤੇ ਸ਼ਾਂਤੀ ਰਾਹੀਂ ਸਮਝੌਤੇ ਦੇ ਸਾਰੇ ਰਾਹ ਬੰਦ ਕਰ ਦੇਵੇ ਤਾਂ ਸਿੱਖ ਤਲਵਾਰ ਚੁੱਕਣ ਤੋਂ ਗੁਰੇਜ ਨਹੀਂ ਕਰਦੇ ਅਤੇ ਜਦ ਤਲਵਾਰ ਚੁੱਕ ਲੈਣ ਤਾਂ ਇਹ ਮਿਆਨ ਵਿਚ ਉਦੋਂ ਪਾਉਣਗੇ ਜਦ ਉਦੇਸ਼ ਪ੍ਰਾਪਤ ਹੋ ਜਾਏ। ਬਹਾਦਰ ਸ਼ਾਹ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੰਬੰਧ ਸਾਨੂੰ ਇਹੀ ਸੁਝਾਉ ਦੇਂਦੇ ਹਨ।

www.sikhbookclub.com

ਪੁਸਤਕ ਸੂਚੀ

ਇਸ ਲੇਖ ਲਈ ਸਮਕਾਲੀਨ ਤੇ ਹੋਰ ਜਿਨ੍ਹਾਂ ਪੁਸਤਕਾਂ ਦੀ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

1. 'ਮਾਸਿਰ-ਇ-ਆਲਮਗੀਰੀ' ਸਾਕੀ ਮੁਹੰਮਦ ਮੁਸਤਇਦ ਖ਼ਾਨ ਨੇ ਇਹ ਪੁਸਤਕ 1711 ਈ. ਵਿਚ ਔਰੰਗਜ਼ੇਬ ਦੇ ਸਕੱਤਰ ਇਨਾਇਤੁੱਲਾ ਕਸ਼ਮੀਰੀ ਦੀ ਫ਼ੁਰਮਾਇਸ਼ 'ਤੇ ਲਿਖੀ। ਇਸ ਵਿਚ ਔਰੰਗਜ਼ੇਬ ਦੇ ਰਾਜ ਦੇ ਸਾਲ-ਵਾਰ ਵਾਕਿਆਤ ਅੰਕਿਤ ਕੀਤੇ ਗਏ ਹਨ। ਇਸ ਪੁਸਤਕ ਨੂੰ ਪ੍ਰਮਾਣੀਕ ਪੁਸਤਕ ਸਮਝਿਆ ਜਾਂਦਾ ਹੈ ਕਿਉਂਕਿ ਇਨਾਇਤੁੱਲਾ ਕਸ਼ਮੀਰੀ ਨੇ ਔਰੰਗਜ਼ੇਬ ਦੇ ਰਾਜ ਦਾ ਸਾਰਾ ਰਿਕਾਰਡ ਲੇਖਕ ਨੂੰ ਸੌਂਪ ਦਿੱਤਾ ਸੀ ਅਤੇ ਲੇਖਕ ਨੇ ਇਸੇ ਨੂੰ ਆਧਾਰ ਬਣਾ ਕੇ ਇਹ ਪੁਸਤਕ ਲਿਖੀ।
2. 'ਮੁਨਤਖ਼ਬੁੱਲੱਬਾਬ' ਦਾ ਲੇਖਕ ਖ਼ਾਫ਼ੀ ਖ਼ਾਨ ਔਰੰਗਜ਼ੇਬ ਦੇ ਦਰਬਾਰ ਵਿਚ ਮੁਲਾਜ਼ਮ ਰਹਿ ਚੁੱਕਿਆ ਸੀ। ਇਹ ਪੁਸਤਕ ਉਸ ਨੇ 1735 ਈ. ਵਿਚ ਲਿਖੀ ਅਤੇ ਇਸ ਨੂੰ ਵੀ ਇਸ ਦੌਰ ਦੇ ਇਤਿਹਾਸ ਲਈ ਇਕ ਅਹਿਮ ਪੁਸਤਕ ਮੰਨਿਆ ਜਾਂਦਾ ਹੈ।
3. ਇਨਾਇਤੁੱਲਾ ਖ਼ਾਨ ਇਸਮੀ ਦੀ 'ਅਹਿਕਾਮ ਆਲਮਗੀਰੀ' ਵੀ ਇਸੀ ਦੌਰ ਦੀ ਅਹਿਮ ਪੁਸਤਕ ਹੈ।
4. 'ਤਾਰੀਖ਼-ਇ-ਬਹਾਦੁਰਸ਼ਾਹੀ' ਕਿਸੇ ਗੁਮਨਾਮ ਲੇਖਕ ਦੀ ਇਕ ਸੰਖੇਪ ਜੇਹੀ, ਅਤਿ ਮੁਸ਼ਕਲ ਸ਼ੈਲੀ ਵਿਚ ਲਿਖੀ ਇਕ ਜ਼ਰੂਰੀ ਪੁਸਤਕ ਹੈ। ਇਹ 1747 ਈ. ਵਿਚ ਲਿਖੀ ਗਈ ਅਤੇ ਇਸ ਵਿਚ ਔਰੰਗਜ਼ੇਬ ਦੀ ਮੌਤ ਤੋਂ ਲੈ ਕੇ ਮੁਹੰਮਦ ਸ਼ਾਹ ਦੇ ਤਖ਼ਤ 'ਤੇ ਬੈਠਣ ਤਕ ਦੇ ਵਾਕਿਆਤ ਦਰਜ ਹਨ ('ਅਖ਼ਬਾਰਾਤ ਦਰਬਾਰ-ਇ-ਮੁਅਲਾ' ਨੂੰ ਵੀ ਇਸੀ ਸੂਚੀ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।")
5. ਸਰ ਜਾਦੂ ਨਾਥ ਸਰਕਾਰ ਦੀ ਪੁਸਤਕ—'Studies in Aurangzeb's Regin.'
6. ਵਿਲੀਅਮ ਇਰਵਿਨ ਦੀ ਪੁਸਤਕ 'ਲੇਟਰ ਮੁਗ਼ਲਜ਼'।
7. ਮੈਕਾਲਿਫ਼ ਦੀ ਪੁਸਤਕ 'ਸਿੱਖ ਰਿਲੀਜਨ'।
8. ਸਰ ਜਾਦੂ ਨਾਥ ਸਰਕਾਰ ਦੀ ਦੂਸਰੀ ਪੁਸਤਕ 'ਹਿਸਟਰੀ ਆਫ਼ ਔਰੰਗਜ਼ੇਬ'।
9. ਇਲੀਅਟ ਐਂਡ ਡਾਉਸਨ ਦੀ ਪੁਸਤਕ 'History of India as told by its own historians,' Vol. VII.
10. ਭਾਈ ਸੁੱਖਾ ਸਿੰਘ ਦੀ ਰਚਨਾ, 'ਗੁਰਬਿਲਾਸ ਪਾਤਸ਼ਾਹੀ ੧੦'।
11. ਕੇਸਰ ਸਿੰਘ ਛਿੱਬਰ ਦਾ 'ਬੰਸਾਵਲੀਨਾਮਾ'।
12. ਭਾਈ ਸੰਤੋਖ ਸਿੰਘ ਦੀ ਰਚਨਾ 'ਗੁਰ ਪ੍ਰਤਾਪ ਸੂਰਜ ਗ੍ਰੰਥ'।
13. 1811 ਈ. ਵਿਚ ਲਿਖੀ ਬਖ਼ਤ ਮੱਲ ਦੀ ਫ਼ਾਰਸੀ ਰਚਨਾ 'ਖਾਲਸਾ ਨਾਮਾ'।
14. ਲਾਲਾ ਦੌਲਤ ਰਾਇ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਲਿਖੀ ਜੀਵਨੀ 'ਸਵਾਨਿਹ-ਉਮਰੀ ਗੁਰੂ ਗੋਬਿੰਦ ਸਿੰਘ'।
15. ਇਨ੍ਹਾਂ ਸਾਰੀਆਂ ਪੁਸਤਕਾਂ ਵਿਚ ਸਭ ਤੋਂ ਮਹੱਤਵਪੂਰਨ ਪੁਸਤਕ ਕਵੀ ਸੈਨਾਪਤਿ ਦੀ ਰਚਨਾ 'ਗੁਰ ਸੋਭਾ' ਹੈ। ਸਮਕਾਲੀ ਹੋਣ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਨਾਲ ਸੰਬੰਧਤ ਹੋਣ ਕਾਰਨ ਸੈਨਾਪਤਿ ਨੇ ਜੋ ਵਾਕਿਆਤ ਦਿੱਤੇ ਹਨ, ਉਹ ਬੜੇ ਨਿੱਗਰ ਤੇ ਰੌਚਕ ਹਨ ਤੇ ਫ਼ਾਰਸੀ ਦੀਆਂ ਸਮਕਾਲੀ ਲਿਖਤਾਂ ਇਸ ਦੀ ਪੂਰਨ ਤੌਰ 'ਤੇ ਪ੍ਰੌੜ੍ਹਤਾ ਕਰਦੀਆਂ ਹਨ।

(12/1990)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਗ੍ਰੰਥ-ਪੰਥ ਨੂੰ ਗੁਰਗੱਦੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰੀਰ ਰੂਪ ਵਿਚ ਸਿੱਖਾਂ ਦੇ ਆਖਰੀ ਗੁਰੂ-ਪਾਤਸ਼ਾਹ ਸਨ। ਉਨ੍ਹਾਂ ਨੇ ਦੱਬੇ-ਕੁਚਲੇ ਲੋਕਾਂ ਤੇ ਧਰਮ ਦੀ ਰੱਖਿਆ ਲਈ ਸਾਰਾ ਸਰਬੰਸ ਹੀ ਨਹੀਂ ਵਾਰਿਆ ਸਗੋਂ ਆਪਾ ਵੀ ਵਾਰ ਗਏ। ਪੜਦਾਦੇ ਸ੍ਰੀ ਗੁਰੂ ਅਰਜਨ ਸਾਹਿਬ ਦੇ ਜੇਠ ਸੁਦੀ ਚੌਥ ੧੬੬੩ ਬਿਕ੍ਰਮੀ (30 ਮਈ, 1606 ਈ.) ਨੂੰ ਜਹਾਂਗੀਰ ਦੇ ਹੁਕਮ ਨਾਲ[1] ਲਾਹੌਰ ਸ਼ਹੀਦ ਕੀਤੇ ਜਾਣ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜ਼ੁਲਮ ਵਿਰੁੱਧ ਤਲਵਾਰ ਉਠਾਈ ਤੇ ਮੀਰੀ-ਪੀਰੀ ਦੀ ਪ੍ਰਥਾ ਚਲਾਈ। ਧਰਮ ਦੀ ਰੱਖਿਆ ਖਾਤਰ ਜਦ ਭਾਈ ਕ੍ਰਿਪਾ ਰਾਮ ਆਦਿ ਕਸ਼ਮੀਰੀ ਪੰਡਤਾਂ ਨੂੰ ਸੁਰੱਖਿਆ ਦਾ ਉਪਾਉ ਦੱਸਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਖਿਆ ਕਿ ਧਰਮ ਦੀ ਰੱਖਿਆ ਲਈ ਕਿਸੇ ਮਹਾਂਪੁਰਸ਼ ਨੂੰ ਸ਼ਹਾਦਤ ਦੇਣੀ ਪਵੇਗੀ ਤਾਂ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ 'ਇਹ ਮਹਾਂ ਪੁਰਸ਼ ਭਲਾ ਆਪ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ ?' ਤਾਂ ਗੁਰੂ ਜੀ ਨੇ ਧਰਮ ਖਾਤਰ ਆਪਾ ਵਾਰਨ ਦਾ ਮਨ ਬਣਾ ਲਿਆ। ਪਿਤਾ ਗੁਰੂ ਨੂੰ ਬਿਆਨੋਂ ਬਾਹਰ ਘਣੇ ਕਸ਼ਟ ਦੇ ਕੇ ਸ਼ਾਹੀ ਹੁਕਮ ਅਨੁਸਾਰ ਚਾਂਦਨੀ ਚੌਕ ਵਿਖੇ ਮੱਘਰ ਸੁਦੀ ਪੰਚਮੀ ਸੰਮਤ ੧੭੩੨ ਨੂੰ ਸ਼ਹੀਦ ਕਰ ਦਿੱਤਾ ਗਿਆ[2]। ਗੁਰੂ-ਗੱਦੀ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਹੋ ਚੁੱਕੇ ਸਨ। ਚਮਕੌਰ ਦੀ ਗੜ੍ਹੀ ਵਿਚ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਹੋਰ ਸਿੰਘਾਂ ਸਮੇਤ ਲੜਦੇ ਹੋਏ ਸ਼ਹੀਦ ਹੋਏ[3] ਅਤੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੇ ਹਾਕਮ ਨੇ ਕੰਧਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤੇ[4]। ਮਾਤਾ ਗੁਜਰੀ ਜੀ ਵੀ ਉਸੇ ਦਿਨ ਸ਼ਹੀਦ ਹੋਏ[5]।

ਬਾਦਸ਼ਾਹ ਔਰੰਗਜ਼ੇਬ ਵੱਲੋਂ ਕੁਰਾਨ ਦੀ ਜਿਲਦ ਉੱਤੇ ਲਿਖ ਕੇ ਘੱਲੇ ਵਾਅਦੇ ਅਨੁਸਾਰ ਦੀਨਾ ਕਾਂਗੜ ਪਹੁੰਚ ਕੇ ਮਿਲਣ[6] ਦਾ ਵਾਅਦਾ ਨਾ ਨਿਭਾਉਣ 'ਤੇ ਗੁਰੂ ਜੀ ਨੇ ਔਰੰਗਜ਼ੇਬ ਤੋਂ ਆਪ ਜਵਾਬ ਤਲਬੀ ਕਰਨ ਲਈ ਜ਼ਫ਼ਰਨਾਮਾ ਲਿਖ ਕੇ ਭਾਈ ਦਯਾ ਸਿੰਘ ਦੇ ਹੱਥ ਭੇਜਿਆ[7]। ਭਾਈ ਦਯਾ ਸਿੰਘ

---

1. **ਤੁਜ਼ਿਕੇ ਜਹਾਂਗੀਰੀ**, ਨਵਲ ਕਿਸ਼ੋਰ ਪ੍ਰੈਸ, ਲਖਨਊ, ਪੰਨਾ 35.
2. ਪ੍ਰੋ. ਪਿਆਰਾ ਸਿੰਘ ਪਦਮ, **ਤੇਗ ਬਹਾਦਰ ਸਿਮਰੀਐ**, ਭੱਟ ਵਹੀ ਤਲਉਂਡਾ ਪਰਗਣਾ ਜੀਂਦ, ਪੰਨਾ ੬੪.
3. ਗੁਰੂ ਗੋਬਿੰਦ ਸਿੰਘ, **ਜ਼ਫ਼ਰਨਾਮਾ**; ਕਵੀ ਸੈਨਾਪਤਿ, **ਸ੍ਰੀ ਗੁਰ ਸੋਭਾ** (੧੭੧੧); ਕੇਸਰ ਸਿੰਘ, **ਬੰਸਾਵਲੀਨਾਮਾ** (੧੭੮੦), ਸੁਖਾ ਸਿੰਘ, **ਗੁਰ ਬਿਲਾਸ** (੧੭੯੭); **ਗੁਰੂ ਕੀਆਂ ਸਾਖੀਆਂ**, ਪੰਨਾ ੧੪੭.
4. ਸਰੂਪ ਸਿੰਘ ਕੌਸ਼ਿਸ਼, **ਗੁਰੂ ਕੀਆਂ ਸਾਖੀਆਂ**, ਸੰ: ਪਿਆਰਾ ਸਿੰਘ ਪਦਮ ਤੇ ਗਿ: ਗਰਜਾ ਸਿੰਘ, ਕਲਮ ਮੰਦਿਰ, ਪਟਿਆਲਾ ੧੯੮੬, ਪੰਨਾ ੧੫੪.
5. ਉਹੀ।
6. ਉਹੀ, ਪੰਨਾ ੧੪੩; 'ਸੰਮਤ ਸਤਰ੍ਹਾਂ ਸੈ ਬਾਸਠ ਪੋਖ ਮਾਸੇ ਦਿਹੁੰ ਪਾਂਚ ਗਏ ਦੱਖਨ, ਦਿਸ਼ਾ ਸੇ ਸਾਹੀ ਕਾਜ਼ੀ ਬਾਦਸ਼ਾਹੀ ਪਰਵਾਨਾ ਲੈ ਕੇ ਕਿਲ੍ਹਾ ਅਨੰਦਗੜ੍ਹ ਆਇ ਗਿਆ, ਇਹ ਪਰਵਾਨਾ ਕੁਰਾਨ ਸ਼ਰੀਫ਼ ਕੀ ਜਿਲਦ ਤੇ ਲਗਾ ਹੂਆ ਥਾ। ਇਸ ਮੇਂ ਲਿਖਾ ਥਾ ਕਿ ਪੀਰ ਜੀ, ਤੁਸਾਂ ਮਾਖੋਵਾਲ ਗਾਮ ਕੋ ਛੋਰ ਕੇ ਕਸਬਾ ਕਾਂਗੜ ਮੇਂ ਆਇ ਜਾਈਏ, ਵਹਾਂ ਪਰਸਪਰ ਮੁਲਾਕਾਤ ਹੋਇਗੀ।
7. (ੳ) **ਜ਼ਫ਼ਰਨਾਮਾ**; (ਅ) **ਸ੍ਰੀ ਗੁਰ ਸੋਭਾ**, ਪੰਨਾ ੮੯, 'ਸ਼ਾਹ ਕੋ ਲਿਖਾ, ਸਿੰਘ ਗੋਬਿੰਦ ਦੀਨਾ'।

www.sikhbookclub.com

ਦੇ ਲੰਮੇ ਸਮੇਂ ਤਕ ਨਾ ਪਰਤਣ ਕਰਕੇ ਗੁਰੂ ਜੀ ਆਪ ਔਰੰਗਜ਼ੇਬ ਨੂੰ ਮਿਲਣ ਲਈ ਚੱਲ ਪਏ ਪਰ ਬਘੌਰ (ਰਾਜਸਥਾਨ) ਪਹੁੰਚ ਕੇ ਔਰੰਗਜ਼ੇਬ ਦੇ ਮਰਨ ਦੀ ਖਬਰ ਮਿਲੀ[8] ਤਾਂ ਆਪ ਦਿੱਲੀ ਵਲ ਮੁੜ ਪਏ[9] ਤਾਂ ਕਿ ਨਵੇਂ ਬਾਦਸ਼ਾਹ ਤੋਂ ਉਨ੍ਹਾਂ ਜ਼ਾਲਮਾਂ ਨੂੰ ਸਜ਼ਾ ਦਿਵਾਈ ਜਾ ਸਕੇ, ਜਿਨ੍ਹਾਂ ਨੇ ਸ਼ਾਹੀ ਹੁਕਮ ਦੀ ਅਦੂਲੀ ਕਰ ਕੇ ਔਰੰਗਜ਼ੇਬ ਦੇ ਦਿੱਤੇ ਵਾਅਦੇ ਨੂੰ ਤੋੜਿਆ ਸੀ ਤੇ ਗੁਰੂ ਜੀ ਦੇ ਪਰਿਵਾਰ ਤੇ ਹੋਰ ਅਨੇਕਾਂ ਸਿੱਖਾਂ ਨੂੰ ਸ਼ਹੀਦ ਕੀਤਾ ਸੀ। ਨਵੇਂ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਜੀ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਉਹ ਉਨ੍ਹਾਂ ਜ਼ਾਲਮਾਂ ਨੂੰ ਜ਼ਰੂਰ ਦੰਡਿਤ ਕਰੇਗਾ ਤੇ ਨਾਲ ਹੀ ਦੂਸਰੇ ਗੁਰੂ ਜੀ ਕੋਲੋਂ ਆਪਣੇ ਭਰਾਵਾਂ ਵਿਰੁੱਧ ਜੰਗ ਕਰਨ ਲਈ ਮਦਦ ਵੀ ਮੰਗੀ। ਜੋ ਗੁਰੂ ਜੀ ਨੇ ਪ੍ਰਦਾਨ ਵੀ ਕੀਤੀ ਤੇ ਨਿਭਾਈ ਵੀ[10]। ਬਹਾਦਰ ਸ਼ਾਹ ਦੀ ਨਵੀਂ ਮੁਹਿੰਮ ਦੇ ਸਿਲਸਿਲੇ ਵਿਚ ਦੱਖਣ, ਗੁਰੂ ਜੀ ਜ਼ਖ਼ਮੀ ਹੋਏ ਤੇ ਸੂਹੀਏ ਮਾਰੇ ਗਏ। ਜ਼ਖ਼ਮਾਂ ਦਾ ਇਲਾਜ ਕਰਨ ਲਈ ਬਾਦਸ਼ਾਹ ਗਿਆ[11] ਤਾਂ ਉਸ ਨੇ ਗੁਰੂ ਜੀ ਨੂੰ ਨਾਲ ਲੈ ਜਾਣਾ ਠੀਕ ਸਮਝਿਆ। ਨਾਂਦੇੜ ਪਹੁੰਚ ਕੇ ਵੀ ਜਦ ਬਹਾਦਰ ਸ਼ਾਹ ਨੇ ਆਪਣਾ ਵਾਅਦਾ ਨਾ ਨਿਭਾਇਆ ਤਾਂ ਗੁਰੂ ਜੀ ਨੇ ਬੰਦਾ ਸਿੰਘ ਨੂੰ ਅੰਮ੍ਰਿਤ ਛਕਾ, ਸਿੰਘ ਸਜਾ, ਸਿੰਘਾਂ ਸਮੇਤ ਇਹ ਕਾਰਜ ਕਰਨ ਲਈ ਪੰਜਾਬ ਭੇਜਿਆ[12]। ਉਹ ਸ਼ਾਹੀ ਗੁਨਾਹਗਾਰ ਜੋ ਪਹਿਲਾਂ ਇਹ ਸਮਝਦੇ ਸਨ ਕਿ ਉਹ ਬਾਦਸ਼ਾਹ ਨੂੰ ਕੋਈ ਕਦਮ ਚੁੱਕਣੋਂ ਰੋਕੀ ਰੱਖਣਗੇ, ਬਾਬਾ ਬੰਦਾ ਸਿੰਘ ਬਹਾਦਰ ਦੇ ਪੰਜਾਬ ਭੇਜਣ ਬਾਰੇ ਸੁਣਦਿਆਂ ਹੀ ਆਪੇ ਤੋਂ ਬਾਹਰ ਹੋ ਗਏ ਤੇ ਉਹਨਾਂ ਨੇ ਆਪਣੇ ਸੂਹੀਆਂ ਰਾਹੀਂ ਗੁਰੂ ਜੀ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ, ਗੁਰੂ ਜੀ ਜ਼ਖ਼ਮੀ ਹੋਏ ਤੇ ਸੂਹੀਏ ਮਾਰੇ ਗਏ[13]। ਜ਼ਖ਼ਮਾਂ ਦਾ ਇਲਾਜ

---

8. **ਸ੍ਰੀ ਗੁਰ ਸੋਭਾ**, ਪੰਨਾ ੯੮; 'ਔਰੰਗਸ਼ਾਹ ਗਉਨ ਕਰ ਗਯੋ। ਜਗ ਤੇ ਬਿੰਦ ਛ੍ਰਾਂਤ ਇਹ ਭਯੋ।
9. ਉਹੀ ਪੰਨਾ ੧੦੫; 'ਸਾਹ ਜਹਾਨਾ ਬਾਦ ਕੋ ਕੀਨੋ ਕੂਚ ਅਪਾਰ'।
10. (ੳ) **ਸ੍ਰੀ ਗੁਰ ਸੋਭਾ**, ਪੰਨਾ ੧੦੭; 'ਇਹ ਸੁਲਤਾਨੀ ਜੰਗ ਮੇਂ ਤੁਮ ਪ੍ਰਭ ਹੋਹੁ ਸਹਾਇ।' ਤੇਈ ਬਾਤ ਪ੍ਰਭ ਨੇ ਸੁਨ ਪਾਈ। ਲਿਖਿਓ ਦਿਲਾਸਾ ਤਾਹਿ ਪਠਾਈ।
(ਅ) **ਗੁਰੂ ਕੀਆਂ ਸਾਖੀਆਂ**, 'ਬਾਦਸ਼ਾਹ ਕੀ ਪਤ੍ਰਿਕਾ ਮਿਲੀ, ਆਪ ਮੇਰੇ ਸਾਥ ਜੰਗ ਮੇਂ ਸਹਾਈ ਹੋਏਂ।'
11. **ਗੁਰੂ ਕੀਆਂ ਸਾਖੀਆਂ**, ਪੰਨਾ ੧੭੯; ਬਹਾਦਰ ਸ਼ਾਹ ਨੇ ਬੇਨਤੀ ਕੀ ਜਹ ਗਰੀਬ ਨਵਾਜ਼, ਉਧਰ ਮੇਰੇ ਭਾਈ ਕਾਮ ਬਖ਼ਸ਼ ਨੇ ਬਗ਼ਾਵਤ ਖਲੀ ਕਰ ਰੱਖੀ ਹੈ। ਇਧਰ ਪੰਜਾਬ ਕੇ ਹਾਲਾਤ ਠੀਕ ਨਹੀਂ, ਮੈਂ ਅਜੇ ਨਵਾਂ ਨਵਾਂ ਤਖ਼ਤ 'ਤੇ ਬੈਠਾ ਹਾਂ, ਮੁਝੇ ਕਿਹਾ ਕਰਨਾ ਚਾਹੀਏ। ਸਤਿਗੁਰਾਂ ਕਿਹਾ, ਪਹਿਲਾਂ ਕਾਮ ਬਖ਼ਸ਼ ਕੀ ਹਿਲਜੁਲ ਕੋ ਦਬਾ ਕੇ ਫੇਰ ਪਰਬਤੀ ਰਾਜਯੋਂ ਕੋ ਸੋਧਨਾ ਠੀਕ ਰਹੇਗਾ। ਬਾਦਸ਼ਾਹ ਗੁਰੂ ਜੀ ਕਾ ਬਚਨ ਸੁਨ ਕਰ ਖ਼ੁਸ਼ ਹੂਆ, ਕਹਿਨੇ ਲਗਾ—ਆਪ ਨੇ ਜੋ ਫ਼ੁਰਮਾਇਆ ਹੈ ਠੀਕ ਹੈ। ਪ੍ਰੰਤੂ ਮੈਂ ਆਪ ਕੋ ਇਕੇਲਾ ਛੋੜ ਕੇ ਨਹੀਂ ਜਾਊਂਗਾ, ਆਪ ਮੇਰੇ ਸਾਥ ਹੀ ਆਈਏ। ਸਤਿਗੁਰਾਂ ਆਗਰੇ ਸੇ ਬਾਦਸ਼ਾਹ ਕੇ ਗੈਲ ਜਾਨੇ ਕਾ ਮਨ ਬਣਾ ਲੀਆ।
12. **ਗੁਰੂ ਕੀਆਂ ਸਾਖੀਆਂ**, ਪੰਨਾ ੧੯੯, ਸੰਮਤ ਸਤ੍ਹਰ ਸੈ ਪੈਂਸਠ ਕਾਰਤਕ ਮਾਸੇ ਸੁਦੀ ਤੀਜ ਕੇ ਦਿਹੁੰ ਬੰਦਾ ਸਿੰਘ ਕੋ ਪੰਥ ਕਾ ਜਥੇਦਾਰ ਥਾਪ ਬੰਗੇਸ਼ਰੀ ਕੇ ਟਾਂਡੇ ਮੇਂ ਬਚਨ ਕੀਆ। ਇਸ ਕੇ ਹਮਰਾਹ ਪਾਂਚ ਚੋਣਮੇਂ ਸਿਖ ਭਾਈ ਭਗਵੰਤ ਸਿੰਘ, ਕੋਇਰ ਸਿੰਘ, ਬਾਜ਼ ਸਿੰਘ, ਬਿਨੋਦ ਸਿੰਘ ਤੇ ਕਾਹਨ ਸਿੰਘ ਦੀਏ।'
13. (ੳ) **ਸ੍ਰੀ ਗੁਰ ਸੋਭਾ**, ਪੰਨਾ ੧੨੪-੨੫; ਡਾ. ਗੰਡਾ ਸਿੰਘ ਲਿਖਦੇ ਹਨ : ਇਨ੍ਹਾਂ ਵਿਚੋਂ ਇਕ ਦਾ ਨਾਓਂ ਜਮਸ਼ੈਦ ਖਾਨ ਸੀ ਜੋ ਸਰਹੰਦ ਵੱਲੋਂ ਭੇਜਿਆ ਹੋਇਆ ਅਹੁਦੇਦਾਰ ਮਾਲੂਮ ਹੁੰਦਾ ਹੈ ਤਦੇ ਹੀ ਤਾਂ ਬਹਾਦਰ ਸ਼ਾਹ ਨੇ ਉਸ ਦੇ ਪੁੱਤਰ ਨੂੰ ਮਾਤਮੀ ਖਿਲਅਤ ਬਖ਼ਸ਼ੀ ਸੀ। ੨੪ ਸ਼ਾਬਅਨ ਸਨ ਦੋ ਬਹਾਦਰ ਸ਼ਾਹੀ, ੧੧੨੦ ਹਿਜਰੀ (28 ਅਕਤੂਬਰ, 1708 ਈ.) ਦੀ ਸ਼ਾਹੀ ਖ਼ਬਰ ਵਿਚ ਲਿਖਿਆ ਹੋਇਆ ਹੈ ਕਿ ਬਾਦਸ਼ਾਹ ਪਾਸ ਬੇਨਤੀ ਹੋਈ ਕਿ ਗੁਰੂ ਗੋਬਿੰਦ ਸਿੰਘ ਨੇ ਜਮਸ਼ੈਦ ਖ਼ਾਂ ਅਫ਼ਗਾਨ ਨੂੰ ਜਾਨੋਂ ਮਾਰ ਦਿੱਤਾ ਸੀ। ਉਪਰੋਕਤ ਖਾਨ ਦੇ ਪੁੱਤਰ ਨੂੰ ਮਾਤਮੀ ਖਿਲਅਤ ਬਖ਼ਸ਼ੀ ਗਈ। (ਅਖਬਾਰਾਤਿ-ਦਰਬਾਰਿ-ਮੁਅੱਲਾ)
(ਅ) **ਗੁਰੂ ਕੀਆਂ ਸਾਖੀਆਂ**, ਪੰਨਾ ੧੯੯; ਟਾਂਡੇ ਕੇ ਚਲੇ ਜਾਨੇ ਉਪਰੰਤ ਇਸੀ ਦਿਹੁੰ ਰਹਿਰਾਸ ਜੀ ਕੇ ਪਾਠ ਕੇ ਪਸ਼ਚਾਤ ਦੋ ਪਠਾਨ ਆਏ। ਇਹ ਆਗੇ ਭੀ ਆਤੇ ਜਾਤੇ ਥੇ। ਗੁਰੂ ਜੀ ਨੇ ਇਨ੍ਹੇ ਪ੍ਰਸ਼ਾਦ ਦੇ ਕੇ ਕੁਸ਼ਲਤਾ ਪੂਛੀ, ਸਤਿਗੁਰਾਂ ਸੇ ਬਾਤ ਚੀਤ ਕਰਤੇ, ਦੋ ਘੜੀਆਂ ਰਾਤ ਬਤੀਤ ਹੋਇ ਗਈ। ਇਨ ਦੋਨੋਂ ਪਠਾਨੋਂ ਮੇਂ ਸੇ ਬਾਸ਼ਲ ਬੇਗ ਖੇਮੇ ਸੇ ਬਾਹਰ ਆਇ ਗਿਆ। ਦੂਜਾ ਜਮਸ਼ੈਦ ਖਾਂ ਗੁਰੂ ਜੀ ਕੇ ਪਾਸ ਬੈਠਾ ਰਿਹਾ। ਲੱਖਾ ਸਿੰਘ ਉਸ ਸਮੇਂ ਪਹਿਰੇ ਤੇ ਹਾਜ਼ਰ ਨਾ ਥਾ। ਪਲੰਘ ਤੇ ਨਿਕਟ ਬੈਠੇ ਪਠਾਣ ਨੇ ਮੌਕਾ ਤਾੜ ਕੇ ਸਤਿਗੁਰਾਂ ਕੇ ਉਤੋੜਿਤੀ ਖੰਜਰ ਕੇ ਦੋ ਵਾਰ ਕਰ ਕੇ ਭਾਗ ਜਾਨੇ ਕੀ ਕੋਸ਼ਿਸ਼ ਕੀ। ਲੱਖਾ ਸਿੰਘ ਪਹਿਰੇਦਾਰ ਮੌਕਿਆ 'ਤੇ ਆਇ ਗਿਆ। ਇਸ ਭਾਗੇ ਜਾਤੇ ਪਠਾਨ ਕੇ ਤਲਵਾਰ ਸੇ ਦੋ ਟੁਕੜੇ ਕਰ ਦੀਏ।'

www.sikhbookclub.com

ਕਰਨ ਲਈ ਬਾਦਸ਼ਾਹ ਨੇ ਵੀ ਅੰਗਰੇਜ਼ ਸਰਜਨ ਕੋਲ (ਕਿਰੀ) ਨੂੰ ਭੇਜਿਆ ਪਰ ਜ਼ਖ਼ਮ ਘਾਤਕ ਸਨ (ਜੋ ਪਹਿਲਾਂ ਠੀਕ ਹੋ ਗਏ ਪਰ ਇਕ ਦਿਨ ਸਰੀਰਕ ਬਲ ਨਾਲ ਕਮਾਨ ਚਲਾਉਣ ਕਾਰਨ ਜ਼ਖ਼ਮ ਖੁਲ੍ਹ ਗਏ) ਜਿਸ ਕਰਕੇ ਆਖ਼ਰ ਗੁਰੂ ਜੀ ਕੱਤਕ ਸੁਦੀ ਪੰਚਮੀ ੧੭੬੫ ਨੂੰ ਜੋਤੀ-ਜੋਤਿ ਸਮਾ ਗਏ[14]। ਗੁਰੂ ਜੀ ਦਾ ਵਿਧੀਵਤ ਸਸਕਾਰ ਕੀਤਾ ਗਿਆ ਤੇ ਪਰਚਾਵਣੀ ਹੋਈ[15]। ਬਾਦਸ਼ਾਹ ਨੇ ਵੀ ਮਾਤਮੀ-ਖ਼ਿੱਲਅਤ ਭੇਜੀ।[16]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 1708 ਈ. ਵਿਚ ਨਾਂਦੇੜ ਵਿਖੇ ਹੀ ਜੋਤੀ ਜੋਤ ਸਮਾਉਣ ਬਾਰੇ ਹੇਠ ਲਿਖੀਆਂ ਸਮਕਾਲੀਨ ਦਸਤਾਵੇਜ਼ ਗਵਾਹੀ ਭਰਦੀਆਂ ਹਨ :

1. ਅਖ਼ਬਾਰਿ-ਦਰਬਾਰਿ-ਮੁਅੱਲਾ
2. ਤਵਾਰੀਖ-ਇ-ਬਹਾਦੁਰਸ਼ਾਹੀ
3. ਖ਼ਾਫ਼ੀ ਖਾਨ ਦੀ, ਮੁੰਤਖ਼ਬ ਉੱਤ ਤਵਾਰੀਖ
4. ਭੱਟਾਂ ਤੇ ਪਾਂਡਿਆਂ ਦੀਆਂ ਵਹੀਆਂ
5. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਰਚਨਾ, ਸ੍ਰੀ ਗੁਰ ਸੋਭਾ
6. ਗੁਰੂ ਜੀ ਦੇ ਸਮਕਾਲੀ ਸਿੱਖਾਂ ਦੀਆਂ ਲਿਖਤਾਂ ਆਦਿ।

---

14. (ੳ) **ਸ੍ਰੀ ਗੁਰ ਸੋਭਾ**, ਪੰਨਾ ੧੨੬; 'ਤਹਾਂ ਤਾਹਿ ਕਿਰੀ ਆਨ ਕੈ ਘਾਵ ਸੀਨਾ।
(ਅ) 'ਬਿਸਮੈ ਸਭ ਹੋਇ ਰਹੇ ਮਨ ਮੈ ਕਛੁ ਹੀ ਕਛੁ ਹੋਇ ਗਈ ਅਬ ਹੀ।
ਮਿਲਿ ਕੇ ਸਬ ਸਿੰਘਨ ਤਾਹਿ ਸਮੈ ਇਹ ਭਾਂਤਿ ਬਿਚਾਰ ਕੀਓ ਤਬ ਹੀ।
ਸਸਕਾਰ ਕਰੋ ਨਿਸ ਹੀ ਕੇ ਸਮੇਂ ਨਿਕਸੇ ਨਹੀ ਭਾਨ ਕਹਿਓ ਸਬ ਹੀ।
ਇਮ ਕਾਰਨ ਕਾਰਜ ਕੋ ਕਰਹੀ ਮਿਲਿ ਜੋਤਿ ਸੋ ਜੋਤਿ ਗਈ ਤਬ ਹੀ ॥੩੬॥੮੦੧॥
ਦੋਹਰਾ : ਸੰਮਤ ਸਤ੍ਰਾ ਸੈ ਭਏ ਪੈਸਠ ਬਰਖ ਪ੍ਰਮਾਨ।
ਕਾਤਕ ਸੁਦਿ ਭਈ ਪੰਚਮੀ ਨਿਸ ਕਾਰਨ ਕਰਿ ਜਾਨ। (ਪੰਨਾ ੧੨੮)
(ਧਿਆਨ ਸਿੰਘ, 'ਦਸਮ ਪਾਤਸ਼ਾਹ ਦਾ ਅੰਤਮ ਕੌਤਕ' ਵਿਚ ਗੁਰੂ ਜੀ ਦੇ ਜ਼ਖ਼ਮ ਸੀਣ ਵਾਲੇ ਜਰਾਹ ਦਾ ਨਾਮ ਕਾਲ ਲਿਖਦਾ ਹੈ)।
(ੲ) **ਗੁਰੂ ਕੀਆਂ ਸਾਖੀਆਂ**, ਪੰਨਾ ੧੯੨; ਇਸ ਤਰ੍ਹਾਂ ਸਰਬਤ ਖਾਲਸੇ ਥੀਂ ਫਤੇ ਗਜਾਇ....ਸੰਮਤ ਸਤਰਾਂ ਸੈ ਪੈਂਸਠ ਕਾਰਤਕ ਸੁਦੀ ਪੰਚਮੀ ਕੇ ਦਿਹੁੰ ਇਸ ਮਾਤ ਲੋਕ ਸੇ-'ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥' ਦੇ ਮਹਾਵਾਕ ਅਨੁਸਾਰ ਨਿਰੰਕਾਰ ਕੀ ਜੋਤ ਮੇਂ ਜੋਤਿ ਸਮਾਈ ਗਈ।
15. **ਗੁਰੂ ਕੀਆਂ ਸਾਖੀਆਂ**, ਪੰਨਾ ੧੯੧: 'ਨਿਕਟ ਬੈਠੀ ਮਾਤਾ ਸਾਹਿਬ ਕੌਰਾਂ ਤੇ ਹੋਰ ਸਿਖ ਰੁਦਨ ਕਰਨੇ ਲਗੇ। ਭਾਈ ਦਯਾ ਸਿੰਘ ਧੀਰਜ ਦਈ ਸਤਿਗੁਰਾਂ ਕਾ ਅੰਗੀਠਾ ਤਿਆਰ ਕੀਆ ਗਿਆ। ਗੁਰੂ ਜੀ ਕੀ ਦੇਹ ਕਾ ਇਸ਼ਨਾਨ ਕਰਾਇ ਸ਼ਸਤ੍ਰ ਬਸਤ੍ਰ ਸਜਾਇ ਚਿਖਾ ਤੇ ਰਾਖ ਅਗਨੀ ਦੇਈ ਗਈ।
ਸੋਹਲਾ ਕੇ ਪਾਠ ਉਪਰੰਤ ਅਰਦਾਸਾ ਸੋਧ ਕੇ ਦੇਗ ਵਰਤਾਈ ਤੇ ਦਿਹੁੰ ਚੜ੍ਹਨੇ ਸੇ ਪਹਿਲੇ ਸਾਰਾ ਕਾਰਜ ਸਮਾਪਤ ਹੋਇਆ। ਪਸ਼ਚਾਤ ਡੇਰੇ ਮੇਂ ਸ੍ਰੀ ਗੁਰੂ ਗ੍ਰੰਥ ਜੀ ਕਾ ਪਾਠ ਰਾਖਾ ਗਿਆ। ਬੁਰਹਾਨਪੁਰੇ ਸੇ ਮਾਤਾ ਸੁੰਦਰ ਸਰੂਪ ਕੌਰ ਸਾਹਿਬਜ਼ਾਦਾ ਅਜੀਤ ਸਿੰਘ ਪਾਲਿਤ ਕੋ ਗੈਲ ਲੈ ਨੰਦੇੜ ਮੇਂ ਆਇ ਗਈ। ਪਰਸਪਰ ਮਾਤਮੀ ਪਰਚਾਵਣੀ ਹੋਈ; ਭਾਈ ਦਯਾ ਸਿੰਘ ਨੇ ਸਭ ਕੋ ਧੀਰਜ ਦਈ।
16. (ੳ) **ਅਖ਼ਬਾਰਿ-ਦਰਬਾਰਿ-ਮੁਅੱਲਾ** ਅਕਤੂਬਰ 30, 1708 ਸ਼ਨੀਵਾਰ (੨੬ ਸਥਾਨ, ੨ ਬਹਾਦਰਸ਼ਾਹੀ ਹਿਜਰੀ ੧੧੨੦) ਗੁਰੂ ਗੋਬਿੰਦ (ਸਿੰਘ) ਦੇ ਫੌਤ ਹੋਣ ਤੇ ਸ਼ਹਿਨਸ਼ਾਹ ਨੇ ਹੁਕਮ ਦਿੱਤਾ ਕਿ ਗੁਰੂ ਦੇ ਫਰਜ਼ੰਦ ਨਾਨਕ ਪੰਥੀ.....ਨੂੰ ਮਾਤਮੀ ਖਿਲਅਤ ਭੇਜੀ ਜਾਵੇ। (ਪੰਨਾ ੨੫)
(ਅ) ਨਵੰਬਰ 11, 1708 ਵੀਰਵਾਰ (੯ ਰਮਜ਼ਾਨ ੨ ਬਹਾਦਰਸ਼ਾਹੀ ਹਿਜਰੀ ੧੧੨੦) ਸ਼ਹਿਨਸ਼ਾਹ ਨੂੰ ਇਤਲਾਹ ਦਿੱਤੀ ਗਈ ਕਿ ਗੁਰੂ ਗੋਬਿੰਦ ਸਿੰਘ ਫੌਤ ਹੋਣ 'ਤੇ ਜਾਇਦਾਦ ਛੱਡ ਗਏ ਹਨ। ਉਸ ਜਾਇਦਾਦ ਨੂੰ ਜ਼ਬਤ ਕਰਨ ਦਾ ਹੁਕਮ ਮੰਗਿਆ ਤਾਂ ਬਾਦਸ਼ਾਹ ਨੇ ਕਿਹਾ, ਇਸ ਜਾਇਦਾਦ ਨਾਲ ਸ਼ਾਹੀ ਖ਼ਜ਼ਾਨਾ ਲਬੋ-ਲਬ ਨਹੀਂ ਹੋ ਜਾਏਗਾ, ਇਹ ਦਰਵੇਸ਼ ਦੀ ਜਾਇਦਾਦ ਹੈ ਇਸ ਨੂੰ ਨਾ ਛੁਹਿਆ ਜਾਵੇ।' (੧੨੫)

www.sikhbookclub.com

ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਜੀ ਗ੍ਰੰਥ-ਪੰਥ ਨੂੰ ਗੁਰਗੱਦੀ ਬਖ਼ਸ਼ ਚੁੱਕੇ ਸਨ। ਜੀਵਨ-ਕਾਲ ਵਿਚ ਹੀ ਗੁਰੂ ਜੀ ਨੇ ਸਿੱਖਾਂ ਲਈ ਨਾਸ਼ਵਾਨ ਦੇਹ ਤੋਂ ਉੱਪਰ ਸਦੀਵੀ ਜੀਵਤ ਰਹਿਣ ਵਾਲੇ ਸੰਸਥਾਗਤ ਗੁਰੂ ਨੂੰ ਰੂਪ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਦਾ ਮੁੱਢ ਜ਼ਾਹਿਰਾ ਤੌਰ 'ਤੇ 30 ਮਾਰਚ, 1699 ਨੂੰ ਵੈਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਰੱਖ ਦਿੱਤਾ ਸੀ ਜਦੋਂ ਗੁਰੂ ਜੀ ਨੇ ਖੰਡੇ ਦੀ ਪਾਹੁਲ ਦੇਣ ਦਾ ਅਧਿਕਾਰ ਪੰਜ ਪਿਆਰਿਆਂ ਨੂੰ ਸੌਂਪਿਆ। ਗੁਰੂ ਜੀ ਨੇ ਚਰਨ-ਪਾਹੁਲ ਦੀ ਰਸਮ ਖ਼ਤਮ ਕਰ ਕੇ ਪੰਜ ਪਿਆਰੇ ਥਾਪੇ ਤੇ ਉਨ੍ਹਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ ਕਿਹਾ :

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉ ਕਰਉ ਨਿਵਾਸ।

ਪੰਜ ਪਿਆਰਿਆਂ ਦੀ ਸੰਸਥਾ ਨੂੰ ਹੋਰ ਅਮਲੀ ਰੂਪ ਦੇਣ ਲਈ ਪੰਜ ਪਿਆਰਿਆਂ ਨੂੰ ਹੁਕਮ ਦੇਣ ਦਾ ਅਧਿਕਾਰ ਵੀ ਦੇ ਦਿੱਤਾ ਤੇ ਪਹਿਲਾ ਹੁਕਮ ਆਪ ਮੰਨਿਆ ਜਦ ਆਪ ਜੀ ਨੇ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਛੱਡਣੀ ਮਨਜ਼ੂਰ ਕੀਤੀ[17]। ਰਾਜਸਥਾਨ ਦੇ ਨਰਾਇਣ ਗਾਓਂ ਵਿਚ ਦਾਦੂ ਦੀ ਕਬਰ ਨੂੰ ਤੀਰ ਨਾਲ ਨਮਸਕਾਰ ਕਰਨ ਬਦਲੇ ਪੰਜ ਪਿਆਰਿਆਂ ਤੋਂ ਤਨਖਾਹ ਵੀ ਲਵਾਈ। ਗੁਰੂ ਜੀ ਨੇ ਭਾਈ ਦਯਾ ਸਿੰਘ ਤੇ ਬਾਕੀ ਸਿੱਖਾਂ ਨੂੰ ਮੁਖ਼ਾਤਿਬ ਹੋ ਕੇ ਕਿਹਾ, 'ਭਾਈ ਦਯਾ ਸਿੰਘ, ਅਸਾਂ ਦੇਖ ਲਿਆ ਹੈ ਕਿ ਖਾਲਸਾ ਪੂਰਨ ਖਾਲਸਾ ਬਣ ਗਿਆ ਹੈ, ਕਾਈ ਕਮੀ ਨਹੀਂ ਰਹੀ। ਲਓ ਭਾਈ ਸਿਖੋ, ਮੈਂ ਤਨਖਾਹੀਆ ਹਾਂ ਆਪ ਮੁਝੇ ਜੋ ਤਨਖਾਹ ਲਾਏਂਗੇ, ਕਾਈ ਇਨਕਾਰੀ ਨਹੀਂ ਹੋਇਗੀ।...[18] ਖਾਲਸਾ-ਪੰਥ ਨੂੰ ਮਹਾਨਤਾ ਦੇਣ ਬਾਰੇ ਗੁਰੂ ਜੀ ਦੇ ਸਮਕਾਲੀਆਂ ਦੀ ਗਵਾਹੀ ਇਓਂ ਹੈ :

1. ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। (ਭਾਈ ਗੁਰਦਾਸ ਦੂਜਾ, ਵਾਰ ੪੧:੧)
2. (ੳ) ਜੋ ਮੇਰਾ ਸਿਖ ਹੋਵੇਗਾ ਸੋ ਖਾਲਸੇ ਥੀਂ ਹੋਰਥੇ ਪ੍ਰਤੀਤਿ ਨ ਕਰਸੀ। ਅਤੇ ਜਿਥੈ ਸ਼ਬਦ ਹੋਵੈ ਤਿਥੈ ਪੂਜਾ ਕਰਨੀ।[19]

   (ਅ) ਗੁਰੂ ਖਾਲਸਾ, ਇਸ ਥੀਂ ਸਿਵਾਇ ਹੋਰ ਪ੍ਰਤੀਤਿ ਨਹੀਂ ਕਰਨੀ।[20]

   (ੲ) ਰਾਜ ਕਰੇਗਾ ਖਾਲਸਾ, ਆਕੀ ਰਹੇ ਨ ਕੋਇ[21] ॥ (ਸਾਖੀ ਰਹਿਤ ਕੀ, ਭਾਈ ਨੰਦ ਲਾਲ ਜੀ)
3. ਖਾਲਸਾ ਮੇਰੋ ਰੂਪ ਹੈ ਹੌ ਖਾਲਸ ਕੇ ਪਾਸ।
   ਆਦਿ ਅੰਤ ਹੀ ਹੋਤ ਹੈ ਖਾਲਸ ਹੀ ਮੇਂ ਪ੍ਰਗਾਸਿ[22]।
4. ਮੁਹ ਦਰਸਨ ਪੰਥ ਬਿਖੈ ਥਰ ਹੈ ਗੁਰੁ ਖਾਲਸਾ ਜਾਨ ਲਿਜੈ ਮਨ ਮਾਹੀ।
   ਸ੍ਰੀ ਗੁਰ ਆਪ ਸਮਾਨ ਕਰਯੋਂ ਯਹ ਪੰਥ ਅਨੂਪ ਲਖੈ ਟਾਪ ਜਾਹੀ।[23]

---

17. ਕੇਸਰ ਸਿੰਘ ਛਿੱਬਰ : **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ : ਪਰਖ**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਜਿਲਦ, 2, 1972, ਪੰਨਾ 152.
18. **ਗੁਰੂ ਕੀਆਂ ਸਾਖੀਆਂ**, ਪੰਨਾ 189.
19. **ਰਹਿਤਨਾਮੇ**, ਸੰਪਾ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995, ਪੰਨਾ 61.
20. ਉਹੀ, ਪੰਨਾ 64.
21. ਉਹੀ, ਪੰਨਾ 60.
22. ਕਵਿ ਸੈਨਾਪਤਿ, ਪੰਨਾ 128.
23. ਭਾਈ ਕੁਇਰ ਸਿੰਘ ਦਾ **ਗੁਰ ਬਿਲਾਸ ਪਾਤਸ਼ਾਹੀ ੧੦** (1753 ਈ.) ਸੰਪਾ: ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

www.sikhbookclub.com

5. ਏਹੋ ਗੁਰ ਖਾਲਸਾ ਆਦੀ। ਹੋਵਤ ਆਇਓ ਆਦਿ ਜੁਗਾਦੀ[24]।
6. ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ।
ਜੋ ਸਿਖ ਮੋ ਮਿਲਬੋ ਚਹਿਹ ਖੋਜ ਇਨਹੁ ਮਹਿ ਲੇਹੁ[25]।
7. ਗੁਰੂ ਸਰੂਪ ਖਾਲਸਾ ਹੋਈਏ। ਜਿਨ ਕੀ ਟਹਿਲ ਪਰਮਸੁਖ ਲਹੀਏ[26]। (ਭਾਈ ਦੇਸਾ ਸਿੰਘ)

ਖ਼ਾਲਸਾ ਪੰਥ ਦੀ ਸੰਸਥਾ ਦੇ ਨਾਲ-ਨਾਲ ਆਦਿ ਗ੍ਰੰਥ ਸਾਹਿਬ ਨੂੰ ਮਾਨਤਾ ਦੇਣਾ ਵੀ ਗੁਰੂ ਜੀ ਨੇ ਆਪਣੇ ਜੀਵਨ-ਕਾਲ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਸ਼ਬਦ ਗੁਰੂ (ਗ੍ਰੰਥ ਸਾਹਿਬ) ਮੰਨਣ ਦੀ ਇੱਛਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਸਾਹਮਣੇ ਇਉਂ ਜ਼ਾਹਿਰ ਕੀਤੀ, ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਲੇ, ਏਹੁ ਕਹਿਆ—ਗੁਰਮੁਖਿ ਮੇਰਾ ਸਿੱਖ ਹੋਵੇਗਾ ਜੋ ਸ਼ਬਦ ਥੀਂ ਸਿਵਾਇ ਹੋਰ ਥਾਇ ਪ੍ਰਤੀਤ ਨਾ ਕਰਨੀ[27]:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥
(ਪੰਨਾ ੯੮੨)

ਖਾਲਸਾ ਪੰਥ ਤੇ ਸ਼ਬਦ-ਗੁਰੂ ਦਾ ਗੁਰੂ ਰੂਪ ਵਿਚ ਮਹੱਤਵ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਹਿਲੇ ਗੁਰੂ ਸਾਹਿਬਾਨ ਦੀਆਂ ਪਾਈਆਂ ਪੈੜਾਂ ਅਨੁਸਾਰ ਦਰਸਾਇਆ ਸੀ।

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦ੍ਰਿੜਾਇਆ:

1. ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥
(ਪੰਨਾ ੬੮੯)
2. ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥
(ਪੰਨਾ ੩੫੩)
3. ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ (ਪੰਨਾ ੧੧੧੨)
4. ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
(ਪੰਨਾ ੬੩੫)

(ਅ) ਸ੍ਰੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥ (ਪੰਨਾ ੯੨੦)

(ੲ) ਸ੍ਰੀ ਗੁਰੂ ਰਾਮਦਾਸ ਜੀ ਨੇ ਉਚਾਰਿਆ:

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਪੰਨਾ ੩੦੮)

---

24. ਭਾਈ ਸੁਖਾ ਸਿੰਘ, **ਗੁਰਬਿਲਾਸ ਪਾਤਸ਼ਾਹੀ ੧੦** (1768 ਈ.), (ਹਿੰਦੀ) ਸੰਪਾ: ਡਾ. ਜੈ ਭਗਵਾਨ ਗੋਇਲ, ਭਾਸ਼ਾ ਵਿਭਾਗ, ਪੰਜਾਬ।
25. ਰਹਿਤਨਾਮੇ, ਪੰਨਾ ੬੬.
26. ਉਹੀ, ਪੰਨਾ ੧੨੯.
27. ਉਹੀ, ਪੰਨਾ ੬੩.

www.sikhbookclub.com

(ਸ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਇਸ ਵਿਚਾਰ ਦੀ ਪੁਸ਼ਟੀ ਕੀਤੀ ਹੈ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥

(ਪੰਨਾ ੭੬੩)

(ਹ) ਭਾਈ ਗੁਰਦਾਸ ਜੀ ਨੇ ਵੀ ਇਸ ਦੀ ਹਾਮੀ ਭਰੀ :

ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।

(ਵਾਰ ੭:੨੦)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ-ਗੁਰੂ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ। ਇਸੇ ਸ਼ਬਦ-ਗੁਰੂ ਗ੍ਰੰਥ ਨੂੰ ਗੁਰੂ ਜੀ ਨੇ ਆਪਣੇ ਜੀਉਂਦੇ ਜੀਅ ਗੁਰੂ-ਰੂਪ 'ਚ ਸਥਾਪਤ ਕਰ ਦਿੱਤਾ। ਜਦ ਗੁਰੂ ਜੀ ਨੂੰ ਪਠਾਣਾਂ ਨੇ ਵਾਰ ਕਰ ਕੇ ਘਾਇਲ ਕਰ ਦਿੱਤਾ ਤਾਂ ਗੁਰੂ ਜੀ ਨੇ ਸਮਝ ਲਿਆ ਕਿ ਹੁਣ ਅੰਤ ਸਮਾਂ ਨਜ਼ਦੀਕ ਹੈ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਕ ਦਿਨ ਪਹਿਲਾਂ ਜੋ ਕਿਹਾ, 'ਸ੍ਰੀ ਗੁਰੁ ਸੋਭਾ' ਦਾ ਲਿਖਾਰੀ, ਗੁਰੂ ਜੀ ਦਾ ਦਰਬਾਰੀ ਕਵੀ ਸੈਨਾਪਤਿ ਉਸ ਬਾਰੇ ਇਉਂ ਲਿਖਦਾ ਹੈ :

ਏਕ ਦਿਨ ਕਾਰਨ ਤੇ ਆਗੇ। ਮਿਲਿ ਕੈ ਸਿੰਘ ਪੂਛਨੇ ਲਾਗੇ।
ਕਵਨ ਰੂਪ ਆਪਨ ਪ੍ਰਭ ਕੀਨੋ। ਤਿਨ ਕੋ ਜੁਆਬ ਭਾਂਤਿ ਇਹ ਦੀਨੋ।
ਵਾਹਿ ਸਮੇਂ ਗੁਰ ਬੈਨ ਸੁਨਾਯੋ। ਖਾਲਸ ਅਪਨਾ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ। ਬਖਸ਼ ਕੀਉ ਖਾਲਸ ਕੋ ਜਾਮਾ।

ਦੋਹਰਾ ॥

ਖਾਲਸ ਮੇਰੋ ਰੂਪ ਹੈ ਹੌ ਖਾਲਸ ਕੇ ਪਾਸਿ।
ਆਦਿ ਅੰਤਿ ਹੀ ਹੋਤ ਹੈ ਖਾਲਸ ਹੀ ਮੈ ਬਾਸ।

ਲੋਟਨ ਛੰਦ ॥

ਖਾਲਸ ਖਾਸ ਕਹਾਵੈ ਸੋਈ। ਜਾ ਕੈ ਹਿਰਦੈ ਭਰਮ ਨ ਹੋਈ।
ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸ ਸਤਿਗੁਰੂ ਹਮਾਰਾ।
ਸਤਿਗੁਰੂ ਹਮਾਰਾ ਅਪਰ ਅਪਾਰਾ ਸ਼ਬਦਿ ਬਿਚਾਰਾ ਅਜਰ ਜ਼ਰੰ।
ਹਿਰਦੇ ਧਰਿ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੰ ॥[28]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ ਵਿਚ ਕੱਤਕ ਸੁਦੀ ਚੌਥ ਸੰਮਤ ੧੭੬੫ (6 ਅਕਤੂਬਰ ਸੰਨ 1708) ਨੂੰ ਖਾਲਸਾ ਅਤੇ ਸ਼ਬਦ-ਗੁਰੂ ਸ੍ਰੀ ਗ੍ਰੰਥ (ਆਦਿ ਗ੍ਰੰਥ) ਨੂੰ ਗੁਰੂ ਰੂਪ ਦਾ ਸਥਾਈ ਪਦ ਦੇ ਕੇ ਪਹਿਲੇ ਗੁਰੂ ਸਾਹਿਬਾਨ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮ ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਮੁਕਾਮ ਨੰਦੇੜ ਤਟ ਗੁਦਾਵਰੀ ਦੇਸ, ਦੱਖਣ ਸਤ੍ਰਹਾਂ ਸੈ ਪੈਂਸਠ ਕਾਰਤਿਕ ਮਾਸੇ ਸੁਦੀ ਚੌਥ, ਸ਼ੁਕਲ ਪੱਖੇ ਬੁਧਵਾਰ ਕੇ ਦਿਹੁੰ ਦੈਆ ਸਿੰਘ ਸੇ ਬਚਨ ਹੋਆ—'ਸ੍ਰੀ ਗ੍ਰੰਥ ਸਾਹਿਬ ਲੈ ਆਉ।' ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਇ। ਗੁਰੂ ਜੀ ਨੇ ਪਾਂਚ ਪੈਸੇ ਏਕ ਨਲੀਏਰ ਭੇਟ ਕਰਕੇ ਮਾਥਾ ਟੇਕਾ। ਸਰਬਤਿ

---

28. **ਸ੍ਰੀ ਗੁਰ ਸੋਭਾ**, ਪੰਨਾ ੧੨੮-੯.

www.sikhbookclub.com

ਸੰਗਤ ਸੇ ਕਹਾ ਮੇਰਾ ਹੁਕਮ ਹੈ—ਮੇਰੀ ਜਗਾ ਗੁਰੂ ਸ੍ਰੀ ਗ੍ਰੰਥ ਜੀ ਕੋ ਜਾਨਨਾ, ਜੋ ਸਿੱਖ ਜਾਨੇਗਾ ਤਿਸਕੀ ਘਾਲ ਥਾਇੰ ਪਏਗੀ। ਗੁਰੂ ਤਿਸਕੀ ਬਾਹੁੜੀ ਕਰੇਗਾ[29]।

(ਭੱਟੀ ਵਹੀ ਤਲਉਂਡਾ, ਪਰਗਣਾ ਜੀਂਦ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀਆਂ ਨੇ ਇਸ ਦੀ ਗਵਾਹੀ ਭਰੀ :

ਭਾਈ ਦਯਾ ਸਿੰਘ—ਗ੍ਰੰਥ ਪੰਥ ਗੁਰ ਮਾਨੀਏ ਤਾਰੇ ਸਕਲ ਜਹਾਨ।[30] *(ਰਹਿਤਨਾਮਾ)*

ਭਾਈ ਸਾਹਿਬ ਸਿੰਘ—ਗੁਰ ਕਾ ਪਾਹੁਲ ਸਿਖ ਲੇ ਰਹਤ ਕਮਾਵਹਿ ਗ੍ਰੰਥ।[31] *(ਰਹਿਤਨਾਮਾ)*

ਭਾਈ ਚਉਪਾ ਸਿੰਘ—ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਆਗਿਆ ਗ੍ਰੰਥ ਕੀ।[32]

ਭਾਈ ਦੇਸਾ ਸਿੰਘ—ਗੁਰੂ ਗ੍ਰੰਥ ਮੋਂ ਭੇਦ ਨ ਕਾਈ। ਗ੍ਰੰਥ ਹੋਇ ਤੋਂ ਨਿਕਟ ਧਰਾਈ।[33]

(ਰਹਿਤਨਾਮਾ)

ਭਾਈ ਪ੍ਰਹਿਲਾਦ ਸਿੰਘ—ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।[34]

(ਰਹਿਤਨਾਮਾ ਪ੍ਰਹਿਲਾਦ ਸਿੰਘ)

ਗ੍ਰੰਥ-ਪੰਥ ਨੂੰ ਗੁਰੂ ਰੂਪ ਦੇਣ ਬਾਰੇ ਅਕੱਟ ਗਵਾਹੀ ਹੁੰਦਿਆਂ ਹੋਇਆਂ ਵੀ ਕੁਝ ਭੁੱਲੜ ਵੀਰਾਂ ਨੇ ਗੁਰੂ ਸਾਹਿਬ ਜੀ ਦੀ ਆਪ ਸਥਾਪਿਤ ਕੀਤੀ ਗ੍ਰੰਥ-ਪੰਥ ਦੀ ਸੰਸਥਾ ਨੂੰ ਨਕਾਰਨ ਦੇ ਵਾਰ-ਵਾਰ ਜਤਨ ਕੀਤੇ ਹਨ।

ਸਿੱਖ ਇਤਿਹਾਸ ਨੂੰ ਆਪਣੇ ਖੁਦਗਰਜ਼ ਮਕਸਦਾਂ ਲਈ ਪੇਸ਼ ਕਰਨ-ਕਰਵਾਉਣ ਵਾਲੇ ਗੁਰੂ ਬਣਨ ਦੇ ਸ਼ੁਕੀਨਾਂ ਨੇ ਆਪਣੀ ਖੁਦਗਰਜ਼ੀ ਵਿਚ ਏਨਾ ਵੀ ਨਹੀਂ ਸੋਚਿਆ ਕਿ ਉਨ੍ਹਾਂ ਦੀਆਂ ਇਨ੍ਹਾਂ ਗ਼ਲਤੀਆਂ ਸਦਕਾ ਸਿੱਖਾਂ ਦੇ ਇਤਿਹਾਸ ਨੂੰ ਕਿਤਨਾ ਧੱਕਾ ਲੱਗਦਾ ਹੈ। ਉਹ ਕੌਮ ਜ਼ਿਆਦਾ ਚਿਰ ਨਹੀਂ ਚਲਦੀ ਜਿਸ ਦਾ ਇਤਿਹਾਸ ਸਿਲਸਿਲੇਵਾਰ ਤਬਾਹ ਕੀਤਾ ਗਿਆ ਹੋਵੇ। ਗੁਰੂ-ਡੰਮ੍ਹ ਦੀ ਬਿਮਾਰੀ ਕੋਈ ਨਵੀਂ ਨਹੀਂ। ਬੇਦੀ ਤੇ ਸੋਢੀ ਸਾਹਿਬਜ਼ਾਦਿਆਂ ਦੀ ਗੁਰੂ ਬਣ ਦਿਖਾਉਣ ਦੀ ਰੀਝ ਬੜੇ ਰੰਗ ਦਿਖਾਉਂਦੀ ਰਹੀ, ਜਿਸ ਦਾ ਸਿਖਰ ਬਾਬੇ ਬਕਾਲੇ ਅਨੇਕਾਂ ਮੰਜੀਆਂ ਡਾਹ ਕੇ 'ਗੁਰੂ ਗੁਰੂ' ਪੁਕਾਰਨ ਦਾ ਸੀ। ਧੀਰਮੱਲੀਆਂ, ਰਾਮਰਾਈਆਂ, ਨਿਰੰਜਨੀਆਂ, ਮੀਣਿਆਂ, ਮਸੰਦਾਂ ਨੂੰ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਠੱਲ੍ਹ ਪਾ ਦਿੱਤੀ ਸੀ ਪਰ ਗੁਰੂ ਬਣਨ ਦੇ ਸ਼ੁਕੀਨ ਅਜੇ ਵੀ ਬਾਬੇ, ਸ੍ਰੀ ੧੦੮ ਪਰਮਸੰਤ, ਸਤਿਗੁਰੂ ਆਦਿ ਵਿਸ਼ੇਸ਼ਣ ਵਰਤ ਕੇ ਆਪਣੇ ਆਪ ਨੂੰ ਗੁਰੂ-ਸਤਿਗੁਰੂ ਬਣਨ ਦਾ ਹੋਕਾ ਦਿੰਦੇ ਫਿਰ ਰਹੇ ਹਨ ਤੇ ਇਸ ਵਿਚ ਕੋਈ ਸ਼ੱਕ ਨਹੀਂ ਰਹਿੰਦਾ ਕਿ ਗੁਰੂ ਜੀ ਦੀ ਸਾਜੀ ਪ੍ਰਥਾ ਗ੍ਰੰਥ-ਪੰਥ ਨੂੰ ਢਾਹ ਲਾਉਣ ਦਾ ਯਤਨ ਕਿਉਂ ਤੇ ਕਿਸ ਨੇ ਕੀਤਾ ਹੈ ? ਸੰਗਤਾਂ ਨੂੰ ਇਸ ਸੰਬੰਧੀ ਸੁਚੇਤ ਕਰਨਾ ਤੇ ਪੂਰੇ ਤੱਥ ਪੇਸ਼ ਕਰਨਾ ਹੀ ਇਸ ਲੇਖ ਦਾ ਮੁੱਖ ਮਕਸਦ ਹੈ।

ਸਿੱਖ ਰਹਿਤ ਮਰਯਾਦਾ, ਪੰਨਾ ੩ ਉੱਤੇ ਸਿੱਖ ਦੀ ਤਾਰੀਫ਼ ਇਸ ਤਰ੍ਹਾਂ ਕੀਤੀ ਗਈ ਹੈ :

'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ

---

29. **ਗੁਰੂ ਕੀਆਂ ਸਾਖੀਆਂ**, ਪੰਨਾ ੧੪.
30. ਉਹੀ, ਪੰਨਾ ੭੧.
31. ਉਹੀ, ਪੰਨਾ ੧੪੨.
32. ਰਹਿਤਨਾਮਾ ਹਜੂਰੀ, ਪੰਨਾ ੯੮.
33. ਰਹਿਤਨਾਮੇ, ਪੰਨਾ ੧੩੫.
34. ਉਹੀ, ਪੰਨਾ ੬੭.

www.sikhbookclub.com

ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸੋ ਸਿੱਖਾਂ ਦੇ ਦਸ ਗੁਰੂ ਸਾਹਿਬਾਨ ਤੇ ਗ੍ਰੰਥ-ਪੰਥ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ ਤੇ ਜੋ ਉਸ ਨੂੰ ਨਹੀਂ ਮੰਨਦੇ ਤੇ ਹੋਰ ਗੁਰੂ ਨੂੰ ਮੰਨਦੇ ਹਨ ਉਹ ਗੁਰੂ ਦੇ ਸਿੱਖ ਨਹੀਂ। ਉਹ ਤਾਂ ਗੁਰੂਆਂ ਨੂੰ ਬੇਦਾਵਾ ਦੇ ਗਏ ਹਨ। ਜੋ ਅਖੌਤੀ ਗੁਰੂ ਆਪਣੇ ਆਪ ਨੂੰ ਸਿੱਖਾਂ ਦੇ ਦੇਹਧਾਰੀ ਗੁਰੂ ਅਖਵਾਉਂਦੇ ਹਨ, ਸਿੱਖੀ ਦੇ ਵਿਰੋਧੀ ਹਨ, ਤ੍ਰਿਸਕਾਰ ਦੇ ਪਾਤਰ ਹਨ। ਸਿੱਖ ਇਤਿਹਾਸ ਨੂੰ ਆਪਣੇ ਮਕਸਦ ਲਈ ਵਿਗਾੜ ਕੇ ਪੇਸ਼ ਕਰਨਾ, ਸਿੱਖੀ ਦੀਆਂ ਜੜ੍ਹਾਂ ਉੱਪਰ ਸਿੱਧਾ ਵਾਰ ਹੈ ਜੋ ਹਰ ਹਾਲਤ ਤੇ ਹਰ ਹੀਲੇ ਰੁਕਣਾ ਚਾਹੀਦਾ ਹੈ।

(1/1999)

www.sikhbookclub.com

ਗੁਰੂ ਦਸਮ ਪਾਤਸ਼ਾਹ ਦੇ ਮੁਸਲਮਾਨ ਪ੍ਰੇਮੀ

ਸਮਝ ਜਾਂ ਅਕਲ ਤਿੰਨ ਪ੍ਰਕਾਰ ਦੀ ਹੈ। ਦੁਨੀਆਂਦਾਰੀ ਦੀ ਸਮਝ, ਜਿਸ ਅਨੁਸਾਰ ਲੋਕ ਆਪਣਾ ਵਿਹਾਰਕਾਰ ਚਲਾਉਂਦੇ ਹਨ, ਇਹ ਤੀਜੇ ਦਰਜੇ ਦੀ ਸਮਝ ਹੈ। ਇਸ ਦੀ ਉਲਟੀ ਵਰਤੋਂ ਨਾਲ ਆਦਮੀ ਕਈ ਤਰ੍ਹਾਂ ਕੇ ਕੁਕਰਮ ਕਰਦਾ ਹੈ। ਦੂਜੇ ਦਰਜੇ ਦੀ ਸਮਝ ਹੈ, ਸੱਚੀ ਸਮਝ (True wisdom) ਜੋ ਸਤੋ ਗੁਣੀ ਪੁਰਸ਼ਾਂ ਨੂੰ ਪ੍ਰਾਪਤ ਹੁੰਦੀ ਹੈ। ਉਹ ਇਸ ਨਾਲ ਤੱਤ ਮਿਥਿਆ ਦਾ ਵਿਵੇਚਨ ਕਰਦੇ ਹਨ। ਨੇਕੀ-ਬਦੀ ਦਾ ਫ਼ਰਕ ਤੇ ਹਾਨ-ਲਾਭ ਸਮਝ ਕੇ ਚੰਗੇ ਕਰਮਾਂ ਵਲ ਪਰਿਵਰਤਿਤੁ ਹੁੰਦੇ ਹਨ। ਪਹਿਲੇ ਦਰਜੇ ਦੀ ਤੇ ਸਭ ਤੋਂ ਉੱਤਮ ਸਮਝ ਰੱਬੀ ਸਮਝ ਹੈ। ਜਿਸ ਨੂੰ ਦੈਵੀ ਸਮਝ (Divine Wisdom) ਕਹਿੰਦੇ ਹਨ। ਇਹ ਉੱਚ ਕੋਟੀ ਦੇ ਭਜਨੀਕ ਹਿਰਦੇ ਕਮਲ ਤੇ ਦਸਮ ਦੁਆਰ ਦੀ ਖੇਡ ਦੇ ਗਿਆਤਾ ਸੱਜਣਾਂ ਨੂੰ ਪ੍ਰਾਪਤ ਹੁੰਦੀ ਹੈ। ਇਹੋ ਜਿਹੇ ਸੱਜਣ ਸੰਸਾਰ ਵਿਚ ਵਿਰਲੇ ਹੀ ਹੁੰਦੇ ਹਨ, ਪਰ ਹੁੰਦੇ ਹਨ, ਦੁਨੀਆਂ ਦੇ ਵਿਰਲੇ ਥਾਵਾਂ ਤੇ ਵਿਰਲੇ ਮੰਡਲਾਂ, ਮਜ਼ਹਬਾਂ ਵਿਚ।

ਗੁਰੂ ਸਾਹਿਬਾਨ ਦਾ ਸਮਾਂ ਇਸਲਾਮੀ ਹਕੂਮਤ ਦਾ ਸਮਾਂ ਸੀ। ਉਸ ਵੇਲੇ ਮਜ਼ਹਬੀ ਪੱਖਪਾਤ ਜ਼ੋਰਾਂ 'ਤੇ ਸੀ ਤੇ ਹਕੂਮਤ ਵਾਲੇ ਅਤੇ ਇਸਲਾਮ ਦੇ ਮਜ਼ਹਬੀ ਆਗੂ ਕਾਜ਼ੀ-ਮੁੱਲਾਂ ਆਦਿ ਗ਼ੈਰ-ਮੁਸਲਮਾਨੀ ਨੂੰ ਪੱਖਪਾਤ ਦੀ ਨਿਗਾਹ ਨਾਲ ਦੇਖਦੇ ਸਨ ਤੇ ਅਸਲੀਅਤ ਦੀ ਖੋਜ ਦੀ ਪਰਵਾਹ ਨਹੀਂ ਕਰਦੇ ਸਨ। ਪਰ ਫੇਰ ਵੀ ਇਸਲਾਮੀ ਲੋਕਾਂ ਵਿਚ ਸੱਚੀ ਸਮਝ ਵਾਲੇ ਤੇ ਕਿਸੇ ਹੱਦ ਤਕ ਰੱਬੀ ਸਮਝ ਵਾਲੇ ਐਸੇ ਸੱਜਣ ਮੌਜੂਦ ਸਨ ਤੇ ਹੁਣ ਵੀ ਹਨ ਜੋ ਗੁਰੂ ਸਾਹਿਬਾਨ ਦੀ ਉੱਚ ਹਸਤੀ, ਉਨ੍ਹਾਂ ਦੀ ਰੂਹ ਦੀ ਸੱਚਾਈ ਦੇ ਕਾਇਲ ਤੇ ਉਨ੍ਹਾਂ ਦੀ ਸੱਚਾਈ ਦੇ ਹਾਮੀ ਸਨ। ਦਸੇ ਗੁਰੂ ਸਾਹਿਬਾਨ ਦੇ ਸਮੇਂ ਵਿਚ ਹੀ ਅਜਿਹੇ ਮੁਸਲਮਾਨ ਸੱਜਣ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਹੀ ਹੁੰਦੇ ਰਹੇ ਹਨ ਪਰ ਏਥੇ ਕੇਵਲ ਗੁਰੂ ਦਸਮ ਪਾਤਸ਼ਾਹ ਦੇ ਸਮੇਂ ਦੇ ਮੁਸਲਮਾਨ ਪ੍ਰੇਮੀਆਂ ਦਾ ਸੰਖੇਪ ਵੇਰਵਾ ਦਿੱਤਾ ਜਾਂਦਾ ਹੈ।

1. ਜਦੋਂ ਗੁਰੂ ਦਸਮ ਪਾਤਸ਼ਾਹ ਜੀ ਪਟਨਾ ਸਾਹਿਬ ਵਿਚ ਪ੍ਰਗਟ ਹੋਏ ਤਕ ਕਸਬਾ ਘੁੜਾਮ (ਜ਼ਿਲ੍ਹਾ ਕਰਨਾਲ) ਦੇ ਪੀਰ ਭੀਖਨ ਸ਼ਾਹ ਨੇ ਪਟਨਾ ਸਾਹਿਬ ਵਲ ਨੂੰ ਸਿਜਦਾ ਕੀਤਾ।(ਅਰਥਾਤ ਮੱਥਾ ਟੇਕਿਆ)। ਮੁਰੀਦਾਂ ਨੇ ਕਿਹਾ ਕਿ ਪੀਰ ਜੀ ਆਪ ਨੇ ਸ਼ਰਾਅ ਤੋਂ ਉਲਟ ਗੱਲ ਕਿਉਂ ਕੀਤੀ ਹੈ ਕਿ ਪੱਛਮ ਵਲ ਮੱਥਾ ਟੇਕਣ ਦੀ ਥਾਂ ਪੂਰਬ ਵੱਲ ਨੂੰ ਮੱਥਾ ਟੇਕਿਆ ਹੈ, ਤਾਂ ਸੱਯਦ ਪੀਰ ਭੀਖਨ ਸ਼ਾਹ ਨੇ ਕਿਹਾ ਕਿ ਅੱਜ ਖ਼ੁਦਾ ਦਾ ਨੂਰ ਪੂਰਬ ਵਿਚ ਪ੍ਰਗਟ ਹੋਇਆ ਹੈ। ਅਸੀਂ ਉਸ ਨੂੰ ਸਿਜ਼ਦਾ ਕੀਤਾ ਹੈ। ਫੇਰ ਇਹ ਪੀਰ ਪਟਨਾ ਸਾਹਿਬ ਗਿਆ ਤੇ ਗੁਰੂ ਸਾਹਿਬ ਦੇ ਦਰਸ਼ਨ ਕਰ ਕੇ ਦੁੱਧ ਦੀਆਂ ਦੋ ਕੁੱਜੀਆਂ ਅੱਗੇ ਰੱਖੀਆਂ। ਮਹਾਰਾਜ ਨੇ ਦੋਵੇਂ ਹੀ ਆਪਣੇ ਚਰਨਾਂ ਨਾਲ ਰੋੜ੍ਹ ਦਿੱਤੀਆਂ ਤੇ ਦੋਹਾਂ ਦਾ ਦੁੱਧ ਧਰਤੀ ਉੱਤੇ ਰੁੜ੍ਹ ਕੇ ਮਿਲ ਗਿਆ। ਪੀਰ ਨੇ ਏਸ ਚਮਤਕਾਰ ਤੋਂ ਇਹ ਨਿਰਣਾ ਕੀਤਾ ਕਿ ਇਹ ਮਹਾਂਪੁਰਖ ਹਿੰਦੂ ਮੁਸਲਮਾਨਾਂ ਦੋਹਾਂ ਨੂੰ ਇਕੋ ਜੈਸਾ ਸਮਝਣਗੇ ਤੇ ਆਪਣਾ ਨਿਰਾਲਾ ਪੰਥ ਚਲਾਉਣਗੇ।

www.sikhbookclub.com

ਫੇਰ ਜਦੋਂ ਗੁਰੂ ਸਾਹਿਬ ਕੁਝ ਵੱਡੇ ਹੋਏ, ਪੰਜਾਬ ਵਲ ਆਏ ਤਦ ਭੀਖਨ ਸ਼ਾਹ ਨੇ ਲਖਨੌਰ ਪਿੰਡ ਵਿਚ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਮਨ ਦੀ ਮੁਰਾਦ ਹਾਸਲ ਕੀਤੀ।

2. ਸਢੌਰੇ ਦਾ ਪੀਰ ਬਦਰੁਦੀਨ (ਪ੍ਰਸਿੱਧ ਨਾਮ ਬੁੱਧੂ ਸ਼ਾਹ) ਗੁਰੂ ਸਾਹਿਬ ਦੇ ਨਿਸ਼ਕਾਮ ਤੇ ਕੁਰਬਾਨੀ ਵਾਲੇ ਸ਼ਰਧਾਲੂ ਪ੍ਰੇਮੀ ਸੱਜਣ ਸਨ। ਗੁਰੂ ਸਾਹਿਬ ਨੇ ਉਨ੍ਹਾਂ ਦੀ ਸਿਫ਼ਾਰਸ਼ ਮੰਨ ਕੇ ਔਰੰਗਜ਼ੇਬ ਦੀ ਫ਼ੌਜ ਵਿਚੋਂ ਕੱਢੇ ਹੋਏ ਦਾਮਲੇ ਪਿੰਡ ਦੇ ਪਠਾਣ ਸਰਦਾਰਾਂ—ਕਾਲੇ ਖਾਂ, ਹਯਾਤ ਖਾਂ, ਨਜਾਬਤ ਖਾਂ, ਭੀਖਨ ਖਾਂ ਨੂੰ ਸਣੇ ਉਨ੍ਹਾਂ ਦੇ ਪੰਜ ਸੌ ਸਵਾਰਾਂ ਦੇ ਨੌਕਰ ਰੱਖਿਆ। ਭੰਗਾਣੀ ਦੇ ਜੰਗ ਸਮੇਂ ਕਾਲੇ ਖਾਂ ਤੋਂ ਬਿਨਾਂ ਬਾਕੀ ਸਾਰੇ ਗੁਰੂ ਸਾਹਿਬ ਤੋਂ ਬੇਮੁਖ ਹੋ ਕੇ ਗੁਰੂ ਕੇ ਖ਼ਜ਼ਾਨੇ ਦੀ ਲੁੱਟ ਦਾ ਲਾਲਚ ਕਰਕੇ ਪਹਾੜੀ ਰਾਜਿਆਂ ਨਾਲ ਜਾ ਮਿਲੇ। ਜਦੋਂ ਗੁਰੂ ਸਾਹਿਬ ਨੇ ਪੀਰ ਹੋਰਾਂ ਨੂੰ ਖ਼ਬਰ ਦਿੱਤੀ ਕਿ ਪਠਾਣ ਬਾਗ਼ੀ ਹੋ ਗਏ ਹਨ ਤਾਂ ਪੀਰ ਸਾਹਿਬ ਆਪਣੇ ਭਾਈਆਂ, ਪੁੱਤਰਾਂ ਤੇ ਮੁਰੀਦਾਂ ਨੂੰ ਸੱਤ ਸੌ ਦੀ ਗਿਣਤੀ ਵਿਚ ਲੈ ਕੇ ਜੰਗ ਵਿਚ ਸ਼ਾਮਲ ਹੋਏ। ਜੰਗ ਤੋਂ ਪਿਛੋਂ ਗੁਰੂ ਸਾਹਿਬ ਨੂੰ ਮਿਲੇ। ਮਹਾਰਾਜ ਨੇ ਅੱਧੀ ਆਪਣੀ ਦਸਤਾਰ, ਕੰਘਾ, ਸਣੇ ਕੰਘੇ ਵਿਚਲੇ ਕੇਸਾਂ ਦੇ, ਉਸ ਨੂੰ ਸਿਰੋਪਾਉ ਬਖ਼ਸ਼ਿਆ, ਜੋ ਅੱਜ ਕੱਲ ਨਾਭੇ ਦੇ ਮਹਾਰਾਜਾ ਸਾਹਿਬ ਪ੍ਰਤਾਪ ਸਿੰਘ ਪਾਸ ਦੱਸੀਦਾ ਹੈ। ਉਹ ਗੁਰੂ ਸਾਹਿਬ ਨੂੰ ਉਦੋਂ ਮਿਲਿਆ ਸੀ ਜਦ ਗੁਰੂ ਸਾਹਿਬ ਕੰਘਾ ਕਰ ਰਹੇ ਸਨ (ਹੁਣ ਇਹ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਹੈ)। ਇਸ ਜੰਗ ਵਿਚ ਪੀਰ ਸਾਹਿਬ ਦੇ ਦੋ ਸਪੁੱਤਰ ਤੇ ਇਕ ਭਾਈ ਸ਼ਹੀਦ ਹੋਏ ਤੇ ਗੁਰੂ ਸਾਹਿਬ ਜੀ ਦੀ ਭੂਆ ਦੇ ਦੋ ਪੁੱਤ ਸੰਗੋਸ਼ਾਹ ਤੇ ਜੀਤ ਮੱਲ ਸ਼ਹੀਦ ਹੋਏ। ਉਧਰੋਂ ਰਾਜਾ ਹਰੀ ਚੰਦ, ਨਜਾਬਤ ਖਾਂ, ਹਯਾਤ ਖਾਂ ਤੇ ਦੋ ਹੋਰ ਨਾਮੀ ਸਰਦਾਰ ਪਹਾੜੀ ਰਾਜਿਆਂ ਦੇ ਮਾਰੇ ਗਏ ਸਨ। ਜੰਗ ਵਿਚ ਹੋਰ ਅਨੇਕਾਂ ਸੂਰਮੇ ਦੋਹਾਂ ਧਿਰਾਂ ਦੇ ਜੂਝ ਕੇ ਮਰੇ। ਸਢੌਰੇ ਦੇ ਪੱਖਪਾਤੀ ਮੁਸਲਮਾਨ ਕਾਜ਼ੀ ਤੇ ਮੌਲਾਣਿਆਂ ਨੇ ਪੀਰ ਬੁੱਧੂ ਸ਼ਾਹ ਨੂੰ ਏਹ ਕਹਿ ਕੇ ਕਤਲ ਕਰਵਾ ਦਿੱਤਾ ਸੀ ਕਿ ਏਸ ਨੇ ਕਾਫ਼ਰਾਂ ਦੇ ਗੁਰੂ ਦੀ ਮਦਦ ਕੀਤੀ ਹੈ। ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਸਢੌਰੇ ਉੱਤੇ ਹਮਲਾ ਕਰ ਕੇ ਪੀਰ ਸਾਹਿਬ ਦੇ ਕਾਤਲਾਂ ਤੇ ਦੋਸ਼ੀਆਂ ਨੂੰ ਸੋਧਿਆ ਸੀ। ਬੁੱਧੂ ਸ਼ਾਹ ਦਾ ਕਾਤਲ ਸਢੌਰੇ ਦਾ ਹਾਕਮ ਉਸਮਾਨ ਖਾਂ ਸੀ ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਆਪਣੀ ਕਰਣੀ ਦਾ ਫਲ ਭੁਗਤਾਇਆ।

3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਦੋਂ ਦਿੱਲੀ ਦੀ ਕੁਤਵਾਲੀ ਵਿਚ ਗ੍ਰਿਫ਼ਤਾਰ ਸਨ ਤਦ ਉਨ੍ਹਾਂ ਉੱਤੇ ਜੋ ਮੁਸਲਮਾਨ ਪਹਿਰੇਦਾਰ ਸਨ ਉਹ ਗੁਰੂ ਸਾਹਿਬ ਦੇ ਸ਼ਹੀਦ ਹੋਣ ਪਿੱਛੋਂ ਔਰੰਗਜ਼ੇਬ ਦੀ ਨੌਕਰੀ ਛਡ ਕੇ ਅਨੰਦਪੁਰ ਸਾਹਿਬ ਗੁਰੂ ਦਸਮ ਪਾਤਸ਼ਾਹ ਪਾਸ ਚਲੇ ਗਏ ਸਨ। ਇਨ੍ਹਾਂ ਦਾ ਮੁਖੀ ਅਬਦੁੱਲਾ ਸੀ। ਇਕ ਹੋਰ ਸੈਦ ਬੇਗ ਨਾਂ ਦਾ ਸੱਜਣ ਸੀ। ਇਹ ਅਨੰਦਪੁਰ ਸਾਹਿਬ ਦੇ ਜੰਗ ਵਿਚ ਸ਼ਹੀਦ ਹੋਏ ਸਨ। ਇਨ੍ਹਾਂ ਨੇ ਪ੍ਰੇਮ ਨਾਲ ਸੇਵਾ ਕੀਤੀ ਤੇ ਆਪਣਾ ਜੀਵਨ ਗੁਰੂ ਸਾਹਿਬ ਨਮਿੱਤ ਭੇਟ ਕਰ ਕੇ ਸ਼ਹੀਦੀ ਪਾਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਸ਼ਨਾਂ ਤੇ ਬਚਨਾਂ ਦੇ ਸਦਕੇ ਇਨ੍ਹਾਂ ਪਹਿਰੇਦਾਰਾਂ ਦਾ ਜੀਵਨ ਪਲਟ ਗਿਆ। ਇਨ੍ਹਾਂ ਸਾਰਿਆਂ ਦੇ ਨਾਮ ਨਹੀਂ ਮਿਲਦੇ।

4. ਜਰਨੈਲ ਸੈਦ ਖਾਂ—ਅਨੰਦਪੁਰ ਦੇ ਇਕ ਜੰਗ ਵਿਚ ਇਹ ਬਾਦਸ਼ਾਹੀ ਫ਼ੌਜ ਦਾ ਕਮਾਂਡਰ ਸੀ। ਜਦੋਂ ਜੰਗ ਹੋ ਰਿਹਾ ਸੀ ਤਾਂ ਇਸ ਨੇ ਇਹ ਚਿਤਵਿਆ ਕਿ ਜੇ ਹਿੰਦ ਦਾ ਪੀਰ ਮੇਰੇ ਸਾਹਮਣੇ ਆਵੇ ਤਾਂ ਮੈਂ ਉਸ ਨਾਲ ਦੋ ਹੱਥ ਕਰਾਂ। ਅੰਤਰਯਾਮੀ ਸਤਿਗੁਰੂ ਨੇ ਉਸ ਦੇ ਮਨ ਦੀ ਭਾਵਨਾ ਬੁੱਝੀ ਤੇ ਘੋੜਾ ਦੌੜਾ ਕੇ ਜੰਗ ਦੇ ਵਿਚ ਉਸ ਦੇ ਸਾਹਮਣੇ ਆ ਖੜੋਤੇ ਤੇ ਕਿਹਾ ਕਿ ਅਸੀਂ ਆ ਗਏ ਹਾਂ, ਇਹ ਜੰਗ ਦਾ ਸਮਾਂ ਹੈ, ਤੂੰ ਆਪਣਾ ਵਾਰ ਕਰ। ਗੁਰੂ ਸਾਹਿਬ ਦੇ ਦਰਸ਼ਨ ਕਰਦੇ ਸਾਰ ਉਸ ਦਾ

www.sikhbookclub.com

ਜੀਵਨ ਪਲਟਾ ਖਾ ਗਿਆ। ਉਹ ਜੋ ਗੁਰੂ ਸਾਹਿਬ ਨਾਲ ਦੋ ਹੱਥ ਕਰਨਾ ਚਾਹੁੰਦਾ ਸੀ, ਗੁਰੂ ਸਾਹਿਬ ਦੇ ਚਰਨੀਂ ਪੈ ਗਿਆ ਤੇ ਕਿਹਾ ਕਿ "ਮੇਰਾ ਏਹੋ ਵਾਰ ਸਫਲਾ ਹੋਵੇ।" ਏਹ ਕਹਿ ਕੇ ਮੱਥਾ ਟੇਕ ਕੇ ਜੰਗ ਛੱਡ ਕੇ ਤਿਆਗੀ ਹੋ ਕੇ ਜੰਗਲ ਨੂੰ ਚਲਾ ਗਿਆ। ਇਹ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਖ਼ੂਬੀ ਸੀ ਕਿ ਉਨ੍ਹਾਂ ਨੇ ਮੈਦਾਨਿ-ਜੰਗ ਵਿਚ ਖੰਡੇ ਦੀ ਧਾਰ ਵਿਚੋਂ ਸੈਦ ਬੇਗ ਨੂੰ ਛੱਡ ਦਿੱਤਾ ਸੀ।

5. ਕਾਜ਼ੀ ਪੀਰ ਮੁਹੰਮਦ, ਗਨੀ ਖਾਂ ਤੇ ਨਬੀ ਖਾਂ—ਜਦੋਂ ਗੁਰੂ ਸਾਹਿਬ ਚਮਕੌਰ ਸਾਹਿਬ ਦੇ ਜੰਗ ਪਿੱਛੋਂ ਇਕੱਲੇ ਮਾਛੀਵਾੜੇ ਪਹੁੰਚੇ ਜਿਥੇ ਹੁਣ ਚਰਨ ਕਮਲ ਗੁਰਦੁਆਰਾ ਹੈ। ਏਥੇ ਹੀ ਗਨੀ ਖਾਂ ਤੇ ਨਬੀ ਖਾਂ ਮਹਾਰਾਜ ਨੂੰ ਮਿਲੇ ਤੇ ਉਨ੍ਹਾਂ ਦੀ ਸਲਾਹ ਨਾਲ ਹੀ ਗੁਰੂ ਸਾਹਿਬ 'ਉਚ ਦੇ ਪੀਰ' ਬਣ ਕੇ ਮਾਛੀਵਾੜੇ ਤੋਂ ਚਲੇ। ਗਨੀ ਖਾਂ, ਨਬੀ ਖਾਂ, ਭਾਈ ਧਰਮ ਸਿੰਘ ਤੇ ਮਾਨ ਸਿੰਘ ਚੌਹਾਂ ਨੇ ਮੰਜਾ ਚੁੱਕਿਆ ਤੇ ਭਾਈ ਦਇਆ ਸਿੰਘ ਚੌਰ ਕਰਨ ਲੱਗੇ। ਦੁਰਾਹੇ ਦੀ ਸਰਾਂ ਦੇ ਲਾਗੇ ਸ਼ਾਹੀ ਫ਼ੌਜ ਦੇ ਹਾਕਮਾਂ ਨੇ ਆਪ ਨੂੰ ਰੋਕ ਲਿਆ ਤੇ ਕਿਹਾ ਕਿ ਗਵਾਹੀ ਦਿਓ ਕਿ ਤੁਸੀਂ ਸਚਮੁਚ ਉਚ ਦੇ ਪੀਰ ਹੋ। ਉਸ ਵੇਲੇ ਨੂਰ ਪੁਰੇ ਦੇ ਕਾਜ਼ੀ ਪੀਰ ਮੁਹੰਮਦ ਨੇ ਗਵਾਹੀ ਦਿੱਤੀ ਕਿ ਇਹ ਸਚਮੁਖ ਉਚ ਦੇ ਪੀਰ ਹਨ। ਨੂਰ ਪੁਰਾ ਮਾਛੀਵਾੜੇ ਦੇ ਲਾਗੇ ਦੱਸੀਦਾ ਹੈ। ਗਨੀ ਖਾਂ ਨਬੀ ਖਾਂ ਮਾਛੀਵਾੜੇ ਦੇ ਹੀ ਸਨ। ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਨੂੰ ਹੁਕਮਨਾਮਾ ਦਿੱਤਾ ਜਿਸ ਦੀਆਂ ਪਹਿਲੀਆਂ ਸਤਰਾਂ ਏਹ ਸਨ :

"ਇਕ ਸਯਦ ਦੋਇ ਪਠਾਣ, ਸਾਬਤ ਦੇਖਿਆ ਤਿਨ ਦਾ ਦੀਨ ਈਮਾਨ" ਏਹ ਹੁਕਮਨਾਮਾ ਗਨੀ ਖਾਂ, ਨਬੀ ਖਾਂ ਦੀ ਉਲਾਦ ਵਾਲੇ ਢਾਈ ਰੁਪਏ ਨੂੰ ਸ. ਸੰਪੂਰਨ ਸਿੰਘ ਸਰਦਾਰ ਰਾਖ ਪਿੰਡ ਵਾਲੇ ਨੂੰ ਵੇਚ ਗਏ ਸਨ। ਏਥੋਂ ਇਹ ਹੁਕਮਨਾਮਾ ਪਿੰਡ ਚੌਰ ਵਾਲੇ ਸ. ਸ਼ੇਰ ਸਿੰਘ ਪਾਸ ਸ਼ੀਸ਼ੇ ਵਿਚ ਜੜਾਉਣ ਲਈ ਭੇਜਿਆ ਗਿਆ, ਉਥੋਂ ਉਨ੍ਹਾਂ ਦਾ ਗ੍ਰੰਥੀ ਕਿਧਰੇ ਲੈ ਗਿਆ।

6. ਰੋਪੜ ਦੇ ਲਾਗੇ ਭੱਠਾ ਸਾਹਿਬ ਦੇ ਨੇੜੇ ਕੋਟਲਾ ਪਿੰਡ ਹੈ। ਉਥੋਂ ਦੇ ਪਠਾਣਾਂ ਨੇ ਗੁਰੂ ਸਾਹਿਬ ਦੀ ਪ੍ਰੇਮ ਨਾਲ ਸੇਵਾ ਕੀਤੀ ਸੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ੍ਰੀ ਸਾਹਿਬ ਭੇਜੀ ਸੀ। ਹੁਣ ਤਾਂ ਉਹ ਪਾਕਿਸਤਾਨ ਚਲੇ ਗਏ ਹੋਣੇ ਹਨ।

ਰਾਇਕਲ੍ਹਾ—ਜਦੋਂ ਗੁਰੂ ਸਾਹਿਬ ਮਾਛੀਵਾੜੇ ਤੋਂ ਰਵਾਨਾ ਹੋਏ ਤਦ ਆਪ ਕੁਲਾਲ੍ਹ, ਲਲੇ, ਕੁਬੇ, ਮਸਾਣੀ, ਰਾਮਪੁਰ, ਕਣੇਚਾ, ਆਲਮਗੀਰ, ਜੋਧਾ, ਮੋਲੀ, ਹੇਹੇਰਾਂ, ਕਮਾਲਪੁਰ, ਸੀਲੋਆਣੀ ਹੁੰਦੇ ਹੋਏ ਲੰਮਾ ਜੱਟ-ਪੁਰਾ ਜਾ ਪਹੁੰਚੇ। ਉਦੋਂ ਉਨ੍ਹਾਂ ਨੂੰ ਸੀਲੋਆਣੀ ਰਾਇ ਕਲ੍ਹਾ ਮਿਲਿਆ। ਇਥੋਂ ਗੁਰੂ ਸਾਹਿਬ ਰਾਇਕੋਟ ਗਏ। ਉਥੇ ਗੁਰੂ ਜੀ ਦੇ ਕਹਿਣ ਪੁਰ ਰਾਇ ਕਲ੍ਹੇ ਨੇ ਮਾਹੀ ਨਾਮ ਦੇ ਆਦਮੀ ਨੂੰ ਸਰਹੰਦ ਭੇਜ ਕੇ ਖ਼ਬਰ ਮੰਗਵਾਈ। ਉਸ ਨੇ ਆ ਕੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਸ਼ਹੀਦ ਹੋਣ ਦੀ ਖ਼ਬਰ ਸੁਣਾਈ। ਗੁਰੂ ਸਾਹਿਬ ਨੇ ਇਹ ਖ਼ਬਰ ਸੁਣ ਕੇ ਕ੍ਰਿਪਾਨ ਨਾਲ ਕਾਹੀ ਦੇ ਬੂਟੇ ਨੂੰ ਪੁੱਟ ਕੇ ਬਚਨ ਕੀਤਾ ਕਿ ਤੁਰਕਾਂ ਦੀ ਜੜ੍ਹ ਪੁੱਟੀ ਗਈ। ਰਾਇ ਕਲ੍ਹਾ ਨੂੰ ਗੰਗਾ ਸਾਗਰ ਵੀ ਦਿੱਤਾ ਸੀ ਜੋ ਰਾਇ ਇਨਾਇਤ ਖਾਂ ਪਾਸ ਸੀ। ਉਹ ਆਪਣੇ ਨਾਲ ਹੀ ਪਾਕਿਸਤਾਨ ਲੈ ਗਿਆ। ਰਾਇਕੋਟ ਟਾਹਲੀਆਣਾ ਦਸਮੇਸ਼ ਜੀ ਦਾ ਗੁਰਦੁਆਰਾ ਹੈ, ਜਿਥੇ ਕਾਹੀ ਪੁੱਟਣ ਵਾਲਾ ਥਾਂ ਤੇ ਕਰੌਦੇ ਦਾ ਦਰੱਖ਼ਤ ਪੁਰਾਣੀਆਂ ਨਿਸ਼ਾਨੀਆਂ ਹਨ। ਸਾਹਿਬਜ਼ਾਦਿਆਂ ਦੇ ਕਤਲ ਸਬੰਧੀ ਸ਼ੇਰ ਮੁਹੰਮਦ ਖਾਂ ਮਲੇਰਕੋਟਲੇ ਵਾਲੇ ਨੇ ਸੂਬਾ ਸਰਹੰਦ ਨੂੰ ਕਿਹਾ ਕਿ ਸ਼ੀਰਖੋਰ ਬੱਚਿਆਂ ਦਾ ਮਾਰਨਾ ਜਾਇਜ਼ ਨਹੀਂ। ਇਸ ਹਾਅ ਦੇ ਨਾਅਰੇ ਮਾਰਨ ਬਦਲੇ ਗੁਰੂ ਸਾਹਿਬ ਨੇ ਮਲੇਰਕੋਟਲੇ ਦੀ ਰਿਆਸਤ ਨੂੰ ਕਾਇਮ ਰਹਿਣ ਦਾ ਵਰ ਦਿੱਤਾ ਸੀ।

www.sikhbookclub.com

7. ਜਦੋਂ ਗੁਰੂ ਸਾਹਿਬ ਮਾਲਵੇ ਵਿਚ ਵਿਚਰ ਰਹੇ ਸਨ ਤਦ ਗੁਪਤਸਰ ਨਾਮੀ ਜਗ੍ਹਾ ਪੁਰ ਬੈਰਾੜਾਂ ਨੂੰ ਤਨਖ਼ਾਹ ਵੰਡੀ। ਉਥੇ ਇਕ ਮੁਸਲਮਾਨ ਫ਼ਕੀਰ ਰਿਹਾ ਕਰਦਾ ਸੀ। ਉਸ ਦਾ ਨਾਮ ਬਾਹਮੀਸ਼ਾਹ ਤੇ ਸੱਯਦ ਮੀਰ ਵਾਹਮੀ ਲਿਖਿਆ ਹੈ। ਉਸੇ ਦਾ ਅਸਲੀ ਨਾਮ ਇਬ੍ਰਾਹੀਮ ਸ਼ਾਹ ਵੀ ਲਿਖਿਆ ਹੈ। ਉਸ ਨੇ ਆਪਣੀ ਕਬਰ ਵੀ ਉਥੇ ਬਣਵਾਈ ਹੋਈ ਸੀ, ਉਸ ਵਿਚ ਖਿੜਕੀ ਰੱਖੀ ਹੋਈ ਸੀ। ਉਸੇ ਵਿਚ ਉਹ ਰਿਹਾ ਕਰਦਾ ਸੀ। ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਦਰਸ਼ਨ ਦਾ ਸਦਕਾ ਉਸ ਨੂੰ ਸਿੰਘ ਸਜਣ ਦਾ ਪ੍ਰੇਮ ਜਾਗਿਆ। ਉਸ ਨੇ ਮਹਾਰਾਜ ਨੂੰ ਅੰਮ੍ਰਿਤ ਛਕਾਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਨੂੰ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਮ ਅਜਮੇਰ ਸਿੰਘ ਰੱਖਿਆ। ਇਸ ਤਰ੍ਹਾਂ ਉਸ ਦਾ ਕਾਇਆ ਕਲਪ ਹੋਇਆ। "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਦੇ ਵਾਕ ਅਨੁਸਾਰ ਉਸ ਦਾ ਜੀਵਨ ਪਲਟ ਗਿਆ।

ਇਸੇ ਤਰ੍ਹਾਂ ਗੁਰੂ ਸਾਹਿਬ ਦੇ ਅਨੇਕਾਂ ਮੁਸਲਮਾਨ ਪ੍ਰੇਮੀ ਹੋਏ। ਇਹ ਕੁਝ ਪ੍ਰਸਿੱਧ ਮਿਸਾਲਾਂ ਦਿੱਤੀਆਂ ਗਈਆਂ ਹਨ।

(2/1967)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ ਪੂਜਾ

ਦਸਮ ਗ੍ਰੰਥ ਦੀਆਂ ਬਾਣੀਆਂ ਵਿਚੋਂ ਲਈਆਂ ਇੱਕਾ-ਦੁੱਕਾ ਤੁਕਾਂ ਦੇ ਹਵਾਲੇ ਨਾਲ ਕੁਝ ਲੋਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ (ਦੁਰਗਾ, ਭਗਾਉਤੀ, ਭਵਾਨੀ, ਜਵਾਲਾ, ਮਹਾਂਕਾਲੀ, ਚੰਡਿਕਾ ਆਦਿ) ਦੇਵੀ ਦੇ ਉਪਾਸ਼ਕ ਤੇ ਪੁਜਾਰੀ ਦੱਸਣ ਦਾ ਯਤਨ ਕਰ ਰਹੇ ਹਨ। ਖ਼ਾਸ ਤੌਰ ਉੱਤੇ ਬਚਿਤ੍ਰ ਨਾਟਕ ਵਿਚ 'ਅਬ ਮੈ ਅਪਨੀ ਕਥਾ ਬਖਾਨੋ' ਵਾਲੀ ਚੌਪਈ ਵਿਚ ਆਈ ਤੁਕ :

ਤਹ ਹਮ ਅਧਿਕ ਤਪੱਸਿਆ ਸਾਧੀ ॥
ਮਹਾਕਾਲ ਕਾਲਿਕਾ ਆਰਾਧੀ ॥੨॥ *(ਅਧਿ: ੬)*

ਦਾ ਵਰਣਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਭਾਈ ਗੁਰਦਾਸ (ਦੂਸਰੇ) ਦੀ ਵਾਰ ਵਿਚ ਖਾਲਸੇ ਦੀ ਸਿਰਜਣਾ ਦੇ ਸਬੰਧ ਵਿਚ :

ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।

ਦਾ ਜ਼ਿਕਰ ਕਰਦਿਆਂ ਉਹਨਾਂ ਨੂੰ 'ਮਹਾਂਕਾਲੀ' ਦਾ ਉਪਾਸ਼ਕ ਦਰਸਾਇਆ ਜਾਂਦਾ ਹੈ। ਫਿਰ ਵਾਰ ਸ੍ਰੀ ਭਗਾਉਤੀ ਜੀ ਕੀ ਦੇ ਮੁੱਢਲੇ ਸ਼ਬਦਾਂ 'ਪ੍ਰਿਥਮ ਭਗੌਤੀ ਸਿਮਰ ਕੈ' ਜੋ ਸਿੱਖ ਅਰਦਾਸ ਦੇ ਮੁੱਢਲੇ ਸ਼ਬਦ ਹਨ, ਨੂੰ ਗੁਰੂ ਸਾਹਿਬ ਨੂੰ ਭਗੌਤੀ ਦਾ ਸਿਮਰਨ ਕਰਨ ਵਾਲੇ ਦੱਸਣ ਲਈ ਪ੍ਰਮਾਣ ਦੇ ਤੌਰ ਉੱਤੇ ਵਰਤਦੇ ਹਨ।

ਕਿਸੇ ਵੀ ਤੁਕ ਜਾਂ ਟੂਕ ਨੂੰ ਉਸ ਦੇ ਅਗਲ-ਪਿਛਲ ਨਾਲੋਂ ਨਿਖੇੜ ਕੇ ਉਸ ਦੇ ਪ੍ਰਸੰਗ ਤੇ ਪ੍ਰਸਥਿਤੀ ਨਾਲੋਂ ਵੱਖਰਾ ਕਰ ਕੇ, ਨਾ ਕੇਵਲ ਅਰਥ ਦਾ ਹੀ ਅਨਰਥ ਕੀਤਾ ਜਾਂਦਾ ਹੈ, ਸਗੋਂ ਉਸ ਦੇ ਰਚਤਾ ਨਾਲ ਘੋਰ ਬੇ-ਇਨਸਾਫ਼ੀ ਕੀਤੀ ਜਾਂਦੀ ਹੈ। ਫਿਰ ਕਿਸੇ ਵੀ ਸ਼ਬਦ ਜਾਂ ਤੁਕ ਦੇ ਅਰਥ ਜਾਂ ਵਿਆਖਿਆ, ਉਸੇ ਬਾਣੀ ਜਾਂ ਹੋਰ ਬਾਣੀਆਂ ਦੇ ਹਵਾਲੇ ਨਾਲ ਹੀ ਕੀਤੇ ਜਾਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦਾ ਹਵਾਲਾ ਤੇ ਇਨ੍ਹਾਂ ਦੇ ਭਾਵ ਦੀ ਵਿਆਖਿਆ ਹੋਰ ਵੀ ਕਈ ਜਗ੍ਹਾ ਉੱਤੇ ਕੀਤੀ ਮਿਲਦੀ ਹੈ। ਫਿਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਇਕੋ ਜੋਤਿ ਦਾ ਸਰੂਪ ਸਨ ਤੇ ਇਕੋ ਜੁਗਤ ਵਿਚ ਵਰਤਦੇ ਤੇ ਚਲਦੇ ਰਹੇ ਹਨ। ਸਾਰੇ ਹੀ ਇਕੋ ਡਸਿਪਲਿਨ ਦੇ ਧਾਰਨੀ ਸਨ, ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਸੇ ਵੀ ਕਥਨ ਦੀ ਵਿਆਖਿਆ ਕਰਨ ਲਗਿਆਂ ਇਨ੍ਹਾਂ ਸਾਰੀਆਂ ਗੱਲਾਂ, ਖ਼ਾਸ ਕਰਕੇ ਗੁਰਮਤਿ ਵਿਚਾਰਧਾਰਾ ਦਾ ਧਿਆਨ ਰੱਖਣਾ ਅਤਿਅੰਤ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ੧ਓ ਦੀ ਧਾਰਨਾ ਜਿਸ ਵਿਚ ਏਕਾ, ਹਿੰਦਸੇ ਦੇ ਰੂਪ ਵਿਚ ਲਿਖਿਆ ਹੋਇਆ ਹੈ ਤਾਂ ਕਿ ਇਸ ਨੂੰ ਅੱਗੇ ਹਿੱਸਿਆਂ ਵਿਚ ਨਾ ਵੰਡਿਆ ਜਾ ਸਕੇ, ਉੱਤੇ ਚਲਦੇ ਹੋਏ ਦਸਮ ਗ੍ਰੰਥ ਵਿਚ :

www.sikhbookclub.com

ਏਕ ਬਿਨਾ ਮਨ ਨੈਕ ਨ ਆਨੈ ॥

ਦਾ ਆਦੇਸ਼ ਦਿੰਦੇ ਹਨ, ਜੋ ਗੁਰੂ ਅਰਜਨ ਦੇਵ ਜੀ ਦੇ ਕਥਨ :

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲ ॥ (ਪੰਨਾ ੭੬੧)

ਦੇ ਐਨ ਸਮਾਨੰਤਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸੇ ਦੇਵੀ-ਦੇਵਤੇ ਦਾ ਪੁਜਾਰੀ ਕਹਿਣਾ ਕੀ ਉਸ ਨਾਲ ਘੋਰ ਅਨਿਆਂ ਨਹੀਂ ? ਫਿਰ ਇਸ 'ਇਕ' ਵਿਚ :

ਪੂਰਨ ਪ੍ਰੇਮ ਪ੍ਰਤੀਤ ਸਜੈ

ਦਾ ਐਲਾਨ ਕਰਨ ਵਾਲਾ ਆਪਣਾ ਪ੍ਰੇਮ ਕਿਸੇ ਹੋਰ ਦੇਵੀ-ਦੇਵਤੇ ਨਾਲ ਕਿਵੇਂ ਜੋੜ ਸਕਦਾ ਹੈ ? ਇਸ 'ਇਕ' ਉੱਤੇ ਪੂਰਨ ਪ੍ਰਤੀਤ ਰੱਖਣ ਵਾਲਾ ਕਿਸੇ ਦੂਸਰੇ ਦੇਵੀ-ਦੇਵਤੇ ਦੀ ਕਿਵੇਂ ਉਪਾਸ਼ਨਾ ਕਰੇਗਾ, ਪੂਰਨ ਪ੍ਰੇਮ ਤੇ ਪ੍ਰਤੀਤ ਤਾਂ ਕਦੀ ਵੰਡੇ ਨਹੀਂ ਜਾ ਸਕਦੇ। ਫਿਰ :

ਜਾਗਤਿ ਜੋਤ ਜਪੈ ਨਿਸ ਬਾਸੁਰ...

ਕਹਿਣ ਵਾਲੇ, ਦੁਰਗਾ ਆਦਿ ਮਿਥਿਹਾਸਕ ਹਸਤੀਆਂ ਦਾ ਕਿਵੇਂ ਧਿਆਨ ਧਰਨਗੇ ?

ਉਹ ਤਾਂ ਕੇਵਲ ਅਕਾਲ ਪੁਰਖ ਨੂੰ ਹੀ ਧਿਆਉਂਦੇ ਸਨ, ਅਕਾਲ ਪੁਰਖ ਨੂੰ ਜਿਸ ਬਾਰੇ ਉਹ ਕਹਿੰਦੇ ਹਨ :

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ ॥**

(ਜਾਪੁ ਸਾਹਿਬ)

ਉਨ੍ਹਾਂ ਦੀ ਉਪਾਸ਼ਨਾ ਤੇ ਆਰਾਧਨਾ ਦਾ ਇਹ ਕੇਂਦਰ ਉਹੋ ਹੀ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਮੂਰਤਿ ਅਜੂਨੀ ਤੇ ਸੈਭੰ ਕਿਹਾ ਹੈ, ਨਿਰੰਕਾਰ ਕਿਹਾ ਹੈ। 'ਕ੍ਰਿਸ਼ਨਾਵਤਾਰ' ਵਿਚ ਉਹ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿੰਦੇ ਹਨ :

**ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥
ਲਿਵ ਲਾਗੀ ਮੋਰੀ ਪਗ ਇਨ ਸੋਂ ॥੪੩੪॥** (ਦਸਮ ਗ੍ਰੰਥ, ਪੰਨਾ ੩੧੦)

ਜੋ

ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥

ਵਿਚ ਲਿਵ ਲਾਉਣ ਵਾਲਾ ਹੈ, ਉਹ ਉਨ੍ਹਾਂ 'ਹਸਤੀਆਂ' ਦੀ ਕਿਵੇਂ ਉਪਾਸ਼ਨਾ ਕਰ ਸਕਦਾ ਹੈ ਜਿਨ੍ਹਾਂ ਦੇ ਬੁੱਤ ਬਣਾਏ ਜਾ ਸਕਦੇ ਹਨ, ਜਿਨ੍ਹਾਂ ਦੇ ਕੋਈ ਸਰੂਪ ਮਿਥੇ ਜਾ ਸਕਦੇ ਹਨ, ਜਿਵੇਂ ਦੁਰਗਾ, ਮਹਾਂਕਾਲੀ ਆਦਿ ਦੇਵੀਆਂ ਦੇ ਬਣਾਏ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਆਪਣੀ ਪੂਜਾ ਤੇ ਉਪਾਸ਼ਨਾ ਬਾਰੇ ਦੱਸਦੇ ਹਨ :

www.sikhbookclub.com

ਕਿਸੂ ਨ ਭੇਖ ਭੀਜ ਹੋਂ ॥
ਅਲੇਖ ਬੀਜ ਬੀਜ ਹੋਂ ॥੩੪॥
ਪਖਾਣ ਪੂਜ ਹੋਂ ਨਹੀ ॥
ਨੇ ਭੇਖ ਭੀਜ ਹੋਂ ਕਹੀ ॥
ਅਨੰਤ ਨਾਮੁ ਗਾਇ ਹੋਂ ।
ਪਰੱਮ ਪੁਰਖ ਪਾਇ ਹੋਂ ॥੩੫॥ *(ਅਧਿ: ੬)*

ਤਾਂ ਫਿਰ ਮਹਾਂਕਾਲ ਕਾਲਕਾ ਆਰਾਧੀ ਵਿਚ 'ਮਹਾਂਕਾਲ ਕਾਲਕਾ' ਦਾ ਕੀ ਭਾਵ ਹੋਇਆ ? ਇਸ ਦਾ ਭਾਵ ਹੈ ਉਹ ਮਹਾਂਕਾਲ ਜੋ ਕਾਲ ਦਾ ਵੀ ਕਾਲ ਹੈ, ਯਾਨੀ ਕਾਲ ਦਾ ਵੀ ਨਾਸ ਕਰਨ ਵਾਲਾ ਹੈ ਜਿਸ ਨੂੰ ਜਾਪੁ ਸਾਹਿਬ ਵਿਚ 'ਨਮੋ ਕਾਲ ਕਾਲੇ' ਕਿਹਾ ਹੈ ਭਾਵ ਪ੍ਰਭੂ-ਪਰਮਾਤਮਾ। ਇਹ ਭਾਵ 'ਬਚਿਤ੍ਰ ਨਾਟਕ' ਦੀ ਇਸ ਤੁਕ ਤੋਂ ਅਗਲੀਆਂ ਤੁਕਾਂ :

ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥...
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥ *(ਉਹੀ)*

ਤੇ

ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ ॥ *(ਉਹੀ)*

ਤੋਂ ਸਪੱਸ਼ਟ ਹੋ ਜਾਂਦਾ ਹੈ।

ਇਹ ਹੀ ਭਾਵ ਭਾਈ ਗੁਰਦਾਸ ਦੂਜੇ ਦੀ ਤੁਕ :

ਗੁਰ ਸਿਮਰਿ ਮਨਾਈ ਕਾਲਕਾ

ਵਿਚ ਕਾਲਕਾ (ਕਾਲ ਦਾ ਵੀ ਕਾਲ ਕਰਨ ਵਾਲਾ) ਦਾ ਹੈ। ਇਸ ਨੂੰ ਇਸਤਰੀ-ਲਿੰਗ ਵਿਚ ਲਿਖਣ ਦਾ ਭਾਵ ਕੋਈ ਦੇਵੀ ਨਹੀਂ। ਪ੍ਰਭੂ-ਪਰਮਾਤਮਾ, ਜੋ ਨਿਰੰਕਾਰ ਹੈ, ਉਸ ਦਾ ਕੋਈ ਲਿੰਗ ਨਹੀਂ, ਉਸ ਨੂੰ ਕਿਸੇ ਵੀ ਰੂਪ ਵਿਚ ਬਿਆਨਿਆ ਜਾ ਸਕਦਾ ਹੈ। ਜਿਵੇਂ :

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ *(ਪੰਨਾ ੧੦੩)*

ਵਿਚ 'ਮਾਤਾ' ਸ਼ਬਦ ਨਾਲ ਸੰਬੰਧਕ 'ਮੇਰਾ' ਵਰਤਿਆ ਹੈ ਭਾਵੇਂ ਮਾਤਾ ਇਸਤਰੀ ਲਿੰਗ ਹੈ ਤੇ ਸੰਬੰਧਕ 'ਮੇਰਾ' ਕੇਵਲ ਪੁਲਿੰਗ ਨਾਲ ਲਿਖਿਆ ਜਾਂਦਾ ਹੈ।

ਇਸੇ ਤਰ੍ਹਾਂ ਭਗੌਤੀ ਕੀ ਵਾਰ ਵਿਚ :

ਪ੍ਰਿਥਮ ਭਗੌਤੀ ਸਿਮਰ ਕੈ

ਵਿਚ ਭਗੌਤੀ ਦਾ ਭਾਵ ਵੀ ਮਹਾਂਕਾਲ, ਯਾਨੀ ਪਰਮਾਤਮਾ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਅਕਾਲ ਪੁਰਖ ਪਰਮਾਤਮਾ ਨੂੰ ਜਿਥੇ ਸਰਬ ਕਾਲ ਕਹਿੰਦੇ ਹਨ, ਉਥੇ ਉਸ ਨੂੰ ਸਰਬ ਲੋਹ ਵੀ ਕਿਹਾ ਹੈ :

ਅਕਾਲ ਪੁਰਖ ਕੀ ਰੱਛਾ ਹਮਨੈ ॥
ਸਰਬ ਲੋਹ ਦੀ ਰੱਛਿਆ ਹਮਨੈ ॥
ਸਰਬ ਕਾਲ ਜੀ ਕੀ ਰੱਛਿਆ ਹਮਨੈ ॥
ਸਰਬ ਲੋਹ ਜੀ ਕੀ ਸਦਾ ਰੱਛਿਆ ਹਮਨੈ ॥ *(ਦਸਮ ਗ੍ਰੰਥ, ਪੰਨਾ ੧੧)*

www.sikhbookclub.com

ਚੌਪਈ (ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ) ਵਿਚ ਵੀ ਇਸੇ ਤਰ੍ਹਾਂ ਪਰਮਾਤਮਾ ਨੂੰ ਮਹਾਂ ਕਾਲ ਤੇ ਮਹਾਂ ਲੋਹ ਕਿਹਾ ਹੈ :

ਮਹਾਕਾਲ ਰਖਵਾਰ ਹਮਾਰੋ ॥
ਮਹਾਲੋਹ ਮੈਂ ਕਿੰਕਰ ਥਾਰੋ ॥ *(ਦਸਮ ਗ੍ਰੰਥ, ਪੰਨਾ ੩੧੦)*

ਫਿਰ 'ਬਚਿਤ੍ਰ ਨਾਟਕ' ਵਿਚ ਜਿਥੇ ਉਸ ਨੂੰ 'ਜਗ ਕਾਰਨ' ਤੇ 'ਸ੍ਰਿਸਟ ਉਬਾਰਨ' ਕਹਿ ਕੇ ਨਮਸਕਾਰ ਕੀਤੀ ਹੈ, ਉਥੇ ਉਸ ਨੂੰ 'ਤੇਗ' ਵੀ ਕਹਿ ਕੇ ਉਸ ਦੀ ਜੈ ਜੈ ਕਾਰ ਕੀਤੀ ਹੈ :

ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ, ਜੈ ਤੇਗੰ ॥ *(ਬਚਿਤ੍ਰ ਨਾਟਕ, ਅਧਿ: ੧)*

ਖ਼ਿਆਲ ਰਹੇ ਕਿ ਤਲਵਾਰ ਦੇ ਅਰਥਾਂ ਵਿਚ 'ਤੇਗ' ਕਦੀ ਵੀ 'ਜਗ ਕਾਰਣ' ਤੇ 'ਸ੍ਰਿਸ਼ਟ ਉਬਾਰਣ' ਨਹੀਂ ਹੋ ਸਕਦੀ। ਇਥੇ ਤੇਗ ਮਹਾਂ ਕਾਲ ਦੇ ਅਰਥਾਂ ਵਿਚ ਪ੍ਰਭੂ-ਪਰਮਾਤਮਾ ਹੀ ਹੈ। ਇਸੇ ਤਰ੍ਹਾਂ 'ਬਚਿਤ੍ਰ ਨਾਟਕ' ਵਿਚ ਕਈ ਜਗ੍ਹਾ ਉੱਤੇ ਪਰਮਾਤਮਾ ਨੂੰ ਖੰਡਾ ਤੇ ਖੜਗ ਵੀ ਕਿਹਾ ਹੈ। ਮੌਤ ਸਭ ਤੋਂ ਵਧ ਤਾਕਤਵਰ ਸ਼ਕਤੀ ਮੰਨੀ ਗਈ ਹੈ ਤੇ ਇਸ ਦਾ ਅਧਿਕਾਰ ਕੇਵਲ ਪਰਮਾਤਮਾ ਨੂੰ ਹੀ ਹੈ। ਇਹ ਉਸੇ ਦਾ ਹੀ ਲਕਸ਼ ਹੈ। ਇਸ ਲਈ ਉਹ ਪਰਮਾਤਮਾ ਨੂੰ 'ਮਹਾਂ ਕਾਲ' ਤੇ 'ਮਹਾਂ ਕਾਲ ਕਾਲੇ' ਕਹਿ ਕੇ ਸੰਬੋਧਨ ਕਰਦੇ ਹਨ।

ਫਿਰ ਪਰਮਾਤਮਾ ਨੂੰ 'ਮਹਾਂ ਲੋਹ' ਤੇ 'ਸਰਬ ਲੋਹ' ਕਹਿਣ ਦਾ ਭਾਵ ਉਸ ਦੀ ਦ੍ਰਿੜ੍ਹਤਾ ਤੇ ਉਸ ਦੇ ਹੁਕਮ ਦੀ ਅਚੁਕ ਅਟੱਲਤਾ ਵਲ ਸੰਕੇਤ ਹੈ। ਸਰਬ ਲੋਹ (steel) ਇਸੇ ਦ੍ਰਿੜ੍ਹਤਾ ਤੇ ਅਚੁਕ ਅਟੱਲਤਾ ਦਾ ਪ੍ਰਤੀਕ ਹੈ। ਇਸ ਬਾਰੇ ਐਡਮੌਂਡ ਕੈਂਡਲਰ ਆਪਣੀ ਪੁਸਤਕ 'ਮੈਂਟਲ ਆਫ ਦੀ ਈਸਟ' ਵਿਚ ਲਿਖਦੇ ਹਨ :

> "For all material things which genius has inspired with spiritual significance steel is truest and most uncompromising."
>
> *(Edmond Candler: **The Mantle of the East**, p. 120-21)*

ਇਸੇ ਤਰ੍ਹਾਂ ਖੰਡੇ, ਖੜਗ, ਤੇਗ ਜਾਂ ਭਗੌਤੀ ਵਿਚ ਪਰਮਾਤਮਾ ਦੇ ਮਹਾਂ ਕਾਲ ਤੇ ਸਰਬ ਲੋਹ, ਯਾਨੀ 'ਅਕਾਲ ਮੂਰਤਿ' ਤੇ 'ਅਚੁਕ ਤੇ ਅਟੱਲ ਦ੍ਰਿੜ੍ਹਤਾ' ਦੋਵੇਂ ਲਕਸ਼ ਜੁੜ ਜਾਂਦੇ ਹਨ ਤੇ ਇਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਦੇ ਇਨ੍ਹਾਂ ਦੋਨਾਂ ਲਕਸ਼ਾਂ ਦੇ ਇਕੱਠ ਦੇ ਪ੍ਰਤੀਕ ਵਜੋਂ ਵਰਤਿਆ ਹੈ। ਸਪੱਸ਼ਟ ਹੀ 'ਪ੍ਰਿਥਮ ਭਗੌਤੀ ਸਿਮਰ ਕੈ' ਵਿਚ ਭਗੌਤੀ ਦਾ ਭਾਵ ਕੋਈ ਦੇਵੀ ਨਹੀਂ ਸਗੋਂ ਅਕਾਲ ਮੂਰਤਿ ਤੇ ਅਟੱਲ ਪਰਮਾਤਮਾ ਹੈ।

ਇਨ੍ਹਾਂ ਨੂੰ ਪ੍ਰਭੂ-ਪਰਮਾਤਮਾ ਦੇ ਪ੍ਰਤੀਕ ਵਜੋਂ ਵਰਤਣ ਦਾ ਮੰਤਵ ਸਿੱਖਾਂ ਵਿਚ ਸਿਪਾਹੀ ਦੀ ਰੁਚੀ ਪੈਦਾ ਕਰਨ ਲਈ, ਇਕ ਪਾਸੇ ਉਨ੍ਹਾਂ ਵਿਚੋਂ ਮੌਤ ਦਾ ਡਰ ਦੂਰ ਕਰਨ ਤੇ ਦੂਸਰੇ ਪਾਸੇ ਖੰਡੇ, ਖੜਗ ਤੇ ਤੇਗ—ਜਿਸ ਨੂੰ ਭਗੌਤੀ ਵੀ ਆਖਦੇ ਸਨ, ਨਾਲ ਪਿਆਰ ਪੈਦਾ ਕਰਨਾ ਸੀ। ਇਸ ਢੰਗ ਨਾਲ ਹੀ ਪ੍ਰਭੂ-ਪਿਆਰ ਵਿਚ ਗੁੱਧਾ ਹੋਇਆ ਸੰਤ, ਭਗਤੀ ਦੁਆਰਾ ਹਾਸਲ ਕੀਤੀ, ਪ੍ਰਭੂ ਨਾਲ ਇਕ-ਮਿਕ ਹੋਣ ਨਾਲ ਉਸ ਦੀ ਇਸ ਪ੍ਰਤੀਕ ਵਿਚ ਜੁੜੀ ਦੂਹਰੀ ਸ਼ਕਤੀ ਗ੍ਰਹਿਣ ਕਰਕੇ ਸਿਪਾਹੀ ਬਣ ਸਕਦਾ ਸੀ।

www.sikhbookclub.com

ਦਸਮ ਗ੍ਰੰਥ ਵਿਚ ਚੰਡੀ ਚਰਿਤ੍ਰ ਪਹਿਲਾ, ਚੰਡੀ ਚਰਿਤ੍ਰ ਦੂਜਾ ਤੇ ਵਾਰ ਸ੍ਰੀ ਭਗਉਤੀ ਜੀ ਵਿਚ ਦੁਰਗਾ (ਚੰਡਿਕਾ, ਅੰਬਿਕਾ, ਕਾਲਕਾ, ਭਵਾਨੀ) ਦੇਵੀ ਦੀ ਉਸਤਤਿ, ਵਡਿਆਈ ਤੇ ਚੜ੍ਹਤਲ ਤਕਰੀਬਨ ਹਰ ਛੰਦ ਤੇ ਵਾਰ ਦੀ ਹਰ ਪਉੜੀ ਵਿਚ ਮਿਲਦੀ ਹੈ। ਕਈ ਜਗ੍ਹਾ ਉੱਤੇ ਇਸ ਨੂੰ ਮਹਾਂ ਮਈਆ ਵੀ ਕਿਹਾ ਹੈ। ਕੁਝ ਲੋਕ ਇਨ੍ਹਾਂ ਛੰਦਾਂ ਤੇ ਪਉੜੀਆਂ ਨੂੰ ਪ੍ਰਮਾਣ ਵਜੋਂ ਵਰਤ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਦਾ ਪੁਜਾਰੀ ਤੇ ਉਪਾਸ਼ਕ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਵਿਚੋਂ ਵੰਨਗੀ ਦੇ ਤੌਰ ਉੱਤੇ ਕੁਝ ਛੰਦ ਹੇਠਾਂ ਦਰਜ ਕੀਤੇ ਜਾਂਦੇ ਹਨ :

ਪਹਿਲਾ ਚੰਡੀ ਚਰਿਤ੍ਰ :

ਚੰਡਿ ਪ੍ਰਚੰਡਿ ਸੁ ਕੇਹਰਿ ਕਾਲਕਾ,
ਅਉ ਸ਼ਕਤੀ ਮਿਲਿ ਜੁੱਧ ਕਰਿਓ ਹੈ ॥੨੦੬॥ *(ਦਸਮ ਗ੍ਰੰਥ, ਪੰਨਾ ੯੬)*

ਦੂਜਾ ਚੰਡੀ ਚਰਿਤ੍ਰ:

(ੳ) ਭਈ ਬਾਣ ਬਰਖਾ ॥
ਗਏ ਜੀਤਿ ਕਰਖਾ ॥...
ਮਈਯਾ ਸੰਤ ਉਬਾਰੇ ॥੨॥੧੫੪॥ *(ਉਹੀ, ਪੰਨਾ ੧੧੦)*

(ਅ) ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ ॥
ਨਮੋ ਸੁੰਭ ਹੰਤੀ, ਨਮੋ ਕ੍ਰੂਰ ਕਾਲੰ ॥
ਨਮੋ ਸ੍ਰੋਣ ਬੀਰਜਾਰਦਨੀ ਧੂਮ੍ਰਹੰਤੀ ॥
ਨਮੋ ਕਾਲਕਾ ਰੂਪ ਜ੍ਵਾਲਾ ਜਯੰਤੀ ॥੪॥੨੨੩॥

(ੲ) ਨਮੋ ਅੰਬਕਾ ਜੰਭਹਾ ਜੋਤਿ ਰੂਪਾ ॥
ਨਮੋ ਚੰਡ ਮੁੰਡਾਰਦਨੀ ਭੂਪਿ ਭੂਪਾ ॥
ਨਮੋ ਚਾਮਰੰ ਚੀਰਣੀ ਚਿੱਤ੍ਰ ਰੂਪੰ ॥
ਨਮੋ ਪਰਮ ਪ੍ਰਗਯਾ ਬਿਰਾਜੈ ਅਨੂਪੰ ॥੫॥੨੨੪॥ *(ਉਹੀ, ਪੰਨਾ ੧੧੫)*

ਵਾਰ ਸ੍ਰੀ ਭਗਉਤੀ ਜੀ :

(ੳ) ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ ॥
ਓਹੀ ਸੀਹੁ ਮੰਗਾਇਆ ਰਾਖਸ਼ ਭੱਖਣਾ ॥
ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ ॥
ਰੋਹ ਹੋਈ ਮਹਾ ਮਾਈ ਰਾਕਸ਼ਿ ਮਾਰਣੇ ॥੫॥ *(ਉਹੀ, ਪੰਨਾ ੧੨੦)*

(ਅ) ਆਹਰਿ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ ॥
ਚੱਲੇ ਸਉਹੇ ਦੁਰਗ ਸ਼ਾਹ ਜਣ ਕਾਬੈ ਹਾਜੀ ॥
ਤੀਰੀ ਤੇਗੀ ਜਮਧੜੀ ਰਣ ਵੰਡੀ ਭਾਜੀ ॥
ਇਕ ਘਾਇਲ ਘੂਮਨ ਸੂਰਮੇ ਜਣ ਮਕਤਬ ਕਾਜੀ ॥
ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ ॥
ਇਕ ਦੁਰਗਾ ਸਉਹੇ ਖੁਨਸ ਕੈ ਖੁਨਸਾਇਨ ਤਾਜੀ ॥

www.sikhbookclub.com

ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ ॥
ਕਦੇ ਨ ਰਜੇ ਜੁੱਝ ਤੇ ਰੱਜ ਹੋਏ ਰਾਜੀ ॥੪੫॥

(ਦਸਮ ਗ੍ਰੰਥ, ਪੰਨਾ ੧੨੫)

ਇਨ੍ਹਾਂ ਬਾਣੀਆਂ ਦੇ ਸੰਬੰਧ ਵਿਚ ਸਭ ਤੋਂ ਮਹੱਤਵਪੂਰਨ ਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਹ ਸੁਤੰਤਰ ਅਨੁਵਾਦ ਹਨ :

ਭਾਖਾ ਸ਼ੁਭ ਸਭ ਕਰਹੋ ਧਰਿਹੋ ਕ੍ਰਿੱਤ ਮੈ ॥
ਅਦਭੁਤ ਕਥਾ ਅਪਾਰ ਸਮਝ ਕਰਿ ਚਿੱਤ ਮੈ ॥੬॥

(ਦਸਮ ਗ੍ਰੰਥ, ਪੰਨਾ ੭੪)

ਜਿਸ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਵਿਚ ਲਿਖੀ ਇਸ ਕਥਾ ਨੂੰ ਅਦਭੁਤ ਸਮਝ ਕੇ, ਇਸ ਦਾ ਸੋਹਣੀ ਦੇਸ਼ ਬੋਲੀ ਵਿਚ ਅਨੁਵਾਦ ਕਵਿਤਾ ਵਿਚ ਕੀਤਾ ਜਾਂਦਾ ਹੈ (ਤਾਕਿ ਆਮ ਲੋਕ ਜੋ ਸੰਸਕ੍ਰਿਤ ਨੂੰ ਨਹੀਂ ਸਮਝਦੇ, ਇਸ ਨੂੰ ਸਮਝ ਸਕਣ)।

ਦੂਸਰੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਬੜੇ ਸਪੱਸ਼ਟ ਤੇ ਪ੍ਰਤੱਖ ਰੂਪ ਵਿਚ ਦੇਖ ਲੈਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੰਡੀ ਚਰਿਤ੍ਰ ਪਹਿਲਾ ਦੇ ਆਰੰਭ ਵਿਚ ਹੀ, ਅਕਾਲ ਪੁਰਖ ਦੇ ਮੰਗਲਾਚਰਣ ਵਾਲੇ ਸਵੱਯੇ ਤੋਂ ਪਿੱਛੋਂ, ਦੂਸਰੇ ਸਵੱਯੇ ਵਿਚ ਪਰਮਾਤਮਾ ਨੂੰ ਸੰਬੋਧਨ ਕਰਕੇ ਆਖਦੇ ਹਨ :

ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ ॥
ਕਾਰਨ ਈਸ ਕਲਾ ਕਮਲਾ ਹਰਿ ਅਦ੍ਰਸੁਤਾ ਜਹ ਦੇਖੋ ਉਹੀ ਹੈ ॥

(ਦਸਮ ਗ੍ਰੰਥ, ਪੰਨਾ ੭੪)

ਜਿਸ ਦਾ ਭਾਵ ਹੈ ਧਰਤੀ ਉਤੇ ਲੋਕਾਂ ਨੂੰ ਤਾਰਨ ਤੇ ਓਹਨਾਂ ਦਾ ਉਧਾਰ ਕਰਨ ਲਈ ਦੈਂਤਾਂ ਨੂੰ ਸੰਘਾਰਨ ਵਾਲਾ 'ਚੰਡ' (ਤੇਜ ਪ੍ਰਤਾਪ) ਤੂੰ ਹੀ ਹੈਂ, ਵਿਸ਼ਨੂੰ, ਮਹੇਸ਼, ਲਛਮੀ (ਕਮਲਾ) ਤੇ ਪਹਾੜ ਦੀ ਦੇਵੀ (ਅਦ੍ਰਸੁਤਾ) ਸ਼ਕਤੀ ਵੀ ਤੂੰ ਹੀ ਹੈਂ।

ਦੁਰਗਾ (ਚੰਡਕਾ, ਭਗੌਤੀ, ਕਾਲੀ, ਭਵਾਨੀ) ਨੂੰ ਪਹਾੜਾਂ ਦੀ ਦੇਵੀ ਕਿਹਾ ਜਾਂਦਾ ਹੈ ਅਤੇ ਸ਼ਿਵਾਲਕ, ਹਿਮਾਲੀਆ ਦੀ ਪੱਬੀ ਤੇ ਤਰਾਈ ਦੇ ਇਲਾਕੇ ਨੂੰ ਮਾਤਾ ਦਾ ਖੇਤਰ ਆਖਿਆ ਜਾਂਦਾ ਹੈ।

ਇਸੇ ਤਰ੍ਹਾਂ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਵੀ ਮੰਗਲਾਚਰਣ ਵਾਲੀ ਪਹਿਲੀ ਪਉੜੀ ਤੋਂ ਪਿਛੋਂ ਦੂਸਰੀ ਪਉੜੀ ਵਿਚ ਗੁਰੂ ਜੀ ਪਰਮਾਤਮਾ ਨੂੰ ਸੰਬੋਧਨ ਕਰਕੇ ਲਿਖਦੇ ਹਨ :

ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ ॥

(ਦਸਮ ਗ੍ਰੰਥ, ਪੰਨਾ ੧੧੯)

ਜਿਸ ਤੋਂ ਪ੍ਰਤੱਖ ਜ਼ਾਹਿਰ ਹੈ ਕਿ ਉਹ ਦੇਵੀ ਦੁਰਗਾ ਦੇ ਪੁਜਾਰੀ ਨਹੀਂ ਸਨ ਸਗੋਂ ਉਸ ਸਿਰਜਣਹਾਰ ਦੇ ਪੁਜਾਰੀ ਸਨ ਜਿਸ ਨੇ ਦੁਰਗਾ ਨੂੰ ਸਾਜਿਆ ਸੀ, ਉਸੇ ਸਿਰਜਣਹਾਰ ਨੂੰ ਹੀ 'ਭਗਉਤੀ' ਕਿਹਾ ਹੈ।

ਹੁਣ ਇਨ੍ਹਾਂ ਬਾਣੀਆਂ ਦੇ ਪ੍ਰਸੰਗ ਤੇ ਪ੍ਰਸਥਿਤੀ ਵਲ ਆਈਏ। ਸਭ ਤੋਂ ਜ਼ਰੂਰੀ ਸਵਾਲ ਇਹ ਹੈ ਕਿ 'ਮਾਰਕੰਡੇ ਪੁਰਾਣ' ਵਿਚੋਂ ਇਹ ਕਥਾ ਅਨੁਵਾਦ ਕਰਨ ਦੀ ਕੀ ਲੋੜ ਸੀ ? ਇਸ ਦੀ ਕੀ ਅਹਿਮੀਅਤ ਸੀ ?

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਜੀਵਨ ਉਦੇਸ਼ ਬਾਰੇ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ (ਅਧਿ: ੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਤੋਂ ਪਹਿਲਾਂ ਛੇ-ਸੱਤ ਸੌ ਸਾਲ ਦੇ ਲਗਾਤਾਰ ਇਸਲਾਮੀ ਹਮਲਿਆਂ, ਲੁੱਟ-ਮਾਰ, ਸਾੜ-ਫੂਕ, ਤਬਾਹੀ, ਬਰਬਾਦੀ, ਕਤਲੋਗਾਰਤ ਤੇ ਤੀਵੀਆਂ ਦੀ ਬੇਹੁਰਮਤੀ ਕਾਰਣ ਅਤੇ ਇਸਲਾਮੀ ਰਾਜ ਸਤਿਆ ਦੀਆਂ ਹਿੰਦੂਆਂ ਵਿਰੁੱਧ ਅਤਿ ਦਰਜੇ ਦੀਆਂ ਕੱਟੜਪੰਥੀ ਨੀਤੀਆਂ, ਇਨ੍ਹਾਂ ਦੇ ਧਾਰਮਿਕ ਇਸ਼ਟਾਂ ਦੀ ਨਿਰਾਦਰੀ ਤੇ ਇਨ੍ਹਾਂ ਉੱਤੇ ਨਿੱਤ ਲੱਗਦੀਆਂ ਧਾਰਮਿਕ ਪਾਬੰਦੀਆਂ ਕਾਰਣ, ਇਨ੍ਹਾਂ ਲੋਕਾਂ ਦੀ ਜ਼ਮੀਰ ਕੁਚਲੀ ਜਾ ਰਹੀ ਸੀ। ਔਰੰਗਜ਼ੇਬ ਦੇ ਜ਼ਮਾਨੇ ਵਿਚ ਹਿੰਦੂਆਂ ਦੇ ਖ਼ਿਲਾਫ਼ ਇਸ ਕੱਟੜਪੰਥੀ ਨੀਤੀ ਦੀ ਤੁੰਦੀ ਇੰਨੀ ਵਧ ਗਈ ਸੀ ਕਿ ਇਨ੍ਹਾਂ ਦਾ ਧਰਮ, ਸਭਿਆਚਾਰ ਤੇ ਸਭਿਆਚਾਰਕ ਵਿਰਸਾ ਤਬਾਹ ਕੀਤਾ ਜਾ ਰਿਹਾ ਸੀ। ਹਿੰਦੂ ਜਨਤਾ ਉੱਤੇ ਮੁਕੰਮਲ ਦਹਿਸ਼ਤ ਤੇ ਰਾਕਸ਼ਪੁਣੇ ਦਾ ਦੌਰ ਦੌਰਾ ਸੀ।

ਧਰਮ ਨੂੰ ਮੁੜ ਆਪਣੇ ਪੈਰਾਂ ਉੱਤੇ ਖੜਾ ਕਰਨ ਲਈ ਜਿਵੇਂ ਉਪਰਲੀਆਂ ਸਤਰਾਂ ਵਿਚੋਂ ਪ੍ਰਗਟ ਹੈ 'ਧਰਮ ਚਲਾਵਨ' ਤੇ 'ਦੁਸ਼ਟ ਉਪਾਰਨ' ਦਾ ਦੂਹਰਾ ਪ੍ਰੋਗਰਾਮ ਚਾਲੂ ਕਰਨ ਦੀ ਲੋੜ ਸੀ। ਇਕ ਪਾਸੇ ਤਾਂ ਲੋਕਾਂ ਦੇ ਆਪਣੇ ਧਰਮ ਤੇ ਸਭਿਆਚਾਰਕ ਵਿਰਸੇ ਦੀ ਅਮੀਰੀ ਵਿਚ ਵਿਸ਼ਵਾਸ ਦ੍ਰਿੜ ਕਰਨ ਤੇ ਦੂਸਰੇ ਪਾਸੇ ਉਨ੍ਹਾਂ ਵਿਚ ਜੰਗੀ ਮਨੋਬਿਰਤੀ ਤੇ ਸਾਹਸ ਪੈਦਾ ਕਰਨ ਦੀ ਲੋੜ ਸੀ।

ਇਥੇ ਇਹ ਗੱਲ ਕਹਿਣੀ ਕੁਥਾਂ ਨਾ ਹੋਵੇਗੀ ਕਿ ਖਤਰੀ ਤੇ ਰਾਜਪੂਤ ਜੋ ਜਾਤ-ਪਾਤੀ ਵੰਡ ਅਨੁਸਾਰ ਦੇਸ਼ ਤੇ ਕੌਮ ਦਾ ਬਾਹੂ-ਬਲ ਬਣਾਏ ਗਏ ਸਨ, ਨਕਾਰਾ, ਸਤਹੀਣ ਤੇ ਬੇ-ਅਣਖੇ ਹੋ ਚੁੱਕੇ ਸਨ। ਖਤਰੀਆਂ ਨੂੰ ਕਈ ਸਦੀਆਂ ਤੋਂ ਸਿਪਾਹ ਗਿਰੀ ਤੇ ਫੌਜ ਵਿਚ ਨੌਕਰੀ ਤੋਂ ਵਿਰਵਿਆਂ ਰੱਖਣ ਕਾਰਨ, ਉਨ੍ਹਾਂ ਵਿਚੋਂ ਜੰਗੀ ਮਨੋਬਿਰਤੀ ਖ਼ਤਮ ਹੋ ਚੁੱਕੀ ਸੀ ਤੇ ਉਨ੍ਹਾਂ ਨੇ ਮੁਨਸ਼ੀ, ਮੁਸੱਦੀ, ਪਟਵਾਰ ਤੇ ਦੀਵਾਨੀ ਆਦਿ ਨੌਕਰੀਆਂ ਲੈਣੀਆਂ ਜਾਂ ਮਾਮੂਲੀ ਦੁਕਾਨਦਾਰੀ ਪੇਸ਼ਾ ਅਪਣਾ ਲਿਆ ਸੀ। ਰਾਜਪੂਤ ਆਪਣੀਆਂ ਲੜਕੀਆਂ ਮੁਗ਼ਲ ਹਾਕਮਾਂ ਤੇ ਅਫ਼ਸਰਾਂ ਨਾਲ ਵਿਆਹ ਕੇ, ਰਾਜ ਸਤਿਆ ਦੀ ਖ਼ੁਸ਼ਨੂਦੀ ਹਾਸਲ ਕਰਨ ਵਿਚ ਫ਼ਖਰ ਸਮਝਦੇ ਸਨ। ਪਹਾੜੀ ਰਾਜੇ ਬਾਜਗੁਜ਼ਾਰ ਬਣ ਕੇ ਰਹਿਣ ਵਿਚ ਮਸਲਹਤ ਸਮਝਦੇ ਸਨ। ਜੇ ਰਾਜਪੂਤ ਰਾਜਾ ਜੈ ਸਿੰਘ ਮਿਰਜ਼ਾ ਅਖਵਾਣ ਵਿਚ ਤੇ ਪਹਾੜੀ ਰਾਜਪੂਤ ਮੀਏਂ ਅਖਵਾਣ ਵਿਚ ਫ਼ਖਰ ਸਮਝਣ ਤਾਂ ਇਨ੍ਹਾਂ ਤੋਂ ਧਰਮ ਤੇ ਸਭਿਆਚਾਰ ਬਚਾਣ ਦੀ ਕੀ ਆਸ ਹੋ ਸਕਦੀ ਸੀ। ਐਸੀ ਹਾਲਤ ਵਿਚ ਆਮ ਜਨਤਾ, ਜੋ ਖ਼ਾਸ ਕਰਕੇ ਜ਼ੁਲਮ ਦੀ ਤੁੰਦੀ ਹੇਠਾਂ ਪਿਸ ਰਹੀ ਸੀ, ਨੂੰ ਆਪਣੇ ਅਣਖ, ਰੋਜ਼ਗਾਰ, ਘਰ ਕੁੰਭੇ, ਧਰਮ ਤੇ ਸਭਿਆਚਾਰ ਨੂੰ ਬਚਾਣ ਲਈ ਖੜਾ ਕਰਨ ਦੀ ਲੋੜ ਸੀ। ਹਿੰਦੁਸਤਾਨੀ ਧਾਰਮਿਕ ਤੇ ਸਭਿਆਚਾਰਕ ਵਿਰਸਾ ਸੰਸਕ੍ਰਿਤ ਵਿਚ ਹੋਣ ਕਰਕੇ, ਆਮ ਜਨਤਾ ਦੀ ਪਹੁੰਚ ਤੇ ਪਕੜ ਤੋਂ ਬਾਹਰ ਸੀ। ਉਨ੍ਹਾਂ ਦਾ ਇਸ ਨਾਲ ਪਿਆਰ ਤੇ ਇਸ ਵਿਚ ਵਿਸ਼ਵਾਸ ਤਦ ਹੀ ਹੋ ਸਕਦਾ ਸੀ ਜੇਕਰ ਉਹ ਇਸ ਨੂੰ ਸਮਝ ਸਕਣ, ਇਸ ਨੂੰ ਅਪਣਾਅ ਸਕਣ। ਇਸ ਵਿਰਸੇ ਨੂੰ ਵੀ ਲੋਕਾਂ ਨੇੜੇ ਲਿਆਉਣ ਦੀ ਲੋੜ ਸੀ।

www.sikhbookclub.com

ਇਹ ਯਾਦ ਰੱਖਣਾ ਚਾਹੀਦਾ ਹੈ ਕਿ ਧਰਮ ਦਾ ਵਾਸਾ ਜ਼ਮੀਰ ਵਿਚ ਹੁੰਦਾ ਹੈ। ਖ਼ਰੀਦੀ ਹੋਈ ਜਾਂ ਕੁਚਲੀ ਹੋਈ ਤੇ ਮੁਰਦਾ ਜ਼ਮੀਰ ਦਾ ਕੋਈ ਧਰਮ ਨਹੀਂ ਹੁੰਦਾ ਪਰ ਜੇ ਜ਼ਮੀਰ ਬਾਹਰਲੇ ਦਬਾਓ ਜਾਂ ਲਾਲਚ ਤੋਂ ਨਿਰਲੇਪ ਤੇ ਆਜ਼ਾਦ ਹੋ ਜਾਵੇ ਤਾਂ ਧਰਮ ਬਚ ਜਾਂਦਾ ਹੈ, ਕਿਉਂਕਿ ਆਜ਼ਾਦ ਤੇ ਨਿਰਲੇਪ ਜ਼ਮੀਰ ਵਿਚ ਹੀ ਦਲੇਰੀ, ਸਾਹਸ ਤੇ ਵਿਸ਼ਵਾਸ ਦੀ ਦ੍ਰਿੜ੍ਹਤਾ ਪੈਦਾ ਹੋ ਸਕਦੇ ਹਨ ਤੇ ਇਹ ਵੀ ਅਣਖ ਦਾ ਆਧਾਰ ਬਣ ਜਾਂਦਾ ਹੈ। ਇਸ ਲਈ 'ਧਰਮ ਚਲਾਵਨ' ਲਈ ਜ਼ਮੀਰ ਨੂੰ ਦਬਾ ਕੇ ਜਾਂ ਲਾਲਚ ਦੇ ਕੇ ਗ਼ੁਲਾਮ ਰੱਖਣ ਵਾਲੇ ਦੁਸ਼ਟ ਨੂੰ ਉਥਾਰਨ ਦੀ ਲੋੜ ਹੁੰਦੀ ਹੈ। ਇਸ :

ਧਰਮ ਚਲਾਵਨ ਤੇ ਦੁਸਟ ਉਥਾਰਨ

ਦੇ ਦੂਹਰੇ ਪ੍ਰੋਗਰਾਮ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਪੁਰਾਤਨ ਹਿੰਦੂ ਗਾਥਾਵਾਂ, ਜਿਵੇਂ ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਖਾਸ ਕਰਕੇ ਮਾਰਕੰਡੇ ਪੁਰਾਣ ਵਿਚ ਦੇਵੀ ਭਗਉਤੀ ਦੀ ਦੈਂਤਾਂ, ਦਾਨਵਾਂ ਤੇ ਰਾਕਸ਼ਾਂ ਨਾਲ ਲੜਾਈ ਦੀ ਗਾਥਾ ਨੂੰ ਸੰਸਕ੍ਰਿਤ ਵਿਚੋਂ, ਲੋਕ ਬੋਲੀ ਵਿਚ ਖੁੱਲ੍ਹਾ ਅਨੁਵਾਦ ਕੀਤਾ। ਇਨ੍ਹਾਂ ਵਿਚ ਧਰਮ ਤੇ ਅਣਖ ਬਚਾਣ ਖ਼ਾਤਰ, ਅਧਰਮੀਆਂ ਰਾਵਣ, ਕੰਸ, ਕੌਰੂਆਂ ਤੇ ਮਹਿਖਾਸੁਰ ਵਰਗੇ ਦੈਂਤਾਂ ਨਾਲ ਜ਼ਬਰਦਸਤ ਲੜਾਈਆਂ ਉਪਰੰਤ ਧਰਮ ਦੀ ਫ਼ਤਹ ਦਾ ਵਰਣਨ ਸੀ। ਇਨ੍ਹਾਂ ਦੇ ਮੁੱਖ ਨਾਇਕਾਂ—ਰਾਮ, ਕ੍ਰਿਸ਼ਨ, ਚੰਡੀ ਤੇ ਦੁਰਗਾ ਨੂੰ ਲੋਕ ਧਾਰਮਿਕ ਇਸ਼ਟ, ਅਵਤਾਰਾਂ, ਦੇਵਤਿਆਂ ਤੇ ਦੇਵੀਆਂ ਦਾ ਰੂਪ ਜਾਣਦੇ ਸਨ। ਚੂੰਕਿ ਕੱਟੜਪੰਥੀ ਇਸਲਾਮੀ ਹਾਕਮ ਹਿੰਦੂਆਂ ਦਾ ਨੈਤਿਕ ਪਤਨ ਕਰਨ ਲਈ, ਉਨ੍ਹਾਂ ਦੀ ਜ਼ਮੀਰ ਕੁਚਲਣ ਲਈ, ਇਨ੍ਹਾਂ ਦਾ ਨਿਰਾਦਰ ਕਰਦੇ ਸਨ ਤੇ ਇਨ੍ਹਾਂ ਨੂੰ ਧਾਰਮਿਕ ਵਿਸ਼ਵਾਸ ਦੇ ਨਾਕਾਬਲ ਦਿਖਾਂਦੇ ਤੇ ਜਿਤਲਾਂਦੇ ਸਨ, ਇਸ ਲਈ ਗੁਰੂ ਸਾਹਿਬ ਨੇ ਇਨ੍ਹਾਂ ਲੋਕਾਂ ਦੇ ਆਪਣੇ ਹੀ ਧਰਮ ਵਿਚ ਵਿਸ਼ਵਾਸ ਦ੍ਰਿੜ੍ਹ ਕਰਨ ਲਈ, ਇਨ੍ਹਾਂ ਅਨੁਵਾਦਾਂ ਦੁਆਰਾ, ਇਨ੍ਹਾਂ ਦੀ ਚੜ੍ਹਤਲ ਤੇ ਵਡਿਆਈ ਉਭਾਰ ਕੇ ਸਾਹਮਣੇ ਲਿਆਂਦੀ ਹੈ ਤੇ ਇਨ੍ਹਾਂ ਦੇ ਹੱਥੋਂ ਅਧਰਮੀ ਦੈਂਤਾਂ ਤੇ ਰਾਖਸ਼ਾਂ—ਰਾਵਣ, ਕੰਸ, ਦੁਰਯੋਧਨ ਤੇ ਮਹਿਖਾਸੁਰ ਆਦਿ ਦਾ ਨਾਸ ਹੁੰਦਾ ਦਿਖਾ ਕੇ, ਲੋਕਾਂ ਵਿਚ ਇਨ੍ਹਾਂ ਪ੍ਰਤੀ ਧਾਰਮਿਕ ਵਿਸ਼ਵਾਸ ਤੇ ਸਾਹਸ ਪੈਦਾ ਕਰਨ ਦਾ ਯਤਨ ਕੀਤਾ ਹੈ।

ਲੋਕਾਂ ਵਿਚ ਜੰਗੀ ਮਨੋਬਿਰਤੀ ਤੇ ਸਾਹਸ ਪੈਦਾ ਕਰਨ ਲਈ ਇਨ੍ਹਾਂ ਗਾਥਾਵਾਂ ਦੇ ਮੁੱਖ ਨਾਇਕਾਂ ਜਾਂ ਨਾਇਕਾਵਾਂ ਨੂੰ ਬਾਕਾਇਦਾ ਜੰਗ ਵਿਚ ਜੂਝਦਿਆਂ ਅਧਰਮੀ ਵੈਰੀਆਂ, ਦੈਂਤਾਂ ਤੇ ਦੁਸ਼ਟਾਂ ਨੂੰ ਮਾਰਦਿਆਂ ਉਨ੍ਹਾਂ ਦੇ ਆਹੂ ਲਾਹੁੰਦਿਆਂ ਤੇ ਉਨ੍ਹਾਂ ਨੂੰ ਪਛਾੜਦਿਆਂ ਦਿਖਾਇਆ ਹੈ। ਚੰਡੀ ਚਰਿਤ੍ਰ ਪਹਿਲਾ ਤੇ ਦੂਜਾ ਅਤੇ ਭਗਉਤੀ ਜੀ ਕੀ ਵਾਰ ਵਿਚ ਚੰਡੀ, ਅੰਬਿਕਾ, ਭਵਾਨੀ, ਦੁਰਗਾ ਨੂੰ ਧਰਮੀ ਦੇਵਤਿਆਂ ਦੀ ਅਗਵਾਈ ਕਰਦਿਆਂ, ਮਹਿਖਾਸੁਰ ਦੈਂਤ ਦੀ ਅਗਵਾਈ ਹੇਠਾਂ ਅਧਰਮੀ ਦੈਂਤਾਂ ਤੇ ਰਾਖਸ਼ਾਂ ਨਾਲ ਹੋਈਆਂ ਲਹੂ ਵੀਟਵੀਆਂ ਜ਼ਬਰਦਸਤ ਲੜਾਈਆਂ ਦਾ ਤੇ ਅਧਰਮੀਆਂ ਦੇ ਇਨ੍ਹਾਂ ਲੜਾਈਆਂ ਵਿਚ ਨਾਸ ਹੋਣ ਦਾ ਵਰਨਣ ਹੈ।

ਸਭੈ ਦੁਸ਼ਟ ਮਾਰੇ ॥ ਮਈਯਾ ਸੰਤ ਉਬਾਰੇ ॥ (ਦਸਮ ਗ੍ਰੰਥ, ਪੰਨਾ ੧੧੦)

ਦੁਆਰਾ ਦਿਖਾ ਕੇ, ਇਕ ਪਾਸੇ ਦੁਰਗਾ ਵਿਚ ਵਿਸ਼ਵਾਸ ਕਰਨ ਵਾਲੇ ਲੋਕਾਂ ਦਾ ਧਾਰਮਿਕ ਵਿਸ਼ਵਾਸ ਬਣਾਇਆ ਹੈ, ਦੂਸਰੇ ਪਾਸੇ ਉਨ੍ਹਾਂ ਵਿਚ ਜੰਗੀ ਨਜ਼ਾਰਿਆਂ ਦੇ ਵਰਨਣ ਦੁਆਰਾ ਜੰਗੀ ਮਨੋਬਿਰਤੀ ਕਾਇਮ ਕਰਨ ਦਾ ਯਤਨ ਕੀਤਾ ਹੈ। ਇਸ ਉਦੇਸ਼ ਦਾ ਵਰਨਣ ਗੁਰੂ ਸਾਹਿਬ ਚੰਡੀ ਚਰਿਤ੍ਰ ਦੂਜਾ ਦੇ ਛੰਦ ਨੰ: ੨੬੦ ਵਿਚ ਕਰਦੇ ਹਨ :

www.sikhbookclub.com

ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ ॥ (ਦਸਮ ਗ੍ਰੰਥ, ਪੰਨਾ ੧੧੮)

ਭਾਵ ਜੋ ਮਹਾਂ ਕਾਇਰ ਭੀ ਇਸ ਚਰਿਤ੍ਰ ਨੂੰ ਸੁਣੇਗਾ ਉਸ ਵਿਚ ਬੀਰ-ਰਸ ਜਾਗੇਗਾ ਤੇ ਮਹਾਂ ਜੰਗ ਵਿਚ ਵੀ ਅੱਗੇ ਹੋ ਕੇ ਜੰਮ ਕੇ ਲੜੇਗਾ।

(ਟੀਕਾ ਗਿਆਨੀ ਨਰੈਣ ਸਿੰਘ)

ਭਗਉਤੀ ਕੀ ਵਾਰ ਦੀ ਪੰਜਤਾਲਵੀਂ ਪਉੜੀ ਜਿਸ ਦਾ ਪਾਠ ਉਪਰ ਦਿੱਤਾ ਗਿਆ ਹੈ, ਉਸ ਵਿਚ ਦੁਰਗਾ ਦੀ ਮਾਰ ਹੇਠਾਂ ਆਏ ਦੈਂਤਾਂ ਦੀ ਹਾਲਤ ਬਿਆਨ ਕਰਨ ਲਈ ਗੁਰੂ ਸਾਹਿਬ ਨੇ ਜੋ ਤਸ਼ਬੀਹਾਂ ਵਰਤੀਆਂ ਹਨ, ਉਨ੍ਹਾਂ ਵਿਚ ਹਾਜੀ, ਕਾਜ਼ੀ, ਨਮਾਜ਼ੀ ਆਦਿ ਸ਼ਬਦ ਵਰਤੇ ਹਨ। ਉਸ ਸਮੇਂ ਦੇ ਹਾਕਮ ਮੁਸਲਮਾਨ ਆਪਣੇ ਆਪ ਨੂੰ ਵੱਡੇ ਜੁਝਾਰੂ ਤੇ ਅਜਿੱਤ ਜ਼ਾਹਿਰ ਕਰਦੇ ਤੇ ਲੋਕਾਂ ਵਿਚ ਦੁਰਗਾ ਦੀ ਆਮ ਨਿਰਾਦਰੀ ਕਰਦੇ ਸਨ। ਦੁਰਗਾ ਹੱਥੋਂ ਦੈਂਤਾਂ ਨੂੰ ਪੈਂਦੀ ਮਾਰ ਵੇਲੇ ਦੈਂਤਾਂ ਦੀ ਹਾਲਤ ਇਨ੍ਹਾਂ ਤਸ਼ਬੀਹਾਂ ਨਾਲ ਦਿਖਾ ਕੇ ਗੁਰੂ ਜੀ ਨੇ ਜਿਥੇ ਦੁਰਗਾ ਦੀ ਵਡਿਆਈ ਸਥਾਪਤ ਕਰਨ ਦਾ ਉਪਰਾਲਾ ਕੀਤਾ ਉਥੇ ਇਹ ਵੀ ਦੱਸਿਆ ਕਿ ਇਹ ਹਾਜੀ, ਕਾਜ਼ੀ ਤੇ ਨਮਾਜ਼ੀ ਲੋਕ ਵੀ ਆਮ ਲੋਕਾਂ ਵਾਂਗ ਹੀ ਮਾਰੇ ਤੇ ਭਜਾਏ ਜਾ ਸਕਦੇ ਹਨ, ਇਹ ਵੀ ਕੋਈ ਅਜਿੱਤ ਨਹੀਂ, ਇਨ੍ਹਾਂ ਵਿਚ ਵੀ ਆਮ ਕਾਇਰਾਂ ਵਰਗੀਆਂ ਕਮਜ਼ੋਰੀਆਂ ਹਨ। ਇਸ ਤਰ੍ਹਾਂ ਗੁਰੂ ਜੀ ਨੇ ਮਹਿਖਾਸੁਰ ਦੇ ਦੈਂਤਾਂ ਨੂੰ, ਉਸ ਜ਼ਮਾਨੇ ਦੇ ਰਾਜ ਸਤਿਆ ਦੇ ਨਸ਼ੇ ਹੇਠ ਆਕੜੇ ਇਸਲਾਮੀ ਹਾਕਮ ਅਧਰਮੀਆਂ ਨਾਲ ਮਿਲਾ ਦਿੱਤਾ ਤਾਕਿ ਲੋਕਾਂ ਵਿਚੋਂ ਇਨ੍ਹਾਂ ਪ੍ਰਤੀ ਬੈਠ ਚੁੱਕਾ ਡਰ ਦੂਰ ਹੋਵੇ।

ਚੰਡੀ ਚਰਿਤ੍ਰ ਦੂਜਾ ਵਿਚ ਛੰਦ ਨੰ: ੨੨੩ ਤੋਂ ੨੫੬ ਤੱਕ ਜਿਨ੍ਹਾਂ ਵਿਚੋਂ ਦੋ ਛੰਦ ੨੨੩ ਤੇ ੨੨੪ ਨਮੂਨੇ ਵਜੋਂ ਉਪਰ ਦਿੱਤੇ ਗਏ ਹਨ, ਦੁਰਗਾ ਦੀ ਉਪਮਾ ਦੇ ਨਾਲ ਨਾਲ ਹਰ ਤੁਕ ਨਮੋ ਸ਼ਬਦ ਨਾਲ ਸ਼ੁਰੂ ਹੁੰਦੀ ਹੈ। ਇਹ ਸਾਰੇ ਛੰਦ ਦੇਵਤਿਆਂ ਵਲੋਂ ਦੁਰਗਾ ਨੂੰ ਰੱਖਿਆ ਲਈ ਬੇਨਤੀ ਕਰਨ ਦੀ ਕਹਾਣੀ ਬਿਆਨ ਕਰਦੇ ਹਨ। ਤੇ 'ਨਮੋ' ਸ਼ਬਦ ਦੇਵਤਿਆਂ ਵਲੋਂ ਦੁਰਗਾ ਪ੍ਰਤੀ ਵਰਤਿਆ ਗਿਆ ਹੈ, ਗੁਰੂ ਜੀ ਆਪੂੰ ਤਾਂ ਕੇਵਲ ਸਰਬ ਪਾਲਕ, ਸਰਬ ਘਾਲਕ ਪਰਮਾਤਮਾ ਨੂੰ ਹੀ ਨਮਸਕਾਰ ਕਰਦੇ ਹਨ :

ਨਮਸਕਾਰ ਤਿਸ ਹੀ ਕੋ ਹਮਾਰੀ ॥
ਸਕਲ ਪ੍ਰਜਾ ਜਿਨ ਆਪ ਸਵਾਰੀ ॥

(ਬੇਨਤੀ ਚੌਪਈ)

ਫਿਰ :

ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥

(ਜਾਪੁ ਸਾਹਿਬ)

ਦੁਰਗਾ, ਰਾਮ ਤੇ ਕ੍ਰਿਸ਼ਨ ਆਦਿ ਤਾਂ ਉਸ ਦੇ ਸਾਜੇ ਹੋਏ ਹਨ ਤੇ ਉਸ ਦੇ ਹੁਕਮ ਅਨੁਸਾਰ ਚਲਦੇ ਹਨ।

ਲੜਾਈ ਦੇ ਵਰਨਣ ਵਿਚ ਬਿਆਨ ਨੂੰ ਭਾਵ-ਪੂਰਤ ਤੇ ਅਸਰਦਾਰ ਬਣਾਨ ਲਈ ਵੇਰਵਾ ਦੇਣਾ ਹੁੰਦਾ ਹੈ ਤਾਕਿ ਪਾਠਕ ਦਾ ਨਾਇਕ ਪ੍ਰਤੀ ਉਤਸ਼ਾਹ ਉਮਾਹ ਵਧ ਜਾਵੇ। ਖ਼ਾਸ ਕਰਕੇ ਵਾਰ ਵਿਚ ਉਸ ਦੀ ਬੀਰਤਾ ਤੇ ਹੋਰ ਸਦਗੁਣ ਉਭਾਰ ਕੇ ਸਾਹਮਣੇ ਲਿਆਉਣੇ ਹੁੰਦੇ ਹਨ। ਇਹ ਵਾਰ

www.sikhbookclub.com

ਕਾਵਿ-ਰੂਪ ਦਾ ਜ਼ਰੂਰੀ ਲੱਛਣ ਹੈ। ਇਸ ਤੋਂ ਗੁਰੂ ਸਾਹਿਬ ਦਾ ਦੁਰਗਾ ਦੇ ਪੁਜਾਰੀ ਹੋਣ ਦਾ ਸਿੱਟਾ ਕੱਢਣਾ ਉੱਚਿਤ ਨਹੀਂ ਹੋਵੇਗਾ।

ਜਿਵੇਂ ਉੱਪਰ ਦੱਸਿਆ ਹੈ ਗੁਰੂ ਸਾਹਿਬ ਤਾਂ ਕੇਵਲ ਇਕ ਅਕਾਲ ਪੁਰਖ ਦੇ ਪੁਜਾਰੀ ਸਨ। ਕੇਵਲ ਉਸ ਤੋਂ ਸਿਵਾਏ ਹੋਰ ਕਿਸੇ ਦੀ ਨਾ ਅਰਾਧਨਾ ਕਰਦੇ ਸਨ, ਨਾ ਉਪਾਸ਼ਨਾ। ਪਰ, ਜੋ ਲੋਕ ਰਾਮ, ਕ੍ਰਿਸ਼ਨ, ਸ਼ਿਵ, ਵਿਸ਼ਨੂੰ, ਦੁਰਗਾ, ਭਵਾਨੀ, ਚੰਡਿਕਾ ਆਦਿ ਅਵਤਾਰਾਂ, ਦੇਵਤਿਆਂ ਜਾਂ ਦੇਵੀਆਂ ਵਿਚ ਵਿਸ਼ਵਾਸ ਰਖਦੇ ਸਨ ਅਤੇ ਇਹ ਉਨ੍ਹਾਂ ਦੇ ਧਰਮ ਦੇ ਇਸ਼ਟ ਸਨ, ਉਨ੍ਹਾਂ ਦੇ ਧਰਮ ਨੂੰ ਚਲਦਾ ਤੇ ਕਾਇਮ ਰੱਖਣ ਲਈ ਜ਼ਰੂਰੀ ਸੀ ਕਿ ਉਨ੍ਹਾਂ ਦਾ ਇਨ੍ਹਾਂ ਵਿਚ ਵਿਸ਼ਵਾਸ ਜੋ ਜ਼ਾਲਮ ਹਕੂਮਤ ਦੇ ਜਬਰ ਹੇਠਾਂ ਕਿਰ ਰਿਹਾ ਸੀ, ਉਸ ਨੂੰ ਫਿਰ ਖੜ੍ਹਾ ਕੀਤਾ ਜਾਵੇ। ਧਰਮ ਲਿਆਂਦਾ ਜਾਵੇ। ਇਹ ਕੰਮ ਤਾਂ ਔਰੰਗਜ਼ੇਬ ਤੇ ਉਸ ਦੀ ਕੱਟੜ ਪੰਥੀ ਹਕੂਮਤ ਕਰ ਰਹੀ ਸੀ, ਚਲਾਵਨ ਦਾ ਭਾਵ ਇਹ ਨਹੀਂ ਕਿ ਕਿਸੇ ਦਾ ਧਰਮ ਬਦਲ ਕੇ ਉਸ ਨੂੰ ਆਪਣੇ ਧਰਮ ਵਿਚ ਚਲਾਵਨ। ਚਲਾਵਨ ਦਾ ਭਾਵ ਤਾਂ ਲੋਕਾਂ ਦੀ ਜ਼ਮੀਰ ਨੂੰ ਆਜ਼ਾਦ ਕਰਨਾ ਹੈ ਤਾਂ ਕਿ ਉਹ ਜਿਸ ਇਸ਼ਟ ਨੂੰ ਸਮਰਪਤ ਹਨ ਜਾਂ ਚਾਹੁਣ ਉਸੇ ਵਿਚ ਰਹਿਣ। ਇਹ ਹੀ ਧਰਮ ਨਿਰਪੇਖਤਾ ਤੇ ਸੈਕੂਲਰਿਜ਼ਮ ਦਾ ਤਕਾਜ਼ਾ ਹੈ। ਗੁਰੂ ਸਾਹਿਬ ਦਾ ਨਿਸ਼ਾਨਾ ਤਾਂ ਇਹ ਸੀ ਕਿ ਜੋ ਵੀ ਜਿਸ ਦਾ ਧਰਮ ਹੈ ਉਸ ਵਿਚ ਦ੍ਰਿੜ੍ਹ ਹੋ ਕੇ, ਆਪਣੇ ਆਪ ਨੂੰ ਆਜ਼ਾਦ ਤੇ ਨਿਰਭਉ ਬਣਾਵੇ।

ਗੁਰੂ ਸਾਹਿਬ ਵਾਰ ਸ੍ਰੀ ਭਗਉਤੀ ਜੀ ਕੀ ਦੀ ਦੂਸਰੀ ਪਉੜੀ ਵਿਚ ਦੱਸਦੇ ਹਨ ਕਿ :

ਇਨ੍ਹਾਂ ਸਭ ਅਵਤਾਰਾਂ, ਦੇਵੀਆਂ ਤੇ ਦੇਵਤਿਆਂ ਵਿਚ ਅੰਤ ਉਸ ਅਕਾਲ ਪੁਰਖ ਦੀ ਹੀ ਸ਼ਕਤੀ ਤੇ ਵਡਿਆਈ ਕੰਮ ਕਰਦੀ ਹੈ, ਜੋ ਬੇਅੰਤ ਤੇ ਅਲੱਖ ਨਿਰੰਕਾਰ ਹੈ।

ਇਸ ਤਰ੍ਹਾਂ ਉਹ ਸਾਰੇ ਅਵਤਾਰਾਂ, ਦੇਵੀਆਂ ਤੇ ਦੇਵਤਿਆਂ ਨੂੰ ਉਸ ਬੇਅੰਤ ਦੇ ਸਿਰਜੇ ਹੋਏ ਤੇ ਉਸ ਦੇ ਹੁਕਮ ਵਿਚ ਚਲਦੇ ਹੋਏ ਦਸ ਕੇ ਉਸ ਨਾਲ ਜੋੜ ਕੇ, ਸਭ ਨੂੰ ਇਕੱਠਿਆਂ ਕਰਦੇ ਹਨ। ਉਹ ਲਿਖਦੇ ਹਨ :

ਖੰਡਾ ਪ੍ਰਿਥਮੈ ਸਾਜਿ ਕੈ ਜਿਨ ਸਭ ਸੈਸਾਰੁ ਉਪਾਇਆ॥
ਬ੍ਰਹਮਾ ਬਿਸਨ ਮਹੇਸ਼ ਸਾਜਿ, ਕੁਦਰਤਿ ਦਾ ਖੇਲੁ ਰਚਾਇ ਬਣਾਇਆ॥
ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ॥
ਤੈ ਹੀ ਦੁਰਗਾ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ॥
ਤੈਥੋਂ ਹੀ ਬਲੁ ਰਾਮ ਲੈ, ਨਾਲ ਬਾਣਾ ਦਹਸਿਰੁ ਘਾਇਆ॥
ਤੈਥੋਂ ਹੀ ਬਲੁ ਕ੍ਰਿਸ਼ਨ ਲੈ, ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥੨॥

(ਦਸਮ ਗ੍ਰੰਥ, ਪੰਨਾ ੧੧੯)

(4/1988)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ

ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿੱਚੋਂ ਹਕੂਮਤੀ ਜਬਰ ਦੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖਾਲਸਾ-ਪੰਥ ਦੀ ਸਿਰਜਣਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਨ ਨਾਲ ਜ਼ਿੰਦਗੀ ਜੀਉਣ ਲਈ ਪ੍ਰੇਰਿਆ। ਗੁਰੂ ਜੀ ਦੇ ਇਸ ਇਨਕਲਾਬੀ ਪੈਂਤੜੇ ਨੂੰ ਕੱਟੜ ਮੁਗ਼ਲ ਹਕੂਮਤ ਸਹਾਰ ਨਾ ਸਕੀ। ਦੂਜੇ ਪਾਸੇ, ਉਸ ਵੇਲੇ ਦੀਆਂ ਥੋਥੀਆਂ ਧਾਰਮਿਕ ਪ੍ਰੰਪਰਾਵਾਂ ਅਤੇ ਪਹਾੜੀ ਰਾਜਿਆਂ ਦੀ ਈਰਖ਼ਾ ਦਾ ਸੰਤਾਪ ਵੀ ਗੁਰੂ ਜੀ ਨੂੰ ਹੰਢਾਉਣਾ ਪਿਆ। ਇਨ੍ਹਾਂ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਕਈ ਯੁੱਧ ਵੀ ਲੜਨੇ ਪਏ। ਇਸ ਦੌਰਾਨ ਉਨ੍ਹਾਂ ਵੱਲੋਂ ਅਪਣਾਈ ਯੁੱਧ-ਮਰਯਾਦਾ ਨੂੰ ਮੌਜੂਦਾ ਸਮੇਂ ਵਿਚਾਰਨਾ ਅਤਿ ਜ਼ਰੂਰੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਉੱਤੇ ਵਿਚਾਰ ਕਰਦਿਆਂ ਇਹ ਗੱਲ ਸਪੱਸ਼ਟ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦਾ ਉਦੇਸ਼ ਸੱਚ-ਧਰਮ 'ਤੇ ਚਲਦਿਆਂ ਮਜ਼ਲੂਮ ਅਤੇ ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ, ਭਾਵ ਉਨ੍ਹਾਂ ਦੁਆਰਾ ਜੰਗ ਲੜਨ ਦਾ ਮਨੋਰਥ 'ਗ਼ਰੀਬ ਕੀ ਰੱਖਿਆ, ਜਰਵਾਣੇ ਕੀ ਭਖਿਆ' ਸਿਧਾਂਤ ਉੱਤੇ ਅਧਾਰਤ ਸੀ। ਅਜਿਹਾ ਇਸ ਲਈ, ਕਿਉਂਕਿ ਗੁਰੂ ਜੀ ਦਾ ਕਿਰਦਾਰ ਐਸੇ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਸੀ, ਜਿਹੜਾ ਆਪ "ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ" ਦਾ ਸੁਭਾਅ ਰੱਖਣ ਵਾਲਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਘਰਸ਼ ਕਿਸੇ ਧਰਮ, ਕੌਮ ਜਾਂ ਫ਼ਿਰਕੇ ਦੇ ਵਿਰੁੱਧ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਜੁਝਾਰੂ ਬਿਰਤੀ ਕਿਸੇ ਬਦਲਾ-ਲਊ ਭਾਵਨਾ ਦੀ ਉਪਜ ਸੀ। ਉਨ੍ਹਾਂ ਦਾ ਮਨੋਰਥ ਜਬਰ ਜਾਂ ਧੱਕੇਸ਼ਾਹੀ ਕਰਨਾ ਨਹੀਂ ਸੀ, ਬਲਕਿ ਇਸ ਨੂੰ ਰੋਕਣਾ ਸੀ। ਉਹ ਜ਼ਿੰਦਗੀ ਭਰ ਹਿੰਦੂ-ਮੁਸਲਮਾਨ ਦੇ ਭੇਦ-ਭਾਵ ਬਿਨਾਂ ਜਬਰ, ਜ਼ੁਲਮ ਅਤੇ ਅਨਿਆਂ ਦੇ ਖ਼ਿਲਾਫ਼ ਜੂਝਦੇ ਰਹੇ। ਗੁਰੂ ਜੀ ਰੱਬੀ-ਪ੍ਰੇਮ ਅਤੇ ਪਰਉਪਕਾਰ ਨਾਲ ਭਿੱਜੇ ਹੋਏ ਉੱਚੇ-ਸੁੱਚੇ ਕਿਰਦਾਰ ਦੇ ਮਾਲਕ ਸਨ, ਜੋ ਸਮੁੱਚੀ ਮਨੁੱਖਤਾ ਨੂੰ ਇਕ-ਰੂਪ ਵੇਖਦੇ ਹੋਏ ਕਹਿੰਦੇ ਹਨ :

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥੧੫॥ (ਅਕਾਲ ਉਸਤਤਿ)

ਅਨੰਦਪੁਰ ਸਾਹਿਬ ਦੀ ਜੰਗ ਵੇਲੇ ਭਾਈ ਕਨ੍ਹਈਆ ਜੀ ਵੱਲੋਂ ਵੈਰੀ ਦਲ ਦੇ ਫ਼ੌਜੀਆਂ ਨੂੰ

www.sikhbookclub.com

ਪਾਨੀ ਪਿਲਾਉਣ ਵਾਲੀ ਘਟਨਾ ਤੋਂ ਵੀ ਇਹੋ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਰਵੈਰ ਭਾਵਨਾ ਰੱਖਣ ਵਾਲੇ ਸਨ; ਨਹੀਂ ਤਾਂ ਉਹ ਜ਼ਰੂਰ ਭਾਈ ਸਾਹਿਬ ਨੂੰ ਅਜਿਹਾ ਕਰਨ ਤੋਂ ਵਰਜ਼ ਦਿੰਦੇ। ਗੁਰੂ ਜੀ ਨੇ ਕਦੇ ਵੀ ਨਿੱਜੀ ਸਵਾਰਥ ਜਾਂ ਦੁਨਿਆਵੀ ਸੋਭਾ-ਸ਼ਕਤੀ ਦੀ ਪ੍ਰਾਪਤੀ ਲਈ ਜੰਗ ਨਹੀਂ ਕੀਤੀ। ਜਿੱਤ ਪ੍ਰਾਪਤੀ ਨੂੰ ਵੀ ਉਨ੍ਹਾਂ ਅਕਾਲ ਪੁਰਖ ਦੀ ਬਖ਼ਸ਼ਿਸ਼ ਹੀ ਸਮਝਿਆ। ਅਜਿਹਾ ਇਸ ਲਈ ਕੀਤਾ ਤਾਂ ਕਿ ਜਿੱਤ ਤੋਂ ਪੈਦਾ ਹੋਇਆ ਮਨੋਬਲ ਬੁਰਾਈ ਦੇ ਰਾਹ ਨਾ ਪੈ ਜਾਵੇ। ਮੈਦਾਨਿ-ਜੰਗ ਵਿਚ ਅਕਾਲ ਪੁਰਖ ਦੀ ਭੈਅ-ਭਾਵਨੀ ਹੀ ਖਾਲਸੇ ਨੂੰ ਨਿਆਂਕਾਰੀ ਬਣਾਉਂਦੀ ਹੈ ਤਾਂ ਹੀ ਤਾਂ ਗੁਰੂ ਜੀ ਉਨ੍ਹਾਂ ਸੂਰਮਿਆਂ ਨੂੰ ਧੰਨਤਾ ਦੇ ਲਾਇਕ ਸਮਝਦੇ ਹਨ ਜਿਹੜੇ ਯੁੱਧ ਸਮੇਂ ਵੀ ਅਕਾਲ ਪੁਰਖ ਨੂੰ ਯਾਦ ਰੱਖਦੇ ਹਨ :

ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥ *(ਦਸਮ ਗ੍ਰੰਥ, ਪੰਨਾ ੪੭੦)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਨੋਬਿਰਤੀ ਮੱਲੋਮੱਲੀ ਜੰਗਾਂ-ਯੁੱਧਾਂ ਵਿਚ ਉਲਝਣ ਵਾਲੀ ਨਹੀਂ ਸੀ। ਸਾਰੀਆਂ ਜੰਗਾਂ ਵਿਚ ਪਹਿਲ ਹਮੇਸ਼ਾਂ ਮੁਗ਼ਲ ਫ਼ੌਜ ਜਾਂ ਪਹਾੜੀ ਰਾਜਿਆਂ ਵੱਲੋਂ ਹੁੰਦੀ ਰਹੀ ਪਰ ਗੁਰੂ ਜੀ ਨੇ ਕਦੇ ਵੀ ਪਹਿਲ ਨਹੀਂ ਕੀਤੀ। ਇਸ ਅਸੂਲ ਨੂੰ ਉਨ੍ਹਾਂ ਨੇ ਬਿਖੜੇ ਵੇਲੇ ਦੀ ਦ੍ਰਿੜ੍ਹਤਾ ਸਹਿਤ ਕਾਇਮ ਰੱਖਿਆ। ਗੁਰੂ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਜਾਬਰ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਤਲਵਾਰ ਦੀ ਵਰਤੋਂ ਤਦ ਹੀ ਜਾਇਜ਼ ਹੈ, ਜਦ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਣ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥ *(ਉਹੀ, ਪੰਨਾ ੧੩੯੦)*

ਭਾਵੇਂ ਗੁਰੂ ਜੀ ਨੇ ਯੁੱਧ ਲਈ ਕਦੇ ਪਹਿਲ ਨਹੀਂ ਕੀਤੀ, ਪਰ ਵੈਰੀ ਵੱਲੋਂ ਹੋਏ ਹਰ ਹਮਲੇ ਦਾ ਉਨ੍ਹਾਂ ਹਮੇਸ਼ਾਂ ਹੀ ਮੂੰਹ ਭੰਨਵਾਂ ਜਵਾਬ ਦਿੱਤਾ। ਉਸ ਸਮੇਂ ਉਨ੍ਹਾਂ ਵੈਰੀ ਦਲ ਦੀ ਫ਼ੌਜੀ ਗਿਣਤੀ ਦੀ ਪ੍ਰਵਾਹ ਵੀ ਨਹੀਂ ਕੀਤੀ। ਇਹੀ ਵਜ੍ਹਾ ਹੈ ਕਿ ਸੀਮਤ ਸਾਧਨਾਂ ਦੇ ਹੁੰਦੇ ਹੋਏ, ਉਨ੍ਹਾਂ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨਾਲ ਹੋਏ ਹਰ ਯੁੱਧ ਵਿਚ ਜਿੱਤ ਪ੍ਰਾਪਤ ਕੀਤੀ। ਦ੍ਰਿੜ੍ਹ ਨਿਸ਼ਚੇ ਸਦਕਾ ਜਿੱਤ ਹਰ ਪੜਾਅ 'ਤੇ ਉਨ੍ਹਾਂ ਦੇ ਪੈਰ ਚੁੰਮਦੀ ਰਹੀ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ :

ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ॥ *(ਉਹੀ, ਪੰਨਾ ੯੯)*

ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਯੁੱਧ ਸਬੰਧੀ ਗੁਰੂ ਜੀ ਦਾ ਨਜ਼ਰੀਆ ਬਿਲਕੁਲ ਸਪੱਸ਼ਟ ਸੀ ਕਿ ਮੈਦਾਨਿ-ਜੰਗ ਵਿਚ ਮਰਨਾ ਪ੍ਰਵਾਨ ਹੈ, ਪਰ ਪਿੱਠ ਨਹੀਂ ਦਿਖਾਉਣੀ, ਹਥਿਆਰ ਨਹੀਂ ਸੁੱਟਣੇ, ਵੈਰੀ ਦੀ ਈਨ ਨਹੀਂ ਮੰਨਣੀ। ਉਨ੍ਹਾਂ ਨੇ ਇਕ-ਇਕ ਸਿੰਘ ਵਿਚ ਸਵਾ-ਸਵਾ ਲੱਖ ਦੇ ਬਰਾਬਰ ਹੋਣ ਦਾ ਅਹਿਸਾਸ ਪੈਦਾ ਕੀਤਾ। ਇਹੋ ਕਾਰਨ ਹੈ ਕਿ ਭੀੜ ਪੈਣ 'ਤੇ ਇਕ-ਇਕ ਸਿੰਘ ਨੇ ਜਾਬਰ ਦਲ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਰਣ-ਤੱਤੇ ਵਿਚ ਸ਼ਹੀਦ.ਹੋਣ ਨੂੰ ਪੁੰਨ ਕਰਮ ਸਮਝਿਆ, ਕਿਉਂਕਿ ਉਨ੍ਹਾਂ ਦੇ ਹਿਰਦੇ ਅੰਦਰ ਦਸਮੇਸ਼ ਪਿਤਾ ਜੀ ਦੀ ਪ੍ਰੇਰਨਾ ਦੀ ਇਹ ਧੁਨੀ ਲਗਾਤਾਰ ਗੂੰਜਦੀ ਰਹੀ :

www.sikhbookclub.com

ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ ॥
(ਉਹੀ, ਪੰਨਾ ੯੯)

ਗੁਰੂ ਜੀ ਵੱਲੋਂ ਯੁੱਧ ਦੇ ਦੌਰਾਨ ਖ਼ਾਲਸੇ ਨੂੰ ਜ਼ਬਤ ਵਿਚ ਰਹਿਣ ਦੇ ਸਖ਼ਤ ਆਦੇਸ਼ ਸਨ ਕਿ ਮਜ਼ਲੂਮਾਂ, ਮਾਸੂਮਾਂ ਅਤੇ ਅਬਲਾ ਉੱਤੇ ਹੱਥ ਨਹੀਂ ਚੁੱਕਣਾ, ਸ਼ਰਨ ਆਏ ਵੈਰੀ ਨੂੰ ਦੁਰਕਾਰਨਾ ਨਹੀਂ, ਨਿਰਦੋਸ਼ ਨੂੰ ਮਾਰਨਾ ਨਹੀਂ, ਬਿਨਾਂ ਚੇਤਾਵਨੀ, ਪਿੱਠ ਪਿੱਛੋਂ ਵਾਰ ਨਹੀਂ ਕਰਨਾ। ਉਨ੍ਹਾਂ ਖ਼ਾਲਸੇ ਨੂੰ ਨਿਹੱਥੇ ਅਤੇ ਕਮਜ਼ੋਰ (ਜੋ ਲੜਨ ਦੇ ਕਾਬਲ ਨਾ ਹੋਵੇ) ਉੱਤੇ ਵਾਰ ਕਰਨ ਤੋਂ ਵੀ ਵਰਜਿਆ। 'ਜ਼ਫ਼ਰਨਾਮੇ' ਵਿਚ ਉਨ੍ਹਾਂ ਔਰੰਗਜ਼ੇਬ ਵੱਲੋਂ ਕਮਜ਼ੋਰਾਂ ਅਤੇ ਮਜ਼ਲੂਮਾਂ ਉੱਤੇ ਜਬਰ ਕਰਨ ਦੀ ਘੋਰ ਨਿੰਦਾ ਕੀਤੀ ਹੈ ਅਤੇ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਜ਼ਿਕਰ ਵੀ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੀ ਫ਼ੁਰਮਾਨ ਹੈ ਕਿ ਜੇ ਜਾਬਰ ਵਿਅਕਤੀ ਕਮਜ਼ੋਰਾਂ 'ਤੇ ਜ਼ੁਲਮ ਕਰੇ ਤਾਂ ਇਹ ਨਿੰਦਣਯੋਗ ਹੈ, ਪਰ ਜੇ ਮੁਕਾਬਲਾ ਬਰਾਬਰ ਦੇ ਨਾਲ ਹੋਵੇ ਤਾਂ ਕੋਈ ਇਤਰਾਜ਼ ਨਹੀਂ :

ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 'ਯੁੱਧ-ਮਰਯਾਦਾ' ਮਾਨਵੀ ਅਸੂਲਾਂ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਉੱਤੇ ਆਧਾਰਿਤ ਸੀ। ਇਸੇ ਲਈ ਇਤਿਹਾਸ ਵਿਚ ਅਜਿਹੀ ਕੋਈ ਵੀ ਘਟਨਾ ਨਹੀਂ ਮਿਲਦੀ, ਜਦ ਸਿੱਖ ਫ਼ੌਜ ਨੇ ਨਿਰਦੋਸ਼ ਲੋਕਾਂ ਨੂੰ ਲੁੱਟਿਆ ਜਾਂ ਮਾਰਿਆ ਹੋਵੇ; ਜਾਂ ਕਿਸੇ ਔਰਤ ਨਾਲ ਦੁਰ-ਵਿਵਹਾਰ ਕੀਤਾ ਹੋਵੇ। ਇਕ ਵਾਰ ਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਮੁਸਲਮਾਨ ਸਿਪਾਹੀ ਹਿੰਦੂ ਔਰਤਾਂ ਦੀ ਬੇਪਤੀ ਕਰਦੇ ਹਨ, ਪਰ ਸਿੱਖਾਂ ਨੂੰ ਇਸ ਦਾ ਜਵਾਬੀ ਬਦਲਾ ਲੈਣ ਤੋਂ ਕਿਉਂ ਵਰਜਿਆ ਜਾਂਦਾ ਹੈ ? ਤਾਂ ਗੁਰੂ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਜਵਾਬ ਦਿੱਤਾ, ਕਿ ਮੈਂ ਖ਼ਾਲਸਾ ਪੰਥ ਨੂੰ ਬੁਰਾਈ (ਕਲਮਲ) ਤੋਂ ਉੱਚੇ ਰੱਖਣਾ ਚਾਹੁੰਦਾ ਹਾਂ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ :

ਸੁਨਿ ਸਤਿਗੁਰ ਬੋਲੇ ਤਿਸ ਬੇਰੇ ।
ਹਮ ਲੇ ਜਾਨੇ ਪੰਥ ਉਚੇਰੇ ।
ਨਹੀਂ ਅਧੋਗਤਿ ਬਿਖੈ ਪੁਚਾਵੈਂ ।
ਯਾਂ ਤੇ ਕਲਮਲ ਕਰਨ ਹਟਾਵੈਂ ॥੧੯॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ ੬, ਅੰਸੂ ੨੦, ਪੰਨਾ ੫੮੧੫)

ਯੁੱਧ ਦੇ ਇਸ ਇਖ਼ਲਾਕੀ ਮਿਆਰ ਦਾ ਪ੍ਰਭਾਵ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਵੀ ਕਾਇਮ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦਾ ਚਸ਼ਮਦੀਦ ਲਿਖਾਰੀ ਕਾਜ਼ੀ ਨੂਰ ਮੁਹੰਮਦ ਆਪਣੇ 'ਜੰਗਨਾਮੇ' ਵਿਚ ਸਿੰਘਾਂ ਨੂੰ 'ਸਗ' (ਕੁੱਤੇ) ਕਹਿੰਦਾ ਹੋਇਆ ਵੀ ਉਨ੍ਹਾਂ ਦੇ ਉੱਚੇ ਇਖ਼ਲਾਕ ਦੀ ਪ੍ਰਸੰਸਾ ਕਰਨੋਂ ਨਹੀਂ ਰਹਿੰਦਾ। ਸ: ਕਰਮ ਸਿੰਘ ਹਿਸਟੋਰੀਅਨ ਦੁਆਰਾ 'ਜੰਗਨਾਮੇ' ਦੇ ਪੰਜਾਬੀ ਤਰਜਮੇਂ ਅਨੁਸਾਰ 'ਕਾਜ਼ੀ' ਦਾ ਕਹਿਣਾ ਹੈ :

"ਇਹ (ਸਿੱਖ) ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰੱਖ ਦੇਵੇ) ਕਦੇ ਵੀ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਿਆ ਲੁੱਟਦੇ ਹਨ ਭਾਵੇਂ ਸਵਾਣੀ ਹੋਵੇ, ਭਾਵੇਂ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ।

(ਹੀਰਾ ਸਿੰਘ ਦਰਦ (ਸੰਪਾ:), ਸ: ਕਰਮ ਸਿੰਘ ਹਿਸਟੋਰੀਅਨ ਇਤਿਹਾਸਕ ਖੋਜ, ਪੰਨਾ ੫੦੧)

www.sikhbookclub.com

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਐਸੇ ਜਰਨੈਲ ਅਤੇ ਉੱਚ-ਕੋਟੀ ਦੇ ਨੀਤੀਵਾਨ ਹੋਏ ਹਨ ਜਿਨ੍ਹਾਂ ਨੇ ਜ਼ਿੰਦਗੀ ਭਰ ਹੱਕ, ਸੱਚ ਅਤੇ ਇਨਸਾਫ਼ ਲਈ ਸੰਘਰਸ਼ ਕੀਤਾ ਅਤੇ ਦੱਬੇ-ਕੁਚਲੇ ਲੋਕਾਂ ਨੂੰ ਅਣਖ ਨਾਲ ਜੀਉਣਾ ਸਿਖਾਇਆ। ਉਨ੍ਹਾਂ ਨੇ ਹਥਿਆਰਬੰਦ ਸੰਘਰਸ਼ ਦੁਆਰਾ, ਜਿਥੇ ਜਬਰ-ਜ਼ੁਲਮ ਦੀ ਹਨ੍ਹੇਰੀ ਨੂੰ ਠੱਲ੍ਹ ਪਾਈ, ਉਥੇ ਯੁੱਧ ਦੌਰਾਨ ਉੱਚੇ ਇਖ਼ਲਾਕੀ ਮਿਆਰ ਨੂੰ ਵੀ ਕਾਇਮ ਰੱਖਿਆ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਸੁਨਹਿਰੀ ਇਤਿਹਾਸ ਹਮੇਸ਼ਾਂ ਲਈ ਖਾਲਸੇ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

(4/1993)

www.sikhbookclub.com

ਦਸਮੇਸ਼ ਜੀ ਦੀ ਯੁਧ-ਨੀਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਮ ਪੁਰਖ ਦੇ ਦਾਸ ਪਰ ਹਰ ਪੱਖ ਤੋਂ ਵਿਲੱਖਣ ਸਨ। ਸੰਸਾਰ ਅੰਦਰ ਅਜਿਹੀ ਉੱਤਮ ਪਦਵੀ ਕਿਸੇ ਟਾਵੀਂ ਹਸਤੀ ਨੂੰ ਹੀ ਪ੍ਰਾਪਤ ਹੋਈ ਹੋਵੇਗੀ। ਦੁੱਖ-ਸੁੱਖ, ਹਰਖ ਸੋਗ ਨੂੰ ਸਮ ਕਰ ਜਾਣਨ ਦੀ ਕਰਾਮਾਤ ਕੇਵਲ ਕਲਗੀਆਂ ਵਾਲੇ, ਬਾਜ਼ਾਂ ਵਾਲੇ, ਫ਼ੌਜਾਂ ਵਾਲੇ, ਧਰਮ ਰਖਿਅਕ, ਅੰਮ੍ਰਿਤ ਦੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸੰਤ-ਸਿਪਾਹੀ, ਰਾਜ ਯੋਗੀ, ਕਰਮ ਯੋਗੀ, ਸ਼ਮਸ਼ੀਰ ਬਹਾਦਰ, ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਦੇ ਲਾਲ ਦੇ ਭਾਗਾਂ ਵਿਚ ਆਈ ਸੀ। ਅਨੰਦਮਈ ਵਾਤਾਵਰਨ ਦੇ ਵਾਸੀ, ਕਿਲ੍ਹਿਆਂ ਦੇ ਸੁਆਮੀ, ਅਤੁੱਟ ਲੰਗਰ ਤੇ ਮਾਇਆ ਬਸਤਰਾਂ ਦੇ ਦਾਤੇ, ਮਾਛੀਵਾੜੇ ਦੇ ਬੀਆਬਾਨ, ਸੁੰਨਸਾਨ ਜੰਗਲ ਵਿਚ ਕੰਡਿਆਂ ਨਾਲ ਛਿੱਲੇ ਨੰਗੇ ਪੈਰ, ਪਾਟੇ ਚੀਥੜੇ, ਭੁੱਖ ਪਿਆਸ, ਬਿਖੜੇ ਪੈਂਡਿਆਂ ਦਾ ਭੰਨਿਆਂ ਰਾਹੀ, ਇਕੱਲਾ, ਮੁਗ਼ਲ ਫ਼ੌਜਾਂ ਦਾ ਘੇਰਿਆ ਸਿਪਾਹੀ, ਟਿੰਡ ਦਾ ਸਰਹਾਨਾ ਲਾ ਕੇ ਲੇਟਿਆ ਸਤਿਗੁਰੂ, ਆਪਣੇ ਯਾਰ ਮਿੱਤਰ ਪਿਆਰੇ ਪਰਮਾਤਮਾ ਨਾਲ ਇਉਂ ਗੱਲਾਂ ਕਰਦਾ ਹੈ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ ॥੧॥੬॥

(ਖਿਆਲ ਪਾਤਿਸ਼ਾਹੀ ੧੦)

ਆਪ ਨੇ ਆਪਣਾ ਆਗਮਨ ਮਨੋਰਥ ਇਸ ਤਰ੍ਹਾਂ ਉਲੀਕਿਆ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ, ਅਧਿ: ੬)

ਆਪ ਨੇ ਸੰਘਰਸ਼ਮਈ ਜੀਵਨ ਦਾ ਚੈਲੰਜ ਕਬੂਲ ਕੀਤਾ। ਅਜਿਹੀ ਸ਼ਖ਼ਸੀਅਤ ਅੰਦਰ ਨੇਕੀ-ਬਦੀ, ਪੁੰਨ-ਪਾਪ, ਨਿਆਂ-ਅਨਿਆਂ, ਸੱਚ-ਝੂਠ, ਦਇਆ-ਅਤਿਆਚਾਰ, ਗੁਰਮੁਖਤਾਈ ਤੇ ਮਨਮੁਖਤਾਈ ਦਾ ਆਹਮੋ ਸਾਹਮਣਾ ਟਕਰਾਅ ਜ਼ਰੂਰੀ ਸੀ, ਸੋ ਦਸਵੇਂ ਨਾਨਕ ਜੀ ਨੇ ਕਮਾਲ ਸੁਚੱਜੇ ਵਸੀਲਿਆਂ ਨਾਲ ਸਫਲਤਾ ਸਹਿਤ ਤੋੜ ਨਿਭਾਇਆ।

ਆਪ ਨੇ ਅਤਿ ਕਠਨ ਸਮੇਂ ਵੀ ਆਪਣੇ ਅਸੂਲ, ਆਦਰਸ਼, ਉਦੇਸ਼ ਦੀ ਪੂਰਤੀ ਕੀਤੀ।

www.sikhbookclub.com

ਸੰਸਾਰ ਅੰਦਰ ਬਹੁਤੇ ਸੂਰਮਿਆਂ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਣ ਲਈ ਧਰਤੀ, ਧਨ ਦੀ ਪ੍ਰਾਪਤੀ ਲਈ, ਰਾਜ ਸਥਾਪਨ ਕਰਨ ਲਈ ਵੱਡੇ ਵੱਡੇ ਮਹਾਨ ਖ਼ੂੰਖ਼ਾਰ ਜੰਗ ਲੜੇ, ਪਰ ਕਲਗੀਆਂ ਵਾਲੇ ਨੇ 'ਸੰਤ ਉਬਾਰਨ, ਦੁਸਟ ਉਪਾਰਨ' ਦੇ ਮਹਾਨ ਆਦਰਸ਼ ਦੀ ਪਾਲਣਾ ਕੀਤੀ।

ਨਾ ਕੋਈ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਕਾਨੜਾ ਮ: ੫, ਪੰਨਾ ੧੨੯੯)

ਦੇ ਪਰਮ ਸਿਧਾਂਤ ਅਨੁਸਾਰ ਆਪ ਕਿਸੇ ਧਰਮ, ਨਸਲ, ਕੌਮ, ਫਿਰਕੇ ਦੇ ਵਿਰੋਧੀ ਨਹੀਂ ਸਨ, ਨਾ ਹੀ ਮੁਗ਼ਲਾਂ ਜਾਂ ਪਹਾੜੀ ਰਾਜਿਆਂ ਦੇ ਵੈਰੀ ਸਨ। ਉਹਨਾਂ ਦੀ ਫ਼ੌਜ ਵਿਚ ਹਿੰਦੂ; ਮੁਸਲਮਾਨ ਤੇ ਸਿੱਖ ਸ਼ਾਮਲ ਸਨ, ਲੋੜ ਪਈ ਤਾਂ ਉਹਨਾਂ ਨੇ ਸਿੱਖਾਂ (ਮਸੰਦਾਂ) ਨੂੰ ਵੀ ਦੰਡ ਦਿੱਤਾ। ਭੰਗਾਣੀ ਦੇ ਯੁੱਧ ਵਿਚ ਹਿੰਦੂ ਪਹਾੜੀ ਰਾਜਿਆਂ ਨੂੰ ਸੋਧਿਆ ਤੇ ਭਾਂਜ ਦਿੱਤੀ, ਪਰ ਧਰਤੀ ਦੇ ਇਕ ਪੋਟੇ 'ਤੇ ਵੀ ਕਬਜ਼ਾ ਨਹੀਂ ਕੀਤਾ। ਨਦੌਣ ਦੀ ਜੰਗ ਵਿਚ ਹਿੰਦੂ ਰਾਜਿਆਂ ਦਾ ਪੱਖ ਪੂਰਿਆ ਤੇ ਮੁਗ਼ਲ ਫ਼ੌਜਦਾਰਾਂ ਨੂੰ ਸੋਧਿਆ, ਕਿਉਂਕਿ ਉਹ ਧੱਕਾ-ਜ਼ੋਰੀ ਕਰਦੇ ਸਨ। ਪੀਰ ਬੁੱਧੂ ਸ਼ਾਹ, ਸੈਦ ਖਾਂ, ਗ਼ਨੀ ਖਾਂ, ਨਿਹੰਗ ਖਾਂ, ਰਾਇ ਕਲਾ ਆਪ ਜੀ ਦੇ ਮੁਸਲਮਾਨ ਸ਼ਰਧਾਲੂ ਸਹਾਇਕ ਸਨ। ਆਪ ਦੇ ਸਿੱਖਾਂ ਨੇ ਕਦੇ ਕਿਸੇ ਮੰਦਰ, ਮਸੀਤ, ਧਰਮ ਪੁਸਤਕ ਜਾਂ ਇਸਤਰੀਆਂ ਦੀ ਨਿਰਾਦਰੀ ਨਹੀਂ ਕੀਤੀ। ਔਰੰਗਜ਼ੇਬ ਜ਼ਾਲਮ ਸੀ, ਪਰ ਸਤਿਗੁਰਾਂ ਨੇ ਉਸ ਦੇ ਵੱਡੇ ਪੁੱਤਰ ਮੁਅੱਜ਼ਮ ਬਹਾਦਰ ਸ਼ਾਹ ਨੂੰ ਤਖ਼ਤ ਦਾ ਜਾਇਜ਼ ਵਾਰਿਸ ਸਮਝਦੇ ਹੋਏ ਸਹਾਇਤਾ ਕੀਤੀ ਅਤੇ ਭਾਰਤ ਦਾ ਸ਼ਹਿਨਸ਼ਾਹ ਬਣਾਇਆ। ਆਪ ਨੇ ਇਸ ਵਿਚਾਰ ਨੂੰ ਅੱਖੋਂ ਓਹਲੇ ਕਰ ਦਿੱਤਾ ਕਿ ਮੁਅੱਜ਼ਮ ਦੇ ਬਾਪ ਨੇ ਸਤਿਗੁਰਾਂ ਦੇ ਪਿਤਾ, ਮਾਤਾ, ਚਾਰ ਪੁੱਤਰਾਂ, ਬੇਸ਼ੁਮਾਰ ਪਿਆਰੇ ਸਿੰਘਾਂ ਨੂੰ ਸ਼ਹੀਦ ਕੀਤਾ ਤੇ ਆਪ ਬੇਘਰ ਹੋਏ ਰੁਲਦੇ ਫਿਰਦੇ ਰਹੇ। ਅਤਿਆਚਾਰੀ ਵੀ ਜੇ ਸ਼ਰਨ ਆਇਆ ਤਾਂ ਉਸ ਨੂੰ ਕੰਠ ਲਾਇਆ, ਮਾਫ਼ੀ ਦਿੱਤੀ। ਆਪ ਜੀ ਦੇ ਸਿੱਖ ਵੀ ਨਿਰਵੈਰ ਸਨ। ਭਾਈ ਘਨਈਆ ਜੀ ਮੁਸਲਮਾਨ ਤੇ ਸਿੱਖ ਫੱਟੜਾਂ ਦੀ ਬਰਾਬਰ ਸੇਵਾ ਕਰਦੇ ਰਹੇ।

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

(ਅਕਾਲ ਉਸਤਤਿ)

ਦਸਮੇਸ਼ ਜੀ ਦੀ ਧਰਮ ਯੁੱਧ-ਨੀਤੀ ਪ੍ਰੇਮ, ਪਿਆਰ ਤੇ ਸੁਧਾਰ ਆਧਾਰਿਤ ਸੀ। ਇਸ ਵਿਚ ਬਦਲੇ ਜਾਂ ਨਫ਼ਰਤ ਦੀ ਨਾਂ-ਮਾਤਰ ਭਾਵਨਾ ਵੀ ਨਹੀਂ ਸੀ।

ਸਤਿਗੁਰਾਂ ਨੇ ਕਦੇ ਵੀ ਅਕਾਰਣ ਲੜਾਈ ਨਹੀਂ ਕੀਤੀ ਤੇ ਨਾ ਹੀ ਕਦੇ ਪਹਿਲ ਕੀਤੀ। ਆਪ ਅਤਿਆਚਾਰੀ ਨੂੰ ਸੋਧਣ, ਸਿੱਧੇ ਰਸਤੇ ਪਾਉਣ ਦਾ ਹਰ ਸੰਭਵ ਯਤਨ ਕਰਦੇ। ਤਲਵਾਰ ਉਦੋਂ ਚੁਕਦੇ ਜਦੋਂ ਪਾਣੀ ਸਿਰ ਤੋਂ ਲੰਘ ਜਾਵੇ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥

(ਜ਼ਫ਼ਰਨਾਮਾ)

ਜਦੋਂ ਅਜਿਹੇ ਹਾਲਾਤ ਬਣ ਜਾਣ ਤਾਂ ਬੰਦੇ ਦਾ ਇਕੋ ਇਕ ਧਰਮ ਹੈ ਕਿ ਮਨੋਕਾਮਨਾ ਮਾਰੇ, ਜਪ, ਤਪ, ਭਗਤੀ, ਸੇਵਾ, ਸਿਮਰਨ, ਸਿਧਾਂ ਤੇ ਨੌਂ ਨਿਧਾਂ ਰਣ ਤੱਤੇ ਵਿਚ ਲੜ ਮਰਨ ਵਿਚ ਦੇਖੇ ਅਤੇ ਸ਼ਸਤਰ ਰੂਪੀ ਇਕੋ ਇਕ ਪੀਰ ਦੀ ਅਰਾਧਨਾ ਕਰੇ :

www.sikhbookclub.com

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥ (ਦਸਮ ਗ੍ਰੰਥ, ਪੰਨਾ ੭੧੭)

ਆਪ ਅਰਦਾਸ ਵੀ ਇਹੋ ਕਰਦੇ ਹਨ :

ਹੇ ਰਵਿ ਹੇ ਸਸਿ ਹੇ ਕਰੁਨਾਨਿਧ, ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸ਼ੱਤ੍ਰਨ ਸਿਉ ਅਤਿ ਹੀ ਰਨ ਭੀਤਰ, ਜੂਝ ਮਰੋ ਕਹਿ ਸਾਚ ਪਤੀਜੈ ॥
(ਦਸਮ ਗ੍ਰੰਥ, ਪੰਨਾ ੪੯੫)

ਦਸਮੇਸ਼ ਜੀ ਨੇ ਆਪਣੇ ਤੀਰ ਨਾਲ ਸੋਨਾ ਲਾਇਆ ਹੁੰਦਾ ਸੀ, ਤਾਂ ਜੋ ਜਿਸ ਨੂੰ ਤੀਰ ਲੱਗੇ ਜੇ ਪੂਰਾ ਹੋ ਜਾਵੇ ਤਾਂ ਕਫਨ, ਦਫਨ ਤੇ ਸਸਕਾਰਨ ਦਾ ਪ੍ਰਬੰਧ ਕੀਤਾ ਜਾ ਸਕੇ। ਜੇ ਬਚ ਜਾਵੇ ਤਾਂ ਮਰਹਮ ਪੱਟੀ ਤੇ ਇਲਾਜ ਕਰਵਾ ਸਕੇ। ਧੰਨ ਸਤਿਗੁਰੂ !

ਰਣ ਤੱਤੇ ਵਿਚ ਵੀ ਆਪ ਪ੍ਰਭੂ ਲੀਨਤਾ ਵਿਚ ਮਗਨਤਾ ਦਾ ਉਪਦੇਸ਼ ਕਰਦੇ ਹਨ ਤਾਂ ਜੋ ਦੋਹਰੀ ਸ਼ਕਤੀ ਪ੍ਰਾਪਤ ਹੋਵੇ। ਕਰਮ ਕਰਨਾ ਇਨਸਾਨ ਦਾ ਫ਼ਰਜ਼ ਹੈ, ਜਿੱਤ-ਹਾਰ, ਸਫਲਤਾ-ਅਸਫਲਤਾ ਸਰਬ ਸ਼ਕਤੀਮਾਨ ਦੇ ਵੱਸ ਹੈ, ਉਹ ਸੂਰਮੇ ਧੰਨ ਹਨ, ਜਿਹੜੇ ਮੈਦਾਨਿ-ਜੰਗ ਵਿਚ ਵੀ ਪਰਮ ਆਤਮਾ ਤੋਂ ਸ਼ਕਤੀ ਦੀ ਯਾਚਨਾ ਕਰਦੇ ਹਨ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ, ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥
(ਦਸਮ ਗ੍ਰੰਥ, ਪੰਨਾ ੫੭੦)

ਸੰਸਾਰ ਦੇ ਇਤਿਹਾਸ ਵਿਚ ਮਹਾਨ ਜੇਤੂ ਤੇ ਮਹਾਬਲੀ ਯੁਧਾਂ ਅੰਦਰ ਪਰਮਾਤਮਾ ਦਾ ਆਸਰਾ ਲੈਂਦੇ ਰਹੇ ਅਤੇ ਤਲਵਾਰ ਦੀ ਯਗ, ਹੱਕੀ ਵਰਤੋਂ ਕਰਕੇ ਫ਼ਤਹਿ ਦੇ ਭਾਗੀ ਬਣਦੇ ਰਹੇ ਹਨ।

ਹਮਰੇ ਦੁਸਟ ਸਭੈ ਤੁਮ ਘਾਵਹੁ ॥ (ਬੇਨਤੀ ਚੌਪਈ)
ਆਪੁ ਹਾਥ ਦੈ ਮੋਹਿ ਬਚਾਵਹੁ ॥

ਸਾਰੀ ਬੇਨਤੀ ਚੌਪਈ ਵਿਚ ਸਤਿਗੁਰਾਂ ਨੇ ਇਸੇ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਇਸ ਅਸੂਲ ਦੀ ਸਿਖਰ ਹੋ ਗਈ ਜਦੋਂ 40 ਸਿੰਘਾਂ ਨੇ ਚਮਕੌਰ ਸਾਹਿਬ ਵਿਚ ਦਸ ਲੱਖੀ ਮੁਲਖਈਏ ਨਾਲ ਲੋਹਾ ਲਿਆ ਤੇ 40 ਸਿੰਘ ਮੁਕਤਸਰ ਵਿਚ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ, ਪਰ ਈਨ ਨਹੀਂ ਮੰਨੀ, ਹਥਿਆਰ ਨਹੀਂ ਸੁੱਟੇ।

'ਸਤਿ ਸ੍ਰੀ ਅਕਾਲ' ਦਾ ਆਸਰਾ ਤੱਕਿਆ ਤੇ ਸੂਰਮਗਤੀ ਨੂੰ ਪ੍ਰਾਪਤ ਹੋਏ :

ਚੁਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ ॥੧੧੦॥ (ਦਸਮ ਗ੍ਰੰਥ, ਪੰਨਾ ੧੩੯੩)

ਜਦੋਂ ਖ਼ੁਦਾ ਯਾਰ ਹੋਵੇ, ਵੈਰੀ ਕੀ ਕਰੇਗਾ ਭਾਵੇਂ ਵੈਰੀ ਸੈਂਕੜੇ ਵੀ ਹੋਣ।

ਖਾਲਸਾ ਅਕਾਲ ਪੁਰਖ ਦੀ ਫ਼ੌਜ ਹੈ। ਫ਼ੌਜ ਨਾਲ ਦਸਮੇਸ਼ ਜੀ ਦੇ ਸੰਬੰਧ ਦਾ ਆਧਾਰ ਪਿਆਰ ਤੇ ਰੂਹਾਂ ਦਾ ਮੇਲ ਸੀ। ਸਿੱਖ ਸਿਪਾਹੀ ਮਾਂਗਵੀਂ ਧਾੜ ਜਾਂ ਤਨਖ਼ਾਹਦਾਰ ਚਾਕਰ ਨਹੀਂ ਸਨ। ਸ਼ਰਧਾਵਾਨ,

www.sikhbookclub.com

ਸਿਰਲੱਥ, ਸਾਥੀ ਮਿੱਤਰ ਸਨ। ਅਕਾਲ ਪੁਰਖ ਦੀ ਕਿਰਪਾ ਹੀ ਖਾਲਸਾ ਫ਼ੌਜ ਦੀ ਕਿਰਪਾ ਸੀ। ਸਿੱਖ ਸਿੱਖੀ ਦੇ ਨਾਤੇ ਗੁਰੂ ਜੀ ਨਾਲ ਜੁੜੇ ਹੋਏ ਸਨ। ਸਿਰ ਭੇਟ ਕਰਨ ਵਿਚ ਰਤੀ ਭਰ ਵੀ ਦੇਰ ਜਾਂ ਸੰਕੋਚ ਨਹੀਂ ਕਰਦੇ ਸਨ। ਗੁਰੂ ਨੂੰ ਆਪਣੇ ਸੰਤ ਸਿਪਾਹੀਆਂ ਦੀ ਵਫ਼ਾਦਾਰੀ ਅਤੇ ਕੁਰਬਾਨੀ 'ਤੇ ਅਟੱਲ ਵਿਸ਼ਵਾਸ ਸੀ। ਦਸਮੇਸ਼ ਜੀ ਇਹ ਕਹਿਣ ਵਿਚ ਗੌਰਵ ਤੇ ਅਣਖ ਦਰਸਾਉਂਦੇ ਹਨ :

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਪੰਨਾ ੭੧੬)

ਦਸਮੇਸ਼ ਜੀ ਦੀ ਇਸ ਮਹਾਨ ਨੀਤੀ ਅਤੇ ਸਿਧਾਂਤਾਂ ਦੀ ਵਰਤੋਂ ਸਿੱਖ ਉਸ ਵੇਲੇ ਵੀ ਕਰਦੇ ਰਹੇ ਜਦੋਂ ਇਹਨਾਂ ਦੇ ਸਿਰਾਂ ਦਾ ਮੁੱਲ ਚਾਲ੍ਹੀ ਚਾਲ੍ਹੀ ਰੁਪਏ ਪੈਂਦਾ ਸੀ। ਘਰ-ਘਾਟ ਤਿਆਗ ਕੇ ਜੰਗਲਾਂ, ਥਲਾਂ ਤੇ ਪਹਾੜਾਂ ਵਿਚ ਵਾਸਾ ਕੀਤਾ ਹੋਇਆ ਸੀ। ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੀ ਕੈਦ ਵਿਚੋਂ ਹਜ਼ਾਰਾਂ ਹੀ ਹਿੰਦੂ ਕੁੜੀਆਂ ਛੁਡਾ ਕੇ ਭਾਰਤ ਦੇ ਕੋਨੇ ਕੋਨੇ ਵਿਚ ਸਹੀ ਸਲਾਮਤ ਪੁਚਾਈਆਂ। ਧੰਨ ਸਿੱਖੀ !

ਮੌਜੂਦਾ ਸਮੇਂ ਅੰਦਰ ਸਰਕਾਰ ਨੇ ਸਿੱਖਾਂ ਦੇ ਗੁਰਦੁਆਰੇ ਢਾਹ ਦਿੱਤੇ, ਸੈਂਕੜੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਾੜ (ਅਗਨੀ ਭੇਟ) ਦਿੱਤੀਆਂ, ਪੁਸਤਕਾਲੇ—ਜੋ ਧਰਮ, ਕਲਚਰ, ਸਭਿਆਚਾਰ, ਵਿਦਿਆ ਦੇ ਸੋਮੇ ਹੁੰਦੇ ਹਨ, ਤਬਾਹ ਕਰ ਦਿੱਤੇ। ਹਜ਼ਾਰਾਂ ਸਿੰਘ ਸਿੰਘਣੀਆਂ, ਮਾਸੂਸ ਬੱਚੇ ਬੱਚੀਆਂ, ਪਾਵਨ ਗੁਰਧਾਮਾਂ ਅੰਦਰ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤੇ। ਪੁਲੀਸ ਤੇ ਕਾਂਗਰਸੀ ਵਜ਼ੀਰਾਂ, ਲੀਡਰਾਂ ਤੇ ਅਫ਼ਸਰਾਂ ਦੀ ਸਰਗਰਮ ਸਹਾਇਤਾ ਨਾਲ ਹਜ਼ਾਰਾਂ ਹੀ ਸਿੰਘ, ਸਿੰਘਣੀਆਂ, ਬੱਚੇ ਬੱਚੀਆਂ :

ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ

ਦੇ ਸਾਰੇ ਸ਼ਹਿਰਾਂ ਵਿਚ ਅਜਿਹੇ ਤਸੀਹੇ ਦੇ ਦੇ ਕੇ, ਕੋਹ ਕੋਹ ਕੇ ਕਤਲ ਕੀਤੇ ਕਿ ਚੰਗੇਜ਼ ਖ਼ਾਂ ਤੇ ਨਾਦਰ ਸ਼ਾਹ ਦੀਆਂ ਅੱਖਾਂ ਵੀ ਸ਼ਰਮ ਨਾਲ ਅੰਨ੍ਹੀਆਂ ਹੋ ਗਈਆਂ। ਠੀਕ ਸਿੱਖਾਂ ਅੰਦਰ ਸਹਿਮ, ਸ਼ੰਕੇ ਤੇ ਭੈ ਵਾਪਰੇ; ਪਰ ਅਜਿਹੇ ਸਮੇਂ ਅੰਦਰ ਵੀ ਸਾਡੇ ਅੰਦਰ ਇਕ ਰੋਹ ਹੈ, ਇਕ ਆਸ ਹੈ, ਗੁਰੂ-ਭਰੋਸਾ ਹੈ, ਸਾਹਸ ਹੈ, ਇਕ ਜਜ਼ਬਾ ਹੈ, ਜੋ ਸਾਨੂੰ ਚੜ੍ਹਦੀਆਂ ਕਲਾਂ ਵਿਚ ਰੱਖ ਰਿਹਾ ਹੈ। ਇਹੋ ਖਾਲਸਾ ਜੀ ਦਾ ਬੋਲ-ਬਾਲਾ ਹੈ :

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌਂ, ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿਤ੍ਰ)

(1/1986)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਨੋਵਿਗਿਆਨਕ ਸੂਝ ਅਤੇ ਜੰਗੀ ਪੈਂਤੜੇਬਾਜ਼ੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਸ਼ਖ਼ਸੀਅਤ ਬਹੁਤ ਸਾਰੇ ਗੁਣਾਂ ਦਾ ਸੁਮੇਲ ਸੀ। ਉਨ੍ਹਾਂ ਵਿਚ ਇਕੋ ਸਮੇਂ ਅਧਿਆਤਮਕ ਨੇਤਾ, ਉੱਚ ਕੋਟੀ ਦੇ ਸੰਗਠਨਕਰਤਾ, ਜਮਾਂਦਰੂ ਸੈਨਾ ਨਾਇਕ, ਪ੍ਰਤਿਭਾਸ਼ਾਲੀ ਵਿਦਵਾਨ ਅਤੇ ਸੱਚੇ ਸੁਧਾਰਕ ਦੇ ਗੁਣ ਵਿਦਮਾਨ ਸਨ। ਤਾਹੀਓਂ ਆਪ ਦੀ ਨਿਰਾਲੀ ਸ਼ਖ਼ਸੀਅਤ ਨੂੰ ਸਾਧੂ ਟੀ.ਐਲ. ਵਾਸਵਾਨੀ ਨੇ 'ਸਤਰੰਗੀ ਪੀਂਘ' ਨਾਲ ਤੁਲਨਾ ਦਿੱਤੀ ਹੈ। ਉਨੀਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗ ਦੇ ਮੈਦਾਨ ਵਿਚ ਇਕ ਜੇਤੂ ਯੋਧਾ, ਮਸਨਦ (ਤਖ਼ਤ) ਉੱਤੇ ਸ਼ਹਿਨਸ਼ਾਹ, ਗੁਰੂ ਰੂਪ ਵਿਚ ਗਿਆਨ ਦਾ ਦਾਤਾ ਅਤੇ ਖਾਲਸੇ ਦੀ ਸੰਗਤ ਵਿਚ ਫ਼ਕੀਰ ਸੀ। ਕਿਹਾ ਜਾ ਸਕਦਾ ਹੈ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕੋ ਸਮੇਂ ਬਾਦਸ਼ਾਹ ਤੇ ਦਰਵੇਸ਼ ਅਤੇ ਸੰਤ ਤੇ ਸਿਪਾਹੀ ਸਨ ਪਰ ਸਿੱਖ ਆਪਣੇ ਮਹਾਨ ਨਾਇਕ ਨੂੰ ਸੰਤ ਨਾਲੋਂ ਸਿਪਾਹੀ ਵਜੋਂ ਵੱਧ ਮਾਨਤਾ ਦਿੰਦੇ ਹਨ। ਤਾਹੀਉਂ ਸਿੱਖਾਂ ਤੇ ਗ਼ੈਰ-ਸਿੱਖਾਂ ਨੇ ਵੀ ਉਨ੍ਹਾਂ ਨੂੰ ਯੁੱਧ ਦੇ ਮੈਦਾਨ ਨੂੰ ਜਾਂਦੇ ਹੀ ਚਿਤਰਿਆ ਹੈ। ਘੋੜੇ 'ਤੇ ਸਵਾਰ ਅਤੇ ਹੱਥ ਵਿਚ ਤਲਵਾਰ ਹੈ। ਵੈਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੱਠ-ਕਾਠ ਨੂੰ ਕੇਵਲ ਉਨ੍ਹਾਂ ਦੀਆਂ ਜੰਗੀ ਪ੍ਰਾਪਤੀਆਂ ਦੇ ਗਜ਼ ਨਾਲ ਨਹੀਂ ਮਾਪਿਆ ਜਾ ਸਕਦਾ, ਕਿਉਂਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਸਰਬਪੱਖੀ ਹਨ।

ਲੇਖਕ ਨੇ ਆਪਣੇ ਅਧਿਐਨ ਦੌਰਾਨ ਇਹ ਗੱਲ ਨੋਟ ਕੀਤੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਫ਼ਿਲਾਸਫ਼ਰ, ਮਨੋਵਿਗਿਆਨੀ ਅਤੇ ਮਨੋ-ਵਿਸ਼ਲੇਸ਼ਕ ਵੀ ਸਨ। ਆਪ ਦੀ ਸ਼ਖ਼ਸੀਅਤ ਦੇ ਇਹ ਪਹਿਲੂ ਜਾਣੇ-ਅਣਜਾਣੇ ਅਣਗੌਲੇ ਹੀ ਰਹਿ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਯੁੱਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਤੁਸੀਂ ਵੇਖੋਗੇ ਕਿ ਹਰ ਮਹੱਤਵਪੂਰਨ ਘਟਨਾ ਦੇ ਪਿੱਛੇ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਤੇ ਦੂਰਅੰਦੇਸ਼ੀ ਪ੍ਰਤੱਖ ਰੂਪ ਵਿਚ ਕੰਮ ਕਰਦੀ ਨਜ਼ਰ ਆਉਂਦੀ ਹੈ।

ਜਦੋਂ ਗੁਰੂ ਸਾਹਿਬ ਗੁਰ-ਗੱਦੀ ਉੱਤੇ ਬੈਠੇ ਤਾਂ ਉਨ੍ਹਾਂ ਦੀ ਉਮਰ ਨੌਂ ਵਰ੍ਹਿਆਂ ਤੋਂ ਵੀ ਘੱਟ ਸੀ। ਦੂਜਾ, ਉਸ ਵਕਤ ਦੇ ਹਾਲਾਤ ਉਨ੍ਹਾਂ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਦੇ ਪਿਤਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮੁਗ਼ਲ ਸਮਰਾਟ ਔਰੰਗਜ਼ੇਬ ਦੇ ਹੁਕਮ ਅਨੁਸਾਰ ਮਿਤੀ 11 ਨਵੰਬਰ 1675 ਈ. ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਸੀ। ਪਿਤਾ ਦੀ ਸ਼ਹਾਦਤ ਤੋਂ ਇਲਾਵਾ ਗੁਰੂ ਸਾਹਿਬ ਉਸ ਸਮੇਂ ਹੋਰ ਅਨੇਕਾਂ ਸਮੱਸਿਆਵਾਂ ਵਿਚ ਘਿਰੇ ਹੋਏ ਸਨ। ਡਾ. ਇੰਦੂ ਭੂਸ਼ਨ ਬੈਨਰਜੀ ਦੇ ਕਥਨ ਅਨੁਸਾਰ, "ਉਨ੍ਹਾਂ ਨੇ ਆਪਣੇ-ਆਪ ਨੂੰ ਅਸਾਧਾਰਨ ਕਠਿਨਾਈਆਂ ਦੀ ਹਾਲਤ ਵਿਚ ਪਾਇਆ। ਇਸ ਵਕਤ

www.sikhbookclub.com

ਸਿੱਖ ਧਰਮ ਨੂੰ ਅੰਦਰੂਨੀ ਝਗੜਿਆਂ ਅਤੇ ਬਾਹਰੋਂ ਭਿਆਨਕ ਕਾਰਵਾਈਆਂ, ਦੋਹਾਂ ਤੋਂ ਹੀ ਇਕੋ ਜਿਹਾ ਖ਼ਤਰਾ ਸੀ।

ਗੁਰੂ ਸਾਹਿਬ ਨੂੰ ਸਭ ਤੋਂ ਪਹਿਲਾਂ ਪਹਾੜੀ ਰਾਜਿਆਂ, ਖ਼ਾਸ ਕਰ ਬਿਲਾਸਪੁਰ ਦੇ ਰਾਜਾ ਭੀਮ ਚੰਦ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ। ਪਹਾੜੀ ਰਾਜਿਆਂ ਦੀ ਵਿਰੋਧਤਾ ਦਾ ਮੁੱਖ ਕਾਰਨ ਇਹ ਸੀ ਕਿ ਗੁਰੂ ਸਾਹਿਬ ਨੇ ਸੈਨਾ ਦਾ ਨਿਰਮਾਣ ਆਰੰਭ ਕਰ ਦਿੱਤਾ ਸੀ। ਦੂਜਾ, ਗੁਰੂ ਸਾਹਿਬ ਨੇ ਰਾਜਸੀ ਚਿੰਨ੍ਹ ਅਪਨਾ ਲਏ ਸਨ—ਕਲਗੀ, ਛਤਰ, ਤਖ਼ਤ, ਬਹੁਮੁੱਲੇ ਤੰਬੂ, ਨਗਾਰਾ (ਰਣਜੀਤ ਨਗਾਰਾ) ਆਦਿ। ਰਣਜੀਤ ਨਗਾਰੇ ਦੀ ਧਮਕ ਜਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਗੂੰਜਦੀ ਤਾਂ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਦਿਲ ਦਹਿਲ ਜਾਂਦੇ ਸਨ। ਪਹਾੜੀ ਰਾਜੇ ਖ਼ਾਸ ਕਰਕੇ ਭੀਮ ਚੰਦ, ਇਨ੍ਹਾਂ ਕਾਰਵਾਈਆਂ ਨੂੰ ਆਪਣੇ ਰਾਜ ਲਈ ਖ਼ਤਰੇ ਦਾ ਕਾਰਨ ਸਮਝਦਾ ਸੀ। ਇਸ ਤਰ੍ਹਾਂ ਸਾੜੇ ਅਤੇ ਈਰਖਾ ਕਾਰਨ ਉਹ ਗਾਹੇ-ਬਗਾਹੇ ਗੁਰੂ ਸਾਹਿਬ ਨਾਲ ਝਗੜਾ ਛੇੜੀ ਹੀ ਰੱਖਦੇ ਸਨ। ਗੁਰੂ ਸਾਹਿਬ ਨੇ ਹਾਲੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਿਆ ਹੀ ਸੀ ਜਦੋਂ ਇਕ ਵੇਰ ਰਾਜਾ ਭੀਮ ਚੰਦ ਨੇ ਆਪਣੀ ਸੈਨਾ ਸਹਿਤ ਅਨੰਦਪੁਰ ਸਾਹਿਬ ਉੱਤੇ ਧਾਵਾ ਬੋਲ ਦਿੱਤਾ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਮਾਮੇ ਕਿਰਪਾਲ ਚੰਦ ਦੀ ਕਮਾਨ ਹੇਠ ਮੁੱਠੀ ਭਰ ਬਹਾਦਰ ਸਿੱਖ ਸੈਨਿਕਾਂ ਦੀ ਇਕ ਟੁਕੜੀ ਨੇ ਹੀ ਇਸ ਹੱਲੇ ਨੂੰ ਪਛਾੜ ਦਿੱਤਾ ਅਤੇ ਭੀਮ ਚੰਦ ਆਪਣੀ ਜਾਨ ਦੀ ਖ਼ੈਰ ਮੰਗਦਾ ਹੋਇਆ ਭੱਜ ਨਿਕਲਿਆ।

ਗੁਰੂ ਸਾਹਿਬ ਭੀਮ ਚੰਦ ਨਾਲ ਲੜਾਈ ਕਰਨ ਦੇ ਇੱਛੁਕ ਨਹੀਂ ਸਨ ਕਿਉਂਕਿ ਗੁਰੂ ਸਾਹਿਬ ਦੀ ਫ਼ਿਲਾਸਫ਼ੀ ਜੋਸ਼ ਦੇ ਨਾਲ ਹੋਸ਼ ਤੋਂ ਕੰਮ ਲੈਣ ਦੀ ਗੱਲ ਵੀ ਕਰਦੀ ਹੈ। ਗੁਰੂ ਸਾਹਿਬ ਅਜਿਹੇ ਛੋਟੇ-ਮੋਟੇ ਝਗੜਿਆਂ ਵਿਚ ਆਪਣੀ ਸੈਨਿਕ ਸ਼ਕਤੀ ਨੂੰ ਕਮਜ਼ੋਰ ਨਹੀਂ ਕਰਨਾ ਚਾਹੁੰਦੇ ਸਨ, ਬਲਕਿ ਕੁਝ ਵਰ੍ਹਿਆਂ ਤਕ ਵੱਡੇ ਪੈਮਾਨੇ 'ਤੇ ਮੁਗ਼ਲਾਂ ਵਿਰੁੱਧ ਸੈਨਿਕ ਤਿਆਰੀਆਂ ਕਰਨਾ ਚਾਹੁੰਦੇ ਸਨ। ਜਦੋਂ ਉਹ ਜੰਗੀ ਤਿਆਰੀਆਂ ਲਈ ਕਿਸੇ ਸੁਰੱਖਿਅਤ ਸਥਾਨ ਬਾਰੇ ਸੋਚ ਹੀ ਰਹੇ ਸਨ, ਉਸੇ ਅਰਸੇ ਦੌਰਾਨ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਆਉਣ ਲਈ ਬੁਲਾਵਾ ਭੇਜਿਆ। ਬੁਲਾਵੇ ਨੂੰ ਸਵੀਕਾਰ ਕਰਦਿਆਂ, ਗੁਰੂ ਸਾਹਿਬ ਆਪਣੇ ਪਰਿਵਾਰ, ਸਬੰਧੀਆਂ ਅਤੇ ਸੈਨਿਕਾਂ ਸਹਿਤ ਨਾਹਨ ਰਾਜ ਵਿਚ ਚਲੇ ਗਏ ਤੇ ਨਾਹਨ ਤੋਂ ਲਗਭਗ 43 ਕਿਲੋਮੀਟਰ ਦੂਰੀ 'ਤੇ ਸਥਿਤ ਪਾਉਂਟਾ ਸਾਹਿਬ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਇਥੇ ਰਹਿੰਦਿਆਂ ਹੀ ਸੰਨ 1688 ਈ. ਵਿਚ ਭੰਗਾਣੀ ਦੀ ਜੰਗ ਲੜੀ ਅਤੇ ਪਹਾੜੀ ਰਾਜਿਆਂ ਨੂੰ ਲੱਕ-ਤੋੜਵੀਂ ਹਾਰ ਦਿੱਤੀ। ਉਸ ਸਮੇਂ ਗੁਰੂ ਸਾਹਿਬ ਦੀ ਉਮਰ ਕੇਵਲ 22 ਵਰ੍ਹਿਆਂ ਦੀ ਸੀ।

ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨਾਲ ਟੱਕਰ ਲੈਣ ਲਈ ਪਾਉਂਟਾ ਸਾਹਿਬ ਤੋਂ ਲਗਭਗ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਭੰਗਾਣੀ ਨਾਮੀ ਉਚਿਤ ਸਥਾਨ ਦੀ ਚੋਣ ਕਰਨਾ, ਗੁਰੂ ਸਾਹਿਬ ਦੀ ਜੰਗੀ ਸੂਝ ਦੀ ਇਕ ਵਧੀਆ ਮਿਸਾਲ ਪੇਸ਼ ਕਰਦਾ ਹੈ।

ਭੰਗਾਣੀ ਦੀ ਜਿੱਤ ਗੁਰੂ ਸਾਹਿਬ ਦੇ ਜੀਵਨ ਦੀ ਪਹਿਲੀ ਅਤੇ ਮਹੱਤਵਪੂਰਨ ਜਿੱਤ ਸੀ। ਇਸ ਨਾਲ ਗੁਰੂ ਸਾਹਿਬ ਦੀ ਪ੍ਰਤਿਸ਼ਠਾ ਤੇ ਸ਼ਕਤੀ ਦੀ ਧਾਂਕ ਜੰਮ ਗਈ। ਭੰਗਾਣੀ ਦੀ ਜਿੱਤ ਉਪਰੰਤ ਗੁਰੂ ਸਾਹਿਬ ਫਿਰ ਬਿਲਾਸਪੁਰ ਦੇ ਰਾਜੇ ਦੇ ਇਲਾਕੇ ਵਿਚ ਆ ਗਏ। ਉਨ੍ਹਾਂ ਨੇ ਹੁਣ ਅਨੰਦਪੁਰ ਸਾਹਿਬ, ਜਿਸ ਦਾ ਨਾਂ ਉਦੋਂ ਮਾਖੋਵਾਲ ਸੀ, ਨੂੰ ਆਪਣੀ ਪ੍ਰਮੁੱਖ ਕਾਰਜਸ਼ਾਲਾ ਬਣਾ ਲਿਆ। ਨਵੇਂ

www.sikhbookclub.com

ਹਾਲਾਤ ਵਿਚ ਪਰਾਜਿਤ ਪਹਾੜੀ ਰਾਜਿਆਂ, ਖਾਸ ਕਰ ਭੀਮ ਚੰਦ ਦਾ ਗੁਰੂ ਸਾਹਿਬ ਪ੍ਰਤੀ ਵਿਉਹਾਰ 'ਮਿੱਤਰਤਾ' ਵਾਲਾ ਹੋ ਗਿਆ। ਗੁਰੂ ਸਾਹਿਬ ਨੇ ਇਸ ਅਵਸਰ ਤੋਂ ਲਾਭ ਉਠਾਉਂਦਿਆਂ, ਅਨੰਦਪੁਰ ਸਾਹਿਬ ਵਿਖੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ, ਫ਼ਤਹਿਗੜ੍ਹ ਅਤੇ ਹੋਲਗੜ੍ਹ ਨਾਮੀ ਪੰਜ ਕਿਲ੍ਹਿਆਂ ਦੀ ਉਸਾਰੀ ਕਰਵਾਈ।

ਅਨੰਦਪੁਰ ਸਾਹਿਬ ਵਿਖੇ ਆਪਣੇ ਕਿਆਮ ਦੌਰਾਨ ਗੁਰੂ ਸਾਹਿਬ ਨੇ ਸੰਨ 1690 ਈ. ਵਿਚ ਪਹਾੜੀ ਰਾਜਿਆਂ ਦਾ ਪੱਖ ਪੂਰਦਿਆਂ, ਮੁਗ਼ਲਾਂ ਵਿਰੁੱਧ ਨਾਦੌਣ ਦੀ ਜੰਗ ਲੜੀ ਅਤੇ ਜਿੱਤ ਪ੍ਰਾਪਤ ਕੀਤੀ। ਮੁਗ਼ਲ ਫ਼ੌਜ ਦਾ ਸੈਨਾਪਤੀ ਅਲਿਫ਼ ਖ਼ਾਂ ਮੈਦਾਨ ਛੱਡ ਕੇ ਭੱਜ ਗਿਆ।

ਮੁਗ਼ਲ ਸਮਰਾਟ ਔਰੰਗਜ਼ੇਬ ਵਲੋਂ ਗੁਰੂ ਸਾਹਿਬ ਵਿਰੁੱਧ ਦੋ ਮੁਹਿੰਮਾਂ—'ਖ਼ਾਨਜ਼ਾਦਾ ਰੁਸਤਮ ਖ਼ਾਂ ਦੀ ਮੁਹਿੰਮ 1694' ਅਤੇ 'ਹੁਸੈਨ ਖ਼ਾਂ ਦੀ ਮੁਹਿੰਮ 1696' ਅਸਫਲ ਹੋ ਕੇ ਰਹਿ ਗਈਆਂ। ਜਦੋਂ ਔਰੰਗਜ਼ੇਬ ਨੂੰ ਮੁਗ਼ਲ ਸੈਨਾਵਾਂ ਦੀਆਂ ਇਨ੍ਹਾਂ ਹਾਰਾਂ ਦੀ ਸੂਚਨਾ ਮਿਲੀ ਤਾਂ ਉਸ ਨੇ ਤੁਰੰਤ ਹੀ ਸ਼ਹਿਜ਼ਾਦਾ ਮੁਅੱਜ਼ਮ ਨੂੰ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਦੀ ਸ਼ਕਤੀ ਨੂੰ ਕੁਚਲਣ ਲਈ ਭੇਜਿਆ। ਸ਼ਹਿਜ਼ਾਦਾ ਮੁਅੱਜ਼ਮ ਦੀ ਇਹ ਜੰਗੀ-ਕਾਰਵਾਈ, ਪਹਾੜੀ ਰਾਜਿਆਂ ਨੂੰ ਭਾਂਜ ਦੇਣ ਅਤੇ ਉਨ੍ਹਾਂ ਨੂੰ ਮੁਗ਼ਲ ਸਰਕਾਰ ਦੇ ਅਧੀਨ ਕਰਨ ਵਿਚ ਸਫ਼ਲ ਰਹੀ। ਪਰ ਭਾਈ ਨੰਦ ਲਾਲ, ਜੋ ਸ਼ਹਿਜ਼ਾਦਾ ਮੁਅੱਜ਼ਮ ਦੀ ਸੇਵਾ ਵਿਚ ਮੀਰ ਮੁਨਸ਼ੀ ਸੀ, ਦੇ ਕਹਿਣ 'ਤੇ ਸ਼ਹਿਜ਼ਾਦੇ ਨੇ ਗੁਰੂ ਸਾਹਿਬ ਵਿਰੁੱਧ ਕੋਈ ਕਾਰਵਾਈ ਨਾ ਕੀਤੀ।

ਇਤਿਹਾਸ ਦੱਸਦਾ ਹੈ ਕਿ ਅਗਲੇਰੇ ਢਾਈ ਵਰ੍ਹਿਆਂ (1696-1699) ਦੌਰਾਨ ਗੁਰੂ ਸਾਹਿਬ ਨੂੰ ਨਾ ਮੁਗ਼ਲ ਅਤੇ ਨਾ ਹੀ ਪਹਾੜੀ ਰਾਜਿਆਂ ਤੋਂ ਖ਼ਤਰਾ ਰਿਹਾ। ਸੋ, ਇਸ ਅਰਸੇ ਦੌਰਾਨ ਉਨ੍ਹਾਂ ਨੇ ਆਪਣੀ ਯੋਗਤਾ ਤੇ ਸ਼ਕਤੀ ਨੂੰ ਪੂਰਨ ਰੂਪ ਵਿਚ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਪੂਰਤੀ ਵੱਲ ਮੋੜਿਆ।

ਗੁਰੂ ਸਾਹਿਬ ਦੇ ਜੀਵਨ ਦਾ ਮੁੱਖ ਮਨੋਰਥ ਇਹ ਸੀ ਕਿ ਲੋਕਾਂ ਨੂੰ ਜ਼ੁਲਮ ਅਤੇ ਬਦੀ ਦੇ ਖਿਲਾਫ਼ ਮੁਕਾਬਲਾ ਕਰਨ ਦੇ ਸਮਰੱਥ ਬਣਾਇਆ ਜਾਵੇ ਅਤੇ ਸਮਾਂ ਆਉਣ 'ਤੇ ਇਨਕਲਾਬ ਦਾ ਝੰਡਾ ਬੁਲੰਦ ਕੀਤਾ ਜਾਵੇ। ਗੁਰੂ ਸਾਹਿਬ ਆਪਣੇ ਜੀਵਨ ਦੇ ਉਦੇਸ਼ ਬਾਰੇ ਆਪਣੀ ਜੀਵਨ-ਕਥਾ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਅਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਅਤੇ ਧਰਮ ਦਾ ਪ੍ਰਚਾਰ ਕਰਨਾ ਹੈ—"ਦੁਸਟ ਦੋਖੀਅਨਿ ਪਕਰਿ ਪਛਾਰੋ॥" ਅਤੇ "ਯਾਹੀ ਕਾਰਜ ਧਰਾ ਹਮ ਜਨਮੰ॥" ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਲੋਕਾਂ ਦੀ ਸੋਚ ਵਿਚ ਇਨਕਲਾਬ ਲਿਆਂਦਾ। ਲੋਕਾਂ ਦਾ ਹੌਸਲਾ ਸੁਰਜੀਤ ਕਰਨ ਅਤੇ ਉਨ੍ਹਾਂ ਦੀ ਆਤਮਾ ਨੂੰ ਜਗਾਉਣ ਲਈ ਗੁਰੂ ਸਾਹਿਬ ਨੇ ਖ਼ੁਦ ਬਾਣੀ ਰਚੀ। ਦੂਜਾ, ਲਿਤਾੜੀ ਤੇ ਸਾਹ-ਸਤ ਗੁਆ ਚੁੱਕੀ ਭਾਰਤੀ ਜਨਤਾ ਨੂੰ ਉਨ੍ਹਾਂ ਨੇ ਚੜ੍ਹਦੀ ਕਲਾ ਦਾ ਨਾਅਰਾ ਦਿੱਤੀ ਅਤੇ "ਨਿਸਚੈ ਕਰਿ ਅਪੁਨੀ ਜੀਤ ਕਰੋਂ" ਦਾ ਸਬਕ ਕੰਠ ਕਰਵਾਇਆ, ਕਿਉਂਕਿ ਢਹਿੰਦੀ ਕਲਾ ਵਿਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਤੀਜਾ, ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਕਿ ਜਬਰ ਤੇ ਜ਼ੁਲਮ ਬਰਦਾਸ਼ਤ ਕਰਨ ਵਾਲੀਆਂ ਕੌਮਾਂ ਮਰ-ਮਿਟ ਜਾਂਦੀਆਂ ਹਨ। ਇਹ ਵੀ ਦ੍ਰਿੜ੍ਹ ਕਰਵਾਇਆ ਕਿ ਕੌਮਾਂ ਤਲਵਾਰ ਤੇ ਨੇਜ਼ੇ ਦੀ ਸ਼ਕਤੀ ਵਿਚੋਂ ਉਪਜਦੀਆਂ ਹਨ ਅਤੇ ਹਾਲਾਤ ਨਾਲ ਸਮਝੌਤਾ ਕਰਨ ਤੇ ਗੋਡੇ ਟੇਕਣ ਦੀ ਪ੍ਰਵਿਰਤੀ ਵਿਚ ਗਰਕ ਹੋ ਜਾਂਦੀਆਂ ਹਨ।

www.sikhbookclub.com

ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਕਿਸੇ ਪੜਾਅ 'ਤੇ ਵੀ ਹਾਲਾਤ ਨਾਲ ਸਮਝੌਤਾ ਨਹੀਂ ਕੀਤਾ ਕਿਉਂਕਿ ਉਹ ਖ਼ੂਬ ਸਮਝਦੇ ਸਨ ਕਿ "ਜਿਹੜੇ ਲੋਕ ਹਾਲਾਤ ਨਾਲ ਸਮਝੌਤਾ ਕਰਨ੍ ਦੇ ਇੱਛੁਕ ਰਹਿੰਦੇ ਹਨ, ਉਹ ਕਦੀ ਇਨਕਲਾਬ ਨਹੀਂ ਲਿਆ ਸਕਦੇ।"

(ਕਮਾਲ ਅਤਾਤੁਰਕ)

ਬੇਸ਼ੱਕ ਗੁਰੂ ਸਾਹਿਬ ਨੇ ਆਪਣੇ ਮਿਸ਼ਨ ਦੀ ਪੂਰਤੀ ਅਤੇ ਸੱਚ ਤੇ ਹੱਕ ਦੀ ਰਾਖੀ ਲਈ ਦੱਬ ਕੇ ਤੇਗ਼ ਵਾਹੀ ਹੈ ਪਰ ਉਨ੍ਹਾਂ ਨੇ ਆਪਣੀ ਸ਼ਕਤੀ ਦੀ ਕਦੇ ਦੁਰਵਰਤੋਂ ਨਹੀਂ ਕੀਤੀ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ "ਜਿਹੜਾ ਵਿਅਕਤੀ ਬਗ਼ੈਰ ਸੋਚੇ-ਸਮਝੇ ਹੀ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦਾ ਹੈ, ਉਹ ਉਸੇ ਰਾਹ 'ਤੇ ਖ਼ਤਮ ਹੋ ਜਾਂਦਾ ਹੈ।"

ਖਾਲਸੇ ਦੀ ਸਾਜਣਾ ਅਤੇ ਇਨਕਲਾਬ ਵੱਲ ਵਧਦੇ ਕਦਮ

ਲੋਕ-ਰੋਹ ਦਾ ਤੇਜ਼ ਤੂਫ਼ਾਨ ਪੈਦਾ ਕਰਨ ਉਪਰੰਤ ਹੁਣ ਗੁਰੂ ਸਾਹਿਬ ਦਾ ਅਗਲਾ ਪੈਂਤੜਾ, ਇਕ ਸਿਰਲੱਥ ਕੌਮ ਦਾ ਨਿਰਮਾਣ ਕਰਨਾ ਸੀ, ਜੋ ਮੁਗ਼ਲ ਹਕੂਮਤ ਨੂੰ ਸਾਹਮਣਿਓਂ ਲਲਕਾਰ ਸਕੇ। ਤਾਹੀਓਂ ਤਾਂ ਉਹ ਭਰੋਸੇ ਨਾਲ ਕਿਹਾ ਕਰਦੇ ਸਨ : "ਚਿੜੀਓਂ ਸੇ ਮੈਂ ਬਾਜ਼ ਤੁੜਾਊਂ। ਤਬੇ ਗੋਬਿੰਦ ਸਿੰਘ ਨਾਮ ਕਹਾਊਂ।" ਪਰ ਇਕ ਸ਼ਕਤੀਸ਼ਾਲੀ ਹਕੂਮਤ ਵਿਰੁੱਧ ਇਨਕਲਾਬ ਦਾ ਝੰਡਾ ਬੁਲੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਸੋ, ਅਜਿਹੇ ਅਸੰਭਵ ਕਾਰਜ ਨੂੰ ਸੰਭਵ ਬਣਾਉਣ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਇਨਕਲਾਬ ਲਿਆਉਣ ਵਾਲੇ ਮਹਾਨ ਪੁਰਖਾਂ ਦੇ ਫੈਸਲੇ ਵਿਚ ਆਮ ਸਹਿਮਤੀ ਨਹੀਂ ਬਲਕਿ ਡੂੰਘੀ ਸੋਚ ਅਤੇ ਦੂਰ-ਅੰਦੇਸ਼ੀ ਜ਼ਰੂਰੀ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਥੇ ਇਕ ਆਲ੍ਹਾ ਦਰਜੇ ਦੇ ਦੂਰ-ਅੰਦੇਸ਼ ਸਨ, ਉਥੇ ਇਕ ਮਹਾਨ ਚਿੰਤਕ ਤੇ ਮਨੋਵਿਗਿਆਨੀ ਵੀ ਸਨ। ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਨੇ ਇਕ ਡੂੰਘੀ ਚੁੱਭੀ ਮਾਰੀ ਅਤੇ 'ਸਵਾ ਲੱਖ ਨਾਲ ਇਕ ਨੂੰ ਭਿੜਾਉਣ' ਦੇ ਸਮਰੱਥ ਬਣਾਉਣ ਵਾਲੀ ਚਮਤਕਾਰੀ ਵਿਧੀ ਢੂੰਡ ਲਿਆਂਦੀ। ਇਹ ਵਿਧੀ ਸੀ—ਖੰਡੇ ਦੀ ਪਾਹੁਲ ਯਾਨੀ ਅੰਮ੍ਰਿਤ ਛਕਾਉਣ ਦਾ ਸਿਧਾਂਤ। ਇਸ ਸਿਧਾਂਤ ਨੂੰ ਧੁਰਾ ਮਿੱਥ ਕੇ ਗੁਰੂ ਸਾਹਿਬ ਨੇ ਖਾਲਸੇ ਦੀ ਸਾਜਣਾ ਕੀਤੀ। ਤੁਸੀਂ ਵੇਖੋਗੇ ਕਿ ਖਾਲਸਾ ਦੀ ਸਾਜਣਾ ਦੁਨੀਆਂ ਦਾ ਇਕ ਮਹਾਨ ਇਨਕਲਾਬ ਸੀ।

ਖ਼ਾਲਸੇ ਦੀ ਸਾਜਣਾ

30 ਮਾਰਚ, 1699 ਨੂੰ ਵੈਸਾਖੀ ਵਾਲੇ ਦਿਨ, ਅਨੰਦਪੁਰ ਸਾਹਿਬ ਵਿਖੇ 80,000 ਦੇ ਵਿਸ਼ਾਲ ਇਕੱਠ ਨੂੰ ਮੁਖ਼ਾਤਿਬ ਹੁੰਦਿਆਂ ਗੁਰੂ ਸਾਹਿਬ ਨੇ ਪੰਜ ਸਿਰਾਂ ਦੀ ਮੰਗ ਕੀਤੀ। ਜਿਨ੍ਹਾਂ ਪੰਜ ਸ਼ਰਧਾਲੂਆਂ ਨੇ ਆਪਣੇ ਸੀਸ ਭੇਟ ਕੀਤੇ ਉਨ੍ਹਾਂ ਨੂੰ ਗੁਰੂ ਸਾਹਿਬ ਨੇ 'ਪੰਜ ਪਿਆਰੇ' ਦੀ ਸਮੂਹਿਕ ਉਪਾਧੀ ਦਿੱਤੀ। ਗੁਰੂ ਸਾਹਿਬ ਨੇ 'ਪੰਜ ਪਿਆਰਿਆਂ' ਨੂੰ 'ਖੰਡੇ ਦੀ ਪਾਹੁਲ' ਯਾਨੀ ਅੰਮ੍ਰਿਤ ਛਕਾਉਣ ਪਿੱਛੋਂ 'ਖਾਲਸਾ' ਦਾ ਨਾਂ ਦਿੱਤਾ ਅਤੇ ਹਰ ਇਕ ਨੂੰ ਆਪਣੇ ਨਾਂ ਨਾਲ 'ਸਿੰਘ' ਸ਼ਬਦ ਲਗਾਉਣ ਲਈ ਕਿਹਾ। ਫਿਰ ਗੁਰੂ ਸਾਹਿਬ ਨੇ ਖ਼ੁਦ ਪੰਜ ਪਿਆਰਿਆਂ ਦੇ ਹੱਥੀਂ ਤਿਆਰ ਕੀਤਾ ਗਿਆ ਅੰਮ੍ਰਿਤ ਛਕਿਆ ਅਤੇ ਉਹ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ।

ਗੁਰੂ ਸਾਹਿਬ ਨੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਉਣ ਉਪਰੰਤ ਜੋ 'ਖਾਲਸਾ' ਦਾ ਨਾਂ

www.sikhbookclub.com

ਦਿੱਤਾ, ਉਸ ਦਾ ਕੀ ਭਾਵ ਹੈ ? 'ਖਾਲਸਾ' ਦਾ ਮਤਲਬ ਹੈ ਸ਼ੁੱਧ ਅਜ਼ਾਦ ਹਸਤੀ, ਜੋ ਰਾਜਨੀਤਕ, ਸਮਾਜਕ, ਆਰਥਕ, ਧਾਰਮਕ ਤੇ ਸਭਿਆਚਾਰਕ ਪੱਖੋਂ ਕਿਸੇ ਦੀ ਗ਼ੁਲਾਮ ਨਹੀਂ ਹੈ। ਇਸ ਆਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬ ਨੇ ਖਾਲਸੇ ਦੇ ਹੱਥ ਵਿਚ ਕ੍ਰਿਪਾਨ ਫੜਾਈ।

ਹਾਂ! ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਤੋਂ ਖ਼ੁਦ ਅੰਮ੍ਰਿਤ ਛਕਿਆ ਤਾਂ ਉਸ ਸਮੇਂ ਗੁਰੂ-ਚੇਲਾ ਇਕ-ਮਿਕ ਹੋ ਗਏ, ਜਾਂ ਕਹਿ ਲਵੋ, ਖਾਲਸਾ ਹਰ ਪੱਖੋਂ ਹੀ ਗੁਰੂ ਬਣ ਗਿਆ। ਖਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਿੱਖਾਂ ਦੇ ਸਾਰੇ ਫੈਸਲੇ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ। ਇਸ ਤਰ੍ਹਾਂ ਖਾਲਸੇ ਦੀ ਸਥਾਪਨਾ ਨਾਲ ਸਿੱਖ ਸਮਾਜ ਵਿਚ ਲੋਕਤੰਤਰੀ ਤੱਤਾਂ (Democratic Elements) ਦਾ ਸੰਚਾਲਣ ਹੋਇਆ। ਖਾਲਸਾ ਦੀ ਸਥਾਪਨਾ ਦੇ ਫਲਸਰੂਪ ਸਿੱਖਾਂ ਵਿਚ ਨਵੀਂ ਭਾਵਨਾ ਤੇ ਸ਼ਕਤੀ ਦਾ ਸੰਚਾਰ ਹੋਇਆ। ਦੂਜਾ, ਖਾਲਸੇ ਦਾ ਰੂਪ ਧਾਰਨ ਕਰਨ ਉਪਰੰਤ, ਕਮਜ਼ੋਰ ਤੇ ਕਾਇਰ ਬਣ ਚੁੱਕੇ ਹਿੰਦੂਆਂ ਵਿਚ ਦਲੇਰੀ, ਬਹਾਦਰੀ ਅਤੇ ਆਤਮ-ਵਿਸ਼ਵਾਸ ਦੀਆਂ ਭਾਵਨਾਵਾਂ ਪੈਦਾ ਹੋ ਗਈਆਂ। ਇਵੇਂ ਹੀ ਖਾਲਸਾ ਦੀ ਸਥਾਪਨਾ ਨਾਲ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਉਧਾਰ ਹੋਇਆ। ਇਨ੍ਹਾਂ ਲੋਕਾਂ ਵਿਚ ਅਸਾਧਾਰਨ ਜਾਗ੍ਰਤੀ ਅਤੇ ਜੋਸ਼ ਪੈਦਾ ਹੋ ਗਿਆ ਅਤੇ ਉਹ ਬਹਾਦਰ ਯੋਧੇ ਅਤੇ ਸੱਚੇ ਦੇਸ਼ ਭਗਤ ਸਾਬਤ ਹੋਏ।

ਸੋ, ਖਾਲਸੇ ਦੀ ਸਾਜਣਾ ਤੋਂ ਬਾਅਦ ਸਿੱਖ ਧਰਮ ਨੇ ਇਕ ਤਿੱਖਾ ਮੋੜ ਕੱਟਿਆ ਅਤੇ ਭਾਰਤ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਘਟਨਾ ਨੇ ਸਿੱਖਾਂ ਵਿਚ ਸ੍ਵੈਮਾਨਤਾ, ਬੀਰ-ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ ਪੈਦਾ ਕੀਤਾ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਭਰ ਕੇ ਨਵ-ਜੀਵਨ ਬਖ਼ਸ਼ਿਆ, ਸਹੀ ਜੀਵਨ-ਜਾਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਫਿਰ ਜਦੋਂ ਖਾਲਸਾ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰਿਆ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਇਸ ਤਰ੍ਹਾਂ ਇਕ ਉਦਮੀ, ਉਤਸ਼ਾਹੀ, ਸਿਦਕੀ ਅਤੇ ਆਤਮ-ਵਿਸ਼ਵਾਸੀ ਕੌਮ ਦਾ ਜਾਹੋ-ਜਲਾਲ ਸਾਰੇ ਜਗਤ ਵਿਚ ਫੈਲ ਗਿਆ। ਖਾਲਸੇ ਦੀ ਸਥਾਪਨਾ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ, ਅੰਗਰੇਜ਼ ਇਤਿਹਾਸਕ ਜੋਸਫ ਡੇਵੀ ਕਨਿੰਘਮ ਲਿਖਦਾ ਹੈ, "ਗੁਰੂ ਗੋਬਿੰਦ ਸਿੰਘ ਦੀ ਮੋਹਰ ਛਾਪ ਨੇ ਨਾ ਕੇਵਲ ਸਿੱਖਾਂ ਦੀ ਮਾਨਸਕ ਬਣਤਰ ਵਿਚ ਉਸਾਰੂ ਪਰਿਵਰਤਨ ਲਿਆਂਦਾ ਹੈ ਸਗੋਂ ਵਾਸਤਵਿਕ ਤੌਰ 'ਤੇ ਸਰੀਰਕ ਢਾਂਚਿਆਂ ਵਿਚ ਵੀ ਬੜਾ ਵਾਧਾ ਕੀਤਾ ਹੈ। ਸਮੁੱਚੀ ਕੌਮ ਦੇ ਨੈਣ-ਨਕਸ਼ ਅਤੇ ਦ੍ਰਿਸ਼ਟਮਾਨ ਰੰਗ-ਰੂਪ ਹੀ ਸੁਧਾਰ ਦਿੱਤਾ ਗਿਆ ਹੈ।" ਖਾਲਸੇ ਦੀ ਸੂਰਮਗਤੀ ਤੇ ਹਿੰਮਤ ਦੀ ਗੱਲ ਕਰਦਿਆਂ ਕਨਿੰਘਮ ਲਿਖਦਾ ਹੈ, "ਸਿੱਖ, ਸ਼ੇਰ ਦੀ ਗਾਰ ਵਿਚ ਜਾ ਕੇ ਉਸ ਨੂੰ ਲਲਕਾਰਨ ਦੀ ਸ਼ਕਤੀ ਤੇ ਹਿੰਮਤ ਰੱਖਦੇ ਹਨ।" ਗੱਲ ਕੀ, "ਖਾਲਸੇ ਦੀ ਸਥਾਪਨਾ ਦੇਸ਼ ਦੇ ਧਾਰਮਕ ਅਤੇ ਰਾਜਨੀਤਕ ਇਤਿਹਾਸ ਵਿਚ ਇਕ ਯੁੱਗ-ਪਲਟਾਊ ਘਟਨਾ ਸੀ।" ਡਾ. ਹਰੀ ਰਾਮ ਗੁਪਤਾ ਅਤੇ ਪ੍ਰੋ. ਹਰਬੰਸ ਸਿੰਘ ਦੇ ਕਥਨ ਅਨੁਸਾਰ, "ਇਹ ਇਤਿਹਾਸ ਦਾ ਇਕ ਉੱਤਮ ਫਲਦਾਇਕ ਕਾਰਨਾਮਾ ਸੀ, ਜੋ ਲੋਕਾਂ ਦੇ ਮਨਾਂ ਵਿਚ ਕ੍ਰਾਂਤੀਕਾਰੀ ਪਰਿਵਰਤਨ ਲੈ ਆਇਆ।" ਇਸ ਤਰ੍ਹਾਂ ਖਾਲਸੇ ਦੀ ਸਥਾਪਨਾ ਨਾਲ ਭਾਰਤ ਦੇ ਇਤਿਹਾਸ ਉੱਤੇ ਡੂੰਘੇ ਤੇ ਚਿਰ-ਸਥਾਈ ਪ੍ਰਭਾਵ ਪਏ। ਇਸ ਉੱਤਮ ਕਾਰਜ ਨਾਲ ਗੁਰੂ ਸਾਹਿਬ ਨੇ ਸਾਰੇ ਭਾਰਤ ਦੀ ਨਵੀਂ ਤਕਦੀਰ ਤੇ ਨਵੀਂ ਨੁਹਾਰ ਉਲੀਕ ਦਿੱਤੀ।

ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਖਾਲਸੇ ਦੀ ਸਾਜਣਾ ਇਕ ਮਹਾਨ

www.sikhbookclub.com

ਇਨਕਲਾਬ ਸੀ। ਵੈਸੇ ਤਾਂ ਸਿੱਖ ਧਰਮ ਹੀ ਇਕ ਸੰਪੂਰਨ ਅਤੇ ਨਿਰੰਤਰ ਇਨਕਲਾਬ ਹੈ। ਜਿਨ੍ਹਾਂ ਬੰਦਿਆਂ ਨੇ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ ਉਨ੍ਹਾਂ ਨੂੰ ਪਤਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ, ਅੱਜ ਖਾਲਸੇ ਦੀ ਤੀਜੀ ਸ਼ਤਾਬਦੀ ਪੂਰੀ ਹੋਣ 'ਤੇ ਸਿੱਖ ਸਮਾਜ ਵਿਚ ਨਵੀਆਂ ਪ੍ਰਸਥਿਤੀਆਂ ਨਾਲ ਸੰਘਰਸ਼ ਕਰਨ ਲਈ ਸਮੇਂ ਸਿਰ ਨਵੀਆਂ ਇਨਕਲਾਬੀ ਲਹਿਰਾਂ ਉਠਦੀਆਂ ਰਹੀਆਂ ਹਨ ਅਤੇ ਉਠਦੀਆਂ ਰਹਿਣਗੀਆਂ ਪਰ ਇਨਕਲਾਬ ਦਾ ਜੋ ਤੂਫ਼ਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੇਲੇ ਝੁੱਲਿਆ ਉਹ ਆਪਣੀ ਮਿਸਾਲ ਆਪ ਹੈ। ਖਾਲਸੇ ਦੇ ਤੇਜ਼ ਤੂਫ਼ਾਨ ਸਾਹਮਣੇ ਮੁਗ਼ਲ ਹਕੂਮਤ ਰੂਪੀ ਮਹਿਲ ਦੇ ਕਿੰਗਰੇ ਵੀ ਕੰਬਣ ਲੱਗ ਗਏ ਸਨ।

ਮੁਗ਼ਲਾਂ ਦੇ ਜ਼ੁਲਮ ਤੇ ਧੱਕੇਸ਼ਾਹੀ ਵਿਰੁੱਧ ਉਠੇ ਇਸ ਇਨਕਲਾਬੀ ਤੂਫ਼ਾਨ ਨੂੰ ਉਹੀਓ ਲੋਕ ਸਮਝ ਸਕਦੇ ਹਨ ਜਿਹੜੇ ਖਾਲਸੇ ਦੇ ਇਤਿਹਾਸ ਨੂੰ ਪੜ੍ਹਦਿਆਂ ਇਸ ਦੇ ਪਾਤਰਾਂ ਨੂੰ ਜਿਊਂਦਿਆਂ ਤੇ ਮਰਦਿਆਂ ਵੇਖਦੇ ਹਨ ਅਤੇ ਨਾਲ ਹੀ ਆਪ ਵੀ ਇਸੇ ਤਰ੍ਹਾਂ ਜਿਊਂਦੇ ਮਰਦੇ ਰਹਿੰਦੇ ਹਨ।

ਲੜਾਈਆਂ ਦਾ ਦੌਰ ਮੁੜ ਸ਼ੁਰੂ

ਖਾਲਸੇ ਦੀ ਸਥਾਪਨਾ ਤੋਂ ਲਗਭਗ ਦੋ ਵਰ੍ਹਿਆਂ ਬਾਅਦ ਪਹਾੜੀ ਰਾਜਿਆਂ ਦੀ 'ਬਾਸੀ ਕੜ੍ਹੀ ਵਿਚ ਫਿਰ ਉਬਾਲ ਆਇਆ।' ਰਾਜਾ ਭੀਮ ਚੰਦ ਅਤੇ ਕੁਝ ਹੋਰ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ 1701 ਈ. ਵਿਚ ਅਨੰਦਪੁਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਇਤਿਹਾਸ ਵਿਚ ਇਸ ਨੂੰ 'ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਹਾੜੀ ਰਾਜਿਆਂ ਨੂੰ ਜਦੋਂ ਸਫਲਤਾ ਦੀ ਕੋਈ ਆਸ ਨਾ ਰਹੀ ਤਾਂ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਸਮਝੌਤਾ ਕਰ ਲਿਆ। ਗੁਰੂ ਸਾਹਿਬ ਅਨੰਦਪੁਰ ਸਾਹਿਬ ਨੂੰ ਛੱਡ ਕੇ ਕੀਰਤਪੁਰ ਦੇ ਨੇੜੇ ਸਥਿਤ ਨਿਰਮੋਹ ਨਾਮੀ ਪਿੰਡ ਵਿਖੇ ਚਲੇ ਗਏ।

ਗੁਰੂ ਸਾਹਿਬ ਦੇ ਨਿਰਮੋਹ ਵਿਖੇ ਕਿਆਮ ਦੌਰਾਨ, 1702 ਈ, ਦੇ ਸ਼ੁਰੂ ਵਿਚ ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਹੱਲਾ ਬੋਲ ਦਿੱਤਾ। ਇਕ ਦਿਨ ਤੇ ਇਕ ਰਾਤ ਦੀ ਲੜਾਈ ਪਿੱਛੋਂ ਦੁਸ਼ਮਣਾਂ ਦੀਆਂ ਫ਼ੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਇਥੋਂ ਗੁਰੂ ਸਾਹਿਬ ਸਤਲੁਜ ਨਦੀ ਪਾਰ ਕਰ ਕੇ ਬਸੋਲੀ ਵਿਖੇ ਚਲੇ ਗਏ। ਭੀਮ ਚੰਦ ਦੀ ਸੈਨਾ ਨੇ ਗੁਰੂ ਸਾਹਿਬ ਦਾ ਪਿੱਛਾ ਕੀਤਾ ਅਤੇ ਬਸੋਲੀ ਵਿਖੇ ਲੜੀ ਗਈ ਜੰਗ ਵਿਚ ਵੀ ਭੀਮ ਚੰਦ ਦੀ ਸੈਨਾ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸ ਜਿੱਤ ਤੋਂ ਬਾਅਦ ਸਿੰਘ ਕਲਮੋਟ ਦੇ ਕਿਲ੍ਹੇ ਨੂੰ ਫ਼ਤਹਿ ਕਰਕੇ ਅਨੰਦਪੁਰ ਸਾਹਿਬ ਦੇ ਨੇੜੇ ਪਹੁੰਚ ਗਏ। 1702 ਈ. ਦੇ ਮੱਧ ਵਿਚ ਗੁਰੂ ਸਾਹਿਬ ਫਿਰ ਅਨੰਦਪੁਰ ਸਾਹਿਬ ਵਿਖੇ ਆ ਗਏ।

1704 ਈ. ਵਿਚ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਲੜੀ ਗਈ। ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਅਨੰਦਪੁਰ ਸਾਹਿਬ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ ਅਤੇ ਲੰਮੇ ਅਰਸੇ ਤਕ ਹਾਰ-ਜਿੱਤ ਦਾ ਕੋਈ ਫੈਸਲਾ ਨਾ ਹੋ ਸਕਿਆ। ਅੰਤ 21 ਦਸੰਬਰ, 1704 ਦੀ ਰਾਤ ਨੂੰ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਅਤੇ ਲਗਭਗ 1500 ਸਿੰਘਾਂ ਸਮੇਤ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੱਡ ਦਿੱਤਾ। ਦੁਸ਼ਮਣਾਂ ਨੇ ਗੁਰੂ ਸਾਹਿਬ ਦਾ ਪਿੱਛਾ ਕੀਤਾ ਅਤੇ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਹੋਇਆ। ਉਸ ਸਮੇਂ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਨਦੀ ਪਾਰ ਕਰਨ ਸਮੇਂ, ਹਫੜਾ-ਦਫੜੀ ਦੇ ਮਾਹੌਲ ਸਮੇਂ ਬਹੁਤ ਸਾਰੇ ਸਿੰਘ ਅਤੇ ਗੁਰੂ ਸਾਹਿਬ ਦੇ ਪਰਿਵਾਰ ਦੇ ਜੀਅ ਵਹੀਰ ਨਾਲੋਂ

www.sikhbookclub.com

ਨਿੱਖੜ ਗਏ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਦੇ ਕੋਤਵਾਲ ਨੇ ਗ੍ਰਿਫ਼ਤਾਰ ਕਰ ਕੇ ਮਿਤੀ 23 ਦਸੰਬਰ, 1704 ਈ. ਨੂੰ ਸਰਹੰਦ ਦੇ ਫ਼ੌਜਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ, ਜਿਸ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਮਿਤੀ 27 ਦਸੰਬਰ, 1704 ਈ. ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਅਤੇ ਬਾਅਦ ਵਿਚ ਜ਼ਿਬਹਾ ਕਰ ਕੇ ਸ਼ਹੀਦ ਕਰ ਦਿੱਤਾ।

ਉਧਰ ਗੁਰੂ ਸਾਹਿਬ, ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਸੰਗ ਚਮਕੌਰ ਸਾਹਿਬ ਵਿਖੇ ਪਹੁੰਚ ਗਏ ਅਤੇ ਤੁਰੰਤ ਉੱਚੀ ਥਾਂ 'ਤੇ ਸਥਿਤ ਇਕ ਕੱਚੀ ਗੜ੍ਹੀ ਵਿਚ ਮੋਰਚੇ ਸੰਭਾਲ ਲਏ। ਇਥੇ ਦੁਨੀਆਂ ਦੇ ਇਤਿਹਾਸ ਦੀ ਬੇਜੋੜ ਤੇ ਅਸਾਵੀਂ ਲੜਾਈ ਲੜੀ ਗਈ। ਸਿੰਘਾਂ ਨੇ ਅਦਭੁਤ ਦਲੇਰੀ ਅਤੇ ਬਹਾਦਰੀ ਨਾਲ ਮੁਕਾਬਲਾ ਕੀਤਾ। "ਗੁਰੂ ਗੋਬਿੰਦ ਸਿੰਘ ਜੀ ਆਪ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਨੇ ਆਪਣੇ ਹੱਥੀਂ ਸ਼ਾਹੀ ਸੈਨਾ ਦੇ ਸੈਨਾਪਤੀ ਨਾਹਰ ਖ਼ਾਂ ਨੂੰ ਮਾਰ ਦਿੱਤਾ ਅਤੇ ਇਕ ਹੋਰ ਸੈਨਾ-ਨਾਇਕ ਖ਼ਵਾਜਾ ਮੁਹੰਮਦ ਨੂੰ ਜ਼ਖ਼ਮੀ ਕਰ ਦਿੱਤਾ। ਇਹ ਇਕ ਮੁੱਠੀ-ਭਰ ਆਦਮੀਆਂ ਦਾ ਅਤਿ ਵਿਸ਼ਾਲ ਸੈਨਾ ਨਾਲ ਯੁੱਧ ਸੀ।" (ਮੁਹੰਮਦ ਲਤੀਫ਼) ਪੰਜ ਪਿਆਰਿਆਂ ਦੇ ਹੁਕਮ ਨੂੰ ਮੰਨਦੇ ਹੋਏ ਗੁਰੂ ਸਾਹਿਬ 22 ਦਸੰਬਰ, 1704 ਦੀ ਰਾਤ ਨੂੰ ਮੁਗ਼ਲ ਸੈਨਾ ਦੇ ਭੀੜੇ ਘੇਰੇ ਨੂੰ ਚੀਰ ਕੇ, ਗੜ੍ਹੀ 'ਚੋਂ ਸਹੀ ਸਲਾਮਤ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਗੁਰੂ ਸਾਹਿਬ ਚਮਕੌਰ ਸਾਹਿਬ ਤੋਂ ਮਾਛੀਵਾੜਾ ਹੁੰਦੇ ਹੋਏ 'ਆਲਮਗੀਰ' ਨਾਮੀ ਸੁਰੱਖਿਅਤ ਥਾਂ 'ਤੇ ਪਹੁੰਚੇ। ਫਿਰ ਕਈ ਥਾਵਾਂ ਤੋਂ ਹੁੰਦੇ ਹੋਏ ਪਿੰਡ ਦੀਨਾ ਪਹੁੰਚੇ। ਇਸ ਸਥਾਨ 'ਤੇ ਉਨ੍ਹਾਂ ਨੇ ਔਰੰਗਜ਼ੇਬ ਦੇ ਨਾਂ ਫਾਰਸੀ ਸ਼ੇਅਰਾਂ ਵਿਚ ਇਕ ਪੱਤਰ ਲਿਖਿਆ, ਜੋ 'ਜ਼ਫ਼ਰਨਾਮਾ' ਦੇ ਨਾਂ ਨਾਲ ਪ੍ਰਸਿੱਧ ਹੈ। ਸਮੇਂ ਦੇ ਸ਼ਕਤੀਸ਼ਾਲੀ ਮੁਗ਼ਲ ਸਮਰਾਟ ਨੂੰ ਠੋਕਵੀਂ ਜ਼ਬਾਨ ਵਿਚ ਖ਼ਤ ਲਿਖਣਾ, ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ-ਬੋਲਦੀ ਤਸਵੀਰ ਪੇਸ਼ ਕਰਦਾ ਹੈ।

ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਅਰਥਾਤ ਵਿਜੈ ਪੱਤਰ ਲਿਖਿਆ। ਇਹ ਪੱਤਰ ਮੁਗ਼ਲ ਸਮਰਾਟ ਤਕ ਅੱਪੜਦਾ ਕਰਨ ਲਈ ਭਾਈ ਦਇਆ ਸਿੰਘ ਨੂੰ ਦੱਖਣੀ ਭਾਰਤ ਭੇਜਿਆ ਗਿਆ। ਇਸ ਇਤਿਹਾਸਕ ਪੱਤਰ ਵਿਚ ਗੁਰੂ ਸਾਹਿਬ ਨੇ ਮੁਗ਼ਲ ਸਰਕਾਰ ਦੀ ਅਨਿਆਂ-ਪੂਰਨ ਨੀਤੀ ਵਿਰੁੱਧ ਸ਼ਸਤਰ ਚੁੱਕਣ ਨੂੰ ਜਾਇਜ਼ ਕਰਾਰ ਦਿੱਤਾ ਹੈ।

ਪਿੰਡ ਦੀਨਾ ਵਿਖੇ ਆਪਣੇ ਕਿਆਮ ਦੌਰਾਨ ਜਦੋਂ ਗੁਰੂ ਸਾਹਿਬ ਨੂੰ ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਂ ਦੀ ਉਨ੍ਹਾਂ ਵਿਰੁੱਧ ਜੰਗੀ ਤਿਆਰੀ ਦੀ ਸੂਹ ਮਿਲੀ ਤਾਂ ਉਨ੍ਹਾਂ ਨੇ ਲੱਖੀ ਜੰਗਲ ਵਿਚ ਖਿਦਰਾਣਾ ਦੀ ਢਾਬ ਨਾਮੀ ਸਥਾਨ 'ਤੇ ਡੇਰੇ ਲਾਏ। 'ਬੇਦਾਵਾ' ਲਿਖ ਕੇ ਦੇਣ ਵਾਲੇ ਚਾਲ੍ਹੀ ਸਿੰਘ ਵੀ ਉਥੇ ਪਹੁੰਚ ਗਏ। ਵਜ਼ੀਰ ਖ਼ਾਂ ਦੀ ਵਿਸ਼ਾਲ ਸੈਨਾ ਨਾਲ ਘਮਸਾਨ ਦਾ ਯੁੱਧ ਹੋਇਆ ਅਤੇ ਗੁਰੂ ਸਾਹਿਬ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ। ਖਿਦਰਾਣਾ ਦੀ ਜਿੱਤ (1705 ਈ.) ਪਿੱਛੋਂ ਗੁਰੂ ਸਾਹਿਬ ਕਈ ਥਾਵਾਂ ਤੋਂ ਹੁੰਦੇ ਹੋਏ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਪਹੁੰਚੇ ਅਤੇ ਲਗਭਗ ਨੌਂ ਮਹੀਨੇ ਇਸ ਸਥਾਨ 'ਤੇ ਰਹੇ। ਇਸ ਅਰਸੇ ਦੌਰਾਨ ਗੁਰੂ ਸਾਹਿਬ ਦਾ ਪੱਤਰ ਔਰੰਗਜ਼ੇਬ ਦੇ ਹੱਥਾਂ ਤਕ ਪਹੁੰਚ ਜਾਂਦਾ ਹੈ। 'ਜ਼ਫ਼ਰਨਾਮਾ' ਪੜ੍ਹ ਕੇ ਔਰੰਗਜ਼ੇਬ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ ਅਤੇ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਬੁਲਾਵਾ ਭੇਜਿਆ। ਗੁਰੂ ਸਾਹਿਬ 30 ਅਕਤੂਬਰ 1706 ਨੂੰ ਤਲਵੰਡੀ ਸਾਬੋ ਤੋਂ ਦੱਖਣ ਵੱਲ ਚੱਲ ਪਏ, ਪਰ ਗੁਰੂ ਸਾਹਿਬ ਹਾਲੇ ਰਸਤੇ ਵਿਚ ਹੀ ਸਨ ਕਿ ਔਰੰਗਜ਼ੇਬ ਦੀ ਮਿਤੀ 24 ਫ਼ਰਵਰੀ, 1707 ਨੂੰ ਮੌਤ ਹੋ ਗਈ।

www.sikhbookclub.com

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰਾਂ ਵਿਚ ਤਖ਼ਤ ਲਈ ਜੰਗ ਛਿੜ ਗਈ। 8 ਜੂਨ, 1707 ਨੂੰ ਆਗਰੇ ਨੇੜੇ ਲੜੀ ਗਈ ਜਾਜੋ ਦੀ ਲੜਾਈ ਵਿਚ ਗੁਰੂ ਸਾਹਿਬ ਨੇ ਸ਼ਹਿਜ਼ਾਦਾ ਮੁਅੱਜ਼ਮ ਦੀ ਮਦਦ ਕੀਤੀ। ਮੁਅੱਜ਼ਮ ਦੀ ਜਿੱਤ ਹੋਈ ਅਤੇ ਉਹ ਬਹਾਦਰ ਸ਼ਾਹ ਦੇ ਨਾਂ ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨੂੰ ਕਈ ਕੀਮਤੀ ਤੋਹਫ਼ੇ ਭੇਟਾ ਕੀਤੇ ਅਤੇ ਗੁਰੂ ਸਾਹਿਬ ਕੁਝ ਦਿਨ ਲਈ ਸ਼ਾਹੀ ਮਹਿਮਾਨ ਦੇ ਤੌਰ 'ਤੇ ਆਗਰੇ ਦੇ ਕਿਲ੍ਹੇ ਵਿਚ ਠਹਿਰੇ। ਬਾਦਸ਼ਾਹ ਨਾਲ ਦੱਖਣ ਵੱਲ ਇਕ ਮੁਹਿੰਮ 'ਤੇ ਜਾਂਦੇ ਹੋਏ ਗੁਰੂ ਸਾਹਿਬ ਨੰਦੇੜ ਦੀ ਧਰਤੀ 'ਤੇ ਹੋ ਗਏ। ਇਤਿਹਾਸ ਦੇ ਇਸ ਨਾਜ਼ੁਕ ਤੇ ਕਾਲੇ ਦੌਰ ਵਿਚ ਸਿੱਖ ਕੌਮ ਦੀ ਰਹਿਨੁਮਾਈ ਕਰਨ ਲਈ ਗੁਰੂ ਸਾਹਿਬ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕੀਤੀ। ਇਲਾਹੀ ਸ਼ਕਤੀ ਦੇ ਸਰੋਤ ਗੁਰੂ ਦੇਵ ਪਿਤਾ ਤੋਂ ਸ਼ਕਤੀ ਪ੍ਰਾਪਤ ਕਰ 38 ਸਾਲਾ ਬੰਦਾ ਸਿੰਘ ਬਹਾਦਰ, ਨਿਰਾ ਤਾਕਤ ਦਾ ਪਹਾੜ, ਨਾਂਦੇੜ (ਦੱਖਣ) ਤੋਂ ਹਨ੍ਹੇਰੀ ਵਾਂਗ ਪੰਜਾਬ ਵੱਲ ਵਧਣ ਲੱਗਾ। ਜਿੱਤਾਂ ਦੇ ਇਕ ਲੰਮੇ ਸਿਲਸਿਲੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਮੁੱਖ ਨਿਸ਼ਾਨੇ, ਸਰਹਿੰਦ ਵੱਲ ਵਾਗਾਂ ਮੋੜੀਆਂ। ਉਧਰ ਸਿੱਖ ਜਗਤ ਵੀ 'ਪੱਬਾਂ ਪਾਰ ਹੋ ਕੇ' ਵਕਤ ਦਾ ਇੰਤਜ਼ਾਰ ਕਰ ਰਿਹਾ ਸੀ। ਅੰਤ ਉਹ ਘੜੀ ਆਣ ਪਹੁੰਚੀ ਜਦੋਂ 12 ਮਈ 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫ਼ੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿਚ ਸਰ੍ਹਿੰਦ ਦਾ ਫ਼ੌਜਦਾਰ ਵਜ਼ੀਰ ਖਾਂ ਮਾਰਿਆ ਗਿਆ। 14 ਮਈ 1710 ਈ. ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹੰਦ ਵਿਚ ਦਾਖ਼ਲ ਹੋਏ।

ਇਸ ਜਿੱਤ ਨਾਲ ਸਿੰਘਾਂ ਦੇ ਹੌਂਸਲੇ ਬੁਲੰਦ ਹੋ ਗਏ ਅਤੇ ਹੁਣ ਉਨ੍ਹਾਂ ਵਿਚ ਆਤਮ-ਵਿਸ਼ਵਾਸ ਪੈਦਾ ਹੋ ਚੁੱਕਾ ਸੀ ਕਿ ਉਹ ਮੁਗ਼ਲਾਂ ਦੇ ਜ਼ੁਲਮ ਨੂੰ ਖ਼ਤਮ ਕਰ ਸਕਦੇ ਹਨ। ਇਸ ਤਰ੍ਹਾਂ ਸਿੱਖਾਂ ਦੀ ਚੜ੍ਹਤ ਹੋਣ ਲੱਗੀ। ਇਸੇ ਚੜ੍ਹਤ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਨੇ ਹੋਰ ਜਿੱਤਾਂ ਪ੍ਰਾਪਤ ਕਰ ਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ ਅਤੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਉੱਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਸਿੱਖ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵਾਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ। ਫਿਰ ਇਕ ਸਮਾਂ ਆਇਆ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਪ੍ਰਾਪਤ ਇਸ ਛੋਟੀ ਜਿਹੀ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਇਕ ਵਿਸ਼ਾਲ ਸਲਤਨਤ ਦਾ ਰੂਪ ਧਾਰਨ ਕਰ ਲਿਆ।

ਇੰਜ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਆਰੰਭੀ ਸਿੱਖ ਕੌਮ ਵਿਕਸਤ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਆਪਣੇ ਸਿਖਰ 'ਤੇ ਪੁੱਜੀ। ਇਹ ਸਭ ਕੁਝ ਕ੍ਰਾਂਤੀਕਾਰੀ ਯੁੱਗ ਪੁਰਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਮੁਗ਼ਲਾਂ ਵਿਰੁੱਧ ਵਿੱਢੀ ਇਨਕਲਾਬੀ ਲਹਿਰ ਦਾ ਹੀ ਸਿੱਟਾ ਸੀ ਕਿ ਖਾਲਸੇ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗ਼ਲਾਂ 'ਤੇ ਫ਼ਤਹਿ ਹਾਸਲ ਕਰ ਕੇ ਗਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ ਅਤੇ ਮੁਗ਼ਲਾਂ ਦੀ ਜ਼ੁਲਮੋ-ਜਬਰ ਨਾਲ ਨੱਕੋ-ਨੱਕ ਭਰੀ ਸਲਤਨਤ ਨੂੰ ਢਹਿ-ਢੇਰੀ ਕਰਨ ਦੀ ਇਨਕਲਾਬੀ ਸ਼ੁਰੂਆਤ ਕੀਤੀ। ਸੱਚਮੁਚ ਹੀ :

ਸ਼ਕਲ ਸੂਰਤ ਹੋਰ ਹੀ, ਹੋਣੀ ਸੀ ਅੱਜ ਹਿੰਦ ਦੀ,
ਗਰਜਦੀ ਨਾ ਜੇ ਕਿਤੇ, ਤਲਵਾਰ ਗੁਰੂ ਗੋਬਿੰਦ ਦੀ।

(1/2000)

www.sikhbookclub.com

ਖਿਦਰਾਣੇ ਦੀ ਢਾਬ ਤੋਂ ਮੁਕਤਸਰ ਸਾਹਿਬ

ਮੁਕਤਸਰ ਸਾਹਿਬ ਇਕ ਪ੍ਰਸਿੱਧ ਨਗਰ ਹੈ। ਇਸ ਅਸਥਾਨ ਦਾ ਪਹਿਲਾ ਨਾਂ ਖਿਦਰਾਣੇ ਦੀ ਢਾਬ ਜਾਂ ਤਾਲ ਖਿਦਰਾਣਾ ਸੀ। ਇਸ ਅਸਥਾਨ 'ਤੇ ਵਰਖਾ ਦਾ ਪਾਣੀ ਚਾਰ ਪਾਸਿਆਂ ਤੋਂ ਆ ਕੇ ਇਕੱਤਰ ਹੋ ਜਾਂਦਾ, ਜੋ ਸਾਲ ਭਰ ਦੂਰ-ਦੁਰਾਡੇ ਤਕ ਲੋਕਾਂ ਦੀ ਪਾਣੀ ਦੀ ਮੰਗ ਨੂੰ ਪੂਰਿਆਂ ਕਰਦਾ। ਇਲਾਕਾ ਰੇਤਲਾ ਸੀ ਤੇ ਹੋਰ ਕਿਧਰੇ ਨੇੜੇ-ਤੇੜੇ ਪਾਣੀ ਦੇ ਭੰਡਾਰ ਨਹੀਂ ਸਨ। ਇਸ ਕਰਕੇ ਖਿਦਰਾਣੇ ਦੀ ਢਾਬ ਜਾਂ ਤਾਲ ਪਾਣੀ ਦੀ ਮਹੱਤਤਾ ਕਰਕੇ ਪਹਿਲਾਂ ਹੀ ਕਾਫ਼ੀ ਇਲਾਕੇ ਵਿਚ ਜਾਣਿਆ-ਪਛਾਣਿਆ ਥਾਂ ਸੀ ਤੇ ਫਿਰ ਇਸ ਅਸਥਾਨ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੁਹ ਪ੍ਰਾਪਤ ਹੋਣ ਤੇ ਦਸਮੇਸ਼ ਪਿਆਰੇ ਗੁਰਸਿੱਖਾਂ ਦੇ ਪਵਿੱਤਰ ਖ਼ੂਨ ਨਾਲ ਇਹ ਧਰਤੀ ਹਮੇਸ਼ਾਂ-ਹਮੇਸ਼ਾਂ ਲਈ ਪਾਵਨ ਹੋ ਮੁਕਤਸਰ ਸਾਹਿਬ ਅਖਵਾਈ। ਹੁਣ ਲੋਕ ਇਸ ਪਾਵਨ ਧਰਤੀ ਤੇ ਪਾਵਨ ਸਰੋਵਰ ਦੇ ਦਰਸ਼ਨ ਇਸ਼ਨਾਨ ਕਰ ਜੀਵਨ ਸਫਲ ਕਰਦੇ ਹਨ। ਖਿਦਰਾਣੇ ਦੀ ਢਾਬ ਜਾਂ ਤਾਲ ਮੁਕਤਸਰ ਸਾਹਿਬ ਕਿਵੇਂ ਬਣੀ ? ਇਤਿਹਾਸਕ ਵਾਕਿਆ ਇਉਂ ਹੈ—

1701 ਈ. ਤਕ ਪਹਾੜੀ ਰਾਜਿਆਂ ਨੂੰ ਬਹੁਤ ਸਾਰੇ ਯੁੱਧਾਂ ਵਿਚ ਹਾਰ ਦਾ ਮੂੰਹ ਵੇਖਣਾ ਪਿਆ ਸੀ। ਦਸਮੇਸ਼ ਪਿਤਾ ਦੀਆਂ ਲਾਡਲੀਆਂ ਫ਼ੌਜਾਂ ਦੀ ਤਾਕਤ ਤੋਂ ਉਹ ਭਲੀ-ਭਾਂਤ ਜਾਣੂ ਸਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾਂ ਆਖਰੀ ਵਾਰ ਦੋ ਹੱਥ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਤੋਂ ਫ਼ੌਜੀ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਆਪ ਤਾਂ ਉਸ ਸਮੇਂ ਦੱਖਣ ਦੀ ਮੁਹਿੰਮ 'ਤੇ ਸੀ ਪਰ ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਸਰਹਿੰਦ-ਲਾਹੌਰ ਦੇ ਸੂਬੇਦਾਰਾਂ ਨੂੰ ਹੁਕਮ ਜਾਰੀ ਕੀਤੇ। ਇਸ ਤਰ੍ਹਾਂ ਸਰਹਿੰਦ-ਲਾਹੌਰ ਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਨੇ ਮਿਲ ਕੇ ਅਨੰਦਪੁਰ ਸਾਹਿਬ ਨੂੰ ਚੁਫੇਰੇ ਤੋਂ ਘੇਰਾ ਪਾ ਲਿਆ। ਕਿਉਂਕਿ ਦਸਮੇਸ਼ ਪਿਤਾ ਦੇ ਬਹਾਦਰ ਸਿੰਘਾਂ ਨੇ ਪਹਿਲਾਂ ਕਈ ਵਾਰ ਮੈਦਾਨੇ-ਜੰਗ ਵਿਚ ਪਹਾੜੀ ਰਾਜਿਆਂ ਦੀਆਂ ਦੌੜਾਂ ਲਗਾਈਆਂ ਸਨ, ਉਨ੍ਹਾਂ ਆਹਮੋ-ਸਾਹਮਣੀ ਲੜਾਈ ਨਾਲੋਂ ਘੇਰਾਬੰਦੀ 'ਤੇ ਜ਼ਿਆਦਾ ਜ਼ੋਰ ਦਿੱਤਾ।

1704 ਈ. ਗਰਮੀ ਦੇ ਮਹੀਨਿਆਂ ਵਿਚ ਬਾਰਸ਼ਾਂ ਨਾਲ ਦੁਸ਼ਮਣ ਫ਼ੌਜਾਂ ਦਾ ਬੁਰਾ ਹਾਲ ਹੋਣ ਲੱਗਾ। ਸਮੇਂ-ਸਮੇਂ ਖਾਲਸਾ ਫ਼ੌਜਾਂ ਹਮਲਾ ਕਰਕੇ ਦੁਸ਼ਮਣਾਂ ਦਾ ਜਾਨੀ ਨੁਕਸਾਨ ਕਰਦੇ ਹੋਏ ਰਸਦਾਂ 'ਤੇ ਕਾਬਜ਼ ਹੋ ਜਾਂਦੀਆਂ। ਖਾਲਸਾ ਫ਼ੌਜ ਦੇ ਅਚਾਨਕ ਹਮਲਿਆਂ ਕਰਕੇ ਦੁਸ਼ਮਣਾਂ ਦੇ ਦਿਲ ਦਹਿਲ ਚੁੱਕੇ ਸਨ। ਦੁਸ਼ਮਣ ਫ਼ੌਜ ਨੂੰ ਆਪਣੀ ਬਹੁ-ਗਿਣਤੀ 'ਤੇ ਮਾਣ ਸੀ। ਵਜ਼ੀਰ ਖਾਂ ਦੇ ਹੁਕਮ ਨਾਲ ਘੇਰਾਬੰਦੀ ਹੋਰ ਸਖ਼ਤ ਕਰ ਦਿੱਤੀ ਗਈ। ਘੇਰਾ ਲੰਮੇਰਾ ਤੇ ਸਖ਼ਤ ਹੋਣ ਕਰਕੇ ਤੇ ਨਿੱਤ ਦੀ ਲੜਾਈ ਨਾਲ ਖਾਲਸਾ ਫ਼ੌਜਾਂ ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਅਨਾਜ-ਪਾਣੀ ਦੇ ਭੰਡਾਰੇ ਖ਼ਤਮ ਹੋਣ ਨੂੰ ਆ ਗਏ। ਪਸ਼ੂਆਂ ਲਈ ਚਾਰੇ ਦੀ ਭਾਰੀ ਕਿੱਲਤ ਆ ਗਈ। ਬਹੁਤ ਸਾਰੇ

www.sikhbookclub.com

ਬਹਾਦਰ ਸਿੰਘ ਤੇ ਪਾਲਤੂ ਪਸ਼ੂ ਭੁੱਖ ਦੀ ਭੇਟ ਚੜ੍ਹ ਗਏ। ਸਿਦਕੀ ਸਿੰਘਾਂ ਦੀ ਸਿਦਕ-ਸਬੂਰੀ ਦੀ ਪਰਖ ਹੋ ਰਹੀ ਸੀ। ਦੁਸ਼ਮਣ ਦੇ ਵਾਰ-ਵਾਰ ਢੰਡੋਰਾ ਦੇਣ 'ਤੇ ਵੀ ਜੇਕਰ ਕੋਈ ਖ਼ਾਲੀ ਹੱਥ ਜਾਣਾ ਚਾਹੇ ਤਾਂ ਉਸ ਨੂੰ ਜਾਣ ਦਿੱਤਾ ਜਾਵੇਗਾ, ਕੋਈ ਵੀ ਸਿੰਘ ਸਿਦਕ ਤੋਂ ਨਹੀਂ ਡੋਲਿਆ।

ਗੁਰੂ ਜੀ ਨੇ ਪੰਚ-ਪ੍ਰਧਾਨੀ ਸਿਧਾਂਤ ਨੂੰ ਸਥਾਪਤ ਕਰ, ਖਾਲਸੇ ਵਿਚ ਐਸਾ ਕਮਾਲ ਦਾ ਆਤਮ ਵਿਸ਼ਵਾਸ, ਐਸਾ ਵਿਸਮਾਦੀ ਹੌਂਸਲਾ ਤੇ ਸਾਹਸ ਭਰ ਦਿੱਤਾ ਸੀ ਕਿ ਖਾਲਸਾ ਸਮੇਂ-ਸਮੇਂ ਗੁਰੂ ਜੀ ਨੂੰ ਆਪਣੀ ਆਜ਼ਾਦ ਸਲਾਹ ਤੇ ਸੁਝਾਅ ਦੇ ਦਿਆ ਕਰਦਾ ਤੇ ਗੁਰੂ ਜੀ ਉਸ ਉੱਪਰ ਅਮਲ ਦਰਾਮਦ ਹਿਤ ਡੂੰਘੀ ਵਿਚਾਰ ਕਰਦੇ। ਗੁਰੂ ਪਾਤਸ਼ਾਹ ਦੀ ਇਹ ਸਦਾ ਹੀ ਕੋਸ਼ਿਸ਼ ਰਹੀ ਕਿ ਉਨ੍ਹਾਂ ਦੇ ਸਿੰਘਾਂ ਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੋਵੇ। ਕੁਝ ਸਿੰਘਾਂ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖ਼ਾਲੀ ਕਰ ਦੇਣਾ ਚਾਹੀਦਾ ਹੈ। ਵੱਖ-ਵੱਖ ਸਮੇਂ ਯੁੱਧ ਦੇ ਢੰਗ-ਤਰੀਕੇ ਅਲੱਗ-ਅਲੱਗ ਹੁੰਦੇ ਹਨ। ਗੁਰੂ ਜੀ ਨੇ ਇਸ ਸਮੇਂ ਸਿੰਘਾਂ ਨੂੰ ਸਬਰ, ਸੰਤੋਖ ਵਿਚ ਔਖਾ ਸਮਾਂ ਕੱਟ ਲੈਣ ਲਈ ਕਿਹਾ। ਗੁਰੂ ਜੀ ਨੇ ਫ਼ੁਰਮਾਇਆ ਕਿ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਹੈ। ਇਹ ਪਰਖ ਦੀ ਘੜੀ ਹੈ। ਮੁਸ਼ਕਲਾਂ ਦੀ ਭੱਠੀ ਵਿਚ ਤਪਣ ਬਿਨਾਂ ਸੋਨਾ ਸ਼ੁੱਧ ਨਹੀਂ ਹੁੰਦਾ ਪਰ ਕੁਝ ਸਿੰਘ ਇਸ ਬਿਖੜੇ ਸਮੇਂ ਗੁਰੂ ਜੀ ਦਾ ਸਾਥ ਛੱਡਣ ਲੱਗੇ। ਭੁੱਲ ਹਰ ਕੋਈ ਕਰ ਸਕਦਾ ਹੈ ਕਿਉਂਕਿ ਦੁਨੀਆਂ ਦਾ ਹਰ ਇਨਸਾਨ ਭੁੱਲਣਹਾਰ ਹੈ, ਕੇਵਲ ਕਰਤਾ ਹੀ ਅਭੁੱਲ ਹੈ :

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ *(ਪੰਨਾ ੬੧)*

ਪੇਟ ਦੀ ਭੁੱਖ ਸਹਿਣੀ ਕੋਈ ਸੁਖਾਲੀ ਨਹੀਂ। ਇਹ ਇਨਸਾਨ ਨੂੰ ਕੁਝ ਵੀ ਕਰਨ ਵਾਸਤੇ ਮਜ਼ਬੂਰ ਕਰ ਸਕਦੀ ਹੈ। ਇਨ੍ਹਾਂ ਸਿੰਘਾਂ ਉੱਤੇ ਵੀ ਭਾਰੂ ਹੋਈ, ਭੁੱਖ ਦੇ ਦੁੱਖ ਤੋਂ ਤੰਗ ਆ ਕੇ ਕੁਝ ਸਿੰਘਾਂ (ਜਿਨ੍ਹਾਂ ਦੀ ਗਿਣਤੀ ਇਤਿਹਾਸ ਵਿਚ 40 ਦੱਸੀ ਗਈ ਹੈ) ਅਨੰਦਪੁਰ ਨੂੰ ਛੱਡ ਜਾਣ ਦਾ ਇਰਾਦਾ ਕਰ ਲਿਆ। ਗੁਰੂ ਜੀ ਦੇ ਪੇਸ਼ ਹੋ ਕੇ ਇਨ੍ਹਾਂ ਸਿੰਘਾਂ ਬੇਨਤੀ ਕੀਤੀ : ਗੁਰਦੇਵ ! ਅਸੀਂ ਜਾਣਾ ਚਾਹੁੰਦੇ ਹਾਂ।

ਦਸਮੇਸ਼ ਪਿਤਾ ਨੇ ਇਨ੍ਹਾਂ ਸਿੰਘਾਂ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਤੱਕਿਆ ਤੇ ਬਚਨ ਕੀਤਾ, ਜੇਕਰ ਤੁਸੀਂ ਜਾਣਾ ਚਾਹੁੰਦੇ ਹਾਂ ਤਾਂ ਚਲੇ ਜਾਓ ਪਰ ਜਾਣ ਦੀ ਨਿਸ਼ਾਨੀ—ਅਸੀਂ ਛੱਡ ਕੇ ਜਾ ਰਹੇ ਹਾਂ—ਦੇ ਜਾਓ। ਕਹਿੰਦੇ ਹਨ ਕਿ ਵਕਤ ਪਾ ਕੇ ਬੰਦਾ ਪੂਰਵ ਵਕਤ ਵਿਚ ਕਿਸੇ ਅਵਸਰ ਉੱਪਰ ਕਹੀ ਆਪਣੀ ਹੀ ਗੱਲ ਭੁਲਾ ਸਕਦਾ ਹੈ ਪਰ ਕਿਸੇ ਨੂੰ ਲਿਖ ਕੇ ਦਿੱਤਾ ਵਿਵਰਣ ਥੋੜ੍ਹੇ ਕੀਤੇ ਭੁਲਾਇਆ ਨਹੀਂ ਜਾ ਸਕਦਾ। ਸਿੰਘਾਂ ਲਿਖ ਕੇ ਦਿੱਤਾ, ਜਿਸ ਨੂੰ ਇਤਿਹਾਸ ਵਿਚ 'ਬੇਦਾਵਾ' ਕਿਹਾ ਗਿਆ ਹੈ। ਇਸ ਲਿਖਤ ਵਿਚ ਸਪੱਸ਼ਟ ਲਿਖਿਆ ਦੱਸਿਆ ਜਾਂਦਾ ਹੈ ਕਿ ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਇਨ੍ਹਾਂ ਸਿੰਘਾਂ ਨੇ ਅਨੰਦਪੁਰ ਨੂੰ ਛੱਡ ਘਰਾਂ ਵੱਲ ਨੂੰ ਮੂੰਹ ਕੀਤੇ। ਜਦ ਘਰੀਂ ਪਹੁੰਚੇ ਤਾਂ ਇਨ੍ਹਾਂ ਨੂੰ ਆਪਣੀ ਸ਼ਰਮਿੰਦਗੀ ਨੇ ਪੂਰੀ ਤਰ੍ਹਾਂ ਆ ਘੇਰਿਆ, ਪਰ ਹੁਣ ਸਮਾਂ ਲੰਘ ਚੁੱਕਿਆ ਸੀ।

ਦੂਸਰੇ ਪਾਸੇ ਇਸ ਲੰਮੇਰੀ ਜੰਗ ਤੋਂ ਪਹਾੜੀ ਰਾਜੇ ਵੀ ਪੂਰੀ ਤਰ੍ਹਾਂ ਤੰਗ ਆ ਚੁੱਕੇ ਸਨ। ਅੰਤ ਨੂੰ ਤੰਗ ਆ ਕੇ ਪਹਾੜੀ ਰਾਜਿਆਂ ਤੇ ਸਰਹਿੰਦ, ਲਾਹੌਰ ਦੇ ਸੂਬੇਦਾਰਾਂ ਨੇ ਆਪਣੇ ਦਸਤਖ਼ਤਾਂ ਹੇਠ ਬਾਦਸ਼ਾਹ ਵੱਲੋਂ ਪਰਵਾਨਾ ਭੇਜਿਆ ਕਿ ਜੇਕਰ ਗੁਰੂ ਜੀ ਅਨੰਦਪੁਰ ਸਾਹਿਬ ਨੂੰ ਖ਼ਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਬਿਨਾਂ ਰੋਕ-ਟੋਕ ਦੇ ਜਾਣ ਦਿੱਤਾ ਜਾਵੇਗਾ, ਇਸ ਲਈ ਉਨ੍ਹਾਂ ਕਸਮਾਂ ਵੀ ਖਾਧੀਆਂ।

www.sikhbookclub.com

ਗੁਰਦੇਵ ਪਿਤਾ ਪਹਾੜੀ ਰਾਜਿਆਂ ਦੇ ਚਰਿੱਤਰ ਤੋਂ ਚੰਗੀ ਤਰ੍ਹਾਂ ਜਾਣੂ ਸਨ ਪਰ ਸਿੰਘਾਂ ਇਕੱਤਰ ਹੋ ਸਲਾਹ ਦਿੱਤੀ ਕਿ ਸਾਨੂੰ ਕਿਲ੍ਹਾ ਖ਼ਾਲੀ ਕਰ ਦੇਣਾ ਚਾਹੀਦਾ ਹੈ। ਸਥਿਤੀ ਉੱਪਰ ਵਿਚਾਰ ਮਗਰੋਂ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਦਾ ਫੈਸਲਾ ਹੋ ਗਿਆ। ਦੁਸ਼ਮਣ ਫ਼ੌਜਾਂ ਨੇ ਇਕਰਾਰ ਤਹਿਤ ਦਰਿਆ ਸਤਲੁਜ ਦੇ ਪਾਸਿਓਂ ਕੁਝ ਰਸਤਾ ਦੇ ਦਿੱਤਾ।

ਰਾਤ ਦੇ ਪਹਿਲੇ ਪਹਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਅਨੰਦਮਈ ਧਰਤੀ ਨੂੰ ਹਮੇਸ਼ਾਂ-ਹਮੇਸ਼ਾਂ ਲਈ ਛੱਡ ਦਿੱਤਾ। ਅਨੰਦਪੁਰ ਸਾਹਿਬ ਦਾ ਕਿਲ੍ਹਾ ਅਨੰਦਗੜ੍ਹ ਖ਼ਾਲੀ ਕਰਨ ਦੀ ਦੇਰ ਹੀ ਸੀ ਕਿ ਦੁਸ਼ਮਣ ਫ਼ੌਜਾਂ ਨੇ ਸਭ ਕਸਮਾਂ-ਇਕਰਾਰ ਭੁਲਾ ਕੇ ਪਿੱਛੋਂ ਹਮਲਾ ਕਰ ਦਿੱਤਾ। ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ। ਚਮਕੌਰ ਦੀ ਗੜ੍ਹੀ ਵਿਚੋਂ ਮੁਗ਼ਲਾਂ ਦੇ ਕੈਂਪ ਵਿਚ ਖਲਬਲੀ ਮਚਾ, ਮਾਛੀਵਾੜੇ ਦੇ ਜੰਗਲਾਂ ਵਿਚ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ' ਸੁਣਾ, ਦੀਨਾ ਕਾਂਗੜ ਤੋਂ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖ-ਪਹੁੰਚਾ, ਕਪੂਰੇ ਤੋਂ ਹੁੰਦੇ ਹੋਏ ਮਈ ਦੇ ਮਹੀਨੇ ਭਖਦੇ ਮਾਰੂਥਲਾਂ ਦੇ ਰਸਤੇ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਵੈਰੀ ਦਾ ਟਿੱਡੀ ਦਲ ਵੀ ਗੁਰੂ ਜੀ ਦੇ ਪਿੱਛੇ-ਪਿੱਛੇ ਆ ਰਿਹਾ ਸੀ।

ਖਿਦਰਾਣੇ ਦੀ ਢਾਬ ਖ਼ਾਲਸਾ ਫ਼ੌਜ ਦੇ ਘੇਰੇ ਵਿਚ ਸੀ। ਖਿਦਰਾਣੇ ਦੀ ਢਾਬ ਯੁੱਧ-ਨੀਤੀ ਦੇ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਗੁਰੂ ਜੀ ਆਪ ਟਿੱਬੀ ਸਾਹਿਬ ਦੇ ਸਥਾਨ 'ਤੇ ਜਾ ਬਿਰਾਜੇ, ਦੁਸ਼ਮਣ ਫ਼ੌਜਾਂ ਨੇ ਹਮਲਾ ਕਰ ਦਿੱਤਾ। ਥੋੜ੍ਹਾ ਚਿਰ ਘਮਸਾਣ ਦਾ ਯੁੱਧ ਹੋਇਆ। ਯੁੱਧ ਵਿਚ ਸਭ ਤੋਂ ਅੱਗੇ ਉਹੀ ਸਿੰਘ ਮਾਤਾ ਭਾਗੋ ਜੀ ਦੀ ਅਗਵਾਈ ਵਿਚ ਲੜ ਰਹੇ ਸਨ, ਜੋ ਗੁਰਦੇਵ ਜੀ ਤੋਂ ਬੇਮੁਖ ਹੋ ਅਨੰਦਪੁਰ ਸਾਹਿਬ ਛੱਡ ਆਏ ਸਨ। ਗੁਰਦੇਵ ਪਿਤਾ ਸੂਰਮਿਆਂ ਨੂੰ ਰਣ-ਤੱਤੇ ਵਿਚ ਜੂਝਦਿਆਂ ਤੱਕ-ਤੱਕ ਕੇ ਖ਼ੁਸ਼ ਹੋ ਰਹੇ ਸਨ। ਸਮੇਂ-ਸਮੇਂ ਗੁਰਦੇਵ ਜੀ ਨੇ ਦੁਸ਼ਮਣ ਦਲਾਂ 'ਤੇ ਤੀਰਾਂ ਦੀ ਐਸੀ ਵਰਖਾ ਕੀਤੀ ਕਿ ਉਨ੍ਹਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਦੁਸ਼ਮਣ ਫ਼ੌਜ ਅਨਗਿਣਤ ਹੋਣ ਦੇ ਬਾਵਜੂਦ ਠੀਕ ਤਰ੍ਹਾਂ ਕਦਮ ਨਹੀਂ ਟਿਕਾ ਸਕੀ। ਸਿੰਘ ਭਾਵੇਂ ਗਿਣਤੀ ਦੇ ਸਨ ਪਰ ਉਨ੍ਹਾਂ ਅੰਦਰ ਗੁਰੂ ਪ੍ਰੀਤੀ ਦਾ ਜਜ਼ਬਾ ਠਾਠਾਂ ਮਾਰ ਰਿਹਾ ਸੀ, ਦੂਸਰੇ ਪਾਸੇ ਮੁਲਾਜ਼ਮਤ। ਉੱਪਰੋਂ ਦਿਨ ਸਖ਼ਤ ਗਰਮੀ ਦੇ, ਪਾਣੀ ਦੇ ਇਕੋ ਇਕ ਸੋਮੇ 'ਤੇ ਕਬਜ਼ਾ ਸਿੰਘਾਂ ਦਾ। ਇਹ ਕਾਰਨ ਸਨ ਦੁਸ਼ਮਣ ਫ਼ੌਜਾਂ ਦੀ ਹਾਰ ਦੇ। ਅਕਾਲ ਪੁਰਖ ਨੇ ਖਾਲਸੇ ਨੂੰ ਫ਼ਤਹਿ ਬਖ਼ਸ਼ੀ।

ਦੁਸ਼ਮਣ ਫ਼ੌਜਾਂ ਹਰਨ ਹੋ ਗਈਆਂ। ਦਸਮੇਸ਼ ਪਿਤਾ ਆਪ ਮੈਦਾਨੇ-ਜੰਗ ਵਿਚ ਆਏ ਜਿਥੇ ਬੇਦਾਵੀਏ ਸਿੰਘਾਂ ਨੇ ਭੁੱਲ ਬਖਸ਼ਾਉਣ ਲਈ ਜੀਵਨ ਨਿਛਾਵਰ ਕਰ ਦਿੱਤੇ ਸਨ। ਯੁੱਧ ਦੇ ਮੈਦਾਨ ਵਿਚ ਗੁਰਦੇਵ ਹਰ ਸਿੰਘ ਦੀ ਪਵਿੱਤਰ ਦੇਹ ਦੇ ਪਾਸ ਜਾਂਦੇ ਤੇ ਸਿੰਘਾਂ ਦੇ ਮੁਖੜੇ ਸਾਫ਼ ਕਰਦੇ ਅਤੇ ਬਖ਼ਸ਼ਿਸ਼ਾਂ ਕਰਦੇ : ਇਹ ਮੇਰਾ ਪੰਜ ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ, ਇਹ ਮੇਰਾ ਤੀਹ ਹਜ਼ਾਰੀ। ਐਸੀਆਂ ਬਖ਼ਸ਼ਿਸ਼ਾਂ ਕਰਦੇ ਗੁਰਦੇਵ ਪਿਤਾ ਜਾ ਪਹੁੰਚੇ ਭਾਈ ਮਹਾਂ ਸਿੰਘ ਦੇ ਪਾਸ। ਭਾਈ ਮਹਾਂ ਸਿੰਘ ਦੇ ਸੁਆਸ ਅਜੇ ਚੱਲ ਰਹੇ ਸਨ। ਗੁਰਦੇਵ ਸੂਰਮੇ ਸਿੰਘ ਦਾ ਮੁਖੜਾ ਸਾਫ਼ ਕਰਦੇ ਹਨ ਤੇ ਮੂੰਹ ਵਿਚ ਪਾਣੀ ਪਾਉਂਦੇ ਹਨ। ਸੀਸ ਗੋਦ ਵਿਚ ਰੱਖਦੇ ਹਨ ਅਤੇ ਮੁਖਾਰਬਿੰਦ ਤੋਂ ਬਚਨ ਅਲਾਉਂਦੇ ਹਨ, 'ਮੁਕਤਿ ਜੁਗਤਿ ਸਭ ਹਾਜ਼ਰ ਹੈ....ਮੰਗ ਭਾਈ ਮਹਾਂ ਸਿੰਘ! ਜੋ ਚਾਹੁੰਦਾ ਹੈਂ ?'

ਭਾਈ ਮਹਾਂ ਸਿੰਘ ਗਿੜਗਿੜਾਇਆ, "ਦਸਮੇਸ਼ ਪਿਤਾ! ਦਰਸ਼ਨਾਂ ਦੀ ਸਿਕ ਸੀ, ਪੂਰੀ ਹੋ ਗਈ। ਗੁਰੂ ਜੀ, ਆਪ ਜੀ ਨੇ ਬਖ਼ਸ਼ਿਸ਼-ਰਹਿਮਤ ਕੀਤੀ ਹੈ। ਹੁਣ ਕੋਈ ਤਮੰਨਾ ਨਹੀਂ।"

www.sikhbookclub.com

"ਨਹੀਂ, ਪਿਆਰੇ ਮਹਾਂ ਸਿੰਘ ਕੁਝ ਹੋਰ.....!"

"ਗੁਰਦੇਵ ਪਿਤਾ ! ਜੇ ਤੁੱਠੇ ਹੋ ਕਿਰਪਾ ਨਿਧਾਨ ! ਤਾਂ ਸਾਡੀ ਟੁੱਟੀ ਮੇਲ ਲਵੋ....ਕਾਗ਼ਜ਼ ਦਾ ਉਹ ਟੁਕੜਾ ਪਾੜ ਦਿਓ ਜੋ ਅਸੀਂ ਵੱਡੀ ਭੁੱਲ ਕਰਕੇ ਦੇ ਆਏ ਸਾਂ.....।"

ਧੰਨ ਹਨ ਗੁਰਦੇਵ ਪਿਤਾ ਜਿਨ੍ਹਾਂ ਇਤਨੇ ਬਿਖੜੇ ਸਮੇਂ ਵੀ ਉਹ ਕਾਗ਼ਜ਼ ਦਾ ਟੁਕੜਾ ਕਿਧਰੇ ਗੁੰਮ ਨਹੀਂ ਹੋਣ ਦਿੱਤਾ। ਭਾਈ ਮਹਾਂ ਸਿੰਘ ਦੀ ਖ਼ਾਹਸ਼ ਪੂਰੀ ਕਰਨ ਲਈ ਗੁਰਦੇਵ ਪਿਤਾ ਨੇ ਕਾਗ਼ਜ਼ ਟੁਕੜੇ ਟੁਕੜੇ ਕਰ ਦਿੱਤਾ।

ਭਾਈ ਮਹਾਂ ਸਿੰਘ ਨੇ ਭੁੱਲਾਂ ਬਖ਼ਸ਼ਾ ਅਕਾਲ ਪੁਰਖ ਦੇ ਸ਼ੁਕਰਾਨੇ ਦੇ ਭਾਵ ਵਿਚ ਹੱਥ ਉੱਪਰ ਚੁੱਕੇ। ਗੁਰੂ ਦੀਆਂ ਨਜ਼ਰਾਂ 'ਚ ਸੁਰਖਰੂ ਹੋ ਕੇ ਸਿੱਖ ਹਮੇਸ਼ਾਂ ਲਈ ਦਸਮੇਸ਼ ਪਿਤਾ ਦੀ ਗੋਦ ਵਿਚ ਸੌਂ ਗਿਆ। ਗੁਰੂ ਜੀ ਨੇ ਇਨ੍ਹਾਂ ਸ਼ਹੀਦਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਨ੍ਹਾਂ ਨੂੰ ਮੁਕਤਿਆਂ ਦੀ ਉਪਾਧੀ ਬਖ਼ਸ਼ਿਸ਼ ਕੀਤੀ। ਇਵੇਂ ਬੇਦਾਵੀਏ ਸਿੰਘ ਮੁਕਤ ਹੋਏ। ਖਿਦਰਾਣੇ ਦੀ ਢਾਬ ਉਸ ਦਿਨ ਤੋਂ ਮੁਕਤਸਰ ਸਾਹਿਬ ਅਖਵਾਈ।

ਆਓ ! ਅਸੀਂ ਵੀ ਸਭ ਗੁਰੂ ਵੱਲ ਮੁਖ ਕਰੀਏ, ਗੁਰਮਤਿ ਸਿਧਾਂਤਾਂ ਅਨੁਸਾਰ ਜੀਵਨ ਜੀਵੀਏ ! ਕਰਮਕਾਂਡਾਂ, ਮੜ੍ਹੀਆਂ-ਮਸਾਣਾਂ ਨੂੰ ਮੰਨਣਾ, ਸ਼ਖ਼ਸੀ ਪੂਜਾ ਕਰਨੀ, ਨਸ਼ਿਆਂ ਦਾ ਸੇਵਨ ਤੇ ਕੇਸਾਂ ਦੀ ਬੇਅਦਬੀ ਵੀ ਤਾਂ ਗੁਰੂ ਤੋਂ ਬੇਮੁਖ ਹੋ ਬੇਦਾਵੀਏ ਬਣਨ ਵਾਲੀ ਹੀ ਗੱਲ ਹੈ।

(5/2005)

www.sikhbookclub.com

ਯੁੱਧ ਭੰਗਾਣੀ ਸਾਹਿਬ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਰਿਆਸਤ ਕਹਿਲੂਰ ਦੇ ਇਕ ਪਿੰਡ ਮਾਖੋਵਾਲ ਨੂੰ ਆਪਣੀਆਂ ਸ਼ਕਤੀਆਂ ਇਕੱਤਰ ਕਰਨ ਦਾ ਕੇਂਦਰ ਚੁਣਿਆ ਸੀ, ਇਸ ਪਿੰਡ ਮਾਖੋਵਾਲ ਨੂੰ ਹੀ ਬਾਅਦ ਵਿਚ ਅਨੰਦਪੁਰ ਸਾਹਿਬ ਕਿਹਾ ਜਾਣ ਲੱਗ ਪਿਆ। ਇਹ ਧਰਮ ਯੁੱਧ ਦੀਆਂ ਤਿਆਰੀਆਂ, ਸਮੇਂ ਦੇ ਅਤਿਆਚਾਰ, ਭ੍ਰਿਸ਼ਟ ਨਿਜ਼ਾਮ ਦੇ ਜ਼ੁਲਮ ਨੂੰ ਖ਼ਤਮ ਕਰਨ ਲਈ ਕੀਤੀਆਂ ਜਾ ਰਹੀਆਂ ਸਨ। ਪਹਾੜੀ ਰਾਜੇ, ਮੁਗ਼ਲ ਹਕੂਮਤ ਦੇ ਪੱਕੇ ਝੋਲੀਚੁੱਕ ਸਨ, ਔਰੰਗਜ਼ੇਬ ਦੀ ਨਾਰਾਜ਼ਗੀ ਮੁੱਲ ਨਹੀਂ ਲੈਣਾ ਚਾਹੁੰਦੇ ਸਨ। ਰਾਜੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਆਪਣੇ ਬਰਾਬਰ ਖੜ੍ਹਾ ਹੁੰਦਾ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ। ਜਾਤ-ਅਭਿਮਾਨ ਨੇ, ਪਹਾੜੀ ਰਾਜਿਆਂ ਨੇ ਗੁਰੂ ਜੀ ਵਿਰੁੱਧ ਸਾਂਝਾ ਮੋਰਚਾ ਕਾਇਮ ਕਰਨ ਦੀ ਸ਼ਕਲ ਅਖ਼ਤਿਆਰ ਕਰ ਲਈ। ਰਾਜਾ ਭੀਮ ਚੰਦ ਆਪਣੇ ਰਾਜ ਵਿਚ ਗੁਰੂ ਜੀ ਪਾਸ ਰੱਖਿਆ ਪ੍ਰਸ਼ਾਦੀ ਹਾਥੀ ਅਤੇ ਹੋਰ ਵਡਮੁੱਲੀਆਂ ਵਸਤਾਂ ਵੇਖ ਕੇ, ਸਾੜੇ ਦੀ ਅੱਗ ਵਿਚ ਸੜਦਾ ਰਹਿੰਦਾ, ਗੁਰੂ ਜੀ ਦੀ ਤਾਕਤ ਨੂੰ ਕਮਜ਼ੋਰ ਕਰਨ ਲਈ ਕਮੀਨੀਆਂ ਚਾਲਾਂ ਸੋਚਦਾ ਰਹਿੰਦਾ, ਆਸ ਪਾਸ ਦੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਵਿਰੁੱਧ ਉਕਸਾਉਂਦਾ ਰਹਿੰਦਾ।

ਸ੍ਰੀਨਗਰ (ਟੀਹਰੀ ਗੜ੍ਹਵਾਲ) ਦਾ ਰਾਜਾ ਫ਼ਤਹਿ ਚੰਦ ਕਾਫ਼ੀ ਤਾਕਤ ਵਾਲਾ ਸੀ। ਰਾਜਾ ਭੀਮ ਚੰਦ ਨੇ ਆਪਣੇ ਲੜਕੇ ਅਜਮੇਰ ਚੰਦ ਦਾ ਰਿਸ਼ਤਾ ਉਸ ਦੀ ਲੜਕੀ ਨਾਲ ਇਸ ਖ਼ਿਆਲ ਨਾਲ ਕੀਤਾ ਕਿ ਇਸ ਰਿਸ਼ਤੇ ਨਾਲ ਆਪਣੀ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਫਤਹਿ ਸ਼ਾਹ ਗੁਰੂ ਜੀ ਦਾ ਸਤਿਕਾਰ ਕਰਦਾ ਸੀ, ਉਸ ਨੇ ਆਪਣੀ ਲੜਕੀ ਦੀ ਸ਼ਾਦੀ ਸਮੇਂ ਗੁਰੂ ਜੀ ਨੂੰ ਸੱਦਾ-ਪੱਤਰ ਭੇਜਿਆ ਜਿਸ 'ਤੇ ਗੁਰੂ ਜੀ ਨੇ ਸ਼ਾਦੀ ਵਾਸਤੇ ਆਪਣੇ ਵਲੋਂ ਤੋਹਫ਼ਾ ਭੇਟ ਕਰਨ ਲਈ ਦੀਵਾਨ ਚੰਦ ਦੇ ਹੱਥ ਸਵਾ ਲੱਖ ਦਾ ਤੰਬੋਲ ਅਤੇ ੨੫੦ ਸਿੰਘ ਭੇਜ ਦਿੱਤੇ।

ਭੀਮ ਚੰਦ ਨੇ ਇਕ ਕਮੀਨੀ ਚਾਲ ਹੋਰ ਸੋਚੀ ਕਿ ਲੜਕੇ ਦੀ ਸ਼ਾਦੀ ਦੀ ਆੜ ਵਿਚ ਸਾਰੇ ਪਹਾੜੀ ਰਾਜਿਆਂ ਨੂੰ ਆਪਣੀਆਂ ਫ਼ੌਜਾਂ, ਲਾਮ ਲਸ਼ਕਰ ਸਮੇਤ ਨਾਲ ਜਾਣ ਲਈ ਹਦਾਇਤ ਕੀਤੀ ਕਿ ਰਸਤੇ ਵਿਚ ਗੁਰੂ ਦਾ ਡੇਰਾ ਲੁੱਟ ਲਿਆ ਜਾਵੇ। ਉਹ ਭਾਰੀ ਗਿਣਤੀ ਵਿਚ ਬਰਾਤ, ਫ਼ੌਜ ਲੈ ਕੇ ਤੁਰਿਆ। ਉਸ ਦੀ ਬਦ-ਨੀਯਤ ਦਾ ਗੁਰੂ ਜੀ ਨੂੰ ਪਤਾ ਸੀ, ਗੁਰੂ ਜੀ ਨੇ ਆਪਣੇ 500 ਸਿੰਘ ਤਿਆਰ ਕਰ ਕੇ, ਅੱਗੋਂ ਪਤਣ 'ਤੇ ਭੇਜ ਦਿੱਤੇ ਅਤੇ ਬਾਕੀ ਦੇ ਸਿੰਘਾਂ ਨੂੰ ਮੌਕੇ ਦੀ ਨਜ਼ਾਕਤ ਅਨੁਸਾਰ ਤਿਆਰ ਰਹਿਣ ਦਾ ਹੁਕਮ ਦਿੱਤਾ। ਬਾਹਤਾ ਨਦੀ ਦੇ ਪੁਲ ਤੋਂ ਭੀਮ ਚੰਦ ਨੇ ਰੁਕਾਵਟ ਤਿਆਰੀ ਵੇਖ ਕੇ ਗੁਰੂ ਜੀ ਨੂੰ ਇਹ ਸੰਦੇਸ਼ ਭਿਜਵਾਇਆ ਕਿ ਲੜਕੇ ਦੀ ਸ਼ਾਦੀ ਕਰਨ ਲਈ ਜਾ ਰਿਹਾ ਹਾਂ, ਨਾਲ 22 ਧਾਰ ਦਾ ਲਸ਼ਕਰ ਹੈ, ਇਸ ਲਈ ਆਪਣੀਆਂ ਮਸਤਾਨੀਆਂ-ਦੀਵਾਨੀਆਂ ਫ਼ੌਜਾਂ ਨੂੰ ਕਿਲ੍ਹੇ ਤੋਂ ਇਕ ਪਾਸੇ ਕਰ ਲਿਆ ਜਾਵੇ। ਉਹ ਇਹ ਵੀ ਚਾਹੁੰਦਾ ਸੀ ਕਿ ਗੁਰੂ ਉਸ ਦੀ

www.sikhbookclub.com

ਪਰਜਾ ਹੈ, ਸੋ ਉਸ ਦਾ ਰਸਤੇ ਵਿਚ ਸਤਿਕਾਰ ਕੀਤਾ ਜਾਵੇ ਪਰ ਗੁਰੂ ਜੀ ਨੇ ਉਸ ਨੂੰ ਸਪੱਸ਼ਟ ਉੱਤਰ ਦਿੱਤਾ ਕਿ ਕੇਵਲ ਸ਼ਾਦੀ ਸਮੇਂ ਇਤਨੀਆਂ ਫ਼ੌਜਾਂ, ਅਸਲਾ ਆਦਿ ਲੈ ਜਾਣ ਦੀ ਕੋਈ ਲੋੜ ਨਹੀਂ ਹੈ। ਗੁਰੂ ਘਰ ਸ਼ੀਸ਼ਾ ਹੈ, ਜਿਸ ਤਰ੍ਹਾਂ ਦੀ ਭਾਵਨਾ, ਨੀਯਤ, ਮੁਰਾਦ, ਖ਼ਿਆਲ ਨਾਲ ਆਵੇਗਾ, ਉਸ ਨਾਲ ਉਸੇ ਤਰ੍ਹਾਂ ਦਾ ਸਲੂਕ ਕੀਤਾ ਜਾਵੇਗਾ। ਬਹੁਤ ਸਾਰੇ ਰਾਜਿਆਂ ਨੇ ਬੇ-ਇਜ਼ਤੀ ਅਤੇ ਗੁਸਤਾਖ਼ੀ ਸਮਝ ਕੇ ਹਮਲਾ ਕਰ ਦੇਣ ਦੀ ਨੀਯਤ ਠਾਨੀ ਪਰ ਭੀਮ ਚੰਦ ਦੇ ਸੰਤਰੀ ਨੇ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ, ਤਿਆਰੀ ਆਪ ਵੇਖੀ ਹੋਈ ਸੀ, ਇਸ ਲਈ ਇਹ ਚੰਗਾ ਸਮਝਿਆ ਕਿ ਹੁਣ ਆਰਾਮ ਨਾਲ ਲੰਘਿਆ ਜਾਵੇ, ਖ਼ੁਸ਼ੀ ਦੇ ਕੰਮ ਵਿਚ ਵਿਘਨ ਨਾ ਪਾਇਆ ਜਾਵੇ, ਵਾਪਸੀ ਸਮੇਂ ਫ਼ਤਹਿ ਸ਼ਾਹ ਦੀਆਂ ਫ਼ੌਜਾਂ ਦੀ ਹੋਰ ਤਾਕਤ ਨਾਲ, ਗੁਰੂ ਜੀ 'ਤੇ ਡਟ ਕੇ ਹਮਲਾ ਕਰ ਦਿੱਤਾ ਜਾਵੇਗਾ।

ਗੁਰੂ ਜੀ ਨੇ ਸ਼ਾਦੀ 'ਤੇ ਸਮੇਂ ਸਿਰ, ਗੜ੍ਹਵਾਲ ਵਿਖੇ ਪਹੁੰਚ ਸਕਣ ਲਈ ਬਰਾਤ, ਲੜਕੇ, ਸੇਵਾਦਾਰਾਂ ਨੂੰ ਉਥੋਂ ਲੰਘ ਜਾਣ ਦੀ ਆਗਿਆ ਦੇ ਦਿੱਤੀ ਸੀ ਪਰ ਬਦਨੀਯਤ ਅਤੇ ਹੰਕਾਰੀ ਰਾਜਿਆਂ ਨੇ ਇਸ ਤੋਂ ਹੋਰ ਉਲਟਾ ਸੋਚਿਆ ਕਿ ਸਾਰੇ ਬਰਾਤੀ ਰਾਜੇ ਆਪਣੀਆਂ ਫ਼ੌਜਾਂ ਸਮੇਤ ਤਾਜੇਵਾਲਾ ਦੇ ਪਤਣ ਤੋਂ ਵੱਡਾ ਚੱਕਰ ਕੱਟ ਕੇ ਸ੍ਰੀਨਗਰ ਜਾਣ ਨੂੰ ਕਾਫੀ ਦੇਰ ਲੱਗ ਜਾਵੇਗੀ ਅਤੇ ਰਾਜਾ ਫਤਿਹ ਸ਼ਾਹ ਨੂੰ ਗੁਰੂ ਦੇ ਬਰਖ਼ਿਲਾਫ਼ ਭੜਕਾਉਣ ਦਾ ਕਾਰਨ ਬਣ ਸਕੇਗਾ, ਇਸ ਲਈ ਜਾਣ ਬੁਝ ਕੇ ਦੇਰ ਨਾਲ ਪਹੁੰਚੇ ਅਤੇ ਗੁਰੂ ਜੀ ਦੇ ਵਿਰੁੱਧ ਕਦਮ ਚੁੱਕਿਆ।

ਸ਼ਾਦੀ ਸਮੇਂ ਖਾਟ ਵਿਚ ਜਦੋਂ ਸੁਗਾਤਾਂ, ਤੋਹਫ਼ੇ ਰੱਖ ਕੇ ਵਿਖਾਏ ਗਏ ਤਾਂ ਗੁਰੂ ਜੀ ਦੇ ਤੰਬੋਲ ਰੱਖੇ ਜਾਣ 'ਤੇ ਭੀਮ ਚੰਦ ਨੇ ਇਤਰਾਜ਼ ਕੀਤਾ, ਜੋ ਫਤਿਹ ਸ਼ਾਹ ਨੇ ਚੁਕਵਾ ਦਿੱਤਾ ਅਤੇ ਵਾਪਸ ਕਰ ਦਿੱਤਾ। ਭੀਮ ਚੰਦ ਸੁੰਦਰ ਵਡਮੁੱਲੀ ਸੁਗਾਤ ਵੇਖ ਕੇ ਖੋਹ ਕੇ ਆਪਣੇ ਕਬਜ਼ੇ ਵਿਚ ਵੀ ਕਰ ਲੈਣਾ ਚਾਹੁੰਦਾ ਸੀ ਪਰ ਦੀਵਾਨ ਚੰਦ ਦੀ ਸੂਝ ਸਿਆਣਪ ਨਾਲ ਉਹ ਉਥੋਂ ਲੈ ਕੇ ਜਲਦੀ ਵਾਪਸ ਗੁਰੂ ਜੀ ਪਾਸ ਪਹੁੰਚ ਗਏ।

ਸ੍ਰੀਨਗਰ ਤੋਂ ਵਾਪਸ ਆਉਣ ਸਮੇਂ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਦੀ ਹਮਲਾ ਕਰਨ ਦੀ ਸਾਜ਼ਸ਼ ਦਾ ਸਵਾਦ ਗੁਰੂ ਜੀ ਬਹੁਤ ਤਕੜਾਈ ਨਾਲ ਚਖਾਉਣਾ ਚਾਹੁੰਦੇ ਸਨ। ਗੁਰੂ ਜੀ ਅਕਾਲ ਪੁਰਖ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਆਏ ਸਨ, ਸ੍ਰੀ ਪਾਂਵਟਾ ਸਾਹਿਬ ਵਿਖੇ ਬੜੇ ਆਰਾਮ, ਸ਼ਾਂਤੀ, ਪਿਆਰ ਨਾਲ ਸਾਹਿਤ ਸਿਰਜਣਾ ਦਾ ਕੰਮ ਕਰ ਰਹੇ ਸਨ। ਪਹਾੜੀ ਰਾਜਿਆਂ ਨੇ ਹਮਲਾ ਕਰਨ ਲਈ ਜੋ ਟਿਕਾਣੇ ਸੋਚੇ ਸਨ, ਗੁਰੂ ਜੀ ਨੇ ਉਨ੍ਹਾਂ ਥਾਵਾਂ 'ਤੇ ਹੀ ਪਹਿਲਾਂ ਡੇਰੇ ਲਗਾ ਲਏ, ਤਿਆਰੀਆਂ ਕਸ ਲਈਆਂ। ਇਹ ਥਾਂ ਭੰਗਾਣੀ ਦਾ ਇਲਾਕਾ ਸੀ, ਇਹ ਪਾਂਵਟਾ ਸਾਹਿਬ ਤੋਂ 7 ਮੀਲ ਸਿੱਧਾ ਪਹਾੜਾਂ, ਨਦੀਆਂ ਵਿਚਕਾਰ ਸੀ, (ਹੁਣ ਸੜਕ ਰਾਹੀਂ 18 ਕਿਲੋਮੀਟਰ ਹੈ)। ਗੁਰੂ ਜੀ ਦੀ ਇਹ ਪਹਿਲੀ ਲੜਾਈ ਸੀ, ਇਹ ਵੀ ਧਰਮ ਦੀ ਰੱਖਿਆ ਲਈ ਸੀ। ਗੁਰੂ ਜੀ ਨੇ ਕੋਈ ਲੜਾਈ ਕਦੇ ਇਸ ਨੀਯਤ ਨਾਲ ਨਹੀਂ ਸੀ ਲੜੀ ਜਾਂ ਸ਼ੁਰੂ ਕੀਤੀ ਕਿ ਕਿਸੇ ਦੇ ਇਲਾਕੇ 'ਤੇ ਮਲ ਮੱਲੀ ਜਾਵੇ ਜਾਂ ਆਪਣੀ ਤਾਕਤ ਦਾ ਨਾਜਾਇਜ਼ ਦਬਦਬਾ ਵਿਖਾਇਆ ਜਾਵੇ, ਨਾ ਹੀ ਲੜਾਈ ਸਮੇਂ ਗੁਰੂ ਜੀ ਨੇ ਕਦੇ ਕਿਸੇ ਨੂੰ ਦੁਸ਼ਮਣ ਸਮਝ ਕੇ ਉਸ 'ਤੇ ਪਹਿਲਾਂ ਵਾਰ ਕੀਤਾ ਹੈ, ਗੁਰੂ ਜੀ ਨੇ ਰੱਖਿਆ ਲਈ, ਜਵਾਬ ਵਿਚ ਵਾਰ ਕੀਤੇ ਸਨ। ਗੁਰੂ ਜੀ ਨੇ ਸਿੱਖਾਂ ਨੂੰ ਸ਼ਸਤਰ ਅਤੇ ਸ਼ਾਸਤਰ ਵਿਦਿਆ ਵਿਚ ਨਿਪੁੰਨ ਕੀਤਾ। ਸ਼ਿਕਾਰ ਖੇਡਣਾ ਵੀ ਘਰੋਂ ਬਾਹਰ ਰਹਿਣ ਵਾਲੇ ਜੀਵਨ ਦਾ ਇਕ ਜ਼ਰੂਰੀ ਅੰਗ ਬਣ ਗਿਆ, ਇਹ ਯੁੱਧ ਕਲਾ ਲਈ ਜ਼ਰੂਰੀ ਸੀ।

www.sikhbookclub.com

ਆਪ ਦਾ ਉਪਦੇਸ਼—'ਧਰਮ ਚਲਾਵਨ ਸੰਤ ਉਬਾਰਨ' ਸੀ।

ਸ਼ਸਤਰਾਂ ਦੀ ਭੇਟਾ ਨੂੰ ਹੀ ਤਰਜੀਹ ਦਿੱਤੀ ਜਾਣ ਲੱਗੀ। ਸਿੱਖ ਨਿਤਨੇਮ-ਪਾਠ ਪੂਜਾ ਕਰਨ ਦੇ ਨਾਲ-ਨਾਲ ਆਪਣੀ ਅਤੇ ਹੋਰ ਮਜ਼ਲੂਮਾਂ ਦੀ ਰੱਖਿਆ ਕਰਨ ਦੇ ਕਾਬਲ ਵੀ ਹੋ ਗਏ। ਗੁਰੂ ਜੀ ਨੇ ਵਕਤ ਦੀ ਨਜ਼ਾਕਤ ਅਨੁਸਾਰ ਸ਼ਕਤੀ ਦਾ ਜਵਾਬ ਸ਼ਕਤੀ ਨਾਲ ਦਿੱਤਾ। ਬਦੀ ਨੂੰ ਖ਼ਤਮ ਕਰਨ ਲਈ ਨੇਕੀ ਨੂੰ 13 ਦਿਨ ਘੋਲ ਘੁਲਣਾ ਪਿਆ। ਗੁਰੂ ਜੀ ਦੀ ਸੱਚਾਈ ਵੱਡੀ ਫ਼ਤਹ ਸੀ। ਇਸ ਤੋਂ ਬਾਅਦ ਗੁਰੂ ਜੀ ਦਾ ਸਤਿਕਾਰ, ਪਹਾੜੀ ਰਾਜਿਆਂ ਵਲੋਂ ਹੋਣ ਲੱਗਾ।

ਭੰਗਾਣੀ ਦਾ ਯੁੱਧ ਅਪ੍ਰੈਲ 1689 ਈ. ਅਰਥਾਤ ੧੮ ਵਿਸਾਖ ਸੰਮਤ ੧੭੪੬ ਨੂੰ ਹੋਇਆ ਸੀ। ਯੁੱਧ ਤੋਂ ਬਾਅਦ, ਗੁਰੂ ਜੀ ਅਨੰਦਪੁਰ ਚਲੇ ਗਏ ਸਨ। ਬਚਿਤ੍ਰ ਨਾਟਕ ਵਿਚ :

ਜੁਧ ਜੀਤ ਆਏ ਜਬੈ,
ਟਿਕੈ ਨ ਤਿਨ ਪੁਰ ਪਾਂਵ ॥
ਕਾਹਲੂਰ ਮੈਂ ਬਾਂਧਿਯੋ
ਆਨ ਆਨੰਦਪੁਰ ਗਾਂਵ ॥੩੬॥

(ਅਧਿ: ੮)

ਇਸ ਯੁੱਧ ਦਾ ਕਾਰਨ ਰਾਜਾ ਭੀਮ ਚੰਦ ਦਾ ਹੰਕਾਰ ਅਤੇ ਸਾੜਾ ਸੀ, ਉਹ ਗੁਰੂ ਜੀ ਦੀ ਵਧ ਰਹੀ ਸ਼ਾਨ-ਸ਼ੌਕਤ, ਸ਼ਕਤੀ ਨੂੰ ਵੇਖ ਕੇ ਜਰ ਨਹੀਂ ਸੀ ਸਕਦਾ।

ਸਢੌਰੇ ਦੇ ਪੀਰ ਬੁੱਧੂ ਸ਼ਾਹ ਨੇ ਗੁਰੂ ਜੀ ਦੀ ਕਮਾਨ ਵਿਚ ਨਜ਼ਾਬਤ ਖਾਨ, ਕਾਲੇ ਖਾਨ, ਭੀਖਣ ਖਾਨ ਅਤੇ ਹਯਾਤ ਖਾਨ ਰਿਸਾਲਦਾਰ ਦੇ ਤੌਰ 'ਤੇ ਪਠਾਨ ਭਰਤੀ ਕਰਵਾਏ ਸਨ। ਕੇਵਲ ਕਾਲੇ ਖਾਨ ਤੋਂ ਬਿਨਾਂ ਸਾਰੇ ਰਿਸਾਲਦਾਰ ਅਤੇ ਹੋਰ ਪਠਾਨ ਪਹਾੜੀ ਰਾਜਿਆਂ ਦੀ ਫ਼ੌਜ ਵਿਚ ਮਿਲ ਗਏ। ਲੜਾਈ ਹਥੋ-ਹਥੀ ਹੋਈ। ਸੰਤ ਕ੍ਰਿਪਾਲ ਦਾਸ ਉਦਾਸੀ ਦੇ ਕੁਤਕੇ ਨਾਲ ਰਿਸਾਲਦਾਰ ਹਯਾਤ ਖਾਨ ਪਾਰ ਬੋਲਿਆ।

ਮੂਲ ਚੰਦ ਹਲਵਾਈ ਨੇ ਕਮਾਲ ਦੇ ਹਥ ਵਿਖਾਏ,
ਸੰਗੋਸ਼ਾਹ ਨੇ ਨਜ਼ਾਬਤ ਖਾਨ ਨੂੰ ਪਾਰ ਬੁਲਾਇਆ।

ਭੀਖਣ ਖਾਨ ਗੁਰੂ ਜੀ ਦੇ ਬਾਣ ਨਾਲ ਜ਼ਖ਼ਮੀ ਹੋਇਆ। ਜੀਤ ਮਲ ਦੀ ਲੜਾਈ ਹਰੀ ਚੰਦ ਨਾਲ ਹੋਈ, ਸੰਗੋ ਸ਼ਾਹ ਅਤੇ ਜੀਤ ਮਲ ਦੋਵੇਂ ਮਾਰੇ ਗਏ ਸਨ। ਗੁਰੂ ਜੀ ਦੀ ਕਮਾਨ ਹੇਠ ਲੜਨ ਵਾਲੇ ਯੋਧੇ, ਸੰਗੋ ਸ਼ਾਹ, ਜੀਤ ਮਲ, ਗੁਲਾਬ, ਮਾਹਰੀ ਚੰਦ, ਮਾਮਾ ਕ੍ਰਿਪਾਲ, ਲਾਲ ਚੰਦ, ਦਇਆ ਰਾਮ, ਗੰਗਾ ਰਾਮ, ਨੰਦ ਚੰਦ, ਸਾਹਿਬ ਚੰਦ, ਕ੍ਰਿਪਾਲ ਦਾਸ ਸਨ। ਗੁਰੂ ਜੀ ਦੀ ਫ਼ੌਜ ਦੀ ਕਮਾਨ ਸੰਗੋਸ਼ਾਹ ਦੇ ਹੱਥ ਸੀ।

ਪਹਾੜੀ ਰਾਜਿਆਂ ਦੇ ਮੁੱਖ ਯੋਧੇ ਗੋਪਾਲ, ਹਰੀ ਚੰਦ, ਕੇਸਰੀ ਚੰਦ, ਮਧੂਕਰ ਸ਼ਾਹ, ਹਯਾਤ ਖਾਨ, ਨਿਜਾਬਤ ਖਾਨ, ਭੀਖਨ ਖਾਨ ਤੇ ਚੰਦੇਲ ਸਨ। ਪੀਰ ਬੁੱਧੂ ਸ਼ਾਹ ਆਪਣੇ ਚਾਰ ਪੁੱਤਰ ਅਤੇ 700 ਚੇਲੇ ਲੈ ਕੇ ਆ ਗਿਆ। ਦੋ ਪੁੱਤਰ ਅਤੇ ਬਹੁਤ ਸਾਰੇ ਚੇਲੇ ਕੰਮ ਆਏ। ਗੁਰੂ ਜੀ ਆਪ ਅੱਗੇ ਹੋ ਕੇ ਲੜੇ ਸਨ।

ਪਹਾੜੀ ਰਾਜਾ ਹਰੀ ਚੰਦ ਚੰਗਾ ਤੀਰ ਅੰਦਾਜ਼ ਸੀ, ਉਸ ਦੇ ਤਿੰਨ ਤੀਰ—ਪਹਿਲਾ ਗੁਰੂ ਜੀ ਦੇ ਘੋੜੇ ਨੂੰ, ਦੂਜਾ ਗੁਰੂ ਜੀ ਦੀ ਕਨਪਟੀ ਕੋਲੋਂ ਲੰਘ ਗਿਆ, ਤੀਜਾ ਕਮਰਬੰਦ (ਪੇਟੀ) ਨੂੰ ਛੋਂਹਦਾ ਲੰਘ ਗਿਆ। ਹਰੀ ਚੰਦ ਵੀ ਗੁਰੂ ਜੀ ਦੇ ਇਕ ਤੀਰ ਨਾਲ ਪਾਰ ਬੋਲਿਆ ਤੇ ਜਿੱਤ ਹੋਈ।

www.sikhbookclub.com

ਜਿਸ ਥਾਂ 'ਤੇ ਯੁੱਧ ਸਮੇਂ ਤੀਰ ਅੰਦਾਜ਼ੀ ਹੋਈ ਸੀ ਉਸ ਥਾਂ 'ਤੇ ਹੁਣ ਦੋ ਸਾਲ ਹੋਏ ਬੜਾ ਸੁੰਦਰ ਗੁਰਦੁਆਰਾ ਬਣਾਇਆ ਗਿਆ ਹੈ, ਜਿਸ ਦਾ ਨਾਂ ਗੁਰਦੁਆਰਾ ਤੀਰ ਸਾਹਿਬ ਹੈ, ਪ੍ਰਬੰਧ ਲੋਕਲ ਕਮੇਟੀ ਦਾ ਹੈ। ਇਸ ਥਾਂ 'ਤੇ ਹੀ ਗੁਰੂ ਜੀ ਨੂੰ ਦੁਸ਼ਮਣਾਂ ਵਲੋਂ ਵਾਰ ਕੀਤੇ ਜਾਣ 'ਤੇ ਪੇਟੀ ਵਿਚ ਤੀਰ ਲੱਗਾ ਸੀ, ਜਿਸ 'ਤੇ ਗੁਰੂ ਜੀ ਨੇ ਕਿਹਾ :

ਜਬੈ ਬਾਣ ਲਾਗ੍ਯੋ ॥ ਤਬੈ ਰੋਸ ਜਾਗ੍ਯੋ ॥

ਗੁਰੂ ਜੀ ਨੇ ਆਪਣੇ ਦੁਸ਼ਮਣ ਨੂੰ ਚੰਗਾ ਨਿਸ਼ਾਨਚੀ ਹੋਣ ਲਈ ਤਾਰੀਫ਼ ਵਜੋਂ ਸ਼ਾਬਾਸ਼ ਕਿਹਾ, ਤਾਂ ਉਹ ਹੱਸਣ ਲੱਗਾ। ਗੁਰੂ ਜੀ ਨੇ ਚਿਲਾ ਚੜ੍ਹਾ ਕੇ ਤੀਰ ਹਰੀ ਚੰਦ ਦੀ ਘੰਡੀ (ਸੰਘੀ) ਵਿਚ ਪਰੋ ਦਿੱਤਾ ਅਤੇ ਆਪਣੇ ਮੁਕਾਬਲੇ ਦੇ ਦੁਸ਼ਮਣ ਦੇ ਅੰਤ ਨਾਲ ਵੈਰੀ 'ਤੇ ਫ਼ਤਹ ਪਾਈ। ਇਹ ਗੱਲ ੧੮ ਵਿਸਾਖ ਸੰਮਤ ੧੭੪੫ ਦੀ ਹੈ, ਇਹ ਫ਼ਤਹ ਵਾਲਾ ਦਿਵਸ ਇਸ ਸਥਾਨ 'ਤੇ ਹਰ ਸਾਲ ਬੜੇ ਸਤਿਕਾਰ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਹ ਥਾਂ ਪਹਾੜੀ ਉੱਤੇ ਕਿਲ੍ਹੇ ਵਾਂਗ ਉਚੀ ਪੱਧਰੀ ਥਾਂ ਹੈ, ਇਸ ਦੇ ਇਕ ਪਾਸੇ ਦਰਿਆ 'ਗਿਰੀ' ਜੋ ਸ਼ਿਮਲੇ ਤੋਂ ਚਲਦਾ ਹੈ, ਅੱਗੇ ਜਾ ਕੇ ਸ੍ਰੀ ਪਾਉਂਟਾ ਸਾਹਿਬ ਦੇ ਨੇੜੇ ਜ਼ਮਨਾ ਵਿਚ ਮਿਲ ਜਾਂਦਾ ਹੈ। ਫ਼ਤਹ ਪ੍ਰਾਪਤ ਕਰਨ 'ਤੇ ਗੁਰੂ ਜੀ ਨੇ ਬਚਿਤ੍ਰ ਨਾਟਕ ਵਿਚ ਕਿਹਾ :

ਹਰੀਚੰਦ ਮਾਰੇ ॥ ਸੁ ਜੋਧਾ ਲਤਾਰੇ ॥...
ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥
ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥੩੫॥ *(ਅਧਿ: ੮)*

ਭੰਗਾਣੀ ਦੇ ਯੁੱਧ ਤੋਂ ਰਾਜਾ ਭੀਮ ਚੰਦ ਨੂੰ ਬਹੁਤ ਵੱਡੀ ਹਾਰ ਹੋਈ। ਲਜਿਤ ਹੋਇਆ, ਮਨ ਵਿਚ ਸੋਚਿਆ ਕਿ ਗੁਰੂ ਜੀ ਨਾਲ ਦੁਸ਼ਮਣੀ ਰੱਖਣ ਦੀ ਬਜਾਏ ਦੋਸਤੀ, ਮਿੱਤਰਤਾ ਰੱਖੀ ਜਾਵੇ, ਇਸ ਵਿਚਾਰ ਨਾਲ ਬੇਨਤੀ ਕੀਤੀ ਕਿ ਅਨੰਦਪੁਰ ਸਾਹਿਬ ਆ ਕੇ ਡੇਰਾ ਜਮਾ ਲਓ, ਕਾਫ਼ੀ ਇਲਾਕਾ ਦੇ ਦਿੱਤਾ, ਜਿਥੇ ਗੁਰੂ ਜੀ ਨੇ ਕਿਲ੍ਹੇ, ਇਮਾਰਤਾਂ, ਮਹਲ ਉਸਾਰਨੇ ਸ਼ੁਰੂ ਕਰ ਦਿੱਤੇ।

ਰਾਜਾ ਭੀਮ ਚੰਦ ਬਿਲਾਸਪੁਰ ਦਾ ਰਾਜਾ ਸੀ। ਗੁਰੂ ਜੀ ਨਾਲ ਵੈਰ ਕਮਾਉਂਦਾ ਸੀ, ਹੁਣ ਵੇਖਿਆ ਜਾ ਸਕਦਾ ਹੈ ਕਿ ਬਿਲਾਸਪੁਰ ਦਾ ਪੁਰਾਣਾ ਨਗਰ ਸਾਰਾ ਗੋਬਿੰਦ ਸਾਗਰ ਵਿਚ ਰੁੜ੍ਹ ਕੇ ਡੁੱਬ ਗਿਆ ਹੈ।

ਗੁਰੂ ਜੀ ਨੇ ਆਪਣੀ ਇਕ ਵੱਡੀ ਸ੍ਰੀ ਸਾਹਿਬ (ਤਲਵਾਰ) ਨਾਹਨ ਦੇ ਰਾਜੇ ਨੂੰ ਬਖ਼ਸ਼ਿਸ਼ ਵਜੋਂ ਦਿੱਤੀ ਸੀ, ਹੁਣ ਉਹ ਨਾਹਨ, ਦਰਸ਼ਕਾਂ ਦੇ ਦਰਸ਼ਨ ਲਈ ਰੱਖੀ ਹੋਈ ਹੈ।

ਗੁਰੂ ਜੀ ਨੂੰ ਇਸ ਗੱਲ ਦਾ ਬਹੁਤ ਖ਼ਿਆਲ ਰਹਿੰਦਾ ਸੀ ਕਿ ਲੜਾਈ ਦੇ ਸਮੇਂ ਮੋਰਚੇ ਢੰਗ ਨਾਲ ਇਸ ਤਰ੍ਹਾਂ ਦੇ ਬਣਾਏ ਜਾਣ ਕਿ ਦੁਸ਼ਮਣ ਦੀਆਂ ਹਰਕਤਾਂ ਨੂੰ ਦੂਰ ਤੋਂ ਹੀ ਵੇਖਿਆ, ਭਾਂਪਿਆ ਜਾ ਸਕੇ, ਅਤੇ ਆਸੇ ਪਾਸੇ ਪਾਣੀ ਦਾ ਕਾਫ਼ੀ ਪ੍ਰਬੰਧ ਕੁਦਰਤੀ ਹੋਵੇ, ਆਸ ਪਾਸ ਜੰਗਲ ਹੋਵੇ, ਫ਼ੌਜਾਂ ਲਈ ਖੁੱਲ੍ਹੀ ਥਾਂ ਹੋਵੇ, ਪਾਠ ਪੂਜਾ, ਕੀਰਤਨ, ਨਿਤਨੇਮ ਕਰਨ ਲਈ ਸ਼ਾਂਤ ਇਕਾਂਤ ਵੀ ਹੋਵੇ, ਸਟੋਰ ਲੰਗਰ ਲਈ ਵੱਖ ਥਾਂ ਵੀ ਹੋਵੇ। ਇਸ ਥਾਂ ਤੋਂ ਦਸ ਕੁ ਮੀਲ ਦੇ ਫ਼ਾਸਲੇ ਤੇ ਦੂਜਾ ਸਥਾਨ ਤੰਬੂ ਸਾਹਿਬ ਹੈ, ਜਿਥੇ ਹਾਲਾਂ ਵੀ ਇਕ ਵੱਡਾ ਥੜ੍ਹਾ ਅਤੇ ਉਸ ਉੱਤੇ ਗੁਰੂ ਜੀ ਦੇ ਸਿੰਘਾਸਨ ਲਈ ਸਥਾਨ ਬਣਿਆ ਹੋਇਆ ਹੈ। ਇਥੋਂ ਹੁਕਮ ਜਾਰੀ ਕੀਤੇ ਗਏ ਸਨ।

www.sikhbookclub.com

8-10 ਸਾਲ ਪਹਿਲਾਂ ਇਸ ਥਾਂ 'ਤੇ ਨਿੰਬੂ ਦੇ ਕਾਫ਼ੀ ਬੂਟੇ ਸਨ, ਉਨ੍ਹਾਂ ਬੂਟਿਆਂ 'ਤੇ ਰਾਤ ਸਮੇਂ ਸਿੰਘਾਂ ਦੇ ਕਛਹਿਰੇ ਅਤੇ ਪਰਨੇ ਸੁਕਦੇ ਪਏ ਵੇਖਣ ਵਿਚ ਆਉਂਦੇ ਹੁੰਦੇ ਸਨ, ਜਿਵੇਂ ਫ਼ੌਜਾਂ ਦੀ ਛਾਉਣੀ ਹੋਵੇ।

ਕਈ ਵਾਰ ਸ਼ਸਤਰਾਂ, ਤੀਰਾਂ ਦੇ ਚਲਾਉਣ ਦੀ ਗੁੰਮਾ (ਮੱਧਮ ਆਵਾਜ਼) ਵੀ ਸੁਣਾਈ ਦੇਂਦੀ ਸੀ। ਜੋ ਨਹਿਰ 8-9 ਸਾਲ ਹੋਏ ਇਥੇ ਖੋਦੀ ਗਈ ਸੀ, ਇਹ ਕੂਲ ਵਾਂਗ ਸੀ, ਇਸ ਵਿਚੋਂ ਪੁਰਾਣੇ ਸ਼ਸਤਰ, ਤੀਰ ਆਦਿ ਵੀ ਮਿਲੇ ਸਨ।

ਭੰਗਾਣੀ ਦੇ ਆਲੇ ਦੁਆਲੇ ਪਿੰਡ ਸਿੰਘ ਪੁਰਾ, ਪਹਾੜੀਆ ਵਾਲਾ, ਮਹਿਰਵਾਲਾ ਹਨ। ਡਾਕਖਾਨਾ ਭੰਗਾਣੀ ਸਾਹਿਬ ਹੀ ਹੈ, ਸਰਕਾਰੀ ਮਿਡਲ ਸਕੂਲ ਹੈ, ਸ੍ਰੀ ਪਾਉਂਟਾ ਸਾਹਿਬ ਤੋਂ ਬਸ ਅੰਬੋਆ ਤਕ ਇਥੋਂ ਹੋ ਕੇ ਜਾਂਦੀ ਹੈ। ਬਾਹਤੀ ਸਿੱਖ ਕੌਮ ਦੇ ਲੋਕ ਆਬਾਦ ਹਨ, ਲਗਭਗ 400 ਘਰ ਹਨ, ਇਥੇ ਪੁਰਾਣਾ ਖੂਹ ਚਰਖੀਆਂ ਵਾਲਾ ਹੈ, ਬੋਹੜ ਦੇ ਦਰੱਖ਼ਤ ਹਨ, ਬਿਜਲੀ ਦਾ ਇੰਤਜ਼ਾਮ ਹੈ, ਪਾਈਪ ਵਾਲਾ ਪਾਣੀ ਵੀ ਹੈ।

(1/1975)

www.sikhbookclub.com

ਚਮਕੌਰ ਦੀ ਜੰਗ ਦੀ ਕਹਾਣੀ:
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ੁਬਾਨੀ

'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਮੁਗ਼ਲ ਸਮਰਾਟ ਔਰੰਗਜ਼ੇਬ ਨੂੰ ਫ਼ਾਰਸੀ ਸ਼ੇਅਰਾਂ ਵਿਚ ਲਿਖੀ ਹੋਈ ਇਕ ਚਿੱਠੀ ਹੈ। ਇਸ ਤਰ੍ਹਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਇਸ ਦਾ ਹਰ ਇਕ ਸ਼ੇਅਰ ਅਣਖ, ਸਵੈਮਾਨ ਤੇ ਪ੍ਰਭੂ ਭਰੋਸਾ ਜਗਾਉਂਦਾ ਹੈ।

'ਜ਼ਫ਼ਰਨਾਮਾ' ਉਹ ਮਹਾਨ ਵਿਜੈ-ਪੱਤਰ ਹੈ, ਜਿਸ ਨੂੰ ਪੜ੍ਹ ਕੇ ਔਰੰਗਜ਼ੇਬ ਨੇ ਅਸਿੱਧੇ ਤੌਰ 'ਤੇ ਆਪਣੀ ਹਾਰ ਮੰਨ ਲਈ ਸੀ। ਕਹਿੰਦੇ ਹਨ ਇਹ ਖ਼ਤ ਪੜ੍ਹ ਕੇ ਅੱਤਿਆਚਾਰ ਦੀ ਤਸਵੀਰ ਬਣ ਚੁੱਕੇ ਔਰੰਗਜ਼ੇਬ ਦੀਆਂ ਅੱਖਾਂ ਨਮ ਹੋ ਗਈਆਂ ਸਨ। ਜੋ ਕੰਮ ਤਲਵਾਰ ਨਹੀਂ ਕਰ ਸਕੀ ਉਹ ਗੁਰੂ ਸਾਹਿਬ ਦੀ ਕਲਮ ਨੇ ਕਰ ਵਿਖਾਇਆ। ਇਹ ਚਿੱਠੀ ਫ਼ਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦੀ ਹੈ। ਇਹ ਚਿੱਠੀ ਔਰੰਗਜ਼ੇਬ ਨੂੰ ਸ਼ਰਮਸਾਰ ਹੀ ਨਹੀਂ ਕਰਦੀ ਬਲਕਿ ਉਸ ਦੇ 'ਕੱਦ' ਨੂੰ ਵੀ ਬੌਣਾ ਬਣਾਉਂਦੀ ਹੈ। ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ 'ਈਮਾਂ ਫ਼ਿਕਨ' ਭਾਵ ਬੇਈਮਾਨ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ।

ਕੁਝ ਘਟਨਾਵਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦਾ ਦੁਖਾਂਤ ਸਮੁੱਚੀ ਕੌਮ ਦਾ ਦੁਖਾਂਤ ਹੋ ਨਿਬੜਦਾ ਹੈ ਅਤੇ ਉਸ ਦੁਖਾਂਤ ਨਾਲ ਹੋਏ ਜ਼ਖ਼ਮ ਹਮੇਸ਼ਾ ਰਿਸਦੇ ਰਹਿੰਦੇ ਹਨ, ਹਰੇ ਰਹਿੰਦੇ ਹਨ। ਸਾਕਾ ਚਮਕੌਰ ਸਾਹਿਬ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦੀ ਅਦੁੱਤੀ ਸ਼ਹਾਦਤ ਦੀ ਘਟਨਾ) ਵੀ ਇਕ ਅਜਿਹਾ ਹੀ ਦੁਖਾਂਤ ਹੈ ਜਿਸ ਨੂੰ ਉਸ ਸਮੇਂ ਸਮੁੱਚੀ ਕੌਮ ਨੇ ਹੰਢਾਇਆ (ਤੇ ਇਕ ਤਰ੍ਹਾਂ ਨਾਲ ਅੱਜ ਵੀ ਹੰਢਾ ਰਹੀ ਹੈ)। ਰੌਂਗਟੇ ਖੜ੍ਹੇ ਕਰ ਦੇਣ ਵਾਲੀ ਇਸ ਮੰਦਭਾਗੀ ਘਟਨਾ ਨੇ ਸਿੱਖ ਸਮਾਜ ਨੂੰ ਗ਼ਮਾਂ ਦੇ ਡੂੰਘੇ ਸਮੁੰਦਰ ਵਿਚ ਡੁਬੋ ਦਿੱਤਾ। ਸਿੱਖ ਮਾਨਸਿਕਤਾ ਲਹੂ-ਲੁਹਾਣ ਹੋ ਗਈ।

ਬੇਸ਼ੱਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬ ਅਡੋਲ ਰਹੇ ਪਰ ਇਹ ਘਟਨਾ ਉਨ੍ਹਾਂ ਦੇ ਦਿਲ 'ਤੇ ਡੂੰਘੀ ਉੱਕਰੀ ਗਈ। ਇਹੋ ਕਾਰਨ ਹੈ ਕਿ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿਚ ਪਹਿਲੀ ਵਾਰ ਜ਼ੁਲਮ, ਜਬਰ ਤੇ ਤਕੱਬਰ ਵਿਰੁੱਧ ਤਲਵਾਰ ਉਠਾਉਣ ਲਈ ਲਲਕਾਰ ਕੇ ਆਖਿਆ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥

ਇਸ ਤਰ੍ਹਾਂ ਸ਼ਹਾਦਤ ਦੀ ਇਸ ਬੇਨਜ਼ੀਰ ਘਟਨਾ ਨੇ ਸਿੱਖ ਸੋਚ ਦੇ ਫ਼ਲਸਫ਼ੇ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ।

www.sikhbookclub.com

ਹਥਲੇ ਲੇਖ ਵਿਚ 'ਚਮਕੌਰ ਦੀ ਗੜ੍ਹੀ ਦੀ ਕਹਾਣੀ' ਨੂੰ ਕੇਵਲ 'ਜ਼ਫ਼ਰਨਾਮਾ' ਦੀ ਰੌਸ਼ਨੀ ਵਿਚ ਹੀ ਵੇਖਿਆ ਤੇ ਵਿਚਾਰਿਆ ਜਾਵੇਗਾ। ਗੁਰੂ ਸਾਹਿਬ ਨੇ ਆਪਣੇ ਇਸ ਵਿਜੈ-ਪੱਤਰ ਵਿਚ ਚਮਕੌਰ ਦੀ ਜੰਗ ਦਾ ਬੜੀ ਬਾਰੀਕੀ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬ ਵਲੋਂ ਪੇਸ਼ ਕੀਤੀ ਜੰਗ ਦੀ ਇਹ ਇਤਿਹਾਸਕ ਝਾਕੀ ਬੇਮਿਸਾਲ ਹੈ ਅਤੇ ਚਮਕੌਰ ਦੀ ਜੰਗ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜ਼ੁਬਾਨੀ ਚਸ਼ਮਦੀਦ ਗਵਾਹੀ ਭਰਦੀ ਹੈ।

ਚਮਕੌਰ ਦੀ ਜੰਗ ਬਰਾਬਰ ਦੀ ਚੋਟ ਨਹੀਂ ਸੀ; ਦੋਵਾਂ ਵਿਰੋਧੀ ਦਲਾਂ ਦੀ ਨਫ਼ਰੀ ਵਿਚ ਜ਼ਮੀਂ-ਅਸਮਾਨ ਦਾ ਫ਼ਰਕ ਸੀ। ਇਕ ਪਾਸੇ ਥੱਕੇ-ਟੁੱਟੇ ਤੇ ਭੁੱਖਣ-ਭਾਣੇ ਚਾਲ੍ਹੀ ਸਿੰਘ ਅਤੇ ਦੂਜੇ ਪਾਸੇ ਟਿੱਡੀ ਦਲ ਮੁਗ਼ਲ ਫ਼ੌਜ। ਇਸ ਅਤੁਲਵੇਂ ਯੁੱਧ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫ਼ਰਨਾਮਾ' ਵਿਚ ਲਿਖਿਆ ਹੈ :

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ ॥੧੯॥

ਭਾਵ, ਭੁੱਖਣ-ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ (ਅਣਗਿਣਤ) ਫ਼ੌਜ ਟੁੱਟ ਪਵੇ। ਗੁਰੂ ਸਾਹਿਬ ਇਸੇ ਗੱਲ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਲਿਖਦੇ ਹਨ :

ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ ॥੪੧॥

ਭਾਵ, ਆਖ਼ਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ। ਗੁਰੂ ਸਾਹਿਬ ਨੇ ਟਿੱਡੀ ਦਲ ਮੁਗ਼ਲ ਫ਼ੌਜ ਵਲੋਂ ਕੀਤੇ ਭਰਵੇਂ ਹੱਲੇ ਦਾ ਬੜੀ ਖ਼ੂਬਸੂਰਤੀ ਨਾਲ ਜ਼ਿਕਰ ਕੀਤਾ ਹੈ :

ਬਰੰਗੇ ਮਗਸ ਸਜਾਹਪੋਸ਼ ਆਮਦੰਦ ॥
ਬ ਯਕ ਬਾਰਗੀ ਦਰ ਖ਼ਰੋਸ਼ ਆਮਦੰਦ ॥੨੯॥

ਭਾਵ, ਤੇਰੀ ਕਾਲੀ ਪੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ। ਗੁਰੂ ਸਾਹਿਬ ਲਿਖਦੇ ਹਨ ਕਿ ਤੇਰੀ ਫ਼ੌਜ ਦੇ ਜਰਨੈਲ ਤੇ ਸਿਪਾਹੀ ਦੀਵਾਰ ਦੀ ਓਟ ਲਈ ਆਪਣੀ ਜਾਨ ਦੀ ਖ਼ੈਰ ਮੰਗਦੇ ਰਹੇ :

ਕਿ ਬੇਰੂੰ ਨਯਾਮਦ ਕਸੇ ਜ਼ਾਂ ਦਿਵਾਰ ॥
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼ੁਆਰ ॥੨੮॥

ਭਾਵ, ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖ਼ੁਆਰ ਹੋਏ। ਅਤੇ :

ਹਰ ਆਂਕਸ ਜ਼ਿ ਦੀਵਾਰ ਆਮਦ ਬਿਰੂੰ ॥
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥੨੭॥

ਭਾਵ, ਜੋ ਵੀ ਕੋਈ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਲਹੂ ਵਿਚ ਗ਼ਰਕ ਹੋ ਗਿਆ।

www.sikhbookclub.com

ਗੁਰੂ ਸਾਹਿਬ, ਮੁਗ਼ਲ ਫ਼ੌਜ ਦੇ ਇਕ ਫ਼ੌਜਦਾਰ, ਨਾਹਰ ਖ਼ਾਂ ਨੂੰ ਆਪਣੇ ਤੀਰ ਦਾ ਨਿਸ਼ਾਨਾ ਬਣਾਉਣ ਦੇ ਦ੍ਰਿਸ਼ ਨੂੰ ਇਉਂ ਚਿਤਰਦੇ ਹਨ:

ਚੁ ਦੀਦਮ ਕਿ ਨਾਹਰ ਬਿਯਾਮਦ ਬ ਜੰਗ ॥
ਚਸ਼ੀਦਹ ਯਕੇ ਤੀਰਿ ਮਨ ਬੇਦਰੰਗ ॥੨੯॥

ਭਾਵ, ਜਦ ਮੈਂ ਨਾਹਰ ਖ਼ਾਂ ਨੂੰ ਮੈਦਾਨ-ਏ-ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫ਼ੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ, ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢੇਰੀ ਹੋ ਗਿਆ। ਆਪਣੇ ਆਪ ਨੂੰ ਬਹਾਦਰ ਅਖਵਾਉਣ ਵਾਲੇ ਕੁਝ ਪਠਾਣਾਂ ਦੇ ਰਣਭੂਮੀ ਤੋਂ ਭੱਜ ਜਾਣ ਦਾ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

ਹਮਾਖ਼ਰ ਗੁਰੇਜ਼ਦ ਬਜਾਏ ਮਸਾਫ਼ ॥
ਬਸੇ ਖ਼ਾਨਹ ਖ਼ੁਰਦੰਦ, ਬੇਰੂੰ ਗੁਜ਼ਾਫ਼ ॥੩੦॥

ਭਾਵ, ਅਖ਼ੀਰ ਨੂੰ ਉਹ ਪਠਾਣ ਜੋ ਬਾਹਰ ਖੜੋਤੇ ਸ਼ੇਖੀਆਂ ਪਏ ਮਾਰਦੇ ਸਨ, ਰਣਭੂਮੀ ਤੋਂ ਭੱਜੇ ਗਏ।

ਗੁਰੂ ਸਾਹਿਬ ਨੇ ਜਿੱਥੇ ਬੁਜ਼ਦਿਲ ਪਠਾਣਾਂ ਦਾ ਜ਼ਿਕਰ ਕੀਤਾ ਹੈ, ਉੱਥੇ ਇਕ ਪਠਾਣ ਜਰਨੈਲ ਵਲੋਂ ਬਹਾਦਰੀ ਨਾਲ ਹਮਲੇ ਕਰਨ ਦਾ ਵੀ ਉਚੇਚੇ ਤੌਰ 'ਤੇ ਵਰਣਨ ਕੀਤਾ ਹੈ:

ਕਿ ਅਫ਼ਗਨ ਦੀਗਰ ਬਯਾਮਦ ਬਜੰਗ ॥
ਚੁ ਸੈਲੇ ਰਵਾਂ ਹਮ ਚੁ ਤੀਰੋ ਤੁਫ਼ੰਗ ॥੩੧॥

ਭਾਵ, ਇਸ ਪਿੱਛੋਂ ਇਕ ਹੋਰ ਪਠਾਨ ਤੇਜ਼ ਹੜ੍ਹ ਵਾਂਗ ਤੇ ਤੀਰ ਤੁਫ਼ੰਗ (ਭਾਵ ਬੰਦੂਕ ਦੀ ਗੋਲੀ) ਵਾਂਗ ਲੜਨ ਲਈ ਅੱਗੇ ਆਇਆ (ਸ਼ਾਇਦ, ਇਹ ਜ਼ਫ਼ਰਬੇਗ ਵੱਲ ਸੰਕੇਤ ਹੈ)। ਗੁਰੂ ਸਾਹਿਬ ਨੇ ਇਸ ਪਠਾਣ ਦੀ ਬਹਾਦਰੀ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

ਬਸੇ ਹਮਲਹ ਕਰਦੰਦ ਬ ਮਰਦਾਨਗੀ ॥
ਹਮ ਅਜ਼ ਹੋਸ਼ਗੀ, ਹਮ ਜ਼ਿ ਦੇਵਾਨਗੀ ॥੩੨॥

ਭਾਵ, ਉਸ ਨੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ ਕੀਤੇ (ਕੁਝ ਸੂਝ-ਬੂਝ ਨਾਲ, ਕੁਝ ਬੇਸਮਝੀ ਨਾਲ)। ਅਗਲੇ ਸ਼ੇਅਰ ਵਿਚ, ਉਸ ਪਠਾਣ ਵੱਲੋਂ ਦੋ ਸਿੱਖ ਸੈਨਿਕਾਂ ਅਤੇ ਖ਼ੁਦ ਵੀ ਕਤਲ ਹੋ ਜਾਣ ਦੇ ਤੱਥ ਨੂੰ ਇਉਂ ਕਲਮਬੰਦ ਕੀਤਾ ਹੈ:

ਬਸੇ ਹਮਲਾਹ ਕਰਦੋ ਬਸੇ ਜ਼ਖ਼ਮ ਖ਼ੁਰਦ ॥
ਦੂ ਕਸ ਰਾ ਸਖ਼ਾਂ ਕੁਸ਼ਤ ਹਮ ਜਾਂ ਸਪੁਰਦ ॥੩੩॥

ਭਾਵ, ਉਸ ਨੇ ਕਈ ਹੱਲੇ ਕੀਤੇ ਅਤੇ ਖ਼ੁਦ ਵੀ ਬਹੁਤ ਸਾਰੇ ਫੱਟ ਖਾਧੇ। ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਅਤੇ ਆਖ਼ਰ ਆਪ ਵੀ ਆਪਣੀ ਜਾਨ ਦੇ ਗਿਆ।

ਇਕ ਹੋਰ ਪਠਾਣ ਫ਼ੌਜਦਾਰ, ਖ਼ੁਆਜਾ ਜ਼ਫ਼ਰਬੇਗ ਦਾ ਜ਼ਿਕਰ ਹੈ, ਜੋ ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਨਿੱਤਰਦਾ:

ਕਿ ਆਂ ਖ਼੍ਵਾਜਹ ਮਰਦੂਦ ਸਾਯਹ ਦਿਵਾਰ ॥
ਨਯਾਮਦ ਬ ਮੈਦਾਂ ਬ ਮਰਦਾਨ ਵਾਰ ॥੩੪॥

www.sikhbookclub.com

ਭਾਵ, ਉਹ ਮਰਦੂਦ ਖ਼ੁਆਜ਼ਾ ਜ਼ਫ਼ਰਬੇਗ ਦੀਵਾਰ ਦੀ ਓਟ ਹੇਠ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਆਇਆ। ਅਗਲੇ ਸ਼ੇਅਰ ਵਿਚ ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜੇਕਰ ਉਹ ਉਸ ਨੂੰ ਵੇਖ ਲੈਂਦੇ ਤਾਂ ਸਹਿਜੇ ਹੀ ਆਪਣੇ ਤੀਰ ਦਾ ਨਿਸ਼ਾਨਾ ਬਣਾ ਦਿੰਦੇ। ਗੁਰੂ ਸਾਹਿਬ ਨੇ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਲਿਖਿਆ ਹੈ :

ਦਰੇਗਾ ! ਅਗਰ ਰੂਇ ਓ ਦੀਦਮੇ ॥
ਬ ਯਕ ਤੀਰ ਲਾਚਾਰ ਬਖ਼ਸ਼ੀਦਮੇ ॥੩੫॥

ਭਾਵ, ਗੁਰੂ ਸਾਹਿਬ ਕਹਿੰਦੇ ਹਨ, ਦਰੇਗ਼ਾ ! (ਅਫ਼ਸੋਸ) ਜੇਕਰ ਮੈਂ ਉਸ ਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦਾ ਭਾਵ ਉਸ ਨੂੰ ਪਾਰ ਬੁਲਾਉਣ ਤੋਂ ਹੈ :

ਹਮਾਖ਼ਰ ਬਸੇ ਜ਼ਖ਼ਮਿ ਤੀਰੋ ਤੁਫ਼ੰਗ ॥
ਦੋ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ ॥੩੬॥

ਭਾਵ, ਆਖ਼ਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ-ਖਾ ਥੋੜ੍ਹੇ ਚਿਰ ਵਿਚ ਹੀ ਦੋਹਾਂ ਪਾਸਿਆਂ ਤੋਂ ਬਹੁਤ ਸਾਰੇ ਆਦਮੀ ਮਾਰੇ ਗਏ :

ਬਸੇ ਬਾਰ ਬਾਰੀਦ ਤੀਰੋ ਤੁਫੰਗ ॥
ਜ਼ਿਮੀਂ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ ॥੩੭॥

ਭਾਵ, ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਗ ਲਾਲੋ-ਲਾਲ ਹੋ ਗਈ :

ਸਰੋਪਾਇ ਅੰਬੋਹ ਚੰਦਾਂ ਸ਼ੁਦਹ ॥
ਕਿ ਮੈਦਾਂ ਪੁਰ ਅਜ਼ ਗੂਓ ਚੌਗਾਂ ਸ਼ੁਦਹ ॥੩੮॥

ਭਾਵ, ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ-ਖੂੰਡੀਆਂ ਨਾਲ ਭਰਿਆ ਹੋਵੇ (ਭਾਵ ਰਣਭੂਮੀ ਵਿਚ ਸਿਰ ਖਿੱਦੋਆਂ ਵਾਂਗ ਅਤੇ ਲੱਤਾਂ-ਬਾਹਾਂ ਖੂੰਡੀਆਂ ਵਾਂਗ ਖਿਲਰੀਆਂ ਪਈਆਂ ਸਨ)।

ਤੀਰਾਂ ਤੇ ਕਮਾਨਾਂ ਦੀਆਂ ਟਣਕਾਰਾਂ ਨਾਲ ਲੋਕਾਂ ਵਿਚ ਚੀਕ-ਚਿਹਾੜਾ ਪੈ ਗਿਆ। ਇਸ ਪਿੱਛੋਂ ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜਬੜ ਮਚਾ ਦਿੱਤੀ ਕਿ ਵੱਡੇ-ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਹੋ ਗਏ। ਗੁਰੂ ਸਾਹਿਬ ਲਿਖਦੇ ਹਨ ਕਿ ਨਾ ਉਨ੍ਹਾਂ ਦਾ ਰਤਾ ਵਾਲ ਵਿੰਗਾ ਹੋਇਆ ਤੇ ਨਾ ਹੀ ਉਨ੍ਹਾਂ ਦੇ ਸਰੀਰ ਨੂੰ ਕੋਈ ਖੇਦ ਪਹੁੰਚਿਆ, ਕਿਉਂਕਿ ਸ਼ਤਰੂ-ਹਰਤਾ ਪਰਮੇਸ਼ਰ ਨੇ ਆਪ ਉਨ੍ਹਾਂ ਨੂੰ (ਮੁਸੀਬਤ ਵਿਚੋਂ) ਕੱਢ ਲਿਆਂਦਾ।

ਗੁਰੂ ਸਾਹਿਬ, ਚਮਕੌਰ ਦੀ ਅਸਾਵੀਂ ਜੰਗ ਦੇ ਤਿੱਖੇ ਪ੍ਰਤੀਕਰਮ ਵਜੋਂ ਲਿਖਦੇ ਹਨ ਕਿ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰ੍ਹੇ ਸੁੱਟ ਦੇਣ ਵਾਲਾ ਹੈ। ਗੱਲ ਦੀ ਲੜੀ ਨੂੰ ਜਾਰੀ ਰੱਖਦਿਆਂ, ਅਗਲੇ ਹੀ ਸ਼ੇਅਰ ਵਿਚ ਗੁਰੂ ਸਾਹਿਬ ਲਿਖਦੇ ਹਨ : ਔਰੰਗਜ਼ੇਬ ! ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉੱਤੇ ਹੀ ਭਰੋਸਾ ਹੈ।

www.sikhbookclub.com

'ਜ਼ਫ਼ਰਨਾਮਾ' ਦੇ ਕੁੱਲ 112 ਸ਼ੇਅਰ ਹਨ। ਇਸ ਇਤਿਹਾਸਕ ਪੱਤਰ ਵਿਚ ਚਮਕੌਰ ਦੀ ਦਾਸਤਾਨ ਦਾ ਉੱਭਰਵਾਂ ਸਥਾਨ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਉਦਾਸੀ, ਝੋਰਾ ਤੇ ਕਲੇਸ਼ ਕਦੇ ਵੀ ਉਨ੍ਹਾਂ ਦੇ ਨੂਰਾਨੀ ਜਲਾਲ ਦੀ ਤਾਬ ਨਹੀਂ ਝੱਲ ਸਕੇ। ਨਿਮਨ-ਦਰਜ ਸ਼ੇਅਰ ਗੁਰੂ ਸਾਹਿਬ ਦੇ ਚੜ੍ਹਦੀ ਕਲਾ ਦੀ ਮੂਰਤ ਹੋਣ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥੭੮॥

ਇਸ ਸ਼ੇਅਰ ਵਿਚ, ਗੁਰੂ ਸਾਹਿਬ ਦਾ ਸਮੇਂ ਦੇ ਸ਼ਕਤੀਸ਼ਾਲੀ ਹੁਕਮਰਾਨ ਨੂੰ ਇਹ ਕਹਿਣਾ—"ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ, ਅਜੇ ਤਾਂ ਕੁੰਡਲੀਦਾਰ ਨਾਗ (ਭਾਵ ਖਾਲਸਾ) ਬਾਕੀ ਹੈ"—ਇਕ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਅਤੇ ਜਿੱਤ ਦੀ ਪ੍ਰਤੀਕ ਵੀ ਹੈ।

(12/2005)

www.sikhbookclub.com

ਕਲਗੀਧਰ ਪਿਤਾ ਦਾ ਪੰਜ ਕਲਾ ਸ਼ਸਤਰ

ਸਿੱਖ ਧਰਮ ਜਿਤਨਾ ਆਦਰਸ਼ਕ, ਸ਼ੁਭ ਗੁਣਾਂ ਨਾਲ ਸੰਪੰਨ, ਸਰਬ ਸਾਂਝਾ ਤੇ ਸਰਬ ਪ੍ਰਿਯਾ ਧਰਮ ਹੈ, ਉਤਨੀ ਹੀ ਅਣਗਹਿਲੀ ਤੇ ਘਾਲੋਂ ਸਾਡੀ ਕੌਮ ਵਲੋਂ ਆਪਣਾ ਇਤਿਹਾਸ ਖੋਜਣ, ਲਿਖਣ ਤੇ ਸਾਂਭਣ ਵਿਚ ਵਰਤੀ ਗਈ ਹੈ। ਹਾਲਾਂ ਕਿ ਸੰਸਾਰ ਭਰ ਦੇ ਸਭ ਤੋਂ ਵੱਡੇ ਧਰਮਾਂ ਵਿਚੋਂ ਉਮਰ ਦੇ ਨਾਤੇ ਇਹ ਸਭ ਤੋਂ ਛੋਟੀ ਉਮਰ ਵਾਲੀ ਕੌਮ ਹੈ। ਜੇ ਕੌਮ ਹੁਣ ਭੀ ਧਿਆਨ ਦੇਵੇ ਤਾਂ ਸਾਡੇ ਖ਼ਜ਼ਾਨੇ ਜਿਸ ਤਰ੍ਹਾਂ ਆਤਮ ਗਿਆਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਭਰਪੂਰ ਹਨ ਤੇ ਸੰਸਾਰ ਭਰ ਨੂੰ ਰਹਿੰਦੀ ਦੁਨੀਆਂ ਤਕ ਰੌਸ਼ਨੀ ਦੇਂਦੇ ਤੇ ਲਾਭ ਪਹੁੰਚਾਉਂਦੇ ਰਹਿਣਗੇ, ਉਸੇ ਤਰ੍ਹਾਂ ਸਾਡਾ ਇਤਿਹਾਸ ਭੀ ਦੁਨੀਆਂ ਸਾਹਮਣੇ ਇਕ ਮਿਸਾਲ ਬਣ ਕੇ ਚਮਕ ਸਕਦਾ ਹੈ। ਉੱਦਮ ਕੀਤਿਆਂ ਸਤਿਗੁਰ ਦੀਆਂ ਬਹੁਤ ਸਾਰੀਆਂ ਅਨਮੋਲ ਵਸਤੂਆਂ ਪ੍ਰਾਪਤ ਹੋ ਜਾਂਦੀਆਂ।

ਮਿਸਾਲ ਵਜੋਂ ਕਲਗੀਧਰ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਤ ਕਈ ਇਕ ਇਤਿਹਾਸਕ ਤੌਰ 'ਤੇ ਉੱਘੀਆਂ ਵਸਤਾਂ ਦਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਯਥਾ—ਪੰਜ ਕਲਾ ਸ਼ਸਤਰ, ਪ੍ਰਸਾਦੀ ਹਾਥੀ, ਰਣਜੀਤ ਨਗਾਰਾ, ਚੰਦਨ ਦੀ ਚੌਕੀ ਅਤੇ ਚਾਨਣੀ। ਪ੍ਰੰਤੂ ਇਨ੍ਹਾਂ ਚੀਜ਼ਾਂ ਦੀ ਉੱਘ-ਸੁਘ ਨਹੀਂ ਮਿਲਦੀ ਕਿ ਕਿਥੇ ਗਈਆਂ ਅਤੇ ਨਾ ਹੀ ਕਦੇ ਇਨ੍ਹਾਂ ਦੇ ਜਾਨਣ ਜਾਂ ਲੱਭਣ ਦਾ ਉੱਦਮ ਕੀਤਾ ਗਿਆ ਹੈ।

6 ਜਨਵਰੀ, 1962 ਨੂੰ ਦਾਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਗੱਲ ਲਿਖੀ ਕਿ ਦਾਸ ਦੀ ਖੋਜ ਤੇ ਵਾਕਫੀਅਤ ਵਿਚ ਦੋ ਚੀਜ਼ਾਂ ਆਈਆਂ ਹਨ—ਪਹਿਲੀ ਪੰਜ ਕਲਾ ਸ਼ਸਤਰ ਤੇ ਦੂਜੀ 'ਜ਼ਫ਼ਰਨਾਮਾ'। ਜੇ ਸ਼੍ਰੋਮਣੀ ਕਮੇਟੀ ਦਾਸ ਦੀ ਖੋਜ ਵਿਚ ਹੋਣ ਵਾਲੇ ਖਰਚਾਂ ਨੂੰ ਬਰਦਾਸ਼ਤ ਕਰੇ ਤਾਂ ਦਾਸ ਇਨ੍ਹਾਂ ਦੇ ਲੱਭਣ ਵਿਚ ਯਤਨ ਕਰ ਸਕਦਾ ਹੈ। ਕਾਮਯਾਬੀ ਤਾਂ ਗੁਰੂ ਨੇ ਬਖਸ਼ਣੀ ਹੈ, ਸਾਡਾ ਕੰਮ ਖੋਜ ਤੇ ਮਿਹਨਤ ਕਰਨਾ ਹੈ, ਆਸ ਹੈ ਗੁਰੂ ਭਾਗ ਲਾਵੇਗਾ।

ਦਾਸ ਦੀ ਬੇਨਤੀ ਪ੍ਰਵਾਨ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਦਾਸ ਦੀ ਡਿਊਟੀ, ਪੰਜ ਕਲਾ ਸ਼ਸਤਰ ਅਤੇ ਜ਼ਫ਼ਰਨਾਮਾ ਦੀ ਢੂੰਢ ਲਈ ਲਗਾ ਦਿੱਤੀ।

ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਆਪਣੀ ਬਾਬਤ ਪ੍ਰੀਚਯ ਪੱਤਰ ਲੈ ਕੇ ਮੈਂ ਸਿੱਧਾ ਦਿੱਲੀ ਪੁੱਜਾ, ਜ਼ਫ਼ਰਨਾਮੇ ਦੀ ਖੋਜ ਦੇ ਸੰਬੰਧ ਵਿਚ ਸੰਬੰਧਤ ਥਾਵਾਂ—ਔਰੰਗਜ਼ੇਬ ਦੇ ਖਾਨਦਾਨ ਵਿਚੋਂ ਅਤੇ ਸ਼ਾਹ ਜਹਾਨ ਦੇ ਖਾਨਦਾਨ ਵਿਚੋਂ ਬਚੇ ਖੁਚੇ ਮੈਂਬਰਾਂ ਬੇਗਮਾਤ ਤੇ ਸੰਬੰਧਤ ਅਦਾਰਿਆਂ ਪਾਸੋਂ ਪੁੱਛ-ਗਿੱਛ ਤੇ ਖੋਜ ਨੇ ਸਰਿ-ਦਸਤ ਜੋ ਰਾਹ ਦਿੱਤਾ ਉਹ ਇਹ ਕਿ ਇਹ ਖੋਜ ਅਜੇ ਕਾਫ਼ੀ ਡੂੰਘੀ ਭਾਲ ਤੇ ਵਕਤ ਮੰਗਦੀ ਹੈ। ਮੇਰੇ ਪਾਸ ਛਣਿਆਂ ਪੁਣਿਆਂ ਹੀ ਵਕਤ ਤੇ ਮਾਇਆ ਸੀ ਜੋ ਮੈਨੂੰ ਦਿੱਤੀ ਗਈ, ਜਿਸ ਵਿਚ ਮੈਂ ਖੋਜ ਦਾ ਕੰਮ ਕਰਨਾ ਸੀ—ਸੋ ਮੈਂ ਇਸ ਖੋਜ ਨੂੰ ਮੁਖ ਰੱਖ ਕੇ ਬੜੌਦਾ

www.sikhbookclub.com

ਮਹਾਰਾਜਾ ਸਾਹਿਬ ਗਾਇਕਵਾੜ ਆਫ਼ ਬੜੌਦਾ ਨੂੰ ਮਿਲਣ ਗਿਆ ਕਿਉਂਕਿ ਪੰਜ ਕਲਾ ਸ਼ਸਤਰ ਦੇ ਉੱਥੇ ਹੋਣ ਦੀ ਖੋਜ ਮੇਰੇ ਪਾਸ ਜ਼ਿਆਦਾ ਭਰੋਸੇ ਯੋਗ ਸੀ ਜੋ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੱਸੀਦਾ ਹੈ।

ਮੈਨੂੰ ਇਹ ਪਤਾ ਲੱਗਾ ਕਿ ਇਹ ਪੰਜ ਕਲਾ ਸ਼ਸਤਰ ਮਹਾਰਾਜਾ ਸਾਹਿਬ ਆਫ਼ ਗਾਇਕਵਾੜ ਬੜੌਦਾ ਦੇ ਆਪਣੇ ਅਜਾਇਬ ਘਰ ਵਿਚ ਪਿਆ ਹੈ। ਮੇਰੀ ਸਭ ਤੋਂ ਤੀਬਰ ਤੇ ਲੋੜੀਂਦੀ ਇੱਛਾ ਸਭ ਤੋਂ ਪਹਿਲਾਂ ਇਸ ਦੇ ਦਰਸ਼ਨਾਂ ਦੀ ਸੀ। ਬ.ਗੈਰ ਆਰਾਮ ਕਰਨ ਦੇ ਕੜਕਦੀ ਧੁੱਪ ਵਿਚ ਮੈਂ ਮਹਾਰਾਜਾ ਸਾਹਿਬ ਦੇ ਅਜਾਇਬ ਘਰ ਪੁੱਜਾ। ਭਾਵੇਂ ਅਜਾਇਬ ਘਰ ਦਾ ਵਕਤ ਸ਼ਾਮ ਨੂੰ ਕੇਵਲ ਤਿੰਨ ਤੋਂ ਪੰਜ ਤਕ ਦਾ ਹੈ ਪਰ ਫਿਰ ਵੀ ਗਾਰਡ ਨੇ ਮੇਰੇ ਨਾਲ ਇਕ ਗਾਈਡ ਤੇ ਚੌਕੀਦਾਰ ਦੇ ਕੇ ਦੇਖਣ ਦੀ ਆਗਿਆ ਦੇ ਦਿੱਤੀ। ਇਹ ਅਜਾਇਬ ਘਰ ਅਸਲ ਵਿਚ ਮਹਾਰਾਜਾ ਸਾਹਿਬ ਦੇ ਆਪਣੇ ਮਹਲ ਦੀ ਪਹਿਲੀ ਮੰਜ਼ਿਲ ਹੈ ਅਤੇ ਇਸ ਵਿਚ ਹਰ ਚੀਜ਼ ਤੇ ਰੰਗ ਢੰਗ ਅਤੇ ਕਰੀਨੇ ਨਾਲ ਸਜਾਈ ਗਈ ਹੈ। ਇਹ ਮਹਾਨ ਸੁੰਦਰ, ਮਹਲ ਦੀ ਹੇਠਲੀ ਮੰਜ਼ਲ, ਮਹਾਰਾਜਾ ਸਾਹਿਬ ਨੇ ਆਪਣੇ ਅਜਾਇਬ ਘਰ ਵਾਸਤੇ ਦਿੱਤੀ ਹੋਈ ਹੈ ਆਪਣਾ ਨਿਵਾਸ ਬਾਕੀ ਸਾਰੇ ਮਹਲ ਦੇ ਉੱਪਰ ਮੰਜ਼ਲਾਂ ਵਿਚ ਰੱਖ ਲਿਆ ਹੋਇਆ ਹੈ ਅਤੇ ਮਹਾਰਾਜਾ ਸਾਹਿਬ ਉੱਪਰ ਹੀ ਰਹਿੰਦੇ ਹਨ ਪਰ ਵਿਧਾਨ ਸਭਾ ਦੀ ਬੈਠਕ ਨਵੀਂ ਦਿੱਲੀ ਹੋਣ ਕਰਕੇ ਅਤੇ ਮਹਾਰਾਜਾ ਸਾਹਿਬ ਖ਼ੁਦ ਵਿਧਾਨ ਸਭਾ ਦੇ ਮੈਂਬਰ ਹੋਣ ਕਰਕੇ ਨਵੀਂ ਦਿੱਲੀ ਗਏ ਹੋਏ ਸਨ।

ਗਾਈਡ ਸਭ ਚੀਜ਼ਾਂ ਦਿਖਾਉਂਦਿਆਂ ਹੋਇਆਂ ਜਦ ਸ਼ਸਤਰਾਂ ਵਾਲੇ ਕਮਰੇ ਵਿਚ ਆਇਆ ਜਿਥੇ ਕਿ ਸੈਂਕੜੇ ਸੁੰਦਰ ਤੇ ਤਰ੍ਹਾਂ ਤਰ੍ਹਾਂ ਦੇ ਜੰਗੀ ਤੇ ਇਤਿਹਾਸਕ ਸ਼ਸਤਰ ਬੜੇ ਸੁਚੱਜੇ ਢੰਗ ਨਾਲ ਸੰਭਾਲੇ ਪਏ ਹਨ ਤੇ ਸ਼ੀਸ਼ੇ ਦੀਆਂ ਅਲਮਾਰੀਆਂ, ਬਕਸਾਂ ਤੇ ਦੀਵਾਰਾਂ ਨਾਲ ਸਜਾਏ ਹੋਏ ਰੱਖੇ ਹਨ—ਜਦ ਗਾਈਡ ਹੋਰਨਾਂ ਸ਼ਸਤਰਾਂ ਨੂੰ ਦਿਖਾਉਂਦਾ ਦਿਖਾਉਂਦਾ ਪੰਜ ਕਲਾ ਸ਼ਸਤਰ ਕੋਲ ਆਇਆ ਤਾਂ ਕਹਿਣ ਲੱਗਾ : "ਯਹ ਸਿਖੋਂ ਕੇ ਗੁਰੂ ਗੋਬਿੰਦ ਸਿੰਘ ਕਾ ਸ਼ਸਤਰ ਹੈ ਜੋ ਕਿ ਉਨੋਂ ਕੋ ਰਾਜਾ ਰਤਨ ਰਾਏ ਆਸਾਮ ਨੇ ਦੀਆ ਥਾ-ਇਸ ਮੇਂ ਪਾਂਚ ਸ਼ਸਤਰ ਹੈ, (1) ਬੰਦੂਕ ਹੈ, (2) ਗੁਰਜ ਹੈ, (3) ਗੁਪਤੀ ਹੈ, (4) ਸੰਗੀਨ, (5) ਔਰ ਯਹ ਨੰਗੇ ਹਾਥ ਕੇ ਬਚਾਉ ਕੇ ਲੀਏ ਸਟੀਲ ਕੀ ਢਾਲ ਹੈ।" ਮੈਂ ਗਾਈਡ ਦੇ ਮੂੰਹੋਂ ਸੁਣਨਾ ਚਾਹੁੰਦਾ ਸੀ। ਆਪ ਪਹਿਲਾਂ ਨਹੀਂ ਸੀ ਦੱਸਣਾ ਚਾਹੁੰਦਾ ਕਿ ਮੈਂ ਕਿਸ ਮਕਸਦ ਲਈ ਆਇਆ ਹਾਂ—ਇਹ ਗੱਲ ਉਸ ਦੇ ਮੂੰਹੋਂ ਸੁਣ ਕੇ ਮੇਰੇ ਮਨ ਦਾ ਸੰਸਾ ਉਤਰ ਗਿਆ, ਮੇਰੀ ਤਸੱਲੀ ਸੋਹਣੇ ਸਤਿਗੁਰਾਂ ਦਾ ਇਹ ਸੋਹਣਾ ਪੰਜ ਕਲਾ ਸ਼ਸਤਰ ਜਿਸ ਨੂੰ ਮੇਰੇ ਕਲਗੀਆਂ ਵਾਲੇ ਨੇ ਬੜੀ ਪ੍ਰਸੰਨਤਾ ਨਾਲ ਕਬੂਲ ਫ਼ੁਰਮਾਇਆ ਸੀ ਤੇ ਜਿਸ ਦਾ ਜ਼ਿਕਰ ਗੁਰੂ ਸਾਹਿਬ ਜੀ ਦੇ ਇਤਿਹਾਸ ਵਿਚ ਇਕ ਖ਼ਾਸ ਅਸਥਾਨ ਰੱਖਦਾ ਹੈ। ਅੱਜ ਅਨੰਦਪੁਰ ਦੀ ਆਪਣੀ ਨਿੱਜ ਅਸਥਾਨ ਤੋਂ ਚਲ ਕੇ ਮਹਾਰਾਜਾ ਸਾਹਿਬ ਬੜੌਦਾ ਦੇ ਅਜਾਇਬ ਘਰ ਦਾ ਸ਼ਿੰਗਾਰ ਬਣ ਰਿਹਾ ਹੈ। ਸ਼ਸਤਰ ਨੂੰ ਦੇਖ ਕੇ ਮੇਰਾ ਮਨ ਗਦ ਗਦ ਤੇ ਪ੍ਰਸੰਨ ਹੋ ਉਠਿਆ।

ਇਸ ਦੇ ਨਾਲ ਹੀ ਇਕ ਹੋਰ ਅਲੱਭ ਵਸਤੂ ਮਿਲੀ। ਉਹ ਹੈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕ੍ਰਿਪਾਨ, ਜੋ ਇਕ ਫਿਰਨ ਵਾਲੇ ਸ਼ੀਸ਼ੇ ਦੇ ਬਕਸ (Moving glass box) ਵਿਚ ਖੜੀ ਕੀਤੀ ਹੋਈ ਹੈ ਤੇ ਅਸੀਂ ਚਾਰੋਂ ਤਰਫ਼ ਫੇਰ ਕੇ ਇਸ ਕ੍ਰਿਪਾਨ ਦੇ ਹਰ ਪਾਸੇ ਦੇ ਦਰਸ਼ਨ ਕਰ ਸਕਦੇ ਹਾਂ।

ਗੁਰੂ ਸਾਹਿਬ ਜੀ ਦੀ ਇਹ ਕ੍ਰਿਪਾਨ ਆਮ ਕ੍ਰਿਪਾਨਾਂ ਦੇ ਸਾਈਜ਼ ਜਿਤਨੀ ਹੀ ਹੈ, ਫਲਾ

www.sikhbookclub.com

ਇਤਨਾ ਚਮਕੀਲਾ ਹੈ ਮਾਨੋ ਦੇਖਦਿਆਂ ਤਬੀਅਤ ਖ਼ੁਸ਼ ਹੁੰਦੀ ਹੈ। ਮਹਾਰਾਜਾ ਸਾਹਿਬ ਨੇ ਇਸ ਕ੍ਰਿਪਾਨ ਦੀ ਮੁੱਠ ਪੁਰ ਸੋਨਾ ਚੜ੍ਹਾ ਕੇ ਤੇ ਵਿਚ ਹੀਰੇ ਮੋਤੀ ਤੇ ਲਾਲ ਜੜਤ ਕਰਕੇ ਲਗਭਗ ਪੰਜਾਹ ਹਜ਼ਾਰ ਰੁਪਿਆ ਖਰਚ ਕੇ ਮੁੱਠ ਸਜਾਈ ਹੈ ਅਤੇ ਮਿਆਨ ਭੀ ਨਵੇਂ ਸਿਰਿਓਂ ਜ਼ਰੀਦਾਰ ਤੇ ਉਚੇਚਾ ਸੋਨੇ ਦੀਆਂ ਤਾਰਾਂ ਨਾਲ ਕਢਾਇਆ ਹੈ।

ਇਨ੍ਹਾਂ ਪਵਿੱਤਰ ਤੇ ਇਤਿਹਾਸਕ ਅਮੋਲਕ ਵਸਤੂਆਂ ਦਾ ਲੱਭ ਲੈਣਾ ਗੁਰੂ ਕ੍ਰਿਪਾ ਦਾ ਸਦਕਾ ਹੀ ਸੰਭਵ ਹੋਇਆ ਪ੍ਰੰਤੂ ਇਹ ਸਬੂਤ ਲੱਭਣੇ ਤੇ ਇਤਿਹਾਸਕ ਖੋਜ ਕਰਨੀ ਕਿ ਕਿਸ ਤਰ੍ਹਾਂ ਅਸੀਂ ਨਿਸਚਾ ਕਰੀਏ ਕਿ ਠੀਕ ਗੁਰੂ ਮਹਾਰਾਜ ਜੀ ਦੇ ਅਸਲ ਸ਼ਸਤਰ ਹਨ ਅਤੇ ਇਥੇ ਇਹ ਕਿਸ ਤਰ੍ਹਾਂ ਆਏ ਅਜੇ ਨਿਸਚਿਤ ਕਰਨਾ ਇਨ੍ਹਾਂ ਚੀਜ਼ਾਂ ਦੀ ਵਡੱਤਣ ਤੇ ਅਸਲੀਅਤ ਦੀ ਗੁਰੂ ਪ੍ਰੇਰਨਾ ਅਨੁਸਾਰ ਹੁਣ ਇਹ ਖੋਜ ਲੱਭਣੀ ਬਾਕੀ ਸੀ—ਇਸ ਵਿਚ ਮੈਨੂੰ ਬਹੁਤਾ ਕੁਝ ਕਰਨਾ ਨਹੀਂ ਪਿਆ ਕਿਉਂਕਿ ਗੁਰੂ ਮਹਾਰਾਜ ਜੀ ਨੇ ਮੇਰੀਆਂ ਸਾਰੀਆਂ ਮੁਸ਼ਕਲਾਂ ਆਪ ਆਸਾਨ ਕਰ ਦਿੱਤੀਆਂ ਸਨ। ਪਤਾ ਲੱਗਾ ਕਿ ਇਸ ਅਜਾਇਬ ਘਰ ਦੇ ਸਾਰੇ ਸ਼ਸਤਰਾਂ ਦੀ ਇਤਿਹਾਸਕ ਪਿਛੋਕੜ ਇਸ ਬਾਰੇ ਮਹਾਰਾਜਾ ਸਾਹਿਬ ਵਲੋਂ ਛਾਪੀ ਗਈ ਇਕ ਪੁਸਤਕ 'ਸ਼ਸਤਰਗਰ' ਨਾਮੀ ਵਿਚ ਹੈ ਜੋ ਕਿ ਮਹਾਰਾਜਾ ਸਾਹਿਬ ਜੀ ਦੀ ਆਪਣੀ ਲਾਇਬ੍ਰੇਰੀ ਵਿਚ ਹੈ ਪਰ ਇਤਫਾਕ ਐਸਾ ਹੋਇਆ ਕਿ ਮਹਾਰਾਜਾ ਸਾਹਿਬ ਬੜੌਦਾ ਨਹੀਂ ਹਨ। ਉਹ ਨਵੀਂ ਦਿੱਲੀ ਗਏ ਹੋਏ ਸਨ—ਇਸ ਲਈ ਮੈਂ ਮਹਾਰਾਜਾ ਸਾਹਿਬ ਦੇ ਪ੍ਰਾਈਵੇਟ ਸਕੱਤਰ ਨੂੰ ਉਨ੍ਹਾਂ ਦੀ ਕੋਠੀ ਪੁਰਾ ਰੋਡ ਵਿਖੇ ਮਿਲਿਆ। ਕੋਠੀ ਜਾਣ ਤੋਂ ਪਹਿਲਾਂ ਅਗਲੇ ਦਿਨ ਭਾਵ 27-5-1962 ਨੂੰ ਮੈਂ ਸ. ਹਰਨਾਮ ਸਿੰਘ ਜੀ ਪੰਜਾਬ ਸਟੀਲ ਰੋਲਿੰਗ ਮਿਲ ਨੂੰ ਸਵੇਰੇ 4 ਵਜੇ ਮਿਲਿਆ ਤੇ ਮਿਲ ਕੇ ਖੋਜ ਬਾਰੇ ਆਪਣਾ ਮਨਸ਼ਾ ਦੱਸ ਕੇ ਮਹਾਰਾਜਾ ਸਾਹਿਬ ਦੇ ਪ੍ਰਾਈਵੇਟ ਸਕੱਤਰ ਨਾਲ ਗੱਲ ਕਰਨ ਬਾਰੇ ਲੋੜੀਂਦੀ ਵਾਕਫੀਅਤ ਲਈ। ਜਿਸ 'ਤੇ ਉਨ੍ਹਾਂ ਝੱਟ ਟੈਲੀਫ਼ੋਨ ਦੁਆਰਾ ਕਰਨਲ ਸਾਹਿਬ (ਟਿੱਕਾ ਸਾਹਿਬ) ਤੋਂ ਵਕਤ ਮੰਗਿਆ, ਟਿੱਕਾ ਸਾਹਿਬ ਨੇ ਕਿਹਾ ਉਹ ਇਸ ਵਕਤ ਇਕ ਜ਼ਰੂਰੀ ਕੰਮ ਜਾ ਰਹੇ ਹਨ, ਉਨ੍ਹਾਂ ਪਾਸ ਵਕਤ ਨਹੀਂ ਹੈ, ਪਰ ਮੁੜ ਮੇਰੇ ਵਲੋਂ ਟਿੱਕਾ ਸਾਹਿਬ ਨੂੰ ਜ਼ਰੂਰੀ ਕੰਮ ਦੱਸ ਕੇ ਕੇਵਲ ਦਸ ਮਿੰਟ ਮੁਲਾਕਾਤ ਕਰਨ ਲਈ ਵਕਤ ਦੀ ਮੰਗ ਕੀਤੀ ਗਈ ਕਿ ਟਿੱਕਾ ਸਾਹਿਬ ਜੀ 10 ਮਿੰਟ ਵਕਤ ਦੇ ਦੇਣ ਤਾਂ ਕੰਮ ਸਰ ਸਕਦਾ ਹੈ। ਉਨ੍ਹਾਂ ਸਾਡੀ ਬੇਨਤੀ ਪ੍ਰਵਾਨ ਕਰ ਲਈ। ਟਿੱਕਾ ਸਾਹਿਬ ਜੀ ਦੀ ਕੋਠੀ ਉਥੋਂ ਕੋਈ 7 ਮੀਲ ਦੂਰ ਸੀ, ਸਰਦਾਰ ਸਾਹਿਬ ਨੇ ਮੈਨੂੰ ਆਪਣੀ ਕਾਰ ਦਿੱਤੀ ਜਿਸ 'ਤੇ ਅਸੀਂ ਟਿੱਕਾ ਸਾਹਿਬ ਦੇ ਤਿਆਰ ਹੁੰਦਿਆਂ ਹੁੰਦਿਆਂ ਉਥੇ ਪੁੱਜ ਗਏ। ਟਿੱਕਾ ਸਾਹਿਬ ਨੇ ਬੜੇ ਸੋਹਣੇ ਤੇ ਸੁਚੱਜੇ ਢੰਗ ਨਾਲ ਤਸੱਲੀ ਬਖ਼ਸ਼ ਤੌਰ 'ਤੇ ਗੱਲ ਕੀਤੀ ਤੇ ਲੋੜੀਂਦੀ ਜ਼ਰੂਰੀ ਗੱਲ ਪਿੱਛੋਂ ਟਿੱਕਾ ਸਾਹਿਬ ਨੇ ਖ਼ੁਸ਼ ਹੋ ਕੇ ਕੱਲ ਕੋਠੀ ਆਣ ਲਈ ਮੁੜ ਕਿਹਾ ਤੇ ਖੁੱਲ੍ਹਾ ਵਕਤ ਦੇਣ ਦੀ ਖ਼ੁਸ਼ੀ ਪ੍ਰਗਟ ਕੀਤੀ।

ਅਗਲੇ ਦਿਨ ਟਿੱਕਾ ਸਾਹਿਬ ਖ਼ੁਦ ਮੈਨੂੰ ਕਾਰ ਵਿਚ ਲੈ ਜਾ ਕੇ ਅਜਾਇਬ ਘਰ ਦਿਖਾਉਣ ਗਏ—ਖੋਜ ਦੇ ਸੰਬੰਧ ਵਿਚ ਜਦ ਟਿੱਕਾ ਸਾਹਿਬ ਨੇ ਉਕਤ ਪੁਸਤਕ ਬਾਰੇ ਪਤਾ ਕੀਤਾ ਤਾਂ ਮਹਾਰਾਜਾ ਸਾਹਿਬ ਦੇ ਘਰੋਗੀ ਵਜ਼ੀਰ ਨੇ ਦੱਸਿਆ ਕਿ ਅਜਾਇਬ ਘਰ ਦੇ ਸ਼ਸਤਰਾਂ ਦੇ ਇਤਿਹਾਸ ਵਾਲੀ ਪੁਸਤਕ 'ਸ਼ਸਤਰਗਰ' ਨਾਮਕ ਪੁਸਤਕ ਹੈ, ਜੋ ਮਹਾਰਾਜਾ ਸਾਹਿਬ ਦੀ ਨਿੱਜੀ ਲਾਇਬ੍ਰੇਰੀ ਵਿਚ ਉਸ ਪੁਸਤਕ ਨੂੰ ਮਹਾਰਾਜਾ ਸਾਹਿਬ ਦੀ ਲਾਇਬ੍ਰੇਰੀ ਵਿਚੋਂ ਕਢਵਾ ਕੇ ਭਲਕੇ ਉਨ੍ਹਾਂ ਦੀ ਕੋਠੀ ਭਿਜਵਾ

www.sikhbookclub.com

ਦੇਣ ਤੇ ਇਧਰ ਟਿੱਕਾ ਸਾਹਿਬ ਨੇ ਮੈਨੂੰ ਕਿਹਾ ਕਿ ਮੈਂ ਕੱਲ ਉਨ੍ਹਾਂ ਦੀ ਕੋਠੀ ਆਵਾਂ ਅਤੇ ਜੋ ਕੁਛ ਲੋੜੀਂਦੀ ਹੈ ਉਸ ਪੁਸਤਕ ਵਿਚੋਂ ਦੇਖ ਲਵਾਂ।

ਏਥੇ ਮੈਂ ਇਹ ਗੱਲ ਦੱਸ ਦੇਣੀ ਜ਼ਰੂਰੀ ਸਮਝਦਾ ਹਾਂ ਕਿ ਟਿੱਕਾ ਸਾਹਿਬ ਦੀ ਇਹ ਸੇਵਾ ਵੱਡੀ ਅਮੁੱਲੀ ਤੇ ਕੀਮਤੀ ਹੈ, ਕਿਉਂਕਿ ਮਹਾਰਾਜਾ ਸਾਹਿਬ ਦੀ ਗ਼ੈਰ ਹਾਜ਼ਰੀ ਵਿਚ ਹੋਰ ਕਿਸੇ ਨੂੰ ਭੀ ਮਹਾਰਾਜਾ ਸਾਹਿਬ ਦੀ ਨਿੱਜੀ ਲਾਇਬ੍ਰੇਰੀ ਨੂੰ ਖੋਲ੍ਹਣ ਦਾ ਅਧਿਕਾਰ ਨਹੀਂ ਸੀ।

ਅਗਲੇ ਦਿਨ ਜਦ ਮੈਂ ਕੋਠੀ ਪੁੱਜਾ, ਜਾਂਦਿਆਂ ਹੀ ਟਿੱਕਾ ਸਾਹਿਬ ਨੇ ਉਹ ਬਹੁਮੁੱਲੀ ਸੁਗਾਤ ਮੈਨੂੰ ਦਿਖਾਈ ਤੇ ਮੈਨੂੰ ਮੇਰੀ ਮਰਜ਼ੀ ਮੁਤਾਬਿਕ ਬਾਗ਼ ਦੀ ਠੰਢੀ ਛਾਵੇਂ ਬਿਠਾ ਕੇ ਆਪ ਕੁਝ ਦੇਰ ਲਈ ਬਾਹਰ ਕਾਰ 'ਤੇ ਕਿਸੇ ਜ਼ਰੂਰੀ ਕੰਮ ਲਈ ਚਲੇ ਗਏ। ਮੇਰੀ ਖ਼ੁਸ਼ੀ ਦੀ ਹੱਦ ਨਾ ਰਹੀ, ਜਿਵੇਂ ਭੁੱਖਾ ਬੰਦਾ ਆਪਣੀ ਰੁਚੀ ਮੁਤਾਬਕ ਭੋਜਨ ਦੇਖ ਕੇ ਕਾਹਲੀ ਕਾਹਲੀ ਸਭ ਕੁਝ ਛਕ ਜਾਣਾ ਚਾਹੁੰਦਾ ਹੈ। ਮੈਂ ਛੇਤੀ ਨਾਲ ਪਹਿਲਾਂ ਸਭ ਤੋਂ ਮੁੱਖ ਕੰਮ ਪੰਚ ਕਲਾ ਸ਼ਸਤਰ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਸਤਰਾਂ ਦਾ ਇਤਿਹਾਸ ਕੱਢ ਕੇ, ਹੱਥੀਂ ਛੇਤੀ ਛੇਤੀ ਨੋਟ ਕਰ ਲਿਆ। ਇਸ ਤਰ੍ਹਾਂ ਸ਼ਸਤਰਾਂ ਬਾਰੇ ਪੁਸਤਕ ਵਿਚ ਜੋ ਸ਼ਬਦ ਅੰਕਤ ਸਨ, ਉਹ ਮੈਂ ਅਸਲ ਹੀ 'ਗੁਰਮਤਿ ਪ੍ਰਕਾਸ਼' ਦੇ ਪਾਠਕਾਂ ਦੀ ਵਾਕਫ਼ੀਅਤ ਤੇ ਦਿਲਚਸਪੀ ਲਈ ਇੰਨ ਬਿੰਨ ਹੇਠ ਦਰਜ ਕਰਦਾ ਹਾਂ :

(ਪੰਚ ਕਲਾ ਸ਼ਸਤਰ ਬਾਰੇ)

(From Shree 'Pratapshastrag')

'PANCHKALA'

This weapon is a combination of five different weapons—Guraj, Gupti (Sword-stick), Musket, Shield and Bayonet are the five weapons which go to form this compound weapon 'Panchkala'. Ratna Raj of Assam presented this weapon respectfully to Guru Govind Singh on 'Agahan' Margashirsha (First half of the month) 3 of Vikram Samvat (year) 1743. The shield is for the protection of the hand; the musket is affixed to the danda (pole) of the 'Guraj' to fire at the enemy at a long distance. If the enemy comes near, the bayonet which is affixed to the top of the 'Guraj' can be used to kill him by a thrust. The 'Guraj' has saw-teeth. The length of Panchkala including the bayonet in 49 inches. The shield if of pure steel and the moon and the sun are inscribed on it. The diameter of the shield is 8½ inches. The barrel of the musket is 23 inches long. The sword stick with the hilt is 12 inches. The bayonet is 20½ inches long and 1 inch broad. The whole 'Panchkala' is of pure steel and wieghts 217½ tolas.

(Page 47 of the book) (Illustration No. 33)

www.sikhbookclub.com

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕ੍ਰਿਪਾਨ ਬਾਰੇ

ਹੁਣ ਰਿਹਾ ਸਵਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕ੍ਰਿਪਾਨ ਦਾ, ਕਿ ਉਸ ਦਾ ਕੀ ਇਤਿਹਾਸ ਹੈ ਤੇ ਇਹ ਸ਼ਸਤਰ ਇਥੇ ਕਿਸ ਤਰ੍ਹਾਂ ਪੁੱਜਾ। ਇਸ ਪਵਿੱਤਰ ਸ਼ਸਤਰ ਦਾ ਭੀ ਜ਼ਿਕਰ ਉਸੇ ਪੁਸਤਕ ਦੀ ਹਿੰਦੀ ਐਡੀਸ਼ਨ ਵਿਚ (ਅੰਗਰੇਜ਼ੀ ਪੁਸਤਕ ਵਿਚ ਨਹੀਂ) ਜਿਸ ਤਰ੍ਹਾਂ ਆਇਆ ਹੈ, ਉਹ ਭੀ ਇੰਨ-ਬਿੰਨ ਦਰਜ ਕਰਦਾ ਹਾਂ, ਭਾਸ਼ਾ ਓਹੋ ਰੱਖੀ ਹੈ, ਕੇਵਲ ਲਿਪੀ ਬਦਲੀ ਹੈ ਜੋ ਦੇਵਨਾਗਰੀ ਲਿਪੀ ਵਿਚੋਂ ਮੈਂ ਗੁਰਮੁਖੀ ਲਿਪੀ ਵਿਚ ਦੇ ਰਿਹਾ ਹਾਂ, ਅਸਲ ਉਤਾਰਾ ਇਉਂ ਹੈ :

ਸ੍ਰੀਮੰਤ ਯੁਵਰਾਜ ਫਤਹ ਸਿੰਹੁ (ਸਿੰਘ) ਰਾਵ ਗਾਯਕਵਾਰ ਕੇ—
ਤਲਵਾਰ ਦਾ ਚਿਤਰ॥

"ਯਹ ਤਲਵਾਰ ਖ਼ਾਲਸਾ ਧਰਮ ਕੇ ਨਵੇਂ ਪਰਮ ਪੂਜਯ ਗੁਰੂ ਤੇਗ ਬਹਾਦਰ ਜੀ ਇਨ੍ਹੋ ਕੇ ਲੰਗਰ ਮੇਂ ਕੀ ਹੈ। ਗੁਰੂ ਮਹਾਰਾਜ ਕੇ ਭਗਤ ਅਯੁਧਯਾ ਸਿੰਹ (ਸਿੰਘ) ਕੋ ਪ੍ਰਸਾਦਿ ਤੌਰ ਪਰ ਗੁਰੂ ਜੀ ਨੇ ਅਰਪਨ ਕੀ ਥੀ॥

ਯਹ ਤਲਵਾਰ ਕੇ ਸਾਥ ਅਸਿਵਿਦਿਆ ਕਾ ਮੰਤਰ ਭੀ ਦੀਆ ਗਿਆ ਥਾ॥ ਵਹੁ ਮੰਤਰ ਗੁਰਮੁਖੀ ਲਿਪੀ ਮੇਂ ਲਿਖਾ ਹੂਆ ਦੇਖਨੇ ਮੇਂ ਆਯਾ ਥਾ॥ ਅਯੁਧਯਾ ਸਿੰਹੁ (ਸਿੰਘ) ਕੇ ਪੌਤਰ ਮੁਨਸ਼ਾ ਸਿੰਹੁ (ਸਿੰਘ) ਨੇ ਯਾ ਤਲਵਾਰ ਸਰਧਾ ਪੂਰਵਕ ਜਤਨ ਕੀ ਥੀ॥

ਮਨਸ਼ਾ ਸਿੰਹੁ (ਸਿੰਘ) ਜੀ ਬੜੌਤਾ ਮੇਂ ਰਸਾਲੇ ਮੇਂ ਗਾਇਕਵਾੜੀ ਫ਼ੌਜ ਮੇਂ ਨੌਕਰ ਥੇ॥

1914 ਮੇਂ ਜਬ ਲੜਾਈ ਪੁਕਾਰੀ ਗਈ ਉਸ ਸਮੇਂ ਲੜਾਈ ਮੇਂ ਜਾਨੇ ਕੇ ਲੀਏ ਯਹਾਂ ਕੇ ਫ਼ੌਜੀ ਲੋਕ, ਵਿਸ਼ੇਸ਼ ਕਰਕੇ ਸੀਖ (ਸਿੱਖ) ਭਾਈਓਂ ਨੇ ਅਪਨੇ ਨਾਮ ਦਰਜ ਕੀਯੇ। ਉਸ ਮੇਂ ਹੀ ਸ. ਮਨਸ਼ਾ ਸਿੰਹ (ਸਿੰਘ) ਜੀ ਥੇ—

1914 ਮੇਂ ਜਬ ਲੜਾਈ ਪਰ ਗਏ, ਉਸ ਸਮੇਂ ਆਪ ਨੇ ਗੁਰੂ ਜੀ ਕੇ ਪ੍ਰਸਾਦਿ ਤੌਰ ਪਰ ਮਿਲੀ ਹੁਈ ਤਲਵਾਰ ਹਮੇਂ ਦੇ ਦੀ।

ਲੜਾਈ ਖ਼ਤਮ ਹੁਏ ਬਾਦ ਵਹੁ ਜਬ ਯਹਾਂ ਆਏ ਤੋ ਉਨ੍ਹੋਂ ਨੇ ਆਪਨੀ ਤਲਵਾਰ ਕਾ ਪੂਜਨ ਕਰਕੇ ਤਲਵਾਰ ਲੇ ਗਏ ਥੇ। ਥੋੜੇ ਰਾਜ ਕੇ ਬਾਦ ਉਨ ਕੋ ਵਲਾਯਤ ਬੁਲਾਯਾ ਗਿਆ। ਜਾਤੇ ਬਖਤ ਉਨ੍ਹੋਂ ਨੇ ਆਪਨੀ ਤਲਵਾਰ ਹਮੇਂ ਭੇਟ ਦੀ॥

ਸ੍ਰੀ ਮੰਤ ਮਹਾਰਾਜਾ ਸਾਹਿਬ ਸਰ ਮੇਜਰ ਜਨਰਲ ਸੈਨਾ ਖਾਸ ਖੇਲ ਸ਼ਮਸ਼ੇਰ ਬਹਾਦਰ ਪ੍ਰਤਾਪ ਸਿੰਹ ਜੀ ਦਾ ਰਾਜਯਾਰੋਹਨ ਹੂਆ। ਉਸ ਸਮੇਂ ਯਾ ਪੂਜਨੀਯ ਤਲਵਾਰ ਮਹਾਰਾਜਾ ਸਾਹਿਬ ਜੀ ਕੋ ਭਰੇ ਦਰਬਾਰ ਮੇਂ ਭੇਟ ਕੀ—ਚਾਰ ਬਰਖ ਕੇ ਬਾਦ ਯਹੁ ਤਲਵਾਰ ਸ੍ਰੀ ਮੰਤ ਯੁਵਰਾਜ ਫਤਹ ਸਿੰਹ ਜੀ ਨੇ ਪਸੰਦ ਕੀ ਤਬ ਮਹਾਰਾਜਾ ਸਾਹਿਬ ਨੇ ਯਹੁ ਤਲਵਾਰ ਯੁਵਰਾਜ ਸਾਹਿਬ ਕੋ ਅਤਯੰਤ ਪਰੇਮ ਸੇ ਭੇਟ ਕੀ।

ਆਜ ਕਲ ਵਹੀ ਚਿਤਰਾਵਲੀ ਤਲਵਾਰ ਯੁਵਰਾਜ ਸਾਹਿਬ ਸਵਾਰੀ ਅਉਰ ਦਰਬਾਰ ਮੇਂ ਸਾਥ ਰਖਤੇ ਹੈਂ।"

ਇਹ ਦੋਵੇਂ ਸਿੱਖ ਇਤਿਹਾਸਕ ਪਵਿੱਤਰ ਸ਼ਸਤਰ ਮਹਾਰਾਜਾ ਸਾਹਿਬ ਸ੍ਰੀ ਫਤਿਹ ਸਿੰਹੁ ਜੀ ਦੇ ਰਾਜ ਮਹਿਲਾਂ 'ਲਖਮੀ ਵਿਲਾਸ ਪੈਲੇਸ' ਦੀ ਹੇਠਲੀ ਮੰਜ਼ਲ ਵਿਚ ਜਿਸ ਨੂੰ ਕਿ ਅਜਾਇਬ ਘਰ ਬਣਾ

www.sikhbookclub.com

ਦਿੱਤਾ ਗਿਆ ਹੈ, ਬੜੇ ਸੁਚੱਜੇ ਤੇ ਸੋਹਣੇ ਢੰਗ ਨਾਲ ਬਾਹਿਫ਼ਾਜ਼ਤ ਰੱਖਿਆ ਗਿਆ ਹੈ। ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਕੀਤਿਆਂ ਭੁੱਖ ਲੱਥਦੀ ਹੈ। ਯਤਨ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੋਹਾਂ ਸ਼ਸਤਰਾਂ ਦੀ ਫੋਟੋ ਲੈ ਕੇ ਸੰਗਤਾਂ ਦੀ ਵਾਕਫ਼ੀਅਤ ਲਈ ਅਜਾਇਬ ਘਰ ਦਰਬਾਰ ਸਾਹਿਬ ਅੰਮ੍ਰਿਤਸਰ ਰੱਖੀ ਜਾਵੇਗੀ।

ਜਿਥੋਂ ਤਕ ਪੰਚ ਕਲਾ ਸ਼ਸਤਰ ਦੇ ਲੱਭਣ ਦਾ ਸੰਬੰਧ ਹੈ, ਗੁਰੂ ਕ੍ਰਿਪਾ ਨਾਲ, ਮੈਂ ਸੌ ਫ਼ੀਸਦੀ ਕਾਮਯਾਬ ਰਿਹਾ ਹਾਂ। ਬਾਕੀ ਰਿਹਾ ਦਸਮੇਸ਼ ਜੀ ਦੇ ਜ਼ਫ਼ਰਨਾਮੇ ਦੀ ਭਾਲ ਦਾ ਸੰਬੰਧ, ਉਸ ਸੰਬੰਧੀ ਮੇਰੀਆਂ ਕੋਸ਼ਿਸ਼ਾਂ ਜਾਰੀ ਹਨ। ਗੁਰੂ ਮਹਾਰਾਜ ਇਸ ਆਪਣੇ ਕਾਰਜ ਵਿਚ ਸਫਲਤਾ, ਪੰਚ ਕਲਾ ਸ਼ਸਤਰ ਵਾਂਗ ਮੈਨੂੰ ਆਪ ਹੀ ਬਖਸ਼ਣਗੇ।

ਜਿਥੋਂ ਤਕ ਇਨ੍ਹਾਂ ਦੋਹਾਂ ਸ਼ਸਤਰਾਂ ਦੀ ਭਾਲ ਦਾ ਸੰਬੰਧ ਸੀ, ਮੈਂ ਸਵਿਸਥਾਰ ਸਮਾਚਾਰ, ਰਾਹੀਂ ਸੰਗਤਾਂ ਦੀ ਗਿਆਤ ਤੇ ਦਿਲਚਸਪੀ ਲਈ ਲਿਖ ਕੇ ਏਥੇ ਸਮਾਪਤ ਕਰਦਾ ਹਾਂ।

(8/1962)

www.sikhbookclub.com

ਦਸਮੇਸ਼ ਪਿਤਾ ਦੇ ਪਵਿੱਤਰ ਸ਼ਸਤਰ ਤੇ ਕੁਝ ਹੋਰ ਤਾਰੀਖ਼ੀ ਤਬੱਰੁਕਾਤ

ਖ਼ਾਲਸਾ ਦਰਬਾਰ ਲਾਹੌਰ ਦੇ ਤੋਸ਼ੇਖਾਨੇ ਵਿਚ ਸੰਨ 1849 ਵਿਚ ਜਦ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਸਿੱਖਾਂ (ਅਤੇ ਮੁਸਲਮਾਨਾਂ) ਦੇ ਕੁਝ ਤਾਰੀਖੀ ਤਬੱਰੁਕਾਤ ਮੌਜੂਦ ਸਨ। ਜਿਵੇਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤ੍ਰ-ਅਸਤਰ ਉਹਨਾਂ ਦੀ ਪਵਿੱਤਰ ਕਲਗੀ ਸਹਿਤ ਅਤੇ ਦੀਨ ਇਸਲਾਮ ਦੇ ਬਾਨੀ ਮੁਬਾਨੀ ਹਜ਼ਰਤ ਮੁਹੰਮਦ ਸਾਹਿਬ ਤੇ ਉਹਨਾਂ ਦੇ ਜਾਂ-ਨਸ਼ੀਨਾਂ ਦੀਆਂ ਯਾਦਗਾਰੀ ਮੁਤਬ੍ਰਕ ਚੀਜ਼ਾਂ। ਇਹ ਦੋਵੇਂ ਕਿਸਮ ਦੇ ਤਬੱਰੁਕਾਤ ਖ਼ਾਲਸਾ ਦਰਬਾਰ ਲਾਹੌਰ ਵਲੋਂ ਬੜੀ ਇੱਜ਼ਤ ਤੇ ਮਾਨ ਸਤਿਕਾਰ ਨਾਲ ਸੰਭਾਲ ਕੇ ਰੱਖੇ ਹੋਏ ਸਨ। ਸ੍ਰੀ ਦਸਮੇਸ਼ ਜੀ ਦੀਆਂ ਪਵਿੱਤਰ ਚੀਜ਼ਾਂ ਦੀ ਸੇਵਾ-ਸੰਭਾਲ ਦਾ ਕੰਮ ਸਿੱਖਾਂ ਦੇ ਸਪੁਰਦ ਸੀ ਅਤੇ ਇਸਲਾਮੀ ਤਬੱਰੁਕਾਤ ਦੀ ਹਿਫ਼ਾਜ਼ਤ ਲਈ ਦੋ ਮੁਸਲਮਾਨ ਆਲਿਮ ਮੀਆਂ ਰਸੂਲ ਕਸ਼ਮੀਰੀ ਅਤੇ ਹਾਫਿਜ਼ ਬਦਰੁਦੀਨ ਸਰਕਾਰ ਖ਼ਾਲਸਾ ਵਲੋਂ ਮੁਲਾਜ਼ਿਮ ਸਨ (ਦੇਖੋ, ਸੱਯਦ ਮੁਹੰਮਦ ਲਤੀਫ ਕ੍ਰਿਤ ਲਾਹੌਰ, ਅੰਗਰੇਜ਼ੀ ਸਫ਼ਾ 127 ਅਤੇ ਪੰਜਾਬ ਗਵਰਨਮੈਂਟ ਰੀਕਾਰਡਜ਼, 1849-53)। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੇ ਹੱਥ ਇਹ ਦੋਵੇਂ ਕਿਸਮ ਦੇ ਤਬੱਰੁਕਾਤ ਕਿਵੇਂ ਆਏ, ਇਹਨਾਂ ਵਿਚ ਕਿਹੜੇ ਕਿਹੜੇ ਤਬੱਰੁਕਾਤ ਸ਼ਾਮਲ ਸਨ ਤੇ ਫੇਰ ਇਹ ਤਬੱਰੁਕਾਤ ਕਿਵੇਂ ਤੇ ਕਿਥੇ ਚਲੇ ਗਏ, ਇਸ ਬਾਰੇ ਕੁਝ ਇਤਿਹਾਸਕ ਪਿਛੋਕੜ ਬਿਆਨ ਕੀਤਾ ਹੋਇਆ ਵੀ ਮਿਲਦਾ ਹੈ।

'ਸਰ ਜਾਹਨ ਲੌਗਿਨ ਐਂਡ ਦਲੀਪ ਸਿੰਘ' ਨਾਮੀ ਅੰਗਰੇਜ਼ੀ ਪੁਸਤਕ ਦੀ ਲਿਖਤ ਅਨੁਸਾਰ ਜੋ ਸੰਨ 1890 ਈ. ਦੀ ਛਪੀ ਹੋਈ ਹੈ, ਖ਼ਾਲਸਾ ਦਰਬਾਰ ਲਾਹੌਰ ਦੇ ਅਦੁੱਤੀ ਤੋਹਫ਼ਿਆਂ ਵਿਚ ਬੇ-ਇੰਤਹਾ ਸੋਨੇ, ਹੀਰੇ, ਜਵਾਹਰਾਤ ਤੋਂ ਬਿਨਾਂ ਸ਼ਾਹ ਸੁਜਾਹ ਦਾ ਸ਼ਾਹੀ ਖੈਮਾ, ਸੰਸਾਰ ਪ੍ਰਸਿੱਧ ਕੋਹਿਨੂਰ ਹੀਰਾ, ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਤੇ ਉਹਨਾਂ ਦੇ ਅਨੁਯਾਈਆਂ ਦੇ ਤਬੱਰੁਕਾਤ; ਜਿਹਨਾਂ ਵਿਚ ਹਜ਼ਰਤ ਰਸੂਲ ਦੇ ਪੈਰਾਂ ਦਾ ਜੋੜਾ, ਹੱਥ ਦੀ ਛਟੀ, ਟੋਪੀ, ਕੁੜਤਾ, ਪਜਾਮਾ, ਕੂਫੇ ਦੀ ਲਿਪੀ ਵਿਚ ਲਿਖੀ ਹੋਈ ਬੰਦਗੀ ਦੀ ਕਿਤਾਬ ਤੇ ਸਿਰ ਦੇ ਰੋਮ ਆਦਿ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਪਾਤਸ਼ਾਹ) ਦੀ ਜਿਗਾ ਕਲਗੀ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੁਨਹਿਰੀ ਕੁਰਸੀ, ਦਰਬਾਰ ਲਾਹੌਰ ਦਾ ਚਾਂਦੀ ਦਾ ਬੰਗਲਾ, ਫਾਰਸ ਦੇ ਪ੍ਰਸਿੱਧ ਯੋਧੇ ਰੁਸਤਮ ਦੀ ਤਲਵਾਰ, ਜੋ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਾਹ ਸੁਜਾਹ ਪਾਸੋਂ ਮਿਲੀ ਸੀ। ਪ੍ਰਸਿੱਧ ਸਿੱਖ ਮਿਸਲਦਾਰ ਜੋਧੇ ਸਰਦਾਰਾਂ ਦੇ ਜ਼ਿਰਹ ਬਕਤਰ (ਕਵਚ), ਜਿਹਨਾਂ ਵਿਚੋਂ ਬਹੁਤਿਆਂ ਉੱਤੇ ਉਹਨਾਂ ਦੇ ਲਹੂ ਦੇ ਛੱਟੇ ਪਏ ਹੋਏ ਸਨ ਤੇ ਸਰਦਾਰ ਮਹਾਂ ਸਿੰਘ ਜੀ ਸ਼ੁਕਰਚੱਕੀਏ ਦੇ ਸ਼ਾਦੀ ਦੇ ਕੱਪੜੇ ਆਦਿ ਸ਼ਾਮਲ ਸਨ (ਦੇਖੋ ਸਰ ਜਾਹਨ ਲੌਗਿਨ ਐਂਡ ਦਲੀਪ ਸਿੰਘ, ਸਫ਼ਾ 182-83 ਅਤੇ ਲੇਡੀ ਲੌਗਿਨ'ਜ਼

www.sikhbookclub.com

ਰੀਕੁਲੈਕਸ਼ਨਜ਼, ਸਫ਼ਾ 80)। ਇਹਨਾਂ ਇਤਿਹਾਸਕ ਚੀਜ਼ਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੇ ਉਹਨਾਂ ਦੇ ਸ਼ਸਤਰ-ਅਸਤਰਾਂ ਦਾ ਵਿਸ਼ੇਸ਼ ਸਥਾਨ ਸੀ। ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਰੋਜ਼ ਸਵੇਰੇ ਸੌਚ-ਇਸ਼ਨਾਨ ਤੋਂ ਫਾਰਿਗ ਹੋ ਕੇ ਗੁਰੂ ਸਾਹਿਬ ਦੀ ਪਵਿੱਤਰ ਕਲਗੀ ਦੇ ਦਰਸ਼ਨ ਕਰਿਆ ਕਰਦੇ ਸੀ ਤੇ ਇਸੇ ਤਰ੍ਹਾਂ ਗੁਰੂ ਜੀ ਦੇ ਹੋਰ ਸ਼ਸਤਰ-ਅਸਤਰਾਂ ਨੂੰ ਵੀ ਉਹ ਬੜੀ ਸ਼ਰਧਾ ਨਾਲ ਮੰਨਦੇ, ਪੂਜਦੇ ਤੇ ਸਤਿਕਾਰਦੇ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਤੇ ਉਹਨਾਂ ਦੇ ਸ਼ਸਤਰ-ਅਸਤਰਾਂ ਸੰਬੰਧੀ ਉਸ ਵੇਲੇ ਦੀਆਂ ਸਿੱਖ ਰਾਜ ਸਬੰਧੀ ਸਰਕਾਰੀ ਲਿਖਤਾਂ ਵਿਚ ਤਾਂ ਜ਼ਿਕਰ ਆਇਆ ਹੈ, ਪਰ ਲੇਡੀ ਲੋਗਿਨ ਨੇ ਆਪਣੀਆਂ ਦੋਵਾਂ ਕਿਤਾਬਾਂ ਲੇਡੀ ਲੋਗਿਨਜ਼ ਰੀਕੁਲੈਕਸ਼ਨਜ਼ (1917) ਅਤੇ ਸਰ ਜਾਹਨ ਲੋਗਿਨ ਐਂਡ ਦਲੀਪ ਸਿੰਘ (1890) ਵਿਚ ਕਿਤੇ ਕੋਈ ਥਹੁ ਪਤਾ ਨਹੀਂ ਦਿੱਤਾ। ਹਾਂ ਪੰਜਾਬ ਸਰਕਾਰ ਦੇ ਰੀਕਾਰਡਾਂ ਤੋਂ ਇਸ ਗੱਲ ਦਾ ਪਤਾ ਜ਼ਰੂਰ ਲਗਦਾ ਹੈ ਕਿ ਜਦ ਸਰਕਾਰ ਅੰਗਰੇਜ਼ੀ ਨੇ ਸੰਨ 1849 ਵਿਚ ਲਾਹੌਰ ਦੇ ਤੋਸ਼ੇਖਾਨੇ ਉੱਤੇ ਕਬਜ਼ਾ ਕਰ ਕੇ ਸਾਰੇ ਸਮਾਨ ਦੀਆਂ ਸੂਚੀਆਂ ਬਣਾਈਆਂ ਤਾਂ ਦਰਬਾਰ ਲਾਹੌਰ ਦੇ ਖ਼ਜ਼ਾਨਚੀ ਮਿਸਰ ਮੇਘ ਰਾਜ ਤੋਂ ਅੱਗੇ ਲਿਖੀਆਂ ਸ੍ਰੀ ਦਸਮੇਸ਼ ਜੀ ਦੀਆਂ ਅੱਠ ਪਵਿੱਤਰ ਚੀਜ਼ਾਂ ਦਾ ਇਤਿਹਾਸਕ ਵੇਰਵਾ ਮੰਗਿਆ ਗਿਆ, ਜੋ ਮਿਸਰ ਜੀ ਦੀ 12 ਸਤੰਬਰ 1851 ਈ. ਦੀ ਅਰਜ਼ਦਾਸ਼ਤ ਦੇ ਮੁਤਾਬਿਕ ਕ੍ਰਮ ਅਨੁਸਾਰ ਇਸ ਪ੍ਰਕਾਰ ਹੈ :

1. ਸ਼ਮਸ਼ੇਰ (ਤਲਵਾਰ) ਅਤੇ ਢਾਲ—ਇਹ ਦੋਵੇਂ ਹਥਿਆਰ ੩੦ ਵਿਸਾਖ ਸੰਮਤ ੧੮੮੦ ਬਿ. ਮੁਤਾਬਿਕ ਸੰਨ 1823 ਈ. ਨੂੰ ਪਿਸ਼ਾਵਰ ਨਿਵਾਸੀ ਦਇਆ ਸਿੰਘ ਨਾਮੀ ਸੱਜਣ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕੀਤੇ ਸਨ। ਮਹਾਰਾਜੇ ਨੇ ਉਸ ਨੂੰ ਇਹਨਾਂ ਬਦਲੇ ਇਕ ਖੂਹ ਦੀ ਜ਼ਮੀਨ ਤੇ ਇਕ ਜੋੜਾ ਜਾਮਾ ਇਨਾਮ ਵਜੋਂ ਦਿੱਤਾ ਸੀ।

2. ਲੋਹੇ ਦੀ ਦਾਉ (ਸਰਬ ਲੋਹ ਦਾ ਇਕ ਹਥਿਆਰ)—ਲਗਪਗ ਸੰਨ 1823-24 ਈ. ਵਿਚ ਇਹ ਸ਼ਸਤਰ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਪਹਾੜੀਏ ਨੇ ਲਿਆ ਕੇ ਦਿੱਤਾ ਸੀ।

3. ਨੇਜ਼ਾ—ਇਹ ਸ਼ਸਤਰ ਅਬਚਲ ਨਗਰ (ਹਜ਼ੂਰ ਸਾਹਿਬ ਦੱਖਣ) ਦੇ ਸਿੰਘਾਂ ਨੇ ਮਹਾਰਾਜੇ ਨੂੰ ਪੇਸ਼ ਕੀਤਾ ਸੀ।

4. ਸਰਬ ਲੋਹ ਦਾ ਚਕ੍ਰ—ਇਹ ਸ਼ਸਤਰ ਅਟਕ ਦੇ ਮੁਕਾਮ 'ਤੇ ਮਹਾਰਾਜੇ ਨੂੰ ਇਕ ਅਕਾਲੀ ਸਿੰਘ ਨੇ ਦਿੱਤਾ ਸੀ।

5. ਤੇਗਾ—ਭਾਰਤੀ ਨਾਮੀ ਇਕ ਸੱਜਣ ਤੋਂ ਇਹ ਸ਼ਸਤਰ ਮਹਾਰਾਜਾ ਰਣਜੀਤ ਸਿੰਘ ਨੇ ੨੫ ਮੱਘਰ ਸੰਮਤ ੧੮੭੮ ਬਿ. ਮੁਤਾਬਿਕ ਸੰਨ 1821 ਈ. ਨੂੰ ਲਿਆ ਤੇ ਆਪਣੇ ਤੋਸ਼ੇਖਾਨੇ ਵਿਚ ਜਮ੍ਹਾਂ ਕੀਤਾ ਸੀ।

6. ਕੱਚ ਦੀ ਕਲਗੀ—ਵੈਰੋਵਾਲ (ਜ਼ਿਲ੍ਹਾ ਅੰਮ੍ਰਿਤਸਰ) ਦੇ ਇਕ ਬੇਦੀ ਬਾਵੇ ਨੇ ਮਹਾਰਾਜਾ ਰਣਜੀਤ ਸਿੰਘ ਨੂੰ ੭ ਚੇਤ ਸੰਮਤ ੧੮੮੧ ਬਿ. (ਮੁਤਾਬਿਕ ਸੰਨ 1824 ਈ.) ਨੂੰ ਪੇਸ਼ ਕੀਤੀ ਸੀ। ਭਾਈ ਕਾਹਨ ਸਿੰਘ ਨਾਭਾ ਦੇ ਕਥਨ ਅਨੁਸਾਰ ਸੰਨ 1849 ਵਿਚ ਜਦ ਅੰਗਰੇਜ਼ਾਂ ਨੇ ਲਾਹੌਰ ਉੱਤੇ ਕਬਜ਼ਾ ਕੀਤਾ ਤਾਂ ਇਹ ਕਲਗੀ ਮਹਾਰਾਜੇ ਦੇ ਤੋਸ਼ੇਖਾਨੇ ਵਿਚ ਮੌਜੂਦ ਸੀ ਤੇ 'ਲੇਡੀ ਲੋਗਿਨਜ਼ ਰੀਕੁਲੈਕਸ਼ਨਜ਼' ਨਾਮੀ ਪੁਸਤਕ ਦੇ ਸਫ਼ਾ 80 ਤੋਂ ਵੀ ਇਸ ਕਥਨ ਦੀ ਸ਼ਾਹਦੀ (ਗਵਾਹੀ) ਮਿਲਦੀ ਹੈ।

www.sikhbookclub.com

7. ਬਰਛੀ—ਇਹ ਸ਼ਸਤਰ ਪਹਿਲਾਂ ਕਮਲਾਗੜ੍ਹ (ਮੰਡੀ) ਦੇ ਰਾਜੇ ਪਾਸ ਸੀ ਜੋ ਇਸ ਦਾ ਬੜਾ ਮਾਨ ਸਤਿਕਾਰ ਰੱਖਦਾ ਸੀ। ਜਨਰਲ ਵੈਨਤੂਰਾ ਨੇ ਜਦ ਕਮਲਾਗੜ੍ਹ ਫਤਹਿ ਕੀਤਾ ਤਾਂ ਇਹ ਬਰਛੀ ਉਥੋਂ ਉਸ ਦੇ ਕਬਜ਼ੇ 'ਚ ਆਈ ਤੇ ਉਸ ਨੇ ਇਹ ਸਿੱਖਾਂ ਦੀ ਪਵਿੱਤਰ ਚੀਜ਼ ਸਮਝ ਕੇ ਮਹੀਨਾ ਮੱਘਰ ਸੰਮਤ ੧੮੯੬ ਵਿਚ ਕੰਵਰ ਨੌਨਿਹਾਲ ਸਿੰਘ ਨੂੰ ਦੇ ਦਿੱਤੀ।

8. ਬਰਛੀ—ਸੰਨ 1843 ਈ. ਵਿਚ ਜਦ ਲਾਹੌਰੋਂ ਖਾਲਸਾ ਫ਼ੌਜ ਨੇ ਜੰਮੂ ਉੱਤੇ ਚੜ੍ਹਾਈ ਕੀਤੀ ਤਾਂ ਇਹ ਸ਼ਸਤਰ ਉਥੋਂ ਉਸ ਦੇ ਕਬਜ਼ੇ ਵਿਚ ਆਇਆ ਅਤੇ ਲਾਹੌਰ ਤੋਸ਼ੇਖਾਨੇ ਵਿਚ ਦਾਖ਼ਲ ਕੀਤਾ ਗਿਆ। ਸਾਰੀ ਖਾਲਸਾ ਫ਼ੌਜ ਇਸ ਸ਼ਸਤਰ ਦਾ ਬੜਾ ਮਾਨ ਸਤਿਕਾਰ ਕਰਦੀ ਸੀ।

ਸ੍ਰੀ ਦਸਮੇਸ਼ ਜੀ ਦੇ ਇਹ ਅੱਠ ਸ਼ਸਤਰ-ਅਸਤਰ ਤੇ ਪਵਿੱਤਰ ਚੀਜ਼ਾਂ ਜੋ ਵੱਖੋ-ਵੱਖ ਸਮੇਂ ਵਿਚ ਦਰਬਾਰ ਲਾਹੌਰ ਦੇ ਕਬਜ਼ੇ ਵਿਚ ਆਈਆਂ, ਮਹਾਰਾਜਾ ਰਣਜੀਤ ਸਿੰਘ ਦੀ ਸੁਨਹਿਰੀ ਕੁਰਸੀ ਸਮੇਤ, ਜਿਸ ਨੂੰ ਦਰਬਾਰ ਖਾਲਸਾ ਦਾ ਸਿੰਘਾਸਣ ਵੀ ਕਿਹਾ ਜਾਂਦਾ ਸੀ, ਲਾਹੌਰੋਂ 23 ਸਤੰਬਰ 1751 ਨੂੰ ਸਰਕਾਰ ਅੰਗਰੇਜ਼ੀ ਦੇ ਤੋਪਖਾਨੇ ਵਿਚ ਦਾਖਲ ਕਰਨ ਲਈ ਹਿੰਦੁਸਤਾਨ ਵਲੋਂ ਭੇਜੀਆਂ ਗਈਆਂ। ਪੰਜਾਬ ਦੇ ਇਲਾਕੇ ਵਿਚੋਂ ਇਹਨਾਂ ਸ਼ਸਤਰਾਂ-ਅਸਤਰਾਂ ਨੂੰ ਸਹੀ ਸਲਾਮਤ ਲੰਘਾਉਣ ਲਈ 31 ਆਦਮੀ ਜਿਹਨਾਂ ਵਿਚ 1 ਜਮਾਂਦਾਰ, ਦੋ ਹੌਲਦਾਰ, ਦੋ ਨਾਇਕ ਤੇ 26 ਸਨਧਬੱਧ ਸਿਪਾਹੀ ਸਨ, ਬਤੌਰ ਮੁਹਾਫ਼ਿਜ਼ ਅੰਬਾਲੇ ਤਕ ਗਏ ਸਨ (ਦੇਖੋ ਪੰਜਾਬ ਗਵਰਨਮੈਂਟ ਰੀਕਾਰਡਜ਼, ਜਨਰਲ ਡੀਪਾਰਟਮੈਂਟ ਨੰ: 19-21, 4 ਅਕਤੂਬਰ, ਸੰਨ 1851 ਈਸਵੀ)। ਸੰਨ 1945 ਈ. ਵਿਚ ਇਹਨਾਂ ਸ਼ਸਤਰ-ਅਸਤਰਾਂ ਦਾ ਵੇਰਵਾ ਮੈਂ ਇਕ ਲੇਖ ਵਜੋਂ ਰੋਜ਼ਾਨਾ ਅਕਾਲੀ ਪੱਤ੍ਰਿਕਾ (ਲਾਹੌਰ) ਵਿਚ ਪ੍ਰਕਾਸ਼ਿਤ ਕਰਵਾਇਆ ਸੀ ਤੇ ਉਸ ਸਮੇਂ ਇਹਨਾਂ ਸ਼ਸਤਰ-ਅਸਤਰਾਂ ਨੂੰ ਸਰਕਾਰ ਅੰਗਰੇਜ਼ੀ ਪਾਸੋਂ ਵਾਪਸ ਲੈਣ ਲਈ ਗਿਆਨੀ ਉਤਮ ਸਿੰਘ ਜੀ ਐਡੀਟਰ ਵਲੋਂ ਇਕ ਜ਼ਬਰਦਸਤ ਨੋਟ ਵੀ ਲਿਖਿਆ ਗਿਆ ਸੀ। ਉਸ ਸਮੇਂ ਚੂੰਕਿ ਭਾਰਤ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਧੀਰੇ-ਧੀਰੇ ਆਜ਼ਾਦ ਹੋ ਰਿਹਾ ਸੀ ਤੇ ਪਿਛੋਂ ਹੀ ਸਾਡੇ ਦੇਸ਼ ਨੂੰ ਸੰਨ 1947 ਵਿਚ ਆਜ਼ਾਦੀ ਵੀ ਮਿਲ ਗਈ ਪਰ ਇਹ ਪਵਿੱਤਰ ਚੀਜ਼ਾਂ ਜਿਹਨਾਂ ਵਿਚ ਸ੍ਰੀ ਦਸਮੇਸ਼ ਜੀ ਦੀ ਕਲਗੀ ਵੀ ਸ਼ਾਮਲ ਹੈ, ਸਾਨੂੰ ਵਾਪਸ ਨਾ ਮਿਲ ਸਕੀਆਂ।

ਦਰਬਾਰ ਲਾਹੌਰ ਦੇ ਇਹਨਾਂ ਸ਼ਸਤਰ-ਅਸਤਰਾਂ ਤੋਂ ਬਿਨਾਂ ਰਾਇ ਕਲ੍ਹੇ (ਰਾਇਕੋਟ, ਜ਼ਿਲ੍ਹਾ ਲੁਧਿਆਣੇ ਵਾਲੇ) ਦੀ ਤਲਵਾਰ ਵੀ, ਜੋ ਉਸ ਨੂੰ ਸ੍ਰੀ ਦਸਮੇਸ਼ ਜੀ ਨੇ ਬਖ਼ਸ਼ੀ ਸੀ, ਇਸੇ ਤਰ੍ਹਾਂ ਸੰਨ 1854 ਵਿਚ ਰਾਣੀ ਭਾਗਭਰੀ ਦਾ ਦੇਹਾਂਤ ਹੋਣ ਤੇ ਉਸ ਦੇ ਜਾਨਸ਼ੀਨ ਰਾਇ ਇਮਾਮ ਬਖਸ਼ ਦੀ ਕਮਜ਼ੋਰੀ ਦੇ ਕਾਰਨ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਹੱਥ ਆਈ ਤੇ ਉਥੋਂ ਵਿਕਟੋਰੀਆ ਅਲਬਰਟ ਮਿਊਜ਼ੀਅਮ ਨੂੰ ਤੋਹਫ਼ੇ ਵਜੋਂ ਲੰਡਨ ਭੇਜੀ ਗਈ। ਨਾ ਕੇਵਲ ਇਹ ਤਲਵਾਰ ਹੀ ਸਗੋਂ ਗੁਰੂ ਸਾਹਿਬ ਦੇ ਦਰਬਾਰ ਲਾਹੌਰ ਦੇ ਤੋਸ਼ੇਖਾਨਿਉਂ ਜ਼ਬਤ ਕੀਤੇ ਹੋਏ ਬਾਕੀ ਸ਼ਸਤਰ-ਅਸਤਰ ਵੀ ਹਿੰਦੁਸਤਾਨ ਆਉਣ 'ਤੇ ਗਾਲਬਨ ਇਸੇ ਮਿਊਜ਼ੀਅਮ 'ਚ ਭੇਜੇ ਗਏ ਸਨ, ਜਿਸ ਬਾਰੇ ਖੋਜ ਪੜਤਾਲ ਹੋਣੀ ਬਹੁਤ ਜ਼ਰੂਰੀ ਹੈ।

ਗੁਰੂ ਸਾਹਿਬਾਨ ਦੇ ਹੋਰ ਸ਼ਸਤਰ-ਅਸਤਰ ਇਸ ਤੋਂ ਬਿਨਾਂ ਖਾਸ ਕਰਕੇ ਦੋ ਥਾਈਂ ਵੱਖਰੇ ਹੋਏ ਪਾਏ ਜਾਂਦੇ ਹਨ :

1. ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਵਿਚ।

www.sikhbookclub.com

2. ਰਿਆਸਤਾਂ ਦੇ ਰਾਜੇ ਮਹਾਰਾਜੇ ਜਾਂ ਰਈਸਾਂ ਪਾਸ।

ਸਿੱਖ ਇਤਿਹਾਸਕ ਗੁਰਦੁਆਰਿਆਂ ਵਿਚੋਂ ਅਕਾਲ ਤਖ਼ਤ (ਅੰਮ੍ਰਿਤਸਰ) ਪਰ ਇਕ ਸ੍ਰੀ ਸਾਹਿਬ, ਦੋ ਤੀਰ ਸੋਨੇ ਸਹਿਤ ਮੁਖੀਆਂ ਵਾਲੇ, ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੇ ਦੋ ਕਟਾਰ; ਤਖ਼ਤ ਕੇਸਗੜ੍ਹ (ਅਨੰਦਪੁਰ ਸਾਹਿਬ) ਨਾਗਣੀ ਬਰਛਾ, ਸੈਫ, ਦੁਧਾਰਾ ਖੰਡਾ ਤੇ ਕਟਾਰ; ਤਖ਼ਤ ਪਟਨਾ ਸਾਹਿਬ (ਬਿਹਾਰ) 4 ਤੀਰ, 1 ਛੋਟੀ ਤਲਵਾਰ, ਇਕ ਛੋਟਾ ਖੰਡਾ ਤੇ 1 ਕਟਾਰ ਅਤੇ ਤਖ਼ਤ ਅਬਚਲ ਨਗਰ (ਹਜ਼ੂਰ ਸਾਹਿਬ) ਚਕ੍ਰ, ਚੌੜਾ ਤੇਗਾ, ਫ਼ੌਲਾਦੀ ਕਮਾਨ, ਗੁਰਜ, ਨਾਰਾਚ (ਸਰਬ ਲੋਹ ਦਾ ਤੀਰ) ਤੇ ਸੁਨਹਿਰੀ ਸ੍ਰੀ ਸਾਹਿਬ ਆਦਿ ਸ਼ਸਤਰ-ਅਸਤਰ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਮੌਜੂਦ ਹਨ ਇਸੇ ਤਰ੍ਹਾਂ ਸਿੱਖ ਰਿਆਸਤਾਂ ਵਿਚੋਂ ਪਟਿਆਲੇ ਬੁਰਜ ਬਾਬਾ ਆਲਾ ਸਿੰਘ ਵਿਚ ਸ੍ਰੀ ਦਸਮੇਸ਼ ਜੀ ਦੀ ਸ਼ਿਕਾਰਗਾਹ (ਜਿਸ ਉੱਤੇ ਸ਼ਿਕਾਰ ਦੀਆਂ ਤਸਵੀਰਾਂ ਹਨ) ਸ੍ਰੀ ਸਾਹਿਬ, ਦੋ ਫਾਂਕਾ ਤੀਰ, ਜੌਹਰਦਾਰ ਬਰਛਾ, ਸਫ਼ਾ ਜੰਗ (ਟਕੂਆ), ਸੁਨਹਿਰੀ ਸ਼ਿਕਾਰਗਾਹ, ਕਟਾਰ ਤੇ ਖੰਡਾ; ਕਿਲ੍ਹਾ ਨਾਭਾ ਵਿਚ ਗੁਰੂ ਜੀ ਦੀ ਦਸਤਾਰ ਸਮੇਤ ਤਿੰਨ ਇੰਚ ਲੰਬੀ ਕਟਾਰ (ਕਿਰਪਾਨ), ਇਕ ਸ੍ਰੀ ਸਾਹਿਬ ਜੋ ਗੁਰੂ ਜੀ ਨੇ ਬਾਬਾ ਤਰਲੋਕ ਸਿੰਘ ਨੂੰ ਬਖ਼ਸ਼ੀ ਸੀ, ਸ੍ਰੀ ਸਾਹਿਬ ਦੂਜਾ, ਰਾਇ ਕਲ੍ਹੇ ਵਾਲੀ ਇਕ ਹੋਰ ਤਲਵਾਰ, ਗੁਰੂ ਜੀ ਦਾ ਖੰਜਰ, ਢਾਲੇ ਦੇ ਦੋ ਫੁੱਲ ਤੇ ਤੀਰ ਦੀ ਮੁਖੀ; ਰਿਆਸਤ ਜੀਂਦ (ਸੰਗਰੂਰ) ਵਿਚ ਸ੍ਰੀ ਦਸਮੇਸ਼ ਜੀ ਦੀ ਤਲਵਾਰ, ਪੇਸ਼ ਕਬਜ਼; ਰਿਆਸਤ ਫਰੀਦਕੋਟ ਵਿਚ ਖੜਗ ਤੇ ਢਾਲਾ ਅਤੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਰਈਸ ਸ. ਸ਼ਮਸ਼ੇਰ ਸਿੰਘ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਖੜਗ ਜੋ ਗੁਰੂ ਸਾਹਿਬ ਨੇ ਭਾਈ ਡੱਲਾ ਸਿੰਘ ਨੂੰ ਬਖ਼ਸ਼ੀ ਸੀ। ਇਹਨਾਂ ਤੋਂ ਬਿਨਾਂ ਦਸਮੇਸ਼ ਜੀ ਦਾ ਪੰਜ ਕਲਾ ਸ਼ਸਤਰ, ਜੋ ਰਾਜਾ ਰਤਨ ਰਾਇ ਆਸਾਮ ਵਾਲੇ ਨੇ ਭੇਟਾ ਕੀਤਾ ਸੀ, ਪ੍ਰਸਿੱਧ ਕਵੀ ਤੇ ਵਿਦਵਾਨ ਭਾਈ ਵੀਰ ਸਿੰਘ ਜੀ ਸੁਰਗਵਾਸੀ ਦੇ ਕਥਨ ਅਨੁਸਾਰ ਰਿਆਸਤ ਬੜੌਦਾ ਦੇ ਅਜਾਇਬ ਘਰ ਵਿਚ ਮੌਜੂਦ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਦੇ ਹੋਰ ਵੀ ਕਈ ਸ਼ਸਤਰ-ਅਸਤਰ ਤੇ ਯਾਦਗਾਰੀ ਅਥਵਾ ਇਤਿਹਾਸਕ ਤੋਹਫ਼ੇ ਜਿਨ੍ਹਾਂ 'ਚ ਗੁਰੂ ਸਾਹਿਬਾਨ ਦੇ ਹੁਕਮਨਾਮੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਮੁਸਦਕਾਂ (ਪਾਵਨ ਬੀੜਾਂ) ਪ੍ਰਤੀਆਂ, ਗੁਰਬਾਣੀ ਦੇ ਗੁਟਕੇ, ਵਸਤ੍ਰ, ਜੋੜੇ, ਜਾਮੇ ਆਦਿ ਸ਼ਾਮਲ ਹਨ, ਇਧਰ ਉਧਰ ਕਈ ਥਾਵੀਂ ਦੇਖਣ ਸੁਣਨ ਵਿਚ ਆਏ ਹਨ, ਪਰ ਉਨ੍ਹਾਂ ਬਾਰੇ ਅਜੇ ਜ਼ਰਾ ਹੋਰ ਖੋਜ ਪੜਤਾਲ ਦੀ ਲੋੜ ਹੈ।

ਬੜੀ ਖ਼ੁਸ਼ੀ ਦੀ ਗੱਲ ਹੈ ਕਿ ਉਪਰ ਲਿਖੀਆਂ ਸਿੱਖਾਂ ਦੀਆਂ ਪਵਿੱਤਰ ਚੀਜ਼ਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ ਵਾਪਸ ਭਾਰਤ ਪਹੁੰਚ ਗਏ ਹਨ। ਕਲ਼ਗੀਧਰ ਦੀ ਕਲਗੀ ਦੀ ਭੀ ਭਾਲ ਹੋਣੀ ਚਾਹੀਦੀ ਹੈ ਤੇ ਭਾਰਤ ਵਾਪਸ ਆਉਣੀ ਚਾਹੀਦੀ ਹੈ।

(2/1966)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ-ਦਰਬਾਰ

ਇਕ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ, ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਭੇ ਸ਼ਸਤਰ ਧਾਰਨ ਕਰਨ, ਕੋਈ ਸਿੱਖ ਬਿਨਾਂ ਤਲਵਾਰ (ਕਿਰਪਾਨ) ਪਹਿਨੇ ਦਰਬਾਰ ਵਿਚ ਨਾ ਆਵੇ। ਹੁਕਮ ਅਨੁਸਾਰ ਸਭ ਨੇ ਗਾਤਰੇ ਤੇਗਾਂ ਸਜਾ ਲਈਆਂ। ਆਗਿਆ ਦਾ ਪਾਲਣ ਕਰਦਿਆਂ ਭਾਈ ਨੰਦ ਲਾਲ ਜੀ ਤੇ ਭਾਈ ਕਨ੍ਹਈਆ ਜੀ ਨੇ ਵੀ ਤੇਗਾਂ ਪਹਿਨ ਲਈਆਂ। ਜਦ ਸਾਰੇ ਸਿੱਖ ਦਰਬਾਰ ਵਿਚ ਹਾਜ਼ਰ ਹੋਏ ਤਾਂ ਗੁਰੂ ਸਾਹਿਬ ਨੇ ਸਭ ਨੂੰ ਬੜੀ ਰੀਝ ਤੇ ਨੀਝ ਨਾਲ ਤੱਕਿਆ। ਪਹਿਲੇ ਭਾਈ ਨੰਦ ਲਾਲ ਨੂੰ ਮੁਖਾਤਿਬ ਕਰਕੇ ਆਪ ਨੇ ਕਿਹਾ—ਤੁਸੀਂ ਕਲਮ ਹੀ ਧਾਰਨ ਕਰੋ!

ਇਸੇ ਤਰ੍ਹਾਂ ਭਾਈ ਕਨ੍ਹਈਆ ਜੀ ਨੂੰ ਪਿਆਰ ਨਾਲ ਫ਼ੁਰਮਾਇਆ, "ਤੁਸੀਂ ਸੇਵਾ ਦੀ ਦੇਗ ਚਲਾਓ।"

ਇਸ ਘਟਨਾ ਤੋਂ ਇਹ ਗੱਲ ਬੜੀ ਸਪੱਸ਼ਟ ਹੈ ਕਿ ਸਤਿਗੁਰੂ ਹਾਲਾਤ ਦੀ ਮਜਬੂਰੀ ਕਾਰਨ ਸ਼ਸਤਰ ਧਾਰਨ ਕਰਦੇ ਹੋਏ ਵੀ ਕਲਮ ਦੀ ਅਹਿਮੀਅਤ ਤੇ ਜੀਵਨ ਦੇ ਉਸਾਰੂ ਪਾਸੇ ਦਾ ਕਿੰਨਾ ਧਿਆਨ ਰੱਖਦੇ ਸਨ। ਇਹੋ ਕਾਰਨ ਹੈ, ਜਿਥੇ ਉਹਨਾਂ ਦੇਸ਼ ਦੀ ਰੱਖਿਆ ਲਈ ਚੰਗੇ-ਚੰਗੇ ਖੜਗਧਾਰੀ ਸੂਰਮੇ ਆਪਣੇ ਪਾਸ ਰੱਖੇ, ਉਥੇ ਦੂਜੇ ਪਾਸੇ ਸ਼ਾਸਤ੍ਰਵੇਤਾ, ਵਿਦਵਾਨ, ਕਲਮਧਾਰੀ ਵੀ ਚੁਣ ਚੁਣ ਕੇ ਆਦਰ-ਮਾਣ ਨਾਲ ਲਿਆਂਦੇ। ਦਰਅਸਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚੀ ਸ਼ਖ਼ਸੀਅਤ ਖ਼ੁਦ ਅਧਿਆਤਮਕ ਗੁਰੂ, ਬੀਰ ਸੈਨਾਪਤੀ ਤੇ ਵਿਦਵਾਨ ਕਵੀ ਦਾ ਸੰਗਮ ਸਨ। ਸ਼ਾਇਦ ਇਤਿਹਾਸ ਵਿਚ ਅਜਿਹੀ ਮਿਸਾਲ ਦੁਰਲਭ ਹੀ ਹੋਵੇ। ਕਈ ਵਾਰ ਕੁਝ ਇਤਿਹਾਸਕਾਰ ਸਤਿਗੁਰਾਂ ਦੇ ਪ੍ਰਸੰਗ ਵਿਚ ਰਾਣਾ ਪ੍ਰਤਾਪ, ਸ਼ਿਵਾ ਜੀ ਜਾਂ ਨੈਪੋਲੀਅਨ ਆਦਿ ਦੀ ਵੀ ਚਰਚਾ ਕਰ ਲੈਂਦੇ ਹਨ ਪਰ ਉਨ੍ਹਾਂ ਸ਼ਾਇਦ ਕਦੀ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਕਿ ਇਹ ਬੀਰ ਪੁਰਸ਼, ਅਧਿਆਤਮਕਤਾ ਤੇ ਕਾਵਿ ਸ਼ਕਤੀ ਦੇ ਸੁਆਮੀ ਨਹੀਂ ਸਨ, ਗੁਰੂ ਸਾਹਿਬ ਦੀ ਇਹ ਖ਼ੂਬੀ ਸੀ ਕਿ ਉਨ੍ਹਾਂ ਮਨੁੱਖੀ ਜੀਵਨ ਦੇ ਵਿਕਾਸ ਲਈ ਹਰ ਖੇਤਰ ਵਿਚ ਭਰਪੂਰ ਘਾਲ ਘਾਲੀ। ਕਲਮ ਵੀ ਚਲਾਈ ਤੇ ਤੇਗ ਵੀ ਵਾਹੀ। ਰੂਹਾਨੀ ਦਰਬਾਰ ਲਾਏ ਤੇ ਦੁਨਿਆਵੀ ਕਾਰ-ਵਿਹਾਰ ਵੀ ਚੰਗੀ ਤਰ੍ਹਾਂ ਚਲਾਏ।

ਸਾਹਿਤਕ ਸਰਪ੍ਰਸਤੀ

ਜਿਥੋਂ ਤੱਕ ਆਪ ਦੀ ਸਾਹਿਤਕ ਕਦਰਦਾਨੀ ਦਾ ਸਵਾਲ ਹੈ, ਉਹ ਕਿਸੇ ਪ੍ਰਮਾਣ ਦੀ ਮੁਥਾਜ ਨਹੀਂ। ਗੁਰਗੱਦੀ 'ਤੇ ਬੈਠਣ ਤੋਂ ਦੋ-ਤਿੰਨ ਵਰ੍ਹੇ ਬਾਅਦ ਵਿਚ ਹੀ ਉਹਨਾਂ ਸਿੱਖਾਂ ਵਲ ਇਸ ਭਾਵ ਦੇ ਹੁਕਮਨਾਮੇ ਲਿਖ ਕੇ ਭੇਜੇ ਕਿ ਜੋ ਕਿਸੇ ਇਲਾਕੇ ਵਿਚ ਲਿਖਾਰੀ ਸਿੱਖ ਹੋਵੇ ਉਸ ਨੂੰ ਅਨੰਦਪੁਰ ਭੇਜ ਦਿੱਤਾ ਜਾਵੇ।

www.sikhbookclub.com

ਆਗਿਆ ਕੀਨੀ ਸਤਿਗੁਰ ਦਯਾਲ।
ਬਿਦਿਆ ਕਵਿ ਪੰਡਿਤ ਲੇਹੁ ਭਾਲ।
ਜੋ ਜਿਸ ਵਿਦਿਆ ਗਿਆਤਾ ਹੋਇ।
ਵਹੀ ਪੁਰਾਨ ਸੰਗ ਲਿਆਵੈ ਸੋਇ ॥੨॥
ਦੇਸ ਦੇਸ ਕੋ ਸਿੱਖ ਚਲਾਏ।
ਪੰਡਤ ਪੁਰਾਨ ਸੰਗਤ ਲਿਆਏ।
ਬਨਾਰਸ ਆਦਿ ਜਹਿ ਬਿਦਿਆ ਠੌਰ।
ਪੰਡਿਤ ਸਭ ਵਿਦਿਆ ਸਿਰਮੌਰ ॥੩॥
ਸਤਿਗੁਰ ਕੇ ਆਇ ਇਕੱਤ੍ਰ ਸਭ ਪਏ।
ਬਹੁਤ ਆਦਰ ਸਤਿਗੁਰ ਜੋ ਦਏ।
ਮਿਰਯਾਦਾ ਬਾਧਿ ਖਰਚ ਕੋ ਦਇਆ।
ਖੇਦ ਬਿਭੇਦ ਕਾਹੂੰ ਨਹੀਂ ਭਇਆ ॥੪॥

(ਮਹਿਮਾ ਪ੍ਰਕਾਸ਼)

ਇਸੇ ਤਰ੍ਹਾਂ ਹੋਰ ਵਿਦਵਾਨ ਸਾਹਿਤਕਾਰਾਂ ਨੂੰ ਵੀ ਚੰਗੇ ਚੋਖੇ ਪੈਸੇ ਖਰਚ ਕੇ ਮੰਗਵਾਉਣ ਦਾ ਪ੍ਰਬੰਧ ਕੀਤਾ ਗਿਆ। ਕੇਸਰ ਵਿਚ ਛਿੱਬਰ ਲਿਖਦਾ ਹੈ :

ਜੋ ਬ੍ਰਾਹਮਣ ਵਿਦਵਾਨ ਹੈ ਚੰਗਾ, ਸੋ ਭਿਜਵਾਣਾ।
ਜੋ ਖ਼ਰਚ ਲਗੈ ਸੋ ਗੁਰੂ ਕੇ ਘਰੂੰ ਲਾਣਾ ॥੫੬॥

(ਬੰਸਾਵਲੀ ਨਾਮਾ, ਦਸਵਾਂ ਚਰਣ)

ਇਸ ਸੱਦੇ ਅਨੁਸਾਰ ਬਹੁਤ ਸਾਰੇ ਕਵੀ ਜਨ ਤੇ ਲਿਖਾਰੀ ਗੁਰੂ ਜੀ ਦੀ ਹਜ਼ੂਰੀ ਆਏ। ਦਿਨਾਂ ਵਿਚ ਹੀ ਅਨੰਦਪੁਰ ਦਰਬਾਰ ਦੀ ਐਸੀ ਰੌਣਕ ਬਣੀ ਕਿ ਕਵੀ ਇਸ ਦੀ ਸ਼ੋਭਾ ਕਰਦੇ ਨਾ ਥਕਦੇ। ਇਸ ਸਮੇਂ ਦੀਆਂ ਸੰਮਤ ਵਾਲੀਆਂ ਤਿੰਨ ਚੀਜ਼ਾਂ ਮਿਲਦੀਆਂ ਹਨ। 1680 ਈ. (੧੭੩੭ ਬਿਕ੍ਰਮੀ) ਵਿਚ ਲਖਣ ਨੇ ਅਤੇ 1684 ਈ. (੧੭੪੧ ਬਿ. ਵਿਚ ਤਨਸੁਖ ਨੇ ਹਿਤੋਪਦੇਸ਼ ਦਾ ਅਨੁਵਾਦ ਕੀਤਾ। 1683 ਈ. (੧੭੪੦ ਬਿਕ੍ਰਮੀ) ਦੀ ਲਿਖੀ ਕਵੀ ਗੋਪਾਲ ਦੀ 'ਮੋਹ ਮਰਦ ਰਾਜੇ ਦੀ ਕਥਾ' ਮਿਲਦੀ ਹੈ, ਕੁਝ ਹਾਲਾਤ ਬਦਲਣ ਕਾਰਨ ਗੁਰੂ ਸਾਹਿਬ ਨੂੰ 1685 ਈ. (੧੭੪੨ ਬਿ.) ਤੋਂ 1688 ਈ. (੧੭੪੫ ਬਿ.) ਤੱਕ ਪਾਉਂਟੇ ਜਾ ਕੇ ਟਿਕਣਾ ਪਿਆ ਤੇ ਉਥੇ ਵੀ ਜਮਨਾ ਕਿਨਾਰੇ ਕਵੀ ਦਰਬਾਰ ਸਜਦੇ ਰਹੇ। ਖ਼ੁਦ ਗੁਰੂ ਸਾਹਿਬ ਨੇ ਪਾਉਂਟੇ ਰਹਿ ਕੇ ਕ੍ਰਿਸ਼ਨਾਵਤਾਰ ਦਾ ਕਾਫ਼ੀ ਹਿੱਸਾ ਲਿਖਿਆ :

ਸਤ੍ਰਹ ਸੈ ਚਵਤਾਲ ਮੈ ਸਾਵਨ ਸੁਦਿ ਬੁਧਵਾਰ ॥
ਨਗਰ ਪਾਵਟਾ ਮੋ ਤੁਮੋ ਰਚਿਯੋ ਗ੍ਰੰਥ ਸੁਧਾਰ ॥੯੮੩॥

(ਦਸਮ ਗ੍ਰੰਥ, ਪੰਨਾ ੩੯੬)

ਸੱਤ੍ਰਹ ਸੈ ਪੈਤਾਲ ਮਹਿ, ਸਾਵਨ ਸੁਦਿ ਥਿਤਿ ਦੀਪ ॥
ਨਗਰ ਪਾਂਵਟਾ ਸੁਭ ਕਰਨ, ਜਮਨਾ ਬਹੈ ਸਮੀਪ ॥੨੪੯੦॥

(ਦਸਮ ਗ੍ਰੰਥ, ਪੰਨਾ ੫੭੦)

ਆਮ ਰਵਾਇਤ ਇਹ ਵੀ ਹੈ ਕਿ ਜਾਪੁ ਸਾਹਿਬ ਦੀ ਰਚਨਾ ਵੀ ਪਾਉਂਟੇ ਸਾਹਿਬ ਹੀ ਹੋਈ।

www.sikhbookclub.com

ਪਰ, ਛੇਤੀ ਹੀ ਜਦ ਉਹ ਅਨੰਦਪੁਰ ਪਰਤੇ ਤਾਂ ਉਹਨਾਂ ਸਾਹਿਤਕ ਕਾਰਜ ਦੀ ਮਹਾਨ ਯੋਜਨਾ ਬਣਾ ਲਈ ਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਕਵੀਆਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ। ਇਹ ਗੱਲ 1689 ਈ. (੧੭੪੬ ਬਿ.) ਦੀ ਹੈ ਜਦ ਪ੍ਰਹਿਲਾਦ ਕਵੀ ਨੇ 50 ਉਪਨਿਸ਼ਦਾਂ ਦਾ ਤਰਜਮਾ ਸ਼ੁਰੂ ਕੀਤਾ ਤੇ ਕਾਂਸ਼ੀ ਰਾਮ ਨੇ ਪਾਂਡਵ ਗੀਤਾ ਦਾ ਅਨੁਵਾਦ ਕੀਤਾ। 1693 ਈ. (੧੭੫੦ ਬਿ.) ਤੋਂ 1696 ਈ. (੧੭੫੩ ਬਿ.) ਤੱਕ ਮਹਾਂਭਾਰਤ ਦਾ ਅਨੁਵਾਦ ਕਰਵਾਏ ਜਾਣ ਦੇ ਵੀ ਸਾਨੂੰ ਲਿਖਤੀ ਪ੍ਰਮਾਣ ਮਿਲਦੇ ਹਨ।

ਦਿੱਲੀ ਦਰਬਾਰ ਦੇ ਕਵੀ

ਇਹੋ ਹੀ ਨਹੀਂ ਕਿ ਇਸ ਗੁਰੂ ਦਰਬਾਰ ਵਿਚ ਕੇਵਲ ਪੰਜਾਬ ਦੇ ਹੀ ਕਵੀ ਆਏ ਸਗੋਂ ਦਿੱਲੀ ਦਰਬਾਰ ਵਲੋਂ ਸਨਮਾਨਿਤ ਕਈ ਕਵੀ ਜਿਵੇਂ ਆਲਮ, ਸੁਖਦੇਵ, ਬ੍ਰਿੰਦ, ਚੰਦ, ਕਾਂਸ਼ੀ ਰਾਮ, ਕੁਵਰੇਸ਼, ਰਾਮ, ਨੰਦ ਲਾਲ ਆਦਿ ਰਾਜ ਕਵੀ ਵੀ ਅਨੰਦਪੁਰ ਆਏ। ਆਖਿਰ ਕੋਈ ਗੱਲ ਸੀ ਜਿਸ ਕਰਕੇ ਅਜਿਹੇ ਵੱਡੇ-ਵੱਡੇ ਕਵੀ ਵੀ ਇਥੇ ਆਉਣਾ ਮਾਣ ਦੀ ਗੱਲ ਸਮਝਦੇ ਸਨ। ਗੁਰੂ ਸਾਹਿਬ ਦਾ ਸਾਹਿਤਕ ਮੰਤਵ ਤੇ ਕਦਰਦਾਨੀ ਦੋਵੇਂ ਹੀ ਲੁਭਾਉਣ ਵਾਲੀਆਂ ਗੱਲਾਂ ਸਨ। ਇਹ ਲੋਕ ਪੜ੍ਹੇ-ਲਿਖੇ ਵਿਦਵਾਨ ਪੁਰਸ਼ ਸਨ ਤੇ ਇਹ ਚੰਗੀ ਤਰ੍ਹਾਂ ਅਨੁਭਵ ਕਰ ਰਹੇ ਸਨ ਕਿ ਸਤਿਗੁਰ ਭਾਰਤੀ ਸੰਸਕ੍ਰਿਤੀ ਦੀ ਪੁਨਰ-ਸੁਰਜੀਤੀ ਲਈ ਇਹ ਸਾਹਿਤਕ ਕਾਰਜ ਕਰਕੇ ਇਕ ਨਵੇਂ ਇਨਕਲਾਬ ਦੀ ਬੁਨਿਆਦ ਰੱਖ ਰਹੇ ਸਨ, ਇਸ ਲਈ ਉਨ੍ਹਾਂ ਦੇ ਉਦੇਸ਼ ਨਾਲ ਹਰ ਸੋਝੀਵਾਨ ਭਲੇ ਪੁਰਸ਼ ਦੀ ਸੰਮਤੀ ਸੀ। ਫਿਰ ਉਹਨਾਂ ਦੀ ਆਪਣੀ ਅਨੇਕ-ਪੱਖੀ ਵਿਦਵਤਾ ਭੀ ਆਕਰਸ਼ਣ ਦੇ ਵੱਡੇ ਕਾਰਨਾਂ ਵਿਚੋਂ ਸੀ। ਇਸ ਤੋਂ ਵੀ ਅੱਗੇ, ਜਿਸ ਭਾਂਤ ਆਏ ਕਵੀ ਨੂੰ ਗੁਰੂ ਸਾਹਿਬ ਦਾਨ ਸਨਮਾਨ ਨਾਲ ਨਿਵਾਜਦੇ ਉਹ ਕਥਨ ਤੋਂ ਬਾਹਰ ਸੀ।

ਆਲਮ ਕਵੀ ਔਰੰਗਜ਼ੇਬ ਦੇ ਬੇਟੇ ਸਾਹਿਬਜ਼ਾਦਾ ਮੁਅਜ਼ਮ ਪਾਸ ਰਿਹਾ ਸੀ, ਉਹ ਆਪਣੇ ਤਜਰਬੇ ਦੇ ਆਸਰੇ ਕਹਿੰਦਾ ਹੈ ਕਿ ਜਿਸ ਤਰ੍ਹਾਂ ਇਥੇ ਕਵੀਆਂ ਨੂੰ ਰੋਜ਼ ਧਨ-ਦੌਲਤ ਨਾਲ ਮਾਲਾਮਾਲ ਕੀਤਾ ਜਾਂਦਾ, ਵੈਸਾ ਰਾਜਾ ਭੋਜ ਦੇ ਦਰਬਾਰ ਵਿਚ ਵੀ ਨਹੀਂ ਸੀ। ਉਥੇ ਕਦੀ-ਕਦੀ ਐਸਾ ਹੁੰਦਾ ਸੀ, ਇਥੇ ਗੁਰੂ ਦਰਬਾਰ ਵਿਚ ਇਹ ਦਾਤਾਂ ਰੋਜ਼ ਵੰਡੀਆਂ ਜਾਂਦੀਆਂ ਹਨ। ਉਸ ਦਾ ਕਬਿੱਤ ਹੈ :

ਸ਼ੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈਂ,
ਬਲਿ ਭੀਮ ਸਮ ਸ਼ੀਲ ਕਹਾਂ ਲੌ ਗਿਨਾਈਏ।
ਭੂਮ ਕੇ ਬਿਭੂਖਨ ਜੁ ਦੂਖਨ ਕੇ ਦੂਖਨ,
ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ।
ਹਿੰਮਤ ਨਿਧਾਨ ਆਨ ਦਾਨ ਕੋ ਬਖਾਨੇ ਜਾਨੇ,
'ਆਲਮ' ਤਮਾਮ ਜਾਮ ਆਠੋ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਿਸਾਹੁ ਗੁਰੂ ਗੋਬਿੰਦ ਜੀ,
ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ ॥੨੭॥

(੫੭੨੧)

www.sikhbookclub.com

ਮੰਗਲ ਕਵੀ ਅਨੰਦਪੁਰ ਦੀ ਵਡਿਆਈ ਦੱਸਦਾ ਹੋਇਆ ਹੋਰ ਕਵੀਆਂ ਨੂੰ ਸੱਦਾ ਦਿੰਦਾ ਹੈ, ਕਿ ਆਓ ! ਜੇਕਰ ਸੱਚ-ਮੁੱਚ ਹੀ ਕਵਿਤਾ ਦਾਤੇ ਜ਼ਿੰਦਗੀ ਦਾ ਆਨੰਦ ਲੈਣਾ ਹੈ ਤਾਂ ਅਨੰਦਪੁਰ ਪਹੁੰਚੋ :

ਪੂਰਨ ਪੁਰਖ ਅਵਤਾਰ ਆਨਿ ਲੀਨਿ ਆਪ,
ਜਾਂ ਕੇ ਦਰਬਾਰ ਮਨ ਚਿਤਵੈ ਸੋ ਪਾਈਏ।
ਘਟਿ ਘਟਿ ਬਾਸੀ ਅਬਿਨਾਸੀ ਨਾਮ ਜਾਂ ਕੋ ਜਗ,
ਕਰਤਾ ਕਰਨਹਾਰ ਸੋਈ ਦਿਖਰਾਈਏ।
ਨੌਮੇ ਗੁਰ ਨੰਦ, ਜਗ ਬੰਦ ਤੇਗ ਤਯਾਗ ਪੂਰੇ,
ਮੰਗਲ ਸੁ ਕਬਿ ਕਹਿ ਮੰਗਲ ਸੁਥਾਈਏ।
ਆਨੰਦ ਕੋ ਦਾਤਾ ਗੁਰੂ, ਸਾਹਿਬ ਗੋਬਿੰਦ ਰਾਇ,
ਚਾਹੈ ਜੋ ਅਨੰਦ ਤੌ ਅਨੰਦਪੁਰਿ ਆਈਏ ॥੧੪॥ (੫੭੨੮)

ਕੁੰਵਰੇਸ਼ ਜੋ ਕਿ ਮਹਾਂ ਕਵੀ ਕੈਸ਼ਵ ਦਾਸ ਦਾ ਪੁੱਤਰ ਸੀ, ਉਹ ਆਖਦਾ ਹੈ ਕਿ ਦੇਸ਼ ਦੇ ਕਵੀਆਂ ਦਾ ਜੀਵਨ ਆਸਰਾ ਦਸਮੇਸ਼ ਹੀ ਹੈ, ਇਹਨਾਂ ਦੇ ਸਦਕੇ ਹੀ ਸਾਹਿਤਕਾਰ ਸੁਖ ਦੀਆਂ ਘੜੀਆਂ ਬਿਤਾਉਂਦੇ ਹਨ :

ਗੁਰੂ ਗੋਬਿੰਦ ਨਰਿੰਦ ਹੈ, ਤੇਗ ਬਹਾਦਰ ਨੰਦ।
ਜਿਨ ਤੇ ਜੀਵਤ ਹੈਂ ਸਕਲ, ਭੂਤਲ ਕਵਿ ਬੁਧਿ ਬ੍ਰਿੰਦ।
ਨਦੀ ਸਤੁਦ੍ਰਵ ਤੀਰ ਤਹਿ, ਸ਼ੁਭ ਅਨੰਦ ਪੁਰ ਨਾਮ।.
ਗੁਰੂ ਗੋਬਿੰਦ ਨਰਿੰਦ ਕੈ, ਰਾਜਤ ਸੁਭਗ ਸੁਧਾਮ।

ਹੰਸ ਰਾਮ ਦਾ ਕਥਨ ਵੀ ਇਸੇ ਦੀ ਪੁਸ਼ਟੀ ਕਰਦਾ ਹੈ :

ਚਾਰ ਬਰਨ ਚਾਰੋ ਜਹਾਂ, ਆਸ੍ਰਮ ਕਰਤ ਅਨੰਦ।
ਤਾਕੋ ਨਾਮ ਅਨੰਦ ਪੁਰ, ਹੈ ਅਨੰਦ ਕੋ ਕੰਦ।

ਨਾਲੇ ਇਹ ਗੱਲ ਕੇਵਲ ਕਥਨੀ ਮਾਤ੍ਰ ਨਹੀਂ, ਇਤਿਹਾਸ ਤੋਂ ਇਸ ਦੇ ਸਪੱਸ਼ਟ ਪ੍ਰਮਾਣ ਵੀ ਮਿਲਦੇ ਹਨ। ਗੁਰੂ ਸਾਹਿਬ ਨੇ ਮਹਾਂਭਾਰਤ ਦੇ ਅਠਾਰਾਂ ਪਰਬਾਂ[1] ਦਾ ਤਰਜਮਾ ਕਰਵਾਇਆ ਤਾਂ ਕਵੀਆਂ ਨੂੰ ਦਿਲ ਖੋਲ੍ਹ ਕੇ ਦਾਨ ਦਿੱਤਾ। ਹੰਸ ਰਾਮ ਨੇ ਕਰਣ ਪਰਬ ਅਨੁਵਾਦ ਕੀਤਾ ਤਾਂ ਉਸ ਨੂੰ ਸੱਠ ਹਜ਼ਾਰ ਟਕਾ ਦਿੱਤਾ। ਕਵੀ ਲਿਖਦਾ ਹੈ :

ਪ੍ਰਿਥਮ ਕ੍ਰਿਪਾ ਕਰਿ ਰਾਖ ਮੋਹਿ, ਗੁਰ ਗੋਬਿੰਦ ਉਦਾਰ
ਟਕਾ ਕਰੋ ਬਖਸ਼ੀਸ਼ ਤਬ ਮੋ ਕਉ ਸਾਠ ਹਜ਼ਾਰ।

ਅੰਮ੍ਰਿਤ ਰਾਇ ਲਾਹੌਰੀ ਨੂੰ ਸਭਾ ਪਰਬ ਦਾ ਕੰਮ ਸੰਪੂਰਨ ਕਰਨ 'ਤੇ ਇਤਨੇ ਹੀ ਪੈਸੇ ਦਿੱਤੇ ਜਾਣ ਦਾ ਜ਼ਿਕਰ ਬਾਬਾ ਸੁਮੇਰ ਸਿੰਘ ਜੀ ਨੇ ਆਪਣੇ ਗ੍ਰੰਥ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿਚ ਕੀਤਾ ਹੈ। ਖ਼ੁਦ ਅੰਮ੍ਰਿਤ ਰਾਇ ਸਤਿਗੁਰਾਂ ਦੀ ਕੀਰਤੀ ਦਾ ਚਰਚਾ ਕਰਦਾ ਕਹਿੰਦਾ ਹੈ :

1. ਅਠਾਰਾਂ ਪਰਬ—ਆਦਿ, ਸਭਾ, ਬਨ, ਵਿਰਾਟ, ਉਦਯੋਗ, ਭੀਸ਼ਮ, ਦ੍ਰੋਣ, ਕਰਣ, ਸ਼ੱਲਯ, ਸੌਪਤਿਕ, ਇਸਤ੍ਰੀ, ਸ਼ਾਂਤਿ, ਅਨੁਸ਼ਾਸਨ, ਅਸਾਮੇਧ, ਆਸ਼੍ਰਮ-ਵਾਸੀ, ਮੌਸਲ, ਮਹਾਂ ਪ੍ਰਸਥਾਨ ਤੇ ਸਵਰਗਾਰੋਹਣ ਪਰਬ। ਕੁਝ ਪਰਬਾਂ ਦੇ ਅਨੁਵਾਦ ਦਾ ਖਰੜਾ ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ ਵਿਚ ਹੈ। ਕੁਝ-ਕੁ ਦੀ ਨਕਲ ਮਹਾਰਾਜਾ ਬਨਾਰਸ ਦੀ ਲਾਇਬ੍ਰੇਰੀ ਵਿਚ ਹੈ।

www.sikhbookclub.com

ਜਾਂਹੀ ਓਰ ਜਾਊਂ ਅਤਿ ਆਦਰ ਤਹਾਂ ਤੇ ਪਾਊਂ,
ਤੇ ਗੁਣ ਗਣ ਕੋ ਅਗਾਊਂ ਗਨੈ ਸ਼ੇਸ ਜੂ।
ਹੀਰ ਚੀਰ ਮੁਕਤਾ ਜੇ ਦਿਨ ਪ੍ਰਤਿ ਦਾਨ ਦੇਤ,
ਤਿਨੈ ਦੇਖਿ ਦੇਖਿ ਅਭਿਲਾਖਤ ਧਨੇਸ਼ ਜੂ।
ਗੁਨਿਨ ਮੈਂ ਗੁਨੀ ਕਵਿ ਅੰਮ੍ਰਿਤ ਪਢੈਯਾ ਤੇਰੋ,
ਜਬ ਇਨੈ ਹੇਰੋ ਪਯਾਰ ਕੀਜੈ ਅਮਰੇਸ਼ ਜੂ।
ਸ੍ਰੀ ਗੁਰੇ (ਗੁਰੂ) ਗੋਬਿੰਦ ਸਿੰਘ ਛੀਰ ਨਿਧਿ ਪਾਰ ਭਈ,
ਕੀਰਤਿ ਤਿਹਾਰੀ ਤੁਮੈ ਕਹਿ ਕੈ ਸੰਦੇਸ਼ ਜੂ।

ਕੁਵਰੇਸ਼ ਨੇ ਦ੍ਰੋਣ ਪਰਬ ਦਾ ਭਾਖਾ ਅਨੁਵਾਦ ਕੀਤਾ, ਉਹ ਗੁਰੂ ਸਾਹਿਬ ਦੇ ਦਾਨ ਨੂੰ ਕਰੋੜਾਂ ਦਾ ਦਾਨ ਕਹਿ ਕੇ ਪ੍ਰਸੰਨ ਹੁੰਦਾ ਹੈ :

ਦ੍ਰੋਣ ਪਰਬ ਭਾਖਾ ਦਿਯ, ਗੁਰ ਗੋਬਿੰਦ ਸੁਜਾਨ।
ਕਹਯੋ ਸੁਕਵਿ ਕੁਵਰੇਸ਼ ਕੋ, ਦੀਏ ਕੋਰਨ ਦਾਨ।

ਮੰਗਲ ਪਸਰੂਰ ਦਾ ਰਹਿਣ ਵਾਲਾ ਕਵੀ ਸੀ, ਉਸ ਦੇ ਜ਼ਿੰਮੇ ਸ਼ਲਯ ਪਰਬ ਦਾ ਕੰਮ ਲਗਿਆ ਸੀ, ਉਹ ਪ੍ਰਾਪਤ ਇਨਾਮ ਨੂੰ 'ਅਰਬ ਖਰਬ' ਕਹਿ ਕੇ ਗਦ ਗਦ ਹੁੰਦਾ ਹੈ :

ਸ਼ਲਯ ਪਰਬ ਭਾਖਾ ਭਯੋ, ਗੁਰ ਗੋਬਿੰਦ ਕੇ ਰਾਜ।
ਅਰਬ ਖਰਬ ਬਹੁ ਦ੍ਰਬ ਦੇ, ਕਰਿ ਕਵਿਜਨ ਕੋ ਕਾਜ।

ਇਹ ਕਵੀਆਂ ਨੂੰ ਉਤਸ਼ਾਹਤ ਕਰਨ ਦਾ ਇਕ ਪੱਖ ਹੈ, ਨਾਲੇ ਗੁਰੂ ਸਾਹਿਬ ਕੇਵਲ ਨਕਦ ਪੈਸੇ ਹੀ ਨਹੀਂ, ਸੁੰਦਰ ਘੋੜੇ, ਹਥਿਆਰ, ਹੀਰੇ ਮੋਤੀ ਤੇ ਹੋਰ ਸੁਨਹਿਰੀ ਭੂਸ਼ਨ ਵੀ ਕਵੀਆਂ ਨੂੰ ਪ੍ਰਦਾਨ ਕਰਦੇ ਰਹਿੰਦੇ ਸਨ।

ਅਣੀ ਰਾਇ ਨੇ ਆਪ ਬੀਤੀ ਦਸਦਿਆਂ ਲਿਖਿਆ ਹੈ :

ਅਣੀ ਰਾਇ ਗੁਰੂ ਸੈ ਮਿਲੇ, ਦੀਨੀ ਤਾਹਿ ਅਸੀਸ।
'ਆਉ' ਕਹਿਓ ਮੁਖ ਆਪਨੇ, ਬਹੁਰ ਕਰੀ ਬਖਸ਼ੀਸ਼ ॥੧॥
ਨਗ ਕੰਚਨ ਭੂਖਣ ਬਹੁਰ ਦੀਨੇ ਸਤਿਗੁਰ ਏਹ।
'ਨਾਮਾ ਹੁਕਮ' ਲਿਖਾਇਕੇ ਕੀਨੋ ਸਰਸ ਸਨੇਹ ॥੨॥

(ਜੰਗ ਨਾਮਾ ਗੁਰੂ ਗੋਬਿੰਦ ਸਿੰਘ)

ਗੁਰੂ ਸਾਹਿਬ ਦੀਆਂ ਦਾਤਾਂ ਨਾਲ ਮਾਲਾ-ਮਾਲ ਹੋਏ ਕਵੀਆਂ ਦੀ ਇਕ ਮੰਡਲੀ ਨੂੰ ਤੱਕ ਕੇ ਜਦੋਂ ਵੈਰੀ, ਕੋਈ ਫ਼ੌਜੀ ਦਸਤਾ, ਸਮਝ ਕੇ ਭੈ-ਭੀਤ ਹੋ ਰਹੇ ਸਨ ਤਾਂ ਕਵੀ ਹੰਸ ਰਾਮ ਉਨ੍ਹਾਂ ਨੂੰ ਸਮਝਾਉਂਦਾ ਕਹਿੰਦਾ ਹੈ :

ਦੁੰਦਭੀ ਧੁੰਕਾਰੇ ਬਾਜੇ ਮਾਨੋ ਜਲਧਰ ਗਾਜੇ,
ਰਾਜਤਿ ਨਿਸ਼ਾਨ ਭਯ ਭਾਨੁ ਛਿਪੇ ਜਾਤਿ ਹੈਂ।
ਹਾਥਿਨਿ ਕੇ ਹਲਕਾ ਹਜ਼ਾਰਨਿ ਗਨੇ ਕੋ ਹਯ
ਜਟਤਿ ਜਵਾਹਰ ਜੋ ਜਗਮਗਾਤ ਹੈਂ।

www.sikhbookclub.com

ਕੋਰ ਸਾਜੈ ਜ਼ੋਰ ਕਰਿ ਨਾਲਨ ਕੋ ਸ਼ੋਰ ਸੁਨੋ
ਸੰਕਤਿ ਸੁਰੇਸ਼ ਔ ਨਰੇਸ਼ ਬਿਲਖਾਤਿ ਹੈਂ।
ਹੰਸਰਾਮ ਕਹਿਤ ਬਿਰਾਜੋ ਜਿਨ ਭਾਜ਼ੋ
ਗੁਰੂ ਗੋਬਿੰਦ ਕੋ ਮਾਂਗੇ ਕਵਿਰਾਜ ਚਲਿ ਜਾਤਿ ਹੈਂ ॥੨੫॥ (੫੭੨੨)

ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਸਰਸਵਤੀ ਦੇਵੀ ਤੇ ਲੱਛਮੀ ਦੇਵੀ ਦਾ ਵੈਰ-ਵਿਰੋਧ ਰਿਹਾ ਹੈ ਤੇ ਗੁਣਵੰਤ ਕਲਾਕਾਰ ਯਾ ਵਿਦਵਾਨ ਪੁਰਸ਼ਾਂ ਨੂੰ ਧਨੀ ਲੋਕ ਘੱਟ ਹੀ ਪੈਸੇ ਦਿੰਦੇ ਹਨ। ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :

ਦੋਊ ਠੌਰ ਹਾਥ ਸਰਦਾਰਨ ਕਾ ਤੰਗ ਹੋਇ
ਈਸ਼ਵਰ ਨਮਿਤ ਔ ਕਵੀਸ਼ਰ ਕੇ ਦੈਨ ਕੋ।

ਫ਼ਾਰਸੀ ਦੇ ਮਸ਼ਹੂਰ ਸ਼ਾਇਰ ਫਿਰਦੌਸੀ ਤੇ ਮਹਿਮੂਦ ਗਜ਼ਨਵੀ ਦੀ ਕਹਾਣੀ ਸਭ ਜਾਣਦੇ ਹਨ। ਕਿਸ ਤਰ੍ਹਾਂ ਪਹਿਲੇ ਮਹਿਮੂਦ ਨੇ ਫੀ ਸ਼ੇਅਰ, ਮੋਹਰ ਦੇਣੀ ਕੀਤੀ ਸੀ ਪਰ ਦੇਣ ਵੇਲੇ ਆਪਣਾ ਇਕਰਾਰ ਪੂਰਾ ਨਹੀਂ ਸੀ ਕੀਤਾ। ਗੁਰੂ ਸਾਹਿਬ ਦੀ ਗੱਲ ਨਿਰਾਲੀ ਸੀ, ਉਹਨਾਂ ਕੋਲ ਜੋ ਵੀ ਆਇਆ, ਉਸ ਨੂੰ ਨਿਹਾਲੋ ਨਿਹਾਲ ਕਰ ਦਿੱਤਾ।

ਹੀਰ ਭੱਟ, ਇਕ ਧੜਲੇਦਾਰ ਵੀ ਸੀ ਪਰ ਯੋਗ ਸਰਪ੍ਰਸਤੀ ਨਾ ਹੋਣ ਕਰਕੇ ਭੁੱਖ ਨੰਗ ਨਾਲ ਘੁਲਦਾ ਫਿਰਦਾ ਸੀ, ਇਹ ਅਨੰਦਪੁਰ ਆ ਗਿਆ। ਗੁਰੂ ਸਾਹਿਬ ਨੇ ਗੁਣੀ ਵੇਖ ਕੇ ਹਰ ਤਰ੍ਹਾਂ ਸਹਾਇਤਾ ਕੀਤੀ ਤੇ ਉਸ ਨੂੰ ਸੰਤੁਸ਼ਟ ਕੀਤਾ। ਜਦ ਉਹ ਇਸ ਉਤਸ਼ਾਹੀ ਵਾਤਾਵਰਨ ਵਿਚੋਂ ਲੰਘਿਆ ਤਾਂ ਉਸ ਦਰਿਦਰ ਨਾਰਾਇਣ ਨੂੰ ਸਾਫ਼ ਸੁਣਾ ਦਿੱਤਾ ਕਿ ਤੂੰ ਹੁਣ ਮੇਰੇ ਕੋਲੋਂ ਚਲਾ ਜਾ, ਨਹੀਂ ਤੈਨੂੰ ਮਹਾਂਦਾਨੀ ਗੁਰੂ ਗੋਬਿੰਦ ਸਿੰਘ ਆਪਣੇ ਦਾਨ ਦੇ ਤੀਰਾਂ ਨਾਲ ਲੀਰੋ ਲੀਰ ਕਰ ਦੇਣਗੇ।

ਦਾਰਿਦ ਕਪੂਤ !
ਤੇਰੇ ਮਰਨ ਬਨਿਉ ਹੈ ਆਜ
ਕਰਕੇ ਸਲਾਮ ਵਿਦਾ ਹੂਜੈ
ਕਵਿ ਹੀਰ ਸੌਂ।
ਨਾਤੁਰ ਗੋਬਿੰਦ ਸਿੰਘ
ਵਿਕਲ ਕਰੈਂਗੇ ਤੋਹਿ
ਟੂਕ ਟੂਕ ਹ੍ਵੈ ਹੈਂ
ਗਾਢੇ ਦਾਨਨ ਕੇ ਤੀਰ ਸੌਂ।

ਇਹ ਦਾਨ ਦੀ ਵਰਖਾ ਇਤਨੀ ਉਦਾਰ ਸੀ ਕਿ ਕਵੀ ਇਸ ਦਾ ਜੱਸ ਕਰਦੇ ਨਹੀਂ ਥਕਦੇ। ਇਕ ਹੋਰ ਕਵੀ ਲਿਖਦਾ ਹੈ :

ਦਿੱਜਨ ਕੇ ਦਲ ਜੋਗੀ ਜੰਗਮ ਜਮਾਤ ਦ੍ਵਾਰ,
ਬੰਦੀ ਜਨ ਕਿਤਕ ਹੈਂ ਜਗਤ ਮੈਂ ਜਾਂਹਿ ਕੀ।
ਸ਼ੁਭਾਸ਼ੁਭ ਲੇਤਿ ਦੇਤਿ ਲੱਛਨ ਕੋ ਲੱਛ ਰੋਜ
ਦੇਖਿ ਦੇਖਿ ਸੁਧਿ ਭੂਲ ਜਾਤਿ ਸੁਰਨਾਹਿ ਕੀ

www.sikhbookclub.com

ਗੋਬਿੰਦ ਗੁਰੂ ਕੋ ਦਾਨ ਮਾਲਮ ਜਹਾਨ ਭਯੋ
ਭਿੱਛਕ ਕੀਏ ਹੈਂ ਭੂਪ, ਪਰਵਾਹ ਨਾਹਿ ਕਾਹਿ ਕੀ।
ਬਲਿ, ਬੈਨ, ਬਿੱਕ੍ਰਮ ਨ ਭੋਜ ਹੂੰ ਮੈਂ ਮੌਜ ਐਸੀ
ਜਾਂ ਕੀ ਏਕ ਮੌਜ ਨਵ ਰੋਜ ਪਾਤਸ਼ਾਹਿ ਕੀ ॥੧੫॥ (੫੭੨੯)

ਹੰਸ ਰਾਮ ਨੇ ਗੁਰੂ ਦਰਬਾਰ ਦਾ ਇਹ ਆਚਰਣ ਵੀ ਸਪੱਸ਼ਟ ਕੀਤਾ ਹੈ ਕਿ ਸਤਿਗੁਰੂ ਗੁਣੀ ਪੁਰਸ਼ਾਂ ਲਈ ਜ਼ਰੂਰ ਉਦਾਰ ਤੇ ਮਹਾਦਾਨੀ ਹਨ ਪਰ ਅਭਿਮਾਨੀ ਦੁਸ਼ਟਾਂ ਲਈ ਉਹ ਸ਼ਸਤਰ ਵਰਤਣਾ ਵੀ ਜਾਣਦੇ ਹਨ।

ਉਹਨਾਂ ਦਾ ਇਹ ਗੁਣ ਦੇਸ਼ ਭਰ ਵਿਚ ਉਜਾਗਰ ਹੈ :

ਜੌਨ ਤੇਰੀ ਕੀਰਤਿ ਜਗਾਤੋ ਜੰਬੂ ਦੀਪ ਕੈ ਕੈ
ਪਸਰੇ ਉਜਾਰੋ ਪਰਸਤਿ ਪਾਰਾਵਾਰ ਕੋ।
ਗੁਰਨਿ ਕੇ ਬੰਸ ਚਲੀ ਆਈ 'ਹੰਸਰਾਮ' ਸਦਾ
ਗੁਨੀ ਸੌਂ ਉਦਾਰ, ਤੋਰਾਦਾਰ ਤਰਵਾਰ ਕੋ ॥੨੨॥ (੫੭੩੨)

ਇਹ ਕਲਾ ਪ੍ਰੇਮ ਤੇ ਕਦਰਦਾਨੀ ਦਾ ਸਿੱਟਾ ਸੀ ਕਿ ਫ਼ਾਰਸੀ ਤੇ ਸੰਸਕ੍ਰਿਤ ਦੇ ਅਨੇਕਾਂ ਵਿਦਵਾਨ ਦੂਰੋਂ-ਦੂਰੋਂ ਆ, ਗੁਰੂ ਦਰਬਾਰ ਦਾ ਸ਼ਿੰਗਾਰ ਬਣਨ। ਇਕ ਪੁਰਾਤਨ ਹੱਥ-ਲਿਖਤ ਵਿਚ ਪੰਜ ਮੁਸਲਮਾਨ ਆਲਮ ਫ਼ਾਜ਼ਲ ਰੱਖਣ ਦਾ ਵੀ ਜ਼ਿਕਰ ਮਿਲਦਾ ਹੈ। ਭਾਈ ਨੰਦ ਲਾਲ ਜੀ ਨਾਲ ਆਉਣ ਵਾਲਾ ਗਿਆਸੁੱਦੀਨ ਵੀ ਚੰਗਾ ਫ਼ਾਜ਼ਲ ਪੁਰਸ਼ ਸੀ। ਇਸੇ ਤਰ੍ਹਾਂ ਕਾਂਸੀ ਤੋਂ ਵਿਸ਼ਨੂੰਪਾਲ, ਕਸ਼ਮੀਰ ਤੋਂ ਸਿਵੱਬਕ੍ਰ ਪੰਡਿਤ ਤੇ ਗੁਜਰਾਤ ਤੋਂ ਪੰਡਿਤ ਕਾਲਕਾ ਦਾਸ ਦੇ ਆਉਣ ਦਾ ਵਰਨਣ ਇਤਿਹਾਸ ਵਿਚ ਮਿਲਦਾ ਹੈ। ਕਵੀ ਸੈਨਾਪਤਿ ਨੇ ਇਸ 'ਕਵੀ ਸਭਾ' ਨੂੰ ਪਰਮ ਸੁਜਾਨ ਲੇਖਕਾਂ ਦੀ ਸਭਾ ਕਹਿ ਕੇ ਯਾਦ ਕੀਤਾ ਹੈ :

ਗੁਰੂ ਗੋਬਿੰਦ ਕੀ ਸਭਾ ਮਹਿ ਲੇਖਕ ਪਰਮ ਸੁਜਾਨ।

(ਚਾਣਾਕਾ ਨੀਤਿ ਸ਼ਾਸਤ੍ਰ)

ਅਸੀਂ ਹਜ਼ੂਰੀ ਕਵੀਆਂ ਦੇ ਕੁਝ ਵਿਚਾਰ ਇਸ ਲਈ ਪੇਸ਼ ਕੀਤੇ ਹਨ ਤਾਂ ਕਿ ਸਮਕਾਲੀ ਗਵਾਹੀਆਂ ਤੋਂ ਇਸ ਕਦਰਦਾਨੀ ਦੀ ਤਸਵੀਰ ਵਧੇਰੇ ਉਘੜ ਸਕੇ। ਇਹ ਕੇਵਲ ਕਹਿਣ ਦੀਆਂ ਗੱਲਾਂ ਨਹੀਂ ਸਨ, ਗੁਰੂ ਸਾਹਿਬ ਦੀ ਉਦਾਰ ਵਰਤੋਂ ਹੀ ਸਭ ਨੂੰ ਅਨੰਦ ਪ੍ਰਦਾਨ ਕਰਨ ਵਾਲੀ ਸੀ। ਇਹ ਉਤਸ਼ਾਹਜਨਕ ਦਾਨ ਤੇ ਇਵਜ਼ਾਨੇ ਦੱਸਦੇ ਹਨ ਕਿ ਕਿਉਂ ਵੱਡੇ-ਵੱਡੇ ਕਵੀ, ਰਾਜ ਦਰਬਾਰਾਂ ਨੂੰ ਛੱਡ ਕੇ ਅਨੰਦਪੁਰ ਵਲ ਧਾਈ ਕਰਦੇ ਆ ਰਹੇ ਸਨ :

ਧਨ ਅਰਥੀ ਧਨ ਗਨ ਕੋ ਪਾਯੋ।
ਨਿਜ ਬੁਧਿ ਕਰਿ ਗੁਰਦੇਵ ਰਿਝਾਯੋ।
ਅਪਰ ਪਦਾਰਥ ਜਿਨ ਕਿਨਿ ਚਾਹਾ।
ਦਸਮ ਗੁਰੂ ਤੇ ਲੀਨਸ ਪਾਹਾ ॥੨॥
ਮਹਾਂ ਉਦਾਰ ਮੁਕਤਿ ਲੌ ਦੇਤਿ।
ਚਹੁੰ ਦਿਸ਼ ਤੇ ਕਵਿ ਤਜਾਗਿ ਨਿਕੇਤ।

www.sikhbookclub.com

ਆਨਿ ਅਨੰਦਪੁਰਿ ਕੀਨਸਿ ਬਾਸਾ।
ਸੁਤ, ਬਿਤ ਆਦਿ ਪਾਇ ਸੁਖ ਰਾਸਾ ॥੩॥
ਜੋ ਨਿਸ਼ਕਾਮ ਮੁਕਤਿ ਹੀ ਦਈ।
ਕਿਤਿਕ ਸੰਪਦਾ ਅਰੁ ਗਤਿ ਲਈ।
ਚਾਰਹੁੰ ਚੱਕਨਿ ਗੁਰ ਜਸ ਫੈਲਾ।
ਮਨਹੁੰ ਚੰਦ ਉੱਜਲ ਬਿਨ ਮੈਲਾ ॥੪॥

(ਗੁਰ ਪ੍ਰਤਾਪ ਸੂਰਜ, ਰਿਤੁ ੫, ਅੰਸੂ ੫੧, ਪੰਨਾ ੫੭੧੨)

ਜੈਸਾ ਕਿ ਅਸੀਂ ਅੱਗੇ ਵੀ ਕਿਹਾ ਹੈ, ਇਹ ਇਕ ਤਾਂ ਭਾਰਤੀ ਸੰਸਕ੍ਰਿਤੀ ਦੀ ਰੱਖਿਆ, ਜਿਸ ਲਈ ਇਹ ਸਾਰਾ ਸਾਹਿਤ ਸਿਰਜਿਆ ਜਾ ਰਿਹਾ ਸੀ, ਦੂਜੇ ਇਸ ਦੇ ਬਦਲੇ ਧਨ-ਦੌਲਤ ਖੁਲ੍ਹਾ ਮਿਲਦਾ ਸੀ, ਤੀਸਰੇ ਉਹ ਘਟੀਆ ਕਿਸਮ ਦੀ ਖੁਸ਼ਾਮਦ ਕਰ ਕੇ ਆਪਣਾ ਸਵੈਮਾਨ ਵੀ ਕਿਸੇ ਨੂੰ ਗੁਆਉਣਾ ਨਹੀਂ ਸੀ ਪੈਂਦਾ, ਸਗੋਂ ਕੌਮੀ ਵਿਕਾਸ ਦੀਆਂ ਯੋਜਨਾਵਾਂ ਦੇਖ ਕੇ ਕ੍ਰਾਂਤੀਕਾਰੀ ਲਹਿਰ ਨੂੰ ਉਭਰਦਾ ਤੱਕ ਕੇ ਭਾਰਤੀ ਸਵਰਾਜ ਦੇ ਸੁਪਨੇ ਲੈਣ ਵਾਲਿਆਂ ਦੇ ਮਨ ਉਤਸ਼ਾਹ ਨਾਲ ਭਰਦੇ ਜਾ ਰਹੇ ਸਨ। ਇਹ ਸਾਰੀ ਸਾਂਸਕ੍ਰਿਤਿਕ ਸਰਗਰਮੀ ਗੁਰੂ ਸਾਹਿਬ ਦੇ ਜਤਨਾਂ ਨੂੰ ਬੜੇ ਮਨੋਹਰ ਰੂਪ ਵਿਚ ਪੇਸ਼ ਕਰ ਰਹੀ ਸੀ, ਖ਼ਾਸ ਕਰਕੇ ਵਿਦਵਾਨ ਤਬਕਾ ਬਹੁਤ ਖ਼ੁਸ਼ ਸੀ। ਗੁਰੂ ਸਾਹਿਬ ਆਪਣੀ ਵਡਿਆਈ ਵੀ ਨਹੀਂ ਸੀ ਚਾਹੁੰਦੇ, ਉਨ੍ਹਾਂ ਦਾ ਮਕਸਦ ਤਾਂ ਅਜਿਹਾ ਸਾਹਿਤ ਪੈਦਾ ਕਰਨਾ ਸੀ, ਜਿਸ ਨਾਲ ਜਨ ਸਾਧਾਰਨ ਉਭਾਰ ਵਿਚ ਆਵੇ ਤੇ ਉਹ ਖੰਡਾ ਫੜ ਕੇ ਨਿਆਂ ਅਤੇ ਆਜ਼ਾਦੀ ਦੇ ਵੈਰੀਆਂ ਨਾਲ ਸਿੱਝ ਸਕੇ। ਸੋ ਜਦੋਂ ਸਾਹਿਤ ਦਾ ਮੰਤਵ ਅਜਿਹਾ ਪਵਿੱਤਰ ਤੇ ਪਰਸੁਆਰਥ ਭਰਿਆ ਹੋਵੇ ਤਾਂ ਅੱਗਰਗਾਮੀ ਸ਼ਕਤੀਆਂ ਨੂੰ ਉਭਾਰਨਾ ਹੋਵੇ ਤਾਂ ਸਫਲਤਾ ਆਪਣੇ ਆਪ ਕਦਮ ਚੁੰਮਦੀ ਹੈ। ਇਸ ਸਾਹਿਤ ਦਰਬਾਰ ਵਿਚ ਕੰਮ ਕਰਨ ਵਾਲੇ ਵਿਦਵਾਨਾਂ, ਕਵੀਆਂ ਤੇ ਲਿਖਾਰੀਆਂ ਦੀ ਗਿਣਤੀ ਸੌ ਤੋਂ ਉਪਰ ਹੈ, ਜਿਨ੍ਹਾਂ ਵਿਚੋਂ ਮੁਖ ਇਹ ਹਨ :

ਭਾਈ ਮਨੀ ਸਿੰਘ, ਨੰਦ ਲਾਲ ਗੋਯਾ, ਨਨੂਆ ਵੈਰਾਗੀ, ਦੇਵੀ ਦਾਸ, ਕ੍ਰਿਪਾ ਰਾਮ, ਲਖਣਰਾਇ, ਭੋਜਰਾਮ, ਤਨਸੁਖ, ਚੰਦ ਸੈਨ, ਸੈਨਾਪਤਿ, ਕਾਸ਼ੀ ਰਾਮ, ਪ੍ਰਹਿਲਾਦ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਮੰਗਲ, ਹੰਸ ਰਾਮ, ਕੁਵਰੇਸ਼, ਟਹਿਕਨ, ਸੁਖਦੇਵ, ਬ੍ਰਿੰਦ, ਗਿਰਧਰ ਲਾਲ, ਆਲਮ ਸ਼ਾਹ, ਹਰਿਦਾਸ ਗੋਪਾਲ, ਧਰਮ ਸਿੰਘ, ਗੁਰਦਾਸ ਗੁਣੀ, ਗੁਰਦਾਸ ਸਿੰਘ, ਹੀਰ, ਸੁੰਦਰ, ਸ਼ਾਰਦਾ, ਸੁਦਾਮਾ, ਹੁਸੈਨ ਆਲੀ, ਚੰਦਨ, ਧੰਨਾ ਸਿੰਘ ਆਦਿ।

ਸਾਹਿਤਕ ਪ੍ਰਾਪਤੀ

ਇਸ ਸਾਹਿਤ ਦਰਬਾਰ ਦੀ ਪ੍ਰਾਪਤੀ ਦਾ ਜਾਇਜ਼ਾ ਲੈਣਾ ਜ਼ਰਾ ਔਖਾ ਹੈ, ਕਿਉਂਕਿ ਸਾਹਿਤ-ਸ਼ਤਰੂਆਂ ਅਨੰਦਪੁਰ ਉੱਤੇ ਲਗਾਤਾਰ ਕਈ ਧਾਵੇ ਬੋਲ ਕੇ ਇਸ ਸਾਹਿਤ ਭੰਡਾਰ ਨੂੰ ਇਕ ਤਰ੍ਹਾਂ ਤਬਾਹ ਕਰ ਦਿੱਤਾ, ਪਰ ਫਿਰ ਵੀ ਸਾਨੂੰ ਪਤਾ ਹੈ ਕਿ ਗੁਰੂ ਸਾਹਿਬ ਦੀ ਆਪਣੀ ਰਚਨਾ ਦਸਮ ਗ੍ਰੰਥ ਦੇ ਨਾਮ ਹੇਠ ਸੰਕਲਿਤ ਕੀਤੀ ਗਈ ਤੇ ਕਵੀਆਂ ਦੀ ਸਮੂਹ ਰਚਨਾ 'ਵਿਦਿਆਸਾਗਰ' ਜਾਂ 'ਵਿਦਿਆਸਰ' ਨਾਂ ਹੇਠ ਸੰਗ੍ਰਹਿ ਹੋਈ :

ਤਿਨ ਕਵੀਅਨਿ ਬਾਨੀ ਰਚੀ ਲਿਖਿ ਕਾਗਦ ਤੁਲਵਾਇ।

www.sikhbookclub.com

ਨੌਂ ਮਣ ਹੋਏ ਤੋਲ ਮਹਿ, ਸੂਖਮ ਲਿਖਤ ਲਿਖਾਇ ॥੨॥
ਵਿੱਦਜਾਸਰ ਤਿਸ ਗ੍ਰੰਥ ਕੋ, ਧਰਜੋ ਕਰਿ ਪ੍ਰੀਤਿ ।
ਨਾਨਾ ਬਿਧਿ ਕਵਿਤਾ ਰਚੀ, ਰਖਿ ਰਖਿ ਨੌਂ ਰਸ ਰੀਤਿ ॥੩॥

(ਗੁਰ ਪ੍ਰਤਾਪ ਸੂਰਜ, ਰਿਤੁ ੫, ਅੰਸੂ ੫੨, ਪੰਨਾ ੫੭੨੫)

ਵਿਦਿਆਸਰ ਗ੍ਰੰਥ ਦਾ ਵਜ਼ਨ 9 ਮਣ ਦੱਸਿਆ ਗਿਆ ਹੈ, ਇਸ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਕਿਤਨੀਆਂ ਅਨਗਿਣਤ ਰਚਨਾਵਾਂ ਸ਼ਾਮਲ ਸਨ, ਪਰ ਹੁਣ ਕੁਝ ਕੁ ਹੀ ਪ੍ਰਾਪਤ ਹਨ। ਅਸੀਂ ਜਾਣਦੇ ਹਾਂ ਕਿ ਸਤਿਗੁਰਾਂ ਬੜੀ ਸੂਝ-ਬੂਝ ਤੇ ਦੂਰ-ਦ੍ਰਿਸ਼ਟੀ ਨਾਲ ਪਹਿਲੇ 50 ਉਪਨਿਸ਼ਦਾਂ ਦਾ ਭਾਖਾਨੁਵਾਦ ਕਰਾਇਆ। ਇਸ ਦਾ ਆਧਾਰ ਦਾਰਾਸ਼ਕੋਹ ਵਲੋਂ 1657 ਈ. ਵਿਚ ਕਰਾਏ ਫ਼ਾਰਸੀ ਤਰਜਮੇ 'ਸਿਰਰਿ ਅਕਬਰ' ਨੂੰ ਬਣਾਇਆ ਗਿਆ ਸੀ, ਇਸ ਦਾ ਜ਼ਿਕਰ ਮੁਖ ਅਨੁਵਾਦਕ ਪ੍ਰਹਿਲਾਦ ਰਾਇ ਨੇ ਮੁੱਢ ਵਿਚ ਹੀ ਕੀਤਾ ਹੈ। ਇਸੇ ਤਰ੍ਹਾਂ ਮਹਾਂਭਾਰਤ ਦੇ 18 ਪਰਬਾਂ ਦੇ ਛੰਦ-ਬਧ ਅਨੁਵਾਦ ਵੱਖ-ਵੱਖ ਕਵੀਆਂ ਤੋਂ ਸਤਿਗੁਰਾਂ 1696 ਈ. (੧੭੫੩ ਬਿ.) ਤਕ ਸੰਪੂਰਨ ਕਰਵਾ ਲਏ ਸਨ। ਇਸ ਤੋਂ ਇਲਾਵਾ ਰਾਜਨੀਤਕ ਗ੍ਰੰਥਾਂ—ਪੰਚਤ੍ਰੰਤ, ਹਿਤੋਪਦੇਸ਼ ਤੇ ਚਾਣਾਕਾ ਨੀਤਿ ਆਦਿ ਦੇ ਉਲਥੇ ਹੋਏ ਜੋ ਕਿ ਪ੍ਰਾਪਤ ਹਨ। ਇਸ ਤਰ੍ਹਾਂ ਹਥਿਆਰਾਂ ਬਾਰੇ ਤੇ ਜੰਗ ਵਿਚ ਕੰਮ ਆਉਣ ਵਾਲੇ ਜਾਨਵਰਾਂ ਸੰਬੰਧੀ ਗ੍ਰੰਥ ਬਾਜਨਾਮਾ, ਫੀਲਨਾਮਾ ਤੇ ਅਸਪਨਾਮਾ ਆਦਿ ਲਿਖਾਏ ਗਏ ਸਨ। 'ਪ੍ਰੇਮ ਅੰਬੋਧਿ' ਪੁਸਤਕ ਵਿਚ ਭਗਤਾਂ ਦੇ ਜੀਵਨ ਅੰਕਿਤ ਹਨ। ਇਹ ਵੀ 1693 ਈ. (੧੭੫੦ ਬਿ.) ਦੀ ਰਚਨਾ ਹੈ।

ਕੁਝ ਕਵੀਆਂ ਨੇ ਦਾਰਸ਼ਨਿਕ ਰਚਨਾਵਾਂ ਰਚਣ ਦਾ ਉਪਰਾਲਾ ਕੀਤਾ ਹੈ ਜਿਨ੍ਹਾਂ ਵਿਚ ਕਾਂਸ਼ੀ ਰਾਮ ਦੀ 'ਪਾਂਡਵ ਗੀਤਾ', ਗੋਪਾਲ ਦਾ 'ਅਨਭਉ ਪ੍ਰਕਾਸ਼' ਤੇ ਸੁਖਦੇਵ ਕਵੀ ਦਾ 'ਅਧਿਆਤਮ ਪ੍ਰਕਾਸ਼' ਗਿਣਿਆ ਜਾ ਸਕਦਾ ਹੈ। ਇਸ ਅਨੁਵਾਦ-ਯੋਜਨਾ ਤੋਂ ਇਲਾਵਾ ਕਈ ਪ੍ਰਸਿੱਧ ਭਾਰਤੀ ਗ੍ਰੰਥਾਂ ਦਾ ਗੁਰਮੁਖੀ ਵਿਚ ਲਿਪਿਅੰਤਰਣ ਵੀ ਕਰਵਾਇਆ ਗਿਆ ਜਿਵੇਂ ਕਿ 1696 ਈ. (੧੭੫੩ ਬਿ.) ਦਾ ਲਿਖਿਆ ਗੁਰਮੁਖੀ ਵਿਚ 'ਸੂਰ ਸਾਗਰ' ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੇ ਖਰੜਾ ਨੰ: ੫੦੨੭ ਵਿਚ ਦਰਜ ਸੀ ਤੇ ਇਵੇਂ ਹੀ ੫੦੨੫ ਤੇ ੫੦੨੬ ਨੰਬਰ 'ਤੇ ਹਨੂਮਾਨ ਨਾਟਕ ਤੇ ਅਸ਼੍ਵਮੇਧ ਪਰਬ (ਟਹਿਕਨ) ਲਿਖਿਆ ਮਿਲਦਾ ਸੀ, ਪਰ ਹੁਣ ਇਹ 1984 ਈ. ਦੇ ਘੱਲੂਘਾਰੇ ਵਿਚ ਸਭ ਕੁਝ ਨਸ਼ਟ ਹੋ ਗਿਆ ਹੈ। ਇਹ ਗ੍ਰੰਥ 'ਵੱਡ ਅਕਾਰੇ' ਵਿਦਿਆ-ਸਾਗਰ ਦਾ ਹਿੱਸਾ ਸਨ ਤੇ ਹਰ ਪੱਤਰੇ 'ਤੇ 33-34 ਸਤਰਾਂ ਲਿਖੀਆਂ ਸਨ।

ਨੰ: ੫੦੨੫ ਖਰੜੇ ਦੇ ਪੱਤਰੇ ਸਨ—੧੪੮੦ ਤੋਂ ੧੫੩੦ ਤੱਕ

(ਹਨੂਮਾਨ ਨਾਟਕ ਤੇ ਸਾਮੁਦ੍ਰਿਕ ਭਾਖਾ)

ਨੰ: ੫੦੨੬ ਖਰੜੇ ਦੇ ਪੱਤਰੇ ਸਨ—੨੬੭੮ ਤੋਂ ੨੮੪੦ ਤੱਕ

(ਅਸ਼੍ਵਮੇਧ ਭਾਖਾ, ਟਹਿਕਨ)

ਨੰ: ੫੦੨੭ ਖਰੜੇ ਦੇ ਪੱਤਰੇ ਸਨ—੨੮੫੦ ਤੋਂ ੩੦੫੮ ਤੱਕ

(ਸੂਰ ਸਾਗਰ)

ਇਸ ਵੇਰਵੇ ਤੋਂ ਇਤਨਾ ਜ਼ਰੂਰ ਪਤਾ ਲੱਗਦਾ ਹੈ ਕਿ ਸਤਿਗੁਰਾਂ ਦੀ ਕਿਸ ਤਰ੍ਹਾਂ ਦੀ ਅਨੇਕ ਭਾਂਤੀ ਸਾਹਿਤਕ ਯੋਜਨਾ ਸੀ ਤੇ ਕਿਵੇਂ ਉਹ ਜ਼ਰੂਰੀ ਪੁਸਤਕਾਂ ਦੇ ਗੁਰਮੁਖੀ ਉਤਾਰੇ ਕਰਵਾ ਕੇ ਪੰਜਾਬ ਵਾਸੀਆਂ ਨੂੰ ਭਾਰਤੀ ਪਰੰਪਰਾ ਤੋਂ ਜਾਣੂ ਕਰਵਾ ਰਹੇ ਸਨ।

www.sikhbookclub.com

ਅੱਜ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਦੇ ਇਨ੍ਹਾਂ ਸਾਹਿਤਕ ਜਤਨਾਂ ਨੂੰ ਨਵੇਂ ਸਿਰਿਓਂ ਸਮਝਣ ਦੀ ਲੋੜ ਹੈ ਤੇ ਇਸ ਤੋਂ ਪ੍ਰੇਰਨਾ ਲੈਣੀ ਵੀ ਬਣਦੀ ਹੈ।

ਸਤਿਗੁਰੂ ਅਦ੍ਵੈਤਵਾਦੀ ਸਨ, ਤੌਹੀਦ-ਪ੍ਰਸਤ ਸਨ ਤੇ ਰੱਬੀ ਏਕਤਾ ਦੇ ਨਾਲ ਨਾਲ ਮਨੁੱਖੀ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ। ਉਹ ਦੇਵੀ-ਦੇਵਤਿਆਂ ਜਾਂ ਅਵਤਾਰਾਂ ਨੂੰ ਨਹੀਂ ਸੀ ਮੰਨਦੇ ਤੇ ਨਾ ਹੀ ਚਾਰ ਵਰਣ ਆਸ਼੍ਰਮ ਦੀ ਮਰਯਾਦਾ ਨੂੰ ਸਮਾਜ ਲਈ ਹਿਤਕਾਰੀ ਸਮਝਦੇ ਸਨ, ਪਰ ਫਿਰ ਵੀ ਉਹਨਾਂ ਖੁਦ ਭਾਰਤ ਦੇ ਮਹਾਂਪੁਰਖਾਂ ਦੇ ਜੀਵਨ ਦਾ ਬਚਿਤ੍ਰ ਨਾਟਕ ਲਿਖ ਕੇ ਇਥੋਂ ਦੇ ਲੋਕਾਂ ਨੂੰ ਧਰਮ-ਯੁੱਧ ਲਈ ਤਿਆਰ-ਬਰ-ਤਿਆਰ ਕਰਨ ਦਾ ਉੱਦਮ ਕੀਤਾ ਤਾਂ ਕਿ ਉਹਨਾਂ ਦੇ ਸ਼ਰਧਾਲੂ ਸ੍ਰੀ ਰਾਮ ਚੰਦਰ, ਸ੍ਰੀ ਕ੍ਰਿਸ਼ਨ ਤੇ ਦੁਰਗਾ ਦੇ ਕਾਰਨਾਮਿਆਂ ਤੋਂ ਪ੍ਰੇਰਨਾ ਲੈ ਸਕਣ। ਅਸੀਂ ਜਾਣਦੇ ਹਾਂ ਕਿ ਉਹ ਅਵਤਾਰਵਾਦ ਦੇ ਹਿਮਾਇਤੀ ਨਹੀਂ ਸਨ ਤੇ ਨਾ ਹੀ ਉਹ ਪੁਰਾਣਕ ਗੱਲਾਂ ਵਿਚ ਬਹੁਤਾ ਵਿਸ਼ਵਾਸ ਰੱਖਦੇ ਸਨ। ਉਹ ਸਾਫ਼ ਕਹਿੰਦੇ ਹਨ :

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥
ਲਿਵ ਲਾਗੀ ਮੋਰੀ ਪਗ ਇਨ ਸੋਂ ॥੪੩੪॥ *(ਕ੍ਰਿਸ਼ਨਾਵਤਾਰ, ਪੰਨਾ ੩੧੦)*

ਜਾਂ

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ, ਤਿਹ ਪਰਮੇਸਰ ਜਾਨੋ ॥ *(ਕਲਿਆਣ ਪਾ: ੧੦)*

ਇਹੋ ਕਾਰਣ ਹੈ ਕਿ ਉਨ੍ਹਾਂ ਵੇਦਾਂ, ਸਿੰਮ੍ਰਿਤੀਆਂ ਜਾਂ ਸ਼ਾਸਤ੍ਰਾਂ ਆਦਿ ਦੇ ਅਨੁਵਾਦ ਕਰਾਉਣ ਦੀ ਲੋੜ ਨਹੀਂ ਸਮਝੀ ਕਿਉਂਕਿ ਇਹ ਗ੍ਰੰਥ ਭੇਦਵਾਦੀ ਸਨ। ਇਹ ਰਚਨਾਵਾਂ ਭਿੰਨ ਭਿੰਨ ਮੱਤਾਂ ਦੀਆਂ ਪਗਡੰਡੀਆਂ ਵਲ ਲਿਜਾਂਦੀਆਂ ਸਨ ਅਤੇ ਕੌਮੀ ਸ਼ਾਹਰਾਹ 'ਤੇ ਨਹੀਂ ਸੀ ਤੋਰਦੀਆਂ। ਇਹ ਗੱਲ ਸਤਿਗੁਰਾਂ ਸਪੱਸ਼ਟ ਤੌਰ 'ਤੇ ਲਿਖੀ ਹੈ :

ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥

(ਦਸਮ ਗ੍ਰੰਥ)

ਬਚਿਤ੍ਰ ਨਾਟਕ ਤੋਂ ਵੀ ਇਸੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ :

ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥
ਤਿਨਿ ਤਿਨਿ ਕ੍ਰਿਆ ਬ੍ਰਹਮ ਕੀ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਿਰਾਯੋ ॥
ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰ ਹੀ ਬੇਦ ਬਨਾਏ ॥
ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥
ਤੇ ਬੇਦਨ ਤੇ ਭਏ ਤਿਆਗੀ ॥੧੯॥

(ਅਧਿ: ੬)

www.sikhbookclub.com

ਸੋ ਉਨ੍ਹਾਂ ਅਨੁਵਾਦ ਕਰਨ ਲਈ 50 ਉਪਨਿਸ਼ਦ ਚੁਣੇ ਜੋ ਕਿ ਆਤਮ ਗਿਆਨ ਦਾ ਭੰਡਾਰ ਸਨ, ਉਨ੍ਹਾਂ ਗ੍ਰੰਥਾਂ ਵਿਚੋਂ ਗ੍ਰੰਥ 'ਮਹਾਂਭਾਰਤ' ਚੁਣਿਆ ਜੋ ਕਿ ਭਾਰਤੀ ਸੰਸਕ੍ਰਿਤੀ ਦਾ ਖ਼ਜ਼ਾਨਾ ਸੀ। ਸੋ ਉਨ੍ਹਾਂ ਦੇ ਇਸ ਬਿਬੇਕ ਦੀ ਪ੍ਰਸੰਸਾ ਕਰਨੀ ਬਣਦੀ ਹੈ, ਜਿਨ੍ਹਾਂ ਇਸ ਤਰ੍ਹਾਂ ਦੇ ਸਾਹਿਤ ਰਚਨਾ ਨੂੰ ਪਛਾਣਿਆ ਤੇ ਉਨ੍ਹਾਂ ਦੇ ਭਾਖਾਨੁਵਾਦ ਕਰਾ ਕੇ ਆਪਣੀ ਕ੍ਰਾਂਤੀਕਾਰੀ ਲਹਿਰ ਨੂੰ ਬਲਵਾਨ ਕੀਤਾ।

ਸਤਿਗੁਰਾਂ ਦੇ ਸਾਹਿਤਕ ਆਦਰਸ਼ਾਂ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਅਸੀਂ ਆਪ ਦੇ ਕੁਝ ਬਚਨ ਧਿਆਨ ਗੋਚਰੇ ਕਰੀਏ :

(1)

ਜਾਗਤਿ ਜੋਤ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥ *(ਦਸਮ ਗ੍ਰੰਥ, ਪੰਨਾ ੭੧੨)*

(2)

ਖਗ ਖੰਡ ਬਿਹੰਡੰ ਖਲ ਦਲ ਖੰਡੰ,
ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ,
ਜੋਤਿ ਅਮੰਡੰ ਭਾਨ ਪ੍ਰਭੰ ॥ *(ਦਸਮ ਗ੍ਰੰਥ, ਪੰਨਾ ੩੯)*

(3)

ਪਾਂਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ,
ਅਨੇਕ ਕਹੈਂ ਮਤ ਏਕ ਨ ਮਾਨਯੋ ॥ *(ਦਸਮ ਗ੍ਰੰਥ, ਪੰਨਾ ੨੫੪)*

(4)

ਧੰਨ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ,
ਜਸੁ ਨਾਵ ਚੜੈ ਭਵ ਸਾਗਰ ਤਾਰੈ ॥ *(ਦਸਮ ਗ੍ਰੰਥ, ਪੰਨਾ ੫੭੦)*

(5)

ਦੇਹ ਸਿਵਾ ! ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ ॥ *(ਦਸਮ ਗ੍ਰੰਥ, ਪੰਨਾ ੯੯)*

(1/1988)

www.sikhbookclub.com

ਸ੍ਰੀ ਦਸਮੇਸ਼ ਜੀ ਤੇ ਕਵੀ ਕੁਵਰੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਬਵੰਜਾ ਕਵੀ ਸਨ ਤੇ ਉਨ੍ਹਾਂ ਵਿਚੋਂ ਕਵੀ ਕੁਵਰੇਸ਼ ਵੀ ਇਕ ਚੋਟੀ ਦਾ ਕਵੀ ਸੀ। ਇਹ ਕਵੀ ਦਰਿਆ ਗੰਗਾ-ਜਮੁਨਾ ਦੇ ਵਿਚਕਾਰ ਬਰੀ ਪਿੰਡ ਦਾ ਵਸਨੀਕ ਸੀ। ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਦੇ ਕਥਨ ਅਨੁਸਾਰ ਕੁਵਰੇਸ਼ ਦੇ ਪਿਤਾ ਦਾ ਨਾਂ ਕਵੀ ਕੇਸ਼ਵ ਦਾਸ ਸੀ, ਜਿਵੇਂ ਕਿ 'ਗੁਰਪਦ ਪ੍ਰੇਮ ਪ੍ਰਕਾਸ਼' ਵਿਚ ਲਿਖਿਆ ਹੈ :

ਕੁਵੇਰੇਸ਼ ਕਵੀ ਕੇਸ਼ਵ ਬੇਟਾ।
ਪਾਂਚ ਸਾਤ ਕਬਿਤ ਨਿਤ ਜਿਹ ਭੇਟਾ।

ਇਹ ਕਵੀ ਕੇਸ਼ਵ ਦਾਸ ਕੌਣ ਸੀ, ਇਸ ਬਾਰੇ ਜੇ ਹਿੰਦੀ ਸਾਹਿਤ ਦੇ ਇਤਿਹਾਸ ਨੂੰ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਵੀ ਕੁਵਰੇਸ਼ ਦਾ ਪਿਤਾ ਕੇਸ਼ਵ ਦਾਸ ਸ਼ਾਹ ਜਹਾਂਗੀਰ ਦੇ ਸਮੇਂ ਓੜਛੇ ਦਾ ਇਕ ਪ੍ਰਸਿੱਧ ਰਾਜ-ਕਵੀ ਸੀ ਤੇ ਰਾਜਾ ਇੰਦਰਜੀਤ ਦਾ ਦਰਬਾਰੀ ਸੀ। ਕਵੀ ਕੇਸ਼ਵ ਦਾਸ ਦੀਆਂ ਪ੍ਰਸਿੱਧ ਕਾਵ-ਰਚਨਾਵਾਂ ਇਹ ਹਨ : (1) ਕਵਿ ਪ੍ਰਿਯਾ, (2) ਰਸਿਕ ਪ੍ਰਿਯਾ, (3) ਰਾਮ ਚੰਦ੍ਰਿਕਾ, (4) ਸ਼ਾਹ ਜਹਾਂਗੀਰ ਚੰਦ੍ਰਿਕਾ।

ਕੇਸ਼ਵ ਤੋਂ ਪਿੱਛੋਂ ਉਸ ਦਾ ਪੁੱਤਰ ਕੁਵਰੇਸ਼ ਅਚਾਨਕ ਔਰੰਗਜ਼ੇਬ ਦੇ ਜ਼ੁਲਮ ਦੇ ਕਾਰਨ ਹੋਰ ਕੋਈ ਚਾਰਾ ਚਲਦਾ ਨਾ ਦੇਖ ਕੇ ਪਿੰਡ ਬਰੀ ਦਾ ਵਸੇਬਾ ਛੱਡ ਕੇ ਸਿੱਧਾ ਪੰਜਾਬ ਪਹੁੰਚਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਅਨੰਦਪੁਰ ਜਾ ਹਾਜ਼ਰ ਹੋਇਆ। ਗੁਰੂ ਸਾਹਿਬ ਨੇ ਕੁਵਰੇਸ਼ ਤੋਂ ਮਹਾਂਭਾਰਤ ਦੇ ਦ੍ਰੋਣ ਪਰਬ ਦਾ ਅਨੁਵਾਦ ਕਰਵਾਇਆ, ਜੋ ਇਸ ਸਮੇਂ ਮਹਾਰਾਜਾ ਪਟਿਆਲਾ ਦੀ ਮੋਤੀ ਬਾਗ਼ ਪੈਲੇਸ ਲਾਇਬਰੇਰੀ ਵਿਚ ਮੌਜੂਦ ਹੈ। ਕਰਣ ਪਰਬ ਤੋਂ ਬਿਨਾਂ ਕਵੀ ਕੁਵਰੇਸ਼ ਨੇ ਕੁਝ ਫੁਟਕਲ ਕਾਵਯ-ਰਚਨਾ ਵੀ ਕੀਤੀ, ਜਿਸ ਦੇ ਨਮੂਨੇ ਕੁਝ ਪੰਜਾਬੀ ਪੁਸਤਕਾਂ ਵਿਚੋਂ ਮਿਲਦੇ ਹਨ ਤੇ ਸੰਮਤ ੧੭੫੨ ਬਿ. (ਮੁਤਾਬਿਕ ਸੰਨ 1695 ਈ.) ਵਿਚ 'ਕੋਕ ਸਾਰ' ਨਾਂ ਦੀ ਸੰਸਕ੍ਰਿਤ ਪੁਸਤਕ ਦਾ ਰਤਿ ਰਹਸਯ ਨਾਂ ਹੇਠ ਸੁਤੰਤ੍ਰ ਅਨੁਵਾਦ ਵੀ ਕੀਤਾ :

ਸੰਬਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ।
ਤਾਂ ਮੈ ਯਹ ਕਵਿ ਜਤਨ ਕਰ ਕਿਯੋ ਗ੍ਰੰਥ ਕੋ ਡੌਰ ॥੨੦॥
ਨਿਜ ਮਤਿ ਕੇ ਅਨੁਸਾਰ ਕਿਯੋ ਗ੍ਰੰਥ ਆਰੰਭ।
ਗੁਰੂ ਕੋ ਸੀਸ ਨਿਵਾਇਕੈ ਜਾਨ ਦੇਵਤਾ ਸੰਭ ॥੨੧॥

ਤੇ ਨਾਲ ਹੀ ਲਿਖਿਆ ਹੈ ਕਿ ਇਹ ਕਵੀ ਗੁਰੂ ਜੀ ਦੇ ਦਵਾਰ ਪਰ ਹਮੇਸ਼ਾ ਹਾਜ਼ਰ ਰਹਿੰਦਾ ਸੀ :

ਗੁਰੂ ਗੋਬਿੰਦ ਕੇ ਦਵਾਰ, ਪਰ ਸਦਾ ਰਹੈ ਕੁਵਰੇਸ਼ ਕਵਿ।
ਯਾਤੇ ਗ੍ਰੰਥ ਉਦਾਰ, ਕਰਿਬੇ ਕੀ ਪਾਈ ਸਕਤਿ ॥੨੨॥

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣਾਂ ਵਿਚ ਕਵੀ ਕੁਵਰੇਸ਼ ਦੀ ਬੜੀ ਅਗਾਧ ਸ਼ਰਧਾ ਸੀ ਜੋ ਉਸ ਦੀ ਕੁੰਡਲੀਆ ਰੂਪ ਇਸ ਕਵਿਤਾ ਤੋਂ ਚੰਗੀ ਤਰ੍ਹਾਂ ਸਪੱਸ਼ਟ ਹੁੰਦੀ ਹੈ :

ਜਾਨੇ ਗੁਰੂ ਗੋਬਿੰਦ ਕੇ ਹੋਤ ਆਪਨੋ ਕਾਜ ।
ਜੋ ਕੋਊ ਆਗਯਾ ਲੇ ਚਲੈ ਤਾਹਿ ਦੇਤ ਹੈਂ ਰਾਜ ।
ਤਾਹਿ ਦੇਤ ਹੈ ਰਾਜ, ਸਾਜ ਜਾ ਕੋ ਅਤਿ ਭਾਗੀ ।
ਤੇਜ ਰੂਪ ਗਜ ਬਾਜ, ਔਰ ਸੰਸੈ ਸੁਖ ਕਾਗੀ ।
ਐਸੇ ਕਰਤ ਸਰੂਪ ਜੌਨ ਸਬ ਹੈਂ ਮਾਨੇ ਪੁਰ ।
ਤਿਨ ਹੀ ਕੇ ਸਬ ਕਾਜ ਹੋਤ ਜਿਨ ਹੈਂ ਜਾਨੇ ਗੁਰ ॥੮॥

ਕਬਿੱਤ, ਸਵੈਯੇ, ਦੋਹਰੇ, ਸੋਰਠੇ, ਆਦਿ ਤੋਂ ਬਿਨਾਂ ਉਸ ਨੇ ਕਿਤਨੇ ਹੀ ਹੋਰ ਛੰਦ ਵੀ ਆਪਣੀ ਕਵਿਤਾ ਵਿਚ ਅਪਣਾਏ ਹਨ, ਜਿਵੇਂ ਗੁਰੂ-ਉਪਮਾ ਵਿਚ ਇਕ ਨਵੇਂ ਹੀ ਸਾਲੂਰ ਛੰਦ ਦੇ ਕੁਝ ਉਦਾਹਰਣ ਹਨ :

(1) ਜਾ ਕੋ ਨ ਜਾਨਤ ਭੇਦ ਬੇਦ ਔਰ ਜਾਨੇ ਕੌਨ ।
ਮਹਿਮਾ ਅਪਾਰ ਅਧਾਰ ਚੌਦਹ ਭਵਨ ਕੋ ਛਬ ਭੌਨ ।
ਨਿਰਗੁਨ ਸਰਗੁਣ ਦ੍ਵੈ ਰੂਪ ਜਾਕੇ ਕਹਿਤ ਬੇਦ ਪੁਰਾਨ ।
ਸੋ ਆਦਿ ਪੁਰਖ ਪ੍ਰਗਟ ਗੁਰੂ ਗੋਬਿੰਦ ਰੂਪ ਪ੍ਰਮਾਨ ॥੧੪॥

(2) ਜਾ ਕੇ ਲਖੇ ਨਰਲਹਿਤ ਮਨ ਇੱਛਾ ਅਪਾਰ ਪ੍ਰਧਾਨ ।
ਚਾਰੋ ਪਦਾਰਥ ਦਾਨ ਜਾ ਕੇ ਦਵਾਰ ਬੀਚ ਨਿਧਾਨ ।
ਸਭ ਲੋਕ ਮਯ ਰਸ ਮਯ, ਸੁਧਾਮਯ ਧਰੋ ਤੇਜ ਅਪਾਰ ।
ਗੋਬਿੰਦ ਗੁਰ ਸਮ ਕੌਨ ਕੋਟ ਕਾਮ ਰੂਪ ਉਦਾਰ ॥੧੫॥

(3) ਜਾ ਕੋ ਚਰਾਚਰ ਕਹੈ ਗੁਰੂ ਪੂਰਨ ਪੁਰਖ ਕਰਤਾਰ ।
ਸੋ ਪੰਜ ਨਦ ਮੈ ਨਾਨਕੋ ਹ੍ਵੈ ਪ੍ਰਗਟ ਭਯੋ ਸੰਸਾਰ ।
ਨਰ ਦੇਵ ਮੁਕਤ ਮਯੂਖਮੰ ਤਿਤਿ ਮੰਜ ਅੰਘ੍ਰਿ ਸਰੋਜ ।
ਗੋਬਿੰਦ ਨਾਨਕ ਕੋ ਸਬੈ ਧਯਾਵੈ ਜਿਨੈ ਜਿਤ ਓਜ ॥੧੬॥

ਇਸ ਤਰ੍ਹਾਂ ਕਵੀ ਕੁਵਰੇਸ਼ ਨੇ ਦ੍ਰੋਣ ਪਰਬ (ਮਹਾਂ ਭਾਰਤ) ਵਿਚ ਗੁਰੂ ਦਸਮੇਸ਼ ਜੀ ਦੀ ਉਸਤਤਿ ਨਰਿੰਦ ਅਥਵਾ ਨਰੇਸ਼ ਕਹਿ ਕੇ ਕਰਦਿਆਂ ਹੋਇਆਂ ਇਕ ਥਾਵੇਂ ਲਿਖਿਆ ਹੈ, ਜਿਸ ਵਿਚ ਗੁਰੂ ਜੀ ਦੇ ਅਨੰਦ ਪੁਰੀ ਰਾਜ-ਭਵਨ ਨੂੰ ਰਜ ਕੇ ਸਲਾਹਿਆ ਹੈ :

ਗੁਰੂ ਗੋਬਿੰਦ ਨਰਿੰਦ ਹੈ ਤੇਗ ਬਹਾਦਰ ਨੰਦ ।
ਜਿਨ ਕੇ ਜੀਵਤ ਹੈ ਸਕਲ ਭੂਤਲ ਕਵਿ ਬੁਧ ਬ੍ਰਿੰਦ ।
ਨਦੀ ਸਤਦ੍ਰਵ ਤੀਰ ਤਹਿ ਸ਼ੁਭ ਅਨੰਦ ਪੁਰ ਨਾਮ ।
ਗੁਰੂ ਗੋਬਿੰਦ ਨਰਿੰਦ ਕੇ ਰਾਜਤ ਸੁਭਗ ਸੁਧਾਮ ।

ਤੇ ਨਾਲ ਹੀ ਆਪਣੇ ਵਸੇਬੇ ਦਾ ਪਤਾ ਵੀ ਦਿੱਤਾ ਹੈ :

ਗੰਗਾ ਜਮੁਨਾ ਬੀਚ ਮੈ ਬਗੀ ਗ੍ਰਾਮ ਕੋ ਨਾਮ ।

www.sikhbookclub.com

ਤਹਾਂ ਸੁ ਕਵਿ ਕੁਵਰੇਸ਼ ਕੋ ਬਾਸ ਕਰੈ ਕੋ ਧਾਮ ।

ਕਵੀ ਕੁਵਰੇਸ਼ ਸੰਮਤ ੧੭੬੧ ਬਿ. ਵਿਚ ਇਸ ਤੋਂ ਕੁਝ ਸਮਾਂ ਪਹਿਲਾਂ ਜਦੋਂ ਅਨੰਦਪੁਰ ਮੁਗਲਾਂ ਤੇ ਪਹਾੜੀਆਂ ਦੀਆਂ ਫ਼ੌਜਾਂ ਦੇ ਧਾਵੇ ਹੋਣ 'ਤੇ ਬਹੁਤਾ ਜੰਗਾਂ-ਜੁੱਧਾਂ ਦਾ ਅਖਾੜਾ ਬਣਿਆ ਰਿਹਾ ਤਾਂ ਹੋਰ ਕਵੀਆਂ ਦੇ ਨਾਲ ਹੀ ਇਹ ਕਵੀ ਵੀ ਵਿਦਾ ਹੋਇਆ ਤੇ ਗਾਲਬਨ ਉੱਤਰ ਪ੍ਰਦੇਸ਼ ਵਿਚ ਕਿਸੇ ਥਾਵੇਂ ਚਲਾ ਗਿਆ। ਇਸ ਦਾ ਜਨਮ ਕਦੋਂ ਤੇ ਦੇਹਾਂਤ ਕਦੋਂ ਤੇ ਕਿਥੇ ਹੋਇਆ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

(2/1967)

www.sikhbookclub.com

ਦਸਮੇਸ਼ ਜੀ ਦਾ ਦਰਬਾਰੀ ਕਵੀ ਸੈਨਾਪਤਿ

ਭਾਰਤੀ ਸਭਿਅਤਾ ਨੂੰ ਉਤਾਂਹ ਉਠਾਉਣ ਲਈ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਲਮ ਤੇ ਤੇਗ਼ ਦੀ ਸੁਯੋਗ ਵਰਤੋਂ ਕਰਕੇ ਜੀਵਨ ਦਾ ਸਰਬ-ਪੱਖੀ ਵਿਕਾਸ ਕੀਤਾ, ਉਸ ਦੀ ਮਿਸਾਲ ਇਤਿਹਾਸ ਵਿਚ ਮਿਲਣੀ ਅਨੋਖੀ ਜਿਹੀ ਗੱਲ ਹੈ। ਉਹਨਾਂ ਤੋਂ ਪਹਿਲੇ ਗੁਰੂ ਸਾਹਿਬਾਨ ਨੇ ਵੀ ਇਹ ਅਨੁਭਵ ਕਰ ਲਿਆ ਸੀ ਕਿ ਸਾਹਿਤ ਦੇ ਵਿਕਾਸ ਰਾਹੀਂ ਹੀ ਮਨੁੱਖੀ ਜੀਵਨ ਦਾ ਵਿਕਾਸ ਕੀਤਾ ਜਾ ਸਕਦਾ ਹੈ, ਇਸੇ ਕਰਕੇ ਉਨ੍ਹਾਂ ਰੂਹਾਨੀ (ਸਾਹਿਤ) ਪਾਵਨ ਗੁਰਬਾਣੀ ਨੂੰ 'ਗੁਰੂ' ਪਦ ਨਾਲ ਸਨਮਾਨਿਤ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਵੇਂ ਕਈ ਸਮਾਜਕ ਤੇ ਰਾਜਨੀਤਕ ਤਾਕਤਾਂ ਨਾਲ ਟੱਕਰ ਲੈਣੀ ਪਈ ਤੇ ਘੋਰ ਯੁੱਧ ਵੀ ਕਰਨੇ ਪਏ, ਫਿਰ ਵੀ ਉਨ੍ਹਾਂ ਸਾਹਿਤ ਰਚਨਾ ਦੇ ਕੰਮ ਨੂੰ ਮੱਧਮ ਨਹੀਂ ਪੈਣ ਦਿੱਤਾ। ਉਹਨਾਂ ਜਿਥੇ ਆਪ ਸ੍ਰੀ ਦਸਮ ਗ੍ਰੰਥ ਜੈਸੇ ਵਿਸ਼ਾਲ ਗ੍ਰੰਥ ਦੀ ਰਚਨਾ ਕੀਤੀ, ਉਥੇ ਕਿਤਨੇ ਹੀ ਵਿਦਵਾਨ ਕਵੀ ਆਪਣੇ ਪਾਸ ਰੱਖ ਕੇ ਕਈ ਭਾਰਤੀ ਰਚਨਾਵਾਂ ਦੇ ਅਨੁਵਾਦ ਵੀ ਕਰਾਏ ਜਿਵੇਂ ਮਹਾਂਭਾਰਤ ਦੇ ਅਠਾਰਾਂ ਪਰਬਾਂ ਦਾ।

ਆਮ ਤੌਰ 'ਤੇ ਸਾਡੇ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਜੀ ਦੇ ਦਰਬਾਰ ਵਿਚ 52 ਕਵੀ ਹੋਣ ਦਾ ਜ਼ਿਕਰ ਕੀਤਾ ਹੈ ਪਰੰਤੂ ਇਸ ਲਿਸਟ ਵਿਚ (ਜਿਵੇਂ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾ ੬੩੩ 'ਤੇ ਦਿੱਤੀ ਹੈ) ਤਨਸੁਖ ਲਾਹੌਰੀ, ਪਿੰਗਲਸਾਰ ਦਾ ਕਰਤਾ ਗਿਰਧਰ ਲਾਲ (੧੭੪੫ ਬਿ.), ਬਿਹਾਰੀ, ਜੋਧਾਰਾਏ, ਮਧੂ, ਮਾਨੀ, ਜਾਨ, ਠਾਕੁਰ ਆਦਿ ਕਈ ਕਵੀਆਂ ਦੇ ਨਾਮ ਨਹੀਂ ਵੀ ਮਿਲਦੇ। ਕਈ ਕਵੀਆਂ ਦੇ ਨਾਮ ਇਉਂ ਦਿੱਤੇ ਹਨ, ਜਿਵੇਂ ਉਹ ਇਕੋ ਕਵੀ ਦੋ ਵਾਰ ਗਿਣ ਲਿਆ ਗਿਆ ਹੈ। ਜਿਵੇਂ ਗੁਰਦਾਸ ਗੁਣੀ ਇਕ ਕਵੀ ਹੋਇਆ ਹੈ। ਇਸ ਨੂੰ ਸਾਡੇ ਇਤਿਹਾਸਕਾਰ ਗੁਰਦਾਸ ਤੇ ਗੁਣੀਆ, ਦੋ ਨਾਵਾਂ ਹੇਠ ਵੰਡ ਦਿੱਤਾ ਹੈ। ਇਸ ਵਿਚਾਰ ਤੋਂ ਸਾਡਾ ਭਾਵ ਇਤਨਾ ਹੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਗੁਰੂ ਸਾਹਿਬ ਜੀ ਦੇ ਦਰਬਾਰ ਵਿਚ 52 ਕਵੀ ਹੀ ਸਨ, ਕਈ ਵਾਰ ਇਸ ਵਿਚ ਵਾਧ-ਘਾਟ ਵੀ ਹੁੰਦੀ ਰਹਿੰਦੀ ਸੀ। ਕਈ ਕਵੀ ਆਉਂਦੇ ਰਹੇ ਤੇ ਕਈ ਜਾਂਦੇ ਵੀ ਰਹੇ।

ਗੁਰੂ ਸਾਹਿਬ ਦੇ ਇਸ ਕਾਵਿ ਦਰਬਾਰ ਵਿਚ ਜਿਥੇ ਸਾਹਿਤਕ ਗੋਸ਼ਟੀਆਂ ਹੁੰਦੀਆਂ ਰਹਿੰਦੀਆਂ ਸਨ, ਉਥੇ ਜੋ ਕਵਿਤਾ ਦੇ ਮੁਕਾਬਲੇ ਹੁੰਦੇ, ਉਹ ਵੀ ਆਪਣੀ ਮਿਸਾਲ ਆਪ ਸਨ। ਮਿਸਾਲ ਵਜੋਂ ਚੰਦਨ ਕਵੀ ਤੇ ਧੰਨਾ ਸਿੰਘ ਦੀ ਕਾਵਿ ਪ੍ਰਤਿਯੋਗਤਾ ਸਾਡੇ ਇਤਿਹਾਸ ਵਿਚ ਕਾਫ਼ੀ ਪ੍ਰਸਿੱਧ ਹੈ।

ਚੰਦਨ ਨੂੰ ਗੁਮਾਨ ਸੀ ਕਿ ਉਸ ਦੀ ਕਵਿਤਾ ਨੂੰ ਸਮਝਣ ਵਾਲਾ ਕੋਈ ਨਹੀਂ, ਉਸ ਨੇ ਆਪਣਾ ਸਵੱਈਆ ਪੜ੍ਹ ਕੇ ਸੁਣਾਇਆ :

ਨਵ ਸਾਤ ਤਿਯੇ ਨਵ ਸਾਤ ਕਿਯੇ,
ਨਵ ਸਾਤ ਪਿਯੇ ਨਵ ਸਾਤ ਪਿਯਾਏ।

www.sikhbookclub.com

ਨਵ ਸਾਤ ਰਚੇ ਨਵ ਸਾਤ ਬਦੇ
ਨਵ ਸਾਤ ਪਿਯਾ ਪਹਿ ਦਾਯਕ ਪਾਏ।
ਜੀਤ ਕਲਾ ਨਵ ਸਾਤਨ ਕੀ
ਨਵ ਸਾਤਨ ਕੇ ਮੁਖ ਅੰਤਰ ਛਾਏ।
ਮਾਨਹੁ ਮੇਘ ਕੇ ਮੰਡਲ ਮਹਿ
ਕਵਿ ਚੰਦਨ ਚੰਦ ਕਲੇਵਰ ਛਾਏ।

ਗੁਰੂ ਸਾਹਿਬ ਜੀ ਨੇ ਆਪਣੇ ਸਿੱਖ ਭਾਈ ਧੰਨਾ ਸਿੰਘ ਨੂੰ ਇਸ ਦੇ ਅਰਥ ਕਰਨ ਦਾ ਸੰਕੇਤ ਕੀਤਾ ਤਾਂ ਉਸ ਨੇ ਫ਼ੌਰਨ ਸਾਰੇ ਅਰਥ ਸੁਣਾ ਕੇ ਸਭ ਨੂੰ ਅਚੰਭਤ ਕਰ ਦਿੱਤਾ। ਨਾਲ ਹੀ ਉਸ ਨੇ ਆਪਣੇ ਵਲੋਂ ਵੀ ਇਹ ਛੰਦ ਪੜ੍ਹ ਕੇ ਸੁਣਾਇਆ ਤੇ ਚੰਦਨ ਨੂੰ ਵੰਗਾਰਿਆ ਕਿ ਉਹ ਇਸ ਦੇ ਅਰਥ ਕਰਕੇ ਸੁਣਾਵੇ। ਸਵੱਈਆ ਇਹ ਸੀ :

ਮੀਨ ਮਰੇ ਜਲ ਕੇ ਪਰਸੇ
ਕਬਹੂੰ ਨ ਮਰੇ, ਪਰ ਪਾਵਕ ਪਾਏ।
ਹਾਥਿ ਮਰੇ ਮਦ ਕੇ ਪਰਸੇ,
ਕਬਹੂੰ ਨ ਮਰੇ, ਤਨ ਤਾਪ ਕੇ ਆਏ।
ਤੀਯ ਮਰੇ ਪਿਯ ਕੇ ਪਰਸੇ
ਕਬਹੂੰ ਨ ਮਰੇ, ਪਰ ਦੇਸ ਸਿਧਾਏ।
ਗੂਢ ਮੈਂ ਬਾਤ ਕਹੀ ਦਿਜ ਰਾਜ
ਵਿਚਾਰ ਸਕੈ ਨ ਬਿਨਾ ਚਿਤ ਲਾਏ।

ਇਸ ਦਰਬਾਰ ਵਿਚ ਅਜਿਹੇ ਮੁਕਾਬਲੇ ਚਲਦੇ ਹੀ ਰਹਿੰਦੇ ਸਨ ਤੇ ਇਸ ਨਾਲ ਸਾਹਿਤਕ ਵਿਕਾਸ ਨੂੰ ਉਤਸ਼ਾਹ ਮਿਲਦਾ ਰਹਿੰਦਾ ਸੀ।

ਜਿਹਾ ਕਿ ਅਸੀਂ ਉੱਤੇ ਜ਼ਿਕਰ ਕੀਤਾ ਹੈ ਕਿ ਗੁਰੂ ਸਾਹਿਬ ਜੀ ਦੇ ਇਸ ਕਾਵਿ ਦਰਬਾਰ ਵਿਚ 52 ਕਵੀ ਜਾਂ ਇਸ ਤੋਂ ਵੱਧ ਵਿਦਵਾਨ ਲੇਖਕ ਰਿਹਾ ਕਰਦੇ ਸਨ। ਇਨ੍ਹਾਂ ਵਿਚ ਸੈਨਾਪਤਿ ਦਾ ਨਾਂ ਮੋਹਰਲਿਆਂ ਵਿਚੋਂ ਇਕ ਹੈ। ਆਪ ਦਾ ਅਸਲ ਨਾਮ ਚੰਦ੍ਰਸੈਨ ਸੀ ਤੇ ਉਪਨਾਮ ਸੀ ਸੈਨਾਪਤਿ। ਇਸ ਦਾ ਜਨਮ ਮਾਨ-ਗੋਤ ਦੇ ਜੱਟ ਪਰਿਵਾਰ ਵਿਚ ਪਿਤਾ ਬਾਲਚੰਦ ਦੇ ਘਰ ਲਾਹੌਰ ਹੋਇਆ ਤੇ ਬਾਅਦ ਵਿਚ ਕੁਛ ਅਰਸਾ ਰਿਹਾਇਸ਼ ਵਜ਼ੀਰਾਬਾਦ ਹੋਣ ਕਰਕੇ 'ਸੈਨਾਪਤਿ ਵਜ਼ੀਰਾਬਾਦੀ' ਕਰਕੇ ਵੀ ਪ੍ਰਸਿੱਧ ਰਿਹਾ।

ਸੈਨਾਪਤਿ ਦੇ ਵਿਦਿਆ ਗੁਰੂ ਦੇਵੀਦਾਸ ਸਨ, ਜੋ ਕਿ ਹਿੰਦੀ ਤੇ ਪੰਜਾਬੀ ਦੇ ਮੰਨੇ-ਦੰਨੇ ਕਵੀ ਸਨ। ਉਹਨਾਂ ਦੀ ਪੰਜਾਬੀ ਦੀ ਰਚਨਾ 'ਲਵਕੁਸ਼ ਦੀ ਵਾਰ' ਮੈਂ ਆਪਣੀ ਪੁਸਤਕ 'ਪੰਜਾਬੀ ਵਾਰਾਂ' (1951) ਵਿਚ ਪ੍ਰਕਾਸ਼ਤ ਕੀਤੀ ਸੀ ਅਤੇ ਹਿੰਦੀ ਰਚਨਾ 'ਰਾਜਨੀਤਿ ਗ੍ਰੰਥ' ਤੇ 'ਸਿੰਘ ਗਊ ਦੀ ਕਥਾ' ਪ੍ਰਸਿੱਧ ਹਨ। ਹੁਣ ਤਕ ਸੈਨਾਪਤਿ ਦੀਆਂ ਤਿੰਨ ਰਚਨਾਵਾਂ ਮਿਲੀਆਂ ਹਨ :

1. ਸ੍ਰੀ ਗੁਰ ਸੋਭਾ
2. ਚਾਣਾਕਾ ਰਾਜਨੀਤਿ ਸ਼ਾਸਤ੍ਰ
3. ਸੁਖਸੈਨ (ਵੈਦਕ ਗ੍ਰੰਥ)

www.sikhbookclub.com

ਚਾਣਾਕਾ ਰਾਜਨੀਤੀ ਦੇ ਅੰਤ 'ਤੇ ਕਿਹਾ ਹੈ :

ਗੁਰ ਗੋਬਿੰਦ ਕੀ ਸਭਾ ਮਹਿੰ, ਲੇਖਕ ਪਰਮ ਸੁਜਾਨ।
ਚਾਣਾਕਾ ਭਾਖਾ ਕੀਯੋ, ਕਵੀ ਸੈਨਾਪਤਿ ਮਾਨ।

ਇਸ ਤੋਂ ਸਪਸ਼ਟ ਹੈ ਕਿ ਸੈਨਾਪਤਿ ਗੁਰੂ ਜੀ ਦਾ ਦਰਬਾਰੀ ਕਵੀ ਸੀ ਤੇ ਉਸ ਨੇ ਗੁਰੂ ਦਰਬਾਰ ਵਿਚ ਰਹਿੰਦਿਆਂ 'ਚਾਣਾਕਾ ਰਾਜਨੀਤਿ ਸ਼ਾਸਤ੍ਰ' ਦਾ ਹਿੰਦੀ ਅਨੁਵਾਦ ਕੀਤਾ ਸੀ। ਇਹ ਨੀਤੀ ਬਚਨਾਂ ਦਾ ਸੁੰਦਰ ਗੁਲਦਸਤਾ ਹੈ।

ਆਪ ਦਾ ਤੀਸਰਾ ਗ੍ਰੰਥ 'ਸੁਖਸੈਨ' ਹੈ ਜੋ ਉਹਨਾਂ ਨੇ ਆਪਣੇ ਮਿੱਤ੍ਰ ਪੰਡਤ ਜਗਤ ਰਾਏ ਵੈਦ ਦੇ ਕਹਿਣ 'ਤੇ ਲਿਖਿਆ ਸੀ। ਇਹ ਸੰਸਕ੍ਰਿਤ ਗ੍ਰੰਥ 'ਰਾਮ ਵਿਨੋਦ' ਦਾ ਅਨੁਵਾਦ ਹੈ, ਇਸ ਦੇ ਮੁੱਢ ਵਿਚ ਕਵੀ ਨੇ ਆਪਣੇ ਬਾਰੇ ਪੂਰੀ ਜਾਣਕਾਰੀ ਦਿੱਤੀ ਹੈ ਜਿਸ ਨੂੰ ਪਾਠਕਾਂ ਦੀ ਦਿਲਚਸਪੀ ਲਈ ਇਥੇ ਦਿੱਤਾ ਜਾ ਰਿਹਾ ਹੈ :

ਅਥ ਕਵਿ ਬੰਸ ਵਰਣਨੰ

ਸ਼ੰਭੂ ਜਟਾ ਤੇ ਕਹਤ ਹੈਂ, ਜਾਟ ਬੰਸ ਅਵਤਾਰ।
ਮਾਨ ਗੋਤ ਤਾਂਤੇ ਪ੍ਰਗਟ, ਜਾਨਤ ਸਭ ਸੰਸਾਰ॥੬॥

ਜਉ ਬਰਨੌਂ ਯਾ ਗੋਤ੍ਰ ਕੋ, ਬਢਹਿ ਗ੍ਰੰਥ ਵਿਸਤਾਰ।
ਤਾਂਤੇ ਕਵਿ ਸੰਖੇਪ ਸੌਂ, ਕੀਨੋ ਕਛੂ ਉਚਾਰ॥੭॥

ਬਾਲਚੰਦ ਤਿਹ ਗੋਤ੍ਰ ਮੈਂ, ਲੇਖਕ ਅਪਰ ਅਪਾਰ।
ਵਾਸੀ ਸ਼ਹਿਰ ਲਾਹੌਰ ਕੋ, ਲਿਖਣ ਪਢਨ ਸੌਂ ਪਿਆਰ॥੮॥

ਚੰਦ੍ਰਸੈਨ ਤਾਂਕੋ ਤਨੁਜ, ਕਵਿ ਮਤਿਮੰਦ ਗਵਾਰ।
ਗੁਰ ਗੋਬਿੰਦ ਕੀ ਸਭਾ ਮਹਿੰ, ਜਿਹ ਪਾਯੋ ਅਧਿਕਾਰ॥੯॥

ਤਾਂ ਕੋ ਵਿਦਿਆ ਗੁਰੂ ਮਿਲਯੋ, ਚੰਦਨ ਦੇਵੀ ਦਾਸ।
ਕੀਯੋ ਆਪ ਸਮ ਨਿੰਮ ਤੇ, ਦੇ ਕੇ ਬੁਧਿ ਸੁ ਵਾਸ॥੧੦॥

ਜਗਤ ਰਾਏ ਦਿਜ ਵੈਦ ਵਰ, ਬਸਤ ਵਜ਼ੀਰਾਬਾਦ।
ਸੈਨਾਪਤਿ ਸੋ ਮਿਤ੍ਰਈ, ਕੀਨੀ ਪਰਮ ਸਵਾਦ॥੧੧॥

ਜਗਤ ਰਾਏ ਇਕ ਦਿਨ ਕਹਯੋ, ਸੈਨਾਪਤਿਹਿ ਸੁਨਾਏ।
ਪੋਥੀ 'ਰਾਮ ਬਿਨੋਦ' ਪੁਨ, ਭਾਖਾ ਦੇਹ ਬਨਾਏ॥੧੨॥

ਸਮਯ ਪਾਇਕੈ ਸੈਨ ਕਵਿ, ਕਰੀ ਤਹਾਂ ਤੇ ਦੌਰ।
ਸ਼ਹਿਰ ਵਜ਼ੀਰਾਬਾਦ ਮਹਿ, ਆਇ ਬਸਯੋ ਸ਼ੁਭ ਠੌਰ॥੧੩॥

ਪਦਮ ਰੰਗ ਰਿਖਿ ਜੈਨ ਮਤਿ, ਮਹਾਂ ਵੇਦ ਮਤਿ ਮੋਦ।
ਰਾਮਚੰਦ ਤਿੰਹ ਸਿਖ ਨੇ, ਕੀਨਹੁ 'ਰਾਮ ਬਿਨੋਦ'॥੧੪॥

ਵੇਦ ਗ੍ਰੰਥ ਸਭ ਮਥਨ ਕੈ, ਔਸ਼ਧਿ ਸੁੰਦਰ ਬੀਨ।
ਭਾਖਾ 'ਰਾਮ ਬਿਨੋਦ' ਕੀ ਸੁੰਦਰ ਪੋਥੀ ਕੀਨ॥੧੫॥

www.sikhbookclub.com

ਤਿਹ ਪ੍ਰਸਾਦਿ ਕਵਿ ਸੈਨ ਮਨ, ਅਤਿ ਹੀ ਉਪਜਯੋ ਚੈਨ।
ਪਲਟੋ ਯਹ ਭਾਖਾ ਬਹੁਰ, ਧਰਹੁ ਨਾਮ 'ਸੁਖਸੈਨ' ॥੧੬॥

ਜਿਉਂ ਦੀਪਕ ਤੇ ਦੀਪਕੋ, ਬਾਹਰ ਰਖਿਏ ਐਨ।
ਤੈਸੇ 'ਰਾਮ ਬਿਨੋਦ' ਤੇ ਗ੍ਰੰਥ ਕੀਯੋ 'ਸੁਖ ਸੈਨ' ॥੧੭॥

ਇਸ ਗ੍ਰੰਥ ਦੇ ੧੧੦੭ ਛੰਦ ਹਨ, ਇਸ ਦਾ ਇਕ ਨੁਸਖਾ ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿਚ ੨੭੪ ਨੰਬਰ 'ਤੇ ਸੁਰੱਖਿਅਤ ਹੈ ਤੇ ਇਕ ਖਰੜਾ ਸੈਂਟਰਲ ਲਾਇਬਰੇਰੀ ਪਟਿਆਲਾ ਦੇ ਖਰੜਾ ਨੰਬਰ ੬੫੧ 'ਤੇ ਸਾਂਭਿਆ ਹੋਇਆ ਹੈ ਤੇ ਉਥੇ ਇਸ ਦਾ ਨਾਮ 'ਸੁਖਸੈਨ ਗ੍ਰੰਥ' ਹੈ।

ਕਵੀ ਦੇ ਇਸ ਸਪੱਸ਼ਟ ਨੋਟ ਤੋਂ ਕਿਸੇ ਸ਼ੰਕੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸ ਤੋਂ ਜ਼ਾਹਰ ਹੈ ਕਿ ਵਿਦਵਾਨ ਪਿਤਾ ਦੀ ਪ੍ਰੇਰਨਾ ਨਾਲ ਚੰਦ੍ਰ ਸੈਨ ਸੈਨਾਪਤਿ ਕਵੀ ਬਣਿਆ ਅਤੇ ਫਿਰ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਕੇ ਚੰਗੀ ਮਾਣ ਇੱਜ਼ਤ ਪਾਈ।

ਸ੍ਰੀ ਗੁਰ ਸੋਭਾ ਗ੍ਰੰਥ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਜੀਵਨ ਚਰਿਤ੍ਰ ਹੈ ਜੋ ਇਸੇ ਕਵੀ ਨੇ ਲਿਖਿਆ। ਸਿੱਖ ਵਿਦਵਾਨਾਂ ਵਿਚ ਆਮ ਰਵਾਇਤ ਹੈ ਕਿ ਇਹ ਸੈਨਾਪਤਿ ਕਵੀ ਦੀ ਹੀ ਰਚਨਾ ਹੈ। ਇਸ ਦੇ ਕੁਲ ੨੦ ਅਧਿਆਇ ਤੇ ੯੩੮ ਛੰਦ ਹਨ। 1925 ਈ. ਵਿਚ ਅਕਾਲੀ ਕੌਰ ਸਿੰਘ ਜੀ ਨੇ ਇਸ ਨੂੰ ਪ੍ਰਕਾਸ਼ਤ ਵੀ ਕਰਵਾਇਆ ਸੀ। ਹੁਣ ਇਸ ਦੇ ਦੋ ਖਰੜੇ (੩੯੧੫ ਤੇ ੪੪੪੬ ਨੰਬਰ ਦੇ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਵਿਚ ਸੰਭਾਲੇ ਹੋਏ ਹਨ, ਪਹਿਲਾ ਅਧੂਰਾ ਤੇ ਦੂਜਾ ਪੂਰਾ ਹੈ)।

ਇਸ ਗ੍ਰੰਥ ਦਾ ਰਚਨਾ ਕਾਲ ਕਵੀ ਨੇ ਇਉਂ ਦਿੱਤਾ ਹੈ :

ਨਮਸ਼ਕਾਰ ਕਰ ਜੋਰਿ ਕੈ, ਕਰਤ ਜੀਵ ਅਰਦਾਸ।
ਰਚੋਂ ਗ੍ਰੰਥ ਤੁਮਰੀ ਕਥਾ, ਕਰਹੁ ਬੁਧਿ ਪ੍ਰਕਾਸ਼ ।੪।
ਗੁਰ ਸੋਭਾ ਯਾ ਗ੍ਰੰਥ ਕੋ, ਧਰਹੁੰ ਸੁ ਨਾਮ ਵਿਚਾਰ।
ਸੁਨਤ ਕਹਿਤ ਗਤਿ ਹੋਤ ਹੈ, ਮਨ ਅੰਤਰ ਉਰ ਧਾਰ ।੫।
ਸੰਮਤ ਸਤ੍ਰਹ ਸੋ ਭਏ, ਬਰਖ ਅਠਾਵਨ ਬੀਤ।
ਭਾਦ੍ਰਵ ਸੁਦਿ ਪੰਦ੍ਰਸ ਭਈ, ਰਚੀ ਕਥਾ ਕਰਿ ਪ੍ਰੀਤਿ ।੬।

ਇਥੇ ੧੭੫੮ ਬਿ. ਸੰਮਤ ਪੜ੍ਹਿਆ ਜਾਂਦਾ ਹੈ ਪਰ ਚੂੰਕਿ ਕਵੀ ਨੇ ਗੁਰੂ ਦਸਮੇਸ਼ ਜੀ ਦੀ ਦੇਹਾਂਤ ਕਥਾ ਵੀ ਅੰਕਿਤ ਕੀਤੀ, ਜੋ ੧੭੬੫ ਬਿ. ਦੀ ਘਟਨਾ ਹੈ, ਇਸ ਕਰਕੇ ਇਹ ਸੰਮਤ ਠੀਕ ਨਹੀਂ ਜਾਪਦਾ। ਮਾਲੂਮ ਇਉਂ ਹੁੰਦਾ ਹੈ ਕਿ ਅਸਲ ਪਾਠ 'ਅਠਾਨਵ' ਸੀ, ਜਿਸ ਨੂੰ ਲਿਖਾਰੀਆਂ ਨੇ ਭੁਲ ਨਾਲ 'ਅਠਾਵਨ' ਲਿਖ ਦਿੱਤਾ। ਸੋ ਇਉਂ ਵਿਚਾਰਿਆਂ ਇਹ ਰਚਨਾ ਸੰਮਤ ੧੭੯੮ ਬਿ. ਸਿੱਧ ਹੁੰਦੀ ਹੈ ਅਰਥਾਤ 1741 ਈ.। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸੈਨਾਪਤਿ ਨੇ ਗੁਰੂ ਸਾਹਿਬ ਦੇ ਦੇਹਾਂਤ ਤੋਂ 33 ਵਰ੍ਹੇ ਬਾਅਦ ਇਹ ਗ੍ਰੰਥ ਰਚਿਆ।

ਇਸ ਗੱਲ ਦੀ ਪੁਸ਼ਟੀ ਕੁਝ ਅੰਦਰਲੀਆਂ ਗਵਾਹੀਆਂ ਤੋਂ ਵੀ ਹੁੰਦੀ ਹੈ। ਜਿਥੇ ਕਿ ਕਵੀ ਨੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਚਰਚਾ ਕੀਤਾ ਹੈ ਜਿਵੇਂ ਕਿ ਪਹਿਲੇ ਅਧਿਆਇ ਵਿਚ ਹੀ ਕਿਹਾ ਹੈ :

ਯਹੈ ਬਾਤ ਜਾਨੋ। ਰਿਦੈ ਸਾਚ ਆਨੋ।
ਕੀਯੋ ਪੰਥ ਐਸਾ। ਕਹਯੋ ਆਪ ਤੈਸਾ ।੩੪।

www.sikhbookclub.com

ਛਪਹਿੰ ਨ ਛਪਾਇਆ। ਘਟਹਿ ਨ ਘਟਾਇਆ।
ਦਿਨੋ ਦਿਨ ਸਵਾਇਆ। ਸੁ ਡੰਕਾ ਵਜਾਇਆ।੩੫। (ਸ੍ਰੀ ਗੁਰ ਸੋਭਾ)

ਇਸ ਤੋਂ ਇਲਾਵਾ ਇਹ ਵਿਚਾਰ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਫਿਰ ਪ੍ਰਗਟ ਹੋਣਗੇ ਤੇ ਪੰਥ ਖਾਲਸੇ ਨੂੰ ਸ਼ਕਤੀ ਪ੍ਰਦਾਨ ਕਰਨਗੇ, ਇਹ ਵੀ ਬਾਅਦ ਦਾ ਵਿਚਾਰ ਹੈ, ਇਸ ਸੰਬੰਧੀ ਕਵੀ ਨੇ ਕਈ ਛੰਦ ਲਿਖੇ ਹਨ। ਮਿਸਾਲ ਲਈ ਇਕ ਸਵੱਈਆ ਪੇਸ਼ ਹੈ :

ਭਾਰ ਅਠਾਰਹ ਬਨਾਸਪਤੀ, ਖਾਲਸ ਜਾਪ ਜਪਾਵਹਿੰਗੇ।
ਬਨ ਮੈਂ ਤ੍ਰਿਣ ਮੈਂ ਪਸ਼ੂ ਪੰਖਿਨ ਮੈਂ, ਕਰਿ ਏਕ ਹੀ ਜੋਤਿ ਦਿਖਾਵਹਿੰਗੇ।
ਪੂਜਾ ਜਪ ਜਾਪ ਅਨੰਦ ਕਰੈ, ਇਹ ਜਾਪ ਹੀ ਸੋ ਗਤਿ ਪਾਵਹਿੰਗੇ।
ਭਲ ਭਾਗ ਭਯਾ ਤੁਮ ਤਾਂਹਿ ਕਹੋ, ਗਢ ਆਨੰਦ ਫੇਰ ਬਸਾਵਹਿੰਗੇ।੮੩੮।

ਇਕ ਗੱਲ ਹੋਰ ਧਿਆਨ ਵਿਚ ਕਰਨੀ ਜ਼ਰੂਰੀ ਹੈ ਕਿ ਸੈਨਾਪਤਿ ਕੇਵਲ ਦਰਬਾਰੀ ਕਵੀ ਮਾਤਰ ਹੀ ਨਹੀਂ ਸੀ, ਉਹ ਗੁਰੂ ਸਾਹਿਬ ਦਾ ਸੱਚਾ ਸ਼ਰਧਾਲੂ ਸਿੱਖ ਸੀ, ਇਸ ਕਰਕੇ ਉਸ ਨੇ ਖ਼ਾਲਸਾ ਪੰਥ ਦੀ ਸਾਜਣਾ ਦੀ ਬੜੀ ਉਪਮਾ ਕੀਤੀ ਹੈ ਤੇ ਸਤਿਗੁਰੂ ਵਿਚ ਆਪਣੀ ਅਟੁੱਟ ਸ਼ਰਧਾ ਨੂੰ ਬਾਰ ਬਾਰ ਦੁਹਰਾਇਆ ਹੈ :

ਤੂ ਪ੍ਰਸਾਦਿ ਗੁਰੂ ਉਪਦੇਸੇ।
ਜਨਮ ਜਨਮ ਕੇ ਮਿਟੇ ਅੰਦੇਸੇ।
ਤਬ ਯਹ ਕੀਟ ਪਤਿਤ ਮਨ ਆਯੋ।
ਭਈ ਕ੍ਰਿਪਾ ਗੁਰ ਮਾਰਗਿ ਪਾਯੋ।੮।

ਉਸ ਸਮੇਂ ਸਿੱਖਾਂ ਨੂੰ ਦੂਜੇ ਲੋਕਾਂ ਨਾਲੋਂ ਨਿਰਾਲਾ ਦਿਖਾਉਣ ਵਾਲੀਆਂ ਦੋ ਹੀ ਗੱਲਾਂ ਸਨ—ਕੇਸਾਧਾਰੀ ਹੋਣਾ ਤੇ ਤੰਬਾਕੂ ਦੀ ਬੀਮਾਰੀ ਤੋਂ ਪਾਕ ਰਹਿਣਾ। ਇਹਨਾਂ ਗੁਣਾਂ ਦੀ ਸੈਨਾਪਤਿ ਨੇ ਰੱਜ ਕੇ ਪ੍ਰਸੰਸਾ ਕੀਤੀ ਹੈ ਤੇ ਮਸੰਦਾਂ ਦੇ ਵਿਰੋਧ ਦੇ ਬਾਵਜੂਦ ਆਮ ਸਿੱਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਨਵੇਂ ਮਾਰਗ 'ਤੇ ਚੱਲਣ ਦੀ ਤਾਕੀਦ ਕੀਤੀ ਹੈ। ਇਸ ਵਿਸ਼ੇ 'ਤੇ ਕਵੀ ਨੇ ਭਾਵੇਂ ਕਈ ਕਬਿਤ ਲਿਖੇ ਹਨ, ਅਸੀਂ ਵੰਨਗੀ ਵਜੋਂ ਇਕ ਕਬਿਤ ਅੱਗੇ ਦਰਜ ਕਰਦੇ ਹਾਂ :

ਕੀਏ ਜਬ ਬਚਨ ਸਤਿਗੁਰ ਕਾਰਨ ਕਰਨ।
ਸਰਬ ਸੰਗਤਿ ਆਦਿ ਅੰਤ ਮੇਰਾ ਖਾਲਸਾ।
ਮਾਨੈਗਾ ਹੁਕਮ ਸੋ ਤੋ ਹੋਵੈਗਾ ਸਿਖ ਸਹੀ
ਨਾ ਮਾਨੈਗਾ ਹੁਕਮ ਸੋ ਤੋ ਹੋਵੈਗਾ ਬਿਹਾਲ ਸਾ।
ਪਾਂਚ ਕੀ ਕੁਸੰਗਤਿ ਤਜਿ ਮੰਗਤਿ ਸੋਂ ਪ੍ਰੀਤਿ ਕਰੈ।
ਦਯਾ ਔਰ ਧਰਮ ਧਾਰਿ ਤਿਆਗੇ ਸਭ ਲਾਲਸਾ।
ਹੁਕਾ ਨ ਪੀਵਹਿ ਸੀਸ ਦਾੜ੍ਹੀ ਨ ਮੁੰਡਾਵਹਿ।
ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।੧੪੧। (ਸ੍ਰੀ ਗੁਰ ਸੋਭਾ)

(9/1964)

www.sikhbookclub.com

ਦਸਮੇਸ਼ ਜੀ ਦੇ ਹੁਕਮਨਾਮੇ

ਸ੍ਰੀ ਗੁਰੂ ਨਾਨਕ ਸਾਹਿਬ ਨੇ ਜਿਸ ਰੂਹਾਨੀ ਸਲਤਨਤ ਦੀ ਬੁਨਿਆਦ ਰੱਖੀ, ਭਾਵੇਂ ਉਸ ਦੇ ਸੰਚਾਲਕਾਂ ਨੂੰ ਪਹਿਲੇ ਪਹਿਲ 'ਗੁਰੂ' ਨਾਂ ਨਾਲ ਹੀ ਯਾਦ ਕੀਤਾ ਜਾਂਦਾ ਸੀ, ਪਰ ਹੌਲੀ ਹੌਲੀ ਰਾਜ ਜੋਗ ਦੇ ਵਿਕਾਸ ਨਾਲ ਸਿੱਖਾਂ ਨੂੰ ਇਉਂ ਸਾਮਰਤਖ ਨਜ਼ਰ ਆਇਆ ਜਿਵੇਂ ਇਹ ਦੁਨਿਆਵੀ ਸਰਕਾਰ ਦੇ ਮੁਕਾਬਲੇ ਕੋਈ ਉਚੇਰੀ ਨਵੀਂ ਸਰਕਾਰ ਕਾਇਮ ਹੋ ਰਹੀ ਹੈ। ਇਸੇ ਕਰਕੇ ਉਹ ਗੁਰੂ ਸਾਹਿਬਾਨ ਲਈ 'ਸੱਚਾ ਪਾਤਸ਼ਾਹ' ਸ਼ਬਦ ਦਾ ਪ੍ਰਯੋਗ ਕਰਨ ਲੱਗੇ। ਇਹ ਗੱਲ ਸ੍ਰੀ ਗੁਰੂ ਅਰਜਨ ਸਾਹਿਬ ਦੇ ਸਮੇਂ ਬਿਲਕੁਲ ਆਮ ਹੋ ਗਈ ਸੀ। ਭੱਟਾਂ ਨੇ ਰਾਜ ਜੋਗ ਦੇ ਤਖ਼ਤ ਦੀ ਗੱਲ ਤਾਂ ਕੀਤੀ ਹੈ, ਪਰੰਤੂ ਰਾਏ ਬਲਵੰਡ ਤੇ ਭਾਈ ਸਤੇ ਨੇ ਤਾਂ ਇਹ ਸਪੱਸ਼ਟ ਸ਼ਬਦਾਂ ਵਿਚ ਗਾਇਆ ਹੈ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥.....
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ *(ਪੰਨਾ ੯੬੬-੬੭)*

ਇਹ ਗੱਲ ਐਵੇਂ ਨਹੀਂ ਹੋ ਗਈ। 'ਸਚਾ ਅਮਰੁ ਸਚੀ ਪਾਤਿਸਾਹੀ' ਯਾ 'ਕੋਊ ਹਰਿ ਸਮਾਨਿ ਨਹੀ ਰਾਜਾ' ਗਾਉਣ ਵਾਲੇ ਸਿੱਖਾਂ ਦਾ ਅਜਿਹਾ ਨਿਸ਼ਚਾ ਬਣਨਾ ਕੁਦਰਤੀ ਸੀ। ਮੀਰੀ ਪੀਰੀ ਦੇ ਵਾਲੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਸੰਗਤ ਸ਼ਸਤਰ-ਧਾਰੀ ਅਕਾਲੀ ਸੈਨਾ ਤੇ ਅਕਾਲੀ ਨਿਸ਼ਾਨ ਨਗਾਰਾ ਇਸ ਦਾ ਲਾਜ਼ਮੀ ਅੰਗ ਬਣ ਗਏ। ਫਿਰ ਭਾਈ ਗੁਰਦਾਸ ਜੀ ਵਰਗੇ ਇਨਕਲਾਬੀ ਕਵੀ ਸਿੱਖਾਂ ਨੂੰ ਬਾਰ ਬਾਰ ਦ੍ਰਿੜ ਕਰਾ ਰਹੇ ਹਨ :

ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।

ਕਲਗੀ ਜਿਗਾ ਸਜਾ ਕੇ ਅਨੰਦਪੁਰ ਦੇ ਤਖ਼ਤ 'ਤੇ ਬਿਰਾਜਮਾਨ ਹੋਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤਾਂ ਦਾ ਵਿਸ਼ਵਾਸ ਪਕਾ ਦਿੱਤਾ ਕਿ ਹੁਣ 'ਦੇਗ ਤੇਗ ਜਗ ਮੈ ਦੋਊ ਚਲੈ' ਵਾਲੀ ਗੱਲ ਪੂਰੀ ਹੋਣ ਵਾਲੀ ਹੈ, ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਅਸਾਂ ਅਕਾਲ ਦੀ ਕਿਰਪਾ ਨਾਲ ਝੂਠੀ ਹਕੂਮਤ ਦੇ ਪੈਰ ਉਖੇੜ ਦਿੱਤੇ ਹਨ ਅਤੇ ਹੁਣ ਸੱਚੀ ਹਕੂਮਤ ਕਾਇਮ ਕਰਨੀ ਖਾਲਸੇ ਦਾ ਆਪਣਾ ਕੰਮ ਹੈ ਤੇ ਐਸਾ ਹੋਇਆ ਵੀ।

ਇਸ ਵਾਤਾਵਰਣ ਵਿਚ ਜਦ ਗੁਰੂ ਸਾਹਿਬ ਨੂੰ 'ਸੱਚਾ ਪਾਤਸ਼ਾਹ' ਤੇ ਉਹਨਾਂ ਦੇ ਮੁਖੀ ਕਾਰਦਾਰ ਮਸਨਦ-ਨਸ਼ੀਦ ਯਾ 'ਮਸੰਦ' ਕਿਹਾ ਜਾਂਦਾ ਹੋਵੇ ਤਾਂ ਸਿੱਖਾਂ ਲਈ ਸਤਿਗੁਰ ਦਾ ਬਚਨ 'ਸ਼ਾਹੀ' ਫੁਰਮਾਨ ਜਾਂ ਬਾਦਸ਼ਾਹੀ ਹੁਕਮ ਦਾ ਹੀ ਦਰਜਾ ਰੱਖਦਾ ਸੀ। ਇਹੋ ਕਾਰਨ ਹੈ ਕਿ ਸਮੇਂ ਸਮੇਂ ਗੁਰੂ ਸਾਹਿਬ ਨੇ ਜੋ ਸਿੱਖਾਂ ਵੱਲ ਖ਼ਤ-ਪੱਤਰ ਲਿਖੇ, ਉਹਨਾਂ ਨੂੰ 'ਹੁਕਮਨਾਮੇ' ਕਿਹਾ ਜਾਂਦਾ ਹੈ। ਭਾਵੇਂ

www.sikhbookclub.com

ਪਾਤਸ਼ਾਹ ਦੇ ਵੇਲੇ ਤੋਂ ਸੰਗਤਾਂ ਦੇ ਨਾਮ ਲਿਖੇ ਅਜਿਹੇ ਪੱਤਰ ਮਿਲਦੇ ਹਨ, ਪਰ ਉਹ ਬਹੁਤ ਥੋੜੇ ਹਨ, ਪਰੰਤੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪੱਤਰ ਕਾਫ਼ੀ ਮਿਲਦੇ ਹਨ ਜੋ ਕਿ ਵਧੇਰੇ ਪਟਨਾ ਜਾਂ ਬਨਾਰਸ ਦੀਆਂ ਸੰਗਤਾਂ ਦੇ ਨਾਮ ਹਨ ਜਦੋਂ ਕਿ ਉਹ ਪੂਰਬ ਦੇ ਪਾਸੇ ਦੌਰਾ ਕਰ ਰਹੇ ਸਨ। ਇਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਕਾਫ਼ੀ ਗਿਣਤੀ ਵਿਚ ਪ੍ਰਾਪਤ ਹਨ, ਜਿਹਨਾਂ ਦੀ ਇਤਿਹਾਸਕ ਮਹੱਤਤਾ ਨਜ਼ਰ-ਅੰਦਾਜ਼ ਕੀਤੀ ਜਾਣ ਵਾਲੀ ਨਹੀਂ। ਜੀਵਨ ਦੀ ਸਿਖਿਆ ਲਈ ਤਾਂ ਗੁਰਬਾਣੀ ਹੀ ਕਾਫੀ ਸੀ, ਪਰ ਵਕਤੀ ਲੋੜਾਂ ਅਨੁਸਾਰ ਸਿੱਖ ਲਹਿਰ ਨੂੰ ਜਥੇਬੰਦ ਤੇ ਮਜ਼ਬੂਤ ਕਰਨ ਲਈ ਅਤੇ ਸਮਾਜ-ਵਿਰੋਧੀ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਦੁਨਿਆਵੀ ਪੱਧਰ 'ਤੇ ਕਈ ਕਿਸਮ ਦੀ ਸਾਮਗਰੀ ਲੋੜੀਂਦੀ ਸੀ ਜੋ ਮਾਇਆ ਤੋਂ ਬਗ਼ੈਰ ਪੂਰੀ ਹੋਣੀ ਔਖੀ ਸੀ।

ਆਖ਼ਰ ਅਨੰਦਪੁਰ ਗੁਰੂ ਕੇ ਲੰਗਰ ਵਿਚ ਹਜ਼ਾਰਾਂ ਲੋਕ ਪ੍ਰਸ਼ਾਦ ਛਕਦੇ ਸਨ, ਹਜ਼ਾਰਾਂ ਦੀ ਗਿਣਤੀ ਵਿਚ ਸੂਰਮੇ ਰਹਿੰਦੇ ਸਨ। ਸੈਂਕੜਿਆਂ ਦੀ ਸੰਖਿਆ ਵਿਚ ਵਿਦਵਾਨ, ਕਵੀ, ਲਿਖਾਰੀ, ਮੁਨਸ਼ੀ, ਮੁਸੱਦੀ ਤੇ ਹੋਰ ਸੇਵਾਦਾਰ ਸਨ। ਬਹੁਤਿਆਂ ਦੇ ਪਰਿਵਾਰ ਵੀ ਇਥੇ ਹੀ ਨਿਵਾਸ ਰੱਖਦੇ ਸਨ। ਇਸ ਤੋਂ ਇਲਾਵਾ ਹਾਥੀ, ਘੋੜਿਆਂ, ਊਠਾਂ, ਬਲਦਾਂ, ਗਊਆਂ, ਮੱਝਾਂ ਆਦਿ ਦਾ ਖਰਚ ਵੱਖਰਾ ਸੀ। ਸੋ ਇਤਨੇ ਵੱਡੇ ਖਰਚ ਨੂੰ ਪੂਰਾ ਕਰਨ ਲਈ ਮਾਇਆ ਅਤਿ ਲੋੜੀਂਦੀ ਸੀ। ਇਸੇ ਕਰਕੇ ਅਸੀਂ ਦੇਖਦੇ ਹਾਂ ਕਿ ਬਹੁਤ ਹੁਕਮਨਾਮਿਆਂ ਵਿਚ ਸਿੱਖ ਸੰਗਤਾਂ ਨੂੰ ਆਪਣਾ ਦਸਵੰਧ ਛੇਤੀ ਭੇਜਣ ਦੀ ਤਾਕੀਦ ਹੈ। ਚੂੰਕਿ ਉਸ ਜ਼ਮਾਨੇ ਵਿਚ ਨੋਟਾਂ ਦੀ ਕਾਢ ਨਹੀਂ ਸੀ ਨਿਕਲੀ, ਰੁਪਈਆਂ ਦਾ ਬੋਝ ਚੁਕਣਾ ਮੁਸ਼ਕਲ ਹੁੰਦਾ ਸੀ, ਇਸ ਕਰਕੇ ਕਈ ਥਾਂ ਇਕ ਤੋਲਾ ਯਾ ਵਧ ਸੋਨੇ ਦੀ ਮੰਗ ਕੀਤੀ ਗਈ ਹੈ। ਤਾਤਪਰਯ ਇਹੋ ਹੀ ਸੀ ਕਿ ਰਕਮ ਸੌਖ ਨਾਲ ਪਹੁੰਚਾਈ ਜਾ ਸਕੇ। ਸਮੁੱਚੇ ਤੌਰ 'ਤੇ ਇਨ੍ਹਾਂ ਹੁਕਮਨਾਮਿਆਂ ਵਿਚ ਆਏ ਮਜ਼ਮੂਨਾਂ ਨੂੰ ਅਸੀਂ ਇਸ ਪ੍ਰਕਾਰ ਵੰਡ ਕੇ ਸੌਖਿਆਂ ਸਮਝ ਸਕਦੇ ਹਾਂ :

1. ਗੁਰੂ ਨਿਮਿਤ ਰੱਖੀ ਗਈ ਦਸਵੰਧ ਦੀ ਰਕਮ ਨੂੰ ਛੇਤੀ ਪਹੁੰਚਾਇਆ ਜਾਵੇ।

2. ਸਿੱਖਾਂ ਨੂੰ ਚੰਗੇ ਹਥਿਆਰਾਂ ਦੀ ਭੇਟਾ ਲਿਆਉਣ ਲਈ ਆਖਿਆ ਗਿਆ ਹੈ ਤੇ ਪੰਜ ਹਥਿਆਰ (ਕ੍ਰਿਪਾਨ, ਤੀਰ ਕਮਾਨ, ਨੇਜ਼ਾ, ਕਟਾਰ ਤੇ ਬੰਦੂਕ) ਸਜਾ ਕੇ ਹਜ਼ੂਰ ਪੁੱਜਣ ਦੀ ਤਾਕੀਦ ਹੈ।

ਯਾਦ ਰਹੇ 'ਮੁਆਸਰੀ ਆਲਮਗੀਰੀ' ਅਨੁਸਾਰ ਫੱਗਣ ੧੭੫੧ ਬਿ. ਵਿਚ ਔਰੰਗਜ਼ੇਬ ਨੇ ਸ਼ਰੀਫ ਰਮਾਨ ਰਾਹੀਂ ਰਾਜਪੂਤਾਂ ਤੋਂ ਸਿਵਾ ਤਮਾਮ ਹਿੰਦੂਆਂ ਨੂੰ ਹਥਿਆਰ ਪਹਿਨਣ ਦੀ ਮਨਾਹੀ ਕਰ ਦਿੱਤੀ ਸੀ।

3. ਸਤਿਗੁਰੂ ਵਲੋਂ ਥਾਪੇ ਮੋਹਰੀ ਕਾਰਦਾਰ ਮਸੰਦ ਚੂੰਕਿ ਵਿਚਲ ਗਏ ਸਨ ਤੇ ਆਪਣੇ ਆਪਣੇ ਇਲਾਕੇ ਦੀ ਸੰਗਤ ਨੂੰ ਆਪਣੀ ਹੀ ਮਲਕੀਅਤ ਸਮਝਣ ਲੱਗ ਪਏ ਸਨ ਅਤੇ ਇਨ੍ਹਾਂ ਵਿਚ ਇਨਕਲਾਬੀ ਲਹਿਰ ਦਾ ਸਾਥ ਦੇਣ ਜੋਗੀ ਸਤਿਆ ਵੀ ਨਹੀਂ ਸੀ। ਇਸ ਕਰਕੇ ਗੁਰੂ ਸਾਹਿਬ ਨੇ 'ਮਸੰਦ ਸਿਸਟਮ' ਤੋੜ ਕੇ ਸਾਰੀ ਸਿੱਖ ਸੰਗਤ ਨੂੰ ਆਪਣੇ ਨਾਲ ਜੋੜ ਲਿਆ ਤੇ 'ਖ਼ਾਲਸਾ' ਸੰਕੇਤ ਉਸ ਜਾਇਦਾਦ ਲਈ ਵਰਤਿਆ ਜਾਂਦਾ ਸੀ ਜੋ ਸਿੱਧੀ ਬਾਦਸ਼ਾਹ ਦੀ ਆਪਣੀ ਮਲਕੀਅਤ ਹੋਵੇ। ਸੋ ਇਸ ਤਰ੍ਹਾਂ ਦਸਮੇਸ਼ ਜੀ ਨੇ ਸਾਰੀ ਸੰਗਤ ਨੂੰ 'ਖ਼ਾਲਸਾ' ਕਹਿ ਕੇ ਵਡਿਆਇਆ। ਹੁਕਮਨਾਮਿਆਂ ਵਿਚ ਬਾਰ ਬਾਰ ਇਹ ਕਿਹਾ ਗਿਆ ਹੈ 'ਸੰਗਤ ਮੇਰੀ ਖਾਲਸਾ ਹੈ।' ਇਸ ਦਾ ਭਾਵ ਇਹ ਹੈ ਕਿ ਸੰਗਤ ਹੁਣ ਮਸੰਦਾਂ ਦੇ ਅਧੀਨ ਨਹੀਂ, ਸਿੱਧੀ ਗੁਰੂ ਦੀ ਛਤ੍ਰ ਛਾਇਆ ਹੇਠ ਹੈ।

www.sikhbookclub.com

4. ਇਸੇ ਲਈ ਬਾਰ ਬਾਰ ਹਦਾਇਤ ਕੀਤੀ ਹੈ ਕਿ ਸਿੱਖ ਮਸੰਦਾਂ ਦਾ ਹੁਕਮ ਨਾ ਮੰਨਣ ਕਿਉਂਕਿ ਉਹ ਗੁਰੂ ਆਗਿਆ ਅਨੁਸਾਰ ਨਹੀਂ ਚਲਦੇ।

5. ਜੋ ਸਿੱਖ ਮਸੰਦਾਂ ਦੇ ਪਿੱਛੇ ਲੱਗੇ ਹਨ, ਉਨ੍ਹਾਂ ਮਸੰਦੀਆਂ ਨਾਲ ਵੀ ਵਰਤਾਉ ਨਾ ਕੀਤਾ ਜਾਵੇ।

6. ਹਾਂ, ਜੇਕਰ ਇਹ ਮਸੰਦ ਤੇ ਮਸੰਦੀਏ ਆਪਣਾ ਪੁਰਾਣਾ ਰਵੱਈਆ ਛੱਡ ਦੇਣ ਤੇ ਗੁਰੂ ਦੀ ਦੱਸੀ ਰਹਿਤ ਮਰਯਾਦਾ ਅਨੁਸਾਰ ਚੱਲਣ ਤਾਂ ਇਨ੍ਹਾਂ ਨੂੰ ਨਾਲ ਮਿਲਾ ਲੈਣਾ। ਇਹ ਉਚੇਚਾ ਕਿਹਾ ਗਿਆ ਹੈ ਕਿ ਇਸ ਹਾਲਤ ਵਿਚ ਜ਼ਰਾ ਵੀ ਹਿੱਚ ਨਾ ਕੀਤੀ ਜਾਵੇ।

7. ਕਈ ਉੱਚੇ ਆਚਾਰ ਵਾਲੇ ਮਸੰਦਾਂ ਦੀ ਪ੍ਰਤਿਸ਼ਠ ਮਾਨਤਾ ਨੂੰ ਕਾਇਮ ਰੱਖਿਆ ਤੇ ਉਨ੍ਹਾਂ ਦੀ ਸਰੇਸ਼ਟਤਾ ਦੀ ਸ਼ਲਾਘਾ ਵੀ ਕੀਤੀ ਹੈ ਜਿਵੇਂ ਭਾਈ ਬਹਿਲੋ ਦਾ ਦੇਸ ਰਾਜ, ਭਾਈ ਰੂਪੇ ਕਾ ਮਿਹਰ ਚੰਦ, ਭਾਈ ਫੇਰੂ ਆਦਿ।

8. ਮੁਗ਼ਲ ਸਰਕਾਰ ਦੀ ਨੌਕਰੀ ਵਿਚ ਵੀ ਕਈ ਚੰਗੇ ਪ੍ਰੇਮੀ ਗੁਰਸਿੱਖ ਸਨ, ਜਿਵੇਂ ਕਿ ਮੇਹਰ ਚੰਦ ਖੁਫੀਏ ਨਵੀਸ ਦਾ ਪੇਸ਼ਕਾਰ ਯਾ ਮੁਨਸ਼ੀ ਸੀ। ਇਸੇ ਤਰ੍ਹਾਂ ਸ਼ਹਿਜ਼ਾਦਾ ਅਜ਼ੀਮੁਸ਼ਾਨ ਦੇ ਲਸ਼ਕਰ ਦੀ ਸੰਗਤ ਦੇ ਨਾਮ ਲਿਖੇ ਪੱਤਰ ਤੋਂ ਪਰਗਟ ਹੈ ਕਿ ਭਾਈ ਮੁਹਕਮ ਸਿੰਘ ਤੇ ਭਾਈ ਸਤੀ ਦਾਸ ਵਰਗੇ ਸਿੱਖ ਚੰਗੇ ਵੱਡੇ ਅਹੁਦਿਆਂ 'ਤੇ ਸਨ।

9. ਮਾਨਨੀਕ ਸਿੱਖਾਂ ਨੂੰ ਗੁਰੂ ਸਾਹਿਬ 'ਭਾਈ' ਕਹਿ ਕੇ ਸੰਬੋਧਦੇ ਸਨ ਯਾ ਕਈ ਥਾਂ ਇਹ ਵੀ ਲਿਖਿਆ ਹੈ ਕਿ ਸੰਗਤ ਗੁਰੂ ਦੀ ਕੋਠੜੀ ਹੈ। ਇਸ ਤੋਂ ਸਤਿਗੁਰਾਂ ਦਾ ਸਿੱਖ ਸੰਗਤਾਂ ਪ੍ਰਤੀ ਅਪਣੱਤ ਭਾਵ ਪ੍ਰਗਟ ਹੁੰਦਾ ਹੈ।

10. ਸਿੱਖ ਸੰਗਤਾਂ ਦੇ ਸਾਲਾਨਾ ਜੋੜ ਮੇਲ ਵਿਸਾਖੀ ਤੇ ਦੀਵਾਲੀ ਨੂੰ ਹੋਇਆ ਕਰਦੇ ਸਨ। ਜ਼ਾਹਰ ਹੈ ਕਿ ਇਨ੍ਹਾਂ ਇਕੱਠਾਂ ਦੀ ਰੀਤ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਚਾਲੂ ਸੀ।

11. ਇਕ ਗੱਲ ਹੋਰ ਵੀ ਪ੍ਰਗਟ ਹੈ ਕਿ ਇਹ ਹੁਕਮਨਾਮੇ ਗੁਰੂ ਸਾਹਿਬ ਦੇ ਖ਼ੁਦ ਹੱਥੀਂ ਲਿਖੇ ਹੋਏ ਨਹੀਂ। ਇਸੇ ਕਰਕੇ ਹਰ ਇਕ ਦਾ ਆਰੰਭ ਇਉਂ ਹੁੰਦਾ ਹੈ, 'ਸ੍ਰੀ ਗੁਰੂ ਜੀਉ ਦੀ ਆਗਿਆ ਹੈ'। ਇਉਂ ਹੋ ਸਕਦਾ ਹੈ ਕਿ ਲਿਖਾਏ ਗੁਰੂ ਸਾਹਿਬ ਨੇ ਹੋਣ ਜਿਵੇਂ ਕਿ ਡਿਕਟੇਸ਼ਨ ਦਿੱਤੀ ਜਾਂਦੀ ਹੈ। ਲਿਖੇ ਜਾਣ ਉਪਰੰਤ ਗੁਰੂ ਸਾਹਿਬ ਖ਼ੁਦ ਉਸ ਪੱਤਰ ਨੂੰ ਦੇਖਦੇ ਸਨ ਅਤੇ ਸਹੀ ਪਾਉਣ ਲੱਗਿਆਂ ਪਾਸੇ 'ਤੇ ਜ਼ਰੂਰੀ ਗੱਲ ਨੂੰ ਦੁਹਰਾ ਵੀ ਦਿੰਦੇ ਸਨ, ਜਿਵੇਂ ਕਿ ਇਨ੍ਹਾਂ ਪੱਤਰਾਂ ਦੀਆਂ ਵਖੀਆਂ 'ਤੇ ਪਈਆਂ ਇਕ ਇਕ ਦੋ ਦੋ ਸਤਰਾਂ ਤੋਂ ਪ੍ਰਗਟ ਹੈ।

12. ਅਠਾਰ੍ਹਵੀਂ ਸਦੀ ਦੀ ਪੰਜਾਬੀ ਖ਼ਤ-ਪੱਤਰ ਲਿਖਣ ਦੀ ਸ਼ੈਲੀ ਦਾ ਮੁਹਾਂਦਰਾਂ ਵੀ ਇਨ੍ਹਾਂ ਹੁਕਮਨਾਮਿਆਂ ਤੋਂ ਝਲਕਦਾ ਹੈ। ਜ਼ਰੂਰੀ ਗੱਲ ਨੂੰ ਕਈ ਵਾਰ ਦੁਹਰਾਇਆ ਜਾਂਦਾ ਸੀ ਤਾਂ ਕਿ ਤਾਕੀਦ ਹੋ ਜਾਵੇ। ਵਾਰਤਕ ਦੀ ਸਾਦਗੀ ਵੀ ਸਹਿਜ ਤੇ ਮਾਨਸਕ ਸੁਅੱਛਤਾ ਨੂੰ ਪ੍ਰਗਟਾਉਣ ਵਾਲੀ ਹੈ।

ਵੰਨਗੀ ਵਜੋਂ ਦੋ ਹੁਕਮਨਾਮੇ ਇਥੇ ਦਿੰਦੇ ਹਾਂ :

ੴ ਸਤਿਗੁਰੂ ਜੀਓ

ਸਿਰੀ ਗੁਰ ਜੀਉ ਕੀ ਆਗਿਆ ਹੈ ਭਾਈ ਤਿਲੋਕਾ ਭਾਈ ਰਾਮਾ ਸਰਬਤਿ ਸੰਗਤਿ, ਗੁਰੂ ਰਖੇਗਾ ਤੁਧ ਜਮੀਅਤਿ ਲੈ ਕੇ ਅਸਾਡੇ ਹਜ਼ੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖ਼ੁਸ਼ੀ ਹੈ ਤੇਰਾ ਘਰ

www.sikhbookclub.com

ਮੇਰਾ ਘਰ ਹੈ ਤੁਧੁ ਹੁਕਮ ਦੇਖਦਿਆਂ ਹੀ ਛੇਤੀ ਅਸਾਡੇ ਹਜ਼ੂਰ ਆਵਨਾ ਤੇਰਾ ਘਰ ਮੇਰਾ ਅਸੈ। ਤੁਧ ਸਿਤਾਬੀ ਹੁਕਮ ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜ਼ਰੂਰ ਆਣਾ ਤੇਰੇ ਉਤੇ ਅਸਾਡੀ ਭਾਰੀ ਮਿਹਰਵਾਨਗੀ ਅਸੈ ਤੈ ਆਵਣਾ ਇਕ ਜੋੜਾ ਭੇਜਾ ਹੈ ਰਖਾਵਣਾ ਭਾਦੋ ੨ ਸੰਮਤ ੧੭੫੩॥

ੴ ਸਤਿਗੁਰੂ ਜੀਉ

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰ ਚੰਦ ਪੇਸ਼ਕਾਰ ਖੁਫੀਏ ਨਵੀਸ ਕਾ ਮੇਰਾ ਖਾਲਸਾ ਹੈ, ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਰੁਪਯੇ ੨੫) ਪੰਜੀ ਫਰਮਾਇਸਿ ਲਿਖੀ ਹੈ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ, ਖਸਮਾਨਾ ਹੋਗੁ ਬਾਹੁੜੀ ਹੋਵੈਗੀ ਮਸੰਦ ਅਰੁ ਮਸੰਦੀਏ ਨੋ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਤ ਕਾ ਹੋਵੈ ਸੋ ਹਜ਼ੂਰ ਪਹੁਚਾਵਣਾ ਨਿਹਾਲੁ ਹੋਵਉਗੇ ਜੋ ਸਿਖ ਮਿਲੈ ਸੋ ਮੇਲ ਲੈਵਣਾ ਮੇਰੀ ਖੁਸ਼ੀ ਹੈ। ਦਿਕਤਿ ਨਾਹੀ ਕਰਣੀ ਅਰੁ ਹਥੀਆਰ ਬੰਨ ਕੈ ਦਰਸਨ ਆਵਣਾ ਜੋ ਸਿਖ ਦਰਸਨ ਆਵਗੁ ਤਿਸਦੀ ਘਾਲ ਥਾਇ ਪਵੈਗੀ। ਮਿਤੀ ਫਾਗੋ ੧੦, ਸੰਮਤ ੧੭੫੯॥ ਸਤਰਾਂ ੯॥

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਦੇ ਇਹ ਹੁਕਮਨਾਮੇ ਜਿਥੇ ਬੜੀ ਭਾਰੀ ਇਤਿਹਾਸਕ ਅਹਿਮੀਅਤ ਰੱਖਦੇ ਹਨ, ਉਥੇ ਇਨ੍ਹਾਂ ਦੀ ਸਿੱਧੀ ਸਾਦੀ ਗੱਦ ਸ਼ੈਲੀ ਵੀ ਨਿਰਛਲਤਾ ਤੇ ਸੁਹਿਰਦਤਾ ਦਾ ਪ੍ਰਭਾਵ ਹੈ ਜਿਸ ਰਾਹੀਂ ਸਤਿਗੁਰੂ ਆਪਣੇ ਸਿੱਖਾਂ ਨਾਲ ਡੂੰਘੇ ਸੰਬੰਧਾਂ ਦਾ ਪ੍ਰਗਟਾਵਾ ਕਰਦੇ ਸਨ ਤੇ ਉਨ੍ਹਾਂ ਨੂੰ ਇਨਕਲਾਬੀ ਸਰਗਰਮੀਆਂ ਵਿਚ ਸਹਿਯੋਗੀ ਹੋਣ ਦੀ ਦਾਅਵਤ ਦਿੰਦੇ ਸਨ।

ਪਰ ਇਕ ਗੱਲ ਖ਼ਾਸ ਤੌਰ 'ਤੇ ਧਿਆਨ ਯੋਗ ਹੈ ਕਿ ਇਨ੍ਹਾਂ ਚਿੱਠੀ ਪੱਤਰਾਂ ਦੇ ਸਤਿਕਾਰ ਕਾਰਨ ਕੁਝ ਲੋਕਾਂ ਬਾਅਦ ਵਿਚ ਜਾਅਲੀ ਹੁਕਮਨਾਮੇ ਤਿਆਰ ਕਰਕੇ ਸਿੱਖ ਸੰਗਤਾਂ ਨੂੰ ਭੁਚਲਾਉਣ ਦੀ ਕੋਸ਼ਿਸ਼ ਕੀਤੀ ਤੇ ਪ੍ਰੇਮੀ ਸਿੱਖਾਂ ਪਾਸੋਂ ਦਾਨ ਸਨਮਾਨ ਹਾਸਲ ਕਰਨ ਦਾ ਵੀ ਹੀਲਾ ਕੀਤਾ ਪਰੰਤੂ ਖੋਜੀਆਂ ਦੀ ਤਿੱਖੀ ਨਜ਼ਰ ਨੇ ਇਹ ਸਾਰਾ ਪਾਜ ਖੋਲ੍ਹ ਦਿੱਤਾ ਹੈ ਤੇ ਨਕਲੀ ਹੁਕਮਨਾਮਿਆਂ ਦਾ ਰੂਪ ਉਘੜ ਆਇਆ ਹੈ।

(4/1968)

www.sikhbookclub.com

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੁਕਮਨਾਮੇ

ਤਖ਼ਤ ਸ੍ਰੀ ਪਟਨਾ ਸਾਹਿਬ—ਇਕ ਜਾਣ-ਪਛਾਣ

ਪਟਨਾ, ਬਿਹਾਰ ਦੀ ਰਾਜਧਾਨੀ ਕਰਕੇ ਹੀ ਪ੍ਰਸਿੱਧ ਨਹੀਂ ਹੈ, ਇਸ ਦੀ ਮਹਾਨਤਾ ਸਿੱਖ ਧਰਮ ਦੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਹੋਣ ਕਰਕੇ ਵੀ ਹੈ। ਪਟਨੇ ਦੀ ਇਸ ਧਰਤੀ ਨੂੰ ਤਿੰਨ ਗੁਰੂ-ਸਾਹਿਬਾਨ—ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਚਰਨ-ਛੁਹ ਨਾਲ ਪਵਿੱਤਰ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ ਸਮੇਂ[1] ਪਟਨਾ ਵਿਖੇ ਸਾਲਸ ਰਾਇ ਜੌਹਰੀ ਨੂੰ ਉਪਦੇਸ਼ ਦਿੱਤਾ, ਉਹ ਸਿੱਖ ਬਣਿਆ, ਆਪਣੀ ਹਵੇਲੀ ਨੂੰ ਸੰਗਤ ਦਾ ਰੂਪ ਦਿੱਤਾ।[2] ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਸਿੱਖ ਸੰਗਤਾਂ ਨੂੰ ਤਾਰਨ ਹਿੱਤ ਪੂਰਬ ਦਾ ਦੌਰਾ ਅਰੰਭਿਆ। ਗੁਰੂ ਜੀ ਪਰਿਵਾਰ ਸਮੇਤ ਪਟਨੇ ਪਹੁੰਚੇ। ਜਿਸ ਹਵੇਲੀ ਵਿਖੇ ਪਰਿਵਾਰ ਨੂੰ ਕੁਝ ਹਜ਼ੂਰੀ ਸਿੱਖਾਂ ਦੀ ਨਿਗਰਾਨੀ ਹੇਠ ਛੱਡ ਕੇ ਆਪ ਆਸਾਮ-ਬੰਗਾਲ ਦੇ ਟੂਰ 'ਤੇ ਚਲੇ ਗਏ।[3]

ਇਸੇ ਹਵੇਲੀ ਵਿਖੇ 22 ਦਸੰਬਰ 1666 ਈ. ਨੂੰ ਬਾਲ ਗੋਬਿੰਦ ਰਾਇ ਦਾ ਆਗਮਨ ਹੋਇਆ। ਗੁਰੂ ਜੀ ਨੇ ਆਪਣੇ ਬਚਪਨ ਦੇ ਲਗਭਗ 5-6 ਸਾਲ ਇਥੇ ਗੁਜ਼ਾਰੇ। ਇਸ ਸਮੇਂ ਦੌਰਾਨ ਪੰਡਤ ਸ਼ਿਵ ਦੱਤ, ਰਾਜਾ ਫਤਹਿ ਚੰਦ ਮੈਨੀ, ਨਵਾਬ ਰਹੀਮ ਬਖ਼ਸ਼, ਕਰੀਮ ਬਖ਼ਸ਼ ਅਤੇ ਹੋਰ ਅਨੇਕਾਂ ਹੀ ਲੋਕ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਇਹ ਪਵਿੱਤਰ ਅਸਥਾਨ ਸਿੱਖ ਪੰਥ ਵਲੋਂ ਸਿੱਖ ਧਰਮ ਦਾ ਦੂਸਰਾ ਤਖ਼ਤ ਪਰਵਾਨ ਕੀਤਾ ਗਿਆ।[4]

ਹੁਕਮਨਾਮਾ

ਤਖ਼ਤ ਦਾ ਸਬੰਧ ਪਾਤਸ਼ਾਹ ਨਾਲ ਹੈ। ਗੁਰਮਤਿ ਵਿਚਾਰਧਾਰਾ ਵਿਚ ਤਖ਼ਤ ਤੋਂ ਭਾਵ ਦੁਨਿਆਵੀ ਤਖ਼ਤ ਨਹੀਂ। ਇਥੇ ਤਖ਼ਤ ਤੋਂ ਭਾਵ ਅਕਾਲ ਪੁਰਖ ਦਾ ਆਪਣਾ ਤਖ਼ਤ ਹੈ ਜੋ ਸਦੀਵੀ ਹੈ। ਇਥੇ ਸੱਚਾ ਨਿਆਂ ਹੁੰਦਾ ਹੈ।

> ਦੁਨਿਆਵੀ ਤਖ਼ਤਾਂ 'ਤੇ ਜਾਰੀ ਕੀਤੇ ਫ਼ੁਰਮਾਨ ਝੂਠੇ ਵੀ ਹੋ ਸਕਦੇ ਹਨ, ਉਹਨਾਂ ਦੇ ਮੰਨਣ ਤੋਂ ਜਨਤਾ ਇਨਕਾਰੀ ਵੀ ਹੋ ਸਕਦੀ ਹੈ। ਇਸ ਦੇ ਉਲਟ ਸਿੱਖ ਧਰਮ ਵਿਚ ਤਖ਼ਤ ਦੇ ਫ਼ੁਰਮਾਨ (ਹੁਕਮਨਾਮੇ) ਹਮੇਸ਼ਾਂ ਪੰਥ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਹੁੰਦੇ ਹਨ। ਹੁਕਮਨਾਮਾ ਇਕ ਵਿਅਕਤੀ ਪ੍ਰਤੀ ਜਾਂ ਸਮੂਹ ਨੂੰ ਵੀ ਜਾਰੀ ਹੋ ਸਕਦਾ ਹੈ। ਹੁਕਮਨਾਮਾ ਆਜ਼ਾਦ ਕੌਮ ਆਜ਼ਾਦ ਹਸਤੀ ਦਾ ਸੂਚਕ ਹੈ।

www.sikhbookclub.com

ਹੁਕਮਨਾਮਿਆਂ ਦੀ ਮਹੱਤਤਾ ਇਸ ਵਿਚ ਦਿੱਤੇ ਗਏ ਆਦੇਸ਼ ਅਤੇ ਗੁਰੂ ਸਾਹਿਬਾਨ ਦੀ ਹੱਥ-ਲਿਖਤ ਹੋਣ ਕਰਕੇ ਹੈ। ਇਸ ਦਾ ਸਬੰਧ ਮਨ ਦੀ ਭਾਵਨਾ ਨਾਲ ਹੈ। ਸਰਦਾਰ ਕਰਮ ਸਿੰਘ ਲਿਖਦੇ ਹਨ :

> ਇਹ ਚੀਜ਼ਾਂ ਅਮੋਲਕ ਹਨ। ਜਿਸ ਤਰ੍ਹਾਂ ਹੀਰੇ ਜਵਾਹਰਾਤ ਦਾ ਮੁਲ ਕੇਵਲ ਜੌਹਰੀ ਹੀ ਪਾ ਸਕਦੇ ਹਨ, ਇਸੇ ਤਰ੍ਹਾਂ ਇਨ੍ਹਾਂ ਇਤਿਹਾਸਕ ਰਤਨਾਂ ਦਾ ਮੁਲ ਕੇਵਲ ਇਤਿਹਾਸਕਾਰ ਹੀ ਪਾ ਸਕਦੇ ਹਨ।[5]

ਹੁਕਮਨਾਮਿਆਂ ਦਾ ਉਦੇਸ਼

ਹੁਕਮਨਾਮਿਆਂ ਰਾਹੀਂ ਦੂਰ ਦਰਾਡੇ ਸਿੱਖ ਸੰਗਤਾਂ ਤਾਈਂ ਗੁਰੂ ਦਾ ਉਪਦੇਸ਼ ਪਹੁੰਚਾਇਆ ਜਾਂਦਾ ਸੀ। ਗੁਰਮਤਿ ਦਾ ਪ੍ਰਚਾਰ, ਗੁਰੂ ਕੇ ਲੰਗਰ ਲਈ ਕਾਰ ਭੇਟਾ, ਗੁਰੂ ਦੇ ਪਹੁੰਚਣ ਲਈ ਸੰਗਤਾਂ ਵਲੋਂ ਪ੍ਰਬੰਧ, ਸਿੱਖ ਸੰਗਤਾਂ ਤਾਈਂ ਖ਼ੁਸ਼ੀ ਦੇ ਪ੍ਰਗਟਾਵੇ, ਸੰਗਤਾਂ ਦਾ ਮੇਲ ਮਿਲਾਪ ਰੱਖਣਾ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਦੀ ਫੁਰਮਾਇਸ਼, ਗੁਰਪੁਰਬਾਂ ਲਈ ਉਤਸ਼ਾਹ, ਖਾਸ-ਖਾਸ ਮੌਕਿਆਂ 'ਤੇ ਗੁਰੂ ਦੀ ਹਜ਼ੂਰੀ ਵਿਚ ਆਉਣ ਲਈ ਪ੍ਰੇਰਨਾ।

ਇਹ ਹੁਕਮਨਾਮੇ ਗੁਰੂ ਸਾਹਿਬਾਨ ਦੇ ਸਮੇਂ ਦੇ ਧਾਰਮਿਕ, ਰਾਜਸੀ, ਭਾਈਚਾਰਕ, ਸਾਹਿਤਕ ਅਤੇ ਆਰਥਿਕ ਇਤਿਹਾਸ ਲਈ ਬਹੁਮੁੱਲੇ ਮੂਲ-ਮਸਾਲੇ ਦਾ ਅਦੁੱਤੀ ਖ਼ਜ਼ਾਨਾ ਹਨ।[6]

ਡਾ. ਗੰਡਾ ਸਿੰਘ ਨੇ ਤਖ਼ਤ ਪਟਨਾ ਸਾਹਿਬ ਵਿਖੇ 33 ਹੁਕਮਨਾਮਿਆਂ ਦਾ ਜ਼ਿਕਰ ਕੀਤਾ।[7] ਆਪ ਨੇ 1933 ਵਿਚ ਬੰਗਾਲ, ਬਿਹਾਰ ਤੇ ਯੂ.ਪੀ. ਦਾ ਟੂਰ ਕੀਤਾ ਅਤੇ ਥਾਂ-ਥਾਂ ਜਾ ਕੇ ਇਨ੍ਹਾਂ ਹੁਕਮਨਾਮਿਆਂ ਪ੍ਰਤੀ ਜਾਣਕਾਰੀ ਪ੍ਰਾਪਤ ਕਰਨ ਲਈ ਛਾਣਬੀਣ ਕੀਤੀ। ਵੇਦ ਪ੍ਰਕਾਸ਼ ਨੇ ਆਪਣੀ ਪੀ.ਐਚ.ਡੀ. ਸੋਧ ਪੱਤਰ ਵਿਚ 35 ਹੁਕਮਨਾਮਿਆਂ ਦਾ ਜ਼ਿਕਰ ਕੀਤਾ ਹੈ।[8] ਇਨ੍ਹਾਂ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਉਨ੍ਹਾਂ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਸੀ ਜੋ ਬਾਬਾ ਸ੍ਰੀ ਚੰਦ ਜੀ ਤੋਂ ਬਾਦ ਉਦਾਸੀ ਸੰਪਰਦਾਇ ਦੇ ਸੰਚਾਲਕ ਬਣੇ, ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ, ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਦੇਵਾਂ ਅਤੇ ਮਾਤਾ ਸੁੰਦਰੀ ਜੀ ਵਲੋਂ ਜਾਰੀ ਕੀਤੇ ਹੁਕਮਨਾਮਿਆਂ ਦਾ ਜ਼ਿਕਰ ਹੈ। ਇਨ੍ਹਾਂ ਵਿਚੋਂ 33 ਹੁਕਮਨਾਮੇ ਤਖ਼ਤ ਸਾਹਿਬ 'ਤੇ ਉਪਲਬਧ ਹਨ, ਦੋ ਹੁਕਮਨਾਮੇ ਉਚਲਾ ਅਤੇ ਲੱਛਮੀਪੁਰ ਦੀ ਸਿੱਖ ਸੰਗਤ ਪਾਸ ਹਨ। ਇਹ ਦੋਨੋਂ ਪਿੰਡ ਪੂਰਨੀਆਂ ਜ਼ਿਲ੍ਹੇ ਵਿਚ ਪੈਂਦੇ ਹਨ। ਇਥੇ ਪੁਰਾਤਨ ਸਿੱਖਾਂ ਦੀ ਵਸੋਂ ਦੇ ਪੰਜ ਪਿੰਡ ਹਨ ਜਿਨ੍ਹਾਂ ਬਾਰੇ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੇ ਪੂਰਵਜ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਪੰਜਾਬ ਤੋਂ ਆਏ ਸਨ ਅਤੇ ਇਥੇ ਗੁਰੂ ਦੇ ਹੁਕਮ ਅਨੁਸਾਰ ਪ੍ਰਚਾਰ ਹਿੱਤ ਬੈਠ ਗਏ।

ਇਨ੍ਹਾਂ ਹੁਕਮਨਾਮਿਆਂ ਤੋਂ ਉਪਰੰਤ ਮਹੰਤਾਂ ਦੇ ਸਮੇਂ ਵੀ ਕੁਝ ਹੁਕਮਨਾਮੇ ਜਾਰੀ ਹੋਏ ਜਿਨ੍ਹਾਂ ਵਿਚ ਤਖ਼ਤ ਪਟਨਾ ਸਾਹਿਬ ਦੀ ਇਮਾਰਤ ਦੀ ਮੁਰੰਮਤ ਆਦਿ ਦੇ ਲਈ ਖਰਚੇ ਲਈ ਫ਼ੁਰਮਾਇਸ਼ ਹੈ ਅਤੇ ਦੂਸਰੇ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਦੀ ਜਿੱਤ ਸਮੇਂ ਦਾ ਜ਼ਿਕਰ ਹੈ।[9]

ਹੁਕਮਨਾਮਿਆਂ ਦਾ ਲਿਖਣ-ਢੰਗ

ਮੁੱਖ ਰੂਪ ਵਿਚ ਦੋ ਕਿਸਮ ਦੇ ਹੁਕਮਨਾਮੇ ਸਾਡੇ ਸਾਹਮਣੇ ਆਉਂਦੇ ਹਨ। ਪਹਿਲੀ ਕਿਸਮ ਦੇ

www.sikhbookclub.com

ਹੁਕਮਨਾਮੇ ਉਹ ਹਨ ਜੋ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਲਿਖੇ ਗਏ ਜਾਂ ਗੁਰੂ ਸਾਹਿਬ ਦੇ ਸਮੇਂ ਵਿਚ ਲਿਖੇ ਗਏ। ਇਨ੍ਹਾਂ ਹੁਕਮਨਾਮਿਆਂ ਵਿਚ ਪਹਿਲਾਂ ਸੰਗਤ ਦੇ ਸਿੱਖਾਂ ਦੇ ਨਾਮ ਅਤੇ ਬਾਦ ਵਿਚ ਇਸ ਦਾ ਮਜ਼ਮੂਨ ਆਉਂਦਾ ਹੈ। ਇਨ੍ਹਾਂ ਹੁਕਮਨਾਮਿਆਂ ਉੱਤੇ ਗੁਰੂ ਜੀ ਆਪਣਾ ਸਹੀ ਕਰਨ ਲਈ ਨਿਸ਼ਾਨ ਪਾ ਦਿੰਦੇ ਹਨ। ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਕਾਇਮ ਰੱਖਣ ਲਈ ਹੁਕਮਨਾਮੇ ਦੀਆਂ ਕੁਲ ਸਤਰਾਂ ਦਾ ਜ਼ਿਕਰ ਕੀਤਾ ਜਾਂਦਾ ਸੀ।

ਦੂਸਰੇ ਹੁਕਮਨਾਮੇ ਉਹ ਹਨ ਜਿਹੜੇ ਜਾਂ ਤਾਂ ਗੁਰੂ ਜੀ ਤੋਂ ਬਾਅਦ ਲਿਖੇ ਗਏ ਜਾਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਦੀ ਧਰਮ ਪਤਨੀ ਵਲੋਂ ਲਿਖਵਾਏ ਗਏ। ਇਨ੍ਹਾਂ ਦਾ ਆਰੰਭ ਗੁਰੂ ਜੀ ਕੀ ਆਗਿਆ ਹੈਂ, ਨਾਲ ਸ਼ੁਰੂ ਕੀਤਾ ਜਾਂਦਾ ਸੀ। ਹੁਕਮਨਾਮੇ ਦੇ ਸ਼ੁਰੂ ਵਿਚ

ੴ ਸਤਿਗੁਰੂ, ੴ ਸਤਿਗੁਰੂ ਜੀ, ੴ ਗੁਰੂਸਤਿ

ਨਾਲ ਸ਼ੁਰੂ ਕੀਤਾ ਜਾਂਦਾ ਸੀ। ਇਨ੍ਹਾਂ ਦੋਨਾਂ ਕਿਸਮ ਦੇ ਹੁਕਮਨਾਮਿਆਂ ਵਿਚ ਸੰਗਤ ਵਲੋਂ ਦਿੱਤੀਆਂ ਵਸਤਾਂ ਵਰਣਨ, ਫਿਰ ਧੰਨਵਾਦ, ਅੰਤ ਵਿਚ ਗੁਰੂ ਦਾ ਆਸ਼ੀਰਵਾਦ ਤੇ ਸ਼ੁਭ ਕਾਮਨਾਵਾਂ ਦਿੱਤੀਆਂ ਜਾਂਦੀਆਂ ਮਨ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਲਿਖੇ ਹੁਕਮਨਾਮੇ ਕਾਫ਼ੀ ਲੰਬੇ ਹਨ। ਇਨ੍ਹਾਂ ਦਾ ਮਜ਼ਮੂਨ ਸਿੱਖ ਸੰਗਤ ਦੇ ਸ਼ਰਧਾਲੂ ਸਿੱਖਾਂ ਦੇ ਨਾਂ, ਗੁਰੂ ਦੀ ਮਤ ਰੱਖਣੀ, ਨਾਮ ਜਪਣ ਦਾ ਉਪਦੇਸ਼, ਹੋਰ ਇਲਾਕੇ ਦੀਆਂ ਮਸ਼ਹੂਰ ਵਸਤਾਂ ਦੀ ਮੰਗ ਕੀਤੀ ਗਈ ਹੈ ਜਦ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਜਾਰੀ ਕੀਤੇ ਹੁਕਮਨਾਮੇ ਬੜੇ ਸੰਖੇਪ ਅਤੇ ਸਰਲ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲਿਖੇ ਗਏ ਹੁਕਮਨਾਮਿਆਂ ਵਿਚ ਹੁਕਮਨਾਮਾ ਲਿਖਣ ਦੀ ਮਿਤੀ ਵੀ ਮਿਲਦੀ ਹੈ ਜਦ ਕਿ ਪਹਿਲੇ ਹੁਕਮਨਾਮਿਆਂ ਵਿਚ ਇਸ ਤਰ੍ਹਾਂ ਦਾ ਰਿਵਾਜ ਨਹੀਂ ਸੀ। ਪਹਿਲੇ ਹੁਕਮਨਾਮਿਆਂ ਦੇ ਅੰਤ ਵਿਚ ਹੁਕਮਨਾਮੇ ਦੀਆਂ ਸਤਰਾਂ ਦੀ ਗਿਣਤੀ ਅੰਕਤ ਕੀਤੀ ਜਾਂਦੀ ਸੀ। ਇਸ ਨਾਲ ਹੁਕਮਨਾਮੇ ਵਿਚ ਕਿਸੇ ਕਿਸਮ ਦਾ ਰਲਾ ਨਹੀਂ ਸੀ ਪੈ ਸਕਦਾ। ਇਸ ਤੋਂ ਇਲਾਵਾ ਗੁਰੂ ਵਲੋਂ ਸਹੀ ਕੀਤਾ ਹੁੰਦਾ ਸੀ।

ਇਨ੍ਹਾਂ ਹੁਕਮਨਾਮਿਆਂ ਦੀ ਬੋਲੀ ਬੜੀ ਸਰਲ ਤੇ ਸਪੱਸ਼ਟ ਹੈ। ਕਿਸੇ ਖ਼ਾਸ ਗੱਲ 'ਤੇ ਜ਼ੋਰ ਦੇਣ ਲਈ 'ਜ਼ਰੂਰੀ' ਸ਼ਬਦਾਂ ਨੂੰ ਦੁਹਰਾਇਆ ਗਿਆ ਹੈ। ਸਮੇਂ ਦੇ ਗੇੜ ਨਾਲ ਹੁਕਮਨਾਮਿਆਂ ਦੇ ਲਿਖਣ ਢੰਗ 'ਚ ਤਬਦੀਲੀ ਆਉਂਦੀ ਗਈ। ਪਹਿਲਾਂ ਜਦੋਂ ਗੁਰੂ ਸਾਹਿਬਾਨ ਸਰੀਰਕ ਰੂਪ 'ਚ ਹਾਜ਼ਰ ਸਨ ਤਾਂ 'ਗੁਰੂ ਕੇ ਸਿੱਖ' ਮਸੰਦ ਪ੍ਰਥਾ ਖ਼ਤਮ ਕਰਨ ਉਪਰੰਤ ਸੰਗਤ ਨੂੰ ਖਾਲਸਾ ਬਣਾਉਣ 'ਤੇ ਗੁਰੂ ਜੀ ਕੇ ਖਾਲਸੇ ਸ਼ਬਦ ਦੀ ਵਰਤੋਂ ਰਹੀ। ਦੇਹਧਾਰੀ ਗੁਰੂ ਦੀ ਪ੍ਰਥਾ ਸਮਾਪਤ ਹੋਣ ਉਪਰੰਤ ਸ੍ਰੀ ਅਕਾਲ ਪੁਰਖ ਜੀ ਕੇ ਖਾਲਸੇ ਦੇ ਸ਼ਬਦ ਲਿਖਣ ਦਾ ਰਿਵਾਜ ਰਿਹਾ।

ਇਸੇ ਤਰ੍ਹਾਂ ਸਮੇਂ ਦੇ ਨਾਲ ਨਾਲ ਸੰਗਤ ਨੂੰ ਅਸੀਸ ਦੇਣ ਦਾ ਢੰਗ ਵੀ ਬਦਲਦਾ ਗਿਆ। ਜਿਵੇਂ ਕਿ ਗੁਰੂ ਰਖੁਗੁ, ਗੁਰੂ ਰਖੇਵਾ, ਗੁਰੂ ਬਹੁੜੀ ਕਰੇਗਾ, ਤੋਂ ਭਾਵ ਗੁਰੂ ਦੀ ਆਤਮਕ ਮਿਹਰ ਅਤੇ ਰੱਖਿਆ ਦੀ ਅਸੀਸ ਹੈ। ਗੁਰਬਾਣੀ ਜਪਣ ਦੀ ਬਰਾਬਰ ਪ੍ਰੇਰਨਾ ਹੈ। ਜਿਹੜੀ ਕਿ ਸਾਨੂੰ ਹਰ ਇਕ ਹੁਕਮਨਾਮੇ ਵਿਚ ਮਿਲਦੀ ਹੈ।

www.sikhbookclub.com

ਇਤਿਹਾਸਕ ਘਟਨਾਵਾਂ ਦਾ ਜ਼ਿਕਰ

ਪਟਨਾ ਸਾਹਿਬ ਵਿਖੇ ਉਪਲਬਧ ਹੁਕਮਨਾਮਿਆਂ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਤਿਹਾਸਕ ਘਟਨਾਵਾਂ ਦਾ ਵੀ ਜ਼ਿਕਰ ਆਉਂਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਪਟਨਾ (ਬਿਹਾਰ ਦੀ ਰਾਜਧਾਨੀ), ਆਲਮਗੰਜ (ਪਟਨਾ ਸ਼ਹਿਰ ਦਾ ਇਕ ਮੁਹੱਲਾ), ਬੀਨਾ (ਪਟਨਾ ਨਾਲ ਲਗਦਾ ਇਕ ਕਸਬਾ), ਮੁੰਗੇਰ (ਬਿਹਾਰ ਦਾ ਇਕ ਜ਼ਿਲ੍ਹਾ) ਸੰਗਤਾਂ ਦੇ ਨਾਮ ਹੁਕਮਨਾਮਾ ਜਾਰੀ ਕਰਦਿਆਂ ਇਥੋਂ ਦੀਆਂ ਖ਼ਾਸ ਮਸ਼ਹੂਰ ਵਸਤਾਂ ਦੀ ਫਰਮਾਇਸ਼ ਕੀਤੀ ਹੈ।[10]

ਇਸੇ ਤਰ੍ਹਾਂ ਅੱਗੇ ਜਾ ਕੇ ਗੁਰੂ ਸਾਹਿਬ ਲਿਖਦੇ ਹਨ :

> ਪੂਰਬ ਦੀ ਸੰਗਤ ਗੁਰੂ ਦਾ ਖਾਲਸਾ ਹੋਇ ॥[11]

ਇਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਪੂਰਬ ਵਿਚ ਕੋਈ ਮਸੰਦ ਨਹੀਂ ਸੀ। ਗੁਰੂ ਜੀ ਨੇ ਸੰਗਤ ਲਈ ਸ਼ਬਦ ਖਾਲਸਾ ਵਰਤਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਮੁੰਗੇਰ ਤੋਂ ਪਟਨਾ ਦੀ ਸੰਗਤ ਦੇ ਨਾਮ ਹੁਕਮਨਾਮਾ ਭੇਜਦਿਆਂ ਲਿਖਿਆ ਹੈ :

> ਅਸੀਂ ਪਰੇ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਨੇ ਮੇਂ ਛੋੜਾ ਹੈ। ਹਮਰਾ ਕਬੀਲਾ ਕਿਸੇ ਅਵਲ ਹਵੇਲੀ ਮੈ ਰਖਣਾ।[12]

ਡਾ. ਗੰਡਾ ਸਿੰਘ ਲਿਖਦੇ ਹਨ :

> ਰਾਜਿਸਥਾਨ ਸਟੇਟ ਆਰਕਾਈਵਜ ਡਿਪਾਰਟਮੈਂਟ ਵਿਚ ਪਏ 'ਅਖਬਾਰਾਤਿ-ਦਰਬਾਰਿ-ਮੁਅੱਲਾ' ਵਿਚ (ਜੋ ਪੁਰਾਣੀ ਜੈਪੁਰ ਰਿਆਸਤ ਤੋਂ ਹੁਣ ਬੀਕਾਨੇਰ ਵਿਚ ਆ ਗਏ ਹੋਏ ਹਨ) (13 ਮਈ ਸੰਨ 1710 ਈ.) ਦੀ ਖ਼ਬਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਿਕਰ ਸਬੰਧੀ ਲਿਖਿਆ ਹੋਇਆ ਹੈ। ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਦੀ ਥਾਂ ਗੁਰੂ ਹਨ ਜੋ ਅਸਾਮ ਵਿਚ ਗੁਰਸਵਾਮੀ ਮਹਾਰਾਜਾ ਰਾਮ ਸਿੰਘ ਦੇ ਨਾਲ ਸਨ।[12]

ਇਸ ਹੁਕਮਨਾਮੇ ਦੇ ਜ਼ਿਕਰ ਤੋਂ ਭਾਵੇਂ ਅਸਿੱਧੇ ਤੌਰ 'ਤੇ ਪਤਾ ਲੱਗਦਾ ਹੈ ਕਿ ਗੁਰੂ ਜੀ ਜੈਪੁਰ ਦੇ ਰਾਜੇ ਨਾਲ ਅਸਾਮ ਜਾ ਰਹੇ ਸਨ।

ਰਾਜਾ ਰਾਮ ਸਿੰਘ ਦਾ ਖਾਨਦਾਨ ਗੁਰੂ ਘਰ ਦਾ ਸ਼ਰਧਾਲੂ ਸੀ। ਔਰੰਗਜ਼ੇਬ ਵਲੋਂ ਅਸਾਮ ਦੀ ਮੁਹਿੰਮ ਫ਼ਤਹ ਕਰਨ ਲਈ ਰਾਜਾ ਰਾਮ ਸਿੰਘ ਨੂੰ ਭੇਜਿਆ ਗਿਆ। ਉਸ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਵੀ ਪੂਰਬ ਵਲ ਗਏ ਹਨ ਤਾਂ ਉਹ ਜਲਦੀ ਹੀ ਪੂਰਬ ਵਲ ਕੂਚ ਕਰ ਗਿਆ ਅਤੇ ਪਟਨਾ ਦੇ ਨਜ਼ਦੀਕ ਜ਼ਿਲ੍ਹਾ ਮੂੰਗੇਰ ਵਿਖੇ ਗੁਰੂ ਜੀ ਨੂੰ ਮਿਲਿਆ। ਇਥੋਂ ਗੁਰੂ ਜੀ ਨੂੰ ਨਾਲ ਲੈ ਕੇ ਅਸਾਮ ਵਲ ਟੁਰ ਗਿਆ। ਜ਼ਿਲ੍ਹਾ ਮੂੰਗੇਰ ਤੋਂ ਹੀ ਰਾਜੇ ਨਾਲ ਜਾਣ ਦਾ ਜ਼ਿਕਰ ਪਟਨਾ ਦੀ ਸੰਗਤ ਦੇ ਨਾਂ ਹੁਕਮਨਾਮੇ ਵਿਚ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੀ ਧੁਬੜੀ (ਅਸਾਮ) ਵਿਖੇ ਦੋਹਾਂ ਰਾਜਿਆਂ (ਰਾਮ ਸਿੰਘ ਤੇ ਅਸਾਮ ਦੇ ਰਾਜੇ) ਦੀ ਸੁਲਹ ਕਰਵਾਈ।

ਇਸ ਹੁਕਮਨਾਮੇ ਰਾਹੀਂ ਗੋਬਿੰਦ ਦਾਸ ਦਾ ਵਧਾਈ ਸੰਦੇਸ਼ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਢਾਕਾ (ਬੰਗਾਲ) ਵਿਖੇ ਸਨ। ਪੁੱਤਰ ਦੇ ਪ੍ਰਕਾਸ਼ ਦੀ

www.sikhbookclub.com

ਸੂਚਨਾ ਮਿਲਣ 'ਤੇ ਦਾਨ-ਪੁੰਨ ਕੀਤਾ। ਪਟਨਾ ਦੀ ਸੰਗਤ ਨੂੰ ਵਧਾਈ ਅਤੇ ਅਸ਼ੀਰਵਾਦ ਦਿੰਦਿਆਂ ਪਟਨੇ ਨੂੰ 'ਗੁਰੂ ਕਾ ਘਰ' ਆਖਿਆ। ਪਟਨਾ ਸਾਹਿਬ ਦੀ ਸੰਗਤ ਦਾ ਪੂਰਬੀ ਭਾਰਤ ਵਿਚ ਖਾਸ ਮਹੱਤਵਪੂਰਨ ਅਸਥਾਨ ਬਣ ਚੁੱਕਾ ਸੀ। ਇਸੇ ਕਾਰਨ ਬਾਅਦ ਵਿਚ ਤਖ਼ਤ ਦਾ ਦਰਜਾ ਦਿੱਤਾ ਗਿਆ।

ਇਨ੍ਹਾਂ ਹੁਕਮਨਾਮਿਆਂ ਵਿਚ ਨਵੀਂ ਚੀਜ਼ ਜਿਹੜੀ ਦੇਖਣ ਵਿਚ ਆਉਂਦੀ ਹੈ ਉਹ ਇਹ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਬੇਬੇ ਪੇੜੀ ਬਾਈ ਨੂੰ ਆਸ਼ੀਰਵਾਦ ਦਿੱਤੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਸਤਰੀਆਂ ਵੀ ਸਿੱਖ ਧਰਮ ਦੇ ਪ੍ਰਚਾਰ ਵਿਚ ਸ਼ਾਮਲ ਸਨ। ਕਿਤੇ ਕਿਤੇ ਸੰਗਤਾਂ ਦੀ ਧਾਰਮਕ ਅਗਵਾਈ ਵੀ ਇਸਤਰੀ ਦੇ ਹੱਥ ਸੀ।[14]

ਪਟਨੇ ਦੀਆਂ ਖਾਸ-ਖਾਸ ਸੁਗਾਤਾਂ ਜਿਵੇਂ ਮੀਨਾ ਪੁਰੀ ਬਾਸਣ ਆਦਿ, ਮਸ਼ਹੂਰ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਵਾਬ ਸੈਫ਼ ਖਾਨ ਨੂੰ ਦੇਣ ਲਈ ਮੰਗਾਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਨਵਾਬ ਸੈਫ਼ ਖਾਨ ਗੁਰੂ ਜੀ ਦਾ ਸ਼ਰਧਾਲੂ ਸੀ। ਨਵਾਬ ਨੇ 1658 ਈ. ਸਰਹੰਦ ਦੀ ਅਮਲਦਾਰੀ ਵਿਚ ਆਪਣੇ ਨਹੋਊ[15] ਪਿੰਡ ਸੈਫਾਬਾਦ ਵਿਚ ਆਬਾਦ ਕੀਤਾ। ਇਥੇ ਹੀ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ ਸੀ। ਮਹਾਰਾਜਾ ਅਮਰ ਸਿੰਘ ਨੇ (1765-82 ਈ.) ਸੈਫ਼ਖਾਨ ਦੇ ਵਾਰਸਾਂ ਨੂੰ ਪੱਕੀ ਪੈਨਸ਼ਨ ਦੇ ਕੇ ਇਸ ਦਾ ਨਾਉਂ ਬਹਾਦਰਗੜ੍ਹ ਕਰ ਦਿੱਤਾ ਸੀ।[16]

10 ਅਗਸਤ, 1730 ਈ. ਰਕਾਬ ਗੰਜ (ਪਟਨਾ ਸਾਹਿਬ ਦਾ ਇਕ ਹਿੱਸਾ) ਦੀ ਸੰਗਤ ਦੇ ਨਾਮ ਮਾਤਾ ਸੁੰਦਰੀ ਜੀ ਵਲੋਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ ਜਿਸ ਵਿਚ ਬੇਬੇ ਨੂਪੀ ਦੀ ਲੜਕੀ ਦੇ ਵਿਆਹ 'ਤੇ 25 ਰੁਪਏ ਦੇਣ ਦਾ ਜ਼ਿਕਰ ਹੈ।[17]

ਇਸ ਹੁਕਮਨਾਮੇ ਤੋਂ ਪਤਾ ਚਲਦਾ ਹੈ ਕਿ ਗੁਰੂ ਸਾਹਿਬ ਤੋਂ ਬਾਅਦ ਸਿੱਖ ਸੰਗਤਾਂ ਅਤੇ ਗੁਰੂ ਜੀ ਦੇ ਸ਼ਰਧਾਲੂ ਸਿੱਖਾਂ ਤੇ ਬੀਬੀਆਂ ਦਾ ਬਰਾਬਰ ਖ਼ਿਆਲ ਰੱਖਿਆ ਜਾਂਦਾ ਸੀ।

12 ਅਪ੍ਰੈਲ 1758 ਈ. ਨੂ ।ਇਕ ਹੁਕਮਨਾਮਾ ਅਤੇ 4 ਫ਼ਰਵਰੀ 1862 ਈ. ਨੂੰ ਦੂਸਰਾ ਹੁਕਮਨਾਮਾ, ਕ੍ਰਮਵਾਰ ਪਟਨੇ ਦੀ ਸੰਗਤ ਅਤੇ ਕੰਤ ਨਗਰ ਮਹੀਸੂਏ ਦੀ ਸੰਗਤ ਦੇ ਨਾਮ ਵੀ ਜਾਰੀ ਕੀਤੇ ਗਏ ਮਿਲਦੇ ਹਨ। ਇਨ੍ਹਾਂ ਵਿਚ ਪਰਿਕਰਮਾ ਦੇ ਫਰਸ਼ ਅਤੇ ਝੰਡੇ ਦੀ ਸੇਵਾ ਦਾ ਜ਼ਿਕਰ ਹੈ। ਇਨ੍ਹਾਂ ਹੁਕਮਨਾਮਿਆਂ ਦਾ ਲਿਖਣ-ਢੰਗ ਵੱਖਰਾ ਹੋ ਗਿਆ ਸੀ। ਉਸ ਵਕਤ ਦੇ ਮਹੰਤ, ਪੁਜਾਰੀ ਸਿੰਘ, ਗ੍ਰੰਥੀ ਸਿੰਘ ਅਤੇ ਅਰਦਾਸੀਏ ਸਿੰਘਾਂ ਦੇ ਨਾਵਾਂ ਦਾ ਪਤਾ ਚਲਦਾ ਹੈ। ਇਸ ਹੁਕਮਨਾਮੇ ਰਾਹੀਂ ਇਕ ਗੱਲ ਹੋਰ ਸਾਹਮਣੇ ਆਉਂਦੀ ਹੈ। ਉਹ ਹੈ ਕਿ ਉਸ ਵਕਤ ਤਖ਼ਤ ਪਟਨਾ ਸਾਹਿਬ ਨੂੰ 'ਦਰਬਾਰ ਸ੍ਰੀ ਪੰਘੂੜਾ' ਵੀ ਕਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਦਾ ਪੰਘੂੜਾ ਅਜੇ ਵੀ ਤਖ਼ਤ ਸਾਹਿਬ 'ਤੇ ਬਿਰਾਜਮਾਨ ਹੈ ਜਿਸ ਦੇ ਸੰਗਤ ਨੂੰ ਦਰਸ਼ਨ ਕਰਾਏ ਜਾਂਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਮੁਲਤਾਨ ਦੀ ਜਿੱਤ ਸਬੰਧੀ ਲਿਖੇ ਹੁਕਮਨਾਮਿਆਂ ਤੇ ਤਖ਼ਤ ਪਟਨਾ ਸਾਹਿਬ ਨੂੰ 'ਸ੍ਰੀ ਤਖ਼ਤ ਬੁੰਗਾ' ਨਾਮ ਨਾਲ ਲਿਖਿਆ ਮਿਲਦਾ ਹੈ। ਇਨ੍ਹਾਂ ਹੁਕਮਨਾਮਿਆਂ 'ਤੇ ਖਾਲਸਾ ਰਾਜ ਦੀ ਮੁਹਰ ਦਾ ਵਰਨਣ ਵੀ ਮਿਲਦਾ ਹੈ। ਜਿਹੜਾ ਕਿ ਹੇਠ ਲਿਖੇ ਅਨੁਸਾਰ ਹੈ :

ਦੇਗੋ ਤੇਗੋ ਫ਼ਤਹਿ ਨੁਸਰਤਿ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਜਿਸ ਤਰ੍ਹਾਂ ਕਿ ਪਹਿਲਾਂ ਵਰਨਣ ਕੀਤਾ ਜਾ ਚੁੱਕਾ ਹੈ ਕਿ ਪਟਨਾ ਸ਼ਹਿਰ ਬਹੁਤ ਸਾਰੀਆਂ

www.sikhbookclub.com

ਵਸਤਾਂ ਲਈ ਮਸ਼ਹੂਰ ਸੀ ਜਿਨ੍ਹਾਂ ਵਿਚੋਂ ਕੁਝ ਵਸਤਾਂ ਜਿਵੇਂ ਇਲਾਚੇ ਗਾੜ੍ਹੇ ਦਾ ਕਪੜਾ, ਨਵਾਰ, ਤਣਾਵਾ, ਪਗੜੀਆਂ, ਮੀਨਾਪੁਰੀ ਬਾਸਣ, ਸੁਰਾਹੀਆਂ, ਪਿਆਲੇ, ਕਬੂਤਰ, ਕੋਇਲਾ ਆਦਿ ਦਾ ਵਰਣਨ ਹੁਕਮਨਾਮਾ ਨੰ: 2, 15, ਅਤੇ 24 ਵਿਚ ਕ੍ਰਮਵਾਰ ਕੀਤਾ ਮਿਲਦਾ ਹੈ। ਇਤਿਹਾਸਕਾਰਾਂ ਦਾ ਕਥਨ ਹੈ ਕਿ ਪਟਨਾ ਸ਼ਿਲਪੀ, ਟੇਰਾ ਕੋਨਾ ਲਈ ਮਸ਼ਹੂਰ ਸੀ। ਇਸ ਦੇ ਵਪਾਰੀ ਸਮਾਟਰਾ, ਸੋਨਦੀਪ ਤਕ ਵਪਾਰ ਲਈ ਜਾਂਦੇ ਹਨ।

ਹਵਾਲੇ

1. ਪ੍ਰੋ. ਸਾਹਿਬ ਸਿੰਘ, *ਗੁਰੂ ਨਾਨਕ ਦੇਵ ਜੀ*।
2. Trilochan Singh, *Guru Nanak*, p. 183.
3. ਗੰਡਾ ਸਿੰਘ, *ਹੁਕਮਨਾਮੇ*।
4. *ਮਹਾਨ ਕੋਸ਼*, ਪੰਨਾ 550.
5. ਗੰਡਾ ਸਿੰਘ, ਉਹੀ।
6. ਉਹੀ।
7. ਉਹੀ, ਪੰਨਾ 7.
8. Ved Parkash, *The Sikhs of Bihar*, p. 128.
9. *ਗੁਰਦੁਆਰਾ ਗਜ਼ਟ*, ਮਈ 1974। ਹੋਰ ਦੇਖੋ *ਗੋਬਿੰਦ ਪ੍ਰਕਾਸ਼*, ਅਪ੍ਰੈਲ 1981 ਵਿਸ਼ੇਸ਼ ਅੰਕ ਤਖ਼ਤ ਦੀ ਮਹਾਨਤਾ।
10. ਗੰਡਾ ਸਿੰਘ, ਹੁਕਮਨਾਮਾ ਨੰ: ੨, ਪੰਨਾ 63.
11. ਉਹੀ, ਹੁਕਮਨਾਮਾ ਨੰ: ੩, ਪੰਨਾ 66.
12. ਉਹੀ, ਹੁਕਮਨਾਮਾ ਨੰ: ੧੨, ਪੰਨਾ 86.
13. ਉਹੀ, ਪੰਨਾ 21.
14. ਉਹੀ, ਹੁਕਮਨਾਮਾ ਨੰ: ੨੩, ਪੰਨਾ 107.
15. ਉਹੀ, ਹੁਕਮਨਾਮਾ ਨੰ: ੨੪, ਪੰਨਾ 108.
16. ਉਹੀ, ਪੰਨਾ 220.
17. ਉਹੀ, ਹੁਕਮਨਾਮਾ ਨੰ: ੮੦, ਪੰਨਾ 221.

(7/1990)

www.sikhbookclub.com

ਦਸਮੇਸ਼ ਪਿਤਾ ਦਾ ਐਲਾਨ

ਆ ਉਰ੍ਹਾਂ! ਥਾਂ-ਥਾਂ ਉੱਤੇ, ਗਰਦਨ ਝੁਕਾਵਣ ਵਾਲਿਆ,
ਅੱਜ ਮੈਂ ਤੇਰੀ ਅਣਖ ਨੂੰ, ਮਗਰੂਰ ਹੁੰਦਾ ਵੇਖਣੈ।
ਬਾਲ ਕੇ ਜੋਤੀ ਹਨੇਰੇ ਵਿਚ, 'ਦਇਆ' ਤੇ 'ਧਰਮ' ਕਉ,
ਤੇਰੇ ਮਨ ਮੰਦਰ ਨੂੰ ਨੂਰੋ ਨੂਰ ਹੁੰਦਾ ਵੇਖਣੈ।
ਤੇਰੀ ਕਾਇਰਤਾ ਨੂੰ ਅੱਜ, 'ਮੁਹਕਮ' ਇਰਾਦੇ ਬਖ਼ਸ਼ ਕੇ,
ਤੇਰੇ ਪੈਰਾਂ ਵਿਚ ਪਰਬਤ ਚੂਰ ਹੁੰਦਾ ਵੇਖਣੈ।
ਤੇਰੇ ਨਿਰਬਲ ਡੌਲਿਆਂ ਵਿਚ, ਪਾ ਕੇ ਹਿੰਮਤ ਦੀ ਕਣੀ,
ਤੇਰੇ ਹੱਥੋਂ ਦੇਸ਼ ਦਾ, ਦੁਖ ਦੂਰ ਹੁੰਦਾ ਵੇਖਣੈ।
ਰੱਖ ਦੇਵੇਂਗਾ ਤੂੰ ਜੇਕਰ ਧੌਣ ਮੇਰੀ ਤੇਗ ਤੇ,
ਤੇਗ ਦੀ ਸਹੁੰ 'ਸਾਹਿਬਿ-ਮੁਖਤਾਰ' ਬਣ ਜਾਏਂਗਾ ਤੂੰ।
ਚਾੜ੍ਹਨਾ ਤੈਨੂੰ ਨਹੀਂ ਮਨਸੂਰ ਦੀ ਸੂਲੀ 'ਤੇ ਮੈਂ,
ਚੜ੍ਹ ਕੇ ਮੇਰੀ ਦਾਹ ਤੇ ਸਰਦਾਰ ਬਣ ਜਾਏਂਗਾ ਤੂੰ।

ਸ਼ਹੀਦੀ-ਖੁਮਾਰੀਆਂ ਵਿਚੋਂ (ਬਲੱਗਣ)

(1/1979)

www.sikhbookclub.com

ਗਣੇਸ਼ਾ ਸਿੰਘ ਬੇਦੀ ਦੀਆਂ ਰਚਨਾਵਾਂ ਤੇ ਨਦੌਣ ਦਾ ਯੁੱਧ

ਕਵੀ ਬਾਬਾ ਗਣੇਸ਼ਾ ਸਿੰਘ ਬੇਦੀ ਬਿਲਾਸ-ਪੁਰੀਏ ਦਾ ਨਾਂ ਸਿੱਖ ਸਾਹਿਤ ਵਿਚ ਹਮੇਸ਼ਾ ਅਮਰ ਰਹੇਗਾ। ਇਹ ਪ੍ਰਸਿੱਧ ਕਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੰਸ ਵਿਚੋਂ ਹੋਇਆ ਹੈ। ਇਸ ਕਵੀ ਦੀਆਂ ਬਹੁਤ ਸਾਰੀਆਂ ਕਾਵਿ-ਰਚਨਾਵਾਂ, ਜੋ ਸਿੱਖ ਗੁਰੂਆਂ ਦੇ ਸੰਬੰਧ ਵਿਚ ਹਨ ਤੇ ਕੁਝ ਪੁਸਤਕਾਂ ਸ੍ਰੀ ਰਾਮ, ਕ੍ਰਿਸ਼ਨ, ਸ਼ਿਵ ਆਦਿ ਜਾਂ ਇਲਾਕਾ ਕੋਹਸਤਾਨ (ਪਹਾੜ) ਦੇ ਇਤਿਹਾਸ ਬਾਰੇ ਵੀ ਹਨ, ਇਸ ਸਮੇਂ ਸਾਨੂੰ ਕਈ ਥਾਈਂ ਪ੍ਰਕਾਸ਼ਿਤ ਜਾਂ ਅਪ੍ਰਕਾਸ਼ਿਤ ਹਾਲਤ ਵਿਚ ਮਿਲਦੀਆਂ ਹਨ। ਜਿਵੇਂ :

1. ਸ੍ਰੀ ਗੁਰੂ ਬੰਸ ਬਿਨੋਦ। 2. ਸ੍ਰੀ ਗੁਰੂ ਨਾਨਕ ਸੂਰਯੋਦਯ। 3. ਸ੍ਰੀ ਕ੍ਰਿਸ਼ਨ ਚੰਦ੍ਰ ਚੰਦ੍ਰਿਕਾ। 4. ਭਗਤ ਚੰਦ੍ਰਿਕਾ ਸ਼ਿੰਗਾਰ ਸ਼ਤਕ। 5. ਸ਼ੁਕ ਰੰਭਾ ਸੰਬਾਦ। 6. ਚਮਤਕਾਰ ਚਿੰਤਾਮਣੀ। 7. ਅਜੀਰਣ ਮੰਜਰੀ। 8. ਬਿਕ੍ਰਮ ਬਿਲਾਸ। 9. ਕੌਤਕ ਬਿਲਾਸ। 10. ਸਾਰ ਸੰਗ੍ਰਹ। 11. ਚੰਦ੍ਰ ਬੰਸ ਬਿਲਾਸ। 12. ਰਤਨ ਸ਼ਤਕ। 13. ਸ਼ੰਭੁ ਸਤੋਤ੍ਰ। 14. ਦੁਰਗਾ ਸਤੋਤ੍ਰ। 15. ਗੁਰੂ ਨਾਨਕ ਸਤੋਤ੍ਰ। 16. ਗੁਰ ਉਪਮਾ ਆਦਿ।

ਇਨ੍ਹਾਂ ਦਾ ਰਚਨਾ ਕਾਲ ਸੰਮਤ ੧੯੦੦ ਬਿ. ਤੋਂ ਸੰਮਤ ੧੯੪੨ ਬਿ. ਤਕ ਹੈ। 'ਸ੍ਰੀ ਗੁਰ ਬੰਸ ਬਿਨੋਦ ਗ੍ਰੰਥ' ਦੀ ਲਿਖਤ ਅਨੁਸਾਰ ਇਸ ਕਵੀ ਦਾ ਬੰਸ ਬ੍ਰਿਛ (ਕੁਰਸੀ ਨਾਮਾ) ਇਸ ਪ੍ਰਕਾਰ ਹੈ :

ਗੁਰੁ ਨਾਨਕ ਸੁਤ ਸ੍ਰੀ ਚੰਦ ਲਖਮੀ ਸੁ ਚੰਦ ਗਨ।
ਲਖਮਿ ਚੰਦ ਕੇ ਧਰਮ ਚੰਦ, ਤਿਹ ਮਾਨਕ ਸਸਿ ਤਨ।
ਤਾਹਿ ਦਤਾਰ ਮਯੰਕ ਤਾਹਿ ਤਾਰਾ ਸਸਿ ਜਾਨੋ।
ਦੂਨੀ ਚੰਦ ਕੇ ਰਾਮ ਕੌਰ ਤਿਹ ਅਰਜਨ ਮਾਨੋ।
ਗੁਰ ਦਹਰ ਦਾਸ ਤਾ ਕੇ ਭਏ ਤਿਹ ਸ੍ਰੀ ਗੰਡਾ ਸਿੰਘ ਬਰ।
ਪੁਨਿ ਤਿਹ ਸੁਤ ਕਵੀ ਗਨੇਸ਼ ਸਿੰਘ,
ਨਮੋ ਸਭਨ ਕਰ ਜੋਰ ਕਰਿ ॥੪੦॥

ਦੋਹਰਾ ॥

ਕਬਿ ਗ੍ਰਿਹ ਪ੍ਰਿਥਮ ਅਨੰਦਪੁਰ, ਅਬ ਬਿਲਾਸ ਪੁਰ ਜਾਨ।
ਦ੍ਵੈ ਸੁਤ ਬਡ ਗਜਰਾਜ ਸਿੰਘ, ਲਘੁ ਮਤੰਗ ਸਿੰਘ ਮਾਨ ॥੪੧॥
(ਦੇਖੋ, ਸ੍ਰੀ ਗੁਰ ਬੰਸ ਬਿਨੋਦ, ਸਫ਼ਾ ੬੫)

www.sikhbookclub.com

ਸਿੱਧ ਹੈ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਖ਼ਾਨਦਾਨ ਵਿਚੋਂ ਸਨ। ਉਪਰੋਕਤ ਕਾਵਿ-ਰਚਨਾਵਾਂ ਵਿਚੋਂ ਜਿਵੇਂ ਕਿ ਨਾਵਾਂ ਤੋਂ ਹੀ ਪਤਾ ਲੱਗਦਾ ਹੈ, ਨੰਬਰ 1, 2, 15 ਤੇ 16 ਦੀਆਂ ਪੁਸਤਕਾਂ ਸਿੱਖ ਗੁਰੂਆਂ ਬਾਰੇ ਹਨ। ਇਨ੍ਹਾਂ ਵਿਚੋਂ ਸ੍ਰੀ ਗੁਰੂ ਨਾਨਕ ਸੂਰਯੋਦਯ ਨਾਮਕ ਮਹਾਨ ਗ੍ਰੰਥ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਾਵਿ-ਰੂਪ ਜਨਮ ਸਾਖੀ ਜਾਂ ਉਨ੍ਹਾਂ ਦਾ ਜੀਵਨ-ਇਤਿਹਾਸ ਹੈ। ਬਾਕੀ ਅੰਤਲੇ ਦੋ ਗ੍ਰੰਥ ਸਿੱਖ ਗੁਰੂਆਂ ਦੇ ਸਤੋਤ੍ਰ ਹਨ। ਗ੍ਰੰਥ ਚੰਦ੍ਰ ਬੰਸ ਬਿਲਾਸ, ਜਿਸ ਦਾ ਦੂਜਾ ਨਾਮ 'ਸਸਿ ਬੰਸ ਬਿਨੋਦ' ਹੈ, ਰਿਆਸਤ ਬਿਲਾਸਪੁਰ ਦੇ ਇਤਿਹਾਸ ਨਾਲ ਸੰਬੰਧ ਰੱਖਦਾ ਹੈ। ਇਹ ਸਾਰੀਆਂ ਹੀ ਪੁਸਤਕਾਂ, ਜਿਵੇਂ ਸ੍ਰੀ ਗੁਰ ਬੰਸ ਬਿਨੋਦ ਦੀ ਆਖਰੀ ਲਿਖਤ ਸਫ਼ਾ ੯੪ ਤੋਂ ਪਤਾ ਲੱਗਦਾ ਹੈ, ਸੋਢੀ ਨਰਿੰਦਰ ਸਿੰਘ (ਗਜਿੰਦਰ ਸਿੰਘ) ਅਨੰਦਪੁਰ ਵਲੋਂ ਤੇ ਇਨ੍ਹਾਂ ਵਿਚੋਂ ਮੋਟੇ ਮੋਟੇ ਗ੍ਰੰਥ ਰਿਆਸਤ ਬਿਲਾਸਪੁਰ ਵਲੋਂ ਰਾਜਾ ਸਾਹਿਬ ਹੀਰਾ ਚੰਦ ਤੇ ਅਮਰ ਚੰਦ ਜੀ ਦੇ ਯਤਨ ਨਾਲ ਗੁਰਮੁਖੀ ਤੇ ਦੇਵ ਨਾਗਰੀ ਅੱਖਰਾਂ ਵਿਚ ਛਪ ਚੁੱਕੇ ਹਨ।

ਸਿੱਖ ਗੁਰੂਆਂ ਦਾ ਹਾਲ ਨਾ ਕੇਵਲ 'ਗੁਰ ਬੰਸ ਬਿਨੋਦ' ਜਾਂ 'ਗੁਰੂ ਨਾਨਕ ਸੂਰਯੋਦਯ' ਵਿਚ ਹੀ ਮਿਲਦਾ ਹੈ, ਸਗੋਂ ਕੁਝ ਹਾਲ ਗ੍ਰੰਥ 'ਸਸਿ ਬੰਸ ਬਿਨੋਦ' ਅਥਵਾ 'ਚੰਦ੍ਰ ਬੰਸ ਬਿਲਾਸ' ਵਿਚ ਤੇ ਹੋਰਾਂ ਗ੍ਰੰਥਾਂ ਵਿਚੋਂ ਵੀ ਪ੍ਰਾਪਤ ਹੁੰਦਾ ਹੈ।

ਪਾਠਕਾਂ ਦੀ ਦਿਲਚਸਪੀ ਲਈ ਕਵੀ ਗਣੇਸ਼ਾ ਸਿੰਘ ਦੇ 'ਸਸਿ ਬੰਸ ਬਿਨੋਦ' ਵਿਚੋਂ ਸ੍ਰੀ ਦਸਮੇਸ਼ ਜੀ ਦੇ ਨਦੌਣ ਦੇ ਯੁੱਧ ਦਾ ਇਕ ਕਾਵਿ-ਟੋਟਾ ਹੇਠਾਂ ਪੇਸ਼ ਕੀਤਾ ਜਾਂਦਾ। ਰਾਜਾ ਭੀਮ ਚੰਦ ਬਿਲਾਸਪੁਰੀਆ ਸਿੱਖ ਇਤਿਹਾਸ ਦੇ ਕਥਨ ਅਨੁਸਾਰ, ਪਹਿਲੇ ਪਹਿਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਚੰਗੀ ਅਕੀਦਤ ਰੱਖਦਾ ਸੀ। ਇਹ ਨਦੌਣ ਦਾ ਯੁੱਧ ਉਸੇ ਦੀ ਸਹਾਇਤਾ ਲਈ ਹੋਇਆ ਸੀ। ਦਸਮੇਸ਼ ਪਿਤਾ ਸ਼ਰਣ ਸੂਰ ਤੇ ਬਿਰਦ ਪਾਲਕ ਸਨ। ਰਾਜਾ ਭੀਮ ਚੰਦ ਗੁਰੂ ਸਾਹਿਬ ਨਾਲ ਅੱਛੀ ਖਾਸੀ ਸ਼ਰਧਾ ਰੱਖਦਾ ਹੋਇਆ ਵੀ ਕਈ ਸੁਭਾਵਿਕ ਕਮਜ਼ੋਰੀਆਂ ਦੇ ਕਾਰਨ ਆਖ਼ਰ ਪੂਰਾ ਨਾ ਉਤਰ ਸਕਿਆ ਤੇ ਯੁੱਧ ਸਮੇਂ ਬਿਨਾਂ ਖ਼ਬਰ ਦਿੱਤੇ ਹੀ ਐਵੇਂ ਦੁਸ਼ਮਣ ਦਾ ਪੱਖ ਪੂਰਦਾ ਹੋਇਆ ਮੂੰਹ ਭੁਆ ਗਿਆ। ਰਾਜਾ ਭੀਮ ਚੰਦ ਉੱਤੇ ਮੁਗਲਈ ਦਲਾਂ ਨੇ ਅਚਾਨਕ ਕਿਵੇਂ ਬਿਪਤਾ ਪਾਈ ਤੇ ਸ੍ਰੀ ਦਸਮੇਸ਼ ਜੀ ਨੇ ਇਸ ਔਕੜ ਸਮੇਂ ਸ਼ਰਣਾਗਤ ਦੀ ਲਾਜ ਸਮਝ ਕੇ ਕਿਵੇਂ ਰੱਖਿਆ ਕੀਤੀ, ਇਹ ਸਾਰਾ ਇਤਿਹਾਸਕ ਪ੍ਰਸੰਗ ਬਾਬਾ ਗਣੇਸ਼ਾ ਸਿੰਘ ਜੀ ਨੇ ਗ੍ਰੰਥ 'ਸਸਿ ਬੰਸ ਬਿਨੋਦ' ਵਿਚ ਲਿਖਿਆ ਹੈ। ਇਥੇ ਉਸ ਵਿਚੋਂ ਕੁਝ ਟੋਟੇ ਉਸੇ ਤਰ੍ਹਾਂ ਦਿੱਤੇ ਜਾਂਦੇ ਹਨ :

ਸਤ੍ਰਹ ਸੌ ਸੰਤਾਲੀਏ ਸੂਬਾ ਲਵਪੁਰ ਕੋ।
ਮੀਆਂ ਖ਼ਾਨ ਭਨੈ ਜਿਸੇ ਜਾਹਿਲ ਅਤਿ ਉਰ ਕੋ।
ਆਯ ਗਯ ਜੰਮੂ ਵਿਖੇ ਕਰ ਲੇਵਨ ਹੇਤਾ।
ਅਲਫ਼ ਖਾਨ ਪਠਿ ਕਾਂਗੜੇ ਵਡ ਸੈਨ ਸਮੇਤਾ।[1]
ਉਤਰਯੋ ਆਨ ਨਦੌਨ ਮੇਂ ਨ੍ਰਿਪ[2] *ਮਿਲਯੋ ਅਗਾਈ।*

---

1. ਮੀਆਂ ਖਾਨ ਜੰਮੂ ਕਹ ਆਯੋ॥
ਅਲਫ਼ ਖਾਨ ਨਾਦੌਣ ਪਠਾਵਾ॥
ਭੀਮ ਚੰਦ ਤਨ ਬੈਰ ਬਢਾਵਾ॥ *(ਬਚਿਤ੍ਰ ਨਾਟਕ, ਪਾ: ੧੦)*
2. ਮਹਾਰਾਜਾ ਕਟੋਚ, ਕਾਂਗੜੇ ਦਾ ਰਾਜਾ।

www.sikhbookclub.com

ਬਾਦਸ਼ਾਹ ਫਰਮਾਨ ਸੁਨਿ ਇਹ ਭਾਂਤਿ ਅਲਾਈ।
'ਭੀਮ ਚੰਦ ਸੇ ਲੀਜਿਯਹਿ ਪ੍ਰਿਥਮੈ ਨਜ਼ਰਾਨਾ।
ਤਊ ਮਿਲ ਹੈ ਸਭ ਨ੍ਰਿਪਨਿ ਤੇ ਨਿਸਚੇ ਜਿਯ ਜਾਨਾ।'
ਲਿਖਯੋ ਖਾਨ ਨ੍ਰਿਪ ਭੀਮ ਕੋ, ਆਵਹੁ ਬਿਨਬਾਰਾ।
ਕਰ ਪਤਸਾਹੀ ਦੀਜਿਯੈ, ਨਤੁ ਹੋਇ ਬਿਗਾਰਾ।
ਭੀਮ ਚੰਦ ਸੁਨ ਕੈ ਤਬੈ ਕਰ ਜੰਗ ਤਿਆਰੀ।
ਗੁਰੂ ਗੋਬਿੰਦ ਸਿੰਘ ਸੋਂ ਹੁਤੋ ਨ੍ਰਿਪ ਹੇਤ ਅਪਾਰੀ।
ਹਿਤ ਸਹਾਇ ਗੁਰੁ ਕੋ ਲਯੋ ਨ੍ਰਿਪ ਅਪਨੇ ਸੰਗਾ।[3]
ਪਹੁੰਚੇ ਜਾਇ ਨਦੌਣ ਮੈ ਉਰਿ ਧਾਰਿ ਉਮੰਗਾ।
ਆਲਿਫ਼ ਖਾਨ ਸੋ ਤਹਾਂ ਭਯੋ ਅਤਿ ਜੰਗ ਕਰਾਰਾ।
ਸ੍ਰੀ ਗੁਰੁ ਜੀਤ ਭਈ ਤਬੇ, ਤੁਰਕਨ ਦਲ ਹਾਰਾ।
ਸੈਲਨ ਸੈਲ ਕਰੀ ਘਨੀ ਦਿਨ ਆਠ ਸੁਜਾਨਾ।[4]
ਗੁਰੁ ਮਰਜ਼ੀ ਬਿਨ ਮੇਲ ਕਿਯੋ ਨ੍ਰਿਪ ਸੰਗ ਪਠਾਨਾ।
ਸੁਨਿ ਗੁਰੂ ਰੰਜ ਭਏ ਤਬੈ ਨ੍ਰਿਪ ਭੀਮਹਿ ਸੰਗਾ।
ਤਿਆਰ ਭਏ ਨਿਜ ਪੁਰੀ ਕੋ ਸਿਖਨ ਦਲ ਸੰਗਾ।
ਤੀਰ ਬਿਆਸਾ ਕੇ ਹੁਤੋ ਡੇਰਾ ਗੁਰੁ ਕੇਰਾ।
ਬਿਰਵਾ ਪੀਪਰ ਕੋ ਤਹਾਂ ਲਾਯੋ ਬਿਨ ਬੇਰਾ।
ਕੁਦਰਤ ਸੋਂ ਨਿਕਸੇ ਤਬੈ ਬਹੁ ਡਾਰੇ ਤਾਸਾ।
ਸ੍ਰੀ ਮੁਖ ਤੇ ਤਾਹੀ ਸਮੈ ਇਮਿ ਬਚਨ ਪ੍ਰਕਾਸਾ।
ਗਨਤੀ ਮੈ ਨਹੀਂ ਆਇ ਹੈ ਇਸ ਕੇ ਜੋ ਡਾਰੇ।
ਰਹੈ ਚਿੰਨ੍ਹ ਹਮਰਾ ਯਹਾ ਦਰਸਤ ਅਘ ਹਾਰੇ।
ਹੋਇ ਰਾਜ ਮਮ ਪੰਥ ਕੋ ਜਗ ਮੈ ਪ੍ਰਕਾਸ਼ਾ।
ਜਬ ਪੀਪਰ ਕੋ ਨਾਸ ਹ੍ਵੈ ਤਬ ਰਾਜ ਬਿਨਾਸਾ।
ਇਮ ਕਹਿ ਗੁਰੁ ਤੂਸ਼ਨ ਭਏ, ਸਿਖ ਸੁਨਿ ਬਿਸਮਾਏ।
ਬਹੁਰਿ ਬਿਦਾ ਹ੍ਵੈ ਨ੍ਰਿਪਤਿ ਤੇ ਪੁਰਿ ਆਨੰਦ ਆਏ।
(ਭਾਈ ਕਾਨ੍ਹ ਸਿੰਘ ਨਾਭਾ ਦੇ ਪੁਸਤਕਾਲੇ ਵਿਚੋਂ)

ਨਾਦੌਣ, ਜਿਥੇ ਇਹ ਯੁੱਧ ਹੋਇਆ, ਜ਼ਿਲ੍ਹਾ ਕਾਂਗੜਾ ਦੀ ਹਮੀਰਪੁਰ ਤਹਿਸੀਲ ਵਿਚ, ਕਾਂਗੜੇ ਤੋਂ ਦੱਖਣ-ਪੂਰਬ 20 ਮੀਲਾਂ ਦੇ ਫ਼ਾਸਲੇ 'ਤੇ ਦਰਿਆਇ ਬਿਆਸ ਦੇ ਕੰਢੇ ਹੈ। ਇਹ ਪੁਰਾਣੇ ਸਮੇਂ ਵਿਚ ਕਟੋਚ ਰਾਜਪੂਤਾਂ ਦੀ ਰਾਜਧਾਨੀ ਸੀ। ਬਚਿਤ੍ਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਇਸ ਜੰਗ ਵਿਚ ਰਾਜਾ ਸੁਖਦੇਵ ਜਸਰੋਟੇ ਵਾਲਾ, ਪ੍ਰਿਥੀ ਚੰਦ ਡਢਵਾਲੀਏ, ਕਟੋਚੀਏ ਆਦਿ ਲਗਭਗ ਸਾਰੇ ਹੀ ਨਿੱਕੇ ਮੋਟੇ ਪਹਾੜੀ ਰਾਜੇ-ਰਾਣੇ ਸ਼ਾਮਲ ਸਨ। ਗੁਰੂ ਸਾਹਿਬ ਦੇ ਨਾਲ

3. ਜੁੱਧ ਕਾਜ ਨ੍ਰਿਪ ਹਮੈ ਬੁਲਾਯੋ॥ (ਬਚਿਤ੍ਰ ਨਾਟਕ, ਪਾ: ੧੦)
4. ਜੁੱਧ ਜੀਤ ਤਾਹੀ ਸਮੈ ਨਵ ਰਸ ਕੇ ਤਟਿ ਆਨ।
ਪੰਚ ਦੋਇ ਅਰੁ ਏਕ ਦਿਨ ਰਹੇ ਤਹਾਂ ਇਮ ਜਾਨ॥੯॥੧੦੦॥ (ਸ੍ਰੀ ਗੁਰੂ ਸੋਭਾ, ਅਧਿ: ੩)

www.sikhbookclub.com

ਉਨ੍ਹਾਂ ਦੇ ਮਾਮਾ ਕ੍ਰਿਪਾਲ ਚੰਦ ਨੇ, ਜੋ ਮਾਤਾ ਗੁਜਰੀ ਜੀ ਦੇ ਭਾਈ ਸਨ, ਇਸ ਜੰਗ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ ਸੀ। ਆਖ਼ਰ ਅਲ਼ਫ਼ ਖ਼ਾਨ ਇਸ ਜੰਗ ਵਿਚ ਪਿੱਠ ਦਿਖਾ ਗਿਆ ਤੇ ਫ਼ਤਹਿ ਗੁਰੂ ਜੀ ਦੀ ਹੋਈ। ਗੁਰੂ ਸਾਹਿਬ ਨੇ ਬਚਿਤ੍ਰ ਨਾਟਕ ਵਿਚ ਅਲ਼ਫ਼ ਖ਼ਾਨ ਦੀ ਇਸ ਭਾਜ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

ਭਜਿਓ ਅਲਫ ਖਾਨੰ ਨ ਖਾਨਾ ਸੰਭਾਰਿਓ ॥
ਭਜੇ ਅਉਰ ਬੀਰੰ ਨ ਧੀਰੰ ਬਿਚਾਰਿਓ ॥

(ਬਚਿਤ੍ਰ ਨਾਟਕ, ਅਧਿ: ੯)

ਇਸ ਤਰਾਂ ਫ਼ਤਹਿ ਪਾਉਣ 'ਤੇ ਗੁਰੂ ਜੀ ਨੇ ਬਿਆਸਾ ਕੰਢੇ ਅੱਠ ਦਿਨ ਬਿਸਰਾਮ ਕੀਤਾ, ਜਿਵੇਂ ਕਿ ਲਿਖਿਆ :

ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ ॥
ਭਲੀ ਭਾਂਤਿ ਦੇਖੇ ਸਬੈ ਰਾਜ ਧਾਮੰ ॥੨੨॥

(ਉਹੀ)

ਸਸਿ ਬੰਸ ਬਿਨੋਦ ਵਿਚ, ਜਿਵੇਂ ਕਿ ਬਚਿਤ੍ਰ ਨਾਟਕ ਵਿਚ ਲਿਖਿਆ ਹੈ, ਗੁਰੂ ਜੀ ਦੇ ਦਰਿਆਇ ਬਿਆਸ ਕੰਢੇ ਅੱਠ ਦਿਨ ਠਹਿਰਨ ਦਾ ਇਸ਼ਾਰੇ ਮਾਤਰ ਜ਼ਿਕਰ ਹੈ।

ਕਵੀ ਗਣੇਸ਼ਾ ਸਿੰਘ ਬੇਦੀ ਆਦਿ ਕਵੀਆਂ ਦੀਆਂ ਸਿੱਖ ਸਾਹਿਤ ਜਾਂ ਇਤਿਹਾਸ ਸੰਬੰਧੀ ਅਜਿਹੀਆਂ ਕਾਵਿ-ਰਚਨਾਵਾਂ, ਲੱਭ ਲੱਭ ਕੇ ਸੰਭਾਲਣ ਜੋਗ ਤੇ ਵਿਚਾਰਨ ਜੋਗ ਹਨ। ਅਸੀਂ ਇਥੇ ਕੇਵਲ ਕੁਝ ਸੰਖੇਪ ਜਿਹਾ ਜ਼ਿਕਰ ਕਵੀ ਗਣੇਸ਼ਾ ਸਿੰਘ ਬੇਦੀ ਦੀਆਂ ਰਚਨਾਵਾਂ ਤੇ ਨਦੌਣ ਦੇ ਯੁੱਧ ਦਾ ਹੀ ਕੀਤਾ ਹੈ।

(7/1964)

www.sikhbookclub.com

ਜਾਪੁ ਸਾਹਿਬ

1.

ਜਾਪੁ ਸਾਹਿਬ ਇਕ ਦਮ ਨਿਮਰਤਾ ਅਤੇ ਦ੍ਰਿੜ੍ਹਤਾ ਸਿਖਰ ਹੈ। ਨਿਮਰਤਾ ਦਾ ਇਸ ਲਈ ਕਿ ਇਸ ਰਚਨਾ ਵਿਚ ਕੋਈ ਦਾਅਵਾ ਨਹੀਂ ਹੈ ਕਿ ਮਨੁੱਖ ਕਿਸੇ ਤਰ੍ਹਾਂ ਕੁਝ ਵੀ ਜਾਣ ਸਕਦਾ ਹੈ ਕਿ ਬ੍ਰਹਮ ਦਾ ਨਿਰਗੁਣ ਜਾਂ ਨਿਰੰਕਾਰ ਸਰੂਪ ਕੀ ਸੀ। ਮਨੁੱਖ ਨੂੰ ਕੁਝ ਪਤਾ ਨਹੀਂ ਕਿ ਨਿਰਗੁਣ ਸਰੂਪ ਕੀ ਸੀ ਜਾਂ ਕੀ ਹੋਵੇਗਾ; ਦ੍ਰਿੜ੍ਹਤਾ ਦਾ ਸਿਖਰ ਇਹ ਰਚਨਾ ਇਸ ਲਈ ਹੈ ਕਿ ਕਿਤੇ ਦ੍ਵੈਤ ਦੀ ਕੋਈ ਗੁੰਜਾਇਸ਼ ਨਹੀਂ ਹੈ, ਜੋ ਕੁਝ ਪ੍ਰਗਟ ਤੇ ਪ੍ਰਤੱਖ ਹੈ, ਉਹ ਕੇਵਲ ਇਕ ਬ੍ਰਹਮ ਦਾ ਪ੍ਰਕਾਸ਼ ਜਾਂ ਕਰਮ ਹੀ ਹੈ। ਹੋਰ ਕੋਈ ਹਸਤੀ ਹੈ ਹੀ ਨਹੀਂ। ਅੰਧਕਾਰ ਵੀ ਉਹ ਆਪ ਹੀ ਹੈ ਅਤੇ ਪ੍ਰਕਾਸ਼ ਵੀ ਉਹ ਆਪ ਹੀ ਹੈ। ਜਾਪੁ ਸਾਹਿਬ ਬਾਣੀ ਵਰਗੀ ਸਮਤਾ ਤੇ ਸਮਦ੍ਰਿਸ਼ਟਤਾ ਸੰਸਾਰ ਸਾਹਿਤ ਵਿਚ ਕੇਵਲ ਬੜੀ ਮਹਾਨ ਧਾਰਮਿਕ ਪੁਸਤਕਾਂ ਵਿਚ ਹੀ ਹੈ, ਨਹੀਂ ਤੇ ਦ੍ਵੰਦ ਨੂੰ ਸਾਰੀ ਦੁਨੀਆਂ ਦਾ ਸਾਹਿਤ ਕਿਸੇ ਨਾ ਕਿਸੇ ਰੂਪ ਵਿਚ ਚਿਤਰਦਾ ਹੈ, ਪਰ ਅਸਲੀਅਤ ਇਹ ਹੀ ਹੈ ਕਿ ਦ੍ਵੰਦ ਸੰਭਵ ਹੀ ਨਹੀਂ ਹੈ। ਜੇ ਦ੍ਵੈਤ ਹੋ ਸਕਦਾ ਹੈ ਤਾਂ ਬ੍ਰਹਮ ਹੈ ਹੀ ਨਹੀਂ। ਭਾਵੇਂ ਰੂਪ ਤੇ ਕਰੂਪ, ਅੰਧੇਰਾ ਤੇ ਪ੍ਰਕਾਸ਼, ਪਾਪ ਤੇ ਪੁੰਨ ਮਨੁੱਖ ਨੇ ਬਣਾਏ ਹੋਏ ਹਨ ਅਤੇ ਉਸ ਨੂੰ ਅਨੁਭਵ ਵੀ ਹੁੰਦੇ ਹਨ, ਪਰ ਉਹਨਾਂ ਦੀ ਅਸਲੀਅਤ ਹੈ ਨਹੀਂ। ਅਸਲ ਵਿਚ ਨਾ ਅੰਧਕਾਰ ਹੈ, ਨਾ ਪ੍ਰਕਾਸ਼ ਹੈ; ਨਾ ਪਾਪ ਹੈ, ਨਾ ਪੁੰਨ ਹੈ—ਇਕੋ ਹੁਕਮ ਅਧੀਨ ਵਿਕਾਸ ਹੀ ਹੈ ਜਾਂ ਖੇਲ ਹੈ। ਖੇਲ ਵਿਚ ਜਾਂ ਨਾਟਕ ਵਿਚ ਕਈ ਪ੍ਰਕਾਰ ਦੇ ਚੰਗੇ ਮੰਦੇ ਕਰਤਵ ਹੋ ਰਹੇ ਹੁੰਦੇ ਹਨ, ਕਈ ਪ੍ਰਕਾਰ ਦੇ ਪਾਤਰ ਹੁੰਦੇ ਹਨ ਪਰ ਅਸਲ ਵਿਚ ਨਾ ਕੋਈ ਉਥੇ ਚੋਰ ਹੁੰਦਾ ਹੈ, ਨਾ ਕੋਤਵਾਲ, ਉਹ ਸਾਰੇ ਇਕੋ ਸ਼੍ਰੇਣੀ ਦੇ ਸਾਥੀ ਹੁੰਦੇ ਹਨ। ਇਸੇ ਤਰ੍ਹਾਂ ਇਸ ਜੀਵਨ ਵਿਚ ਕੋਈ ਉਚ ਬਣਿਆ ਬੈਠਾ ਹੈ ਤੇ ਕੋਈ ਨੀਚ ਹੈ; ਕੋਈ ਸਾਧ ਹੈ ਤੇ ਕੋਈ ਚੋਰ ਹੈ; ਕੋਈ ਅਮੀਰ ਹੈ ਤੇ ਕੋਈ ਗਰੀਬ ਹੈ; ਕੋਈ ਸੁਆਮੀ ਹੈ ਤੇ ਕੋਈ ਸੇਵਕ ਹੈ ਪਰ ਹਨ ਇਹ ਸਾਰੇ 'ਇਕ'—ਇਕੋ ਬ੍ਰਹਮ ਦੇ ਸਰੂਪ ਹਨ। ਸਾਰਾ ਬ੍ਰਹਿਮੰਡ ਇਕੋ ਬ੍ਰਹਮ ਵਿਚੋਂ ਆਇਆ ਹੈ ਤੇ ਉਸੇ ਵਲ ਜਾ ਰਿਹਾ ਹੈ ਤੇ ਹੁਣ ਵੀ ਉਹ ਕੁਝ ਹੈ ਪਰ ਪੜਾਅ ਹਰ ਜੀਵ ਦਾ ਵੱਖ-ਵੱਖ ਹੈ, ਕੋਈ ਚੋਰੀ ਦੇ ਪੜਾਅ 'ਤੇ ਹੈ ਅਤੇ ਕੋਈ ਸਾਧ ਦੇ ਪੜਾਅ 'ਤੇ ਪੁੱਜ ਗਿਆ ਹੈ।

ਜਾਪੁ ਸਾਹਿਬ ਮਨੁੱਖਤਾ ਨੂੰ ਸਮਤਾ ਦਿੰਦਾ ਹੈ—ਸਾਰੇ ਜੀਵ ਸਮਾਨ ਹਨ। ਇਸ ਸਮਤਾ ਤੇ ਸਮਾਨਤਾ ਦੇ ਅਸੂਲ ਤੋਂ ਉੱਚਾ ਮਨੁੱਖਤਾ ਦੀ ਭਲਾਈ ਦਾ ਹੋਰ ਕੋਈ ਅਸੂਲ ਨਹੀਂ ਹੈ। ਜਾਪੁ ਸਾਹਿਬ ਦਾ ਅਦ੍ਵੈਤ ਇਹ ਹੈ :

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥

www.sikhbookclub.com

ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥
ਨਮੋ ਅੰਧਕਾਰੇ ਨਮੋ ਤੇਜ ਤੇਜੇ ॥
ਨਮੋ ਬਿੰਦ੍ਰ ਬਿੰਦ੍ਰੇ ਨਮੋ ਬੀਜ ਬੀਜੇ ॥੧੮੫॥
ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥
ਨਮੋ ਪਰਮ ਤੱਤੰ ਅਤੱਤੰ ਸਰੂਪੇ ॥
ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥
ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੮੬॥
ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥
ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥
ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥
ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੮੭॥

ਉਹ ਹੀ ਸੂਰਜ, ਚੰਦ੍ਰਮਾ; ਅੰਧਕਾਰ, ਪ੍ਰਕਾਸ਼; ਜੁਧ, ਸ਼ਾਂਤੀ; ਤੱਤ, ਅਤੱਤ; ਸਭ ਕੁਛ ਹੈ। ਸਾਰਾ ਬ੍ਰਹਿਮੰਡ ਇਕ ਇਕਾਈ ਜਾਂ ਗੋਲਾਈ ਹੈ। ਸਾਰੇ ਬ੍ਰਹਿਮੰਡ ਦੀ ਬੁਨਿਆਦ ਇਕ ਹੈ, ਸਾਰੇ ਦੀ ਸਿਖਰ ਇਕ ਹੈ, ਇਸ ਲਈ ਵਿਚਾਲੇ ਵੀ ਇਕੋ ਹੀ ਹੈ, ਭਾਵੇਂ ਭੇਦ ਦ੍ਰਿਸ਼ਟਮਾਨ ਹਨ।

ਅਦ੍ਵੈਤ ਦੀ ਧਾਰਨੀ ਅਤੇ ਦ੍ਵੰਦ ਤੋਂ ਖਾਲੀ ਹੋਣ ਕਰਕੇ ਹੀ ਇਹ ਰਚਨਾ ਦਾਰਸ਼ਨਿਕ (Philosophical) ਗਿਆਨ ਦੀ ਸਿਖਰ ਹੈ; ਕੇਵਲ ਅਦ੍ਵੈਤ ਦੇ ਦਰਸ਼ਨ ਵਿਚ ਹੀ ਕਿਤੇ ਸ੍ਵੈ-ਵਿਰੋਧ ਨਹੀਂ ਹੈ ਅਤੇ ਜਿਥੇ ਸ੍ਵੈ-ਵਿਰੋਧ ਨਹੀਂ ਹੈ, ਉਹ ਹੀ ਪੂਰਨ ਦਰਸ਼ਨ ਕਿਹਾ ਜਾ ਸਕਦਾ ਹੈ।

2.

ਬ੍ਰਹਮ 'ਸੱਚਾਈ' ਹੈ। ਉਹ "ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਹੈ। ਜਾਪੁ ਸਾਹਿਬ ਵਿਚ ਸਪੱਸ਼ਟ ਕੀਤਾ ਹੈ ਕਿ 'ਸੱਚਾਈ' ਕੀ ਹੁੰਦੀ ਹੈ ਜਾਂ 'ਸਚੁ' ਕੀ ਹੁੰਦਾ ਹੈ। ਇਕ ਵਿਚਾਰ 'ਤੇ ਸ੍ਰੀ ਗੁਰੂ ਨਾਨਕ ਸਾਹਿਬ ਨੇ ਦ੍ਰਿੜ੍ਹ ਕਰ ਦਿੱਤਾ ਹੈ ਕਿ 'ਸਚੁ' ਉਹ ਹੈ ਜੋ ਸਮੇਂ ਦੀ ਸੀਮਾ ਵਿਚ ਨਹੀਂ ਹੈ, ਸਦਾ ਇਕ-ਰਸ ਰਹਿੰਦਾ ਹੈ, ਜੋ ਕੁਝ ਕਲ ਸਚੁ ਸੀ, ਉਹ ਅੱਜ ਵੀ ਸਚੁ ਹੈ ਅਤੇ ਕਲ ਵੀ ਸਚੁ ਹੋਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਸਚੁ' ਦੀ ਇਕ ਹੋਰ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਦੇ ਹਨ। ਉਹ ਦ੍ਰਿਸ਼ਟੀਕੋਣ ਇਹ ਹੈ ਕਿ 'ਸਚੁ' ਉਹ ਹੈ ਜਿਸ ਨੂੰ ਚਕ੍ਰ-ਚਿਹਨ, ਬਰਨ ਜਾਤਿ-ਪਾਤਿ, ਰੂਪ-ਰੰਗ, ਰੇਖ-ਭੇਖ, ਆਦਿ ਕਰਕੇ ਵੰਡਿਆ ਨਹੀਂ ਜਾ ਸਕਦਾ, ਭਾਵ ਸਚੁ ਸਰਬ-ਵਿਆਪੀ ਹੈ ਤੇ ਸਭ ਥਾਵਾਂ, ਦੇਸ਼ਾਂ, ਜਾਤਾਂ ਵਿਚ ਇਕ ਸਮਾਨ ਹੈ। ਮਨੁੱਖਤਾ ਚਕ੍ਰ-ਚਿਹਨ, ਬਰਨ, ਜਾਤਿ, ਰੂਪ-ਰੰਗ ਤੇ ਰੇਖ-ਭੇਖ ਕਰਕੇ ਵੰਡੀ ਹੋਈ ਹੈ ਪਰ 'ਸਚੁ' ਇਸ ਤਰ੍ਹਾਂ ਵੰਡਿਆ ਨਹੀਂ ਜਾ ਸਕਦਾ। 'ਸਚੁ' ਇਸ ਤਰ੍ਹਾਂ ਸਰਬ-ਵਿਆਪੀ ਹੈ :

ਫਰਾ ਸੀ ਫਿਰੰਗੀ ਫਰਾਸੀਸ ਕੇ ਦੁਰੰਗੀ,
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ ॥
ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ,
ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ ॥

www.sikhbookclub.com

ਪੂਰਬ ਪਲਾਊਂ ਕਾਮ ਰੂਪ ਔ ਕਮਾਊਂ,
ਸਰਬ ਠਉਰ ਮੈ ਬਿਰਾਜੈ, ਜਹਾਂ ਜਹਾਂ ਜਾਈਅਤੁ ਹੈ ॥
ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ,
ਨਾਥ ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ ॥੧੪॥੨੬੬॥

(ਅਕਾਲ ਉਸਤਤਿ)

'ਸਚੁ' ਉਹ ਹੈ ਜੋ ਸਭ ਵਿਚ ਬਿਰਾਜਮਾਨ ਹੈ ਅਤੇ ਸਭ ਥਾਂ ਪ੍ਰਧਾਨ ਹੈ। ਜੋ ਸਦਾਚਾਰਕ ਗੁਣ ਸਰਵ ਵਿਆਪੀ ਹਨ, ਉਹ ਸਚੁ ਹਨ; ਜੋ ਮਨੁੱਖੀ ਭਾਵ ਸਰਬ ਵਿਆਪੀ ਹਨ, ਉਹ ਸਚੁ ਹਨ। ਸਚੁ ਤੇ—ਦੇਹਰੇ, ਮਸੀਤ, ਪੂਜਾ, ਨਿਵਾਜ, ਦੇਵਤੇ-ਅਦੇਵ, ਤੁਰਕ-ਹਿੰਦੂ, ਅਲਹ-ਅਭੇਖ, ਪੁਰਾਨ-ਕੁਰਾਨ ਵਿਚ ਇਕ ਸਮਾਨ ਵਿਆਪਕ ਹੈ। ਜੋ ਕੁਝ ਮਨੁੱਖੀ ਗਿਆਨ, ਧਰਮ, ਸਭਿਆਚਾਰ, ਮਹਾਨ ਪੁਸਤਕਾਂ, ਸਦਾਚਾਰ, ਮਨੋਵਿਗਿਆਨ ਤੇ ਭਾਵ ਵਿਚ ਸਾਂਝਾ ਹੈ, ਉਹ 'ਸਚੁ' ਹੈ। ਮਨੁੱਖਤਾ ਦਾ ਗਿਆਨ, ਧਰਮ, ਸਦਾਚਾਰ, ਰਹਿਸ ਤੇ ਮਨੋਵਿਗਿਆਨ ਵਿਤਕਰਿਆਂ 'ਤੇ ਨਹੀਂ ਖੜੇ, ਸਾਂਝ 'ਤੇ ਖੜੇ ਹਨ। ਸਾਰੀ ਮਨੁੱਖਤਾ ਵਿਚ ਅਨੇਕ ਪ੍ਰਕਾਰ ਦੀ ਸਾਂਝ ਹੈ--ਸਚੁ ਸਾਂਝਾ ਹੈ, ਵਿਤਕਰਾ ਤਾਂ ਓਪਰੀਆਂ ਤੇ ਉਤਪਾਦੀਆਂ ਚੀਜ਼ਾਂ ਵਿਚ ਹੈ। ਸੋ ਸਾਰੇ ਧਰਮਾਂ ਵਿਚ ਸਾਂਝੀ ਸੱਚਾਈ ਹੈ, ਸਾਰੀਆਂ ਮਹਾਨ ਪੁਸਤਕਾਂ ਵਿਚ ਸਾਂਝੀ ਸੱਚਾਈ ਹੈ, ਸਾਰੇ ਸਭਿਆਚਾਰਾਂ ਵਿਚ ਸਾਂਝੀ ਸੱਚਾਈ ਹੈ। ਸਾਰੇ ਰਹਿਸਵਾਦਾਂ ਵਿਚ ਸਾਂਝ ਹੈ, ਸਾਰੇ ਭਾਵਾਂ ਵਿਚ ਸਾਂਝ ਹੈ—ਉਹ ਸਾਂਝ ਹੀ ਪਰਮਾਤਮਾ ਹੈ, ਉਹ ਹੀ ਨਾਮ ਹੈ।

'ਸੱਚਾਈ' ਕਿਸੇ ਵਿਸ਼ੇਸ਼ ਚਕ੍ਰ ਚਿਹਨ, ਬਰਨ-ਜਾਤਿ, ਰੂਪ-ਰੰਗ ਜਾਂ ਰੇਖ-ਭੇਖ ਨੇ ਬੈ ਨਹੀਂ ਕਰਾਈ ਹੋਈ: ਸਭ ਚਿਹਨਾਂ, ਜਾਤਾਂ, ਰੰਗਾਂ ਤੇ ਭੇਖਾਂ ਵਿਚ ਮੌਜੂਦ ਹੈ। ਸੱਚਾਈ ਜਾਂ ਪਰਮਾਤਮਾ ਦਾ ਕੋਈ ਵਿਸ਼ੇਸ਼ ਚਕ੍ਰ-ਚਿਹਨ, ਬਰਨ-ਜਾਤਿ ਆਦਿ ਨਹੀਂ ਹੈ।

3.

ਪਰ ਉਹ ਸੱਚਾਈ ਹੈ ਕਿਹੋ ਜਿਹੀ, ਜਿਸ ਸੱਚਾਈ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਮਸਕਾਰ ਕੀਤੀ ਹੈ :

ਨਮੋ ਚੰਦ੍ਰੇ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥
ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥......॥੪੮॥
ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥.....॥੫੨॥
ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈ.....॥੧੫੧॥
ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥
ਜ਼ਮੀਨੁਲ ਜ਼ਮਾ ਹੈਂ ॥ ਅਮੀਕੁਲ ਇਮਾ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥੧੫੮॥

ਪਰਮਾਤਮਾ ਦਾ ਬੜਾ ਹੀ ਵਿਚਿਤ੍ਰ ਸਰੂਪ ਜਾਪੁ ਸਾਹਿਬ ਦੇ ੧੫੦ ਤੋਂ ੧੬੦ ਤੀਕ ਦੇ ਛੰਦਾਂ

www.sikhbookclub.com

ਵਿਚ ਬਿਆਨਿਆ ਹੈ। ਪਰਮਾਤਮਾ ਚੰਦ ਵਾਂਗ ਠੰਢਾ, ਸੁੰਦਰ ਤੇ ਕੋਮਲ ਹੈ, ਸੂਰਜ ਵਾਂਗ ਪ੍ਰਕਾਸ਼ਮਾਨ, ਤੇਜਸਵੀ ਤੇ ਗਰਮ ਹੈ; ਭਾਵ ਉਹ ਸਾਰੀ ਸੁੰਦਰਤਾ ਤੇ ਗਿਆਨ ਦੀ ਨਿਧਿ ਹੈ। ਪਰਮਾਤਮਾ ਸਾਰੀਆਂ, ਕੋਮਲ ਕਲਾਵਾਂ ਦਾ ਆਰੰਭ ਹੈ—ਗੀਤ, ਤਾਨ, ਨ੍ਰਿਤ ਤੇ ਨਾਦ ਦਾ ਆਰੰਭ ਹੈ, ਭਾਵ ਉਹ ਸਾਰੇ ਸਭਿਆਚਾਰ ਦਾ ਖ਼ਜ਼ਾਨਾ ਹੈ। ਮਨੁੱਖਤਾ ਵਿਚ ਜੋ ਵੀ ਕੋਮਲ, ਸਹਜਵਾਦੀ ਤੇ ਸੋਹਣੇ ਤੱਤ ਹਨ, ਉਹ ਸਾਰੇ ਉਸ ਸੱਚ ਸਰੂਪ ਵਿਚੋਂ ਆਏ ਹਨ। ਪਰਮਾਤਮਾ ਹੀ ਸਾਰੀ ਜੁੱਧ-ਵਿਦਿਆ ਦਾ ਆਰੰਭ ਹੈ—ਜਦੋਂ ਅਨਿਆਂ ਹੁੰਦਾ ਹੈ, ਉਹ ਹੀ ਜੁੱਧ ਦੁਆਰਾ, ਸ਼ਸਤ੍ਰ ਤੇ ਅਸਤ੍ਰ ਦੁਆਰਾ, ਅਨਿਆਂ ਦਾ ਨਾਸ਼ ਕਰਦਾ ਹੈ, ਸੋ ਸਚੁ ਪੂਰਨ ਨਿਆਂ ਹੈ। ਪਰਮਾਤਮਾ, ਦਿਮਾਗ਼, ਹੁਸਨ ਤੇ ਜਮਾਲ ਦਾ ਆਰੰਭ ਹੈ ਉਹ ਸੁੰਦਰਤਾ, ਬੁਧੀ ਬਲ ਤੇ ਆਤਮਕ ਬਲ ਦਾ ਆਰੰਭ ਹੈ।

ਸੋ 'ਸਚੁ' ਇਹ ਹੈ : ਸਚੁ ਸਦਾ ਸੁੰਦਰ ਹੁੰਦਾ ਹੈ, ਸਦਾ ਗਿਆਨੀ ਹੁੰਦਾ ਹੈ, ਸਦਾ ਸਭਿਆਚਾਰਕ ਹੁੰਦਾ ਹੈ, ਸਦਾ ਨਿਆਂਕਾਰੀ ਹੁੰਦਾ ਹੈ (ਨਿਆਂ ਲਈ ਲੜਨ ਤੋਂ ਨਹੀਂ ਝਿਜਕਦਾ), ਸਦਾ ਸੱਚਾ ਬੁੱਧੀਮਾਨ ਹੁੰਦਾ ਹੈ, ਸਚੁ ਸਦਾ ਸੁਹੱਪਣ ਪੈਦਾ ਕਰਦਾ ਹੈ। ਸਚੁ ਕਦੇ ਕਰੂਪ, ਅਸਭ ਤੇ ਅਗਿਆਨੀ ਨਹੀਂ ਹੁੰਦਾ।

4.

'ਸਚੁ' ਹੋਰ ਕੀ ਹੁੰਦਾ ਹੈ ?

ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥
ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥

ਪਰਮਾਤਮਾ 'ਧਰਮੰ ਧੁਜਾ' ਹੈ। 'ਧੁਜਾ' ਹੈ ਸਿਖਰ, ਪਰਮਾਤਮਾ ਸਾਰੀਆਂ ਧਾਰਮਕ ਕੀਮਤਾਂ ਦੀ ਧੁਜਾ ਹੈ, ਉਹ ਉਚੇ ਤੋਂ ਉੱਚਾ ਨਿਸ਼ਾਨ ਜਿਸ ਵਲ ਮਨੁੱਖ ਨੂੰ ਸਦਾਚਾਰਕ, ਧਾਰਮਕ, ਸਭਿਆਚਾਰਕ, ਬੌਧਿਕ ਤੇ ਆਤਮਕ ਉੱਨਤੀ ਲਈ ਵਧਣਾ ਚਾਹੀਦਾ ਹੈ। ਉਹ ਆਦਰਸ਼ ਹੈ—ਅਪਹੁੰਚ ਆਦਰਸ਼। ਨਿਸ਼ਾਨ ਸਾਹਿਬ ਜਾਂ ਧੁਜਾ (Standard ਜਾਂ flag) ਵਿਚ ਕਿਸੇ ਦੇਸ਼, ਕੌਮ, ਧਰਮ, ਜਾਤੀ ਜਾਂ ਸੰਸਥਾ ਦਾ ਆਦਰਸ਼ ਚਿੰਨ੍ਹ-ਰੂਪ ਵਿਚ ਚਿਤਰਿਆ ਹੁੰਦਾ ਹੈ। ਪਰਮਾਤਮਾ ਵੀ ਉਹਨਾਂ ਆਦਰਸ਼ਕ ਕੀਮਤਾਂ ਦਾ ਸਮੂਹ ਹੈ ਜੋ ਮਨੁੱਖਤਾ ਦਾ ਨਿਸ਼ਾਨਾ ਹਨ, ਉਹ ਧਰਮ ਦੀਆਂ ਕੀਮਤਾਂ ਦਾ ਸਮੂਹ ਹੈ, ਉਹ ਜੀਵਨ ਦੀਆਂ ਅਤਿ ਪ੍ਰਿਯ ਕੀਮਤਾਂ ਦਾ ਸਮੂਹ ਹੈ। ਉਹ ਧਰਮ (duty) ਦੀ ਪਾਲਣਾ ਵਿਚ ਸਦਾ ਆਦਰਸ਼ ਹੈ।

ਪਰਮਾਤਮਾ ਇਸ ਪੱਖ ਵਿਚ ਵੀ ਅਪਹੁੰਚ ਹੈ, ਪਰ ਆਦਰਸ਼ ਸਦਾ ਹੀ ਮਨੁੱਖਤਾ ਦੇ ਸਾਹਮਣੇ ਰਹਿਣਾ ਚਾਹੀਦਾ ਹੈ, ਨਹੀਂ ਤੇ ਮਨੁੱਖਤਾ ਉਤਨੀ ਵੀ ਸਭਿਆਚਾਰਕ ਤੇ ਸਦਾਚਾਰਕ ਉਨਤੀ ਨਾ ਕਰ ਸਕੇ, ਜਿਤਨੀ ਹੁਣ ਇਸ ਨੇ ਕਰ ਲਈ ਹੈ ਜਾਂ ਅੱਗੋਂ ਕਰਨ ਦੀ ਸੰਭਾਵਨਾ ਰੱਖਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ ਧੁਜਾ' ਦਾ ਰੂਪ ਕਮਾਲ ਪਰਬੀਨਤਾ ਨਾਲ ਵਾਹਿਗੁਰੂ ਨੂੰ ਦਿੱਤਾ ਹੈ। ਸਾਰੀਆਂ ਕੌਮਾਂ ਆਪਣੇ ਆਦਰਸ਼ ਪੇਸ਼ ਕਰਦੀਆਂ ਹਨ। ਪਰਮਾਤਮਾ ਉਹਨਾਂ ਸਾਰੇ ਆਦਰਸ਼ਾਂ ਦਾ ਆਦਰਸ਼ (ਧੁਜਾ) ਹੈ।

ਸੋ 'ਸਚੁ' ਆਦਰਸ਼ਕ ਕੀਮਤਾਂ ਦਾ ਆਦਰਸ਼ਕ ਸਮੂਹ ਤੇ ਸਿਖਰ ਹੈ।

www.sikhbookclub.com

5.

'ਜਾਪੁ ਸਾਹਿਬ' ਵਿਚ 'ਕਰਮ ਨਾਮ' ਦਾ ਸਿਧਾਂਤ ਬੜਾ ਮਹਾਨ ਹੈ। ਜਿਥੇ 'ਨਿਰਗੁਣ ਬ੍ਰਹਮ' ਬਾਰੇ ਮਨੁੱਖ ਨੂੰ ਕੁਝ ਪਤਾ ਨਹੀਂ ਲੱਗ ਸਕਦਾ, ਉਥੇ ਸਰਗੁਣ ਬ੍ਰਹਮ ਬਾਰੇ ਬਹੁਤ ਕੁਝ ਪਤਾ ਲੱਗ ਸਕਦਾ ਹੈ। ਪਰਮਾਤਮਾ ਦਾ ਪਤਾ ਉਸ ਦੇ ਵਿਚਿਤ੍ਰ ਕਰਮਾਂ ਤੋਂ ਲਗਦਾ ਹੈ। ਕਰਮ ਦਾ ਭਾਵ ਹਰ ਰੂਪ ਹੈ ਜਾਂ ਪਰਮਾਤਮਾ ਦਾ ਹਰ ਵਿਸ਼ੇਸ਼ਣ ਹੈ। ਇਹੋ ਨਾਮ ਦਾ ਸਿਧਾਂਤ ਹੈ। 'ਸਚੁ' ਦੇ ਦ੍ਰਿਸ਼ਟਮਾਨ ਸਰੂਪ ਨੂੰ ਨਾਮ ਕਹਿੰਦੇ ਹਨ, ਦ੍ਰਿਸ਼ਟਮਾਨ ਸਰੂਪ ਜਾਂ ਕਿਸੇ ਤਰ੍ਹਾਂ ਅਨੁਭਵ ਹੋ ਸਕਣ ਵਾਲਾ ਸਰੂਪ।

ਇਥੇ ਵਡਮੁੱਲਾ ਸਿਧਾਂਤ ਇਹ ਹੈ ਕਿ ਸੱਚ ਦਾ ਕੋਈ ਲਾਭ ਨਹੀਂ ਹੈ ਜੇ ਉਹ ਕਰਮ ਜਾਂ ਵਤੀਰੇ ਵਿਚ ਪ੍ਰਗਟ ਨਹੀਂ ਹੁੰਦਾ। 'ਸਚੁ' ਸੁੰਦਰ ਹੈ, ਗਿਆਨੀ ਹੈ, ਨਿਆਂਕਾਰੀ ਹੈ ਤੇ ਸੁਹਜਵਾਦੀ ਹੈ; ਪਰ ਇਸ ਦੀ ਮਹਾਨਤਾ ਉਦੋਂ ਬਣਦੀ ਹੈ ਜਦੋਂ ਕਿਸੇ ਸਰਗੁਣ ਸਰੂਪ ਵਿਚ ਪਰਮਾਤਮਾ ਇਹ ਕਰਮ ਕਰਦਾ ਜਾਪਦਾ ਹੈ। ਭਗਤ ਦੇ ਰੂਪ ਵਿਚ ਨਿਰਗੁਣ ਬ੍ਰਹਮ, ਸਰਗੁਣ ਸਰੂਪ ਹੋ ਕੇ ਸੁੰਦਰ ਰੂਪ ਧਾਰਨ ਕਰਦਾ ਹੈ; ਬ੍ਰਹਮ ਗਿਆਨੀ ਜਾਂ ਗੁਰੂ ਦੇ ਰੂਪ ਵਿਚ ਨਿਰਗੁਣ ਹੀ ਕਰਮ ਧਾਰਨ ਕਰਦਾ ਹੈ, ਕਿਸੇ ਜੋਧੇ ਜਾਂ ਸ਼ਹੀਦ ਦੇ ਰੂਪ ਵਿਚ ਨਿਰਗੁਣ ਬ੍ਰਹਮ ਸਰਗੁਣ ਸਰੂਪ ਧਾਰਨ ਕਰਦਾ ਹੈ ਅਤੇ ਅਨਿਆਂ ਨੂੰ ਰੋਕਦਾ ਹੈ, ਜਬਰ ਦਾ ਨਾਸ਼ ਕਰਦਾ ਹੈ; ਕਿਸੇ ਅਰਸ਼ੀ ਕਵੀ ਦੇ ਰੂਪ ਵਿਚ ਉਹ ਸਰਗੁਣ ਰੂਪ ਧਾਰਨ ਕਰਦਾ ਹੈ ਅਤੇ ਬਾਣੀ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

ਇਸੇ ਤਰ੍ਹਾਂ 'ਸਚੁ' ਤਾਂ ਉਹ ਹੀ ਹੈ, ਜੋ ਮਨੁੱਖੀ ਕਰਤਵ ਵਿਚੋਂ ਪ੍ਰਗਟ ਹੁੰਦਾ ਹੈ। ਭਾਵ ਜਦੋਂ ਮਨੁੱਖ ਮਨੁੱਖ ਨੂੰ ਪਿਆਰ ਕਰਦਾ ਹੈ, ਮਨੁੱਖ ਮਨੁੱਖ ਲਈ ਸੁੰਦਰਤਾ ਉਤਪੰਨ ਕਰਦਾ ਹੈ, ਮਨੁੱਖ ਨਿਆਂ ਲਈ ਲੜਦਾ ਮਰਦਾ ਹੈ ਜਾਂ ਮਨੁੱਖ ਉਸਾਰੂ ਸਾਹਿਤਕਾਰ ਜਾਂ ਕਲਾਕਾਰ ਬਣਦਾ ਹੈ, ਉਦੋਂ ਉਹ ਆਪ ਹੀ ਬ੍ਰਹਮ-ਸਰੂਪ ਹੁੰਦਾ ਹੈ। ਦਿਆਨਤਦਾਰ, ਈਮਾਨਦਾਰ, ਧਰਮੀ ਮਨੁੱਖ ਹੀ ਪਰਮਾਤਮਾ ਦਾ ਸਰੂਪ ਹੁੰਦਾ ਹੈ, ਬੀਰ-ਜੋਧਾ ਹੀ ਬ੍ਰਹਮ ਸਰੂਪ ਹੈ, ਉਸਾਰੂ ਕਲਾਕਾਰੀ ਰੱਬ ਹੈ।

6.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਗੁਣ ਬ੍ਰਹਮ ਦੇ ਨੌਂ ਪ੍ਰਕਾਰ ਦੇ ਕਰਮ ਨਾਮ ਜਾਪੁ ਸਾਹਿਬ ਵਿਚ ਦਿੱਤੇ ਹਨ। ਭੂਮਿਕਾ ਦੇ ਰੂਪ ਵਿਚ ਆਪ ਨੇ ਪਹਿਲਾ ਛੰਦ ਲਿਖਿਆ ਹੈ ਅਤੇ ਇਸ ਵਿਚ ਨੌਂ ਪ੍ਰਕਾਰ ਦੇ ਕਰਮ ਨਾਮ (ਦ੍ਰਿਸ਼ਟਮਾਨ ਜਾਂ ਅਨੁਭਵ ਹੋ ਸਕਣ ਵਾਲੇ ਸਰੂਪ) ਦਾ ਸੰਕੇਤ ਦਿੱਤਾ ਹੈ। ਇਸ ਭੂਮਿਕਾ ਵਿਚੋਂ ਨੌਂ ਪ੍ਰਕਾਰ ਦੇ ਕਰਮ ਨਾਮ ਲੱਭਦੇ ਹਨ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥੧॥

www.sikhbookclub.com

ਅਰੁ ਪਾਤਿ ਨਹੀਂ ਹੈ; (3) ਰੂਪ ਰੰਗ ਨਹੀਂ ਹੈ; (4) ਰੇਖ ਭੇਖ ਨਹੀਂ ਹੈ; (5) ਅਚਲ ਮੂਰਤਿ ਹੈ; (6) ਅਨਭਉ ਪ੍ਰਕਾਸ਼ ਹੈ; (7) ਅਮਿਤੋਜਿ ਹੈ; (8) ਨੇਤ ਨੇਤ ਹੈ, ਬੇਅੰਤ ਕਰਮ ਕਰਦਾ ਹੈ; (9) ਜਿਨ੍ਹਾਂ ਕਰਕੇ ਉਸ ਦੇ ਕਰਮ ਨਾਮ ਬਣਦੇ ਹਨ।

ਪਹਿਲੇ ਚਾਰ ਪ੍ਰਕਾਰ ਦੇ ਨਾਮ ਮਨਫ਼ੀ ਹਨ ਕਿ ਪਰਮਾਤਮਾ ਦਾ ਚਕ੍ਰ ਚਿਹਨ, ਬਰਨ ਜਾਤਿ, ਰੂਪ-ਰੰਗ ਅਤੇ ਰੇਖ-ਭੇਖ ਨਹੀਂ ਹਨ। ਪਰ ਅਸਲ ਵਿਚ ਇਹ ਵੀ ਮਨਫ਼ੀ ਨਾਮ ਨਹੀਂ ਹਨ ਜਿਵੇਂ ਕਿ ਪਿੱਛੇ ਅਸੀਂ ਨਿਸ਼ਚਿਤ ਕੀਤਾ ਹੈ। ਇਹਨਾਂ ਦਾ ਭਾਵ ਵੀ ਇਹ ਹੈ ਕਿ ਹਰ ਚਕ੍ਰ ਚਿਹਨ ਵਿਚ ਪਰਮਾਤਮਾ ਹੈ, ਹਰ ਬਰਨ-ਜਾਤਿ, ਰੂਪ-ਰੰਗ ਤੇ ਰੇਖ-ਭੇਖ ਵਿਚ ਪਰਮਾਤਮਾ ਦਾ ਵਜੂਦ ਹੈ।

'ਜਾਪੁ ਸਾਹਿਬ' ਵਿਚੋਂ ਇਹਨਾਂ ਨੌਂ ਕਰਮਾਂ ਨਾਮਾਂ ਦੇ ਰੂਪ ਵਿਚ ਨੌਂ ਸੂਚੀਆਂ ਇਸ ਤਰ੍ਹਾਂ ਹੋਣਗੀਆਂ।

1) ਚਕ੍ਰ ਚਿਹਨ ਨਹੀਂ—

ਅਕਾਏ, ਅਨੰਗੇ।

2) ਬਰਨ ਜਾਤਿ ਅਰੁ ਪਾਤਿ ਨਹੀਂ—

ਅਨੀਲੇ, ਅਬਾਹੇ, ਅਜਾਤੇ, ਅਪਾਤੇ, ਅਬਰਨੇ, ਨ੍ਰਿਸਾਕੇ, ਨ੍ਰਿਸ੍ਰੀਕ, ਨ ਪੋਤ੍ਰੈ, ਨ ਪੁੱਤ੍ਰੈ, ਨ ਮਿਤ੍ਰੈ, ਨ ਤਾਤੈ, ਨ ਮਾਤੈ, ਨ ਜਾਤੈ, ਨ ਪਾਤੈ, ਨ੍ਰਿਸਾਕੰ ਸਰੀਕ ਹੈਂ।

3) ਰੂਪ ਰੰਗ ਨਹੀਂ :

ਅਰੂਪੇ, ਅਰੰਗੇ, ਅਨੀਲੇ, ਰੂਪ ਰਸਾਲ।

4) ਰੇਖ ਭੇਖ ਨਹੀਂ :

ਅਭੇਖੇ, ਨ੍ਰਿਭੇਸੇ, ਅਮਜਬੇ, ਅਭੇਸੇ।

5) ਅਚਲ ਮੂਰਤਿ ਹੈ :

ਅਗੰਜੇ, ਅਭੰਜੇ, ਅਜੀਤੇ, ਅਭੀਤੇ, ਅਢਾਹੇ, ਅਛੇਦੇ, ਨ੍ਰਿਧਾਤੇ, ਨ੍ਰਿਘਾਤੇ, ਅਸੋਕੇ, ਅਮਰਨੇ, ਅਝੂਝ, ਅਝੰਝ, ਅਖਿਜੈ, ਅਭਿਜੇ, ਆਦਿ ਰੂਪ, ਅਨਾਦਿ ਮੂਰਤਿ, ਏਕ ਮੂਰਤਿ, ਅਨੇਕ ਦਰਸਨ, ਆਸਨ ਅਭੰਗ, ਅਚਲੰ ਪ੍ਰਕਾਸ਼, ਅਨਭਿੱਜ ਅੰਗ, ਆਸਨ ਅਭੰਗ, ਏਕੈ ਸਦਾਹੂ।

6) ਅਨਭਉ ਪ੍ਰਕਾਸ ਹੈ:

ਅਜਾਏ, ਅਭੂਤੇ, ਅਥਾਪੇ, ਰੰਮੇ, ਦੇਵੇ, ਅਜਨਮੇ, ਭਾਨ ਭਾਨੇ, ਚੰਦ੍ਰ ਚੰਦ੍ਰੇ, ਗੀਤ ਗੀਤੇ, ਤਾਨ ਤਾਨੇ, ਨ੍ਰਿਤ ਨ੍ਰਿਤੇ, ਨਾਦ ਨਾਦੇ, ਗਿਆਤਾ, ਅਜੋਨਿ ਪੁਰਖ, ਅਨਭਉ ਪ੍ਰਕਾਸ, ਪ੍ਰਚੰਡ ਅਜਨਮੰ, ਅਜਬ ਸਰੂਪ।

7) ਅਮਿਤੋਜ ਹੈ :

ਅਨੂਪੇ, ਅਲੇਖੇ, ਅਪਾਰੇ, ਤ੍ਰਿਮਾਨੇ, ਅਜਬੇ, ਅਨੰਦੇ, ਮਹੰਤੇ, ਅਲੇਖ, ਨ੍ਰਿਬੂਝ, ਅਸੂਝ, ਅਸੰਭ, ਮਿਤਿ ਗਤਿ ਅਖੰਡ, ਅਮਿਤੋ ਅਮੀਕ ਹੈ, ਅਮਿਤੋ ਸੁਬਾਸ।

8) ਨੇਤ ਨੇਤ ਹੈ :

ਅਕਾਲੇ, ਅਨਾਮੇ, ਅਕਰਮੰ, ਅਧਰਮੰ, ਅਨਾਦੇ, ਅਗਾਧੇ, ਨ੍ਰਿਕਾਮੇ, ਅਬੰਧੇ, ਅਮੀਕ, ਅਗੰਮ, ਅਨਡੰਡ, ਅਤਤੰ, ਅਨੇਕੇ, ਅਨੂਪੇ, ਨ੍ਰਿਭਰਮੇ।

9) ਬੇਅੰਤ ਕਰਮ ਕਰਦਾ ਹੈ :

www.sikhbookclub.com

ਕਰਮ ਨਾਮ—ਕ੍ਰਿਪਾਲੇ, ਉਦਾਰੇ, ਨਿਧਾਨੇ, ਪ੍ਰਭੋਗੇ, ਸੁਜੋਗੇ, ਜਲਾਸਰੇ, ਨਿਰਾਸਰੇ, ਸਰਬ ਕਾਲੇ, ਦਿਆਲੇ, ਸਰਬ ਰੂਪੇ, ਸਰਬ ਭੂਪੇ, ਸਰਬ ਖਾਪੇ, ਸਰਬ ਥਾਪੇ, ਸਰਬ ਪਾਲੇ, ਸਰਬ ਗਉਨੇ, ਸਰਬ ਰੰਗੇ, ਸਰਬ ਭੰਗੇ, ਕਾਲ ਕਾਲੇ, ਜਰਾਰੰ, ਕ੍ਰਿਤਾਰੰ, ਸਰਬ ਧੰਧੇ, ਰਹੀਮੇ, ਕਰੀਮੇ, ਰਾਗੇ, ਸੁਹਾਗੇ, ਸਰਬੰ ਸੋਖੰ, ਸਰਬੰ ਪੋਖੰ, ਸਰਬੰ ਕਰਤਾ, ਸਰਬੰ ਭਰਤਾ, ਜੋਗ ਜੋਗੇ, ਭੋਗ ਭੋਗੇ, ਰਫੀਕ।

ਕਰਮ ਨਾਮ—ਰਾਜੇਸ੍ਵਰੰ, ਪਰਮ ਬ੍ਰਿਧੇ, ਸਸਤ੍ਰ ਪਾਣੇ, ਅਸਤ੍ਰ ਮਾਣੇ, ਲੋਕ ਮਾਤਾ, ਜੋਗੇਸ੍ਵਰੰ, ਨਾਰਾਇਣੇ, ਕ੍ਰੂ ਕਰਮੇ, ਸੁਧਰਮੇ, ਰੋਗ ਹਰਤਾ, ਰਾਗ ਰੂਪੇ, ਸਾਹ, ਭੂਪੇ, ਦਾਨੇ, ਮਾਨੰ, ਇਸਨਾਨੰ, ਮੰਤ੍ਰ, ਜੰਤ੍ਰ, ਇਸਟੇ, ਤੰਤ੍ਰ, ਸਚਦਾ ਨੰਦ, ਸਿਧ, ਬੁਧ, ਓਘ ਹਰਤਾ, ਪਰਮੇਸ੍ਵਰੰ, ਪਾਲੰ, ਸਮਸਤਸਤ ਧਾਮੰ, ਅਨੰਦੀ, ਸਰਬ ਦੇਸੇ, ਸਰਬ ਭੇਸੇ, ਸਰਬ ਗਿਆਨੰ, ਪਰਮ ਤਾਨੰ, ਸਰਬ ਕ੍ਰਿਸੰ।

ਕਰਮ ਨਾਮ—ਸੁ ਏਕੇ, ਅਨੇਕੇ, ਅਜੂਪੇ, ਨ੍ਰਿਕਰਮੇ, ਨ੍ਰਿਭਰਮੇ, ਨ੍ਰਿਦੇਸੇ, ਨ੍ਰਿਧੂਤੇ, ਅਤੋਲੇ, ਨ੍ਰਿਤਾਪੇ, ਅਗਾਹੇ, ਤ੍ਰਿਬਰਗੇ, ਅਸਰਗੇ, ਅਦੇਸੇ, ਨਿਰਧਾਮੇ, ਅਭੇਵੇ, ਨ੍ਰਿਲੰਭ, ਅਛੂਤ, ਅਸੋਕ, ਨੇਕਲੰਕੀ, ਸਸਤ੍ਰ ਪਾਣੇ, ਅਸਤ੍ਰ ਮਾਣੇ।

ਕਰਮ ਨਾਮ—ਸਰਬ ਰੰਗੇ, ਜੀਵ ਜੀਵੰ, ਬੀਜ ਬੀਜੇ, ਭਰਨਾਢਯ, ਗੁਬਿੰਦੇ, ਮੁਕੰਦੇ, ਹਰੀਅੰ, ਕਰੀਅੰ, ਕਰੀਮੈ, ਫ਼ਹੀਮੈ, ਅਲਾਮੈ, ਸਾਹਿਬ ਕਲਾਮੈ, ਹੁਸਨਲ ਵਜੂ, ਤਮਾਮੁਲ ਰੁਜੂ, ਹਮੇਸੁਲ ਸਲਾਮੈ, ਗਨੀਮੁਲ ਸ਼ਿਕਸਤੈ, ਗ਼ਰੀਬੁਲ ਪਰਸਤੈ, ਬਿਲੰਦੁਲ ਮਕਾਨੈ, ਤਮੀਜੁਲ ਤਮਾਮੈ, ਹਰੀਫੁਲ ਅਜੀਮੈ, ਰਜ਼ਾਇਕ ਯਕੀਨੈ, ਅਨੇਕੁਲ ਤਰੰਗ ਹੈਂ, ਅਜੀਜ਼ੁਲ ਨਿਵਾਜ, ਗਨੀਮੁਲ ਖਿਰਾਜ।

ਕਰਮ ਨਾਮ—ਜ਼ਾਹਰ ਜ਼ਹੂਰ, ਹਾਜ਼ਰ ਹਜ਼ੂਰ, ਸਮਸਤੁਲ ਕਲਾਮ, ਸਾਹਿਬ ਦਿਮਾਗ਼, ਹੁਸਨਲ ਚਰਾਗ਼, ਰੋਜ਼ੀ ਦਿਹਿੰਦ, ਰਾਜ਼ਕ ਰਹਿੰਦ, ਹੁਸਨਲ ਜਮਾਲ, ਸਮਸਤੁਲ ਜ਼ੁਬਾਂ, ਬਹਿਸਤੁਲ ਨਿਵਾਸ, ਸਰਬੁਲ ਗਵੰਨ, ਹਮੇਸੁਲ ਰਵੰਨ, ਤਮਾਮੁਲ ਤਮੀਜ, ਸਮਸਤੁਲ ਅਜੀਜ, ਜੁਰਅਤਿਜਮਾਲ ਹੈਂ, ਸਰਬ ਆਡੀਠ ਧਰਮ, ਅਤਿ ਢੀਠ ਕਰਮ, ਕਰੁਣਾਲਯ, ਜਗਤੇਸ੍ਵਰ, ਧ੍ਰਿਤ ਕੇ ਧਰਣ, ਜਗ ਕੇ ਕਰਣ, ਸਰਬ ਪਾਲਿਯ, ਬ੍ਰਹਮੰਡ ਹੈਂ, ਖਲ ਖੰਡਸ, ਅੰਮ੍ਰਿਤਾ ਮ੍ਰਿਤ, ਪਰਮੇਸ੍ਵਰ, ਅੰਧਕਾਰੇ, ਤੇਜ ਤੇਜੇ, ਬੀਜ ਬੀਜੇ।

ਕਰਮ ਨਾਮ—ਰਾਜਸੰ, ਤਾਮਸੰ, ਸਾਂਤ ਰੂਪੇ, ਪਰਮ ਤਤੰ, ਜੁਧ ਜੁਧੇ, ਕਲਹ ਕਰਤਾ, ਸਾਤ ਰੂਪੇ।

ਪ੍ਰਤੀਤ ਇਉਂ ਹੁੰਦਾ ਹੈ ਕਿ 'ਜਾਪੁ ਸਾਹਿਬ' ਕੇਵਲ ਨਾਮਾਂ ਦੀ ਇਕ ਸੂਚੀ ਹੈ, ਪਰ ਜੇ ਧਿਆਨ ਨਾਲ ਸੋਚੀਏ ਤਾਂ ਹਰ ਭਾਗ ਵਿਚ ਜੋ ਕਿ ਛੰਦਾਂ ਵਿਚ ਵੰਡੇ ਹੋਏ ਹਨ, ਇਕ ਲੜੀ-ਬਧ ਖਿਆਲ ਹੈ। ਭਾਗਾਂ ਅਨੁਸਾਰ ਸਮੁੱਚੇ ਵਿਚਾਰ ਇਸ ਪ੍ਰਕਾਰ ਹਨ।

ਪਹਿਲੇ ਭਾਗ—(ਛਪੈ ਛੰਦ) ਵਿਚ ਵਿਚਾਰ ਇਹ ਹੈ ਕਿ ਬ੍ਰਹਮ ਸਰਬ ਵਿਆਪੀ ਹੈ, ਕਿਸੇ ਵਿਸ਼ੇਸ਼ ਚਕ੍ਰ ਚਿਹਨ, ਰੂਪ ਰੰਗ ਜਾਂ ਰੇਖ ਭੇਖ ਦਾ ਨਹੀਂ ਹੈ। ਕਿਸੇ ਵਿਸ਼ੇਸ਼ ਕੌਮ, ਦੇਸ਼, ਧਰਮ ਜਾਂ ਬੋਲੀ ਦਾ ਨਹੀਂ ਹੈਂ ਸਾਰਿਆਂ ਦਾ ਹੈ।

ਦੂਜੇ ਭਾਗ—(ਭੁਜੰਗ ਪ੍ਰਯਾਤ ਛੰਦ, ੨-੨੮) ਵਿਚਾਰ ਇਹ ਹੈ ਕਿ ਸੱਚਾਈ ਸਮੇਂ 'ਜਾਂ' ਸਥਾਨ ਦੀ ਕੈਦ ਵਿਚ ਨਹੀਂ ਹੈ, ਉਹ ਅਸੀਮ ਹੈ।

ਤੀਜੇ ਭਾਗ—(ਚਾਚਰੀ ਛੰਦ, ਨੰ: ੨੮-੪੩) ਵਿਚ ਵਿਚਾਰ ਅਸੀਮਤਾ ਦਾ ਹੀ ਹੈ, ਪਰ 'ਅਨੇਕ ਹੈ, ਫਿਰਿ ਏਕ ਹੈ' 'ਤੇ ਜ਼ੋਰ ਹੈ।

ਚੌਥੇ ਭਾਗ—(ਭੁਯੰਗ ਪ੍ਰਯਾਤ, ਨੰ: ੪੪-੬੧) ਵਿਚ ਵਿਚਾਰ ਇਹ ਹੈ ਕਿ ਪਰਮਾਤਮਾ ਹੀ ਕਰਣ ਕਾਰਣ ਹੈ, ਉਸ ਤੋਂ ਹੀ ਸਭ ਦੇਵੀ ਦੇਵਤੇ ਤੇ ਸ਼ਕਤੀਆਂ ਉਤਪੰਨ ਹੋਈਆਂ ਹਨ।

www.sikhbookclub.com

ਪੰਜਵੇਂ ਭਾਗ—(ਤੇਰਾ ਜੋਰ—ਚਾਚਰੀ ਛੰਦ ਨੰ: ੬੨-੬੩) ਵਿਚ ਉਸ ਦੀ ਸਰਵ-ਵਿਆਪਕਤਾ ਦੱਸੀ ਹੈ।

ਛੇਵੇਂ ਭਾਗ—(ਭੁਜੰਗ ਪ੍ਰਯਾਤ ਨੰ: ੬੪-੭੩) ਵਿਚ ਉਸ ਦੇ 'ਕੁਕਰਮੰ ਪ੍ਰਨਾਸੀ' (ਪਾਪ ਖੰਡਨ) ਰੂਪ 'ਤੇ ਜ਼ੋਰ ਹੈ।

ਸਤਵੇਂ ਭਾਗ—(ਚਰਪਟ ਛੰਦ ਨੰ: ੭੪-੭੮) ਵਿਚ ਉਸ ਦੇ ਕਰਮਾਂ ਨੂੰ ਅੰਮ੍ਰਿਤ ਤੇ ਸਦੀਵੀ ਮੰਨਿਆ ਹੈ।

ਅੱਠਵੇਂ ਭਾਗ—(ਰੂਆਲ ਛੰਦ ਨੰ: ੭੯-੮੬) ਵਿਚ 'ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ' ਦਾ ਵਿਚਾਰ ਪ੍ਰਧਾਨ ਹੈ।

ਨੌਵੇਂ ਭਾਗ—(ਮਧੁਭਾਰ ਛੰਦ, ਨੰ: ੮੭-੯੩) ਉਸ ਦੀ 'ਮਹਿਮਾ ਅਪਾਰ' ਮੰਨੀ ਹੈ।

ਦਸਵੇਂ ਭਾਗ—(ਚਾਚਰੀ ਛੰਦ, ਨੰ: ੯੪-੯੫) ਵਿਚ ਉਸ ਨੂੰ ਗੋਬਿੰਦ ਜਾਂ ਸਰਬ ਪਾਲਕ ਮੰਨਿਆ ਹੈ।

ਗਿਆਰ੍ਹਵੇਂ ਭਾਗ—(ਭੁਜੰਗ ਪ੍ਰਯਾਤ ਛੰਦ ਨੰ: ੯੬-੯੮) ਵਿਚ 'ਚਤ੍ਰ ਚਕ੍ਰ ਵਰਤੀ' ਰੂਪ ਨੂੰ ਪ੍ਰਧਾਨਤਾ ਦਿੱਤੀ ਹੈ।

ਬਾਰ੍ਹਵੇਂ ਭਾਗ—(ਚਾਚਰੀ ਛੰਦ ਨੰ: ੯੯-੧੦੨) ਵਿਚ ਉਸ ਨੂੰ 'ਅਜਨਮੰ ਤੇ ਅਜਾਏ' ਮੰਨਿਆ ਹੈ।

ਤੇਰ੍ਹਵੇਂ ਭਾਗ—(ਭਗਵਤੀ ਛੰਦ ਨੰ: ੧੦੩-੧੩੨) ਵਿਚ ਉਸ ਨੂੰ (ਧਰਮ ਧੁਜਾ) ਮੰਨਿਆ ਹੈ, 'ਅਨੇਕੁਲ ਤਰੰਗ' ਮੰਨਿਆ ਹੈ ਤੇ ਉਸ ਦਾ ਸ਼ਾਸਨ ਸਰਬਤ ਦਰਸਾਇਆ ਹੈ।

ਚੌਧਵੇਂ ਭਾਗ—(ਚਾਚਰੀ ਛੰਦ ਨੰ: ੧੩੩-੧੪੧) ਵਿਚ ਉਸ ਨੂੰ 'ਅਨਾਸ ਤੇ ਪ੍ਰਕਾਸ' ਮੰਨਿਆ ਹੈ।

ਪੰਦਰ੍ਹਵੇਂ ਭਾਗ—(ਚਰਪਟ ਛੰਦ ਨੰ: ੧੪੨-੧੪੪) ਵਿਚ 'ਸਰਬੰ ਹੰਤਾ' ਦਾ ਖਿਆਲ ਪ੍ਰਧਾਨ ਹੈ।

ਸੋਲ੍ਹਵੇਂ ਭਾਗ—(ਰਸਾਵਲ ਛੰਦ ਨੰ: ੧੪੫-੧੪੯) ਵਿਚ 'ਸਦਾ ਸਰਬ ਸਾਥੇ' ਦਾ ਖਿਆਲ ਪ੍ਰਧਾਨ ਹੈ।

ਸਤਾਰ੍ਹਵੇਂ ਭਾਗ—(ਭਗਵਤੀ ਛੰਦ ਨੰ: ੧੫੦-੧੬੦) ਵਿਚ ਉਸ ਦੇ ਦਿਮਾਗ, ਹੁਸਨ, ਕਰਮ, ਜੁਰਅਤ ਦੀ ਉਪਾਸਨਾ ਕੀਤੀ ਹੈ।

ਅਠਾਰ੍ਹਵੇਂ ਭਾਗ—(ਮਧੁਭਾਰ ਛੰਦ ਨੰ: ੧੬੧-੧੭੦) ਵਿਚ 'ਅਤਿ ਢੀਠ ਕਰਮ' ਦੱਸਿਆ ਹੈ, ਭਾਵ ਉਹ ਆਪਣੇ 'ਕਰਮ' ਲਗਾਤਾਰ ਕਰੀ ਜਾਂਦਾ ਹੈ।

ਉਨੀਵੇਂ ਭਾਗ—(ਹਰਿ ਬੋਲ ਮਨਾ ਛੰਦੇਂ ਨੰ: ੧੭੧-੧੮੪) ਵਿਚ ਉਸ ਨੂੰ ਕਿਰਪਾ ਦਾ ਘਰ 'ਕਰੁਣਾਲਯ' ਮੰਨਿਆ ਹੈ।

ਵੀਹਵੇਂ ਭਾਗ—(ਭੁਜੰਗ ਪ੍ਰਯਾਤ ਛੰਦ ਨੰ: ੧੮੫-੧੮੮) ਵਿਚ ਉਸ ਦੇ ਅਦ੍ਵੈਤ ਸਰੂਪ ਦਾ ਬਿਆਨ ਹੈ ਕਿ ਉਹ ਹਰ ਸਰੂਪ ਵਿਚ ਆਪ ਹੀ ਵਿਆਪਕ ਹੈ।

ਇੱਕੀਵੇਂ ਭਾਗ—(ਏਕ ਅਛਰੀ ਛੰਦ ਨੰ: ੧੮੯-੧੯੬) ਵਿਚ ਉਸ ਨੂੰ ਸਰੀਰ, ਸਮੇਂ, ਸਥਾਨ ਦੀ ਸੀਮਾ ਤੋਂ ਪਰੇ ਮੰਨਿਆ ਹੈ।

ਬਾਈਵੇਂ ਭਾਗ—(ਭੁਜੰਗ ਪ੍ਰਯਾਤ ਛੰਦ ਨੰ: ੧੯੭-੧੯੯) ਵਿਚ ਉਸ ਨੂੰ 'ਸਦਾ ਅੰਗ ਸੰਗੇ' ਦੱਸਿਆ ਹੈ।

ਸੋ 'ਜਾਪੁ ਸਾਹਿਬ' ਕੇਵਲ ਇਕੋ ਵਿਸ਼ੇ 'ਤੇ ਰਚਨਾ ਹੈ ਅਤੇ ਉਹ ਵਿਸ਼ਾ ਹੈ ਬ੍ਰਹਮ ਦੀ ਵਿਆਖਿਆ।

www.sikhbookclub.com

'ਜਾਪੁ ਸਾਹਿਬ' ਪ੍ਰਭੂ ਪ੍ਰਤਾਪ (Greatness) ਨੂੰ ਸਪੱਸ਼ਟ ਕਰਦਾ ਹੈ। ਤੇ ਗੁਰੂ ਦਾ ਦੱਸਿਆ ਮਹਾਨ ਅਸੂਲ ਇਹ ਹੈ ਕਿ ਜੇ 'ਪ੍ਰਤਾਪ' ਦੀ ਸਮਝ ਆ ਜਾਏ ਤਾਂ ਮਨੁੱਖ 'ਪ੍ਰਤਾਪੀ' ਬਣ ਜਾਂਦਾ ਹੈ। ਜੇ ਤੁਸੀਂ ਵੱਡੇ ਬਣਨਾ ਚਾਹੁੰਦੇ ਹੋ ਤਾਂ ਸਮਝੋ ਵਡਿਆਈ ਕੀ ਹੈ। ਪਰਮਾਤਮਾ ਦੀ ਵਡਿਆਈ 'ਧਰਮ ਧੁਜਾ' (Hall mark of Virtues) ਹੋਣ ਵਿਚ ਹੈ, ਸਾਹਿਬ ਦਿਮਾਗ, ਹੁਸਨਲ ਚਰਾਗ, ਕਾਮਲ ਕਰੀਮ, ਜੀਤ ਜੀਤੇ, ਜੁਰਅਤਿ ਜਮਾਲ ਹੋਣ ਵਿਚ ਹੈ। ਇਸ ਵਡਿਆਈ ਜਾਂ ਪ੍ਰਤਾਪ ਨੂੰ ਪ੍ਰੇਮ ਕਰਨਾ ਹੀ ਭਗਤੀ ਹੈ। 'ਜਾਪੁ ਸਾਹਿਬ' ਭਗਤੀ-ਭਾਵ ਦੀ ਬੜੀ ਮਹਾਨ ਰਚਨਾ ਹੈ। ਪ੍ਰਭੂ ਦੀ ਵਡਿਆਈ ਸਮਝਣ ਦਾ ਨਾਮ ਹੈ। ਪ੍ਰਤਾਪ ਤੇ ਨਾਮ ਇਕੋ ਗੱਲ ਹਨ।

8.

'ਜਾਪੁ ਸਾਹਿਬ' ਦਾ ਪਰਮਾਤਮਾ ਖਾਲਸੇ ਦਾ ਪੂਜ ਹੈ। ਖਾਲਸੇ ਨੇ ਇਸ ਪੂਜ ਵਰਗਾ ਬਣਨਾ ਹੈ :

ਚੰਦ੍ਰ ਚੰਦ੍ਰੇ, ਭਾਨ ਭਾਨੇ, ਗੀਤ ਗੀਤੇ, ਤਾਨ ਤਾਨੇ, ਨ੍ਰਿਤ ਨ੍ਰਿਤੇ, ਨਾਦ ਨਾਦੇ ਵਰਗਾ; ਸਸਤ੍ਰ ਪਾਣੇ, ਅਸਤ੍ਰ ਮਾਣੇ ਵਰਗਾ; ਸਾਹਿਬ ਦਿਮਾਗ਼, ਹੁਸਨਲ ਚਰਾਗ਼, ਕਾਮਲ ਕਰੀਮ, ਹੁਸਨਲ ਜਮਾਲ, ਗਰੀਬੁਲ ਨਿਵਾਜ਼, ਹਰੀਫ਼ੁਲ ਸ਼ਿਕੰਨ, ਹਿਰਾਸੁਲ ਫਿਕੰਨ, ਜੁਰਅਤਿ ਜਮਾਲ ਵਰਗਾ।

ਇਹ ਕੀਮਤਾਂ ਹੀ (ਧਰਮੰ ਧੁਜਾ) ਹਨ, ਖਾਲਸੇ ਨੇ ਇਸੇ ਧੁਜਾ ਵਲ ਵੇਖਣਾ ਹੈ ਅਤੇ ਉੱਚਾ ਹੋਣਾ ਹੈ। ਇਸੇ ਲਈ ਇਹ ਬਾਣੀ 'ਅੰਮ੍ਰਿਤ' ਤਿਆਰ ਕਰਨ ਵੇਲੇ (ਅਤੇ ਨਿਤਨੇਮ ਸਮੇਂ) ਪੜ੍ਹੀ ਜਾਂਦੀ ਹੈ। ਇਹ ਬਾਣੀ ਅੰਮ੍ਰਿਤ-ਰੂਪ ਬ੍ਰਹਮ ਦਾ ਚਿੰਨ੍ਹ ਹੈ।

'ਜਾਪੁ ਸਾਹਿਬ' ਵਿਚ 'ਨੀਲੇ' ਗਗਨ ਤੇ ਸਾਗਰ ਦੀ ਵਿਸ਼ਾਲਤਾ ਹੈ ਅਤੇ 'ਨੀਲੇ ਘੋੜੇ' ਦੀ ਸਮਰਥਾ ਹੈ, ਇਸ ਵਿਚ 'ਚਿੱਟੇ' ਰੰਗ ਦਾ ਪਿਆਰ ਹੈ ਤੇ 'ਬਾਜ਼' ਦੀ ਸ਼ਕਤੀ ਹੈ। ਇਸ ਵਿਚ 'ਨੀਲੇ ਘੋੜੇ' ਦੇ ਟਾਪ ਦੀ ਆਵਾਜ਼ ਹੈ, ਚਿੱਟੇ ਬਾਜ਼ ਦੀ ਉਡਾਰੀ ਹੈ ਅਤੇ ਹੀਰਿਆਂ ਜੜੀ ਕਲਗੀ ਦੀ ਚਮਕ-ਦਮਕ ਹੈ। ਇਸ ਵਿਚ ਛੰਦ-ਨਿਯਮ ਪੂਰਨਤਾ ਦੀ ਹੱਦ ਤੀਕ ਨਿਭਾਏ ਗਏ ਹਨ; ਇਥੇ ਭਾਰਤੀ ਤੇ ਗ਼ੈਰ ਭਾਰਤੀ ਬੋਲੀਆਂ ਗਲਵਕੜੀ ਪਾਈ ਦਿੱਸਦੀਆਂ ਹਨ। ਇਥੇ ਸ਼ੁਧ ਰੂਪ ਵਿਚ ਨਾਮ-ਦਾਰਸ਼ਨਿਕ ਤੇ ਰਹਿਸਵਾਦੀ ਵਿਰਸਾ ਪੂਰੀ ਤਰ੍ਹਾਂ ਸੁਰਜੀਤ ਹੋ ਗਿਆ ਪ੍ਰਤੀਤ ਹੁੰਦਾ ਹੈ। ਇਥੇ ਯੋਗ, ਗਿਆਨ, ਭਗਤੀ ਤੇ ਕਰਮ ਦਾ ਸੁਮੇਲ ਹੈ, ਪਰ ਕਰਮ ਪ੍ਰਧਾਨ ਹੈ। ਇਹ ਸਾਰੀ ਮਨੁੱਖਤਾ ਲਈ ਸਾਂਝੇ ਆਦਰਸ਼ਾਂ ਦੀ ਰਚਨਾ ਹੈ। ਇਥੇ ਕਿਸੇ ਕੌਮ, ਦੇਸ਼, ਬੋਲੀ, ਧਰਮ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਗਿਆ। ਸਾਰੀਆਂ ਕੌਮਾਂ ਤੇ ਦੇਸ਼ਾਂ ਨੂੰ ਸੱਚਾਈ ਦਾ ਇਕੋ ਜਿਹਾ ਬਰਾਬਰ ਦਾ ਹਿੱਸੇਦਾਰ ਮੰਨਿਆ ਗਿਆ ਹੈ। ਇਥੇ ਮਨੁੱਖੀ ਸ਼ਖ਼ਸੀਅਤ ਨੂੰ ਰਬਤਾ ਵਿਚ ਰਲਦਾ ਦਰਸਾਇਆ ਹੈ। ਇਹ ਹੁਸਨਲ ਦਿਮਾਗ਼, ਜੁਰਅਤ, ਕਰਮ ਦਾ ਚਿਤ੍ਰ ਹੈ।

ਜਾਪੁ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਕਾਰ ਸਰੂਪ ਤੇ ਆਦਰਸ਼ ਹੈ। ਜਾਪੁ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ਼ਟ 'ਖਾਲਸੇ' ਦਾ ਰੂਪ ਹੈ; 'ਜਾਪੁ' ਮਨੁੱਖਤਾ ਦੀ ਉੱਚਤਮ ਹੋਣੀ ਦੀ ਧੁਜਾ ਹੈ। 'ਜਾਪੁ' ਧਰਤੀ 'ਤੇ ਤੁਰਦੇ ਫਿਰਦੇ ਰੱਬ ਦਾ ਚਿੱਤ੍ਰ ਹੈ, ਇਹ ਸਾਕਾਰ ਹੋਈ ਰਬਤਾ ਹੈ। 'ਜਾਪੁ' ਮਨੁੱਖੀ ਗਿਆਨ ਦਾ ਸਿਖਰ ਹੈ। 'ਜਾਪੁ' ਮਨੁੱਖੀ ਏਕਤਾ, ਬਰਾਬਰੀ ਤੇ ਹੁਸਨ ਦਾ ਚਿੰਤਨ ਹੈ। ਮਨੁੱਖ ਦੀ ਹੋਣੀ 'ਜਾਪੁ' ਦੇ ਚਿਤ੍ਰ ਤੋਂ ਵਧ ਉਜਲ ਨਹੀਂ ਹੋ ਸਕਦੀ।

(6/1963)

www.sikhbookclub.com

ਜਾਪੁ ਸਾਹਿਬ ਦਾ ਰੱਬ

ਕਦੇ ਕਿਸੇ ਪੁੱਤਰ ਨੇ ਜਨਤਾ ਨੂੰ ਦੁਖੀ ਵੇਖ ਕੇ ਆਪਣੇ ਪਿਤਾ ਜੀ ਨੂੰ ਨਹੀਂ ਕਿਹਾ ਕਿ ਤੁਸੀਂ ਕੁਰਬਾਨ ਹੋ ਕੇ ਲੋਕਾਂ ਨੂੰ ਸੁਖੀ ਕਰੋ। ਕਦੇ ਕਿਸੇ ਪਿਤਾ ਨੇ ਆਪਣੇ ਪੁੱਤਰਾਂ ਨੂੰ ਆਪਣੇ ਹੱਥੀਂ ਤਿਆਰ ਕਰ ਕੇ ਜੰਗ ਦੀ ਮਚਦੀ ਅੱਗ ਵਿਚ ਝੋਕ ਕੇ ਲਲਕਾਰੇ ਮਾਰ ਮਾਰ ਕੇ ਇਹ ਨਹੀਂ ਕਿਹਾ ਕਿ ਬੱਚਿਓ ! ਦਸਮੇਸ਼ ਦੇ ਪੁੱਤਰਾਂ ਦੇ ਸਾਰੇ ਜ਼ਖ਼ਮ ਸੀਨੇ ਵਿਚ ਹੁੰਦੇ ਹਨ, ਪਿੱਠ ਪਿੱਛੇ ਕੋਈ ਚੋਟ ਨਹੀਂ ਲੱਗ ਸਕਦੀ। ਬਹਾਦਰੀ ਬਹੁਤੇ ਜ਼ਖ਼ਮ ਕਰਵਾ ਕੇ ਸ਼ਹੀਦ ਹੋਣ ਵਿਚ ਹੈ। ਕਦੇ ਕਿਸੇ ਗੁਰੂ ਨੇ ਪਹਿਲਾਂ ਆਪਣੇ ਬੱਚਿਆਂ ਨੂੰ ਭੁੱਖਾ ਰੱਖ ਕੇ ਪਿੱਛੋਂ ਆਪਣੇ ਸਿੱਖਾਂ ਨੂੰ ਭੁੱਖਾ ਨਹੀਂ ਰੱਖਿਆ। ਕਦੇ ਕਿਸੇ ਦੇ ਪਿਤਾ ਦੇ ਸ਼ਹੀਦ ਸਰੀਰ ਦਾ ਸਸਕਾਰ, ਵੱਖ ਵੱਖ ਥਾਵਾਂ ਅਤੇ ਵੱਖ ਵੱਖ ਸਮਿਆਂ ਵਿਚ ਧੜ ਦਾ ਕਿਤੇ ਅਤੇ ਸੀਸ ਦਾ ਕਿਸੇ ਹੋਰ ਥਾਂ 'ਤੇ ਨਹੀਂ ਹੋਇਆ। ਕਦੇ ਕਿਸੇ ਦਾਦੀ ਨੇ ਨਿੱਕੇ ਨਿੱਕੇ ਬੱਚਿਆਂ ਨੂੰ ਉਨ੍ਹਾਂ ਦੇ ਸ਼ਹੀਦ ਦਾਦੇ ਅਤੇ ਮਰਜੀਵੜੇ ਪਿਤਾ ਦੀਆਂ ਲਹੂ ਨੁਚੜਦੀਆਂ ਤਾਜ਼ੀਆਂ ਸਾਖੀਆਂ ਸੁਣਾ ਕੇ ਸ਼ਹੀਦ ਹੋਣ ਲਈ ਨਹੀਂ ਤੋਰਿਆ। ਕਦੇ ਕਿਸੇ ਜਰਨੈਲ ਨੇ ਬਾਈਧਾਰ ਦੇ ਰਾਜਿਆਂ ਵਿਚ, ਦੰਦਾਂ ਦੇ ਘੇਰੇ ਵਿਚ ਜ਼ਬਾਨ ਵਾਂਗ ਰਹਿ ਕੇ, ਲੜਾਈਆਂ ਲੜਦਿਆਂ ਹੋਇਆਂ ਨਾਲ ਨਾਲ ਨਾ ਸਾਹਿਤ ਆਪ ਰਚਿਆ ਹੈ ਅਤੇ ਨਾ ਦੂਜਿਆਂ ਨੂੰ ਸਾਹਿਤ ਰਚਣ 'ਤੇ ਲਾਇਆ ਹੈ। ਕਦੇ ਕਿਸੇ ਯੁਗ ਪੁਰਸ਼ ਨੇ ਏਨੇ ਥੋੜੇ ਸਮੇਂ ਵਿਚ ਹੀਣੇ, ਸਦੀਆਂ ਦੇ ਕੁਚਲੇ ਅਤੇ ਲਤਾੜੇ ਹੋਏ ਲੋਕਾਂ ਨੂੰ ਬਹਾਦਰ, ਅਣਖੀਲੇ ਤੇ ਦਲੇਰ ਨਹੀਂ ਬਣਾਇਆ। ਕਦੇ ਕਿਸੇ ਗੁਰੂ ਨੇ ਆਪਣੇ ਚੇਲਿਆਂ ਨੂੰ ਸਭ ਦੇ ਸਾਹਮਣੇ ਤਲਵਾਰ ਲੈ ਕੇ ਪਰਖਿਆ ਨਹੀਂ ਅਤੇ ਨਾ ਲਹੂ ਨਾਲ ਭਿੱਜੀ ਹੋਈ ਤਲਵਾਰ ਲੈ ਕੇ ਮੁੜ ਮੁੜ ਕੇ ਪੰਜ ਵਾਰ ਵੰਗਾਰਿਆ ਹੈ। ਕਦੇ ਕਿਸੇ ਗੁਰੂ ਨੇ ਬੰਦੂਕ ਦੀ ਸ਼ਕਤੀ ਪਰਖਣ ਲਈ ਆਪਣੇ ਪਿਆਰੇ ਸਿੱਖਾਂ ਨੂੰ ਸੀਨਾ ਤਾਣ ਕੇ ਨਿਸ਼ਾਨਾ ਬਣਨ ਲਈ ਨਾ ਆਖਿਆ ਹੈ ਅਤੇ ਨਾ ਹੀ ਇਸ਼ਨਾਨ ਕਰਦੇ ਕਰਦੇ ਅੱਧ ਵਿਚ ਇਸ਼ਨਾਨ ਛੱਡ ਕੇ ਪਿਉ ਪੁੱਤਰ ਅੱਗੇ ਹੋਣ ਲਈ ਧੱਕਮ ਧੱਕੇ ਕਰਦੇ ਵੇਖੇ ਗਏ ਹਨ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਤਿਹਾਸ ਨੂੰ ਤੇ ਕੌਮ ਨੂੰ ਇਕ ਮਹਾਨ ਦੇਣ ਹੈ, ਉਸ ਤੋਂ ਭੀ ਵੱਡੀ ਉਨ੍ਹਾਂ ਦੀ ਧਾਰਮਿਕ ਦੇਣ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਾਪੁ ਸਾਹਿਬ ਵਿਚ ਜਿਸ ਤਰ੍ਹਾਂ ਰੱਬ ਨੂੰ ਅਨੁਭਵ ਕੀਤਾ ਹੈ ਉਹ ਬੜਾ ਸੌਖਾ ਹੈ, ਪ੍ਰੇਰਕ ਹੈ, ਮਾਣਿਆ ਜਾ ਸਕਦਾ ਹੈ, ਉਸ ਦੇ ਇਤਿਹਾਸ ਵਿਚ ਤੇ ਆਮ ਲੋਕਾਂ ਵਿਚ ਨਾਇਕ ਅਤੇ ਨਾਇਕਾਵਾਂ ਮਿਲਦੀਆਂ ਹਨ।

ਜਿਸ ਨੇ ਗਰੀਬਾਂ ਦੀ ਰੱਖਿਆ ਲਈ ਹਥਿਆਰ ਸਜਾਏ ਹਨ, ਦੇਸ ਦੇ ਬਚਾਉ ਲਈ ਸ਼ਸਤ੍ਰ ਪਾਏ ਨਹੀਂ, ਧਾਰਨ ਕੀਤੇ ਹਨ, ਹਥਿਆਰਾਂ ਨੂੰ ਆਪਣੇ ਜੀਵਨ ਦਾ ਇਕ ਅੰਗ ਬਣਾ ਲਿਆ ਹੈ, ਹਰ ਸਮੇਂ ਕਮਰਕੱਸਾ ਕਰ ਕੇ ਦੇਸ਼ ਦਾ ਪਹਿਰੇਦਾਰ ਬਣ ਕੇ ਨੀਂਦਰੇ ਕੱਟਦਾ ਹੈ, ਉਹ ਪ੍ਰਭੂ ਦਾ ਰੂਪ ਹੈ, ਉਸ

www.sikhbookclub.com

ਨੂੰ ਗੁਰੂ ਜੀ ਨਮਸਕਾਰ ਕਰਦੇ ਹਨ, ਉਹ ਨਮੋ ਸ਼ਸਤ੍ਰ-ਪਾਣੇ ਹੈ। ਜੇ ਤੱਤੇ ਆਪੋ ਵਿਚ ਦੀ ਟਕਰਾ ਟਕਰਾ ਕੇ ਪ੍ਰਲੋਅ ਲੈ ਆਉਣ ਫਿਰ ਭੀ ਮਹਾਂ ਕਵੀ ਨੂੰ ਉਹ ਨਮੋ ਸ਼ਸਤ੍ਰ-ਪਾਣੇ ਦੇ ਰੂਪ ਵਿਚ ਤੱਕਦਾ ਹੈ। ਸ਼ਸਤ੍ਰ ਪਾਣਾ ਇਕ ਹੋਰ ਗੱਲ ਹੈ, ਧਾਰਨਾ ਭੀ ਇਕ ਹੋਰ ਗੱਲ ਹੈ ਪਰ ਸ਼ਸਤ੍ਰ ਨੂੰ ਮਾਣਦਾ ਇਕ ਉਕੀ ਹੀ ਹੋਰ ਗੱਲ ਹੈ। ਸ਼ਸਤ੍ਰ ਮਾਣਨਾ ਇਕ ਮਨੋਰੰਜਨ ਹੈ, ਇਕ ਸੁੰਦਰ ਖੇਡ ਹੈ। ਇਹ ਖੇਡ ਗ਼ੁੱਸੇ ਅਤੇ ਘ੍ਰਿਣਾ ਤੋਂ ਉੱਚੀ ਹੈ, ਆਪਣੇ ਅਤੇ ਬਿਗਾਨੇ ਤੋਂ ਪਰੇ ਹੁੰਦੀ ਹੈ। ਇਸ ਵਿਚ ਜਿੱਤ ਅਤੇ ਹਾਰ ਨਹੀਂ ਹੁੰਦੀ, ਇਸ ਵਿਚ ਆਸਾ ਤੇ ਤ੍ਰਿਸ਼ਨਾ ਨਹੀਂ ਹੁੰਦੀ, ਇਹ ਕਰਮਾਂ ਦਾ ਫਲ ਨਹੀਂ ਮੰਗਦੀ, ਇਹ ਕਰਮ ਕਰਦੀ ਵੀ ਅਕਰਮ ਹੁੰਦੀ ਹੈ। ਸਰੀਰ ਇਕ ਕਰਮ ਹੈ, ਜਿੰਨਾ ਚਿਰ ਸਰੀਰ ਹੈ, ਕਰਮ ਜਾਰੀ ਰਹਿਣੇ ਹਨ; ਸਾਹ ਲੈਣਾ, ਲਹੂ ਚੱਕਰ ਦਾ ਚੱਲਣਾ, ਜਾਗਣਾ, ਸੌਣਾ, ਉਠਣਾ-ਬੈਠਣਾ ਤੇ ਖੇਡਣਾ ਅਜੇਹੇ ਸੈਂਕੜੇ ਕਰਮ ਹਨ ਪਰ ਕਦੇ ਕਿਸੇ ਨੇ ਕਿਹਾ ਹੈ ਕਿ ਮੈਂ ਲੋਕਾਂ ਦੇ ਭਲੇ ਲਈ ਸਾਹ ਲੈ ਰਿਹਾ ਹਾਂ, ਮੈਂ ਦਿਲ ਦਾ ਪੰਪ ਗੇੜਦਾ ਗੇੜਦਾ ਥੱਕ ਗਿਆ ਹਾਂ, ਇਹ ਸਾਰੇ ਕਰਮ ਹੁੰਦੇ ਹਨ ਪਰ ਇਹ ਸਭ ਸੁਭਾਵਕ ਹਨ। ਜਦੋਂ ਕਰਮ ਸੁਭਾਵਕ ਹੋ ਜਾਣ, ਨਿਰਮਲ ਪਾਣੀ ਦੇ ਸੋਮੇ ਵਾਂਗ ਉਛਲ ਉਛਲ ਕੇ ਵਗਣ ਫਿਰ ਇਹ ਬੰਧਨ ਨਹੀਂ ਬਣਦੇ। ਇਨ੍ਹਾਂ ਕਰਮਾਂ ਤੋਂ ਬਿਨਾਂ ਨਾ ਆਪਣਾ ਫ਼ਰਜ਼ ਅਦਾ ਹੁੰਦਾ ਹੈ ਅਤੇ ਨਾ ਦੂਜੇ ਦਾ ਭਲਾ ਹੋ ਸਕਦਾ ਹੈ। ਕੋਈ ਤੀਰੰਦਾਜ਼ ਆਪਣੇ ਤੀਰਾਂ ਨੂੰ ਸੋਨਾ ਲਾ ਕੇ ਨਹੀਂ ਚਲਾਉਂਦਾ ਕਿਉਂਕਿ ਉਹ ਤੀਰਾਂ ਨੂੰ ਮਾਣਦੇ ਨਹੀਂ, ਜਿਹੜੇ ਤੀਰਾਂ ਨੂੰ ਮਾਣਦੇ ਨਹੀਂ ਉਹ 'ਨਮੋ ਅਸਤ੍ਰ ਮਾਣੇ' ਨਹੀਂ ਹੋ ਸਕਦੇ।

ਭਾਈ ਗੁਰਦਾਸ ਜੀ ਨੇ ਇਕ ਸਾਖੀ ਲਿਖੀ ਹੈ—ਅਮ੍ਰੀਕ ਭਗਤ ਨੇ ਵਰਤ ਰੱਖਿਆ, ਦੁਰਬਾਸ਼ਾ ਰਿਖੀ ਨੇ ਦੇਰ ਕਰ ਦਿੱਤੀ ਕਿ ਅਮ੍ਰੀਕ ਭਗਤ ਆਪਣਾ ਵਰਤ ਨਾ ਖੋਲ੍ਹ ਸਕੇ। ਨੇਮੀ ਭਗਤ ਨੇ ਵਰਤ ਖੋਲ੍ਹ ਲਿਆ। ਨੇਮੀ ਨੇਮ ਕਿਵੇਂ ਤੋੜ ਸਕਦਾ ਸੀ, ਦੁਰਬਾਸ਼ਾ ਸਰਾਪ ਦੇਣ ਨੂੰ ਦੌੜਿਆ, ਭਗਤ ਦੀ ਰੱਖਿਆ ਕਰਨ ਲਈ ਉਸ ਦੇ ਪਿੱਛੇ ਸੁਦਰਸ਼ਨ ਚੱਕਰ ਛੱਡ ਦਿੱਤਾ। ਅੱਗੇ ਅੱਗੇ ਦੁਰਬਾਸ਼ਾ ਦੌੜ ਰਿਹਾ ਹੈ, ਪਿੱਛੇ ਪਿੱਛੇ ਥੋੜੀ ਵਿੱਥ 'ਤੇ ਸੁਦਰਸ਼ਨ ਚੱਕਰ ਪਿੱਛਾ ਕਰਦਾ ਆ ਰਿਹਾ ਹੈ। ਤਿੰਨਾਂ ਲੋਕਾਂ ਵਿਚ ਜਾ ਕੇ ਸਭ ਦੇਵਤਿਆਂ ਦੇ ਤਰਲੇ ਲਏ ਪਰ ਕਿਸੇ ਨੇ ਭੀ ਕ੍ਰੋਧੀ ਅਤੇ ਅਨਿਆਈ ਦੁਰਬਾਸ਼ਾ ਨੂੰ ਬਚਾਇਆ ਨਹੀਂ। ਅਖੀਰ ਅਮ੍ਰੀਕ ਭਗਤ ਦੀ ਚਰਨੀਂ ਪਿਆ ਅਤੇ ਉਸ ਨੇ ਸੁਦਰਸ਼ਨ ਚੱਕਰ ਤੋਂ ਰੱਖਿਆ ਕੀਤੀ। ਇਸ ਤਰ੍ਹਾਂ ਦੀ ਰਖਿਆ ਕਰਨੀ, ਇਸ ਤਰ੍ਹਾਂ ਹਥਿਆਰਾਂ ਨੂੰ ਚਲਾਉਣਾ ਜਿਸ ਨਾਲ ਸਾਰੀ ਜਨਤਾ ਖ਼ੁਸ਼ ਹੋਵੇ, ਸ਼ਸਤ੍ਰਾਂ ਨੂੰ ਮਾਣਨਾ ਹੈ। ਜ਼ਾਲਮਾਂ ਨੂੰ ਅੱਗੇ ਅੱਗੇ ਨਠਾਉਣਾ ਇਹ ਭਗਤੀ ਹੈ, ਇਹ ਪੂਜਾ ਹੈ, ਇਹ ਗਿਆਨ ਹੈ, ਉਪਾਸ਼ਨਾ ਹੈ, ਇਹ ਦਾਨ ਹੈ, ਇਹ ਵਰਤ ਹੈ, ਇਹ ਸ੍ਵੈ-ਭਗਤੀ ਹੈ, ਇਹ ਮਨੁੱਖੀ ਆਰਤੀ ਹੈ, ਇਹ ਦੈਵੀ ਕੀਰਤਨ ਸੋਹਿਲਾ ਹੈ।

ਬਹਾਦਰਾਂ ਅਤੇ ਸੂਰਮਿਆਂ ਦਾ ਮੰਦਰ ਸੱਚਾਈ ਲਈ ਲੜੀ ਜੰਗ ਦੇ ਮੈਦਾਨ ਵਿਚ ਹੁੰਦਾ ਹੈ। ਉਹ ਫੁੱਲਾਂ ਦੇ ਹਾਰ ਲੈ ਕੇ ਇਸ ਮੰਦਰ ਵਿਚ ਨਹੀਂ ਜਾਂਦੇ, ਉਨ੍ਹਾਂ ਦੇ ਆਪਣੇ ਸੀਸ ਤਲੀ ਉੱਪਰ ਰੱਖੇ ਹੁੰਦੇ ਹਨ। ਲੋਕੀਂ ਵਾਸ਼ਨਾ ਅਤੇ ਮਮਤਾ ਲਈ ਸਾਰੀ ਉਮਰ ਜੰਗ ਕਰਦੇ ਹਨ, ਪਰ ਉਹ ਸੁਖ, ਆਰਾਮ, ਪ੍ਰਾਪਤੀਆਂ, ਵਾਸ਼ਨਾ ਨੂੰ ਆਪਣੇ ਹੱਥੀਂ ਕਤਲ ਕਰ ਕੇ ਕੁੱਦ ਪੈਂਦੇ ਹਨ। ਲੋਕੀਂ ਆਪਣੇ ਬੱਚਿਆਂ ਲਈ ਸਾਰੇ ਸੰਸਾਰ ਨੂੰ ਜ਼ਿਬਾਹ ਕਰ ਸਕਦੇ ਹਨ, ਉਹ ਗਰੀਬਾਂ ਨੂੰ ਭੁੱਖੇ ਮਾਰ ਕੇ ਆਪਣੇ ਬੱਚਿਆਂ ਨੂੰ ਐਸ਼ ਕਰਾਉਣ ਨੂੰ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝਦੇ ਹਨ ਪਰ ਜਾਪੁ ਸਾਹਿਬ ਦੇ ਕਰਤਾ ਆਪਣੇ ਬੱਚਿਆਂ ਨੂੰ ਵਾਰ ਕੇ 'ਜੀਵਤ ਕਈ ਹਜ਼ਾਰ' ਕਹਿ ਕੇ ਉੱਚੀ ਨਾਹਰਾ ਲਾਉਂਦੇ

www.sikhbookclub.com

ਹਨ। ਉਨ੍ਹਾਂ ਦੀ ਲੜਾਈ ਦੋਹਰੀ ਹੁੰਦੀ ਹੈ, ਉਹ ਅੰਦਰ ਬੁਰਿਆਈਆਂ ਨਾਲ ਲੜਦੇ ਹਨ ਅਤੇ ਬਾਹਰ ਬੁਰਿਆਂ ਨਾਲ ਜੰਗ ਕਰਦੇ ਹਨ। ਇਨ੍ਹਾਂ ਜੰਗਾਂ ਨੂੰ ਦਸਮੇਸ਼ ਜੀ ਦੀ ਨਮਸ਼ਕਾਰ ਹੈ, ਅਜਿਹੇ ਜੰਗ ਲੜਨੇ ਜੰਗ ਨਹੀਂ, ਅਧਿਆਤਮਕ ਕਰਮ ਹੈ, ਅਸਟਾਂਗ ਹੈ, ਨਵਧਾ ਭਗਤੀ ਹੈ। ਪ੍ਰਭੂ ਨੂੰ ਮਿਲਣ ਦਾ ਨਿੱਕਾ ਅਤੇ ਸਿੱਧਾ ਰਾਹ ਹੈ। ਇਹ ਪਗਡੰਡੀ ਨਹੀਂ, ਮਾਰਗ ਹੈ। ਇਸ ਰਾਹ 'ਤੇ ਇਕੱਲਾ ਨਹੀਂ ਸਾਰਾ ਪਰਿਵਾਰ ਬੇੜੇ ਉੱਪਰ ਚੜ੍ਹਾਇਆ ਜਾ ਸਕਦਾ ਹੈ। ਇਸ ਰਾਹ 'ਤੇ ਕੌਮਾਂ ਮੋਢੇ ਨਾਲ ਮੋਢਾ ਜੋੜ ਕੇ ਇਕੱਠੀਆਂ ਚਲ ਸਕਦੀਆਂ ਹਨ। ਏਥੇ ਨੱਕ ਨਹੀਂ ਰਗੜੇ ਜਾਂਦੇ, ਅਣਖ ਕਾਇਮ ਕੀਤੀ ਜਾਂਦੀ ਹੈ। ਏਥੇ ਹੱਥ ਨਹੀਂ ਜੋੜੇ ਜਾਂਦੇ, ਖੰਡੇ ਵਾਹੇ ਜਾਂਦੇ ਹਨ। ਏਥੇ ਤਰਲੇ ਨਹੀਂ ਲਏ ਜਾਂਦੇ, ਵੰਗਾਰਿਆ ਅਤੇ ਲਲਕਾਰਿਆ ਜਾਂਦਾ ਹੈ। ਏਥੇ ਇਕਾਂਤ ਵਿਚ ਬੈਠ ਕੇ ਪਾਠ ਨਹੀਂ ਕੀਤਾ ਜਾਂਦਾ ਸਗੋਂ ਹਥਿਆਰਾਂ ਦੇ ਖੜਾਕ ਦੇ ਸੰਗੀਤ ਨੂੰ ਸੁਣਿਆ ਜਾਂਦਾ। ਏਥੇ ਅੱਖਾਂ ਮੀਟ ਕੇ ਸਮਾਧੀ ਨਹੀਂ ਲਾਈ ਜਾਂਦੀ ਸਗੋਂ ਉੱਚੇ ਜੋਗ ਅਨੁਸਾਰ ਅੱਖਾਂ ਖੋਲ੍ਹ ਕੇ ਵੈਰੀਆਂ ਨੂੰ ਢੇਰੀ ਕਰ ਦਿੱਤਾ ਜਾਂਦਾ ਹੈ। ਏਸੇ ਕਰਕੇ ਜਾਪੁ ਸਾਹਿਬ ਵਿਚ ਇਕ ਹੋਰ ਮੰਦਰ ਹੈ ਜਿਥੇ 'ਜੁਧ' ਨੂੰ ਵੀ ਨਮਸਕਾਰ ਹੈ, "ਨਮੋ ਜੁਧ ਜੁਧੇ॥"

ਇਸ ਮੰਦਰ ਵਿਚ ਕੇਵਲ ਉਸੇ ਦੀ ਭਗਤੀ ਪ੍ਰਵਾਨ ਹੁੰਦੀ ਹੈ, ਜੋ ਆਪਣੇ ਲਹੂ ਦਾ ਅਖੀਰਲਾ ਕਤਰਾ ਭੀ ਵਗਾ ਦੇਵੇ। ਅੱਧੇ ਮਨ ਨਾਲ ਨਹੀਂ ਸਾਰੇ ਤਾਣ ਤੇ ਸ਼ਕਤੀ ਨਾਲ ਜਿਹੜਾ ਲੜੇ ਉਹ ਭੀ ਪ੍ਰਭੂ ਹੈ, ਉਸੇ ਨੂੰ ਕਿਹਾ ਹੈ—ਨਮੋ ਸਰਬ ਤ੍ਰਾਣੇ।

ਉਹ ਪੂਜਣ ਯੋਗ ਹੈ ਜੋ ਹਰੀਫ਼ੁਲ ਸ਼ਿਕੰਨ ਹੈ।
ਉਹ ਭੀ ਪੂਜਣ ਯੋਗ ਹੈ ਜੋ ਹਿਰਾਸੁਲ ਫਿਕੰਨ ਹੈ।
ਉਹ ਭੀ ਪੂਜਣ ਯੋਗ ਹੈ ਜੋ ਗ਼ਨੀਮੁਲ ਖ਼ਿਰਾਜ ਹੈ।
ਉਹ ਭੀ ਪੂਜਣ ਯੋਗ ਹੈ ਜੋ ਗ਼ਰੀਬੁਲ ਪਰਸਤੇ ਹੈ।

ਨਿਰਭਉ ਹੋਣਾ ਸੱਚੇ ਅਰਥਾਂ ਵਿਚ ਨਿਰਭਉ ਦਾ ਪੂਜਾਰੀ ਹੋਣਾ ਹੈ। ਜੋ ਨਿਰਭਉ ਨਹੀਂ ਹੋਇਆ ਉਸ ਨੇ ਨਿਰਭਉ ਨੂੰ ਯਾਦ ਨਹੀਂ ਕੀਤਾ। ਨਿਰਭਉ ਹੋਣਾ ਅਮਰਤਾ ਦਾ ਸੱਚਾ ਅਹਿਸਾਸ ਹੈ, ਸਹੀ ਅਰਥਾਂ ਵਿਚ ਅਧਿਆਤਮੀ ਹੋਣਾ ਹੈ। ਨਿਰਭਉ ਹੋਣ ਵਿਚ ਚਾਰੇ ਮੁਕਤੀਆਂ ਹਨ, ਇਹ ਸਾਦੇਸ਼ ਮੁਕਤੀ ਭੀ ਹੈ, ਸਮੀਪ ਮੁਕਤੀ ਹੈ, ਸਜੁਜ ਮੁਕਤੀ ਭੀ ਹੈ ਅਤੇ ਸਰੂਪ ਮੁਕਤੀ ਭੀ ਹੈ। ਨਿਰਭਉ ਸਾਧਨ ਭੀ ਹੈ ਅਤੇ ਪ੍ਰਾਪਤੀ ਭੀ ਹੈ। ਨਿਰਵੈਰ ਹੋਣ ਦਾ ਪਹਿਲਾਂ ਡੰਡਾ ਨਿਰਭਉ ਹੋਣਾ ਹੈ। ਡਰ ਪਾਪਾਂ ਦੀ ਜੜ੍ਹ ਹੈ, ਡਰ ਦੇ ਮਾਰੂ ਬੋਹੜ ਦੀ ਛਾਂ ਹੇਠ ਕੋਈ ਚੰਗਾ ਬੂਟਾ ਨਾ ਪੈਦਾ ਹੋ ਸਕਦਾ ਹੈ ਨਾ ਫਲਾਂ 'ਤੇ ਆ ਸਕਦਾ ਹੈ। ਜਿਸ ਕੋਲ ਆਤਮਕ ਬਲ ਨਹੀਂ, ਜਿਸ ਕੋਲ ਸਰੀਰਕ ਸ਼ਕਤੀ ਨਹੀਂ, ਜਿਸ ਕੋਲ ਨੈਤਿਕ ਤਾਕਤ ਨਹੀਂ, ਉਹ ਨਿਰਭਉ ਕਿਸ ਤਰ੍ਹਾਂ ਹੋ ਸਕਦਾ ਹੈ? ਨਿਰਭਉ ਹੋਣਾ ਸਿਰਲੱਥਾਂ ਦਾ ਸੁਭਾਵ ਹੈ, ਤਿਆਗੀਆਂ ਦੀ ਪ੍ਰਾਪਤੀ ਹੈ, ਸਚਿਆਰਾਂ ਦੀ ਸੰਮਤੀ ਹੈ, ਇਹ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਹੈ। ਭਾਈ ਤਾਰੂ ਸਿੰਘ ਦਾ ਸੀਤ ਪ੍ਰਸਾਦ ਹੈ, ਭਾਈ ਦਿਆਲੇ ਦੀ ਨਿੱਘ ਹੈ, ਭਾਈ ਮਨੀ ਸਿੰਘ ਜੀ ਦੀ ਜੀਰਾਂਦ ਹੈ। ਇਸ ਦੀਆਂ ਬਾਹਰਲੀਆਂ ਨਿਸ਼ਾਨੀਆਂ ਹਨ—ਨਿਡਰ ਅੱਖਾਂ, ਨਿਡਰ ਹੱਥ, ਨਿਡਰ ਕੰਨ, ਨਿਡਰ ਪੈਰ, ਨਿਡਰ ਸਰੀਰ, ਨਿਡਰ ਮਨ, ਨਿਡਰ ਚਿਤ, ਨਿਡਰ ਬੁਧ ਅਤੇ ਨਿਡਰ ਵਿਸ਼ਵਾਸ। ਜਿਥੇ ਪੈਰ ਥਿੜਕ ਜਾਣ, ਅੱਖਾਂ ਭਿਆਨਕ ਦ੍ਰਿਸ਼ ਤੋਂ ਡਰ ਕੇ ਝਮਕ ਜਾਣ, ਬੁਧ ਦਾ ਤਿੱਖਾ ਰੁਖ ਕੰਡਾ ਹੋ ਜਾਵੇ, ਵਿਸ਼ਵਾਸ ਤਬਦੀਲ ਹੋ ਜਾਵੇ, ਉਹ ਨਿਡਰ ਨਹੀਂ। ਜਾਪੁ ਸਾਹਿਬ ਦੇ ਪ੍ਰਭੂ ਨੂੰ 'ਅਨ ਝੰਝ ਗਾਤ' ਤੇ 'ਨਮਸਤੰ ਅਭੀਤੇ' ਕਿਹਾ ਹੈ। ਉਸ ਦਾ ਸਰੀਰ ਕੰਬਦਾ ਨਹੀਂ,

www.sikhbookclub.com

ਉਹ ਬੁਜ਼ਦਿਲ ਨਹੀਂ ਹੁੰਦਾ, ਭੈ ਭੀਤ ਨਹੀਂ ਹੋ ਸਕਦਾ। ਭਗਤ ਨੇ ਭੀ ਕਿਹਾ ਹੈ, ਮੇਰਾ ਜਦੋਂ ਮਨ ਹੀ ਨਹੀਂ ਡੋਲਦਾ ਤਾਂ ਫਿਰ ਸਰੀਰ ਕਿਸ ਤਰ੍ਹਾਂ ਡੋਲ ਸਕਦਾ ਹੈ। ਜਿਨ੍ਹਾਂ ਦਾਣਿਆਂ ਨੂੰ ਕਿੱਲੀ ਦਾ ਸਹਾਰਾ ਨਹੀਂ, ਉਹ ਜ਼ਰੂਰ ਡਰਦੇ ਹਨ ਪਰ ਜਿਹੜੇ ਕਿੱਲੀ ਦੇ ਸਹਾਰੇ ਹਨ, ਜਿਸ ਕਿੱਲੀ ਨੇ ਡਰਾਉਣੇ ਪੁੜਾਂ ਨੂੰ ਬੰਨ੍ਹ ਕੇ ਰੱਖਿਆ ਹੈ, ਉਨ੍ਹਾਂ ਨੂੰ ਡਰਨ ਦੀ ਕੀ ਲੋੜ ਹੈ ?

ਜਾਪੁ ਸਾਹਿਬ ਦੇ ਰੱਬ ਦਾ ਨਾਮ 'ਸਲੀਖਤ ਮੁਕਾਮੈ' ਹੈ, ਕਾਇਮ ਰਹਿਣ ਵਾਲੇ ਪੁੱਤਰ ਹਨ ਇਹ ਕਾਇਮ ਦਾਇਮ ਸਦਾ ਪਾਤਸ਼ਾਹੀ ਹੈ, ਇਹ ਰੱਬੀ ਰਾਜ ਹੈ, ਇਹ ਅਟੱਲ ਰਾਜ ਹੈ, ਇਹ ਅਭੰਗ ਦਲ ਹੈ, ਇਹ ਜੁਗੋ ਜੁਗ ਚਲਦੀ ਆ ਰਹੀ ਪੀੜ੍ਹੀ ਹੈ, ਇਸ ਨੇ ਕਦੇ ਸਿੱਕਾ ਨਹੀਂ ਬਦਲਿਆ, ਇਸ ਦਾ ਕਦੇ ਵਿਧਾਨ ਤਬਦੀਲ ਨਹੀਂ ਹੋਇਆ, ਇਸ ਦੀਆਂ ਹੱਦਾਂ ਕਦੇ ਅੱਗੇ ਪਿੱਛੇ ਨਹੀਂ ਹੋਈਆਂ। ਇਸ ਰਾਜ ਵਿਚ ਕਦੇ ਜੁਗ ਗਰਦੀਆਂ ਨਹੀਂ ਆਈਆਂ। ਇਹ ਅਮਰ ਜੋਤੀ ਜੁਗਾਂ ਤੋਂ ਏਸੇ ਤਰ੍ਹਾਂ ਜਗਦੀ ਆ ਰਹੀ ਹੈ। ਇਹ ਨਾ ਵਧਦੀ ਹੈ, ਨਾ ਘਟਦੀ ਹੈ, ਇਸ ਦੀ ਬੱਤੀ ਅਨਖੁਟ ਹੈ, ਇਸ ਦਾ ਤੇਲ ਅਖੁੱਟ ਹੈ, ਇਸ ਦੇ ਚਾਨਣ ਨੂੰ ਕੋਈ ਓਹਲਾ ਰੋਕ ਨਹੀਂ ਸਕਦਾ, ਘੇਰੇ ਵਿਚ ਲੈ ਕੇ ਬੰਦ ਨਹੀਂ ਕਰ ਸਕਦਾ। ਏਸੇ ਕਰਕੇ ਜਾਪੁ ਦੇ ਕਰਤਾ ਕਹਿੰਦੇ ਹਨ, ਮੇਰੇ ਰੱਬ ਦਾ ਕੋਈ ਮਜ਼ਹਬ ਨਹੀਂ, ਜਿਥੇ ਵੱਖਰੇ ਵੱਖਰੇ ਮਜ਼ਹਬ ਹੋ ਜਾਂਦੇ ਹਨ, ਉਥੇ ਰੱਬ ਟੁਕੜੇ ਟੁਕੜੇ ਹੋ ਜਾਂਦਾ ਹੈ। ਮਾਂ ਆਪਣੇ ਜੀਉਂਦੇ ਪੁੱਤਰ ਦੇ ਟੁਕੜੇ ਕਰ ਕੇ ਵੰਡਣ ਨੂੰ ਤਿਆਰ ਨਹੀਂ ਹੋ ਸਕਦੀ, ਉਹ ਸਾਰਾ ਪੁੱਤਰ ਦੂਜੇ ਦੇ ਹਵਾਲੇ ਕਰ ਸਕਦੀ ਹੈ ਪਰ ਉਸ ਨੂੰ ਮਾਰ ਨਹੀਂ ਸਕਦੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇਵਲ ਉਸ ਰੱਬ ਨੂੰ ਮੱਥਾ ਟੇਕ ਸਕਦੇ ਹਨ, ਜਿਸ ਦਾ ਕੋਈ ਮਜ਼ਹਬ ਨਹੀਂ। ਨਮਸਤੰ ਅਮਜਹਬੇ ਜਾਪੁ ਸਾਹਿਬ ਦੀ ਨਿਮਸਕਾਰ ਹੈ, ਜਾਪੁ ਦੇ ਰੱਬ ਦਾ ਨਾ ਕੋਈ ਸੱਜਾ ਹੱਥ ਹੈ, ਨਾ ਖੱਬਾ ਹੱਥ, ਨਾ ਉਸ ਦੀ ਕੋਈ ਸੱਜੀ ਅੱਖ ਹੈ, ਨਾ ਖੱਬੀ ਅੱਖ ਹੈ, ਉਸ ਦੀਆਂ ਦੋਹਾਂ ਅੱਖਾਂ ਵਿਚ ਇਕੋ ਰਹਿਮਤ ਹੈ, ਉਸ ਦੇ ਦੋਹਾਂ ਹੱਥਾਂ ਵਿਚ ਇਕ ਬਰਕਤ ਹੈ। ਉਥੇ ਕਿਸੇ ਦਾ ਵੱਖਰਾ ਦਰਜਾ ਨਹੀਂ, ਜਿਹੜੇ ਰੱਬ ਨੂੰ ਕਿਸੇ ਦਾ ਨਿਕਟਵਰਤੀ ਅਤੇ ਕਿਸੇ ਨੂੰ ਦੁਰਕਾਰਨ ਵਾਲਾ ਸਮਝਦੇ ਹਨ, ਉਨ੍ਹਾਂ ਨੇ ਰੱਬ ਨੂੰ ਆਪਣਾ ਸਕਾ ਪਿਓ ਅਤੇ ਦੂਜਿਆਂ ਦਾ ਮਤਰੇਆ ਬਾਪ ਕਰ ਕੇ ਦੱਸਿਆ ਹੈ। ਇਹ ਰੱਬ ਦਾ ਜਸ ਨਹੀਂ ਪਰ ਮੂਰਖਾਂ ਨੇ ਅਪ-ਜੱਸ ਨੂੰ ਜੱਸ ਸਮਝ ਕੇ ਵਰਣਨ ਕੀਤਾ ਹੈ। ਜਾਪੁ ਦਾ ਰੱਬ ਨਿਰਬਾਮੇ ਹੈ ਅਤੇ ਉਸ ਨੂੰ ਏਸੇ ਕਰਕੇ ਮੱਥਾ ਟੇਕਿਆ ਹੈ ਕਿ ਉਹ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਉਹ ਨਮਸਤੰ ਨਿਰਬਾਮੇ ਹੈ।

ਏਸੇ ਕਰਕੇ ਜਾਪੁ ਸਾਹਿਬ ਦਾ ਰੱਬ "ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ" ਹੈ। ਏਸੇ ਕਰਕੇ ਉਹ 'ਅਨੇਕੁਲ ਤਰੰਗ' ਹੈ। ਏਸੇ ਕਰਕੇ ਉਸ ਨੂੰ 'ਨਮਸਤੰ ਅਜੂਪੇ' ਕਿਹਾ ਹੈ। ਉਹ ਜੂਆ ਨਹੀਂ। ਬੇ-ਯਕੀਨਾ ਨਹੀਂ। ਉਸ ਦਾ ਰੂਪ ਨਿਰਦੇਸ਼ਨ ਹੈ, ਰਾਹ-ਦੱਸਣਾ ਹੈ, ਠੀਕ ਪਾਸੇ ਵਲ ਜਾਣ ਦੀ ਆਵਾਜ਼ ਜ਼ਮੀਰ ਵਿਚੋਂ ਦੇਂਦਾ ਹੈ, ਪੱਥਰਾਂ ਵਰਗੀਆਂ ਤੈਹਾਂ ਨੂੰ ਭੰਨ ਕੇ ਲਾਵੇ ਵਾਂਗ ਫੁਟ ਕੇ ਵਗ ਤੁਰਨਾ ਹੈ, ਉਸ ਦੀ ਮੱਧਮ ਜੇਹੀ ਆਵਾਜ਼ ਨੂੰ ਭੀ ਵੱਡੇ ਵੱਡੇ ਢੋਲ ਢਮੱਕੇ ਲੁਕਾ ਨਹੀਂ ਸਕਦੇ। ਏਹੋ ਆਵਾਜ਼ ਜ਼ਾਲਮ ਹਾਕਮ ਦੇ ਰਾਤ ਨੂੰ ਛਾਤੀ ਉੱਤੇ ਬੈਠ ਕੇ ਉਸ ਦੀਆਂ ਚੀਕਾਂ ਕਢਵਾ ਦੇਂਦੀ ਹੈ। ਉਸ ਲਈ ਭੂਤਨੇ ਅਤੇ ਜਿੰਨ ਦਾ ਰੂਪ ਧਾਰ ਲੈਂਦੀ ਹੈ, ਭਿਆਨਕ ਸੁਪਨੇ ਦਾ ਰੂਪ ਧਾਰ ਕੇ ਨੀਂਦਰ ਹਰਾਮ ਕਰ ਦੇਂਦੀ ਹੈ। ਸਾਰੇ ਚੈਨ ਅਤੇ ਆਰਾਮ ਖ਼ਤਮ ਕਰ ਦੇਂਦੀ ਹੈ। ਏਸੇ ਕਰਕੇ ਜਾਪੁ ਦੇ ਕਰਤਾ ਨੇ ਇਸ ਰੱਬ-ਆਵਾਜ਼ ਨੂੰ ਭੀ ਨਿਮਸ਼ਕਾਰ ਕੀਤੀ ਹੈ, 'ਨਮਸਤੰ ਨ੍ਰਿਦੇਸੇ' ਭੀ ਹੈ ਅਤੇ 'ਨਮੋ ਬੀਜ ਬੀਜੇ' ਭੀ ਉਹੋ ਹੈ, ਨਮੋ ਬ੍ਰਿੰਦ ਬ੍ਰਿੰਦੇ ਭੀ ਓਹੋ ਹੈ, ਉਹ ਬੀਜਾਂ ਦਾ ਮੁੱਢਲਾ ਬੀਜ ਹੈ, ਉਹ ਸਮੂਹ ਭੀ ਹੈ,

www.sikhbookclub.com

ਸੌ ਕਰੋੜ ਭੀ ਉਹੋ ਹੈ, ਇਕ ਬੀਜ ਅਤੇ ਦਸ ਅਰਬ ਇਹ ਇਕ ਵਸਤੂ ਦੇ ਦੋ ਪੱਖ ਹਨ।

ਇਖ਼ਲਾਕੀ ਦਲੇਰੀ ਚੰਗੇ ਚਾਲ ਚਲਣ ਦਾ ਫਲ ਹੈ, ਜ਼ਾਲਮ ਪਾਪੀਆਂ ਦੇ ਸਵਾ ਲੱਖ ਨਾਲ ਕੇਵਲ ਇਕ ਇਖ਼ਲਾਕ ਵਾਲਾ ਲੜਦਾ ਹੈ। ਅੰਧਕਾਰ ਨਾਲ ਇਕ ਦੀਵਾ ਸ਼ਾਨਦਾਰ ਲੜਾਈ ਲੜ ਸਕਦਾ ਅਤੇ ਜਿੱਤ ਸਕਦਾ ਹੈ। ਸ਼ੇਰ ਦੀ ਇਕ ਗਰਜ ਨਾਲ ਸਾਰੇ ਜੰਗਲ ਵਿਚ ਦੌੜ-ਭੱਜ ਸ਼ੁਰੂ ਹੋ ਜਾਂਦੀ ਹੈ। ਏਸੇ ਦਲੇਰੀ ਦਾ ਸਿੱਟਾ ਸ਼ਹੀਦ ਹੋਣ ਵਾਲਾ ਪੁੱਤਰ, ਜਾਨ ਬਚਾਉਣ ਲਈ ਰੁੱਕਾ ਲੈ ਕੇ ਆਈ ਮਾਂ ਨੂੰ ਕਹਿੰਦਾ ਹੈ, ਇਹ ਮੇਰੀ ਮਾਂ ਨਹੀਂ। ਜੇ ਮਾਂ ਹੁੰਦੀ ਤਾਂ ਮੈਨੂੰ ਬੇਦੀਨ ਕਰ ਕੇ ਮਾਰਨ ਨੂੰ ਤਿਆਰ ਨਾ ਹੋ ਜਾਂਦੀ। ਏਸੇ ਸ਼ਕਤੀ ਦੇ ਸਹਾਰੇ ਨਿੱਕੇ ਨਿੱਕੇ ਸਾਹਿਬਜ਼ਾਦਿਆਂ ਨੇ ਸਰਹਿੰਦ ਦੇ ਸੂਬੇ ਨੂੰ ਬੜੇ ਕਰੜੇ ਉੱਤਰ ਦਿੱਤੇ ਜਿਸ ਕਰਕੇ ਸੁਚਾ ਨੰਦ ਨੇ ਕਿਹਾ, 'ਇਹ ਨਿੱਕੇ ਸਪੋਲੀਏ ਹਨ ਇਨ੍ਹਾਂ ਜੰਮਦੀਆਂ ਸੂਲਾਂ ਦੇ ਏਨੇ ਤਿੱਖੇ ਮੂੰਹ ਹਨ, ਵੱਡੇ ਹੋ ਕੇ ਸਾਡੇ ਲਈ ਮੁਸੀਬਤ ਬਣਨਗੇ।' ਇਸ ਦੇ ਬਲ ਕਰਕੇ ਭਾਈ ਮਨੀ ਸਿੰਘ ਜੀ ਨੇ ਕਿਹਾ ਸੀ, 'ਤੁਹਾਨੂੰ ਤੇ ਬੰਦ ਬੰਦ ਕੱਟਣ ਦਾ ਹੁਕਮ ਦਿੱਤਾ ਹੈ, ਇਸ ਕਰਕੇ ਉਂਗਲੀਆਂ ਦੇ ਜੋੜਾਂ ਤੋਂ ਵੱਢਣਾ ਸ਼ੁਰੂ ਕਰੋ, ਤੁਹਾਨੂੰ ਹੁਕਮ ਅਦੂਲੀ ਨਹੀਂ ਕਰਨੀ ਚਾਹੀਦੀ।'

ਇਖ਼ਲਾਕ ਸੱਚ ਤੇ ਸੰਜਮ ਦੀ ਦਿਨ-ਰਾਤ ਘਾਲਣਾ ਨਾਲ ਪਲਦਾ ਅਤੇ ਜਵਾਨ ਹੁੰਦਾ ਹੈ, ਫਿਰ ਇਹ ਚਟਾਨ ਬਣ ਜਾਂਦਾ ਹੈ ਕੋਈ ਝੱਖੜ ਇਸ ਨੂੰ ਡੁਲਾ ਨਹੀਂ ਸਕਦਾ। ਭਾਈ ਗੁਰਦਾਸ ਜੀ ਨੇ ਠੀਕ ਹੀ ਕਿਹਾ ਸੀ, ਭੱਠੀ ਵਿਚ ਪੈ ਕੇ ਕੱਚੇ ਦਾਣੇ ਤਿੜਕਦੇ ਹਨ, ਭੁੱਜੇ ਦਾਣਿਆਂ ਦਾ ਕੁਝ ਨਹੀਂ ਵਿਗੜਦਾ। ਝੱਖੜ ਪੁਰਾਣੇ ਅਤੇ ਕੇਵਲ ਪੀਲੇ ਪੱਤਿਆਂ ਨੂੰ ਤੋੜ ਕੇ ਉਡਾ ਸਕਦਾ ਹੈ, ਪਹਾੜ ਨੂੰ ਨਹੀਂ ਹਿਲਾ ਸਕਦਾ। ਜਾਪੁ ਸਾਹਿਬ ਦਾ ਰੱਬ ਇਕ ਸੁੰਦਰ ਜੁਰਅਤ ਹੈ, ਇਕ ਦਲੇਰੀ ਦੀ ਸੁੰਦਰਤਾ ਹੈ, ਇਹ ਜੁਰਅਤ ਵੇਖ ਕੇ ਲੋਕ ਦੰਗ ਹੋ ਜਾਂਦੇ ਹਨ, ਮੂੰਹ ਵਿਚ ਉਂਗਲਾਂ ਪਾਉਂਦੇ ਹਨ, ਇਸ ਦਲੇਰੀ ਦੇ ਚਮਤਕਾਰ ਨਾਲ ਸਾਰਾ ਸਿੱਖ ਅਤੇ ਸੂਫ਼ੀ ਇਤਿਹਾਸ ਭਰਿਆ ਪਿਆ ਹੈ। ਏਸੇ ਦੇ ਸਹਾਰੇ ਬੱਚਾ ਪ੍ਰਹਿਲਾਦ ਖੜਾ ਹੋ ਜਾਂਦਾ ਹੈ, ਧ੍ਰੂ ਭਗਤ ਇਕ ਧੁਰਾ ਬਣ ਕੇ ਸਾਰੇ ਰਾਜ ਨੂੰ ਚੱਕਰ ਕਟਵਾ ਸਕਦਾ ਹੈ। ਗਲੀ ਵਿਚ ਖੜੋਤਾ ਫਕੀਰ ਲਲਕਾਰ ਕੇ ਕਹਿੰਦਾ ਹੈ, 'ਭਾਈ ਬੁਧੂ ਦਾ ਆਵਾ ਕੱਚਾ ਹੈ।' ਅਜਿਹੀ ਜੁਰਅਤ ਰੱਬ ਦੇ ਪ੍ਰਤੱਖ ਦਰਸ਼ਨ ਹਨ, ਏਸੇ ਜੁਰਅਤ ਦੇ ਸਹਾਰੇ ਕੌਮਾਂ ਮਾਣ ਪਾਉਂਦੀਆਂ ਅਤੇ ਇਤਿਹਾਸ ਬਣਾਉਂਦੀਆਂ ਹਨ। ਜਾਪੁ ਸਾਹਿਬ ਵਿਚ ਇਹ ਜੁਰਅਤ ਰੱਬ ਦਾ ਨੂਰ ਹੈ, ਪ੍ਰੇਰਨਾ ਦਾ ਸੋਮਾ ਹੈ :

ਕਿ ਜੁਰਅਤਿ ਜਮਾਲ ਹੈਂ ॥

ਇਸ ਜੁਰਅਤ ਦੀ ਜੜ੍ਹ ਡੂੰਘੇ ਈਮਾਨ ਵਿਚ ਹੈ, ਉਹ ਈਮਾਨ ਨਹੀਂ ਜੋ ਇਕ ਰਸਮ ਰਹਿ ਜਾਂਦਾ ਹੈ, ਜੋ ਜਿੰਦਹੀਣ ਪ੍ਰਤਿਮਾ ਹੁੰਦਾ ਹੈ, ਇਸ ਦੀਆਂ ਜੜ੍ਹਾਂ ਸਰੀਰ ਵਿਚ ਭੀ ਹੁੰਦੀਆਂ ਹਨ ਪਰ ਮਨ ਵਿਚ ਇਹ ਫੈਲਿਆ ਹੁੰਦਾ ਹੈ, ਬੁੱਧ ਅਤੇ ਚਿੱਤ ਦਾ ਇਹ ਸਹਾਰਾ ਹੁੰਦਾ ਹੈ। ਖਣਿਜ ਪਦਾਰਥ ਇਹ ਆਤਮਾ ਅਤੇ ਪਰਮਾਤਮਾ ਦੇ ਮੇਲ ਤੋਂ ਲੈਂਦਾ ਹੈ। ਇਸ ਦੀਆਂ ਸੁੰਦਰ ਟਹਿਣੀਆਂ ਸਾਰੇ ਬ੍ਰਹਿਮੰਡ ਵਿਚ ਫੈਲੀਆਂ ਹੁੰਦੀਆਂ ਹਨ। ਇਸ ਈਮਾਨ ਦੇ ਬ੍ਰਿਛ ਨੂੰ ਕੋਈ ਕੱਟ ਨਹੀਂ ਸਕਦਾ, ਜੜ੍ਹ ਹੀਣ ਨਹੀਂ ਕਰ ਸਕਦਾ ਕਿਉਂਕਿ ਇਸ ਨੇ ਅੰਮ੍ਰਿਤ-ਪਾਨ ਕੀਤਾ ਹੋਇਆ ਹੁੰਦਾ ਹੈ। ਜਿਸ ਧਰਮ ਦੇ ਸਹਾਰੇ ਮਾਵਾਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਸ਼ੁਕਰ ਮਨਾਉਂਦੀਆਂ ਹਨ, ਚੱਕੀਆਂ ਪੀਂਹਦੀਆਂ ਭੀ ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ, ਇਹ ਸਾਰੀ ਸ਼ਕਤੀ ਡੂੰਘੇ ਵਿਸ਼ਵਾਸ ਵਿਚ ਹੈ। ਜਾਪੁ ਸਾਹਿਬ ਦਾ ਰੱਬ 'ਕਿ ਅਮੀਕੁਲ ਇਮਾ ਹੈ', ਡੂੰਘਾ ਭਰੋਸਾ ਅਤੇ ਡੂੰਘਾ ਵਿਸ਼ਵਾਸ ਹੈ।

www.sikhbookclub.com

ਉਸ ਦਾ ਇਕ ਗੁਣ ਅਣਡਿੱਠ ਕਰਨਾ ਹੈ, ਉਸ ਦੀ ਬਖ਼ਸ਼ਿਸ਼ ਦਾ ਦਰਵਾਜ਼ਾ ਅਤੇ ਭੰਡਾਰਾ ਬੜਾ ਖੁੱਲ੍ਹਾ ਹੈ, ਉਹ ਪਿਛਲੀਆਂ ਭੁੱਲਾਂ ਭੁਲਾ ਕੇ ਗਲ ਨਾਲ ਲਾਉਂਦਾ ਹੈ। ਉਸ ਦਾ ਧਰਮ ਕੀ ਹੈ ? 'ਆਡੀਠ ਧਰਮ' ਅਤੇ 'ਢੀਠ ਕਰਮ' ਅਣਡਿੱਠ ਕਰਨਾ ਕਿਹੋ ਜਿਹੇ ਕਰਮਾਂ ਨੂੰ ? ਅੱਤ ਦੇ ਢੀਠ ਕਰਮਾਂ ਨੂੰ, ਅੱਤ ਦੇ ਬੇਸ਼ਰਮ ਕਰਮਾਂ ਨੂੰ। ਪਰ ਕੋਈ ਪੂਰਾ ਪੂਰਾ ਦਰ ਉਪਰ ਢਹਿ ਪਏ ਤਾਂ, ਜਿਸ ਨੂੰ ਭੁੱਖ ਨਹੀਂ, ਬਾਹਰ ਪਿਆ ਅਨਾਜ ਉਸ ਦੇ ਕਿਸੇ ਕੰਮ ਨਹੀਂ। ਜਿਸ ਨੂੰ ਸਾਹ ਲੈਣ ਦੀ ਲੋੜ ਹੀ ਨਹੀਂ, ਬਾਹਰਲੀ ਆਕਸੀਜਨ ਉਸ ਅੰਦਰ ਆਪੇ ਨਹੀਂ ਜਾ ਸਕਦੀ। ਬਾਹਰ ਉਸ ਦੀਆਂ ਅਨੰਤ ਸ਼ਕਤੀਆਂ ਹਨ, ਪਰ ਬਿਨਾਂ ਮੰਗਣ ਤੋਂ ਪ੍ਰਾਪਤ ਨਹੀਂ ਹੋ ਸਕਦੀਆਂ।

'ਜਾਪੁ ਸਾਹਿਬ ਦਾ ਰੱਬ ਨੀਰਸ ਨਹੀਂ, ਅਲੂਣੀ ਸਿਲਾ ਨਹੀਂ। ਉਹ ਚੰਦਾਂ ਵਿਚੋਂ ਉਹ ਚੰਦ ਹੈ, ਜੋ ਸਭ ਚੰਦਾਂ ਨੂੰ ਠੰਢਾ ਕਰ ਕੇ ਸਾਰੇ ਬ੍ਰਹਿਮੰਡ ਵਿਚ ਸ਼ਾਂਤੀ ਫੈਲਾ ਦੇਂਦਾ ਹੈ। ਉਹ ਆਪ ਸੂਰਜ ਨਹੀਂ, ਇਨ੍ਹਾਂ ਸੂਰਜਾਂ ਦਾ ਵਡੇਰਾ ਮਹਾਂ ਸੂਰਜ ਹੈ। ਇਹ ਜਿਹੜੇ ਸੂਰਜ ਇਕ ਇਕ ਬ੍ਰਹਿਮੰਡ ਬਣਾ ਕੇ ਬੈਠੇ ਹੋਏ ਹਨ, ਇਹ ਉਸ ਮਹਾਂ ਸੂਰਜ ਵਿਚੋਂ ਨਿਕਲੀਆਂ ਚੰਗਿਆੜੀਆਂ ਹਨ। ਇਨ੍ਹਾਂ ਸਾਰਿਆਂ ਵਿਚ ਉਸ ਦੀ ਜੋਤ ਹੈ, ਉਸ ਦੀ ਜੋਤ ਨੇ ਉਨ੍ਹਾਂ ਨੂੰ ਉਜਾਲਾ ਕੀਤਾ ਹੋਇਆ ਹੈ।

ਜਾਪੁ ਸਾਹਿਬ ਦਾ ਰੱਬ ਦਿਨ ਵੇਲੇ ਭੀ ਚਮਕਦਾ ਹੈ, ਰਾਤ ਵੇਲੇ ਸਾਰਾ ਆਕਾਸ਼ ਮੱਲ ਕੇ ਬੈਠਾ ਹੁੰਦਾ ਹੈ, ਉਹ ਰਾਤ ਨੂੰ ਲੁਕਣ ਮੀਟੀ ਭੀ ਖੇਡਦਾ ਹੈ।

ਉਹ 'ਨਮੋ ਸੂਰਜ ਸੂਰਜੇ' ਹੈ।

ਨਮੋ ਚੰਦ੍ਰ ਚੰਦ੍ਰੇ ਹੈ।

ਜਾਪੁ ਸਾਹਿਬ ਦਾ ਰੱਬ ਕਲਾਕਾਰ ਹੈ, ਉਹ ਸਰਬ ਗੀਤਾਂ ਦਾ ਮੁੱਢਲਾ ਗੀਤ ਹੈ, ਸਾਰੀਆਂ ਤਾਨਾਂ ਦੀ ਉਹ ਬੁਨਿਆਦੀ ਸਰਗਮ ਹੈ, ਸਾਰੇ ਨਾਚਾਂ ਦੇ ਪਿੱਛੇ ਉਸ ਦਾ ਮਹਾਂ ਨਾਚ ਹੈ, ਸਾਰੀਆਂ ਮੁੱਦਰਾਂ ਦੇ ਪਿੱਛੇ ਉਸ ਦਾ ਨੂਰਾਨੀ ਚਿਹਰਾ ਹੈ, ਹੁਸੀਨ ਪੋਜ਼ ਹੈ। ਸਾਰੇ ਰਾਗਾਂ ਅਤੇ ਠਾਟਾਂ ਦੀ ਉਹੋ ਜੜ੍ਹ ਹੈ, ਉਹ ਸ਼੍ਰੁਤੀ ਭੀ ਹੈ, ਨਾਦ ਭੀ ਹੈ, ਸਰਗਮ ਭੀ ਹੈ, ਤਾਨ ਅਤੇ ਖਿਰਨ ਭੀ ਹੈ, ਮੀਂਡ ਭੀ ਹੈ। ਗਮਕਾਰ ਭੀ ਹੈ, ਉਹੋ ਸਾਰੇ ਸਪਤਕ ਹੈ। ਜਾਪੁ ਸਾਹਿਬ ਦਾ ਰੱਬ ਬਦੋ ਬਦੀ ਸਿਜਦਾ ਲੈ ਲੈਂਦਾ ਹੈ।

ਨਮੋ ਗੀਤ ਗੀਤੇ...
ਨਮੋ ਤਾਨ ਤਾਨੇ...
ਨਮੋ ਨਾਦ ਨਾਦੇ...
ਨਮਸਤਸਤ ਰਾਗੇ...

ਉਹ ਰਾਗ ਵਿਚ ਰਾਗ, ਨਾਚਾਂ ਵਿਚ ਨਾਚ ਅਤੇ ਕਵਿਤਾ ਵਿਚ ਅਲੰਕਾਰ ਹੈ। ਉਹ ਇਕ ਅਨੋਖੀ ਦੌਲਤ ਹੈ। ਉਹ ਸਾਰੇ ਕਲਾਮ ਦਾ ਮਾਲਕ ਹੈ, ਉਹ ਸਰਵ ਵਕਤਾ ਹੈ, ਉਹ ਇਲਮਾਂ ਦਾ ਬਾਦਸ਼ਾਹ ਹੈ, ਸਾਰੀਆਂ ਵਿਦਿਆਵਾਂ ਦਾ ਦਾਤਾ ਤੇ ਸੋਮਾ ਹੈ, ਸਾਰੇ ਸੁੰਦਰ ਸਰੀਰ ਉਸ ਦੇ ਹਨ, ਸਾਰਾ ਹੁਸਨ ਉਸੇ ਦੀਆਂ ਡਲ੍ਹਕਾਂ ਹਨ; ਉਹ ਸ਼ਬਦਾਂ ਦਾ ਮੂਲ ਹੈ, ਧਾਰਮਕ ਸ਼ਬਦਾਵਲੀ ਦੀ ਨਿਰੁਕਤ ਹੈ। ਮਨੁੱਖ ਦੀਆਂ ਸਾਰੀਆਂ ਮੂਲ ਪ੍ਰੇਰਨਾਵਾਂ ਦਾ ਉਹੋ ਸੋਮਾ ਹੈ। ਉਹ ਇਕ ਅਨੋਖਾ ਅਨੁਭਵ ਹੈ। ਦਿਮਾਗਾਂ ਦਾ ਸਵਾਮੀ ਹੈ।

ਕਿ ਸਰਬ ਕਲੀਮੈ...
ਕਿ ਆਕਲ ਅਲਾਮੈ...

www.sikhbookclub.com

ਕਿ ਸਾਹਿਬ ਕਲਾਮੈ...
ਨਿਰੁਕਤ ਸਰੂਪ ਹੈ...
ਬਿਭੁਗਤਿ ਸਰੂਪ ਹੈ...
ਕਿ ਸਾਹਿਬ ਦਿਮਾਗ਼ ਹੈਂ ॥
ਕਿ ਹੁਸਨਲ ਚਰਾਗ਼ ਹੈ ॥

ਜਾਪੁ ਸਾਹਿਬ ਦਾ ਰੱਬ ਪਰਮ ਵਿਚਾਰ ਹੈ, ਪਰਮ ਗਿਆਨ ਹੈ, ਪਰਮ ਬੁਧਤਾ ਹੈ। ਇਹ ਮਨੋਕਲਪਤ ਨਹੀਂ, ਸਗੋਂ ਸਿੱਧਾ ਹੋਇਆ ਸਿਧਾਂਤ ਹੈ। ਅਖੀਰ 'ਤੇ ਕਿਹਾ ਹੈ ਇਹੋ ਜਿਹਾ ਚਾਰ ਚੁਫੇਰੇ ਵਸਦਾ ਅਤੇ ਕੌਤਕ ਕਰਦਾ ਰੱਬ ਮੇਰੇ ਹਰ ਸਮੇਂ ਅੰਗ ਸੰਗ ਰਹੇ, ਇਹੋ ਅਬਿਨਾਸ਼ੀ ਦੌਲਤ ਹੈ। ਜਾਪੁ ਸਾਹਿਬ ਸਿੱਖੀ ਦਾ ਸਵਰ-ਮੰਡਲ ਹੈ, ਇਸ 'ਤੇ ਜ਼ਰਾ ਭੀ ਧਿਆਨ ਦੀ ਮਿਜਰਾਬ ਲਾਈਏ ਤਾਂ ਇਹ ਰਬਾਬ ਬ੍ਰਹਿਮੰਡੀ ਸਾਜ਼ ਗੂੰਜ ਉਠਦਾ ਹੈ, ਸਾਰੇ ਵਾਤਾਵਰਣ ਨੂੰ ਸੁਰ ਕਰ ਕੇ ਸਾਡੀ ਸੁਰਤ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ :

ਕਿ ਪਰਮੰ ਫ਼ਹੀਮੈ...
ਸਦਾ ਅੰਗ ਸੰਗੇ,
ਅਭੰਗੰ ਬਿਭੂਤੇ ॥

ਜਾਪੁ ਸਾਹਿਬ ਇਕ ਅੰਮ੍ਰਿਤ ਛਕਾਉਣ ਵੇਲੇ ਪੜ੍ਹੀ ਜਾਣ ਵਾਲੀ ਬਾਣੀ ਹੈ, ਏਸੇ ਕਰਕੇ ਅੰਮ੍ਰਿਤਧਾਰੀ ਸ਼ਹੀਦਾਂ ਦੇ ਜੀਵਨ ਵਿਚ ਇਸ ਦਾ ਬੜਾ ਵੱਡਾ ਹਿੱਸਾ ਹੈ। ਜਾਪੁ ਸਾਹਿਬ ਦਾ ਰੱਬ ਜਿੰਨਾ ਚਿਰ ਰਗੋ-ਰੇਸ਼ੇ ਵਿਚ ਨਾ ਸਮਾਇਆ ਹੋਵੇ, ਉਤਨਾ ਚਿਰ ਇਸ ਰਾਹ 'ਤੇ ਕੋਈ ਇੱਕ ਕਦਮ ਭੀ ਨਹੀਂ ਪੁੱਟ ਸਕਦਾ।

(1/1965)

www.sikhbookclub.com

ਜਾਪੁ ਸਾਹਿਬ : ਇਕ ਮੁੱਲ-ਅੰਕਣ

ਮੱਧ-ਜੁਗ ਦੇ ਮਗਰਲੇ ਅੱਧ ਵਿਚ ਪੰਜਾਬ ਦੀ ਹਾਲਤ ਬੜੀ ਦੁੱਖ-ਪੂਰਤ ਸੀ। ਜਿਥੇ ਇਕ ਪਾਸੇ ਮੁਸਲਮਾਨ ਵਾਸਤੇ ਧਨ, ਇੱਜ਼ਤ ਤੇ ਜੀਵਨ ਸੀ, ਉਥੇ ਦੂਜੇ ਪਾਸੇ ਹਿੰਦੂ ਨੂੰ ਗਰੀਬੀ, ਅਪਮਾਨ ਤੇ ਮੌਤ ਦਾ ਉਪਹਾਰ ਭੇਟ ਕੀਤਾ ਜਾ ਰਿਹਾ ਸੀ। ਇੱਜ਼ਤ ਕੌਡੀਆਂ 'ਚ ਵਿਕ ਰਹੀ ਸੀ ਅਤੇ ਪ੍ਰਾਣ ਸਸਤੇ ਹੋ ਗਏ ਸਨ। ਉਸ ਜੁਗ ਦਾ ਸਾਹਿਤਕਾਰ ਇਸ ਟੀਸ ਦਾ ਅਨੁਭਵ ਕਰ ਰਿਹਾ ਸੀ ਅਤੇ ਬੀਰਤਾ ਜੇ ਕਿਤੇ ਬਾਕੀ ਸੀ, ਅਨਿਆਂ ਦੇ ਵਿਰੁੱਧ ਟੱਕਰ ਲੈ ਰਹੀ ਸੀ। ਇਸ ਸਮੇਂ ਸੰਤ-ਸਿਪਾਹੀ ਅਤੇ ਸਾਹਿਤਕਾਰ ਦਾ ਸਾਂਝਾ ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪੈਦਾ ਹੋਇਆ। ਗੁਰੂ ਜੀ ਨੇ ਰਾਸ਼ਟਰ ਤੇ ਹਿੰਦੂ ਸਮਾਜ ਦੀ ਰੱਖਿਆ ਅਤੇ ਉਸ ਨੂੰ ਨਵਾਂ ਰੂਪ ਦੇਣ ਲਈ ਇਕੋ ਵਕਤ ਵਿਚ ਤਲਵਾਰ ਅਤੇ ਕਲਮ, ਦੋਹਾਂ ਨੂੰ ਗ੍ਰਹਿਣ ਕੀਤਾ। ਤਲਵਾਰ ਅਨਿਆਂ ਤੇ ਅਤਿਆਚਾਰ ਨੂੰ ਨਸ਼ਟ ਕਰਨ ਲਈ ਅਤੇ ਕਲਮ ਸਮਾਜ ਦੇ ਭਾਵਾਂ ਨੂੰ ਨਵੇਂ ਸਿਰੇ ਤੋਂ ਸਜਾਉਣ ਵਾਸਤੇ ਧਾਰਨ ਕੀਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ-ਵੀਰ ਦੀ ਤਰ੍ਹਾਂ ਆਉਣ ਵਾਲੀ ਹਰ ਮੁਸ਼ਕਿਲ ਦਾ ਉਤਸ਼ਾਹ ਪੂਰਨ ਢੰਗ ਨਾਲ ਸਾਹਮਣਾ ਕੀਤਾ ਅਤੇ ਦੁਸ਼ਟਟਾ ਭਰੇ ਮੁਸਲਿਮ ਰਾਜ ਅਤੇ ਉਸ ਦੇ ਪਿੱਠੂ ਪਹਾੜੀ ਰਾਜਿਆਂ ਦੇ ਦੰਦ ਖੱਟੇ ਕਰ ਦਿੱਤੇ। ਸਾਹਿਤ ਰੂਪ ਵਿਚ ਉਨ੍ਹਾਂ ਨਾ ਕੇਵਲ ਆਪ ਉੱਚ-ਕਾਵਿ ਦੀ ਰਚਨਾ ਕੀਤੀ ਬਲਕਿ ਆਪਣੇ ਸੰਪਰਕ ਵਿਚ ਆਉਣ ਵਾਲੇ ਅਨੇਕ ਕਵੀਆਂ ਨੂੰ ਉਸ ਯੁੱਗ ਦੀਆਂ ਪ੍ਰਸਥਿਤੀਆਂ ਵਿਚ ਮਹਾਨ, ਪ੍ਰੇਰਕ ਅਤੇ ਬੀਰਤਾ ਪੂਰਨ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਉੱਤਮ ਕਾਵਿ ਦੀ ਰਚਨਾ ਵੱਲ ਪ੍ਰੇਰਿਤ ਕੀਤਾ।

'ਜਾਪੁ ਸਾਹਿਬ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਅਨੇਕ ਰਚਨਾਵਾਂ ਵਿਚੋਂ ਸਭ ਤੋਂ ਪ੍ਰਮੁੱਖ ਕ੍ਰਿਤ ਹੈ। ਇਸ ਦੇ ਵਿਚ ਦਸਮ ਪਿਤਾ ਨੇ ਅਕਾਲ ਪੁਰਖ ਦਾ ਸੰਕਲਪ (The concept of the AKAL PURUSHA)'ਤੇ ਵਿਆਪਕ ਵਿਚਾਰ ਕੀਤਾ ਹੈ। ਇਸ ਦੇ ਸਾਰੇ ਪਦਾਂ ਵਿਚ ਅਕਾਲ ਪੁਰਖ ਪ੍ਰਭੂ ਦੀ ਨਿਰਗੁਣਾਤਮਕਤਾ ਵੱਲ ਸੰਕੇਤ ਕਰਦੇ ਹੋਏ ਉਸ ਦੀ ਸਰਵ-ਗੁਣਾਤਮਕਤਾ ਦਾ ਗੁਣ ਗਾਇਆ ਗਿਆ ਹੈ। ਵਾਸਤਵ ਵਿਚ ਲੇਖਕ ਦੇ ਕਹਿਣ ਦਾ ਮਤਲਬ ਇਹ ਹੈ ਕਿ ਬ੍ਰਹਮ ਇਸ ਲਈ ਨਿਰਗੁਣ ਨਹੀਂ ਕਿ ਉਹ ਗੁਣ-ਹੀਣ ਹੈ, ਬਲਕਿ ਇਸ ਲਈ ਨਿਰਗੁਣ ਹੈ ਕਿ ਕੋਈ ਇਕ ਗੁਣ ਉਸ ਦੀ ਵਿਸ਼ੇਸ਼ਤਾ ਨਾ ਹੋ ਕੇ ਸੰਸਾਰ ਦੇ ਸਾਰੇ ਗੁਣ ਉਸ ਦੇ ਹੀ ਪ੍ਰਦਰਸ਼ਕ ਹਨ।

ਇਸ ਰਚਨਾ ਦਾ ਨਾਂ ਸਿੱਖ-ਮੱਤ ਦੀ ਪਹਿਲੇ ਤੋਂ ਚਲੀ ਆਉਂਦੀ ਨਾਮਾਵਲੀ 'ਜਪੁਜੀ ਸਾਹਿਬ', 'ਗੁਰੂ ਗ੍ਰੰਥ ਸਾਹਿਬ' ਆਦਿ ਦੀ ਪ੍ਰੰਪਰਾ ਨਾਲ ਸੰਬੰਧ ਰੱਖਦਾ ਹੈ। 'ਸਾਹਿਬ' ਖ਼ੁਦ ਅਕਾਲ ਪੁਰਖ ਨੂੰ ਕਹਿੰਦੇ ਹਨ। 'ਜਾਪੁ' ਜਪਣ ਨੂੰ ਕਿਹਾ ਗਿਆ ਹੈ ਅਰਥਾਤ ਇਸ ਨਾਂ ਤੋਂ 'ਈਸ਼ਵਰ-ਨਾਮ ਦਾ ਜਾਪ' ਹੀ ਪ੍ਰਗਟ ਹੁੰਦਾ ਹੈ। 'ਯਥਾ ਨਾਮ ਤਥਾ ਗੁਣ' ਨੂੰ ਸਿੱਧ ਕਰਦੇ ਹੋਏ 'ਜਾਪੁ ਸਾਹਿਬ' ਇਕ ਉੱਚ ਪ੍ਰਕਾਰ

www.sikhbookclub.com

ਦੀ ਭਗਤੀ ਰਚਨਾ ਹੈ। ਇਸ ਦੇ ਵਿਚ ਲੇਖਕ ਨੇ ਅਕਾਲ ਪੁਰਖੀ ਸੰਕਲਪ ਦੇ ਹਰ ਇਕ ਪਹਿਲੂ ਅਤੇ ਹਰ ਪਾਸੇ ਨੂੰ ਛੋਹੰਦੇ ਹੋਏ ਬ੍ਰਹਮ ਦੇ ਨਿਸ਼ਚਿਤ ਰੂਪ ਦੀ ਸਥਾਪਨਾ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਦਿਨਾਂ ਵਿਚ ਭਾਰਤ ਵਰਸ਼ ਦਾ ਜਨ-ਸਾਹਿਤ ਰਾਜ ਦਰਬਾਰਾਂ ਦੀ ਛਾਂ ਵਿਚ ਪੁੰਗਰ ਰਿਹਾ ਸੀ, ਬਿਲਾਸਤਾ ਦੇ ਪਿਆਲਿਆਂ ਵਿਚ ਢਾਲਿਆ ਜਾ ਰਿਹਾ ਸੀ, ਸੁਰਾ ਅਤੇ ਸੁੰਦਰੀ ਹੀ ਉਸ ਦੇ ਸਹਾਰਾ ਬਣਦੇ ਜਾ ਰਹੇ ਸਨ, ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਰਚਨਾ ਉਹਨਾਂ ਦੇ ਸੰਕਲਪ ਅਤੇ ਜੀਵਨ-ਦ੍ਰਿਸ਼ਟੀ ਦਾ ਇਕ ਪ੍ਰਕਾਸ਼ਨ ਅਤੇ ਪ੍ਰਸੰਸਾਯੋਗ ਅੰਗ ਸੀ।

ਯੁੱਧ ਦੀ ਮੰਗ ਅਨੁਸਾਰ ਗੁਰੂ ਜੀ ਦੇ ਸਾਹਮਣੇ ਸਭ ਤੋਂ ਪਹਿਲੀ ਸਮੱਸਿਆ ਏਕੇ ਦੀ ਸੀ। ਉਹ ਜਾਣਦੇ ਸਨ ਕਿ ਹਿੰਦੂ ਧਰਮ ਏਨੇ ਮਤ-ਮਤਾਂਤਰਾਂ ਵਿਚ ਵੰਡਿਆ ਗਿਆ ਹੈ ਕਿ ਅਕਾਲ ਪੁਰਖ ਦਾ ਸੰਕਲਪ ਨਿਸ਼ਚਿਤ ਕਰਨ ਲਈ, ਉਨ੍ਹਾਂ ਨੂੰ ਪ੍ਰਭੂ ਨੂੰ ਨਿਰਗੁਣ ਮੰਨਣ ਵਾਲੇ ਵੇਦਾਂਤੀਆਂ, ਸਰਗੁਣ ਮੰਨਣ ਵਾਲੇ ਵੈਸ਼ਨਵ ਅਵਤਾਰਵਾਦੀਆਂ, ਇਕ ਮੰਨਣ ਵਾਲੇ ਅਦ੍ਵੈਤਵਾਦੀਆਂ ਅਤੇ ਬਹੁਦੇਵ-ਵਾਦ ਵਿਚ ਵਿਸ਼ਵਾਸ ਰੱਖਣ ਵਾਲੇ ਸਨਾਤਨ ਧਰਮੀ ਵਿਚਾਰਵਾਨਾਂ ਦੇ ਵਿਚ ਪਈਆਂ ਹੋਈਆਂ ਖਾਈਆਂ ਨੂੰ ਭਰਨਾ ਜ਼ਰੂਰੀ ਹੈ।

ਇਸੇ ਲਈ 'ਜਾਪੁ ਸਾਹਿਬ' ਵਿਚ ਗੁਰੂ ਜੀ ਨੇ ਅਕਾਲ ਪੁਰਖ ਦਾ ਸਭ ਦ੍ਰਿਸ਼ਟੀਆਂ ਨਾਲ ਵਰਣਨ ਕਰਨਾ ਠੀਕ ਸਮਝਿਆ ਅਤੇ ਨਾਲ-ਨਾਲ ਇਕ ਤੋਂ ਦੂਸਰੇ ਰੂਪ ਦੀ ਅਭਿੰਨਤਾ ਭੀ ਸਥਾਪਿਤ ਕਰ ਦਿੱਤੀ, ਯਥਾ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥੧॥

ਅਤੇ

ਨਾਮ ਠਾਮ ਨ ਜਾਤਿ ਜਾ ਕਰ ਰੂਪ ਰੰਗ ਨ ਰੇਖ ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥
ਦੇਸ ਔਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ ॥
ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥

ਇਸ ਪਦ ਵਿਚ ਬ੍ਰਹਮ ਦੇ ਨਿਰਗੁਣ ਰੂਪ ਦੀ ਚਰਚਾ ਕਰਨ ਦੇ ਪਿੱਛੋਂ ਅੱਗੇ ਚਲ ਕੇ ਗੁਰਦੇਵ ਆਪ ਹੀ ਲਿਖਦੇ ਹਨ :

ਅਨਭਉ ਪ੍ਰਕਾਸ ॥ ਨਿਸ ਦਿਨ ਅਨਾਸ ॥
ਆਜਾਨ ਬਾਹੁ ॥ ਸਾਹਾਨ ਸਾਹੁ ॥੯੮॥

ਛੰਦ ਵਿਚ 'ਆਜਾਨ ਬਾਹੁ' ਪਦ ਬ੍ਰਹਮ ਦੀ ਸਾਕਾਰਤਾ ਵੱਲ ਸਾਫ਼ ਸੰਕੇਤ ਕਰਦਾ ਹੈ। ਇਸੇ ਤਰ੍ਹਾਂ ਅਦ੍ਵੈਤਵਾਦੀ ਵਿਚਾਰ ਨਾਲ ਬ੍ਰਹਮ ਨੂੰ ਹੀ ਸਰਬਸ ਰੂਪ ਵਿਚ ਚਿੱਤਰਦਿਆਂ ਗੁਰਦੇਵ ਨਮਨ ਕਰਦੇ ਹਨ :

ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥
ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥
ਨਮਸਤੂੰ ਅਕਾਲੇ ॥ ਨਮਸਤੂੰ ਅਪਾਲੇ ॥
ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥

www.sikhbookclub.com

ਇਥੇ ਉਸ 'ਇਕ' ਦੀ ਸਰਬ-ਵਿਆਪਕਤਾ ਅਤੇ ਸ਼ਕਤੀ-ਮਾਨਤਾ ਪ੍ਰਸਤੁਤ ਕਰਨ ਦਾ ਦ੍ਰਿਸ਼ਟੀਕੋਣ ਹੈ। ਪ੍ਰੰਤੂ ਉਸ ਦੀ ਏਕਤਾ ਅਤੇ ਅਨੇਕਤਾ ਵਿਚ ਅਭੇਦ ਸਥਾਪਿਤ ਕਰਨ ਲਈ ਗੁਰੂ ਜੀ ਨੇ ਬੇ-ਧੜਕ ਕਿਹਾ ਹੈ :

ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥
ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੮੧॥

ਧਿਆਨ ਰਹੇ ਇਨ੍ਹਾਂ ਪਦਾਂ ਵਿਚ ਜੋ ਏਕਤਾ ਅਤੇ ਅਨੇਕਤਾ ਦੇ ਮਿਲਾਪ ਦੀ ਗੱਲ ਮਿਲਦੀ ਹੈ ਤਾਂ ਵੀ ਲੇਖਕ ਪ੍ਰਭੂ ਦੀ 'ਏਕਤਾ' 'ਤੇ ਹੀ ਜ਼ੋਰ ਦੇ ਰਿਹਾ ਪ੍ਰਤੀਤ ਹੁੰਦਾ ਹੈ। ਮੂਰਤ ਇਕ ਹੀ ਹੈ, ਉਹ ਅਨੇਕ ਵਿਚ ਦਰਸ਼ਨ ਦਿੰਦੀ ਹੈ। ਅਨੇਕ-ਰੂਪੀ ਖੇਡ ਖੇਡ ਕੇ ਅੰਤ ਵਿਚ ਉਹ 'ਇਕ' ਹੀ ਰਹਿੰਦਾ ਹੈ। ਮਤਲਬ ਕਿ ਬ੍ਰਹਮ ਦਾ ਆਦਿ ਅੰਤ ਇਕੋ ਹੈ। ਉਸ ਦਾ ਅਨੇਕਾਂ ਰੂਪਾਂ ਵਿਚ ਦਿਖਾਈ ਦੇਣਾ ਤਾਂ 'ਖੰਡ' ਅਰਥਾਤ ਦਿਖਾਵਾ ਹੈ। ਇਸੇ ਲਈ ਮਾਯਾ ਹੈ।

ਇਸ ਤਰ੍ਹਾਂ ਦੋਨਾਂ ਗੀਤੀਆਂ ਨਾਲ ਅਕਾਲ ਪੁਰਖ ਦਾ ਜੱਸ ਗਾਇਆ ਹੈ। ਲਗਪਗ ਦੂਸਰੇ ਪਦ ਤੋਂ ਪਪਵੇਂ ਪਦ ਤੱਕ 'ਨੇਤੀ ਨੇਤੀ' ਅਤੇ ੧੭੧ਵੇਂ ਪਦ ਤੋਂ ੧੮੪ਵੇਂ ਪਦ ਤਕ 'ਅਮਤਿ ਅਮਤਿ' ਦੇ ਢੰਗਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਦੀ ਉਸਤਤ ਕੀਤੀ ਹੈ। ਦੋਹਾਂ ਦਾ ਨਮੂਨਾ ਵੇਖੋ :

ਅਰੂਪ ਹੈਂ ॥ ਅਨੂਪ ਹੈਂ ॥ ਅਜੂ ਹੈਂ ॥ ਅਭੂ ਹੈਂ ॥੨੯॥
ਅਲੇਖ ਹੈਂ ॥ ਅਭੇਖ ਹੈਂ ॥ ਅਨਾਮ ਹੈਂ ॥ ਅਕਾਮ ਹੈਂ ॥੩੦॥
ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥ ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥

ਗੁਰੂ ਜੀ ਨੇ ਅਕਾਲ ਪੁਰਖ ਵਿਚ ਇਕ ਅਜਿਹੀ ਵਿਸ਼ੇਸ਼ਤਾ ਵੀ ਸਥਾਪਿਤ ਕੀਤੀ ਹੈ, ਜਿਹੜੀ ਉਸ ਤੋਂ ਪਹਿਲੇ ਅਥਵਾ ਪਿਛੋਂ ਦੀ ਕਿਸੇ ਅਧਿਆਤਮਕ ਰਚਨਾ ਵਿਚ ਨਹੀਂ ਮਿਲਦੀ। ਇਸੇ ਸਥਾਪਨਾ ਦੇ ਆਧਾਰ 'ਤੇ ਅਸੀਂ ਦਸਮੇਸ਼ ਆਗਮਨ ਨੂੰ 'ਪਰਿਤ੍ਰਾਣਾਯ ਸਾਧੂਨਾਮ' ਅਤੇ 'ਵਿਨਾਸ਼ਾਯ ਦੁਸ਼ਕ੍ਰਿਤਾਮ' ਦੀਆਂ ਉੱਚਿਤ ਸੀਮਾਵਾਂ ਵਿਚ ਅਵਤਾਰ ਹੋਣ ਦਾ ਦਮ ਭਰਦੇ ਹਾਂ। ਗੁਰੂ ਜੀ ਅਨਿਆਈ ਅਤੇ ਅਤਿਆਚਾਰੀ ਦਾ ਨਾਸ ਚਾਹੁੰਦੇ ਹਨ। ਉਸ ਦੇ ਨਾਲ ਟਾਕਰਾ ਕਰਨ ਲਈ ਖੁਦ ਯੁੱਧ-ਭੂਮੀ ਵਿਚ ਉਤਰਦੇ ਹਨ। ਇਸ ਕੋਸ਼ਿਸ਼ ਵਿਚ ਜੇ ਉਹ ਆਪਣੇ ਪ੍ਰਭੂ ਕੋਲ ਸ਼ਤਰੂ ਨੂੰ ਡੰਝ ਦੇਣ ਦੀ ਪ੍ਰਾਰਥਨਾ ਵੀ ਕਰ ਬੈਠਦੇ ਹਨ ਤਾਂ ਇਸ ਦੇ ਵਿਚ ਕੁਝ ਵੀ ਅਨਿਯਮਤ ਨਹੀਂ। ਉਹ ਵੀ ਆਪਣੇ ਪੱਖ ਦੇ ਭਗਤਾਂ 'ਤੇ ਦਇਆ ਅਤੇ ਕ੍ਰਿਪਾ ਦਾ ਹੱਥ ਰੱਖਦਾ ਹੈ, ਜਦ ਕਿ ਉਹ ਉਨ੍ਹਾਂ ਦੇ ਸ਼ਤਰੂਆਂ ਦਾ ਸ਼ਤਰੂ ਅਤੇ ਅਵਿਸ਼ਵਾਸੀਆਂ ਦਾ ਵਿਨਾਸ਼ਕਾਰ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਪਦਾਂ ਵਿਚ ਪ੍ਰਭੂ ਨੂੰ ਆਪਣੇ ਸ਼ਤਰੂਆਂ ਦਾ ਵਿਰੋਧੀ ਹੀ ਨਹੀਂ ਕਹਿੰਦੇ ਬਲਕਿ ਸਾਫ਼ ਸ਼ਬਦਾਂ ਵਿਚ ਉਸ ਤੋਂ ਮੰਗ ਕਰਦੇ ਹਨ ਕਿ ਉਹ ਧਰਮ-ਵਿਰੋਧੀਆਂ ਦਾ ਨਾਸ਼ ਕਰੇ। ਵਿਰੋਧੀ ਪੱਖ ਦੀ ਘੋਸ਼ਣਾ ਕਰਦੇ ਲਿਖਦੇ ਹਨ :

—...ਅਰਿ ਘਾਲਯ ਹੈਂ ॥
—ਖਲ ਖੰਡਨ ਹੈਂ ॥...੧੭੧॥
—ਅਰਿ ਬਰ ਅਗੰਜ...॥੧੯੧॥

www.sikhbookclub.com

—ਖਲ ਖੰਡਸ ਹੈਂ ॥੧੭੬॥
—ਅਰਿ ਗੰਜਨ ਹੈਂ...॥੧੮੨॥

ਇਸੇ ਤਰ੍ਹਾਂ ਹੋਰ ਅਨੇਕ ਪਦਾਂ ਵਿਚ ਗੁਰੂ ਜੀ ਨੇ ਵਾਹਿਗੁਰੂ ਤੋਂ ਧਰਮ ਵਿਰੋਧੀਆਂ ਦੇ ਨਾਸ਼ ਦੀ ਕਾਮਨਾ ਕੀਤੀ ਹੈ :

—ਨਮੋ ਜੁਧ ਜੁਧੇ...॥੧੮੭॥
—ਕਿ ਨਰਕੰ ਪ੍ਰਣਾਸ ਹੈ...॥੧੫੫॥
—ਨਮੋ ਨਰਕ ਨਾਸੇ॥...॥੧੪੫॥
—ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥੭੩॥

ਸੋ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ ਅਕਾਲ ਪੁਰਖ ਸਰਬ-ਗੁਣ ਸਰਬ-ਆਕਾਰ ਹੈ। ਉਹ ਭਗਤਾਂ ਦਾ ਰਖਵਾਲਾ ਅਤੇ ਅਧਰਮੀਆਂ ਨੂੰ ਨਾਸ਼ ਕਰਨ ਵਾਲਾ ਹੈ। 'ਏਕਤਾ 'ਚ ਅਨੇਕਤਾ' ਤੇ 'ਅਨੇਕਤਾ 'ਚ ਏਕਤਾ' ਦਾ ਮਰਮ ਉਸ ਦੇ ਵਿਚ ਹੀ ਸਥਿਤ ਹੈ। ਉਹ ਸਰਬ-ਵਿਆਪਕ ਅਤੇ ਸਰਬ-ਸ਼ਕਤੀਮਾਨ ਹੈ; 'ਨੇਤਿ' ਭੀ ਹੈ ਅਤੇ 'ਅਸਤਿ' ਭੀ ਹੈ; ਅਦ੍ਵੈਤ ਹੈ ਅਤੇ ਦ੍ਵੈਤ ਤੱਤ ਦਾ ਚਰਮ ਵਿਕਾਸ ਵੀ ਉਸ ਵਿਚ ਵਿਦਮਾਨ ਹੈ। ਇਸ ਲਈ ਉਹ ਸਾਡੇ ਤੱਕ ਪੁੱਜਣ ਦਾ ਪਾਤਰ ਹੈ। ਗੁਰੂ ਸਾਹਿਬ ਦੀ ਸਮੁੱਚੀ ਰਚਨਾ ਇਸੇ ਨਮਨ-ਭਾਵਨਾ ਨੂੰ ਸਾਹਮਣੇ ਰੱਖ ਕੇ ਹੀ ਕੀਤੀ ਗਈ ਹੈ। ਸੋ, ਉਸ ਦੇ ਹਰ ਵਿਸ਼ੇਸ਼ਣ, ਗੁਣ ਅਤੇ ਸਤਾ ਸਾਹਮਣੇ ਉਹ ਪ੍ਰਣਾਮ ਕਰਦੇ ਦਿਖ ਪੈਂਦੇ ਹਨ :

ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥
ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥

ਅਥਵਾ

ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥
ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥

'ਜਾਪੁ ਸਾਹਿਬ' ਦੀ ਭਾਸ਼ਾ ਵਚਿਤ੍ਰ ਮਿਸ਼ਰਣ ਹੈ। ਆਮ ਤੌਰ 'ਤੇ ਦੇਖਿਆ ਜਾਵੇ ਤਾਂ ਉਸ ਵਿਚ ਸੰਸਕ੍ਰਿਤ ਦੇ ਤਤਸਮ ਤੇ ਤਦਭਵ ਰੂਪ ਅਤੇ ਫ਼ਾਰਸੀ ਭਾਸ਼ਾ ਦੇ ਅਨੇਕ ਸ਼ਬਦ ਮਿਲੇ ਹੋਏ ਦਿਖਾਈ ਦਿੰਦੇ ਹਨ। ਵੀਭਕਤੀ-ਚਿੰਨ੍ਹ ਬ੍ਰਿਜ ਅਤੇ ਸੰਸਕ੍ਰਿਤ ਭਾਸ਼ਾਵਾਂ ਨਾਲ ਸੰਬੰਧ ਰੱਖਦੇ ਹਨ :

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥੧੨੧॥

ਕਿਤੇ-ਕਿਤੇ ਇਕ ਹੀ ਪਦ ਵਿਚ ਦੋ ਚਰਣ ਬ੍ਰਿਜ ਭਾਸ਼ਾ ਅਤੇ ਦੋ ਚਰਣ ਫ਼ਾਰਸੀ ਦੇ ਮਿਲੇ ਦਿਖਾਈ ਦਿੰਦੇ ਹਨ :

ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥
ਅਜ਼ੀਜ਼ੁਲ ਨਿਵਾਜ਼ ਹੈ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥

'ਜਾਪੁ ਸਾਹਿਬ' ਦੀ ਭਾਸ਼ਾ ਵਿਚ ਇਕ ਅਦਭੁਤ ਵਿਸ਼ੇਸ਼ਤਾ ਧੁਨੀਆਤਮਕਤਾ ਦੀ ਹੈ। ਪੜ੍ਹਦੇ ਹੋਏ ਇਕ ਖਾਸ ਲੈਅ ਅਤੇ ਤਾਲ ਦਾ ਆਨੰਦ ਮਿਲਦਾ ਹੈ।

www.sikhbookclub.com

ਇਸ ਰਚਨਾ ਵਿਚ ਕੁਲ ੧੯੯ ਪਦ ਹਨ ਜਿਨ੍ਹਾਂ ਨੂੰ ਅੱਡੋ-ਅੱਡ ਛੰਦਾਂ ਦੀਆਂ ਕੜੀਆਂ ਵਿਚ ਬੰਨ੍ਹਿਆ ਗਿਆ ਹੈ। ਦਸ ਪ੍ਰਕਾਰ ਦੇ ਛੰਦ ਮਿਲੇ ਹਨ—ਛਪੈ, ਭੁਜੰਗ ਪ੍ਰਯਾਤ, ਚਾਚਰੀ, ਰੁਆਲ, ਮਧੁਭਾਰ, ਰਸਾਵਲ, ਭਗਵਤੀ, ਚਰਪਟ, ਹਰਿਬੋਲਮਨਾ, ਏਕ ਅੱਛਰੀ। 'ਹਰਿਬੋਲ ਮਨਾ' ਇਕ ਨਵਾਂ ਪ੍ਰਯੋਗ ਹੈ, ਜੋ ਸਮ-ਮਾਤ੍ਰਿਕ ਹੈ। ਇਸ ਦੇ ਹਰ ਇਕ ਚਰਣ ਵਿਚ ਅੱਠ ਮਾਤ੍ਰਾਵਾਂ ਹੁੰਦੀਆਂ ਹਨ। ਗੁਰੂ ਸਾਹਿਬ ਹਰ ਛੰਦ ਦਾ ਆਰੰਭ ਕਰਦੇ ਹੋਏ 'ਤ੍ਵ ਪ੍ਰਸਾਦਿ' ਸ਼ਬਦ ਦਾ ਪ੍ਰਯੋਗ ਕਰਕੇ ਵਾਹਿਗੁਰੂ ਵਿਚ ਆਪਣਾ ਪੱਕਾ ਵਿਸ਼ਵਾਸ ਪ੍ਰਗਟ ਕਰਦੇ ਹਨ।

ਅਲੰਕਾਰਾਂ ਦਾ ਮੋਹ ਗੁਰੂ ਜੀ ਨੂੰ ਜ਼ਰਾ ਵੀ ਨਹੀਂ। ਪ੍ਰਭੂ ਸਿਮਰਨ ਵਿਚ ਸਜਾਵਟ ਦੀ ਕੋਈ ਜ਼ਰੂਰਤ ਵੀ ਤਾਂ ਨਹੀਂ ਹੁੰਦੀ। ਹਾਂ ਕਿਤੇ-ਕਿਤੇ ਧੁਨੀਆਤਮਕਤਾ ਦੇ ਪ੍ਰਭਾਵ ਵਿਚ 'ਅਨੁਪ੍ਰਾਸ' ਸਰੀਖੇ ਅਲੰਕਾਰ ਆਪਣੇ ਆਪ ਉਭਰ ਆਏ ਹਨ। ਜਿਵੇਂ :

ਨ ਪੋਤ੍ਰੈ ਨ ਪੁਤ੍ਰੈ ॥ ਨ ਸਤ੍ਰੈ ਨ ਮਿਤ੍ਰੈ ॥
ਨ ਤਾਤੇ ਨ ਮਾਤੈ ॥ ਨ ਜਾਤੈ ਨ ਪਾਤੈ ॥੧੪੮॥

ਸਾਰ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਰਚਨਾ ਬੜੀ ਰਸੀ ਹੋਈ ਅਤੇ ਪ੍ਰਭੂ ਨਾਮ- ਸਿਮਰਨ ਦੀ ਆਧਾਰ ਭੂਮੀ ਹੈ। ਇਸ ਕ੍ਰਿਤੀ ਵਿਚ ਸਿੱਖ ਦ੍ਰਿਸ਼ਟੀਕੋਣ ਦੇ ਮੁਤਾਬਿਕ ਅਕਾਲ ਪੁਰਖ (ਬ੍ਰਹਮ) ਦਾ ਸੰਕਲਪ ਨਿਸ਼ਚਿਤ ਕੀਤਾ ਗਿਆ ਹੈ। ਨਿਰਵਿਸ਼ੇਸ਼ ਤੱਤ ਦੀ ਸਿਮਰਤੀ-ਮਾਲਾ 'ਜਾਪੁ ਸਾਹਿਬ' ਵਿਚ ਵਿਦਮਾਨ ਹੈ। ਇਸੇ ਲਈ ਇਹ ਰਚਨਾ ਅੰਮ੍ਰਿਤ ਵੇਲੇ ਦੀ ਪ੍ਰਾਰਥਨਾ ਅਤੇ ਉਸਤਤੀ ਦਾ ਸਥਾਨ ਪਾ ਗਈ ਹੈ।

(4/1992)

www.sikhbookclub.com

ਜਾਪੁ ਸਾਹਿਬ ਇਕ ਅਧਿਐਨ

ਜਾਪੁ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਹਕਾਰ ਰਚਨਾ ਹੈ। ਇਸ ਦੇ ਸਿਰਲੇਖ ਤੋਂ ਸਪੱਸ਼ਟ ਹੈ ਕਿ ਇਸ ਦਾ ਸਿੱਖ ਨੂੰ ਜਾਪੁ ਕਰਨ ਦਾ ਆਦੇਸ਼ ਹੈ। ਇਸ ਨੂੰ ਅੰਮ੍ਰਿਤ ਦੀਆਂ ਬਾਣੀਆਂ ਅਤੇ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿਚ ਰੱਖੀ ਗਈ ਹੈ ਅਤੇ ਜਾਪੁ ਸਾਹਿਬ ਦਸਮ ਗ੍ਰੰਥ ਦੀ ਮੁੱਢਲੀ ਰਚਨਾ ਹੈ।

ਗੁਰਮਤਿ ਅਨੁਸਾਰ ਖ਼ਾਲਸੇ ਨੂੰ ਹਮੇਸ਼ਾ ਅਕਾਲ ਪੁਰਖ ਦੀ ਹੀ ਪੂਜਾ ਦਾ ਆਦੇਸ਼ ਹੈ। ਜਾਪੁ ਸਾਹਿਬ ਦੇ 199 ਛੰਦਾਂ ਵਿਚੋਂ 1101 ਵੇਰਾਂ ਪ੍ਰਭੂ ਦੇ ਭਿੰਨ-ਭਿੰਨ ਰੂਪਾਂ ਦਾ ਚਿਤਰਨ ਕੀਤਾ ਗਿਆ ਹੈ। ਹਰ ਛੰਦ ਵਿਚ ਅਕਾਲ ਪੁਰਖ ਦਾ ਨਵਾਂ ਨਾਉਂ, ਨਵਾਂ ਰੂਪ, ਨਵਾਂ ਫ਼ਲਸਫ਼ਾ ਅਤੇ ਨਵਾਂ ਅਨੁਭਵ ਦਰਸਾਇਆ ਗਿਆ ਹੈ।

ਜਾਪੁ ਸਾਹਿਬ ਵਿਚ ਪ੍ਰਭੂ ਜਮਾਲ, ਜਲਾਲ ਅਤੇ ਕਮਾਲ ਦੇ ਸੁਮੇਲ ਦਾ ਵਰਣਨ ਹੈ। ਪਿਆਰ, ਦਇਆ, ਸੰਤੋਖ ਅਤੇ ਸੇਵਾ ਆਦਿ ਜਮਾਲ ਦੇ ਅੰਗ ਹਨ। ਸ਼ਕਤੀ, ਤੇਜ, ਬੀਰ-ਰਸ ਜਲਾਲ ਦੇ ਅੰਗ ਹਨ। ਜਲਾਲ ਉਹ ਪ੍ਰਕਾਸ਼ ਹੈ ਜਿਸ ਦਾ ਤੇਜ ਝੱਲਿਆ ਨਾ ਜਾ ਸਕੇ। ਜਾਪੁ ਸਾਹਿਬ ਪ੍ਰਭੂ ਸੁੰਦਰਤਾ, ਪਿਆਰ ਅਤੇ ਕੋਮਲਤਾ ਦਾ ਰੂਪ ਹੈ। ਸ਼ਕਤੀ, ਤੇਜ, ਨਿਰਭੈਤਾ, ਸਵੈ-ਵਿਸ਼ਵਾਸ ਅਤੇ ਆਤਮ ਭਰੋਸੇ ਦਾ ਇਕ ਅਦੁੱਤੀ ਸਰੋਤ ਹੈ। ਸ਼ਰਧਾ, ਸਿਦਕ, ਪ੍ਰਤੀਤੀ, ਭਰੋਸਾ ਅਤੇ ਸਤਿਕਾਰ ਦਾ ਸੋਮਾ ਹੈ।

ਅਕਾਲ ਪੁਰਖ ਦੀ ਵਿਸ਼ਾਲਤਾ, ਅਸੀਮਤਾ ਅਤੇ ਸਰਬ ਗੁਣ ਸੰਪੰਨਤਾ ਦਾ ਵਰਣਨ ਜਾਪੁ ਸਾਹਿਬ ਦੀ ਰਚਨਾ ਦਾ ਇਕ ਵਿਸ਼ੇਸ਼ ਗੁਣ ਹੈ, ਉਹ 'ਜਲੇ ਹੈਂ॥ ਥਲੇ ਹੈਂ॥' (੬੨) ਸਰਬ ਥਾਂ, ਸਭ ਵਿਚ ਰਮਿਆ ਹੋਇਆ ਹੈ ਅਤੇ ਆਪ ਹੀ ਸਭ ਵਿਚ ਬੋਲ ਰਿਹਾ ਹੈ 'ਸਮਸਤੁਲ ਜੁਬਾਂ ਹੈਂ' (੧੫੫) ਸਾਰੇ ਸੰਸਾਰ ਦਾ ਸਾਜਣ, ਪਾਲਣ ਅਤੇ ਨਾਸ ਕਰਨ ਵਾਲਾ ਹੈ। ਇਸ ਲਈ ਉਸ ਨੂੰ 'ਜਗਤੰ ਕ੍ਰਿਤੀ' (੧੦੬) ਕਿਹਾ ਹੈ। ਪ੍ਰਕਿਰਤੀ ਦੇ ਤਿੰਨ ਗੁਣ (ਰਜੋ, ਤਮੋ, ਸਤੋ) ਉਸ ਇਕ ਵਿਚ ਹੀ ਵਿਦਮਾਨ ਹਨ।

ਨਮੋ ਰਾਜਸੰ ਤਾਮਸੰ ਸਾਂਤ ਰੂਪੇ॥ ਨਮੋ ਪਰਮ ਤੱਤੰ ਅਤੱਤੰ ਸਰੂਪੇ॥ (੧੯੬) ਸਤਿ ਚਿਤ ਅਨੰਦ ਅਕਾਲ ਪੁਰਖ ਦਾ ਇਕ ਅਮਰ ਗੁਣ ਹੈ। ਅਕਾਲ ਪੁਰਖ ਸਦੀਵੀ ਹੋਂਦ ਵਾਲਾ ਹੈ ਇਸ ਲਈ ਸਤਿ ਹੈ, ਅਚਲ ਮੂਰਤਿ (੧) ਹੈ। ਆਦਿ ਪੁਰਖ (੮੦), ਪੂਰਨ ਪੁਰਖ (੮੩), ਏਕ ਪੁਰਖ (੮੫), ਅਕਾਲ ਪੁਰਖ (੮੪) ਹੈ। ਸਤਿਪੁਰਖ ਦਾ ਕਲਿਆਣਕਾਰੀ ਗੁਣ ਸ਼ਿਵ ਹੈ, ਉਹ ਰੋਗ ਹਰਤਾ ਹੈ (੫੫)। ਸ਼ਕਤੀ ਦੇਣ ਵਾਲਾ ਹੈ, ਮੁਕੰਦੇ ਹੈ (੯੪) ਉਹ ਸਭ ਵਿਚ ਰਮਿਆ ਹੋਇਆ ਹੈ। ਸਮਸਤੁਲ ਨਿਵਾਸੀ (੧੯੮) ਹੈ।

www.sikhbookclub.com

ਉਸ ਦਾ ਸਰੂਪ ਸੁੰਦਰ ਹੈ, ਇਸ ਲਈ ਹੁਸਨਲ ਵਜੂ ਹੈ (੧੨੧), ਹੁਸਨਲ ਚਰਾਗ ਹੈ (੧੫੧)। ਹੁਸਨਲ ਜਮਾਲ (੧੫੨) ਅਤੇ ਸੁੰਦਰ ਰੰਗ ਵਾਲਾ, ਸੁਬਨਮੇ (੨੧) ਵੀ ਹੈ। ਉਸ ਨਾਲ ਜੋ ਵੀ ਜੁੜਦਾ ਹੈ, ਜਾਪੁ ਕਰਦਾ ਹੈ, ਉਹ ਅਨੰਦਤ ਹੋ ਜਾਂਦਾ ਹੈ। ਅਨੰਦੀ ਸਰੂਪੇ (੬੪) ਪ੍ਰਭੂ ਦੇ ਇਨ੍ਹਾਂ ਤਿੰਨਾਂ ਗੁਣਾਂ ਦਾ ਜ਼ਿਕਰ ਉਪਨਿਸ਼ਦਾਂ ਵਿਚ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਗੁਣਾਂ ਦੀ ਵਿਆਖਿਆ ਕੀਤੀ ਹੈ ਪ੍ਰੰਤੂ ਇਕੱਠੀ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਜਾਪੁ ਸਾਹਿਬ ਵਿਚ ਸਮੁੱਚੇ ਰੂਪ 'ਚ ਹੇਠ ਲਿਖੇ ਅਨੁਸਾਰ ਅੰਕਤ ਕੀਤਾ ਹੈ :

ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥ (੫੮)
ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥ (੧੯੮)

ਅਕਾਲ ਪੁਰਖ ਸਦਾ ਇਕ ਰਸ ਰਹਿੰਦਾ ਹੈ, ਉਸ ਵਿਚ ਕਿਸੇ ਕਿਸਮ ਦੀ ਕੋਈ ਘਾਟ ਨਹੀਂ ਤੇ ਨਾ ਹੀ ਵਾਧਾ ਹੁੰਦਾ ਹੈ। ਉਸ ਨੂੰ ਕਦੀ ਬੁਢਾਪਾ ਨਹੀਂ ਆਉਂਦਾ, ਇਸ ਲਈ ਜਨਮ ਮਰਨ ਤੋਂ ਰਹਿਤ ਹੈ। ਉਸ ਦੀ ਪਵਿੱਤਰ ਹਸਤੀ ਕਿਸੇ ਪ੍ਰਕਾਰ ਦੇ ਦਾਗ ਤੋਂ ਰਹਿਤ ਹੈ 'ਕਲੰਕੰ ਬਿਨਾ ਨੇਕਲੰਕੀ ਸਰੂਪੇ ॥ (੫੦) ਹੈ। ਤਿੰਨਾਂ ਲੋਕਾਂ ਦੇ ਜੀਵਾਂ ਵਿਚ ਉਸ ਦਾ ਮਾਨਤਾ ਹੈ, ਤ੍ਰਿਮਾਨ ਹੈ (੩੨)। ਉਹ ਸਭ ਗੁਣਾਂ ਦਾ ਖ਼ਜ਼ਾਨਾ ਹੈ, ਨਿਧਾਨ ਹੈ (੩੨)। ਉਹ ਸਰਗੁਣ ਸਰੂਪ ਵਿਚ ਪਰਤੱਖ ਹੋ ਕੇ ਸਭ ਨਾਲ ਗੱਲਾਂ ਕਰਦਾ ਹੈ ਇਸ ਲਈ ਉਹ ਸਾਹਿਬ ਕਲਾਮੈ (੧੨੦) ਹੈ।

ਅਕਾਲ ਪੁਰਖ ਸਰਗੁਣ ਹੁੰਦਾ ਹੋਇਆ ਆਪਣੀ ਨਿਰਗੁਣਤਾ ਨੂੰ ਕਾਇਮ ਰੱਖਦਾ ਹੈ। ਉਹ ਅੰਤਰਜਾਮੀ ਹੈ, ਨਮੋ ਪਰਮ ਗਿਆਤਾ (੫੨) ਹੈ। ਉਹ ਤਿਆਗੀ ਹੈ, ਗੁਪਤ ਹੈ, ਗ਼ੈਬੁਲ ਗ਼ੈਬ ਹੈ (੧੦੮)। ਉਸ ਦਾ ਕੋਈ ਚਕ੍ਰ, ਚਿਹਨ, ਬਰਨ, ਜਾਤਿ, ਪਾਤ, ਰੂਪ ਰੰਗ ਅਤੇ ਰੇਖ ਭੇਖ ਨਹੀਂ ਹੈ। ਉਹ ਅਨੇਕ ਹੁੰਦਾ ਹੋਇਆ ਵੀ ਏਕ ਹੈ ਸਰਗੁਣ ਸਰੂਪ ਉਸ ਨੂੰ ਨਮਸਕਾਰ ਕਰਨ ਦੇ ਨਾਲ ਨਾਲ ਉਸ ਦੀ ਨਿਰਗੁਣਤਾ ਨੂੰ ਵੀ ਨਮਸਕਾਰ ਕਰਨੀ ਬਣਦੀ ਹੈ।

ਅਨੇਕ ਹੈਂ ॥ ਫਿਰਿ ਏਕ ਹੈਂ ॥੪੩॥
ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥੯॥

ਉਸ ਦੀ ਵਿਲੱਖਣਤਾ ਇਸੇ ਵਿਚ ਹੈ ਕਿ ਉਸ ਦੀ ਏਕ ਹਸਤੀ ਹੋਣ ਦੇ ਬਾਵਜੂਦ ਉਸ ਦੇ ਅਨੇਕ ਪ੍ਰਕਾਰ ਦੇ ਦਰਸ਼ਨ ਹੁੰਦੇ ਹਨ। ਅੰਤ ਨੂੰ ਫਿਰ ਇਕ ਦਾ ਇਕ ਹੀ ਰਹਿੰਦਾ ਹੈ। ਉਸ ਦਾ ਸਰਗੁਣ ਦਾ ਪਸਾਰਾ ਇਤਨਾ ਵਿਸ਼ਾਲ ਹੈ ਕਿ ਲਖਿਆ ਨਹੀਂ ਜਾ ਸਕਦਾ ਕਿਉਂਕਿ ਉਸ ਵਰਗਾ ਵੱਡਾ ਕੋਈ ਨਹੀਂ ਹੈ। ਉਸ ਦੇ ਨਿਰਗੁਣ ਪਸਾਰੇ ਬਾਰੇ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਉਸ ਦੀ ਉਸਤਤੀ ਵਰਣਨ ਦਾ ਆਧਾਰ ਨਾ ਤਾਂ ਧਰਮ ਸ਼ਾਸਤ੍ਰ, ਨਾ ਧਰਮ ਗ੍ਰੰਥ, ਨਾ ਸਿਮਰਤੀਆਂ, ਨਾ ਵੇਦ ਪੁਰਾਣ ਅਤੇ ਨਾ ਹੀ ਧਾਰਮਿਕ ਰਸਮੋ-ਰਿਵਾਜ ਹਨ। ਇਸ ਲਈ ਉਸ ਨੂੰ ਨੇਤਿ ਨੇਤਿ ਭਾਵ ਅਭਾਵ-ਆਤਮਕ ਬੋਲੀ ਰਾਹੀਂ ਹੀ ਕਹਿਣਾ ਬਣਦਾ ਹੈ :

ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ ॥
ਪਰਮ ਬੇਦ ਪੁਰਾਣ ਜਾ ਕਹਿ ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ, ਨ ਆਵਈ ਵਹੁ ਚਿਤ ॥੮੬॥

ਅਕਾਲ ਪੁਰਖ ਸਰਬ ਸ਼ਕਤੀਮਾਨ, ਸਰਬ ਵਿਆਪਕ ਅਤੇ ਸਰਬ ਪ੍ਰਿਅ ਹੈ। ਉਹ ਆਪਣੇ

www.sikhbookclub.com

ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ ਇਸ ਲਈ ਉਹ 'ਸੁਯੰਭਵ' (੮੩) ਹੈ। 'ਆਦਿ ਰੂਪ' (੮੫) ਹੈ। ਉਸ ਦਾ ਕੋਈ ਮਾਤਾ ਪਿਤਾ, ਭੈਣ ਭਾਈ, ਰਿਸ਼ਤਾ ਨਾਤਾ ਨਹੀਂ ਹੈ। 'ਨ ਤਾਤੈ ਨ ਮਾਤੈ' (੧੪੮), ਉਸ ਤੋਂ ਪਹਿਲਾਂ ਕੋਈ ਨਹੀਂ ਹੋਇਆ ਉਹ ਸਭ ਦਾ ਆਦਿ ਹੈ। ਇਸ ਲਈ ਉਸ ਨੂੰ 'ਆਦਿ ਪੁਰਖ' (੮੦), 'ਆਦਿ ਦੇਵ' (੮੩), 'ਆਦਿ ਰੂਪੈ ਅਨਾਦਿ ਸਰੂਪੈ' (੧੨੮) ਅਤੇ ਜੁਗਾਂ ਜੁਗਾਂਤਰਾਂ ਤੋਂ ਪਹਿਲਾਂ ਦਾ ਹੋਣ ਕਰਕੇ 'ਜੁਗਾਦਿ' (੧੩੪) ਕਿਹਾ ਹੈ। ਉਸ 'ਤੇ ਕਿਸੇ ਦਾ ਜ਼ੋਰ ਨਹੀਂ, ਉਹ ਆਪਣੇ ਆਪ ਦੇ ਅਧੀਨ ਹੈ (੧੦੭)। ਆਪਣੇ ਆਪ ਦੇ ਵਸ ਹੈ, ਆਤਮ ਬਸ ਹੈ (੧੯੪)। ਉਹ ਚੰਦ ਸੂਰਜ ਨੂੰ ਰੌਸ਼ਨੀ ਦੇਣ ਵਾਲਾ ਹੈ। ਉਸ ਦਾ ਪ੍ਰਕਾਸ਼ ਇਤਨਾ ਤੀਬਰ ਹੈ ਕਿ ਝਲਿਆ ਨਹੀਂ ਜਾ ਸਕਦਾ 'ਅਤਿ ਦੁਤਿ ਪ੍ਰਚੰਡ' (੯੨) ਹੀ ਨਹੀਂ ਸਗੋਂ ਸਦੀਵੀ ਚਾਨਣ, 'ਸਦੈਵੰ ਪ੍ਰਕਾਸ' (੧੪੫) 'ਸਦੈਵੰ ਪ੍ਰਭਾ' (੧੪੯) ਅਤੇ 'ਅਚਲੰ ਪ੍ਰਕਾਸ਼' (੧੫੯) ਹੈ।

ਅਕਾਲ ਪੁਰਖ ਦਾ ਮਨੋਰਥ ਇਸ ਧਰਤ 'ਤੇ ਸੱਚ ਧਰਮ ਦੀ ਸਥਾਪਨਾ, ਸੰਤ ਮਹਾਂਪੁਰਸ਼ਾਂ ਅਤੇ ਮਜ਼ਲੂਮਾਂ ਦੀ ਰਖਸ਼ਾ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਹੈ। ਹੰਕਾਰੀਆਂ ਦਾ ਹੰਕਾਰ ਤੋੜਨ ਵਾਲਾ ਹੈ, 'ਗਰਬ ਗੰਜਨ ਸਰਬ ਭੰਜਨ' (੮੪) ਹੈ। ਉਸ ਵਿਚ ਮਾਂ ਵਰਗੀ ਮਮਤਾ ਵੀ ਹੈ, ਇਸ ਲਈ ਉਸ ਨੂੰ ਨਮਸਕਾਰ ਹੈ। 'ਨਮੋ ਲੋਕ ਮਾਤਾ' (੫੨) 'ਦੋਸਤ ਰਫੀਕ ਹੈ' (੩੬), ਉਹ ਸਿਰਫ਼ ਕੁਕਰਮੀਆਂ ਦਾ ਨਾਸ਼ ਕਰਨ ਵਾਲਾ ਹੈ 'ਕੁਕਰਮੰ ਪ੍ਰਣਾਸੀ' (੭੩) ਹੈ; ਇਨ੍ਹਾਂ ਸਭ ਗੁਣਾਂ ਤੋਂ ਇਲਾਵਾ ਅਕਾਲ ਪੁਰਖ ਦੀ ਜੋ ਵਿਲੱਖਣਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟਾਈ ਹੈ ਉਹ ਇਹ ਹੈ ਕਿ ਉਹ ਸ਼ਸਤ੍ਰਧਾਰੀ ਹੈ, ਕਸ਼ੱਤ੍ਰੀ ਹੈ, 'ਛਤ੍ਰੰ ਛਤ੍ਰੀ' ਹੈ (੧੦੬) ਇਸ ਲਈ ਵੀ ਉਸ ਨੂੰ ਨਮਸਕਾਰ ਹੈ।

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥ (੫੨)

ਅਸੀਂ ਪਹਿਲਾਂ ਅਕਾਲ ਪੁਰਖ ਦੀ ਵਿਸ਼ਾਲਤਾ, ਉਦਾਰਤਾ, ਵਿਸ਼ਵ ਵਿਆਪਕਤਾ ਦਾ ਜ਼ਿਕਰ ਕੀਤਾ ਹੈ। ਉਸ ਨੂੰ ਕਿਸੇ ਖਾਸ ਧਰਮ, ਮਜ਼ਹਬ, ਜਾਤ, ਦੇਸ਼ ਨਾਲ ਸੰਬੰਧਿਤ ਕਰਨਾ ਉਸ ਨੂੰ ਸੀਮਾ ਬਧ ਕਰਨ ਦੇ ਬਰਾਬਰ ਹੈ। ਇਹ ਸਿਧਾਂਤ ਗੁਰਮਤਿ ਅੰਦਰ ਪ੍ਰਮਾਣਿਤ ਨਹੀਂ ਹੈ। ਗੁਰੂ ਜੀ ਨੇ ਉਸ ਦੇ ਸਰਬ ਵਿਆਪਕ ਸਰਬ ਸ਼ਕਤੀਮਾਨ ਗੁਣਾਂ ਨੂੰ ਸਿਰਫ਼ ਪ੍ਰਚਾਰਿਆ ਹੀ ਨਹੀਂ ਸਗੋਂ ਪ੍ਰਵਾਨ ਵੀ ਕੀਤਾ ਹੈ। ਅਸੀਂ ਆਪਣੀ ਆਪਣੀ ਬੁੱਧ ਅਨੁਸਾਰ ਉਸ ਦੇ ਅਨੇਕਾਂ ਨਾਮ ਘੜ ਲਏ ਹਨ ਜੋ ਸਭ ਸਫਾਤੀ ਨਾਮ ਹਨ। ਇਹ ਮਨੁੱਖੀ ਕਲਪਣਾ ਦੀ ਘਾੜਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਜ਼ਿਕਰ ਬੜੇ ਭਰਪੂਰ ਸ਼ਬਦਾਂ ਵਿਚ ਆਇਆ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿ ਨਾਮੁ ਤੇਰਾ ਪਰਾ ਪੂਰਬਲਾ ॥ *(ਪੰਨਾ ੧੦੮੩)*

ਅਸਲ ਵਿਚ ਉਹ 'ਅਨਾਮੇ' (੪), 'ਅਨਾਮੰ' (੫), 'ਨ੍ਰਿਨਾਮੇ' (੧੧) ਹੈ। ਨਾਮ ਮਜ਼ਹਬੀ ਝਗੜਿਆਂ ਦਾ ਕਾਰਨ ਹੈ ਅਤੇ ਰੱਬ ਦੀ ਰਬਤਾ ਦਾ ਵਿਰੋਧ ਹੈ। ਅਕਾਲ ਪੁਰਖ ਦੇਸ਼-ਰਹਿਤ, ਮਜ਼ਹਬ-ਰਹਿਤ ਤੇ ਜਾਤੀ-ਰਹਿਤ ਹੈ। ਗੁਰੂ ਜੀ ਨੇ ਇਸ ਲਈ ਉਸ ਨੂੰ 'ਅਧਰਮੰ' (੫), 'ਅਮਜ਼ਬੇ' (੧੭), 'ਨ੍ਰਿਦੇਸੰ' (੧੦) ਅਤੇ 'ਅਜਾਤੇ' (੧੭) ਕਿਹਾ ਹੈ।

ਨਾਮ ਠਾਮ ਨ ਜਾਤਿ ਜਾ ਕਰ ਰੂਪ ਰੰਗ ਨ ਰੇਖ ॥.....
ਦੇਸ ਔਰ ਨ ਭੇਸ ਜਾ ਕਰ ਰੂਪ ਰੇਖ ਨ ਰਾਗ ॥੮੦॥

www.sikhbookclub.com

ਇਕ ਹੋਰ ਮਹੱਤਵਪੂਰਨ ਪੱਖ ਜੋ ਜਾਪੁ ਸਾਹਿਬ ਵਿਚ ਸਾਡੇ ਸਾਹਮਣੇ ਆਇਆ ਹੈ ਉਹ ਇਹ ਹੈ ਕਿ ਜਗਿਆਸੂ ਆਪਣੇ ਅਧੂਰੇ-ਪਣ ਨੂੰ ਪੂਰਨ ਪ੍ਰਭੂ ਦੇ ਗੁਣਾਂ ਨਾਲ ਭਰਨ ਲਈ ਸਦਾ ਲਾਲਸਾ ਰੱਖਦਾ ਹੈ। ਪ੍ਰਭੂ ਦੇ ਗੁਣਾਂ ਦਾ ਜਾਪ, ਸਿਮਰਨ, ਸਿੱਖ ਨੂੰ ਆਤਮਕ ਪੱਧਰ 'ਤੇ ਭਗਤ, ਸੰਤ, ਦਰਵੇਸ਼ ਬਣਨ ਲਈ ਇਕ ਭਰਪੂਰ ਪ੍ਰੇਰਨਾ ਹੈ। ਇਸ ਪ੍ਰੇਰਨਾ ਦਾ ਆਧਾਰ, ਪਿਆਰ, ਪ੍ਰੇਮ, ਸ਼ਰਧਾ ਅਤੇ ਨਿਸਚਾ ਹੈ। ਗੁਰਮਤਿ ਦਾ ਕਥਨ ਹੈ ਕਿ ਸਿੱਖ ਜਿਸ ਤਰ੍ਹਾਂ ਦੀ ਹਸਤੀ ਦਾ ਸਿਮਰਨ ਕਰਦਾ ਹੈ ਉਸ ਦੇ ਗੁਣਾਂ ਨੂੰ ਗ੍ਰਹਿਣ ਕਰਨ ਲੱਗ ਜਾਂਦਾ ਹੈ। ਪ੍ਰੇਮ ਤੋਂ ਭਗਤੀ ਦਾ ਵਿਕਾਸ ਹੁੰਦਾ ਹੈ। ਉਸਤਤੀ ਭਗਤੀ ਦਾ ਇਕ ਖਾਸ ਅੰਗ ਹੈ। ਜਾਪੁ ਸਾਹਿਬ ਵਿਚ ਪ੍ਰਭੂ ਦੇ ਗੁਣਾਂ ਦੀ ਉਸਤਤੀ ਹੈ। ਉਸ ਦੇ ਤੇਜ, ਪਰਤਾਪ, ਪ੍ਰਤਿਭਾ ਅਤੇ ਪ੍ਰਭੂਤਾ ਦਾ ਪੂਰਨ ਵਰਣਨ ਹੈ। ਪਿਆਰ ਕਿਸੇ ਇਕ ਦੀ ਮਲਕੀਅਤ ਨਹੀਂ, ਪਿਆਰ ਦਾ ਕੋਈ ਧਰਮ ਨਹੀਂ, ਇਹ ਹਰ ਹਿਰਦੇ ਵਿਚ ਪੈਦਾ ਹੋ ਸਕਦਾ ਹੈ। ਪ੍ਰਭੂ ਪਿਆਰ ਰੂਪ ਹੈ, ਉਹ ਹਰ ਪਾਸੇ ਰਮ ਰਿਹਾ ਹੈ :

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥

ਜਾਪੁ ਸਾਹਿਬ ਜਿਥੇ ਇਕ ਪਾਸੇ ਅਕਾਲ ਪੁਰਖ ਦੇ ਸਰਬ-ਪੱਖੀ ਗੁਣਾਂ ਦਾ ਨਿਰੂਪਣ ਹੈ ਉਥੇ ਦੂਸਰੇ ਪਾਸੇ ਸਿੱਖ ਨੂੰ ਆਪਣੇ ਜੀਵਨ ਮਨੋਰਥ ਦਾ ਅਹਿਸਾਸ ਕਰਾਉਂਦਾ ਹੈ ਅਤੇ ਪੂਰਨ ਆਦਰਸ਼ਕ ਮਨੁੱਖ ਬਣਨ ਲਈ ਇਕ ਭਰਪੂਰ ਪ੍ਰੇਰਨਾ ਦਿੰਦਾ ਹੈ। ਅਕਾਲ ਪੁਰਖ ਦੇ ਗੁਣਾਂ ਦਾ ਜਾਪ ਸਿਰਫ਼ ਉਸ ਦੀ ਉਸਤਤੀ ਹੀ ਨਹੀਂ, ਸਗੋਂ ਜੀਵ ਦੀਆਂ ਆਪਣੀਆਂ ਕਮਜ਼ੋਰੀਆਂ ਅਤੇ ਊਣਤਾਈਆਂ ਤੋਂ ਉਪਰ ਉਠਣ ਲਈ ਇਕ ਸਾਹਸ ਭਰਦਾ ਹੈ। ਅਜਿਹਾ ਜਗਿਆਸੂ ਸ਼ਰਧਾ ਅਤੇ ਪ੍ਰੇਮ-ਵਸ ਹੋ ਕੇ ਪ੍ਰਭੂ ਦੇ ਗੁਣਾਂ ਦਾ ਧਾਰਨੀ ਹੋ ਸਕਦਾ ਹੈ। ਸਮਾਜਿਕ ਪੱਧਰ ਤੋਂ ਮਾਨਵ ਹਿਤੂ, ਨਿਡਰ ਅਤੇ ਦਲੇਰ ਬਣ ਸਕਦਾ ਹੈ। ਆਰਥਿਕ ਪੱਧਰ 'ਤੇ ਆਤਮ ਨਿਰਭਰ ਹੋਣ ਲਈ ਉੱਦਮ ਮਿਲਦਾ ਹੈ। ਰਾਜਨੀਤਕ ਪੱਧਰ 'ਤੇ ਸੰਤ-ਸਿਪਾਹੀ, ਸੂਰਬੀਰ ਅਤੇ ਸੁਤੰਤਰ ਜੀਵਨ ਜੀਉਣ ਦੀ ਪ੍ਰੇਰਨਾ ਮਿਲਦੀ ਹੈ।

ਜਾਪੁ ਸਾਹਿਬ ਦੀ ਰਚਨਾ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਮਹਾਨ ਸ਼ਖ਼ਸੀਅਤ ਸਾਡੇ ਸਾਹਮਣੇ ਆਉਂਦੀ ਹੈ। ਰਚਨਾ ਸਾਹਿਤਕਾਰ ਦਾ ਆਪਾ ਹੁੰਦਾ ਹੈ। ਇਸ ਰਚਨਾ ਵਿਚ ਜਿਸ ਤਰ੍ਹਾਂ ਅਕਾਲ ਪੁਰਖ ਦੇ ਬਹੁ-ਪੱਖੀ ਰੂਪਾਂ ਦਾ ਵਿਵਰਨ ਕੀਤਾ ਗਿਆ ਹੈ, ਉਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿਰਫ਼ ਇਕ ਮਹਾਨ ਵਿਦਵਾਨ ਜਾਂ ਕਵੀ ਦੇ ਰੂਪ ਵਿਚ ਹੀ ਸਾਡੇ ਸਾਹਮਣੇ ਨਹੀਂ ਆਉਂਦੇ, ਸਗੋਂ ਉਹਨਾਂ ਦੇ ਅੰਤਰ-ਆਤਮੇ 'ਚੋਂ ਪ੍ਰਭੂ ਦੇ ਸਾਰੇ ਗੁਣਾਂ ਦਾ ਦਰਸ਼ਨ ਕੀਤਾ ਜਾ ਸਕਦਾ ਹੈ। ਜਿਵੇਂ ਕਿ ਅਧਿਆਤਮਕ ਨੇਤਾ, ਸਤਿਗੁਰੂ, ਦਾਸ-ਸੇਵਕ, ਰਾਜ-ਜੋਗੀ, ਕਰਮ-ਜੋਗੀ, ਰਾਜਨੀਤਕ ਆਗੂ, ਨਿਰਭੈ ਯੋਧਾ, ਦੀਨ ਰਖਿਅਕ, ਪਤਿਤ ਪਾਵਨ, ਤਿਆਗ ਦੀ ਮੂਰਤ, ਮਨੁੱਖ ਦੀ ਧਾਰਮਿਕ ਸੁਤੰਤਰਤਾ, ਮਨੁੱਖਤਾ ਦੀ ਏਕਤਾ ਦੇ ਹਾਮੀ।

ਗੁਰੂ ਜੀ ਨੇ ਅਕਾਲ ਪੁਰਖ ਨੂੰ ਕਿਰਿਆ-ਹੀਨ ਨਹੀਂ, ਸਗੋਂ ਕਿਰਿਆ-ਸ਼ੀਲ ਕਰਤਾਰੀ ਪਰਮ ਹਸਤੀ ਮੰਨਿਆ ਹੈ, ਅਤੇ ਸਰਗੁਣ ਸਰੂਪ ਵਿਚ ਉਸ ਦੀ ਕਿਰਿਆ ਤੋਂ ਜਗਿਆਸੂ ਨੂੰ ਇਕ ਵਿਸ਼ਵਾਸ ਦਿਵਾਇਆ ਹੈ ਕਿ ਉਹ ਸਿੱਖ ਦੇ ਸਦਾ ਅੰਗ-ਸੰਗ ਹੈ :

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

(4/1987)

www.sikhbookclub.com

ਜਾਪੁ ਸਾਹਿਬ ਦੇ ਛੰਦਾਂ ਤੇ ਬੰਦਾਂ ਦਾ ਵੇਰਵਾ

'ਜਾਪੁ ਸਾਹਿਬ' ਦੀ ਬਾਣੀ ਕਿਸੇ ਰਾਗ ਵਿਚ ਨਹੀਂ ਹੈ। 'ਜਪੁ' ਜੀ ਸਾਹਿਬ ਦੀ ਬਾਣੀ ਉਪਰ ਵੀ ਕੋਈ ਰਾਗ ਅੰਕਿਤ ਨਹੀਂ, ਪਰ ਉਹ 'ਜਾਪੁ ਸਾਹਿਬ' ਵਾਂਗ 'ਛੰਦਾ ਬੰਦੀ' ਵਿਚ ਨਹੀਂ ਹੈ। ਜਾਪੁ ਸਾਹਿਬ ਵਿਚ ਵੱਖ-ਵੱਖ ਪ੍ਰਕਾਰ ਦੇ ਦਸ ਛੰਦ ਵਰਤੇ ਗਏ ਹਨ। ਇਹ ਬਾਣੀ ੧੯੯ ਬੰਦਾਂ ਵਿਚ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਪ੍ਰਕਾਸ਼ਤ ਗੁਟਕਿਆਂ ਅਤੇ ਸਟੀਕਾਂ ਵਿਚ ਕਿਧਰੇ ੧੯੮, ਕਿਧਰੇ ੧੯੯ ਅਤੇ ਕਿਧਰੇ ੨੦੦ ਅੰਗ ਲੱਗੇ ਮਿਲਦੇ ਹਨ। ਬਾਣੀ ਘੱਟ ਵੱਧ ਨਹੀਂ, ਉਨੀ ਹੀ ਹੈ, ਅੰਕ ਲਾਉਣ ਵਿਚ ਕੁਝ ਅੰਤਰ ਹਨ। ਆਮ ਪ੍ਰਚਲਿਤ ਅੰਕ ੧੯੯ ਹੀ ਹਨ। ਬਹੁਤੀਆਂ ਹੱਥ ਲਿਖਤੀ ਦਸਮ ਗ੍ਰੰਥ ਦੀਆਂ ਬੀੜਾਂ ਵਿਚ ੧੯੯ ਅੰਕ ਹੀ ਲਗਾਏ ਹਨ ਜਿਸ ਕਰਕੇ ਇਸ ਗਿਣਤੀ ਨੂੰ ਹੀ ਠੀਕ ਮੰਨਣਾ ਉਚਿਤ ਹੈ।

ਇਸ ਬਾਣੀ ਵਿਚ ਆਏ ਸ਼ਬਦ ਸਰੂਪਾਂ ਬਾਰੇ ਵੀ ਪਾਠਕਾਂ ਨੂੰ ਕਈ ਭੁਲੇਖੇ ਲੱਗਦੇ ਹਨ। ਦਸਮ ਗ੍ਰੰਥ ਦੀਆਂ ਬੀੜਾਂ, ਦਸ ਗ੍ਰੰਥੀ ਪੋਥੀਆਂ ਅਤੇ ਗੁਟਕਿਆਂ ਵਿਚ ਭਿੰਨ-ਭਿੰਨ ਸਰੂਪ ਦਰਜ ਹਨ। ਪਰ ਸ੍ਰੀ ਦਸਮ ਗ੍ਰੰਥ ਦੀਆਂ ਪਾਵਨ ਬੀੜਾਂ ਵਿਚ ਇਨ੍ਹਾਂ ਦੀ ਖੁੱਲ੍ਹੀ ਵਰਤੋਂ ਕੀਤੀ ਹੋਈ ਮਿਲਦੀ ਹੈ। ਇਸ ਬਾਰੇ ਇਹ ਆਖਣਾ ਵੀ ਪ੍ਰਥਾਇ ਹੋਵੇਗਾ ਕਿ ਵੱਖ-ਵੱਖ ਲਿਖਾਰੀਆਂ ਨੇ ਆਪਣੀ ਬੁੱਧੀ ਅਤੇ ਅਭਿਆਸ ਅਨੁਸਾਰ ਲਿਖਣ ਦੀ ਸੇਵਾ ਕੀਤੀ ਹੈ, ਜਿਸ ਕਰਕੇ ਸ਼ਬਦ ਸਰੂਪਾਂ ਦੀ ਇਕਸਾਰਤਾ ਭੰਗ ਹੋ ਗਈ ਹੈ।

ਛੰਦਾਂ ਦਾ ਵੇਰਵਾ

ਜਾਪੁ ਸਾਹਿਬ ਵਿਚ ਜੋ ਛੰਦ ਆਏ ਹਨ ਉਨ੍ਹਾਂ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ; ਨਾਲ ਹੀ ਇਹ ਭੀ ਲਿਖਿਆ ਹੈ ਕਿ ਇਹ ਛੰਦ ਇਸ ਬਾਣੀ ਵਿਚ ਕਿਤਨੀ-ਕਿਤਨੀ ਵਾਰੀ ਆਏ ਹਨ।

1. ਛਪੈ ਛੰਦ	1 ਵਾਰੀ	2. ਭੁਜੰਗ ਪ੍ਰਯਾਤ ਛੰਦ	6 ਵਾਰੀ
3. ਚਾਚਰੀ ਛੰਦ	5 ਵਾਰੀ	4. ਚਰਪਟ ਛੰਦ	2 ਵਾਰੀ
5. ਰੁਆਲ ਛੰਦ	1 ਵਾਰੀ	6. ਮਧੁਭਾਰ ਛੰਦ	2 ਵਾਰੀ
7. ਭਗਵਤੀ ਛੰਦ	1 ਵਾਰੀ	8. ਰਸਾਵਲ ਛੰਦ	1 ਵਾਰੀ
9. ਹਰਿਬੋਲਮਨਾ ਛੰਦ	1 ਵਾਰੀ	10. ਏਕ ਅਛਰੀ ਛੰਦ	1 ਵਾਰੀ

'ਛੰਦ' ਦੇ ਕਈ ਅਰਥ ਹਨ, ਪਰ ਇਥੇ ਜੋ ਅਰਥ ਢੁਕਦੇ ਹਨ ਉਹ ਇਸ ਪ੍ਰਕਾਰ ਹਨ : ਉਹ ਕਵਿਤਾ ਜਿਸ ਵਿਚ ਮਾਤਰਾ, ਅੱਖਰ, ਗਣ ਆਦਿ ਦੇ ਨਿਯਮਾਂ ਦੀ ਪਾਬੰਦੀ ਹੋਵੇ। (ਮਹਾਨ ਕੋਸ਼, ਪੰਨਾ 301)। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਛੰਦ ਵਿਦਿਆ ਦੇ ਮਾਹਿਰ ਹਨ। ਉਨ੍ਹਾਂ ਨੇ ਇਨ੍ਹਾਂ ਨੇਮਾਂ ਨੂੰ

www.sikhbookclub.com

ਖੂਬ ਨਿਭਾਇਆ ਹੈ। ਗੁਰੂ ਮਹਾਰਾਜ ਨੇ ਜੋ ਛੰਦ ਜਾਪੁ ਸਾਹਿਬ ਵਿਚ ਵਰਤੇ ਹਨ ਉਨ੍ਹਾਂ ਦਾ ਇਕ-ਇਕ ਕਰਕੇ ਵੇਰਵਾ ਅਸੀਂ ਅੱਗੇ ਦੇਂਦੇ ਹਾਂ। ਇਹ ਜਾਣਕਾਰੀ ਅਸੀਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਗੁਰਛੰਦ ਦਿਵਾਕਰ' ਅਤੇ 'ਮਹਾਨ ਕੋਸ਼' ਦੇ ਅਧਾਰ 'ਤੇ ਦੇ ਰਹੇ ਹਾਂ।

1. ਛਪੈ ਛੰਦ

ਛੀ ਚਰਣ ਹੋਣ ਕਰਕੇ ਇਸ ਦਾ ਨਾਮ ਛਪਯ ਅਤੇ ਖਟਪਟ ਵੀ ਹੈ।

ਇਸ ਦੇ ਕਈ ਰੂਪ ਹਨ। ਦਸਮ ਗ੍ਰੰਥ ਸਾਹਿਬ, ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਦੀਆਂ ਇਕ ਦਰਜਨ ਤੋਂ ਵੱਧ ਜਾਤੀਆਂ ਦੇਖੀਆਂ ਜਾ ਸਕਦੀਆਂ ਹਨ। ਜਾਪੁ ਸਾਹਿਬ ਦਾ ਆਦਿ ਬੰਦ ਛਪੈ ਛੰਦ ਵਿਚ ਹੈ। ਇਸ ਦੀ ਜਾਤੀ ਦਾ ਭੇਦ ਇਹ ਹੈ। ਕੁਲ ਮਾਤਰਾ 123 ਹੁੰਦੀਆਂ ਹਨ। ਗੁਰੂ 29 ਅਤੇ ਲਘੂ 94। ਇਸ ਛੰਦ ਦੀ 'ਬੁਧਿ' ਸੰਗਯਾ 13 ਹੈ। ਜਾਪੁ ਸਾਹਿਬ ਦਾ ਪਹਿਲਾ ਬੰਦ ਇਸ ਦੀ ਸੁੰਦਰ ਉਦਾਹਰਣ ਹੈ, ਇਸ ਬੰਦ ਦੇ ਉਪਰ ਇਸ ਦਾ ਨਾਮ ਅੰਕਿਤ ਹੈ ਛਪੈ ਛੰਦ। ਛਪੈ ਛਪਯ ਦਾ ਹੀ ਵਟਵਾਂ ਰੂਪ ਹੈ। ਸਾਧ ਭਾਸ਼ਾ ਵਿਚ ਇਸ ਨੂੰ ਖਟਪਟ ਕਹਿੰਦੇ ਹਨ। ਜਾਪੁ ਸਾਹਿਬ ਦਾ ਬੰਦ ਇਸ ਤਰ੍ਹਾਂ ਹੈ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥੧॥

2. ਭੁਜੰਗ ਪ੍ਰਯਾਤ ਛੰਦ

ਇਸ ਛੰਦ ਦੇ ਚਾਰ ਚਰਣ ਹੁੰਦੇ ਹਨ, ਪ੍ਰਤਿ ਚਰਣ ਚਾਰ ਜਗਣ। ਇਸ ਦਾ ਸਹੀ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਅਕਾਲ ਉਸਤਤਿ' ਵਿਚ ਉਪਲਬਧ ਹੈ :

ਨਹੀਂ ਜਾਨ ਜਾਈ ਕਛੂ ਰੂਪ ਰੇਖੰ ॥
ਕਹਾ ਬਾਸੁ ਤਾ ਕੋ ਫਿਰੈ ਕਉਨ ਭੇਖੰ ॥
ਕਹਾ ਨਾਮ ਤਾ ਕੈ ਕਹਾ ਕੈ ਕਹਾਵੈ ॥
ਕਹਾ ਕੈ ਬਖਾਨੋ ਕਹੇ ਮੋ ਨ ਆਵੈ ॥੩॥੯੩॥ *(ਅਕਾਲ ਉਸਤਤਿ)*

ਇਸ ਛੰਦ ਨੂੰ ਅਸਤਰ ਭੀ ਕਹਿੰਦੇ ਹਨ। (ਮਹਾਨ ਕੋਸ਼, ਪੰਨਾ ੬੮੮)

'ਜਾਪੁ ਸਾਹਿਬ' ਵਿਚ ਜੋ ਛੇ ਵਾਰੀ ਭੁਜੰਗ ਪ੍ਰਯਾਤ ਛੰਦ ਆਇਆ ਹੈ ਉਹ ਦਰਅਸਲ 'ਅਰਧ ਭੁਜੰਗ' ਛੰਦ ਹੈ ਜਿਸ ਨੂੰ 'ਸੰਖਨਾਰੀ' ਅਤੇ 'ਸੋਮਰਾਜੀ' ਭੀ ਕਹਿੰਦੇ ਹਨ। ਭਾਵੇਂ ਜਾਪੁ ਸਾਹਿਬ ਵਿਚ ਸਿਰਲੇਖ ਭੁਜੰਗ ਪ੍ਰਯਾਤ ਹਨ ਪਰ ਭਾਵ ਉਸ ਥਾਂ 'ਅਰਧ ਭੁਜੰਗ' ਹੀ ਹੈ। ਇਸ ਛੰਦ 'ਮਹਾ ਭੁਜੰਗ ਪ੍ਰਯਾਤ' ਭੀ ਹੈ। ਇਸ ਵਿਚ ਪ੍ਰਤਿ ਚਰਣ ਅੱਠ ਜਗਣ ਹੁੰਦੇ ਹਨ। ਇਸ ਭੇਦ ਨੂੰ 'ਸਵੈਯਾ' ਅਤੇ 'ਝੂਲਨਾ' ਭੀ ਕਹਿੰਦੇ ਹਨ।

www.sikhbookclub.com

'ਭੁਜੰਗ ਪ੍ਰਯਾਤ' ਦਾ ਸ਼ਬਦੀ ਅਰਥ ਹੈ ਸੱਪ ਦੀ ਚਾਲ। ਇਸ ਛੰਦ ਵਿਚ ਸਰਪ-ਗਤੀ ਦਿਸਦੀ ਹੈ।

ਜੇ ਭੁਜੰਗ ਪ੍ਰਯਾਤ ਦੇ ਪ੍ਰਤਿ ਚਰਨ ਚਾਰ ਦੀ ਥਾਂ ਛੇ ਜਗਣ ਹੋਣ ਤਾਂ ਇਸ ਨੂੰ 'ਕੀੜਾਚਕ੍ਰ' ਕਹਿੰਦੇ ਹਨ।

ਜਾਪੁ ਸਾਹਿਬ ਵਿਚ ਇਹ ਛੰਦ ਅੰਕ ੨ ਤੋਂ ੨੮ ਤੱਕ ਸਤਾਈ ਬੰਦਾਂ ਵਿਚ, ੪੪ ਤੋਂ ੬੧ ਤੱਕ ਅਠਾਰਾਂ ਬੰਦਾਂ ਵਿਚ, ੬੪ ਤੋਂ ੭੩ ਤੱਕ ਦਸ ਬੰਦਾਂ ਵਿਚ, ੯੬ ਤੋਂ ੯੮ ਤੱਕ ਤਿੰਨ ਬੰਦਾਂ ਵਿਚ, ੧੮੫ ਤੋਂ ੧੮੮ ਤੱਕ ਚਾਰ ਬੰਦਾਂ ਵਿਚ ਅਤੇ ੧੯੭ ਤੋਂ ੧੯੯ ਤੱਕ ਤਿੰਨ ਬੰਦਾਂ ਵਿਚ ਵਰਤਿਆ ਗਿਆ ਹੈ। ਸਪੱਸ਼ਟ ਹੈ ਕਿ ਇਹ ਛੰਦ ਇਸ ਬਾਣੀ ਵਿਚ ਹੋਰ ਛੰਦਾਂ ਦੇ ਮੁਕਾਬਲੇ ਵਿਚ ਸਭ ਤੋਂ ਜ਼ਿਆਦਾ ਵਾਰ ਵਰਤਿਆ ਗਿਆ ਹੈ। ਇਸ ਵਿਚ 65 ਬੰਦ ਹਨ। ਇਸ ਬਾਣੀ ਦਾ ਲਗਭਗ ਤੀਜਾ ਹਿੱਸਾ ਇਸ ਛੰਦ ਵਿਚ ਹੈ।

ਜਾਪੁ ਸਾਹਿਬ ਦਾ ਪਹਿਲਾ ਬੰਦ ਛਪੈ ਛੰਦ ਵਿਚ ਹੈ ਜਿਸ ਦਾ ਜ਼ਿਕਰ ਅਸੀਂ ਉਪਰ ਅੰਕ (੧) ਵਿਚ ਕੀਤਾ ਹੈ। ਇਹ ਉਥਾਨਕਾ ਤੇ ਮੰਗਲ ਰੂਪ ਵਿਚ ਹੈ। ਪਰਮਾਤਮਾ ਦੀਆਂ ਕਰਮ ਨਾਮ ਸਿਫਤਾਂ ਅੰਕ ਦੋ ਤੋਂ ਅਰੰਭ ਹੁੰਦੀਆਂ ਹਨ, ਇਥੋਂ ਹੀ ਭੁਜੰਗ ਪ੍ਰਯਾਤ ਛੰਦ ਵੀ ਸ਼ੁਰੂ ਹੁੰਦਾ ਹੈ। ਜਾਪੁ ਸਾਹਿਬ ਦੇ ਆਖਰੀ ਬੰਦ ਭੀ ਇਸੇ ਛੰਦ ਵਿਚ ਹਨ। ਇੰਜ ਇਸ ਬਾਣੀ ਵਿਚ ਨਾ ਕੇਵਲ ਇਹ ਛੰਦ ਸਭ ਤੋਂ ਵੱਧ ਬੰਦਾਂ ਵਿਚ ਆਇਆ ਹੈ, ਸਗੋਂ ਇਸ ਬਾਣੀ ਦਾ ਆਦਿ ਅਤੇ ਅੰਤ ਵੀ ਇਸੇ ਛੰਦ ਨਾਲ ਹੋਇਆ ਹੈ। ਆਦਿ ਤੇ ਅੰਤ ਦੀਆਂ ਤੁਕਾਂ ਇੰਜ ਹਨ :

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

ਇਸ ਛੰਦ ਦੀ ਵਰਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਵਿਚ ਹੀ ਨਹੀਂ ਆਪਣੀਆਂ ਹੋਰ ਰਚਨਾਵਾਂ ਵਿਚ ਵੀ ਚੋਖੀ ਕੀਤੀ ਹੈ।

3. ਚਾਚਰੀ ਛੰਦ

ਜਾਪੁ ਸਾਹਿਬ ਵਿਚ ਇਹ ਛੰਦ ਪੰਜ ਵਾਰੀ ਆਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ 'ਸੁਧੀ' ਛੰਦ ਦਾ ਹੀ ਨਾਂ-ਮਾਤਰ ਹੈ। ਇਸ ਦਾ ਲੱਛਣ ਇਸ ਪ੍ਰਕਾਰ ਹੈ : ਚਾਰ ਚਰਣ, ਪ੍ਰਤਿ ਚਰਣ, ਜ, ਗ, । S ।, S ਹੈ।

ਜਾਪੁ ਸਾਹਿਬ ਵਿਚ ਇਸ ਛੰਦ ਦੇ ਦੋ ਰੂਪ ਵਰਤੇ ਗਏ ਹਨ। ਦੂਜਾ ਰੂਪ ਹੈ 'ਸ਼ਸ਼ੀ' ਛੰਦ। ਇਸ ਵਿਚ ਪ੍ਰਤਿਚਰਣ ਜਗਣ ਹੁੰਦਾ ਹੈ। ਇਸ ਰੂਪ ਨੂੰ 'ਅਨਕਾ' ਭੀ ਕਹਿੰਦੇ ਹਨ। ਇਸ ਦਾ ਇਕ ਰੂਪ ਏਕ ਅੱਛਰੀ ਛੰਦ ਵਿਚ ਵੀ ਆਇਆ ਹੈ। ਇਸ ਦਾ ਜ਼ਿਕਰ ਅੱਗੇ ਅੰਕ (੧੦) ਹੇਠ ਇਕ ਅਛਰੀ ਛੰਦ ਦੀ ਵਿਆਖਿਆ ਵਿਚ ਕੀਤਾ ਗਿਆ ਹੈ।

www.sikhbookclub.com

ਜਾਪੁ ਸਾਹਿਬ ਵਿਚ ਇਸ ਦੇ ਜੋ ਰੂਪ ਹਨ ਉਹ ਇਸ ਪ੍ਰਕਾਰ ਹਨ :

੨੯ ਤੋਂ ੪੩ ਤੱਕ :

ਅਰੂਪ ਹੈਂ ॥ ਅਨੂਪ ਹੈਂ ॥
ਅਜੂ ਹੈਂ ॥ ਅਭੂ ਹੈਂ ॥੨੯॥...
ਅਮਾਨ ਹੈਂ ॥ ਨਿਧਾਨ ਹੈਂ ॥
ਅਨੇਕ ਹੈਂ ॥ ਫਿਰਿ ਏਕ ਹੈਂ ॥੪੩॥

ਇੰਜ ਹੀ ਅੰਕ ੬੨ ਤੇ ੬੩ :

ਜਲੇ ਹੈਂ ॥ ਥਲੇ ਹੈਂ ॥
ਅਭੀਤ ਹੈਂ ॥ ਅਭੇ ਹੈਂ ॥੬੨॥
ਪ੍ਰਭੂ ਹੈਂ ॥ ਅਜੂ ਹੈਂ ॥
ਅਦੇਸ ਹੈਂ ॥ ਅਭੇਸ ਹੈਂ ॥੬੩॥

ਅਤੇ ਫਿਰ ਅੰਕ ੯੯ ਤੋਂ ੧੦੨ ਤਕ :

ਨ ਸੱਤ੍ਰੈ ॥ ਨ ਮਿੱਤ੍ਰੈ ॥
ਨ ਭਰਮੰ ॥ ਨ ਭਿੱਤ੍ਰੈ ॥੯੯॥
ਨ ਕਰਮੰ ॥ ਨ ਕਾਏ ॥
ਅਜਨਮੰ ॥ ਅਜਾਏ ॥੧੦੦॥
ਨ ਚਿੱਤ੍ਰੈ ॥ ਨ ਮਿੱਤ੍ਰੈ ॥
ਪਰੇ ਹੈਂ ॥ ਪਵਿੱਤ੍ਰੈ ॥੧੦੧॥
ਪ੍ਰਿਥੀਸੈ ॥ ਅਦੀਸੈ ॥
ਅਦ੍ਰਿਸੈ ॥ ਅਕ੍ਰਿਸੈ ॥੧੦੨॥

ਅੱਗੇ ਫਿਰ ਅੰਕ ੧੩੩ ਤੋਂ ੧੪੧ ਤਕ :

ਅਭੰਗ ਹੈਂ ॥ ਅਨੰਗ ਹੈਂ ॥
ਅਭੇਖ ਹੈਂ ॥ ਅਲੇਖ ਹੈਂ ॥੧੩੩॥...
ਅਨਿੱਤ ਹੈਂ ॥ ਸੁ ਨਿੱਤ ਹੈਂ ॥
ਅਜਾਤ ਹੈਂ ॥ ਅਜਾਦ ਹੈਂ ॥੧੪੧॥

ਜਾਪੁ ਸਾਹਿਬ ਵਿਚ ਚਾਚਰੀ ਛੰਦ ਦਾ 'ਸ਼ਸ਼ੀ' ਰੂਪ ਗੁਰੂ ਜੀ ਨੇ ੯੪ ਤੇ ੯੫ ਅੰਕ ਦੇ ਬੰਦਾਂ ਵਿਚ ਵਰਤਿਆ ਹੈ। ਜੋ ਕਿ ਇਸ ਪ੍ਰਕਾਰ ਹੈ :

ਗੁਬਿੰਦੇ ॥ ਮੁਕੰਦੇ ॥
ਉਦਾਰੇ ॥ ਅਪਾਰੇ ॥੯੪॥
ਹਰੀਅੰ ॥ ਕਰੀਅੰ ॥
ਨ੍ਰਿਨਾਮੇ ॥ ਅਕਾਮੇ ॥੯੫॥

ਗੁਰੂ ਮਹਾਰਾਜ ਨੇ ਇਸ 'ਸ਼ਸ਼ੀ' ਰੂਪ ਨੂੰ ਏਕ ਅੱਛਰੀ ਛੰਦ ਵਿਚ ਇੰਜ ਵਰਤਿਆ ਹੈ :

www.sikhbookclub.com

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥

ਇਸ ਦਾ ਵਰਨਣ ਅੱਗੇ ਏਕ ਅਛਰੀ ਛੰਦ ਵਿਚ ਵੀ ਕੀਤਾ ਗਿਆ ਹੈ।

4. ਚਰਪਟ ਛੰਦ

ਇਸ ਛੰਦ ਦੇ ਦੋ ਰੂਪ ਹਨ। ਇਕ ਭ, ਗ, ਮ। ਇਸ ਰੂਪ ਦੇ ਨਾਮ 'ਉਛਾਲ', 'ਹਸਕ' ਅਤੇ 'ਪਕਤਿ' ਵੀ ਹਨ। ਇਸ ਦਾ ਦੂਜਾ ਰੂਪ ਹੈ ਪ੍ਰਤਿ ਚਰਣ ਸ, ਗ, ਵਾਲਾ। ਇਹ ਦੋਵੇਂ ਰੂਪ ਜਾਪੁ ਸਾਹਿਬ ਵਿਚ ਮਿਲਦੇ ਹਨ। ਦੇਖੋ ਅੰਕ ੭੪ ਤੋਂ ੭੮ ਤੱਕ, ਪਹਿਲਾ ਰੂਪ :

ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥
ਅਖੱਲ ਜੋਗੇ ॥ ਅਚੱਲ ਭੋਗੇ ॥੭੪॥...
ਸਰਬੰ ਦੇਵੰ ॥ ਸਰਬੰ ਭੇਵੰ ॥
ਸਰਬੰ ਕਾਲੇ ॥ ਸਰਬੰ ਪਾਲੇ ॥੭੮॥

ਦੂਜਾ ਰੂਪ ਅੰਕ ੧੪੨ ਤੋਂ ੧੪੪ ਤੱਕ ਹੈ। ਜੋ ਕਿ ਇਸ ਪ੍ਰਕਾਰ ਹੈ :

ਸਰਬੰ ਹੰਤਾ ॥ ਸਰਬੰ ਗੰਤਾ ॥
ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥...
ਸਰਬੰ ਕਰਮੰ ॥ ਸਰਬੰ ਧਰਮੰ ॥
ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਇਸ ਛੰਦ ਦੀ ਹੋਰ ਥਾਈਂ ਵੀ ਵਰਤੋਂ ਕੀਤੀ ਹੈ, ਜਿਵੇਂ ਦਤਾਵਤਾਰ ਵਿਚ।

5. ਰੂਆਲ ਛੰਦ

ਰੂਆਲ ਦਾ ਪੂਰਾ ਨਾਮ ਰੂਆਮਲ ਹੈ। ਇਸ ਛੰਦ ਦਾ ਲੱਛਣ ਹੈ ਚਾਰ ਚਰਣ, ਪ੍ਰਤਿ ਚਰਣ ਰ, ਸ, ਜ, ਜ, ਭ, ਗ, ਲ। ਦਸ ਅਤੇ ਸੱਤ ਅੱਖਰਾਂ ਉੱਪਰ ਬਿਸ਼ਰਾਮ ਹੁੰਦਾ ਹੈ।

ਜਾਪੁ ਸਾਹਿਬ ਵਿਚ ਰੂਆਲ ਛੰਦ ਅੰਕ ੭੯ ਤੋਂ ੮੬ ਤਕ ਹੈ। ਉਹ ਇਸ ਪ੍ਰਕਾਰ ਹੈ :

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥
ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥੭੯॥...
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ ॥
ਪਰਮ ਬੇਦ ਪੁਰਾਣ ਜਾ ਕਹਿ ਨੇਤ ਭਾਖਤ ਨਿੱਤ ॥
ਕੋਟਿ ਸਿਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥੮੬॥

ਜਾਪੁ ਸਾਹਿਬ ਵਿਚ ਇਹ ਛੰਦ ਸਭ ਤੋਂ ਲੰਮੇ ਬਹਿਰ ਦਾ ਹੈ।

www.sikhbookclub.com

6. ਮਧੁਭਾਰ ਛੰਦ

ਇਸ ਛੰਦ ਦੇ ਚਾਰ ਚਰਨ ਹੁੰਦੇ ਹਨ ਅਤੇ ਪ੍ਰਤਿਚਰਣ ਅੱਠ ਮਾਤਰਾ ਹੁੰਦੀਆਂ ਹਨ। ਚਾਰ ਮਾਤਰਾ ਪਿੱਛੋਂ ਜਗਣ ਹੁੰਦਾ ਹੈ। S।

ਜਾਪੁ ਸਾਹਿਬ ਵਿਚ ਇਸ ਦੀ ਵਰਤੋਂ ਦੋ ਵਾਰੀ ਹੋਈ ਹੈ। ਪਹਿਲਾਂ ਅੰਕ ੯੭ ਤੋਂ ੯੩ ਤਕ:

ਗੁਨ ਗਨ ਉਦਾਰ ॥ ਮਹਿਮਾ ਅਪਾਰ ॥
ਆਸਨ ਅਭੰਗ ॥ ਉਪਮਾ ਅਨੰਗ ॥੯੭॥...
ਆਲਿਸਜ ਕਰਮ ॥ ਆਦ੍ਰਿਸਜ ਧਰਮ ॥
ਸਰਬਾ ਭਰਣਾਢਯ ॥ ਅਨਡੰਡ ਬਾਢਯ ॥੯੩॥

ਦੂਜੀ ਵਾਰ ਅੰਕ ੧੬੧ ਤੋਂ ੧੭੦ ਤਕ:

ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥
ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥...
ਆਡੀਠ ਧਰਮ ॥ ਅਤਿ ਢੀਠ ਕਰਮ ॥
ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥

ਮਧੁਭਾਰ ਛੰਦ ਦਾ ਨਾਮ 'ਛਬਿ' ਭੀ ਹੈ।

7. ਭਗਵਤੀ ਛੰਦ

ਇਹ ਭਗਉਤੀ ਦਾ ਨਾਂਮਾਤਰ ਹੈ। ਕਈ ਥਾਈਂ 'ਸ੍ਰੀ ਭਗਵਤੀ' ਭੀ ਇਸ ਛੰਦ ਦਾ ਨਾਮ ਹੈ। ਇਸ ਦੇ ਦੋ ਰੂਪ ਹਨ। ਇਹ ਦੋਵੇਂ ਜਾਪੁ ਸਾਹਿਬ ਵਿਚ ਆਏ ਹਨ। ਇਕ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ। ਇਸ ਦੇ ਪ੍ਰਤੀ ਚਰਣ ਦੋ ਜਗਣ ਹੁੰਦੇ ਹਨ— । S S । S S ਜਿਵੇਂ ਅੰਕ ੧੦੩ ਤੋਂ ੧੩੨ ਤਕ ਦੇਖਿਆ ਜਾ ਸਕਦਾ ਹੈ:

ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥
ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥...
ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥
ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੨॥

ਭਗਵਤੀ ਛੰਦ ਦੇ ਦੂਸਰੇ ਰੂਪ ਵਿਚ ਪ੍ਰਤਿਚਰਣ ਜ, ਸ, ਲ, ਗ । S ।, ॥ S, । S ਇਸ ਦੀ ਵਰਤੋਂ 'ਜਾਪੁ' ਸਾਹਿਬ ਵਿਚ ਅੰਕ ੧੫੦ ਤੋਂ ੧੬੦ ਤੱਕ ਹੈ। ਉਹ ਇਸ ਪ੍ਰਕਾਰ ਹੈ:

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥...
ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥
ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥

www.sikhbookclub.com

8. ਰਸਾਵਲ ਛੰਦ

'ਜਾਪੁ ਸਾਹਿਬ' ਵਿਚ ਜੋ ਰਸਾਵਲ ਛੰਦ ਹੈ, ਉਹ ਅਰਧ-ਭੁਜੰਗ ਹੈ। ਜਿਵੇਂ ੧੪੫ ਤੋਂ ੧੪੯ ਤਕ ਹੈ :

ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥
ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥...
ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥
ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥

ਬਚਿਤ੍ਰ ਨਾਟਕ ਵਿਚ ਭੀ ਰਸਾਵਲ ਦਾ ਇਹੀ ਰੂਪ ਹੈ। ਇਸ ਦੇ ਕੁਝ ਹੋਰ ਸਰੂਪ ਭੀ ਹਨ। ਕੁਝ ਕਵੀਆਂ ਨੇ ਰੋਲਾ ਛੰਦ ਨੂੰ 'ਰਸਾਵਲ' ਮੰਨਿਆ ਹੈ। ਭਾਈ ਗੁਰਦਾਸ ਜੀ ਦੇ ਕਬਿੱਤਾਂ ਵਿੱਚੋਂ ਉਸ ਦੀਆਂ ਉਦਾਹਰਣਾਂ ਮਿਲ ਸਕਦੀਆਂ ਹਨ ਪਰ ਰੋਲਾ ਛੰਦ ਦਾ ਸਰੂਪ ਅੱਡਰਾ ਹੈ, ਰਸਾਵਲ ਨਾਲ ਮਿਲਦਾ ਨਹੀਂ।

9. ਹਰਿਬੋਲਮਨਾ ਛੰਦ

ਇਸ ਛੰਦ ਦਾ ਨਾਉਂ 'ਤਿਲਕਾ' ਭੀ ਹੈ। ਦਸਮ ਗ੍ਰੰਥ ਵਿਚ 'ਅਕਵਾ', 'ਅਜਬ' ਅਤੇ 'ਕਨਯਾ' ਛੰਦ ਦਾ ਹੀ ਨਾਂਮਾਤਰ ਹੈ। ਇਸ ਦੇ ਲੱਛਣ ਹਨ : ਚਾਰ ਚਰਣ, ਪ੍ਰਤਿਚਰਣ ਦੋ ਜਗਣ ॥ S, ॥ S; ਜਾਪੁ ਸਾਹਿਬ ਵਿਚ ਇਹ ਛੰਦ ਬੰਦ ਨੰਬਰ ੧੭੧ ਤੋਂ ੧੮੪ ਤੱਕ ਵਰਤਿਆ ਗਿਆ ਹੈ :

ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥
ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥...
ਪਰਮਾਤਮ ਹੈਂ ॥ ਸਰਬਾਤਮ ਹੈਂ ॥
ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੮੪॥

10. ਏਕ ਅੱਛਰੀ ਛੰਦ

ਇਹ ਛੰਦ ਪੰਜ ਤਰ੍ਹਾਂ ਦਾ ਹੈ। ਇਸ ਨੂੰ ਏਕ ਅੱਖਰੀ, ਏਕਾਖਰੀ ਤੇ ਏਕਾਛਰੀ ਭੀ ਕਹਿੰਦੇ ਹਨ। ਇਹ ਇਕ ਵਰਣਿਕ ਛੰਦ ਹੈ। ਜਾਪੁ ਸਾਹਿਬ ਵਿਚ ਇਸ ਦੇ ਤਿੰਨ ਰੂਪ ਆਏ ਹਨ। ਇਹ ਤਿੰਨੇ ਰੂਪ ਏਕ ਅੱਛਰੀ ਛੰਦ ਦੇ ਸਿਰਲੇਖ ਹੇਠ ੧੮੯ ਤੋਂ ਲੈ ਕੇ ੧੯੬ ਬੰਦਾਂ ਵਿਚ ਮਿਲਦੇ ਹਨ : ਇਨ੍ਹਾਂ ਦੇ ਹਵਾਲੇ ਇਸ ਤਰ੍ਹਾਂ ਹਨ :

1. ਮਹੀ ਛੰਦ ਚਾਰੇ ਚਰਣਾਂ ਦੇ ਆਦਿ ਇਕੋ ਅੱਖਰ ਹੋਵੇ।
   ਮਹੀ ਦਾ ਲਛਣ ਹੈ ਹਰ ਚਰਣ ਨਾਲ ਇਕ ਲਘੁ ਇਕ ਗੁਰੂ। ਜਿਵੇਂ :
   ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥
2. ਮ੍ਰਿਗੇਂਦਰ ਛੰਦ ਦੇ ਚਾਰੇ ਚਰਣਾਂ ਦੇ ਆਦਿ ਇਕੋ ਅੱਖਰ ਹੋਵੇ ਤਾਂ ਉਹ ਭੀ ਏਕ ਅੱਛਰੀ ਛੰਦ ਅਖਵਾਉਂਦਾ ਹੈ। ਮ੍ਰਿਗੇਂਦਰ ਦਾ ਸਰੂਪ ਹੈ ਪ੍ਰਤਿਚਰਣ ਇਕ ਜਗਣ। ਇਸ ਦੀ ਉਦਾਹਰਣ ਹੈ :

www.sikhbookclub.com

ਅਗੰਜ ॥ ਅਭੰਜ ॥ ਅਲਖ ॥ ਅਭੱਖ ॥੧੯੧॥

3. ਸ਼ਸ਼ੀ ਛੰਦ ਦੇ ਚੌਹਾਂ ਚਰਣਾਂ ਦੇ ਆਦਿ ਇੱਕੋ ਅੱਖਰ ਲਾਉਣ ਨਾਲ ਵੀ ਏਕ ਅੱਛਰੀ ਛੰਦ ਦਾ ਇਕ ਹੋਰ ਰੂਪ ਬਣ ਜਾਂਦਾ ਹੈ। ਸ਼ਸ਼ੀ ਛੰਦ ਦੇ ਹਰੇਕ ਚਰਣ ਇਕ ਜਗਣ ਹੁੰਦਾ ਹੈ। ਜਾਪੁ ਸਾਹਿਬ ਵਿਚ ਇਸ ਦੀ ਉਦਾਹਰਣ ਬੰਦ ਨੰਬਰ ੧੯੫ ਵਿਚ ਹੈ। ਏਸ ਏਕ ਅੱਛਰੀ ਦਾ ਜ਼ਿਕਰ ਪਹਿਲਾਂ ਚਾਚਰੀ ਛੰਦ ਵਿਚ ਹੋ ਚੁੱਕਾ ਹੈ। ਇਸ ਦੀ ਉਦਾਹਰਣ ਹੈ :

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥

(3/1992)

www.sikhbookclub.com

ਅਕਾਲ ਉਸਤਤਿ ਦਾ ਵਿਸ਼ਾ-ਵਸਤੂ

ਨਾਮ ਕਰਨ ਬਾਰੇ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕਰਨ ਵੇਲੇ 'ਜਪੁ' ਜੀ ਅਤੇ 'ਜਾਪੁ' ਸਾਹਿਬ, ਸਵੱਯਾਂ, ਬੇਨਤੀ ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕੀਤਾ। ਸਵੱਯਾ ਬਾਨੀ ਦੇ ਤਿੰਨ ਨਾਮ ਪ੍ਰਸਿੱਧ ਹਨ :

1. ਤ੍ਵ ਪ੍ਰਸਾਦਿ ਸ੍ਵਯੇ
2. ਸੁਧਾ (ਅੰਮ੍ਰਿਤ ਸ੍ਵਯੇ)
3. ਸ੍ਵਯੇ ਅਕਾਲ ਉਸਤਤਿ ਵਿਚੋਂ।

ਇਸ ਬਾਨੀ ਦਾ ਸਰਬ ਪ੍ਰਵਾਨਿਤ ਨਾਮ ਅਕਾਲ ਉਸਤਤਿ ਹੈ। ਸ੍ਰੀ ਦਸਮ ਗ੍ਰੰਥ ਦੇ ਮੁੱਖ ਸਰੂਪ ਵਿਚ ਇਸ ਬਾਨੀ ਦਾ ਨਾਮ 'ਅਕਾਲ ਪੁਰਖ ਦੀ ਉਸਤਤਿ' ਹੈ। ਪਟਨੇ ਵਾਲੇ ਸਰੂਪ 'ਚ ਅਕਾਲ ਉਸਤਤਿ। ਇਹਨਾਂ ਤਿੰਨਾਂ ਨਾਮਾਂ 'ਚੋਂ ਵਧੇਰੇ ਪ੍ਰਚਲਤ ਤੇ ਸਵੀਕਾਰ ਕੀਤਾ ਨਾਮ 'ਅਕਾਲ ਉਸਤਤਿ' ਪ੍ਰਸਿੱਧ ਹੋ ਗਿਆ ਹੈ।

ਡਾ. ਤਾਰਨ ਸਿੰਘ ਦੇ ਵਿਚਾਰ ਅਨੁਸਾਰ ਇਥੇ ਤਿੰਨਾਂ ਨਾਮਾਂ ਵਿਚ ਇਕੋ ਹੀ ਭਾਵਨਾ ਹੈ। ਇਸ ਲਈ ਇਸ ਬਾਨੀ ਦੇ ਨਾਮਾਂ ਦੀ ਭਿੰਨਤਾ ਇਸ ਵਿਚਲੇ ਭਾਵ ਦੀ ਇਕਾਈ ਨੂੰ ਭੰਗ ਨਹੀਂ ਕਰਦੀ। 'ਅਕਾਲ ਉਸਤਤਿ' ਦਾ ਨਾਮ ਇਸ ਰਚਨਾ ਦੇ ਆਰੰਭਕ ਅਤੇ ਅੰਤਲੇ ਪਦਾਂ ਨੂੰ ਮਿਲਾ ਕੇ ਰੱਖਿਆ ਗਿਆ ਜਾਪਦਾ ਹੈ। ਇਸ ਰਚਨਾ ਦੇ ਆਰੰਭਕ ਮੰਗਲਾਚਰਣ ਦਾ ਆਰੰਭਕ ਵਾਕ ਹੈ, 'ਅਕਾਲ ਪੁਰਖ ਕੀ ਰਛਾ ਹਮਨੈ' ਤੇ ਅੰਤ ਦਾ ਕਥਨ ਹੈ, 'ਉਸਤਤ ਸੰਪੂਰਨ'। ਇਸ ਤਰ੍ਹਾਂ ਆਰੰਭਕ ਵਾਕ ਅਕਾਲ ਅਤੇ ਅੰਤਲੇ 'ਚੋਂ ਉਸਤਤ ਲੈ ਕੇ ਇਸ ਦਾ ਨਾਮ ਅਕਾਲ ਉਸਤਤਿ ਰੱਖਿਆ ਗਿਆ।

ਰਚਨਹਾਰ ਬਾਰੇ (ਕਰਤਾ ਬਾਰੇ)

ਇਸ ਬਾਨੀ ਦੇ ਰਚਨਹਾਰ ਸਬੰਧੀ ਕੋਈ ਵਾਦ-ਵਿਵਾਦ ਨਹੀਂ ਹੈ। ਇਸ ਦੇ ਰਚਨਹਾਰ ਸਬੰਧੀ ਸਾਨੂੰ ਲੋੜੀਂਦੀ ਸਮੱਗਰੀ ਇਸ ਰਚਨਾ ਵਿਚ ਦਿੱਤੇ ਸੰਕੇਤ ਤੋਂ ਮਿਲ ਜਾਂਦੀ ਹੈ। ਭਾਈ ਮਨੀ ਸਿੰਘ ਜੀ ਨੇ ਬਾਣੀਕਾਰ ਬਾਰੇ ਪਹਿਲੇ ਮੰਗਲਾਚਰਣ ਵਿਚ ਸੰਕੇਤ ਕੀਤਾ ਹੈ, 'ਉਤਾਰ ਖਾਸੇ ਦਸਖਤ ਕਾ ਪਾਤਸ਼ਾਹੀ ੧੦ਵੀਂ" ਜਿਸ ਤੋਂ ਸਿੱਧ ਹੈ ਕਿ ਨਿਸ਼ਾਨੀ ਵਜੋਂ ਮੰਗਲਾਚਰਣ ਦਾ ਛੰਦ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਲਿਖਿਆ ਤੇ ਅੱਗੇ ਜਦੋਂ ਬਾਨੀ ਦਾ ਪਾਠ ਅਰੰਭ ਹੁੰਦਾ ਹੈ ਅਤੇ ਤੁਕ ਦਿੱਤੀ ਹੋਈ ਹੈ ਤਾਂ ਅੱਗੇ ਲਿਖਾਰੀ ਦੇ ਦਸਤਖਤ ਹਨ। ਇਸ ਤੋਂ ਭਾਵ ਹੈ ਕਿ ਅਗਲਾ ਪਾਠ ਗੁਰੂ ਜੀ ਨੇ ਉਚਾਰਿਆ ਤੇ

www.sikhbookclub.com

ਲਿਖਾਰੀਆਂ ਨੇ ਲਿਖਿਆ। ਡਾ. ਤਾਰਨ ਸਿੰਘ ਜੀ ਬੜੇ ਨਿਸਚੇ ਨਾਲ ਲਿਖਦੇ ਹਨ ਕਿ ਇਹ ਰਚਨਾ ਨਿਰਸੰਦੇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਹੈ ਅਤੇ ਇਸ ਬਾਰੇ ਕਿਸੇ ਨੂੰ ਵੀ ਕੋਈ ਸੰਦੇਹ ਨਹੀਂ ਹੈ। ਜਾਪੁ ਸਾਹਿਬ ਦਾ ਭਾਵ ਤੇ ਸ਼ੈਲੀ ਦੇ ਦਰਸ਼ਨ ਅਕਾਲ ਉਸਤਤਿ ਵਿਚ ਵੀ ਹੁੰਦੇ ਹਨ :

ਬਰਨ ਚਿਹਨ ਜਿਹ ਜਾਤ ਨ ਪਾਤਾ ॥
ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ॥
ਸਭ ਤੇ ਦੂਰਿ ਸਭਨ ਤੇ ਨੇਰਾ ॥
ਜਲ ਥਲ ਮਹੀਅਲ ਜਾਹਿ ਬਸੇਰਾ ॥੪॥

(ਅਕਾਲ ਉਸਤਤਿ)

'ਜਾਪੁ ਸਾਹਿਬ' ਵਾਂਗ 'ਅਕਾਲ ਉਸਤਤਿ' ਵੀ ਦਸਮੇਸ਼ ਪਿਤਾ ਜੀ ਦੀ ਇਕ ਜਗਤ ਪ੍ਰਸਿੱਧ ਰਚਨਾ ਹੈ। ਇਹ ਪਵਿੱਤਰ ਬਾਣੀ 'ਦਸਮ ਗ੍ਰੰਥ' ਵਿਚ ਤਤਕਰੇ ਦੇ ਕ੍ਰਮ ਅਨੁਸਾਰ 'ਜਾਪੁ ਸਾਹਿਬ' ਮਗਰੋਂ ਦਰਜ ਹੈ।

ਰਚਨਾ ਦਾ ਸਮਾਂ

ਨਿਰਸੰਦੇਹ ਇਸ ਬਾਣੀ ਦੇ ਰਚਨਕਾਲ ਨੂੰ ਨਿਸ਼ਚਿਤ ਕਰਨਾ ਸੰਭਵ ਨਹੀਂ। ਇਸ ਬਾਣੀ ਵਿਚ 'ਤ੍ਵ ਪ੍ਰਸਾਦਿ ਸਵੱਯੈ' ਇਸ ਗੱਲ ਦਾ ਪ੍ਰਤੀਕ ਹਨ ਕਿ ਇਹ ਬਾਣੀ ਖਾਲਸਾ ਪੰਥ ਦੀ ਸਾਜਣਾ ਵਾਲੀ ਵਿਸਾਖੀ ਤੋਂ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ ਕਿਉਂਕਿ ਅੰਮ੍ਰਿਤ ਤਿਆਰ ਕਰਨ ਵੇਲੇ ਪੰਜ ਬਾਣੀਆਂ ਵਿਚ ਇਹ ਬਾਣੀ ਵੀ ਸ਼ਾਮਿਲ ਸੀ। ਜਦੋਂ ਕਿ 'ਜਾਪੁ ਸਾਹਿਬ' ਦੀ ਰਚਨਾ 1684 ਈ. ਤੋਂ 1687 ਈ. ਵਿਚ ਹੋਈ ਮੰਨੀ ਜਾਂਦੀ ਹੈ। ਇਸ ਲਈ ਸੰਭਵ ਹੈ ਕਿ ਇਹ ਬਾਣੀ ਖਾਲਸਾ ਪੰਥ ਦੀ ਸਥਾਪਨਾ ਤੋਂ ਬਹੁਤ ਪਹਿਲਾਂ ਅਤੇ 1687 ਈ. ਤੋਂ ਕੁਝ ਹੀ ਸਮਾਂ ਬਾਅਦ ਰਚੀ ਗਈ ਹੋਵੇ। ਕਿਉਂਕਿ ਇਹ ਬਾਣੀ ਅੰਮ੍ਰਿਤ ਤਿਆਰ ਕਰਨ ਵੇਲੇ ਸਿੱਖਾਂ ਨੂੰ ਜ਼ਬਾਨੀ ਯਾਦ ਸੀ ਕਿ ਨਿੱਤਨੇਮ ਦੀਆਂ ਬਾਣੀਆਂ ਵਿਚ ਵੀ ਇਹ ਇਕ ਬਾਣੀ ਹੈ।

ਇਸ ਲਈ ਸਮੇਂ ਬਾਰੇ ਨਿਸ਼ਚਿਤ ਤੌਰ 'ਤੇ ਕਹਿਣਾ ਸੰਭਵ ਨਹੀਂ। ਡਾ. ਤਾਰਨ ਸਿੰਘ ਵੀ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਇਹ ਵੱਖਰੇ ਵੱਖਰੇ ਸਮੇਂ 'ਤੇ ਉਚਾਰੇ ਗਏ ਛੰਦਾਂ ਦੀ ਰਚਨਾ ਹੈ। ਆਪਣੇ ਇਸ ਵਿਚਾਰ ਲਈ ਉਹ ਇਕ ਸਬੂਤ ਪੇਸ਼ ਕਰਦੇ ਹਨ ਕਿ ਇਸ ਰਚਨਾ ਦਾ ਕਾਵਿ ਪ੍ਰਬੰਧ, ਵਿਸ਼ੇ ਦੀ ਇਕਸੁਰਤਾ, ਛੰਦਾਂ ਦਾ ਗਿਣਤੀ ਪ੍ਰਬੰਧ, ਸ਼ੈਲੀ ਦੀ ਇਕਸਾਰਤਾ ਤੋਂ ਪਤਾ ਲੱਗਦਾ ਹੈ ਕਿ ਇਹ ਸਾਰੀ ਬਾਣੀ ਲਗਾਤਾਰ ਇਕੋ ਸਮੇਂ ਰਚੀ ਗਈ ਹੈ। ਇਹ ਰਚਨਾ ਇਕ ਕਾਵਿ ਪ੍ਰਬੰਧ ਕਾਵਿ ਹੈ ਜਿਸ ਵਿਚ ਇਕ ਵਿਸ਼ਾ-ਵਸਤੂ ਧਿਆਨ ਵਿਚ ਰੱਖ ਕੇ ਇਸ ਦੀ ਰਚਨਾ ਕੀਤੀ ਗਈ ਹੈ।

ਰਚਨਾ ਬਣਤਰ

ਇਸ ਰਚਨਾ ਦੇ 271 1/2 ਪਦਾਂ ਦੇ ਮੁੱਖ ਤਿੰਨ ਭਾਗ ਕੀਤੇ ਜਾ ਸਕਦੇ ਹਨ :

1. ਅਕਾਲ ਪੁਰਖ ਦੀ ਉਸਤਤਿ
2. ਆਤਮਾ ਬੁੱਧੀ ਸਬੰਧੀ
3. ਚੰਡੀ ਉਸਤਤਿ

ਅਕਾਲ ਉਸਤਤਿ ਦੇ ਅਧਿਐਨ ਲਈ ਕੁਝ ਵਿਦਵਾਨਾਂ ਨੇ 17 ਉਪਭਾਗ ਬਣਾਏ ਹਨ। ਇਸ

www.sikhbookclub.com

ਰਚਨਾ ਵਿਚ ਕੁੱਲ 27 ਬੰਦ ਹਨ ਜੋ ਕਿ 10 ਛੰਦਾਂ 'ਚ ਲਿਖੀ ਗਈ ਜਿਸ ਵਿਚ ਕਬਿਤ, ਸਵੱਯੇ, ਪਾਧਰੀ, ਰੂਆਲ, ਭੁਜੰਗ; ਬਣਤਰ ਤੇ ਪੱਖੋਂ ਇਸ ਰਚਨਾ ਵਿਚ 10 ਛੰਦ ਬਣਾ ਕੇ ਅਕਾਲ ਪੁਰਖ ਦੀ ਮਹਿਮਾ ਗਾਈ ਗਈ ਹੈ। ਰਚਨਾ ਦਾ ਆਰੰਭ ਇਸ ਮੰਗਲਾਚਰਣ ਨਾਲ ਹੁੰਦਾ ਹੈ।

ਅਕਾਲ ਪੁਰਖ ਕੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥੧॥

(ਅਕਾਲ ਉਸਤਤਿ)

ਇਹ ਮੰਗਲਾਚਰਣ ਡਾ. ਤਾਰਨ ਸਿੰਘ ਅਨੁਸਾਰ ਸਾਰੀ ਬਾਨੀ ਨੂੰ ਸੇਧ ਦਿੰਦਾ ਹੈ। ਸਾਰੀ ਬਾਨੀ ਵਿਚ ਅਕਾਲ ਪੁਰਖ ਦੇ ਸਰੂਪ ਦੀ ਉਸਤਤਿ ਕੀਤੀ ਗਈ ਹੈ।

ਬਾਣੀ ਦਾ ਮੁੱਖ ਵਿਸ਼ਾ

ਇਸ ਬਾਣੀ ਦਾ ਮੁੱਖ ਵਿਸ਼ਾ ਅਕਾਲ ਪੁਰਖ ਦੀ ਉਸਤਤਿ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਤੋਂ ਬਿਨਾਂ ਸਾਰੇ ਦੇਵੀ-ਦੇਵਤੇ ਅਤੇ ਅਵਤਾਰ ਨਾਸ਼ਵਾਨ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ ਭਾਰਤੀ ਲੋਕ ਬਹੁਤ ਸਾਰੇ ਦੇਵੀ ਦੇਵਤਿਆਂ ਅਤੇ ਪੰਡਤਾਂ ਦੇ ਝੂਠੇ ਕਰਮ ਕਾਂਡਾਂ ਵਿਚ ਫਸੇ ਹੋਏ ਸਨ। ਇੰਨੀ ਇਹਨਾਂ ਦੀ ਆਪਣੀ ਜਨਸੰਖਿਆ ਭਾਵੇਂ ਨਾ ਹੋਵੇ ਪਰ ਇਨ੍ਹਾਂ ਦੇ ਦੇਵੀ ਦੇਵਤਿਆਂ ਦੀ ਸੰਖਿਆ ਇਹਨਾਂ ਤੋਂ ਵੱਧ ਹੋਣੀ ਸੰਭਵ ਸੀ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਕਾਲ ਪੁਰਖ ਵਾਹਿਗੁਰੂ ਜੀ ਦੀ ਉਸਤਤਿ ਕਰਨ ਉੱਤੇ ਜ਼ੋਰ ਦਿੱਤਾ ਅਤੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਮੈਂ ਸਾਰੇ ਦੇਸ਼ਾਂ ਦੇ ਮੱਤਾਂ ਨੂੰ ਵੇਖ ਲਿਆ ਹੈ ਪਰ ਇਹਨਾਂ ਵਿਚੋਂ ਕੋਈ ਵੀ ਪਰਮਾਤਮਾ ਦੇ ਪਿਆਰ ਵਾਲਾ ਮੱਤ ਨਹੀਂ ਵੇਖਿਆ। ਇਹ ਸਾਰੇ ਦੇਵੀ-ਦੇਵਤੇ, ਅਵਤਾਰ ਉਸ ਸੱਚੇ ਅਕਾਲ ਪੁਰਖ ਤੋਂ ਬਿਨਾਂ, ਪ੍ਰੀਤ ਤੋਂ ਬਿਨਾਂ ਕੌਡੀ ਜਿੰਨੇ ਮੁੱਲ ਦੇ ਵੀ ਨਹੀਂ ਹਨ :

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

(ਅਕਾਲ ਉਸਤਤਿ)

ਗੁਰੂ ਜੀ ਨੇ ਦੱਸਿਆ ਕਿ ਮਨੁੱਖਤਾ ਦੀ ਸਿਰਫ਼ ਇਕ ਹੀ ਜਾਤੀ ਹੈ। ਪਰਮਾਤਮਾ ਅਤੇ ਧਾਰਮਿਕ ਆਚਰਨ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਥਾਨ ਵਿਸ਼ੇਸ਼ ਲਈ ਨਹੀਂ ਹੈ। ਨਿਰਸੰਦੇਹ ਉਸਤਤਿ ਦਾ ਕੇਂਦਰੀ ਵਿਸ਼ਾ ਅਕਾਲ ਪੁਰਖ ਜਾਂ ਪਰਮ-ਹਸਤੀ ਦੀ ਉਸਤਤਿ ਹੀ ਨਹੀਂ ਹੈ ਸਗੋਂ ਇਸ ਬਾਣੀ ਵਿਚ ਉਸ ਦੀ ਪ੍ਰਾਪਤੀ ਦਾ ਮਾਰਗ ਵੀ ਦੱਸਿਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਰਚਨਾ ਵਿਚ ਅਕਾਲ ਪੁਰਖ ਦਾ ਸਰੂਪ ਜਿਥੇ ਅਪਾਰ, ਵਿਆਪਕ ਅਤੇ ਸ਼ਾਂਤ ਸਰੂਪ ਹੈ ਉਥੇ ਉਸ ਦਾ ਜਲਾਲ ਰੂਪ ਵੀ ਹੈ। ਇਸ ਰਚਨਾ ਦੀ ਪਰਮ ਹਸਤੀ ਦਾ ਸੰਕਲਪ ਗੁਰਮਤਿ ਦੀ ਸਮੁੱਚੀ ਵਿਚਾਰਧਾਰਾ ਦਾ ਅਨੁਸਾਰੀ ਹੈ। ਧਰਮ ਦਰਸ਼ਨ ਵਿਚ ਪਹਿਲੀ ਮੁੱਖ ਗੱਲ ਇਹ ਨਿਸ਼ਚਿਤ ਕਰਨ ਵਾਲੀ ਹੁੰਦੀ ਹੈ ਕਿ ਉਸ ਪਰਮ ਹਸਤੀ ਦਾ ਸਰੂਪ ਕੀ ਹੈ ? ਕੀ ਇਹ ਕਿਸੇ ਧਾਰਮਿਕ ਜਾਂ ਬੌਧਿਕ ਵਿਧੀ ਨਾਲ

www.sikhbookclub.com

ਨਿਸਚਿਤ ਕੀਤਾ ਗਿਆ ਹੈ ਜਾਂ ਆਪਣੇ ਅਨੁਭਵ ਪ੍ਰਕਾਸ਼ ਦੁਆਰਾ ਇਸ ਸੰਕਲਪ ਨੂੰ ਸਾਹਮਣੇ ਲਿਆਂਦਾ ਗਿਆ ਹੈ ? ਅਕਾਲ ਉਸਤਤਿ ਵਿਚਲਾ ਧਰਮ ਹਸਤੀ ਦਾ ਸੰਕਲਪ ਇਕ ਈਸ਼ਵਰਵਾਦੀ ਹੈ ਅਰਥਾਤ ਅਕਾਲ ਪੁਰਖ ਇਕ ਹੀ ਹੈ। ਇਸ ਰਚਨਾ ਦੇ ਆਰੰਭ ਵਿਚ ਪਰਮ-ਹਸਤੀ ਦੇ ਅਪਰ ਅਪਾਰ ਤੇ ਵਿਆਪਕ ਭੇਦ ਨੂੰ ਇਕੋ ਹੀ ਪੰਗਤੀ ਵਿਚ ਨਿਰੂਪਣ ਕਰ ਦਿੰਦੇ ਹਨ :

ਪ੍ਰਣਵੋ ਆਦਿ ਏਕੰਕਾਰਾ ॥
ਜਲ ਥਲ ਮਹੀਅਲ ਕੀਓ ਪਸਾਰਾ ॥
ਆਦਿ ਪੁਰਖ ਅਬਿਗਤ ਅਬਿਨਾਸੀ ॥
ਲੋਕ ਚੱਤ੍ਰ ਦਸ ਜੋਤਿ ਪ੍ਰਕਾਸੀ ॥੧॥

(ਅਕਾਲ ਉਸਤਤਿ)

ਅਪਰ ਅਪਾਰ ਪੱਖ ਤੋਂ ਪਰਮ-ਹਸਤੀ ਰੂਪ-ਰੇਖਾ, ਰੰਗ, ਦਵੈਤ, ਕਰਮ, ਭਰਮ, ਨਾਮ, ਜਾਤ, ਮਿੱਤਰ, ਸ਼ਤਰੂ ਤੋਂ ਵਿਹੂਣੀ ਹੈ। ਜਾਪੁ ਸਾਹਿਬ ਦੀ ਤਰ੍ਹਾਂ ਅਕਾਲ ਉਸਤਤਿ ਵਿਚ ਵੀ ਇਸ ਪੱਖ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ :

ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥
ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ ॥
ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ॥
ਨ ਮਿੱਤ੍ਰੰ ਨ ਸੱਤ੍ਰੰ ਨ ਪਿੱਤ੍ਰੰ ਨ ਮਾਤੰ ॥੧॥੯੧॥

(ਅਕਾਲ ਉਸਤਤਿ)

ਇਸ ਤਰ੍ਹਾਂ ਇਸ ਰਚਨਾ ਵਿਚ ਇਕ ਖਾਸ ਵਿਧੀ ਨਾਲ ਜੋ ਨੇਤਿ ਨੇਤਿ ਦੀ ਵਿਧੀ ਹੈ, ਉਸ ਪਰਮਾਤਮਾ ਦੇ ਨਿਰਗੁਣ ਸਰੂਪ ਨੂੰ ਹੀ ਉਜਾਗਰ ਕੀਤਾ ਗਿਆ ਹੈ।

ਸਰਬ ਵਿਆਪਕਤਾ

ਅਕਾਲ ਉਸਤਤਿ ਵਿਚ ਪਰਮ ਹਸਤੀ ਨਿਰੋਲ ਨਿਰਗੁਣ ਜਾਂ ਅਪਰ-ਅਪਾਰ ਹੀ ਨਹੀਂ ਸਗੋਂ ਸਰਬ ਵਿਆਪਕ ਵੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਨੇ ਇਸ ਰਚਨਾ ਵਿਚ ਅਕਾਲ ਪੁਰਖ ਦੀ ਸਰਬ ਵਿਆਪਕਤਾ 'ਤੇ ਭਰਵੀਂ ਰੋਸ਼ਨੀ ਪਾਈ ਹੈ। ਉਹ ਅਕਾਲ ਪੁਰਖ ਕਿਸੇ ਇਕ ਦੇਸ਼, ਰੰਗ, ਨਸਲ, ਜਾਤ ਨਾਲ ਬੱਝਿਆ ਹੋਇਆ ਨਹੀਂ ਹੈ। ਉਹ ਤਾਂ ਸਾਰਿਆਂ ਵਿਚ ਵਿਆਪਕ ਹੈ, ਉਸ ਦਾ ਟਿਕਾਣਾ ਗੰਗਾ ਜਾਂ ਜਮਨਾ ਦੇ ਕੰਢੇ ਨਹੀਂ, ਉਹ ਮਥਰਾ ਜਾਂ ਹੋਰ ਕਿਤੇ ਨਹੀਂ ਰਹਿ ਰਿਹਾ; ਉਹ ਤਾਂ ਸਰਬ ਵਿਆਪਕ ਹੈ; ਹਰ ਇਕ ਵਿਚ ਰਮਿਆ ਹੈ। ਜਿਵੇਂ ਉਹ ਪ੍ਰਭੂ ਇਕ ਸਥਾਨ ਦਾ ਵਾਸੀ ਨਹੀਂ, ਉਸੇ ਤਰ੍ਹਾਂ ਉਹ ਕਿਸੇ ਇਕ ਧਾਰਮਿਕ ਪਰੰਪਰਾ ਦੇ ਪੈਰੋਕਾਰਾਂ ਦੀ ਕੈਦ ਵਿਚ ਵੀ ਨਹੀਂ। ਉਹ ਕਿਸੇ ਧਰਮ ਕਰਮ ਵਿਚ ਬੱਝਾ ਹੋਇਆ ਨਹੀਂ। ਉਸ ਤਾਂ ਸਰਬ ਸਾਂਝਾ ਹੈ। ਉਸ ਦਾ ਜ਼ਿਕਰ ਕਰਨ ਵਾਲੇ ਉਸ ਦਾ ਵਰਣਨ ਕਰ ਕੇ ਥੱਕ ਗਏ ਹਨ ਪਰ ਉਸ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਿਆ ਹੈ। ਉਹ ਬੇਅੰਤ ਰੂਪਾਂ ਵਿਚ ਵਿਆਪਕ ਹੈ। ਬੇਅੰਤ ਰੂਪਾਂ ਵਿਚ ਵਿਚਰਦਾ ਹੈ :

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ
ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ ॥
ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ

www.sikhbookclub.com

ਕਹੂੰ ਮਹਾ ਦਾਨ ਹੁਇ ਕੈ ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਂ ਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ॥
ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥੧॥੧੧॥

(ਅਕਾਲ ਉਸਤਤਿ)

ਪਰਮ ਹਸਤੀ ਇਕ ਸਿਰਜਨਾਤਮਿਕ ਤੇ ਕਰਤਾਰੀ ਸ਼ਕਤੀ

ਅਕਾਲ ਉਸਤਤਿ ਵਿਚ ਪਰਮ ਹਸਤੀ ਇਕ ਸਿਰਜਨਾਤਮਿਕ ਤੇ ਕਰਤਾਰੀ ਸ਼ਕਤੀ ਹੈ। ਇਹ ਸਭ ਆਕਾਰ ਸਭ ਦੀ ਰਚਨਾ ਕਰਨ ਵਾਲੀ ਹੈ। ਉਸ ਨੇ ਹੀ ਕ੍ਰਿਸ਼ਨ ਨੂੰ ਪੈਦਾ ਕੀਤਾ ਹੈ। ਉਹ ਹੀ ਸਭ ਨੂੰ ਮਿਟਾਉਣ ਵਾਲੀ ਹੈ :

ਸਭ ਕੋ ਕਾਲ ਸਭਨ ਕੋ ਕਰਤਾ॥
ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿੱਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥੧੦॥

(ਅਕਾਲ ਉਸਤਤਿ)

ਪਰਮ ਹਸਤੀ ਦਾ ਸਰੂਪ ਅਕਾਲ ਉਸਤਤਿ ਦੇ ਭਾਗ 2 ਵਿਚ ਹੋਰ ਉਜਾਗਰ ਕੀਤਾ ਗਿਆ ਹੈ :

ਦੇਹ ਗੇਹ ਨ ਨੇਹ ਸਨੇਹ ਅਬੇਹ ਨਾਥ ਅਜੀਤ॥
ਸਰਬ ਗੰਜਨ ਸਰਬ ਭੰਜਨ ਸਰਬ ਤੇ ਅਨਭੀਤ॥
ਸਰਬ ਕਰਤਾ ਸਰਬ ਹਰਤਾ ਸਰਬ ਦਯਾਲ ਅਦ੍ਵੇਖ॥
ਚੱਕ੍ਰ ਚਿਹਨ ਨ ਬਰਨ ਜਾ ਕੋ ਜਾਤਿ ਪਾਤਿ ਨ ਭੇਖ॥੯॥੧੮੯॥ (ਅਕਾਲ ਉਸਤਤਿ)

ਇਸੇ ਰੂਪ ਵਿਚ ਹੀ ਪਰਮਾਤਮਾ ਨੂੰ ਸ਼ਕਤੀ ਰੂਪ ਵਿਚ ਨਿਰੂਪਣ ਕੀਤਾ ਗਿਆ ਹੈ ਅਤੇ ਇਸ ਸ਼ਕਤੀ ਨੂੰ ਭਗਉਤੀ ਤੇ ਚੰਡੀ ਕਹਿੰਦੇ ਹਨ। ਅਕਾਲ ਪੁਰਖ ਦੀ ਅਸੁਰ ਨਾਸ ਦੀ ਸ਼ਕਤੀ ਨੂੰ ਇਸਤਰੀ ਦਾ ਸੰਕੇਤਕ ਚਿੰਨ੍ਹ ਭਗਵਤੀ ਦਿੱਤਾ ਗਿਆ ਹੈ। ਗੁਰੂ ਸਾਹਿਬ ਨੇ ਭਗਵਤੀ ਦੇ ਸਰੀਰਕ ਰੂਪ ਦੇ ਸੁੰਦਰ ਅਤੇ ਭਿਆਨਕ ਪੱਖ ਨੂੰ ਅਲੌਕਿਕ ਸ਼ੈਲੀ ਦੁਆਰਾ ਬਿਆਨ ਕੀਤਾ ਹੈ। ਇਸ ਸ਼ਕਤੀ ਦਾ ਸਰੂਪ ਇਹ ਹੈ : ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੁੰਦਰ ਹਾਸੇ ਵਾਲੀ ਸੁੰਦਰ ਨਭ ਵਿਚ ਨਿਵਾਸ ਰੱਖਣ ਵਾਲੇ ਸ੍ਰਿਸ਼ਟੀ ਦੇ ਪ੍ਰਕਾਸ਼ ਕਰਨ ਵਾਲੀ, ਯੁੱਧ ਵਿਚ ਉਤਸ਼ਾਹ ਨਿਰਭੈਤਾ ਵਿਚ ਫਿਰਨ ਵਾਲੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਹੇ ਪਾਪ ਨਾਸ਼ ਕਰਨ ਵਾਲੀ, ਧਰਮ ਦੇ ਪੈਦਾ ਕਰਨ ਵਾਲੀ, ਰਾਖਸ਼ਾਂ ਨੂੰ ਮਾਰਨ ਵਾਲੀ, ਤੇਰੀ ਜੈ ਜੈ ਕਾਰ ਹੈ। ਕਰਤੇ ਦੇ ਰੂਪ ਵਿਚ ਇਹ ਸ਼ਕਤੀ ਰੱਖਿਆ ਕਰਨ ਵਾਲੀ ਹੈ :

ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ॥
ਔਰ ਕੀ ਬਾਤ ਕਹਾ ਕਹ ਤੋ ਸੌਂ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥੯॥੨੪੮॥

(ਅਕਾਲ ਉਸਤਤਿ)

www.sikhbookclub.com

ਇਸ ਸ਼ਕਤੀ ਦਾ ਸਰੂਪ ਰਹੀਮ ਤੇ ਕਰੀਮ ਵਾਲਾ ਹੈ। ਇਹ ਦੀਨ ਦਇਆਲ ਤੇ ਦਇਆ ਨਿਧ ਹੈ। ਉਸ ਦਰ 'ਤੇ ਨਿਮਾਣੇ ਨਿਤਾਣੇ ਦੀ ਪੁਕਾਰ ਪਹਿਲਾਂ ਸੁਣੀ ਜਾਂਦੀ ਹੈ ਅਤੇ ਵੱਡੇ ਲੋਕਾਂ ਦੀ ਪੁਕਾਰ ਬਾਅਦ ਵਿਚ :

ਪਾਈਐ ਨ ਪਾਰ ਤੇਜ ਪੁੰਜ ਮੈਂ ਅਪਾਰ
ਸਰਬ ਬਿਦਿਆ ਕੇ ਉਦਾਰ ਹੈਂ ਅਪਾਰ ਕਹੀਅਤੁ ਹੈਂ ॥
ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ
ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈਂ ॥੪॥੨੫੪॥ (ਅਕਾਲ ਉਸਤਤਿ)

ਪਰਮ ਹਸਤੀ ਦੀ ਪ੍ਰਾਪਤੀ ਦਾ ਮਾਰਗ : ਪ੍ਰੇਮ ਮਾਰਗ

ਪਰਮਾਤਮਾ ਦੀ ਪ੍ਰਾਪਤੀ ਜੰਗਲਾਂ ਵਿਚ ਨੰਗੇ ਪੈਰੀਂ ਤੁਰਨ-ਫਿਰਨ ਨਾਲ, ਬਨਵਾਸੀ ਜਾਂ ਸੰਨਿਆਸੀ ਬਣਨ ਨਾਲ ਜਾਂ ਹੋਰ ਧਰਮਾਂ, ਕਰਮ-ਕਾਂਡਾਂ ਨਾਲ ਨਹੀਂ ਹੋ ਸਕਦੀ। ਇਹ ਤਾਂ ਸਾਰੇ ਢੰਗ ਫੋਕਟ ਹਨ। ਉਸ ਦੀ ਪ੍ਰਾਪਤੀ ਦਾ ਸਰਲ ਮਾਰਗ ਉਸ ਦਾ ਤੇ ਮਨੁੱਖਤਾ ਦਾ ਪਿਆਰ ਹੈ। ਇਹ ਪ੍ਰੇਮ ਮਾਰਗ ਪ੍ਰਭੂ ਦੇ ਪ੍ਰੇਮ ਦਾ ਮਾਰਗ ਹੈ :

ਬਾਸ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥੨੯॥
(ਅਕਾਲ ਉਸਤਤਿ)

ਗਿਆਨ ਤੇ ਭਗਤੀ ਦਾ ਮਾਰਗ

ਪ੍ਰੇਮ ਦੇ ਮਾਰਗ ਵਿਚ ਗਿਆਨ, ਭਗਤੀ ਤੇ ਕਰਮ ਮਾਰਗ ਸ਼ਾਮਿਲ ਹਨ। ਇਸ ਮਾਰਗ ਵਿਚ ਗਿਆਨ ਦੀ ਹੀ ਪ੍ਰਧਾਨਤਾ ਹੈ। ਜਿਵੇਂ ਗੁਰੂ ਸਾਹਿਬ ਬੜੇ ਨਿਰਣਾਇਕ ਢੰਗ ਨਾਲ ਕਹਿੰਦੇ ਹਨ, ਗਿਆਨ ਤੋਂ ਬਿਨਾਂ ਕਿਵੇਂ ਤਰਿਆ ਜਾ ਸਕਦਾ ਹੈ। ਇਹ ਗਿਆਨ ਗੁਰੂ ਦੁਆਰਾ ਪ੍ਰਾਪਤ ਹੋਇਆ ਗਿਆਨ ਹੈ। ਅਜਿਹੀ ਗਿਆਨ ਪ੍ਰਾਪਤੀ ਤੋਂ ਬਾਅਦ ਮਨੁੱਖ ਆਵਾਗਮਨ (ਗਵਨ) ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ :

ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥
(ਅਕਾਲ ਉਸਤਤਿ)

ਲੋਕ ਕਰਮ-ਕਾਂਡਾਂ ਵਿਚ ਉਲਝੇ ਹੋਏ ਹਨ। ਕੋਈ ਵੀ ਪਰਮਾਤਮਾ ਦੇ ਨਾਮ ਵੱਲ ਨਹੀਂ ਲੱਗਿਆ ਦਿੱਸਦਾ। ਜੋ ਗ੍ਰਿਹਸਥ ਛੱਡ ਕੇ ਸੰਨਿਆਸੀ ਬਣ ਗਏ ਹਨ, ਜੋ ਧੂਣੀਆਂ ਧੁਖਾਉਂਦੇ ਹਨ, ਉਹ ਜਨਮ ਵਿਅਰਥ ਗਵਾਉਂਦੇ ਹਨ।

ਗੁਰੂ ਜੀ ਨੇ ਅਕਾਲ ਪੁਰਖ ਦੀ ਪ੍ਰਾਪਤੀ ਲਈ ਗਿਆਨੀ ਬਣ ਕੇ ਪ੍ਰੇਮ-ਮਾਰਗ 'ਤੇ ਚੱਲਣ ਲਈ ਕਿਹਾ ਹੈ ਅਤੇ ਇਸ ਬਾਣੀ ਵਿਚ ਮੁੱਖ ਵਿਸ਼ੇ ਦੇ ਤੌਰ 'ਤੇ ਉਸ ਪਰਮ ਹਸਤੀ ਪਰਮਾਤਮਾ ਦੇ ਸਰੂਪ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨਿਆ ਹੈ।

(12/1992)

www.sikhbookclub.com

ਸੁਧਾ ਸਵੈਯੇ

ਸੁਧਾ : 'ਸੁਧਾ' ਸ਼ਬਦ ਦੇ ਕਈ ਅਰਥ ਹਨ ਜਿਵੇਂ—ਅੰਮ੍ਰਿਤ, ਪਾਹੁਲ, ਜਲ, ਸ਼ਹਿਦ ਤੋਂ ਇਲਾਵਾ ਹੋਰ ਦਸ-ਬਾਰਾਂ ਅਰਥ ਕੋਸ਼ਾਂ ਵਿਚ ਮਿਲਦੇ ਹਨ।[1] ਚੂੰਕਿ ਇਹ ਸਵੈਯੇ, ਖੰਡੇ ਬਾਟੇ ਦਾ ਅੰਮ੍ਰਿਤ ਜਾਂ ਪਾਹੁਲ ਤਿਆਰ ਕਰਨ ਸਮੇਂ ਹੋਰ ਬਾਣੀਆਂ ਦੇ ਨਾਲ ਪੜ੍ਹੇ ਜਾਂਦੇ ਹਨ, ਇਸ ਲਈ ਅੰਮ੍ਰਿਤ ਜਾਂ ਪਾਹੁਲ ਦੇ ਅਰਥਾਂ ਵਿਚ ਇਨ੍ਹਾਂ ਨੂੰ 'ਸੁਧਾ ਸਵੈਯੇ' ਕਿਹਾ ਜਾਂਦਾ ਹੈ।

ਕਈ ਗੁਟਕਿਆਂ ਵਿਚ ਇਨ੍ਹਾਂ ਸਵੈਯਾਂ ਦਾ ਨਾਮ ਤ੍ਵਪ੍ਰਸਾਦਿ ਸਵੈਯੇ ਭੀ ਲਿਖਿਆ ਹੈ ਪਰ ਇਹ ਨਾਮ ਸਹੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਤ੍ਵਪ੍ਰਸਾਦਿ ਦਾ ਅਰਥ ਹੈ : 'ਤੇਰੀ ਕਿਰਪਾ ਨਾਲ'। ਤ੍ਵਪ੍ਰਸਾਦਿ ਦਾ ਪ੍ਰਯੋਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪੁ ਸਾਹਿਬ ਦੀ ਬਾਣੀ ਅੰਦਰ ਕਈ ਛੰਦਾਂ ਦੇ ਨਾਲ ਕੀਤਾ ਹੈ। ਸਤਿਗੁਰੂ ਜੀ ਦੇ ਜੋ ਹੋਰ ਸਵੈਯੇ ਹਨ, ਜੋ ਕਿ 'ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ' ਦੀ ਤੁਕ ਨਾਲ ਸ਼ੁਰੂ ਹੁੰਦੇ ਹਨ, ਉਨ੍ਹਾਂ ਦੇ ਆਦਿ ਵਿਚ ਵੀ ਤ੍ਵਪ੍ਰਸਾਦਿ ਲਿਖਿਆ ਹੈ। ਭਾਵ ਤ੍ਵਪ੍ਰਸਾਦਿ ਦਾ ਇਹ ਹੈ ਕਿ ਹੇ ਪ੍ਰਭੂ ! ਮੈਂ ਤੇਰੀ ਕਿਰਪਾ ਨਾਲ ਇਹ ਬਾਣੀ ਜਾਂ ਛੰਦ ਆਦਿ ਉਚਾਰਨ ਕਰਦਾ ਹਾਂ। ਇਸ ਦਾ ਬਾਣੀ ਦੇ ਨਾਮ ਨਾਲ ਸੰਬੰਧ ਨਹੀਂ ਹੈ। ਇਹ ਤਾਂ ਪ੍ਰਾਰਥਨਾ ਰੂਪ ਮੰਗਲ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਈਂ ਮੂਲ-ਮੰਤ੍ਰ ਜਾਂ ਸੰਖੇਪ ਰੂਪ ਵਿਚ '੧ਓ ਸਤਿਗੁਰ ਪ੍ਰਸਾਦਿ' ਰਾਗਾਂ ਦੇ ਅਰੰਭ ਜਾਂ ਸ਼ਬਦਾਂ ਦੇ ਸ਼ੁਰੂ ਵਿਚ ਲਿਖਿਆ ਮਿਲਦਾ ਹੈ।

ਸਵੈਯਾ : ਹੁਣ ਇਹ ਸਮਝ ਲਈਏ ਕਿ 'ਸਵੈਯਾ' ਕਿਸ ਨੂੰ ਕਹਿੰਦੇ ਹਨ। ਇਹ ਚਾਰ ਚਰਣ ਦਾ ਛੰਦ ਹੈ, ਜੋ ਕਿ ਮਧ-ਕਾਲੀਨ ਦੇ ਹਿੰਦੀ ਅਤੇ ਬ੍ਰਿਜ ਭਾਸ਼ਾ ਸਾਹਿਤ ਵਿਚ ਬਹੁਤ ਹੀ ਹਰਮਨ ਪਿਆਰਾ ਰਿਹਾ ਹੈ। ਇਸ ਦੇ ਬਹੁਤ ਸਾਰੇ ਭੇਦ ਤੇ ਅਨੇਕਾਂ ਨਾਮ ਹਨ, ਪਰ ਮੁਖ ਰੂਪ ਵਿਚ ਦੋ ਭੇਦ ਗਿਣੇ ਜਾਂਦੇ ਹਨ। ਪਹਿਲਾ ਮਾਤ੍ਰਿਕ ਅਤੇ ਦੂਜਾ ਵਰਣਿਕ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਮਾਤ੍ਰਿਕ ਸਵੈਯੇ ਦੇ ਚਾਰੇ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ ਤਾਂ ਉਹ ਉੱਤਮ ਹੈ, ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਦਾ ਹੈ। ਵਰਣਿਕ ਸਵੈਯੇ ਦੇ ਚਾਰੇ ਚਰਣਾਂ ਦਾ ਅੰਤਯਾਨੁਪ੍ਰਾਸ ਸਮਾਨ ਹੋਣਾ ਲਾਜ਼ਮੀ ਹੈ—ਐਸਾ ਕਵੀਆਂ ਨੇ ਵਿਧਾਨ ਕੀਤਾ।[2]

ਕਾਵਿ ਗ੍ਰੰਥਾਂ ਵਿਚ ਸਵੈਯਾ ਛੰਦ ਦੇ ਬਹੁਤ ਭੇਦ ਪਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ, ਸੂਰਜ ਪ੍ਰਕਾਸ਼ ਅਤੇ ਸਿੱਖ ਧਰਮ ਤੇ ਸਾਹਿਤ ਨਾਲ ਸਬੰਧਤ ਕਾਵਿ-ਗ੍ਰੰਥਾਂ ਵਿਚ ਇਸ ਦੇ ਜੋ ਵੱਖ-ਵੱਖ ਭੇਦ ਮਿਲਦੇ ਹਨ, ਉਨ੍ਹਾਂ ਦੀ ਗਿਣਤੀ ਲਗਭਗ ਪੰਜਾਹ ਕਹੀ ਜਾ ਸਕਦੀ ਹੈ। ਇਨ੍ਹਾਂ ਵਿਚੋਂ ਚੌਂਤੀ (34) ਭੇਦਾਂ ਦੇ ਨਾਮ ਉਦਾਹਰਣਾਂ ਸਹਿਤ ਭਾਈ ਕਾਨ੍ਹ ਸਿੰਘ ਨਾਭਾ ਨੇ ਵਰਨਣ ਕੀਤੇ

---

1. ਦੇਖੋ, ਮਹਾਨ ਕੋਸ਼, ਦੂਜੀ ਛਾਪ, ਪੰਨਾ 160.
2. ਮਹਾਨ ਕੋਸ਼, ਪੰਨਾ 130.

www.sikhbookclub.com

ਹਨ।[3] ਆਪ ਨੇ ਹਰੇਕ ਭੇਦ ਦਾ ਨਾਮ ਦਿੱਤਾ ਹੈ ਅਤੇ ਨਾਲ ਹੀ ਉਸ ਦੇ ਚਰਣ ਤੇ ਮਾਤ੍ਰਾ ਵੀ ਨਾਲੋ ਨਾਲ ਦੇ ਕੇ ਉਦਾਹਰਣ ਵੀ ਦੇ ਦਿੱਤੀ ਹੈ। ਇਨ੍ਹਾਂ ਵਿਚ ਕੁਝ ਸਵੈਯੇ ਐਸੇ ਭੀ ਹਨ, ਜਿਨ੍ਹਾਂ ਦੇ ਨਾਮ ਇਕ ਤੋਂ ਵੱਧ ਲਿਖੇ ਹਨ। ਕਈ ਐਸੇ ਸਵੈਯੇ ਭੀ ਹਨ ਜਿਨ੍ਹਾਂ ਦੇ ਤਿੰਨ-ਤਿੰਨ, ਚਾਰ-ਚਾਰ ਨਾਮ ਦਸੀਦੇ ਹਨ।

ਇਨ੍ਹਾਂ ਚੌਂਤੀ ਪ੍ਰਕਾਰ ਦੇ ਸਵੈਯਾਂ ਵਿਚੋਂ ਜੋ ਦਸਵਾਂ ਰੂਪ ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਉਹ ਹੈ 'ਮੱਤਗਯੰਦ'। ਇਸ ਦੇ ਹੋਰ ਨਾਮ ਭੀ ਛੰਦ ਗ੍ਰੰਥਾਂ ਵਿਚ ਲਿਖੇ ਮਿਲਦੇ ਹਨ, ਜਿਵੇਂ 'ਇੰਦਵ' ਅਤੇ 'ਮਾਲਤੀ'। ਸ੍ਰੀ ਦਸਮ ਗ੍ਰੰਥ ਵਿਚ ਇਸ ਦਾ ਨਾਮ 'ਬਿਜੈ' ਕਰਕੇ ਲਿਖਿਆ ਹੈ। ਇਸੇ ਛੰਦ ਦੇ ਸਵੈਯੇ ਹਨ—'ਸੁਧਾ ਸਵੈਯੇ', ਜੋ ਕਿ ਸਿੱਖਾਂ ਦੀਆਂ ਨਿਤ-ਨੇਮ ਦੀਆਂ ਬਾਣੀਆਂ ਵਿਚੋਂ ਇਕ ਬਾਣੀ ਹੈ। ਇਸ ਦਾ ਲੱਛਣ ਹੈ : ਚਾਰ ਚਰਣ, ਪ੍ਰਤਿ ਚਰਣ, ਸੱਤ ਭਗਣ ਅਤੇ ਅੰਤ ਦੋ ਗੁਰੂ। ਇਸ ਦੀ ਨੋਟੇਸ਼ਨ ਇੰਜ ਹੋਏਗੀ :

S11, S11, S11, S11, S11, S11, S11, S, S.

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਰੂਪ ਦੇ ਸਵੈਯੇ ਦੀ ਉਦਾਹਰਣ ਦਿੱਤੀ ਹੈ, ਉਹ ਨਿਤ-ਨੇਮ ਦੇ ਸੁਧਾ ਸਵੈਯਾਂ ਵਿਚੋਂ ਸਤਵਾਂ ਸਵੈਯਾ ਹੈ :

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ ॥
ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥
ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ ॥
ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ ॥੭॥

ਵੈਸੇ ਸਾਰੇ ਸੁਧਾ ਸਵੈਯੇ ਇਸੇ ਰੂਪ ਦੇ ਹੀ ਹਨ।

ਬੋਲੀ ਤੇ ਸ਼ੈਲੀ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ ਇਹ ਸੁਧਾ ਸਵੈਯੇ ਗਿਣਤੀ ਵਿਚ ਦਸ ਹਨ। ਇਹ ਗੁਰੂ ਸਾਹਿਬ ਦੀ ਰਚਨਾ ਅਕਾਲ ਉਸਤਤਿ ਦਾ ਹਿੱਸਾ ਹੈ। ਇਹ ਚਉਪਦੇ ਛੰਦ ਦੇ ਰੂਪ ਵਿਚ ਹਨ।

ਇਨ੍ਹਾਂ ਦੀ ਸ਼ੈਲੀ ਟਕਸਾਲੀ ਬ੍ਰਿਜ ਭਾਸ਼ਾ ਵਿਚ ਹੈ ਅਤੇ ਰਚਨਾ ਦੀ ਬਣਤਰ ਅਲੰਕਾਰ-ਮਈ ਹੈ। ਮਧਕਾਲੀਨ ਛੰਦਾ-ਬੰਦੀ ਦਾ ਭਾਰਤ ਵਿਚ ਇਹ ਰਵਾਇਤੀ ਰੂਪ ਸੀ, ਜਿਸ ਨੂੰ ਗੁਰੂ ਸਾਹਿਬ ਨੇ ਬੜੇ ਹੀ ਸੁੰਦਰ ਤੇ ਸਫਲ ਢੰਗ ਨਾਲ ਨਿਭਾਇਆ ਹੈ। ਇਨ੍ਹਾਂ ਸਵੈਯਾਂ ਦਾ ਤੋਲ, ਬਹਰ ਤੇ ਪ੍ਰਵਾਹ ਬਹੁਤ ਹੀ ਸੁੰਦਰ ਤੇ ਮਨ ਨੂੰ ਮੋਹਣ ਵਾਲਾ ਤੇ ਆਕਰਸ਼ਿਕ ਹੈ। ਇਨ੍ਹਾਂ ਦੀ ਲਹਰੀਆ ਗਤੀ ਵਾਲੀ ਚਾਲ ਐਸੀ ਹੈ ਕਿ ਜਿਵੇਂ ਹਰ ਤੁਕ ਦੇ ਪਾਠ ਨਾਲ ਮਨ ਵਿਚ ਤਰੰਗਾਂ ਉਪਜਦੀਆਂ ਹੋਣ ਅਤੇ ਇਨ੍ਹਾਂ ਨੂੰ ਆਪ ਮੁਹਾਰੇ ਹੀ ਲਯ ਵਿਚ ਪੜ੍ਹਨ ਜਾਂ ਗੁਣ-ਗੁਣਾਉਣ ਲਈ ਚਿੱਤ ਕਰਦਾ ਹੈ। ਕਈ ਵਾਰ ਤਾਂ ਇਨ੍ਹਾਂ ਦੇ ਅਨੁਪ੍ਰਾਸ ਕਾਰਨ ਤਰੰਨਮ ਵਿਚ ਗਾਉਣ ਲਈ ਮਨ ਉੱਛਲ-ਉੱਛਲ ਪੈਂਦਾ ਹੈ। ਇਨ੍ਹਾਂ ਨੂੰ ਪੂਰੀ ਸ਼ਰਧਾ ਤੇ ਧਿਆਨ ਨਾਲ ਤੇ ਵਿਧੀ ਪੂਰਬਕ ਪੜ੍ਹੀਏ ਤਾਂ ਹਿਰਦੇ ਵਿਚ ਝੁਣਝੁਣੀ ਜਿਹਾ ਅਨੁਭਵ ਹੁੰਦਾ ਹੈ ਅਤੇ ਇਸ ਅਹਿਸਾਸ ਨਾਲ ਸਾਰਾ ਸਰੀਰ ਹੀ ਝੂਮਣ ਲਗਦਾ ਹੈ। ਇਨ੍ਹਾਂ ਸਵੈਯਾਂ ਦੀ ਬਣਤਰ ਤੇ ਚਾਲ ਹੀ ਕੁਝ ਐਸੀ ਹੈ।

---

3. ਮਹਾਨ ਕੋਸ਼, ਪੰਨਾ 130-31.

www.sikhbookclub.com

ਪਹਿਲੇ ਸਵੈਯੇ ਵਿਚ ਸੱਸੇ (ਸ) ਦਾ ਅਨੁਪ੍ਰਾਸ ਵੇਖੋ :

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ...

ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ...

ਦੂਜੇ ਸਵੈਯੇ ਵਿਚ ਦੇਖੋ—ਮਤੰਗ, ਸੰਗ, ਉਤੰਗ, ਸੁਰੰਗ, ਤੁਰੰਗ, ਕਰੰਗ, ਸ਼ਬਦਾਂ ਨੇ ਅਜੀਬ ਰੰਗ ਬੰਨ੍ਹਿਆ ਹੈ।

ਪੰਜਵੇਂ ਸਵੈਯੇ ਅੰਦਰ ਸੁੱਧ-ਸਿਪਾਹ, ਦੁਰੰਤ-ਦੁਬਾਹ, ਸੁ ਸਾਜਿ-ਸਨਾਹ ਦਾ ਕਾਫ਼ੀਆ ਰਲਦਾ ਹੈ। ਇੰਜ ਹੀ ਹੋਰ ਭੀ ਕੁਝ ਤੁਕਾਂ ਵਿਚ ਦਿੱਸਦਾ ਹੈ, ਜਿਸ ਨਾਲ ਇਨ੍ਹਾਂ ਸਵੈਯਾਂ ਦੀ ਚਾਲ ਤਰੰਗ-ਮਈ ਹੋ ਨਿਬੜੀ ਹੈ।

ਵਿਸ਼ਾ-ਵਸਤੂ : ਇਨ੍ਹਾਂ ਸਵੈਯਾਂ ਦਾ ਵਿਸ਼ਾ-ਵਸਤੂ ਹੈ, ਭਗਤੀ-ਭਾਵ ਦੀ ਪ੍ਰੇਰਣਾ। ਇਨ੍ਹਾਂ ਨੂੰ ਪੜ੍ਹ ਕੇ ਸਹਿਜੇ ਹੀ ਪ੍ਰਭੂ ਉਪਰ ਭਰੋਸਾ ਤੇ ਨਿਸਚਾ ਰੱਖਣ ਦੀ ਸਿੱਖਿਆ ਮਿਲਦੀ ਹੈ। ਸੰਸਾਰਕ ਪਦਾਰਥਾਂ, ਦੁਨਿਆਵੀ ਐਸ਼ਵਰਜ, ਰਾਜ-ਭਾਗ ਤੇ ਹਕੂਮਤਾਂ ਵਿਚ ਖਚਿਤ ਹੋ ਕੇ ਉਲਝਣ ਤੋਂ ਬਚੇ ਰਹਿਣ ਦੀ ਤਾੜਨਾ ਮਿਲਦੀ ਹੈ। ਜੇਕਰ ਇਨ੍ਹਾਂ ਸਵੈਯਾਂ ਦਾ ਪਾਠ ਚੰਗੀ ਤਰ੍ਹਾਂ ਸਮਝ ਕੇ ਕਰੀਏ ਤਾਂ ਮਨ ਨੂੰ ਇਹ ਸਮਝ ਆ ਜਾਂਦੀ ਹੈ ਕਿ ਕੋਈ ਭੀ ਪੂਰਨ ਤੌਰ 'ਤੇ ਪ੍ਰਭੂ ਨੂੰ ਸਮਝ ਨਹੀਂ ਸਕਿਆ। ਉਸ ਭਗਵਾਨ ਦੀ ਸ਼ਰਧਾ, ਕਿਰਪਾ ਅਤੇ ਉਸ ਨਾਲ ਪ੍ਰੇਮ ਤੋਂ ਬਗ਼ੈਰ ਸਾਰੇ ਹੀ ਇਕ ਰੱਤੀ ਭਰ ਮੁੱਲ ਦੇ ਹਨ। ਵੱਡੀਆਂ-ਵੱਡੀਆਂ ਫ਼ੌਜਾਂ ਵਾਲੇ ਅਤੇ ਅਨੇਕ ਜਿੱਤਾਂ ਪ੍ਰਾਪਤ ਕਰਕੇ ਰਾਜ ਕਰਨ ਵਾਲੇ, ਵੱਡੇ-ਵੱਡੇ ਰਾਜੇ ਅੰਤ ਨੂੰ ਤਾਂ ਇਥੋਂ ਨੰਗੇ ਪੈਰੀਂ ਹੀ ਚਲੇ ਜਾਂਦੇ ਹਨ। ਹਕੀਕਤ ਇਹ ਹੈ ਕਿ ਸੰਸਾਰ ਦੇ ਰਚਨ ਵਾਲੇ, ਮਾਲਕ ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਅੰਤ ਨੂੰ ਤਾਂ ਸਾਰੇ ਹੀ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਪ੍ਰਭੂ ਦੇ ਸਿਮਰਨ ਤੋਂ ਬਗ਼ੈਰ ਤੇ ਉਸ ਨਾਲ ਪ੍ਰੇਮ ਤੋਂ ਬਿਨਾਂ ਮਨੁੱਖ ਦਾ ਛੁਟਕਾਰਾ ਨਹੀਂ ਹੋ ਸਕਦਾ ਹੈ। ਵੱਡੇ-ਵੱਡੇ ਸੂਰਮੇ ਤੇ ਬੀਰ-ਬਲੀ 'ਅਕਾਲ ਪੁਰਖ' ਦੀ ਕਿਰਪਾ ਤੋਂ ਸੱਖਣੇ ਰਹਿ ਕੇ, ਅੰਤ ਵੇਲੇ ਇਸ ਜਗਤ ਨੂੰ ਛੱਡ ਕੇ ਚਲੇ ਜਾਣਗੇ।

ਇਨ੍ਹਾਂ ਸਵੈਯਾਂ ਵਿਚ ਇਹ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਉਹ ਪ੍ਰਭੂ ਅਸਾਂ ਸਾਰਿਆਂ ਦੇ ਸਿਰਾਂ ਦਾ ਸਾਹਿਬ ਹੈ। ਉਹ ਸਾਰੀ ਸ਼ੋਭਾ ਦਾ ਮਾਲਕ ਹੈ। ਉਹੀ ਸਭ ਨੂੰ ਹਰ ਪ੍ਰਕਾਰ ਦੀਆਂ ਦਾਤਾਂ ਦੇਂਦਾ ਹੈ ਅਤੇ ਵੱਡੇ-ਵੱਡੇ ਸੂਰਮੇ ਵੀ ਉਸ ਪਾਸੋਂ ਹੀ ਮੰਗਦੇ ਹਨ। ਜਗਤ ਵਿਚ ਜਿਤਨੇ ਜੀਵ-ਜੰਤ ਹਨ, ਚਾਹੇ ਉਹ ਧਰਤੀ 'ਤੇ ਹਨ ਜਾਂ ਪਾਣੀ ਅੰਦਰ, ਸਭਨਾਂ ਦੀ ਥਾਪਨਾ ਪ੍ਰਭੂ ਪਲ ਹੀ ਪਲ ਵਿਚ ਕਰ ਦੇਂਦਾ ਹੈ।

ਪ੍ਰਭੂ ਦੇ ਸੱਚੇ ਭਗਤ ਜਗਤ ਵਿਚ ਪ੍ਰਸੰਨ ਵਿਚਰਦੇ ਹਨ, ਦੁਸ਼ਮਨ ਇਨ੍ਹਾਂ ਦੇ ਜਾਹੋ-ਜਲਾਲ ਨੂੰ ਵੇਖ ਕੇ ਦੱਬ ਜਾਂਦੇ ਹਨ। ਹਰੇਕ ਨੇ ਮੌਤ ਦੀ ਫਾਹੀ ਵਿਚ ਜ਼ਰੂਰ ਫਸਣਾ ਹੈ ਪਰ ਜੋ ਮਨੁੱਖ ਕਰਤਾਰ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ, ਉਹ ਮੁੜ ਕੇ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੀ ਵੀਚਾਰ ਦਾ ਤੱਤ ਨੌਵੇਂ ਸਵੈਯੇ ਦੀ ਅੰਤਲੀ ਤੁਕ ਵਿਚ ਇੰਜ ਬਿਆਨ ਕਰਦੇ ਹਨ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

ਅਤੇ ਅੰਤਲੇ ਸਵੈਯੇ ਵਿਚ ਇਹ ਹੋਰ ਸਰਬ-ਵਿਆਪਕ ਸੱਚਾਈ ਬਿਆਨ ਕੀਤੀ ਹੈ :

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥

www.sikhbookclub.com

ਇਸ ਦਾ ਭਾਵ ਸਪੱਸ਼ਟ ਹੈ ਕਿ ਸਾਰਾ ਜਗਤ ਝੂਠੇ ਕੰਮਾਂ ਵਿਚ ਫਸਿਆ ਪਿਆ ਹੈ, ਪਰਮਾਤਮਾ ਦਾ ਭੇਦ ਤਾਂ ਕਿਸੇ ਨੇ ਵੀ ਨਹੀਂ ਪਾਇਆ।

ਇਨ੍ਹਾਂ ਸਵੈਯਾਂ ਦੇ ਅਧਿਐਨ ਤੋਂ ਇਹ ਸਾਫ਼ ਪਰਗਟ ਹੋ ਜਾਂਦਾ ਹੈ ਕਿ ਮਨੁੱਖ ਐਵੇਂ ਭਰਮਾਂ ਵਿਚ ਫਸ ਕੇ ਖੋਟੇ ਕਰਮ ਕਰਦਿਆਂ, ਧਾਰਮਿਕ ਤੇ ਪਰਮਾਰਥਕ ਤੌਰ 'ਤੇ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਤਾਹੀਓਂ ਤਾਂ ਗੁਰੂ ਮਹਾਰਾਜ ਐਸੇ ਕਰਮਾਂ ਤੋਂ ਬਚਣ ਦੀ ਤਾੜਨਾ ਕਰਦੇ ਹਨ। ਦਿਖਾਵੇ ਵਾਲੇ ਫੋਕਟ ਕਰਮਾਂ ਤੋਂ ਬਚਣ ਦੀ ਹਿਦਾਇਤ ਦੇਂਦੇ ਹਨ। ਮਹਾਰਾਜ ਨੇ ਉਸ ਸਰਬ-ਸ਼ਕਤੀਮਾਨ ਪਰਮਾਤਮਾ ਦੇ ਪ੍ਰਬਲ ਝਲਕਾਰਿਆਂ ਦਾ ਆਨੰਦ ਮਾਨਣ ਦੀ ਪ੍ਰੇਰਣਾ ਕੀਤੀ ਹੈ। ਜਿਸ ਦੀ ਅਨਹਦ ਧੁਨੀ ਦੀ ਝੁਣਕਾਰ ਸਾਰੇ ਬ੍ਰਹਿਮੰਡ ਵਿਚ ਪਸਰ ਰਹੀ ਹੈ।

ਪ੍ਰੇਮਾ-ਭਗਤੀ ਪ੍ਰਭੂ ਦੀ ਉਪਾਸ਼ਨਾ ਦਾ ਵਾਸਤਵਿਕ ਤੱਤ ਹੈ—ਇਸੇ ਦਾ ਦਸਮੇਸ਼ ਪਿਤਾ ਜੀ ਇਨ੍ਹਾਂ ਸਵੈਯਾਂ ਵਿਚ ਸੰਦੇਸ਼ ਦੇਂਦੇ ਹਨ।

(4/1994)

www.sikhbookclub.com

ਸੁਧਾ ਸਵਈਏ—ਪਾਤਸ਼ਾਹੀ ੧੦ ਦਾ ਸੰਦੇਸਾ

ਇਹ ਦਸ ਸਵਈਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਬਾਣੀ 'ਅਕਾਲ ਉਸਤਤਿ' ਵਿਚੋਂ ਹਨ। ਇਸ ਬਾਣੀ ਵਿਚ ਕੁਲ ੨੭੧ ਛੰਦ ਹਨ, ਜਿਨ੍ਹਾਂ ਵਿਚ ਅੱਗੇ ਫੇਰ ਕਈ ਭਾਗ ਕੀਤੇ ਗਏ ਹਨ, ਜਿਵੇਂ ਮੁੱਢਲੀ ਇਕ ਚੌਪਈ ਦਸ ਅੰਕਾਂ ਦੀ ਹੈ, ਫੇਰ ਅੱਗੇ ਕਬਿੱਤ ਆਰੰਭ ਹੁੰਦੇ ਹਨ। ਉਨ੍ਹਾਂ ਨਾਲ ਦੂਹਰਾ ਅੰਕ ਚਲਦਾ ਹੈ, ਅਰਥਾਤ ਪਹਿਲਾ ਕਬਿੱਤ ਮੁੱਕਣ ਉੱਤੇ ॥੧॥੧੧॥ ਅਤੇ ਦੂਜਾ ਕਬਿੱਤ ਮੁੱਕਣ ਉੱਤੇ ॥੨॥੧੨॥ ਇਸ ਤਰ੍ਹਾਂ ਦਸ ਕਬਿੱਤ ਚੱਲਣ ਤੋਂ ਪਿੱਛੋਂ ਇਹ ਸਵੱਈਏ ਆਰੰਭ ਹੁੰਦੇ ਹਨ। ਦਸ ਸਵੱਈਏ ਮੁੱਕਣ ਉੱਤੇ ਤੋਮਰ ਛੰਦ ਸ਼ੁਰੂ ਹੁੰਦਾ ਹੈ ਅਤੇ ਏਸੇ ਤਰ੍ਹਾਂ ਹੋਰ ਕਈ ਛੰਦ ਆਉਂਦੇ ਹਨ।

ਇਸੇ ਅਕਾਲ ਉਸਤਤਿ ਬਾਣੀ ਵਿਚ ਹੀ ਉਹ ਪ੍ਰਸਿੱਧ ਲਘੁਨਰਾਜ ਛੰਦ ਹੈ, ਜਿਸ ਵਿਚ ਗੁਰੂ ਜੀ ਲਗਾਤਾਰ ੧੨ ਬੰਦ ਹਰੀ ਦੇ ਨਾਂ ਨਾਲ ਉਚਾਰਦੇ ਹਨ, ਜਿਵੇਂ—ਜਲੇ ਹਰੀ, ਥਲੇ ਹਰੀ, ਤੁਰੇ ਹਰੀ, ਬਣੇ ਹਰੀ ਅਤੇ ਫੇਰ ਤੂਹੀ ਤੂਹੀ ਕਹਿਣਾ ਅਰੰਭ ਦੇਂਦੇ ਹਨ, ਜਿਵੇਂ ਜਿਮੀਂ ਤੂੰਹੀ, ਜਮਾਂ ਤੂੰਹੀ, ਮਕੀਂ ਤੂੰਹੀ, ਮਕਾਂ ਤੂੰਹੀ।

ਅੰਕ ੭੦ ਤੋਂ ਕਬਿੱਤ ਅਰੰਭ ਹੁੰਦੇ ਹਨ ਅਤੇ ਏਸੇ ਤਰ੍ਹਾਂ ਅੰਕ ੨੪੨ ਤੋਂ ਜਾ ਕੇ ਫੇਰ ਸਵੱਈਏ ਆਉਂਦੇ ਹਨ, ਜਿਨ੍ਹਾਂ ਨੂੰ 'ਤਵ ਪ੍ਰਸਾਦਿ' ਸਵੱਈਏ ਲਿਖ ਕੇ ਆਮ ਤੌਰ 'ਤੇ ਗੁਟਕਿਆਂ ਵਿਚ ਛਾਪਿਆ ਹੁੰਦਾ ਹੈ, ਉਹ ਹਨ, 'ਦੀਨਨ ਕੀ ਪ੍ਰਿਤਪਾਲ ਕਰੈ' ਵਾਲੇ ਦਸ ਸਵੱਈਏ।

ਪਹਿਲੇ ਦਸ ਸਵੱਈਆਂ, ਜਿਨ੍ਹਾਂ ਨੂੰ ਅੰਮ੍ਰਿਤ ਦੀ ਤਿਆਰੀ ਵੇਲੇ ਭੀ ਪੜ੍ਹਿਆ ਜਾਂਦਾ ਹੈ ਅਤੇ ਇਸੇ ਕਰਕੇ ਉਨ੍ਹਾਂ ਨੂੰ ਸੁਧਾ ਸਵੱਈਏ ਕਹਿ ਦਿੱਤਾ ਜਾਂਦਾ ਹੈ, ਵਿਚ ਇਕ ਵਿਸ਼ੇਸ਼ ਸੰਦੇਸਾ ਹੈ। ਉਸੇ ਸੰਦੇਸੇ ਦੀ ਯਾਦ ਲਈ ਹੀ ਇਨ੍ਹਾਂ ਨੂੰ ਸਿੱਖਾਂ ਦੇ ਨਿੱਤਨੇਮ ਦਾ ਭਾਗ ਬਣਾਇਆ ਗਿਆ ਹੈ।

ਮੁੱਢ ਵਿਚ ਆਮ ਮਨੁੱਖੀ ਜੀਵਨ ਦੀ ਇਕ ਵਿਸ਼ੇਸ਼ ਕਮਜ਼ੋਰੀ ਨੂੰ ਸਾਮਰਤੱਖ ਕੀਤਾ ਗਿਆ ਹੈ। ਉਹ ਕਮਜ਼ੋਰੀ ਇਹ ਹੈ ਕਿ ਅਸੀਂ ਦੁਨੀਆਂ ਵਿਚ ਭੇਸ, ਐਸ਼ਵਰਜ, ਤੇਜ ਪ੍ਰਤਾਪ, ਸੰਸਾਰਕ ਅਧਿਕਾਰ ਅਤੇ ਸ਼ਕਤੀ ਅੱਗੇ ਬਹੁਤ ਕਰ ਕੇ ਝੁਕ ਜਾਂਦੇ ਹਾਂ। ਇਸ ਦਾ ਫਲ ਇਹ ਹੁੰਦਾ ਹੈ ਕਿ ਅਸੀਂ ਕਿਸੇ ਉਚੇਰੇ ਆਦਰਸ਼ ਨੂੰ ਫੇਰ ਸਾਹਮਣੇ ਨਹੀਂ ਰੱਖ ਸਕਦੇ ਅਤੇ ਆਪਣੇ ਜੀਵਨ ਦਾ ਮੰਤਵ ਉਨ੍ਹਾਂ ਸੰਸਾਰਕ ਭਾਂਤ ਮਹਾਨ ਵਿਅਕਤੀਆਂ ਦੀ ਪ੍ਰਸੰਨਤਾ ਪ੍ਰਾਪਤ ਕਰਨਾ ਹੀ ਬਣਾ ਲੈਂਦੇ ਹਾਂ ਜਾਂ ਜਿਵੇਂ ਕਿ ਭਾਰਤ ਦਾ ਇਤਿਹਾਸ ਉਗਾਹ ਹੈ, ਅਸੀਂ ਉਨ੍ਹਾਂ ਸੰਸਾਰਕ-ਸ਼ਕਤੀਆਂ ਦੇ ਸੁਆਮੀਆਂ ਨੂੰ ਹੀ ਪੂਜਣ ਲੱਗ ਪੈਂਦੇ ਹਾਂ, ਰਾਜ ਤੇ ਸ਼ਕਤੀ ਨੂੰ ਤਪ ਜਾਂ ਨੇਕੀ ਦਾ ਫਲ ਮੰਨਣ ਲੱਗ ਪੈਂਦੇ ਹਾਂ ਤੇ ਇਉਂ ਰਾਜਿਆਂ ਨੂੰ ਹੀ ਅਵਤਾਰ, ਪੈਗੰਬਰ ਆਦਿ ਮੰਨ ਕੇ ਉਸ 'ਸੱਚੇ ਮਾਰਗ' ਤੋਂ ਔਝੜ ਜਾ ਪੈਂਦੇ ਹਾਂ। ਇਸ ਲਈ ਗੁਰੂ ਜੀ ਨੇ ਸਭ ਤੋਂ ਪਹਿਲੀ ਗੱਲ ਤਾਂ ਇਹ ਦ੍ਰਿੜ੍ਹ ਕਰਾਈ ਹੈ ਕਿ ਇਹ ਸਭ ਮਹਾਨ ਵਿਅਕਤੀਆਂ—ਚਾਹੇ ਉਹ ਰਾਜੇ ਹੋਣ ਚਾਹੇ ਰਾਣੇ, ਚਾਹੇ ਘੋੜਿਆਂ ਦੇ ਮਾਲਕ ਹੋਣ ਚਾਹੇ ਫ਼ੌਜਾਂ ਦੇ, ਚਾਹੇ ਉਹ ਦਿਖਾਵੇ

www.sikhbookclub.com

ਲਈ ਤੀਰਥ-ਇਸ਼ਨਾਨੀ ਹਨ ਜਾਂ ਸੰਜਮੀ ਵੇਦਪਾਠੀ ਜਾਂ ਕਤੇਬ ਤੇ ਪੁਰਾਣਾਂ ਦੇ ਆਲਮ ਹਨ, ਚਾਹੇ ਉਹ ਯੋਧੇ ਹਨ ਅਤੇ ਚਾਹੇ ਕੋਈ ਦੇਵਤੇ, ਚਾਹੇ ਭਾਂਤ ਭਾਂਤ ਦੇ ਭੇਖੀ ਤਪੀ ਹਨ ਅਤੇ ਚਾਹੇ ਕਿਸੇ ਹੋਰ ਭੇਸ ਦੇ ਮਾਲਕ, ਜਿੰਨਾ ਚਿਰ ਤਕ ਉਨ੍ਹਾਂ ਦੇ ਅੰਦਰ ਉਸ ਵਾਹਿਗੁਰੂ ਦੇ ਪ੍ਰੇਮ ਦੀ ਕਣੀ ਨਹੀਂ ਆਉਂਦੀ, ਓਨਾ ਚਿਰ ਉਹ "ਜੇ ਕੋ ਪਾਵੈ ਤਿਲ ਕਾ ਮਾਨੁ" ਵਾਂਗ ਇਕ ਰਤੀ ਜਿੰਨੇ ਹਨ।

ਇਸ ਗੱਲ ਦੀ ਹੋਰ ਦ੍ਰਿੜ੍ਹਤਾ ਕਰਾਉਣ ਲਈ ਗੁਰੂ ਜੀ ਨੇ ਦੱਸਿਆ ਹੈ ਕਿ ਇਹ ਸਭ ਭਾਵੇਂ ਸੰਸਾਰ ਵਿਚ ਕਿੰਨੇ ਵੀ ਸਫਲ ਅਤੇ ਸੰਸਾਰਕ ਭਾਂਤ ਕਿੰਨੇ ਵੀ ਵੱਡੇ ਹੋ ਜਾਣ, ਆਖ਼ਰ ਉਨ੍ਹਾਂ ਦੀ ਹਾਲਤ ਤਾਂ ਇਹੀ ਹੈ ਕਿ:

ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥

ਇਸ ਲਈ ਉਨ੍ਹਾਂ ਨੇ ਇਹ ਚੇਤਾ ਕਰਾਇਆ ਹੈ ਕਿ ਜੀਵਨ ਦਾ ਅਸਲ ਮਨੋਰਥ ਤਾਂ ਉਸ ਵਾਹਿਗੁਰੂ ਦਾ ਸਿਮਰਨ ਹੈ। ਉਸ ਨੂੰ ਯਾਦ ਕਰਨ ਤੋਂ ਬਿਨਾਂ ਸਭ ਕਾਲ ਕਸਾਈ ਦੇ ਬੱਕਰੇ ਹਨ।

ਇਸ ਲੜੀ ਵਿਚੋਂ ਬਾਹਰਲੇ ਕਰਮ ਕਰਨ ਵਾਲੇ ਜਾਂ ਧਾਰਮਕ ਸ਼ਰ੍ਹਾ, ਤੀਰਥ ਇਸ਼ਨਾਨ, ਦਾਨ, ਪ੍ਰਾਣਾਯਾਮ, ਵੇਦ ਪਾਠ, ਜਪ, ਵਰਤ, ਨੇਮ ਆਦਿ ਕਰਨ ਵਾਲਿਆਂ ਨੂੰ ਫਿਰ ਯਾਦ ਕਰਾਇਆ ਹੈ ਕਿ ਭਾਈ:

ਏਕ ਰਤੀ ਬਿਨੁ ਏਕ ਨ ਲੇਖੈ ॥

ਉਸ ਸਮੇਂ ਵਿਚ ਯੋਧਿਆਂ ਦਾ ਬੜਾ ਸਤਿਕਾਰ ਸੀ ਅਤੇ ਸਰਕਾਰੀ ਅਫ਼ਸਰਾਂ ਤੇ ਫ਼ੌਜਾਂ ਕੋਲੋਂ ਲੋਕ ਡਰਦੇ ਸਨ ਜਾਂ ਫੇਰ ਦੇਵਤਿਆਂ, ਦੈਂਤਾਂ, ਭੂਤਾਂ, ਪ੍ਰੇਤਾਂ ਆਦਿ ਤੋਂ ਭੈ ਖਾਂਦੇ ਸਨ। ਗੁਰੂ ਜੀ ਨੇ ਦੱਸਿਆ ਹੈ ਕਿ ਇਹ ਸਭ ਤੁਛ ਹਨ ਅਤੇ ਵਾਹਿਗੁਰੂ ਦੇ ਭਜਨ ਵਾਲਿਆਂ, ਉਸ ਦੀ ਯਾਦ ਵਾਲਿਆਂ ਤੇ ਨੇਕੀ ਦੇ ਰਾਹ ਉੱਤੇ ਤੁਰਨ ਵਾਲਿਆਂ ਦੇ ਸਾਹਮਣੇ ਇਨ੍ਹਾਂ ਦੀ ਕੋਈ ਹਸਤੀ ਨਹੀਂ। ਜੇ ਕੋਈ ਗੁਣਾਂ ਵਾਲੇ ਵੀ ਹੈਨ ਤਾਂ ਉਹ ਗੁਣ ਉਸੇ ਦੇ ਦਿੱਤੇ ਹੋਏ ਹਨ। ਇੰਜ ਹੀ ਜੋ ਸ਼ਕਤੀ ਕਿਸੇ ਕੋਲ ਹੈ, ਉਸ ਸ਼ਕਤੀ ਦਾ ਸੋਮਾ ਅਤੇ ਕਰਤਾ ਉਹ ਵਾਹਿਗੁਰੂ ਆਪ ਹੈ। ਸਾਰੇ ਗੁਣਾਂ ਵਾਲੇ ਉਸੇ ਪਾਸੋਂ ਮੰਗਦੇ ਹਨ। ਇਸੇ ਲਈ ਲਿਖਿਆ ਹੈ:

ਸਾਹਿਬੁ ਸ੍ਰੀ ਸਭ ਕੋ ਸਿਰਨਾਇਕ, ਜਾਚਕ ਅਨੇਕ ਸੁ ਏਕ ਦਿਵੱਯਾ ॥੬॥

ਜਿਵੇਂ ਅਸੀਂ ਅੱਜ ਕਲ੍ਹ ਭੀ ਆਲੇ-ਦੁਆਲੇ ਪਸਰੇ ਪਾਪ ਨੂੰ ਵੇਖ ਕੇ ਨਿਰਾਸ ਹੋ ਜਾਂਦੇ ਹਾਂ ਅਤੇ ਕਹਿ ਉਠਦੇ ਹਾਂ ਕਿ ਜ਼ਮਾਨਾ ਹੀ ਬਦੀ ਜਾਂ ਝੂਠ ਦਾ ਹੈ। ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੇ ਸਮੇਂ ਵਿਚ ਵੀ ਲੋਕ ਇਉਂ ਹੀ ਸੋਚਦੇ ਹੋਣਗੇ। ਗੁਰੂ ਸਾਹਿਬਾਂ ਦਾ ਵਿਸ਼ੇਸ਼ ਯਤਨ ਇਹੀ ਸੀ ਕਿ ਇਸ ਨਿਰਾਸਤਾ ਅਤੇ ਢਹਿੰਦੀ ਕਲਾ ਵਿਚੋਂ ਸੰਸਾਰ ਨੂੰ ਕਢਿਆ ਜਾਏ। ਕਿਸੇ ਪ੍ਰਕਾਰ ਦਾ ਸੁਧਾਰ ਤਦ ਹੀ ਹੋ ਸਕਦਾ ਹੈ ਜੇ ਉਹ ਸੁਧਾਰ ਕਰਨ ਵਾਲੇ ਆਗੂ ਆਪ ਮਹਾਨ ਆਸ਼ਾਵਾਦੀ ਹੋਣ ਤੇ ਉਸ ਆਸ਼ਾ ਦੀ ਚਿਣਗ ਨਿਰਾਸਤਾ ਨਾਲ ਬੁਝ ਚੁੱਕੇ ਮਨਾਂ ਵਿਚ ਮਘਾ ਸਕਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਆਸ਼ਾ ਦੀ ਇਕ ਤੀਖਣ, ਚੇਤੰਨ ਅਤੇ ਬੜੀ ਸ਼ਕਤੀਸ਼ਾਲੀ ਰੌ ਉਤਪੰਨ ਕੀਤੀ ਅਤੇ ਉਸ ਬਿਜਲੀ ਨਾਲ ਮਰ ਚੁੱਕੀ ਭਾਰਤ ਦੀ ਜਨਤਾ ਮੁੜ ਜੀਉਂਦੀ ਕਰ ਦਿੱਤੀ। ਇਸੇ ਰੌ ਦਾ ਚਮਤਕਾਰ ਸੀ, ਜਿਸ ਨੂੰ ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਬੱਧਾ ਸੀ:

ਸਵਾ ਲਾਖ ਸਿਉਂ ਏਕ ਲੜਾਊਂ,

www.sikhbookclub.com

ਚਿੜੀਆਂ ਕੋਲੋਂ ਬਾਜ਼ ਤੁੜਾਊਂ,
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਇਸੇ ਆਸ ਦੀ ਰੌਂ ਨੂੰ ਜਗਾਉਣ ਲਈ ਖ਼ਾਲਸਾ ਸਾਜਿਆ ਗਿਆ ਸੀ ਅਤੇ ਇਸੇ ਆਸ ਦਾ ਝਲਕਾਰਾ ਸੀ ਜਦੋਂ ਜ਼ਫ਼ਰਨਾਮੇ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਸੀ :

ਚਿਹ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥੭੮॥ *(ਜ਼ਫ਼ਰਨਾਮਾ)*

ਏਥੇ ਭੀ ਇਸ ਆਸ ਦੀ ਬਿਜਲੀ ਨੂੰ ਬੜੀ ਭਾਰੀ ਮਿੱਤ ਵਿਚ ਉਤਪੰਨ ਕੀਤਾ ਗਿਆ ਹੈ, ਜਦ ਇਹ ਭਰੋਸਾ ਦਿੱਤਾ ਗਿਆ ਹੈ ਕਿ :

ਭੂਤ ਭਵਿਖ ਭਵਾਨ ਜਪੈਂਗੇ ॥

ਅਰਥਾਤ ਪਿੱਛੇ ਹੋ ਚੁੱਕੇ, ਹੁਣ ਜੀਉਂਦੇ ਅਤੇ ਅਗਾਂਹ ਨੂੰ ਹੋਣ ਵਾਲੇ ਸਭ ਜੀਵ-ਜੰਤ ਉਸ ਸੱਚੇ ਮਾਰਗ ਉੱਤੇ ਚੱਲ ਪੈਣਗੇ। ਸੱਚ ਦਾ ਇਹੀ ਸਭ ਤੋਂ ਵੱਡਾ ਮੁੱਲ ਹੈ ਕਿ ਅੰਤ ਉਸ ਦੀ ਜਿੱਤ ਹੁੰਦੀ ਹੈ ਅਤੇ ਇਸ ਜਿੱਤ ਵਿਚ ਸਹਾਈ ਹੋਣ ਲਈ ਹੀ ਗੁਰੂ ਇਸ ਜਗਤ ਉੱਤੇ ਆਉਂਦੇ ਹਨ। ਇਸੇ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਸੀ :

ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

ਇਹ ਆਸ ਬੰਨ੍ਹਾ ਕੇ ਗੁਰੂ ਜੀ ਨੇ ਨਾਲ ਹੀ ਇਹ ਭੀ ਦੱਸਿਆ ਹੈ ਕਿ ਜੋ ਉਸ ਵਾਹਿਗੁਰੂ ਦੇ ਸਿਮਰਨ ਵੱਲ ਲਗ ਜਾਣਗੇ, ਉਹ ਚੁਰਾਸੀ ਜਾਂ ਆਵਾਗਵਨ ਦੇ ਚੱਕਰ ਵਿਚੋਂ ਬਚ ਜਾਣਗੇ :

ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥

ਨਹੀਂ ਤਾਂ, ਜੋ ਸ੍ਰੀ-ਪਤਿ ਦੇ ਚਰਨਾਂ ਨੂੰ ਨਹੀਂ ਪਰਸਦੇ ਉਹ ਭਾਵੇਂ ਕੋਈ ਹੋਣ, ਉਹ ਜਮਫਾਸ ਪਰੈਂਗੇ।

ਅੰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸਿਆ ਹੈ ਕਿ ਵਾਹਿਗੁਰੂ ਸਿਮਰਨ ਦਾ ਭਾਵ ਬਾਹਰਲੇ ਕਰਮ ਨਹੀਂ ਸਗੋਂ ਅੰਤਰ-ਆਤਮੇ ਉਸ ਲਈ ਪ੍ਰੇਮ ਹੈ। ਬਾਹਰਲੇ ਕਰਮਾਂ ਦੀ ਨਿਖੇਧੀ ਕਰਦਿਆਂ ਹੋਇਆਂ ਆਪ ਨੇ ਡੰਕੇ ਦੀ ਚੋਟ ਲਾ ਕੇ ਆਖਿਆ :

ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਇਸ ਪ੍ਰੇਮ ਬਿਨਾਂ ਹੋਰ ਕਰਮ ਕਰਨ ਵਾਲਿਆਂ ਨੂੰ, ਜਿਨ੍ਹਾਂ ਵਿਚ ਗਲ ਵਿਚ ਸ਼ਿਵਲਿੰਗ ਲਟਕਾਈ ਫਿਰਨ ਵਾਲੇ, ਕਿਸੇ ਖ਼ਾਸ ਦਿਸ਼ਾ ਵੱਲ ਹੀ ਮੂੰਹ ਕਰਕੇ ਸਿਰ ਨਿਵਾਉਣ ਵਾਲੇ ਅਤੇ ਬੁੱਤਾਂ ਨੂੰ ਪੂਜਣ ਤੇ ਮੁਰਦਿਆਂ ਦੀ ਉਪਾਸ਼ਨਾ ਕਰਨ ਵਾਲੇ ਭੀ ਸ਼ਾਮਲ ਹਨ, 'ਪਸੂ' ਤਕ ਆਖਿਆ ਹੈ, ਅਤੇ ਇਸ ਸਭ ਕੁਝ ਨੂੰ 'ਕੂਰ ਕਿਰਿਆ' ਦਸਿਆ ਹੈ, ਕਿਉਂਕਿ ਇਸ ਨਾਲ ਇਕ ਧਾਰਮਕ ਹੰਕਾਰ ਹੀ ਉਤਪੰਨ ਹੁੰਦਾ ਹੈ, ਪ੍ਰੇਮ ਦੀ ਕਣੀ ਨਹੀਂ ਉਪਜਦੀ।

ਇਸ ਲਈ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦਸ ਸਵੱਈਆਂ ਵਿਚ ਮੁਖ ਸੰਦੇਸਾ ਵਾਹਿਗੁਰੂ ਦੇ ਪ੍ਰੇਮ ਨੂੰ ਉਪਜਾਉਣਾ ਹੈ ਅਤੇ ਕੂਰ ਕਿਰਿਆ ਛੱਡ ਕੇ ਉਸ ਨਾਲ ਸਿਮਰਨ ਰਾਹੀਂ ਪ੍ਰੀਤ ਜਗਾਉਣੀ ਹੈ।

(12/1957)

www.sikhbookclub.com

ਚੌਪਈ ਸਾਹਿਬ

ਚੌਪਈ ਅਰਦਾਸ ਰੂਪ ਬਾਣੀ ਹੈ। ਅਰਦਾਸ ਹਮੇਸ਼ਾਂ ਵਾਹਿਗੁਰੂ, ਈਸ਼ਵਰ ਕਰਨ-ਕਾਰਨ ਸਮਰਥ ਪਰਮਾਤਮਾ ਅੱਗੇ ਕੀਤੀ ਜਾਂਦੀ ਹੈ। ਅਰਦਾਸ ਸੰਸਕ੍ਰਿਤ ਸ਼ਬਦ ਅੰਦੂੰ (ਮੰਗਣਾ) ਅਸ਼ (ਆਸ਼ਾ) ਤੋਂ ਬਣਿਆ ਹੈ, ਜਿਸ ਦੇ ਭਾਵ-ਅਰਥ ਹਨ ਮੁਰਾਦ ਮੰਗਣ ਦੀ ਕ੍ਰਿਆ। ਅਰਦਾਸ ਦੇ ਵਿਕਸਿਤ ਅਰਥ ਇਸ ਤਰ੍ਹਾਂ ਭੀ ਕੀਤੇ ਜਾ ਸਕਦੇ ਹਨ ਭਾਵ ਪ੍ਰਾਰਥਨਾ, ਅਰਜ਼, ਬੇਨਤੀ, ਵਿਨਯ ਆਦਿਕ। ਅਰਦਾਸ ਤੋਂ ਭਾਵ ਉਹ ਸ਼ਬਦ ਹਨ ਜਿਨ੍ਹਾਂ ਰਾਹੀਂ ਪ੍ਰਭੂ ਤੋਂ ਕਿਸੇ ਚੀਜ਼ ਦੀ ਮੰਗ ਕੀਤੀ ਜਾਂਦੀ ਹੈ। ਉਹ ਮੰਗ ਹਿਰਦੇ ਦੀ ਤਹਿ ਵਿੱਚੋਂ ਨਿਕਲੀ ਵੇਦਨਾ ਹੁੰਦੀ ਹੈ, ਅਰਦਾਸ ਹਮੇਸ਼ਾ ਦੋਵੇਂ ਹੱਥ ਜੋੜ ਕੇ ਕੀਤੀ ਜਾਂਦੀ ਹੈ :

ਦੁਇ ਕਰ ਜੋੜਿ ਕਰੀ ਅਰਦਾਸਿ ॥ *(ਪੰਨਾ ੬੭੯)*

ਚੌਪਈ ਉਨ੍ਹਾਂ ਪੰਜਾਂ ਬਾਣੀਆਂ ਵਿੱਚੋਂ ਇਕ ਬਾਣੀ ਹੈ, ਜਿਹੜੀਆਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਲੱਗਿਆਂ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਸਨ। ਚੌਪਈ ਇਕ ਮਾਤ੍ਰਿਕ ਛੰਦ ਹੈ ਜਿਸ ਦਾ ਲਛਣ ਹੈ ਚਾਰ ਚਰਣ, ਪ੍ਰਤੀ ਚਰਣ 15 ਮਾਤਰਾਂ, ਪਹਿਲਾ ਵਿਸ਼ਰਾਮ ਅੱਠ ਪੁਰ, ਦੂਜਾ ਸੱਤ ਪੁਰ, ਅੰਤ ਗੁਰੂ ਲਘੂ। ਚੌਪਈ ਦੇ ਇਕ ਚਰਣ ਵਿਚ 16 ਮਾਤਰਾਂ ਵੀ ਹੋ ਸਕਦੀਆਂ ਹਨ, ਪ੍ਰੰਤੂ ਇਸ ਚੌਪਈ ਦਾ ਨਾਮ 'ਰੂਪ ਚੌਪਈ' ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਬਾਣੀ 'ਬਾਵਣ ਅਖਰੀ' ਭੀ ਚੌਪਈ ਛੰਦ ਵਿਚ ਹੈ। ਚੌਪਈ ਛੰਦ ਦੀ ਵਰਤੋਂ ਬਿਆਨੀਆਂ ਕਾਵਿ ਲਈ ਅਤਿ ਲਾਭਦਾਇਕ ਸਾਬਤ ਹੁੰਦੀ ਹੈ। ਲੰਮੇਰੀਆਂ ਰਚਨਾਵਾਂ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਜਪੁਜੀ ਸਾਹਿਬ ਅੰਦਰ 'ਸੁਣਿਐ' ਅਤੇ 'ਮੰਨੈ' ਦੀਆਂ ਪਉੜੀਆਂ ਵਿਚ ਚੌਪਈ ਛੰਦ ਹੀ ਆ ਗਿਆ ਹੈ :

ਸੁਣਿਐ ਸਿਧ ਪੀਰ ਸੁਰਿ ਨਾਥ ॥

ਅਤੇ

ਮੰਨੇ ਕੀ ਗਤਿ ਕਹੀ ਨ ਜਾਇ ॥

ਚੌਪਈ ਦਾ ਪਾਠ ਗੁਰਸਿੱਖ ਹਰ ਰੋਜ਼ ਰਹਿਰਾਸ ਵਿਚ ਕਰਦੇ ਹਨ। ਚੌਪਈ ਪਾਤਸ਼ਾਹੀ 10 ਬਾਣੀ ਦੇ 25 ਬੰਦ ਹਨ। ਇਸ ਰਾਹੀਂ ਬਾਣੀ ਵਿਚ ਇੱਕੋ ਇਕ ਉਪਦੇਸ਼ ਵਰਨਣ ਕੀਤਾ ਗਿਆ ਹੈ ਕਿ ਮਨੁੱਖ ਨੂੰ ਦੁਨਿਆਵੀ ਇਛਾਵਾਂ ਸਮੇਟ ਕੇ ਇੱਕੋ ਇਕ ਇੱਛਾ ਪ੍ਰਭੂ ਦੀ ਸ਼ਰਨ ਦੀ ਪ੍ਰਾਪਤੀ ਰਖਣੀ ਚਾਹੀਦੀ ਹੈ ਕਿਉਂਕਿ ਉਹ ਸਭ ਕੁਛ ਕਰਨ-ਕਾਰਨ ਸਮਰਥ ਹੈ :

ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥ *(ਪੰਨਾ ੨੭੯)*

www.sikhbookclub.com

ਚੌਪਈ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ ਕਿ ਕਰਨ-ਕਾਰਨ ਸਮਰੱਥ ਪ੍ਰਭੂ ਜੀ ਮੇਰੀ ਰੱਛਾ ਮੇਹਰ ਭਰਿਆ ਹੱਥ ਮੇਰੇ ਸਿਰ 'ਤੇ ਰੱਖ ਕੇ ਕਰੋ ਤਾਂ ਜੋ ਮੇਰੇ ਮਨ ਦੀ ਇੱਛਾ ਪੂਰਨ ਹੋ ਸਕੇ। ਇਹ ਇੱਛਾ ਕੋਈ ਦੁਨਿਆਵੀ ਇੱਛਾ ਨਹੀਂ ਸਗੋਂ :

ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥

ਪਰਮਾਤਮਾ ਦੇ ਚਰਨਾਂ ਵਿਚ ਮਨ ਲਗਾਉਣ ਉਪ੍ਰੰਤ ਆਪਣੇ ਪਰਿਵਾਰ ਦੀ ਸੁਖ ਬਾਰੇ ਮਨ ਦੀ ਵੇਦਨਾ ਦੱਸੀ ਗਈ ਹੈ। ਆਪਣੇ ਪਰਿਵਾਰ ਨੂੰ ਦੁਨਿਆਵੀ ਲੋਕਾਂ ਵਾਂਗੂੰ ਸੀਮਤ ਨਹੀਂ ਰੱਖਿਆ ਜਿਸ ਵਿਚ ਸਿਰਫ਼ ਆਪਣੇ ਹੀ ਧੀਆਂ-ਪੁੱਤਰ, ਪਤਨੀ ਅਤੇ ਮਾਤਾ-ਪਿਤਾ ਸ਼ਾਮਲ ਹੋਣ। ਜਿਸ ਪਰਿਵਾਰ ਦੀ ਸੁਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੰਗੀ ਹੈ, ਉਸ ਪਰਿਵਾਰ ਵਿਚ ਸਮੁੱਚੇ ਸਿੱਖ ਸੇਵਕ ਸ਼ਾਮਲ ਕੀਤੇ ਗਏ ਹਨ :

ਸੁਖੀ ਬਸੈ ਮੋਰੋ ਪਰਿਵਾਰਾ ॥
ਸੇਵਕ ਸਿੱਖ ਸਭੈ ਕਰਤਾਰਾ ॥

ਪਰਮਾਤਮਾ ਤੋਂ ਮੰਗਿਆ ਗਿਆ ਹੈ ਕਿ ਮੈਨੂੰ ਹਰ ਵਕਤ ਤੇਰੇ ਭਜਨ ਦੀ ਪਿਆਸ ਰਹੇ। ਮੈਂ ਤੇਰੇ ਸਿਵਾਏ ਕਿਸੇ ਹੋਰ ਨੂੰ ਨਾ ਧਿਆਵਾਂ ਅਤੇ ਜਿਸ ਵਰਦਾਨ ਦੀ ਮੈਨੂੰ ਲੋੜ ਹੋਵੇ ਮੈਂ ਤੇਰੇ ਪਾਸੋਂ ਹਾਸਲ ਕਰਾਂ :

ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥
ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥

ਚੌਪਈ ਵਿਚ ਦੁਸ਼ਟਾਂ, ਪਾਪੀਆਂ, ਸ਼ਤਰੂਆਂ ਨੂੰ ਨਾਸ਼ ਕਰਨ ਦੀ ਬੇਨਤੀ ਕੀਤੀ ਗਈ ਹੈ :

ਹਮਰੇ ਦੁਸਟ ਸਭੈ ਤੁਮ ਘਾਵਹੁ ॥...
ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ ॥...
ਸੱਤ੍ਰੁਨ ਕੋ ਪਲ ਮੋ ਬਧ ਕੀਓ... ॥...

ਪਰਮਾਤਮਾ ਦੀ ਉਸਤਤਿ ਵਰਨਣ ਕਰਦੇ ਹੋਏ ਕਿਹਾ ਗਿਆ ਹੈ ਕਿ ਤੂੰ ਗ਼ਰੀਬ ਰਖਿਅਕ, ਦੁਖ ਦੂਰ ਕਰਨ ਵਾਲਾ, ਦੀਨ ਦੁਖੀਆਂ ਦਾ ਪ੍ਰਿਤਪਾਲਕ ਹੈਂ। ਸਮਾਂ ਆਉਣ 'ਤੇ ਤੂੰ ਬ੍ਰਹਮਾ, ਬਿਸ਼ਨ ਅਤੇ ਮਹੇਸ਼ ਪ੍ਰਗਟ ਕੀਤੇ। ਸਮਾਂ ਆਉਣ 'ਤੇ ਸਾਰੀ ਦੁਨੀਆਂ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਅਤੇ ਵੇਦ ਰਚਨਾ ਕਰਵਾਈ। ਜਿਸ ਪਰਮਾਤਮਾ ਨੇ ਸਾਰੀ ਲੋਕਾਈ ਦੀ ਸਿਰਜਣਾ ਕੀਤੀ ਹੈ ਉਸ ਪਰਮਾਤਮਾ ਨੂੰ ਮੇਰੀ ਸਦਾ ਨਮਸਕਾਰ ਹੈ :

ਜਵਨ ਕਾਲ ਸਭ ਲੋਕ ਸਵਾਰਾ ॥
ਨਮਸਕਾਰ ਹੈ ਤਾਹਿ ਹਮਾਰਾ ॥

ਉਹ ਪਰਮਾਤਮਾ ਆਦਿ ਅੰਤ ਵਿਚ ਇਕੋ ਹੈ ਅਤੇ ਉਹ ਮੇਰਾ ਸੱਚਾ ਗੁਰੂ ਹੈ :

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥

ਉਹ ਪਰਮਾਤਮਾ ਅੰਤਰ-ਆਤਮੇ ਦੀ ਜਾਣਨ ਵਾਲਾ ਹੈ। ਉਹ ਭਲੇ-ਬੁਰੇ ਦੀ ਪੀੜ ਨੂੰ ਪਛਾਣਦਾ

www.sikhbookclub.com

ਹੈ। ਉਸ ਦੀ ਨਿਗ੍ਹਾ ਵਿਚ ਹਾਥੀ ਤੇ ਕੀੜੀ ਇੱਕੋ ਸਮਾਨ ਹਨ। ਉਹ ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰ ਕੇ ਖ਼ੁਸ਼ ਹੁੰਦਾ ਹੈ। ਇਸ ਪ੍ਰਿਥਵੀ 'ਤੇ ਜੋ ਪਾਸਾਰਾ ਉਸ ਪਰਮਾਤਮਾ ਨੇ ਖਿਲਾਰਿਆ ਹੈ ਉਹ ਬੜੀ ਸੂਝ-ਬੂਝ ਨਾਲ ਕੀਤਾ ਹੈ :

ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥
ਆਪੁ ਆਪਨੀ ਬੂਝ ਉਚਾਰੈ ॥

ਉਸ ਪਰਮਾਤਮਾ ਦਾ ਭੇਦ, ਰਹੱਸ ਪਾਉਣਾ ਬੜਾ ਮੁਸ਼ਕਲ ਹੈ। ਉਸ ਦੇ ਖਿਲਾਰੇ ਹੋਏ ਪਾਸਾਰੇ ਦਾ ਵਰਨਣ ਕਰਨਾ ਅਸੰਭਵ ਕੰਮ ਹੈ ਸਭ ਤੋਂ ਪਹਿਲਾਂ ਸੰਸਾਰ ਦੀ ਰਚਨਾ ਤੂੰ ਕਿਸ ਬਿਧਿ ਰਾਹੀਂ ਕੀਤੀ। ਇਹ ਸਾਰਾ ਪਾਸਾਰਾ ਉਤਪੰਨ ਕਰਨ ਦਾ ਤੇਰਾ ਢੰਗ ਬੜਾ ਅਨੋਖਾ ਹੈ :

ਅੰਡਜ ਜੇਰਜ ਸੇਤਜ ਕੀਨੀ ॥
ਉਤਭੁਜ ਖਾਨਿ ਬਹੁਰ ਰਚਿ ਦੀਨੀ ॥

ਪਰਮਾਤਮਾ ਦੀ ਉਸਤਤਿ ਵਰਨਣ ਕਰਦਿਆਂ ਆਪ ਜੀ ਨੇ ਲਿਖਿਆ ਹੈ ਕਿ :

ਆਪੁ ਆਪਨੀ ਬੁਧਿ ਹੈ ਜੇਤੀ ॥
ਬਰਨਤ ਭਿੰਨ ਭਿੰਨ ਤੁਹਿ ਤੇਤੀ ॥

ਪਰਮਾਤਮਾ ਤੋਂ ਬੇਨਤੀ ਕਰਦੇ ਸਮੇਂ ਇਹ ਮੰਗ ਮੰਗੀ ਗਈ ਹੈ ਕਿ ਉਪੱਦਰ ਖੜ੍ਹਾ ਕਰਨ ਵਾਲੇ ਦੁਸ਼ਟ, ਪਾਪੀਆਂ ਨੂੰ ਜੁਧ ਭੂਮੀ ਵਿਚ ਨਾਸ਼ ਕਰੋ :

ਦੁਸ਼ਟ ਜਿਤੇ ਉਠਵਤ ਉਤਪਾਤਾ ॥
ਸਕਲ ਮਲੇਛ ਕਰੋ ਰਣ ਘਾਤਾ ॥

ਜਿਹੜੇ ਵੀ ਪੁਰਸ਼ ਨੇ ਤੇਰੇ ਚਰਨਾਂ ਵਿਚ ਅਰਦਾਸ ਕਰਕੇ ਕਾਜ ਅਰੰਭਿਆ ਹੈ ਤੂੰ ਹਮੇਸ਼ਾਂ ਉਸ ਦੇ ਅੰਗ-ਸੰਗ ਹੋ ਕੇ ਉਸ ਦੀ ਰੱਖਿਆ ਕੀਤੀ ਹੈ :

ਪੁਰਖ ਜਵਨ ਪਗ ਪਰੇ ਤਿਹਾਰੇ ॥
ਤਿਨ ਕੇ ਤੁਮ ਸੰਕਟ ਸਭ ਟਾਰੇ ॥

ਆਖ਼ਰ ਵਿਚ ਪਰਮਾਤਮਾ ਅੱਗੇ ਬੇਨਤੀ ਕੀਤੀ ਹੈ ਕਿ ਤੂੰ ਹਮੇਸ਼ਾ ਮੇਰੀ ਹਰ ਥਾਂ 'ਤੇ ਸਹਾਇਤਾ ਕਰੀਂ :

ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥

ਚੌਪਈ ਦਾ ਪਾਠ ਕਰ ਕੇ ਮਨੁੱਖੀ ਜੀਵ ਲਈ ਸਥਿਰਤਾ ਤੇ ਨਿਸ਼ਚਿੰਤਤਾ ਆਪ ਮੁਹਾਰੇ ਆ ਜਾਂਦੀ ਹੈ। ਚੌਪਈ ਦਾ ਪਾਠ ਪ੍ਰਭੂ ਜਾਚਨਾ ਦੀ ਅਮਿਟ ਛਾਪ ਪਾਠਕ ਤੇ ਸਰੋਤੇ ਦੇ ਦਿਲ-ਦਿਮਾਗ਼ ਉੱਤੇ ਛਡਦਾ ਹੈ। ਚੌਪਈ ਦੇ ਪਾਠ ਦੀ ਮਹੱਤਤਾ ਨੂੰ ਇਨ੍ਹਾਂ ਸ਼ਬਦਾਂ ਨਾਲ ਦਰਸਾਇਆ ਗਿਆ ਹੈ :

ਦੁਖ ਦਰਦ ਭੌ ਨਿਕਟ ਨ ਤਿੰਨ ਨਰ ਕੇ ਕਹੈ ॥
ਹੋ ਜੋ ਬਾਂਕੀ ਇਕ ਬਾਰ ਚੌਪਈ ਕੋ ਕਹੈ ॥

(6/1977)

www.sikhbookclub.com

ਬਚਿਤ੍ਰ ਨਾਟਕ

ਬਚਿਤ੍ਰ ਨਾਟਕ ਦਸਮ ਗ੍ਰੰਥ ਦੀ ਇਕ ਪ੍ਰਮੁੱਖ ਰਚਨਾ ਹੈ। ਇਸ ਦੇ ਨਾਮ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਇਕ ਨਾਟਕ ਹੈ। ਅਸਲ ਵਿਚ ਇਹ ਕਈ ਪਦ ਪ੍ਰਬੰਧਾਂ ਅਤੇ ਪਦ-ਕਥਾਵਾਂ ਦਾ ਸੰਗ੍ਰਹਿ ਹੈ, ਇਹਨਾਂ ਵਿਚ ਇਤਿਹਾਸਕ, ਪੁਰਾਣਿਕ ਅਤੇ ਕਾਲਪਨਿਕ ਸਭ ਤਰ੍ਹਾਂ ਦੇ ਪ੍ਰਬੰਧ ਅਤੇ ਕਥਾਵਾਂ ਸਮਿਲਤ ਹਨ। ਇਹ ਸਭ ਕੁਝ ਹੁੰਦਿਆਂ ਵੀ ਪ੍ਰਭਾਵ ਦੀ ਏਕਤਾ ਸਪੱਸ਼ਟ ਹੈ। ਇਸ ਏਕਤਾ ਦਾ ਮੁੱਖ ਆਧਾਰ ਗ੍ਰੰਥ-ਕਰਤਾ ਦੇ ਆਪਣੇ ਦ੍ਰਿਸ਼ਟੀਕੋਣ ਦੀ ਸਥਿਰਤਾ ਹੈ।

ਬਚਿਤ੍ਰ ਨਾਟਕ ਦੇ ਸਭ ਤੋਂ ਪਹਿਲੇ ਪ੍ਰਬੰਧ ਵਿਚ ਲੇਖਕ ਨੇ ਆਪਣੀ ਅਤੇ ਆਪਣੇ ਵੰਸ਼ ਦੀ ਸੰਖੇਪ ਕਥਾ ਦਾ ਵਰਣਨ ਕੀਤਾ ਹੈ। ਲੇਖਕ ਨੇ ਇਸ ਪਹਿਲੀ ਕਥਾ ਦਾ ਕੋਈ ਖ਼ਾਸ ਨਾਮ ਨਹੀਂ ਰੱਖਿਆ। ਅਸੀਂ ਉਨ੍ਹਾਂ ਦੀ ਇਕ ਆਪਣੀ ਤੁਕ ਦੇ ਕੇ ਇਸ ਦਾ ਸਿਰਲੇਖ ਲਿਖ ਲੈਂਦੇ ਹਾਂ।

ਆਪਨੀ ਕਥਾ—

ਇਸ ਰਚਨਾ ਤੋਂ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਨਾਟਕ ਸ਼ਬਦ ਤੋਂ ਉਨ੍ਹਾਂ ਦਾ ਕੀ ਭਾਵ ਸੀ, ਨਾਟਕ ਸ਼ਬਦ ਦਾ ਪ੍ਰਯੋਗ ਉਨ੍ਹਾਂ ਨੇ ਇਸ ਰਚਨਾ ਵਿਚ ਲੀਲ੍ਹਾ, ਖੇਲ, ਤਮਾਸ਼ਾ ਆਦਿ ਲਈ ਕੀਤਾ ਹੈ। ਉਹ ਕਹਿੰਦੇ ਹਨ ਕਿ ਮੈਂ ਪਰਮ ਪੁਰਖ ਦਾ ਦਾਸ ਹਾਂ, ਅਤੇ ਮੈਂ ਜਗਤ ਦਾ ਤਮਾਸ਼ਾ ਵੇਖਣ ਲਈ ਸੰਸਾਰ ਵਿਚ ਆਇਆ ਹਾਂ।

ਵੇਖੇ ਹੋਏ ਤਮਾਸ਼ੇ ਗ੍ਰੰਥ-ਰੂਪ ਵਿਚ ਅਰਪਣ ਕਰ ਰਿਹਾ ਹਾਂ। ਇਸ ਤੋਂ ਸਪੱਸ਼ਟ ਹੈ ਕਿ ਬਚਿਤ੍ਰ ਨਾਟਕ ਤੋਂ ਉਨ੍ਹਾਂ ਦਾ ਭਾਵ ਬਚਿਤ੍ਰ ਘਟਨਾਵਾਂ ਤੋਂ ਹੈ ਜੋ ਜਗਤ ਦੀ ਉਤਪਤੀ ਤੋਂ ਲੈ ਕੇ ਉਨ੍ਹਾਂ ਦੇ ਸਮੇਂ ਤਕ ਧਰਤੀ ਦੇ ਰੰਗ-ਮੰਚ 'ਤੇ ਘਟ ਰਹੀਆਂ ਹਨ।

ਆਪਨੀ ਕਥਾ—

ਗੁਰੂ ਜੀ ਨੇ ਬਚਿਤ੍ਰ ਨਾਟਕ ਦੇ ਇਸ ਭਾਗ ਦਾ ਵੱਖਰਾ ਨਾਮ ਨਹੀਂ ਰੱਖਿਆ। ਬਚਿਤ੍ਰ ਨਾਟਕ ਸਮੁੱਚੇ ਰੂਪ ਤੋਂ ਵੇਖੋ ਤਾਂ ਇਹ ਬਿਲਕੁਲ ਠੀਕ ਹੈ। ਗ੍ਰੰਥ ਦੇ ਆਰੰਭ ਵਿਚ ਬੰਦਨਾ, ਸ੍ਰਿਸ਼ਟਿ ਦੀ ਉਤਪਤੀ, ਵੰਸ਼ ਤੇ ਵੰਸ਼ ਚਰਿਤ੍ਰ ਦਾ ਵਰਣਨ ਕੀਤਾ ਹੈ। ਬਚਿਤ੍ਰ ਨਾਟਕ ਦੇ ਅਰੰਭ ਵਿਚ ਦਿੱਤੀ ਹੋਈ ਇਸ ਆਤਮ ਕਥਾ ਨੂੰ ਗ੍ਰੰਥਕਾਰ ਦੀ ਆਪਣੀ ਜਾਣ-ਪਛਾਣ ਸਮਝਣਾ ਚਾਹੀਦਾ ਹੈ। ਆਪਣੇ ਅਕਾਰ ਅਤੇ ਵਿਸਥਾਰ ਦੇ ਕਾਰਨ ਹੀ ਬਚਿਤ੍ਰ ਨਾਟਕ ਦੇ ਇਸ ਪਹਿਲੇ ਭਾਗ ਦਾ ਸੁਤੰਤਰ ਹੋਣਾ ਪ੍ਰਤੀਤ ਹੁੰਦਾ ਹੈ।

ਇਸ ਆਤਮ ਕਥਾ ਦੇ ਚੌਦਾਂ ਅਧਿਆਇ ਹਨ, ਇਨ੍ਹਾਂ ਵਿਚ ਕਾਲ ਦੀ ਉਸਤਤੀ, ਵੰਸ਼-ਵਰਣਨ, ਲਵ ਅਤੇ ਕੁਸ਼ ਦੀ ਸੰਤਾਨ ਵਿਚ ਜੰਗ, ਬੇਦੀ ਕੁਲ ਰਾਹੀਂ ਰਾਜ ਦੀ ਪ੍ਰਾਪਤੀ, ਨੌਵੇਂ ਗੁਰੂ ਜੀ ਦਾ ਵਰਣਨ, ਦਸਮੇਂ ਗੁਰੂ ਜੀ ਦੇ ਪੂਰਬਲੇ ਜਨਮ ਸੰਬੰਧੀ ਵਰਣਨ, ਜਨਮ, ਭੰਗਾਣੀ ਯੁੱਧ,

www.sikhbookclub.com

ਨਾਦੌਣ ਯੁੱਧ, ਖਾਨਜ਼ਾਦੇ ਦਾ ਹਮਲਾ, ਹੁਸੈਨੀ ਯੁੱਧ, ਅਹਦੀ ਆਗਮਨ ਅਤੇ ਸਰਵਕਾਲ ਵਿਨਯ ਦਾ ਉਲੇਖ ਹੈ। ਸੰਖੇਪ ਵਿਚ ਅਸੀਂ ਆਤਮ-ਕਥਾ ਦੀ ਵਿਸ਼ੈ-ਵਸਤੂ ਨੂੰ ਹੇਠ ਲਿਖੇ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ—

(ੳ) ਬੰਦਨਾ-ਉਸਤਤੀ

(ਅ) ਵੰਸ਼-ਵਰਨਣ ਆਦਿ

(ੲ) ਯੁਧ-ਵਰਨਣ ਆਦਿ

ਗੁਰੂ ਜੀ ਦੀ ਰੁਚੀ ਯੁੱਧ ਅਤੇ ਕਾਵਿ ਲਈ ਇਕੋ ਜਿਹੀ ਸੀ। ਉਨ੍ਹਾਂ ਨੇ ਯੱਧ ਅਤੇ ਕਾਵਿ ਦੀ ਵਰਤੋਂ ਇਕੋ ਉਦੇਸ਼ ਲਈ ਕੀਤੀ। ਉਨ੍ਹਾਂ ਨੇ ਪਹਿਲਾ ਜੰਗ ਆਪਣੀ ਵੀਹ ਸਾਲ ਦੀ ਉਮਰ ਵਿਚ ਲੜਿਆ ਪਰ ਉਨ੍ਹਾਂ ਨੇ ਸੋਲਾਂ ਸਾਲ ਦੀ ਉਮਰ ਵਿਚ ਕਾਵਿ ਦੀ ਰਚਨਾ ਕੀਤੀ, ਉਨ੍ਹਾਂ ਨੇ ਕੇਵਲ ਆਪ ਹੀ ਕਾਵਿ ਦੀ ਰਚਨਾ ਨਹੀਂ ਕੀਤੀ ਸਗੋਂ ਅਨੇਕਾਂ ਕਵੀਆਂ ਨੂੰ ਆਪਣੇ ਦਰਬਾਰ ਵਿਚ ਆਸਰਾ ਦਿੱਤਾ। ਆਪਣੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਕਾਂਸ਼ੀ ਭੇਜਿਆ। ਹੇਠ ਲਿਖੀਆਂ ਰਚਨਾਵਾਂ ਵਿਚ ਭਗਤੀ-ਭਾਵ ਹੈ—ਜਾਪੁ, ਅਕਾਲ ਉਸਤਤਿ, ਸਵਯੇ, ਵਿਸ਼ਨ ਪਦ।

ਕਿਸੇ ਭੀ ਲੇਖਕ ਦੀ ਭਗਤੀ ਭਾਵਨਾ ਨੂੰ ਉਸ ਦੀ ਇਕ-ਅੱਧ ਰਚਨਾ ਤਕ ਹੀ ਸੀਮਤ ਨਹੀਂ ਰੱਖਿਆ ਜਾ ਸਕਦਾ। ਭਗਤੀ ਭਾਵਨਾ ਉਸ ਦੀ ਸ਼ਖ਼ਸੀਅਤ ਦਾ ਇਕ ਅਨਿੱਖੜਵਾਂ ਅੰਗ ਹੁੰਦਾ ਹੈ ਅਤੇ ਉਸ ਦਾ ਪ੍ਰਗਟਾਅ ਕਿਤੇ ਪ੍ਰਤੱਖ ਤੇ ਕਿਤੇ ਅਪ੍ਰਤੱਖ ਰੂਪ ਵਿਚ ਹੁੰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਤਿੰਨ ਰਚਨਾਵਾਂ ਤਾਂ ਅਜਿਹੀਆਂ ਹਨ, ਜਿਨ੍ਹਾਂ ਵਿਚ ਮੰਗਲਾਚਰਣ, ਉਨ੍ਹਾਂ ਦੀ ਭਗਤੀ ਭਾਵਨਾ 'ਤੇ ਖ਼ਾਸ ਤੌਰ ਉਪਰ ਚਾਨਣ ਪਾਉਂਦਾ ਹੈ। ਦੋ ਰਚਨਾਵਾਂ ਅਜਿਹੀਆਂ ਹਨ, ਜਿਨ੍ਹਾਂ ਦੀ ਸਮਾਪਤੀ ਉਪਰ ਭਗਵਾਨ ਦਾ ਜਸ ਵਰਣਨ ਕੀਤਾ ਹੈ।

(ੳ) 1. ਬਚਿਤ੍ਰ ਨਾਟਕ (ਆਪਣੀ ਕਥਾ)
2. ਗਿਆਨ ਪ੍ਰਬੋਧ
3. ਚਰਿਤ੍ਰੋਪਾਖਿਆਨ।

(ਅ) 1. ਚੰਡੀ ਚਰਿਤ੍ਰ
2. ਚਰਿਤ੍ਰੋਪਾਖਿਆਨ।

ਦਸਮ ਗ੍ਰੰਥ ਦਾ ਈਸ਼ਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਨਿਰਗੁਣ ਨਿਰਾਕਾਰ ਬ੍ਰਹਮ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਨੇ ਬ੍ਰਹਮ ਦੇ ਅਦ੍ਵੈਤ ਰੂਪ ਦਾ ਹੀ ਵਾਰ ਵਾਰ ਜਸ ਗਾਇਆ ਹੈ। ਉਨ੍ਹਾਂ ਨੇ ਅਦ੍ਵੈਤਵਾਦੀਆਂ ਵਾਂਗ ਹੀ ਬ੍ਰਹਮ (ਨਿਰਵਿਕਲਪ, ਨਿਰਉਪਾਧਿ, ਨਿਰਵਿਕਾਰ) ਅਤੇ ਈਸ਼ਰ (ਮਾਇਆ ਨਾਲ ਢੱਕਿਆ ਹੋਇਆ ਬ੍ਰਹਮ) ਵਿਚ ਕੋਈ ਫ਼ਰਕ ਖ਼ਾਸ ਤੌਰ ਉੱਪਰ ਨਹੀਂ ਮੰਨਿਆ। ਬ੍ਰਹਮ ਦਾ ਵਰਣਨ ਉਨ੍ਹਾਂ ਨੇ ਅਭਾਵਾਤਮਕ ਅਤੇ ਭਾਵਾਤਮਕ ਦੋਹਾਂ ਸ਼ੈਲੀਆਂ ਵਿਚ ਕੀਤਾ ਹੈ। ਇਸ ਕਰਕੇ ਉਨ੍ਹਾਂ ਦੇ ਅਕਾਲ ਪੁਰਖ ਵਿਚ ਗੁਣਾਤੀਤ ਬ੍ਰਹਮ ਅਤੇ ਹਰਤਾ ਕਰਤਾ ਈਸ਼ਰ ਦੋਵੇਂ ਮਿਲ ਕੇ ਇਕ ਹੋ ਗਏ ਹਨ। ਉਨ੍ਹਾਂ ਨੇ ਅਵਤਾਰਾਂ ਦਾ ਭੀ ਬਿਆਨ ਕੀਤਾ ਹੈ ਪਰ ਉਨ੍ਹਾਂ ਨੂੰ ਨੀਵਾਂ ਮੰਨਿਆ ਹੈ। ਉਨ੍ਹਾਂ ਨੇ ਸਰਗੁਣ ਅਤੇ ਅਵਤਾਰ ਵਿਚ ਇਕ ਫ਼ਰਕ ਰੱਖਿਆ ਹੈ, ਫਿਰ ਭੀ

www.sikhbookclub.com

ਕਿਤੇ ਕਿਤੇ ਈਸ਼ਰ ਦਾ ਸਰਗੁਣ ਸਰੂਪ ਅਵਤਾਰ ਦੇ ਬਹੁਤ ਨੇੜੇ ਆ ਜਾਂਦਾ ਹੈ। ਉਹ ਬਹੁ-ਦੇਵਾਂ ਨੂੰ ਇਕ ਅਦ੍ਵੈਤ-ਬ੍ਰਹਮ ਦੇ ਰੂਪ ਵਿਚ ਹੀ ਮੰਨਦੇ ਹਨ ਕਿਉਂਕਿ ਉਹ ਅਦ੍ਵੈਤ-ਬ੍ਰਹਮ ਦੇ ਵਿਸ਼ਵਾਸੀ ਹਨ। ਜੀਵ ਅਤੇ ਬ੍ਰਹਮ ਦੀ ਤਾਤਵਿਕ ਏਕਤਾ ਉਨ੍ਹਾਂ ਨੂੰ ਪ੍ਰਵਾਨ ਹੈ। ਮੁਕਦੀ ਗੱਲ, ਦਸਮ ਗ੍ਰੰਥ ਦੀ ਈਸ਼ਰ ਭਾਵਨਾ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਤੋਂ ਵੱਖਰੀ ਨਹੀਂ ਹੈ।

ਗੁਰੂ ਜੀ ਦੀ ਧਰਮ ਭਾਵਨਾ ਦੇ ਵਿਸ਼ੇ ਵਿਚ ਯਾਦ ਰੱਖਣ ਵਾਲੀ ਖਾਸ ਗੱਲ ਇਹ ਹੈ ਕਿ ਉਸ ਵਿਚ ਦੁਨੀਆਂ ਸੰਬੰਧੀ ਜ਼ੁੰਮੇਵਾਰੀਆਂ ਦੀ ਭੀ ਉਤਨੀ ਹੀ ਮਹਾਨਤਾ ਹੈ, ਜਿੰਨੀ ਪ੍ਰਲੋਕ ਸੰਬੰਧੀ ਫ਼ਰਜ਼ਾਂ ਅਤੇ ਜ਼ੁੰਮੇਵਾਰੀਆਂ ਦੀ। ਭਗਤੀ ਕੇਵਲ ਪ੍ਰਲੋਕ ਸੁਧਾਰਨ ਦਾ ਹੀ ਸਾਧਨ ਨਹੀਂ ਹੈ, ਇਸ ਸੰਸਾਰ ਦੇ ਦੁੱਖਾਂ ਤੇ ਕੁੜੱਤਣਾਂ ਨੂੰ ਸਹਾਰਨ ਦੀ ਸ਼ਕਤੀ ਭੀ ਦਿੰਦੀ ਹੈ। ਇਸ ਦੁਨੀਆਂ ਦੇ ਰਾਜਿਆਂ ਅਤੇ ਅਧਿਕਾਰੀਆਂ ਦੇ ਜ਼ੁਲਮ ਦੇ ਵਿਰੁੱਧ ਬਗ਼ਾਵਤ ਕਰਨ ਦੀ ਪ੍ਰੇਰਨਾ ਭੀ ਦਿੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਜੀ ਤੋਂ ਪਹਿਲੇ ਭਗਤਾਂ ਵਿਚ ਇਹ ਫ਼ਰਕ ਹੈ ਕਿ ਉਹ ਬਿਨਾਂ ਅਮਲ ਤੋਂ ਕੇਵਲ ਸਿਖਿਆ ਦੇ ਕੇ ਵਿਰੋਧਤਾ ਦਾ ਰਾਹ ਦੱਸਦੇ ਸਨ, ਉਥੇ ਗੁਰੂ ਜੀ ਨੇ ਅਮਲ ਸਹਿਤ, ਹਥਿਆਰ ਲੈ ਕੇ ਵਿਰੋਧ ਤੇ ਟਾਕਰਾ ਕੀਤਾ। ਇਸ ਲਈ ਉਹਨਾਂ ਦੀ ਭਗਤੀ ਭਾਵਨਾ ਦੀ ਸਮੀਖਿਆ ਉਨ੍ਹਾਂ ਦੀ ਯੁੱਧ ਭਾਵਨਾ ਦੇ ਅਭਿੰਨ ਅੰਗ ਦੇ ਰੂਪ ਵਿਚ ਹੋਣੀ ਚਾਹੀਦੀ ਹੈ।

ਸਮਨਵੈ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਗਤੀ-ਭਾਵਨਾ ਪਹਿਲੇ ਗੁਰੂ ਸਾਹਿਬਾਨ ਨਾਲੋਂ ਵਧੇਰੇ ਸਮਨਵੈ-ਪ੍ਰਧਾਨ ਹੈ। ਗੁਰੂ ਜੀ ਨਿਰਾਕਾਰ ਦੇ ਉਪਾਸ਼ਕ ਹਨ, ਪਰ ਉਨ੍ਹਾਂ ਦਾ ਨਿਰਾਕਾਰ ਸਰਗੁਣ ਤੋਂ ਉੱਕਾ ਵੱਖਰਾ ਨਹੀਂ ਹੈ। ਜਾਪੁ ਸਾਹਿਬ ਦੇ ਅਰੰਭ ਵਿਚ ਭਗਵਾਨ ਨੂੰ ਰੂਪ ਅਰ ਰੇਖ ਭੇਖ ਤੋਂ ਰਹਿਤ ਕਿਹਾ ਹੈ, ਉਨ੍ਹਾਂ ਦੇ ਭਾਵਾਤਮ ਅਤੇ ਅਭਾਵਤਮ ਵਿਸ਼ੇਸ਼ਣਾਂ ਤੋਂ ਸਪੱਸ਼ਟ ਹੈ ਕਿ ਉਹ ਨਿਰਾਕਾਰ ਹੈ ਪਰ ਅੱਗੇ ਜਾ ਕੇ ਉਸ ਨੂੰ ਅਵਧੂਤ ਵਰਨ ਅਤੇ ਅਜਾਨ ਬਾਹੂ ਭੀ ਆਖਿਆ ਹੈ। 'ਅਕਾਲ ਉਸਤਤਿ' ਵਿਚ ਭੀ ਅਦ੍ਵੈ, ਅਲਖ, ਅਵਰਣ, ਅਵਿਕਾਰ ਆਦਿ ਵਿਸ਼ੇਸ਼ਣਾਂ ਵਾਲਾ ਭਗਵਾਨ ਨੂੰ ਕਿਹਾ ਹੈ ਪਰ ਅੱਗੇ ਜਾ ਕੇ ਇਹ ਭੀ ਕਿਹਾ ਹੈ ਕਿ ਕਿਤੇ ਤੂੰ ਗੀਤਾਂ ਨੂੰ ਗਾਉਣ ਵਾਲਾ ਅਤੇ ਕਿਤੇ ਬੀਨਾ ਵਜਾਉਣ ਵਾਲਾ ਏਂ। ਕਿਤੇ ਤੂੰ ਨਿਰਾਕਾਰ ਏਂ ਅਤੇ ਕਿਤੇ ਤੂੰ ਮਨੁੱਖੀ ਅਕਾਰ ਵਿਚ ਏਂ। ਇਹ ਗੁਰੂਆਂ ਦਾ ਮੁੱਢ ਤੋਂ ਆ ਰਿਹਾ ਸਿਧਾਂਤ ਹੈ। ਨਿਰਗੁਣ ਅਤੇ ਸਰਗੁਣ ਉਸੇ ਦੇ ਦੋ ਪੱਖ ਹਨ।

ਨਿਰਾਕਾਰ ਭਗਵਾਨ ਦੇ ਜੋ ਚਿੱਤਰ ਦਸਮ ਗ੍ਰੰਥ ਵਿਚ ਮਿਲਦੇ ਹਨ, ਉਨ੍ਹਾਂ ਨੂੰ ਮੋਟੇ ਰੂਪ ਵਿਚ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ :

1. ਮਹਾਂਕਾਲ ਇਹ ਨਰ ਦਾ ਰੂਪ ਧਾਰ ਕੇ ਭੀ ਨਿਰਾਕਾਰ ਭਗਵਾਨ ਹਨ, ਹੋਰ ਸਾਰੇ ਅਵਤਾਰ ਇਨ੍ਹਾਂ ਦਾ ਹੀ ਰੂਪ ਹਨ।

2. ਰਾਮ ਕ੍ਰਿਸ਼ਨ ਆਦਿ ਚੌਵੀ ਅਵਤਾਰ ਜੋ ਭਗਵਾਨ ਦਾ ਅਵਤਾਰ ਹੋ ਕੇ ਭੀ ਭਗਵਾਨ ਨਹੀਂ ਹਨ। ਉਹ ਬਾਕੀ ਮਨੁੱਖੀ ਸ੍ਰਿਸ਼ਟੀ ਦੇ ਸਮਾਨ ਹੀ ਮਹਾਂਕਾਲ ਦੀਆਂ ਦਾਹੜਾਂ ਹੇਠ ਆ ਕੇ ਪਿਸਦੇ ਰਹਿੰਦੇ ਹਨ।

ਮਹਾਂਕਾਲ, ਸਰਬ ਕਾਲ, ਸਰਬ ਲੋਹ, ਕਲਿ, ਕਲ ਨਾਮਾਂ ਨਾਲ ਭਗਵਾਨ ਨੂੰ ਯਾਦ ਕੀਤਾ ਹੈ। ਸਾਰੀ ਸ੍ਰਿਸ਼ਟੀ ਦਾ ਸੰਚਾਲਨ ਏਹੋ ਪ੍ਰਭੂ ਕਰਦਾ ਹੈ, ਸਾਰੇ ਅਵਤਾਰ ਇਸ ਦੀ ਆਗਿਆ ਹੇਠ ਕੰਮ ਕਰਦੇ ਹਨ। ਕਰੋੜਾਂ ਬ੍ਰਹਮਾ ਅਤੇ ਵਿਸ਼ਨੂੰ ਅਕਾਲ ਪੁਰਖ ਦੀ ਦੇਹ ਤੋਂ ਜਨਮ ਲੈਂਦੇ ਹਨ। ਇਹ ਭੀ

www.sikhbookclub.com

ਕਿਹਾ ਗਿਆ ਹੈ ਕਿ ਬ੍ਰਹਮਾ, ਵਿਸ਼ਨ ਅਤੇ ਮਹੇਸ਼ ਅਕਾਲ ਪੁਰਖ ਨੂੰ ਸਮਝਣ ਤੋਂ ਅਸਮਰੱਥ ਹਨ।

ਗੁਰੂ ਸਾਹਿਬ ਜੀ ਦੇ ਪੂਰਬਲੇ ਜਨਮ ਦੀਆਂ ਅਲੌਕਿਕ ਘਟਨਾਵਾਂ ਦਿੱਤੀਆਂ ਗਈਆਂ ਹਨ।

ਗੁਰੂ ਜੀ ਨੇ ਹੇਮਕੁੰਟ ਪਰਬਤ ਉਪਰ ਮਹਾਂਕਾਲ-ਕਾਲਿਕਾ ਦੀ ਲਗਾਤਾਰ ਅਰਾਧਨਾ ਕੀਤੀ ਅਤੇ ਉਸ ਨਾਲ ਅਭੇਦ ਹੋ ਗਏ, ਤਾਂ ਪਰਮ ਪੁਰਖ ਨੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਭੇਜਿਆ। ਅਕਾਲ ਪੁਰਖ ਨੇ ਦੱਸਿਆ ਕਿ ਸੰਸਾਰ ਵਿਚ ਧਰਮ ਦੀ ਹਾਨੀ ਹੋ ਰਹੀ ਹੈ। ਹੁਣ ਤਕ ਜਿੰਨੇ ਅਵਤਾਰ ਭੇਜੇ ਹਨ, ਸਭ ਨੇ ਆਪੋ ਆਪਣੇ ਮਤ ਚਲਾ ਲਏ ਹਨ। ਗੁਰੂ ਜੀ ਧਰਮ ਪ੍ਰਚਾਰਨ ਅਤੇ ਦੁਸ਼ਟਾਂ ਦੇ ਨਾਸ਼ ਕਰਨ ਲਈ ਭੇਜੇ ਜਾ ਰਹੇ ਹਨ। ਗੁਰੂ ਜੀ ਕਹਿੰਦੇ ਹਨ, ਮੈਨੂੰ ਪ੍ਰਮੇਸ਼ਰ ਨਾ ਸਮਝਿਆ ਜਾਵੇ, ਮੈਂ ਤਾਂ ਉਸ ਦਾ ਦਾਸ ਹਾਂ।

ਗੁਰੂ ਜੀ ਦਾ ਪ੍ਰਕਾਸ਼ ਪਟਨੇ ਹੋਇਆ, ਉਥੋਂ ਉਹ ਪੰਜਾਬ ਵਿਚ ਆਏ। ਜੰਞੂ ਅਤੇ ਤਿਲਕ ਦੀ ਰੱਖਿਆ ਲਈ ਉਨ੍ਹਾਂ ਦੇ ਪਿਤਾ ਜੀ ਸ਼ਹੀਦ ਹੋਏ। ਉਨ੍ਹਾਂ ਪਿਛੋਂ ਉਹ ਰਾਜ ਸਾਜ (ਗੱਦੀ) ਦੇ ਅਧਿਕਾਰੀ ਬਣੇ। ਥੋੜੇ ਚਿਰ ਲਈ ਉਨ੍ਹਾਂ ਨੂੰ ਆਪਣਾ ਨਗਰ ਛੱਡ ਕੇ ਪਾਉਂਟੇ ਨਗਰ ਵਿਚ ਜਾਣਾ ਪਿਆ। ਉਥੇ ਫ਼ਤਹ ਸ਼ਾਹ ਨਾਮੀ ਰਾਜੇ ਨਾਲ ਉਨ੍ਹਾਂ ਦਾ ਅਕਾਰਣ ਯੁੱਧ ਹੋਇਆ।

ਇਸ ਜੰਗ ਵਿਚ ਉਨ੍ਹਾਂ ਦੀ ਜਿੱਤ ਹੋਈ ਫਿਰ ਕਹਿਲੂਰ ਰਾਜ ਵਿਚ ਆਪ ਜੀ ਨੇ ਅਨੰਦਪੁਰ ਨਾਮੇ ਨਗਰ ਵਸਾਇਆ। ਇਸ ਤੋਂ ਪਿੱਛੋਂ ਨਾਦੌਣ ਰਾਜ ਦੇ ਰਾਜਾ ਭੀਮ ਚੰਦ ਪਰ ਅਲਫ਼ ਖ਼ਾਂ ਨਾਮੇ ਮੁਗ਼ਲ ਅਧਿਕਾਰੀ ਨੇ ਹਮਲਾ ਕਰ ਦਿੱਤਾ। ਇਸ ਲੜਾਈ ਵਿਚ ਗੁਰੂ ਜੀ ਨੇ ਆਪਣੇ ਸਿੱਖਾਂ ਸਮੇਤ ਭੀਮ ਚੰਦ ਦੀ ਸਹਾਇਤਾ ਕੀਤੀ, ਅਲਫ਼ ਖ਼ਾਂ ਦੀ ਹਾਰ ਹੋਈ। ਕੁਝ ਸਾਲਾਂ ਪਿੱਛੋਂ ਇਕ ਮੁਗ਼ਲ ਕਰਮਚਾਰੀ ਦਲਾਵਰ ਖਾਨ ਨੇ ਗੁਰੂ ਜੀ ਉਪਰ ਰਾਤ ਨੂੰ ਹਮਲਾ ਕਰ ਦਿੱਤਾ। ਇਸ ਵਿਚ ਉਹ ਬੁਰੀ ਤਰ੍ਹਾਂ ਹਾਰ ਗਿਆ। ਉਸ ਤੋਂ ਪਿੱਛੋਂ ਦਿਲਾਵਰ ਖਾਂ ਨੇ ਆਪਣੇ ਗ਼ੁਲਾਮ ਹੁਸੈਨੀ ਨੂੰ ਭੇਜਿਆ। ਉਸ ਨੇ ਪਹਾੜਾਂ ਦੇ ਪਿੰਡਾਂ ਵਿਚ ਖੂਬ ਲੁਟ-ਮਾਰ ਕੀਤੀ, ਕੁਝ ਪਹਾੜੀ ਰਾਜਿਆਂ ਨੇ ਉਸ ਨਾਲ ਮਿੱਤਰਤਾ ਕਰ ਲਈ, ਜਿਸ ਨਾਲ ਦੋਸਤੀ ਨਾ ਹੋ ਸਕੀ, ਉਸ ਨਾਲ ਜੰਗ ਹੋਇਆ। ਜੰਗ ਵਿਚ ਹੁਸੈਨੀ ਖਾਂ ਮਾਰਿਆ ਗਿਆ। ਉਸ ਦੀ ਫ਼ੌਜ ਅਨੰਦਪੁਰ ਪਹੁੰਚਣ ਤੋਂ ਪਹਿਲਾਂ ਹੀ ਵਾਪਸ ਆ ਗਈ। ਇਸ ਤੋਂ ਪਿੱਛੋਂ ਇਕ ਹੋਰ ਜੰਗ ਮੁਗ਼ਲ ਸੈਨਾ ਅਤੇ ਉਸ ਦੇ ਮਿੱਤਰ ਪਹਾੜੀ ਰਾਜਿਆਂ ਅਤੇ ਦੂਜੇ ਪਹਾੜੀ ਰਾਜਿਆਂ ਵਿਚ ਹੋਇਆ। ਇਸ ਵਿਚ ਜੁਝਾਰ ਸਿੰਘ ਨਾਮੇ ਇਕ ਰਾਜਪੂਤ ਯੋਧਾ ਬੜੀ ਬਹਾਦਰੀ ਨਾਲ ਲੜਿਆ ਅਤੇ ਸ਼ਹੀਦ ਹੋ ਗਿਆ। ਇਹ ਸਾਰੇ ਸਮਾਚਾਰ ਔਰੰਗਜ਼ੇਬ ਤਕ ਪਹੁੰਚ ਰਹੇ ਸਨ। ਉਸ ਨੇ ਆਪਣੇ ਪੁੱਤਰ ਨੂੰ ਸਣੇ ਸੈਨਾ ਦੇ ਭੇਜਿਆ। ਉਸ ਦੇ ਪੁੱਤਰ ਦਾ ਆਉਣਾ ਸੁਣ ਕੇ ਬਹੁਤ ਸਾਰੇ ਲੋਕ ਡਰ ਗਏ ਅਤੇ ਗੁਰੂ ਜੀ ਤੋਂ ਬੇਮੁਖ ਹੋ ਗਏ ਅਤੇ ਅਨੰਦਪੁਰ ਛੱਡ ਗਏ। ਏਥੇ ਆ ਕੇ ਅਚਾਨਕ ਘਟਨਾਵਾਂ ਦੀ ਲੜੀ ਟੁੱਟ ਜਾਂਦੀ ਹੈ।

ਆਤਮ ਕਥਾ ਅਤੇ ਪ੍ਰਬੰਧ ਦੋਹਾਂ ਦ੍ਰਿਸ਼ਟੀਆਂ ਤੋਂ ਇਹ ਘਟਨਾ ਸਮੂਹ ਅਪੂਰਣਤਾ ਦਾ ਪ੍ਰਭਾਵ ਪਾ ਕੇ ਰਹਿ ਜਾਂਦਾ ਹੈ। ਇਸ ਰਚਨਾ ਵਿਚ ਗੁਰੂ ਜੀ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਰਹਿ ਗਈਆਂ ਹਨ। ਖ਼ਾਲਸੇ ਦਾ ਜਨਮ, ਅਨੰਦਪੁਰ—ਚਮਕੌਰ ਜੰਗ, ਮਾਛੀਵਾੜੇ ਦੀ ਯਾਤਰਾ ਆਦਿ ਨਹੀਂ ਲਿਖੀ ਗਈ। (ਗੁਰੂ ਜਾਣੇ ਐਸਾ ਕਿਉਂ)।

(1/1967)

www.sikhbookclub.com

ਬਚਿਤ੍ਰ ਨਾਟਕ : ਆਤਮ ਕਥਾ

"ਬਚਿਤ੍ਰ ਨਾਟਕ ਦਸਮ ਗ੍ਰੰਥ ਦਾ ਉਹ ਭਾਗ ਹੈ ਜਿਸ ਵਿਚ ਅਵਤਾਰਾਂ ਦੀ ਕਥਾ ਅਤੇ ਅਨੇਕ ਇਤਿਹਾਸਕ ਪ੍ਰਸੰਗ ਨਾਟਕ ਦੀ ਰੀਤਿ ਅਨੁਸਾਰ ਲਿਖੇ ਹਨ। ਚੌਦਾਂ ਅਧਿਆਵਾਂ ਦਾ ਇਕ ਖ਼ਾਸ ਗ੍ਰੰਥ ਜੋ ਦਸਮ ਗ੍ਰੰਥ ਦਾ ਭਾਗ ਹੈ। ਇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ ਕਥਾ ਹੈ।"

(ਮਹਾਨ ਕੋਸ਼)

ਆਤਮ ਕਥਾ (ਬਚਿਤ੍ਰ ਨਾਟਕ) ਵਿਚ ਸਿੱਖੀ ਦੇ ਵਿਕਾਸ ਦੀ 30 ਸਾਲਾਂ (1666-1696) ਦੀ ਬਲਵਾਨ ਤੇ ਪ੍ਰਮਾਣੀਕ ਗਵਾਹੀ ਵੇਖਦੇ ਹਾਂ। ਜਿਥੇ ਇਹ ਗਵਾਹੀ ਸੰਪੂਰਨ ਹੈ ਓਥੇ ਨਾਲ ਹੀ ਸਾਖੀਕਾਰ ਦੀ ਆਤਮਾ ਦੇ ਵੀ ਦਰਸ਼ਨ ਹੁੰਦੇ ਹਨ। ਇਸ ਵਿਚ ਸ਼ੈਲੀ ਦਾ ਬਲਵਾਨ ਪੱਖ ਹੈ। ਸਚਿਆਈ ਨਿਖਰ ਕੇ ਸਾਹਮਣੇ ਆਉਂਦੀ ਹੈ। ਜਿੱਤ ਦੇ ਵਿਸ਼ਵਾਸ ਨਾਲ ਜੂਝਣ ਦੀ ਭਾਵਨਾ ਦਾ ਉਲੇਖ ਹੈ। ਇਸ ਵਿਚੋਂ ਸਿੱਖ ਦਰਸ਼ਨ ਅਤੇ ਆਦਰਸ਼ ਦਾ ਉਦੇ ਹੁੰਦਾ ਹੈ। ਵਾਹਿਗੁਰੂ ਦੇ ਬਿਰਦ ਬਾਣੇ ਦੀ ਰਛਿਆ ਕਰਨ ਦੇ ਦ੍ਰਿੜ੍ਹ ਵਿਸ਼ਵਾਸ ਦੀ ਭਾਵਨਾ ਹੈ। ਆਤਮ-ਵਿਸ਼ਵਾਸ ਦੀ ਭਾਵਨਾ ਇਸ ਆਤਮ-ਕਥਾ ਦੀ ਨੀਂਹ ਹੈ।

ਇਸ ਬੀਰ-ਰਸ ਪ੍ਰਧਾਨ ਰਚਨਾ ਵਿਚ ਕਿਤੇ ਕਿਤੇ ਸ਼ਾਂਤ ਅਤੇ ਕਰੁਣਾ-ਰਸ ਦੀ ਛੋਹ ਵੀ ਹੈ। ਇਹ ਉਸ ਬੀਰ ਬਹਾਦਰ ਸੰਤ-ਸਿਪਾਹੀ ਦੀ ਆਤਮ ਕਥਾ ਹੈ ਜੋ ਵਾਹਿਗੁਰੂ ਅੱਗੇ ਸੀਸ ਨਿਵਾਉਂਦਾ ਅਤੇ ਖੜਗ ਨੂੰ ਨਮਸਕਾਰ ਕਰਦਾ ਹੈ। ਜਿਸ ਦੇ ਹਿਰਦੇ ਵਿਚ ਸਾਰੇ ਆਲਮ ਲਈ ਅੰਤਾਂ ਦਾ ਪਿਆਰ ਹੈ, ਉਹ ਸਰਬ ਸਾਂਝੀਵਾਲਤਾ ਦਾ ਸਨੇਹੀ ਹੈ। ਇਸ ਦਾ ਮੁੱਖ ਧੁਰਾ ਵਾਹਿਗੁਰੂ ਦੀ ਬਖ਼ਸ਼ਿਸ਼ ਆਚਰਣ ਦੀ ਸੁਚਤਾ ਅਤੇ ਜਨ-ਸਾਧਾਰਨ ਵਿਚ ਜਿੱਤ ਦਾ ਵਿਸ਼ਵਾਸ ਉਜਾਗਰ ਕਰਨਾ ਹੈ। ਆਤਮ-ਕਥਾ ਵਿਚ ਵਾਹਿਗੁਰੂ ਦੇ ਭਉ, ਰਜ਼ਾ ਦਾ ਵਿਸ਼ਵਾਸ ਉਜਾਗਰ ਹੁੰਦਾ ਹੈ। ਸਿੱਖੀ ਦੀ ਉਭਰ ਰਹੀ ਲੋਕ ਲਹਿਰ ਰਾਹੀਂ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੀ ਸੰਤ-ਸਿਪਾਹੀ ਲਹਿਰ ਦੇ ਦਰਸ਼ਨ ਹੁੰਦੇ ਹਨ। ਰਜਵਾੜਾਸ਼ਾਹੀ ਦੇ ਜਬਰ ਵਿਚੋਂ ਗ਼ਰੀਬ ਜਨਤਾ ਖੰਭ ਫੜਫੜਾਉਂਦੀ ਨਜ਼ਰ ਆਉਂਦੀ ਹੈ। ਉਸ ਨੂੰ ਜੀਉਣ ਲਈ ਸਾਹਸ ਪ੍ਰਾਪਤ ਹੁੰਦਾ ਹੈ। ਇਸ ਸਾਹਸ ਨੇ ਭਾਰਤ-ਵਾਸੀਆਂ ਦੀ ਕਾਇਆਂ ਕਲਪ ਕਰ ਦਿੱਤੀ ਅਤੇ ਪੰਜਾਬ ਜਿਹੜਾ ਨਿਤਾਪ੍ਰਤੀ ਲਿਤਾੜਿਆ ਜਾਂਦਾ ਸੀ ਉਸ ਨੇ ਵਿਦੇਸ਼ੀ ਹਮਲਾਵਰਾਂ ਦੇ ਆਉਣ 'ਤੇ ਪੂਰੀ ਰੋਕ ਲਾ ਦਿੱਤੀ। ਸਾਰੇ ਭਾਰਤੀਆਂ ਨੂੰ ਸੁਖ ਦਾ ਸਾਹ ਲੈਣ ਲਈ ਰਾਹਤ ਮਿਲੀ।

ਆਤਮ ਕਥਾ ਚੌਦਾਂ ਅਧਿਆਵਾਂ ਵਿਚ ਵੰਡੀ ਹੋਈ ਹੈ। ਇਸ ਵਿਚ ਸ੍ਰੀ ਅਕਾਲ ਜੀ ਦੀ ਉਸਤਤਿ, 2-(ਸੋਢੀ, ਬੇਦੀ) ਵੰਸ਼ ਵਰਣਨ, 3-ਲਵ-ਕੁਸ਼ ਯੁਧ, 4-ਵੇਦ ਪਾਠ ਰਾਜ ਭੇਦ, 5-ਨੌ ਪਾਤਸ਼ਾਹੀਆਂ ਵਰਣਨ, 6-ਆਗਿਆ ਕਾਲ ਜੀ ਦੀ ਜਗਤ ਪ੍ਰਵੇਸ਼ ਕਰਨ ਸਬੰਧੀ, 7-ਕਵੀ ਜਨਮ

www.sikhbookclub.com

ਵਰਣਨ, 8-ਰਾਜ ਸਾਜ ਕਥਨੰ, ਭੰਗਾਣੀ ਯੁੱਧ, 9-ਨਾਦੌਣ ਯੁੱਧ, 10-ਖਾਨਜਾਦਾ ਆਗਮਨ, 11-ਹੁਸੈਨੀ, ਕ੍ਰਿਪਾਲ, ਹਿੰਮਤ ਸੰਗਤੀਆਂ ਯੁੱਧ, 12-ਜੁਝਾਰ ਸਿੰਘ (ਹਾੜ) ਯੁੱਧ, 13-ਮਦਰ ਦੇਸ ਸ਼ਾਹਜ਼ਾਦਾ ਤਥਾ ਅਹਿਦੀਆਂ ਆਗਮਨ, 14-ਸਰਬ ਕਾਲ ਬਿਨਤੀ।

੪੭੧ ਛੰਦਾਂ ਦੀ ਇਹ ਰਚਨਾ ਦੋਹਰਾ, ਚੌਪਈ, ਤ੍ਰਿਭੰਗੀ, ਭੁਜੰਗ, ਪ੍ਰਯਾਤ, ਰਸਾਵਲ, ਨਿਰਾਜ, ਮਧੁਭਾਰ, ਅੜਿਲ, ਪਾਧੜੀ, ਕਬਿਤ, ਸਵੈਯਾ ਆਦਿ ਛੰਦਾਂ ਵਿਚ ਲਿਖੀ ਹੈ।

ਲੇਖਕ ਦੀ ਆਤਮਾ ਅਤੇ ਉਸ ਦਾ ਨਿਜਤਵ ਉਸ ਦੀ ਰਚਨਾ ਵਿਚ ਸਮੋਇਆ ਹੁੰਦਾ ਹੈ। ਗੁਰੂ ਜੀ ਦੀ ਸਵੈ-ਜੀਵਨੀ ਦੇ ਵਧੇਰੇ ਅੰਸ਼ ਉਹਨਾਂ ਦੀ ਆਤਮ ਕਥਾ ਵਿਚ ਉਪਲਬਧ ਹਨ। ਬਚਿਤ੍ਰ ਨਾਟਕ ਦੀ ਰਚਨਾ ਪੁਰਾਤਨ ਭਾਰਤੀ ਸ਼ੈਲੀ ਉੱਤੇ ਉਸਰੀ ਹੈ। ਭਾਰਤੀ ਲਿਖਣ ਸ਼ੈਲੀ ਵਿਚ ਸੰਨ, ਸੰਮਤ ਅਤੇ ਤਾਰੀਖਾਂ ਦਾ ਵੇਰਵਾ ਨਹੀਂ ਹੁੰਦਾ ਸੀ। ਇਸ ਕਰਕੇ ਇਸ ਆਤਮ ਕਥਾ ਵਿਚ ਵੀ ਇਸ ਦਾ ਅਭਾਵ ਹੈ ਪਰੰਤੂ ਘਟਨਾਵਾਂ ਦੀ ਸੰਗਲੀ ਆਪਸ ਵਿਚ ਪਰੁੱਚੀ ਹੋਈ ਹੈ ਅਤੇ ਉਹ ਇਕ ਲੜੀਵਾਰ ਇਤਿਹਾਸ ਹੈ ਜਿਸ ਰਾਹੀਂ ਭਾਰਤ ਦੇ ਪਛੜੇ ਵਰਗ ਨੂੰ ਹਾਕਮਾਂ ਸਾਹਮਣੇ ਖਲੋਣ ਦੀ ਸ਼ਕਤੀ ਮਿਲਦੀ ਹੈ।

ਇਤਿਹਾਸਕ ਸਚਿਆਈਆਂ ਉੱਤੇ ਆਧਾਰਤ ਹੋਣ ਕਰਕੇ ਇਸ ਵਿਚ ਤਿਥਾਂ, ਤਾਰੀਖਾਂ ਦੀ ਲੋੜ ਨਹੀਂ। ਗੁਰੂ ਸਾਹਿਬ ਦੇ ਆਦਰਸ਼ ਅਤੇ ਦਰਸ਼ਨ ਦੀਆਂ ਉਚਤਮ ਸਿਖਰਾਂ ਆਪ-ਮੁਹਾਰੇ ਇਸ ਵਿਚ ਚਿਤਰੀਆਂ ਗਈਆਂ ਹਨ। ਕੇਵਲ ਤਾਰੀਖਾਂ ਹੀ ਇਤਿਹਾਸ ਨਹੀਂ ਹੁੰਦਾ, ਸਗੋਂ ਉਹ ਮਹਾਨ ਆਧਾਰ ਸ਼ਿਲਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਸ ਉੱਚ ਆਤਮਾ ਨੇ ਅਪਣਾ ਕੇ ਸੱਚ ਕਰ ਦਿਖਾਇਆ। ਜਬਰ ਦਾ ਟਾਕਰਾ ਕਰਨ ਲਈ ਇਹ ਲੋਕ ਸੁਪਨਾ ਸੀ ਜਿਸ ਦੀ ਉਸ ਅਣਖੀਲੇ ਜਰਨੈਲ ਨੇ ਅਗਵਾਈ ਕੀਤੀ। ਚਿੜੀਆਂ ਬਾਜ਼ਾਂ ਦਾ ਸ਼ਿਕਾਰ ਕਰਨ ਲਈ ਤਿਆਰ ਹੋ ਗਈਆਂ। ਇਹ ਕਿਸੇ ਧਰਮ ਵਿਰੁੱਧ ਨਫ਼ਰਤ ਦਾ ਪ੍ਰਚਾਰ ਨਹੀਂ ਸੀ ਸਗੋਂ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ' ਦਾ ਸੰਦੇਸ਼ ਸੀ ਜੋ ਹਰ ਇਕ ਪ੍ਰਾਣੀ-ਮਾਤਰ ਨੂੰ ਆਪਣਾ ਬਣਾਉਂਦੀ ਹੈ; ਪ੍ਰੰਤੂ, ਜ਼ਾਲਮ ਅੱਗੇ ਝੁਕਦੀ ਨਹੀਂ ਤਾਂ ਜੋ ਉਸ ਨੂੰ ਜ਼ੁਲਮ ਕਰਨ ਦੀ ਆਦਤ ਨਾ ਪੈ ਜਾਵੇ। ਗੁਰੂ ਜੀ ਨੇ ਇਸ ਵਿਚ ਆਪਣੇ ਆਪ ਨੂੰ ਜਗਤ-ਤਮਾਸ਼ਾ ਦੇਖਣ ਆਇਆ ਪਰਮ ਪੁਰਖ ਦਾ ਦਾਸਾ ਦੱਸਿਆ। ਜਗਤ ਤਮਾਸ਼ਾ ਵੇਖਣ ਵਾਲਾ ਤਮਾਸ਼ੇ ਦਾ ਨਾਇਕ ਵੀ ਹੈ ਤੇ ਬੇਨਿਆਜ ਹੁੰਦਾ ਹੋਇਆ ਇਸ ਤੋਂ ਵੱਖ ਵੀ। ਉਸ ਵਿਚ ਭਾਣੇ ਵਿਚ ਰਹਿਣ ਦੀ ਸ਼ਕਤੀ ਹੈ।

ਮਹਾਨ ਲੇਖਕ ਦੀਆਂ ਲੇਖਣੀਆਂ ਵਿਚੋਂ ਉਸ ਸਮੇਂ ਦੀਆਂ ਸਾਹਿਤਕ ਪ੍ਰਸਥਿਤੀਆਂ ਦੇ ਦਰਸ਼ਨ ਹੁੰਦੇ ਹਨ। ਲੇਖਕ ਚੇਤੰਨ ਰੂਪ ਵਿਚ ਆਪਣੀ ਲੇਖਣੀ ਨੂੰ ਮਨੋ-ਕਲਪਤ ਨਹੀਂ ਹੋਣ ਦੇਂਦਾ। ਇਹ ਆਤਮ ਕਥਾ ਪੁਰਾਤਨਤਾ ਅਤੇ ਅਣੂਨਿਕਤਾ ਦਾ ਸੁਸੰਗਮ ਹੈ। ਇਸ ਦਾ ਆਧਾਰ ਸਰਵ-ਪ੍ਰਵਾਨਿਕ ਸਚਿਆਈਆਂ ਹਨ। ਸ੍ਰੀ ਗੁਰੂ ਅਮਰਦਾਸ ਜੀ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੇਣ ਦੀ ਘਟਨਾ ਵਿਚ ਸੋਢੀ ਰਾਏ ਦੇ ਵੰਸ਼ ਪਾਠੀ ਵੰਸ਼ ਦੀ ਕਥਾ ਸਮਾਈ ਹੋਈ ਹੈ ਜਿਸ ਦੇ ਵਰ ਨਾਲ ਤਿੰਨ ਪਾਤਸ਼ਾਹੀਆਂ ਤੋਂ ਬਾਅਦ ਸੋਢੀ ਵੰਸ਼ ਨੂੰ ਰਾਜ ਮਿਲਿਆ। ਇਸ ਨੂੰ ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿਚ ਪਹਿਲਾਂ ਅੰਕਤ ਕਰ ਚੁੱਕੇ ਸਨ।

ਡਾਕਟਰ ਹਰਭਜਨ ਸਿੰਘ ਨੇ ਵਿਸ਼ਿਆਂ ਦੇ ਆਧਾਰ 'ਤੇ ਇਸ ਆਤਮ-ਕਥਾ ਦੇ ਤਿੰਨ ਭਾਗ ਕੀਤੇ ਹਨ :

www.sikhbookclub.com

(ੳ) ਬੰਦਨਾ-ਉਤਪਤੀ।

(ਅ) ਵੰਸ਼-ਵਰਣਨ ਆਦਿ।

(ੲ) ਯੁਧ ਵਰਣਨ ਆਦਿ।

ਗੁਰੂ ਜੀ ਦੇ ਚਰਿੱਤਰ ਵਿਚ ਸਮਤੁਲਤਾ ਹੈ। ਉਹ ਬਾਣੀ ਲਿਖਣ ਜਾਂ ਯੁੱਧ ਕਰਨ ਸਮੇਂ ਚਰਿੱਤਰ ਦੀ ਸਮਤੁਲਤਾ ਨੂੰ ਸਮਾਨ ਰੱਖਦੇ ਹਨ। ਉਹ ਅਡੋਲ ਚਿੱਤ ਸਾਰੇ ਕਾਰਜ ਕਰਦੇ ਹਨ। ਗੁਰੂ ਜੀ ਦੀ ਸਾਰੀ ਬਾਣੀ ਦਾ ਮੁੱਖ ਉਦੇਸ਼ ਇਕ ਨਿਰਾਕਾਰ ਵਾਹਿਗੁਰੂ ਦੀ ਸਿਫ਼ਤ ਸਲਾਹ ਹੈ। ਉਹ ਨਿਰਗੁਣ, ਨਿਰਾਕਾਰ ਵਾਹਿਗੁਰੂ ਦੇ ਉਪਾਸ਼ਕ ਹਨ। ਇਸ ਵਿਚ ਬ੍ਰਹਮ ਦਾ ਸਰਗੁਣ ਸਰੂਪ ਗੁਰਬਾਣੀ ਵਾਲਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਖਰੀ ਭਾਵਨਾ ਪ੍ਰਗਟ ਨਹੀਂ ਕੀਤੀ। ਜਾਪੁ ਸਾਹਿਬ ਵਿਚ ਵਾਹਿਗੁਰੂ ਦਾ ਸਰਗੁਣ-ਸਰੂਪ ਵੀ ਪੂਰਨ ਰੂਪ ਵਿਚ ਉਲੀਕਿਆ ਹੈ, ਪਰ ਸਰਗੁਣ ਸਰੂਪ, ਨਿਰਗੁਣ ਆਧਾਰ ਹੀ ਹੈ।

ਅਨੇਕ ਹੈਂ ॥ ਫਿਰਿ ਏਕ ਹੈਂ ॥

ਵਾਹਿਗੁਰੂ ਦਾ ਨਾ ਤਾਂ ਕੋਈ ਚੱਕਰ ਚਿਹਨ, ਨਾ ਬਰਨ ਜਾਤਿ ਹੈ, ਨਾ ਰੇਖ ਭੇਖ ਹੈ। ਉਹ ਮਜ਼ਹਬ, ਜਨਮ, ਲਿੰਗ ਤੋਂ ਰਹਿਤ ਹੈ। ਉਹ ਭਗਤੀ ਨੂੰ ਕੇਵਲ ਅੱਗਾ ਸੰਵਾਰਨ ਲਈ ਹੀ ਨਹੀਂ, ਸਗੋਂ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਵਾਂਗ ਦੁੱਖ ਤੇ ਸੁਖ ਨੂੰ ਇਕ ਦ੍ਰਿਸ਼ਟੀ ਵਿਚ ਵੇਖਣ ਲਈ ਕਰਦੇ ਹਨ। ਉਹਨਾਂ ਦੀ ਬਾਣੀ ਵਿਚ ਭਗਤੀ ਇਕ ਪ੍ਰੇਰਨਾ ਸਰੋਤ ਹੈ ਜਿਹੜੀ ਦੁਨਿਆਵੀ ਫ਼ਰਜ਼ਾਂ ਦੀ ਪਾਲਣਾ ਲਈ ਮਨੁੱਖ ਨੂੰ ਉਤਸ਼ਾਹਿਤ ਕਰਦੀ ਹੈ। ਜਿਹੜਾ ਵਿਅਕਤੀ ਦੁਨਿਆਵੀ ਫ਼ਰਜ਼ਾਂ ਦੀ ਠੀਕ ਢੰਗ ਨਾਲ ਪਾਲਣਾ ਕਰਦਾ ਹੈ ਉਹ ਭਗਤੀ ਮਾਰਗ ਦੀਆਂ ਉਚਤਮ ਸਿਖਰਾਂ ਛੋਹ ਸਕਦਾ ਹੈ।

ਗੁਰਬਾਣੀ ਵਿਚ ਜੀਵਨ ਦੀ ਉੱਚਤਾ ਤੇ ਸੁੱਚਤਾ ਨਾਲ ਜਬਰ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਹੈ। ਇਸੇ ਪ੍ਰੇਰਨਾ ਦੇ ਬਲਬੂਤੇ ਹੀ ਗੁਰੂ ਸਾਹਿਬ ਨੇ ਜ਼ੁਲਮ ਵਿਰੁੱਧ ਹਥਿਆਰ ਚੁੱਕਣ ਦੀ ਪ੍ਰੇਰਨਾ ਕੀਤੀ। ਇਹ ਪੂਰਨੇ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾ ਚੁੱਕੇ ਸਨ। ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਤਾਂ ਕਈ ਪਹਾੜੀ ਰਾਜਿਆਂ ਦੇ ਰਾਜ ਹਥਿਆ ਸਕਦੇ ਸਨ। ਗੁਰੂ ਜੀ ਤਾਂ ਕੇਵਲ ਮਜ਼ਲੂਮਾਂ ਲਈ ਹੀ ਢਾਲ ਬਣੇ। ਰਾਜ ਕਰਨਾ ਉਹਨਾਂ ਦਾ ਜੀਵਨ-ਉਦੇਸ਼ ਨਹੀਂ ਸੀ, ਉਹ ਤਾਂ ਜਨਤਾ ਦੇ ਦਿਲਾਂ ਉੱਤੇ ਰਾਜ ਕਰਦੇ ਸਨ।

ਗੁਰੂ ਜੀ ਕੇਵਲ ਇਕ ਨਿਰੰਕਾਰ ਦੀ ਹੀ ਪੂਜਾ ਕਰਦੇ ਹਨ। ਜਾਪੁ ਸਾਹਿਬ ਵਿਚ ਉਹ ਨਿਰਾਕਾਰ ਅਤੇ ਸਰਗੁਣ ਸਰੂਪਾਂ ਦਾ ਵਰਣਨ ਕਰਦੇ ਹਨ। ਉਹ ਨਿਰੰਕਾਰ ਨੂੰ ਮਹਾਂ-ਕਾਲ, ਸਰਬ-ਕਾਲ, ਸਰਬ ਲੋਹ ਦੇ ਰੂਪ ਵਿਚ ਹੀ ਵਰਣਨ ਕਰਦੇ ਹਨ। ਨਿਰੰਕਾਰ ਹੀ ਸਾਰੀ ਸ੍ਰਿਸ਼ਟੀ ਦਾ ਚਾਲਕ ਹੈ।

ਡਾਕਟਰ ਹਰਭਜਨ ਸਿੰਘ ਅਨੁਸਾਰ : (1) ਮਹਾਂਕਾਲ ਇਕ ਨਰ ਦਾ ਰੂਪ ਧਾਰ ਕੇ ਵੀ ਨਿਰਾਕਾਰ ਭਗਵਾਨ ਹੈ। ਹੋਰ ਸਾਰੇ ਅਵਤਾਰ ਇਹਨਾਂ ਦਾ ਹੀ ਰੂਪ ਹਨ। (2) ਰਾਮ, ਕ੍ਰਿਸ਼ਨ ਆਦਿ 24 ਅਵਤਾਰ ਜੋ ਭਗਵਾਨ ਦਾ ਅਵਤਾਰ ਹੋ ਕੇ ਵੀ ਭਗਵਾਨ ਨਹੀਂ ਹਨ। ਉਹ ਬਾਕੀ ਮਨੁੱਖੀ ਸ੍ਰਿਸ਼ਟੀ ਦੇ ਸਮਾਨ ਹੀ ਮਹਾਕਾਲ ਦੀਆਂ ਦਾਹੜਾਂ ਹੇਠ ਆ ਕੇ ਪਿੱਸਦੇ ਹਨ।

ਗੁਰੂ ਸਾਹਿਬ ਨੇ 24 ਅਵਤਾਰਾਂ ਦਾ ਵਰਣਨ ਕਰਕੇ ਇਹ ਦ੍ਰਿੜ੍ਹਾਇਆ ਹੈ ਕਿ ਅਵਤਾਰ ਨਿਰੰਕਾਰ ਦਾ ਰੂਪ ਨਹੀਂ, ਨਿਰੰਕਾਰ ਸਦਾ ਸਥਿਰ ਹੈ ਅਤੇ ਅਵਤਾਰ ਕਾਲ 'ਤੇ ਵਿਜਈ ਨਹੀਂ। ਇਹ

www.sikhbookclub.com

ਜਨਮ ਲੈਂਦੇ ਅਤੇ ਕਾਲ-ਵੱਸ ਹੋ ਜਾਂਦੇ ਹਨ। ਜੋ ਬਿਨਸਨਹਾਰ ਹੈ ਉਸ ਦੀ ਪੂਜਾ ਯੋਗ ਨਹੀਂ।

ਬਚਿਤ੍ਰ ਨਾਟਕ ਵਿਚ ਗੁਰੂ ਜੀ ਨੇ ਇਸ ਸੰਸਾਰ ਵਿਚ ਆਉਣ ਦਾ ਆਪਨਾ ਉਦੇਸ਼ ਪ੍ਰਗਟ ਕੀਤਾ ਹੈ। ਕੋਈ ਮਹਾਨ ਆਤਮਾ ਹੀ ਚਲ ਰਹੀ ਮੰਦਭਾਵਨਾ ਨੂੰ ਠੱਲ੍ਹ ਪਾ ਸਕਦੀ ਹੈ। ਜੀਵਨ ਦਾ ਅਸਲ ਸੰਘਰਸ਼ ਬੇ-ਇਨਸਾਫ਼ੀਆਂ ਅਤੇ ਜਬਰ ਵਿਰੁੱਧ ਆਵਾਜ਼ ਉਠਾਉਣਾ ਹੈ। ਉਹਨਾਂ ਮੁਰਦਾਂ ਰੂਹਾਂ ਵਿਚ ਜਾਨ ਪਾਈ। ਹੇਠ ਲਿਖੀਆਂ ਪੰਗਤੀਆਂ ਵਿਚ ਉਹਨਾਂ ਆਪਣੇ ਜੀਵਨ ਉਦੇਸ਼ ਨੂੰ ਪ੍ਰਗਟ ਕੀਤਾ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥ (ਅਧਿ: ੬)

ਗੁਰੂ ਜੀ ਆਪਣੀ ਇਸ ਸੰਸਾਰ-ਯਾਤਰਾ ਦਾ ਉਦੇਸ਼ ਵਾਹਿਗੁਰੂ ਦੇ ਮੁਖਾਰਬਿੰਦ ਤੋਂ ਅਖਵਾਉਂਦੇ ਹਨ :

ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥੨੯॥ (ਅਧਿ: ੬)

ਇਸ ਆਤਮਾ ਕਥਾ ਵਿਚ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਇਕ ਮਹਾਨ ਕੁਰਬਾਨੀ ਮੰਨਦੇ ਹਨ :

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥

(ਅਧਿ: ੫)

ਇਸ ਸ਼ਹਾਦਤ ਦਾ ਸਮਾਂ ਉਹ ਇਸ ਪ੍ਰਕਾਰ ਪ੍ਰਗਟ ਕਰਦੇ ਹਨ :

ਜਬ ਹਮ ਧਰਮ ਕਰਮ ਮੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥ (ਅਧਿ: ੭)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੇ ਉਹਨਾਂ ਦੇ ਮਨ ਉੱਤੇ ਕਈ ਪ੍ਰਕਾਰ ਦੇ ਪ੍ਰਭਾਵ ਪਾਏ। ਇਸ ਸ਼ਹੀਦੀ ਨੇ ਸਿੱਖੀ ਨੂੰ ਨਵਾਂ ਮੋੜ ਦਿੱਤਾ ਅਤੇ ਸਿੱਖੀ ਵਿਚ ਜਬਰ ਵਿਰੁੱਧ ਡਟਣ ਦੀ ਸਮਰੱਥਾ ਆਈ। ਇਸ ਸਮਰੱਥਾ ਵਿਚੋਂ ਖਾਲਸੇ ਨੇ ਜਨਮ ਲਿਆ। ਖਾਲਸਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੌਜ ਸੀ। ਇਹ ਦਸਾਂ ਪਾਤਸ਼ਾਹੀਆਂ ਵਲੋਂ ਸਿੱਖੀ ਦੇ ਸਿਰਜੇ ਜਾ ਰਹੇ ਬੂਟੇ ਦਾ ਉਚਤਮ ਫਲ ਸੀ ਅਤੇ ਸਿੱਖੀ ਦਾ ਅੰਤਮ ਪੜਾਅ ਵੀ ਸੀ। ਦੁਨੀਆਂ ਦੇ ਧਾਰਮਿਕ ਫ਼ਲਸਫ਼ੇ ਵਿਚ ਇਹ ਇਕ ਅਦੁੱਤੀ ਦੇਣ ਹੈ। ਇਸ ਤੋਂ ਵੱਡੀ ਦੇਸ਼-ਭਗਤੀ ਦੀ ਦੁਨੀਆਂ ਵਿਚ ਉਦਾਹਰਨ ਕਿਤੇ ਨਹੀਂ ਮਿਲਦੀ। ਆਪਣੇ ਕਿਸੇ ਸੁਆਰਥ ਰਾਹੀਂ ਖਾਲਸੇ ਦਾ ਜਨਮ ਨਹੀਂ ਹੋਇਆ, ਸਗੋਂ 'ਸੰਤਾ ਮਾਨਉ ਦੂਤਾ ਡਾਨਉ" ਦੇ ਉਦੇਸ਼ ਨੂੰ ਮੁੱਖ ਰੱਖ ਕੇ ਕੀਤਾ। ਉਹ ਖਾਲਸੇ ਦੇ ਸਾਹਸ ਬਾਰੇ ਲਿਖਦੇ ਹਨ :

ਜੇ ਜੇ ਸਹਿਤ ਜਾਤਨ ਸੰਦੇਹਿ ॥
ਪ੍ਰਭ ਕੋ ਸੰਗਿ ਨ ਛੋਡਤ ਨੇਹ ॥

www.sikhbookclub.com

ਤੇ ਤੇ ਧਰਮ ਪੁਰੀ ਕਹ ਜਾਹੀ ॥
ਤਿਨ ਹਰਿ ਸਿਉ ਅੰਤਰੁ ਕਛੁ ਨਾਹੀਂ ॥੨੧॥ (ਅਧਿ: ੬)

ਗੁਰੂ ਜੀ ਅਨੁਸਾਰ ਕਾਇਰ ਹੋ ਕੇ ਭੱਜ ਜਾਣ ਵਾਲੇ ਨਰਕ ਕੁੰਡ ਵਿਚ ਪੈਂਦੇ ਹਨ :

ਜੇ ਜੇ ਜੀਯ ਜਾਤਨ ਤੇ ਡਰੈ ॥
ਪਰਮ ਪੁਰਖ ਤਜਿ ਤਿਨ ਮਗ ਪਰੈ ॥
ਤੇ ਤੇ ਨਰਕ ਕੁੰਡ ਮੋ ਪਰਹੀ ॥
ਬਾਰ ਬਾਰ ਜਗ ਮੋ ਬਪੁ ਧਰਹੀ ॥੨੨॥ (ਅਧਿ: ੬)

ਇਸ ਆਤਮ ਕਥਾ ਦਾ ਵਿਸ਼ੇਸ਼ ਭਾਗ ਯੁੱਧ ਵਰਣਨ ਦਾ ਹੈ। ਇਸ ਵਿਚ ਪਾਂਵਟੇ ਦੀ ਲੜਾਈ, ਨਾਦੌਣ ਯੁੱਧ, ਖਾਨਜ਼ਾਦੇ ਕੋ ਆਗਮਨ, ਹੁਸੈਨੀ ਯੁੱਧ ਆਦਿ ਦਾ ਵੇਰਵੇ ਸਹਿਤ ਵਰਨਣ ਕੀਤਾ ਹੈ। ਇਹ ਯੁੱਧ ਵਰਣਨ ਕੇਵਲ ਆਪਣੀਆਂ ਜਿੱਤਾਂ ਦਾ ਵਰਣਨ ਕਰਨ ਲਈ ਨਹੀਂ ਸਗੋਂ ਉਸ ਸਮੇਂ ਦੀ ਦੇਸ਼ ਵਿਚ ਵਾਪਰ ਰਹੀ ਰਾਜਨੀਤਕ ਦਸ਼ਾ ਦਾ ਵੀ ਉਲੇਖ ਕਰਦੇ ਹਨ। ਹਿੰਦੂ ਰਾਜੇ ਆਪਸ ਵਿਚ ਲੜ ਰਹੇ ਸਨ ਅਤੇ ਇਕ ਦੂਸਰੇ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦੇ ਸਨ। ਰਾਜਿਆਂ ਦੀ ਇਸੇ ਕੁਟਲ ਨੀਤੀ ਨੇ ਹਿੰਦੁਸਤਾਨ ਨੂੰ ਕਈ ਸਦੀਆਂ ਗ਼ੁਲਾਮ ਬਣਾਈ ਰੱਖਿਆ।

ਇਨ੍ਹਾਂ ਲੜਾਈਆਂ ਦਾ ਮੁੱਖ ਕਾਰਨ ਲਤਾੜੀਆਂ ਹੋਈਆਂ ਜਾਤੀਆਂ ਵਿਚ ਸਾਹਸ ਭਰਨਾ ਸੀ। ਹਿੰਦੂ ਰਾਜੇ ਜਾਤ ਅਭਿਮਾਨ ਵਿਚ ਇਹ ਨਹੀਂ ਚਾਹੁੰਦੇ ਸਨ ਕਿ ਭਾਰਤ ਦੀ ਕੋਈ ਦਲਿਤ ਜਾਤੀ ਦਾ ਵਿਅਕਤੀ ਉਹਨਾਂ ਸਾਹਮਣੇ ਮੁੱਛ ਉੱਚੀ ਕਰਕੇ ਖਲੋਵੇ। ਇਹ ਲੜਾਈਆਂ ਇਕ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਲੜੀਆਂ ਗਈਆਂ। ਇਹ ਵਿਚਾਰਧਾਰਾ ਸੀ ਦੱਬਿਆਂ ਨੂੰ ਉੱਚਾ ਚੁੱਕਣਾ। ਹਿੰਦੂ ਰਾਜੇ ਅਤੇ ਉਸ ਸਮੇਂ ਕੇਂਦਰੀ ਸਰਕਾਰ ਦੱਬਿਆਂ ਨੂੰ ਹੋਰ ਦੱਬਣਾ ਚਾਹੁੰਦੀ ਸੀ। ਇਹ ਲੜਾਈਆਂ ਗੁਰੂ ਜੀ ਨੇ ਕਿਤੇ ਵੀ ਆਪ ਪਹਿਲ ਕਰ ਕੇ ਨਹੀਂ ਲੜੀਆਂ ਸਗੋਂ ਬਦੋਬਦੀ ਉਨ੍ਹਾਂ ਦੇ ਗਲ ਪਈਆਂ ਹਨ ਅਤੇ ਇਹਨਾਂ ਵਿਚੋਂ ਜ਼ੁਲਮ ਵਿਰੁੱਧ ਭਾਵਨਾ ਨਿਕਲੀ ਹੈ। ਗੁਰੂ ਜੀ ਜਿੱਤ ਕੇ ਵੀ ਨਿਮਰਤਾ ਵਿਚ ਰਹਿੰਦੇ ਹਨ :

ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥੩੪॥ (ਅਧਿ: ੮)

ਇਹ ਆਤਮ ਕਥਾ ਵਿਚ ਜੀਵਨ ਦੀਆਂ ਕੁਝ ਕੁ ਪ੍ਰੰਤੂ ਵਿਸ਼ੇਸ਼ ਘਟਨਾਵਾਂ ਆਉਂਦੀਆਂ ਹਨ। ਇਸ ਵਿਚ ਗੁਰੂ ਜੀ ਦੀ ਵਿਸ਼ੇਸ਼ ਕਰਾਮਾਤ ਖ਼ਾਲਸੇ ਦਾ ਜਨਮ, ਅਨੰਦਪੁਰ, ਚਮਕੌਰ ਦੀ ਜੰਗ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਛੀਵਾੜੇ ਦੀ ਯਾਤਰਾ ਆਦਿ ਵਿਸ਼ੇਸ਼ ਘਟਨਾਵਾਂ ਰਹਿ ਗਈਆਂ ਹਨ। ਪ੍ਰੰਤੂ ਜੇ ਅਸੀਂ ਖਾਲਸੇ ਦੇ ਜਨਮ ਦੀ ਤਾਰੀਖ਼ ਤੋਂ ਵਿਚਾਰੀਏ ਤਾਂ ਗੁਰੂ ਸਾਹਿਬ ਇਕ ਮਹਾਨ ਯੋਜਨਾ ਵਿਚ ਰੁਝੇ ਹੋਏ ਸਨ ਅਤੇ ਖਾਲਸੇ ਨੂੰ ਉਸਰਦਾ ਵੇਖਣ ਦੀ ਉਹਨਾਂ ਦੇ ਮਨ ਦੀ ਰੀਝ ਸੀ। ਇਸ ਲਈ ਕੁਝ ਮੁੱਢਲੀਆਂ ਵਿਸ਼ੇਸ਼ ਘਟਨਾਵਾਂ ਨੂੰ ਹੀ ਅੰਕਤ ਕਰਕੇ ਉਨ੍ਹਾਂ ਨੇ ਆਪਣੀ ਆਤਮ ਕਥਾ ਨੂੰ ਸਮਾਪਤ ਕਰ ਦਿੱਤਾ ਹੈ। ਖਾਲਸੇ ਦੀ ਸਾਜਣਾ ਅਤੇ ਉਸ ਤੋਂ ਬਾਅਦ ਦਾ ਸਮਾਂ ਬੜਾ ਸੰਘਰਸ਼-ਮਈ ਸੀ।

(4/1987)

www.sikhbookclub.com

ਚੰਡੀ ਦੀ ਵਾਰ : ਇਕ ਅਧਿਐਨ

ਵਾਰ ਪੰਜਾਬੀ ਸਾਹਿਤ ਦਾ ਇਕ ਵਿਸ਼ੇਸ਼ ਰੂਪ ਹੈ, ਜਿਸ ਵਿਚ ਆਮ ਤੌਰ 'ਤੇ ਕਿਸੇ ਯੋਧੇ, ਮਹਾਂਬਲੀ ਜਾਂ ਬਹਾਦਰ ਵਿਅਕਤੀ ਦੇ ਜੰਗੀ ਕਾਰਨਾਮਿਆਂ ਦੀ ਉਪਮਾ ਕੀਤੀ ਗਈ ਹੁੰਦੀ ਹੈ। ਪੰਜਾਬੀ ਸਾਹਿਤ ਵਿਚ ਇਹ ਰੂਪ ਬੜਾ ਪੁਰਾਣਾ ਹੈ ਅਤੇ ਮੁੱਢਲੇ ਸਮੇਂ ਤੋਂ ਲੈ ਕੇ ਅੱਜ ਤਕ ਸੈਂਕੜੇ ਸ਼ਾਇਰਾਂ ਨੇ ਇਸ ਰੂਪ 'ਤੇ ਆਪਣੀ ਕਲਾ ਨੂੰ ਅਜ਼ਮਾਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਦੇ ਕਈ ਕਾਰਨ ਹਨ। ਪਹਿਲਾ ਤਾਂ ਇਹ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਤਨਾ ਵੀ ਸਾਹਿਤ ਰਚਿਆ ਹੈ ਉਸ ਵਿਚ 'ਚੰਡੀ ਦੀ ਵਾਰ' ਹੀ ਕੇਵਲ ਇਕ ਅਜਿਹੀ ਰਚਨਾ ਹੈ ਜਿਸ ਨੂੰ 'ਸ਼ੁਧ ਪੰਜਾਬੀ ਸਾਹਿਤ' ਕਿਹਾ ਜਾ ਸਕਦਾ ਹੈ। ਦੂਜੇ—ਪੰਜਾਬੀ ਸਾਹਿਤ ਵਿਚ ਇਹ ਪਹਿਲੀ 'ਵਾਰ' ਹੈ ਜਿਸ ਵਿਚ ਕਿਸੇ ਉੱਚ ਵਿਅਕਤੀ ਦੇ ਜੰਗੀ ਕਾਰਨਾਮਿਆਂ ਦਾ ਜ਼ਿਕਰ ਪੂਰੀ ਨਿਰਪੱਖਤਾ ਨਾਲ ਅਤੇ ਬੀਰ ਰਸ ਵਿਚ ਕੀਤਾ ਗਿਆ ਹੈ। ਤੀਜੇ, ਪੰਜਾਬੀ ਸਾਹਿਤ ਵਿਚ ਇਹ ਪਹਿਲੀ ਬੀਰ ਰਸ ਵਾਲੀ ਵਾਰ ਹੈ ਜੋ ਸੰਪੂਰਨ ਤੌਰ 'ਤੇ ਸਾਡੇ ਤਕ ਪੁੱਜ ਸਕੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਉਂਕਿ ਆਪ ਇਕ ਬਹਾਦਰ ਜਰਨੈਲ ਸਨ, ਉਹਨਾਂ ਨੇ ਆਪ ਕਈ ਯੁੱਧ ਲੜੇ ਸਨ। ਅਨੇਕ ਥਾਵਾਂ 'ਤੇ ਵੈਰੀਆਂ ਦੇ ਭਾਰੀ ਦਲਾਂ ਦਾ ਟਾਕਰਾ ਕੀਤਾ। ਇਸ ਲਈ ਯੁੱਧ ਦਾ ਨਕਸ਼ਾ ਜਿਤਨਾ ਸੰਪੂਰਨ ਤੇ ਸਪੱਸ਼ਟ ਉਨ੍ਹਾਂ ਦੀ ਕਲਪਨਾ ਵਿਚ ਆ ਸਕਦਾ ਸੀ, ਉਤਨਾ ਹੋਰ ਕਿਸੇ ਸਾਹਿਤਕਾਰ ਦੇ ਨਹੀਂ। ਪੰਜਾਬੀ ਸਾਹਿਤ ਦੀਆਂ ਛੋਟੀਆਂ ਛੋਟੀਆਂ ਬੀਰ-ਰਸੀ ਵਾਰਾਂ ਉੱਤੇ ਚੰਡੀ ਦੀ ਵਾਰ ਨੂੰ ਇਸ ਲਈ ਵੀ ਪ੍ਰਮੁੱਖਤਾ ਪ੍ਰਾਪਤ ਹੈ ਕਿਉਂਕਿ ਉਹਨਾਂ ਦੇ ਨਾਇਕ ਰਾਸ਼ਟਰ-ਨਾਇਕ ਨਹੀਂ ਸਨ, ਸਗੋਂ ਉਹਨਾਂ ਦੀ ਪ੍ਰਸਿੱਧਤਾ ਇਕ ਵਿਸ਼ੇਸ਼ ਦਾਇਰੇ ਤਕ ਹੀ ਸੀਮਤ ਸੀ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਵਿਚ ਭਾਰਤੀ ਮਿਥਿਹਾਸ ਨੂੰ ਪੰਜਾਬੀ ਰੂਪ ਪ੍ਰਦਾਨ ਕੀਤਾ ਹੈ ਤੇ ਇਸ ਤਰ੍ਹਾਂ ਇਸ ਵਿਚ ਇਕ ਅਜਿਹੀ ਵਿਅਕਤੀ (ਦੁਰਗਾ ਦੇਵੀ) ਦੀ ਬਹਾਦਰੀ ਬਿਆਨ ਕੀਤੀ ਗਈ ਹੈ, ਜਿਸ ਦੀ ਹਰਮਨ-ਪਿਆਰਤਾ ਦਾ ਘੇਰਾ ਪੂਰਾ ਭਾਰਤ ਸੀ। ਫਿਰ, ਇਹ ਪੰਜਾਬੀ ਸਾਹਿਤ ਵਿਚ ਪਹਿਲੀ ਅਤੇ ਸਾਡੇ ਮੱਧ-ਕਾਲੀਨੀ ਸਾਹਿਤ-ਸਮੱਗਰੀ ਵਿਚ ਇਕੋ ਇਕ ਵਾਰ ਹੈ, ਜਿਸ ਵਿਚ ਕਿਸੇ ਇਸਤਰੀ ਦੇ ਗੁਣ ਗਾਏ ਗਏ ਹੋਣ।

'ਚੰਡੀ ਦੀ ਵਾਰ' ਵਿਚ ਤਰੇਤੇ ਜੁਗ ਦੀ ਇਕ ਕਹਾਣੀ ਬਿਆਨ ਕੀਤੀ ਗਈ ਹੈ ਜਦੋਂ ਦੈਂਤਾਂ ਨੇ ਦੇਵਤਿਆਂ ਦਾ ਜੀਊਣਾ ਕਠਨ ਕਰ ਦਿੱਤਾ ਸੀ। ਕਵੀ ਨੇ ਸਭ ਤੋਂ ਪਹਿਲਾਂ ਪਰਮਾਤਮਾ ਨੂੰ ਨਮਸਕਾਰ ਕੀਤੀ ਹੈ ਅਤੇ ਦੱਸਿਆ ਹੈ ਕਿ ਇਸ ਸੰਸਾਰ ਦੀ ਸਾਜਣਾ ਕਰਨ ਵਾਲਾ ਉਹੀ ਇਕ ਹੈ। ਸੰਸਾਰ ਦੇ ਸਾਰੇ ਵੱਡੇ ਪੁਰਸ਼, ਸਾਰੇ ਯੋਧੇ ਤੇ ਬਹਾਦਰ, ਅਵਤਾਰ ਅਤੇ ਪੈਗ਼ੰਬਰ ਸਭ ਉਸ ਤੋਂ ਤਾਕਤ

www.sikhbookclub.com

ਹਾਸਲ ਕਰਦੇ ਹਨ ਅਤੇ ਜਦੋਂ ਵੀ ਕੋਈ ਇਸ ਤਾਕਤ ਦੀ ਅਯੋਗ ਵਰਤੋਂ ਸ਼ੁਰੂ ਕਰ ਦੇਂਦਾ ਹੈ ਤਾਂ ਪਰਮਾਤਮਾ ਕਿਸੇ ਹੋਰ ਦੁਨੀਆਂ 'ਤੇ ਭੇਜ ਕੇ ਉਸ ਦੀ ਸ਼ਕਤੀ ਖ਼ਤਮ ਕਰ ਦੇਂਦਾ ਹੈ।

ਤਰੇਤੇ ਜੁਗ ਵਿਚ ਜਦੋਂ ਦੇਵਤਿਆਂ ਨੇ ਆਪਣੀ ਸ਼ਕਤੀ ਨੂੰ ਸ੍ਵੈ-ਸੁੱਖਾਂ ਤੇ ਐਸ਼ਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਤਾਂ ਪਰਮਾਤਮਾ ਨੇ ਮਹਿਖਾਸੁਰ, ਸੁੰਭ ਅਤੇ ਨਿਸੁੰਭ ਆਦਿ ਕੁਝ ਦੈਂਤ ਇਹਨਾਂ ਦੇਵਤਿਆਂ ਦਾ ਅਭਿਮਾਨ ਤੋੜਨ ਲਈ ਭੇਜ ਦਿੱਤੇ। ਦੈਂਤਾਂ ਨੇ ਦੇਵਤਿਆਂ ਦੇ ਰਾਜੇ ਇੰਦਰ ਨੂੰ ਹਰਾ ਕੇ ਭਜਾ ਦਿੱਤਾ ਅਤੇ ਤਿੰਨਾਂ ਲੋਕਾਂ 'ਤੇ ਆਪਣੇ ਰਾਜ ਦਾ ਪਰਚਮ ਲਹਿਰਾ ਦਿੱਤਾ। ਦੇਵਤਿਆਂ ਦਾ ਰਾਜਾ ਇੰਦਰ ਇਥੋਂ ਭੱਜ ਕੇ ਦੁਰਗਾ ਦੇਵੀ ਦੀ ਸ਼ਰਨ ਵਿਚ ਪੁੱਜਾ।

ਇਹ ਦੁਰਗਾ ਦੇਵੀ ਇਕ ਦੂਰ ਦੇ ਦੇਸ਼ ਦੀ ਰਾਜ ਕੁਮਾਰੀ ਸੀ। ਆਪਣੇ ਪਿਤਾ ਦੀ ਉਹ ਇਕੋ ਇਕ ਸਪੁੱਤਰੀ ਸੀ ਅਤੇ ਇਸੇ ਲਈ ਆਪਣੇ ਪਿਤਾ ਦੀ ਮੌਤ ਤੋਂ ਪਿੱਛੋਂ ਉਹ ਤਖ਼ਤ ਦੀ ਵਾਰਸ ਬਣੀ। ਦੁਰਗਾ ਨੇ ਸਾਰੀ ਉਮਰ ਸ਼ਾਦੀ ਨਹੀਂ ਸੀ ਕੀਤੀ। ਉਹ ਬੜੀ ਰੂਪ-ਵਤੀ ਸੀ ਤੇ ਇਸ ਤੋਂ ਵੀ ਵੱਧ ਉਹ ਬਹਾਦਰ ਤੇ ਬੀਰ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਦੁਰਗਾ ਸ਼ੇਰ ਦੀ ਸਵਾਰੀ ਕਰਦੀ ਸੀ। ਉਸ ਨੂੰ ਆਪਣੀ ਤਾਕਤ ਤੇ ਬਹਾਦਰੀ ਉੱਤੇ ਮਾਣ ਸੀ। ਇਸੇ ਲਈ ਉਹ ਆਪਣੇ ਆਪ ਨੂੰ 'ਦੁਰਗ ਸ਼ਾਹ' ਅਖਵਾਣਾ ਪਸੰਦ ਕਰਦੀ ਸੀ। ਦੁਰਗਾ ਆਪਣੇ ਘਰ ਤੋਂ ਬਾਹਰ ਘੱਟ ਹੀ ਨਿਕਲਿਆ ਕਰਦੀ ਸੀ, ਪਰ ਇਕ ਦਿਨ ਜਦੋਂ ਉਹ ਇਕ ਨੇੜੇ ਦੀ ਨਦੀ 'ਤੇ ਇਸ਼ਨਾਨ ਕਰਨ ਜਾ ਰਹੀ ਸੀ ਤਾਂ ਦੇਵਤਿਆਂ ਦੇ ਰਾਜੇ ਇੰਦਰ ਨੇ ਉਸ ਨੂੰ ਮਿਲ ਕੇ ਬੇਨਤੀ ਕੀਤੀ ਕਿ ਉਹ ਦੈਂਤਾਂ ਦੇ ਵਿਰੁੱਧ ਯੁੱਧ ਵਿਚ ਉਸ ਦੀ ਸਹਾਇਤਾ ਕਰੇ ਅਤੇ ਉਸ ਦਾ ਤਖ਼ਤ ਉਸ ਨੂੰ ਵਾਪਸ ਦਿਵਾ ਦੇਵੇ। ਦੁਰਗਾ ਇਕ ਨਿੱਡਰ ਸੈਨਿਕ-ਜਰਨੈਲ ਸੀ ਅਤੇ ਹਰ ਜਰਨੈਲ ਲੜਾਈ ਦੇ ਨਾਂ 'ਤੇ ਮੁਸਕਰਾਇਆ ਕਰਦਾ ਹੈ। ਦੁਰਗਾ ਇੰਦਰ ਦੀ ਇਹ ਬੇਨਤੀ ਸੁਣ ਕੇ ਖਿੜ-ਖਿੜਾ ਕੇ ਹੱਸ ਪਈ। ਉਸ ਨੂੰ ਦੈਂਤਾਂ ਦੀ ਕਰਤੂਤ 'ਤੇ ਕਰੋਧ ਆ ਗਿਆ; ਉਸ ਨੇ ਇੰਦਰ ਨੂੰ ਤਸੱਲੀ ਦਿੱਤੀ ਅਤੇ ਦੈਂਤਾਂ ਨੂੰ ਖਾਣ ਵਾਲੇ ਇਕ ਸ਼ੇਰ 'ਤੇ ਸਵਾਰ ਹੋ ਕੇ ਯੁੱਧ-ਖੇਤਰ ਵਲ ਵਧਣ ਲੱਗੀ।

ਏਧਰ, ਦੁਰਗਾ ਦੇ ਆਉਣ ਦੀ ਖ਼ਬਰ ਸੁਣ ਕੇ ਦੈਂਤ ਵੀ ਲੜਾਈ ਲਈ ਤਿਆਰ ਹੋ ਪਏ। ਉਹ ਵੀ ਜਿੱਤ ਜਾਂ ਮੌਤ ਦਾ ਪ੍ਰਣ ਕਰਕੇ ਖੇਤਰ ਵੱਲ ਕੁੱਦ ਪਏ। ਉਹਨਾਂ ਦੀਆਂ ਤਲਵਾਰਾਂ ਅਤੇ ਬਰਛੀਆਂ ਦੀ ਚਮਕ ਇਤਨੀ ਅਧਿਕ ਸੀ ਕਿ ਸੂਰਜ ਵੀ ਉਹਨਾਂ ਸਾਹਵੇਂ ਮਾਤ ਹੁੰਦਾ ਜਾ ਰਿਹਾ ਸੀ। ਦੋਵੇਂ ਸੈਨਾਵਾਂ ਇਸ ਤਰ੍ਹਾਂ ਇਕ ਦੂਜੇ ਦੇ ਸਾਹਮਣੇ ਖੜੋਤੀਆਂ ਹੋਈਆਂ ਸਨ, ਜਿਵੇਂ ਦੋ ਪਰਬਤ ਆਪਸ ਵਿਚ ਟਕਰਾਣ ਵਾਲੇ ਹੋਣ। ਨਗਾਰਿਆਂ 'ਤੇ ਚੋਟ ਪਈ, ਯੁੱਧ ਸ਼ੁਰੂ ਹੋਇਆ, ਪਰਚਮ ਲਹਿਰਾਣ ਲੱਗੇ, ਨੇਜ਼ੇ ਚਮਕਣ ਲੱਗੇ, ਬੀਰ ਤੇ ਯੋਧੇ ਮਸਤੀ ਨਾਲ ਝੂਮਣ ਲੱਗੇ, ਜੰਗ ਦੇ ਸਾਜ਼ਾਂ ਦੀਆਂ ਡਰਾਉਣੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਤਲਵਾਰਾਂ ਨਾਲ ਘਾਇਲ ਹੋ ਕੇ ਬੀਰ ਬਹਾਦਰ ਇਵੇਂ ਡਿੱਗਣ ਲੱਗੇ ਜਿਵੇਂ ਉਹ ਸ਼ਰਾਬ ਵਿਚ ਬੇਸੁਰਤ ਹੋਣ। ਤੀਰਾਂ ਦਾ ਅਸਰ ਕਾਲੇ ਸੱਪਾਂ ਜਿਤਨਾ ਸੀ। ਦੈਂਤਾਂ ਦੀਆਂ ਤੀਵੀਆਂ ਉੱਚੀਆਂ ਅਟਾਰੀਆਂ ਵਿਚ ਬੈਠੀਆਂ ਹੋਈਆਂ ਇਹ ਸਾਰਾ ਨਜ਼ਾਰਾ ਵੇਖ ਰਹੀਆਂ ਸਨ। ਦੁਰਗਾ ਦੇਵੀ ਤਲਵਾਰ ਨੂੰ ਆਪਣੇ ਹੱਥਾਂ ਵਿਚ ਨਚਾ ਰਹੀ ਸੀ ਅਤੇ ਵੈਰੀਆਂ ਦਾ ਸਫ਼ਾਇਆ ਕਰ ਰਹੀ ਸੀ। ਦੈਂਤ ਵੀ ਪੂਰੇ ਜੋਸ਼ ਵਿਚ ਸਨ। ਸੁਰਪਤ ਤੇ ਮਹਿਖਾਸੁਰ ਵਰਗੇ ਦੈਂਤਾਂ ਨੇ ਦੁਰਗਾ ਦਾ ਟਾਕਰਾ ਕੀਤਾ, ਪਰ ਅੰਤ ਉਨ੍ਹਾਂ ਨੂੰ ਸ਼ਿਕੱਸਤ ਹੋਈ ਤੇ ਜਿੱਤ ਨੇ ਦੁਰਗਾ ਦੇਵੀ ਦੇ ਹੀ ਕਦਮ ਚੁੰਮੇ। ਦੁਰਗਾ ਨੇ ਇੰਦਰ ਨੂੰ ਤਖ਼ਤ 'ਤੇ ਬਿਠਾਇਆ ਅਤੇ ਆਪ ਵਾਪਸ ਚਲੀ ਗਈ।

www.sikhbookclub.com

ਪਰ ਦੈਂਤਾਂ ਨੇ ਆਪਣੀ ਸ਼ਿਕੱਸਤ ਨੂੰ ਸਵੀਕਾਰ ਨਾ ਕੀਤਾ। ਉਹਨਾਂ ਵਿਚ ਵੀ ਵੱਡੇ-ਵੱਡੇ ਬਹਾਦਰ ਤੇ ਯੋਧੇ ਮੌਜੂਦ ਸਨ। ਇਕ ਵਾਰੀ ਫੇਰ ਦੇਵਤਿਆਂ 'ਤੇ ਹੱਲਾ ਕਰਨ ਦਾ ਉਹਨਾਂ ਨੇ ਫ਼ੈਸਲਾ ਕਰ ਲਿਆ। ਸੁੰਭ ਤੇ ਨਿਸੁੰਭ ਦੋ ਅਭਿਮਾਨੀ ਦੈਂਤ ਇੰਦਰ ਉੱਤੇ ਇਕ ਵਾਰੀ ਫੇਰ ਹਮਲਾ ਕਰ ਕੇ ਉਸ ਲਈ ਮੁਸੀਬਤ ਖੜੀ ਕਰ ਦੇਂਦੇ ਹਨ।

ਦੇਵਤਿਆਂ ਤੇ ਦੈਂਤਾਂ ਵਿਚਾਲੇ ਇਕ ਯੁੱਧ ਹੋਰ ਹੁੰਦਾ ਹੈ। ਪਹਿਲੇ ਯੁੱਧ ਵਾਂਗ ਇਹ ਵੀ ਬੜੇ ਘਮਸਾਨ ਦਾ ਯੁੱਧ ਸੀ। ਤਲਵਾਰਾਂ ਆਪਸ ਵਿਚ ਟਕਰਾ ਰਹੀਆਂ ਸਨ। ਲਹੂ ਦੀਆਂ ਨਦੀਆਂ ਵਹਿ ਰਹੀਆਂ ਸਨ। ਭੂਤ, ਇੱਲਾਂ ਅਤੇ ਕਾਂ ਮਾਸ ਖਾਣ ਦੀ ਆਸ 'ਤੇ ਆਕਾਸ਼ ਉੱਤੇ ਮੰਡਲਾ ਰਹੇ ਸਨ। ਪਰ ਐਤਕੀਂ ਦੇਵਤੇ ਹਾਰ ਗਏ ਅਤੇ ਜਿੱਤ ਦੈਂਤਾਂ ਦੀ ਹੋਈ।

ਦੇਵਤਿਆਂ ਦਾ ਰਾਜਾ ਇੰਦਰ ਤਖ਼ਤ ਤੋਂ ਇਕ ਵਾਰੀ ਫੇਰ ਦਸਤ-ਬਰਦਾਰ ਕਰ ਦਿੱਤਾ ਗਿਆ। ਇਕ ਵਾਰੀ ਫੇਰ ਉਹ ਦੁਰਗਾ ਦੇਵੀ ਦੀ ਸ਼ਰਨ ਵਿਚ ਪੁੱਜਾ, ਇਕ ਵਾਰੀ ਫੇਰ ਉਸ ਨੇ ਦੁਰਗਾ ਦੇਵੀ ਨੂੰ ਸਹਾਇਤਾ ਲਈ ਬਿਨੈ ਕੀਤੀ, ਇਕ ਵਾਰੀ ਫੇਰ ਦੁਰਗਾ ਦੇਵੀ ਨੇ ਉਸ ਦੀ ਸਹਾਇਤਾ ਕਰਨੀ ਕਬੂਲ ਕੀਤੀ ਅਤੇ ਰਾਕਸ਼ਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ।

ਇਹ ਤੀਜੀ ਲੜਾਈ ਸਭ ਤੋਂ ਵਧ ਭਿਆਨਕ ਸੀ। ਦੁਰਗਾ ਦੇ ਆਉਣ ਦੀ ਸੂਚਨਾ ਸੁਣਦੇ ਹੀ ਲੋਚਨ ਧੂਮ ਤੇ ਰਾਇ ਆਦਿ ਦੈਂਤਾਂ ਦੇ ਨੇਤਾ ਇਕੱਠੇ ਹੋ ਗਏ ਅਤੇ ਦੁਰਗਾ ਨੂੰ ਜ਼ਿੰਦਾ ਪਕੜਨ ਦਾ ਪ੍ਰਣ ਕਰ ਕੇ ਖੇਤਰ ਵਿਚ ਕੁਦ ਪਏ। ਦੁਰਗਾ ਦੇਵੀ ਇਹਨਾਂ ਸੈਨਾਵਾਂ ਨੂੰ ਵੇਖ ਜੋਸ਼ ਵਿਚ ਆ ਜਾਂਦੀ ਹੈ ਅਤੇ ਮਿਆਨ ਵਿਚੋਂ ਕਿਰਪਾਨ ਕੱਢ ਕੇ ਸਾਹਮਣੇ ਹੋ ਜਾਂਦੀ ਹੈ। ਘਮਸਾਨ ਦੇ ਯੁੱਧ ਵਿਚ ਲੋਚਨ ਧੂਮ ਦੁਰਗਾ ਦੀ ਤੇਗ਼ ਦਾ ਸ਼ਿਕਾਰ ਹੋ ਜਾਂਦਾ ਹੈ। ਸੁੰਮ ਨੂੰ ਵੀ ਆਪਣੀ ਮੌਤ ਸਾਹਮਣੇ ਵਿਖਾਈ ਦੇਂਦੀ ਹੈ। ਯੁੱਧ-ਖੇਤਰ ਵਿਚ ਫ਼ੌਜਾਂ ਦੇ ਦੌੜਨ ਨਾਲ ਸਖ਼ਤ ਗਰਦ-ਗੁਬਾਰ ਉੱਡੀ ਹੋਈ ਸੀ। ਘੋਰ ਹਨੇਰੇ ਵਿਚ ਤਲਵਾਰਾਂ ਬਿਜਲੀ ਵਾਂਗ ਚਮਕ ਰਹੀਆਂ ਸਨ। ਦੈਂਤਾਂ ਦੀ ਸੈਨਾ ਵਿਚ ਅਧਿਕ ਘਬਰਾਹਟ ਫੈਲ ਗਈ; ਦੁਰਗਾ ਦੀ ਤਲਵਾਰ ਦੀ ਧਾਰ ਵੇਖ ਕੇ ਉਹਨਾਂ ਦੀ ਸੁਰਤੀ ਗੁੰਮ ਹੋ ਗਈ ਅਤੇ ਉਹ ਆਪਣੇ ਹੀ ਸਾਥੀਆਂ ਨੂੰ ਕੁਚਲਣ ਲੱਗੇ, ਮਿਧਣ ਲੱਗੇ। ਆਪਣੀ ਫ਼ੌਜ ਦੀ ਇਸ ਬੇ-ਦਿਲੀ ਨੂੰ ਵੇਖ ਕੇ ਦੈਂਤਾਂ ਦਾ ਇਕ ਹੋਰ ਨੇਤਾ ਸਰਣ-ਵਤ-ਬੀਜ ਆਪ ਯੁੱਧ-ਖੇਤਰ ਵਿਚ ਲਪਕਿਆ। ਦੈਂਤ ਸਰਣ-ਵਤ-ਬੀਜ ਵਿਚ ਇਤਨੀ ਸ਼ਕਤੀ ਸੀ ਕਿ ਜਿਥੇ ਵੀ ਉਸ ਦੇ ਲਹੂ ਦਾ ਇਕ ਕਤਰਾ ਡਿੱਗਦਾ ਸੀ, ਉਥੇ ਇਕ ਹੋਰ ਦੈਂਤ ਪ੍ਰਗਟ ਹੋ ਜਾਂਦਾ ਸੀ। ਦੁਰਗਾ ਨੇ ਕਈ ਦੈਂਤਾਂ ਨੂੰ ਮਾਰਿਆ, ਪਰ ਸਰਣ-ਵਤ-ਬੀਜ ਦੇ ਖ਼ੂਨ ਦੇ ਹਰ ਕਤਰੇ ਤੋਂ ਨਵੇਂ ਦੈਂਤ ਪੈਦਾ ਹੋਣ ਲੱਗੇ। ਅੰਤ ਦੁਰਗਾ ਨੇ ਆਪਣੇ ਮੱਥੇ ਤੋਂ ਕਾਲਕਾ ਦੇਵੀ ਨੂੰ ਪ੍ਰਗਟ ਕੀਤਾ। ਕਾਲਕਾ ਦੇਵੀ ਸਰਣ-ਵਤ-ਬੀਜ ਦੇ ਖ਼ੂਨ ਨੂੰ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਆਪ ਹਜ਼ਮ ਕਰਨ ਲੱਗੀ। ਇਸ ਤਰ੍ਹਾਂ ਹੋਰ ਦੈਂਤ ਪੈਦਾ ਹੋਣੋਂ ਬੰਦ ਹੋ ਗਏ।

ਯੁੱਧ ਆਪਣੇ ਪੂਰੇ ਜੋਬਨ 'ਤੇ ਸੀ। ਦੁਰਗਾ ਅਤੇ ਉਸ ਦੀਆਂ ਫ਼ੌਜਾਂ ਦੀਆਂ ਤਲਵਾਰਾਂ ਨੇ ਸਰਣ-ਵਤ-ਬੀਜ ਨੂੰ ਇਸ ਤਰ੍ਹਾਂ ਘੇਰ ਲਿਆ ਸੀ ਜਿਵੇਂ ਕਿਸੇ ਲਾੜੇ ਨੂੰ ਵੇਖਣ ਲਈ ਕੁੜੀਆਂ ਘੇਰ ਲਿਆ ਕਰਦੀਆਂ ਹਨ। ਅੰਤ ਦੁਰਗਾ ਨੇ ਇਕੋ ਹੀ ਵਾਰ ਨਾਲ ਸਰਣ-ਵਤ-ਬੀਜ ਨੂੰ ਵੀ ਕਿਨਾਰੇ ਲਾ ਦਿੱਤਾ।

ਸਰਣ-ਵਤ-ਬੀਜ ਦੇ ਕਾਲ ਦੀ ਸੂਚਨਾ ਸੁਣ ਕੇ ਦੈਂਤਾਂ ਦੇ ਸਾਰੇ ਨੇਤਾ ਇਕੱਠੇ ਹੀ ਖੇਤਰ ਵਿਚ ਕੁੱਦ ਪੈਂਦੇ ਹਨ, ਪਰ ਇਕ ਇਕ ਕਰਕੇ ਦੁਰਗਾ ਦੀ ਤਿੱਖੀ ਤੇਗ਼ ਦਾ ਸ਼ਿਕਾਰ ਹੋ ਜਾਂਦੇ ਹਨ।

www.sikhbookclub.com

ਅੰਤ ਦੀ ਵਾਰ ਪੂਰਨ ਤੌਰ 'ਤੇ ਜਿੱਤ ਦੁਰਗਾ ਦੇਵੀ ਦੇ ਕਦਮ ਚੁੰਮਦੀ ਹੈ ਅਤੇ ਦੇਵੀ ਰਾਜੇ ਇੰਦਰ ਨੂੰ ਤਖ਼ਤ 'ਤੇ ਬਿਠਾ ਦੇਂਦੀ ਹੈ। ਉਹ ਆਪ ਵਾਪਸ ਆਪਣੀ ਰਾਜਧਾਨੀ ਚਲੀ ਜਾਂਦੀ ਹੈ। ਦੁਰਗਾ ਦੀ ਇਸ ਬਹਾਦਰੀ ਤੇ ਵੀਰਤਾ ਦੀ ਉਪਮਾ ਚੌਦਾਂ ਲੋਕਾਂ ਵਿਚ ਹੋਈ।

ਇਹ ਕਹਾਣੀ ਭਾਰਤੀ-ਮਿਥਿਹਾਸ ਦਾ ਇਕ ਅੰਗ ਹੈ ਅਤੇ ਅਸੀਂ ਸਭ ਤੋਂ ਪਹਿਲਾਂ ਇਸ ਨੂੰ ਮਾਰਕੰਡਾ ਪੁਰਾਣ ਵਿਚ ਲੱਭ ਸਕਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪਹਿਲਾਂ ਬ੍ਰਜੀ-ਭਾਸ਼ਾ ਵਿਚ 'ਚੰਡੀ ਚਰਿਤਰ' ਦੇ ਨਾਂ ਹੇਠ ਅਨੁਵਾਦ ਕੀਤਾ ਅਤੇ ਮਗਰੋਂ 'ਚੰਡੀ ਦੀ ਵਾਰ ਵਿਚ ਪੰਜਾਬੀ ਰੂਪ ਦਿੱਤਾ।

ਇਸ ਵਾਰ ਨੂੰ ਲਿਖਣ ਦਾ ਭਾਵ ਧਰਮ-ਯੁੱਧ ਲਈ ਤਿਆਰ ਹੋ ਰਹੀ ਕੌਮ ਦੇ ਯੁਵਕਾਂ ਵਿਚ ਇਕ ਨਵੀਂ ਰੂਹ ਫੂਕਣਾ ਸੀ। ਮਿਥਿਹਾਸ ਵਿੱਚੋਂ ਇਸ ਘਟਨਾ ਨੂੰ ਚੁਣ ਆਪਣੀ ਰਚਨਾ ਦਾ ਵਸਤੂ ਬਣਾਣ ਦਾ ਕਾਰਨ ਇਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਦਰਸਾਣਾ ਚਾਹੁੰਦੇ ਸਨ ਕਿ ਜੇਕਰ ਇਕ ਤੀਵੀਂ ਜ਼ਾਲਮਾਂ ਦਾ ਨਾਸ਼ ਇਤਨੀ ਬੀਰਤਾ ਨਾਲ ਕਰ ਸਕਦੀ ਹੈ ਤਾਂ ਨੌਜਵਾਨ- ਬਹਾਦਰ ਤੇ ਨਿਡਰ ਨੌਜਵਾਨ—ਆਪ ਕਿਉਂ ਨਹੀਂ ਜ਼ਾਲਮਾਂ ਦੇ ਛਕੇ ਛੁਡਾ ਸਕਦੇ।

'ਚੰਡੀ ਦੀ ਵਾਰ' ਦੀ ਭਾਸ਼ਾ ਸ਼ੁਧ-ਪੰਜਾਬੀ ਹੈ ਪਰ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫ਼ਾਰਸੀ, ਅਰਬੀ ਤੇ ਸੰਸਕ੍ਰਿਤ ਆਦਿ ਵੱਖ-ਵੱਖ ਸ਼ੈਲੀਆਂ ਦੇ ਮਾਹਿਰ ਸਨ, ਇਸ ਲਈ ਉਨ੍ਹਾਂ ਦੀ ਸ਼ਬਦਾਵਲੀ ਉੱਤੇ ਇਨ੍ਹਾਂ ਬੋਲੀਆਂ ਦਾ ਡੂੰਘਾ ਅਸਰ ਹੈ। ਉਹਨਾਂ ਦੀ ਬੋਲੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਕਈ ਥਾਈਂ ਉਹਨਾ ਨੇ ਵੱਖ-ਵੱਖ ਬੋਲੀਆਂ ਦੇ ਵੱਖ-ਵੱਖ ਸ਼ਬਦ ਮਿਲਾ ਕੇ ਨਵੇਂ ਸਮਾਸ ਬਣਾਏ ਹਨ ਅਤੇ ਇਸ ਤਰ੍ਹਾਂ ਪੰਜਾਬੀ ਬੋਲੀ ਨੂੰ ਹੋਰ ਵੀ ਅਮੀਰ ਕੀਤਾ ਹੈ।

ਵਾਰ ਵਿਚ ਉਪਮਾਵਾਂ ਤੇ ਅਲੰਕਾਰ ਆਪਣੀ ਮਿਸਾਲ ਆਪ ਹਨ। ਪੌੜੀਆਂ ਵਿਚਲੀ ਰਵਾਨੀ ਤੇ ਮੁਨਾਸਬ ਥਾਵਾਂ ਉੱਤੇ ਮੁਨਾਸਬ ਸ਼ਬਦ-ਚੋਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਨਰ ਹੈ। ਵਾਰ ਵਿਚ ਰਵਾਇਤੀ ਤਕਨੀਕ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਗਿਆ। ਭਾਵੇਂ ਇਸ ਵਿਚ ਗੁਰੂ ਜੀ ਨੇ ਸਿਰਖੰਡੀ ਛੰਦ ਦੀ ਵਰਤੋਂ ਕੀਤੀ ਹੈ, ਪਰ ਇਸ ਸਿਰਖੰਡੀ ਛੰਦ ਉੱਤੇ ਨਿੱਜੀ ਮੁਹਰ ਲਾ ਕੇ ਇਸ ਨੂੰ ਨਵਾਂ ਰੰਗ ਪ੍ਰਦਾਨ ਕੀਤਾ ਹੈ। ਪਉੜੀ ਦੀ ਆਖ਼ਰੀ ਸਤਰ ਦੀ ਲੰਬਾਈ ਆਮ ਸਤਰਾਂ ਨਾਲੋਂ ਅੱਧੀ ਰੱਖ ਕੇ ਇਸ ਵਿਚ ਤੇਜ਼ੀ ਪੈਦਾ ਕਰ ਦਿੱਤੀ ਗਈ ਹੈ। ਕਈ ਥਾਵਾਂ 'ਤੇ ਇਹ ਅੱਧੀ ਸਤਰ ਇਕ ਤੋਂ ਵੱਧ ਵਾਰੀ ਵੀ ਆ ਗਈ ਹੈ।

ਪੰਜਾਬੀ ਸਾਹਿਤ ਵਿਚ ਇਸ ਵਾਰ ਦਾ ਸਥਾਨ ਵਿਸ਼ੇਸ਼ ਹੈ। ਅੱਜ ਕਿਉਂ ਜੋ ਜੰਗ-ਜਦਲ ਦਾ ਤਰੀਕਾ ਹੀ ਬਦਲ ਚੁੱਕਾ ਹੈ, ਇਸ ਲਈ ਸਾਨੂੰ ਇਹ ਵੀ ਆਸ ਨਹੀਂ ਕਿ ਕਿਸੇ ਹੋਰ ਸਾਹਿਤਕਾਰ ਦੀ ਰਚਨਾ ਇਤਨੀ ਸੰਪੂਰਨ ਹੋਵੇਗੀ ਕਿ ਉਹ ਇਤਨੀ ਸ਼ਾਨਦਾਰ ਵਾਰ ਲਿਖ ਸਕੇ।

(12/1957)

www.sikhbookclub.com

ਗਿਆਨ ਪ੍ਰਬੋਧ

(ਸੰਖੇਪ ਜਾਣ-ਪਛਾਣ)

ਸਿੱਖ ਗੁਰੂ ਸਾਹਿਬਾਨ ਨੇ ਭਾਰਤ ਦੇ ਮੱਧ-ਕਾਲੀਨ ਇਤਿਹਾਸ ਅਤੇ ਸਭਿਆਚਾਰ ਵਿਚ ਗੌਰਮ-ਮਈ ਹਿੱਸਾ ਪਾਇਆ ਹੈ। ਉਨ੍ਹਾਂ ਨੇ ਲੋਕਾਂ ਵਿਚ ਧਾਰਮਿਕ, ਸਮਾਜਿਕ ਅਤੇ ਰਾਜਸੀ ਜਾਗ੍ਰਿਤੀ ਲਿਆਉਣ ਦੇ ਭਰਪੂਰ ਯਤਨ ਕੀਤੇ। ਇਸ ਕਾਰਜ ਲਈ ਸਾਹਿਤ ਦੀ ਵਰਤੋਂ ਯੋਜਨਾ-ਬੱਧ ਤਰੀਕੇ ਨਾਲ ਕੀਤੀ ਗਈ। ਸਿੱਖ ਧਰਮ ਦੇ ਦੋ ਪਵਿੱਤਰ ਤੇ ਮਹੱਤਵਪੂਰਨ ਧਰਮ ਗ੍ਰੰਥ ਹਨ— ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਹਿਤ ਸਾਧਨਾ ਦਾ ਅਮਰ ਫਲ ਦਸਮ ਗ੍ਰੰਥ ਹੈ। ਆਪ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਅਧਿਆਤਮਕ ਵਾਰਸ ਸਨ, ਨਾਲ ਹੀ ਆਪ ਇਕ ਮਹਾਂਬਲੀ ਸੈਨਾਪਤੀ ਵੀ ਸਨ। ਆਪ ਕਈ ਬੋਲੀਆਂ ਦੇ ਗਿਆਤਾ ਤੇ ਮਹਾਂਕਵੀ ਵੀ ਸਨ। ਗੁਰੂ ਸਾਹਿਬ ਦੇ ਇਨ੍ਹਾਂ ਗੁਣਾਂ ਦਾ ਸਬੂਤ ਹੈ ਦਸਮ ਗ੍ਰੰਥ। ਆਪ ਨੇ ਆਪਣੀਆਂ ਕਈ ਪ੍ਰਕਾਰ ਦੀਆਂ ਰਚਨਾਵਾਂ ਦੁਆਰਾ ਆਪਣੇ ਸਿੱਖਾਂ ਦੇ ਜੀਵਨ ਨੂੰ ਸਭ ਤਰ੍ਹਾਂ ਨਾਲ ਵਿਕਸਿਤ ਕਰਨ ਦਾ ਭਰਪੂਰ ਯਤਨ ਕੀਤਾ। ਦਸਮ ਗ੍ਰੰਥ ਭਿੰਨ-ਭਿੰਨ ਰਚਨਾਵਾਂ ਦਾ ਸੰਗ੍ਰਹਿ ਹੈ। ਇਸ ਵਿਚ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤਰ, ਉਕਤਿ ਬਿਲਾਸ, ਵਾਰ ਦੁਰਗਾ ਕੀ, ਗਿਆਨ ਪ੍ਰਬੋਧ, ਸ਼ਸਤ੍ਰ ਨਾਮ ਮਾਲਾ, ਚਰਿਤ੍ਰੋਪਖਯਾਨ, ਸ਼ਬਦ ਹਜ਼ਾਰੇ, ਤੇਤੀ ਸਵੱਈਏ, ਅਸਫੋਟਕ ਕਬਿਤ, ਜ਼ਫ਼ਰਨਾਮਾ ਤੇ ਹਕਾਯਤਾਂ ਆਦਿ ਸ਼ਾਮਿਲ ਹਨ।

ਦਸਮੇਸ਼ ਗੁਰੂ ਜੀ ਦੀ ਮਿਲਦੀ ਰਚਨਾ ਅਨੇਕ ਛੰਦਾਂ ਵਿਚ ਹੈ, ਜਿਸ ਤੋਂ ਆਪ ਦੀ ਅਧਿਆਤਮਿਕ ਉੱਚਤਾ, ਵਿਸ਼ਾਲ ਸੂਝ ਬੂਝ, ਵੱਖ-ਵੱਖ ਭਾਸ਼ਾਵਾਂ ਦੀ ਜਾਣਕਾਰੀ ਤੇ ਸ਼ਬਦ ਸ਼ਕਤੀ ਅਤੇ ਕਾਵਿ ਕਲਾ ਦੇ ਐਸੇ ਝਲਕਾਰੇ ਪੈਂਦੇ ਹਨ ਕਿ ਪਾਠਕ ਪੜ੍ਹ ਸੁਣ ਕੇ ਹੈਰਾਨ ਰਹਿ ਜਾਂਦਾ ਹੈ। ਸੰਸਾਰ ਦੇ ਸ਼ਾਇਦ ਉਹ ਪਹਿਲੇ ਬੀਰ ਸੈਨਾਪਤੀ ਹਨ ਜੋ ਕਿ ਉੱਚ ਕੋਟੀ ਦੇ ਕਵੀ ਵੀ ਸਨ।

ਗਿਆਨ ਪ੍ਰਬੋਧ ਦਸਮ ਗ੍ਰੰਥ ਵਿਚਲੀਆਂ ਰਚਨਾਵਾਂ ਵਿਚੋਂ ਇਕ ਮਹੱਤਵਪੂਰਨ ਰਚਨਾ ਹੈ। ਇਸ ਵਿਚ ਭਾਰਤੀ ਧਰਮਾਂ ਦੀ ਕੁਝ ਪੱਖਾਂ ਤੋਂ ਪ੍ਰਾਚੀਨ ਰੂਪ ਰੇਖਾ ਤੇ ਵਿਚਾਰਧਾਰਾ ਪੇਸ਼ ਕੀਤੀ ਗਈ ਹੈ।

ਇਸ ਦੇ ੩੩੬ ਛੰਦ ਮਿਲਦੇ ਹਨ। ਹੁਣ ਤਕ ਜਿਤਨੇ ਹੱਥ ਲਿਖਤ ਜਾਂ ਛਪੇ ਹੋਏ ਦਸਮ ਗ੍ਰੰਥ ਦੇ ਖਰੜੇ ਉਪਲਬਧ ਹਨ ਉਨ੍ਹਾਂ ਵਿਚ ਗਿਆਨ ਪ੍ਰਬੋਧ ਦੇ ੩੩੬ ਬੰਦ ਹੀ ਮਿਲਦੇ ਹਨ।

ਗਿਆਨ ਪ੍ਰਬੋਧ ਦੀ ਅੰਦਰਲੀ ਗਵਾਹੀ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਰਚਨਾ ਕਰਤਾ ਦੇ ਜੀਵਨ ਦੇ ਚਾਰ ਪੱਖ ਵਿਚਾਰ-ਗੋਚਰੇ ਕਰਨਾ ਚਾਹੁੰਦੇ ਹਨ। ਉਹ ਹਨ ਧਰਮ, ਅਰਥ, ਕਾਮ ਤੇ ਮੋਖ। ਭਾਰਤੀ ਧਰਮ ਸਾਹਿਤ ਅਤੇ ਗੁਰਮਤਿ ਵਿਚ ਇਨ੍ਹਾਂ ਨੂੰ 'ਚਾਰ ਪਦਾਰਥ' ਵੀ ਕਹਿੰਦੇ ਹਨ। ਇਸ

www.sikhbookclub.com

ਰਚਨਾ ਦੇ ਪਹਿਲੇ ੧੨੫ ਛੰਦ ਅਕਾਲ ਪੁਰਖ ਦੀ ਮਹਿਮਾ ਵਿਚ ਉਚਾਰਨ ਕੀਤੇ ਗਏ ਹਨ। ਇਨ੍ਹਾਂ ਵਿਚ ਨਿਰਗੁਣ ਤੇ ਸਰਗੁਣ ਪਰਮਾਤਮਾ ਦੀ ਉਪਮਾ ਕੀਤੀ ਹੈ। ਇਹ ਇਕ ਪ੍ਰਕਾਰ ਨਾਲ ਗਿਆਨ ਪ੍ਰਬੋਧ ਪੋਥੀ ਦੇ ਆਦਿ ਵਿਚ ਪ੍ਰਭੂ ਦਾ ਵਸਤੂ ਨਿਰਦੇਸ ਮੰਗਲ ਹੈ। ਇਨ੍ਹਾਂ ਛੰਦਾਂ ਦੀ ਬਣਤਰ ਤੇ ਸ਼ੈਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰਨ ਕੀਤੀ ਬਾਣੀ ਜਾਪੁ ਸਾਹਿਬ ਅਤੇ ਅਕਾਲ ਉਸਤਤਿ ਨਾਲ ਰਲਦੀ-ਮਿਲਦੀ ਹੈ। ਉਦਾਹਰਨ ਲਈ ਦੇਖੋ ਇਸ ਦਾ ਆਦਿ। ਇਹ ਰਚਨਾ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ :

੧ਓ ਸਤਿਗੁਰ ਪ੍ਰਸਾਦਿ ॥
ਸ੍ਰੀ ਭਗਉਤੀ ਜੀ ਸਹਾਇ ॥
ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ ॥ ਪਾਤਸ਼ਾਹੀ ੧੦॥
ਭੁਜੰਗ ਪ੍ਰਯਾਤ ਛੰਦ ॥ ਤ੍ਵ ਪ੍ਰਸਾਦਿ ॥
ਨਮੋ ਨਾਥ ਪੂਰੇ ਸਦਾ ਸਿੱਧ ਕਰਮੰ ॥
ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥
ਅਛੇਦੰ ਅਭੇਦੰ ਅਖੇਦੰ ਅਨੂਪੇ ॥੧॥

ਜ਼ਰਾ ਗਹੁ ਨਾਲ ਵੇਖੀਏ ਤਾਂ ਅਨੇਕਾਂ ਲਫ਼ਜ਼ਾਂ, ਤੁਕਾਂ ਜਾਂ ਤੁਕਾਂ ਦੇ ਹਿੱਸੇ ਜਾਪੁ ਸਾਹਿਬ ਦੀ ਬਾਣੀ ਵਰਗੇ ਹੀ ਹਨ। ਮਿਸਾਲ ਵਜੋਂ :

ਸਦਾ ਸਰਬ ਦਾ ਸਿੱਧ ਦਾ ਬੁੱਧਿ ਧਾਮੰ ॥ (੩)
ਨਮੋ ਲੋਕ ਲੋਕੇਸ਼੍ਵਰੰ ਲੋਕ ਨਾਥੇ ॥ (੨)
ਅਗੰਜੇ ਅਭੰਜੇ ਅਕਾਮੰ ਅਕਰਮੰ ॥ (੫)

ਗਿਆਨ ਪ੍ਰਬੋਧ ਵਿਚ ਵੱਖ-ਵੱਖ ਤੇਰਾਂ ਛੰਦ ਵਰਤੇ ਗਏ ਹਨ। ਉਹ ਹਨ : ਭੁਜੰਗ ਪ੍ਰਯਾਤ, ਨਰਾਜ, ਅਰਧ ਨਰਾਜ, ਬ੍ਰਿਧ ਨਰਾਜ, ਤ੍ਰਿਭੰਗੀ, ਕਲਸ, ਛਪੈ, ਰਸਾਵਲ, ਪਾਧੜੀ, ਰੂਆਲ, ਤੋਮਰ, ਤੋਟਕ ਤੇ ਬਹਿਰ ਤਵੀਲ।

ਇਨ੍ਹਾਂ ਤੋਂ ਇਲਾਵਾ ਕਬਿਤ, ਚੌਪਈ ਅਤੇ ਦੋਹਰੇ ਦੀ ਵੀ ਵਰਤੋਂ ਕੀਤੀ ਗਈ ਹੈ। ਪਰਮਾਤਮਾ ਦੀ ਮਹਿਮਾ ਕਰਦਿਆਂ ਗੁਰੂ ਜੀ ਨੇ ਕਈ ਪ੍ਰਕਾਰ ਦੇ ਅਲੰਕਾਰ ਵਰਤ ਕੇ ਅਲੌਕਿਕ ਪ੍ਰਭਾਵ ਪੈਦਾ ਕੀਤਾ ਹੈ। ਉਦਾਹਰਨ ਲਈ :

ਮੁਖ ਮੰਡਲ ਪਰ ਲਸਤ ਜੋਤਿ ਉਦੋਤ ਅਮਿਤ ਗਤ ॥੩॥੩੪॥

ਜਾਂ ਫਿਰ

ਦੀਨ ਦਯਾਲ ਦੁਖ ਹਰਨ ਦੁਰਮਤ ਹੰਤਾ ਦੁਖ ਖੰਡਣ ॥...੪॥੩੬॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਵੱਖ-ਵੱਖ ਰੂਪਾਂ ਦਾ ਜ਼ਿਕਰ ਕੀਤਾ। ਉਸ ਦੇ ਜਲਾਲੀ ਰੂਪ ਦਾ ਵੀ ਵਰਣਨ ਹੈ ਜੋ ਕਿ ਬਹੁਤ ਹੀ ਪ੍ਰਭਾਵਸ਼ਾਲੀ ਹੈ। ਆਪ ਇਕ ਕਬਿੱਤ ਵਿਚ ਫ਼ੁਰਮਾਉਂਦੇ ਹਨ :

ਜੁੱਧ ਕੇ ਜਿਤਈਆ, ਰੰਗ ਭੂਮ ਕੇ ਭਵਈਆ,

www.sikhbookclub.com

ਭਾਰ ਭੂਮ ਕੇ ਮਿਟਈਆ, ਨਾਥ ਤੀਨੋ ਲੋਕ ਗਾਈਐ ॥੪੩॥

ਗਿਆਨ ਪ੍ਰਬੋਧ ਵਿਚ ਪ੍ਰਭੂ-ਪੂਜਾ ਲਈ ਕਈ ਪ੍ਰਕਾਰ ਦੇ ਕਰਮ-ਕਾਂਡਾਂ ਦਾ ਜ਼ਿਕਰ ਹੈ। ਵੱਖ-ਵੱਖ ਰਾਜਿਆਂ ਵਲੋਂ ਕਈ ਤਰ੍ਹਾਂ ਦੇ ਹਵਨਾਂ ਅਤੇ ਯੱਗਾਂ ਦਾ ਜ਼ਿਕਰ ਹੈ। ਪੁਰਾਣੇ ਰਾਜੇ ਐਸੇ ਯੱਗਾਂ ਦੁਆਰਾ ਹੀ ਦਾਨ ਪੁੰਨ ਕਰਕੇ ਆਪਣੇ ਮਨ-ਇੱਛਤ ਫਲ ਪਾਉਣ ਦਾ ਯਤਨ ਕਰਦੇ ਸਨ। ਜਿਨ੍ਹਾਂ ਵੱਖ-ਵੱਖ ਯੱਗਾਂ ਦਾ ਵਰਣਨ ਹੈ, ਉਹ ਹਨ :

ਅਸ਼ੂਮੇਧ ਯੱਗ, ਰਾਜਾ ਮੇਧ ਯੱਗ, ਰਾਜ ਸੂਇ ਯੱਗ, ਦੈਂਤ ਮੇਧ ਯੱਗ, ਸਰਪ ਮੇਧ ਯੱਗ, ਪਸੂ ਮੇਧ ਯੱਗ ਅਤੇ ਛਤ੍ਰੀਆ ਮੇਧ ਮਹਾਂ ਯੱਗ।

ਇਨ੍ਹਾਂ ਭਿੰਨ-ਭਿੰਨ ਯੱਗਾਂ ਦੇ ਕਰਨ ਦੇ ਤਰੀਕੇ ਵੀ ਵਰਣਨ ਕੀਤੇ ਹਨ। ਇਥੇ ਅਸੀਂ ਕੇਵਲ ਇਕ ਟੂਕ ਹੀ ਮਿਸਾਲ ਵਜੋਂ ਦੇਂਦੇ ਹਾਂ।

ਸੋਨੇ ਚਾਂਦੀ ਤੇ ਹੋਰ ਕੀਮਤੀ ਵਸਤੂਆਂ ਇਤਨੀਆਂ ਦਾਨ ਕੀਤੀਆਂ ਗਈਆਂ ਕਿ ਕਈ ਦੇਸ਼ਾਂ ਦੇ ਮੰਗਤੇ ਰਾਜੇ ਬਣ ਗਏ।

ਅੱਗੋਂ ਲਿਖਿਆ ਹੈ ਕਿ ਕਿਵੇਂ ਯੱਗ ਵਾਸਤੇ ਚਾਰ ਕੋਹਾਂ ਦਾ ਟੋਆ ਬਣਾ ਕੇ ਘਿਉ ਤੇ ਸਮੱਗਰੀ ਆਦਿ ਪਾਣ ਲਈ ਲਾਏ ਗਏ ਹਜ਼ਾਰਾਂ ਹੀ ਬ੍ਰਾਹਮਣ ਕੁੰਡ ਦੇ ਇਰਦ-ਗਿਰਦ ਬੈਠ ਕੇ ਹਵਨ ਕਰਨ ਲੱਗੇ। ਹਾਥੀ ਦੇ ਸੁੰਡ ਵਰਗੀਆਂ ਘਿਉ ਦੀਆਂ ਬੇਅੰਤ ਧਾਰਾ ਪੈਂਦੀਆਂ ਸਨ। ਲਿਖਿਆ ਹੈ :

ਚਤ੍ਰ ਕੋਸ ਬਨਾਇ ਕੁੰਡਕ, ਸਹੰਸ੍ਰ ਲਾਇ ਪਰਨਾਰ ॥
ਸਹੰਸ੍ਰ ਹੋਮ ਕਰੈ ਲਗੈ ਦਿਜ ਬੇਦ ਬਿਆਸ ਅਉਤਾਰ ॥
ਹਸਤ ਸੁੰਡ ਪ੍ਰਮਾਨ ਘ੍ਰਿਤ ਕੀ ਪਰਤ ਧਾਰ ਅਪਾਰ ॥
ਹੋਤ ਭਸਮ ਅਨੇਕ ਬਿੰਜਨ ਲਪਟ ਝਪਟ ਕਰਾਲ ॥੪॥੧੪੫॥

ਇਨ੍ਹਾਂ ਯੱਗਾਂ ਆਦਿ ਦਾ ਇਤਿਹਾਸਕ ਤੌਰ 'ਤੇ ਵਰਣਨ ਤਾਂ ਕੀਤਾ ਹੈ ਪਰ ਗੁਰੂ ਸਾਹਿਬ ਆਪ ਐਸੇ ਯੱਗ ਆਦਿ ਕਰਨ ਦੇ ਹਾਮੀ ਨਹੀਂ ਹਨ। ਉਹ ਇਨ੍ਹਾਂ ਨੂੰ ਵਹਿਮ ਤੇ ਭਰਮ ਉੱਪਰ ਆਧਾਰਿਤ ਕਰਮ ਮੰਨਦੇ ਹਨ। ਪਰਮਾਤਮਾ ਦੇ ਨਾਮ ਦੇ ਟਾਕਰੇ ਵਿਚ ਇਹ ਕਰਮ ਕਾਂਡ ਤੁੱਛ ਹੀ ਤਾਂ ਹਨ। ਗੁਰੂ ਜੀ ਇੰਜ ਫ਼ੁਰਮਾਉਂਦੇ ਹਨ :

ਨਿਵਲ ਆਦਿ ਕਰਮਣੰ ॥ ਅਨੰਤ ਦਾਨ ਧਰਮਣੰ ॥
ਅਨੰਤ ਤੀਰਥ ਬਾਸਨੰ ॥ ਨ ਏਕ ਨਾਮ ਕੇ ਸਮੰ ॥੧੧॥੮੯॥

ਅਤੇ

ਅਨੰਤ ਜੱਗਜ ਕਰਮਣੰ ॥ ਗਜਾਦਿ ਆਦਿ ਧਰਮਣੰ ॥
ਅਨੇਕ ਦੇਸ ਭਰਮਣੰ ॥ ਨ ਏਕ ਨਾਮ ਕੇ ਸਮੰ ॥੯੦॥

ਗੁਰੂ ਮਹਾਰਾਜ ਨੇ ਇਕ ਪ੍ਰਭੂ ਦਾ ਜੱਸ ਗਾਇਨ ਕਰਨ ਉੱਪਰ ਬੱਲ ਦਿੱਤਾ ਹੈ। ਮਿਸਾਲ ਵਜੋਂ ਦੇਖੋ ਆਪ ਦੀਆਂ ਇਹ ਤੁਕਾਂ :

ਸਾਧਨਾ ਸਧਈਆ, ਧੂਲ ਧਾਨੀ ਕੇ ਧੁਜਈਆ,
ਧੋਮ ਧਾਰ ਕੇ ਧਰਈਆ, ਧਿਆਨ ਤਾ ਕੋ ਸਦਾ ਲਾਈਐ ॥
ਆਉ ਕੇ ਬਢਈਆ, ਏਕ ਨਾਮ ਕੇ ਜਪਈਆ,

www.sikhbookclub.com

ਅਉਰ ਕਾਮ ਕੇ ਕਰਈਆ, ਛੋਡ ਅਉਰ ਕਉਨ ਧਿਆਈਐ ॥੪॥੪੩॥

ਗਿਆਨ ਪ੍ਰਬੋਧ ਦੀ ਰਚਨਾ ਪੁਰਾਤਨ ਹਿੰਦੀ ਤਥਾ ਬ੍ਰਿਜ ਭਾਸ਼ਾ ਵਿਚ ਹੈ, ਪਰ ਕਿਧਰੇ-ਕਿਧਰੇ ਫ਼ਾਰਸੀ ਦੀ ਸ਼ਬਦਾਵਲੀ ਭੀ ਬੜੀ ਖ਼ੂਬੀ ਨਾਲ ਵਰਤੀ ਹੈ। ਇਥੇ ਅਸੀਂ ਇਕ ਮਿਸਾਲ ਦੇਂਦੇ ਹਾਂ :

ਕਾਮ ਕੋ ਕੁਨਿੰਦਾ, ਖੈਰ ਖ਼ੂਬੀ ਕੋ ਦਿਹਿੰਦਾ,
ਗਜ ਗਾਜੀ ਕੋ ਗਜਿੰਦਾ, ਸੋ ਕੁਨਿੰਦਾ ਕੈ ਬਤਾਈਐ ॥੪੪॥

ਇਸ ਰਚਨਾ ਵਿਚ ੧੨੬ ਤੋਂ ਅੱਗੇ ਕੁਝ ਬੰਦਾਂ ਵਿਚ ਆਤਮਾ ਤੇ ਪਰਮਾਤਮਾ ਦਾ ਸੰਬਾਦ ਹੈ, ਜੋ ਕਿ ਕਾਫੀ ਦਿਲਚਸਪ ਹੈ :

ਦਿਨ ਅਜਬ ਏਕ ਆਤਮਾ ਰਾਮ ॥
ਅਨਭਉ ਸਰੂਪ ਅਨਹਦ ਅਕਾਮ ॥੧੨੬॥
ਉਚਰਿਓ ਆਤਮਾ ਪਰਾਤਮਾ ਸੰਗ ॥
ਉਤਭੁਜ ਸਰੂਪ ਅਬਿਗਤ ਅਭੰਗ ॥
ਇਹ ਕਉਨ ਆਹਿ ਆਤਮਾ ਸਰੂਪ ॥
ਜਿਹ ਅਮਿਤ ਤੇਜਿ ਅਤਿਭੁਤਿ ਬਿਭੂਤਿ ॥੨॥੧੨੭॥

ਅੱਗੇ ਪਰਮਾਤਮਾ ਵੱਲੋਂ ਬਚਨ ਹਨ ਅਤੇ ਸਿਰਲੇਖ ਹੈ : 'ਪ੍ਰਮਾਤਮਾ ਬਾਚ' ॥ ਪਰਮਾਤਮਾ ਇੰਜ ਕਹਿੰਦਾ ਹੈ :

ਯਹਿ ਬ੍ਰਹਮ ਆਹਿ ਆਤਮਾ ਰਾਮ ॥
ਜਿਹ ਅਮਿਤ ਤੇਜਿ ਅਬਿਗਤ ਅਕਾਮ ॥
ਜਿਹ ਭੇਦ ਭਰਮ ਨਹੀਂ ਕਰਮ ਕਾਲ ॥
ਜਿਸ ਸਤ੍ਰ ਮਿਤ੍ਰ ਸਰਬਾ ਦਿਆਲ ॥੩॥੧੨੮॥

ਅੱਗੇ ਫਿਰ ਆਤਮਾ ਦਾ ਪ੍ਰਸ਼ਨ ਹੈ ਅਤੇ ਫਿਰ ਨਾਲ ਹੀ ਉੱਤਰ ਵੀ ਹੈ। ਪ੍ਰਸ਼ਨ ਹੈ :

ਇਕ ਕਰਯੋ ਪ੍ਰਸਨ ਆਤਮਾ ਦੇਵ ॥
ਅਨਭੰਗ ਰੂਪ ਅਨਭਉ ਅਭੇਵ ॥
ਯਹਿ ਚਤੁਰ ਵਰਗ ਸੰਸਾਰ ਦਾਨ ॥
ਕਿਹੁ ਚਤੁਰ ਵਰਗ ਕਿਜੈ ਵਖਿਆਨ ॥੬॥੧੩੧॥
ਇਕ ਰਾਜੁ ਧਰਮ ਇਕ ਦਾਨ ਧਰਮ ॥
ਇਕ ਭੋਗ ਧਰਮ ਇਕ ਮੋਛ ਕਰਮ ॥
ਇਕ ਚਤੁਰ ਵਰਗ ਸਭ ਜਗ ਭਣੰਤ ॥
ਸੇ ਆਤਮਾਹ ਪ੍ਰਾਤਮਾ ਪੁਛੰਤ ॥੭॥੧੩੨॥

ਇਸ ਪ੍ਰਸ਼ਨੋਤਰ ਤੋਂ ਇੰਜ ਲੱਗਦਾ ਹੈ ਕਿ ਆਤਮਾ ਵੱਲੋਂ ਪੁੱਛੇ ਗਏ ਚਹੁੰ ਧਰਮਾਂ ਬਾਰੇ ਉੱਤਰ ਦੇਣ ਲਈ ਗੁਰੂ ਜੀ ਨੇ ਇਹ ਯੋਜਨਾ ਰੱਖੀ ਹੈ। ਧਰਮ, ਅਰਥ, ਕਾਮ ਤੇ ਮੋਖ ਸਬੰਧੀ ਸ੍ਰੀ ਮਦ ਭਾਗਵਤ ਪੁਰਾਣ (ਸਕੰਧ ਪਹਿਲਾ, ਨੌਵਾਂ ਅਧਿਆਇ) ਸ਼ਾਂਤਿ ਪਰਬ ਤੇ ਸਲ ਪਰਬ ਮਹਾਂਭਾਰਤ ਵਿਚੋਂ ਚਾਰੇ ਧਰਮਾਂ ਦਾ ਹਾਲ ਵਿਸਥਾਰ ਵਿਚ ਹੈ। ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਗੁਰੂ ਜੀ ਨੇ

www.sikhbookclub.com

ਚਾਰੇ ਧਰਮਾਂ ਦਾ ਹਵਾਲਾ ਦੇ ਕੇ ਕੇਵਲ ਦਾਨ ਧਰਮ ਦਾ ਹੀ ਮੁੱਖ ਰੂਪ ਵਿਚ ਜ਼ਿਕਰ ਕੀਤਾ ਹੈ। ਕੁਝ ਕਹਿੰਦੇ ਹਨ ਕਿ ਆਪ ਨੇ ਦਾਨ ਧਰਮ ਵਿਚ ਹੀ ਬਾਕੀ ਦੇ ਤਿੰਨ ਧਰਮ ਸਥਾਪਿਤ ਕੀਤੇ ਹਨ। ਦਾਨ ਧਰਮ ਦਾ ਤਾਂ ਜ਼ਿਕਰ ਹੈ ਪਰ ਦੂਜੇ ਧਰਮਾਂ ਦਾ ਕੋਈ ਵਿਸਤਾਰ ਨਹੀਂ ਹੈ।

ਗੁਰੂ ਮਹਾਰਾਜ ਨੇ ਪ੍ਰਾਚੀਨ ਪੁਸਤਕਾਂ, ਮਹਾਂਭਾਰਤ ਆਦਿਕ ਵੱਲ ਦ੍ਰਿਸ਼ਟੀ ਕਰਦੇ ਹੋਏ ਦੱਸਿਆ ਹੈ ਕਿ ਜਦੋਂ ਯੁਧਿਸ਼ਟਰ ਕੁਰਸ਼ੇਤਰ ਦੇ ਜੰਗ ਮਗਰੋਂ ਉਦਾਸ ਹੋ ਗਿਆ ਤਾਂ ਉਸ ਨੂੰ ਭੀਸ਼ਮ ਪਿਤਾਮਾ ਪਾਸ ਲੈ ਗਏ ਜੋ ਕਿ ਤੀਰਾਂ ਦੀ ਸੇਜ 'ਤੇ ਲੇਟਿਆ ਹੋਇਆ ਸੀ। ਭੀਸ਼ਮ ਨੇ ਯੁਧਿਸ਼ਟਰ ਨੂੰ ਰਾਜਨੀਤੀ ਸਮਝਾਉਂਦੇ ਹੋਏ ਚਾਰ ਧਰਮ ਦੱਸੇ ਹਨ। ਉਨ੍ਹਾਂ ਵਿਚੋਂ ਦਾਨ ਧਰਮ ਮੁੱਖ ਦੱਸਿਆ ਸੀ। ਗੁਰੂ ਜੀ ਨੇ ਇਥੋਂ ਕਥਾ ਅਗਾਂਹ ਤੋਰੀ ਹੈ।

ਯੁਧਿਸ਼ਟਰ ਨੇ ਦਾਨ ਧਰਮ ਵੱਲ ਧਿਆਨ ਕੀਤਾ। ਪਹਿਲਾਂ ਅਸੂਮੇਧ ਯੱਗ ਕੀਤਾ ਤੇ ਫਿਰ ਰਾਜ ਸੂਇ ਯੱਗ ਕੀਤਾ। ਇਸ ਤੋਂ ਮਗਰੋਂ ਅਰਜਨ ਦੇ ਪੁੱਤਰ ਪ੍ਰੀਖਯਤ ਨੂੰ ਰਾਜ ਦੇ ਕੇ ਆਪ ਪੰਜੇ ਭਰਾ, ਦਰੋਪਦੀ ਸਮੇਤ, ਹਿਮਾਲੇ ਵਿਚ ਗਲ ਦੇ ਕੇ ਦੇਹ ਤਿਆਗ ਗਏ।

ਗਿਆਨ ਪ੍ਰਬੋਧ ਵਿਚ ਪ੍ਰੀਖਯਤ ਦੇ ਰਾਜ ਤੋਂ ਬਾਅਦ ਫਿਰ ਜਨਮੇਜਾ, ਅਜੈ ਸਿੰਘ ਰਾਜਾ ਅਤੇ ਮੁਨੀ ਰਾਜੇ ਦੇ ਰਾਜਾਂ ਦਾ ਵੀ ਜ਼ਿਕਰ ਹੈ ਜਿਨ੍ਹਾਂ ਨੇ ਵੱਖ-ਵੱਖ ਢੰਗਾਂ ਨਾਲ ਦਾਨ ਧਰਮ ਨੂੰ ਨਿਭਾਇਆ। ਇਨ੍ਹਾਂ ਰਾਜਿਆਂ ਦੇ ਪ੍ਰਸੰਗਾਂ ਵਿਚੋਂ ਦਿੱਸਦਾ ਹੈ ਕਿ ਰਾਜ ਦੇ ਲਾਲਚ ਤੇ ਤਾਕਤ ਦੀ ਤ੍ਰਿਸ਼ਨਾ ਕਰਕੇ ਉਹ ਕਿਵੇਂ ਲੜਾਈ ਝਗੜੇ ਕਰਦੇ ਸਨ ਅਤੇ ਕਾਮਾਦਿਕ ਵਾਸ਼ਨਾਵਾਂ ਅਧੀਨ ਐਸੇ ਕਰਮ ਕਰਦੇ ਸਨ, ਜਿਨ੍ਹਾਂ ਨੂੰ ਜੀਵਨ ਦਾ ਆਦਰਸ਼ ਨਹੀਂ ਮੰਨ ਲੈਣਾ ਚਾਹੀਦਾ।

ਗਿਆਨ ਪ੍ਰਬੋਧ ਵਿਚ ਲਿਖਿਆ ਹੈ : 'ਜਨਮੇਜ ਰਾਜ ਮਹਾਨ' ਭਾਵ ਇਹ ਕਿ ਜਨਮੇਜਾ ਰਾਜੇ ਦਾ ਰਾਜ ਬਹੁਤ ਵੱਡਾ ਸੀ ਅਤੇ ਇਸ ਰਚਨਾ ਵਿਚ ਉਸ ਦਾ ਜ਼ਿਕਰ ਵੀ ਵਿਸਤਾਰ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਨਮੇਜਾ ਰਾਜੇ ਦਾ ਜ਼ਿਕਰ ਆਇਆ ਹੈ। ਜਿਵੇਂ ਕਿ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ :

ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥

(ਪੰਨਾ ੧੩੪੪)

ਅਤੇ

ਜਨਮੇਜੈ ਗੁਰ ਸਬਦੁ ਨ ਜਾਨਿਆ ॥ *(ਪੰਨਾ ੨੨੫)*

ਗਿਆਨ ਪ੍ਰਬੋਧ ਵਿਚੋਂ ਜਿਥੇ ਪ੍ਰਾਚੀਨ ਰਾਜਿਆਂ ਅਤੇ ਉਨ੍ਹਾਂ ਦੇ ਕਰਮਾਂ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਇਹ ਵੀ ਪਤਾ ਚਲਦਾ ਹੈ ਕਿ ਗੁਰੂ ਮਹਾਰਾਜ ਨਿਰੇ ਕਰਮਕਾਂਡ ਦਾ ਖੰਡਨ ਕਰਦੇ ਹਨ। ਛੰਦ ੨੭੨ ਤੋਂ ਲੈ ਕੇ ੨੯੩ ਤੱਕ ਗੁਰੂ ਸਾਹਿਬ ਨੇ ਉਸ ਸਮੇਂ ਦੇ ਪੰਡਿਤਾਂ ਵਿਚੋਂ ਜੋ ਵਿਦਿਆ ਪ੍ਰਾਪਤ ਕਰਨ ਦੇ ਸਾਧਨ ਸਨ, ਉਨ੍ਹਾਂ ਦਾ ਜ਼ਿਕਰ ਕੀਤਾ ਹੈ। ਜਿਵੇ :

ਕਹੂੰ ਬ੍ਰਹਮ ਬਾਨੀ ਕਰਹਿ ਬੇਦ ਚਰਚਾ ॥
ਕਹੂੰ ਬਿਪ੍ਰ ਬੈਠੇ ਕਰਹਿ ਬ੍ਰਹਮ ਅਰਚਾ ॥੨੭੨॥
ਕਹੂੰ ਨਜਾਇ ਸਾਸਤ੍ਰੰ ਪੜੇ ਛਤ੍ਰ ਕਰਮੰ ॥੨੭੫॥

www.sikhbookclub.com

ਪੜੇ ਚਕ੍ਰ ਚਵਦਹ ਬਿੱਦਿਆ ਨਿਧਾਨੰ ॥੨੭੭॥

ਕਹੂੰ ਨ੍ਰਿਤ ਬਿਦਿਆ ਕਹੂੰ ਨਾਦ ਭੇਦੰ ॥
ਕਹੂੰ ਪਰਮ ਪੌਰਾਨ ਕੱਥੇ ਕਤੇਬੰ ॥
ਸਭੈ ਅੱਛਰ ਬਿਦਿਆ ਸਭੈ ਦੇਸ ਬਾਨੀ ॥
ਸਭੈ ਦੇਸ ਪੂਜਾ ਸਮਸਮੋ ਪ੍ਰਧਾਨੀ ॥੧੨॥੨੮੩॥

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਗੁਰੂ ਮਹਾਰਾਜ ਜੀ ਉਸ ਸਮੇਂ ਦੀ ਵਿਦਿਆ ਪ੍ਰਣਾਲੀ ਤੋਂ ਭਲੀ-ਭਾਂਤ ਜਾਣੂੰ ਸਨ। ਆਪ ਨੇ ਉਨ੍ਹਾਂ ਸੰਸਕ੍ਰਿਤ ਵਿਆਕਰਣਾਂ ਵੱਲ ਸਪੱਸ਼ਟ ਸੰਕੇਤ ਕੀਤੇ ਹਨ ਜੋ ਕਿ ਉਸ ਸਮੇਂ ਪੰਡਿਤਾਂ ਵਿਚ ਪ੍ਰਚਲਿਤ ਸਨ। ਜਿਵੇਂ ਕੌਮਦ ਚੰਦ੍ਰਕਾ, ਸਿਧਿਕਾ, ਸਾਰਸੁਤ ਤੇ ਕਾਸ਼ਿਕਾ ਆਦਿ। ਇੰਜ ਹੀ ਕਈ ਥਾਈਂ ਯੁੱਧ ਵਿੱਦਿਆ ਸਬੰਧੀ ਵੀ ਕਈ ਵੇਰਵੇ ਮਿਲਦੇ ਹਨ।

ਇਸ ਸੰਖੇਪ ਚਰਚਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗਿਆਨ ਪ੍ਰਬੋਧ ਦਸਮ ਗ੍ਰੰਥ ਦੀ ਇਕ ਵਿਸ਼ੇਸ਼ ਰਚਨਾ ਹੈ। ਇਸ ਦੇ ਅਧਿਐਨ ਤੋਂ ਪ੍ਰਾਚੀਨ ਰਾਜਿਆਂ, ਮਹਾਰਾਜਿਆਂ ਦੀ ਸੋਚਣੀ, ਕਰਮ-ਕਾਂਡਾਂ ਅਤੇ ਚੰਗੇ ਮਾੜੇ ਕਰਮਾਂ ਦਾ ਪਤਾ ਚਲਦਾ ਹੈ। ਨਾਲ ਹੀ ਇਹ ਗਿਆਨ ਪ੍ਰਾਪਤ ਹੁੰਦਾ ਹੈ ਕਿ ਨਿਰੇ ਹਵਨ, ਯੱਗਾਂ ਤੇ ਕਰਮ-ਕਾਂਡਾਂ ਨਾਲ ਪ੍ਰਭੂ-ਪ੍ਰਾਪਤੀ ਨਹੀਂ ਹੋ ਸਕਦੀ, ਕਿਉਂਕਿ ਨਾਮ ਦੇ ਤੁਲ ਹੋਰ ਕੋਈ ਭੀ ਕਿਰਿਆ ਨਹੀਂ ਹੈ।

ਅਨੰਤ ਜੱਗਜ ਕਰਮਣੰ ॥
ਗਜਾਦਿ ਆਦਿ ਧਰਮਣੰ ॥
ਅਨੇਕ ਦੇਸ ਭਰਮਣੰ ॥
ਨ ਏਕ ਨਾਮ ਕੇ ਸਮੰ ॥੯੦॥

(4/1992)

www.sikhbookclub.com

ਦਸਮ ਗ੍ਰੰਥ ਸਾਹਿਬ ਵਿਚ ਕ੍ਰਿਸ਼ਨਾਵਤਾਰ ਬਾਣੀ

ਜਿਨ੍ਹਾਂ ਧਰਮਾਂ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਪਰਮਾਤਮਾ ਸੰਸਾਰ ਵਿਚ ਕਦੀ ਕਦਾਈਂ ਆਮ ਆਦਮੀ ਵਾਂਗ ਜਨਮ ਲੈ ਲੈਂਦਾ ਹੈ, ਵੈਦਿਕ ਧਰਮ ਉਨ੍ਹਾਂ ਵਿਚੋਂ ਇਕ ਹੈ। ਗੀਤਾ ਵਿਚ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜਦੋਂ ਜਦੋਂ ਸੰਸਾਰ ਵਿਚ ਧਰਮ ਦੀ ਗਿਰਾਵਟ ਹੋ ਜਾਂਦੀ ਹੈ ਤਾਂ ਮੈਂ ਅਵਤਾਰ ਧਾਰਦਾ ਹਾਂ। ਵੈਦਿਕ ਮੱਤ ਤੋਂ ਇਲਾਵਾ ਈਸਾਈ ਮੱਤ ਅਤੇ ਬੁੱਧ ਮੱਤ ਵਿਚ ਵੀ ਅਜਿਹੇ ਵਿਚਾਰਾਂ ਦੀਆਂ ਝਲਕੀਆਂ ਮਿਲਦੀਆਂ ਹਨ, ਭਾਵੇਂ ਕਿ ਇਨ੍ਹਾਂ ਮੱਤਾਂ ਵਿਚ ਅਵਤਾਰਵਾਦ ਦਾ ਸਿਧਾਂਤ ਕੁਝ ਭਿੰਨਤਾ ਨਾਲ ਪ੍ਰਗਟ ਹੋਇਆ ਦਿੱਸਦਾ ਹੈ। ਜੇ ਅਵਤਾਰਵਾਦ ਦੀ ਪਰਿਭਾਸ਼ਾ ਦੇਣੀ ਹੋਵੇ ਤਾਂ ਸਾਨੂੰ ਇਸ ਸ਼ਬਦ ਦੀ ਬਣਤਰ ਵੇਖਣੀ ਪਵੇਗੀ। ਅਵਤਾਰ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਦੋ ਸ਼ਬਦਾਂ ਅਵ + ਤ੍ਰੀ ਨੂੰ ਮਿਲ ਕੇ ਬਣਿਆ ਹੈ। ਅਵ ਦਾ ਅਰਥ ਹੁੰਦਾ ਹੈ ਹੇਠਾਂ ਅਤੇ ਤ੍ਰੀ ਕ੍ਰਿਆ ਹੈ, ਜਿਸ ਦਾ ਅਰਥ ਹੈ ਲੰਘਣਾ ਜਾਂ ਆਉਣਾ। ਸੋ ਅਵਤਾਰ ਦਾ ਅਰਥ ਹੋ ਗਿਆ ਹੇਠਾਂ ਆਉਣਾ। ਈਸ਼ਵਰ ਕਿਉਂਕਿ ਉਪਰ ਵਸਦਾ ਮੰਨਿਆ ਜਾਂਦਾ ਰਿਹਾ ਹੈ, ਇਸ ਕਰਕੇ ਉਸ ਦਾ ਹੇਠਾਂ ਆਉਣਾ ਅਵਤਾਰ ਅਖਵਾਇਆ। ਸੋ ਅਵਤਾਰਵਾਦ ਦੀ ਇਹ ਪਰਿਭਾਸ਼ਾ ਹੋਈ ਕਿ ਉਹ ਵਿਸ਼ਵਾਸ, ਜਿਸ ਅਨੁਸਾਰ ਪਰਮਾਤਮਾ, ਜਨ ਕਲਿਆਣ ਲਈ ਧਰਤੀ ਉੱਤੇ ਕਿਸੇ ਜੂਨ ਵਿਚ ਪੈ ਕੇ ਜਨਮ ਲੈਂਦਾ ਹੈ ਅਤੇ ਉਮਰ ਬੀਤਣ ਉਪਰੰਤ ਸੁਰਗਵਾਸ ਹੋ ਜਾਂਦਾ ਹੈ, ਅਵਤਾਰਵਾਦ ਹੈ। ਦੇਖਣ ਵਿਚ ਅਵਤਾਰ ਸਾਡੇ ਜਿਹਾ ਹੀ ਲਗਦਾ ਹੈ। ਸਾਡੇ ਵਰਗਾ ਉਸ ਦਾ ਰਹਿਣ-ਸਹਿਣ, ਖਾਣ-ਪੀਣ ਹੈ ਪਰ ਉਹ ਅਨੰਤ ਸ਼ਕਤੀਆਂ ਦਾ ਮਾਲਕ ਮੰਨਿਆ ਗਿਆ ਹੈ। ਕਰਾਮਾਤਾਂ ਵਰਤਾਉਂਦਾ ਹੈ, ਉੱਚੀਆਂ ਸਦਾਚਾਰਕ ਕੀਮਤਾਂ ਨਿਸ਼ਚਿਤ ਕਰਦਾ ਹੈ ਅਤੇ ਸਦਾ ਲਈ ਮਨੁੱਖਤਾ ਦਾ ਚਾਨਣ-ਮੁਨਾਰਾ ਬਣ ਜਾਂਦਾ ਹੈ। ਉਸ ਦਾ ਜੀਵਨ-ਵਿਹਾਰ ਅਤੇ ਉਸ ਦੇ ਵਿਚਾਰ ਧਰਮ ਅਖਵਾਉਂਦੇ ਹਨ। ਉਸ ਦੇ ਵਿਚਾਰਾਂ ਤੋਂ ਉਲਟ ਹਰ ਗੱਲ ਅਧਰਮ ਹੁੰਦੀ ਹੈ, ਇਸ ਕਰਕੇ ਤਿਆਗ ਦੇਣੀ ਹੁੰਦੀ ਹੈ (ਇਹ ਅਵਤਾਰਵਾਦ ਵਿਚ ਵਿਸ਼ਵਾਸ ਰੱਖਣ ਵਾਲਿਆਂ ਦਾ ਵਿਸ਼ਵਾਸ ਹੈ।)

ਜੈਨ ਮੱਤ ਅਤੇ ਬੁਧ ਮੱਤ ਵਿਚ ਸਾਨੂੰ 'ਜਿਨ' ਅਤੇ 'ਬੋਧੀਸਤਵ' ਸ਼ਬਦ ਪਰਮ ਹਸਤੀ ਦੇ ਜਨਮ ਚੱਕਰ ਵੱਲ ਹੀ ਇਸ਼ਾਰਾ ਕਰਦੇ ਹਨ ਅਤੇ ਪਰਤੀਤ ਹੁੰਦਾ ਹੈ ਕਿ ਇਨ੍ਹਾਂ ਸ਼ਬਦਾਂ ਵਿਚ ਵੈਦਿਕ ਅਵਤਾਰਵਾਦ ਦੇ ਬੀਜ ਛੁਪੇ ਹੋਏ ਹਨ। ਅਸੀਂ ਜਾਣਦੇ ਹਾਂ ਕਿ ਹੜੱਪਾ ਅਤੇ ਮੋਹੰਜੋਦੜੋ ਸਭਿਅਤਾਵਾਂ ਆਰੀਆ ਦੇ ਭਾਰਤ ਪਰਵੇਸ਼ ਤੋਂ ਬਹੁਤ ਪਹਿਲੋਂ ਪੂਰੀ ਤਰ੍ਹਾਂ ਵਿਕਸਿਤ ਅਤੇ ਪ੍ਰਫੁੱਲਤ ਸਭਿਅਤਾਵਾਂ ਸਨ। ਇਹਨਾਂ ਸਭਿਅਤਾਵਾਂ ਦਾ ਧਾਰਮਿਕ ਅਤੇ ਸਭਿਆਚਾਰਕ ਜੀਵਨ ਆਰੀਆ ਲੋਕਾਂ ਨਾਲੋਂ ਪੂਰੀ ਤਰ੍ਹਾਂ ਭਿੰਨ ਸੀ। ਮੋਹੰਜੋਦੜੋ ਦੀ ਸਭਿਅਤਾ ਪੂਰੀ ਵਿਕਸਤ ਹੋਈ ਸ਼ਹਿਰੀ ਸਭਿਅਤਾ ਸੀ, ਜਦੋਂ ਕਿ ਆਰੀਆ ਲੋਕ ਕਬਾਇਲੀ ਤੇ ਜਾਂਗਲੀ ਜੀਵਨ ਬਿਤਾ ਰਹੇ ਸਨ। ਜੈਨ ਮੱਤ ਅਤੇ ਬੁੱਧ ਮੱਤ ਇਸ

www.sikhbookclub.com

ਵਿਕਸਿਤ ਸ਼ਰੱਮਣ ਸਭਿਅਤਾ ਦੇ ਧਰਮ ਹਨ। ਕਿਉਂਕਿ ਆਰੀਆ ਨੇ ਵਿਕਸਿਤ ਸ਼ਰੱਮਣ ਕਲਚਰ ਉੱਤੇ ਬਾਦ ਵਿਚ ਹਮਲਾ ਕਰਕੇ ਸਿੰਧ ਘਾਟੀ ਨੂੰ ਜਿੱਤ ਲਿਆ ਇਸ ਕਰਕੇ ਉਨ੍ਹਾਂ ਨੇ ਇਸ ਵਿਕਸਿਤ ਨਸਲ ਨੂੰ ਬਹੁਤ ਨੁਕਸਾਨ ਪਹੁੰਚਾਇਆ। ਕਿਉਂਕਿ ਸ਼ਰੱਮਣ ਸਭਿਅਤਾ ਬਹੁਤ ਪ੍ਰਾਚੀਨ ਹੈ, ਇਸ ਕਰਕੇ ਅਵਤਾਰਵਾਦ ਦਾ ਸਿਧਾਂਤ ਸ਼ਰੱਮਣਾਂ ਤੋਂ ਆਰੀਆਂ ਤੱਕ ਆਇਆ। ਇਸ ਦਾ ਪ੍ਰਤੱਖ ਸਬੂਤ ਇਹ ਵੀ ਹੈ ਕਿ ਜਿਸ ਸਮੇਂ ਰਿਗਵੇਦ ਦੀ ਰਚਨਾ ਹੋਈ, ਉਦੋਂ ਆਰੀਆ ਸੰਸਕ੍ਰਿਤੀ ਅਜੇ ਦਰਾਵੜਾਂ ਦੀ ਸ਼ਰੱਮਣ ਸੰਸਕ੍ਰਿਤੀ ਤੋਂ ਬਹੁਤੀ ਪ੍ਰਭਾਵਿਤ ਨਹੀਂ ਹੋਈ ਸੀ। ਇਸ ਦਾ ਕਾਰਨ ਇਹ ਹੈ ਕਿ ਉਦੋਂ ਦੋਵੇਂ ਨਸਲਾਂ ਦੇ ਮਨਾਂ ਵਿਚੋਂ ਇਕ ਦੂਜੇ ਪ੍ਰਤੀ ਦੁਸ਼ਮਣੀ ਦੀ ਭਾਵਨਾ ਖ਼ਤਮ ਨਹੀਂ ਸੀ ਹੋਈ। ਇਹੀ ਕਾਰਨ ਹੈ ਕਿ ਵੇਦਾਂ ਵਿਚ ਅਵਤਾਰਵਾਦ ਦਾ ਸਿਧਾਂਤ ਪੂਰੀ ਤਰ੍ਹਾਂ ਵਿਕਸਿਤ ਹੋਇਆ ਨਹੀਂ ਮਿਲਦਾ ਪਰ ਬਾਦ ਵਿਚ, ਜਿਵੇਂ ਕਿ ਸੁਭਾਵਿਕ ਹੈ, ਦੋਵਾਂ ਨਸਲਾਂ ਦੀਆਂ ਸੰਸਕ੍ਰਿਤੀਆਂ ਆਪਸ ਵਿਚ ਰਲਦੀਆਂ ਮਿਲਦੀਆਂ ਗਈਆਂ ਤੇ ਇਕ ਦੂਜੇ ਦੇ ਪ੍ਰਭਾਵ ਗ੍ਰਹਿਣ ਕਰਨ ਲੱਗ ਪਈਆਂ। ਇਨ੍ਹਾਂ ਪ੍ਰਭਾਵਾਂ ਸਦਕਾ ਹੀ ਉਤਰਵੈਦਿਕ ਮੱਤ ਵਿਚ ਅਵਤਾਰਵਾਦ ਸਿਧਾਂਤ ਪੂਰੀ ਤਰ੍ਹਾਂ ਵਿਕਸਿਤ ਹੋਇਆ ਮਿਲਦਾ ਹੈ। ਸਾਡੇ ਪਾਸ ਸ਼ਰੱਮਣ ਸੰਸਕ੍ਰਿਤੀ ਦੇ ਸਿੰਧ ਘਾਟੀ ਵੇਲੇ ਦੇ ਗ੍ਰੰਥ ਨਹੀਂ ਮਿਲਦੇ। ਇਸ ਕਰਕੇ ਵਿਸਥਾਰ ਪੂਰਵਕ ਜਾਣਕਾਰੀ ਤੋਂ ਅਸੀਂ ਦੂਰ ਹਾਂ ਪਰ ਜਿੰਨਾ ਕੁਝ ਪ੍ਰਾਪਤ ਹੈ, ਉਹ ਸਪੱਸ਼ਟ ਕਰਦਾ ਹੈ ਕਿ ਵੈਦਿਕ ਅਵਤਾਰਵਾਦ ਦੇ ਸਿਧਾਂਤ ਬੀਜ ਪੂਰਬ ਆਰੀਅਨ, ਸ਼ਰੱਮਣ ਸੰਸਕ੍ਰਿਤੀ ਵਿਚੋਂ ਆਏ। ਇਥੋਂ ਇਹ ਰੁੱਖ ਉਗਿਆ। ਹੁਣ ਅਵਤਾਰਵਾਦ ਦਾ ਸਿਧਾਂਤ ਇੰਨਾ ਹਰਮਨ ਪਿਆਰਾ ਹੋ ਚੁੱਕਿਆ ਹੈ ਅਤੇ ਇੰਨਾ ਵਿਕਸਿਤ ਹੋ ਗਿਆ ਹੈ ਕਿ ਹਿੰਦੂ ਧਰਮ ਦੀ ਕਲਪਣਾ ਕਰਨੀ ਅਵਤਾਰਵਾਦ ਬਗ਼ੈਰ, ਬੜੀ ਔਖੀ ਹੈ।

ਆਰੰਭ ਵਿਚ ਪਰਮ ਹਸਤੀ ਦੇ ਤਿੰਨ ਰੂਪ ਕਲਪੇ ਗਏ :

1. ਬ੍ਰਹਮਾ
2. ਵਿਸ਼ਨੂੰ
3. ਸ਼ਿਵ

ਰਿਗ ਵੇਦ ਵਿਚ ਲਿਖਿਆ ਹੈ ਕਿ ਵਿਸ਼ਨੂੰ ਅਜਿੱਤ ਹੈ ਤੇ ਸਾਡਾ ਰਾਖਾ ਹੈ। ਉਸ ਨੇ ਸਾਰੇ ਬ੍ਰਹਿਮੰਡ ਨੂੰ ਤਿੰਨ ਕਦਮਾਂ ਵਿਚ ਨਾਪ ਦਿੱਤਾ। ਇਹ ਤਿੰਨ ਕਦਮ ਪ੍ਰਿਥਵੀ, ਆਕਾਸ਼, ਅਤੇ ਪਾਤਾਲ ਹਨ। ਵਿਸ਼ਨੂੰ ਧਰਤੀ ਉੱਤੇ ਅੱਗ ਦੇ ਰੂਪ ਵਿਚ, ਪੁਲਾੜ ਵਿਚ ਬਿਜਲੀ ਦੇ ਰੂਪ ਵਿਚ ਅਤੇ ਆਕਾਸ਼ ਵਿਚ ਸੂਰਜ ਦੇ ਰੂਪ ਵਿਚ ਵਿਚਰਦਾ ਹੈ। ਵਿਸ਼ਨੂੰ ਦੇ ਤਿੰਨ ਕਦਮ ਸੂਰਜ ਉਦੈ ਹੋਣ, ਦੁਪਹਿਰ ਅਤੇ ਸ਼ਾਮ ਵੀ ਮੰਨੇ ਗਏ ਹਨ। ਪ੍ਰਸਿੱਧ ਭਾਸ਼ਕਰ ਸਾਇਣ ਆਖਦਾ ਹੈ ਕਿ ਦਰਅਸਲ ਵਾਮਨ ਅਵਤਾਰ ਨੇ ਜਿਹੜੇ ਤਿੰਨ ਕਦਮ ਉਠਾਏ ਸਨ, ਉਹ ਵਿਸ਼ਨੂੰ ਦੇ ਹੀ ਕਦਮ ਸਨ, ਕਿਉਂਕਿ ਵਾਮਨ ਵਿਸ਼ਨੂੰ ਦਾ ਅਵਤਾਰ ਹੈ।

ਭਾਵੇਂ ਮੁੱਖ ਅਵਤਾਰ ਦਸ ਮੰਨੇ ਗਏ ਹਨ ਪਰ ਅਵਤਾਰਾਂ ਦੀ ਕੁੱਲ ਗਿਣਤੀ ਚੌਵੀ ਹੈ। ਦਸਮ ਗ੍ਰੰਥ ਵਿਚ ਇਨ੍ਹਾਂ ਅਵਤਾਰਾਂ ਦਾ ਜ਼ਿਕਰ ਆਇਆ ਹੈ—ਮੱਛ ਅਵਤਾਰ, ਕੱਛ ਅਵਤਾਰ, ਨਰ ਅਵਤਾਰ, ਨਾਰਾਇਣ ਅਵਤਾਰ, ਮਹਾਂ ਮੋਹਨੀ ਅਵਤਾਰ, ਬੈਰਾਹ ਅਵਤਾਰ, ਨਰਸਿੰਘ ਅਵਤਾਰ, ਬਾਵਨ ਅਵਤਾਰ, ਪਰਸੁ ਰਾਮ ਅਵਤਾਰ, ਬ੍ਰਹਮਾ ਅਵਤਾਰ, ਅਰਿਹੰਤ ਅਵਤਾਰ, ਮਨੁਰਾਜਾ ਅਵਤਾਰ, ਧਨੰਤਰ ਅਵਤਾਰ, ਸੂਰਜ ਅਵਤਾਰ, ਚੰਦ ਅਵਤਾਰ, ਰਾਮ ਅਵਤਾਰ ਅਤੇ ਕ੍ਰਿਸ਼ਨ

www.sikhbookclub.com

ਅਵਤਾਰ। ਇਨ੍ਹਾਂ ਸਭ ਅਵਤਾਰਾਂ ਵਿਚੋਂ ਕ੍ਰਿਸ਼ਨ ਅਵਤਾਰ ਦਸਮ ਗ੍ਰੰਥ ਦੀ ਸਭ ਤੋਂ ਲੰਮੇ ਆਕਾਰ ਦੀ ਰਚਨਾ ਹੈ।

ਕ੍ਰਿਸ਼ਨ ਅਵਤਾਰ ਦੇ ਆਰੰਭ ਵਿਚ ਇਹ ਵਾਕ ਦਰਜ ਹਨ :

ੴ ਵਾਹਿਗੁਰੂ ਜੀ ਕੀ ਫ਼ਤਹ ॥
ਅਥ ਕ੍ਰਿਸ਼ਨਾ ਅਵਤਾਰ ਇੱਕੀਸਮੋ ਅਵਤਾਰ ਕਥਨੰ ॥
ਚੌਪਈ ॥
ਅਬ ਬਰਣੋ ਕਿਸ਼ਨਾ ਅਵਤਾਰੂ ॥ ਜੈਸ ਭਾਂਤ ਬਰੁ ਧਰਯੋ ਮੁਰਾਰੂ ॥
ਪਰਮ ਪਾਪ ਤੇ ਭੂਮ ਡਰਾਨੀ ॥ ਡਗਮਗਾਤ ਬਿਧ ਤੀਰ ਸਿਧਾਨੀ ॥੧॥ਚੌਪਈ॥
ਬ੍ਰਹਮਾ ਗਯੋ ਛੀਰ ਨਿਧ ਜਹਾਂ ॥ ਕਾਲ ਪੁਰਖ ਇਸਥਿਤ ਤੇ ਤਹਾਂ ॥
ਕਹਯੋ ਬਿਸ਼ਨ ਕਹ ਨਿਕਟਿ ਬੁਲਾਈ ॥ ਕ੍ਰਿਸ਼ਨ ਅਵਤਾਰ ਧਰੋ ਤੁਮ ਜਾਈ ॥੨॥
ਦੋਹਰਾ ॥
ਕਾਲ ਪੁਰਖ ਕੇ ਬਚਨ ਤੇ ਸੰਤਨ ਹੇਤ ਸਹਾਇ ॥
ਮਥਰਾ ਮੰਡਲ ਕੇ ਬਿਖੈ, ਜਨਮ ਧਰਯੋ ਹਰਿ ਰਾਇ ॥੩॥

(ਦਸਮ ਗ੍ਰੰਥ, ਪੰਨਾ ੨੫੪)

ਇਨ੍ਹਾਂ ਪੰਕਤੀਆਂ ਦੇ ਅਰਥ ਹਨ, ਹੁਣ ਮੈਂ ਉਹ ਕਥਾ ਵਰਣਨ ਕਰਨ ਲੱਗਾ ਹਾਂ ਜਿਸ ਵਿਚ ਕ੍ਰਿਸ਼ਨ ਜੀ ਨੇ ਜਨਮ ਲਿਆ। ਧਰਤੀ ਉੱਤੇ ਮਹਾਂ ਪਾਪ ਜਦੋਂ ਪਸਰਿਆ ਤਾਂ ਉਸ ਨੇ ਬ੍ਰਹਮਾ ਜੀ ਪਾਸ ਫਰਿਆਦ ਕੀਤੀ। ਬ੍ਰਹਮਾ ਜੀ ਦੁੱਧ ਜਿਹੇ ਸਵੱਛ ਦੇਸ ਵਿਚ ਅਕਾਲ ਪੁਰਖ ਦੇ ਹੁਕਮ ਨੂੰ ਮੰਨ ਕੇ ਸੰਤਾਂ ਦੀ ਰੱਖਿਆ ਕਰਨ ਹਿੱਤ ਕ੍ਰਿਸ਼ਨ ਜੀ ਨੇ ਮਥੁਰਾ ਵਿਚ ਜਨਮ ਧਾਰਨ ਕੀਤਾ।

ਕਥਾ ਦਾ ਆਰੰਭ ਪ੍ਰਿਥਵੀ ਦੀ ਫਰਿਆਦ ਤੋਂ ਬਾਅਦ ਦੇਵਕੀ ਦੇ ਵਿਆਹ ਨਾਲ ਕੀਤਾ ਹੈ। ਵਿਆਹਾਂ ਵਿਚ ਤਾਹਨੇ ਮਿਹਣੇ ਅਤੇ ਸਿੱਠਣੀਆਂ ਦੇਣ ਦਾ ਰਿਵਾਜ ਉਦੋਂ ਵੀ ਅੱਜ ਵਾਂਗ ਸੀ। ਕੰਸ ਅਤੇ ਵਾਸੁਦੇਵ ਦੀ ਮਿਲਣੀ ਇਉਂ ਚਿਤਰਦੇ ਹਨ :

ਕੰਸ ਅਵਰ ਬਸਦੇਵ ਜੂ, ਆਪਸਿ ਮੈ ਮਿਲ ਅੰਗ ॥
ਤਬੈ ਬਹੁਰਿ ਦੇਵਨ ਲਗੇ, ਗਾਰੀ ਰੰਗਾ ਰੰਗ ॥੨੫॥ *(ਉਹੀ, ਪੰਨਾ ੨੫੭)*

ਫਿਰ ਦੇਵਕੀ ਅਤੇ ਵਾਸੁਦੇਵ ਨੂੰ ਕੈਦ ਵਿਚ ਸੁੱਟਣ ਦਾ ਜ਼ਿਕਰ ਹੈ। ਕ੍ਰਿਸ਼ਨ ਜੀ ਦਾ ਜਨਮ ਹੋਇਆ। ਬਚਪਨ ਵਿਚ ਹੀ ਵਚਿੱਤਰ ਖੇਲ ਵਿਖਾਣ ਲੱਗੇ। ਬਕੀ ਦੈਂਤ ਅਤੇ ਅਘਾਸੁਰ ਦੈਂਤ ਨੂੰ ਮਾਰਿਆ। ਫਿਰ ਗੋਪੀਆਂ ਨਾਲ ਰੁਮਾਂਚਿਕ ਵਿਹਾਰ ਦਾ ਵਰਨਣ ਹੈ। ਇਸ ਪਿੱਛੋਂ ਕਥਾ ਲਿਖਦੇ ਲਿਖਦੇ ਗੁਰੂ ਜੀ ਰਾਸ ਮੰਡਲ ਵਿਚ ਇਹ ਕਥਨ ਕਰਦੇ ਹਨ :

ਤੁਮੀ ਰਾਮ ਹ੍ਵੈ ਕੈ, ਦਸਾਗ੍ਰੀਵ ਖੰਡਯੋ ॥
ਤੁਮੀ ਕ੍ਰਿਸ਼ਨ ਹ੍ਵੈ ਕੰਸ ਕੇਸੀ ਬਿਹੰਡਯੋ ॥੪੩੨॥ *(ਉਹੀ, ਪੰਨਾ ੩੦੯)*

ਕਿਤੇ ਕਿਸੇ ਨੂੰ ਇਹ ਸ਼ੱਕ ਨਾ ਪੈ ਜਾਵੇ ਕਿ ਗੁਰੂ ਜੀ ਅਵਤਾਰਵਾਦ ਵਿਚ ਵਿਸ਼ਵਾਸ ਰੱਖ ਰਹੇ ਹਨ। ਨਾਲ ਹੀ ਪਾਤਸ਼ਾਹ ਨੇ ਫ਼ੁਰਮਾਇਆ ਹੈ :

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥

www.sikhbookclub.com

ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥

(ਉਹੀ, ਪੰਨਾ ੩੧੦)

ਭਾਵ ਹੈ, ਅਕਾਲ ਪੁਰਖ ਪਿਤਾ, ਵਾਸਤਵ ਵਿਚ ਤੂੰ ਹੀ ਰਾਵਣ ਨੂੰ ਮਾਰਿਆ ਸੀ, ਤੂੰ ਹੀ ਕੰਸ ਨੂੰ ਕੇਸਾਂ ਤੋਂ ਫੜ ਕੇ ਪਛਾੜਿਆ ਸੀ। ਮੈਨੂੰ ਇਹ ਕਿੱਸਾ ਆਰੰਭ ਕਰਨ ਵੇਲੇ ਆਮ ਭਾਰਤੀ ਪਰੰਪਰਾ ਵਾਂਗ ਗਣੇਸ਼ ਦੀ ਪੂਜਾ ਤੇ ਉਸਤਤਿ ਕਰਨੀ ਚਾਹੀਦੀ ਸੀ ਪਰ ਮੈਂ ਤਾਂ ਗਣੇਸ਼ ਨੂੰ ਮੰਨਦਾ ਨਹੀਂ। ਨਾ ਮੈਂ ਕ੍ਰਿਸ਼ਨ ਨੂੰ ਮੰਨਦਾ ਹਾਂ, ਨਾ ਵਿਸ਼ਨੂੰ ਨੂੰ ਧਿਆਉਂਦਾ ਹਾਂ। ਮੈਂ ਆਪਣੇ ਕੰਨਾਂ ਨਾਲ ਇਹ ਗੱਲਾਂ ਸੁਣੀਆਂ ਜ਼ਰੂਰ ਹਨ ਕਿ ਇਹ ਸਭ ਬਹੁਤ ਸ਼ਕਤੀਵਾਨ ਸਨ ਪਰ ਇਨ੍ਹਾਂ ਨਾਲ ਮੇਰੀ ਕੋਈ ਵਾਕਫ਼ੀਅਤ ਨਹੀਂ ਤੇ ਮੇਰਾ ਕੋਈ ਸਰੋਕਾਰ ਨਹੀਂ। ਮੇਰਾ ਧਿਆਨ ਤਾਂ ਹੇ ਪਰਮ ਪਿਤਾ ਅਕਾਲ ਪੁਰਖ, ਤੇਰੇ ਚਰਨਾਂ ਵਿਚ ਲੱਗਾ ਹੋਇਆ ਹੈ :

ਮਹਾਕਾਲ ਰਖਵਾਰ ਹਮਾਰੋ ॥ ਮਹਾਲੋਹ ਮੈਂ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥ ਬਾਹਿ ਗਹੇ ਕੀ ਲਾਜ ਬਿਚਾਰ ॥

(ਉਹੀ, ਪੰਨਾ ੩੧੦)

ਮੇਰਾ ਰਖਵਾਲਾ ਤਾਂ ਮਹਾਂਕਾਲ ਅਕਾਲ ਪੁਰਖ ਹੈ। ਮੈਂ ਸੇਵਾ ਕਰਨ ਵਾਲਾ ਉਸ ਦਾ ਦਾਸ ਹਾਂ, ਜੇ ਮਦਦ ਕਰਨ ਲਈ ਮੇਰੀ ਬਾਂਹ ਫੜੀ ਹੈ, ਤਾਂ ਇਸ ਦੀ ਲਾਜ ਰੱਖੋ।

ਇਥੇ ਇਹ ਸਭ ਵਿਚਾਰ ਜੋ ਆਪ ਜੀ ਨੇ ਪੜ੍ਹੇ ਹਨ ਬੜੇ ਵਚਿੱਤਰ ਲੱਗਦੇ ਹਨ। ਇਕ ਪਾਸੇ ਗੁਰੂ ਜੀ ਕ੍ਰਿਸ਼ਨਾਵਤਾਰ ਦਾ ਵਿਸ਼ਾਲ ਗ੍ਰੰਥ ਲਿਖੀ ਜਾ ਰਹੇ ਹਨ ਤੇ ਦੂਜੇ ਪਾਸੇ ਇਹ ਕਹੀ ਜਾ ਰਹੇ ਹਨ ਕਿ ਮੇਰਾ ਇਹਨਾਂ ਅਵਤਾਰਾਂ ਵਿਚ ਕੋਈ ਵਿਸ਼ਵਾਸ ਨਹੀਂ। ਇਸ ਦਾ ਕੀ ਕਾਰਨ ਹੋਇਆ ? ਇਸ ਸਮੱਸਿਆ ਦੇ ਹੱਲ ਲਈ ਸਾਨੂੰ ਪਹਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਣੀ ਚਾਹੀਦੀ ਹੈ। ਕਿਉਂਕਿ ਗੁਰਮਤਿ ਦੇ ਕਿਸੇ ਸਿਧਾਂਤ ਸਬੰਧੀ ਜੋ ਵੀ ਨਿਰਣਾ ਲੈਣਾ ਹੋਵੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰੋਸ਼ਨੀ ਵਿਚ ਹੀ ਲਿਆ ਜਾ ਸਕਦਾ ਹੈ। ਗੁਰਬਾਣੀ ਨੇ ਅਵਤਾਰਵਾਦ ਦੇ ਸਿਧਾਂਤ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਜੀ ਫ਼ੁਰਮਾਉਂਦੇ ਹਨ :

ਸੋ ਮੁਖੁ ਜਲਉ ਜਿਤ ਕਹਹਿ ਠਾਕੁਰੁ ਜੋਨੀ ॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥ *(ਪੰਨਾ ੧੧੩੬)*

ਭਾਵ ਉਹ ਮੂੰਹ ਸੜ ਜਾਵੇ ਜਿਹੜਾ ਆਖੇ ਪ੍ਰਭੂ ਜੂਨਾਂ ਵਿਚ ਵੀ ਪੈ ਜਾਂਦਾ ਹੈ। ਮੂਲ ਮੰਤਰ ਵਿਚ ਹੀ ਗੁਰੂ ਜੀ ਨੇ ਅਕਾਲ ਪੁਰਖ ਨੂੰ ਅਜੂਨੀ ਕਹਿ ਕੇ ਉਸ ਦੁਆਰਾ ਜਨਮ ਲੈਣ ਦੇ ਸਿਧਾਂਤ ਨੂੰ ਰੱਦ ਕਰ ਦਿੱਤਾ। ਅਵਤਾਰ ਤਾਂ ਅਜੂਨੀ ਨਹੀਂ ਹੁੰਦਾ। ਇਸ ਕਰਕੇ ਜੋ ਜੀਵ ਜੂਨ ਵਿਚ ਆਇਆ, ਉਹ ਰੱਬ ਨਹੀਂ, ਰੱਬ ਦੀ ਰਚਨਾ ਹੈ, ਭਾਵੇਂ ਰਾਮ ਜੀ ਹਨ ਭਾਵੇਂ ਕ੍ਰਿਸ਼ਨ ਜੀ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਅਵਤਾਰਵਾਦ ਦੇ ਸਿਧਾਂਤ ਵਿਚ ਆਖਿਰ ਕੀ ਨੁਕਸ ਸੀ, ਜਿਸ ਕਰਕੇ ਹਜ਼ਾਰਾਂ ਸਾਲ ਤੋਂ ਪ੍ਰਚਲਿਤ ਇਸ ਵਿਸ਼ਵਾਸ਼ ਨੂੰ ਗੁਰੂ ਜੀ ਨੇ ਸਵੀਕਾਰ ਨਹੀਂ ਕੀਤਾ ? ਇਸ ਦਾ ਉੱਤਰ ਇਹ ਹੈ ਕਿ ਕਰਮ ਅਤੇ ਆਵਾਗੌਣ ਦੇ ਸਿਧਾਂਤ ਆਪਸ ਵਿਚ ਇਕ ਦੂਜੇ ਉੱਤੇ ਨਿਰਭਰ ਹਨ। ਜਿਹੋ ਜਿਹੇ ਅਸੀਂ ਕਰਮ ਕਰਦੇ ਹਾਂ ਉਹੋ ਜਿਹੀ ਸਾਨੂੰ ਅਗਲੀ ਜੂਨ ਮਿਲੇਗੀ। ਜਿਸ ਮਨੁੱਖ ਨੇ ਸਭ ਕੰਮ ਨੇਕ ਕੀਤੇ

www.sikhbookclub.com

ਹੋਣ, ਪ੍ਰਭੂ ਸਿਮਰਨ ਵਿਚ ਜੀਵਨ ਲਾਇਆ ਹੋਵੇ, ਕਰਮ ਸਿਧਾਂਤ ਅਨੁਸਾਰ ਉਸ ਮਨੁੱਖ ਨੂੰ ਮੁਕਤੀ ਮਿਲੇਗੀ। ਮੁਕਤੀ ਦਾ ਅਰਥ ਹੈ ਫਿਰ ਤੋਂ ਜੂਨ ਵਿਚ ਨਾ ਆਉਣਾ। ਸੋ ਜੂਨਾਂ ਵਿਚ ਉਹੀ ਪੈਂਦਾ ਹੈ ਜਿਸ ਨੇ ਕੋਈ ਬੁਰੇ ਕੰਮ ਕੀਤੇ ਹੋਣ। ਇਸ ਸਿਧਾਂਤ ਅਨੁਸਾਰ ਈਸ਼ਵਰ ਨੂੰ ਜਨਮ ਨਹੀਂ ਲੈਣਾ ਚਾਹੀਦਾ। ਜੇ ਈਸ਼ਵਰ ਜਨਮ ਲੈਂਦਾ ਹੈ, ਭਾਵ ਅਵਤਾਰ ਧਾਰਦਾ ਹੈ ਤਾਂ ਇਸ ਦਾ ਅਰਥ ਇਹ ਹੋਇਆ ਕਿ ਉਸ ਨੇ ਕੁਝ ਬੁਰੇ ਕੰਮ ਕੀਤੇ ਹਨ ਤਦ ਜੂਨ ਵਿਚ ਪਿਆ।

ਪਰ ਕੀ ਈਸ਼ਵਰ ਵੀ ਗ਼ਲਤ ਜਾਂ ਅਨੈਤਿਕ ਕੰਮ ਕਰਦਾ ਹੈ ? ਜੇ ਇਸ ਦਾ ਉੱਤਰ ਨਾਂਹ ਵਿਚ ਹੈ ਤਾਂ ਉਹ ਅਵਤਾਰ ਨਹੀਂ ਧਾਰੇਗਾ ਅਤੇ ਜੇ ਹਾਂ ਵਿਚ ਹੈ ਤਾਂ ਫਿਰ ਮਨੁੱਖ ਮੰਦੇ ਕੰਮ ਕਰਨ ਤੋਂ ਹਟਣਗੇ ? ਇਹ ਹੈ ਉਹ ਵੱਡੀ ਸਮੱਸਿਆ, ਜਿਸ ਨੂੰ ਆਧਾਰ ਬਣਾ ਕੇ ਗੁਰੂ ਸਾਹਿਬਾਨ ਨੇ ਅਵਤਾਰਵਾਦ ਦੇ ਸਿਧਾਂਤ ਨੂੰ ਨਹੀਂ ਸਵੀਕਾਰਿਆ।

ਹੁਣ ਮਹੱਤਵਪੂਰਨ ਸਵਾਲ ਇਹ ਹੈ ਕਿ ਜੇ ਅਵਤਾਰਵਾਦ ਵਿਚ ਵਿਸ਼ਵਾਸ ਨਹੀਂ ਸੀ ਤਾਂ ਗੁਰੂ ਦਸਮ ਪਾਤਸ਼ਾਹ ਨੇ ਅਵਤਾਰਾਂ ਦੀਆਂ ਜੀਵਨ-ਖੇਡਾਂ ਉੱਤੇ ਕਾਵਿ-ਰਚਨਾ ਕਿਉਂ ਕੀਤੀ ? ਇਸ ਦਾ ਸਹਿਜੇ ਹੀ ਉੱਤਰ ਮਿਲ ਜਾਂਦਾ ਹੈ। ਜਦੋਂ ਅਸੀਂ ਗੁਰੂ ਜੀ ਵਲ ਝਾਤ ਮਾਰਦੇ ਹਾਂ, ਮੁਗ਼ਲਾਂ ਦੇ ਅਤਿਆਚਾਰਾਂ ਦਾ ਦੌਰ ਜਾਰੀ ਸੀ। ਪਰਜਾ ਵਿਚ ਹਾਹਾਕਾਰ ਮੱਚੀ ਹੋਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਹੜੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤ ਛਕਣ ਵਾਸਤੇ ਆ ਰਹੇ ਸਨ, ਉਹਨਾਂ ਦਾ ਪਰਿਵਾਰਕ ਪਿਛੋਕੜ ਹਿੰਦੂ ਮਤ ਸੀ। ਭਾਵੇਂ ਹਿੰਦੁਸਤਾਨ ਵਿਚਲੀ ਪਰਜਾ ਦਾ ਬਹੁਤਾ ਭਾਗ ਨਿੱਸਲ ਹੋ ਚੁੱਕਾ ਸੀ, ਆਸ ਉਮੀਦ ਤਿਆਗ ਚੁੱਕਾ ਸੀ ਪਰ ਜੇ ਖਾਲਸੇ ਦਾ ਵਿਕਾਸ ਕਰਨਾ ਸੀ ਤਾਂ ਇਸੇ ਨਿਢਾਲ ਹੋ ਚੁੱਕੇ ਵੱਡੇ ਭਾਰਤੀ ਹਿੰਦੂ ਭਾਈਚਾਰੇ ਨੂੰ ਜਾਗ੍ਰਿਤ ਕਰਨਾ ਪੈਣਾ ਸੀ। ਬਹੁਤ ਸਾਰੇ ਅਜਿਹੇ ਹਿੰਦੂ ਨੌਜਵਾਨ, ਜਿਨ੍ਹਾਂ ਦੀ ਅਣਖ ਬਰਕਰਾਰ ਸੀ, ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜ਼ੁਲਮ ਦੀ ਹਨੇਰੀ ਵਿਚੋਂ ਗੁਰੂ ਕਲਗੀਧਰ ਪਾਤਸ਼ਾਹ ਹੀ ਕੱਢ ਸਕਦੇ ਹਨ। ਉਹ ਸਿੰਘ ਸਜ ਗਏ। ਜਿਹੜੇ ਅਜੇ ਤਿਆਰ ਨਹੀਂ ਸਨ, ਉਨ੍ਹਾਂ ਨੂੰ ਪੁਰਾਣੇ ਭਾਰਤੀ ਵਿਰਸੇ ਦੀ ਸੂਝ ਬੂਝ ਵੀ ਦੇਣੀ ਜ਼ਰੂਰੀ ਸੀ ਅਤੇ ਗੁਰਮਤਿ ਦੇ ਉੱਚੇ ਆਦਰਸ਼ਾਂ ਬਾਰੇ ਵੀ ਦੱਸਣਾ ਸੀ। ਜੰਗਾਂ ਯੁੱਧਾਂ ਦਾ ਦੌਰ ਸਾਹਮਣੇ ਦਿੱਸ ਰਿਹਾ ਸੀ ਤੇ ਧਰਮ ਯੁੱਧ ਤੋਂ ਬਗ਼ੈਰ ਗ਼ੁਲਾਮੀ ਤੋਂ ਨਿਜਾਤ ਨਹੀਂ ਮਿਲਣੀ ਸੀ। ਪੂਰੀ ਕੌਮ ਨੂੰ ਯੁੱਧ ਲਈ ਤਿਆਰ ਕਰਨ ਵਾਸਤੇ ਪਹਿਲੋਂ ਮਾਨਸਿਕ ਅਵਸਥਾ ਬਦਲਣੀ ਪੈਣੀ ਸੀ। ਮਨ ਦੇ ਰੋਗ ਦੂਰ ਕਰਕੇ ਟੱਕਰ ਲੈਣੀ ਸੀ। ਇਸੇ ਕਰਕੇ ਗੁਰੂ ਜੀ 'ਕ੍ਰਿਸ਼ਨਾਵਤਾਰ' ਗ੍ਰੰਥ ਦੇ ਅਖੀਰ ਵਿਚ ਫ਼ੁਰਮਾਉਂਦੇ ਹਨ :

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ *(ਦਸਮ ਗ੍ਰੰਥ, ਪੰਨਾ ੫੭੦)*

ਚੰਡੀ ਦੀ ਵਾਰ ਲਿਖਣ ਦਾ ਮਨੋਰਥ ਵੀ ਇਹੋ ਸੀ ਕਿ ਜੇ ਕਿਸੇ ਸਮੇਂ ਇਕ ਇਸਤਰੀ ਸਾਹਸ ਪੂਰਨ ਜੰਗ ਲੜ ਕੇ ਦੈਂਤਾਂ ਦੁਸ਼ਟਾਂ ਦਾ ਨਾਸ ਕਰ ਗਈ ਸੀ ਤਾਂ ਅੱਜ ਦੀਆਂ ਔਰਤਾਂ ਅਜਿਹਾ ਕਿਉਂ ਨਹੀਂ ਕਰ ਸਕਦੀਆਂ ? ਇਹੀ ਭਾਵਨਾ ਅਵਤਾਰਾਂ ਦੀ ਰਚਨਾ ਕਰਨ ਪਿੱਛੇ ਦਿੱਸਦੀ ਹੈ। 'ਅਕਾਲ ਉਸਤਤਿ' ਵਿਚ ਗੁਰੂ ਜੀ ਫ਼ੁਰਮਾਉਂਦੇ ਹਨ :

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ
ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ॥ *(ਦਸਮ ਗ੍ਰੰਥ, ਪੰਨਾ ੧੮)*

www.sikhbookclub.com

ਅਤੇ ਬਚਿਤ੍ਰ ਨਾਟਕ ਵਿਚ ਫ਼ੁਰਮਾਇਆ ਹੈ :

ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥
ਜਿਤੇ ਕ੍ਰਿਸਨ ਹ੍ਵੈਹੈਂ ॥ ਸਭੈ ਅੰਤ ਜੈਹੈਂ ॥ (ਅਧਿ: ੧)

'ਕ੍ਰਿਸ਼ਨਾਵਤਾਰ' ਗ੍ਰੰਥ ਦੇ ਅੰਤ ਵਿਚ ਅੰਕਿਤ ਪੰਗਤੀਆਂ ਵਿਚਾਰਨ ਯੋਗ ਹਨ :

ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ, ਕੈ ਤਪੁ ਆਵਤ ਹੈ ਜੁ ਕਰੋ ॥
ਅਰ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ॥
ਅਬ ਰੀਝ ਕੈ ਦੇਹੁ ਵਹੈ ਹਮ ਕਉ, ਜੋਊ ਹਉ ਬਿਨਤੀ ਕਰ ਜੋਰ ਕਰੋ ॥
ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ ॥

(ਦਸਮ ਗ੍ਰੰਥ, ਪੰਨਾ ੫੭੦)

ਭਾਵ ਮੈਂ ਪੁਜਾਰੀ ਨਹੀਂ ਹਾਂ, ਖੱਤਰੀ ਦਾ ਪੁੱਤਰ ਹਾਂ। ਮੈਨੂੰ ਨਹੀਂ ਪਤਾ ਕਿ ਤਪ ਤੇ ਤਪੱਸਿਆ ਕੀ ਹੁੰਦੀ ਹੈ। ਘਰ-ਬਾਰ ਦੇ ਜੰਜਾਲਾਂ ਤੋਂ ਮੁਕਤ ਹੋ ਕੇ ਮੈਂ ਤੇਰੇ ਚਰਨਾਂ ਵਲ ਹੀ ਹਮੇਸ਼ਾ ਧਿਆਨ ਲਾਇਆ ਹੈ। ਹੁਣ ਮੇਰੀ ਰੀਝ ਪੂਰੀ ਕਰੋ। ਹੁਣ ਮੇਰੀ ਬੇਨਤੀ ਸੁਣੋ, ਉਹ ਬੇਨਤੀ ਜਿਹੜੀ ਮੈਂ ਹੱਥ ਜੋੜ ਜੋੜ ਕਰ ਰਿਹਾ ਹਾਂ। ਉਹ ਬੇਨਤੀ ਇਹ ਹੈ ਕਿ ਜਦੋਂ ਸਾਹਾਂ ਦੀ ਲੜੀ ਨੇ ਮੁੱਕਣਾ ਹੀ ਮੁੱਕਣਾ ਹੈ ਤਾਂ ਫਿਰ ਮੈਂ ਭਖਦੇ ਜੰਗ ਦੇ ਮੈਦਾਨ ਵਿਚ ਧਰਮ ਯੁੱਧ ਕਰਦਾ ਹੋਇਆ ਲੜ ਕੇ ਪ੍ਰਾਣ ਤਿਆਗਾਂ।

ਇਹ ਪੰਕਤੀਆਂ ਸਪੱਸ਼ਟ ਕਰਦੀਆਂ ਹਨ ਕਿ ਕ੍ਰਿਸ਼ਨਾਵਤਾਰ ਗ੍ਰੰਥ ਦੀ ਰਚਨਾ ਜੰਗ ਲਈ ਉਤਸ਼ਾਹ ਪੈਦਾ ਕਰਨ ਦੇ ਮਨੋਰਥ ਨਾਲ ਲਿਖੀ ਗਈ ਹੈ। ਗੁਰੂ ਜੀ ਹੱਕ-ਸੱਚ ਵਾਸਤੇ ਜੰਗ ਦੇ ਮੈਦਾਨ ਵਿਚ ਪ੍ਰਾਣ ਤਿਆਗਣ ਦੀਆਂ ਵਾਹਿਗੁਰੂ ਅੱਗੇ ਬੇਨਤੀਆਂ ਕਰ ਰਹੇ ਹਨ।

'ਬਚਿਤ੍ਰ ਨਾਟਕ' ਵਿਚ ਵੀ ਗੁਰੂ ਜੀ ਨੇ ਇਸ਼ਾਰੇ ਕੀਤੇ ਹਨ ਕਿ ਸੰਸਾਰ ਵਿਚ ਜਨਮ ਲੈ ਕੇ ਜਿਹੜੇ ਮਹਾਂਪੁਰਖ ਆਏ, ਉਹ ਰੱਬ ਦੇ ਭਗਤ ਸਨ ਪਰ ਉਨ੍ਹਾਂ ਨੇ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ :

ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥...
ਪਰਮ ਤੱਤ ਕੋ ਜਿਨ ਨ ਪਛਾਨਾ ॥
ਤਿਨ ਕਰਿ ਈਸਰ ਤਿਨ ਕਹੁ ਮਾਨਾ ॥੧੦॥ (ਬਚਿਤ੍ਰ ਨਾਟਕ, ਅਧਿ: ੬)

ਭਾਵ ਬ੍ਰਹਮਾ ਜੀ ਆਪਣੇ ਆਪ ਨੂੰ ਪਾਰਬ੍ਰਹਮ ਅਖਵਾਉਣ ਲੱਗ ਪਏ। ਪ੍ਰਭੂ ਨੂੰ ਪ੍ਰਭੂ ਕਿਸੇ ਨੇ ਨਹੀਂ ਕਿਹਾ। ਜਿਨ੍ਹਾਂ ਮਨੁੱਖਾਂ ਨੇ ਪਰਮ ਤੱਤ ਨੂੰ ਪਛਾਣਿਆ ਨਹੀਂ ਹੈ, ਉਹੀ ਅਵਤਾਰਾਂ ਨੂੰ ਪ੍ਰਭੂ ਆਖਦੇ ਹਨ।

ਗੁਰੂ ਜੀ ਨੇ ਦੇਖਿਆ ਕਿ ਮਹਾਂਪੁਰਖਾਂ ਨੂੰ ਲੋਕ ਰੱਬ ਹੀ ਕਹਿਣ ਲੱਗ ਪਏ, ਕਿਤੇ ਮੈਨੂੰ ਵੀ ਈਸ਼ਵਰ ਦਾ ਅਵਤਾਰ ਹੀ ਨਾ ਕਹਿਣ ਲੱਗ ਪੈਣ, ਇਸ ਕਰਕੇ ਉਨ੍ਹਾਂ ਨੇ ਫ਼ੁਰਮਾਇਆ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥

www.sikhbookclub.com

ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥

(ਉਹੀ, ਅਧਿ: ੬)

ਗੁਰੂ ਕਲਗੀਧਰ ਪਾਤਸ਼ਾਹ ਨੇ 'ਕ੍ਰਿਸ਼ਨਾਵਤਾਰ' ਗ੍ਰੰਥ ਦੀ ਰਚਨਾ ਸ੍ਰੀ ਅਨੰਦਪੁਰ ਸਾਹਿਬ ਦੇ ਸਥਾਨ 'ਤੇ ਕੀਤੀ। ਗੁਰੂ ਜੀ ਨੇ ਇਸ ਕਥਾ ਦਾ ਆਧਾਰ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਨੂੰ ਬਣਵਾਇਆ ਹੈ। ਦਸਮੇਂ ਸਕੰਧ ਦਾ ਨਾਮ ਭਾਗਵਤ ਪੁਰਾਣ ਵਿਚ ਸ਼ਾਂਖ ਅਧਿਆਇ ਲਿਖਿਆ ਹੋਇਆ ਹੈ ਪਰ ਗੁਰੂ ਜੀ ਨੇ ਇਸ ਦਾ ਨਾਮ ਦਸਮ ਸਕੰਧ ਹੀ ਰਹਿਣ ਦਿੱਤਾ। ਰਚਨਾ ਦੇ ਅੰਤ ਵਿਚ ਗੁਰੂ ਜੀ ਖ਼ੁਦ ਹੀ ਰਚਨਾਕਾਲ ਦਾ ਵੇਰਵਾ ਦਿੰਦੇ ਹੋਏ ਲਿਖਦੇ ਹਨ ਕਿ ਇਹ ਗ੍ਰੰਥ ਸੰਮਤ ੧੭੪੫ ਦੇ ਸਾਵਨ ਮਹੀਨੇ ਦੀ ਚਾਨਣੀ ਸੱਤਵੀਂ ਥਿੱਤ ਨੂੰ ਸੰਪੂਰਨ ਹੋਇਆ, ਜਿਸ ਅਨੁਸਾਰ ਮੰਗਲਵਾਰ 24 ਜੁਲਾਈ 1688 ਸੰਨ ਵਿਚ ਮੁਕੰਮਲ ਹੋਣ ਦਾ ਦਿਨ ਹੈ। ਗ੍ਰੰਥ ਦੇ ਕੁਲ ੨੪੯੨ ਬੰਦ ਹਨ ਤੇ ਅਖਰੀਲੇ ਬੰਦ ਭਾਵ ੨੪੯੨ ਅੰਕ ਵਾਲੇ ਬੰਦ ਨੇ ਕ੍ਰਿਸ਼ਨਾਵਤਾਰ ਬਾਣੀ ਦੇ ਉਦੇਸ਼ ਅਤੇ ਨਾਲ ਹੀ ਗੁਰਮਤਿ ਦੇ ਸਿਧਾਂਤਾਂ ਦਾ ਮਨੋਰਥ ਸਪੱਸ਼ਟ ਕਰ ਦਿੱਤਾ ਹੈ :

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥

(ਦਸਮ ਗ੍ਰੰਥ, ਪੰਨਾ ੫੭੦)

(9/1992)

www.sikhbookclub.com

ਸ਼ਬਦ ਹਜ਼ਾਰੇ ਪਾਤਸ਼ਾਹੀ ੧੦

(ਜੋ ਕਲਗੀਧਰ ਦੀ ਭਗਤੀ ਭਾਵਨਾ ਦਾ ਪ੍ਰਮਾਣ ਹਨ)

ਜਿਵੇਂ ਪ੍ਰੇਮੀ ਗੁਰਸਿੱਖ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨਿਤਨੇਮ ਦੇ ਗੁਟਕਿਆਂ ਵਿਚ 'ਸ਼ਬਦ ਹਜ਼ਾਰੇ' ਦੇ ਸਿਰਲੇਖ ਹੇਠ ਲਿਖੇ ਸੱਤਾਂ ਸ਼ਬਦਾਂ ਦਾ ਹੋਰ ਨਿਤਨੇਮ ਦੀਆਂ ਬਾਣੀਆਂ ਸਹਿਤ ਪਾਠ ਕਰਦੇ ਹਨ, ਇਵੇਂ ਹੀ ਇਨ੍ਹਾਂ ਗੁਟਕਿਆਂ ਵਿਚ ਉਪਰ ਲਿਖੇ ਸਿਰਲੇਖ ਹੇਠ ਲਿਖੇ ਸ੍ਰੀ ਦਸਮੇਸ਼ ਜੀ ਦੇ ਦਸਾਂ ਸ਼ਬਦਾਂ ਦਾ ਪ੍ਰੇਮੀ-ਜਨ ਪਾਠ ਕਰਦੇ ਹਨ। ਪ੍ਰੇਮੀ-ਜਨਾਂ ਨੇ ਇਨ੍ਹਾਂ ਸ਼ਬਦਾਂ ਦੇ ਸਿਰਲੇਖ ਲਈ 'ਸ਼ਬਦ ਹਜ਼ਾਰੇ' ਦੀ ਸੰਗਿਆ ਵਰਤੀ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਸ਼ਬਦਾਂ ਦੀ ਵਡਿਆਈ ਨੂੰ ਪ੍ਰਗਟ ਕਰਨ ਲਈ 'ਹਜ਼ਾਰੇ' ਸ਼ਬਦ ਵਰਤਿਆ ਗਿਆ ਹੈ, ਭਾਵ ਇਕ ਦੇ ਮੁਕਾਬਲੇ ਹਜ਼ਾਰ ਆਖ ਕੇ ਵਡਿਆਈ ਦਾ ਹੀ ਪ੍ਰਗਟਾਓ ਕੀਤਾ ਹੈ। ਸ਼ਾਇਦ ਇਸੇ ਲਈ ਪ੍ਰੇਮੀ ਇਨ੍ਹਾਂ ਸ਼ਬਦਾਂ ਦੇ ਪਾਠ ਦਾ ਮਹਾਤਮ ਸਮਝਦੇ ਹਨ। ਇਹ ਸ਼ਬਦ ਦਸਮ ਗ੍ਰੰਥ ਦੇ ਪੰਨਾ 709 'ਤੇ ਅੰਕਿਤ ਹਨ। ਗੁਰੂ ਜੀ ਨੇ ਇਨ੍ਹਾਂ ਸ਼ਬਦਾਂ ਵਿਚ ਸਿੱਖੀ ਜੀਵਨ ਜੀਉਣ ਲਈ ਬੜਾ ਸੁੰਦਰ ਉਪਦੇਸ਼ ਕੀਤਾ ਹੈ ਅਤੇ ਆਪਣੇ ਇਸ਼ਟ (ਵਾਹਿਗੁਰੂ) ਦੇ ਸਰੂਪ ਅਤੇ ਕਰਤਵ ਨੂੰ ਬੜੇ ਸਪੱਸ਼ਟ ਤੌਰ 'ਤੇ ਚਿਤਰਿਤ ਕੀਤਾ ਹੈ।

ਇਸ ਲੇਖ ਵਿਚ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਕਰਨ ਦਾ ਨਿਮਾਣਾ ਯਤਨ ਕੀਤਾ ਗਿਆ ਹੈ। ਆਸ ਹੈ ਪਾਠਕ ਇਸ ਲੇਖ ਦੁਆਰਾ ਇਨ੍ਹਾਂ ਸ਼ਬਦਾਂ ਨੂੰ ਸੁਖੈਣ ਹੀ ਸਮਝ ਸਕਣਗੇ। ਇਨ੍ਹਾਂ ਸ਼ਬਦਾਂ ਦੀ ਵੀਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਇਨ੍ਹਾਂ ਸ਼ਬਦਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਈ ਵਿਚਾਰਧਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਹੀ ਅਨੁਸਾਰ ਹੈ। ਇਸ ਲਈ ਇਨ੍ਹਾਂ ਸ਼ਬਦਾਂ ਬਾਰੇ ਦਸਮੇਸ਼ ਜੀ ਦੇ ਮੁਖ-ਵਾਕ ਹੋਣ ਵਿਚ ਕੋਈ ਸੰਦੇਹ ਨਹੀਂ ਰਹਿ ਜਾਂਦਾ, ਹੁਣ ਅਸੀਂ ਇਨ੍ਹਾਂ ਸ਼ਬਦਾਂ ਦੀ ਕਰਮਵਾਰ ਵਿਆਖਿਆ ਦਾ ਪ੍ਰਾਰੰਭ ਕਰਦੇ ਹਾਂ।

੧ੴ ਸਤਿਗੁਰ ਪ੍ਰਸਾਦਿ॥

"ਇਕ ਅਦੁੱਤੀ ਵਾਹਿਗੁਰੂ ਜੋ ਜਗਤ ਦੀ ਉਤਪਤੀ, ਪਾਲਣ ਅਤੇ ਸੰਘਾਰਨ ਸ਼ਕਤੀ ਦਾ ਮਾਲਕ ਅਤੇ ਸਤਿਸਰੂਪ ਹੈ, ਉਸ ਗੁਰੂ ਦੀ ਕਿਰਪਾ ਨਾਲ।"

ਇਹ ਮੂਲ ਮੰਤਰ ਰੂਪੀ ਮੰਗਲਾਚਰਨ ਦਾ ਸੰਖੇਪ ਰੂਪ ਹੈ। ਹਰੇਕ ਕਾਰਜ ਦੇ ਆਰੰਭ ਵਿਚ ਵਾਹਿਗੁਰੂ ਦੀ ਕਿਰਪਾ ਦੀ ਹੀ ਆਵੱਸ਼ਕਤਾ ਹੁੰਦੀ ਹੈ; ਇਸੇ ਲਈ ਹਰੇਕ ਬਾਣੀ ਦੇ ਆਰੰਭ ਵਿਚ ਮੰਗਲਾਚਰਨ (ਮੂਲ ਮੰਤਰ) ਪੂਰਨ ਜਾਂ ਸੰਖੇਪ ਰੂਪ ਵਿਚ ਲਿਖਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਗੁਰੂ ਕੋਈ ਦੇਹਧਾਰੀ ਵਿਅਕਤੀ ਨਹੀਂ ਸੀ। ਉਨ੍ਹਾਂ ਦੀ ਆਪਣੀ ਬਾਣੀ ਅਨੁਸਾਰ ਉਨ੍ਹਾਂ ਦਾ ਗੁਰੂ ਅਕਾਲ ਪੁਰਖ 'ਵਾਹਿਗੁਰੂ' ਹੀ ਸੀ।

www.sikhbookclub.com

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ *(ਪੰਨਾ ੫੯੯)*

ਸਤਿਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ ਵਿਚ ਵਾਹਿਗੁਰੂ ਦੀ ਜੋਤ ਹੀ ਜਲ ਵਾਂਗਰ ਹੋ ਕੇ ਜਗਤ ਜੀਵਾਂ ਦਾ ਉਧਾਰ ਕਰਦੀ ਰਹੀ ਹੈ, ਕਿਉਂਕਿ ਇਹ ਜੋਤ ਪ੍ਰਗਟ ਤੌਰ 'ਤੇ ਦਸਾਂ ਹੀ ਗੁਰੂ ਵਿਅਕਤੀਆਂ ਵਿਚ ਵਰਤੀ ਹੈ ਅਤੇ ਇਸ ਜੋਤ ਨੇ ਸੰਸਾਰੀ ਜੀਵਾਂ ਦੀ ਅਗਿਆਨਤਾ ਨੂੰ ਦੂਰ ਕਰਨ ਲਈ ਗਿਆਨ ਦਾ ਚਾਨਣ ਦਿੱਤਾ ਹੈ, ਇਸ ਲਈ ਇਸ ਨੂੰ ਗੁਰਮਤਿ ਦੀ ਪਰਿਭਾਸ਼ਾ ਅਨੁਸਾਰ 'ਗੁਰੂ ਜੋਤ' ਕਿਹਾ ਗਿਆ ਹੈ। ਇਸ ਲਈ ਸਿੱਖ ਮਤਿ ਅਨੁਸਾਰ ਦਸ ਗੁਰੂ-ਵਿਅਕਤੀਆਂ 'ਗੁਰੂ' ਇਸ ਲਈ ਹਨ ਕਿਉਂਕਿ ਉਨ੍ਹਾਂ ਵਿਚ ਇਹ ਗੁਰੂ-ਜੋਤਿ ਪ੍ਰਕਾਸ਼ਮਾਨ ਸੀ। ਇਸੇ ਲਈ ਦਸੋਂ ਗੁਰੂ ਹੀ ਪੂਜਨੀਕ ਸਨ। ਫਿਰ ਕਿਉਂਕਿ ਇਸ ਗੁਰੂ-ਜੋਤਿ ਨੇ ਗੁਰਬਾਣੀ ਰਾਹੀਂ ਸੰਸਾਰੀ ਜੀਵਾਂ ਨੂੰ ਗਿਆਨ ਦਾ ਚਾਨਣਾ ਬਖ਼ਸ਼ਿਆ, ਇਸ ਲਈ ਇਹ ਬਾਣੀ ਜਾਂ ਸ਼ਬਦ ਦੀ ਵੀ ਇਸ ਜੋਤਿ ਰੂਪ ਮੰਨਿਆ ਗਿਆ ਹੈ। ਇਸੇ ਲਈ ਦਸਮੇਸ਼ ਜੀ ਨੇ ਆਪਣੇ ਬਾਅਦ ਦੇਹਧਾਰੀ ਗੁਰੂ ਪਰੰਪਰਾ ਨੂੰ ਬੰਦ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਬਖ਼ਸ਼ ਦਿੱਤੀ। ਇਸ ਲਈ ਇਹੋ ਗੁਰੂ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਕਾਸ਼ਮਾਨ ਹੈ ਅਤੇ ਜੀਵਾਂ ਦਾ ਉਧਾਰ ਕਰ ਰਹੀ ਹੈ। ਇਹੋ ਤਿੰਨ ਗੁਰੂ ਦੇ ਰੂਪ ਦਸਮੇਸ਼ ਜੀ ਨੇ ਭਾਈ ਨੰਦ ਲਾਲ ਜੀ ਨੂੰ ਦੱਸੇ ਹਨ :

ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ ਚਿਤ ਲਾਇ।
ਨਿਰਗੁਨ ਸਰਗੁਨ ਗੁਰ ਸ਼ਬਦ-ਕਹੋ ਤੋਹਿ ਸਮਝਾਇ। *(ਰਹਿਤਨਾਮਾ)*

ਇਸ ਲਈ ਜਦ ਅਸੀਂ ਗੁਰੂ ਸਾਹਿਬਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਦੇ ਹਾਂ ਤਾਂ ਉਨ੍ਹਾਂ ਨੂੰ ਇਸ ਗੁਰ ਜੋਤਿ (ਵਾਹਿਗੁਰੂ) ਦੇ ਸਹਿਤ ਹੋਣ ਕਰਕੇ ਹੀ ਅਰਦਾਸ ਕਰਦੇ ਹਾਂ। ਇਹ ਗੁਰਮਤਿ ਦਾ ਸਿਧਾਂਤ ਹੈ ਕਿ :

ਗੁਰ ਪਰਮੇਸਰ ਏਕੋ ਜਾਣ ॥

ਹੁਣ ਕੁਝ ਸ਼ਬਦਾਂ ਦੀ ਵਿਚਾਰ ਲਿਖੀ ਜਾਂਦੀ ਹੈ :

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥੩॥੧॥

(ਰਾਮਕਲੀ ਪਾਤਿਸਾਹੀ ੧੦)

ਦਸਮ ਗੁਰੂ ਜੀ ਉਪਦੇਸ਼ ਕਰਦੇ ਹਨ—ਹੇ ਮਨ ! ਇਸ ਤਰ੍ਹਾਂ ਦਾ ਸੰਨਿਆਸ ਧਾਰਨ ਕਰ। ਤੈਨੂੰ ਅਜਿਹੇ ਸੰਨਿਆਸ ਨੂੰ ਧਾਰਨ ਕਰਨ ਲਈ ਘਰ-ਬਾਰ ਛੱਡ ਕੇ ਬਨ (ਜੰਗਲ) ਵਿਚ ਜਾਣ ਦੀ ਲੋੜ ਨਹੀਂ। ਤੂੰ ਸਭ ਤਰ੍ਹਾਂ ਨਾਲ ਘਰ (ਸਦਨ) ਨੂੰ ਹੀ ਬਨ ਸਮਾਨ ਸਮਝ ਅਤੇ ਮਨ ਵਿਚ ਹੀ ਉਦਾਸੀ

www.sikhbookclub.com

ਧਾਰਨ ਕਰ ਲੈ। (ਇਥੇ ਉਦਾਸ ਦਾ ਮਤਲਬ ਗ਼ਮਗੀਨ ਰਹਿਣਾ ਨਹੀਂ, ਬਲਕਿ ਘਰ ਵਿਚ ਰਹਿੰਦਿਆਂ ਹੀ ਮਾਇਆ ਤੋਂ ਨਿਰਲੇਪ ਰਹਿਣ ਦਾ ਭਾਵ ਹੈ।)

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।

(ਭਾਈ ਗੁਰਦਾਸ ਜੀ, ਵਾਰ ੨੯/੧੫)

ਜਤ ਧਾਰਨ ਕਰਨ ਲਈ ਜਟਾਂ ਰੱਖੋ। ਭਾਵ :

ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।

(ਵਾਰ ੬/੮)

ਅਨੁਸਾਰ ਗ੍ਰਿਹਸਤ ਵਿਚ ਰਹਿੰਦਿਆਂ "ਪਰ ਨਾਰੀ ਦੇ ਨੇੜ ਨਾ ਜਾਵੈ" ਇਹ ਜਤ ਹੈ। ਇਹੋ ਜਟਾਂ ਸਮਝੋ। ਪ੍ਰਭੂ ਨਾਲ ਜੁੜਨ (ਜੋਗ) ਦਾ ਇਸ਼ਨਾਨ (ਮਜਨ) ਕਰੋ। ਵਾਹਿਗੁਰੂ ਨਾਲ ਬਿਰਤੀ ਨੂੰ ਸਿਮਰਨ ਦੁਆਰਾ ਜੋੜਨਾ ਹੀ ਸ੍ਰੇਸ਼ਟ ਇਸ਼ਨਾਨ ਹੈ, ਜਿਵੇਂ ਪੰਚਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ :

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ॥ *(ਸੁਖਮਨੀ ਸਾਹਿਬ)*

ਕਈ ਬ੍ਰਹਮ ਦੇ ਮੁਤਲਾਸ਼ੀ ਹੱਥਾਂ-ਪੈਰਾਂ ਦੇ ਨਹੁੰ ਵਧਾਉਂਦੇ ਹਨ। ਗੁਰੂ ਜੀ ਇਸ ਬਾਰੇ ਅੱਗੇ ਲਿਖਦੇ ਹਨ ਕਿ ਸ਼ੁਭ ਕਰਮਾਂ ਅਤੇ ਬਾਣੀ ਦੇ ਪਾਠ ਦਾ ਜੇ ਨੇਮ ਧਾਰਨ ਕਰਨਾ ਹੈ ਇਹੋ ਨਹੁੰ ਵਧਾਉਣੇ ਸਮਝੋ। ਗੁਰੂ ਦੇ ਗਿਆਨ ਰਾਹੀਂ ਆਪਣੀ ਆਤਮਾ ਨੂੰ ਉਪਦੇਸ਼ ਕਰੋ ਅਤੇ ਸਰੀਰ ਉਪਰ ਨਾਮ ਦੀ ਹੀ ਬਿਭੂਤੀ ਲਾਵੋ। ਭਾਵ ਇਹ ਕਿ ਪਿੰਡੇ 'ਤੇ ਸੁਆਹ ਲਾਉਣ ਦੀ ਲੋੜ ਨਹੀਂ, ਨਾਮ-ਸਿਮਰਨ ਹੀ ਕਰੋ। ਅਲਪ (ਥੋੜਾ) ਖਾਓ ਅਤੇ ਸੁਲਪ ਭਾਵ ਹਲਕੀ ਥੋੜ੍ਹੀ ਹੀ ਨੀਂਦ ਲਵੋ। ਤਨ ਕਰਕੇ ਸਰਵ ਜੀਵਾਂ ਪ੍ਰਤੀ ਦਇਆ ਅਤੇ ਖ਼ਿਮਾਂ ਦਾ ਬਰਤਾਉ ਅਤੇ ਪ੍ਰਭੂ ਨਾਲ ਪ੍ਰੀਤ (ਪ੍ਰੇਮ) ਕਰੋ। ਸੀਲ ਅਤੇ ਸੰਤੋਖ ਨਾਲ ਸਦਾ ਜੀਵਨ ਦਾ ਨਿਰਬਾਹ ਕਰੋ ਅਤੇ ਤਿੰਨਾਂ ਗੁਣਾਂ (ਰਜੋ, ਸਤੋ ਅਤੇ ਤਮੋ) ਤੋਂ ਨਿਰਲੇਪ ਰਹੋ। ਕਾਮ, ਕ੍ਰੋਧ, ਲੋਭ, ਮਨਮਤੀ, ਹਠ ਅਤੇ ਮੋਹ ਵਿਚ ਨਾ ਲਿਆਵੋ। ਗੁਰੂ ਜੀ ਕਹਿੰਦੇ ਹਨ ਕਿ ਜਦੋਂ ਇਸ ਪ੍ਰਕਾਰ ਦੀ ਜੀਵਨ-ਕਾਰ ਬਣ ਜਾਵੇਗੀ, ਤਾਂ ਤਦੋਂ ਹੀ ਆਤਮ ਤਤ (ਪਰਮਾਤਮਾ) ਦੇ ਦਰਸ਼ਨ ਹੋਣਗੇ ਅਤੇ ਪਰਮ ਪੁਰਖ 'ਵਾਹਿਗੁਰੂ' ਦੀ ਪ੍ਰਾਪਤੀ ਹੋ ਜਾਵੇਗੀ।

ਰੇ ਮਨ ਇਹ ਬਿਧਿ ਜੋਗੁ ਕਮਾਓ॥
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ॥੧॥ਰਹਾਉ॥
ਤਾਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ॥
ਬਾਜੇ ਪਰਮ ਤਾਰ ਤਤੁ ਹਰਿ ਕੋ ਉਪਜੈ ਰਾਗ ਰਸਾਰੰ॥੧॥
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ॥੨॥
ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੈ॥
ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੈ॥੩॥੨॥

(ਰਾਮਕਲੀ ਪਾਤਿਸਾਹੀ ੧੦)

ਇਸ ਸ਼ਬਦ ਵਿਚ ਦਸਮੇਸ਼ ਜੀ ਨੇ ਸੱਚੇ ਗੁਰਮਤਿ ਯੋਗ ਦੀ ਜੁਗਤੀ ਅਤੇ ਇਸ ਦਾ ਫਲ ਦੱਸਿਆ ਹੈ। ਆਪ ਲਿਖਦੇ ਹਨ :

www.sikhbookclub.com

ਹੇ ਮਨ ! ਇਸ ਤਰੀਕੇ (ਵਿਧੀ) ਨਾਲ ਯੋਗ ਦੀ ਕਮਾਈ ਕਰੋ ਕਿ ਸੱਚ ਦੀ ਸਿੰਙੀ ਵਜਾਉ, ਕਪਟ, ਵਲ, ਛਲ ਤੇ ਰਹਿਤ ਹੋਣ ਦੀ ਮਾਲਾ (ਕੰਠਲਾ) ਧਾਰਨਾ ਕਰੋ। ਪ੍ਰਭੂ ਦੇ ਧਿਆਨ ਦੀ ਹੀ ਬਿਭੂਤੀ ਲਾਵੋ। ਮਨ ਨੂੰ ਵਸ ਕਰਨ ਦੀ ਤੰਤੀ-ਤਾਰ ਫੜੋ। ਨਾਮ ਦੇ ਆਸਰੇ ਦੀ ਹੀ ਭਿਖਿਆ ਮੰਗੋ। ਇਸ ਤਰ੍ਹਾਂ ਕਰਕੇ ਵਾਹਿਗੁਰੂ ਦੇ ਤਤ ਗਿਆਨ ਦੀ ਤਾਰ ਜੋ ਸਭ ਵਜੰਤਰੀ ਤਾਰਾਂ ਤੋਂ ਪਰਮ (ਸ੍ਰੇਸ਼ਟ, ਵੱਡੀ) ਹੈ, ਤੇਰੇ ਅੰਦਰ ਵੱਜੇਗੀ ਅਤੇ ਇਉਂ ਕਈ ਰੰਗਾਂ ਦੀਆਂ 'ਸੁਰ ਤਾਨਾਂ' ਦੀਆਂ ਤਰੰਗਾਂ (ਲਹਿਰਾਂ) ਵਾਲਾ ਗਿਆਨ ਦੇ ਗੀਤਾਂ ਬੱਝਾ (ਬੰਧਾਨ) ਰਸਦਾਇਕ (ਰਸਾਰੰ) ਰਾਗ ਤੇਰੇ ਅੰਦਰ ਹੀ ਉਤਪੰਨ ਹੋਵੇਗਾ। ਇਸ ਉੱਚੀ ਆਤਮ ਅਵਸਥਾ ਨੂੰ ਪਾਉਣ ਲਈ ਦੇਵਤੇ, ਦਾਨਵ (ਦੈਂਤ) ਅਤੇ ਮੁਨੀ ਚਕ੍ਰਿਤ (ਚਕਿ ਚਕਿ) ਹੋ ਹੋ ਕੇ ਰਹਿ ਗਏ ਹਨ। ਪਰ ਜਿਨ੍ਹਾਂ ਵਡਭਾਗੀਆਂ ਨੂੰ ਇਸ ਉੱਪਰ ਲਿਖੀ ਵਿਧੀ ਨੂੰ ਧਾਰਨ ਕਰਕੇ ਉਪਰੋਕਤ ਮਹਾਂ ਅਨੰਦਦਾਇਕ ਅਵਸਥਾ ਦੀ ਪ੍ਰਾਪਤੀ ਹੋਈ ਹੈ ਉਹੋ ਹੀ ਆਕਾਸ਼ੀ-ਆਰਸੀ (ਬਯੋਮ) ਬਿਬਾਨਾ (ਉਡਨ-ਖਟੋਲੇ) 'ਤੇ ਸਵਾਰ ਹੋਣ ਦੇ ਭਾਗੀ ਹੁੰਦੇ ਹਨ ਅਤੇ ਪ੍ਰਸੰਨ ਅਤੇ ਤ੍ਰਿਪਤ (ਛਕਿ, ਛਕਿ) ਹੋ ਕੇ ਵਾਹਿਗੁਰੂ ਦੇ ਦਰ ਪ੍ਰਵਾਨ ਹੁੰਦੇ ਹਨ। (ਹੋ ਸਕਦਾ ਹੈ ਗੁਰੂ ਜੀ ਦਾ ਗੁਰਮੁਖ ਰੂਹਾਂ ਦਾ ਅੰਤਕਾਲ ਵਿਖੇ ਵਾਹਿਗੁਰੂ ਦੇ ਦਰ ਜਾਣ ਲਈ ਪ੍ਰਸੰਨਤਾ ਵਿਚ ਅਕਾਸ਼ੀ ਬਿਬਾਨਾਂ 'ਤੇ ਸਵਾਰ ਹੋਣ ਵੱਲ ਇਸ਼ਾਰਾ ਹੋਵੇ।) ਇਹ ਮੁਰਤਬਾ ਕਿਸੇ ਵਡਭਾਗੀ ਨੂੰ ਹੀ ਪ੍ਰਾਪਤ ਹੁੰਦਾ ਹੈ। ਇਹ ਵੀ ਭਾਵ ਲਿਆ ਜਾ ਸਕਦਾ ਹੈ ਕਿ ਗੁਰਮੁਖ ਆਤਮਾਵਾਂ ਉੱਚ ਅਵਸਥਾ ਦੇ ਨਾਮ ਰੂਪੀ ਬਿਬਾਨ 'ਤੇ ਸਵਾਰ ਹੋ ਕੇ ਅਨੰਦ ਮਾਣਦੀਆਂ ਹਨ।

ਗੁਰੂ ਸਾਹਿਬ ਫਿਰ ਲਿਖਦੇ ਹਨ ਕਿ ਆਪਣੇ ਮਨ ਨੂੰ ਉਪਦੇਸ਼ ਕਰੋ ਅਤੇ ਇੰਦਰੀਆਂ ਨੂੰ ਸੰਜਮ ਵਿਚ ਰੱਖਣ ਦਾ ਹੀ ਭੇਸ ਬਣਾਓ। ਹੋਰ ਬਾਹਰਲੇ ਭੇਸ ਬਣਾਉਣ ਦੀ ਲੋੜ ਨਹੀਂ ਅਤੇ ਫਿਰ ਵਾਹਿਗੁਰੂ ਦਾ ਅਜਪਾ ਜਾਪ ਜਪਣਾ ਚਾਹੀਦਾ ਹੈ। (ਇਸ ਜਾਪ ਵਿਚ ਅਭਿਆਸੀ ਦੀ ਨਿਰਯਤਨ ਹੀ ਨਿਰੰਤਰ ਨਾਮ-ਸਿਮਰਨ ਮਨ ਵਿਚ ਅਥਵਾ ਸੁਰਤੀ ਕਰਕੇ ਜਾਰੀ ਰਹਿੰਦਾ ਹੈ।) ਫਿਰ ਸਦਾ ਹੀ ਕੰਚਨ (ਸੋਨੇ) ਵਰਗੀ ਨਿਰੋਈ ਅਤੇ ਪਵਿੱਤਰ ਕਾਇਆ ਰਹੇਗੀ, ਭਾਵ ਵਿਕਾਰਾਂ ਦੀ ਮੈਲ ਤੋਂ ਪਵਿੱਤਰ ਹੋਵੇਗੀ ਤੇ ਕਾਲ ਕਦੇ ਵੀ ਦੁਖਦਾਈ ਨਹੀਂ ਹੋਵੇਗਾ।

ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ ॥੧॥ਰਹਾਉ॥
ਔਰਨ ਕਹਾ ਉਪਦੇਸਤ ਹੈ ਪਸੁ ਤੋਹਿ ਪ੍ਰਬੋਧ ਨ ਲਾਗੋ ॥
ਸਿੰਚਤ ਕਹਾ ਪਰੇ ਬਿਖਿਯਨ ਕਹ ਕਬਹੁ ਬਿਖੈ ਰਸ ਤਯਾਗੋ ॥੧॥
ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥
ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ ॥੨॥
ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ ॥
ਜੌ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸ ਪਾਗੋ ॥੩॥੩॥

(ਰਾਮਕਲੀ ਪਾਤਸਾਹੀ ੧੦)

ਦਸਮੇਸ਼ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ ਕਿ ਹੇ ਪ੍ਰਾਣੀ ! ਪਰਮ ਪੁਰਖ ਵਾਹਿਗੁਰੂ ਦੇ ਚਰਨੀਂ ਲਗ ਜਾਵੋ ਅਤੇ ਸੁਚੇਤ ਕਰਦੇ ਹਨ ਕਿ ਕਦੇ ਤਾਂ ਸਾਵਧਾਨ ਹੋ ਕੇ ਮੋਹ ਦੀ ਨੀਂਦ ਤੋਂ ਜਾਗੋ। ਨਾਮ ਦੀ ਸੂਝ ਬੂਝ ਤੋਂ ਸਖਣੇ ਹੇ ਪਸ਼ੂ (ਪਸ) ! ਤੂੰ ਹੋਰਨਾਂ ਨੂੰ ਉਪਦੇਸ਼ ਕਰਦਾ ਹੈਂ ਪਰ ਤੈਨੂੰ ਗਿਆਨ

www.sikhbookclub.com

(ਪ੍ਰਬੋਧ) ਨਹੀਂ ਲਗਾ। ਭਾਵ ਗਿਆਨ ਦਾ ਤੇਰੇ 'ਤੇ ਅਸਰ ਨਹੀਂ ਹੋਇਆ। ਕਦੇ ਤਾਂ ਵਿਸ਼ਿਆਂ ਦਾ ਰਸ ਛੱਡੋ। ਨਾਮ ਤੋਂ ਬਗ਼ੈਰ ਕੇਵਲ ਕਰਮ ਕਾਂਡ ਨੂੰ ਭਰਮ ਕਰਕੇ ਜਾਣੋ। ਹਾਂ ਗੁਰੂ ਦਰਸਾਏ ਧਰਮ ਦੇ ਕਰਮਾਂ ਨਾਲ ਪ੍ਰੇਮ (ਅਨੁਰਾਗ) ਕਰੋ। ਸਦਾ ਪ੍ਰਭੂ ਦੇ ਸਿਮਰਨ ਨੂੰ ਇਕੱਠਾ (ਸੰਗ੍ਰਹਿ) ਕਰੋ। ਪਰਮ ਭਾਵ ਵੱਡੇ ਉਘਰ ਪਾਪ ਜੋ ਦੁਖਦਾਈ ਹਨ ਇਨ੍ਹਾਂ ਦਾ ਪ੍ਰੀਤਿਆਗ ਕਰ ਕੇ ਭੱਜ ਜਾਵੋ। ਜਿਸ ਕਰਕੇ (ਜਾਂ ਤੇ) ਤੁਹਾਨੂੰ ਦੁਖ ਅਤੇ ਪਾਪ ਨਹੀਂ ਛੂਹ ਸਕਣਗੇ ਅਤੇ ਕਾਲ ਦੇ ਜਾਲ ਤੋਂ ਮੁਕਤ ਹੋ ਜਾਵੋਗੇ। ਜੇ (ਜੌਂ) ਸਭ ਤਰ੍ਹਾਂ ਦਾ (ਸਭਨ ਕੋ) ਮੁਖ ਚਾਹੁੰਦੇ ਹੋ ਤਾਂ ਹਰੀ ਨਾਮ ਦੇ ਰਸ ਵਿਚ ਲੀਨ ਹੋ ਜਾਵੋ।

ਪ੍ਰਭ ਜੂ ਤੋ ਕਹ ਲਾਜ ਹਮਾਰੀ ॥
ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ ॥੧॥ਰਹਾਉ॥
ਪਰਮ ਪੁਰਖ ਪਰਮੇਸਰ ਸੁਆਮੀ ਪਾਵਨ ਪਉਨ ਅਹਾਰੀ ॥
ਮਾਧਵ ਮਹਾ ਜੋਤਿ ਮਧ ਮਰਦਨ ਮਾਨ ਮੁਕੰਦ ਮੁਰਾਰੀ ॥੧॥
ਨਿਰਬਿਕਾਰ ਨਿਰਜੁਰ ਨਿੰਦ੍ਰਾ ਬਿਨੁ ਨਿਰਬਿਖ ਨਰਕ ਨਿਵਾਰੀ ॥
ਕ੍ਰਿਪਾ ਸਿੰਧ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨਕਾਰੀ ॥੨॥
ਧਨੁਰਪਾਨਿ ਧ੍ਰਿਤਮਾਨ ਧਰਾਧਰ ਅਨਬਿਕਾਰ ਅਸਿਧਾਰੀ ॥
ਹੌ ਮਤਿ ਮੰਦ ਚਰਨ ਸਰਨਾਗਤਿ ਕਰ ਗਹਿ ਲੇਹੁ ਉਬਾਰੀ ॥੩॥੪॥

(ਰਾਮਕਲੀ ਪਾਤਸਾਹੀ ੧੦)

ਇਸ ਸ਼ਬਦ ਵਿਚ ਦਸਮੇਸ਼ ਜੀ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ—ਹੇ ਵਾਹਿਗੁਰੂ! ਸਾਡੀ ਲੱਜਿਆ (ਲਾਜ) ਆਪ ਨੂੰ ਹੀ ਹੈ। ਹੇ ਵਾਹਿਗੁਰੂ! ਆਪ ਹੀ ਨੀਲੇ ਕੰਠ ਵਾਲੇ ਸ਼ਿਵ ਰੂਪ ਹੋ। ਆਪ ਹੀ ਨਰ ਹਰ—ਨਰਸਿੰਘ ਅਤੇ ਨਾਰਾਇਣ ਰੂਪ ਹੋ, ਆਪ ਹੀ ਨੀਲੇ ਵਸਤਰ (ਬਸਨ) ਵਾਲੇ ਕ੍ਰਿਸ਼ਨ ਰੂਪ ਹੋ। ਆਪ ਪਰਮ ਪੁਰਖ ਪਰਮੇਸਰ, ਸਭ ਦੇ ਮਾਲਕ, ਪਾਵਨ-ਪਵਿੱਤਰ ਕਰਨ ਵਾਲੇ ਅਤੇ ਪਉਨ (ਹਵਾ) ਦੇ ਅਹਾਰੀ ਹੋ। ਆਪ ਹੀ ਮਾਧਵ (ਲਛਮੀ ਦੇ ਪਤੀ ਵਿਸ਼ਨੂੰ) ਹੋ, ਪਰਮ ਜੋਤ ਵਾਲੇ, ਮਧੂ ਦੈਂਤ ਦਾ ਮਲੀਆ ਮੇਟ (ਮਰਦਨ) ਕਰਨ ਵਾਲੇ, ਮਾਨ (ਹੰਕਾਰ) ਤੋਂ ਮੁਕਤ ਕਰਨ ਵਾਲੇ (ਮੁਕੰਦ) ਅਤੇ ਮੁਰ ਦੈਂਤ ਦੇ ਵੈਰੀ (ਮੁਰਾਰੀ) ਰੂਪ ਹੋ। (ਵਾਸਤਵ ਵਿਚ ਵਾਹਿਗੁਰੂ ਨਿਰਾਹਾਰੀ ਅਤੇ ਨਿਰਵੈਰ ਹੈ, ਪਰ ਇਥੇ ਗੁਰੂ ਜੀ ਨੇ ਅਵਤਾਰਾਂ ਲਈ ਵਰਤੀਂਦੇ ਸ਼ਬਦ ਲਿਖੇ।)

ਇਨ੍ਹਾਂ ਤੁਕਾਂ ਵਿਚ ਗੁਰੂ ਜੀ ਨੇ ਸ਼ਿਵ ਜੀ, ਵਿਸ਼ਨੂੰ ਤੇ ਭਗਵਾਨ ਕ੍ਰਿਸ਼ਨ ਲਈ ਪ੍ਰਚਲਿਤ ਨਾਮ ਵਰਤੇ ਹਨ ਕਿਉਂਕਿ ਇਹ ਨਾਮ ਓਦੋਂ ਭਾਰਤ ਵਿਚ ਵਾਹਿਗੁਰੂ ਵਾਚਕ ਪ੍ਰਚਲਿਤ ਹੋ ਚੁੱਕੇ ਸਨ। ਪਰ ਇਥੇ ਗੁਰਮਤਿ ਸਿਧਾਂਤ ਇਹ ਹੈ ਕਿ ਇਨ੍ਹਾਂ ਅਵਤਾਰੀ ਰੂਪਾਂ ਵਿਚ ਵੀ ਵਾਹਿਗੁਰੂ ਦੀ ਸਤਾ ਹੀ ਚਮਤਕਾਰ ਕਰਦੀ ਰਹੀ ਹੈ। ਇਸ ਲਈ ਇਹ ਵਡਿਆਈ ਵਾਹਿਗੁਰੂ ਨੂੰ ਹੀ ਜਾਂਦੀ ਹੈ। (ਦੇਖੋ ਗੁਰ-ਪ੍ਰਮਾਣ) ਨਿੱਕੇ ਜੀਵ ਤੋਂ ਲੈ ਕੇ ਵੱਡੇ ਤੋਂ ਵੱਡੇ ਜੀਵਾਂ ਵਿਚ ਇਹੋ ਅਕਾਲ ਪੁਰਖ ਦੀ ਸੱਤਾ ਹੀ ਵਰਤ ਰਹੀ ਹੈ। ਇਸ ਲਈ ਜੇ ਕੋਈ ਅਵਤਾਰ ਹੋ ਗਿਆ ਤਾਂ ਇਸੇ ਵਾਹਿਗੁਰੂ ਸੱਤਾ ਦੇ ਤੁਫੈਲ ਜੇ ਕੋਈ ਰੂਪਵੰਤ ਹੈ ਤਾਂ ਇਸੇ ਜੋਤ ਕਰਕੇ। ਜੇ ਕਈ ਸੂਰਾ ਹੋਇਆ ਹੈ ਤਾਂ ਵਾਹਿਗੁਰੂ ਦੀ ਕਲਾ ਨਾਲ ਹੀ ਹੈ। ਕੁਝ ਪ੍ਰਮਾਣ ਦਿੱਤੇ ਜਾਂਦੇ ਹਨ :

ਰੂਪਵੰਤੁ ਹੋਇ ਨਾਹੀ ਮੋਹੈ ॥
ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥

www.sikhbookclub.com

ਧਨਵੰਤਾ ਹੋਇ ਕਿਆ ਕੋ ਗਰਬੈ ॥
ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥
ਅਤਿ ਸੂਰਾ ਜੇ ਕੋਊ ਕਹਾਵੈ ॥
ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ (ਪੰਨਾ ੨੮੨)

ਕਿਉਂਕਿ ਹਰੇਕ ਵਿਚ ਵਾਹਿਗੁਰੂ ਦੀ ਜੋਤ ਵਰਤ ਰਹੀ ਹੈ। ਇਸ ਲਈ ਗੁਰੂ ਸਾਹਿਬ ਨੇ ਕਈ ਥਾਈਂ ਇਹ ਕਹਿ ਦਿੱਤਾ ਹੈ ਕਿ ਉਹ ਸਭ ਕੁਛ ਆਪੇ ਆਪ ਹੈ :

ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥
ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ ॥ (ਪੰਨਾ ੬੦੬)

ਭਾਵ ਇਹ ਕਿ ਵਾਹਿਗੁਰੂ ਆਪ ਹੀ ਗੋਪੀ ਰੂਪ ਹੈ, ਆਪ ਹੀ ਕਾਨ੍ਹ (ਕ੍ਰਿਸ਼ਨ) ਹੈ, ਆਪ ਹੀ ਬਨ ਵਿਚ ਗਊਆਂ ਚਾਰਨ ਵਾਲਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦਾ ਏਸੇ ਲਈ ਇਹ ਕਥਨ ਹੈ :

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ
ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ (ਪੰਨਾ ੯੨੨)

ਕਿਉਂਕਿ ਲੋਕ ਅਵਤਾਰਾਂ ਨੂੰ ਹੀ ਪਰਮੇਸਰ ਰੂਪ ਕਰਕੇ ਮੰਨਣ ਲੱਗ ਪਏ ਸਨ। ਇਸ ਲਈ ਦਸਮੇਸ਼ ਜੀ ਨੇ ਇਹੋ ਨਾਮ ਇਥੇ ਪਰਮੇਸਰ ਲਈ ਪ੍ਰਯੋਗ ਕਰਕੇ ਦੱਸਿਆ ਹੈ ਕਿ ਇਨ੍ਹਾਂ ਅਵਤਾਰਾਂ ਦੇ ਰੂਪ ਵਿਚ ਵੀ ਵਾਹਿਗੁਰੂ ਦੀ ਜੋਤ ਕਲਾ ਹੀ ਕੌਤਕ ਕਰਦੀ ਰਹੀ ਹੈ ਵਰਨਾ ਹੋਰ ਜੀਵਾਂ ਵਾਂਗ ਇਹ ਅਵਤਾਰ ਵੀ ਗੁਰੂ ਜੀ ਨੇ ਕਾਲ ਅਧੀਨ ਦੱਸੇ ਹਨ :

(੧) ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥
(ਬੇਨਤੀ ਚੌਪਈ)

(੨) ਜਿਤੇ ਰਾਮ ਹੂਏ ॥ ਸਭੈ ਅੰਤ ਮੂਏ ॥
ਜਿਤੇ ਕ੍ਰਿਸਨ ਹ੍ਵੈਹੈਂ ॥ ਸਭੈ ਅੰਤ ਜੈਹੈਂ ॥੭੦॥
(ਬਚਿੱਤ੍ਰ ਨਾਟਕ)

(੩) ਦੇਖੋ ਨਰਹਰ=ਨਰ ਸਿੰਘ ਅਵਤਾਰ ਬਾਰੇ ਗੁਰੂ ਦਸਮੇਸ਼ ਜੀ ਕੀ ਲਿਖਦੇ ਹਨ :
ਨਰਸਿੰਘਾਵਤਾਰੰ ॥ ਵਹੈ ਕਾਲ ਮਾਰੰ ॥
(ਬਚਿੱਤ੍ਰ ਨਾਟਕ)

ਇਸੇ ਵਾਸਤੇ ਗੁਰੂ ਜੀ ਇਨ੍ਹਾਂ ਅਵਤਾਰਾਂ ਦੇ ਨਾਂ ਅਕਾਲ ਪੁਰਖ ਦੀਆਂ ਸਿਫ਼ਤਾਂ ਕਰਦੇ ਕੇਵਲ ਇਸ ਵਾਸਤੇ ਵਰਤਦੇ ਹਨ ਕਿਉਂਕਿ ਅਕਾਲ ਪੁਰਖ ਦੀ ਜੋਤ ਕਲਾ ਕਰ ਕੇ ਇਹ ਦੁਨੀਆਂ ਨੂੰ ਕੁਝ ਦਿਖਾ ਗਏ ਹਨ।

ਅੱਗੇ ਇਸ ਸ਼ਬਦ ਵਿਚ ਦਸਮੇਸ਼ ਜੀ ਲਿਖਦੇ ਹਨ ਕਿ ਹੇ ਅਕਾਲ ਪੁਰਖ ! ਆਪ ਵਿਕਾਰਾਂ ਤੋਂ ਰਹਿਤ, ਤਾਪਾਂ ਤੋਂ ਬਿਨਾਂ ਅਤੇ ਨਿੰਦਰਾ ਤੋਂ ਵੀ ਮੁਕਤ ਹੋ। ਹੇ ਵਾਹਿਗੁਰੂ ! ਆਪ ਮਾਇਆ ਦੀ ਬਿਖ (ਜ਼ਹਿਰ) ਤੋਂ ਨਿਰਲੇਪ ਹੋ, ਨਰਕਾਂ ਦੇ ਨਿਵਾਰਨਹਾਰ ਹੋ। ਕਿਰਪਾ ਦੇ ਸਮੁੰਦਰ (ਸਿੰਧ) ਹੋ, ਤਿੰਨਾਂ

www.sikhbookclub.com

ਕਾਲਾਂ (ਭੂਤ, ਭਵਿੱਖ, ਭਵਾਨ) ਦੇ ਜਾਣਨਹਾਰ ਹੋ, ਭੈੜੇ ਕਰਮਾਂ ਦੇ ਨਾਸ਼ ਕਰਨ ਵਾਲੇ ਹੋ। ਆਪ ਧਨੁਰ ਪਾਨਿ—ਧਨੁਸ਼ ਨੂੰ ਹੱਥ ਵਿਚ ਧਾਰਨ ਕਰਨ ਵਾਲੇ, ਧੀਰਜਵਾਨ (ਧ੍ਰਿਤਮਾਨ), ਧਰਾਧਰ—ਧਰਤੀ ਦੇ ਆਸਰੇ ਵਿਕਾਰਾਂ ਤੋਂ ਰਹਿਤ ਅਸਿ—ਕ੍ਰਿਪਾਨ ਧਾਰੀ ਹੋ। ਮੈਂ ਮੰਦੀ ਮਤ ਵਾਲਾ ਆਪ ਦੇ ਚਰਨਾਂ ਦੀ ਸ਼ਰਨ ਵਿਚ ਆਇਆ ਹਾਂ, ਇਸ ਲਈ ਹੇ ਵਾਹਿਗੁਰੂ ! ਮੇਰਾ ਹੱਥ (ਕਰ) ਗਹਿ—ਫੜ ਕੇ ਇਸ ਸੰਸਾਰ-ਸਮੁੰਦਰ ਤੋਂ ਬਚਾ ਲਵੋ।

ਗੁਰੂ ਜੀ ਨੇ ਇਨ੍ਹਾਂ ਤੁਕਾਂ ਵਿਚ ਵਾਹਿਗੁਰੂ ਨੂੰ ਧਨੁਸ਼ ਅਤੇ ਕਿਰਪਾਨ ਧਾਰਨ ਕਰਨ ਵਾਲਾ ਦੱਸਿਆ ਹੈ। ਦਸਮੇਸ਼ ਜੀ ਨੇ ਆਪਣੀ ਬਾਣੀ ਵਿਚ ਅਜਿਹੇ ਸ਼ਸਤਰਾਂ ਦੇ ਨਾਂ ਵਾਹਿਗੁਰੂ ਦੀ ਸ਼ਕਤੀ ਅਤੇ ਵਿਸ਼ੇਸ਼ ਕਰਕੇ ਸ਼ਿੰਗਾਰ-ਸ਼ਕਤੀ ਦੇ ਪ੍ਰਤੀਕ ਵਜੋਂ ਕਈ ਥਾਈਂ ਵਰਤੇ ਹਨ। ਇਥੇ ਵੀ ਇਸੇ ਭਾਵ ਵਿਚ ਇਨ੍ਹਾਂ ਸ਼ਸਤਰਾਂ ਦਾ ਵਰਣਨ ਕੀਤਾ ਗਿਆ ਹੈ।

(2/1979)

www.sikhbookclub.com

ਚਰਿਤ੍ਰੋਪਖਿਆਨ : ਇਕ ਅਧਿਐਨ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਸ ਰਚਨਾ ਨੂੰ ਆਮ ਤੌਰ 'ਤੇ ਕੇਵਲ ਇਸਤਰੀਆਂ ਦੇ ਚਲਿਤ੍ਰਾਂ (Evil of women) ਦੀਆਂ ਕਥਾਵਾਂ ਸਮਝਿਆ ਜਾਂਦਾ ਹੈ। ਜਿਹਾ ਕਿ ਇਸ ਦੇ ਪ੍ਰਸਿੱਧ ਨਾਮ 'ਇਸਤ੍ਰੀ ਚਲਿਤ੍ਰ' ਤੋਂ ਜ਼ਾਹਰ ਹੁੰਦਾ ਹੈ, ਪਰ ਇਸਤਰੀਆਂ ਦੇ ਕਪਟਾਂ ਯਾਂ ਕੁਕਰਮਾਂ ਦੀਆਂ ਕਥਾਵਾਂ, ਜਿਹਾ ਕਿ :

ਅਛਲ ਛੈਲ ਛੈਲੀ ਛਲਯੋ, ਇਹ ਚਰਿੱਤ੍ਰ ਕੇ ਸੰਗ ॥
ਸੁ ਕਬਿ 'ਕਾਲ' ਤਬ ਹੀ ਭਯੋ, ਪੂਰਨ ਕਥਾ ਪ੍ਰਸੰਗ ॥੫੨॥

(ਚਰਿਤ੍ਰ ੨੧੭)

ਇਹ ਛਲ ਛੈਲੀ ਛੈਲ ਸੁ ਛਲਿ ਪਤੀ ਕੌ ਗਈ ॥
ਹੋ ਸੁ ਕਬਿ ਸਯਾਮ, ਇਹ ਕਥਾ ਤਬੈ, ਪੂਰਨ ਭਈ ॥੧੧॥

(ਚਰਿਤ੍ਰ ੨੨੭)

ਇਹ ਛਲ ਮਾਰਾ ਤਾਹਿ ਕੌਂ, ਜੌਂ ਨ ਰਮਾ ਤਿਹ ਸੰਗ ॥
ਸੁ ਕਬਿ ਸਯਾਮ ਪੂਰਨ ਭਯੋ, ਤਬ ਹੀ ਕਥਾ ਪ੍ਰਸੰਗ ॥੧੧॥

(ਚਰਿਤ੍ਰ ੨੯੬)

ਇਹ ਬਿਧਿ ਛਲਿ ਪਿਤੁ ਮਾਤ ਕਹ, ਗਈ ਮਿੱਤ੍ਰ ਕੇ ਸੰਗ ॥
ਕਬਿ ਸਯਾਮ ਪੂਰਨ ਭਯੋ, ਤਬ ਹੀ ਕਥਾ ਪ੍ਰਸੰਗ ॥੧੦॥੧॥

(ਚਰਿਤ੍ਰ ੪੦੦)

ਇਨ੍ਹਾਂ ਦੇ ਨਾਲ-ਨਾਲ ਜੰਗ ਵਿਚ ਪਤੀ ਦੀ ਜਾਨ ਬਚਾਉਣ ਵਾਲੀ ਕੇਕਈ ਅਤੇ ਹੋਰਨਾਂ ਵੀਰਾਂਗਣਾਂ ਦੀਆਂ ਕਹਾਣੀਆਂ ਭੀ ਹਨ ਜਿਹਾ ਕਿ ਚਰਿਤ੍ਰ ੫੨ ਦੀ ਨਾਇਕਾ ਉਹ ਰਾਜਕੁਮਾਰੀ ਹੈ ਜੋ ਉਸ ਪੁਰਖ ਨੂੰ ਪਤੀ ਬਣਾਉਣਾ ਚਾਹੁੰਦੀ ਹੈ ਜੋ ਉਸ ਨੂੰ ਯੁੱਧ ਵਿਚ ਜਿੱਤੇ। ਉਸ ਦੇ ਯੁੱਧ ਦਾ ਵਰਣਨ ਕਰਦਿਆਂ ਹਜ਼ੂਰ ਨੇ ਉਸ ਦੇ ਵਿਰੋਧੀ, ਪਤੀ ਬਣਨ ਦੇ ਇਛੁੱਕਾਂ ਦਾ ਜ਼ਿਕਰ ਇਉਂ ਕੀਤਾ ਹੈ :

ਕਾਢਿ ਕ੍ਰਿਪਾਨ ਮਹਾਂ ਕੁਪਿ ਕੈ ਭਟ, ਕੂਦਿ ਪਰੇ ਸਰਦਾਰ ਕਰੋਰੇ ॥
ਬਾਲ ਹਨੇ ਬਲਵਾਨ ਘਨੇ, ਇਕ ਫਾਂਸਿਨ ਸੌ ਗਹਿ ਕੈ ਝਕਝੋਰੇ ॥
ਸਾਜ ਪਰੇ ਕਹੂੰ ਤਾਜ ਗਿਰੇ ਗਜਰਾਜ ਗਿਰੇ ਛਿਤ ਪੈ ਸਿਰ ਤੋਰੇ ॥
ਲੂਟੇ ਰਥੀ ਰਥ ਫੂਟੇ ਕਹੂੰ ਬਿਨੁ ਸ੍ਵਾਰ ਫਿਰੈ ਹਿਹਨਾਵਤ ਘੋਰੇ ॥੬੯॥

ਅਖੀਰ ਉਹਨੇ ਇਕ ਘਾਇਲ ਸੂਰਮੇ ਨੂੰ ਆਪਣਾ ਪਤੀ ਮੰਨ ਲਿਆ। ਚਰਿੱਤ੍ਰ ੯੬ ਦੀ ਨਾਇਕਾ

www.sikhbookclub.com

ਆਪਣੇ ਬੁਜ਼ਦਿਲ ਪਤੀ ਨੂੰ ਕਹਿੰਦੀ ਹੈ ਕਿ ਮੈਨੂੰ ਆਪਣੀ ਪੱਗ ਦੇ ਦੇ ਤੇ ਤੂੰ ਮੇਰੀ ਸਲਵਾਰ ਪਾ ਲੈ :

ਆਪਨੀ ਪਗਿਯਾ ਮੋਕਹ ਦੀਜੈ ॥
ਮੋਰੀ ਪਹਿਰ ਇਜਾਰਹਿ ਲੀਜੈ ॥
ਜਬ ਮੈਂ ਸ਼ਸਤ੍ਰ ਤਿਹਾਰੋ ਧਰਿਹੌਂ ॥
ਟੂਕ ਟੂਕ ਬੈਰਿਨ ਕੇ ਕਰਿਹੌਂ ॥੭॥

ਚਰਿੱਤ੍ਰ ੧੪੭ ਦੀ ਨਾਇਕਾ ਉਹ ਵੀਰਾਂਗਨਾ ਹੈ ਜੋ ਆਪਣੇ ਪਤੀ ਨੂੰ ਕੈਦ ਵਿਚੋਂ ਛੁਡਾਉਂਦੀ ਹੈ ਅਤੇ ਚਰਿਤ੍ਰ ੧੫੧ ਵਿਚ ਗਜੌਂਗੀ ਦੇ ਰਾਜਾ ਦੇ ਮੈਦਾਨੇ-ਜੰਗ ਵਿਚ ਵੀਰਗਤੀ ਪ੍ਰਾਪਤ ਕਰਨ ਉੱਤੇ ਉਹਦੀ ਰਾਣੀ ਦਿਲ ਨਹੀਂ ਛੱਡਦੀ ਸਗੋਂ ਆਪਣੀ ਫ਼ੌਜ ਨੂੰ ਅੱਗੇ ਵਧ ਕੇ ਲੜਨ ਲਈ ਵੰਗਾਰਦੀ ਹੈ ਤੇ ਫ਼ਤਹ ਪ੍ਰਾਪਤੀ ਕਰਦੀ ਹੈ। ਇਉਂ ਇਹ ਕਨਿੰਘਮ ਅਨੁਸਾਰ ਇਸਤਰੀਆਂ ਦੀਆਂ ਕਹਾਣੀਆਂ (Tales of women) ਹਨ, ਪਰ ਗੱਲ ਇਥੇ ਹੀ ਨਹੀਂ ਮੁੱਕ ਜਾਂਦੀ। ਇਸਤਰੀਆਂ ਦੇ ਨਾਲ-ਨਾਲ ਬੇਵਫ਼ਾ ਮਰਦਾਂ ਦੇ ਭੀ ਉਪਖਿਆਨ (ਨਿੱਕੀਆਂ ਕਹਾਣੀਆਂ) ਭੀ ਹਨ ਤੇ ਕਿਤੇ-ਕਿਤੇ ਨਿਰੋਲ ਮਰਦਾਂ ਦਾ ਹੀ ਜ਼ਿਕਰ ਹੈ। ਇਸ ਨਾਤੇ ਇਹ ਲਿੰਗ ਮਨੋਵਿਗਿਆਨ (Sex Psychology) ਦਾ ਗ੍ਰੰਥ ਹੈ, ਜਿਹਦੀ ਛੰਦ ਸੰਖਿਆ ਸਾਢੇ ਪੰਝੱਤਰ ਸੌ ਤੋਂ ਉੱਪਰ ਹੈ, ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ੭੫੫੯ ਅਤੇ ਡਾਕਟਰ ਤਰਲੋਚਨ ਸਿੰਘ ਦੇ ਸਬਦਾਂ ਵਿਚ ੭੫੫੫।

ਹਰ ਇਕ ਭਾਸ਼ਾ ਵਿਚ ਜਾਸੂਸੀ ਨਾਵਲਾਂ, ਰੋਮਾਂਟਿਕ ਕਿੱਸਿਆਂ ਤੇ ਨੀਤੀ ਗ੍ਰੰਥਾਂ ਦਾਂ ਆਪਣਾ ਥਾਂ ਹੈ, ਜਿਹਾ ਕਿ ਚੰਦਰ ਕਾਂਤਾ, ਅਲਿਫ਼ ਲੈਲਾ, ਚਹਾਰਦਰਵੇਸ਼, ਇਆਰ ਦਾਨਸ਼, ਨਿਗਾਰ ਦਾਨਸ਼, ਅਨਵਾਰ ਸਹੇਲੀ, ਪੰਜ ਤੰਤਰ, ਗੁਲਿਸਤਾਂ ਬੋਸਤਾਂ ਤੇ ਸ਼ੇਰਲਾਕ ਹੋਮਜ਼ ਦੀਆਂ ਰਚਨਾਵਾਂ। ਇਨ੍ਹਾਂ ਰਚਨਾਵਾਂ ਦਾ ਖ਼ਾਸ ਕਰ ਜਾਸੂਸੀ ਸਾਹਿਤ ਦਾ ਅਸਰ ਆਮ ਤੌਰ 'ਤੇ ਨੌਜਵਾਨਾਂ ਦੇ ਚਾਲ ਚਲਨ 'ਤੇ ਸੁਖਾਵਾਂ ਨਹੀਂ ਪੈਂਦਾ ਤੇ ਉਹ ਜੁਰਮ ਤੇ ਗੁਨਾਹ ਇਸ ਚਲਾਕੀ ਨਾਲ ਕਰਨਾ ਸਿਖਦੇ ਹਨ ਕਿ ਕਾਨੂੰਨ ਪਰ ਕਟਿਆ ਪੰਛੀ ਬਣ ਕੇ ਰਹਿ ਜਾਂਦਾ ਹੈ।

ਪਰੰਤੂ ਗੁਨਾਹ ਵਰ੍ਹਿਆਂ ਪਿੱਛੋਂ ਭੀ ਪੱਥਰ ਪਾੜ ਕੇ ਪ੍ਰਗਟ ਹੋ ਜਾਂਦਾ ਹੈ ਤੇ ਪਾਪੀ ਆਪਣਾ ਕੀਤਾ ਪਾਉਂਦਾ ਹੈ। ਪਰ ਇਨ੍ਹਾਂ ਰਚਨਾਵਾਂ ਦੇ ਕਰਤਿਆਂ ਦਾ ਹੁਨਰ ਇਸ ਸੱਚਾਈ ਨੂੰ ਉਜਾਗਰ ਕਰਨ 'ਤੇ ਖ਼ਰਚ ਹੁੰਦਾ ਹੈ ਕਿ ਜੁਰਮ ਕਦੀਂ ਲਾਹੇਵੰਦਾ ਨਹੀਂ ਹੁੰਦਾ (Crime never pays)। ਗੁਰੂ ਸਾਹਿਬ ਦੀ ਰਚਨਾ ਚਰਿਤ੍ਰੋਪਖਿਆਨ ਦਾ ਮਨੋਰਥ ਭੀ ਇਹੋ ਹੈ।

ਮਨੋਰਥ

ਉਨ੍ਹਾਂ ਦਾ ਮੰਤਵ ਜਿਥੇ ਆਦਮ ਦੇ ਪੁੱਤ੍ਰ ਨੂੰ ਔਰਤ ਦੇ ਸੰਭਵ ਫਰੇਬਾਂ, ਜੋ ਮੁਗ਼ਲ ਸਮੇਂ ਦੀ ਸਾਮਰਾਜੀ, ਸਾਮੰਤਸ਼ਾਹੀ ਸਮਾਜਕ ਤੇ ਧਾਰਮਿਕ ਸੰਕੀਰਨਤਾ ਦੀ ਉਪਜ ਸੀ "ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥ ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥ ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥" ਸਾਰੰਗ ਕੀ ਵਾਰ ਮਹਲਾ ੧ ਤੋਂ ਆਗਾਹ ਕਰਨਾ ਸੀ, ਉਥੇ ਹਵਾ ਦੀ ਬੇਟੀ ਨੂੰ ਭੀ ਖਬਰਦਾਰ ਕਰਨਾ ਸੀ ਕਿ ਉਹ ਕਿਸ ਨਿਵਾਣ ਵਿਚ ਡਿੱਗ ਪਈ ਹੈ ਅਤੇ ਕਿਸ ਉਚਾਣ ਤਕ ਉਭਰ ਸਕਦੀ ਹੈ। ਰਣ ਖੰਭ ਕਲਾ ਦੀ ਵਾਰਤਾ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਉਸ ਨੇ ਆਪਣੇ ਬ੍ਰਾਹਮਣ ਉਸਤਾਦ ਨੂੰ ਧਮਕੀ ਨਾਲ ਬੁਤ ਪੂਜਾ ਤੋਂ ਹਟਾਇਆ। ਇਉਂ ਕਰਤਾ ਜੀ

www.sikhbookclub.com

ਆਪਣੇ ਪੱਖ ਦਾ ਨਿਰੂਪਨ ਭੀ ਕਰ ਗਏ ਹਨ। ਜਿਥੇ ਰਾਧਾ, ਹੀਰ ਤੇ ਸੱਸੀ ਵਰਗੀਆਂ ਪ੍ਰੇਮਣਾਂ ਦੀ ਵਡਿਆਈ ਕੀਤੀ ਹੈ, ਉਥੇ ਸਾਹਿਬਾਂ ਨੂੰ ਬੁਰਾ ਭੀ ਆਖਿਆ ਹੈ ਕਿ ਭਰਾਵਾਂ ਦੇ ਮੋਹ ਵਿਚ ਫਸ ਕੇ ਕਿਵੇਂ ਪ੍ਰੇਮੀ ਨੂੰ ਕੁਹਾ ਦਿੱਤਾ। ਗੱਲ ਕੀ ਗੁਰੂ ਸਾਹਿਬ ਨੇ ਗ੍ਰਹਿਸਤ ਆਸ਼ਰਮ ਦੀ ਗੱਡੀ ਦੇ ਦੋਹਾਂ ਪਹੀਆਂ ਅਤੇ ਦੁਨਿਆਵੀ ਸ਼ਤਰੰਜ ਦੇ ਦੋਹਾਂ ਖਿਲਾੜੀਆਂ ਨੂੰ ਇਕੋ ਜਿਹਾ ਸ਼ਕਤੀਸ਼ਾਲੀ ਬਣਾਉਣ ਦਾ ਪੂਰਾ ਯਤਨ ਕੀਤਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਕਿ ਆਪ ਦਾ ਮਨੋਰਥ ਸਿੱਖਾਂ ਨੂੰ ਨੀਤੀ ਨਿਪੁੰਨ ਭੀ ਕਰਨਾ ਸੀ। ਸਰਦਾਰ ਰਣਧੀਰ ਸਿੰਘ ਹਿਸਟਰੀ ਰਿਸਰਚ ਸਕਾਲਰ ਸ਼੍ਰੋ. ਗੁ. ਪ੍ਰ. ਕਮੇਟੀ ਅਨੁਸਾਰ ਸੰਮਤ ੧੭੪੭-੪੮ ਬਿ. (1690-91 ਈ.) ਵਿਚ ਜਦੋਂ ਦਸਮੇਸ਼ ਪਿਤਾ ਜੋਗੀ, ਵੈਰਾਗੀ ਤੇ ਸੰਨਿਆਸੀ ਆਦਿ ਸੰਪ੍ਰਦਾਵਾਂ ਦੇ ਸਾਧਾਂ ਸਿੱਧਾਂ ਦੇ ਪਰਖ ਪਰਖਾਵੇ ਕਰ ਰਹੇ ਸਨ ਤਾਂ ਵੈਸਾਖੀ ਤੇ ਦੀਵਾਲੀ ਦੇ ਮੇਲਿਆਂ 'ਪੁਰ ਛਜੀਆ ਰਾਮਜਨੀ ਤੇ ਅਨੂਪ ਕੌਰ ਲਾਹੌਰੀ ਖਤ੍ਰੇਟੀ ਆਦਿ ਰੂਪ-ਜੋਬਨ ਮਤੀਆਂ ਮੁੰਧ ਮੁਟਿਆਰਾਂ ਭੀ ਅਨੰਦਪੁਰ ਆਈਆਂ ਅਰੁ ਸੱਚੇ ਪਾਤਸ਼ਾਹ ਦੀ ਚੜ੍ਹਦੀ ਜੁਆਨੀ ਤੇ ਮਨੋਹਰ ਨੁਹਾਰ ਵੇਖ ਕੇ ਮੋਹਤ ਹੋ ਗਈਆਂ। ਸਤਿਗੁਰਾਂ, ਨਾਰੀ ਦੇ ਪ੍ਰਾਕ੍ਰਿਤਕ ਸੁਭਾਓ ਦੇ ਸਦਕੇ ਉਨ੍ਹਾਂ ਦੀਆਂ ਭੁਲਾਂ ਬਖ਼ਸ਼ੀਆਂ ਤੇ ਸੁਮਤੇ ਲਾਈਆਂ, ਲੇਕਿਨ ਸਿੱਖਾਂ ਨੂੰ ਐਸੇ ਛਲ ਛਿੱਦਰਾਂ ਤੋਂ ਬਚਣ ਦੀ ਸਿੱਖਿਆ ਦੇਣ ਦੇ ਖ਼ਿਆਲ ਨਾਲ, ਉਨ੍ਹਾਂ ਹੀ ਦਿਨਾਂ ਤੋਂ ਨਰ ਨਾਰੀਆਂ ਦੇ ਚਲਨ ਸੰਬੰਧੀ ਪਖਯਾਣੇ ਕਲਮ ਬੰਦ ਕਰਨੇ ਆਰੰਭ ਕਰ ਦਿੱਤੇ। ਇਸ ਪੋਥੀ ਦਾ ਪਹਿਲਾ ਚਰਿਤ੍ਰ ਚੰਡੀ, ਕਾਲੀ ਤੇ ਭਵਾਨੀ ਆਦਿ ਨਾਮ ਰੂਪ ਧਾਰੀ ਅਕਾਲ ਪੁਰਖ ਦਾ ਸਤੋਤਰ ਭੀ ਹੈ ਤੇ ਮੰਗਲਾਚਰਨ ਅਰੁ ਇਸ ਪੁਸਤਕ ਦੀ ਉਥਾਨਕਾ ਭੀ, ਜਿਸ ਦਾ ਮੁੱਢ ਇਉਂ ਬੰਨ੍ਹਿਆ ਗਿਆ ਹੈ :

ਅਨਤਰਿਯਾ ਜਜੋਂ ਸਿੰਧੁ ਕੋ, ਚਹਤ ਤਰਨ ਕਰਿ ਜਾਉਂ ॥
ਬਿਨੁ ਨੌਕਾ ਕੈਸੇ ਤਰੈ, ਲਏ ਤਿਹਾਰੋ ਨਾਉਂ ॥੪੨॥
ਮੂਕ ਉਚਰੈ ਸ਼ਾਸਤ੍ਰ ਖਟ, ਪਿੰਗ ਗਿਰਨ ਚੜਿ ਜਾਇ ॥
ਅੰਧ ਲਖੈ ਬਧਰੋ ਸੁਨੈ ਜੌ ਤੁਮ ਕਰੋ ਸਹਾਇ ॥੪੩॥
ਅਰਘ, ਗਰਭ ਨ੍ਰਿਪ ਤ੍ਰਿਯਨ ਕੋ ਭੇਦ ਨ ਪਾਯੋ ਜਾਇ ॥
ਤਊ ਤਿਹਾਰੀ ਕ੍ਰਿਪਾ ਤੇ ਕਛੁ ਕਛੁ ਕਹੋ ਬਨਾਇ ॥੪੪॥

ਪ੍ਰਥਮ ਧਜਾਇ ਸ੍ਰੀ ਭਗਵਤੀ, ਬਰਨੌ ਤ੍ਰਿਯਾ ਪ੍ਰਸੰਗ ॥
ਮੋ ਘਟ ਮੈ ਤੁਮ ਹ੍ਵੈ ਨਦੀ, ਉਪਜਹੁ ਬਾਕ ਤਰੰਗ ॥੪੬॥ (ਚਰਿਤ੍ਰ ੧)

ਭਾਵ ਕਿ ਦਾਨ ਦੇਣ ਵਾਲੇ ਅਰਘੇ ਅਤੇ ਰਾਣੀਆਂ ਦੇ ਗਰਭ ਦਾ ਭੇਦ ਪਾਉਣਾ ਔਖਾ ਹੈ, ਪਰ ਅਕਾਲ ਪੁਰਖ ਤੇਰੀ ਕਿਰਪਾ ਨਾਲ ਕੁਝ-ਕੁਝ ਲਿਖਣ ਦਾ ਯਤਨ ਕਰਦਾ ਹਾਂ। ਅਤੇ ਇਸ ਸਾਰੀ ਰਚਨਾ ਦਾ ਧੁਰਾ ਹੈ 'ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ' ਤੇ ਇਹ ਗੱਲ ਚਰਿਤ੍ਰ ੧੬ ਵਿਚ ਸਪੱਸ਼ਟ ਕਰ ਕੇ ਦੱਸੀ ਹੈ :

ਤਬੈ ਰਾਇ ਗ੍ਰਿਹਿ ਆਇ ਸੁ ਪ੍ਰਣ ਐਸੋ ਕਿਯੋ ॥
ਭਲੇ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ ॥
ਦੇਸ ਦੇਸ ਨਿਜੁ ਪ੍ਰਭ ਕੀ ਪ੍ਰਭਾ ਬਿਖੇਰਿ ਹੌ ॥
ਹੋ, ਆਨ ਤ੍ਰਿਯਾ ਕਹ ਬਹੁਰਿ ਨ ਕਬਹੂੰ ਹੇਰਿਹੌ ॥੪੯॥ (ਚਰਿਤ੍ਰ ੧੬)

www.sikhbookclub.com

ਇਉਂ ਇਹ ਨੀਤੀ ਦਾ ਗ੍ਰੰਥ ਹੈ, ਇਸ ਵਿਚ ਨਜ਼ੀਰਾਂ ਵਜੋਂ ਦਿੱਤੇ ਗਏ, ਉਪਾਖਿਆਨਾਂ ਦੀ ਹੈਸੀਅਤ ਲਗਭਗ ਉਹੀ ਹੈ ਜੋ ਨੀਤੀ ਦੇ ਗ੍ਰੰਥਾਂ, ਪੰਜ ਤੰਤਰ ਦੀਆਂ ਕਥਾ ਕਹਾਣੀਆਂ ਦੀ ਹੈ। (ਪੰਜ ਦਰਿਆ, ਮਾਰਚ 1942, ਸਫ਼ਾ 19)

ਸ. ਰਣਧੀਰ ਸਿੰਘ 'ਗਿਆਨ ਪ੍ਰਬੋਧ' ਸਬੰਧੀ ਲਿਖਦੇ ਹੋਏ ਦੱਸਦੇ ਹਨ ਕਿ ਇਸ ਰਚਨਾ ਵਿਚ ਵਰਣਿਤ :

ਇਕ ਰਾਜ ਧਰਮ ਇਕ ਦਾਨ ਧਰਮ।
ਇਕ ਭੋਗ ਧਰਮ ਇਕ ਮੋਛ ਕਰਮ।

ਵਿਚੋਂ ਦਾਨ ਧਰਮ ਦਾ ਵਿਚਾਰ (ਗਿਆਨ ਪ੍ਰਬੋਧ ਵਿਚ) ਕੀਤਾ ਹੈ, ਪਤਾ ਨਹੀਂ ਇਹ ਕਥਾ ਕਿਤਨੇ ਕੁ ਛੰਦਾਂ ਵਿਚ ਸੰਪੂਰਨ ਹੋਈ ਸੀ। ਨਵੇਂ ਸਿਰੇ ਇਸ ਗ੍ਰੰਥ ਨੂੰ ਸੰਪਾਦਨ ਕਰਨ ਸਮੇਂ ਮਸਾਂ 336 ਛੰਦ ਮਿਲ ਸਕੇ ਸਨ। ਸੋ ਸੰਪਾਦਕਾਂ ਸੰਚੈ ਵਿਚ ਸੰਚਿ ਧਰੇ ਹਨ। ਮੁਮਕਿਨ ਹੈ, ਰਾਜ ਧਰਮ ਤੇ ਭੋਗ ਧਰਮ ਚਰਿਤੋਪਖਿਆਨ ਵਿਚ ਆ ਚੁਕੇ ਹੋਣ ਤੇ ਮੋਕਸ਼ ਧਰਮ ਜਾਪੁ ਤੇ ਅਕਾਲ ਉਸਤਤਿ ਆਦਿ ਸਿਰਲੇਖ ਵਾਲੇ ਛੰਦਾਂ ਵਿਚ। ਇਨ੍ਹਾਂ ਵਿਚੋਂ 'ਚਰਿਤ੍ਰੋਪਖਿਆਨ ਆਪ ਸੰਮਤ ੧੭੫੪ ਦੇ ਅੱਧ ਤਕ ਲਿਖ ਚੁੱਕੇ ਸਨ, ਪਰ ਉਦੋਂ ਅਜੇ ਬਚਿਤ੍ਰ ਨਾਟਕ ਗ੍ਰੰਥ ਵਾਂਗੂ, ਇਸ ਗ੍ਰੰਥ (ਗਿਆਨ ਪ੍ਰਬੋਧ) ਦਾ ਫੁਰਨਾ ਤੇ ਸਿਰਲੇਖ ਰੂਪਮਾਨ ਨਹੀਂ ਸਨ ਹੋਏ, ਸੰਮਤ ੧੭੫੫ ਤਕ ਦਾਨ ਧਰਮ ਦੀ ਰਚਨਾ ਕਰਕੇ ਚਰਿਤ੍ਰੋਪਖਿਆਨ ਵੀ ਉਸ ਦੇ ਨਾਲ ਮਿਲਾ ਦਿੱਤਾ ਗਿਆ, ਠੀਕ ਉਸੇ ਤਰ੍ਹਾਂ ਜਿਵੇਂ ਪਹਿਲੋਂ ਲਿਖੀ ਕ੍ਰਿਸ਼ਨ ਕਥਾ ਮਗਰੋਂ ਲਿਖੇ ਬਚਿਤ੍ਰ ਨਾਟਕ ਗ੍ਰੰਥ ਵਿਚ ਪਰੋਤੀ ਗਈ। (ਦਸਮ ਗ੍ਰੰਥ ਦਾ ਇਤਿਹਾਸ, ਸਫ਼ਾ 29-30)

ਇਕ ਹੋਰ ਵਿਦਵਾਨ ਜੀ.ਬੀ. ਸਿੰਘ ਅਨੁਸਾਰ ਇਹ ਰਚਨਾਵਾਂ ਵਿਦਿਆਰਥੀ ਗੁਰੂ ਪੁੱਤਰ ਗੋਬਿੰਦ ਰਾਏ ਦੀਆਂ ਉਲਥਾਕਾਰੀਆਂ ਦੀਆਂ ਮਸ਼ਕਾਂ ਜਾਂ ਅਭਿਆਸ (Translation exercises) ਹਨ ਤੇ ਇਹ ਅਨੁਮਾਨ ਇਸ ਗੱਲ ਤੋਂ ਲਾਇਆ ਗਿਆ ਜਾਪਦਾ ਹੈ ਕਿ ਫ਼ਾਰਸੀ ਹਦਾਇਤਾਂ ਤੇ ਉਪਾਖਿਆਨਾਂ ਵਿਚ ਦੋ ਕਹਾਣੀਆਂ ਸਾਂਝੀਆਂ ਹਨ।

ਇਕ ਮੰਤਵ ਇਹ ਭੀ ਅਨੁਮਾਨਿਆ ਗਿਆ ਹੈ ਕਿ ਜਿਵੇਂ ਬਚਿਤ੍ਰ ਨਾਟਕ ਵਿਚ ਦੇਸ਼ ਦੇ ਰਾਜਿਆਂ, ਨੀਤੀਵਾਨਾਂ ਅਤੇ ਅਤਵਾਰਾਂ ਦੀਆਂ ਕਥਾਵਾਂ ਨੂੰ ਸੰਕਲਿਤ ਕੀਤਾ ਗਿਆ, ਇਸ ਰਚਨਾ ਵਿਚ ਦੇਸ਼ ਦੀਆਂ ਵੀਰ ਇਸਤਰੀਆਂ ਅਤੇ ਪ੍ਰਸਿੱਧ ਪ੍ਰੇਮੀ ਤੇ ਪ੍ਰੇਮਕਾਵਾਂ ਦੇ ਕਿੱਸੇ ਦੇ ਕੇ ਸਮਕਾਲੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਨਿਰੂਪਣ ਕੀਤਾ ਜਾਵੇ। ਇਸ ਲਿਹਾਜ਼ ਨਾਲ 12 ਹਕਾਇਤਾਂ ਇਹਨਾਂ ਰਚਨਾਵਾਂ ਦਾ ਚਰਬਾ ਹੀ ਸਮਝਣਾ ਚਾਹੀਦਾ ਹੈ ਨਾ ਕਿ ਜ਼ਫ਼ਰਨਾਮਾ ਦਾ ਭਾਗ।

ਰਚਨਾ ਦਾ ਪਿਛੋਕੜ

ਸੀ.ਐਚ. ਪੇਨੀ ਨੇ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਸ' ਵਿਚ ਲਿਖਿਆ ਹੈ, "ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜੀਵਨ ਦੀ ਪਵਿੱਤਰਤਾ ਉੱਤੇ ਸਭ ਤੋਂ ਵੱਧ ਜ਼ੋਰ ਦਿੱਤਾ, ਪ੍ਰੰਤੂ ਇਹਦੇ ਨਾਲ ਸੂਰਮਗਤੀ ਦੇ ਕੰਮਾਂ ਅਤੇ ਸਿੱਖੀ ਦੇ ਭਲੇ ਅਤੇ ਵਾਧੇ ਨੂੰ ਭੀ ਧਿਆਨ ਵਿਚ ਰੱਖਣ ਦਾ ਹੁਕਮ ਦਿੱਤਾ। "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਅਨੁਸਾਰ ਆਚਾਰ ਦੀ ਸੁਚਮਤਾ ਦੀ ਲੋੜ ਹਰ ਸਮੇਂ ਵਿਚ ਰਹੀ ਹੈ ਤੇ ਰਹੇਗੀ, ਭਾਵੇਂ ਉਹਦੇ ਨਾਲ ਲਗਦੀਆਂ ਗੱਲਾਂ ਦੀਆਂ ਕਦਰਾਂ-ਕੀਮਤਾਂ ਲੋੜ ਅਨੁਸਾਰ ਬਲਦੀਆਂ ਰਹਿਣ। ਗੁਰੂ ਸਾਹਿਬ ਦੇ ਵੇਲੇ ਧਰਮ ਤੇ ਸਮਾਜ ਦੇ ਨਾਂ 'ਤੇ ਬੜੇ

www.sikhbookclub.com

ਭਿਆਨਕ ਕੁਕਰਮ ਹੁੰਦੇ ਸਨ ਜਿਹਨਾਂ ਬਾਬਤ ਆਪ ਨੇ ਫ਼ੁਰਮਾਇਆ : "ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ"। ਇਸਤਰੀ ਜਾਤੀ ਸੰਬੰਧੀ ਇਕ ਬਹੁਤ ਬੜੇ ਤੇ ਪ੍ਰਸਿੱਧ ਰਾਮ ਭਗਤ ਕਵੀ ਦਾ ਵਿਚਾਰ ਸੀ : 'ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ। ਯਹ ਸਬ ਤਾੜਨ ਕੇ ਅਧਿਕਾਰੀ।' ਬੁਰਕੇ ਦੇ ਪ੍ਰਭਾਵ ਹੇਠ ਹਿੰਦੂ ਨਾਰੀ ਭੀ ਪੜਦੇ ਵਿਚ ਰਹੇ : 'ਭੋਜਨ ਭਜਨ ਖ਼ਜ਼ਾਨਾ ਨਾਰੀ, ਯਹ ਸਬ ਪਰਦੇ ਕੇ ਅਧਿਕਾਰੀ।' ਇਸਲਾਮ ਇਸਤਰੀ ਨੂੰ ਮੋਮਨ ਦੀ ਖੇਤੀ ਦੱਸਦਾ ਹੈ। ਚੌਂਹ ਔਰਤਾਂ ਨਾਲ ਮੋਮਨ ਨਿਕਾਹ ਕਰ ਸਕਦਾ ਹੈ। ਔਰਤ ਨੂੰ ਉਹਨਾਂ ਸਮਿਆਂ ਦੇ ਇਕ ਪੱਛਮੀ ਨਾਟਕਕਾਰ ਕਵੀ ਨੇ ਨਿਰਬਲਤਾ ਦਾ ਪ੍ਰਤੀਕ ਦੱਸਿਆ 'Frailty thou name is woman'. ਜ਼ਰ ਜ਼ਮੀਨ ਵਾਂਗ ਉਸ ਨੂੰ ਭੀ ਕਬਜ਼ੇ ਦੀ ਵਸਤੂ ਸਮਝਿਆ ਜਾ ਕੇ ਕਲਹਿ ਦਾ ਕਾਰਨ ਦੱਸਿਆ ਗਿਆ ਪ੍ਰੰਤੂ ਇਹਦੇ ਨਾਲ ਨਾਲ ਅਖੌਤੀ ਭਗਤ ਤੇ ਪ੍ਰੋਹਤ ਮੰਦਰਾਂ ਦੀਆਂ ਦੇਵ ਦਾਸੀਆਂ ਨੂੰ ਲ੍ਹਾਨਤ ਭਰੀ ਜ਼ਿੰਦਗੀ ਬਸਰ ਕਰਨ 'ਤੇ ਮਜਬੂਰ ਕਰਦੇ ਸਨ, ਦੂਜੇ ਪਾਸੇ ਜਰਵਾਣਿਆਂ ਤੇ ਹਮਲਾਵਰਾਂ ਤੋਂ ਡਰਦੇ ਮਾਪੇ ਜੰਮਦੀਆਂ ਧੀਆਂ ਦੇ ਗਲ ਘੁੱਟ ਦਿੰਦੇ, ਵਿਧਵਾਵਾਂ ਨੂੰ ਸਤੀ ਕਰ ਦਿੰਦੇ। ਪੈਰ ਦੀ ਜੁੱਤੀ ਅਤੇ ਮਰਦ ਦੀ ਨਫ਼ਸਾਨੀ ਖਾਹਸ਼ਾਹਤ ਦਾ ਖਿਲੌਣਾ ਸਮਝੀ ਜਾਣ ਵਾਲੀ ਔਰਤ ਦੇ ਹੱਕਾਂ ਦੀ ਵਕਾਲਤ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਕਰਦੇ ਹੋਏ ਜੋ ਪਰੰਪਰਾ ਸ੍ਰੀ ਗੁਰੂ ਨਾਨਕ ਸਾਹਿਬ ਨੇ ਮਰਦ ਦੇ ਆਚਾਰ ਸੁਧਾਰਨ ਦੀ "ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥" ਆਖ ਕੇ ਤੋਰੀ ਸੀ ਉਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਅਤੇ ਪਰਦੇ ਦੀ ਰਸਮ ਨੂੰ ਦੂਰ ਕਰ ਕੇ ਅੱਗੇ ਤੋਰਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਲਾਵਾਂ ਨੂੰ ਸਿੰਘਣੀਆਂ ਬੀਬੀ ਦੀਪ ਕੌਰ ਤੇ ਮਾਈ ਭਾਗੋ ਜਿਹੀਆਂ ਬਣਾ ਕੇ ਪੂਰਨਤਾ ਬਖ਼ਸ਼ੀ। ਮਰਦਾਂ ਨੂੰ 'ਏਕਾ ਨਾਰੀ ਸਦਾ ਜਤੀ' ਦਾ ਉਪਦੇਸ਼ ਦੇ ਕੇ ਦ੍ਰਿੜ ਕਰਵਾਇਆ ਕਿ ਪਰਾਈ ਇਸਤਰੀ ਨੂੰ ਭਾਵੇਂ ਉਹ ਦੁਸ਼ਮਣ ਦੀ ਧੀ ਭੈਣ ਕਿਉਂ ਨਾ ਹੋਵੇ, ਬਦਲੇ ਦੀ ਭਾਵਨਾ ਦੇ ਅਧੀਨ ਭੀ ਮੈਲੀ ਅੱਖ ਨਾਲ ਨਹੀਂ ਤੱਕਣਾ। ਜਦ ਨਦੌਣ ਦੇ ਯੁੱਧ ਵਿਚ ਅਲਫ ਖਾਂ ਦੀਆਂ ਇਸਤਰੀਆਂ ਦਾ ਡੋਲਾ ਸਿੱਖਾਂ ਦੇ ਹੱਥ ਆਇਆ ਅਤੇ ਉਹ ਬੜੇ ਫ਼ਖ਼ਰ ਨਾਲ ਹਜ਼ੂਰ ਦੇ ਪੇਸ਼ ਕਰਨ ਲਈ ਲੈ ਆਏ ਕਿ ਜਿਵੇਂ ਮੁਗ਼ਲ ਪਠਾਣ ਸਾਡੀਆਂ ਧੀਆਂ ਭੈਣਾਂ ਦੀ ਬੇਪਤੀ ਕਰਦੇ ਹਨ, ਅਸੀਂ ਭੀ ਕਰੀਏ, ਤਦ ਆਪ ਨੇ ਇਹ ਤਸੱਲੀ ਕਰ ਕੇ ਕਿ ਇਹਨਾਂ ਸਵਾਣੀਆਂ ਨੂੰ ਕਿਸੇ ਨੇ ਕੌੜਾ ਯਾ ਅਪਮਾਨਜਨਕ ਸ਼ਬਦ ਨਹੀਂ ਆਖਿਆ। ਡੋਲਾ ਬੜੇ ਸਤਿਕਾਰ ਨਾਲ ਜੰਮੂ ਭਿਜਵਾ ਦਿੱਤਾ ਅਤੇ ਸਿੱਖਾਂ ਨੂੰ ਆਖਿਆ ਕਿ 'ਅਸੀਂ ਪੰਥ ਨੂੰ ਉਚੇਰੇ ਲੈ ਜਾਣਾ ਹੈ।'

ਜਦ ਆਪ ਨੇ ਜੋਗਾ ਸਿੰਘ ਅਤੇ ਅਨੂਪ ਕੌਰ ਨੂੰ ਥਿੜਕਦਿਆਂ ਵੇਖਿਆ ਅਤੇ ਤੱਕਿਆ ਕਿ ਛਜੀਆ ਰਾਮਜਣੀ ਆਪਣੇ ਸਿੱਧੜ ਪਤੀ ਨੂੰ ਸੰਗਤ ਵਿਚ ਭੇਜ ਕੇ ਆਪ ਕੁਕਰਮ ਕਰਦੀ ਹੈ। ਕਾਜ਼ੀ ਅਤੇ ਪੰਡਤ ਧਰਮ ਦੇ ਉਹਲੇ ਬਦਕਾਰੀ ਕਰਦੇ ਹਨ, ਮੰਦਰਾਂ ਨੂੰ ਪ੍ਰੇਮੀ ਆਪਣੀ ਮਿਲਣੀ ਦੀ ਥਾਂ ਦੇ ਤੌਰ 'ਤੇ ਵਰਤਦੇ ਹਨ (ਚਰਿਤ੍ਰ ੮੮, ੧੨੪, ੧੪੯, ੨੬੦, ੨੮੩ ਆਦਿ), ਨਾਜਾਇਜ਼ ਗਰਭ ਲਕੋਏ ਜਾ ਰਹੇ ਹਨ (੧੫, ੪੭, ੯੨) ਅਤੇ ਧਨਾਢ ਇਸਤਰੀਆਂ ਖਾਵੰਦਾਂ ਦੇ ਜੀਉਂਦੇ ਜੀ ਨਾਜਾਇਜ਼ ਤਅੱਲਕ ਰੱਖਦੀਆਂ ਹਨ, (ਚਰਿਤ੍ਰ ੨੪) ਤਾਂ ਇਨ੍ਹਾਂ ਬੁਰਾਈਆਂ ਵਿਰੁੱਧ ਆਪ ਨੇ ਕਲਮ ਚੁੱਕੀ। ਪਰ ਆਮ ਹਾਲਤਾਂ ਵਿਚ ਔਰਤਾਂ ਬੇਜ਼ੁਬਾਨ ਹੀ ਸਨ, ਇਨ੍ਹਾਂ ਨੂੰ ਜੀਭ ਦੇਣ ਲਈ ਅਤੇ ਛਜੀਆਂ ਵਰਗੀਆਂ ਦੇ ਮੂੜ੍ਹ ਪਤੀਆਂ ਨੂੰ ਚਤੁਰ ਬਣਾਉਣ ਲਈ ਉਹਨਾਂ ਇਹ ਪਖਿਆਨ ਲਿਖੇ :

ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥

www.sikhbookclub.com

ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥

ਇਕ ਕੁਸ਼ਲ, ਅਗਾਂਹਵਧੂ ਅਤੇ ਇਨਕਲਾਬੀ ਸਾਹਿਤਕਾਰ ਹੋਣ ਦੇ ਨਾਤੇ ਆਪ ਨੇ ਸਮਾਜ ਦੀ ਭਿਆਨਕ, ਘਿਨਾਉਣੀ, ਰੋਗੀ ਅਤੇ ਦੁਰਲੱਭ ਹਾਲਤ ਨੂੰ ਬਿਆਨਣ ਲਈ ਵਾਸਤਵਿਕਤਾ ਦੀਆਂ ਹੱਦਾਂ ਛੂਹ ਲਈਆਂ ਹਨ ਅਤੇ ਵਾਸਤਵਿਕਤਾ ਨੂੰ ਅਸ਼ਲੀਲਤਾ ਸਮਝਿਆ ਜਾਂਦਾ ਹੈ ਜਦ ਕਿ ਅੱਜ-ਕੱਲ ਕੇ ਸਾਹਿਤਕਾਰਾਂ ਨੂੰ ਫਰਾਇਡਿਜ਼ਮ ਦੇ ਪੈਰੋਕਾਰ ਹੋਣ ਦੀ ਰਿਆਇਤ ਦੇ ਕੇ ਵਡਿਆਇਆ ਜਾਂਦਾ ਹੈ। ਅੰਜੀਲ ਦੇ ਪੁਰਾਣੇ ਅਹਿਦਨਾਮੇ ਨੂੰ ਜਿਸ ਵਿਚ ਨੰਗੇਜ਼ ਅਤੇ ਅਸ਼ਲੀਲਤਾ ਦਾ ਅੰਸ਼ ਹੁਣ ਤਕ ਭੀ ਮੌਜੂਦ ਹੈ, ਈਸਾਈ ਬਿਨਾਂ ਸੰਕੋਚ ਪੂਰਨ ਸਤਿਕਾਰ ਨਾਲ ਪੜ੍ਹਦੇ ਹਨ :

> Even in the old Testament we find allusion to human ordure and pudends to carnal copulation and impudent wheredom, to adultery and fornication to onanism, sodomy and bestialits. No Christian has ever thought of purging it. (Richard F. Burton quoted by Dr. Trilochan Singh, vide *The Sikh Reveiw*, Calcutta, July 1955, page 28)

ਇਹ ਨਿਰੋਲ ਤੇ ਕੌੜੀ ਵਾਸਤਵਿਕਤਾ ਕੁਕਰਮ ਦੇ ਬਿਆਨ ਨੂੰ ਤੀਬਰਤਾ ਪ੍ਰਦਾਨ ਕਰਨ ਲਈ ਵਰਤੀ ਗਈ ਹੈ ਜਿਸ ਨਾਲ ਕੁਕਰਮ ਤੋਂ ਘ੍ਰਿਣਾ ਪੈਦਾ ਹੋਵੇ। ਸੜੀ ਬੁਸੀ, ਤ੍ਰਕੀ ਲਾਸ਼ ਉਤੇ ਫੁਲ ਵਿਛਾਉਣ ਨਾਲ ਬਦਬੂ ਰੁਕ ਨਹੀਂ ਸਕਦੀ, ਤਾਜ਼ਾ ਹਵਾ ਹੀ ਬਦਬੂ ਨੂੰ ਦੂਰ ਕਰ ਸਕਦੀ ਹੈ। ਮੈਕਾਲਿਫ ਸਾਹਿਬ ਨੇ ਸੱਚ ਹੀ ਆਖਿਆ ਹੈ ਕਿ ਗੁਰੂ ਸਾਹਿਬ ਗੰਦੀਆਂ ਤੇ ਹਨੇਰੀਆਂ ਕੋਠੜੀਆਂ ਵਿਚ ਸੂਰਜ ਬਣ ਕੇ ਦਾਖ਼ਲ ਹੋਏ।

ਉਹਨਾਂ ਦੀ ਮਰਦ ਨੂੰ ਵੰਗਾਰ ਤੇ ਚੇਤਾਵਨੀ ਸੀ ਕਿ ਕਾਮ ਕਾਇਆ ਨੂੰ ਇਉਂ ਗਾਲ ਦਿੰਦਾ ਹੈ ਜਿਵੇਂ ਸੋਨੇ ਨੂੰ ਸੋਹਾਗਾ। ਪਰ-ਇਸਤ੍ਰੀ ਗਮਨ ਕਰਨ ਵਾਲਾ ਕਾਮੀ ਪੁਰਸ਼ ਕਾਇਰ ਹੁੰਦਾ ਹੈ। ਵਿਲਾਸਤਾ ਕੌਮਾਂ ਦੀ ਤਬਾਹੀ ਦਾ ਕਾਰਨ ਬਣਦੀ ਹੈ।

ਸੁਧ ਜਬ ਤੇ ਹਮ ਧਰੀ ਬਚਨ ਗੁਰੁ ਦਏ ਹਮਾਰੇ।
ਪੂਤ ਇਹੈ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯੋ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯੋ ॥੫੧॥
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ।
ਪਾਰ ਨਾਰੀ ਕੇ ਭਜੇ ਚੰਦਰ ਕਲੰਕ ਲਗਾਏ।
ਪਰ ਨਾਰੀ ਕੇ ਹੇਤ ਸੀਸ ਦਸ-ਸੀਸ ਗਵਾਯੋ।
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ॥੫੨॥
ਪਰ ਨਾਰੀ ਸਿਉ ਨੇਹੁ, ਛੁਰੀ ਪੈਨੀ ਕਰਿ ਜਾਨਹੁ।
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ।
ਅਧਿਕ ਹਰੀਫੀ ਜਾਨ ਭੋਗ ਪਰ ਤ੍ਰਿਯਾ ਜੋ ਕਰਹੀ।
ਹੋ ਅੰਤ ਸੁਆਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੩॥

(ਰਹਿਤਨਾਮਾ)

www.sikhbookclub.com

ਪਰਿਚਯ

ਇਹ ਕਹਾਣੀਆਂ ਕਨਿੰਘਮ ਅਨੁਸਾਰ ਉਸ ਸਮੇਂ ਦੀਆਂ ਬੀੜਾਂ ਦੇ 446 ਸਫ਼ਿਆਂ ਉੱਤੇ ਦਰਜ ਸਨ। ਅਰਥਾਤ ਲਗਪਗ ਅੱਧਾ ਦਸਮ ਗ੍ਰੰਥ ਇਹਨਾਂ ਨਾਲ ਭਰਿਆ ਹੋਇਆ ਹੈ। ਇਸ ਵਿਚ ਗੁਰੂ ਸਾਹਿਬ ਨੇ 405 ਚਰਿਤ੍ਰ ਲਿਖ ਕੇ ੧੭੫੩ ਬਿਕ੍ਰਮੀ ਦੀ ਭਾਦਰੋਂ ਸੁਦੀ ਵਿਚ ਇਸ ਦੀ ਸਮਾਪਤੀ ਕੀਤੀ ਸੀ, ਅਨੰਦਪੁਰ ਵਿਚ :

ਸੰਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥
ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ ॥ ਤੀਰ ਸੱਤੁਦ੍ਰਵ ਗ੍ਰੰਥ ਸੁਧਾਰਾ ॥
ਇਤਿ ਸ੍ਰੀ ਚਰਿਤ੍ਰੋ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ
ਚਾਰ ਸੌ ਚਾਰ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ ॥ ਅਫ਼ਜੂੰ ॥

ਸ. ਰਣਧੀਰ ਸਿੰਘ ਅਨੁਸਾਰ ਉਪਰਲੀ ਤਿਥਿ ਅਸ਼ਟਮੀ ਦੀ ਥਾਂ ਖਸ਼ਟਮ ਹੋਣੀ ਚਾਹੀਦੀ ਹੈ ਤੇ ਇਹ ਉਤਾਰਾ ਕਰਨ ਵਾਲੇ ਦੀ ਭੁਲ ਜਾਪਦੀ ਹੈ। ਸਵਾਮੀ ਕਨੂੰ ਪਿਲੇ ਦੀ ਲਿਖੀ Indian Ephamery (ਸੰਮਤ ਸਮਾਨਕਾ) ਅਨੁਸਾਰ ਉਸ ਸਾਲ ਐਤਵਾਰ ਨੂੰ ਭਾਦਰੋਂ ਸੁਦੀ ਛਠਿ (੬) ਸੀ, ਅਠੇ ਨਹੀਂ ਸੀ। 1716 ਈ. ਵਿਚ ੨੨ ਵਿਸਾਖ ਨੂੰ ਅੰਮ੍ਰਿਤਸਰ ਸ਼ਹੀਦ ਭਾਈ ਮਨੀ ਸਿੰਘ ਵੱਲੋਂ ਮਾਤਾ ਸੁੰਦਰੀ ਜੀ ਵਲ ਦਿੱਲੀ ਲਿਖੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਤਕ ਦੀ ਭਾਲ ਨਾਲ ਕੇਵਲ 303 ਚਰਿਤ੍ਰ ਹੀ ਮਿਲ ਸਕੇ ਸਨ। ਭਾਵੇਂ ਮੂਲ ਵਿਚ ਇਹਨਾਂ ਦੀ ਗਿਣਤੀ 405 ਸੀ, ਪਰ 1761 ਬਿਕ੍ਰਮੀ ਵਿਚ ਅਨੰਦਪੁਰ ਦੀ ਲੁੱਟ ਸਮੇਂ ਇਲਮ ਹੁਨਰ ਦੇ ਵੈਰੀਆਂ ਵਲੋਂ ਇਹ ਗ੍ਰੰਥ ਭੀ ਜ਼ਾਇਆ ਹੋ ਗਿਆ। ਜੋ ਬੀੜ ਭਾਈ ਸਾਹਿਬ ਨੇ ਬੰਨ੍ਹੀ ਤੇ ਫੇਰ ਉਹਦੇ ਉਤਾਰੇ ਤੇ ਸੋਧਾਂ ਹੋਈਆਂ, ਉਹਨਾਂ ਅਨੁਸਾਰ 404 ਚਰਿਤ੍ਰ ਹੀ ਹਨ, ਚਰਿਤਰ 325 ਗੁੰਮ ਹੈ, 1324 ਤੋਂ ਬਾਦ ਕੇਵਲ 'ਇਤਿ ਸ੍ਰੀ' ਲਿਖ ਕੇ ਅੰਕ 325 ਦੇ ਦਿੱਤਾ ਹੈ।

ਇਹ ਸਾਰੇ ਚਰਿਤ੍ਰ ਉਪਰ ਕਥਿਤ 'ਮੰਤਰੀ ਭੂਪ ਸੰਬਾਦ' ਰੂਪ ਹਨ। ਇਹ ਭੂਪ ਚਿਤਰ ਸਿੰਘ ਸੀ ਜਿਸ ਉੱਤੇ ਇਕ ਅਪੱਛਰਾਂ ਨੇ ਮੋਹਤ ਹੋ ਕੇ ਉਸ ਨਾਲ ਸਬੰਧ ਜੋੜਿਆ। ਇਸ ਸਬੰਧ 'ਚੋਂ ਹਨੁਵੰਤ ਸਿੰਘ ਪੈਦਾ ਹੋਇਆ, ਜਿਸ ਦਾ ਅਦਭੁਤ ਰੂਪ ਤੱਕ ਕੇ ਰਾਜੇ ਦੀ ਇਕ ਹੋਰ ਨਵ-ਵਿਵਾਹਿਤ ਰਾਣੀ ਚਿਤ੍ਰਮਤੀ ਮੋਹੀ ਗਈ ਅਤੇ ਉਸ ਨੂੰ ਲੂਣਾਂ ਵਾਂਗ ਕੁਕਰਮ ਕਰਨ ਲਈ ਪ੍ਰੇਰਿਆ ਪਰ ਪੂਰਨ ਕੁਨਾਲ ਅਤੇ ਅਸਰਾਜ ਵਰਗੇ ਧਰਮੀ ਰਾਜ ਕੁਮਾਰਾਂ ਵਾਂਗ ਹਨੁਵੰਤ ਨੇ ਨਾਂਹ ਕਰਦੇ ਹੋਏ ਮਤਰੇਈ ਮਾਂ ਨੂੰ ਆਪਣਾ ਪਤੀਬ੍ਰਤ ਧਰਮ ਪਾਲਣ ਦੀ ਚਿਤਾਵਨੀ ਦਿੱਤੀ ਪਰ ਕੁਕਰਮ ਦੀ ਕਾਮਨਾ ਅਪੂਰਨਤਾ ਵਿਚੋਂ ਉਪਜੇ ਕ੍ਰੋਧ ਤੇ ਕੀਨੇ ਦੀ ਅੱਗ ਨੇ ਮਾਨਵਤਾ ਨੂੰ ਭਸਮ ਕਰ ਦਿੱਤਾ ਅਤੇ ਚਿਤ੍ਰਮਤੀ ਨੇ ਝੂਠੀਆਂ ਤੁਹਮਤਾਂ ਲਾ ਕੇ ਕੰਨਾਂ ਦੇ ਕੱਚੇ ਰਾਜੇ ਤੋਂ ਹਨੁਵੰਤ ਸਿੰਘ ਲਈ ਮੌਤ ਦੀ ਸਜ਼ਾ ਸਾਦਰ ਕਰਵਾ ਲਈ। ਰਾਜੇ ਦੇ ਸਿਆਣੇ ਮੰਤਰੀ ਨੇ ਅਸਲੀਅਤ ਤਾੜ ਕੇ ਆਪਣੇ ਸੁਆਮੀ ਨੂੰ ਚਲਾਕ ਇਸਤਰੀਆਂ ਦੇ ਕਪਟ ਭਰੇ ਅਨੇਕ ਚਰਿੱਤਰ ਸੁਣਾ ਕੇ ਰਾਜ ਕੁਮਾਰ ਵਲੋਂ ਸ਼ਕ-ਸ਼ੁਬਹਾ ਦੂਰ ਕਰਨ ਦਾ ਯਤਨ ਕੀਤਾ। ਇਹ ਚਰਿੱਤਰ ਪੰਚ ਤੰਤਰ, ਹਿਤਉਪਦੇਸ਼, ਮਹਾਂਭਾਰਤ, ਰਾਮਾਇਣ, ਬਾਗੋ ਬਹਾਰ, ਚਾਰ ਦਰਵੇਸ਼, ਬਹਾਦਰ ਦਾਨਿਸ਼ ਅਤੇ ਰਾਜ ਪੂਤਾਨੇ ਦੇ ਕਥਾ ਪ੍ਰਸੰਗਾਂ, ਮੁਗ਼ਲ ਪਾਤਸ਼ਾਹਾਂ ਸਬੰਧੀ ਪ੍ਰਚਲਤ ਕਹਾਣੀਆਂ ਅਤੇ ਪੰਜਾਬੀ ਕਿੱਸਿਆਂ ਉੱਤੇ ਆਧਾਰਿਤ ਹਨ। ਜਿਵੇਂ ਕਿ ਉਪਰ

www.sikhbookclub.com

ਦੱਸਿਆ ਗਿਆ ਹੈ ਇਹਨਾਂ ਕਹਾਣੀਆਂ ਵਿਚ ਕਪਟੀ ਇਸਤਰੀਆਂ ਤੋਂ ਬਿਨਾਂ ਬੇਵਫ਼ਾ ਮਰਦਾਂ ਅਤੇ ਵੀਰ ਤੇ ਚਤੁਰ ਇਸਤਰੀਆਂ ਦੇ ਪ੍ਰਸੰਗ ਭੀ ਹਨ ਜਿਨ੍ਹਾਂ ਨੂੰ ਹੁਨਰਮੰਤ ਸਾਹਿਤਕਾਰ ਮਹਾਂਕਵੀ ਨੇ ਨਾਟਕੀ ਛੋਹਾਂ ਦੇ ਕੇ, ਲੋੜ ਅਨੁਸਾਰ ਸ਼ਿੰਗਾਰ ਰਸ ਦੇ ਨਾਲ- ਨਾਲ ਅਦਭੁਤ ਹਾਸ ਅਤੇ ਵੀਰ ਰਸ ਦੀ ਪੁਠ ਭੀ ਚਾੜ੍ਹੀ ਹੈ।

ਭਾਵੇਂ ਕਥਾਵਾਂ ਦੀ ਪਿੱਠ ਭੂਮੀ ਇਤਿਹਾਸਕ ਹੈ, ਪਰ ਵਰਣਨ ਢੰਗ ਭਾਰਤੀ ਪਰੰਪਰਾ-ਯੁਕਤ ਪੌਰਾਣਿਕ ਹੈ ਜਿਸ ਵਿਚ ਇਤਿਹਾਸ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਭਾਰਤੀ ਪਰੰਪਰਾ ਦਾ ਅਨੁਯਾਈ ਇਤਿਹਾਸਕਾਰ ਨਾਟਕਕਾਰ ਵਧੇਰੇ ਹੁੰਦਾ ਹੈ।

ਇਤਿਹਾਸਕ ਨਾਟਕ ਵਿਚ ਨਾਟਕਕਾਰ ਨੂੰ ਵਿਸ਼ੇਸ਼ ਤੌਰ 'ਤੇ ਇਸ ਗੱਲ ਦਾ ਖ਼ਿਆਲ ਰੱਖਣਾ ਪੈਂਦਾ ਹੈ ਕਿ ਘਟਨਾਵਾਂ ਦੇ ਪਰੰਪਰਾਵਾਦੀ ਵਰਣਨ ਦੇ ਨਾਲ-ਨਾਲ ਇਤਿਹਾਸ ਨੂੰ ਸਮਾਜਕ ਕੀਮਤਾਂ ਅਤੇ ਨਾਟਕੀਅਤਾ ਉਪਰ ਹਾਵੀ ਨਾ ਹੋਣ ਦਿੱਤਾ ਜਾਵੇ। ਇਤਿਹਾਸ ਵਿਚੋਂ ਨਾਟਕਕਾਰ ਡੂੰਘੇ ਸਮਾਜਕ ਅਰਥ ਟੋਲਦਾ ਹੈ ਅਤੇ ਇਤਿਹਾਸਕ ਪਿਛੋਕੜ ਵਿਚ ਵਿਸ਼ੇਸ਼ ਸਾਮਕ ਮਸਲਿਆਂ ਦਾ ਸਾਧਾਰਨੀਕਰਨ ਲੋੜਦਾ ਹੈ। ਉਹ ਇਤਿਹਾਸਕਾਰ ਬਣਨ ਦਾ ਦਾਅਵਾ ਕਦੇ ਨਹੀਂ ਕਰਦਾ, ਨਾ ਹੀ ਕਿਸੇ ਨਾਟਕ ਨੂੰ ਇਤਿਹਾਸ ਕਿਹਾ ਜਾ ਸਕਦਾ ਹੈ। (ਕਪੂਰ ਸਿੰਘ ਘੁੰਮਣ, ਪੰਜਾਬੀ ਦੁਨੀਆਂ, ਮਾਰਚ 1966, ਸਫ਼ਾ 63) ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੁਝ ਇਸੇ ਦ੍ਰਿਸ਼ਟੀਕੋਣ ਨਾਲ ਇਤਿਹਾਸ ਨੂੰ ਆਪਣੀਆਂ ਰਚਨਾਵਾਂ ਬਚਿਤ੍ਰ ਨਾਟਕ ਤੇ ਚਰਿਤ੍ਰੋਪਖਿਆਨ ਵਿਚ ਪੇਸ਼ ਕੀਤਾ ਹੈ। ਇਥੇ ਜੀਵਨ ਦਾ ਵਿਸ਼ਲੇਸ਼ਨ ਪ੍ਰਥਮ ਮੰਤਵ ਹੈ ਤੇ ਇਤਿਹਾਸਕ ਸਾਮਗ੍ਰੀ ਗੌਣ ਹੈ। 'ਆਪਨੀ ਕਥਾ' ਤੋਂ ਬਿਨਾਂ ਉਹਨਾਂ ਨੇ ਆਪਣੇ ਅਨੁਭਵ ਅਤੇ ਆਪ ਬੀਤੀਆਂ ਹੋਰਨਾਂ ਰਚਨਾਵਾਂ ਵਿਚ ਅਸਿੱਧੇ ਤੌਰ 'ਤੇ ਨਾਟਕੀ ਰੰਗ ਵਿਚ ਪੇਸ਼ ਕੀਤੀਆਂ ਹਨ। ਇਹਨਾਂ ਚਰਿਤਰਾਂ ਵਿਚੋਂ ਕਰਤਾ ਦੀਆਂ ਜੀਵਨ ਝਲਕੀਆਂ ਦੀ ਨੁਹਾਰ ਸਿਆਣੀ ਜਾ ਸਕਦੀ ਹੈ :

ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥
ਮਨ ਬਾਂਛਤ ਬਰ ਮਾਂਗਿ, ਜਾਨਿ ਗੁਰ ਸੀਸ ਝੁਕਾਵਹਿ ॥...
ਤੀਰ ਸਤੁੱਦ੍ਰਵ ਕੇ ਹੁਤੋ ਪੁਰ ਅਨੰਦ ਇਕ ਗਾਂਉ ॥
ਨੇਤ੍ਰ ਤੁੰਗ ਕੇ ਢਿਗ ਬਸਤ ਕਾਹਲੂਰ ਕੇ ਠਾਉ ॥
ਤਹਾਂ ਸਿੱਖ ਸਾਖਾ ਬਹੁਤ ਆਵਤ ਮੋਦ ਬਢਾਇ ॥
ਮਨ ਬਾਂਛਤ ਮੁਖਿ ਮਾਂਗ ਬਰ ਜਾਤ ਗ੍ਰਿਹਨ ਸੁਖ ਠਾਇ ॥
ਪ੍ਰਥਮ ਛਤ੍ਰਿ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ ॥
ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜ੍ਯਾਰੋ ॥
ਬਹੁਰਿ ਸਭਨ ਮੈ ਬੈਠਿ ਆਪੁ ਕੋ ਪੂਜ ਕਹਾਊਂ ॥..... (ਚਰਿਤ੍ਰ ੨੧)

ਰਾਇ ਭਵਨ ਤੇ ਬਾਹਰ ਆਯੋ ॥ ਸਭਾ ਬੈਠ ਦੀਵਾਨ ਲਗਾਯੋ ॥
ਕਹੁ ਸੁੰਦਰਿ ! ਕਿਹ ਕਾਜ ਬਸਤ੍ਰ ਤੈਂ ਹਰੇ ਹਮਾਰੇ ॥
ਦੇਖ ਭਟਨ ਕੀ ਭੀਰਿ ਤ੍ਰਾਸ ਉਪਜਯੋ ਨਹਿ ਧਾਰੇ ॥ (ਚਰਿਤ੍ਰ ੨੩)

ਨਦੀ ਜਮੁਨ ਕੇ ਤੀਰ ਮੈ ਤੀਰਥ ਮੁਚਨ ਕਪਾਲ ॥
ਨਗਰ ਪਾਂਵਟਾ ਛੋਰਿ ਹਮ ਆਏ ਤਹਾਂ ਉਤਾਲ ॥੨॥...

www.sikhbookclub.com

ਤਹਾ ਹਮਾਰੇ ਸਿਖ੍ਯ ਸਭ ਅਮਿਤ ਪਹੂੰਚੇ ਆਇ ॥
ਤਿਨੈ ਦੈਨ ਕੋ ਚਾਹਿਯੈ ਜੋਰਿ ਭਲੋ ਸਿਰਪਾਇ ॥੪॥ (ਚਰਿਤ੍ਰ ੭੧)

ਅੰਤਲਾ ਚਰਿਤਰ ਮਹਾਂ ਕਾਲ ਦਾ ਦੈਂਤਾਂ ਨੂੰ ਨਾਸ ਕਰਨਾ ਹੈ :

ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ ਕੇ ਈਸਾ ॥
ਪੁਹਪਨ ਬ੍ਰਿਸਟਿ ਗਗਨ ਤੇਂ ਭਈ ॥ ਸਭਹਿਨ ਆਨ ਬਧਾਈ ਦਈ ॥
ਧੰਨ੍ਯ ਧੰਨ੍ਯ ਲੋਗਨ ਕੇ ਰਾਜਾ ॥ ਦੁਸ਼ਟਨ ਦਾਹ ਗਰੀਬ ਨਿਵਾਜਾ ॥
ਅਖਲ ਭਵਨ ਕੇ ਸਿਰਜਨਹਾਰੇ ॥ ਦਾਸ ਜਾਨਿ ਮੁਹਿ ਲੇਹੁ ਉਬਾਰੇ ॥੩੭੯॥

ਅਖੀਰ ਵਿਚ ਹੈ ਕਬਯੋਵਾਚ ਬੇਨਤੀ ਰੂਪ ਚੌਪਈ ਜੋ ਰਹਰਾਸਿ ਦਾ ਭਾਗ ਹੈ

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥...
ਸਰਬ ਠੌਰ ਮੋ ਹੋਹੁ ਸਹਾਈ ॥ ਦੁਸ਼ਟ ਦੋਖ ਤੇ ਲੇਹੁ ਬਚਾਈ ॥੪੦੧॥
ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥
ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥੪੦੨॥

ਅਤੇ ਇਸ ਦੇ ਖ਼ਾਤਮੇ ਉੱਤੇ ਗ੍ਰੰਥ ਸੰਪੂਰਨ ਹੋਣ ਦਾ ਸ਼ੁਕਰਾਨਾ ਕੀਤਾ ਗਿਆ ਹੈ। ਅੜਿਲ ਛੰਦ ਵਿਚ ਇਸ ਗ੍ਰੰਥ ਦੇ ਪਠਨ ਪਾਠਨ ਦਾ ਮਹਾਤਮ ਯਾ ਫਲ ਦੱਸਿਆ ਗਿਆ ਹੈ :

ਸੁਨੈ ਗੁੰਗ ਜੋ, ਯਾਹਿ ਸੁ ਰਸਨਾ ਪਾਵਈ ॥
ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥
ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੪੦੪॥

ਫਿਰ ਗ੍ਰੰਥ ਪੂਰਨ ਹੋਣ ਦੀ ਥਾਂ ਅਤੇ ਤਾਰੀਖ ਦਾ ਉਲੇਖ ਹੈ।

ਮਹੱਤਤਾ

ਚਰਿਤ੍ਰਾਂ ਨੂੰ ਅਸ਼ਲੀਲ ਦੱਸ ਕੇ ਕਈ ਵਿਦਵਾਨ ਇਹਨਾਂ ਨੂੰ ਜਗਦੀਸ, ਰਾਮ, ਸਿਆਮ ਆਦਿ ਦਰਬਾਰੀ ਕਵੀਆਂ ਦੀ ਰਚਨਾ ਦੱਸਦੇ ਹਨ। ਪਰ ਰਾਮ, ਸਿਆਮ ਉਪਨਾਮ ਰਾਮਾ ਅਵਤਾਰ (ਰਾਮ ਕਥਾ) ਵਿਚ ਭੀ ਆਉਂਦੇ ਹਨ ਜਿਸ ਦੇ ਅੰਤ ਪੁਰ ਗੋਬਿੰਦ ਦਾਸ ਦੀ ਛਾਪ ਲਿਸ਼ਕਾਂ ਮਾਰਦੀ ਹੈ:

ਦੋਹਰਾ ॥
ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥੧੩॥

ਗੁਰੂ-ਕ੍ਰਿਤ ਹੋਣ ਕਰਕੇ ਹੀ ਪ੍ਰਾਚੀਨ ਸਮੇਂ ਤੋਂ ਇਸ ਰਚਨਾ ਦਾ ਅੰਤਲਾ ਭਾਗ 'ਕਬਿਯੋਬਾਚ ਬੇਨਤੀ ਚੌਪਈ' ਰਹਰਾਸਿ ਦਾ ਭਾਗ ਤੁਰਿਆ ਆਉਂਦਾ ਹੈ ਤੇ ਆਨੰਦ ਕਾਰਜ ਸਮੇਂ ਜਿਹੜੀ ਅਸੀਸ 'ਦੇਹੁ ਅਸੀਸ ਕਹੋ ਜਗਦੀਸ ਜੋੜੀ ਜੀਐ ਜੁਗ ਚਾਰੀ ਤਿਹਾਰੀ' ਦਿੱਤੀ ਜਾਂਦੀ ਹੈ, ਉਹ ਇਹਨਾਂ ਚਰਿੱਤਰਾਂ ਵਿਚ ਸਸੀ ਨੂੰ ਦਿੱਤੀ ਗਈ ਹੈ। ਇਸ ਦਾ ਦਸਮੇਸ਼ ਕ੍ਰਿਤ ਹੋਣਾ, ਉਪਰ ਕਥਿਤ ਭਾਈ ਮਨੀ ਸਿੰਘ ਦੀ ਚਿੱਠੀ ਵਿਚੋਂ ਪ੍ਰਤੱਖ ਹੈ : 'ਪੋਥੀਆਂ ਜੋ ਝੰਡਾ ਸਿੰਘ ਹਾਥ ਭੇਜੀ ਥੀਂ ਉਹਨਾਂ ਵਿਚਿ ਸਾਹਿਬਾਂ

www.sikhbookclub.com

ਦੇ 303 ਚਰਿੱਤਰ ਉਪਾਖਿਆਨ ਦੀ ਪੋਥੀ ਜੋ ਹੈ ਸੋ ਸ਼ੀਹਾਂ ਸਿੰਘ ਨੂੰ ਮਹਲ ਵਿਚਿ ਦੇਣਾ ਜੀ।' ਤੇ ਸਵਾਲ ਇਹ ਹੈ ਕਿ ਇਸ ਗੁਰਬਾਣੀ ਨੂੰ ਅਧਿਆਤਮਕ ਮਹੱਤਤਾ ਕਿਉਂ ਦਿੱਤੀ ਜਾਵੇ ਤੇ ਇਹਦਾ ਪਠਨ ਪਾਠਨ ਬਤੌਰ ਇਕ ਸਾਹਿਤਕ ਰਚਨਾ ਦੇ ਕਿਉਂ ਨਾ ਹੋਵੇ। ਉਸ ਅਧਿਆਤਮਕ ਮਹਾਂ ਕਲਾਕਾਰ ਦੇ ਮਨੋਵਿਗਿਆਨਕ ਸ਼ਾਹਕਾਰ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਹੀ ਪਰਖਿਆ ਜਾਵੇ ਤੇ ਇਸ ਦਾ ਅਧਿਐਨ ਸਮਾਜਕ ਉਥਾਨ ਦੇ ਸਾਧਨ ਵਜੋਂ ਹੀ ਹੋਣਾ ਚਾਹੀਏ। ਪ੍ਰੋ. ਪਿਆਰਾ ਸਿੰਘ 'ਪਦਮ' ਦੇ ਸ਼ਬਦਾਂ ਵਿਚ ਵੈਦ ਨੇ ਮਾਜੂਨ ਤੇ ਮਰਹਮ ਕੋਲੋ ਕੋਲ ਰੱਖ ਦਿੱਤੇ ਹਨ। ਜੇ ਰੋਗੀ ਨੂੰ ਦੋਹਾਂ ਦੀ ਪਛਾਣ ਨਾ ਰਹੇ ਤਾਂ ਇਹਦੇ ਵਿਚ ਵੈਦ ਦਾ ਕੀ ਦੋਸ਼ ? ਚਰਿੱਤਰਾਂ ਵਿਚੋਂ ਜਾਪੁ ਜਾਂ ਅਕਾਲ ਉਸਤਤਿ ਦਾ ਅਨੰਦ ਲੱਭਣਾ ਗ਼ਲਤੀ ਹੈ। ਇਹ ਧਾਰਮਿਕ ਉਪਦੇਸ਼ ਦਾ ਸ਼ਾਸਤਰ ਨਹੀਂ, ਇਹ ਗਲਪ ਸਾਹਿਤ ਹੈ, ਜਿਸ ਵਿਚ ਨੀਤੀ (Moral) ਹੈ, ਸਮਝੌਤਾ ਹੈ, ਵਾਕਫ਼ੀਅਤ (ਗਿਆਨ) ਹੈ, ਕਵਿਤਾ ਹੈ, ਨਾਵਲ ਦਾ ਰਸ ਹੈ। ਕੋਈ ਸਾਹਿਤਕ ਰਸੀਆ ਹੀ ਇਸ ਦੀ ਪੂਰੀ ਕੀਮਤ ਪਾ ਸਕਦਾ ਹੈ।

ਅਜਿਹੀਆਂ ਲੌਕਿਕ (ਅਨ-ਪਰਮਾਰਥਿਕ ਤੇ ਅਨ-ਅਧਿਆਤਮਕ) ਭਾਂਤ ਦੀਆਂ ਬਾਣੀਆਂ ਦਸਮੇਸ਼ ਜੀ ਨੇ ਜਾਣ ਬੁਝ ਕੇ ਉਸ ਗੁਰਬਾਣੀ ਤੋਂ ਅਲਗ ਰੱਖੀਆਂ ਜਿਨ੍ਹਾਂ ਨੂੰ ਉਨ੍ਹਾਂ ਨੇ ਗੁਰਿਆਈ ਪ੍ਰਦਾਨ ਕਰਨੀ ਸੀ। ਇਸ ਬਾਣੀ ਨੂੰ ਦਸਮ ਗ੍ਰੰਥ ਸਾਹਿਬ ਵਿਚ ਬੀੜ-ਬੱਧ ਕੀਤਾ ਜਿਸ ਨੂੰ ਭਾਈ ਕੇਸਰ ਸਿੰਘ ਛਿੱਬਰ ਕਰਤਾ 'ਬੰਸਾਵਲੀਨਾਮਾ' ਛੋਟਾ ਗ੍ਰੰਥ ਆਖਦੇ ਹਨ :

ਛੋਟਾ ਗ੍ਰੰਥ ਜੀ ਜਨਮੇ ਸਾਹਿਬ ਦਸਵੇਂ ਪਾਤਸ਼ਾਹ ਕੇ ਧਾਮ।
ਸੰਮਤ ਸਤਾਰਾਂ ਸੈ ਪਚਵੰਜਾ ਬਹੁਤ ਖਿਡਾਵੇ ਲਿਖਾਰੇ ਨਾਮ।
ਸਾਹਿਬ ਨੂੰ ਸੀ ਪਿਆਰਾ ਅਪਨੀ ਹਥੀਂ ਲਿਖਿਆ ਤੇ ਖਿਡਾਇਆ।
ਸਿੱਖਾਂ ਕੀਤੀ ਅਰਦਾਸ : 'ਜੀ ! ਨਾਲ ਚਾਹੀਏ ਮਿਲਾਇਆ' ।੨੨੩।
ਬਚਨ ਕੀਤਾ : 'ਗ੍ਰੰਥ ਸਾਹਿਬ ਹੈ ਉਹ ਏਹ ਅਸਾਡੀ ਖੇਡ।
ਨਾਲ ਨਾ ਮਿਲਾਇਆ ਆਹਾ ਪਿਆਰਾ ਕਉਨ ਜਾਨੇ ਭੇਦ ।੨੨੪।

(ਚਰਨ ਚੌਧਵਾਂ)

ਪੁਰਾਤਨ ਸਿੰਘਾਂ ਨੇ ਨਿਤਨੇਮ ਦੀਆਂ ਬਾਣੀਆਂ ਵਿਚ ਕੇਵਲ ਜਾਪੁ ਸਾਹਿਬ ਤੇ ਸੁਧਾ ਸਵੈਯਾਂ ਨੂੰ ਹੀ ਸ਼ਾਮਲ ਕੀਤਾ ਹੈ। ਕਹਿਣ ਦਾ ਭਾਵ ਇਹ ਕਿ ਜਾਪੁ ਤੇ ਅਕਾਲ ਉਸਤਤਿ ਆਦਿ ਅਧਿਆਤਮਕ ਭਾਂਤ ਦੀਆਂ ਬਾਣੀਆਂ ਤੋਂ ਬਿਨਾਂ ਲੌਕਿਕ ਲਾਭ ਵਾਲੀਆਂ ਬਾਣੀਆਂ ਉਸੇ ਆਸ਼ੇ ਨਾਲ ਹੀ ਪੜ੍ਹੀਆਂ ਜਾਣ ਜਿਸ ਮੰਤਵ ਲਈ ਹਜ਼ੂਰ ਨੇ ਰਚੀਆਂ।

ਸਮਕਾਲੀ ਚਿੱਤ੍ਰ

'ਅਕਾਲ ਉਸਤਤਿ' ਵਿਚ ਗੁਰੂ ਸਾਹਿਬ ਈਸ਼ਵਰ ਦੀ ਕੀਰਤੀ ਗਾਉਂਦੇ ਹੋਏ ਰੂਮ, ਸ਼ਾਮ, ਚੀਨਮਚੀਨ, ਫ਼ਰਾਂਸ ਆਦਿ, ਗੱਲ ਕੀ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਇਵੇਂ ਹੀ ਉਨ੍ਹਾਂ ਚਰਿਤ੍ਰਾਂ ਵਿਚ ਭਿੰਨ ਭਿੰਨ ਦੇਸ਼-ਵਾਸੀਆਂ ਨਾਲ ਜਾਣ-ਪਛਾਣ ਕਰਾਈ ਹੈ। ਹੁਗਲੀ, ਨੇਗਾ ਪਟਮ, ਭਾਰਤ ਦੀਆਂ ਬੰਦਰਗਾਹਾਂ ਤੋਂ ਲੈ ਕੇ ਰੋਮ, ਚੀਨ, ਪੁਰਤਗਾਲ, ਰੂਸ, ਮਨਚੂਰੀਆ, ਅਰਬ, ਯੂਨਾਨ, ਫ਼ਾਰਸ, ਫ਼ਰਾਂਸ ਤੇ ਟਰਕੀ ਦੀਆਂ ਕਹਾਣੀਆਂ ਨੂੰ ਹੱਥ ਪਾਇਆ ਗਿਆ ਹੈ, ਉਸ ਸਮੇਂ ਯੂਰਪੀਨ ਕੌਮਾਂ ਹਿੰਦੁਸਤਾਨ ਵਿਚ ਆਪਣੀਆਂ ਫੈਕਟਰੀਆਂ ਕਾਇਮ ਕਰ ਚੁੱਕੀਆਂ ਸਨ।

www.sikhbookclub.com

ਅੰਮ੍ਰਿਤਸਰ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਪੁਰਤਗਾਲੀ ਕੰਪਨੀ ਦਾ ਦਫ਼ਤਰ ਕਾਇਮ ਹੋ ਚੁੱਕਾ ਸੀ। ਇਕ ਫ਼ਰਾਂਸੀਸੀ ਹੁਸ਼ਨਾਕ ਸਿੰਘ ਦਾ ਨਾਂ ਧਰਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਬਣ ਚੁੱਕਾ ਸੀ। ਸਰਦਾਰ ਜੀ.ਬੀ. ਸਿੰਘ ਦਾ ਖ਼ਿਆਲ ਸੀ ਕਿ ਇਨ੍ਹਾਂ ਬਦੇਸ਼ੀ ਵਪਾਰੀਆਂ ਵਲੋਂ ਭੇਟ ਕੀਤੀਆਂ ਨਿੱਬਾਂ ਨਾਲ ਕੀਤੀ ਲਿਖਤ ਨੂੰ ਸਿੱਖ ਵਿਦਵਾਨ ਹਜ਼ੂਰ ਦੀ ਤੀਰ ਨਾਲ ਕੀਤੀ ਲਿਖਤ ਸਮਝਦੇ ਰਹੇ ਹਨ।

ਫਿਰ ਇਕ ਹੋਰ ਗੱਲ ਹੈ। ਜਾਪੁ ਸਾਹਿਬ ਵਿਚ ਆਪ ਨੇ ਵਾਹਿਗੁਰੂ ਨੂੰ ਮਜ਼ਹਬ ਰਹਿਤ 'ਨਮਸਤੰ ਅਮਜਬੇ' ਆਖ ਕੇ ਅਸੰਪ੍ਰਦਾਇਕਤਾ (Secularism) ਦੀ ਨਵੀਨ ਪਰਪਾਟੀ ਪਾਈ ਸੀ। ਇਸ ਦੇ ਨਾਲ ਨਾਲ ਆਪ ਨੇ ਖਹਿੰਦੀਆਂ ਤੇ ਝਗੜਦੀਆਂ ਦੋ ਸੰਸਕ੍ਰਿਤੀਆਂ ਦੀਆਂ ਧਾਰਮਿਕ ਬੋਲੀਆਂ ਦੀ ਸਾਂਝ ਪਵਾਉਣ ਲਈ ਇਕ ਨਵੀਂ ਲੀਹ ਤੋਰੀ ਸੀ, ਸੰਸਕ੍ਰਿਤ ਦੇ ਸ਼ਬਦਾਂ ਨੂੰ ਅਰਬੀ ਦੀਆਂ ਅਜ਼ਾਫ਼ਤਾਂ ਨਾਲ ਜੋੜਨਾ ਜਿਵੇਂ 'ਨਮਸਤੁਲ ਪ੍ਰਨਾਮੇ' ਅਤੇ 'ਸਮਸਤੁਲ ਕਲਾਮ ਹੈਂ' ਆਦਿ। ਇਸੇ ਤਰ੍ਹਾਂ ਆਪ ਨੇ ਚਰਿਤਰਾਂ ਵਿਚ ਪ੍ਰੇਮੀ ਤੇ ਪ੍ਰੇਮਿਕਾਵਾਂ ਦੇ ਨਾਂ ਚੁਣਨ ਵਿਚ ਹਿੰਦੂ-ਮੁਸਲਮਾਨ ਦੇ ਵਖੇਵੇਂ ਨੂੰ ਦੂਰ ਕੀਤਾ ਹੈ। ਮੁਸਲਮਾਨ ਬਾਦਸ਼ਾਹ ਆਪਣੀ ਹਿੰਦੂ ਪ੍ਰੇਮਿਕਾ ਲਈ ਆਪਣੇ ਧਾਰਮਿਕ ਭਾਵਾਂ ਵਿਚ ਤਬਦੀਲੀ ਕਰ ਲੈਂਦੇ ਸਨ। ਉਦੋਂ ਤਕ ਖਿਜ਼ਰ ਖਾਂ, ਦੇਵਲ ਦੇਵੀ ਅਤੇ ਰੂਪਮਤੀ ਤੇ ਬਾਜ ਬਹਾਦਰ ਦੇ ਪਿਆਰ ਕਿੱਸੇ ਪ੍ਰਸਿੱਧ ਹੋ ਚੁੱਕੇ ਸਨ। ਇਸੇ ਲਈ ਆਪ ਨੇ ਨਾਇਕ ਨਾਇਕਾਵਾਂ ਦੇ ਨਾਂ ਚੁਣਨ ਵਿਚ ਕਿਸੇ ਵਖੇਵੇਂ ਨੂੰ ਨੇੜੇ ਨਹੀਂ ਆਉਣ ਦਿੱਤਾ ਤੇ ਭਾਰਤ ਦੇ ਕੋਨੇ-ਕੋਨੇ ਨੂੰ ਪ੍ਰਤੀਨਿਧਤਾ ਦਿੱਤੀ ਹੈ। ਨਾਉਂ ਚੁਣਨ ਯਾ ਘੜਨ ਸਮੇਂ ਉਸ ਇਲਾਕੇ ਦੀਆਂ ਰਵਾਇਤਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ :

ਨਾਇਕ	ਨਾਇਕਾ	ਸ਼ਹਿਰ
ਅਚਲ ਸੈਨ	ਅਚਲ ਦੇਈ	ਅਚਲਾਵਤੀ ਨਗਰ
ਰਾਜ ਸੈਨ	ਰਾਜ ਦੇਈ	ਰਾਜ ਪੁਰੀ
ਆਨੰਦ ਸੈਨ	ਆਨੰਦ ਮਤੀ	ਆਨੰਦਾਵਤੀ
ਪ੍ਰੇਮ ਸੈਨ	ਪ੍ਰੇਮ ਮੰਜਰੀ	ਪ੍ਰੇਮਾਵਤੀ
ਬੰਗਾਲ ਸੈਨ	ਬੰਗਾਲ ਮਤੀ	ਸੁਨਾਰ ਨਗਰੀ
ਸੁਲਤਾਨ ਸੈਨ	ਸੁਲਤਾਨ ਦੇਈ	ਸੁਲਤਾਨ ਪੁਰ

ਗੱਲ ਕੀ, ਇਸ ਇਕੱਲੀ ਰਚਨਾ ਵਿਚ ਸੰਸਾਰ ਭਰ ਦੇ ਰਾਜੇ ਰਾਣਿਆਂ, ਦਰਬਾਰੀਆਂ, ਸਾਹਿਬਜ਼ਾਦਿਆਂ, ਸ਼ਹਿਜ਼ਾਦਿਆਂ, ਬੇਗ਼ਮਾਂ, ਕੰਮੀਆਂ, ਕਿਰਤੀਆਂ ਦੇ ਹਾਵ-ਭਾਵ ਦੀਆਂ ਕਹਾਣੀਆਂ ਨਾਟਕੀ ਰੂਪ ਵਿਚ ਪੇਸ਼ ਕੀਤੀਆਂ ਗਈਆਂ ਹਨ। ਕਿਤੇ ਨੱਚਦੀ ਬੁਰਿਆਈ ਭਲਿਆਈ ਉੱਤੇ ਗ਼ਾਲਿਬ ਆ ਜਾਂਦੀ ਹੈ ਤੇ ਕਿਤੇ ਝੂਠ ਨੂੰ ਸੱਚ ਤੋਂ ਹਾਰ ਮੰਨਣੀ ਪੈਂਦੀ ਹੈ ਪਰ ਇਹ ਨਿਸ਼ਚਾ ਜ਼ਰੂਰ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਨੇਕੀ ਇਕ ਦਿਨ ਬਦੀ ਉੱਤੇ ਜ਼ਰੂਰ ਭਾਰੂ ਹੋਵੇਗੀ। ਇਉਂ ਅੰਤਰਰਾਸ਼ਟਰੀ ਜ਼ਿੰਦਗੀ ਦੀ ਸ਼ਾਨ ਅਤੇ ਗਿਰਾਵਟ, ਖ਼ੂਬਸੂਰਤੀ ਅਤੇ ਚੁੜਿਤਣ ਉਜਾਗਰ ਹੁੰਦੀਆਂ ਹਨ। ਗਲਪਕਾਰ ਦੀ ਪ੍ਰਤਿਭਾ ਬੀਤੇ ਦੀਆਂ ਖ਼ੁਸ਼ਕ ਹੱਡੀਆਂ ਨੂੰ ਧੜਕਾ ਦਿੰਦੀ ਹੈ ਤੇ ਅਤੀਤ ਸਜੀਵ ਹੋ ਉਠਦਾ ਹੈ.....

Viewed as toutensemble in full and complete form they are a drama of international life. The dance of vices and virtues made sublime

www.sikhbookclub.com

here and other with faith and religious emotions, by the certainty of expiation and emotion the fullness of atoning equity where virtue is victorious and vice is vanquised and ways of God are justified to man. All the splendour and squalor. The beauty and vastness of life are here. The genious of the story teller quickens the day bones of history and by adding fiction to fact revives the dead past. Here there is a picture gallery of weird and striking adventures there is an idyllie piece of love, foresaken or betrayed or requite, love pathos and humour alternate with artistic confrast.

(The Sikh Review, Calcutta, July 1955, page 27)

ਕਾਵਿਕ ਉੱਚਤਾ

ਇਕ ਮਹਾਂਕਵੀ ਦੀ ਰਚਨਾ ਹੋਣ ਦੇ ਨਾਤੇ ਇਹ ਰਚਨਾ ਕਾਵਿਕ ਗੁਣਾਂ ਕਰਕੇ ਉੱਚੀ ਹੋਣੀ ਹੀ ਹੋਈ; ਕੀ ਰਸ, ਕੀ ਰੂਪਕ ਤੇ ਅਲੰਕਾਰ, ਹਰ ਦ੍ਰਿਸ਼ਟੀਕੋਣ ਤੋਂ ਕਵਿਤਾ ਲਾਸਾਨੀ ਹੈ। ਸ਼ਿੰਗਾਰ ਰਸ ਦੇ ਨਾਲ-ਨਾਲ ਵੀਰ, ਕਰਣ ਤੇ ਹਾਸ ਰਸ ਦਾ ਭੀ ਕਿਤੇ ਕਿਤੇ ਸੁੰਦਰ ਨਮੂਨਾ ਮਿਲਦਾ ਹੈ। ਕਿਤੇ ਅਟੱਲ ਸੱਚਾਈਆਂ ਦਾ ਵਰਨਨ ਹੈ। ਅੰਤ ਵਿਚ ਬੇਨਤੀ ਚੌਪਈ ਸ਼ਾਂਤੀ ਰਸ ਭਰਪੂਰ ਖੇੜੇ ਤੇ ਸਹਿਜ ਭਰਿਆ ਸਰੋਵਰ ਹੈ, ਜਿਸ ਵਿਚ ਇਸ ਰਚਨਾ ਦੇ ਆਸ਼ੇ ਅਨੁਸਾਰ ਆਪਣੇ ਸਿੱਖਾਂ ਸੇਵਕਾਂ ਲਈ ਸ਼ੁਕਰਾਨੇ ਦੀ ਯਾਚਨਾ ਕੀਤੀ ਗਈ ਹੈ "ਸਿਵਕਨ ਕੋ ਸਿਵਗੁਨ ਸੁਖ ਦੀਓ"।

ਸਮੇਂ ਦੇ ਪਾਖੰਡੀ ਸਾਧਾਂ ਦੀ ਹਾਲਤ ਇਕ ਠੋਸ ਹਕੀਕਤ ਦਾ ਸ਼ੀਸ਼ਾ ਹੈ। ਜਿਹਦਾ ਦੂਜਾ ਪਾਸਾ ਸਮਕਾਲੀ ਆਰਥਿਕ ਔਕੜਾਂ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ। ਮਠਾਂ, ਮੰਦਰਾਂ ਦੇ ਮਹੰਤ ਆਪਣੀ ਤਿਆਗ ਭਰੀ ਉੱਚਤਾ ਦਾ ਢੰਡੋਰਾ ਪਿਟਦੇ ਹਨ। ਉਪਰੋਂ ਸੰਤੋਖੀ ਦਿੱਸਣ ਵਾਲੇ ਇਹ ਮਹਾਨ ਅਸੰਤੋਖੀ ਨੀਵਿਆਂ ਦੇ ਦੁਆਰਿਓਂ ਭਿਖਿਆ ਮੰਗਦੇ ਫਿਰਦੇ ਹਨ ਯਾ ਮਲੇਛ ਦੀ ਨੌਕਰੀ ਕਰਕੇ ਆਪਣਿਆਂ ਵਿਰੁੱਧ ਸਰਕਾਰ ਦਾ ਹੱਥ ਠੋਕਾ ਬਣਦੇ ਹਨ।

ਕਹਤ ਪਵਿੱਤ੍ਰ ਹਮ ਰਹਤ ਅਪਵਿੱਤ੍ਰ ਖਰੇ
ਚਾਕਰੀ ਮਲੇਛਨ ਕੀ ਕੈਕੈ ਟੂਕ ਖਾਤ ਹੈਂ ॥
ਬਡੇ ਅਸੰਤੋਖੀ ਹੈਂ ਕਹਾਵਤ ਸੰਤੋਖੀ ਮਹਾਂ
ਏਕ ਦ੍ਵਾਰ ਛਾਡਿ ਮਾਂਗਿ ਦ੍ਵਾਰੇ ਦ੍ਵਾਰੇ ਜਾਤ ਹੈ ॥੧੯॥

ਪੰਜਾਬੀ ਵਿਚ ਭਾਵੇਂ ਆਪ ਨੇ ਬਹੁਤ ਘੱਟ ਲਿਖਿਆ ਹੈ, ਪਰ ਜੋ ਕੁਝ ਭੀ ਲਿਖਿਆ ਹੈ, ਉਸ ਵਿਚ ਕਵਿਤਾ ਦੀ ਸਿਖਰ ਛੋਹਣ ਦਾ ਕਮਾਲ ਹੈ। ਗੋਪੀਆਂ ਦੀਆਂ ਅੱਖੀਆਂ ਕਾਹਨ ਦੇ ਵਿਯੋਗ ਵਿਚ ਯੋਗ ਕਮਾਉਂਦੀਆਂ ਹਨ :

ਸ੍ਵੇਤਤਾ ਬਿਭੂਤ ਅਤੇ ਮੇਖੁਲੀ ਨਿਮੇਖ ਸੰਦੀ
ਅੰਜਨ ਦੀ ਸੇਲੀ ਦਾ ਸੁਭਾਵ ਸੁਭ ਭਾਖਣਾ ॥
ਭਗਵਾ ਸੁ ਭੇਸ ਸਾਡੇ ਨੈਣਾ ਦੀ ਲਲਾਈ ਸਈਯੋ
ਯਾਰਾਂ ਦਾ ਧਿਯਾਨੁ ਏਹੋ ਕੰਦ ਮੂਲ ਚਾਖਣਾ ॥

www.sikhbookclub.com

ਰੋਂਦਨ ਦਾ ਮਜਨੁ ਸੁਪੁੱਤ੍ਰੀ ਪੱਤ੍ਰ ਗੀਤ ਗੀਤਾ
ਦੇਖਣ ਦੀ ਭਿੱਛਾ ਧਯਾਨ ਧੂੰਆਂ ਬਾਲ ਰਾਖਣਾ ॥
ਆਲੀ ਏਨਾ ਗੋਪੀਯਾਂ ਦੀਆਂ ਅੱਖੀਆਂ ਦਾ ਜੋਗੁ ਸਾਰਾ
ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾ ॥੬॥ (ਚਰਿਤ੍ਰ ੧੨)

ਅਰਥਾਤ ਜੋਗਨ ਅੱਖੀਆਂ ਨੇ ਸਫ਼ੈਦੀ ਦੀ ਬਿਭੂਤੀ ਮਲੀ ਹੋਈ ਹੈ, ਸੁਰਮੇ ਦੇ ਡੋਰੇ ਸਿਰ ਦੀਆਂ ਸੇਹਲੀਆਂ ਹਨ, ਅੱਖਾਂ ਦੀ ਲਾਲੀ ਭਗਵਾਂ ਵੇਸ ਹੈ। ਪਿਆਰੇ ਕਾਹਨ ਦਾ ਧਿਆਨ ਜੰਗਲੀ ਫਲਾਂ ਦਾ ਆਹਾਰ ਹੈ। ਰੋਣ ਧੋਣ ਗੀਤਾ ਦਾ ਪਾਠ ਹੈ ਤੇ ਉਹਦੇ ਧਿਆਨ ਦੀ ਧੂਣੀ ਬਾਲ ਰੱਖੀ ਹੈ। ਅੱਗੇ ਰਾਧਾ ਦੀ ਛਬਿ ਤੱਕਣ ਯੋਗ ਹੈ। ਮੋਤੀਆਂ ਦੇ ਗਹਿਣੇ ਪਾਈ ਉਹ ਇਉਂ ਪ੍ਰਤੀਤ ਹੁੰਦੀ ਹੈ ਜਿਵੇਂ ਸਮੁੰਦਰ ਰਿੜਕ ਕੱਢੇ ਚੰਦਰਮਾਂ ਨੂੰ ਚੀਰ ਕੇ ਉਹਦਾ ਅੰਗ-ਅੰਗ ਬਣਾਇਆ ਹੋਵੇ :

ਮੋਤੀ ਕੇ ਅੰਗ ਬਿਰਾਜਤ ਭੂਖਨ ਮੋਤੀ ਕੇ ਬੇਸਰ ਕੀ ਛਬ ਬਾਢੀ ॥
ਮੋਤੀ ਕੋ ਚੌਸਰ ਹਾਰ ਫਬੈ ਦੁਤਿ ਮੋਤਿਨ ਕੇ ਗਜਰਾਨ ਕੀ ਗਾਢੀ ॥
ਰਾਧਿਕਾ ਮਾਧਵ ਕੌ ਜਮੁਨਾ ਤਟ ਕੰਜ ਗਹੇ ਕਰ ਜੋਵਤਿ ਠਾਢੀ ॥
ਛੀਰ ਕੇ ਸਾਗਰ ਕੋ ਮਥਿ ਕੈ, ਮਨੌ ਚੰਦ ਕੋ ਚੀਰ ਸਭੈ ਤਨ ਕਾਢੀ ॥ (ਚਰਿਤ੍ਰ ੧੨)

ਸੁੰਦਰ ਯੁਵਕ ਦੀ ਸੁੰਦਰਤਾ ਦਾ ਝਲਕਾਰਾ :

ਤਹਿਕ ਸ਼ਾਹ ਕੋ ਪੂਤ ਅਪਾਰਾ ॥
ਕਨਕ ਅਵਟਿ ਸਾਂਚੇ ਜਨੁ ਢਾਰਾ ॥
ਨਿਰਖਿ ਨਾਕ ਜਿਹ ਸੂਆ ਰਿਸਾਨੋ ॥
ਕੰਜ ਜਾਨਿ ਦ੍ਰਿਗ ਭਵਰ ਭੁਲਾਨੋ ॥੩॥
ਕਟਿ ਕੇਹਰਿ ਲਖਿ ਅਧਿਕ ਰਿਸਾਵਤ ॥
ਤਾਤੇ ਫਿਰਤ ਮ੍ਰਿਗਨ ਕਹ ਘਾਵਤ ॥
ਸੁਨਿ ਬਾਨੀ ਕੋਕਿਲ ਕੁਕਰਈ ॥
ਕ੍ਰੋਧ ਜਰਤ ਕਾਰੀ ਹ੍ਵੈ ਗਈ ॥੪॥
ਨੈਨ ਨਿਰਖਿ ਕਰਿ ਜਲਜ ਲਜਾਨਾ ॥
ਤਾਂ ਤੇ ਜਲ ਮਹਿ ਕਿਯਾ ਪਯਾਨਾ ॥
ਅਲਕ ਹੇਰਿ ਨਾਗਿਨਿ ਰਿਸਿ ਭਰੀ ॥
ਚਿਤ ਮਹਿ ਲਜਤ ਪਤਾਰਹਿ ਬਰੀ ॥੫॥ (ਚਰਿਤ੍ਰ ੩੫੮)

ਚੰਚਰੀਟ ਦੁਤਿ ਦੇਖਿ ਬਿਕਾਨੇ ॥
ਭਵਰ ਆਜੁ ਲਗਿ ਫਿਰਤਿ ਦਿਵਾਨੇ ॥
ਮਹਾਦੇਵ ਤੇ ਨੈਕ ਨਿਹਾਰੇ ॥
ਅਬ ਲਗਿ ਬਨ ਮੈ ਬਸਤ ਉਘਾਰੇ ॥ (ਚਰਿਤ੍ਰ ੩੩੫)

ਇਹ ਪਰੌਢੋਕਤੀ ਦੀ ਅਤੀ ਸੁੰਦਰ ਉਦਾਹਰਨ ਹੈ। ਨੱਕ ਨੂੰ ਦੇਖ ਕੇ ਤੋਤਾ ਖਿਝ ਗਿਆ, ਅੱਖ ਨੂੰ ਭੌਰੇ ਨੇ ਫੁਲਵਾੜੀ ਸਮਝ ਲਿਆ, ਕਮਰ ਤੋਂ ਸ਼ੇਰ ਛਿਥਾ ਪੈ ਗਿਆ ਅਤੇ ਨਮੋਸ਼ੀ ਦਾ ਮਾਰਿਆ ਹੁਣ ਤਕ ਹਿਰਨਾਂ ਨੂੰ ਮਾਰਦਾ ਫਿਰਦਾ ਹੈ। ਬੋਲ ਸੁਣ ਕੇ ਕੋਇਲ ਕੁੜ੍ਹੀ ਅਤੇ ਕ੍ਰੋਧ ਵਿਚ ਜਲ ਕੇ ਕਾਲੀ ਹੋ

www.sikhbookclub.com

ਗਈ, ਅੱਖਾਂ ਨੂੰ ਤੱਕ ਕੇ ਕੰਵਲ ਸ਼ਰਮਿੰਦਾ ਹੋ ਗਿਆ। ਜ਼ੁਲਫ਼ਾਂ ਨੂੰ ਦੇਖ ਕੇ ਨਾਗਣ ਗੁੱਸੇ ਹੋ ਗਈ ਤੇ ਚਿਤ ਵਿਚ ਸ਼ਰਮਿੰਦੀ ਹੋ ਕੇ ਪਤਾਲ ਵਿਚ ਜਾ ਵੜੀ। ਕਾਲੇ ਭਰਵਟਿਆਂ ਤੋਂ ਭਵਰੇ ਵਿਕ ਗਏ। ਜੋ ਉਸ ਸੁੰਦਰ ਰਾਜਕੁਮਾਰ ਨੂੰ ਮਹਾਂ ਦੇਵ ਨੇ ਤਕਿਆ ਤਦੇ ਹੁਣ ਤਕ ਬਨਾਂ ਵਿਚ ਨੰਗਾ ਫਿਰ ਰਿਹਾ ਹੈ।

ਹਾਸ ਰਸ ਦੀ ਵੰਨਗੀ ਇਕ ਨਵੀਂ ਵਿਆਹੀ ਫੂਹੜ ਕੁੜੀ ਦੇ ਰੰਗ ਢੰਗ ਦੇ ਵਰਣਨ 'ਚੋਂ ਮਿਲਦੀ ਹੈ ਜੋ ਸਵੇਰੇ ਹੀ ਬੱਦਲਾਂ ਵਾਂਗ ਗੱਜਦੀ ਹੈ। ਉਸ ਦੇ ਸਹਿਮ ਤੋਂ ਸੱਸ ਦਾ ਸਾਹ ਸੁਕਦਾ ਹੈ। ਜਿਠਾਣੀ ਬੂਹੇ ਤੋਂ ਹੀ ਮੁੜ ਜਾਂਦੀ ਹੈ। ਆਂਢ-ਗੁਆਂਢ ਘਰ-ਬਾਰ ਛੱਡ ਕੇ ਜੰਗਲੀਂ ਜਾ ਵਸੇ ਹਨ। ਪਾਣੀ ਮੰਗਣ 'ਤੇ ਪੱਥਰ ਮਾਰਨ ਵਾਲੀ, ਪਤੀ ਨੇ ਇਹ ਨਾਰੀ ਲਿਆਂਦੀ ਹੈ ਯਾ ਨਾਹਰ (ਸੀਂਹ) :

ਭੋਰ ਹੁਤੇ ਗਰਜੈ ਲਰਜੈ ਬਰਜੈ
ਸਭ ਲੋਗ ਰਹੈ ਨਹਿ ਠਾਨੀ ॥
ਸਾਸੁ ਕੇ ਤ੍ਰਾਸ ਨ ਆਵਤ ਸ੍ਵਾਸ
ਦੁਆਰਨ ਤੇ ਫਿਰਿ ਜਾਤ ਜਿਠਾਨੀ ॥
ਪਾਸ ਪਰੋਸਿਨ ਬਾਸ ਗਹਯੋ ਬਨ
ਲੋਗ ਭਏ ਸਭ ਹੀ ਨਕ ਵਾਨੀ ॥
ਪਾਨੀ ਕੇ ਮਾਂਗਤ ਪਾਥਰ ਮਾਰਤ
ਨਾਰਿ ਕਿਧੌਂ ਘਰ ਨਾਹਰ ਆਨੀ ॥ *(ਚਰਿਤ੍ਰ ੪੦)*

ਹੁਣ ਸੁਣੋ ਕੁਝ ਨਾਜ਼ੁਕ ਖਿਆਲੀਆਂ :

(1) **ਆਜੁ ਸਖੀ ਮੈਂ ਯੌ ਸੁਨਯੋ ਪਹੁ ਫਾਟਤ ਪਿਯ ਗੌਨ ॥**
ਪਹਿ ਹਿਯਰੇ ਝਗਰਾ ਪਰਯੋ ਪਹਿਲੇ ਫਟਿ ਹੈ ਕੌਣ ॥ *(ਚਰਿਤ੍ਰ ੯੧)*

ਸਖੀ! ਅੱਜ ਮੈਂ ਸੁਣਿਆ ਹੈ ਕਿ ਪਹੁ ਫੁਟਾਲੇ ਪਿਆਰਾ ਚਲਾ ਜਾਏਗਾ, ਹੁਣ ਪਹੁ ਤੇ ਮੇਰੇ ਹਿਰਦੇ ਵਿਚਾਲੇ ਝਗੜਾ ਪੈ ਗਿਆ ਹੈ ਕਿ ਦੋਹਾਂ ਵਿਚੋਂ ਪਹਿਲਾਂ ਕੌਣ ਫਟਦਾ ਹੈ ?

(2) **ਸਭ ਕਛੁ ਟੂਟੇ ਜੁਰਤ ਹੈਂ ਜਾਨਿ ਲੇਹੁ ਮਨ ਮਿੱਤ ॥**
ਏ ਦ੍ਵੈ ਟੂਟੇ ਨਾ ਜੁਰਹਿ ਏਕੁ ਸੀਸ ਅਰੁ ਚਿਤ ॥

ਸਭ ਟੁੱਟੀਆਂ ਚੀਜ਼ਾਂ ਜੁੜ ਜਾਂਦੀਆਂ ਸਿਵਾਏ ਟੁੱਟੇ ਦਿਲ ਅਤੇ ਕੱਟੇ ਹੋਏ ਸਿਰ ਤੋਂ।

(3) **ਹਰਿ ਜਾ ਅਸਿ ਐਸੇ ਸੁਨਜੋ ਕਰਤ ਏਕ ਤੇ ਦੋਇ ॥**
ਬਿਰਹ ਬਢਾਰਨਿ ਜੋ ਬਧੇ ਏਕ ਦੋਇ ਤੇ ਹੋਏ ॥ *(ਚਰਿਤ੍ਰ੯੮)*

ਤਲਵਾਰ ਦੀ ਮਾਰ ਨਾਲ ਇਕ ਤੋਂ ਦੋ ਹੋ ਜਾਂਦੇ ਹਨ, ਪਰ ਬਿਰਹਾ ਦੀ ਤਲਵਾਰ ਦੀ ਮਾਰ ਦੋਹ ਤੋਂ ਇਕ ਕਰ ਜਾਂਦੀ ਹੈ ਤੇ ਅਖੀਰ ਵਿਚ ਹੈ ਕੋਮਲ ਚਿਤ ਕਵਿ ਕੁਲਭੂਸ਼ਨ ਦੀ ਦੁਹਾਈ :

(4) **ਤੀਰ ਲਗੋ ਤਲਵਾਰਿ ਲਗੋ**
ਨ ਲਗੋ ਜਿਨਿ ਕਾਹੂ ਸੌ ਕਾਹੂ ਕੀ ਆਖੈਂ ॥ *(ਚਰਿਤ੍ਰ ੧੦੩)*

ਭਈ ਤਲਵਾਰ ਦਾ ਫਟ ਲੱਗ ਜਾਏ, ਤੀਰ ਦਾ ਘਾਓ ਲਗ ਜਾਏ ਪਰ ਕਿਸੇ 'ਤੇ ਕਿਸੇ ਦੀਆਂ ਅੱਖਾਂ ਦਾ ਵਾਰ ਨਾ ਚਲੇ, ਜੋ ਇਸ ਮਹਾਨ ਰਚਨਾ ਦਾ ਧੁਰਾ ਹੈ, ਹਾਂ, ਤੇ ਇਸ ਮਹਾਨ ਉਪਦੇਸ਼, ਫ਼ੁਰਮਾਨ ਤੇ ਸੁਨਹਿਰੀ ਸਿਖਿਆ ਨੂੰ ਸਿੱਖਾਂ ਨੇ ਮਨ ਵਿਚ ਵਸਾਇਆ ਤੇ ਕਮਾਇਆ। ਹਜ਼ਾਰਾਂ

www.sikhbookclub.com

ਨਜ਼ੀਰਾਂ ਵਿਚੋਂ ਕੁਝ ਇਤਿਹਾਸ ਦੇ ਪੰਨਿਆਂ ਵਿਚ ਸਾਂਭੀਆਂ ਪਈਆਂ ਹਨ। ਸੁਰਗਵਾਸੀ ਭਾਈ ਵੀਰ ਸਿੰਘ ਨੇ ਬਿਜੈ ਸਿੰਘ ਨਾਂ ਦਾ ਇਕ ਆਦਰਸ਼ਕ ਸਿੱਖ ਕਿਰਦਾਰ ਪੇਸ਼ ਕੀਤਾ ਹੈ ਜੋ ਮੀਰ ਮਨੂੰ ਦੀ ਵਿਧਵਾ ਮੁਗ਼ਲਾਨੀ ਬੇਗ਼ਮ ਦੇ ਕਾਮ ਭਰਪੂਰ ਤਰਲਿਆਂ ਨੂੰ ਨਹੀਂ ਮੰਨਦਾ। ਸਰਦਾਰ ਬਘੇਲ ਸਿੰਘ ਸਮਰੂ ਬੇਗ਼ਮ ਨੂੰ ਭੈਣ ਮੰਨ ਕੇ ਇਸ ਮਹਾਨ ਤੇ ਨਾਜ਼ੁਕ ਜ਼ਿੰਮੇਵਾਰੀ ਨੂੰ ਸਫਲਤਾ ਨਾਲ ਨਿਭਾਉਂਦਾ ਹੈ। ਸਿੰਘਾਂ ਦੀ ਸ਼ਖ਼ਸੀਅਤ ਦਾ ਇਹ ਖ਼ੁਸ਼ਨੁਮਾ ਉਚ ਪਹਿਲੂ ਕਾਜ਼ੀ ਨੂਰ ਮੁਹੰਮਦ ਆਪਣੇ ਜੰਗਨਾਮੇ ਵਿਚ ਕਿਸ ਵਿਸਮਾਦ ਵਿਚ ਆ ਕੇ ਉਜਾਗਰ ਕਰਦਾ ਹੈ :

ਨ ਕੁਸ਼ੁੰਦ ਨਾਮਰਦ ਰਾ ਹੇਚ ਗਾਹ।
ਗੁਰੇਜ਼ਿੰਦਾ ਰਾ ਹਮ ਨਗੀਰੰਦ ਰਾਹ।
ਜ਼ਰੋ ਜ਼ੇਵਰੇ ਜ਼ਨ ਬਤਾਰੀਜ ਨੀਜ਼।
ਨਗੀਰੰਦ ਗਰ ਮਿਹਰਾਂ ਅਸਤ ਦਰ ਕਨੀਜ਼।
ਜਨਾ ਹਮ ਨਾ ਬਾਸ਼ਦ ਮਿਆਨੇ ਸਗਾਂ।
ਨਾਪੈਦ ਅਸਤ ਸਾਰਕ ਦਰਾਂ ਬਦਰੰਗ।
ਬਜ਼ਨ ਗਰ ਜਵਾਂ ਹਸਤ ਦਰ ਹਸਤ ਪੀਰ।
ਬਗੋਇੰਦ ਬੁੜੀਆਂ ਬਰੌ ਗੋਸ਼ਾ ਗੀ।

(ਓਹ ਸਿੰਘ) ਕਾਇਰਾਂ ਉੱਤੇ ਹਮਲਾ ਨਹੀਂ ਕਰਦੇ, ਨਾ ਨਸੇ ਜਾਂਦੇ ਸ਼ਤਰੂ ਦਾ ਪਿੱਛਾ ਕਰਦੇ ਹਨ। ਇਸਤਰੀ ਦਾ ਧਨ ਤੇ ਗਹਿਣੇ ਨਹੀਂ ਲੁੱਟਦੇ, ਇਸਤਰੀ ਨੂੰ ਭਾਵੇਂ ਉਹ ਰਾਣੀ ਹੋਵੇ ਭਾਵੇਂ ਦਾਸੀ, ਹੱਥ ਨਹੀਂ ਪਾਉਂਦੇ, ਇਨ੍ਹਾਂ ਕੁੱਤਿਆਂ (ਸਿੰਘਾਂ) ਵਿਚ ਪਰ-ਇਸਤਰੀ ਗਮਨ (ਵਿਭਚਾਰ) ਨਹੀਂ, ਨਾ ਇਨ੍ਹਾਂ ਖੋਟਿਆਂ ਵਿਚ ਕੋਈ ਚੋਰ ਧਾੜਵੀ ਹੈ। (ਹੈਰਾਨੀ ਦੀ ਗੱਲ ਇਹ ਹੈ) ਕਿ ਇਸਤਰੀ ਭਾਵੇਂ ਮੁਟਿਆਰ ਹੋਵੇ ਭਾਵੇਂ ਬੁੱਢੀ, ਇਹ ਉਹਨੂੰ ਇਹੋ ਆਖਦੇ ਹਨ : 'ਬੁਢੀਏ ਇਕ ਪਾਸੇ ਹੋ ਜਾ' ਜੋ ਗੁਰਵਾਕ 'ਗਾਛਹੁ ਪੁਤ੍ਰੀ ਰਾਜ ਕੁਆਰਿ' ਦੀ ਝਲਕ ਹੈ। ਅੰਗਰੇਜ਼ੀ ਰਾਜ ਸਮੇਂ ਸਿੱਖ ਸੈਨਿਕਾਂ ਦੇ ਆਚਰਨ ਦੀ ਵਡਿਆਈ ਅੰਗਰੇਜ਼ ਅਫ਼ਸਰਾਂ ਨੇ ਬਹੁਤ ਵਾਰ ਕੀਤੀ ਹੈ ਇਥੋਂ ਤਕ ਕਿ ਕਮਾਂਡਰ ਇਨ ਚੀਫ਼ ਸਰ ਬਰਡਵੁਡ ਨੇ ਮਾਣ ਨਾਲ ਆਖਿਆ ਸੀ, 'ਮੈਨੂੰ ਆਪਣੀ ਸਵਾਣੀ ਨੂੰ ਸਿੱਖਾਂ ਦੇ ਹੱਥਾਂ ਵਿਚ ਸੁਰਕਸ਼ਤ ਹੋਣ ਦੀ ਪੂਰੀ ਤਸੱਲੀ ਹੈ।' ਅੰਤ ਦੀ ਬਾਕੀ ਭਾਰਤ-ਪਾਕਿਸਤਾਨ ਦੇ ਪਿਛਲੇ ਸਾਲ ਦੇ ਯੁੱਧ ਸਮੇਂ ਇਕ ਸਿੱਖ ਸੈਨਿਕ ਅਫ਼ਸਰ ਨੂੰ ਇਕ ਪਾਕਿਸਤਾਨੀ ਬੁੱਢੀ ਮਾਈ ਨੂੰ ਕੰਧਾੜੇ ਚੁੱਕਿਆ ਤਾਂ ਅਖ਼ਬਾਰਾਂ ਵਿਚ ਸੰਸਾਰ ਭਰ ਦੀਆਂ ਅੱਖਾਂ ਨੇ ਤੱਕਿਆ ਹੀ ਹੋਵੇਗਾ।

(8/1966)

www.sikhbookclub.com

ਜਦੋਂ ਜ਼ਫ਼ਰਨਾਮਾ ਲਿਖਿਆ

ਇਹ ਉਦੋਂ ਦੀ ਗੱਲ ਹੈ, ਜਦ ਅਨੰਦ-ਮੰਗਲ ਨਾਲ ਘੁੱਗ ਵਸਦਾ ਮਹਾਂਨਗਰ 'ਅਨੰਦਪੁਰ' ਖੰਡਰਾਤ ਬਣ ਗਿਆ ਸੀ ਤੇ ਇਸ ਦੇ ਰਾਖੇ ਪਹਿਰੇਦਾਰ, ਗੁਰੂ ਦੇ ਸਿੱਖ ਸੇਵਕ, ਲਹੂ ਦੇ ਵਗਦੇ ਦਰਿਆ ਵਿਚ ਲੋਪ ਹੋ ਰਹੇ ਸਨ ਅਤੇ ਦਰਬਾਰੀ ਮਹਾਂ ਕਵੀਆਂ ਦੇ ਮਹਾਨ ਗ੍ਰੰਥ ਸਰਸਾ ਨਦੀ ਦੀ ਭੇਟ ਚੜ੍ਹ ਰਹੇ ਸਨ। ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਤੇਗਾਂ ਮਾਰ ਕੇ ਨੌਜੁਆਨ ਪੀੜ੍ਹੀ ਨੂੰ ਦੱਸ ਗਏ ਸਨ ਕਿ ਸਾਮਰਾਜ ਨਾਲ ਕਿਵੇਂ ਜੂਝਣਾ ਹੈ ਤੇ ਛੋਟੇ ਸਾਹਿਬਜ਼ਾਦਿਆਂ, ਸ਼ਾਂਤਮਈ ਤਰੀਕੇ ਨਾਲ, ਸ਼ਹਾਦਤ ਦਾ ਜਾਮ ਪੀ ਕੇ ਗੁਰੂ ਪਿਤਾ ਨੂੰ ਸੁਨੇਹਾ ਭਿਜਵਾ ਦਿੱਤਾ ਸੀ ਕਿ ਕਦੀ ਕਦੀ ਇਉਂ ਵੀ ਸੰਗ੍ਰਾਮ ਰਚਣਾ ਹੋਵੇਗਾ। ਕਿਉਂਕਿ ਬਾਬੇ ਦੀ ਤਾਕੀਦ ਇਹ ਹੈ ਕਿ ਤਨ ਭਾਵੇਂ ਤਿਆਗ ਦੇਣਾ ਪਰ ਧਰਮ ਨਹੀਂ ਤਿਆਗਣਾ :

ਗੁਰੂ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨ ਛੋੜੀਏ।

ਇਧਰ ਹਾਲਤ ਐਸੀ ਸੀ ਕਿ ਨੀਲੇ ਘੋੜੇ ਦੇ ਸ਼ਾਹ-ਸਵਾਰ ਕਲਗੀਧਰ ਸਤਿਗੁਰੂ ਜੋੜੇ ਘੋੜੇ ਤੇ ਸਿੰਘਾਸਨ ਤੋਂ ਬਿਨਾਂ ਹੀ ਉਜਾੜ ਬੀਆਬਾਨ ਦੀ ਕੱਕਰਮਾਰੀ ਕਾਲੀ ਬੋਲੀ ਰਾਤ ਵਿਚ ਲੰਮੀ ਤਾਣੀ ਪਏ ਸੀ ਤੇ ਹੌਲੀ-ਹੌਲੀ ਕੁਝ ਇਸ ਤਰ੍ਹਾਂ ਉਚਾਰ ਰਹੇ ਸੀ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥

(ਦਸਮ ਗ੍ਰੰਥ, ਪੰਨਾ ੭੧੦)

ਇਸ ਝੱਖੜ ਤੋਂ ਬਾਅਦ ਜਦ ਥੋੜਾ ਜਿਹਾ ਟਿਕਾਉ ਹੋਇਆ, ਟਿਕਾਣਾ ਮਿਲਿਆ, ਕਲਮ ਤੇ ਕਾਗ਼ਜ਼ ਮਿਲਿਆ ਤਾਂ ਸੰਗ੍ਰਾਮੀਏ ਗੁਰੂ ਜੀ ਨੇ ਦੀਨੇ ਦੇ ਮੁਕਾਮ ਤੋਂ ਬਾਦਸ਼ਾਹ ਔਰੰਗਜ਼ੇਬ ਦੇ ਨਾਮ ਖ਼ਤ ਲਿਖਿਆ, ਜਿਸ ਨੂੰ 'ਜ਼ਫ਼ਰਨਾਮਾ' ਕਿਹਾ ਜਾਂਦਾ ਹੈ। ਇਹ ਔਰੰਗਜ਼ੇਬ ਉਹ ਸੀ ਜੋ ਚਾਲੀ ਪੰਜਾਹ ਸਾਲ ਤੋਂ ਹਿੰਦੁਸਤਾਨ ਭਰ ਵਿਚ ਰਾਜ ਕਮਾ ਰਿਹਾ ਸੀ ਤੇ ਜਿਸ ਨੇ ਹਿੰਦੂ ਸਭਿਅਤਾ ਦੇ ਮਲਬੇ ਉੱਤੇ ਸੈਂਕੜੇ ਮੰਦਰ ਤੇ ਸ਼ਿਵਾਲੇ ਢਾਹ-ਢਾਹ ਕੇ ਆਪਣੀ ਪ੍ਰਭੁਤਾ ਦਾ ਚਬੂਤਰਾ ਉਸਾਰਿਆ ਹੋਇਆ ਸੀ। ਉਹ ਆਪਣੀ ਸ਼ਾਹੀ ਆਨ-ਸ਼ਾਨ ਤੇ ਦੀਨ-ਈਮਾਨ ਦਾ ਦਾਅਵਾ ਕਰਦਾ ਨਹੀਂ ਸੀ ਥਕਦਾ, ਇਸ ਨੂੰ ਵੰਗਾਰਨਾ ਹਾਰੀ-ਸਾਰੀ ਦਾ ਕੰਮ ਨਹੀਂ ਸੀ ਪਰ ਆਜ਼ਾਦੀ ਦੇ ਸੰਗ੍ਰਾਮੀਏ ਸਤਿਗੁਰੂ, ਨਿਰਭੈ ਹੋ ਕੇ ਨਿਤਰੇ ਤੇ ਉਸ ਜ਼ਫ਼ਰਨਾਮੇ ਦੇ ਅਣੀਆਲੇ ਤੀਰ ਨਾਲ ਇਸ ਮਦ-ਮਸਤ ਹਾਥੀ ਨੂੰ ਭੁਇੰ ਲਿਟਾਇਆ।

ਆਮ ਤੌਰ 'ਤੇ ਮੁਗ਼ਲ ਜ਼ਮਾਨੇ ਦੇ ਸਰਕਾਰੀ ਖ਼ਤ-ਪੱਤਰ ਵਾਰਤਕ ਵਿਚ ਹੁੰਦੇ ਸਨ ਤੇ ਉਨ੍ਹਾਂ ਦਾ ਤਰੀਕਾ ਇਹ ਸੀ ਕਿ ਸਭ ਤੋਂ ਪਹਿਲਾਂ ਬਾਦਸ਼ਾਹ ਨੂੰ ਸੰਬੋਧਨ ਕਰਨ ਸਮੇਂ ਦਰਜਨਾਂ ਵੱਡੇ ਵੱਡੇ ਵਿਸ਼ੇਸ਼ਣ ਲਾਏ ਜਾਂਦੇ ਸਨ ਤੇ ਫਿਰ ਬੜੀ ਹੀ ਆਜਜ਼ੀ ਨਾਲ ਅਰਜ਼ ਗੁਜ਼ਾਰੀ ਜਾਂਦੀ ਸੀ, ਲੇਕਿਨ ਇਹ ਖ਼ਤ, ਵਾਰਤਕ ਦੀ ਥਾਂ 111 ਸ਼ਿਅਰਾਂ ਵਿਚ ਹੈ ਜਦੋਂ ਕਿ ਸ਼ਰ੍ਹਾ ਪਸੰਦ ਔਰੰਗਜ਼ੇਬ ਛੰਦਾ-ਬੰਦੀ

www.sikhbookclub.com

ਦੇ ਉੱਕਾ ਖ਼ਿਲਾਫ਼ ਸੀ ਤੇ ਇਸ ਨੂੰ ਦੀਨ ਵਿਰੁੱਧ ਸਮਝਦਾ ਸੀ। ਸਤਿਗੁਰਾਂ ਸਭ ਤੋਂ ਪਹਿਲਾਂ ਬਾਰਾਂ ਸ਼ਿਅਰਾਂ ਵਿਚ ਅਕਾਲ ਪੁਰਖ ਦੀ ਮਹਿਮਾ ਕੀਤੀ ਹੈ। ਫਿਰ ਨਿਧੜਕ ਹੋ ਕੇ ਆਪ ਬੀਤੀ ਦਾ ਬ੍ਰਿਤਾਂਤ ਸਪੱਸ਼ਟਤਾ ਨਾਲ ਕਲਮਬੰਦ ਕੀਤਾ ਹੈ ਤੇ ਕਿਤੇ ਵੀ ਕਿਸੇ ਗੱਲੋਂ ਝੇਪ ਨਹੀਂ ਖਾਧੀ।

1. ਜ਼ਫ਼ਰਨਾਮੇ ਦਾ ਹਰ ਸ਼ਬਦ ਚੜ੍ਹਦੀ ਕਲਾ ਦੀ ਉਗਾਹੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ ਪੁਰਖ ਉੱਤੇ ਅਟੱਲ ਭਰੋਸਾ ਤੇ ਸਾਹਸ ਕਿੰਨਾ ਦ੍ਰਿੜ੍ਹ ਤੇ ਮਜ਼ਬੂਤ ਸੀ, ਉਹ ਹਿੰਦ ਦੀ ਵੱਡੀ ਸਲਤਨਤ ਨਾਲ ਟੱਕਰ ਲੈਂਦੇ ਤੇ ਸੈਂਕੜੇ ਸੰਕਟਾਂ ਵਿਚੋਂ ਲੰਘ ਕੇ ਵੀ ਆਪਣੇ ਆਪ ਨੂੰ ਅਡੋਲ ਰੱਖਦੇ ਹਨ। ਉਹ ਸਾਫ਼ ਕਹਿੰਦੇ ਹਨ, ਐ ਔਰੰਗਜ਼ੇਬ! ਜੇ ਤੇਰੀ ਨਿਗਾਹ ਆਪਣੇ ਭਾਰੀ ਲਸ਼ਕਰਾਂ ਤੇ ਮਾਲ ਖ਼ਜ਼ਾਨਿਆਂ ਉੱਤੇ ਹੈ ਤੇ ਮੇਰੀ ਨਜ਼ਰ ਆਪਣੇ ਪ੍ਰਭੂ ਦੇ ਸ਼ੁਕਰਾਨਿਆਂ 'ਤੇ ਟਿਕੀ ਹੋਈ ਹੈ:

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ॥
ਕਿ ਮਾਰਾ ਨਿਗਹ ਅਸਤੁ ਯਜ਼ਦਾਂ ਸ਼ੁਕਰ ॥੧੦੫॥
ਕਿ ਊ ਰਾ ਗ਼ਰੂਰ ਅਸਤ ਬਰ ਮੁਲਕੁ ਮਾਲ ॥
ਵ ਮਾਰਾ ਪਨਾਹ ਅਸਤੁ ਯਜ਼ਦਾਂ ਅਕਾਲ ॥੧੦੬॥ *(ਦਸਮ ਗ੍ਰੰਥ, ਪੰਨਾ ੧੩੯੩)*

2. ਇਸ ਚਿੱਠੀ ਵਿਚ ਜਿਥੇ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸੰਸਾ ਹੈ ਉਥੇ ਨਿਝਕ ਹੋ ਕੇ ਉਸ ਦੀਆਂ ਕਮਜ਼ੋਰੀਆਂ ਤੋਂ ਵੀ ਪਰਦਾ ਚੁਕਿਆ ਹੈ। ਉਸ ਸਮੇਂ ਕਿਸੇ ਦੀ ਮਜ਼ਾਲ ਨਹੀਂ ਸੀ ਕਿ ਉਹ ਬਾਦਸ਼ਾਹ ਸਲਾਮਤ 'ਤੇ ਉਂਗਲ ਰੱਖੇ ਪਰ ਗੁਰੂ ਸਾਹਿਬ ਨੇ ਪੂਰੀ ਨਿਰਭੈਤਾ ਨਾਲ ਕਿਹਾ—ਬੇਸ਼ਕ ਤੂੰ ਮੁਲਕ ਦਾ ਮਾਲਕ ਹੈਂ ਪਰ ਈਮਾਨਦਾਰੀ ਤੇ ਧਰਮ ਤੋਂ ਤਾਂ ਸੱਖਣਾ ਹੀ ਹੈਂ:

ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀ ॥
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ ॥੯੪॥ *(ਉਹੀ)*

ਆਖ਼ਰ ਤਾੜਨਾ ਵੀ ਕੀਤੀ ਹੈ ਕਿ "ਤੂੰ ਬੇ-ਵਫ਼ਾ ਜ਼ਮਾਨੇ ਦੇ ਚੱਕ੍ਰ ਵਲ ਵੇਖ ਕਿਵੇਂ ਉਹ ਸਭ ਨੂੰ ਚੀਰਦਾ ਜਾ ਰਿਹਾ ਹੈ ਤੇ ਇਕ ਦਿਨ ਤੈਨੂੰ ਵੀ ਜ਼ਰੂਰ ਆਪਣਾ ਸ਼ਿਕਾਰ ਬਣਾ ਲਵੇਗਾ। ਤੂੰ ਅੱਛਾ ਕਰੇਂ ਤਾਂ ਆਪਣੀ ਜ਼ਾਲਮ ਤਲਵਾਰ ਨੂੰ ਮਿਆਨ ਵਿਚ ਕਰ ਲੈ।

ਬਬੀਂ ਗ਼ਰਦਸ਼ਿ ਬੇਵਫ਼ਾਇ ਜ਼ਮਾਂ ॥
ਕਿ ਬਰ ਹਰ ਬੁਗ਼ੁਰਜ਼ਦ ਮਕੀਨੋ ਮਕਾਂ ॥੧੦੮॥ *(ਉਹੀ)*
ਮਜ਼ਨ ਤੇਗ਼ ਬਰ ਖ਼ੂੰਨ ਕਸ ਬੇਦਰੇਗ਼ ॥
ਤੁਰਾ ਨੀਜ਼ ਖ਼ੂੰ ਅਸਤ ਬਾ ਚਰਖ ਤੇਗ਼ ॥੬੯॥ *(ਉਹੀ, ਪੰਨਾ ੧੩੯੨)*

ਜਿਥੋਂ ਤਕ ਤੇਰਾ ਇਸਲਾਮ ਦੀਨ ਦੀ ਸੇਵਾ ਦਾ ਦਾਅਵਾ ਹੈ, ਉਹ ਵੀ ਇਕ ਢੌਂਗ ਹੀ ਹੈ। ਨਾ ਤੂੰ ਸੱਚੇ ਧਰਮ ਦੇ ਮਾਰਗ ਉੱਤੇ ਚਲਣ ਵਾਲਾ ਹੈਂ ਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ 'ਤੇ ਸਹੀ ਇਤਕਾਦ ਹੈ, ਤੈਨੂੰ ਖ਼ੁਦਾ ਦੇ ਰਸਤੇ ਦੀ ਕੋਈ ਪਛਾਣ ਨਹੀਂ:

ਨ ਈਮਾਂ ਪਰਸਤੀ ਨ ਅਉਜ਼ਾਇ ਦੀਂ ॥
ਨ ਸਾਹਿਬ ਸ਼ਨਾਸੀ, ਨ ਮਹਮਦ ਯਕੀਂ ॥੪੬॥ *(ਉਹੀ, ਪੰਨਾ ੧੩੯੧)*

www.sikhbookclub.com

ਗੁਰੂ ਸਾਹਿਬ ਨੇ ਇਹ ਗੱਲ ਹੋਰ ਵੀ ਚੇਤੇ ਕਰਾਈ ਹੈ ਕਿ ਇਸਲਾਮ ਬੁਤਪ੍ਰਸਤੀ ਦੇ ਖ਼ਿਲਾਫ਼ ਹੈ, ਮੈਂ ਵੀ ਬੁਤ-ਪ੍ਰਸਤੀ ਦਾ ਹਾਮੀ ਨਹੀਂ, ਪਰ ਤੂੰ ਅਸੂਲ ਛਿੱਕੇ ਟੰਗ ਕੇ ਬੁਤ-ਪ੍ਰਸਤ ਪਹਾੜੀਆਂ ਨਾਲ ਗਾਂਢਾ-ਸਾਂਢਾ ਕੀਤਾ। ਇਹ ਤੇਰੀ ਧਰਮ-ਵਿਰੋਧੀ ਕਾਰਵਾਈ ਕਦੀ ਸਲਾਹੀ ਨਹੀਂ ਜਾ ਸਕਦੀ।

3. ਬਾਦਸ਼ਾਹ ਦੇ ਦੀਵਾਨਾਂ ਤੇ ਫ਼ੌਜੀ ਅਧਿਕਾਰੀਆਂ ਵਲੋਂ ਜੋ ਝੂਠੀਆਂ ਕਸਮਾਂ ਖਾਧੀਆਂ ਗਈਆਂ ਯਾ ਝੂਠੇ ਇਕਰਾਰ ਕੀਤੇ ਗਏ ਉਹਨਾਂ ਨੂੰ ਜ਼ਫ਼ਰਨਾਮੇ ਵਿਚ ਬਾਰ-ਬਾਰ ਨਿੰਦਿਆ ਗਿਆ ਹੈ। ਕਿਹਾ ਇਹ ਗਿਆ ਸੀ ਕਿ ਜੇਕਰ ਤੁਸੀਂ ਕਿਲ੍ਹਾ ਅਨੰਦਗੜ੍ਹ ਛੱਡ ਦਿਉ ਤਾਂ ਬਾਦਸ਼ਾਹੀ ਪਤ ਰਹਿ ਜਾਵੇਗੀ ਤੇ ਸ਼ਾਹੀ ਫ਼ੌਜ ਆਪ ਨੂੰ ਕੁਝ ਨਹੀਂ ਕਹੇਗੀ। ਲੇਕਿਨ ਕਾਰਵਾਈ ਸਾਰੀ ਇਸ ਤੋਂ ਉਲਟ ਹੋਈ। ਜਿਵੇਂ ਕਿ ਸਰਕਾਰਾਂ ਦਾ ਬਚਨ ਭੰਗ ਦਾ ਸੁਭਾਅ ਹੁੰਦਾ ਹੈ। ਇਸ ਗੱਲ ਦਾ ਗੁਰੂ ਸਾਹਿਬ ਨੂੰ ਬਹੁਤ ਰੋਸ ਸੀ। ਇਸੇ ਕਰਕੇ ਉਹਨਾਂ ਇਹ ਗੱਲ ਆਖੀ ਹੈ ਕਿ ਮਰਦ ਉਹ ਹੈ ਜੋ ਬਚਨਾਂ ਦਾ ਪੂਰਾ-ਸੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਹੋਵੇ ਅਤੇ ਮੂੰਹ ਵਿਚ ਕੁਝ ਹੋਰ:

ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥੫੫॥ *(ਦਸਮ ਗ੍ਰੰਥ, ਪੰਨਾ ੧੩੯੧)*

ਪਰ ਤੇਰੇ ਬਖ਼ਸ਼ੀ ਤੇ ਦੀਵਾਨ ਸਭ ਝੂਠੇ ਨਿਕਲੇ ਹਨ। ਇਸ ਕਰਕੇ ਮੈਂ ਏਸ ਕਸਮ ਨਾਮੇ ਉੱਤੇ ਭੋਰਾ ਭਰ ਇਤਬਾਰ ਕਰਨ ਲਈ ਤਿਆਰ ਨਹੀਂ। ਜ਼ਫ਼ਰਨਾਮੇ ਵਿਚ ਜਦੋਂ ਵਿਥਿਆ ਬਿਆਨ ਕੀਤੀ ਹੈ ਤਾਂ ਪਹਿਲਾ ਸ਼ਿਅਰ ਹੀ ਹੈ:

ਮਰਾ ਇਅਤਬਾਰੇ ਬਰੀ ਕ਼ਸਮ ਨੇਸਤ ॥
ਕਿ ਏਜ਼ਦ ਗਵਾਹਸਤੁ ਯਜ਼ਦਾਂ ਯਕੇਸਤ ॥੧੩॥
ਨ ਕ਼ਤਰਹ ਮਰਾ ਇਅਤਬਾਰੇ ਬਰੋਸਤ ॥
ਕਿ ਬਖ਼ਸ਼ੀ ਵ ਦੀਵਾਂ ਹਮਾਂ ਕਿਜ਼ਬਗੋਸ਼ਤ ॥੧੪॥ *(ਉਹੀ, ਪੰਨਾ ੧੩੮੯)*

4. ਗੁਰੂ ਸਾਹਿਬ ਇਸ ਚਿੱਠੀ ਦਾ ਸਿਰਲੇਖ ਹੀ 'ਵਿਜੈ ਪੱਤਰ' (ਜ਼ਫ਼ਰਨਾਮਾ) ਰੱਖਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਨੇਕੀ ਦੀ ਜਿੱਤ ਵਿਚ ਕਿਤਨਾ ਅਟੁੱਟ ਵਿਸ਼ਵਾਸ ਸੀ। ਅਨੰਦਪੁਰ ਦੇ ਉਜਾੜੇ, ਬਰਬਾਦੀ ਤੇ ਪਰਿਵਾਰ ਦੀਆਂ ਹਿਰਦੇਵੇਧਕ ਸ਼ਹਾਦਤਾਂ ਨੇ ਉਹਨਾਂ ਦੇ ਇਸ ਨਿਸਚੇ ਨੂੰ ਡੋਲਣ ਨਹੀਂ ਦਿੱਤਾ। ਉਹਨਾਂ ਕਿਹਾ—ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ ਹਨ, ਆਖਰ ਮਾਸੂਮਾਂ ਦੀ ਕਾਤਲ ਸ਼ਹਿਨਸ਼ਾਹੀਅਤ ਬੁਰੀ ਤਰ੍ਹਾਂ ਮਾਰ ਖਾਏਗੀ ਤੇ ਭੁਝੰਗੀ ਖਾਲਸਾ ਵਧੇ ਫੁਲੇਗਾ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥੭੮॥ *(ਉਹੀ, ਪੰਨਾ ੧੩੯੨)*

ਕੀ ਹੋਇਆ ਜੇ ਚਾਰ ਚੰਗਿਆੜੀਆਂ ਬੁਝਾ ਦਿੱਤੀਆਂ ਗਈਆਂ, ਪ੍ਰਚੰਡ ਜੁਆਲਾ ਦੀ ਭੱਠੀ ਪਈ ਦਗਦੀ ਹੈ:

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ॥
ਕਿ ਆਤਿਸ਼ ਦਮਾਂ ਰਾ ਫਰੋਜ਼ਾ ਕੁਨੀ ॥੭੯॥ *(ਉਹੀ, ਪੰਨਾ ੧੩੯੨)*

www.sikhbookclub.com

5. ਇਕ ਆਦਰਸ਼ਵਾਦੀ ਸੰਗ੍ਰਾਮੀਏ ਨੂੰ ਕਿਸ ਤਰ੍ਹਾਂ ਸੰਕਟਮਈ ਇਨਕਲਾਬੀ ਸਰਗਰਮੀਆਂ ਵਿਚੀਂ ਲੰਘ ਦੇ ਦ੍ਰਿੜ੍ਹ ਤੇ ਅਡੋਲ ਰਹਿਣਾ ਚਾਹੀਦਾ ਹੈ ਤੇ ਫਿਰ ਕਿਵੇਂ ਆਪਣੀ ਮਾਨਸਿਕ ਅਵਸਥਾ ਨੂੰ ਆਸਾਂ ਭਰਪੂਰ ਰੱਖਣਾ ਯੋਗ ਹੈ—ਇਸ ਦੀ ਮੁਕੰਮਲ ਤਸਵੀਰ ਜ਼ਫ਼ਰਨਾਮੇ ਵਿਚੋਂ ਮਿਲਦੀ ਹੈ। ਉਹ ਬਾਰ ਬਾਰ ਗੁਣ ਗੁਣਾਂਦਾ ਹੈ ਕਿ ਦੁਸ਼ਮਣ ਕੀ ਕਰ ਸਕਦਾ ਹੈ ਜੇ ਪਰਮੇਸਰ ਵਰਗਾ ਦੋਸਤ ਮਿਹਰਵਾਨ ਹੋਵੇ :

ਕਿ ਦੁਸ਼ਮਨ ਕੁਨਦ ਮਿਹਰਬਾਂ ਅਸਤੁ ਦੋਸਤ ॥
ਕਿ ਬਖ਼ਸ਼ਿੰਦਗੀ ਕਾਰ ਬਖ਼ਸ਼ਿੰਦਹ ਓਸਤ ॥੯੮॥ *(ਦਸਮ ਗ੍ਰੰਥ, ਪੰਨਾ ੧੩੯੩)*

ਫਿਰ ਅਖੀਰ ਇਹੋ ਨਿਸਚਾ ਦੁਹਰਾਇਆ ਹੈ ਕਿ ਵੈਰੀ ਭਾਵੇਂ ਹਜ਼ਾਰਾਂ ਦੁਸ਼ਮਣੀਆਂ ਪਿਆ ਕਰੇ ਪਰ ਸਾਡਾ ਵਾਲ ਵਿੰਗਾ ਨਹੀਂ ਕਰ ਸਕਦਾ :

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ ॥
ਨ ਯਕ ਮੂਇ ਊ ਰਾ ਅਜ਼ਾਰ ਆਵੁਰਦ ॥੧੧੧॥ *(ਉਹੀ, ਪੰਨਾ ੧੩੯੪)*

ਇਹ ਹੈ ਜ਼ਫ਼ਰਨਾਮੇ ਦਾ ਜਲਾਲ ਤੇ ਕਮਾਲ ਜੋ ਗੁਰੂ ਸਾਹਿਬ ਦੀ ਚੜ੍ਹਦੀ ਕਲਾ ਦੀ ਤਸਵੀਰ ਪੇਸ਼ ਕਰਦਾ ਹੈ।

(12/1988)

www.sikhbookclub.com

ਜ਼ਫ਼ਰਨਾਮਾ : ਇਕ ਕ੍ਰਿਸ਼ਮਾ

ਬਾਦਸ਼ਾਹ ਔਰੰਗਜ਼ੇਬ ਕੱਟੜ ਤੇ ਜ਼ਾਲਮ ਹੋਣ 'ਤੇ ਵੀ ਆਪਣੇ ਆਪ ਨੂੰ ਧਰਮ ਦਾ ਰਖਵਾਲਾ ਤੇ ਅੱਲ੍ਹਾ ਦਾ ਬੰਦਾ ਕਹਾਉਣ ਵਾਲਾ ਮਈਨੂਦੀਨ ਤੋਂ ਔਰੰਗਜ਼ੇਬ ਬਣਿਆ। ਔਰੰਗ+ਜ਼ੇਬ, ਔਰੰਗ ਦਾ ਮਤਲਬ 'ਤਖ਼ਤ ਦੀ ਸ਼ਾਨ-ਏ-ਸ਼ੌਕਤ', ਜ਼ੇਬ ਦਾ ਮਤਲਬ 'ਕੁੱਲ ਦੁਨੀਆਂ ਦਾ ਵਾਲ਼ੀ'। ਰਾਜ ਹੰਕਾਰ ਉਸ ਲਈ ਜਹੰਨਮ (ਨਰਕ) ਦਾ ਟਿਕਟ ਬਣਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਪੱਤਰ 'ਜ਼ਫ਼ਰਨਾਮਾ' ਪਿੰਡ ਦੀਨਾ ਕਾਂਗੜ ਤੋਂ ਲਿਖਿਆ। ਇਹ ਪੱਤਰ ਭਾਈ ਦਇਆ ਸਿੰਘ ਜੀ ਹੋਰ ਸਿੰਘਾਂ ਸਮੇਤ ਦੱਖਣ ਵਿਚ ਔਰੰਗਾਬਾਦ ਔਰੰਗਜ਼ੇਬ ਦੀ ਲੜਕੀ ਜੇਬਉਲਨਿਸਾ ਨੂੰ ਫੜਾ ਆਏ, ਇਹ ਸਿੰਘਾਂ ਦਾ ਦੂਸਰੀ ਵਾਰ ਆਉਣਾ ਸੀ। ਔਰੰਗਜ਼ੇਬ ਇਸ ਵਾਰ ਵੀ ਨਾ ਮਿਲਿਆ। ਜਦੋਂ ਔਰੰਗਜ਼ੇਬ ਆਪਣੇ ਟਿਕਾਣੇ 'ਤੇ ਵਾਪਸ ਆਇਆ ਤਾਂ ਲੜਕੀ ਜੇਬਉਲਨਿਸਾ ਨੇ ਪੱਤਰ ਬਾਰੇ ਦੱਸਿਆ ਤੇ ਪੜ੍ਹ ਕੇ ਸੁਣਾਇਆ। ਜਿਸ ਨੂੰ ਸੁਣ ਕੇ ਔਰੰਗਜ਼ੇਬ ਦਾ ਜੁਰਮ ਪਛਤਾਵਾ ਬਣ ਕੇ ਦਿਮਾਗ਼ 'ਤੇ ਬੋਝ ਬਣ ਗਿਆ। ਇਸ ਪੱਤਰ ਵਿਚ ਔਰੰਗਜ਼ੇਬ ਦੀ ਫੋਕੀ ਇਮਾਨਦਾਰੀ ਨੂੰ ਜ਼ਾਹਰ ਕੀਤਾ ਤੇ ਗੁਰੂ ਜੀ ਦੀ ਜਿੱਤ, ਚੜ੍ਹਦੀ ਕਲਾ, ਸੱਚਾਈ ਤੇ ਭਲਾਈ ਲਈ ਜੱਦੋ-ਜਹਿਦ ਹੈ, ਇਤਿਹਾਸਕ ਸੋਚ ਤੇ ਰਾਜਨੀਤਿਕ ਵੰਗਾਰ ਅਤੇ ਔਰੰਗਜ਼ੇਬ ਨੂੰ ਖ਼ੁਦਾ ਦੀ ਅਸਲੀਅਤ ਤੋਂ ਜਾਣੂ ਕਰਵਾਉਣਾ ਹੈ। ਗੁਰੂ ਜੀ ਦੀ ਇਹ ਰਚਨਾ ਫ਼ਾਰਸੀ ਭਾਸ਼ਾ ਵਿਚ ਹੈ। 'ਜ਼ਫ਼ਰਨਾਮਾ' ਪੱਤਰ ਵਿਚ ਔਰੰਗਜ਼ੇਬ ਨੂੰ ਖ਼ੁਦਾ ਯਾਦ ਕਰਵਾਉਂਦਿਆਂ ਕਿਹਾ ਗਿਆ ਹੈ, "ਔਰੰਗਜ਼ੇਬ! ਉਹ ਖ਼ੁਦਾ ਵਿਲੱਖਣ ਸ਼ਕਤੀਆਂ ਦਾ ਮਾਲਕ ਹੈ। ਜੋ ਉਸ ਨੂੰ ਦਿਲੋਂ ਮੰਨਦਾ ਹੈ, ਉਸ ਨੂੰ ਤਸੱਲੀ ਦਿੰਦਾ ਹੈ, ਰਿਜ਼ਕ ਦਿੰਦਾ ਹੈ, ਤੰਗੀਆਂ ਦੂਰ ਕਰਦਾ ਹੈ, ਰਹਿਮ ਕਰਨ ਵਾਲਾ ਹੈ, ਉਹ ਖ਼ੁਦ ਮਨਮੋਹਣਾ ਹੈ, ਹਰ ਇਕ ਦੇ ਪਸੰਦ ਆਉਣ ਵਾਲਾ ਹੈ, ਉਸ ਜਿਹਾ ਹੋਰ ਕੋਈ ਨਹੀਂ। ਉਸ ਕੋਲ ਕੋਈ ਸਾਜ਼ ਨਹੀਂ, ਸ਼ਸਤਰ ਨਹੀਂ, ਸਾਮਾਨ ਨਹੀਂ, ਨਾ ਹੀ ਕੋਈ ਫ਼ੌਜ ਹੈ, ਨਾ ਹੀ ਕੋਈ ਵਿਖਾਵੇ ਲਈ ਸ਼ਾਨ-ਓ-ਸ਼ੌਕਤ ਹੈ, ਨਾ ਹੀ ਕੋਈ ਵੇਖਣ ਲਈ ਐਸ਼-ਆਰਾਮ ਹੈ। ਕੁਝ ਵੀ ਹੈ, ਉਸ ਦੀ ਸ਼ਾਨ ਵੱਖਰੀ ਹੈ, ਉਹ ਸੁਖ ਦਿੰਦਾ ਹੈ, ਜੰਨਤ (ਸਵਰਗ) ਦੇ ਸੁਖ। ਉਸ ਵਰਗਾ ਕੋਈ ਨਹੀਂ, ਉਹ ਬਹੁਤ ਤਾਕਤਵਰ ਹੈ, ਹਰ ਸਮੇਂ ਜੱਗ ਜ਼ਾਹਰ ਹੈ, ਹਰ ਥਾਂ 'ਤੇ ਹੈ। ਉਹ ਆਪਣੀ ਹੀ ਕਿਸਮ ਦੇ ਇਨਾਮਾਂ ਦੀ ਬਖਸ਼ਿਸ਼ ਕਰਦਾ ਹੈ, ਉਹ ਪਾਕਿ ਸਾਫ਼ ਹੈ, ਉਹ ਅਤਿ ਸੁੰਦਰ ਹੈ।" ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, "ਔਰੰਗਜ਼ੇਬ! ਉਹ ਖ਼ੁਦਾ ਸੂਝ-ਬੂਝ ਦਾ ਮਾਲਕ ਹੈ, ਖ਼ੁਦਾ ਨਿਆਸਰਿਆਂ ਦਾ ਆਸਰਾ ਬਣਦਾ ਹੈ, ਜਿਸ ਦਾ ਕੋਈ ਨਹੀਂ ਹੁੰਦਾ, ਉਸ ਦਾ ਰੱਬ ਹੁੰਦਾ ਹੈ। ਦੁਸ਼ਮਣ ਦੇ ਮਨ ਨੂੰ ਪਿਘਲਾ ਦਿੰਦਾ ਹੈ, ਉਹ ਖ਼ੁਦਾ ਕੌਮ ਦੀ ਪਾਲਣਾ ਕਰਦਾ ਹੈ। ਕੁਰਾਨ ਮਜੀਦ ਦੀ ਸਾਰੀ ਜਾਣਕਾਰੀ ਤੇ ਕੁਰਾਨ ਬਖਸ਼ਿਸ਼ ਕਰਨ ਵਾਲਾ ਆਲਮ ਹੈ। ਉਹ ਗਿਆਨ ਦਾ ਭੰਡਾਰ ਹੈ। ਸੂਝ-ਬੂਝ ਦਾ ਮਾਲਕ ਹੈ, ਕੁੱਲ ਦੁਨੀਆਂ ਦੇ ਧਾਰਮਿਕ ਤੱਥਾਂ ਨੂੰ ਪਹਿਚਾਣਦਾ ਹੈ। ਦੁਨਿਆਵੀ

www.sikhbookclub.com

ਕੰਮਾਂ-ਕਾਰਾਂ ਦੀ ਗੁੰਝਲ ਖੋਲ੍ਹਦਾ ਹੈ, ਜੋ ਉਸ ਦੇ ਭਾਣੇ ਵਿਚ ਰਹਿ ਕੇ ਕੰਮ ਕਰਦਾ ਹੈ, ਉਸ ਦੇ ਕੰਮ ਉਹ ਖ਼ੁਦਾ ਆਪ ਕਰਦਾ ਹੈ। ਉਹ ਇਸ ਦੁਨੀਆਂ ਦੇ ਕਣ-ਕਣ ਵਿਚ ਮੌਜੂਦ ਹੈ।"

ਔਰੰਗਜ਼ੇਬ ਨੂੰ ਵੰਗਾਰ : ਇਸ ਮਹਾਨ ਪੱਤਰ 'ਜ਼ਫ਼ਰਨਾਮਾ' ਵਿਚ ਔਰੰਗਜ਼ੇਬ ਨੂੰ ਵੰਗਾਰਿਆ ਹੈ। ਔਰੰਗਜ਼ੇਬ ! ਮੈਨੂੰ ਤੇਰੀ ਇਸ ਕਸਮ 'ਤੇ ਕੋਈ ਭਰੋਸਾ ਨਹੀਂ। ਮੈਨੂੰ ਤੇਰੇ ਅਤੇ ਤੇਰੇ ਝੂਠੇ ਅਹੁਦੇਦਾਰਾਂ 'ਤੇ ਕੋਈ ਇਤਬਾਰ ਨਹੀਂ। ਤੁਸੀਂ ਸਭ ਝੂਠੇ ਹੋ। ਔਰੰਗਜ਼ੇਬ ! ਜੋ ਤੇਰੀ ਸਹੁੰ 'ਤੇ ਭਰੋਸਾ ਕਰੇਗਾ ਉਹ ਹਸ਼ਰ ਦੇ ਦਿਨ ਖੱਜਲ ਖਵਾਰ ਹੋਵੇਗਾ। ਜੋ ਆਦਮੀ ਸ਼ੇਰ ਦੀ ਪਨਾਹ ਵਿਚ ਆ ਜਾਵੇ, ਉਸ ਨੂੰ ਭੇਡਾਂ-ਬੱਕਰੀਆਂ ਦਾ ਕੋਈ ਡਰ ਨਹੀਂ ਰਹਿੰਦਾ। ਤੂੰ ਕੁਰਾਨ ਦੀ ਕਸਮ ਖਾ ਕੇ ਵੀ, ਕਸਮ ਤੋੜ ਗਿਆਂ, ਤੈਨੂੰ ਖ਼ੁਦਾ ਨਾਲ ਪਿਆਰ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :

ਬ ਮੁਸਹਫ਼ ਕਸਮ ਖੁਫ਼ੀਆ ਗਰ ਖੁਰਦਮੇਂ ॥
ਨਾ ਯਕ ਗਾਮਹਮ ਪੇਸ ਅਜਾਂ ਬੁਰਦ ਮੇ ॥੧੯॥ *(ਜ਼ਫ਼ਰਨਾਮਾ)*

ਔਰੰਗਜ਼ੇਬ ! ਜੇ ਮੈਂ ਕੁਰਾਨ ਦੀ ਕਸਮ ਪਰਦੇ ਅੰਦਰ (ਚੋਰੀ ਛੁਪੇ) ਵੀ ਖਾ ਲੈਂਦਾ ਤਾਂ ਕਿਸੇ ਹਾਲਤ ਵੀ ਨਾ ਤੋੜਦਾ। ਤੇਰੇ ਸਿਰ 'ਤੇ ਕੁਰਾਨ ਦੀ ਕਸਮ ਦਾ ਭਾਰ ਹੈ।

ਚਮਕੌਰ ਸਾਹਿਬ ਦੀ ਜੰਗ ਦਾ ਅੱਖੀਂ ਡਿੱਠਾ ਹਾਲ : ਔਰੰਗਜ਼ੇਬ ! ਤੇਰੀ ਫ਼ੌਜ ਦੇ ਸੂਬੇਦਾਰ ਤੇ ਅਹੁਦੇਦਾਰ ਇਕਦਮ ਤਲਵਾਰਾਂ ਤੇ ਬੰਦੂਕਾਂ ਲੈ ਕੇ ਆ ਗਏ ਤਾਂ ਮੈਨੂੰ ਮਜਬੂਰ ਹੋ ਕੇ ਤੀਰ ਕਮਾਨ ਸੰਭਾਲ ਕੇ ਤਦਬੀਰ ਨਾਲ ਮੈਦਾਨ ਵੱਲ ਵੇਖਣਾ ਪਿਆ। ਜਿਸ ਸਮੇਂ ਸਭ ਕੋਸ਼ਿਸ਼ਾਂ ਖ਼ਤਮ ਹੋ ਜਾਣ ਉਸ ਵੇਲੇ ਤਲਵਾਰ ਹੱਥ ਵਿਚ ਚੁੱਕਣੀ ਜਾਇਜ਼ ਹੈ। ਔਰੰਗਜ਼ੇਬ ! ਤੇਰੇ ਸੂਬੇਦਾਰਾਂ ਤੇ ਅਹੁਦੇਦਾਰਾਂ ਨੇ ਆਪਣੇ ਮੱਖੀ ਰੰਗੀ ਕਾਲੀ ਸਿਆਹ ਵਰਦੀ ਵਾਲੇ ਸਿਪਾਹੀਆਂ ਨਾਲ ਕੱਚੀ ਹਵੇਲੀ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ। ਘੇਰਾ ਦੂਰੋਂ ਹੀ ਸੀ। ਪਰ ਜੇ ਕੋਈ ਯੋਧਾ ਮੈਦਾਨ 'ਚ ਆਉਂਦਾ ਤਾਂ ਇਕ ਤੀਰ ਖਾਂਦੇ ਹੀ ਖ਼ੂਨ 'ਚ ਗਰਕ ਹੋ ਜਾਂਦਾ ਸੀ ਤੇ ਮਰ ਜਾਂਦਾ ਸੀ। ਜੋ ਤੇਰੇ ਸੂਰਮੇ ਬਾਹਰ ਖੜ੍ਹੇ ਸ਼ੇਖੀਆਂ ਮਾਰਦੇ ਸੀ ਉਹ ਸਾਹਮਣੇ ਨਹੀਂ ਆਏ। ਹਾਂ ਔਰੰਗਜ਼ੇਬ ! ਇਕ ਪਠਾਣ ਯੋਧਾ ਬਹੁਤ ਤੇਜ਼ ਰਫ਼ਤਾਰ ਨਾਲ ਆਇਆ ਜਿਸ ਨੇ ਕੁਝ ਹਮਲੇ ਬਹਾਦਰੀ ਨਾਲ ਕੀਤੇ। ਅਖ਼ੀਰ ਦੋ ਆਦਮੀਆਂ ਨਾਲ ਬਹਾਦਰੀ ਨਾਲ ਲੜਦਾ ਹੋਇਆ ਦੋ ਆਦਮੀ ਵੀ ਮਾਰ ਗਿਆ ਤੇ ਆਪ ਵੀ ਮਰ ਗਿਆ। ਇਕ ਤੇਰਾ ਸ਼ੇਖੀਆਂ ਮਾਰਨ ਵਾਲਾ ਯੋਧਾ ਜਫ਼ਰਬੇਗ ਜੰਗ ਦੇ ਮੈਦਾਨ 'ਚ ਨਹੀਂ ਆਇਆ। ਜੇ ਆ ਜਾਂਦਾ ਤਾਂ ਉਸ ਨੂੰ ਵੀ ਇਕ ਤੀਰ ਬਖ਼ਸ਼ ਦਿੰਦੇ। ਦੋਨਾਂ ਪਾਸਿਆਂ ਤੋਂ ਤੀਰਾਂ ਤੇ ਗੋਲੀਆਂ ਦੀ ਵਾਛੜ ਹੋ ਰਹੀ ਸੀ। ਜਿਸ ਨਾਲ ਕਾਫ਼ੀ ਜਵਾਨ ਜ਼ਖ਼ਮੀ ਹੋ ਗਏ ਤੇ ਬਹੁਤ ਸਾਰੇ ਮੌਤ ਦੇ ਘਾਟ ਉਤਰ ਗਏ। ਧਰਤੀ ਦਾ ਰੰਗ ਲਾਲ ਸੂਹਾ ਹੋ ਗਿਆ ਸੀ। ਸਿਰ, ਪੈਰ, ਬਾਹਵਾਂ, ਲੱਤਾਂ ਖਿੱਦੋ ਖੂੰਡੀਆਂ ਵਾਂਗ ਪਏ ਸੀ। ਤੀਰਾਂ ਦੀ ਸਰ ਸਰ ਦੀ ਆਵਾਜ਼ ਨਾਲ ਮੈਦਾਨ 'ਚ ਸੱਨਾਟਾ ਛਾ ਗਿਆ। ਚੀਖ ਚਿਹਾੜਾ ਪੈ ਗਿਆ। ਫੇਰ ਈਰਖਾ ਕਰਨ ਵਾਲੇ ਦੁਸ਼ਮਣਾਂ ਵਿਚ ਹਾਹਾਕਾਰ ਮੱਚ ਗਈ। ਵੱਡੇ ਬਹਾਦਰਾਂ ਦੇ ਹੋਸ਼ ਗੁੰਮ ਹੋ ਗਏ, ਡਰ ਗਏ। ਪਰ ਔਰੰਗਜ਼ੇਬ ! ਤੂੰ ਸੋਚ, ਚਾਲ੍ਹੀ ਆਦਮੀਆਂ ਦੀ ਇਕੱਲੀ ਬਹਾਦਰੀ ਵੀ ਕੀ ਕਰ ਸਕਦੀ ਹੈ ਜੇ ਉਨ੍ਹਾਂ ਉਪਰ ਅਣਗਿਣਤ, ਲੱਖਾਂ ਦੀ ਗਿਣਤੀ 'ਚ ਪੈ ਜਾਣ ਪਰ ਫਿਰ ਵੀ ਮੇਰੇ ਸਿੰਘਾਂ ਨੇ ਡੱਟ ਕੇ ਮੁਕਾਬਲਾ ਕੀਤਾ। ਸੁਣ ! ਮੈਂ ਸਭ ਨੂੰ ਲਲਕਾਰ ਕੇ ਹਵੇਲੀ ਵਿੱਚੋਂ ਬਾਹਰ ਆਇਆ ਹਾਂ ਤਾਂ ਮੇਰਾ ਵਾਲ ਵੀ ਵਿੰਗਾ ਨਹੀਂ ਹੋਇਆ। ਉਸ ਖ਼ੁਦਾ ਨੇ ਮੈਨੂੰ ਆਪ ਬਾਹਰ ਕੱਢ ਲਿਆ। ਮੈਨੂੰ ਇਹ ਨਹੀਂ ਪਤਾ ਸੀ ਕਿ ਤੂੰ ਤੇ ਤੇਰੇ ਆਦਮੀ ਈਮਾਨ ਤੋੜਨ ਵਾਲੇ ਹੋ। ਕੁਰਾਨ ਦੀਆਂ ਝੂਠੀਆਂ ਕਸਮਾਂ

www.sikhbookclub.com

ਖਾਣ ਵਾਲੇ ਹੋ, ਅਧਰਮੀ ਹੋ। ਤੂੰ ਔਰੰਗਜ਼ੇਬ! ਅੰਗਿਆਰਿਆਂ ਨੂੰ ਬੁਝਾ ਕੇ ਕੀ ਬਹਾਦਰੀ ਕੀਤੀ ਹੈ, ਇਸ ਨਾਲ ਤਾਂ ਹੋਰ ਅੱਗ ਭੜਕ ਗਈ। ਤੂੰ ਮੇਰੇ ਚਾਰ ਪੁੱਤਰ ਸ਼ਹੀਦ ਕਰਵਾ ਕੇ ਸ਼ੇਖੀਆਂ ਮਾਰਦਾ ਹੈਂ, ਮੇਰਾ ਪੇਚੀਦਾ ਖਾਲਸਾ ਅਜੇ ਬਾਕੀ ਹੈ, ਜੋ ਤੇਰੇ ਘੋੜੇ ਦੇ ਨਲਾਂ ਥੱਲੇ ਅੱਗ ਬਾਲ ਦੇਵੇਗਾ। ਤੂੰ ਆਪਣਾ ਗਵਾਹ ਆਪ ਹੀ ਹੋਵੇਂਗਾ। ਓ ਔਰੰਗਜ਼ੇਬ! ਹੁਣ ਤੂੰ ਲੱਕ ਬੰਨ੍ਹ ਕੇ ਕਾਂਗੜ ਪਿੰਡ ਨੂੰ ਆ। ਜਿਸ ਦਿਨ ਤੂੰ ਮੇਰੇ ਕੋਲ ਆਵੇਂਗਾ, ਤੈਨੂੰ ਕੋਈ ਖ਼ਤਰਾ ਨਹੀਂ। ਮੇਰੇ ਸਿੱਖ ਤੈਨੂੰ ਕੁਝ ਨਹੀਂ ਕਹਿਣਗੇ। ਇਸ ਕੰਮ ਵਿਚ ਖ਼ੁਦਾ ਤੇਰੀ ਮਦਦ ਕਰੇਗਾ। ਧਰਮ ਦੇ ਕੰਮ ਕਰਨੇ, ਖ਼ੁਦਾ 'ਤੇ ਯਕੀਨ ਰੱਖਣਾ ਚੰਗੇ ਕੰਮ ਹਨ, ਤੂੰ ਰੱਬ ਨੂੰ ਪਛਾਨਣ ਵਾਲਾ ਨਹੀਂ, ਤੈਂ ਦਿਲ ਦੁਖਾਉਣ ਵਾਲੇ ਕੰਮ ਕੀਤੇ ਹਨ। ਮੈਂ ਤੇਰੇ ਕੋਲ ਨਹੀਂ ਆਵਾਂਗਾ। ਤੂੰ ਆਪਣੇ ਆਪ ਨੂੰ ਵੱਡਾ ਦੌਲਤ ਵਾਲਾ ਤੇ ਰਾਜ-ਭਾਗ ਵਾਲਾ ਸਮਝਦਾ ਹੈਂ ਪਰ ਧਰਮ ਵਿਚ ਇਨ੍ਹਾਂ ਚੀਜ਼ਾਂ ਨੂੰ ਕੋਈ ਥਾਂ ਨਹੀਂ। ਤੂੰ ਖ਼ੁਦਾ ਦਾ ਸ਼ੁਕਰ ਅਦਾ ਕਰ। ਤੂੰ ਫੁਰਤੀਲੇ ਹੱਥਾਂ ਵਾਲਾ ਤੇ ਹੁਸਨ ਦਾ ਮਾਲਕ ਹੈਂ, ਦੁਨਿਆਵੀ ਜ਼ਮੀਰ ਤੇਰੀ ਰੌਸ਼ਨ ਹੈ। ਜਗੀਰਾਂ ਵੰਡਣ ਵਾਲਾ ਤੇ ਬਨਾਉਟੀ ਸ਼ਾਨੋ-ਸ਼ੌਕਤ ਦਾ ਮਾਲਕ ਹੈਂ ਪਰ ਔਰੰਗਜ਼ੇਬ! ਤੂੰ ਸ਼ੈਤਾਨ ਬਹੁਤ ਹੈਂ। ਖ਼ੁਦਾ ਪਾਕ ਦਾ ਨੇਕ ਅਸੂਲ ਹੈ ਕਿ ਉਹ ਇਕ ਕੋਲੋਂ ਲੱਖਾਂ ਨੂੰ ਮਰਵਾ ਦਿੰਦਾ ਹੈ। ਸੋਚ ਔਰੰਗਜ਼ੇਬ! ਸੋਚ, ਦੁਸ਼ਮਣ ਕੀ ਕਰ ਸਕਦਾ ਹੈ ? ਜਦੋਂ ਦੋਸਤ ਖ਼ੁਦਾ ਹੋਵੇ, ਉਹ ਸਭ ਨੂੰ ਬਖਸ਼ਿਸ਼ਾਂ ਕਰਦਾ ਹੈ, ਰਿਹਾਈ ਦਿੰਦਾ, ਸੱਚਾ-ਸੁੱਚਾ ਰਾਹ ਵਿਖਾਉਂਦਾ ਹੈ, ਚੰਗਾ ਰਾਹ। ਜੰਗ ਦੇ ਮੈਦਾਨ ਅੰਦਰ ਦੁਸ਼ਮਣ ਨੂੰ ਬੇ-ਅਕਲ ਤੇ ਅੰਨ੍ਹਾ ਕਰ ਦਿੰਦਾ ਹੈ, ਹੱਥ ਦੇ ਕੇ ਬਚਾ ਲੈਂਦਾ ਹੈ। ਜੋ ਦਿਲ-ਜਾਨ ਨਾਲ ਖ਼ੁਦਾ ਦੀ ਸੇਵਾ ਵਿਚ ਆਉਂਦਾ ਹੈ, ਖ਼ੁਦਾਵੰਦ ਕਰੀਮ-ਏ-ਪਾਕ ਉਸ ਦੀ ਰੱਖਿਆ ਕਰਦਾ ਹੈ। ਜਦੋਂ ਦੁਸ਼ਮਣ ਬਹਾਨੇਬਾਜ਼ੀ ਕਰਦਾ ਹੈ ਤਾਂ ਖ਼ੁਦਾ ਭਲੇ ਲੋਕਾਂ ਦੀ ਰੱਖਿਆ ਕਰਦਾ ਹੈ। ਤੂੰ ਗ਼ਾਫ਼ਲ ਨਾ ਹੋ, ਦੁਨੀਆਂ ਇਕ ਸ਼ਤਰੰਜ ਦੀ ਤਰ੍ਹਾਂ ਹੈ, ਇਧਰ ਉਧਰ ਜਾਣ ਵਾਲੀ ਹੈ। ਤੂੰ ਦੱਸ, ਬਾਦਸ਼ਾਹ ਖੁਸਰੋ ਕਿੱਥੇ ਹੈ ? ਬਾਬਰ ਬਾਦਸ਼ਾਹ ਕਿੱਥੇ ਹੈ ? ਹਮਾਯੂੰ ਕਿੱਥੇ ਹੈ ? ਤੇ ਹੋਰ ਜੋ ਆਪਣੇ ਆਪ ਨੂੰ ਕੁਝ ਖਾਸ ਸਮਝਦੇ ਸੀ ਉਹ ਕਿੱਥੇ ਹਨ ? ਔਰੰਗਜ਼ੇਬ! ਤੂੰ ਜ਼ਮਾਨੇ ਦਾ ਚੱਕਰ ਵੇਖ, ਆਦਮੀ ਸਦਾ ਨਹੀਂ ਰਹਿੰਦਾ। ਜੋ ਬਣਿਆ ਸਭ ਕੁਝ ਖ਼ਤਮ ਹੋਣ ਵਾਲਾ ਹੈ। ਕਮਜ਼ੋਰਾਂ ਨੂੰ ਜ਼ਖ਼ਮ ਪਹੁੰਚਾਇਆ ਹੈ, ਕਸਮ 'ਤੇ ਕੁਹਾੜੀ ਚਲਾਈ ਤੇ ਤੇਸੇ ਨਾਲ ਤਰਾਸ਼ਿਆ ਹੈ। ਔਰੰਗਜ਼ੇਬ! ਸੁਣ, ਜੇ ਖ਼ੁਦਾ ਦੋਸਤ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ ? ਦੁਸ਼ਮਣ ਕਿੰਨਾ ਵੀ ਤਾਕਤਵਰ ਕਿਉਂ ਨਾ ਹੋਵੇ ਕੀ ਕਰ ਸਕਦਾ ਹੈ ? ਦੁਸ਼ਮਣ ਹਜ਼ਾਰਾਂ ਦੁਸ਼ਮਣੀਆਂ ਕਰ ਕੇ ਵੀ ਤਕਲੀਫ਼ ਨਹੀਂ ਕਰ ਸਕਦਾ।

ਇਸ ਪੱਤਰ ਨੂੰ ਜਦੋਂ ਔਰੰਗਜ਼ੇਬ ਨੇ ਆਪਣੀ ਪਿਆਰੀ ਧੀ ਜੇਬਉਲਨਿਸਾ ਤੋਂ ਸੁਣਿਆ ਤਾਂ ਔਰੰਗਜ਼ੇਬ ਦੀ ਆਤਮਾ ਧੁਰ ਅੰਦਰ ਤਕ ਹਿੱਲ ਗਈ। ਔਰੰਗਜ਼ੇਬ ਨੂੰ ਅਸਲੀਅਤ ਦਾ ਪਤਾ ਲੱਗ ਗਿਆ। ਮੈਂ ਅੱਲ੍ਹਾ ਦੇ ਦਰਵੇਸ਼ ਭਗਤ ਨੂੰ ਦੁੱਖ ਹੀ ਦੁੱਖ ਦਿੱਤੇ ਹਨ, ਝੂਠੀਆਂ ਕਸਮਾਂ ਖਾਧੀਆਂ ਹਨ, ਧੋਖਾ ਕੀਤਾ ਹੈ, ਪਛਤਾਉਂਦਾ ਰਿਹਾ। ਕੁਝ ਸਮੇਂ ਬਾਅਦ ਹੀ ਇਸ ਸੱਚ ਦੇ ਪਛਤਾਵੇ ਨਾਲ ਔਰੰਗਜ਼ੇਬ ਦੀ ਮੌਤ ਹੋ ਗਈ, ਜੋ ਰਹਿੰਦੀ ਦੁਨੀਆਂ ਤਕ ਆਪਣੇ ਨਾਂ ਨੂੰ ਕਲੰਕ ਲਾ ਗਿਆ ਤੇ ਸਿੱਖ ਧਰਮ ਦੇ ਵਧਣ-ਫੁੱਲਣ ਵਿਚ ਅੜਿੱਕਾ ਬਣਿਆ। ਨਾ ਦੀਨ ਰੱਖ ਸਕਿਆ ਨਾ ਦੁਨੀਆਂ। 'ਜ਼ਫ਼ਰਨਾਮੇ' ਦਾ ਜ਼ਬਰਦਸਤ ਸੱਚ ਔਰੰਗਜ਼ੇਬ ਸਹਾਰ ਨਾ ਸਕਿਆ। ਪਛਤਾਵੇ ਤੇ ਜਬਰ-ਜ਼ੁਲਮ ਦੀਆਂ ਝੋਲੀਆਂ ਭਰ ਕੇ ਇਸ ਫਾਨੀ ਦੁਨੀਆਂ ਤੋਂ ਤੁਰ ਗਿਆ।

(12/2008)

www.sikhbookclub.com

ਫ਼ਤਹਨਾਮਾ ਤੇ ਜ਼ਫ਼ਰਨਾਮਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਤਹਨਾਮਾ ਲਿਖਣਾ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਨੇਚ ਤੋਂ ਹੀ ਪਹਿਲੀ ਆਈ ਚਿੱਠੀ ਦਾ ਜੁਆਬ ਲਿਖਿਆ। ਭਾਈ ਦਇਆ ਸਿੰਘ ਜੀ ਚਿੱਠੀ ਪਹੁੰਚਾਉਣ ਲਈ ਔਰੰਗਜ਼ੇਬ ਕੋਲ ਦੱਖਣ ਗਏ। ਨਬੀ ਖ਼ਾਨ ਤੇ ਗ਼ਨੀ ਖ਼ਾਨ ਨੇ ਪੰਜਾਬ ਤੋਂ ਬਾਹਰ ਤਕ ਸਹਾਇਤਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ :

"ਔਰੰਗਜ਼ੇਬ ! ਤੈਨੂੰ ਇਹ ਔਰੰਗਜ਼ੇਬ ਵਾਲਾ ਨਾਂ ਨਹੀਂ ਫੱਬਦਾ।[1] ਤੇਰੀ ਤਸਬੀ ਮਣਕਿਆਂ ਤੇ ਧਾਗੇ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੀ ਕਿਉਂਕਿ ਤੂੰ ਮਣਕਿਆਂ ਨੂੰ ਦਾਣਾ ਤੇ ਧਾਗੇ ਨੂੰ ਜਾਲ ਬਣਾਇਆ ਹੋਇਆ ਹੈ। ਆਪਣੀ ਭੈੜੀ ਕਰਤੂਤ ਨਾਲ ਤੂੰ ਆਪਣੇ ਪਿਤਾ ਦੀ ਮਿੱਟੀ ਨੂੰ ਆਪਣੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆ ਹੈ। ਤੈਨੂੰ ਮਾਣ ਆਪਣੇ ਰਾਜ ਉੱਤੇ ਹੈ ਤੇ ਮੈਨੂੰ ਆਪਣੇ ਕਰਤਾਰ ਉੱਤੇ ਹੈ। ਕੀ ਹੋਇਆ ਜੇ ਗਿੱਦੜ ਨੇ ਆਪਣੀ ਚਾਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਦਿੱਤਾ ਹੈ।[2] ਇੰਞ ਲਗਦਾ ਹੈ ਕਿ ਅਜੇ ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਖ਼ਬਰ ਨਹੀਂ ਪੁੱਜੀ ਸੀ। ਅਜੇ ਸ਼ੇਰ ਜ਼ਿੰਦਾ ਹੈ ਜੋ ਤੇਰੇ ਕੋਲੋਂ ਬਦਲਾ ਲੈ ਲਵੇਗਾ।[3] ਮੈਨੂੰ ਤੇਰੀਆਂ ਕਸਮਾਂ ਉੱਤੇ ਰਤਾ ਵੀ ਇਤਬਾਰ ਨਹੀਂ, ਇਸ ਲਈ ਤਲਵਾਰ ਨੂੰ ਵਰਤਣ ਦੇ ਸਿਵਾ ਮੇਰੇ ਕੋਲ ਹੋਰ ਕੋਈ ਚਾਰਾ ਨਹੀਂ। ਜੇ ਤੂੰ ਤਜਰਬੇਕਾਰ ਬਘਿਆੜ ਹੈਂ ਤਾਂ ਮੈਂ ਵੀ ਇਧਰੋਂ ਸ਼ੇਰ ਛੱਡ ਸਕਦਾ ਹਾਂ।[4] ਫਿਰ ਅੰਤ ਵਿਚ ਗੁਰੂ ਜੀ ਨੇ ਵੰਗਾਰ ਪਾਈ ਕਿ ਅਜੇ ਵੀ ਤੇਰੀ ਲੜਨ ਦੀ ਇੱਛਾ ਹੈ ਤਾਂ ਮੈਦਾਨ ਵਿਚ ਆ, ਦੋਵਾਂ ਦਾ ਮੁਕਾਬਲਾ ਹੋ ਜਾਵੇਗਾ। ਤੂੰ ਨਾਜ਼-ਨਿਆਮਤ ਵਿਚ ਪਲਦਾ ਰਿਹਾ ਹੈਂ ਅਤੇ ਅਜੇ ਤਕ ਤੈਨੂੰ ਕੋਈ ਜੰਗੀ ਜੁਆਨ ਨਹੀਂ ਟਕਰਿਆ।[5] ਇਕ ਗੱਲ ਯਾਦ ਰੱਖੀਂ ਕਿ ਪੱਥਰ ਬੇਸ਼ੱਕ ਸੋਨੇ ਦੇ ਕਾਸੇ (ਬਰਤਨ) ਨੂੰ ਤੋੜ ਦੇਵੇ ਪਰ ਪੱਥਰ ਪੱਥਰ ਹੀ ਹੈ ਤੇ ਸੋਨਾ ਸੋਨਾ ਹੀ, ਭਾਵੇਂ ਉਹ ਟੁੱਟ ਗਿਆ ਹੈ। ਇਸ ਫ਼ਤਹਨਾਮੇ ਦੇ ਕੁਲ ਸਾਢੇ ਤੇਈ ਸ਼ਿਅਰ ਹੀ ਮਿਲ ਸਕੇ ਹਨ।

---

1. ਨ ਜ਼ੇਬਦ ਤੁਠਾ ਨਾਮੇ ਔਰੰਗਜ਼ੇਬ ॥
   ਕਿ ਔਰੰਗਜ਼ੇਬਾਂ ਨ ਆਯਦ ਫ਼ਰੇਬ ॥
2. ਚਿ ਸ਼ੁਦ ਗਰ ਸ਼ਿਗਾਲੇ ਜ਼ਿ ਮਕਰੋ ਰਿਆ ॥
   ਹਮੀਂ ਕੁਸ਼ਤ ਦੋ ਬਚਾ ਏ ਸ਼ੇਰ ਰਾ ॥
3. ਚੂੰ ਸ਼ੇਰ ਯਿਆਂ ਜ਼ਿੰਦਾ ਮਾਨਦ ਹਮੀ ॥
   ਜ਼ਿਤੋ ਇੰਤਕਾਮੇ ਸਿਤਾਨਦ ਹਮੀ ॥
4. ਤੁਈ ਗੁਰਗੋ ਬਾਰਾਂ ਬਾਰਾਂ ਕਸ਼ੀਦਾ ਅਗਰ ॥
   ਨਿਹਮ ਨੀਜ਼ ਸ਼ੇਰੇ ਜ਼ਿੰਦਾ ਮੌਂ ਬਦਰ ॥
5. ਤੂੰ ਅਜ਼ ਨਿਆਮਤ ਸਮਰ ਖ਼ੁਰਦਾ ਈ ॥
   ਜਿ ਜੰਗੀ ਜਵਾਨਾਂ ਨ ਬਰ ਖ਼ੁਰਦਾ ਈ ॥

www.sikhbookclub.com

ਬੀਰਤਾ ਦਾ ਇਕ ਹੋਰ ਨਮੂਨਾ

'ਉਚ ਦੇ ਪੀਰ', ਬਣੇ ਹੋਏ ਆਪ ਜੀ ਜੱਟਪੁਰੇ ਪੁੱਜੇ ਸਨ। ਰਾਇ ਕੱਲਾ ਉਨ੍ਹਾਂ ਨੂੰ ਆਪਣੇ ਪਾਸ ਲੈ ਗਿਆ। ਉਥੇ ਗੁਰੂ ਜੀ ਕੁਛ ਚਿਰ ਟਿਕੇ। ਉਥੋਂ ਸਲਿਆਣੀ, ਚਕਰ, ਤਖ਼ਤੂਪੁਰਾ ਤੇ ਮਸ਼ੇਲ ਪਿੰਡਾਂ ਵਿਚੋਂ ਹੁੰਦੇ ਹੋਏ ਰਾਇ ਜੋਧ ਦੇ ਪੋਤਰੇ ਸ਼ਮੀਰ ਪਾਸ ਜਾ ਪੁੱਜੇ। ਦੀਨੇ ਪਿੰਡ ਆਪ ਜੀ ਨੇ ਟਿਕਾਣਾ ਭਾਈ ਦੇਸੂ ਤਰਖਾਣ ਦੇ ਚੁਬਾਰੇ ਵਿਚ ਕੀਤਾ। ਦੇਸੂ ਨੇ ਨਵਾਂ-ਨਵਾਂ ਚੁਬਾਰਾ ਪਾਇਆ ਸੀ। ਰਾਇ ਜੋਧ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਕ ਸ਼ਰਧਾਲੂ ਸਿੱਖ ਸੀ। ਰਾਇ ਜੋਧ ਦੀ ਔਲਾਦ ਨੇ ਕਾਂਗੜ ਪਿੰਡ ਵਿਚੋਂ ਉਠ ਕੇ ਨਵਾਂ ਪਿੰਡ 'ਦੀਨਾ' ਵਸਾਇਆ ਸੀ। ਤਿੰਨਾਂ ਭਰਾਵਾਂ—ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਨੇ ਨਾਂਹ ਸਿਰਫ਼ ਪੂਰੀ ਰਾਖੀ ਹੀ ਰੱਖੀ ਸਗੋਂ ਗੁਰੂ-ਪਾਤਸ਼ਾਹ ਦੀ ਚੰਗੀ ਆਓ-ਭਗਤ ਵੀ ਕੀਤੀ। ਸਰਹੰਦ ਦੇ ਨਵਾਬ ਨੂੰ ਜਦ ਇਸ ਗੱਲ ਦੀ ਸੂਹ ਮਿਲੀ ਕਿ ਉਨ੍ਹਾਂ ਤਿੰਨਾਂ ਭਰਾਵਾਂ ਨੇ ਗੁਰੂ ਜੀ ਨੂੰ ਪਾਸ ਰੱਖਿਆ ਹੋਇਆ ਹੈ ਤਾਂ ਉਸ ਨੇ ਧਮਕੀ ਭਰਿਆ ਪੱਤਰ ਲਿਖਿਆ। ਪੱਤਰ ਇਸ ਪ੍ਰਕਾਰ ਸੀ, "ਤੁਸਾਂ ਪਰਜਾ ਤੇ ਬਾਦਸ਼ਾਹ (ਹਜ਼ਰਤ) ਦੇ ਵੈਰੀ ਨੂੰ ਪਨਾਹ ਦਿੱਤੀ ਹੈ। ਉਸ (ਗੁਰੂ ਗੋਬਿੰਦ ਸਿੰਘ) ਨੂੰ ਬੰਨ੍ਹ ਕੇ ਸਰਹੰਦ ਪਹੁੰਚਾ ਦਿਓ, ਨਹੀਂ ਤਾਂ ਤੁਹਾਡੇ ਉੱਤੇ ਵੀ ਫ਼ੌਜ ਚੜ੍ਹ ਆਏਗੀ ਤੇ ਗੁਰੂ ਸਮੇਤ ਤੁਹਾਡਾ ਖ਼ਾਤਮਾ ਕੀਤਾ ਜਾਵੇਗਾ।[6] ਪਰ ਤਿੰਨੇ ਭਰਾ ਡੱਟੇ ਰਹੇ ਸਰਹੰਦ ਦੇ ਨਵਾਬ ਨੂੰ ਮੋੜਵਾਂ ਉੱਤਰ ਭੇਜਿਆ ਜਿਵੇਂ ਤੁਸੀਂ ਆਪਣੇ ਪੀਰਾਂ-ਮੁਰਸ਼ਦਾਂ ਨੂੰ ਮੰਨਦੇ, ਸੇਵਦੇ ਹੋ, ਤਿਵੇਂ ਅਸੀਂ ਭੀ ਸਤਿਗੁਰੂ ਜੀ ਦੀ ਸੇਵਾ-ਪੂਜਾ ਇਸ਼ਟ ਜਾਣ ਹੀ ਕਰਦੇ ਹਾਂ। ਅਸੀਂ ਬਾਬੇ ਨਾਨਕ ਦੇ ਮੁਰੀਦ ਤੇ ਆਪਣੇ ਪੀਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਤਰ੍ਹਾਂ ਤੁਹਾਡੇ ਹਵਾਲੇ ਕਰ ਸਕਦੇ ਹਾਂ ? ਸਾਥੋਂ ਇਹ ਗੱਲ ਤਿੰਨ ਕਾਲ ਵੀ ਨਹੀਂ ਹੋ ਸਕਦੀ। ਪਰ ਗੁਰੂ ਜੀ ਨੇ ਉਥੋਂ ਜਾਣ ਦਾ ਸੰਕਲਪ ਦੱਸ ਦਿੱਤਾ। ਤਿੰਨੇ ਭਰਾਵਾਂ ਨੇ ਕਾਫ਼ੀ ਚਿਰ ਗੁਰੂ ਜੀ ਨੂੰ ਟਿਕਾਈ ਰੱਖਿਆ। ਗੁਰੂ ਜੀ ਨੇ ਉਥੋਂ ਹੀ ਥਾਂ-ਥਾਂ ਹੁਕਮਨਾਮੇ ਭੇਜੇ। ਉਥੇ ਹੀ ਫਿਰ ਤਗੜੀ ਫ਼ੌਜ ਵੀ ਬਣਾ ਲਈ। ਜਿਸ ਵੇਲੇ ਸਰਹੰਦ ਦੇ ਨਵਾਬ ਦਾ ਫ਼ੌਜਾਂ ਚੜ੍ਹਾਉਣ ਦਾ ਪਤਾ ਲੱਗਾ ਤਾਂ ਆਪ ਦੀਨਾ ਤੋਂ ਕਾਂਗੜੇ ਵਲ ਚੱਲ ਪਏ।

ਜ਼ਫ਼ਰਨਾਮਾ

ਗੁਰੂ ਜੀ ਦਾ ਇਹ ਵਿਚਾਰ ਬਣਿਆ ਵੀ ਲੱਗਦਾ ਸੀ ਕਿ ਬਹਾਦਰ ਸ਼ਾਹ ਦੇ ਨਾਇਬ ਨਵਾਬ ਮੁਨਇਮ ਖ਼ਾਨ ਨੂੰ ਵੀ ਇਤਲਾਹ ਦੇ ਦਿੱਤੀ ਜਾਏ ਤਾਂ ਕਿ ਔਰੰਗਜ਼ੇਬ ਨੂੰ ਸਭ ਗੱਲ ਤੋਂ ਜਾਣੂੰ ਕਰਾਇਆ ਜਾ ਸਕੇ ਪਰ ਦੂਜੇ ਪਾਸੇ ਸਰਹੰਦ ਦਾ ਨਵਾਬ ਛੇਤੀ ਹੀ ਟਾਕਰਾ ਕਰਕੇ ਗੁਰੂ ਜੀ ਨੂੰ ਰਾਹ ਤੋਂ ਹਟਾਉਣਾ ਚਾਹੁੰਦਾ ਸੀ। ਉਥੋਂ ਹੀ ਗੁਰੂ ਜੀ ਨੇ ਸੰਸਾਰ-ਪ੍ਰਸਿੱਧ ਚਿੱਠੀ 'ਜ਼ਫ਼ਰਨਾਮਾ' ਲਿਖੀ। ਇੰਜ ਪ੍ਰਤੀਤ ਹੁੰਦਾ ਹੈ ਕਿ ਔਰੰਗਜ਼ੇਬ ਨੂੰ ਜਦ ਪਹਿਲਾ ਫ਼ਤਹਿਨਾਮਾ ਮਿਲ ਗਿਆ ਸੀ ਤਾਂ ਉਸ ਨੇ ਖ਼ਾਸ ਆਦਮੀਆਂ ਹੱਥੀਂ ਆਪਣੀ ਦੂਜੀ ਚਿੱਠੀ ਭੇਜੀ। ਸਰਹੰਦ ਦੇ ਨਵਾਬ ਨੂੰ ਪੂਰੀ ਸੂਹ ਮਿਲ ਗਈ ਸੀ। ਮਹਾਰਾਜ ਨੇ ਜ਼ਫ਼ਰਨਾਮਾ ਵੀ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖਿਆ। ਗੁਰੂ ਜੀ ਨੇ ਜ਼ਫ਼ਰਨਾਮੇ ਵਿਚ ਆਪਣੀ ਤਲਵਾਰ ਉਠਾਉਣ ਦਾ ਕਾਰਨ ਲਿਖਿਆ। ਆਪ ਜੀ ਨੇ ਆਪਣਾ ਮਤ ਦੱਸਿਆ ਕਿ ਉਨ੍ਹਾਂ ਤਲਵਾਰ ਮਜਬੂਰ ਹੋ ਕੇ ਉਠਾਈ ਸੀ। ਜਦੋਂ ਕੋਈ ਵੀ ਹੀਲਾ ਕੰਮ ਨਾ ਕਰੇ ਤਾਂ ਤਲਵਾਰ

6. ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼—ਦਸਮ ਮੰਡਲ।

www.sikhbookclub.com

ਉਠਾਉਣਾ ਠੀਕ ਹੀ ਨਹੀਂ ਸਗੋਂ ਧਰਮ ਵੀ ਹੈ।[7] ਇਹ ਸਮਝਣਾ ਕਿ ਚਾਰ ਬੱਚੇ ਮਾਰਨ ਨਾਲ ਅੱਗ ਬੁਝਾ ਦਿੱਤੀ ਹੈ, ਭੁੱਲ ਹੈ। ਇਹ ਯਾਦ ਕਰਾਇਆ ਅਜੇ (ਪੇਚੀਦਾ ਮਾਰ) ਖਾਲਸਾ ਜ਼ਿੰਦਾ ਹੈ। ਉਸ ਚਿੱਠੀ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਦੱਖਣ ਜਾ ਕੇ ਨਾ ਮਿਲਣ ਦੀ ਗੱਲ ਵੀ ਆਖੀ ਸੀ। ਉਸ ਦੇ ਉਲਟ ਸਗੋਂ ਇਹ ਕਿਹਾ ਕਿ ਔਰੰਗਜ਼ੇਬ ਕਾਂਗੜੇ ਦੇਸ਼ ਆਏ। ਉਸ ਦੀਆਂ ਕਸਮਾਂ ਨੂੰ ਫ਼ਰੇਬ ਦੀ ਨਵੀਂ ਚਾਲ ਕਿਹਾ। ਇਹ ਚਿੱਠੀ ਗੁਰੂ ਜੀ ਦੀ ਚੜ੍ਹਦੀ ਕਲਾ ਦੀ ਇਕ ਮੂੰਹ-ਬੋਲਦੀ ਤਸਵੀਰ ਹੈ। ਭਾਈ ਸੇਵਾ ਰਾਮ ਜੀ ਆਪਣੀਆਂ ਪਰਚੀਆਂ[8] ਵਿਚ ਲਿਖਦੇ ਹਨ ਕਿ ਗੁਰੂ ਜੀ ਨੇ ਲਿਖਿਆ :

"ਜਦ ਦਾ ਤੂੰ ਬਾਦਸ਼ਾਹ ਹੋਇਆ ਹੈਂ, ਤਦ ਦਾ ਤੂੰ ਬੇਇਨਸਾਫ਼ੀ ਕਰਦਾ ਹੈਂ, ਇਨਸਾਫ਼ ਦਾ ਕੋਈ ਫ਼ੇਲ (ਕੰਮ) ਤੂੰ ਨਹੀਂ ਕੀਤਾ। ਮੈਂ ਇਕ ਪੱਥਰ (ਅਨੰਦਪੁਰ ਦੀ ਪਹਾੜੀ) ਉੱਪਰ ਬਸੇਰਾ ਰੱਖਦਾ ਸਾਂ ਅਤੇ ਨਿਰਦਾਵੇ ਕਰ ਬਸੇਰਾ ਕਰਦਾ ਸਾਂ। ਕੋਊ ਤੇਰਾ ਗਾਂਵ (ਇਲਾਕਾ) ਨਾ ਖਾਵਤਾ ਥਾ। ਰਾਜਿਆਂ ਸਾਥ ਰਲ ਕੇ ਤੂੰ ਮੇਰੀ ਅਉਰ (ਵੱਲ) ਫ਼ੌਜਾਂ ਭੇਜੀਆਂ। ਜੈਸਾ ਤੂੰ ਬੇਇਨਸਾਫ਼, ਤੈਸੇ ਤੇਰੇ ਰਾਜੇ ਬੇਇਨਸਾਫ਼। ਰਲ ਮਿਲ ਤੁਮਹੁ 'ਨੇ ਮੇਰੇ ਬੇਟੇ ਮਾਰੇ, ਅਉਰਤਾਂ ਮਾਰੀਆਂ, ਸਿੱਖ ਸੰਗਤੀ ਮਾਰੀਆਂ, ਘੋੜੇ ਲੁੱਟੇ।' ਸੋ ਤੇਰੀ ਬੇਇਨਸਾਫ਼ੀ ਕਰ ਐਸਾ ਹੋਇਆ ਹੈ। ਪਰ ਨ ਭੁੱਲ ਕਿ ਇਹ ਬੇਇਨਸਾਫ਼ੀ ਤੇਰੇ ਘਰ ਹੀ ਹੈ, ਸਾਹਿਬ (ਵਾਹਿਗੁਰੂ) ਕੇ ਘਰ ਤੋ ਐਸਾ ਇਨਸਾਫ਼ ਹੈ, ਨਾਂਹ ਤਿਲ ਜਿਤਨੀ ਭਲਾਈ ਕਿਸੀ ਕੀ ਗਵਾਵਤਾ ਹੈ, ਨਾਂਹ ਤਿਲ ਜਿਤਨੀ ਬੁਰਾਈ ਕਿਸੀ ਕੀ ਗਵਾਵਤਾ ਹੈ। ਜਦ ਪਰਵਰਦਗਾਰ ਅਦਾਲਤ ਪੁਰ ਬੈਸੇਗਾ ਅਰ ਤੁਮ ਸਿਉ ਪੁਛੇਗਾ ਜੋ ਰਾਮਦਾਸ (ਪਰਮ ਪੁਰਖ ਦਾ ਦਾਸਾ—ਗੋਬਿੰਦ ਸਿੰਘ ਗੁਰੂ) ਤੇਰਾ ਕੀ ਵਿਗਾੜਿਆ ਸੀ ਜੋ ਉਸ ਕੇ ਸਾਥ ਤੋਂ ਐਸੀ ਤਾਦੀ (ਲੜਾਈ) ਕੀਤੀ। ਤਬ ਤੂੰ ਕਿਆ ਜਵਾਬ ਕਰੇਗਾ। ਖਬਰਦਾਰ ਹੋਹੁ, ਉਹ ਵਕਤ ਆਇਆ ਕਿ ਆਇਆ। ਜਿਤਨੇ ਦੋਜ਼ਕ ਬਣਾਏ ਹਨ, ਤਿਤਨੇ ਬੇਇਨਸਾਫ਼ਾਂ ਦੇ ਨਮਿਤ ਬਣਾਏ ਹਨ। ਉਹਾਂ ਬਾਦਸ਼ਾਹ ਅਰ ਕੀੜਾ ਬਰਾਬਰ ਹੈ। ਕੀੜੇ ਦੀ ਪੁਕਾਰ ਪਹਲੇ ਸੁਨਤਾ ਹੈ।"

"ਤੈਨੂੰ ਜੋ ਇਹ ਗ਼ੁਮਾਨ ਹੈ ਕਿ ਤੂੰ ਮਿਹਨਤ ਕਰਕੇ ਖਾਵਤਾ ਹੈ ਤਾਂ ਸਭ ਘੋੜੇ, ਪਸ਼ੂ ਮੇਹਨਤ ਘਾਲ ਕਰਕੇ ਖਾਂਦੇ ਹਨ। ਜੋ ਤੈਨੂੰ ਇਹ ਗ਼ੁਮਾਨ ਹੈ ਕਿ ਕੁਰਾਨ ਪੜ੍ਹਨ ਕਰ ਬਖ਼ਸ਼ਿਆ ਜਾਏਂਗਾ। ਜ਼ਬਾਨ ਸਾਥ ਕੁਰਾਨ ਪੜ੍ਹਿਆ ਤਾਂ ਕਿਆ ਹੂਆ ? ਅਮਲਾਂ ਬਿਨਾਂ ਨਿਬੇੜਾ ਨਹੀਂ।"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਬੰਦਗੀ ਕਰਦਾ ਰਿਹਾ ਹੈਂ। ਬੰਦਗੀ ਇਸ ਦਾ ਨਾਮ ਨਹੀਂ ਜੋ ਚਾਰ ਰਵਾਇਤਾਂ ਮੁੱਖ ਤੋਂ ਪੜ੍ਹ ਛੱਡੀਆਂ। ਖ਼ਾਸ ਬੰਦਗੀ ਨਫ਼ਸ ਦੀ ਮੁਖਾਲਫ਼ਤ ਹੈ। ਮਨ ਸਿਉ ਉਲਟਾ ਬਰਤਨਾ ਠੀਕ ਬੰਦਗੀ ਹੈ। ਮਨ ਕਾ ਕਹਿਆ ਨ ਕਰਨਾ। ਸੋ ਤੂੰ ਉਲਟਾ ਆਪਣੇ ਮਨ ਦਾ ਕਰਦਾ ਰਿਹਾ ਹੈਂ। ਮਨ ਕੀ ਖ਼ੁਸ਼ੀ ਦੇ ਨਮਿਤ ਆਪਣਾ ਬਾਪ ਮਾਰਿਆ। ਮਨ ਕੀ ਖ਼ੁਸ਼ੀ ਨਮਿਤ ਆਪਣੇ ਭਾਈ ਮਾਰੇ। ਦਾਰਾ, ਸੁਜਹ ਅਰ ਮੁਰਾਦ ਮੁਕਾਇਆ। ਸੋ ਤੈਂ ਬੰਦਗੀ ਕਉਨ ਸੀ ਕੀਤੀ ਹੈ ?"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਬੁੱਤ-ਪ੍ਰਸਤੀ ਦੂਰ ਕੀਤੀ ਹੈ, ਇਹ ਗ਼ੁਮਾਨ ਵੀ ਝੂਠਾ ਹੈ। ਸੋ ਜਿਸ ਵਕਤ ਤੈਂ ਬੁੱਤ ਢਾਹੇ, ਮੰਦਰ ਗਰਾਏ, ਘਰ-ਘਰ ਬੁੱਤ ਹੋਰ ਬਣੇ। ਕਿਨਹੂੰ ਆਟੇ ਕੇ ਬੁੱਤ ਬਣਾਏ। ਕਿਨਹੂੰ ਮੋਮ ਕੇ ਬੁੱਤ ਬਣਾਏ। ਕਿਨਹੂੰ ਮਾਟੀ ਕੇ ਬੁੱਤ ਬਣਾਏ। ਆਪਣਾ ਨੇਮ ਸਾਧ ਕਰ ਰੋਟੀ

7. ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥
8. ਸਾਖੀਆਂ ਦਸਵੇਂ ਮਹਲ ਦੀਆਂ।

www.sikhbookclub.com

ਖਾਈ। ਸੋ ਜਦ ਤੂੰ ਇਕ ਬੁੱਤ ਨਾ ਤੋੜਦਾ ਤਾਂ ਲੱਖਾਂ-ਬੁੱਤ ਆਰਾਸਤਾ ਨਾਂਹ ਹੁੰਦੇ। ਖਾਸਾ ਬੁੱਤ ਖ਼ੁਦੀ ਹੈ। ਸਭ ਬੁੱਤਾਂ ਦੀ ਮਾਂ ਖ਼ੁਦੀ ਹੈ। ਜਿਨ੍ਹਾਂ ਨੇ ਖ਼ੁਦੀ ਮਾਰਿਆ ਹੈ, ਖਾਸਾ ਬੁੱਤ ਉਨ੍ਹਾਂ ਨੇ ਹੀ ਢਾਹਿਆ :

— ਭੰਨ ਆਪਣੇ ਆਪ ਨੂੰ ਜੋ ਬੁਤ ਦਾ ਭੰਨਣਾ ਇਹੋ ਹਈ।
ਤੇ ਉਪਰਤ ਹੋਵਹੁ ਇਸ ਹਉਮੈ ਥੀ, ਜੋ ਕੈਦ ਤੇ ਛੁਟਣਾ ਇਹੋ ਹਈ।
ਤੇ ਸਾਹਿਬ ਲੋਕਾਂ ਦੇ ਹਿਰਦੇ ਸਾਧ ਹਿਰਦਾ ਮਿਲਾਇ।
ਜੋ ਗੋਸ਼ੇ ਬਹਣ ਵਿਚ ਅਸਾਡਾ ਪੰਥ ਇਹੋ ਹਈ।
— ਬਿਸ਼ਕੰਨ ਖ਼ੁਦਰਾ ਕਿ ਬੁਤ ਸ਼ਿਕਸਤਨ ਈਸ਼ਾਂ।
ਬਗੁਜ਼ਰਜ਼ਿ ਖ਼ੁਦੀ ਜ਼ਿ ਕੈਦ ਰਸਤਨ ਈਸ਼ਾਂ।

"ਜੇ ਤੈਨੂੰ ਗ਼ੁਮਾਨ ਹੈ ਕਿ ਤੂੰ ਸ਼ਰਹ ਉਪਰ ਕਾਇਮ ਹੈਂ, ਸੋ ਸਭ ਹੀ ਪੰਥਹੁ ਕੇ ਸ਼ਰਹ ਇਕ ਸਮਾਨ ਹਨ। ਜਦ ਪੰਥਹੁ ਕੇ ਸ਼ਰਹ ਕਰਕੇ ਬਖ਼ਸ਼ੇ ਜਾਤੇ ਤਬ ਸਾਹਿਬ ਦਾ ਭਜਨ ਕਉਨ ਕਰਦਾ? ਜੋ ਸਾਹਿਬ ਦੇ ਭਜਨ ਬਿਨਾਂ, ਅਰ ਸਾਹਿਬ ਲੋਕਾਂ ਦੀ ਖ਼ੁਸ਼ੀ ਬਿਨਾਂ ਹੀ ਮੁਕਤਿ ਹੋਣਾ ਚਾਹੁੰਦਾ ਹੈ, ਤਿਸ ਦਾ ਦਾਵਾ ਝੂਠਾ ਹੈ।"

"ਜੇ ਤੈਨੂੰ ਇਹ ਗ਼ੁਮਾਨ ਹੈ ਕਿ ਲੋਕ ਤੇਰਾ ਜੱਸ ਕਰਦਾ ਹੈ, ਜਸ ਪ੍ਰਯੋਜਨ ਨਮਿਤ ਲੋਕ ਫ਼ਿਰਾਊਨ ਦਾ ਵੀ ਕਰਦਾ ਸੀ। ਸੋ ਤਿਸ ਫ਼ਿਰਾਊਨ ਨੂੰ ਪਰਵਰਦਗਾਰ ਦੋਜ਼ਕ ਵਿਚ ਜਲਾਇਆ ਹੈ। ਖਾਸ ਜੱਸ ਇਹ ਹੈ, ਜਿਸ ਦਾ ਹਿਰਦਾ ਸਾਹਿਬ ਲੋਕਾਂ ਦੇ ਹਜ਼ੂਰ ਹੋਇਆ ਹੈ, ਜਿਸ ਵਿਚ ਨਿਮ੍ਰਤਾ ਹੈ ਤੇ ਲੋਕ ਭਲਾਈ ਹੈ।"

ਤ੍ਵਾਰੀਖ਼ ਪੰਜਾਬ ਵਾਲਾ ਲਿਖਦਾ ਹੈ : "ਇਕ ਖ਼ਤ, ਜਿਸ ਨੂੰ 'ਜ਼ਫ਼ਰਨਾਮਾ' ਕਹਿੰਦੇ ਹਨ, ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ, ਜਿਸ ਵਿਚ ਬਾਦਸ਼ਾਹ ਲਈ ਬੜੇ ਕਰਾਰੇ ਤੇ ਕਰੜੇ ਸ਼ਬਦ ਵਰਤੇ, ਉਹ ਖ਼ਤ ਆਪਣੇ ਖਾਸ ਸੇਵਾਦਾਰ ਦਯਾ ਸਿੰਘ ਹੱਥ ਬਾਦਸ਼ਾਹ ਤਕ ਪਹੁੰਚਾਇਆ। ਜਦ ਦਯਾ ਸਿੰਘ ਖ਼ਤ ਲੈ ਕੇ ਔਰੰਗਜ਼ੇਬ ਵੱਲ ਔਰੰਗਾਬਾਦ ਵਿਖੇ ਪੁੱਜਾ ਤਾਂ ਉਸ ਨੇ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਕਿਹਾ। ਬਾਦਸ਼ਾਹ ਬੋਲਿਆ ਕਿ ਖਾਲਸੇ ਨੇ ਏਨੀ ਜਲਦੀ ਕਿਉਂ ਕੀਤੀ? ਉੱਤਰ ਮਿਲਿਆ ਤੇਰੀ ਜਲਦੀ ਕਰਨ ਕਰਕੇ ਫਿਰ ਬਾਦਸ਼ਾਹ ਨੇ ਪੁੱਛਿਆ ਕਿ ਕੀ ਗੁਰੂ ਜੀ ਕੋਈ ਕਰਾਮਾਤ ਵੀ ਰੱਖਦੇ ਹਨ? ਦਯਾ ਸਿੰਘ ਨੇ ਮੋੜਵਾਂ ਕਿਹਾ, 'ਉਨ੍ਹਾਂ ਦੇ ਤਾਂ ਕੁੱਤਿਆਂ ਵਿਚ ਵੀ ਕਰਾਮਾਤਾਂ ਹਨ।' ਗੁਰੂ ਜੀ ਦਾ ਪੱਤਰ ਪੜ੍ਹਨ ਨਾਲ ਔਰੰਗਜ਼ੇਬ ਬੀਮਾਰ ਹੋ ਗਿਆ। ਉਸ ਨੇ ਪੰਜਾਬ ਦੇ ਨਾਜ਼ਮਾਂ ਨੂੰ ਹੁਕਮ ਜਾਰੀ ਕੀਤੇ ਕਿ ਗੁਰੂ ਜੀ ਨਾਲ ਸਿਦਕ-ਸਫ਼ਾਈ ਨਾਲ ਪੇਸ਼ ਆਵਣ।"

ਅਹਿਮਦ ਸ਼ਾਹ ਬਟਾਲਵੀ ਵੀ ਲਿਖਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਪਹਿਲੀ ਚਿੱਠੀ ਦਾ ਉੱਤਰ ਆਇਆ ਤਾਂ ਉਨ੍ਹਾਂ ਦੂਜੀ ਲਿਖੀ ਜਿਸ ਦਾ ਭਾਵ ਸੀ :

"ਸਾਡੇ ਆਗੂ ਬਾਬਾ ਨਾਨਕ ਨੇ ਸਾਡੇ ਧਰਮ ਦੀ ਨੀਂਹ ਰੱਬ ਦੀ ਏਕਤਾ ਵਾਲੇ ਸਿਧਾਂਤਾਂ ਉੱਤੇ ਰੱਖੀ ਹੈ ਅਤੇ ਹੋਰ ਕਿਸੇ ਧਰਮ ਦੀ ਨਕਲ ਨਹੀਂ ਕੀਤੀ ਤੇ ਨਾ ਹੀ ਕਿਸੇ ਧਰਮ ਦੀ ਮਰਯਾਦਾ ਅਪਣਾਈ।

"ਅਸਾਂ ਜੀਵਨ ਵਿਚ ਸਿਵਾਇ ਸੰਗਰਾਮ ਤੇ ਕਸ਼ਟਾਂ ਦੇ ਹੋਰ ਕੁਝ ਨਹੀਂ ਦੇਖਿਆ। ਅਕਾਲ ਪੁਰਖ ਤੋਂ ਬਗ਼ੈਰ ਕੋਈ ਆਸਰਾ ਨਹੀਂ। ਵਾਹਿਗੁਰੂ ਅਕਾਲ ਪੁਰਖ ਨੇ ਵੈਰੀਆਂ ਉੱਤੇ ਸਾਨੂੰ ਵਿਜੈ

www.sikhbookclub.com

ਬਖ਼ਸ਼ੀ ਹੈ ਪਰ ਕੀਨੇ ਦੀ ਅੱਗ ਹੋਰ ਭੜਕ ਉੱਠੀ। ਸਰਹੰਦ ਦੇ ਨਿਰਦਈ ਹਾਕਮ ਨੂੰ ਨਾ ਰੱਬ ਦਾ ਖ਼ੌਫ਼, ਨਾ ਕਿਸੇ ਦੀ ਲੱਜਿਆ ਤੇ ਨਾ ਹੀ ਬਾਦਸ਼ਾਹ ਦੀ ਪ੍ਰਵਾਹ ਸੀ। ਉਸ ਨੇ ਦੋਵਾਂ ਬੱਚਿਆਂ ਨੂੰ ਪੱਕੀਆਂ ਇੱਟਾਂ ਦੀ ਕੰਧ ਵਿਚ ਚਿਣਵਾ ਦਿੱਤਾ। ਦੋਵੇਂ ਬੱਚੇ ਵੀ ਆਪੂੰ ਭੇਜੇ। (ਚਮਕੌਰ ਦੀ ਗੜ੍ਹੀ ਵਿਚ) ਅਸੀਂ ਇਕੱਲਿਆਂ ਰਹਿ ਗਏ। ਅਸੀਂ ਵੀ ਬਾਹਰ ਆਏ ਤੇ ਜਾਨ ਵਾਰਨ ਲਈ ਤੁਲ ਪਏ ਪਰ ਸਾਡਾ ਸਮਾਂ ਅਜੇ ਨਹੀਂ ਸੀ ਪੁੱਜਾ। ਇਸ ਲਈ ਕਿਸੇ ਦੀ ਕੀ ਮਜਾਲ ਸੀ ਕਿ ਸਾਡਾ ਵਾਲ ਵੀ ਵਿੰਗਾ ਕਰਦਾ, ਵੈਰੀ ਸਾਡੇ ਸਾਹਮਣਿਓਂ ਇਸ ਤਰ੍ਹਾਂ ਨੱਠੇ ਜਿਵੇਂ ਭੇਡ ਸ਼ੇਰ ਸਾਹਮਣਿਓਂ ਨੱਠਦੀ ਹੈ। ਸਰਹੰਦ ਦੀਆਂ ਫ਼ੌਜਾਂ ਨੇ ਪਿੱਛਾ ਕੀਤਾ ਪਰ ਸਾਡੇ ਇਕ ਹੱਲੇ ਅੱਗੇ ਵੀ ਨਾ ਟਿਕ ਸਕੇ। ਪੁੱਤਰ ਤੇ ਸਰਬੰਸ ਵਾਰਿਆ ਹੈ। ਬਿਨਾਂ ਅਕਾਲ ਪੁਰਖ ਦੇ ਸਾਨੂੰ ਕਿਸੇ ਤੋਂ ਕੋਈ ਭੈਅ ਨਹੀਂ ਪਰ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਡੁਲ੍ਹੇ ਲਹੂ ਦਾ ਇਕ ਕਤਰਾ ਵੀ ਵਿਅਰਥ ਨਹੀਂ ਜਾਵੇਗਾ।"

"ਜੋ ਬੀਤੀ ਹੈ ਅਨਿਆਇ ਹੈ। ਜਿਸ ਦਿਨ ਸੱਚੇ ਪਾਤਸ਼ਾਹ ਦੀ ਦਰਗਾਹ ਵਿਚ ਪੇਸ਼ੀ ਹੋਵੇਗੀ ਤੁਹਾਨੂੰ ਇਸ ਦਾ ਜੁਆਬ ਦੇਣਾ ਪਵੇਗਾ। ਉਸ ਸਮੇਂ ਤੁਸੀਂ ਕੀ ਮੂੰਹ ਦਿਓਗੇ ? ਸਾਨੂੰ ਤੁਹਾਡੇ ਪਾਸ ਆਉਣ ਵਿਚ ਕੋਈ ਇਨਕਾਰ ਨਹੀਂ ਪਰ ਨਵੀਂ ਚਿੱਠੀ ਦੀ ਉਡੀਕ ਜ਼ਰੂਰ ਕਰਾਂਗੇ।" ਸ਼ਾਹੀ ਅਹਿਲਕਾਰਾਂ ਨੂੰ ਗੁਰੂ ਜੀ ਨੇ ਤੋਹਫ਼ੇ ਦਿੱਤੇ।

ਬੀਰ-ਪਰੰਪਰਾ ਦੇ ਵਿਕਾਸ ਵਿਚ ਜ਼ਫ਼ਰਨਾਮਾ ਇਕ ਉੱਘਾ ਮੀਲ ਪੱਥਰ ਹੈ। ਸ਼ਾਹਾਂ ਨਾਲ ਟਕਰਾਉਣ ਦੀ ਜ਼ੁਰਅੱਤ ਇਸੇ ਜ਼ਫ਼ਰਨਾਮੇ ਨੇ ਪੈਦਾ ਕੀਤੀ। ਜਦ ਔਰੰਗਜ਼ੇਬ ਨੇ ਇਹ ਜਾਣਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪਿਤਾ, ਪੁੱਤਰ ਤੇ ਪਿਆਰੇ ਗਵਾ ਕੇ ਈਨ ਮੰਨ ਲਵੇਗਾ ਤਾਂ ਉਸ ਸਮੇਂ ਜ਼ਫ਼ਰਨਾਮਾ ਲਿਖ ਕੇ ਗੁਰੂ ਜੀ ਨੇ ਬੀਰਤਾ ਦੇ ਨਵੇਂ ਪੂਰਨੇ ਪਾਏ। ਭਾਈ ਦਯਾ ਸਿੰਘ ਜੀ ਨੇ ਵੀ ਔਰੰਗਜ਼ੇਬ ਸਾਹਮਣੇ ਬੀਰਤਾ ਦੇ ਲਕਸ਼ ਦ੍ਰਿੜ੍ਹਾਏ, ਜਦ ਪੁੱਛਿਆ ਕਿ ਸੱਚਮੁੱਚ ਖ਼ਾਲਸਾ ਪੈਦਾ ਹੋ ਗਿਆ ਹੈ ਤਾਂ ਭਾਈ ਦਇਆ ਸਿੰਘ ਜੀ ਨੇ ਕਿਹਾ ਸੀ, 'ਹਾਂ ਪੈਦਾ ਹੋ ਗਿਆ ਹੈ।' ਔਰੰਗਜ਼ੇਬ ਦਾ ਰੰਗ ਪੀਲਾ ਪਿਆ ਸੀ। ਤਖ਼ਤਾਂ ਦੇ ਮਾਲਕਾਂ ਵਿਚ ਖ਼ਾਲਸੇ ਨੇ ਹਲਚਲ ਮਚਾ ਦਿੱਤੀ ਸੀ।

ਜ਼ਫ਼ਰਨਾਮੇ ਦਾ ਕਿਤਨਾ ਕੁ ਅਸਰ ਔਰੰਗਜ਼ੇਬ 'ਤੇ ਹੋਇਆ, ਉਸ ਦਾ ਪ੍ਰਮਾਣ ਉਸੇ ਦੇ ਲਿਖੇ ਸ਼ਿਕਸਤਨਾਮੇ ਤੋਂ ਪ੍ਰਗਟ ਹੁੰਦਾ ਹੈ ਜੋ ਉਸ ਨੇ ਆਪਣੇ ਬੇਟੇ ਆਦਮ ਨੂੰ ਲਿਖਿਆ। ਜਾਦੂਨਾਥ ਸਰਕਾਰ ਦੇ ਕਥਨ ਅਨੁਸਾਰ ਉਸ ਲਿਖਿਆ, "ਪਿਛਲੀ ਉਮਰ ਬੁਢਾਪੇ ਦੀ ਕਮਜ਼ੋਰੀ ਨੇ ਢਾਹ ਲਿਆ ਹੈ। ਮੇਰੇ ਅੰਗ ਤੇ ਨੈਣ ਸ਼ਕਤੀਹੀਣ ਹੋ ਗਏ ਹਨ। ਮੈਂ ਇਕੱਲਾ ਆਇਆ ਸਾਂ ਤੇ ਇਕੱਲਾ ਹੀ ਜਾ ਰਿਹਾ ਹਾਂ। ਮੈਨੂੰ ਇਤਨਾ ਵੀ ਗਿਆਨ ਨਹੀਂ ਕਿ ਮੈਂ ਕਉਨ ਹਾਂ, ਕੀ ਕਰਦਾ ਰਿਹਾ ਹਾਂ ਤੇ ਕਿਥੇ ਜਾਣਾ ਹੈ। ਜੋ ਸਮਾਂ ਮੈਂ ਬੰਦਗੀ ਤੋਂ ਬਿਨਾਂ ਗੁਜ਼ਾਰ ਲਿਆ ਹੈ, ਉਸ ਦਾ ਮੈਨੂੰ ਪਛਤਾਵਾ ਹੈ। ਮੈਂ ਆਪਣੇ ਰਾਜ ਵਿਚ ਚੰਗੀ ਹਕੂਮਤ ਨਹੀਂ ਕਰ ਸਕਿਆ ਤੇ ਨਾ ਹੀ ਲੋਕਾਂ ਦਾ ਪਿਆਰ ਜਿੱਤ ਸਕਿਆ ਹਾਂ। ਮੈਂ ਦੁਨੀਆਂ ਵਿਚ ਖ਼ਾਲੀ ਹੱਥੀਂ ਆਇਆ ਸਾਂ ਪਰ ਜਾਂਦੀ ਵਾਰੀ ਪਾਪਾ ਦਾ ਭਾਰ ਨਾਲ ਲੈ ਕੇ ਜਾ ਰਿਹਾ ਹਾਂ। ਪਤਾ ਨਹੀਂ ਕਿ ਕੀਤੇ ਗੁਨਾਹਾਂ ਬਦਲੇ ਮੈਨੂੰ ਕਿਤਨੀ ਕੁ ਸਜ਼ਾ ਮਿਲੇਗੀ।

(1/1995)

www.sikhbookclub.com

ਜ਼ਫ਼ਰਨਾਮਾ ਤੇ ਚਮਕੌਰ ਸਾਹਿਬ ਦਾ ਯੁੱਧ

'ਜ਼ਫ਼ਰਨਾਮਾ' ਫ਼ਾਰਸੀ ਦੇ ਉਸ ਪੱਤਰ ਦਾ ਨਾਂ ਹੈ ਜਿਹੜਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1705 ਈਸਵੀ ਵਿਚ ਪਿੰਡ ਦੀਨੇ ਜ਼ਿਲ੍ਹਾ ਫਿਰੋਜ਼ਪੁਰ (ਮੋਗਾ) ਤੋਂ ਔਰੰਗਜ਼ੇਬ ਨੂੰ ਲਿਖਿਆ ਸੀ। ਇਹ ਚਿੱਠੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿੜ੍ਹਤਾ ਦੇ ਨਿਰਭੈਤਾ ਦੀ ਮੂੰਹ ਬੋਲਦੀ ਤਸਵੀਰ ਹੈ। ਜ਼ਫ਼ਰਨਾਮੇ ਦਾ ਹਰ ਸ਼ਬਦ ਚੜ੍ਹਦੀ ਕਲਾ ਦਾ ਸੂਚਕ ਹੈ। ਗੁਰੂ ਸਾਹਿਬ ਨੇ ਕਿਵੇਂ ਵੰਗਾਰ ਕੇ ਔਰੰਗਜ਼ੇਬ ਨੂੰ ਕਿਹਾ ਹੈ ਕਿ ਜੇਕਰ ਤੈਨੂੰ ਲਸ਼ਕਰ ਤੇ ਦੌਲਤ ਉੱਤੇ ਮਾਨ ਹੈ ਤਾਂ ਮੇਰਾ ਧਿਆਨ ਉਸ ਸਰਬ ਸ਼ਕਤੀਮਾਨ ਅਕਾਲ ਪੁਰਖ ਵੱਲ ਹੈ। ਕਿੰਨਾ ਭਰੋਸਾ ਤੇ ਸਿਦਕ ਹੈ :

ਤੁਰਾ ਗੁਰ ਨਜ਼ਰ ਹਸਤ ਲਸ਼ਕਰ ਵ ਜ਼ਰ ॥
ਕਿ ਮਾਰਾ ਨਿਗਹ ਅਸਤੁ ਯਜ਼ਦਾਂ ਸ਼ੁਕਰ ॥੧੦੫॥
ਕਿ ਊ ਰਾ ਗ਼ਰੂਰ ਅਸਤ ਬਰ ਮੁਲਕੁ ਮਾਲ ॥
ਵ ਮਾਰਾ ਪਨਾਹ ਅਸਤੁ ਯਜ਼ਦਾਂ ਅਕਾਲ ॥੧੦੬॥

ਗੁਰੂ ਸਾਹਿਬ ਨੂੰ ਕਿੰਨਾ ਵਿਸ਼ਵਾਸ ਹੈ ਅਕਾਲ ਪੁਰਖ 'ਤੇ ਕਿ ਉਹ ਅਨੰਦਪੁਰ ਸਾਹਿਬ ਦੀ ਬਰਬਾਦੀ, ਚਮਕੌਰ ਸਾਹਿਬ ਤੇ ਸਰਹੰਦ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ 'ਤੇ ਵੀ ਉਹ ਸਬਰ ਸ਼ੁਕਰ ਕਰਦੇ ਹਨ ਤੇ ਖਾਲਸੇ ਦੀਆਂ ਚੜ੍ਹਦੀਆਂ ਕਲਾਂ ਵਿਚ ਯਕੀਨ ਰੱਖਦੇ ਹਨ। ਆਪ ਫ਼ੁਰਮਾਉਂਦੇ ਹਨ, "ਕੀ ਹੋਇਆ ਜੇਕਰ ਮੇਰੇ ਚਾਰ ਮਾਸੂਮ ਬੱਚੇ ਸ਼ਹੀਦ ਹੋ ਗਏ, ਭੁਝੰਗੀ ਖਾਲਸਾ ਸਦਾ ਲਈ ਵਧੇ ਫੁਲੇਗਾ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥੭੮॥

ਸਿੱਖਾਂ ਦੇ ਫ਼ੌਜੀ ਇਤਿਹਾਸ ਵਿਚ ਚਮਕੌਰ ਸਾਹਿਬ ਦੀ ਜੰਗ ਸਦਾ ਚਾਨਣ-ਮੁਨਾਰੇ ਦਾ ਕੰਮ ਦੇਵੇਗੀ। ਇਸ ਲੜਾਈ ਵਿਚ ਕੇਵਲ ਚਾਲੀ ਸਿੱਖਾਂ ਨੇ ਹਜ਼ਾਰਾਂ ਦਾ ਟਾਕਰਾ ਕੀਤਾ। ਇਸ ਲੜਾਈ ਨੇ ਗੁਰੂ ਸਾਹਿਬ ਦੀ ਇਸ ਕਹਾਵਤ ਨੂੰ ਸਿੱਧ ਕੀਤਾ :

ਸਵਾ ਲਾਖ ਸੇ ਏਕ ਲੜਾਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ॥

ਚਮਕੌਰ ਸਾਹਿਬ ਦੀ ਲੜਾਈ ਨੂੰ ਚੇਤੇ ਰੱਖਦਿਆਂ ਹੋਇਆਂ ਭਾਰਤ ਦੇ ਨਵੀਨ ਇਤਿਹਾਸ ਵਿਚ ਸਿੱਖ ਫ਼ੌਜੀਆਂ ਨੇ ਥੋੜੇ ਹੁੰਦਿਆਂ ਹੋਇਆਂ ਵੀ ਵੱਡੇ ਵੱਡੇ ਕੰਮ ਕੀਤੇ ਹਨ ਤੇ ਆਪਣੇ ਤੋਂ ਬਹੁਤ ਵੱਧ ਗਿਣਤੀ ਵਿਚ ਦੁਸ਼ਮਣ ਨੂੰ ਭਾਂਜ ਦਿੱਤੀ ਹੈ। ਚਮਕੌਰ ਸਾਹਿਬ ਦੀ ਲੜਾਈ ਦਾ ਹਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿਚ ਅੰਕਿਤ ਕੀਤਾ ਹੈ, ਕਿਵੇਂ ਚਮਕੌਰ ਸਾਹਿਬ ਦੀ ਛੋਟੀ ਜਿਹੀ ਗੜ੍ਹੀ 'ਤੇ ਹਜ਼ਾਰਾਂ ਫ਼ੌਜੀਆਂ ਨੇ ਹਮਲਾ ਕੀਤਾ :

www.sikhbookclub.com

ਬਰੰਗੇ ਮਗਸ ਸਜਾਹਪੋਸ਼ ਆਮਦੰਦ ॥
ਬ ਯਕ ਬਾਰਗੀ ਦਰ ਖ਼ਰੋਸ਼ ਆਮਦੰਦ ॥੨੬॥

ਤੇਰੀ ਸਿਆਹ-ਪੋਸ਼ ਫ਼ੌਜ ਮੱਖੀਆਂ ਵਾਂਗੂੰ ਆ ਪਈ ਤੇ ਸ਼ੋਰ ਮਚਾਉਂਦੀ ਇਕ ਦਮ ਟੁੱਟ ਪਈ।

ਹਰ ਆਂਕਸ ਜ਼ਿ ਦੀਵਾਰ ਆਮਦ ਬਿਰੂੰ ॥
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥੨੭॥

ਜੋ ਭੀ ਕੋਈ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ ਉਹ ਇਕੋ ਤੀਰ ਖਾ ਕੇ ਲਹੂ ਵਿਚ ਗ਼ਰਕ ਹੋ ਗਿਆ।

ਕਿ ਬੇਰੂੰ ਨਯਾਮਦ ਕਸੇ ਜ਼ਾਂ ਦਿਵਾਰ ॥
ਨ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼ੁਆਰ ॥੨੮॥

ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖੁਆਰ ਹੋਏ।

ਚੁ ਦੀਦਮ ਕਿ ਨਾਹਰ ਬਿਯਾਮਦ ਬ ਜੰਗ ॥
ਚਸ਼ੀਦਹ ਯਕੇ ਤੀਰਿ ਮਨ ਬੇਦਰੰਗ ॥੨੯॥

ਜਦ ਮੈਂ ਮਲੇਰਕੋਟਲੇ ਦੇ ਪਠਾਨ ਨਾਹਰ ਖਾਂ ਨੂੰ ਮੈਦਾਨੇ ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫ਼ੌਰਨ ਮੇਰੇ ਤੀਰ ਦਾ ਸੁਆਦ ਚਖਿਆ ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢਹਿ-ਢੇਰੀ ਹੋ ਗਿਆ।

ਹਮਾਖ਼ਰ ਗੁਰੇਜ਼ਦ ਬਜਾਏ ਮਸਾਫ਼ ॥
ਬਸੇ ਖ਼ਾਨਹ ਖ਼ੁਰਦੰਦ ਬੇਰੂੰ ਗਜ਼ਾਫ਼ ॥੩੦॥

ਅਖੀਰ ਉਹ ਪਠਾਨ ਜੋ ਬਾਹਰ ਖੜੋਤੇ ਸ਼ੇਖੀਆਂ ਪਏ ਮਾਰਦੇ ਸਨ ਰਣਭੂਮੀ ਤੋਂ ਭੱਜ ਗਏ।

ਕਿ ਅਫ਼ਗਨ ਦੀਗਰ ਬਯਾਮਦ ਬਜੰਗ ॥
ਚੁ ਸੈਲੇ ਰਵਾਂ ਹਮ ਚੁ ਤੀਰੋ ਤੁਫ਼ੰਗ ॥੩੧॥

ਇਸ ਪਿਛੋਂ ਇਕ ਹੋਰ ਪਠਾਨ ਤੇਜ਼ ਹੜ੍ਹ ਵਾਂਗ ਤੁਫੰਗ (ਭਾਵ ਬੰਦੂਕ ਦੀ ਗੋਲੀ) ਵਾਂਗ ਲੜਨ ਲਈ ਆਇਆ।

ਬਸੇ ਹਮਲਹ ਕਰਦੰਦ ਬ ਮਰਦਾਨਗੀ ॥
ਹਮ ਅਜ਼ ਹੋਸ਼ਗੀ ਹਮ ਜ਼ਿ ਦੇਵਾਨਗੀ ॥੩੨॥

ਉਸ ਨੇ ਬਹਾਦਰੀ ਨਾਲ ਬਹੁਤ ਸਾਰੇ ਹਮਲੇ ਕੀਤੇ। ਕੁਝ ਸੂਝ ਬੂਝ ਨਾਲ ਕੀਤੇ, ਕੁਝ ਬੇ-ਸਮਝੀ ਵਿਚ ਕੀਤੇ।

ਬਸੇ ਹਮਲਹ ਕਰਦੋ ਬਸੇ ਜ਼ਖ਼ਮ ਖ਼ੁਰਦ ॥
ਦੂ ਕਸ ਰਾ ਸਖ਼ਾਂ ਕੁਸ਼ਤ ਹਮ ਜਾਂ ਸਪੁਰਦ ॥੩੩॥

ਉਸ ਨੇ ਕਈ ਹੱਲੇ ਕੀਤੇ ਅਤੇ ਖ਼ੁਦ ਵੀ ਬਹੁਤ ਸਾਰੇ ਫੱਟ ਖਾਧੇ। ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਆਖਰ ਆਪ ਵੀ ਆਪਣੀ ਜਾਨ ਦੇ ਗਿਆ।

www.sikhbookclub.com

ਕਿ ਆਂ ਖ੍ਵਾਜਹ ਮਰਦੂਦ ਸਾਯਰ ਦਿਵਾਰ ॥
ਨਯਾਮਦ ਬ ਮੈਦਾਂ ਬ ਮਰਦਾਨ ਵਾਰ ॥੩੪॥

ਉਹ ਮਰਦੂਦ ਖਵਾਜਾ ਜ਼ਫ਼ਰ ਬੇਗ ਦੀਵਾਰ ਦੀ ਓਟ ਹੇਠ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿਚ ਨਹੀਂ ਆਇਆ।

ਦਰੇਗਾ ਅਗਰ ਰੂਇ ਓ ਦੀਦਮੇ ॥
ਬ ਯਕ ਤੀਰ ਲਾਚਾਰ ਬਖਸ਼ੀਦਮੇ ॥੩੫॥

ਜੇਕਰ ਮੈਂ ਉਸ ਦਾ ਚਿਹਰਾ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖਸ਼ ਦਿੰਦਾ ਭਾਵ ਉਸ ਨੂੰ ਪਾਰ ਬੁਲਾਉਂਦਾ।

ਹਮਾਖ਼ਰ ਬਸੇ ਜ਼ਖ਼ਮਿ ਤੀਰੋ ਤੁਫੰਗ ॥
ਦੋ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ ॥੩੬॥

ਆਖਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ ਖਾ ਥੋੜੇ ਚਿਰ ਵਿਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ।

ਬਸੇ ਬਾਰ ਬਾਰੀਦ ਤੀਰੋ ਤੁਫੰਗ ॥
ਜ਼ਿਮੀ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ ॥੩੭॥

ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲਾਂ ਵਾਂਗ ਲਾਲੋ ਲਾਲ ਹੋ ਗਈ।

ਸਰੋਪਾਇ ਅੰਬੋਹ ਚੰਦਾਂ ਸ਼ੁਦਹ ॥
ਕਿ ਮੈਦਾਂ ਪੁਰ ਅਜ਼ ਗੂਓ ਚੌਗਾਂ ਸ਼ੁਦਹ ॥੩੮॥

ਮਾਰੇ ਗਏ ਬੰਦਿਆਂ ਦੇ ਸਿਰ ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ। ਭਾਵ ਰਣ-ਭੂਮੀ ਵਿਚ ਸਿਰ ਖਿੱਦੂਆਂ ਵਾਂਗ ਅਤੇ ਲੱਤਾਂ ਬਾਹਾਂ ਖੂੰਡੀਆਂ ਵਾਂਗ ਖਿਲਰੀਆਂ ਪਈਆਂ ਸਨ।

ਤਰੰਕਾਰਿ ਤੀਰੋ ਤਰੰਗਿ ਕਮਾਂ ॥
ਬਰਾਂਮਦ ਯਕੇ ਹਾਓ ਹੂ ਅਜ਼ ਜਹਾਂ ॥੩੯॥

ਤੀਰਾਂ ਤੇ ਕਮਾਨਾਂ ਦੀਆਂ ਟੁਣਕਾਰਾਂ ਨਾਲ ਲੋਕਾਂ ਵਿਚ ਚੀਕ ਚਿਹਾੜਾ ਪੈ ਗਿਆ।

ਦਿਗਰ ਸ਼ੋਰਸ਼ਿ ਕੈਬਰਿ ਕੀਨਹ ਕੋਸ਼ ॥
ਜ਼ਿ ਮਰਦਾਨਿ ਮਰਦਾਂ ਬਿਰੂੰ ਰਫ਼ਤ ਹੋਸ਼ ॥੪੦॥

ਇਸ ਪਿਛੋਂ ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜਬੜ ਮਚਾ ਦਿੱਤੀ ਕਿ ਵੱਡੇ ਵੱਡੇ ਸੂਰਮਿਆਂ ਦੀ ਵੀ ਹੋਸ਼ ਗੁੰਮ ਹੋ ਗਏ।

ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ ॥
ਕਿ ਬਰ ਚਿਹਲ ਤਨ ਆਯਦਸ਼ ਬੇ ਸ਼ੁਮਾਰ ॥੪੧॥

www.sikhbookclub.com

ਆਖਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ ਜੇਕਰ ਚਾਲੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ।

ਚਰਾਗਿ ਜਹਾਂਚੂੰ ਸ਼ੁਦਹ ਬੁਰਕਹ ਪੋਸ਼ ॥
ਸ਼ਹੇ ਸਬ ਬਰਾਂਮਦ ਹਮਹ ਜਲਵਹ ਜੋਸ਼ ॥੪੨॥

ਜਿਸ ਵੇਲੇ ਸੰਸਾਰ ਦਾ ਦੀਵਾ ਸੂਰਜ ਡੁੱਬ ਗਿਆ ਤਾਂ ਰਾਤ ਦਾ ਬਾਦਸ਼ਾਹ ਚੰਦਰਮਾਂ ਪੂਰੀ ਸਜ ਧਜ ਨਾਲ ਨਿਕਲ ਆਇਆ।

ਹਰ ਆਂਕਸ ਬਕਉਲੇ ਕਰਾਂ ਆਯਦਸ਼ ॥
ਕਿ ਯਜ਼ਦਾਂ ਬਰੋ ਰਹਿਨੁਮਾ ਆਯਦਸ਼ ॥੪੩॥

ਜੋ ਕੋਈ ਕੁਰਾਨ ਦੀ ਸਹੁੰ ਉੱਤੇ ਭਰੋਸਾ ਕਰੇ ਪਰਮਾਤਮਾ ਉਸ ਨੂੰ ਰਸਤਾ ਵਿਖਾਉਂਦਾ ਹੈ।

ਨ ਪੇਚੀਦਹ ਮੂਏ ਨ ਰੰਜੀਦਹ ਤਨ ॥
ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਸ਼ਿਕਨ ॥੪੪॥

ਨਾ ਅਸਾਡਾ ਰਤਾ ਵਾਲ ਵਿੰਗਾ ਹੋਇਆ ਤੇ ਨਾ ਸਾਡੇ ਸਰੀਰ ਨੂੰ ਕੋਈ ਖੇਦ ਪਹੁੰਚਿਆ ਕਿਉਂਕਿ ਸ਼ਤਰੂ-ਹਰਤਾ ਪਰਮੇਸ਼ਰ ਨੇ ਆਪ ਸਾਨੂੰ ਮੁਸੀਬਤਾਂ ਵਿਚੋਂ ਕੱਢ ਲਿਆ।

ਚਮਕੌਰ ਸਾਹਿਬ ਦੇ ਯੁੱਧ ਦਾ ਇਸ ਤੋਂ ਚੰਗੇਰਾ ਚਿੱਤਰ ਕਿਸੇ ਥਾਂ 'ਤੇ ਨਹੀਂ ਲੱਭਦਾ। ਜਿਵੇਂ ਗੁਰੂ ਸਾਹਿਬ ਨੇ ਭੰਗਾਣੀ ਦੇ ਯੁੱਧ ਦਾ ਵਰਣਨ ਬਚਿਤ੍ਰ ਨਾਟਕ ਵਿਚ ਕੀਤਾ ਹੈ ਤੇ ਉਸ ਨੂੰ ਪੜ੍ਹਿਆਂ ਇਉਂ ਜਾਪਦਾ ਹੈ ਕਿ ਜਿਵੇਂ ਲੜਾਈ ਦੇ ਵੱਖ-ਵੱਖ ਸੀਨ ਸਾਡੀਆਂ ਅੱਖਾਂ ਸਾਹਮਣੇ ਆ ਰਹੇ ਹਨ। ਇਸ ਤਰ੍ਹਾਂ ਜ਼ਫ਼ਰਨਾਮੇ ਵਿਚ ਗੁਰੂ ਸਾਹਿਬ ਨੇ ਚਮਕੌਰ ਸਾਹਿਬ ਦੀ ਲੜਾਈ ਦਾ ਨਕਸ਼ਾ ਖਿਚਿਆ ਹੈ। ਹਰ ਦ੍ਰਿਸ਼ ਵਾਰੀ ਵਾਰੀ ਸਾਹਮਣੇ ਆ ਜਾਂਦਾ ਹੈ।

ਸਿੱਖਾਂ ਦੀ ਬਹਾਦਰੀ ਤੇ ਸੂਰਮਗਤੀ ਦੀ ਸਰੋਤ ਚਮਕੌਰ ਸਾਹਿਬ ਦੀ ਲੜਾਈ ਰਹੀ ਹੈ ਤੇ ਆਉਣ ਵਾਲੇ ਸਮੇਂ ਵਿਚ ਵੀ ਇਹ ਉਤਸ਼ਾਹ-ਜਨਕ ਰਹੇਗੀ।

(12/1976)

www.sikhbookclub.com

ਸ੍ਰੀ ਸ਼ਸਤ੍ਰ ਨਾਮ ਮਾਲਾ

ਸ੍ਰੀ ਸ਼ਸਤ੍ਰ ਨਾਮ ਮਾਲਾ, ਸ੍ਰੀ ਦਸਮ ਗ੍ਰੰਥ ਦੀ ਇਕ ਪ੍ਰਸਿਧ ਕਾਵਿ ਗੁਣ ਸੰਪੰਨ ਤੇ ਬੀਰ ਰਸੀ ਬਾਨੀ ਹੈ। ਬਾਣੀ ਦੇ ਆਦਿ ਵਿਚ ਲਿਖਿਆ ਹੈ :

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥
ਅਥ ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖ੍ਯਤੇ ॥
ਸ੍ਰੀ ਭਗਉਤੀ ਜੀ ਸਹਾਇ ॥ ਪਾਤਿਸ਼ਾਹੀ ੧੦॥

ਇਸ ਤੋਂ ਅੱਗੇ ੨੭ ਦੋਹਰੇ ਹਨ, ਜਿਨ੍ਹਾਂ ਵਿਚ ਸ਼ਸਤਰਾਂ ਦੇ ਅਨੇਕਾਂ ਨਾਮ ਲਿਖੇ ਹੋਏ ਹਨ। ਇਸ ਅਧਿਆਇ ਦੇ ਅੰਤਲੇ ਸ਼ਬਦ ਇਹ ਹਨ :

ਇਤਿ ਸ੍ਰੀ ਨਾਮ ਮਾਲਾ ਪੁਰਾਣੇ ਸ੍ਰੀ ਭਗਉਤੀ ਜੀ ਉਸਤਤ ਪ੍ਰਿਥਮ ਧਿਯਾਇ ਸਮਾਪਤ/ ਮਸਤਸੁਭਮਸਤ ॥੭॥

ਦੂਜੇ ਅਧਿਆਇ ਵਿਚ ਚਕ੍ਰ, ਤੀਜੇ ਵਿਚ ਬਾਨ, ਚੌਥੇ ਵਿਚ ਪਾਸ ਤੇ ਫੇਰ ਤੁਪਕ ਆਦਿ ਸ਼ਸਤਰਾਂ ਦੀ ਨਾਮਾਵਲੀ ਦਿੱਤੀ ਹੋਈ ਹੈ। ਸਾਰੀ ਬਾਨੀ ੧੩੧੯ ਛੰਦਾਂ ਵਿਚ ਸਮਾਈ ਹੋਈ ਹੈ ਜਿਨ੍ਹਾਂ ਵਿਚੋਂ ਬਹੁਤਾ ਹਿੱਸਾ ਦੋਹਰਾ ਛੰਦ ਵਿਚ ਵਰਨਣ ਹੈ। ਅੜਿੱਲ ਤੇ ਚੌਪਈ ਛੰਦਾਂ ਤੋਂ ਛੁੱਟ ਕੁਝ ਥਾਈਂ ਇਕ ਹੋਰ ਛੰਦ ਵਰਤਿਆ ਗਿਆ ਹੈ, ਜਿਸ ਨੂੰ ਛੰਦ ਜਾਂ ਰੂਆਲ ਛੰਦ ਲਿਖਿਆ ਹੈ। ਇਸ ਤੁਕ ਦੀਆਂ ਮਾਤਰਾਂ ਦੀ ਗਿਣਤੀ 12 ਜਾਂ 13 ਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ਼ਾਸਤਰ ਤੇ ਸ਼ਸਤਰ ਦੋਹਾਂ ਦੇ ਪੁਜਾਰੀ ਸਨ। ਸ਼ਾਸਤਰਾਂ ਵਿਚੋਂ ਆਪ ਭਗਤੀ ਤੇ ਗਿਆਨ ਦੇ ਭੰਡਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਭ ਤੋਂ ਸ਼੍ਰੋਮਣੀ ਮੰਨਦੇ ਸਨ ਅਤੇ ਅੰਤ ਵਿਚ ਇਸੇ ਸ਼ਾਸਤਰ ਨੂੰ ਆਪਣੀ ਥਾਂ ਗੁਰਗੱਦੀ ਉੱਤੇ ਵਿਦਮਾਨ ਕਰ ਗਏ।

ਆਪ ਦੀ ਸ਼ਸਤਰ-ਪੂਜਾ, ਅਕਾਲ ਪੂਜਾ ਤੱਕ ਪੁੱਜੀ ਹੋਈ ਸੀ। ਆਪ ਨੇ ਸਰਬ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਨੂੰ ਇਨ੍ਹਾਂ ਸ਼ਸਤਰਾਂ ਰਾਹੀਂ ਤੱਕਿਆ ਅਤੇ ਆਪ ਵਾਸਤੇ ਇਹ ਸਾਰੇ ਸ਼ਸਤਰ ਪਰਮਾਤਮਾ ਰੂਪ ਹੋ ਨਿਬੜੇ। ਸਤਿਗੁਰੂ ਜੀ ਸ਼ਕਤੀ ਦਾਤੇ ਸ਼ਸਤਰਾਂ ਦੀ ਪੂਜਾ ਵੀ ਆਪਣੇ ਇਸ਼ਟ ਸਮਾਨ ਕੀਤਾ ਕਰਦੇ ਸਨ। ਸ਼ਸਤਰਾਂ ਦੀ ਸੇਵਾ-ਸੰਭਾਲ, ਸਤਿਕਾਰ ਕਰਨਾ, ਧੂਪ ਦੇਣੀ, ਸ਼ਰਧਾ ਸਹਿਤ ਦਰਸ਼ਨ ਕਰਨੇ-ਕਰਾਉਣੇ ਤੇ ਇਨ੍ਹਾਂ ਨੂੰ ਪਿਆਰ ਤੇ ਨਿਮਰਤਾ ਸਹਿਤ ਨਮਸਕਾਰ ਕਰਨੀ ਆਪ ਜੀ ਦਾ ਮੂਲ ਕਰਤੱਵ ਸੀ। ਗੁਰੂ ਜੀ ਦਾ ਫ਼ੁਰਮਾਨ ਹੈ :

ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥
ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥੯੧॥ *(ਬਚਿਤ੍ਰ ਨਾਟਕ, ਅਧਿ: ੧)*

www.sikhbookclub.com

ਬਚਿਤ੍ਰ ਨਾਟਕ ਗ੍ਰੰਥ ਦੀ ਨਿਰਵਿਘਨ ਸਮਾਪਤੀ ਲਈ ਆਪ ਬਾਣੀ ਸ਼ੁਰੂ ਕਰਨ ਲਗਿਆਂ ਬੇਨਤੀ ਕਰਦੇ ਹਨ ਕਿ :

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ ॥

(ਬਚਿਤ੍ਰ ਨਾਟਕ, ਅਧਿ: ੧)

ਸ੍ਰੀ ਦਸਮੇਸ਼ ਜੀ, ਬ੍ਰਹਮ ਦੇ ਰੌਦਰ ਰੂਪ ਦੁਰਗਾ, ਭਗਵਤੀ, ਸ਼ਕਤੀ, ਕਾਲ ਜਾਂ ਮਹਾਂ ਕਾਲ ਦਾ ਪ੍ਰਗਟ ਰੂਪ ਤਲਵਾਰ ਨੂੰ ਹੀ ਮੰਨਦੇ ਸਨ। ਆਪ ਬਚਿਤ੍ਰ ਨਾਟਕ ਦੇ ਦੂਜੇ ਛੰਦ ਤ੍ਰਿਭੰਗੀ ਵਿਚ ਤਲਵਾਰ ਦੀ ਉਮਪਾ ਹੇਠ ਲਿਖੇ ਸ਼ਬਦਾਂ ਵਿਚ ਕਰ ਕੇ ਇਸ ਦੀ ਜੈ ਜੈਕਾਰ ਕਰਦੇ ਹਨ :

ਖਗ ਖੰਡ ਬਿਹੰਡੰ ਖਲ ਦਲ ਖੰਡੰ
ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ ॥੨॥

(ਉਹੀ)

ਸ੍ਰੀ ਕਲਗੀਧਰ ਜੀ ਮਹਾਂ ਕਾਲ ਦਾ ਰੌਦਰ ਰੂਪ ਪੂਰਨ ਸ਼ਸਤ੍ਰਧਾਰੀ ਤੇ ਮਹਾਂ ਤੇਜਵਾਨ ਬਿਆਨ ਕਰਦੇ ਹਨ :

ਕਰੰ ਬਾਮ ਚਾਪਿਯੰ ਕ੍ਰਿਪਾਣੰ ਕਰਾਲੰ ॥
ਮਹਾ ਤੇਜ ਤੇਜੰ ਬਿਰਾਜੈ ਬਿਸਾਲੰ ॥
ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ ॥
ਜਿਨੈ ਚਰਬੀਯੰ ਜੀਵ ਜੱਗਯੰ ਹਜਾਰੰ ॥੧੮॥

(ਉਹੀ)

ਫੇਰ ਆਪ ਮਹਾਂ ਕਾਲ ਜੀ ਦੀ ਉਸਤਤ ਕਰਦਿਆਂ ਹੋਇਆਂ ਇਸ ਨੂੰ ਖੜਗਧਾਰੀ ਤੇ ਰਜੋ ਸਤੋ ਤਮੋ ਤਿੰਨਾਂ ਗੁਣਾਂ ਵਿਚ ਵਰਤਣਹਾਰ ਪਰ ਨਿਰਵਿਕਾਰ ਦਰਸਾਉਂਦੇ ਹਨ:

ਨਮੋ ਦੇਵ ਦੇਵੰ ਨਮੋ ਖੜਗਧਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਰਾਜਸੰ ਸਾਤਕੰ ਤਾਮਸੇਅੰ ॥
ਨਮੋ ਨਿਰਬਿਕਾਰੰ ਨਮੋ ਨਿਰਜੁਰੇਅੰ ॥੮੫॥

(ਉਹੀ)

ਅਥਵਾ :

ਨਮੋ ਸਸਤ੍ਰ ਪਾਣੇ ॥
ਨਮੋ ਅਸਤ੍ਰ ਮਾਣੇ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਸਾਰੀ ਆਯੂ ਪੂਰਨ ਸ਼ਸਤਰਧਾਰੀ ਰਹੇ ਅਤੇ ਖ਼ਾਲਸੇ ਦੀ

www.sikhbookclub.com

ਸਾਜਣਾ ਕਰ ਕੇ ਸਿੰਘਾਂ ਨੂੰ ਵੀ ਸਦਾ ਸ਼ਸਤਰਧਾਰੀ ਰਹਿਣ ਦੀ ਆਗਿਆ ਕੀਤੀ। ਭਾਈ ਨੰਦ ਲਾਲ ਜੀ ਦੇ ਰਹਿਤਨਾਮੇ ਵਿਚ ਲਿਖਿਆ ਹੈ :

ਸ਼ਸਤ੍ਰ ਹੀਨ ਇਹ ਕਬਹੂੰ ਨ ਹੋਈ।
ਰਹਿਤਵੰਤ ਖਾਲਸ ਹੈ ਸੋਈ।

ਰਹਿਤਵਾਨ ਸ਼ਸਤਰਧਾਰੀ ਖ਼ਾਲਸੇ ਨੂੰ ਰਾਜ ਭਾਗ ਦਿਵਾਉਣ ਵਾਲੇ ਇਹ ਸ਼ਸਤਰ ਹੀ ਹਨ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਲਿਖਦੇ ਹਨ :

ਸ਼ਸਤ੍ਰਨ ਕੇ ਅਧੀਨ ਹੈ ਰਾਜ।
ਜੋ ਨਾ ਧਰਹਿ ਤਿਸ ਬਿਗਰਹਿ ਕਾਜ।

'ਪੰਥ ਪ੍ਰਕਾਸ਼' ਦੇ ਕਰਤਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਸ਼ਟ ਹੇਠ ਲਿਖੇ ਅਨੁਸਾਰ ਮੰਨੇ ਹਨ :

1. ਅਕਾਲ ਪੁਰਖ। 2. ਗੁਰੂ ਗ੍ਰੰਥ ਸਾਹਿਬ ਜੀ। 3. ਕਿਰਪਾਨ ਅਕਾਲ ਰੂਪ।

ਅਤੇ ਫੇਰ ਕਿਰਪਾਨ ਨੂੰ ਅਕਾਲ ਰੂਪ ਲਿਖਿਆ ਹੈ, ਜਿਵੇਂ

ਰੂਪ ਅਨੂਪ ਅਕਾਲ ਕੋ ਲਖ ਸਤਿਗੁਰ ਕਿਰਪਾਨ।
ਮਾਨਨ ਪੂਜਨ ਜੋਗ ਲਖ ਕੀਨੋ ਪੀਰ ਬਖਾਨ।

ਤਿੰਨ ਤਰ੍ਹਾਂ ਦੀ ਇਸ਼ਟ ਪੂਜਾ ਬਾਰੇ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

ਤਮ ਪ੍ਰਧਾਨ ਅੱਤ੍ਰੀਨ ਕੋ ਇਸ਼ਟ ਆਹਿ ਕਿਰਪਾਨ।
ਰਜ ਪ੍ਰਧਾਨ ਕਿਰਤੀਨ ਕੋ ਇਸ਼ਟ ਗ੍ਰੰਥ ਗੁਰੁ ਜਾਨ।
ਸਤ ਪ੍ਰਧਾਨ ਬ੍ਰਿਕਤਾਨ ਕੋ ਆਹਿ ਅਕਾਲ ਉਪਾਸਯ।
ਤਾਂਤੇ ਸਬਨ ਕਲਜ਼ਾਨ ਹਿਤ ਤ੍ਰੈ ਇਸ਼ਟ ਕਰੇ ਪ੍ਰਕਾਸ।
ਪਰਤੱਖ ਬਪੁ ਅਕਾਲ ਕੋ ਪਿਖੀਅਤ ਗ੍ਰੰਥ ਕ੍ਰਿਪਾਨ।
ਸੂਖਮ ਰੂਪ ਅਕਾਲ ਕੋ ਲਖਤ ਸੰਤ ਮਧ ਧਿਆਨ। (ਪੰਥ ਪ੍ਰਕਾਸ਼)

ਭਗਉਤੀ ਅਥਵਾ ਕਿਰਪਾਨ ਦਾ ਸਤੋਤ੍ਰ ਕਥਨ ਕਰਦਿਆਂ ਹੋਇਆਂ ਭੁਯੰਗ ਪ੍ਰਯਾਤ ਛੰਦ ਰਾਹੀਂ ਇਉਂ ਉਸਤਤ ਕੀਤੀ ਹੈ :

ਨਮੋ ਸ੍ਰੀ ਭਗੌਤੀ ਬਫੈਲ ਸਰੋਹੀ।
ਕਰੇ ਏਕ ਤੈ ਦ੍ਵੈ ਸੁਭਟ ਹਾਥ ਸੋਹੀ।
ਮਹਾਂ ਕਾਲ ਕੀ ਕਾਲਕਾ ਕਾਲ ਕ੍ਰੁਧੰ।
ਮਹਾਂ ਬਿਗ੍ਰਹੀ ਬ੍ਰਿਧਦਾ ਸਿਧ ਉਧੰ।
ਜਬੈ ਮਯਾਨ ਤੈ ਬੀਰ ਤੋ ਕੋ ਸੜਕੈ।
ਪ੍ਰਲੈ ਕਾਲ ਕੇ ਸਿੰਧ ਬਕੇ ਭੜੱਕੈ।
ਰੁਧਰ ਮੰਜਨੀ ਗੰਜਨੀ ਤੂੰ ਅਗੌਤੀ।
ਸਦਾ ਜੈ ਸਦਾ ਜੈ ਸਦਾ ਜੈ ਭਗੌਤੀ।
ਸਦਾ ਦਾਹਨੇ ਦਾਸ ਕੋ ਦਾਨ ਦੀਜੈ।

www.sikhbookclub.com

ਗੁਰੂ ਸਾਹ ਗੋਬਿੰਦ ਕੀ ਰੱਖ ਕੀਜੈ।

ਇਸ ਅਸਤੋਤ੍ਰ ਦਾ ਮੂਲ ਸੋਮਾ, ਕਵੀ ਜੀ ਉਸ ਦਸਮ ਗ੍ਰੰਥ ਨੂੰ ਦੱਸਦੇ ਹਨ, ਜਿਸ ਦੇ ਦਰਸ਼ਨ ਉਹਨਾਂ ਨੇ ਅਬਚਲ ਨਗਰ ਤੇ ਪਟਨੇ ਸਾਹਿਬ ਕੀਤੇ ਹਨ। ਆਪ ਲਿਖਦੇ ਹਨ:

ਇਹੁ ਅਸਤੋਤ੍ਰ ਗੁਰ ਦਸਮੇ ਸੈਂ।
ਲਿਖਯੋ ਵੀਚ ਨਿਚ ਗ੍ਰੰਥ ਬਸੇਸੈਂ।
ਅਬਚਲ ਨਗਰ ਸੁ ਪਟਨੇ ਪਿਖਯੋ।
ਸੱਤ੍ਰਾ ਸੈ ਬਵੰਜ ਮੈ ਲਿਖਯੋ।

ਸ੍ਰੀ ਗੁਰੂ ਜੀ ਦੀ ਸ਼ਸਤ੍ਰ ਪੂਜਾ ਦੀ ਫ਼ਿਲਾਸਫ਼ੀ ਕਿਸੇ ਡਰਾਉਣ-ਧਮਕਾਉਣ ਜਾਂ ਕਤਲ-ਗ਼ਾਰਤ ਉੱਤੇ ਨਿਰਭਰ ਨਹੀਂ ਸੀ, ਸਗੋਂ ਆਪ ਦੀ ਤੇਗ ਅਥਵਾ ਸ੍ਰੀ ਸਾਹਿਬ ਵਿਚੋਂ ਤੇ ਤੀਰਾਂ ਵਿਚੋਂ ਅੰਮ੍ਰਿਤ ਝਰਦਾ ਸੀ ਤੇ ਪਾਪੀ ਤੇ ਦੁਸ਼ਟ ਜੀਵਾਂ ਦਾ ਕਲਿਆਨ ਹੁੰਦਾ ਸੀ। ਆਪ ਦੇ ਸਾਰੇ ਸ਼ਸਤਰ ਦੀਨ ਦੁਖੀ, ਲਿਤਾੜੇ ਮੁਤਾੜੇ ਤੇ ਮਜ਼ਲੂਮਾਂ ਵਾਸਤੇ ਰੱਖਿਆ ਕਰਨ ਵਾਲੀ ਢਾਲ ਤੇ ਜ਼ਾਲਮਾਂ ਵਾਸਤੇ ਕਾਲ ਦਾ ਰੂਪ ਸਨ। ਆਪ ਸੰਸਾਰ ਉੱਤੇ ਸੱਚ, ਪਿਆਰ, ਏਕਤਾ, ਪਵਿੱਤਰਤਾ ਤੇ ਬਰਾਬਰਤਾ ਦਾ ਸੰਚਾਰ ਕਰਨਾ ਚਾਹੁੰਦੇ ਸਨ ਤੇ ਜਿਹੜਾ ਵੀ ਜਾਬਰ ਆਪ ਦੇ ਇਸ ਪਾਵਨ ਆਦਰਸ਼ ਦੀ ਪੂਰਤੀ ਦੇ ਰਸਤੇ ਵਿਚ ਰੋਕ ਬਣ ਕੇ ਅੜਦਾ ਸੀ, ਸੋ ਝੜਦਾ ਸੀ।

ਉਪਰੋਕਤ ਦ੍ਰਿਸ਼ਟਾਂਤਾਂ ਤੋਂ ਸਤਿਗੁਰੂ ਜੀ ਦੀ ਆਪਣੀ ਸ਼ਸਤਰ ਭਗਤੀ ਤੇ ਖਾਲਸੇ ਪ੍ਰਤੀ ਦਿੱਤੇ ਗਏ ਹੁਕਮ ਦਾ ਭਲੀ-ਭਾਂਤ ਗਿਆਨ ਹੋ ਜਾਂਦਾ ਹੈ। ਓਹਨਾਂ ਦੀ ਬਾਣੀ 'ਸ੍ਰੀ ਸ਼ਸਤ੍ਰ ਨਾਮ ਮਾਲਾ' ਦੇ ਆਰੰਭਕ ਦੋਹਰੇ ਇਸ ਪ੍ਰਕਾਰ ਹਨ:

ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਲਵਾਰ॥
ਸੱਤ੍ਰਾਂਤਕ ਕਵਚਾਂਤਿ ਕਰ ਕਰੀਐ ਰੱਛ ਹਮਾਰ॥੧॥
ਅਸ ਕ੍ਰਿਪਾਨ ਧਾਰਾਧਰੀ ਸੈਲ ਸੂਫ ਜਮਦਾਢ॥
ਕਵਚਾਂਤਕ ਸੱਤ੍ਰਾਂਤ ਕਰ, ਤੇਗ ਤੀਰ ਰਨਬਾਢ॥੨॥
ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥੩॥
ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਲਵਾਰ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ॥੪॥
ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ॥
ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ॥੫॥ *(ਸ੍ਰੀ ਸ਼ਸਤ੍ਰ ਨਾਮ ਮਾਲਾ)*

ਸ਼ਸਤਰਧਾਰੀ ਸਤਿਗੁਰੂ ਜੀ ਸ਼ਸਤਰਾਂ ਦੇ ਬੇਗਣਿਤ ਨਾਮ ਗਿਣਦਿਆਂ ਹੋਇਆਂ, ਉਹਨਾਂ ਦੀ ਉਪਮਾਂ ਕਰਦਿਆਂ ਹੋਇਆਂ ਤੇ ਉਹਨਾਂ ਨੂੰ ਪ੍ਰਮੇਸਰ ਰੂਪ ਦਰਸਾਂਦਿਆਂ ਹੋਇਆਂ ਕਾਵਿਕ ਗੁਣਾਂ, ਸ਼ਬਦ ਅਲੰਕਾਰਾਂ ਤੇ ਰਸ ਦਾ ਹੁਨਰ ਵੀ ਸੁਹਣੇ ਤਰੀਕੇ ਨਾਲ ਉਘਾੜਦੇ ਹਨ। ਇਕ ਦੋਹਰੇ ਵਿਚ ਆਪ ਵਲੋਂ ਕੀਤੀ ਗਈ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਕੈਸੀ ਆਭਾ ਓਜ ਭਰੀ ਹੈ:

ਖੱਤ੍ਰਿਯਾਂਕ ਖੇਲਤ ਖੜਗ ਖਗ ਖੰਡੋ ਖੱਤ੍ਰਿਆਰ॥
ਖੇਲਾਂਤਕ ਖਲ ਕੇਮਰੀ ਅਸਿ ਕੇ ਨਾਮ ਬਿਚਾਰ॥ *(ਉਹੀ)*

www.sikhbookclub.com

ਆਪ ਵਲੋਂ ਵਰਨਣ ਕੀਤੇ ਗਏ ਸ਼ਸਤ੍ਰਾਂ ਦੇ ਨਾਮਾਂ ਵਿਚੋਂ ਕੁਝ ਇਕ ਨਮੂਨੇ ਮਾਤਰ ਇਹ ਹਨ :

ਸਾਂਗ, ਸਰੋਹੀ, ਸੈਫ, ਅਸ, ਤੀਰ, ਤੁਪਕ, ਤਲਵਾਰ, ਕ੍ਰਿਪਾਨ, ਸੂਲ, ਜਮਦਾੜ, ਖੰਡਾ, ਖੜਗ, ਤੇਗ, ਤਬਰ, ਨਿਖੰਗ, ਬਾਣ, ਕਟਾਰੀ, ਸੇਲ, ਕਰਦ, ਸਿਪਰ, ਕਵਚ, ਬਿਛੂਓ, ਤੋਪ, ਬਾਂਕ, ਬੱਜੁ, ਗੁਰਜ, ਗਦਾ, ਤੁਫੰਗ, ਛੁਰੀ, ਖੰਜਰ, ਧਨੁਖ, ਖਤੰਗ, ਜਮਧਾਰ, ਸਿਪਰਾ, ਸ਼ਮਸ਼ੇਰ, ਭਗਵਤੀ, ਭਵਰਾ ਹਲਬਿ, ਜੁਨੱਬੀ, ਮਗ਼ਰਬੀ, ਮਿਸਰੀ, ਗਡੀਆ, ਭਸੜੀ, ਭੈਰਵੀ, ਭਾਲਾ, ਨੇਜਾ, ਬਰਛੀ, ਚਕ੍ਰ, ਸੁਦਰਸ਼ਨ ਚਕ੍ਰ, ਸਿਲੀਮੁਖ, ਸਰ, ਪਾਸ, ਬਿਬਾਨ, ਭਵਾਨੀ ਆਦਿ।

ਭਗਉਤੀ ਅਥਵਾ ਸ੍ਰੀ ਸਾਹਿਬ ਦੇ ਲੱਛਣ ਬਿਆਨ ਕਰਦਿਆਂ ਹੋਇਆਂ ਸ੍ਰੀ ਦਸਮੇਸ਼ ਜੀ ਲਿਖਦੇ ਹਨ :

ਪ੍ਰਗਟ ਚੰਡਕਾ ਖੰਡਕਾ ਦੁਸ਼ਟ ਦਮਨੀ ॥
ਡਰੈ ਦੁਸ਼ਟ ਦੋਖੀ ਇਹੈ ਜਵਾਲ ਬਮਨੀ॥
ਰਹੈ ਮਿਆਨ ਮਧੰ ਸਮੈ ਦੁਸ਼ਟ ਘਾਵੈ ॥
ਇਹੀ ਹੈ ਜਵਾਲਾ ਭਵਾਨੀ ਕਹਾਵੈ ॥

ਇਸੇ ਭਗਉਤੀ ਸ਼ਸਤ੍ਰ ਦੇ ਜੰਗ ਵਿਚ ਦਿਖਾਏ ਗਏ ਚਮਤਕਾਰਿਆਂ ਨੂੰ ਸ੍ਰੀ ਗੁਰੂ ਜੀ ਇਕ ਲਟਕ ਭਰੇ ਅਲੰਕ੍ਰਿਤ ਸਵੱਈਏ ਵਿਚ ਬਿਆਨਦੇ ਹਨ :

ਕੋਟਿਨ ਕੋਟ ਸੌ ਚੋਟ ਪਰੀ,
ਨਹਿ ਓਟ ਕਰੀ ਭਏ ਅੰਗ ਨ ਢੀਲੇ ॥
ਜੇ ਨਿਪਟੇ ਅਟਕੇ ਭਟਤੇ,
ਚਟਦੈ ਛਿਤ ਪੈ ਪਟਕੇ ਗਰਬੀਲੇ ॥
ਜੇ ਨ ਹਟੇ ਬਿਕਟੇ ਭਟ ਕਾਹੂ ਸੌ,
ਤੇ ਚਟਦੈ ਚਟਕੇ ਚਟਕੀਲੇ ॥
ਰੌਰ ਪਰੇ ਰਨ ਰਾਜਿਵ ਲੋਚਨ,
ਰੋਸ ਭਰੇ ਰਨ ਸਿੰਘ ਰਜੀਲੇ ॥ *(ਚਰਿਤ੍ਰੋਪਖਿਆਨ)*

ਭਾਰਤ ਵਾਸੀਆਂ ਵਿਚੋਂ ਮਰ ਚੁਕੀ ਬੀਰਤਾ ਤੇ ਸੌਰਯ ਨੂੰ ਸੁਰਜੀਤ ਕਰਨ ਲਈ ਜਿਥੇ ਸਤਿਗੁਰੂ ਜੀ ਨੇ ਕਈ ਹੋਰ ਕੌਤਕ ਭਰਪੂਰ ਸਾਧਨ ਵਰਤੋਂ ਵਿਚ ਲਿਆਂਦੇ, ਉਥੇ ਉਨ੍ਹਾਂ ਨੇ ਭਾਂਤ ਭਾਂਤ ਦੇ ਸ਼ਸਤਰਾਂ ਤੋਂ ਆਮ ਜਨਤਾ ਨੂੰ ਜਾਣੂ ਕਰਾਉਣ ਲਈ 'ਸ੍ਰੀ ਸ਼ਸਤ੍ਰ ਨਾਮ ਮਾਲਾ' ਬਾਣੀ ਦਾ ਉਚਾਰਨ ਕੀਤਾ। ਸ਼ਸਤਰ, ਬੀਰਤਾ ਨੂੰ ਭਲੀ-ਭਾਂਤ ਪ੍ਰਗਟਾਉਣ ਤੇ ਬੀਰ-ਗੁਣਾਂ ਦਾ ਪੂਰਾ ਮੁੱਲ ਪੁਆਉਣ ਦਾ ਸਫਲ ਸਾਧਨ ਹਨ। ਸ਼ਸਤਰਾਂ ਦਾ ਪਿਆਰ ਤੇ ਸਤਿਕਾਰ, ਲੋਕਾਂ ਵਿਚ ਨਿਰਭੈਤਾ, ਨਿਡਰਤਾ, ਦਲੇਰੀ, ਹਿੰਮਤ, ਸਾਹਸ, ਸਵੈਮਾਨ ਤੇ ਆਪਾ ਵਾਰਨ ਦਾ ਜਜ਼ਬਾ ਪੈਦਾ ਕਰਦਾ ਹੈ। ਸੋ ਲੋੜ ਹੈ ਕਿ ਸ੍ਰੀ ਕਲਗੀਧਰ ਜੀ ਦਾ ਸਾਜਿਆ ਨਿਵਾਜਿਆ ਖਾਲਸਾ, ਇਤਿਹਾਸ ਦੀ ਰੌਸ਼ਨੀ ਵਿਚ ਆਪਣੇ ਗੌਰਵ-ਮਈ ਵਿਰਸੇ ਨੂੰ ਕਾਇਮ ਰੱਖਣ ਲਈ ਸ਼ਸਤਰਾਂ ਨਾਲ ਪਿਆਰ ਕਰੇ ਤੇ ਸ਼ਸਤਰਧਾਰੀ ਹੋ ਕੇ ਦੁਨੀਆਂ ਵਿਚੋਂ ਜ਼ੋਰ-ਜ਼ੁਲਮ ਦਾ ਨਾਸ ਕਰ ਕੇ ਸੱਚ, ਧਰਮ, ਨੇਕੀ ਤੇ ਪਵਿੱਤਰਤਾ ਦਾ ਰਾਜ ਕਾਇਮ ਕਰੇ।

(2/1966)

www.sikhbookclub.com

ਦਸਮੇਸ਼ ਧਰਮ

ਦਸਮ ਗ੍ਰੰਥ ਜੀ ਦਾ ਆਕਾਰ ਪੂਰਾ ਇਤਨਾ ਹੈ ਜਿਤਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਇਸ ਲਈ ਉਚਿਤ ਹੈ ਕਿ ਦਸਮੇਸ਼ ਜੀ ਦਾ ਫ਼ਲਸਫ਼ਾ, ਧਰਮ ਅਤੇ ਉਦੇਸ਼ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਸੰਖੇਪ ਤੌਰ 'ਤੇ ਅੰਕਿਤ ਕੀਤੇ ਜਾਣ। ਪ੍ਰਮੁੱਖ ਰੂਪਾਂ ਵਿਚ ਸ੍ਰੀ ਦਸਮੇਸ਼ ਜੀ ਦਾ ਬ੍ਰਹਮ-ਫ਼ਲਸਫ਼ਾ, ਉਹਨਾਂ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਹੈ :

(ੳ) ਵਾਹਿਗੁਰੂ (ਅਕਾਲ ਪੁਰਖ)

(1) 'ਅਕਾਲ ਪੁਰਖ' ਦਾ ਕੋਈ ਚੱਕਰ, ਚਿਹਨ, ਬਰਨ, ਜਾਤਿ, ਪਾਤਿ, ਰੂਪ-ਰੰਗ, ਰੇਖ-ਭੇਖ ਨਹੀਂ ਹੈ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਹਿ ॥

(2) ਪਰ ਉਹ ਹੋਂਦ ਵਾਲਾ ਹੈ, ਅਚਲ ਮੂਰਤਿ ਹੈ, ਅਨਭਉ ਪ੍ਰਕਾਸ਼ ਹੈ ਅਤੇ ਮਹਾਨ ਹੈ :

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥

(3) ਉਹ ਆਪਣੇ ਕੰਮਾਂ ਵਿਚੋਂ ਪ੍ਰਗਟ ਹੁੰਦਾ ਹੈ ਜਿਵੇਂ ਹਰ ਸ਼ਕਤੀ ਦਾ ਪਤਾ ਕਰਤੱਵ ਵਿਚੋਂ ਲੱਗਦਾ ਹੈ :

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥

(4) ਅਕਾਲ ਪੁਰਖੁ-ਵਾਹਿਗੁਰੂ ਜਾਪੁ ਸਾਹਿਬ ਅਨੁਸਾਰ :

ਅਕਾਲ, ਕ੍ਰਿਪਾਲ, ਅਰੂਪ, ਅਨੂਪ, ਅਭੇਖ, ਅਲੇਖ, ਅਕਾਏ, ਅਜਾਏ, ਅਗੰਜੇ, ਅਭੰਜੇ, ਅਨਾਮੇ, ਅਠਾਮੇ, ਅਕਰਮੰ, ਅਧਰਮੰ, ਅਨਾਮੰ, ਅਧਾਮੰ, ਅਬਾਹੇ, ਅਢਾਹੇ, ਅਨੀਲੇ, ਅਨਾਦੇ, ਅਛੇਦੇ, ਅਗਾਧੇ, ਅਪਾਰੇ, ਅਭੂਤੇ, ਅਜੂਪੇ, ਨ੍ਰਿਦੇਸੇ, ਨ੍ਰਿਭੇਸੇ, ਨ੍ਰਿਧਾਤੇ, ਨ੍ਰਿਘਾਤੇ, ਨ੍ਰਿਤਾਪੇ, ਤ੍ਰਿਬਰਗੇ, ਅਸਰਗੇ ਆਦਿ ਹੈ।

(5) ਉਹ 'ਸਰਬ ਸੋਖੰ', 'ਸਰਬ ਪੋਖੰ', 'ਸਰਬ ਕਰਤਾ', 'ਸਰਬ ਹਰਤਾ' ਹੈ।

(6) ਉਹ ਸਾਰੀਆਂ ਸ਼ਕਤੀਆਂ ਦਾ ਮੂਲ ਕੇਂਦਰ (ਸੋਮਾ) ਹੈ, ਸਾਰੇ ਹੁਨਰਾਂ (arts) ਦਾ ਆਧਾਰ ਹੈ, ਸਾਰੇ ਸੰਗੀਤ, ਨ੍ਰਿਤ ਦਾ ਅਰੰਭ ਹੈ :

ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥
ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥

www.sikhbookclub.com

ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥
ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥
ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥
ਨਮੋ ਨ੍ਰਿਤ ਨ੍ਰਿਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੪੮॥ (ਜਾਪੁ ਸਾਹਿਬ)

(7) ਉਹ "ਸਦਾ ਸੱਚਦਾਨੰਦ ਸਰਬੰ ਪ੍ਰਣਾਸੀ" (ਸਤਿ, ਚਿਤ, ਅਨੰਦ) ਹੈ।

(8) ਉਹ ਸ਼ਸਤ੍ਰਧਾਰੀ ਹੈ ਅਤੇ ਪੂਰਨ ਗਿਆਨਵਾਨ ਹੋ ਕੇ ਲੋਕਾਂ ਦੀ ਰੱਖਿਆ ਲਈ, ਗਨੀਮਾਨਾਂ ਨੂੰ ਮਾਰਨ ਲਈ, ਗਰੀਬਾਂ ਦੀ ਸਰਪ੍ਰਸਤੀ ਲਈ ਸ਼ਸਤ੍ਰਾਂ ਨੂੰ ਵਰਤਦਾ ਹੈ :

(ੳ) ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥

(ਅ) ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥
ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥੧੨੨॥

(ੲ) ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥
ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥ (ਉਹੀ)

(9) ਉਹ ਸਦਾ 'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ' ਹੈ। 'ਅਕਾਲ ਉਸਤਤਿ' ਵਿਚ ਇਸ ਪੱਖ ਦਾ ਬੜਾ ਵਿਸਥਾਰ ਗੁਰੂ ਜੀ ਨੇ ਕੀਤਾ ਹੈ :

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ
ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ ॥
ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ
ਕਹੂੰ ਮਹਾ ਦਾਨ ਹੁਇ ਕੈ ਮਾਂਗਿਓ ਧਨ ਦੇਤ ਹੋ ॥
ਕਹੂੰ ਮਹਾਂ ਰਾਜਨ ਕੋ ਦੀਜਤ ਅਨੰਦ ਦਾਨ
ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ ॥
ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥੧॥੧੧॥ (ਅਕਾਲ ਉਸਤਤਿ)

ਇਸੇ ਤਰ੍ਹਾਂ ਉਸ ਨੇ ਇਹ ਰੂਪ ਧਾਰਨ ਕੀਤੇ ਹੋਏ ਹਨ—ਜੱਛ, ਗੰਧ੍ਰਬ, ਉਰਗ, ਬਿਦਿਆਧਾਰ, ਕਿਨਰ, ਪਿਸਾਚ, ਹਿੰਦੂ, ਤੁਰਕ, ਦੇਵ, ਦਾਨਵ, ਇੰਦ੍ਰ, ਸ਼ਸਤ੍ਰਧਾਰੀ, ਬਿਦਿਆ-ਬਿਚਾਰੀ, ਜਟਾਧਾਰੀ, ਕੰਠੀਧਾਰੀ, ਬ੍ਰਹਮਚਾਰੀ, ਜੋਗੀ, ਕਾਨਫਾਰੀ, ਡੰਡਾਧਾਰੀ ਆਦਿ।

(10) ਉਹ ਹਰ ਥਾਂ ਵਿਆਪਕ ਹੈ :

ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ॥ ਬਨੇ ਹਰੀ ॥੧॥੫੧॥
ਗਿਰੇ ਹਰੀ ॥ ਗੁਫੇ ਹਰੀ ॥ ਛਿਤੇ ਹਰੀ ॥ ਨਭੇ ਹਰੀ ॥੨॥੫੨॥
ਈਹਾਂ ਹਰੀ ॥ ਊਹਾਂ ਹਰੀ ॥ ਜਿਮੀ ਹਰੀ ॥ ਜਮਾ ਹਰੀ ॥੩॥੫੩॥
ਅਲੇਖ ਹਰੀ ॥ ਅਭੇਖ ਹਰੀ ॥ ਅਦੋਖ ਹਰੀ ॥ ਅਦ੍ਵੈਖ ਹਰੀ ॥੪॥੫੪॥

www.sikhbookclub.com

ਅਕਾਲ ਹਰੀ ॥ ਅਪਾਲ ਹਰੀ ॥ ਅਛੇਦ ਹਰੀ ॥ ਅਭੇਦ ਹਰੀ ॥੫॥੫੫॥

(ਅਕਾਲ ਉਸਤਤਿ)

(11) 'ਬਚਿਤ੍ਰ ਨਾਟਕ' ਵਿਚ ਅਨੇਕ ਰੂਪ ਵਰਣਨ ਕੀਤੇ ਹਨ :

(ੳ) 'ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ' ॥੧॥

(ਅ) ਜੈ ਤੇਗੰ ॥੨॥

(ੲ) ਸਦਾ ਏਕ ਜੋਤੵੰ ਅਜੂਨੀ ਸਰੂਪੰ ॥ ਮਹਾ ਦੇਵ ਦੇਵੰ ਮਹਾ ਭੂਪ ਭੂਪੰ ॥
ਨਿਰੰਕਾਰ ਨਿਤੵੰ ਨਿਰੂਪੰ ਨ੍ਰਿਬਾਣੰ ॥ ਕਲੰ ਕਾਰਣੇਯੰ ਨਮੋ ਖੜਗ ਪਾਣੰ ॥੩॥

(ਸ) ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਂਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥੨੭॥

(ਹ) ਧਨੁਰ ਬਾਨ ਧਾਰੇ ॥ ਛਕੇ ਛੈਲ ਭਾਰੇ ॥੩੭॥

(ਕ) ਨਮੋ ਖਗ ਖੰਡੰ, ਕ੍ਰਿਪਾਣੰ ਕਟਾਰੰ ॥ ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ॥ ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ ॥੮੭॥

(12) 'ਅਕਾਲ ਉਸਤਤਿ' ਵਿਚ ਉਸ ਨੂੰ ਅਕਾਲ ਪੁਰਖ, ਸਰਬ ਲੋਹ, ਸਰਬ ਕਾਲ ਕਿਹਾ ਹੈ :
ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

(13) 'ਗਿਆਨ ਪ੍ਰਬੋਧ' ਵਿਚ ਅਕਾਲ ਪੁਰਖ ਨੂੰ 'ਨਾਥ' ਤੇ ਲੋਕੇਸ੍ਵਰੰ ਕਹਿ ਕੇ ਨਮਸਕਾਰਿਆ ਹੈ :
ਨਮੋ ਨਾਥ ਪੂਰੇ ਸਦਾ ਸਿੱਧ ਕਰਮੰ ॥ ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥ ਅਛੇਦੰ ਅਭੇਦੰ ਅਖੇਦੰ ਅਨੂਪੇ ॥੧॥
ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ ॥ ਸਦੈਵੰ ਸਦਾ ਸਰਬ ਸਾਥੰ ਅਨਾਥੇ ॥
ਨਮੋ ਏਕ ਰੂਪੰ ਅਨੇਕੰ ਸਰੂਪੇ ॥ ਸਦਾ ਸਰਬ ਸਾਹੰ ਸਦਾ ਸਰਬ ਭੂਪੇ ॥੨॥

(14) ਵਾਹਿਗੁਰੂ ਜਦੋਂ ਜੀਵ 'ਤੇ ਕਿਰਪਾਲੂ ਹੁੰਦਾ ਹੈ ਤਾਂ ਉਹ ਇਹ ਕਰਦਾ ਹੈ : ਕਲੰਕੰ ਬਿਨਾ ਨੇਕਲੰਕੀ ਸਰੂਪੇ, ਰੋਗ ਹਰਤਾ, ਸਿਧਦਾ ਬੁਧਦਾ ਬ੍ਰਿਧ ਕਰਤਾ, ਪ੍ਰੀਤ ਪ੍ਰੀਤੋ, ਕੁਕਰਮੰ ਪ੍ਰਣਾਸੀ, ਧਰਮੰ ਧਜਾ, ਹੁਸਨਲ ਵਜੂ, ਤਮਾਮੁਲਰੁਜੂ, ਤਮੀਜ਼ੁਲ ਤਮਾਮੈ, ਰੁਜੂਅਲ ਨਿਧਾਨੈ, ਰਜਾਇਕ ਯਕੀਨੈ, ਨਰਕੰ ਪ੍ਰਣਾਸੀ, ਸਮਸਤੁਲ ਕਲਾਮ, ਸਾਹਿਬ ਦਿਮਾਗ, ਹੁਸਨਲ ਚਰਾਗ, ਜੁਰਅਤਿ ਜਮਾਲ, ਖਲ ਖੰਡਨ, ਸੁਧਰਮੰ।
ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥ ਸੁਯੰਭਵ ਸੁਭੰ ਸਰਬ ਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥ ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

(ਜਾਪੁ ਸਾਹਿਬ)

ਇਹ ਵਾਹਿਗੁਰੂ ਅਕਾਲ ਪੁਰਖ ਅਸਲੋਂ ਮੂਲ ਰੂਪ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਵਿਸਥਾਰ ਹੈ ਪਰ ਸ਼ੈਲੀ-ਰੰਗ-ਰਸ ਦਸਮੇਸ਼ ਜੀ ਦਾ ਆਪਣਾ ਹੈ। ਵੇਖੋ :

ਰਾਖਿ ਲੀਏ ਸਤਿਗੁਰ ਕੀ ਸਰਣ ॥
ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ ॥੧॥ਰਹਾਉ॥
ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ ॥

www.sikhbookclub.com

ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ ॥੧॥
ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ ॥
ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦॥੧੧੬॥

(ਬਿਲਾਵਲ ਮਹਲਾ ੫, ਪੰਨਾ ੮੨੭)

(ਅ) ਧਰਮ (ਜਪਸਤੁਯੰ)

ਦਸਮ ਪਾਤਸ਼ਾਹ ਨੇ ਅਨੇਕਾਂ ਧਰਮਾਂ ਦਾ ਨਿਰਣਾ ਕਰਦੇ ਹੋਏ, ਅਸਲ ਧਰਮ 'ਜਪਸਤੁਯੰ' ਦਸਿਆ ਹੈ।

ਦਸਮੇਸ਼ ਜੀ ਨੇ ਸਾਰੇ ਧਰਮਾਂ ਵਿਚੋਂ ਮਹਾਨ ਧਰਮ 'ਜਪਸਤੁਯੰ' ਨੂੰ ਹੀ ਮੰਨਿਆ ਹੈ। ਹੋਰ ਕਿਸੇ ਰੂਪ ਵਿਚ ਕਿਸੇ ਹੋਰ ਦੀ ਪੂਜਾ ਨਹੀਂ ਦ੍ਰਿੜਾਈ ਅਤੇ ਦਾਨ, ਪੁੰਨ, ਧਰਮਾਂ ਦੀ ਵੀ ਕੋਈ ਕੀਮਤ ਨਹੀਂ ਪਾਈ। ਕੇਵਲ ਨਾਮ-ਭਗਤੀ ਪ੍ਰਵਾਨ ਹੈ। 'ਗਿਆਨ ਪ੍ਰਬੋਧ' ਵਿਚ ਵੀ ਆਪ ਨੇ ਅਨੇਕ ਧਰਮਾਂ ਦਾ ਨਿਰਣਾ ਕੀਤਾ ਹੈ :

ਇਕ ਰਾਜੁ ਧਰਮ ਇਕ ਦਾਨ ਧਰਮ ॥ ਇਕ ਭੋਗ ਧਰਮ ਇਕ ਮੋਛ ਕਰਮ ॥੩੨॥

ਪਰ ਫਿਰ ਨਿਰਣਾ ਇਹ ਕੀਤਾ ਹੈ ਕਿ 'ਏਕ ਨਾਮ' ਦੇ ਸਮਾਨ ਹੋਰ ਕੋਈ ਧਰਮ ਨਹੀਂ ਹੈ :

ਅਨੰਤ ਜੱਗ੍ਯ ਕਰਮਣੰ ॥ ਗਜਾਦਿ ਆਦਿ ਧਰਮਣੰ ॥
ਅਨੇਕ ਦੇਸ ਭਰਮਣੰ ॥ ਨ ਏਕ ਨਾਮ ਕੇ ਸਮੰ ॥੧੨॥੯੦॥
ਇਕੰਤ ਕੁੰਟ ਬਾਸਨੰ ॥ ਭ੍ਰਮੰਤ ਕੋਟਕੰ ਬਨੰ ॥
ਉਚਾਟ ਨਾਦ ਕਰਮਣੰ ॥ ਅਨੇਕ ਉਦਾਸ ਭਰਮਣੰ ॥੧੩॥੯੧॥
ਅਨੇਕ ਭੇਖ ਆਸਨੰ ॥ ਕਰੋਰ ਕੋਟਕੰ ਬ੍ਰਤੰ ॥
ਦਿਸਾ ਦਿਸਾ ਭ੍ਰਮੇਸਨੰ ॥ ਅਨੇਕ ਭੇਖ ਪੇਖਨੰ ॥੧੪॥੯੨॥
ਕਰੋਰ ਕੋਟ ਦਾਨਕੰ ॥ ਅਨੇਕ ਜਗ੍ਯ ਕ੍ਰੱਤਬਜੰ ॥
ਸੰਨਿਆਸ ਆਦਿ ਧਰਮਣੰ ॥ ਉਦਾਸ ਨਾਮ ਕਰਮਣੰ ॥੧੫॥੯੩॥
ਅਨੇਕ ਪਾਠ ਪਾਠਨੰ ॥ ਅਨੰਤ ਠਾਟ ਠਾਟਨੰ ॥
ਨ ਏਕ ਨਾਮ ਕੋ ਸਮੰ ॥ ਸਮੱਸਤ ਸ੍ਰਿਸਟ ਕੋ ਭ੍ਰਮੰ ॥੧੬॥੯੪॥ *(ਗਿਆਨ ਪ੍ਰਬੋਧ)*

ਇਹੋ ਨਿਰਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾਂ ਹੀ ਹੈ :

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥

www.sikhbookclub.com

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ (ਸੁਖਮਨੀ ਸਾਹਿਬ, ਪੰਨਾ ੨੯੫)

'ਇਕ' ਜੋਤਿ ਦੀ ਪੂਜਾ ਸਿਮਰਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਅਕਾਲ ਪੁਰਖ ਦੀ ਪੂਜਾ ਬਾਰੇ ਦ੍ਰਿੜ੍ਹ ਹਨ :

ਸਵੈਯਾ ॥
ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥
ਦੋਹਰਾ ॥
ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥ (ਬੇਨਤੀ ਚੌਪਈ)

ਖ਼ਾਲਸੇ ਦਾ ਧਰਮ 'ਜਾਗਤਿ ਜੋਤਿ' ਦੀ ਉਪਾਸ਼ਨਾ ਹੈ ਅਤੇ ਹੋਰ ਕਿਸੇ ਦੇਵੀ, ਦੇਵਤੇ, ਗੋਰ, ਮੜ੍ਹੀ, ਮੱਠ, ਤੀਰਥ, ਦਾਨ, ਬ੍ਰਤ ਵਿਚ ਨਹੀਂ ਲਗਣਾ :

ਜਾਗਤਿ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥ (੩੩ ਸਵੱਯੈ)

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਧਰਮ ਹੈ, ਸਿਮਰਨ-ਭਜਨ ਤੋਂ ਬਿਨਾਂ ਸਭ ਕਰਮ, ਧਰਮ, ਰਾਜ-ਸਾਜ, ਸਿਧ-ਸਮਾਸ ਨਿਰਮੂਲ ਹਨ :

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥੨੩॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥੪॥੨੪॥
(ਸਵੱਯੈ)

ਪਰ "ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥"

ਸਿਮਰਨ ਬੜੀ ਗਿਆਨਵਾਨ ਦਸ਼ਾ ਵਿਚੋਂ ਉਪਜਦਾ ਹੈ, "ਬਕ-ਗਿਆਨ" ਨਹੀਂ ਹੈ। ਗੁਰੂ ਜੀ ਨੇ ਪਾਖੰਡ ਅਤੇ ਫੋਕਟ ਧਰਮਾਂ ਦੀ ਕਰੜੀ ਨਿਖੇਧੀ ਕੀਤੀ ਹੈ :

ਖੂਕ ਮਲਹਾਰੀ, ਗਜ ਗਦਹਾ ਬਿਭੂਤਧਾਰੀ,
ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈਂ ॥
ਘੁਘੂ ਮਟ ਬਾਸੀ, ਲਗੇ ਡੋਲਤ ਉਦਾਸੀ,
ਮ੍ਰਿਗ ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ ॥
ਬਿੰਦ ਕੇ ਸਧੱਯਾ, ਤਾਹਿ ਹੀਜ ਕੀ ਬਡੱਯਾ ਦੇਤ,
ਬੰਦਰਾ ਸਦੀਵ ਪਾਇ ਨਾਗੇ ਹੀ ਫਿਰਤ ਹੈਂ ॥
ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ,
ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈਂ ॥੧॥੭੧॥

www.sikhbookclub.com

ਭੂਤ ਬਨਚਾਰੀ, ਛਿਤ ਛਉਨਾ ਸਭੈ ਦੁਧਾਧਾਰੀ,
ਪਉਨ ਕੇ ਅਹਾਰੀ, ਸੁ ਭੁਜੰਗ ਜਾਨੀਅਤੁ ਹੈਂ ॥
ਤ੍ਰਿਣ ਕੇ ਭਛੱਯਾ, ਧਨ ਲੋਭ ਕੇ ਤਜੱਯਾ,
ਤੇ ਤੌ ਗਊਅਨ ਕੇ ਜੱਯਾ, ਬ੍ਰਿਖਭੱਯਾ ਮਾਨੀਅਤੁ ਹੈਂ ॥
ਨਭ ਕੇ ਉਡੱਯਾ, ਤਾਹਿ ਪੰਛੀ ਕੀ ਬਡੱਯਾ,
ਦੇਤ ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ ॥
ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ,
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ ॥੨॥੭੨॥ (ਅਕਾਲ ਉਸਤਤਿ)

ਗਿਆਨੀ ਹੋ ਕੇ ਹੀ ਕੋਈ ਜਾਪੁ ਸਾਹਿਬ ਦੇ ਅਕਾਲ ਪੁਰਖ ਨੂੰ ਸਮਝ ਸਕਦਾ ਹੈ ਅਤੇ ਫਿਰ ਉਸ ਨੂੰ (ਨਮਸਤੂੰ) 'ਨਮਸਤੰ' ਅਤੇ 'ਨਮੋ' ਕਹਿ ਸਕਦਾ ਹੈ। ਪ੍ਰੇਮ ਹੈ।

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥
ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥
ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥
ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥
ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥ (ਜਾਪੁ ਸਾਹਿਬ)

ਇਹ ਹੈ ਸਰਲ, ਸਪਸ਼ਟ, ਦੁਬਿਧਾ-ਰਹਿਤ ਧਰਮ।

(ੲ) ਉਦੇਸ਼

ਪਰ ਇਹ 'ਬ੍ਰਹਮ ਦਾ ਫ਼ਲਸਫ਼ਾ' ਅਤੇ 'ਜਪਸਤੁਯੰ' ਦਾ ਧਰਮ ਹਨ, ਕਿਸ ਲਈ ? ਇਹ ਹਨ ਆਤਮਕ ਉੱਨਤੀ ਲਈ ਅਤੇ 'ਖਾਲਸਾ ਸਮਾਜ' ਦੀ ਸਥਾਪਨਾ ਲਈ। ਖਾਲਸਾ ਸਮਾਜ ਹੀ ਦਸਮੇਸ਼ ਜੀ ਦਾ ਉਦੇਸ਼ ਹੈ—ਸਾਰੀ ਮਨੁੱਖਤਾ ਨੂੰ ਖਾਲਸ, ਪਵਿੱਤਰ ਬਣਾਉਣਾ ਇਹ ਹੋ ਜਾਵੇ ਤਾਂ 'ਵਾਹਿਗੁਰੂ ਜੀ ਕੀ ਫਤਹਿ' ਹੋ ਜਾਂਦੀ ਹੈ। ਖਾਲਸਾ ਸਮਾਜ ਕਿਹੋ ਜਿਹਾ ਹੈ ?

(1) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਪੁਰਖ' ਦਾ ਸਰੂਪ :

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥ (ਜਾਪੁ ਸਾਹਿਬ)

ਦਾ ਮੰਨਿਆ ਹੈ। ਪਰ ਜੋ ਲੋਕ ਹੋਰ ਲੋਕਾਂ ਨੂੰ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਭੇਦ ਕਰਕੇ ਹੀ ਘਿਰਣਾ ਕਰਦੇ ਰਹਿੰਦੇ ਹਨ, ਉਹ ਉਸ ਵਾਹਿਗੁਰੂ ਦੇ ਪੁਜਾਰੀ ਕਿਵੇਂ ਕਹੇ ਜਾ ਸਕਦੇ ਹਨ ? ਸੋ ਖਾਲਸਾ ਸਮਾਜ ਵਿਚ ਮਨੁੱਖਤਾ ਦੀਆਂ ਵੰਡੀਆਂ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਆਧਾਰ 'ਤੇ ਨਹੀਂ ਹੋ ਸਕਦੀਆਂ।

ਇਸੇ ਲਈ ਗੁਰੂ ਜੀ ਨੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ ॥ 'ਤੇ ਬਲ ਦਿੱਤਾ ਹੈ, 'ਦੇਹਰਾ

www.sikhbookclub.com

ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥' 'ਤੇ ਬਲ ਦਿੱਤਾ ਹੈ। ਸਾਰੀ ਮਨੁੱਖਤਾ ਏਕ ਜੋਤ ਵਿਚੋਂ ਪੈਦਾ ਹੋਈ ਹੈ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥ *(ਅਕਾਲ ਉਸਤਤਿ)*

(2) ਖਾਲਸਾ ਸਮਾਜ 'ਖਾਲਸ ਸਦਾਚਾਰ' 'ਤੇ ਆਧਾਰਿਤ ਹੈ ਜਿਸ ਦਾ 'ਸੰਨਿਆਸ' ਅਤੇ 'ਜੋਗ' ਇਸ ਤਰ੍ਹਾਂ ਦਾ ਹੈ :

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ, ਮਨ ਹੀ ਮਾਹਿ ਉਦਾਸਾ ॥੧॥ਰਹਾਉ॥

(ਰਾਮਕਲੀ ਪਾ: ੧੦)

(3) ਖਾਲਸਾ ਸਮਾਜ ਤਦ ਉਸਰੇਗਾ ਜਦੋਂ ਸਭ ਮਨੁੱਖਤਾ ਇਹ ਪ੍ਰਣ ਧਾਰਨ ਕਰ ਲਏਗੀ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ)

ਦੁਸ਼ਟਾਂ ਨੂੰ ਠੀਕ ਕਰਨ ਦਾ ਹੋਰ ਹਰ ਹੀਲਾ ਪਹਿਲਾਂ ਵਰਤਣਾ ਧਰਮ ਹੈ ਪਰ ਜਦੋਂ ਕਿਸੇ ਤਰ੍ਹਾਂ ਵੀ ਸਮਾਜ ਵਿਚੋਂ ਗੰਦਗੀ-ਕੋਹੜ ਨੂੰ ਖ਼ਤਮ ਨਾ ਕੀਤਾ ਜਾ ਸਕੇ ਤਾਂ ਤਲਵਾਰ ਨੂੰ ਹੀ ਹੱਥ ਵਿਚ ਲੈਣ ਦੀ ਆਗਿਆ ਦਸਮੇਸ਼ ਜੀ ਨੇ ਦਿੱਤੀ ਹੈ।

(4) ਇਸ ਲਈ 'ਦੁਸ਼ਟਤਾ' ਦੇ ਵਿਰੁੱਧ ਜੁੱਧ ਲਈ ਹਰ ਖਾਲਸਾ ਸਮਾਜ ਦੇ ਇੱਛੁਕ ਨੇ ਇਸ ਤਰ੍ਹਾਂ ਤਿਆਰ ਰਹਿਣਾ ਹੈ ਜਿਵੇਂ ਦਸਮੇਸ਼ ਜੀ ਆਪ ਰਹਿੰਦੇ ਸਨ ਅਤੇ ਹਰ ਇੱਛੁਕ ਨੇ ਇਹੋ ਹੀ ਅਕਾਲ ਪੁਰਖ ਤੋਂ ਮੰਗਣਾ ਹੈ ਜੋ ਦਸਮੇਸ਼ ਜੀ ਨੇ ਮੰਗਿਆ ਹੈ :

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿਤ੍ਰ)

(12/1976)

www.sikhbookclub.com

ਇਨਕਲਾਬੀ ਗੁਰੂ ਦਾ ਸੰਦੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਜੀ 17ਵੀਂ ਸਦੀ ਦੇ ਮਹਾਨ ਇਨਕਲਾਬੀ ਮਹਾਂਪੁਰਸ਼ ਸਨ, ਜਿਨ੍ਹਾਂ ਕੀ ਸਾਹਿਤ, ਕੀ ਸਮਾਜ, ਕੀ ਧਰਮ, ਕੀ ਨੀਤੀ, ਤਮਾਮ ਚੀਜ਼ਾਂ ਵਿਚ ਨਵਾਂ ਸੱਜਰਾ ਲਹੂ ਪੈਦਾ ਕਰਕੇ ਇਕ ਤਰ੍ਹਾਂ ਦੀ ਅਨੋਖੀ ਜ਼ਿੰਦਗੀ ਪੈਦਾ ਕਰ ਦਿੱਤੀ ਸੀ। ਉਹਨਾਂ ਦੀ 42 ਸਾਲ ਦੀ ਸੰਖੇਪ ਆਯੂ ਵਾਲੀ ਜ਼ਿੰਦਗੀ ਨੂੰ ਸਮਝਣਾ ਬੜਾ ਔਖਾ ਹੈ ਕਿ ਕਿਵੇਂ ਉਹਨਾਂ ਇਤਨੇ ਥੋੜੇ ਸਮੇਂ ਅੰਦਰ ਜੀਵਨ ਦੇ ਹਰ ਸੰਗਰਾਮ ਵਿਚ ਸ਼ਾਮਲ ਹੋ ਕੇ ਹਰ ਥਾਂ ਜਿੱਤਾਂ ਪ੍ਰਾਪਤ ਕੀਤੀਆਂ। ਹਿੰਦੁਸਤਾਨ ਜਿਹੇ ਕਾਇਰ ਦੇਸ਼ ਵਿਚ, ਜਿਥੇ ਤਿਮਰਲੰਗ ਵਰਗੀਆਂ ਲੰਗੜੀਆਂ ਲੂਮੜੀਆਂ ਵੀ ਸ਼ਿਕਾਰ ਖੇਲ ਸਕਣ, ਜਿਥੇ ਗ਼ੁਲਾਮ ਖ਼ਾਨਦਾਨ ਤੇ ਆਜੜੀਆਂ ਦੇ ਪੁੱਤਰ ਵੀ ਆ ਕੇ ਧੌਂਸ ਜਮਾ ਸਕਣ, ਸੂਰਬੀਰਤਾ ਦੀ ਇਨਕਲਾਬੀ ਲਹਿਰ ਪੈਦਾ ਕਰਨੀ ਇਸ ਸਰਬਲੋਹ ਦੇ ਪਰਮ ਪੁਰਖ ਦਾ ਹੀ ਕੰਮ ਸੀ।

ਸਭ ਤੋਂ ਪਹਿਲੇ ਉਨ੍ਹਾਂ ਹਿੰਦੁਸਤਾਨ ਦੀ ਮਾਨਸਿਕ ਤੇ ਦਿਮਾਗੀ ਅਵਸਥਾ ਨੂੰ ਬਦਲਣ ਲਈ ਨਵੀਂ ਤਰ੍ਹਾਂ ਦਾ ਬੀਰ ਸਾਹਿਤ ਪੈਦਾ ਕਰਨ ਦੀ ਰੀਤਿ ਚਲਾਈ। ਉਹ ਜਾਣਦੇ ਸਨ ਕਿ ਸਾਹਿੱਤ ਇਕ ਤਰ੍ਹਾਂ ਦਾ ਨਕਸ਼ਾ ਹੈ, ਜਿਸ ਦੇ ਆਧਾਰ 'ਤੇ ਬਾਕੀ ਧਾਰਮਿਕ ਤੇ ਰਾਜਨੀਤਕ ਇਨਕਲਾਬ ਦਾ ਮਹੱਲ ਖੜਾ ਕੀਤਾ ਜਾ ਸਕਦਾ ਹੈ। ਇਸ ਲਈ ਪਹਿਲੇ ਉਨ੍ਹਾਂ 'ਜਾਪੁ ਸਾਹਿਬ' ਆਦਿਕ ਬਾਣੀਆਂ ਰਾਹੀਂ ਭਗਤੀ ਤੇ ਸਾਹਿਤ ਨੂੰ ਬੀਰ-ਰਸੀ ਰੰਗਣ ਦੇ ਕੇ ਪੇਸ਼ ਕੀਤਾ। ਫਿਰ ਹਿੰਦੁਸਤਾਨੀ ਬਜ਼ੁਰਗਾਂ ਦੇ ਪੁਰਾਣੇ ਇਤਿਹਾਸ ਨੂੰ ਨਵੇਂ ਸੰਚੇ ਵਿਚ ਦੁਹਰਾਇਆ। ਰਾਮ, ਕ੍ਰਿਸ਼ਨ, ਪਰਸ ਰਾਮ ਵਰਗੇ ਜੋਧਿਆਂ ਤੇ ਚੰਡੀ, ਦੁਰਗਾ ਵਗੈਰਾ ਬੀਰਾਂਗਨਾ ਦੀਆਂ ਯੁੱਧ ਕਹਾਣੀਆਂ ਲਿਖ ਕੇ ਧਰਮ ਯੁੱਧ ਲਈ ਪ੍ਰੇਰਨਾ ਪੈਦਾ ਕੀਤੀ। ਇਸ ਸਾਹਿਤ ਦਾ ਨਤੀਜਾ ਇਹ ਹੋਇਆ ਕਿ ਬੁਜ਼ਦਿਲ ਭਾਰਤੀਆਂ ਵਿਚ ਦਿਨਾਂ ਅੰਦਰ ਹੀ ਸਵੈਮਾਨ ਤੇ ਗ਼ੈਰਤ ਦੀ ਲਹਿਰ ਦੌੜ ਗਈ। ਹੁਣ ਲੋੜ ਸੀ ਕਿ ਇਹਨਾਂ ਦੇ ਪੁਰਾਣੇ ਧਾਰਮਿਕ ਤੇ ਸਮਾਜਿਕ ਕਮਜ਼ੋਰ ਅਕੀਦਿਆਂ ਵਿਚ ਵੀ ਇਕ ਨਵਾਂ ਅੰਦੋਲਨ ਪੈਦਾ ਕੀਤਾ ਜਾਵੇ। ਇਹੋ ਉਹਨਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮਨੋਰਥ ਸੀ :

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥੪੨॥ *(ਬਚਿਤ੍ਰ ਨਾਟਕ, ਅਧਿ: ੬)*

ਉਹਨਾਂ ਵੇਖਿਆ ਕਿ ਹਿੰਦੁਸਤਾਨ ਹੈ ਤਾਂ ਧਰਮਾਂ ਦੀ ਮੰਡੀ, ਮਗਰ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਜ਼ਿੰਦਗੀ ਨਹੀਂ, ਲਾਸ਼ਾਂ ਪਈਆਂ ਹਨ। ਇਹਨਾਂ ਅਹਿੰਸਾ-ਵਾਦੀਆਂ ਤੇ ਤਿਆਗੀਆਂ ਦੇ ਟੋਲੇ ਨੂੰ ਜਹਾਦ ਦੀ ਤਲਵਾਰ ਨੇ ਚਕਨਾਚੂਰ ਕਰ ਕੇ ਰੱਖ ਦਿੱਤਾ ਹੈ। ਜਾਤ-ਪਾਤ ਤੇ ਵਰਨ-ਵੰਡ ਦੀ ਬੀਮਾਰੀ ਦੇ ਕਾਰਨ ਇਹਨਾਂ ਗ਼ੁਲਾਮਾਂ ਵਿਚ ਸਾਂਝੇ ਦੁਸ਼ਮਣ ਵਿਰੁੱਧ ਲੜਨ ਲਈ ਵੀ ਇਤਹਾਦ ਨਹੀਂ ਹੈ। ਇਹਨਾਂ ਦੇ ਧਰਮ-ਕਰਮ ਵੱਖਰੇ ਹਨ, ਪੂਜਾ ਤੇ ਪੂਜਯ ਭਿੰਨ ਭਿੰਨ ਹਨ। ਕੋਈ ਸ਼ਿਵਪੁਰੀ

www.sikhbookclub.com

ਚਾਹੁੰਦਾ ਹੈ, ਕੋਈ ਵਿਸ਼ਨੂੰਪੁਰੀ ਵਲ ਜਾਣਾ ਪਸੰਦ ਕਰਦਾ ਹੈ, ਭਾਵੇਂ ਇਨ੍ਹਾਂ ਦੀ ਗੀਤਾ ਦਾ ਗਿਆਨ ਹਰ ਪ੍ਰਾਣੀ ਵਿਚ ਬ੍ਰਹਮ ਵਿਆਪਕ ਸਮਝ ਕੇ ਸਮਾਨਤਾ ਦਾ ਵਰਤਾਉ ਦਸਦਾ ਹੈ, ਮਗਰ ਅਮਲੀ ਤੌਰ 'ਤੇ ਗੀਤਾ ਦੀ ਥਾਂ ਸਿਮ੍ਰਤੀ ਦਾ ਰਾਜ ਹੈ। ਸਿਮ੍ਰਤੀ ਦੇ ਰਸਮਾਂ-ਰਿਵਾਜਾਂ ਨੇ ਸਾਰੇ ਦੁਖੀ ਸਮਾਜ ਨੂੰ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ। ਅਜਿਹੀ ਦਸ਼ਾ ਵਿਚ ਕਿਸੇ ਤਰ੍ਹਾਂ ਦੀ ਵੀ ਏਕਤਾ ਨਾ ਹੋਣ ਕਾਰਨ ਕੋਈ ਕੌਮੀ ਸ਼ਕਤੀ ਪੈਦਾ ਕਰਨਾ ਕਠਿਨ ਕੰਮ ਹੈ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਪਹਿਲਾਂ ਸਮਾਜਕ ਏਕਤਾ ਲਿਆਉਣੀ ਜ਼ਰੂਰੀ ਸਮਝੀ। ਭਾਵੇਂ ਉਹਨਾਂ ਤੋਂ ਪਹਿਲਾਂ ਨੌਂ ਗੁਰੂ ਸਾਹਿਬਾਨ ਇਸ ਸਬੰਧੀ ਕਾਫ਼ੀ ਯਤਨ ਕਰਦੇ ਆ ਰਹੇ ਸਨ ਤੇ ਉਨ੍ਹਾਂ ਨੇ ਥਾਂ-ਪੁਰ-ਥਾਂ ਮਨੁੱਖ ਮਾਤਰ ਦੇ ਇਕ ਥਾਂ ਬੈਠਣ ਲਈ 'ਧਰਮਸ਼ਾਲਾ' ਤੇ ਨੀਚ-ਊਚ ਦਾ ਭੇਦ ਮਿਟਾ ਕੇ ਇਕੱਠਾ ਭੋਜਨ 'ਲੰਗਰ' ਵੀ ਪ੍ਰਚਲਤ ਕਰ ਦਿੱਤਾ ਸੀ, ਮਗਰ ਫਿਰ ਵੀ ਜਾਤ-ਪਾਤ ਦਾ ਮਸਲਾ ਅਜੇ ਬਾਕੀ ਸੀ, ਜਿਸ ਦਾ ਖੁਰਾ-ਖੋਜ ਮਿਟਾਏ ਬਿਨਾਂ ਰਾਜਨੀਤਕ ਗ਼ੁਲਾਮੀ ਦਾ ਜੂਲਾ ਲਾਹੁਣਾ ਬੜਾ ਔਖਾ ਕੰਮ ਸੀ। ਦਸਮੇਸ਼ ਜੀ ਨੇ ਮਨੁੱਖਤਾ ਨੂੰ ਇਕ ਲੜੀ ਵਿਚ ਪ੍ਰੋਣ ਲਈ ਰਵਾਲਸਰ ਨਾਮੀ ਥਾਂ 'ਤੇ ਹਿੰਦੂ ਰਾਜਪੂਤਾਂ ਦਾ ਇਕ ਭਾਰੀ ਸੰਮੇਲਨ ਬੁਲਾਇਆ, ਮਗਰ ਇਹਨਾਂ ਗ਼ੁਲਾਮਾਂ ਦੀ ਕਾਨਫ਼ਰੰਸ ਨਾ-ਕਾਮਯਾਬ ਰਹੀ। ਬ੍ਰਾਹਮਣਾਂ ਦੇ ਚੁੱਕੇ ਹੋਏ ਰਾਜਪੂਤਾਂ ਨੇ ਆਖਿਆ ਕਿ ਅਸੀਂ ਤੁਹਾਡਾ ਸਾਥ ਦੇਣ ਲਈ ਤਿਆਰ ਨਹੀਂ, ਕਿਉਂਕਿ ਤੁਸੀਂ ਤਾਂ ਨੀਵੀਆਂ ਸ਼੍ਰੇਣੀਆਂ ਨੂੰ ਵੀ ਨਾਲ ਬਿਠਾ ਖੁਲਾ ਕੇ ਸਾਡੀ ਵਰਣ-ਮਰਯਾਦਾ ਨੂੰ ਭੰਗ ਕਰ ਰਹੇ ਹੋ। ਹਾਂ, ਅਗਰ ਤੁਸੀਂ ਇਹਨਾਂ ਸ਼ੂਦਰਾਂ ਨੂੰ ਛਡ ਦਿਉ, ਫਿਰ ਅਸੀਂ ਤੁਹਾਡਾ ਸਾਥ ਦੇ ਸਕਦੇ ਹਾਂ। ਗੁਰੂ ਜੀ ਨੇ ਫ਼ੁਰਮਾਇਆ, ਮੈਂ ਤੁਹਾਨੂੰ ਛਡ ਸਕਦਾ ਹਾਂ ਮਗਰ ਇਨ੍ਹਾਂ ਨੂੰ ਨਹੀਂ :

ਸੇਵ ਕਰੀ ਇਨ ਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀਕੋ ॥
ਦਾਨ ਦਯੋ ਇਨ ਹੀ ਕੋ ਭਲੋ
ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ,
ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ ਮਨ ਤੇ ਤਨ ਤੇ,
ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥ *(ਦਸਮ ਗ੍ਰੰਥ, ਪੰਨਾ ੭੧੬)*

ਇਸ ਤੋਂ ਬਾਅਦ ਗੁਰੂ ਜੀ ਨੇ ਪ੍ਰਣ ਕੀਤਾ ਕਿ ਜਿਨ੍ਹਾਂ ਨੂੰ ਤੁਸੀਂ ਨੀਚ ਆਖ ਰਹੇ ਹੋ ਤੇ ਛੁਹਣਾ ਪਸੰਦ ਨਹੀਂ ਕਰਦੇ, ਮੈਂ ਇਹਨਾਂ ਨੂੰ ਬਾਦਸ਼ਾਹ ਬਣਾਵਾਂਗਾ ਤੇ ਲੋਕ ਇਨ੍ਹਾਂ ਦੀ ਚਰਨ-ਧੂੜੀ ਛੁਹਣਾ ਪਸੰਦ ਕਰਨਗੇ। ਜੈਸਾ ਕਿ ਗਿ. ਗਿਆਨ ਸਿੰਘ ਜੀ ਨੇ ਲਿਖਿਆ ਹੈ :

ਨਾਮ ਗਰੀਬ ਨਿਵਾਜ਼ ਹਮਾਰਾ।
ਹੈ ਜਗ ਮੈਂ ਪ੍ਰਸਿਧ ਅਪਾਰਾ।
ਸੋ ਸਫਲਾ ਜਗ ਮੈਂ ਤਬ ਥੈਹੈ।
ਲਘੁ ਜਤਨ ਕੋ ਬਡੱਪਣ ਦੈਹੈ।
ਜਿਨ ਕੀ ਜਾਤ ਬਰਣ ਕੁਲ ਮਾਹੀ।
ਸਰਦਾਰੀ ਨਹਿ ਭਈ ਕਦਾਹੀ।

www.sikhbookclub.com

ਇਨਹੀ ਕੋ ਸਰਦਾਰ ਬਨਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਇਸ ਪ੍ਰਤੱਗਿਆ ਮੁਤਾਬਿਕ 1699 ਈ. ਵਿਸਾਖੀ ਦੇ ਦਿਨ ਗੁਰੂ ਜੀ ਨੇ ਤਮਾਮ ਸੂਬਿਆਂ ਵਿਚੋਂ ਖਾਸ ਸੰਦੇਸ਼ ਭੇਜ ਕੇ ਸਿੱਖ ਸੰਗਤਾਂ ਨੂੰ ਇਕੱਠਿਆਂ ਕੀਤਾ। ਹਿੰਦੁਸਤਾਨ ਦੇ ਇਤਿਹਾਸ ਵਿਚ ਇਹ ਇਕ ਇਨਕਲਾਬੀ ਦਿਨ ਸੀ ਜਿਸ ਦਿਨ ਤਲਵਾਰ ਨਾਲ ਸਿੱਖੀ ਦੀ ਪ੍ਰੀਖਿਆ ਕਰਦਿਆਂ ਹੋਇਆਂ ਦਸਮੇਸ਼ ਜੀ ਨੇ ਸਿੰਘ ਪੰਥ (ਖਾਲਸਾ ਪੰਥ) ਨੂੰ ਜਨਮ ਦਿੱਤਾ। ਪਹਿਲੇ ਪੰਜ ਪਿਆਰਿਆਂ ਦੀ ਚੋਣ ਕਰ ਕੇ ਤੇ ਜਾਤ-ਪਾਤ ਦਾ ਖ਼ਿਆਲ ਪਾਸੇ ਕਰ ਕੇ ਉਹਨਾਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਗਿਆ, ਫਿਰ ਉਸ ਤੋਂ ਬਾਅਦ ਇਨ੍ਹਾਂ ਪੰਜਾਂ ਪਿਆਰਿਆਂ (ਪੂਰਨ ਮਨੁੱਖਾਂ) ਤੋਂ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੇ ਆਪ ਅੰਮ੍ਰਿਤ ਛਕਿਆ। ਇਸ ਦ੍ਰਿਸ਼ ਨੂੰ ਵੇਖ ਕੇ ਆਮ ਲੋਕ ਹੈਰਾਨ ਰਹਿ ਗਏ ਤੇ ਕਹਿਣ ਲੱਗੇ ਕਿ ਇਹ ਤਾਂ ਵੇਖਣ ਵਿਚ ਆਇਆ ਹੈ ਕਿ ਚੇਲੇ ਗੁਰੂ ਤੋਂ ਸਿਖਿਆ ਲੈਂਦੇ ਤੇ ਚਰਨ-ਅੰਮ੍ਰਿਤ ਪਾਨ ਕਰਦੇ ਹਨ। ਮਗਰ ਗੁਰੂ ਦਾ ਚੇਲਿਆਂ ਪਾਸੋਂ ਹੱਥ ਅੱਡ ਕੇ ਪਾਹੁਲ ਦੀ ਜਾਚਨਾ ਕਰਨਾ, ਨਵੀਂ ਹੀ ਘਟਨਾ ਹੈ। ਇਸ ਗੱਲ ਨੇ ਲੋਕਾਂ ਉੱਤੇ ਅਸਰ ਪਾਇਆ। ਔਰੰਗਜ਼ੇਬ ਦੇ ਪਾਸ ਪੁੱਜੀ ਰੀਪੋਰਟ ਅਨੁਸਾਰ ਬ੍ਰਾਹਮਣ ਦੇ ਜਾਤ-ਪਾਤ ਵਾਲੇ ਧਰਮ ਤੋਂ ਬਗ਼ਾਵਤ ਕਰਦੇ ਹੋਏ ਵੀਹ ਹਜ਼ਾਰ ਆਦਮੀਆਂ ਨੇ ਕਲਗੀਧਰ ਦੀ ਇਸ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣਾ ਪ੍ਰਵਾਨ ਕੀਤਾ। ਇਸ ਜਥੇਬੰਦੀ ਦਾ ਨਾਮ 'ਖਾਲਸਾ' ਰੱਖਿਆ ਗਿਆ। ਖਾਲਸਾ ਦੇ ਲਫ਼ਜ਼ੀ ਮਾਅਨੇ ਬਾਦਸ਼ਾਹ ਦੀ ਆਪਣੀ ਜਾਇਦਾਦ ਹੈ। ਇਸ ਦਾ ਭਾਵ ਇਹ ਸੀ ਕਿ ਤਮਾਮ ਸਿੱਖ ਸੰਗਤਾਂ ਆਪਣੇ ਆਪ ਨੂੰ ਪਰਮੇਸ਼ੁਰ ਦੀ ਜਾਇਦਾਦ ਸਮਝਣ। ਇਸੇ ਖ਼ਿਆਲ ਨੂੰ ਗੁਰੂ ਜੀ ਨੇ 'ਮੁਲਾਕਾਤੀ ਨਾਅਰੇ' ਵਿਚ ਬੰਦ ਕਰ ਦਿੱਤਾ, ਤਾਕਿ ਸਿੰਘ ਸ਼ਕਤੀ ਤੇ ਫਤਹਿ ਨੂੰ ਹਾਸਲ ਕਰਦਾ ਹੋਇਆ ਵੀ ਅਭਿਮਾਨੀ ਨਾ ਬਣੇ : "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਇਸ ਤਰ੍ਹਾਂ ਸ੍ਰੀ ਦਸਮੇਸ਼ ਜੀ ਨੇ ਤਮਾਮ ਹਿੰਦੂ, ਮੁਸਲਮਾਨ ਦਾ ਮਜ਼੍ਹਬੀ ਭੇਦ ਤੇ ਨੀਚ-ਊਚ ਦਾ ਜ਼ਾਤੀ ਭੇਦ ਉਠਾ ਕੇ ਮਨੁੱਖਤਾ ਦੀ ਪੱਧਰ 'ਤੇ ਹਰ ਇਕ ਨੂੰ ਜੋੜਿਆ। ਉਹਨਾਂ ਦਾ ਏਕਤਾ ਦਾ ਨਾਦ ਸਦਾ ਸੰਸਾਰ ਦੀ ਰਹਿਨੁਮਾਈ ਕਰਦਾ ਰਹੇਗਾ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

(ਅਕਾਲ ਉਸਤਤਿ)

ਇਸ ਏਕਤਾ ਦਾ ਕੀ ਨਤੀਜਾ ਹੋਇਆ ਤੇ ਇਸ ਜਥੇਬੰਦੀ ਨੇ ਕੀ ਕੁਝ ਕੀਤਾ ? ਇਹ ਸਭ ਜਾਣਦੇ ਹਨ। ਕਾਬਲ ਤੇ ਦਿੱਲੀ ਦੀਆਂ ਤਾਕਤਾਂ ਦੇ ਹੁੰਦਿਆਂ ਹੋਇਆਂ ਦਰਮਿਆਨ ਪੰਜਾਬ ਵਿਚ ਸਿੱਖ ਮਿਸਲਾਂ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਸੁਤੰਤਰ ਰਾਜ ਕਾਇਮ ਕਰ ਲੈਣਾ ਇਸੇ ਸੰਗਠਨ ਦਾ ਸਿੱਟਾ ਸੀ।

ਇਹ ਇਕ ਸੋਚਣ ਵਾਲੀ ਗੱਲ ਹੈ ਕਿ ਧਾਰਮਿਕ ਅਕੀਦਿਆਂ ਵਿਚ ਇਤਨੀ ਭਿੰਨਤਾ ਰੱਖਣ ਵਾਲੇ ਲੋਕਾਂ ਨੂੰ ਗੁਰੂ ਜੀ ਨੇ ਕਿਸ ਤਰ੍ਹਾਂ ਜੋੜਿਆ। ਚੂੰਕਿ ਇਨ੍ਹਾਂ ਲੋਕਾਂ ਦਾ ਪੂਜਾ ਤੇ ਪੂਜਯ ਦੋਵੇਂ ਹੀ ਗ਼ਲਤ ਤੇ ਵੱਖ ਵੱਖ ਸਨ। ਗੁਰੂ ਸਾਹਿਬ ਜੀ ਨੇ 'ਸੁਧਾ ਸਵਈਆਂ' ਵਿਚ ਲਿਖਿਆ ਹੈ ਕਿ ਮੈਂ ਦੇਸ਼ਾਂ

www.sikhbookclub.com

ਦੇ ਤਮਾਮ ਧਰਮੀ ਪੁਰਖਾਂ ਨੂੰ ਵੇਖਿਆ ਹੈ, ਪਰ ਕਿਸੇ ਵਿਚ ਵੀ 'ਈਸ਼ੁਰ-ਪਿਆਰ' ਦੀ ਅੰਸ ਨਹੀਂ, ਇਹ ਅੰਸ ਤਾਂ ਇਕ ਪਾਸੇ ਰਹੀ, ਈਸ਼ਵਰ ਦੀ ਥਾਂ ਵੀ ਬਾਕੀ ਦੇਵੀ ਦੇਵਤਿਆਂ ਨੇ ਮੱਲੀ ਹੋਈ ਹੈ। ਕੁਝ ਲੋਕ ਬੁੱਤਾਂ, ਮੜ੍ਹੀਆਂ ਦੀ ਪੂਜਾ ਵਿਚ ਮਸਰੂਫ਼ ਹਨ, ਉਨ੍ਹਾਂ ਪਰਮੇਸ਼ਵਰ ਦੀ ਭਗਤੀ ਦਾ ਰਾਜ਼ ਨਹੀਂ ਸਮਝਿਆ। ਕੁਝ ਲੋਕ ਖ਼ਾਸ ਵਿਅਕਤੀਆਂ ਨੂੰ ਈਸ਼ਵਰ ਮੰਨ ਕੇ ਪੂਜਦੇ ਆ ਰਹੇ ਹਨ, ਉਨ੍ਹਾਂ ਦਾ ਖ਼ਿਆਲ ਹੈ ਕਿ ਈਸ਼ਵਰ ਜਨਮ ਲੈਂਦਾ ਹੈ। ਗੁਰੂ ਜੀ ਨੇ ਇਸ ਅਵਤਾਰਵਾਦ ਦਾ ਵੀ ਖੰਡਨ ਕੀਤਾ। ਆਪ ਕਹਿੰਦੇ ਹਨ:

ਸੋ ਕਿਮ ਮਾਨਸ ਰੂਪ ਕਹਾਏ ॥
ਸਿੱਧ ਸਮਾਧ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ ॥

(ਦਸਮ ਗ੍ਰੰਥ, ਪੰਨਾ ੭੧੧)

ਕੁਛ ਲੋਕ ਕਹਿੰਦੇ ਹਨ ਕਿ ਉਸ ਪਰਮੇਸ਼ਵਰ ਨੇ ਦੇਵਕੀ ਦੇ ਘਰ ਜਨਮ ਲਿਆ, ਕੁਝ ਕਹਿੰਦੇ ਹਨ ਕੌਸ਼ਲਿਆ ਦੇ। ਗੁਰੂ ਸਾਹਿਬ ਆਖਦੇ ਹਨ:

ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੌਤ੍ਰ ਮੁਕੰਦ ॥
ਕਉਨ ਕਾਜ ਕਹਾਹਿੰਗੇ ਤੇ ਆਨਿ ਦੇਵਕਿ ਨੰਦ ॥੨॥ *(ਉਹੀ)*

ਗੁਰੂ ਜੀ ਨੇ ਸਭ ਗ਼ਲਤ ਮੰਨਤਾਵਾਂ ਦਾ ਖੰਡਨ ਕੀਤਾ। ਇਸ ਤੋਂ ਇਲਾਵਾ ਕੁਝ ਲੋਕ ਆਪਣੇ ਅਚਾਰਯਾਂ ਪੀਰਾਂ ਨੂੰ ਹੀ ਸਭ ਕੁਝ ਮੰਨ ਕੇ ਪੂਜ ਰਹੇ ਸਨ। ਜੋਗੀ ਗੋਰਖ ਨੂੰ ਤੇ ਸੰਨਿਆਸੀ ਦੱਤਾਤ੍ਰੇ ਨੂੰ ਹੀ ਸਭ ਕੁਝ ਮੰਨ ਰਹੇ ਸਨ। ਸਤਿਗੁਰੂ ਇਸ ਬਾਰੇ ਵੀ ਸਪੱਸ਼ਟ ਲਿਖਦੇ ਹਨ:

ਜੋ ਜੁਗਿਯਾਨ ਕੇ ਜਾਇ ਉਠਿ ਆਸ਼੍ਰਮ,
ਗੋਰਖ ਕੋ ਤਿਹ ਜਾਪ ਜਪਾਵੈ ॥
ਜਾਇ ਸੰਨਯਾਸਨ ਕੇ, ਤਿਹ ਕੋ ਕਹ;
'ਦੱਤ ਹੀ ਸੱਤ' ਹੈ ਮੰਤ੍ਰ ਦ੍ਰਿੜਾਵੈ ॥
ਜੋ ਕੋਊ ਜਾਇ ਤੁਰੱਕਨ ਮੈ,
ਮਹਿ ਦੀਨ ਕੇ ਦੀਨ ਤਿਸੇ ਗਹਿ ਲਯਾਵੈ ॥
ਆਪਹਿ ਬੀਚ ਗਨੈ ਕਰਤਾ,
ਕਰਤਾਰ ਕੋ ਭੇਦੁ ਨ ਕੋਊ ਬਤਾਵੈ ॥੨੭॥ *(ਉਹੀ, ਪੰਨਾ ੭੧੫)*

ਇਸ ਤਰ੍ਹਾਂ ਆਪ ਨੇ ਤਮਾਮ ਕਿਸਮ ਦੀ ਸ਼ਖ਼ਸੀ ਪੂਜਾ ਤੋਂ ਸਿੱਖਾਂ ਨੂੰ ਬਚਣ ਦੀ ਤਾਕੀਦ ਕੀਤੀ ਤੇ ਕਿਹਾ:

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸ਼ੀ ਤਿਹ ਪਰਮੇਸ਼ਰ ਜਾਨੋ ॥

(ਉਹੀ, ਪੰਨਾ ੭੧੦)

ਗੁਰੂ ਜੀ ਨੇ ਆਪਣੀ ਬਾਬਤ ਵੀ ਇਸੇ ਤਰ੍ਹਾਂ ਆਖਿਆ ਹੈ ਕਿ "ਜੇ ਕੋਈ ਮੈਨੂੰ ਪਰਮੇਸਰ ਕਹੇਗਾ, ਉਹ ਦੋਜ਼ਖ਼ ਦਾ ਭਾਗੀ ਹੋਵੇਗਾ।"

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥੩੨॥ *(ਬਚਿਤ੍ਰ ਨਾਟਕ, ਅਧਿ: ੬)*

www.sikhbookclub.com

ਇਹ ਸੀ ਹਿੰਦੁਸਤਾਨੀ ਧਰਮਾਂ ਦੀ ਭਾਰੀ ਗੁੰਝਲ ਤੇ ਰੁਕਾਵਟ, ਜਿਸ ਨੂੰ ਗੁਰੂ ਜੀ ਨੇ ਬੜੀ ਦਲੇਰੀ ਨਾਲ ਹਟਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਪੂਜਯ ਈਸ਼ਵਰ ਦਾ ਸਹੀ ਸਰੂਪ ਸਾਹਮਣੇ ਰੱਖਿਆ। ਜਿਸ ਤੋਂ ਅੱਗੇ ਪੂਜਾ ਦਾ ਸਵਾਲ ਆਉਂਦਾ ਹੈ। ਸਾਡੇ ਲੋਕਾਂ ਦਾ ਪੂਜਾ ਦਾ ਢਾਂਚਾ ਵੀ ਨਿਰਾਲਾ ਹੀ ਸੀ। ਕੁਝ ਲੋਕ ਖਿਆਲ ਕਰਦੇ ਸਨ ਕਿ ਜਪ, ਤਪ, ਮੋਨ, ਬਰਤ, ਤੀਰਥ ਇਸ਼ਨਾਨ, ਕਲਵਤ੍ਰ ਲੈਣਾ, ਗੰਗਾ ਵਿਚ ਡੁੱਬ ਮਰਨਾ, ਘਰ-ਬਾਰ ਛੱਡ ਨਿਕਲਣਾ—ਇਹੋ ਰੱਬ ਦੀ ਖ਼ੁਸ਼ੀ ਹਾਸਲ ਕਰਨ ਦੇ ਢੰਗ ਹਨ, ਮਗਰ ਗੁਰੂ ਜੀ ਨੇ ਐਸੇ ਜੋਗੀਆਂ, ਤਪੀਆਂ, ਤਿਆਗੀਆਂ ਨੂੰ ਬਾਂਦਰਾਂ, ਮਿਰਗਾਂ, ਉਲੂਆਂ ਦੀ ਤਸ਼ਬੀਹ ਦੇ ਕੇ ਬੇਸਮਝ ਕਿਹਾ ਹੈ। ਵਿਸਥਾਰ ਲਈ 'ਅਕਾਲ ਉਸਤਤਿ' ਦੇ ੨੦ ਕਬਿੱਤ ਪੜ੍ਹੇ ਜਾ ਸਕਦੇ ਹਨ ਜਿਨ੍ਹਾਂ ਵਿਚ ਅਜਿਹੇ ਕਰਮ-ਕਾਂਡੀਆਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਜੀ ਨੇ ਕਿਹਾ ਕਿ ਇਹਨਾਂ ਭੇਖ ਦਿਖਾਵਿਆਂ ਨਾਲ ਲੋਕਾਂ ਨੂੰ ਤਾਂ ਮਗਰ ਲਾਇਆ ਜਾ ਸਕਦਾ ਹੈ, ਮਗਰ ਈਸ਼ਵਰ ਦੀ ਪ੍ਰਾਪਤੀ ਦਾ ਢੰਗ ਜਾਂ ਉਸ ਦੀ ਪੂਜਾ ਦਾ ਤਰੀਕਾ ਤਾਂ ਇਕੋ ਇਕ ਪ੍ਰੇਮ ਪਿਆਰ ਹੀ ਹੈ। ਨੈਣ ਮੁੰਦਣ ਨਾਲ ਤੇ ਤੀਰਥਾਂ ਵਿਚ ਡੁਬਕੀਆਂ ਲਾਉਣ ਨਾਲ ਉਸ ਨੂੰ ਹਾਸਿਲ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਦਾ ਬਚਨ ਹੈ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ,
ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ,
ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ,
ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥ *(ਸਵੱਯੇ, ਪਾ: ੧੦)*

ਅੱਜ ਸਿੱਖ ਧਰਮ ਵਿਚ ਹੋਰਾਂ ਰਸਮੀ ਮਜ਼ਹਬਾਂ ਵਾਂਗ ਪੂਜਯ ਤੇ ਪੂਜਾ ਦੋਹਾਂ ਦਾ ਖ਼ਿਆਲ ਗ਼ਲਤ ਪਾਸੇ ਤੁਰ ਪਿਆ ਹੈ। ਸਿੱਖਾਂ ਤੇ ਹੋਰ ਧਰਮੀਆਂ ਦਾ ਫ਼ਰਜ਼ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੀ ਰੋਸ਼ਨੀ ਵਿਚ ਤਮਾਮ ਤੁਹਮਾਦ ਪ੍ਰਸਤੀ ਨੂੰ ਪਾਸੇ ਕਰ ਕੇ ਵਿਗਿਆਨਕ ਧਰਮ ਨੂੰ ਸਹੀ ਸਮਝਣ ਦਾ ਯਤਨ ਕਰਨ। ਇਸੇ ਵਿਚ ਧਰਮ ਤੇ ਧਰਮੀਆਂ ਦਾ ਲਾਭ ਹੈ। ਅੰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਨਕਲਾਬੀ ਆਦਰਸ਼ਕ ਮੂਰਤੀ 'ਖ਼ਾਲਸਾ' ਦੀ ਜੋ ਤਾਰੀਫ਼ ਕੀਤੀ ਹੈ, ਉਸ ਦਾ ਹਰ ਪਹਿਲੂ ਹਰ ਸਿੱਖ ਨੂੰ ਯਾਦ ਰੱਖਣਾ ਚਾਹੀਦਾ ਹੈ। ਇਸ ਵਿਚ ਗੁਰੂ ਜੀ ਨੇ ਪੂਜਯ ਤੇ ਪੂਜਾ ਦੋਹਾਂ ਦਾ ਹੀ ਸੰਖੇਪ ਵਿਧਾਨ ਕੀਤਾ ਹੈ, ਜੋ ਸਾਡੀ ਸਦਾ ਰਹਿਨੁਮਾਈ ਕਰਨ ਵਾਲਾ ਹੈ।

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ, ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥

(ਦਸਮ ਗ੍ਰੰਥ, ਪੰਨਾ ੭੧੨)

(4/1987)

www.sikhbookclub.com

ਕਲਗੀਧਰ ਤਾਂ ਹੁਣ ਵੀ ਪੁਕਾਰ ਰਹੇ ਹਨ

ਬਾਬਾ ਫਰੀਦ ਜੀ ਨੇ ਭਾਵੇਂ ਕਿਸੇ ਹੋਰ ਪ੍ਰਸੰਗ ਵਿਚ ਪਰ ਬਹੁਤ ਢੁਕਵਾਂ ਉਚਾਰਿਆ ਸੀ ਕਿ ਮਨੁੱਖ ਦੀ ਦਸ਼ਾ ਦੇਖੋ ਕਿ ਆਵਾਜ਼ ਪੈ ਰਹੀ ਹੈ ਪਰ ਇਹ ਸੁਣੀ-ਅਣਸੁਣੀ ਕਰ ਕੇ ਜੀਵਨ ਦੀ ਬਾਜ਼ੀ ਹਾਰ ਰਿਹਾ ਹੈ :

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥

(ਪੰਨਾ ੧੩੮੨)

ਮੈਨੂੰ ਵੀ ਕੁਝ ਐਸਾ ਮਹਿਸੂਸ ਹੋ ਰਿਹਾ ਹੈ ਕਿ ਦਸਮ ਪਿਤਾ ਹੁਣ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ 'ਤੇ ਖਲੋਤੇ ਆਵਾਜ਼ ਮਾਰ ਰਹੇ ਹਨ, ਪੁਕਾਰ ਰਹੇ ਹਨ ਪਰ ਮੈਂ ਇੰਝ ਮੂੰਹ ਮੋੜ ਬੈਠਾ ਹਾਂ ਜਿਵੇਂ ਮੈਨੂੰ ਨਹੀਂ ਕਿਸੇ ਹੋਰ ਨੂੰ ਆਖ ਰਹੇ ਹੋਣ।

ਇਤਿਹਾਸਕ ਗਵਾਹੀ ਹੈ ਕਿ ਕਲਗੀਧਰ ਨੇ ਉਚੇਚੇ ਹੁਕਮਨਾਮੇ ਭੇਜ ਕੇ ਵੈਸਾਖੀ ਵਾਲੇ ਦਿਹਾੜੇ ਵਿਸ਼ੇਸ਼ ਇਕੱਠ ਕੀਤਾ ਸੀ ਤੇ ਸੰਗਤਾਂ ਦੀ ਗਿਣਤੀ ਅੱਸੀ ਹਜ਼ਾਰ ਤਕ ਹੋ ਗਈ ਸੀ।

ਆਸਾ ਦੀ ਵਾਰ ਦੇ ਕੀਰਤਨ ਬਾਅਦ ਦਸਮੇਸ਼ ਪਿਤਾ ਨੇ ਪੁਕਾਰ ਉੱਚੀ ਆਵਾਜ਼ ਨਾਲ ਕਿਹਾ ਸੀ ਕਿ ਕੋਈ ਹੈ ਜੋ ਗੁਰੂ ਨਾਨਕ ਦੇ ਆਸ਼ਿਆਂ ਅਨੁਸਾਰ ਜੀਵਨ ਭੇਟ ਦੇਵੇ ?

ਸਨਮੁਖ ਸਿੱਖ ਰੂਪ ਹੈ ਕੋਈ।
ਸੀਸ ਭੇਟ ਦੇਵੇ ਗੁਰ ਸੋਈ।

(ਗੁਰ ਬਿਲਾਸ ਪਾਤਸ਼ਾਹੀ ਦਸਵੀਂ)

ਪਹਿਲੀ ਆਵਾਜ਼ 'ਤੇ ਇੰਜ ਚੁੱਪ ਛਾ ਗਈ ਜਿਵੇਂ ਕੋਈ ਬੋਲਿਆ ਤੱਕ ਨਾ ਹੋਵੇ। ਦੂਜੀ ਆਵਾਜ਼ 'ਤੇ ਤਾਂ ਸਹਿਮ ਵੀ ਨਾਲ ਸ਼ਾਮਿਲ ਹੋ ਗਿਆ ਕਿਉਂਕਿ ਆਵਾਜ਼ ਹੋਰ ਗਰਜ਼ਵੀਂ ਹੋ ਗਈ ਸੀ ਤੇ ਤੀਜੀ ਆਵਾਜ਼ 'ਤੇ ਹੀ ਲਾਹੌਰ ਤੋਂ ਭਾਈ ਦਇਆ ਸਿੰਘ ਜੀ ਹੱਥ ਜੋੜ ਉਠੇ ਸਨ।

ਤੀਨ ਬੇਰ ਸ੍ਰੀ ਮੁਖ ਜਬ ਗਾਯੋ
ਹਾਥ ਜੋਰ ਸੇਵਕ ਇਕ ਆਯੋ ॥੧੧॥

(ਬਾਰਵਾਂ ਅਧਿਆਇ)

ਚੌਥੀ ਆਵਾਜ਼ ਵੇਲੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥ ਖ਼ੂਨ ਨਾਲ ਲਿਬੜੀ ਤਲਵਾਰ ਵੀ ਸੀ।

ਸ਼੍ਰੋਣਤ ਪੁਲਤ ਖੱਗ ਲੈ ਹਾਥਾ।
ਬਾਹਰ ਆਯੋ ਪੁਨ ਜਗਨਾਥ।

ਚੌਥੀ ਆਵਾਜ਼ ਵੇਲੇ ਇਕ (ਭਾਈ ਧਰਮ ਸਿੰਘ ਜੀ) ਗੁਰੂ ਵੱਲ ਟੁਰਿਆ ਸੀ ਤੇ ਕਈ ਦੀਵਾਨ

www.sikhbookclub.com

ਤੋਂ ਵੀ ਉਠ ਕੇ ਹੀ ਚਲੇ ਗਏ ਸਨ। ਫਿਰ ਆਵਾਜ਼ 'ਤੇ ਤਿੰਨ ਹੋਰ (ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਤੇ ਭਾਈ ਸਾਹਿਬ ਸਿੰਘ) ਨਿਤਰੇ ਸਨ ਪਰ ਕਈ ਬੇਮੁਖ ਹੋਏ। ਕਈ ਮਨਮੁਖ ਬਣੇ ਪਰ ਆਵਾਜ਼ 'ਤੇ ਸਿਰ ਭੇਂਟ ਕਰਨ ਵਾਲੇ ਹੀ ਪਿਆਰੇ ਕਹਿਲਾਏ। ਗੁਰੂ ਜੀ ਨੇ ਰਹਿਤ ਦ੍ਰਿੜ ਕਰਵਾਈ। ਉਪਦੇਸ਼ ਦਿੱਤੇ, ਗੁਰੂ ਜੀ ਆਪ ਸਿੰਘਾਸਨ ਛੱਡ ਪੰਜਾਂ ਪਿਆਰਿਆਂ ਅੱਗੇ ਹੱਥ ਜੋੜ ਕੇ ਕਹਿਣ ਲੱਗੇ, "ਮੈਨੂੰ ਵੀ ਖ਼ਾਲਸਾ ਬਣਾਓ।" ਜਦ ਰਤਾ ਕੁ ਪਿਆਰਿਆਂ ਸੰਕੋਚਵੇਂ ਬਚਨ ਆਖੇ ਤਾਂ ਫਰਮਾਇਆ ਕਿ ਸਾਵਧਾਨ ਹੋ ਕੇ ਅੰਮ੍ਰਿਤ ਦੀ ਦਾਤ ਦਿਓ। ਮਹਾਰਾਜ ਨੇ ਅੰਮ੍ਰਿਤ ਪਾਨ ਕੀਤਾ ਤੇ ਪਿਆਰਿਆਂ ਨੇ ਉਸੇ ਤਰ੍ਹਾਂ ਰਹਿਤ ਦ੍ਰਿੜ ਕਰਵਾਈ ਜਿਵੇਂ ਆਪ ਗੁਰੂ ਜੀ ਨੇ ਪਿਆਰਿਆਂ ਨੂੰ ਕਰਵਾਈ ਸੀ। ਆਖਦੇ ਹਨ ਕਿ ਫਿਰ ਗੁਰੂ ਜੀ ਨੇ ਕੋਈ ਆਵਾਜ਼ ਨਹੀਂ ਦਿੱਤੀ ਪਰ ਮੈਨੂੰ ਇੰਜ ਲੱਗਦਾ ਹੈ ਕਿ ਗੁਰੂ ਜੀ ਤਾਂ ਹੁਣ ਵੀ ਆਵਾਜ਼ਾਂ ਦੇ ਰਹੇ ਹਨ। ਪੁਕਾਰ ਰਹੇ ਹਨ। ਮੈਂ ਹੀ ਕੰਨ ਮਰੋੜ ਬੈਠਾ ਹਾਂ। ਜਿਵੇਂ ਪਹਿਲੀਆਂ ਦੋ ਆਵਾਜ਼ਾਂ ਸੁਣੀਆਂ ਅਣਸੁਣੀਆਂ ਕਰ, ਦਬਕ ਕੇ ਬੈਠੇ ਰਹੇ, ਦਲੀਲਾਂ ਵਿਚ ਪੈ ਗਏ। ਹੁਣ ਵੀ ਜੋ ਗੁਰੂ ਜੀ ਪੁਕਾਰ-ਪੁਕਾਰ ਕਹਿ ਰਹੇ ਹਨ, ਮੈਂ ਸੁਣੀ-ਅਣਸੁਣੀ ਕਰ ਰਿਹਾ ਹਾਂ।

ਗੁਰੂ ਜੀ ਕਹਿ ਰਹੇ ਹਨ ਕਿ 'ਅੰਮ੍ਰਿਤ ਵੇਲਾ ਸਚ ਨਾਉ' ਹੈ ਪਰ ਉਸ ਕੀਮਤੀ ਵੇਲੇ ਨੂੰ ਮੈਂ ਬਿਸਤਰੇ 'ਤੇ ਪਲਸੇਟੇ ਮਾਰ ਅਜਾਈਂ ਹੀ ਗਵਾ ਰਿਹਾ ਹਾਂ। ਭਾਈ ਨੰਦ ਲਾਲ ਜੀ ਤਾਂ ਕਿਹਾ ਕਰਦੇ ਸਨ ਕਿ ਤੂੰ ਰੋਜ਼ ਕਹਿੰਦਾ ਹੈਂ ਕਿ ਵਾਹਿਗੁਰੂ ਦੇ ਦੀਦਾਰ ਨਹੀਂ ਹੁੰਦੇ। ਆ ਤੈਨੂੰ ਦੱਸਾਂ ਇਕ ਰਾਜ਼ ਦੀ ਬਾਤ। ਅੰਮ੍ਰਿਤ ਵੇਲੇ ਆਪਣੇ ਮੂੰਹ ਤੋਂ ਚਾਦਰ ਲਾਹ ਦੇਹ, ਵਾਹਿਗੁਰੂ ਵੀ ਨਕਾਬ ਉਤਾਰ ਦੀਦਾਰ ਦੇ ਦੇਵੇਗਾ। ਗੁਰੂ ਜੀ ਕਹਿ ਰਹੇ ਹਨ :

ਗੋਰ ਮੜੀ ਮਟ ਭੂਲ ਨ ਮਾਨੈ ॥ *(ਦਸਮ ਗ੍ਰੰਥ, ਪੰਨਾ ੭੧੨)*

ਪਰ ਮੈਂ ਤਾਂ ਪੁਜਾਰੀ ਹੀ ਸਮਾਧਾਂ ਦਾ ਹੋ ਗਿਆ ਹਾਂ। ਗੁਰੂ ਜੀ ਪੁਕਾਰ ਕਹਿ ਰਹੇ ਹਨ :

ਦਿਜੈ ਦਾਨ ਭੁਖੈ, ਲਾਹੋ ਜਾਇ ਪਿਆਰੇ।
ਦਿਵਾਨੰ ਲਗਾਵੇ ਸੁਨੰ ਸ਼ਬਦ ਸਾਰੇ।
ਗੁਰੂ ਗ੍ਰੰਥ ਜਾਨੋ ਸਦਾ ਅੰਗ ਸੰਗੰ।
ਸੁਨੋ ਗਾਥ ਗੁਰ ਕੀ ਜੀਤ ਰੰਗੰ।
ਜਹਾ ਧਰਮ ਸਾਲਾ ਤਹਾ ਨੀਤ ਜੈਯੈ।
ਗੁਰ ਦਰਸ ਕੀਜੈ ਮਹਾ ਸੂਖ ਪੈਯੈ।
ਜਪੋ ਵਾਹਿਗੁਰੂ ਜਾਪ ਜੀਤੰ ਸਦਾ ਹੀ।
ਸਦਾ ਨਾਮ ਲੀਜੈ ਗੁਰ ਗੀਤ ਗਾਹੀ।

ਪਰ ਗੁਰਦੁਆਰਾ ਤਾਂ ਮੈਨੂੰ ਮੂਲੋਂ ਵਿਸਰ ਗਿਆ ਹੈ, ਕੀਰਤਨ ਵਿਚ ਜੀਅ ਨਹੀਂ ਲੱਗਦਾ। ਸ਼ਬਦ ਦੀ ਸੋਝੀ ਨਹੀਂ। ਕਥਾ ਸੁਣਿਆਂ ਸਮੇਂ ਹੀ ਹੋ ਗਏ ਹਨ।

ਗੁਰੂ ਜੀ ਕਹਿੰਦੇ ਹਨ : "ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜਿਆਰੈ" ਪਰ ਮੈਂ ਤਾਂ ਕ੍ਰੋਧ ਵਿਚ ਉਬਲ ਰਿਹਾ ਹਾਂ, ਈਰਖਾ ਵਿਚ ਸੜ ਰਿਹਾ ਹਾਂ, ਕਾਮ ਵਿਚ ਗਲ ਰਿਹਾ ਹਾਂ। ਲੋਭ ਲਹਿਰ ਵਿਚ ਗਰਕ ਹੋ ਰਿਹਾ ਹਾਂ ਅਤੇ ਕਹੀ ਇਹ ਜਾਂਦਾ ਹਾਂ ਕਿ ਗੁਰੂ ਰਾਹ ਹੀ ਨਹੀਂ ਦੱਸ ਰਹੇ। ਗੁਰੂ ਤਾਂ ਕਹਿੰਦੇ ਹਨ :

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ *(ਪੰਨਾ ੫੫੪)*

www.sikhbookclub.com

ਪਰ ਮੈਂ ਤਾਂ ਪਹਿਲੀ ਫੁਰਸਤ ਨਸ਼ਾ ਕਰਨ ਲਈ ਦੌੜਦਾ ਹਾਂ। ਗੁਰੂ ਜੀ ਬੋਲ ਰਹੇ ਹਨ ਕਿ 'ਬਿਨੁ ਦਿਤੇ ਕਛੁ ਹਥਿ ਨ ਆਈ' ਪਰ ਮੈਂ ਖੋਹਾ-ਖਾਹੀ ਨੂੰ ਹੀ ਵਿਹਾਰ ਬਣਾ ਲਿਆ ਹੈ। ਧੰਦਾ ਹੀ ਕਿਰਤ ਹੋ ਗਈ ਹੈ। ਗੁਰੂ ਜੀ ਸਮਝਾਂਦੇ ਹਨ 'ਸਬਦ ਮਿਲਾਵਾ ਹੋਈ। ਮੈਂ ਵਿਅਕਤੀਆਂ ਪਿੱਛੇ ਹੀ ਨੱਸੀ ਜਾ ਰਿਹਾ ਹਾਂ। ਗੁਰੂ ਨੂੰ ਛੱਡ ਕਿਸੇ ਸੰਤ ਦਾ ਹੋ ਗਿਆ ਹਾਂ। ਸਾਧੂ ਦਾ ਸੇਵੀ ਹਾਂ। ਕਿਸੇ ਦੇਹਧਾਰੀ ਦਾ ਉਪਾਸ਼ਕ ਹਾਂ। ਗੁਰੂ ਜੀ ਫ਼ੁਰਮਾਂਦੇ ਹਨ ਕਿ :

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥
ਅਵਰੁ ਨ ਜਾਣਾ ਦੂਆ ਤੀਆ ॥ *(ਪੰਨਾ ੧੦੩੪)*

ਪਰ ਮੈਂ ਅੰਮ੍ਰਿਤ ਦੀ ਦਾਤ ਲੈ ਕੇ ਵੀ ਆਖੀ ਜਾਂਦਾ ਹਾਂ ਕਿ ਮੈਂ ਫਲਾਣੇ ਜੱਥੇ ਤੋਂ ਅੰਮ੍ਰਿਤ ਛਕਿਆ। ਮੈਂ ਫਲਾਂ ਹੱਥੋਂ ਪਾਇਆ ਹੈ। ਮੈਂ ਬਿਬੇਕੀ ਹਾਂ। ਗੁਰੂ ਕਹਿੰਦੇ ਹਨ ਕਿ 'ਜੋ ਸਿਖ ਹੋਏ ਨੱਚੇ ਉਹ ਤਨਖਾਹੀਆ'। ਮੇਰਾ ਕੋਈ ਅਨੰਦ ਕਾਰਜ ਸੰਪੂਰਨ ਨਹੀਂ ਹੁੰਦਾ ਜਦ ਤੱਕ ਨੱਚਾ ਨਾ। ਗੁਰੂ ਜੀ ਕਹਿੰਦੇ ਹਨ ਕਿ :

ਜਬ ਇਹ ਗਹਿ ਬਿਪਰਨ ਕੀ ਰੀਤਿ।
ਮੈਂ ਨਾ ਕਰਉ ਇਨ ਕੀ ਪ੍ਰਤੀਤ।

ਮੈਂ ਬੇਪ੍ਰਵਾਹ ਹੋ ਕੇ ਸਰਾਧ ਕਰਾਈ ਜਾਂਦਾ ਹਾਂ। ਟੂਣੇ ਕਰਾਂਦਾ ਹਾਂ। ਤਵੀਤ ਗਲੇ ਪਾਂਦਾ ਹਾਂ। ਪੁੱਛਣਾ ਕਰਦਾ ਹਾਂ। ਸੁਖਨਾ ਦੇਂਦਾ ਹਾਂ।

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਧਨ, ਜਵਾਨੀ, ਕੁਲ, ਜਾਤਿ ਦਾ ਅਭਿਮਾਨ ਨਹੀਂ ਕਰਨਾ ਪਰ ਮੈਂ ਆਪਣੀ ਪਛਾਣ ਮੁਕੰਮਲ ਨਹੀਂ ਸਮਝਦਾ ਜਦ ਤਕ ਪਿੱਛੇ ਜਾਤ ਨਾ ਲਗਾਵਾਂ। ਗੁਰੂ ਜੀ ਕਹਿੰਦੇ ਹਨ ਕਿ :

'ਮਨਸੂਬਾ ਬਣ ਸਿੱਖਾਂ ਵਿਚ ਫੁੱਟ ਨਹੀਂ ਪਾਉਣੀ' ਪਰ ਮੈਂ ਤਾਂ ਇਸ ਭਾਲ ਵਿਚ ਰਹਿੰਦਾ ਹਾਂ ਕਿ ਏਕਾ ਤੋੜਿਆ ਕਿਵੇਂ ਜਾਵੇ।

ਗੁਰੂ ਜੀ ਤਾਕੀਦ ਕਰਦੇ ਹਨ ਕਿ 'ਗੁਰਮੁਖੀ ਵਿਦਿਆ ਦਾ ਪ੍ਰਕਾਸ਼ ਕਰੇ'। ਇਸ ਨੇ ਪ੍ਰਕਾਸ਼ ਕੀ ਕਰਨਾ ਸੀ ਇਹ ਤਾਂ ਘਰ ਵਿਚ ਆਪਣੇ ਬੱਚਿਆਂ ਨਾਲ ਵੀ ਅਵਰ ਭਾਸ਼ਾ ਬੋਲੀ ਜਾਂਦਾ ਹੈ। ਗੁਰੂ ਜੀ ਨੇ ਤਾੜਨਾ ਕੀਤੀ। 'ਬੁਰੀ ਵਸਤੂ ਪੂਜਾ ਕੇ ਧਾਨ ਕੋ ਜਾਣੇ' ਪਰ ਮੈਂ ਤਾਂ ਇੰਨਾ ਨਿਰਭਰ ਹੀ ਪੂਜਾ ਦੇ ਧਾਨ 'ਤੇ ਹੋ ਗਿਆ ਹਾਂ। ਗੁਰੂ ਜੀ ਨੇ ਕਿਹਾ, ਧਰਮਸਾਲੀਆ, ਗ੍ਰੰਥੀ ਮਸੰਦ ਨਾ ਬਣ ਬੈਠੇ ਪਰ ਮੈਂ ਤਾਂ ਡੇਰੇਦਾਰ ਹੀ ਬਣ ਬੈਠਾ ਹਾਂ। ਗੁਰੂ ਜੀ ਫ਼ੁਰਮਾਉਂਦੇ ਹਨ :

ਕਰਨੀ ਛਿਮਾ ਮਹਾਂ ਤਪ ਜਾਨ।
ਛਿਮਾ ਕਰਨਿ ਹੀ ਦੈਬੋ ਦਾਨ।
ਛਿਮਾ ਸਕਲ ਤੀਰਥ ਅਸ਼ਨਾਨ।
ਛਿਮਾ ਕਰਤਿ ਨਰ ਕੀ ਕਲਿਆਨ।

(ਗੁਰ ਪ੍ਰਤਾਪ ਸੂਰਜ, ਰਾਸਿ ੧੧, ਅੰਸੂ ੧੭)

ਪਰ ਇਹ ਤਾਂ ਵੈਰੀ ਪੀੜ੍ਹੀਆਂ ਤਕ ਪਾਲਦਾ ਹੈ। ਗੁਰੂ ਜੀ ਨੇ ਕਿਹਾ :

ਦਰਬ ਕੇ ਕਾਰਨੇ ਗੁਰੂ ਮਹਾਰਾਜ ਨੇ ਨਹੀਂ ਬੈਠ ਇਹ ਦੁਕਾਨ ਪਾਈਂ ਪਰ ਇਸ ਨੂੰ ਉਤਨੀ ਦੇਰ

www.sikhbookclub.com

ਤਕ ਸਬਰ ਨਹੀਂ ਆਉਂਦਾ ਜਦ ਤਕ ਗੁਰਦੁਆਰੇ ਦੀ ਬਾਹਰਲੀ ਬਾਹੀ ਦੁਕਾਨਾਂ ਨਾ ਬਣਾਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ੁਰਮਾਇਆ ਸੀ :

ਹੁਣ ਗੁਰੂ ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।
ਗੁਰੂ ਹੈ ਖਾਲਸਾ, ਖਾਲਸਾ ਹੈ ਗੁਰੂ।
ਆਪਸ ਵਿਚ ਕਰਨਾ ਪਿਆਰ, ਪੰਥ ਦੇ ਵਾਧੇ ਨੂੰ ਲੋਚਨਾ।
ਆਗਿਆ ਗ੍ਰੰਥ ਸਾਹਿਬ ਦੀ, ਕਰਨੀ ਸ਼ਬਦ ਦੀ ਖੋਜਨਾ।

ਪਰ ਇਹ ਹੋਰ ਹੋਰ ਸਹਾਰਾ ਤਕਦਾ ਹੈ।

ਬਸ ਲੋੜ ਹੈ ਕਿ ਗੁਰੂ ਦੀ ਆਵਾਜ਼ ਗਹੁ ਨਾਲ ਸੁਣ ਉਸ 'ਤੇ ਕਿੰਤੂ ਕੀਤੇ ਬਗ਼ੈਰ ਤੁਰਨ ਦੀ, ਉਨ੍ਹਾਂ ਬਚਨਾਂ 'ਤੇ ਪਹਿਰਾ ਦੇਣ ਦੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਦ੍ਰਿੜ ਕਰਾਏ ਸਨ।

(4/1992)

www.sikhbookclub.com

ਹਮ ਇਹ ਕਾਜ ਜਗਤ ਮੋ ਆਏ...

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਇਸ ਧਰਤੀ ਉੱਪਰ ਪ੍ਰਗਟ ਹੋਣ ਦਾ ਮਕਸਦ ਬਚਿਤ੍ਰ ਨਾਟਕ ਵਿਚ ਸਪੱਸ਼ਟ ਬਿਆਨ ਕਰ ਦੇਂਦੇ ਹਨ। ਗੁਰੂ ਜੀ ਲਿਖਦੇ ਹਨ ਕਿ ਉਨ੍ਹਾਂ ਤੋਂ ਪਹਿਲੇ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਜੋਤ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਦੁਨੀਆਂ ਵਿਚ ਕਈ ਪੁਰਖ ਵਿਸ਼ੇਸ਼ ਮਕਸਦ ਲਈ ਆਉਂਦੇ ਰਹੇ ਪਰ ਉਹ ਆਪਣੇ ਨਿਸ਼ਾਨੇ ਤੋਂ ਤਿਲ੍ਹਕ ਜਾਂਦੇ ਰਹੇ। ਉਨ੍ਹਾਂ ਨੇ ਇਕ ਅਕਾਲ ਪੁਰਖ ਦਾ ਨਾਮ ਜਪਾਉਣ ਦੀ ਬਜਾਇ ਆਪਣਾ ਨਾਮ ਜਪਾਉਣਾ ਆਰੰਭ ਦਿੱਤਾ। ਜਿਹੜੇ ਵੀ ਦੇਵਤੇ ਆਦਿ ਹੋਏ ਉਹ ਆਪ ਹੀ ਪਰਮੇਸ਼ਰ ਬਣ ਬੈਠੇ :

ਮਹਾਦੇਵ ਅਚੁੱਤ ਕਹਾਯੋ ॥ ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥

(ਬਚਿਤ੍ਰ ਨਾਟਕ, ਅਧਿ: ੬)

ਜੋ ਵੀ ਕੋਈ ਥੋੜ੍ਹਾ ਬਹੁਤ ਸਿਆਣਾ ਹੋ ਗਿਆ, ਉਸ ਨੇ ਆਪਣਾ ਹੀ ਮਤ, ਮਜ਼ਹਬ ਵੱਖਰਾ ਚਲਾ ਦਿੱਤਾ ਪਰ ਉਨ੍ਹਾਂ ਵਿਚੋਂ ਕਿਸੇ ਵੀ ਪ੍ਰਭੂ ਪਰਮੇਸ਼ਰ ਨੂੰ ਨਾ ਪਹਿਚਾਣਿਆ ਤੇ ਨਾ ਹੀ ਕਿਸੇ ਉਸ ਨੂੰ ਪ੍ਰਾਪਤ ਕਰਨ ਲਈ ਕੋਈ ਯਤਨ ਕੀਤਾ ਬਲਕਿ ਆਪਣੇ ਵਿਚ ਹਉਮੈ ਹੰਕਾਰ ਵਧਾ ਲਿਆ। ਆਪਣਾ ਪੇਟ ਪਾਲਣ ਦੀ ਖ਼ਾਤਰ ਸਭ ਕੁਝ ਕੀਤਾ ਪ੍ਰੰਤੂ ਪਰਮਾਤਮਾ ਦੇ ਰਸਤੇ ਉੱਪਰ ਕੋਈ ਨਾ ਚੱਲਿਆ।

ਗੁਰੂ ਜੀ ਸਪੱਸ਼ਟ ਕਰਦੇ ਹਨ ਕਿ ਜੋ ਲੋਕ ਵੇਦ, ਕਤੇਬ, ਸਿਮਰਤੀਆਂ ਆਦਿ ਦੇ ਪ੍ਰੇਮੀ ਬਣ ਗਏ ਉਨ੍ਹਾਂ ਵੀ ਬ੍ਰਹਮ ਜਾਂ ਅਕਾਲ ਪੁਰਖ ਨੂੰ ਤਿਆਗਿਆ ਹੋਇਆ ਸੀ ਪਰ ਕੁਝ ਐਸੇ ਲੋਕ ਵੀ ਸਨ ਜਿਨ੍ਹਾਂ ਨੇ ਆਪਣਾ ਮਨ ਹਰੀ ਦੇ ਚਰਨਾਂ ਵਿਚ ਟਿਕਾਇਆ ਹੋਇਆ ਸੀ। ਉਨ੍ਹਾਂ ਨੇ ਵੇਦਾਂ, ਸਿਮਰਤੀਆਂ ਆਦਿ ਦਾ ਕਰਮਕਾਂਡੀ ਰਸਤਾ ਤਿਆਗਿਆ ਹੋਇਆ ਸੀ :

ਜਿਨ ਮਨ ਹਰਿ ਚਰਨਨ ਠਹਿਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥੨੦॥

(ਉਹੀ)

ਸਪੱਸ਼ਟ ਹੈ ਕਿ ਐਸੇ ਕੁਝ ਲੋਕ ਮਹਾਂਪੁਰਸ਼ ਸਨ ਜੋ ਬੇਦ-ਕਤੇਬ ਦੇ ਕਰਮਕਾਂਡਾਂ ਅਤੇ ਆਪਣੇ ਆਪ ਨੂੰ ਪਰਮੇਸ਼ਰ ਅਖਵਾਉਣ ਦੀਆਂ ਰੁਚੀਆਂ ਦੇ ਵਿਰੋਧੀ ਪਰਮੇਸ਼ਰ ਦੇ ਅਸਲ ਸਰੂਪ ਨੂੰ ਪਹਿਚਾਣਦੇ ਸਨ ਪਰ ਮੁਸ਼ਕਲ ਇਹ ਸੀ ਕਿ ਇਸ ਸਤਿ ਉਪਦੇਸ਼ 'ਤੇ ਚੱਲਣ ਵਾਲਿਆਂ ਨੂੰ ਦੁੱਖ-ਤਕਲੀਫ਼ਾਂ, ਜ਼ੁਲਮ, ਤਸ਼ੱਦਦ ਸਹਿਣੇ ਪੈਂਦੇ ਸਨ। ਐਸੇ ਲੋਕਾਂ ਨੂੰ ਸਰੀਰ ਉੱਪਰ ਕਈ ਕਿਸਮ ਦੀਆਂ ਤਕਲੀਫ਼ਾਂ ਤੇ ਤਸੀਹੇ ਝੱਲਣੇ ਪੈਂਦੇ :

www.sikhbookclub.com

ਤਿਨ ਕੇ ਗੂੜ ਮੱਤ ਜੇ ਚਲਹੀ ॥
ਭਾਂਤਿ ਅਨੇਕ ਦੂਖਨ ਸੋ ਦਲਹੀ ॥੨੦॥

(ਉਹੀ)

ਅਖ਼ੀਰ ਵਿਚ ਗੁਰਦੇਵ ਜੀ ਬਿਆਨ ਕਰਦੇ ਹਨ ਕਿ ਦੁਨੀਆਂ ਦੇ ਐਸੇ ਚਿਹਨ-ਚੱਕਰ ਦੇਖ ਅਕਾਲ ਪੁਰਖ ਨੇ ਮੈਨੂੰ ਆਪਣਾ ਪੁੱਤਰ ਕਹਿ ਨਿਵਾਜਦੇ ਇਸ ਮਾਤ-ਲੋਕ ਵਿਚ ਧਰਮ ਦਾ ਬੋਲ-ਬਾਲਾ ਕਰਨ ਅਤੇ ਖੋਟੀ ਮਤ ਵਾਲਿਆਂ ਭਾਵ ਨਿਰੰਕਾਰ ਨੂੰ ਵਿਸਾਰ ਫੋਕੇ ਕਰਮ ਕਰਨ ਦੀਆਂ ਰੁਚੀਆਂ ਨੂੰ ਹਟਾਉਣ ਲਈ ਭੇਜਿਆ :

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥

(ਉਹੀ)

ਸੋ ਧਰਮ ਦਾ ਬੋਲ-ਬਾਲਾ ਕਰਨ, ਸੰਤਾਂ ਨੂੰ ਬਚਾਉਣ ਤੇ ਦੁਸ਼ਟ ਲੋਕਾਂ ਨੂੰ ਜੜ੍ਹੋਂ ਪੁੱਟਣਾ ਇਹ ਮਕਸਦ ਸੀ ਗੁਰਦੇਵ ਜੀ ਦੇ ਪ੍ਰਗਟ ਹੋਣ ਦਾ :

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਉਹੀ)

ਇਸ ਮਕਸਦ ਦੀ ਪੂਰਤੀ ਲਈ ਗੁਰਦੇਵ ਜੀ ਨੇ ਸੰਤਾਂ ਦਾ ਪੱਖ ਲੈਣਾ ਸੀ। ਕੁਦਰਤੀ ਹੈ ਦੁਸ਼ਟਾਂ ਨੇ ਉਨ੍ਹਾਂ ਦਾ ਵਿਰੋਧ ਕਰਨਾ ਹੀ ਸੀ। ਸੰਤ ਕੌਣ ਸਨ ? ਦੁਸ਼ਟ ਕੌਣ ਸਨ ? ਉਪਰੋਕਤ ਵਿਸਥਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੋ ਆਪ ਹੀ ਪਰਮੇਸ਼ਰ ਬਣ ਗਿਆ, ਆਪਣਾ ਹੀ ਨਾਮ ਜਪਾਉਣ ਲੱਗ ਗਏ, ਜੋ ਧਰਮ ਦੇ ਫੋਕਟ ਕਰਮਕਾਂਡਾਂ ਵਿਚ ਉਲਝ ਗਏ, ਉਨ੍ਹਾਂ ਦੇ ਅੰਦਰ ਮਲੀਨ ਹੋ ਗਏ; ਉਹ ਦੁਸ਼ਟ ਬਣ ਗਏ। ਜੋ ਅਕਾਲ ਪੁਰਖ ਨੂੰ ਪਹਿਚਾਣ, ਸਤਿ ਦੇ ਰਸਤੇ ਚੱਲ ਪਏ ਉਹ ਸੰਤ।

ਇਤਿਹਾਸ ਗਵਾਹ ਹੈ ਕਿ ਗੁਰੂ ਜੀ ਨੇ ਆਪਣਾ ਸਾਰਾ ਜੀਵਨ ਇਸ ਮਕਸਦ ਦੀ ਪੂਰਤੀ ਲਈ ਸੰਘਰਸ਼ ਕੀਤਾ। ਸਾਹਿਤ ਸਿਰਜਣਾ ਅਤੇ ਪ੍ਰਚਾਰ ਰਾਹੀਂ ਅਤੇ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥

(ਜ਼ਫਰਨਾਮਾ)

ਅਨੁਸਾਰ ਜਦ ਬਾਕੀ ਸਾਰੇ ਹੀਲੇ-ਵਸੀਲੇ ਖ਼ਤਮ ਹੋ ਗਏ ਤਾਂ ਮੈਦਾਨ-ਏ-ਜੰਗ ਅੰਦਰ ਹਥਿਆਰ ਰਾਹੀਂ ਹੀ ਦੁਸ਼ਟਾਂ ਦੀ ਦੁਸ਼ਟਤਾ ਖ਼ਤਮ ਕਰਨ ਲਈ ਹਰ ਹੁੰਦਾ ਯਤਨ ਕੀਤਾ। ਉਹ ਇਸ ਸਿਧਾਂਤ ਪ੍ਰਤੀ ਇਤਨੇ ਦ੍ਰਿੜ੍ਹ ਤੇ ਸਪੱਸ਼ਟ ਸਨ ਕਿ ਹਰ ਤਰ੍ਹਾਂ ਦੇ ਹਾਲਾਤ ਵਿਚ ਉਨ੍ਹਾਂ ਆਪਣੇ ਨਿਸ਼ਾਨੇ ਨੂੰ ਮੁੱਖ ਰੱਖਿਆ। ਇਸ ਨਿਸ਼ਾਨੇ ਦੀ ਕਨਸੋਅ ਨੇ ਦਿੱਲੀ ਦੇ ਮੁਗ਼ਲ ਸਾਮਰਾਜੀਆਂ ਦੀ ਨੀਂਦ ਹਰਾਮ ਕਰ ਦਿੱਤੀ। ਇਸ ਲਈ ਉਨ੍ਹਾਂ ਕਈ ਵੇਰ ਲੱਖਾਂ ਦੀ ਗਿਣਤੀ ਵਿਚ ਪਿਆਰੀ ਅਨੰਦਪੁਰੀ ਨੂੰ ਆ ਘੇਰੇ ਪਾਏ, ਬਾਰ-ਬਾਰ ਯੁੱਧ ਕੀਤੇ। ਇਸੇ ਨਿਸ਼ਾਨੇ ਦੀ ਸੂਹ ਜਦ ਪਹਾੜੀ ਰਾਜਿਆਂ ਨੂੰ ਪਈ ਤਾਂ ਉਨ੍ਹਾਂ ਦੇ

www.sikhbookclub.com

ਅੰਦਰ ਦੀ ਦੁਸ਼ਟਤਾ ਨੇ ਵੱਟ ਖਾਧਾ। ਦੁਸ਼ਟ, ਦੁਸ਼ਟ ਦੇ ਸਾਥੀ ਸਹਿਯੋਗੀ ਬਣ ਗਏ। ਵਿਚਾਰਨ ਵਾਲੀ ਗੱਲ ਹੈ ਕਿ ਪਿਛੋਕੜ ਇਕ ਨਹੀਂ, ਰੀਤੀ-ਰਿਵਾਜ ਅਤੇ ਤਿਉਹਾਰ, ਮਤ, ਫਿਰਕਾ ਇਕ ਨਹੀਂ ਪਰ ਇਨ੍ਹਾਂ ਵਿਚ ਭਾਵ ਕਿ ਪਹਾੜੀ ਰਾਜਿਆਂ ਅਤੇ ਮੁਗ਼ਲ ਸਾਮਰਾਜੀਆਂ ਵਿਚ ਕੇਵਲ ਤੇ ਕੇਵਲ ਇਕ ਹੀ ਸਾਂਝ ਹੈ ਤੇ ਉਹ ਹੈ ਦੁਸ਼ਟਤਾ ਦੀ। ਗੁਰਦੇਵ ਦਾ ਤਾਂ ਨਿਸ਼ਾਨਾ ਹੀ ਇਹ ਸੀ ਕਿ ਦੁਸ਼ਮਣਾਂ ਦੀ ਜੜ੍ਹ ਉਖੇੜਨ ਦਾ ਅਤੇ ਇਸ ਮਕਸਦ ਦੀ ਪੂਰਤੀ ਲਈ ਆਪਣਾ ਸਾਰਾ ਪਰਿਵਾਰ, ਸ਼ੀਰਖੋਰ ਸਾਹਿਬਜ਼ਾਦੇ, ਪਿਆਰੇ ਸਿੱਖ ਸਭ ਸ਼ਹੀਦ ਕਰਵਾ ਦਿੱਤੇ। ਅਕਾਲ ਪੁਰਖ ਵੱਲੋਂ ਜੋ ਹੁਕਮ ਹੋਇਆ ਸੀ 'ਸੰਤ ਉਬਾਰਨ' ਅਤੇ 'ਦੁਸ਼ਟ ਉਪਾਰਨ' ਦਾ ਇਸ ਉੱਪਰ ਇਤਨੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਕਿ ਆਪਣਾ ਸਭ ਕੁਝ ਕੁਰਬਾਨ ਕਰ ਕੇ, ਮਾਛੀਵਾੜੇ ਦੇ ਜੰਗਲਾਂ ਵਿਚ ਸਰੀਰ ਕੰਡਿਆਂ ਨਾਲ ਲੀਰੋ-ਲੀਰ, ਪੈਰਾਂ ਹੇਠ ਛਾਲੇ, ਕਈਆਂ ਦਿਨਾਂ ਦੀ ਭੁੱਖ, ਤ੍ਰੇਹ, ਪਰ ਫਿਰ ਵੀ ਇਹੀ ਪੁਕਾਰ ਰਹੇ ਹਨ :

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ ॥

(ਸ਼ਬਦ ਹਜ਼ਾਰੇ ਪਾ: ੧੦)

ਐਸੇ ਹਾਲਾਤ ਅੰਦਰ ਵੀ ਸਬਰ-ਸੰਤੋਖ ਵਿਚ ਹਨ, ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਹਨ। ਸੰਤ ਸੁਭਾਅ ਵਾਲੇ ਲੋਕਾਂ ਦੀ ਹਮਾਇਤ ਅਤੇ ਰੱਖਿਆ ਵਜੋਂ ਝੱਲੇ ਦੁੱਖ-ਤਕਲੀਫਾਂ ਰੂਪੀ ਸੱਥਰ ਉਨ੍ਹਾਂ ਨੂੰ ਚੰਗੇ ਲੱਗ ਰਹੇ ਹਨ, ਇਸ ਦੇ ਮੁਕਾਬਲੇ ਉਹ ਦੁਸ਼ਟ ਲੋਕਾਂ ਦੇ ਸੁਖ-ਆਰਾਮ ਦੀ ਸਾਂਝ ਨੂੰ 'ਭੱਠ' ਨਾਲ ਤੁਲਨਾ ਕਰਦੇ ਹਨ।

ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਪੀਰ, ਪੈਗੰਬਰ, ਔਲੀਏ, ਅਵਤਾਰ ਨੇ ਨਾ ਤਾਂ ਇਤਨੀ ਸਪੱਸ਼ਟਤਾ ਨਾਲ ਪਰਮੇਸ਼ਰ ਦਾ ਉਪਦੇਸ਼ ਲੋਕਾਈ ਨੂੰ ਦਿੱਤਾ ਅਤੇ ਨਾ ਹੀ ਉਸ ਉੱਪਰ ਇਤਨੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ ਬਲਕਿ ਉਹ ਤਾਂ ਦਸਮੇਸ਼ ਪਿਤਾ ਜੀ ਦੇ ਆਪਣੇ ਬਚਨਾਂ ਅਨੁਸਾਰ ਆਪ ਹੀ ਪਰਮੇਸ਼ਰ ਬਣ ਬੈਠਦੇ ਰਹੇ। ਇਹ ਹੀ ਗੁਰਦੇਵ ਜੀ ਦੀ ਸ਼ਖ਼ਸੀਅਤ ਦਾ ਕਮਾਲ ਸੀ ਕਿ ਉਨ੍ਹਾਂ ਦਾ ਦੁਨੀਆਂ ਦੇ ਇਤਿਹਾਸ ਵਿਚ ਨਿਵੇਕਲਾ ਤੇ ਵਿਲੱਖਣ ਸਥਾਨ ਬਣ ਗਿਆ। ਇਸ ਤੋਂ ਵੀ ਅੱਗੇ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਆਪਣੇ ਮਿਸ਼ਨ ਨੂੰ ਅੱਗੇ ਤੋਰਨ ਵਾਲੇ ਐਸੇ ਜੁਝਾਰੂਆਂ ਦੀ ਇਕ ਕੌਮ ਤਿਆਰ ਕਰ ਦਿੱਤੀ ਜਿਨ੍ਹਾਂ ਦਾ ਸੰਘਰਸ਼ ਤਦ ਤਕ ਜਾਰੀ ਰਹਿਣਾ ਹੈ ਜਦ ਤਕ ਇਸ ਧਰਤੀ ਤੋਂ ਸਮੁੱਚੀ ਦੁਸ਼ਟਤਾ ਖ਼ਤਮ ਨਹੀਂ ਹੋ ਜਾਂਦੀ।

ਕਈ ਸੰਕੀਰਨ ਸੋਚਣੀ ਵਾਲੇ ਲੋਕ ਗੁਰਦੇਵ ਜੀ ਦੇ ਇਸ ਮਾਤਲੋਕ ਵਿਚ ਆਉਣ ਦੇ ਮਕਸਦ ਅਤੇ ਉਨ੍ਹਾਂ ਦੇ ਮਿਸ਼ਨ ਵੱਲ ਬੜੀ ਸੰਕੋਚਵੀਂ ਅਤੇ ਤੈਰਵੀਂ ਨਜ਼ਰ ਨਾਲ ਦੇਖਦੇ ਹੋਏ ਇਸ ਦੀ ਵਿਸ਼ਵ-ਵਿਆਪੀ ਸਾਰਥਕਤਾ ਨੂੰ ਸੀਮਾਬੱਧ ਕਰਨ ਦਾ ਯਤਨ ਕਰਦੇ ਹਨ। ਮਸਲਨ ਇਹ ਵਿਚਾਰ ਆਮ ਦਿੱਤਾ ਜਾਂਦਾ ਹੈ ਕਿ ਦਸਮੇਸ਼ ਜੀ ਨੇ ਆਪਣੇ ਪਿਤਾ ਜੀ ਨੂੰ ਹਿੰਦੂ ਧਰਮ ਦੀ ਰੱਖਿਆ ਵਾਸਤੇ ਆਪਣਾ ਸੀਸ ਦੇਣ ਲਈ ਦਿੱਲੀ ਤੋਰ ਦਿੱਤਾ। ਅਸਲ ਗੱਲ ਇਹ ਨਹੀਂ। ਫ਼ਰਜ਼ ਕਰ ਲਉ ਜੇਕਰ ਉਸ ਸਮੇਂ ਦਿੱਲੀ ਦਾ ਤਖ਼ਤ ਕਿਸੇ ਹਿੰਦੂ ਪਾਸ ਹੁੰਦਾ ਅਤੇ ਉਹ ਮੁਸਲਮਾਨਾਂ ਉੱਪਰ ਜ਼ੁਲਮ ਕਰ ਰਿਹਾ ਹੁੰਦਾ ਫਿਰ ਮੁਸਲਮਾਨ, ਕਸ਼ਮੀਰੀ ਬ੍ਰਾਹਮਣਾਂ ਦੀ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਪਾਸ ਫ਼ਰਿਆਦੀ ਹੁੰਦੇ ਤਾਂ ਕੀ ਦਸਮੇਸ਼ ਜੀ ਨੇ ਆਪਣੇ ਪਿਤਾ ਜੀ ਨੂੰ ਇਸਲਾਮ ਧਰਮ ਦੀ ਰੱਖਿਆ ਲਈ ਸੀਸ ਦੇਣ ਲਈ ਦਿੱਲੀ ਨਾ ਭੇਜਦੇ ? ਮੁੱਕਦੀ ਗੱਲ, ਨਾ ਇਹ ਹਿੰਦੂ ਧਰਮ ਦੀ ਰੱਖਿਆ ਸੀ, ਨਾ

www.sikhbookclub.com

ਇਸਲਾਮ ਦੀ, ਇਹ ਦੁਸ਼ਟਤਾ ਦੀ ਜੜ੍ਹ ਉਖੇੜਨ ਦਾ ਇਕ ਹੀਲਾ ਸੀ ਜੋ ਦਸਮੇਸ਼ ਜੀ ਦੇ ਜੀਵਨ ਦਾ ਮਕਸਦ ਸੀ ਅਤੇ ਇਸ ਮਕਸਦ ਲਈ ਹੀ ਉਨ੍ਹਾਂ ਆਪਣੇ ਪਿਤਾ ਜੀ ਨੂੰ ਦਿੱਲੀ ਜਾ ਕੇ ਸੀਸ ਦੇਣ ਦੀ ਰਾਏ ਦਿੱਤੀ।

ਅਸਲ ਵਿਚ ਉਪਰੋਕਤ ਅਤੇ ਇਹੋ ਜਿਹੀਆਂ ਕੁਝ ਹੋਰ ਢੁੱਚਰਾਂ ਤੇ ਗ਼ਲਤ-ਬਿਆਨੀਆਂ ਕਈ ਤਰ੍ਹਾਂ ਦੇ ਭੁਲੇਖੇ ਖੜ੍ਹੇ ਕਰਕੇ ਖ਼ਾਲਸਾ ਜੀ ਨੂੰ ਆਪਣੇ ਨਿਸ਼ਾਨੇ ਤੋਂ ਭੁਲਾਉਣ ਅਤੇ ਇਸ ਨੂੰ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦੀ ਚੁਰਾਸੀ ਵਿਚ ਮਿਲਗੋਭਾ ਕਰ ਲੈਣ ਦਾ ਹੀ ਇਕ ਕੋਝਾ ਯਤਨ ਹੈ ਜਿਸ ਪ੍ਰਤੀ ਦਸਮੇਸ਼ ਜੀ ਦਾ ਖਾਲਸਾ ਪੂਰਨ ਸੁਚੇਤ ਹੈ। ਖਾਲਸਾ ਜਾਣਦਾ ਹੈ ਕਿ ਉਸ ਦਾ ਅਜੋਕੇ ਦੇਸ਼ਾਂ ਦੇ ਹੱਦ-ਬੰਨ੍ਹਿਆਂ ਨਾਲ ਕੋਈ ਜ਼ਿਆਦਾ ਸੰਬੰਧ ਨਹੀਂ, ਉਹ ਤਾਂ ਬ੍ਰਹਿਮੰਡੀ ਨਾਗਰਿਕ ਹੈ। ਉਸ ਦਾ ਵਿਸ਼ੇਸ਼ ਸੰਸਕ੍ਰਿਤੀ ਜਾਂ ਸਭਿਆਚਾਰ ਨਾਲ ਕੋਈ ਸੰਬੰਧ ਨਹੀਂ। ਉਸ ਦਾ ਨਿਸ਼ਾਨਾ ਤਾਂ ਸਮੁੱਚੇ ਮਾਤ ਲੋਕ ਵਿੱਚੋਂ ਦੁਸ਼ਟਤਾ ਦਾ ਨਾਸ਼ ਕਰਨਾ ਹੈ।

ਦਸਮੇਸ਼ ਜੀ ਆਪਣੇ ਖਾਲਸੇ ਨੂੰ ਪੱਕਾ ਹੁਕਮ ਕਰ ਗਏ ਹਨ ਕਿ ਉਸ ਨੇ ਬਿਪ੍ਰਨ ਕੀ ਰੀਤ ਤੋਂ ਬਚਣਾ ਹੈ। ਬਿਪ੍ਰਨ ਕੀ ਰੀਤ ਤੋਂ ਭਾਵ ਕਿਸੇ ਵਿਸ਼ੇਸ਼ ਸੰਸਕ੍ਰਿਤੀ ਵਿਚ ਮਿਲਗੋਭਾ ਬਣਨੋਂ ਬਚਣਾ ਹੀ ਸੀ। ਗੁਰਦੇਵ ਜੀ ਨੇ ਸਪੱਸ਼ਟ ਕਹਿ ਦਿੱਤਾ ਕਿ ਜੇ ਮੇਰਾ ਖ਼ਾਲਸਾ 'ਬਿਪ੍ਰਨ ਕੀ ਰੀਤ' ਵੱਲ ਝੁਕਾਅ ਨਹੀਂ ਕਰੇਗਾ ਭਾਵ ਦੁਸ਼ਟਤਾ ਦੀਆਂ ਜੜ੍ਹਾਂ ਉਖੇੜਨ ਦੇ ਨਿਸ਼ਾਨੇ ਵੱਲ ਦ੍ਰਿੜ੍ਹਤਾ ਨਾਲ ਵਧਦਾ ਜਾਵੇਗਾ, ਇਸ ਸਿਧਾਂਤ ਉੱਪਰ ਦਿਆਨਤਦਾਰੀ ਨਾਲ ਪਹਿਰਾ ਦੇਵੇਗਾ ਤਾਂ ਮੈਂ ਇਸ ਦੇ ਅੰਗ-ਸੰਗ ਰਹਾਂਗਾ। ਖਾਲਸੇ ਨੂੰ ਬਿਪ੍ਰਨ ਕੀ ਰੀਤ ਵਿਚ ਮਿਲਗੋਭਾ ਬਣਾ ਦੇਣ ਦੇ ਮਕਸਦ ਲਈ ਚੱਲ ਰਹੀਆਂ ਕਲਮਾਂ ਪ੍ਰਤੀ ਜਾਗਰੂਕ ਹੋ ਕੇ ਹੋਰ ਸੁਚੇਤ ਹੋਣ ਦੀ ਅੱਜ ਸਭ ਤੋਂ ਵੱਧ ਲੋੜ ਹੈ। ਐਸਾ ਤਾਂ ਹੀ ਹੋ ਸਕੇਗਾ ਜੇਕਰ ਅਸੀਂ ਦਸਮੇਸ਼ ਜੀ ਦੇ ਇਸ ਮਾਤ ਲੋਕ ਵਿਚ ਆਉਣ ਦੇ ਮਕਸਦ ਅਤੇ ਖਾਲਸੇ ਪ੍ਰਤੀ ਕੀਤੇ ਹੁਕਮਾਂ ਨੂੰ ਸਪੱਸ਼ਟ ਰੂਪ ਵਿਚ ਜਾਣਦੇ ਹੋਵਾਂਗੇ।

(1/2007)

www.sikhbookclub.com

ਧਰਮ ਜੁੱਧ ਕੇ ਚਾਇ

'ਦਸਮ ਗ੍ਰੰਥ' ਵਿਚ ਸੰਕਲਿਤ 'ਕ੍ਰਿਸ਼ਨਾਵਤਾਰ' ਦੇ ਆਰੰਭ ਵਿਚ ਉਸ ਦੇ ਰਚਨਾ ਉਦੇਸ਼ ਨੂੰ ਸਪੱਸ਼ਟ ਕਰਦਿਆਂ ਮਹਾਂਕਵੀ ਨੇ ਘੋਸ਼ਿਤ ਕੀਤਾ ਹੈ :

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥੨੪੯੧॥

(ਦਸਮ ਗ੍ਰੰਥ, ਪੰਨਾ ੫੭੦)

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਮਹਾਂ ਸ਼ਹਾਦਤਾਂ ਨੇ ਅਜਿਹੀਆਂ ਵਿਕਟ ਪਰਸਥਿਤੀਆਂ ਪੈਦਾ ਕਰ ਦਿੱਤੀਆਂ ਸਨ ਕਿ ਉਨ੍ਹਾਂ ਵਿੱਚੋਂ ਸਾਰੇ ਰਾਸ਼ਟਰ, ਸਾਰੀ ਕੌਮ, ਸਾਰੀ ਭਾਰਤੀਅਤਾ ਨੂੰ ਬਾਹਰ ਕੱਢਣ ਅਤੇ ਅਨੁਕੂਲ ਵਾਤਾਵਰਣ ਨਿਰਮਿਤ ਕਰਨਾ ਸਮੇਂ ਦੀ ਸਰਵ ਪ੍ਰਮੁੱਖ ਲੋੜ ਸੀ। ਇਸ ਲੋੜ ਦੀ ਪੂਰਤੀ ਕੋਈ ਮਹਾਨ ਲੋਕ ਨਾਇਕ ਹੀ ਕਰ ਸਕਦਾ ਸੀ ਅਤੇ ਉਹ ਲੋਕ ਨਾਇਕ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਤ ਵੀ ਸਨ ਅਤੇ ਸਿਪਾਹੀ ਵੀ। ਤਲਵਾਰ ਪਕੜ ਕੇ ਨਰ-ਸੰਘਾਰ ਕਰਨਾ ਨਾ ਉਨ੍ਹਾਂ ਦਾ ਸ਼ੌਕ ਸੀ ਤੇ ਨਾ ਹੀ ਕੋਈ ਮਜਬੂਰੀ। ਉਨ੍ਹਾਂ ਦਾ ਪ੍ਰਮੁੱਖ ਜੀਵਨ-ਉਦੇਸ਼ ਸੀ ਧਰਮ-ਪ੍ਰਚਾਰ ਪਰ ਧਰਮ ਪ੍ਰਚਾਰ ਲਈ ਸਥਿਤੀਆਂ ਅਨੁਕੂਲ ਨਾ ਹੋਣ ਕਾਰਨ ਉਨ੍ਹਾਂ ਨੂੰ ਤਲਵਾਰ ਚੁੱਕਣੀ ਪਈ। ਕਿਉਂਕਿ ਤਲਵਾਰ ਦਾ ਉਪਯੋਗ ਉਨ੍ਹਾਂ ਨੇ ਧਰਮ ਪ੍ਰਚਾਰ ਲਈ ਕੀਤਾ, ਇਸ ਲਈ ਉਨ੍ਹਾਂ ਦੁਆਰਾ ਕੀਤੇ ਯੁੱਧ ਜਾਂ ਯੁੱਧ ਨਮਿਤ ਕੀਤੇ ਯਤਨ ਧਰਮ ਯੁੱਧ ਲਈ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਸਿੱਖਾਂ ਨੂੰ ਸੈਨਿਕ ਸਿਖਲਾਈ ਦੇ ਕੇ ਉਨ੍ਹਾਂ ਨੂੰ ਬਲਵਾਨ ਯੋਧਾ ਬਣਾਇਆ, ਉਥੇ ਨਾਲ ਹੀ ਉਨ੍ਹਾਂ ਦੀ ਮਾਨਸਿਕ ਪੱਧਰ ਨੂੰ ਵੀ ਦ੍ਰਿੜ੍ਹ ਬਣਾਇਆ। ਉਨ੍ਹਾਂ ਦੇ ਮਨ ਵਿਚ ਆਤਮ-ਵਿਸ਼ਵਾਸ ਅਤੇ ਸਾਹਸ ਭਰਿਆ। ਉਨ੍ਹਾਂ ਦੇ ਮਨ-ਅੰਤਰ ਦੀ ਭੀਰੂ ਭਾਵਨਾ ਨੂੰ ਹੂੰਝ ਕੇ ਬਾਹਰ ਕੱਢਿਆ, ਹਾਰੇ ਹੋਏ ਅਤੇ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਰਾਸ਼ਟਰੀ ਭਾਵਨਾ ਨੂੰ ਜਗਾਉਣ ਵਿਚ ਸਾਹਿਤ ਕਿਤਨਾ ਲਾਭਦਾਇਕ ਸਿੱਧ ਹੋ ਸਕਦਾ ਹੈ, ਇਸ ਤੋਂ ਗੁਰੂ ਜੀ ਭਲੀ-ਭਾਂਤ ਜਾਣੂ ਸਨ। ਸਾਹਿਤ ਇਕ ਅਸੀਮ ਸ਼ਕਤੀ ਹੈ। ਇਹ ਉਹ ਕੁਝ ਕਰ ਵਿਖਾਉਂਦਾ ਹੈ ਜੋ ਅਨੇਕ ਯੁੱਧ ਨਾਇਕ ਤਲਵਾਰ ਦੀ ਸ਼ਕਤੀ ਨਾਲ ਨਹੀਂ ਕਰ ਸਕਦੇ। ਸਾਹਿਤ ਦੀ ਸ਼ਕਤੀ, ਤਲਵਾਰ, ਬੰਦੂਕ ਜਾਂ ਐਟਮ ਦੀ ਸ਼ਕਤੀ ਤੋਂ ਕਿਤੇ ਵੱਧ ਪ੍ਰਬਲ ਹੈ। ਇਹ ਸ਼ਕਤੀ ਯੁੱਗ ਯੁੱਗ ਤਕ ਜਾਤੀ/ਰਾਸ਼ਟਰ ਨੂੰ ਚੇਤਨ ਅਤੇ ਸਾਵਧਾਨ ਰੱਖ ਸਕਦੀ ਹੈ।

ਵਿਸ਼ਵ ਦਾ ਇਤਿਹਾਸ ਦੱਸਦਾ ਹੈ ਕਿ ਮਿੱਧੇ ਹੋਏ ਰਾਸ਼ਟਰਾਂ ਦੇ ਨਵ-ਨਿਰਮਾਣ ਵਿਚ ਜੋ ਸਹਾਇਤਾ ਸਾਹਿਤ ਨੇ ਕੀਤੀ ਹੈ, ਇਤਨੀ ਹੋਰ ਕਿਸੇ ਨੇ ਨਹੀਂ ਕੀਤੀ। ਰੂਸ ਦੀ ਕ੍ਰਾਂਤੀ ਪਿੱਛੇ ਉਥੋਂ

www.sikhbookclub.com

ਦੇ ਸਾਹਿਤਕਾਰਾਂ ਦਾ ਬੜਾ ਮਹੱਤਵ ਹੈ। ਚੀਨ ਵਿਚ ਸਾਮਿਵਾਦ ਦੀ ਸਥਾਪਨਾ ਪਿੱਛੇ ਮਾਉ ਦਾ ਸਾਹਿਤ ਪ੍ਰੇਰਨਾ ਸ੍ਰੋਤ ਰਿਹਾ ਹੈ। ਜਰਮਨੀ ਵਿਚ ਨਾਜ਼ੀ ਪਾਰਟੀ ਨੂੰ ਰਾਜ-ਪਦ 'ਤੇ ਸੁਸ਼ੋਭਿਤ ਕਰਨ ਵਾਲਾ ਨਿਤਸ਼ੇ ਦਾ ਸਾਹਿਤ ਹੀ ਸੀ। ਨੈਪੋਲੀਅਨ ਨੂੰ ਕਿਸੇ ਨੇ ਕਿਹਾ ਸੀ ਕਿ ਤੂੰ ਬਹੁਤ ਸਮਾਂ ਜੇਤੂ ਬਣਿਆ ਨਹੀਂ ਰਹਿ ਸਕਦਾ, ਕਿਉਂਕਿ ਤੇਰੇ ਦੇਸ਼ ਵਿਚ ਸਾਹਿਤਕਾਰਾਂ ਦਾ ਅਭਾਵ ਹੋ ਰਿਹਾ ਹੈ। ਸਾਰੀਆਂ ਕੌਮਾਂ ਦਾ ਇਤਿਹਾਸ ਇਹ ਦਸਦਾ ਹੈ ਕਿ ਉਨ੍ਹਾਂ ਨੂੰ ਉਠਾਉਣ ਵਾਲਾ ਸਾਹਿਤ ਹੀ ਹੈ। ਦੂਜੇ ਪਾਸੇ ਜੇ ਕਿਸੇ ਕੌਮ ਨੂੰ ਖ਼ਤਮ ਕਰਨਾ ਹੋਵੇਗਾ ਤਾਂ ਉਸ ਦਾ ਸਾਹਿਤ ਨਸ਼ਟ ਕਰ ਦਿਓ, ਉਹ ਕੌਮ ਆਪਣੇ ਆਪ ਨਸ਼ਟ ਹੋ ਜਾਏਗੀ ਕਿਉਂਕਿ ਉਸ ਦਾ ਪ੍ਰੇਰਣਾ-ਸ੍ਰੋਤ ਖ਼ਤਮ ਹੋ ਗਿਆ ਹੋਵੇਗਾ। ਸਾਹਿਤ ਸੱਚਮੁੱਚ ਕੌਮਾਂ ਦੇ ਇਤਿਹਾਸ ਦਾ ਸ਼ੀਸ਼ਾ ਅਤੇ ਪ੍ਰੇਰਣਾ-ਸ੍ਰੋਤ ਹੈ, ਜਿਸ ਤੋਂ ਸ਼ਕਤੀ ਅਰਜਿਤ ਕਰ ਕੇ ਰਾਸ਼ਟਰ ਬਲਵਾਨ ਬਣਦੇ ਹਨ ਅਤੇ ਵਿਜੇਸ਼ਾਲੀ ਉਤਸ਼ਾਹ ਨਾਲ ਆਪਣੀ ਮੰਜ਼ਲ ਵਲ ਅੱਗੇ ਵਧਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਨਿਘਰਿਆਂ ਹੋਇਆਂ ਨੂੰ ਉਠਾਉਣਾ ਸੀ। ਇਸ ਲਈ ਕੇਵਲ ਮੌਖਿਕ ਉਪਦੇਸ਼ ਕਾਫ਼ੀ ਨਹੀਂ ਸਨ ਸਗੋਂ ਗੁਰੂ ਜੀ ਨੇ ਦੇਸ਼ ਨੂੰ ਨਵੀਂ ਸੇਧ ਦੇਣ ਲਈ ਆਪਣੇ ਵਿਚਾਰਾਂ ਨੂੰ, ਆਪਣੇ ਦ੍ਰਿਸ਼ਟੀਕੋਣ ਨੂੰ ਲਿਖਿਤ ਰੂਪ ਵਿਚ ਪੇਸ਼ ਕੀਤਾ ਅਤੇ ਆਪਣੇ ਦਰਬਾਰੀ ਕਵੀਆਂ ਤੋਂ ਵੀ ਇਸ ਆਸ਼ੇ ਦੀ ਲੋਅ ਵਿਚ ਸਾਹਿਤ ਰਚਨਾ ਕਰਵਾਈ ਤਾਂ ਜੋ ਯੁਗਾਂ-ਯੁਗਾਂਤਰਾਂ ਤਕ ਉਸ ਸਾਹਿਤ ਦੀ ਮੂਲ ਭਾਵਨਾ ਧਰਮ ਦੀ ਸਥਾਪਨਾ ਅਤੇ ਅਧਰਮ ਦੇ ਵਿਨਾਸ਼ ਲਈ ਜਨ-ਮਨ ਨੂੰ ਉਤਸ਼ਾਹਿਤ ਕਰਦੀ ਰਹੇ। ਸੱਚ ਤਾਂ ਇਹ ਹੈ ਕਿ ਗੁਰੂ ਸਾਹਿਬ ਦੁਆਰਾ ਰਚਿਆ ਸਾਹਿਤ ਅਤੇ ਉਨ੍ਹਾਂ ਦੀ ਦੇਖ-ਰੇਖ ਵਿਚ ਲਿਖਿਆ ਕਾਵਿ ਨਿਰ-ਉਤਸ਼ਾਹਿਤ ਵਾਤਾਵਰਣ ਨੂੰ ਇਕ ਵਾਰ ਫਿਰ ਕ੍ਰਾਂਤੀਮਾਨ ਕਰ ਦਿੰਦਾ ਹੈ।

ਜਿਥੇ ਉਨ੍ਹਾਂ ਨੇ ਆਪ ਸਾਹਿਤ ਰਚਿਆ ਉਥੇ ਨਾਲ ਹੀ ਪ੍ਰਮੁੱਖ ਵਿਦਿਅਕ ਕੇਂਦਰਾਂ ਤੋਂ ਵਿਦਵਾਨਾਂ, ਕਵੀਆਂ ਨੂੰ ਬੁਲਾ ਕੇ ਸਾਹਿਤ ਨਿਰਮਾਣ ਲਈ ਪ੍ਰੇਰਣਾ ਅਤੇ ਸੇਧ ਦਿੱਤੀ। ਗੁਰੂ ਜੀ ਦਾ ਆਪਣਾ ਰਚਿਆ ਸਾਹਿਤ ਅਤੇ ਕਵੀਆਂ ਦੀਆਂ ਰਚਨਾਵਾਂ ਦਾ ਕੁਲ ਵਜ਼ਨ 9 ਮਣ ਦੱਸਿਆ ਜਾਂਦਾ ਹੈ। ਇਤਿਹਾਸ ਅਨੁਸਾਰ ਇਹ ਸਾਰਾ ਸਾਹਿਤ ਸ੍ਰੀ ਗੁਰ ਸੋਭਾ ਅਨੁਸਾਰ ੬-੭ ਪੋਹ ੧੭੬੨ ਬਿ. (1705 ਈ:) ਵਿਚ ਸਰਸਾ ਨਦੀ ਨੂੰ ਪਾਰ ਕਰਦਿਆਂ ਉਸ ਵਿਚ ਰੁੜ੍ਹ ਗਿਆ ਸੀ ਪਰ ਗੁਰੂ ਜੀ ਦੇ ਜੋਤਿ ਜੋਤ ਸਮਾਉਣ ਤੋਂ ਬਾਅਦ ਉਪਰੋਕਤ ਰਚਨਾਵਾਂ ਨੂੰ ਸੰਭਾਲਣ ਲਈ ਸਿੱਖਾਂ ਦੇ ਮਨ ਵਿਚ ਰੀਝ ਪੈਦਾ ਹੋਈ। ਫਲਸਰੂਪ ਪੰਜਾਬ ਦੇ ਸ਼ਰਧਾਲੂ ਸਿੱਖਾਂ ਪਾਸ ਉਪਰੋਕਤ ਸਾਹਿਤ ਵਿੱਚੋਂ ਜਿਨ੍ਹਾਂ ਕ੍ਰਿਤੀਆਂ ਦੇ ਉਤਾਰੇ ਸੁਰੱਖਿਅਤ ਸਨ, ਇਕੱਠਾ ਕਰਵਾ ਕੇ ਇੱਕੋ ਹੀ ਗ੍ਰੰਥ ਵਿਚ ਸੰਕਲਿਤ ਕਰਵਾ ਦਿੱਤਾ ਜਾਣਾ ਉਚਿਤ ਸਮਝਿਆ ਗਿਆ। ਅਜਿਹਾ ਪਹਿਲਾ ਸੰਕਲਨ ਭਾਈ ਮਨੀ ਸਿੰਘ ਦੁਆਰਾ ਕੀਤਾ ਗਿਆ ਹੈ ਜੋ ਗੁਰੂ ਜੀ ਦੇ ਸਮਕਾਲੀ ਅਤੇ ਨਿਕਟਵਰਤੀ ਸਿੱਖ ਸਨ। ਉਸ ਬੀੜ ਦੇ ਤਿਆਰ ਹੋਣ ਦੀ ਤਿਥੀ ਬਾਰੇ ਇਤਿਹਾਸਕਾਰਾਂ ਵਿਚ ਭਾਵੇਂ ਮਤ-ਏਕਤਾ ਨਹੀਂ ਹੈ, ਫਿਰ ਵੀ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ (1738 ਈ: ੧੭੯੫ ਬਿ.) ਤੋਂ ਪਹਿਲਾਂ ਹੀ ਇਸ ਕਾਰਜ ਦਾ ਸਿਰੇ ਚੜ੍ਹ ਚੁਕਿਆ ਹੋਣਾ ਨਿਰਵਿਵਾਦ ਹੈ। ਭਾਈ ਮਨੀ ਸਿੰਘ ਜੀ ਤੋਂ ਪਿੱਛੋਂ ਬਾਬਾ ਦੀਪ ਸਿੰਘ ਜੀ, ਭਾਈ ਸੁੱਖਾ ਸਿੰਘ ਜੀ ਆਦਿ ਸਿੱਖ ਮੁਖੀ ਵਿਦਵਾਨਾਂ ਅਤੇ ਧਾਰਮਿਕ ਆਗੂਆਂ ਨੇ ਹੋਰ ਪ੍ਰਾਪਤ ਹੋਈ ਸਮੱਗਰੀ ਨੂੰ ਮਿਲਾ ਕੇ ਆਪਣੇ-ਆਪਣੇ ਢੰਗ ਨਾਲ 'ਦਸਮ ਗ੍ਰੰਥ' ਦੇ ਸੰਸਕਰਣ ਤਿਆਰ ਕੀਤੇ। ਉਸ ਵੇਲੇ ਤਕ ਇਸ ਗ੍ਰੰਥ

www.sikhbookclub.com

ਨੂੰ 'ਬਚਿਤ੍ਰ ਨਾਟਕ' ਨਾਂ ਦਿੱਤਾ ਜਾਂਦਾ ਸੀ, ਪਰ ਬਾਅਦ ਵਿਚ ਇਸ ਨੂੰ 'ਦਸਵੇਂ ਪਾਤਸ਼ਾਹ ਦਾ ਗ੍ਰੰਥ' ਆਖਿਆ ਜਾਣ ਲੱਗ ਪਿਆ ਅਤੇ ਹੁਣ ਇਸੇ ਨੂੰ 'ਦਸਮ ਗ੍ਰੰਥ' ਕਿਹਾ ਜਾਂਦਾ ਹੈ।

'ਦਸਮ ਗ੍ਰੰਥ' 1428 ਪੰਨਿਆਂ ਦਾ ਇਕ ਵਡ-ਆਕਾਰੀ ਗ੍ਰੰਥ ਹੈ। ਇਸ ਦੇ ਵਰਤਮਾਨ ਪ੍ਰਕਾਸ਼ਿਤ ਰੂਪ ਵਿਚ ਇਸ ਕ੍ਰਮ ਵਿਚ ਰਚਨਾਵਾਂ ਸੰਕਲਿਤ ਹਨ—ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿੱਤਰ (ਉਕਤਿ ਬਿਲਾਸ), ਚੰਡੀ ਚਰਿੱਤਰ 2, ਵਾਰ ਸ੍ਰੀ ਭਗਉਤੀ ਜੀ ਕੀ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਬ੍ਰਹਮਾਵਤਾਰ, ਰੁਦਰਾਵਤਾਰ, ਸ਼ਬਦ ਹਜ਼ਾਰੇ, 33 ਸਵੈਯੇ, ਖਾਲਸਾ ਮਹਿਮਾ, ਸ੍ਰੀ ਸ਼ਸਤ੍ਰ ਨਾਮ ਮਾਲਾ, ਚਰਿਤ੍ਰੋਪਾਖਿਆਨ, ਜ਼ਫ਼ਰਨਾਮਾ ਤੇ ਹਕਾਇਤਾਂ ਆਦਿ।

ਇਥੇ ਇਹ ਗੱਲ ਤਾਂ ਸਰਬ-ਸਪੱਸ਼ਟ ਹੈ ਕਿ ਇਨ੍ਹਾਂ ਰਚਨਾਵਾਂ ਦੀ ਰਚਨਾ ਇਕ ਵਿਸ਼ੇਸ਼ ਉਦੇਸ਼ ਨਮਿਤ ਹੋਈ ਸੀ ਅਤੇ ਉਹ ਉਦੇਸ਼ ਸੀ ਧਰਮ ਯੁਧ ਲਈ ਲੋਕਾਂ ਦੇ ਮਨ ਨੂੰ ਤਿਆਰ ਕਰਨਾ। ਇਹ ਧਰਮ ਯੁੱਧ ਪ੍ਰਕਾਰ ਅੰਤਰ ਨਾਲ ਰਾਸ਼ਟਰੀ ਜਾਗਰਣ ਸੀ। ਇਸ ਲਈ 'ਦਸਮ ਗ੍ਰੰਥ' ਵਿਚ ਰਾਸ਼ਟਰੀ ਜਾਗਰਣ/ਧਰਮ ਯੁੱਧ ਦੀ ਜੋ ਭਾਵਨਾ ਉਪਲਬਧ ਹੈ, ਉਹ ਨਿਰਸੰਦੇਹ ਦਸਮ ਗੁਰੂ ਦੀ ਦੇਣ ਹੈ। ਇਸ ਲਈ 'ਦਸਮ ਗ੍ਰੰਥ' ਵਿਚ ਸੰਕਲਿਤ ਸਾਰੇ ਸਾਹਿਤ ਨੂੰ ਅਧਿਐਨ ਖੇਤਰ ਵਿਚ ਸ਼ਾਮਲ ਕਰਨਾ ਉਪਯੋਗੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਸ ਵੇਲੇ ਦੀਆਂ ਪਰਸਥਿਤੀਆਂ ਦੇ ਫਲਸਰੂਪ ਹੋਇਆ। ਰਾਖਸ਼ੀ ਅਤੇ ਦੇਵ ਸ਼ਕਤੀਆਂ ਦਾ ਦਵੰਦ ਚਿਰੰਕਾਲ ਤੋਂ ਚਲਿਆ ਆ ਰਿਹਾ ਹੈ। ਰਾਖਸ਼ੀ ਸ਼ਕਤੀ ਅਧਰਮ ਦਾ ਪ੍ਰਤੀਕ ਹੈ ਅਤੇ ਦੇਵਤਾ ਧਰਮ ਦਾ। ਜਦ ਵੀ ਰਾਖਸ਼ੀ ਸ਼ਕਤੀ ਦਾ ਬਲ ਵਧਦਾ ਹੈ, ਪਰਮਾਤਮਾ ਧਰਮ ਦੀ ਮਰਯਾਦਾ ਸਥਾਪਿਤ ਕਰਨ ਲਈ ਦੇਵਤਾ ਸ਼ਕਤੀ ਦੀ ਸਹਾਇਤਾ ਲਈ ਕਿਸੇ ਨਾ ਕਿਸੇ ਰੂਪ ਵਿਚ ਸੰਸਾਰ 'ਤੇ ਪ੍ਰਗਟ ਹੁੰਦਾ ਹੈ। ਦਾਨਵੀ ਅਤੇ ਦੇਵਤਾ ਸ਼ਕਤੀਆਂ ਪਰਸਪਰ ਵਿਰੋਧੀ ਹਨ। ਇਹ ਦੋਵੇਂ ਇਕ ਪ੍ਰਕਾਰ ਨਾਲ ਅਸਤਿ ਅਤੇ ਸਤਿ ਦੀਆਂ ਪ੍ਰਤੀਕ ਜਾਂ ਪ੍ਰਤੀਨਿਧ ਹਨ। 'ਬਚਿਤ੍ਰ ਨਾਟਕ' ਅਨੁਸਾਰ ਸਤਿ ਕਰਮ ਕਰਨ ਵਾਲੇ ਦੇਵਤਾ ਹਨ ਅਤੇ ਅਸਤਿ ਕਰਮ ਕਰਨ ਵਾਲੇ ਦੈਂਤ :

ਸਾਧ ਕਰਮ ਜੋ ਪੁਰਖ ਕਮਾਵੈ ॥
ਨਾਮ ਦੇਵਤਾ ਜਗਤ ਕਹਾਵੈ ॥
ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ ॥
ਨਾਮ ਅਸੁਰ ਤਿਨ ਕੋ ਸਭ ਧਰਹੀਂ ॥੧੫॥

(ਬਚਿਤ੍ਰ ਨਾਟਕ, ਅਧਿ: ੨)

ਜਦ ਅਸਤਿ ਜਾਂ ਦੈਂਤ ਸ਼ਕਤੀ ਪ੍ਰਬਲ ਹੋ ਜਾਂਦੀ ਹੈ, ਅਧਰਮ ਦਾ ਵਰਤਾਰਾ ਹੋ ਜਾਂਦਾ ਹੈ ਤਾਂ ਪਰਮ ਸੱਤਾ ਸੰਤੁਲਨ ਬਣਾਉਣ ਲਈ ਦਖ਼ਲ ਦਿੰਦੀ ਹੈ। ਅਵਤਾਰਵਾਦ ਦੀ ਪਰੰਪਰਾ ਅਨੁਸਾਰ ਪਰਮ ਸੱਤਾ ਸੰਤੁਲਨ ਦੀ ਸਥਾਪਨਾ ਲਈ ਕੋਈ ਨਾ ਕੋਈ ਰੂਪ ਧਾਰਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੈਂਤ ਅਤੇ ਦੇਵਤਾ ਸ਼ਕਤੀਆਂ ਦਾ ਪ੍ਰੰਪਰਾਗਤ ਦਵੰਦ ਪਦ-ਦਲਿਤ ਭਾਰਤੀ ਜਨਤਾ ਅਤੇ ਨਿਰਦਈ ਮੁਸਲਮਾਨ ਸ਼ਾਸਕਾਂ ਵਿਚ ਉਪਸਥਿਤ ਹੋ ਗਿਆ ਸੀ। ਮੁਸਲਮਾਨ ਸ਼ਾਸਕ ਦੁਰ-ਬਿਰਤੀਆਂ ਜਾਂ ਦੈਂਤਾਂ ਦੇ ਪ੍ਰਤੀਕ ਸਨ ਅਤੇ ਦੇਵਤੇ ਜਾਂ ਮਜ਼ਲੂਮ ਦਾ ਪ੍ਰਤੀਕ ਭਾਰਤੀ ਜਨਤਾ ਸੀ। ਦੇਵਤਿਆਂ ਵਾਂਗ ਭਾਰਤੀ ਨਿਰਬਲ, ਸਿਥਲ ਅਤੇ ਸਾਧੂ ਸੁਭਾਅ

www.sikhbookclub.com

ਸਨ। ਲੋੜ ਅਨੁਸਾਰ ਉਨ੍ਹਾਂ ਦੇ ਉਥਾਨ ਲਈ ਸਤਾਰ੍ਹਵੀਂ ਸਦੀ ਵਿਚ ਪਰਮ ਸੱਤਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪ੍ਰਤੀਨਿਧ ਵਜੋਂ ਲੋਕ ਨਾਇਕ ਰੂਪ ਵਿਚ ਭੇਜਿਆ। ਉਨ੍ਹਾਂ ਦੇ ਜ਼ਿੰਮੇ ਕਿਹੜੇ-ਕਿਹੜੇ ਕੰਮ ਲਗਾਏ ਗਏ, ਇਸ ਦਾ ਵਿਸਤਾਰ ਸਹਿਤ ਵਿਵਰਣ 'ਬਚਿਤ੍ਰ ਨਾਟਕ' ਵਿਚ ਦਿੱਤਾ ਮਿਲਦਾ ਹੈ। ਗੁਰੂ ਜੀ ਨੂੰ ਸੰਸਾਰ ਦੇ ਉਧਾਰ ਲਈ ਪਰਮ ਸੱਤਾ ਵੱਲੋਂ ਭੇਜਿਆ ਗਿਆ :

ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥ *(ਬਚਿਤ੍ਰ ਨਾਟਕ, ਅਧਿ: ੬)*

ਸਪੱਸ਼ਟ ਹੈ ਕਿ ਪਰਮ ਸੱਤਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਤਿ ਅਤੇ ਸ਼ੁਧ ਧਰਮ ਦੀ ਸਥਾਪਨਾ ਕਰਨ ਲਈ ਇਸ ਸੰਸਾਰ ਵਿਚ ਘੱਲਿਆ। ਇਹ ਸਾਰਾ ਉਦੇਸ਼ ਹੇਠ ਲਿਖੀਆਂ ਪੰਕਤੀਆਂ ਤੋਂ ਸਪੱਸ਼ਟ ਹੈ :

ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥
ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥
ਅਉਰ ਕਿਸੂ ਤੇ ਬੈਰ ਨ ਗਹਿਹੋਂ ॥੩੧॥
ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥ *(ਉਹੀ)*

ਫਲਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਮ ਪਿਤਾ ਪਰਮਾਤਮਾ ਦੇ ਪੁੱਤਰ ਰੂਪ ਵਿਚ ਇਸ ਸੰਸਾਰ ਵਿਚ ਪ੍ਰਗਟ ਹੋਏ ਅਤੇ ਸਿਵਾਏ ਪਰਮਾਤਮਾ ਦੇ ਹੋਰ ਕਿਸੇ ਦੀ ਪ੍ਰਵਾਹ ਨਾ ਕਰ ਕੇ ਪ੍ਰਭੂ ਦੇ ਦੱਸੇ ਕੰਮਾਂ ਨੂੰ ਪੂਰਾ ਕਰਨ ਵਿਚ ਲੀਨ ਹੋ ਗਏ ਅਤੇ ਪ੍ਰਭੂ ਦੁਆਰਾ ਦੱਸੇ ਕੰਮਾਂ ਦਾ ਸਮੁੱਚਾ ਸਰੂਪ ਵਾਸਤਵਿਕ ਧਰਮ, ਸਤਿ ਧਰਮ, ਸਰਬੋਚ ਧਰਮ, ਮਨੁੱਖਤਾ ਲਈ ਹਿਤਕਾਰੀ ਧਰਮ ਦੀ ਸਥਾਪਨਾ ਕਰਨਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਹੋਏ ਨੌਂ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਆਤਮਿਕ ਤੌਰ 'ਤੇ ਉੱਚਾ ਉਠਾ ਦਿੱਤਾ ਸੀ। ਸ਼ਰਧਾ, ਭਗਤੀ, ਤਿਆਗ ਅਤੇ ਬਲੀਦਾਨ ਦੀ ਭਾਵਨਾ ਲੋਕਾਂ ਦੇ ਹਿਰਦੇ ਵਿਚ ਸਮਾ ਚੁੱਕੀ ਸੀ, ਹੁਣ ਜਨਤਾ ਨੂੰ ਜ਼ਾਲਮ ਮੁਗਲ ਸਰਕਾਰ ਤੋਂ ਸਦਾ ਲਈ ਮੁਕਤ ਕਰਾਉਣਾ ਬਾਕੀ ਰਹਿ ਗਿਆ ਸੀ। ਇਹ ਗੁਰੂ-ਪ੍ਰੰਪਰਾ ਦੇ ਪ੍ਰਚਾਰ ਦਾ ਨਵਾਂ ਰੂਪ ਸੀ। ਇਸ ਵਿਚ ਪ੍ਰਚਾਰ ਦੇ ਨਾਲ-ਨਾਲ ਆਤਮ ਰੱਖਿਆ ਦਾ ਪ੍ਰਸ਼ਨ ਵੀ ਸ਼ਾਮਲ ਹੋ ਚੁੱਕਿਆ ਸੀ। ਇਸ ਲਈ ਬਾਕੀ ਪ੍ਰੋਗਰਾਮਾਂ ਦੇ ਨਾਲ-ਨਾਲ ਯੁੱਧ ਦੁਆਰਾ ਜ਼ਾਲਮਾਂ ਦਾ ਨਾਸ਼ ਕਰਨਾ ਵੀ ਧਰਮ ਅਤੇ ਰਾਸ਼ਟਰ ਹਿੱਤ ਲਈ ਆਵੱਸ਼ਕ ਸਮਝਿਆ ਗਿਆ। ਸੱਚ ਤਾਂ ਇਹ ਹੈ ਕਿ ਉਦੋਂ ਧਾਰਮਿਕ ਅਤੇ ਰਾਸ਼ਟਰੀ ਭਾਵਨਾ ਸੈਨਿਕ ਸੰਗਠਨ ਅਤੇ ਵੈਰੀ ਨਾਸ਼ ਦੇ ਰੂਪ ਵਿਚ ਉਪਸਥਿਤ ਹੋਈ ਸੀ ਅਤੇ ਇਸੇ ਨਮਿਤ ਦਸਮ ਗੁਰੂ ਨੇ ਰੱਖਿਆ ਦਲ ਵਜੋਂ ਖਾਲਸੇ ਦਾ ਨਿਰਮਾਣ ਕੀਤਾ ਸੀ। ਸਿੱਖ-ਸੈਨਾਨੀਆਂ ਨੂੰ ਉਤਸ਼ਾਹਿਤ ਕਰਨ ਲਈ ਅਤੇ ਧਰਮ ਤੇ ਰਾਸ਼ਟਰੀਅਤਾ ਦੀ ਸਥਾਪਨਾ ਲਈ ਪੁਰਾਣੇ ਸਮੇਂ ਦੇ ਵੀਰ-ਯੋਧਿਆਂ ਦੇ ਚਰਿਤ੍ਰਾਂ

www.sikhbookclub.com

ਨਾਲ ਸੰਬੰਧਿਤ ਯੁੱਧ-ਪੂਰਕ ਘਟਨਾਵਾਂ ਨੂੰ ਵਿਸ਼ੇਸ਼ ਰੂਪ ਵਿਚ ਚਿਤਰਿਆ ਗਿਆ।

ਭਾਰਤ ਵਿਚ ਧਰਮ ਅਤੇ ਰਾਸ਼ਟਰੀਅਤਾ ਨੂੰ ਹਾਨੀ ਪਹੁੰਚਾਉਣ ਵਾਲੇ ਅੰਸ਼ਾਂ ਵਿੱਚੋਂ ਜਾਤੀ-ਗਤ ਏਕਤਾ ਦਾ ਅਭਾਵ ਇਕ ਵਿਸ਼ੇਸ਼ ਕਾਰਨ ਰਿਹਾ ਹੈ। ਲਗਭਗ ਸਾਰੇ ਧਰਮ ਸਾਧਕ ਅਤੇ ਧਰਮ ਸੁਧਾਰਕ ਇਸ ਗੱਲ ਉੱਤੇ ਜ਼ੋਰ ਦਿੰਦੇ ਆਏ ਹਨ ਕਿ ਜਾਤੀ ਭੇਦ-ਭਾਵ ਅਵੱਸ਼ ਖ਼ਤਮ ਹੋਣਾ ਚਾਹੀਦਾ ਹੈ, ਇਸੇ ਕਰਕੇ ਹੀ ਮਨੁੱਖਤਾ ਵਿਚ ਇਨ੍ਹਾਂ ਦਾ ਵਿਸਥਾਰ ਹੁੰਦਾ ਹੈ। ਇਕ ਜਾਤੀ ਦਾ ਦੂਜੀ ਜਾਤੀ ਤੋਂ ਆਪਣੇ ਆਪ ਨੂੰ ਉੱਤਮ ਸਮਝਣਾ ਅਤੇ ਉਸ ਪ੍ਰਤਿ ਤ੍ਰਿਸਕਾਰ ਪ੍ਰਗਟ ਕਰਨਾ ਵੈਰ ਅਤੇ ਘਿਰਣਾ ਨੂੰ ਜਨਮ ਦਿੰਦੇ ਹਨ। ਇਹੀ ਵੈਰ ਅਤੇ ਘਿਰਣਾ ਧਰਮ ਭਾਵਨਾ ਅਤੇ ਰਾਸ਼ਟਰੀਅਤਾ ਦੀਆਂ ਘਾਤਕ ਹਨ।

ਪੈਰਾਂ ਵਿਚ ਮਿੱਧੀਆਂ ਅਤੇ ਤ੍ਰਿਸਕਾਰੀਆਂ ਜਾਤੀਆਂ ਆਪਣੇ ਦੁੱਖਾਂ ਤੋਂ ਨਿਵਰਤੀ ਪ੍ਰਾਪਤ ਕਰਨ ਲਈ ਕਈ ਵਾਰ ਬਾਹਰਲੇ ਆਕ੍ਰਮਣ-ਕਾਰੀਆਂ ਦੀ ਮਦਦ ਕਰਦੀਆਂ ਵੇਖੀਆਂ ਗਈਆਂ ਹਨ। ਕਈ ਵਾਰ ਅਜਿਹੀਆਂ ਜਾਤੀਆਂ ਵਿਦੇਸ਼ੀ ਧਰਮਾਂ ਨੂੰ ਧਾਰਨ ਕਰ ਕੇ ਧਰਮ ਅਤੇ ਰਾਸ਼ਟਰ ਦਾ ਅ-ਹਿੱਤ ਕਰਦੀਆਂ ਹਨ। ਦੂਜੇ ਪਾਸੇ ਉੱਚੀਆਂ ਜਾਤੀਆਂ ਆਪਣੀ ਹੈਂਕੜ ਵਿਚ ਰਹਿੰਦੀਆਂ ਹਨ। ਇਸ ਤਰ੍ਹਾਂ ਧਰਮ ਦੀ ਸਹੀ ਭਾਵਨਾ ਅਤੇ ਪਰਸਪਰ ਨੇੜਤਾ ਦੀ ਭਾਵਨਾ ਨਸ਼ਟ ਹੁੰਦੀ ਹੈ। ਬ੍ਰਾਹਮਣਾਂ ਦਾ ਆਪਣੇ ਆਪ ਨੂੰ ਦੇਵ ਕੁਲ ਵਿੱਚੋਂ ਸਮਝ ਕੇ ਦੂਜਿਆਂ ਪ੍ਰਤੀ ਘਿਰਣਾ ਕਰਨਾ ਅਤੇ ਰਾਜਪੂਤ ਛਤ੍ਰੀਆਂ ਦਾ ਆਪਣੀ ਜਾਤੀ ਸਬੰਧੀ ਮਰਯਾਦਾ ਦਾ ਪਾਲਣ ਕਰਨਾ, ਉਨ੍ਹਾਂ ਨੂੰ ਹੋਰਨਾਂ ਤੋਂ ਸਦਾ ਵੱਖਰਾ ਕਰਦਾ ਰਿਹਾ ਹੈ। ਇਸ ਨਾਲ ਧਰਮ ਅਤੇ ਰਾਸ਼ਟਰ ਦੀ ਹਾਨੀ ਹੁੰਦੀ ਰਹੀ ਹੈ। ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਜਾਤੀਵਾਦ ਨੂੰ ਨਕਾਰਦੇ ਹੋਇਆਂ ਸਭ ਨੂੰ ਸਮਾਨ ਘੋਸ਼ਿਤ ਕੀਤਾ ਹੈ ਅਤੇ 'ਕਮਜ਼ਾਤ' ਉਸ ਨੂੰ ਸਮਝਿਆ ਹੈ ਜੋ ਆਪਣੇ ਖਸਮ/ਮਾਲਕ ਨੂੰ ਭੁਲਾ ਬਹਿੰਦਾ ਹੈ। ਇਸ ਲਈ ਧਰਮ ਸਾਧਨਾ ਵਿਚ ਜਾਤੀ ਭੇਦ-ਭਾਵ ਦਾ ਅਭਾਵ ਗੁਰਬਾਣੀ ਵਿਚ ਵਰਜਿਤ ਹੈ। 'ਸਾਧ ਸੰਗਤ' ਉਸ ਸਮੇਂ ਦੇ ਧਰਮ ਯੁੱਧ ਦੀ ਤਿਆਰੀ ਲਈ ਆਤਮ ਸੰਜਮ ਦਾ ਸਿਖਲਾਈ ਕੇਂਦਰ ਸੀ। ਉਸ ਵੇਲੇ ਦੇ ਧਰਮ ਯੁੱਧ ਦੇ ਵੀਰ ਸੰਚਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤੀ ਭੇਦ-ਭਾਵ ਦੀ ਰੁਚੀ ਨੂੰ ਬੜੀ ਕਠੋਰਤਾ ਨਾਲ ਨਿੰਦਿਆ ਹੈ। ਉਨ੍ਹਾਂ ਦੁਆਰਾ ਸੰਚਾਲਿਤ ਧਰਮ ਯੁੱਧ ਲਈ ਤਥਾ-ਕਥਿਤ ਬ੍ਰਾਹਮਣ ਜਾਂ ਛਤ੍ਰੀ ਵਰਗ ਨੇ ਆਪਣਾ ਕੋਈ ਵਿਸ਼ੇਸ਼ ਯੋਗਦਾਨ ਨਹੀਂ ਸੀ ਦਿੱਤਾ। ਉਹ ਆਪਣੀ ਮਹਾਨਤਾ/ਉੱਚਤਾ ਦੀ ਐਠ ਵਿਚ ਹੀ ਮਗ਼ਰੂਰੇ ਹੋਏ ਸਨ। ਗੁਰੂ ਜੀ ਨੇ ਆਪਣੇ ਧਰਮ ਯੁੱਧ ਅੰਦੋਲਨ ਲਈ ਅਧਿਕਤਰ ਨੀਵੇਂ ਵਰਗ ਵਾਲਿਆਂ ਨੂੰ ਸੰਗਠਿਤ ਕੀਤਾ। ਧਰਮ ਯੁੱਧ ਵਿਚ ਭਾਗ ਲੈਣ ਵਾਲਿਆਂ ਨੂੰ ਸੰਜੀਵਨੀ ਦੇ ਰੂਪ ਵਿਚ 'ਅੰਮ੍ਰਿਤ' ਪ੍ਰਦਾਨ ਕੀਤਾ ਅਤੇ ਪਰਸਪਰ ਭੇਦ-ਭਾਵ ਦੀਆਂ ਵਿੱਥਾਂ ਖ਼ਤਮ ਕੀਤੀਆਂ। ਕੇਸ਼ਵ ਵਰਗੇ ਹੰਕਾਰੀ ਬ੍ਰਾਹਮਣਾਂ ਨੂੰ ਤਾੜਦੇ ਹੋਇਆਂ ਅਤੇ ਇਕ-ਵਰਣ ਕੀਤੇ ਸਿੱਖ ਭਾਈਚਾਰੇ ਦਾ ਮਹੱਤਵ ਦਸਦੇ ਹੋਇਆਂ ਗੁਰੂ ਜੀ ਨੇ ਕਿਹਾ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ,

www.sikhbookclub.com

ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ, ਪੰਨਾ ੭੧੬)

'ਅਕਾਲ ਉਸਤਤਿ' ਨਾਂ ਦੀ ਰਚਨਾ ਵਿਚ ਗੁਰੂ ਜੀ ਨੇ ਜਾਤ-ਪਾਤ ਅਤੇ ਧਰਮਾਂ ਦੇ ਪਰਸਪਰ ਵਿਰੋਧ ਦੀ ਕੱਟੜ ਆਲੋਚਨਾ ਕਰਦੇ ਹੋਇਆਂ ਦੱਸਿਆ ਹੈ ਕਿ ਮਨੁੱਖਾਂ ਦੀ ਕੇਵਲ ਇਕ ਹੀ ਜਾਤੀ ਹੈ ਅਤੇ ਰਾਮ ਰਹੀਮ ਸਭ ਇੱਕੋ ਹੀ ਪਰਮਾਤਮਾ ਦੇ ਸੂਚਕ ਹਨ। ਉਨ੍ਹਾਂ ਨੇ ਅੰਕਿਤ ਕੀਤਾ ਹੈ ਕਿ ਕੋਈ ਬੈਰਾਗੀ ਹੈ, ਕੋਈ ਸੰਨਿਆਸੀ, ਕੋਈ ਯੋਗੀ, ਕੋਈ ਬ੍ਰਹਮਚਾਰੀ ਅਤੇ ਕੋਈ ਜਤੀ, ਕੋਈ ਹਿੰਦੂ ਹੈ, ਕੋਈ ਮੁਸਲਮਾਨ, ਕੋਈ ਸ਼ੀਆ, ਕੋਈ ਸੁੰਨੀ, ਪਰ ਇਨ੍ਹਾਂ ਸਾਰੇ ਮਨੁੱਖਾਂ ਦੀ ਜਾਤੀ ਇੱਕੋ ਜਿਹੀ ਜਾਣਨੀ ਚਾਹੀਦੀ ਹੈ। ਸਭ ਕੁਝ ਕਰਨ ਕਰਾਵਨ ਵਾਲਾ ਅਤੇ ਰਿਜ਼ਕ ਦੇਣ ਵਾਲਾ ਕ੍ਰਿਪਾਲੂ ਉਹੀ ਪ੍ਰਭੂ ਹੈ, ਦੂਜਾ ਕੋਈ ਨਹੀਂ ਹੈ। ਭੁੱਲ ਕੇ ਵੀ ਭਰਮ-ਗ੍ਰਸਤ ਨਹੀਂ ਹੋਣਾ ਚਾਹੀਦਾ :

ਕੋਈ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥

(ਅਕਾਲ ਉਸਤਤਿ)

ਧਰਮ ਦੀਆਂ ਵਿੱਥਾਂ ਵੀ ਗੁਰੂ ਜੀ ਨੂੰ ਪਸੰਦ ਨਹੀਂ ਸਨ ਕਿਉਂਕਿ ਇਨ੍ਹਾਂ ਵਿੱਥਾਂ ਨੇ ਹੀ ਧਰਮ ਦਾ ਵਾਸਤਵਿਕ ਸਰੂਪ ਲੁਕੋ ਦਿੱਤਾ ਸੀ। ਗੁਰੂ ਜੀ ਨੇ ਦੱਸਿਆ ਕਿ ਮੰਦਿਰ ਅਤੇ ਮਸੀਤ ਇੱਕੋ ਹੀ ਹਨ, ਪੂਜਾ ਅਤੇ ਨਮਾਜ਼ ਵੀ ਇੱਕੋ ਹਨ, ਸਾਰੇ ਮਨੁੱਖ ਇੱਕੋ ਹਨ, ਉਨ੍ਹਾਂ ਦਾ ਪਰਸਪਰ ਅੰਤਰ ਕੇਵਲ ਬਾਹਰਲਾ ਭੁਲੇਖਾ ਹੈ। ਦੇਵਤਾ, ਦੈਂਤ, ਜੱਛ, ਗੰਧਰਬ, ਮੁਸਲਮਾਨ ਅਤੇ ਹਿੰਦੂ ਸਭ ਵੱਖੋ-ਵੱਖ ਦੇਸ਼ਾਂ ਦੇ ਭੇਦ ਦਾ ਕੇਵਲ ਪ੍ਰਭਾਵ ਹਨ, ਵਾਸਤਵਿਕ ਵਖਰੇਵਾਂ ਕੋਈ ਨਹੀਂ ਹੈ। ਕਿਉਂਕਿ ਇਨ੍ਹਾਂ ਦਾ ਸਾਰਾ ਰੂਪ, ਆਕਾਰ, ਪ੍ਰਕਾਰ ਇੱਕੋ ਜਿਹਾ ਹੈ, ਨੈਨ ਇੱਕੋ ਜਿਹੇ ਹਨ, ਕੰਨ ਇੱਕੋ ਜਿਹੇ ਹਨ, ਸਰੀਰ ਇੱਕੋ ਜਿਹਾ ਹੈ, ਘਾੜਤ ਇੱਕੋ ਜਿਹੀ ਹੈ, ਸਭੇ ਪੰਜ ਤੱਤਾਂ ਦੇ ਪੁਤਲੇ ਹਨ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥

www.sikhbookclub.com

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥

(ਅਕਾਲ ਉਸਤਤਿ)

ਸੱਚੇ ਧਰਮ ਵਿਚ ਮਨੁੱਖਤਾ ਦੀ ਏਕਤਾ 'ਤੇ ਇਸ ਲਈ ਵੀ ਬਹੁਤ ਬਲ ਗੁਰੂ ਜੀ ਨੇ ਦਿੱਤਾ ਹੈ ਕਿਉਂਕਿ ਇਸ ਦੇ ਅਭਾਵ ਵਿਚ ਹੀ ਧਰਮ ਦੀ ਹਾਨੀ ਹੋ ਕੇ ਅਧਰਮ ਦਾ ਪ੍ਰਚਲਨ ਹੁੰਦਾ ਹੈ। ਗੁਰੂ ਜੀ ਦੀ ਸਥਾਪਨਾ ਹੈ ਕਿ ਜਿਵੇਂ ਅੱਗ ਤੋਂ ਅਨੇਕਾਂ ਚਿੰਗਾਰੀਆਂ ਪੈਦਾ ਹੋ ਕੇ ਆਪਣੀ-ਆਪਣੀ ਵੱਖਰੀ ਹੋਂਦ ਦਰਸਾ ਕੇ ਫਿਰ ਉਸ ਅੱਗ ਵਿਚ ਹੀ ਸਮਾ ਜਾਂਦੀਆਂ ਹਨ, ਜਿਵੇਂ ਮਿੱਟੀ ਦੇ ਅਨੇਕਾਂ ਕਣ ਮਿੱਟੀ ਤੋਂ ਪੈਦਾ ਹੋ ਕੇ ਆਪਣੀ ਹਸਤੀ ਦਸਦੇ ਹੋਇਆਂ ਫਿਰ ਮਿੱਟੀ ਵਿਚ ਹੀ ਸਮਾ ਜਾਂਦੇ ਹਨ, ਜਿਵੇਂ ਸਮੁੰਦਰ ਤੋਂ ਅਨੇਕਾਂ ਲਹਿਰਾਂ ਪੈਦਾ ਹੁੰਦੀਆਂ ਹਨ ਪਰ ਉਹ ਸਭ ਪਾਣੀ ਹੀ ਅਖਵਾਉਂਦੀਆਂ ਹਨ, ਇਸੇ ਤਰ੍ਹਾਂ ਪਰਮਾਤਮਾ ਤੋਂ ਸਭ ਜੜ੍ਹ-ਚੇਤਨ ਉਤਪੰਨ ਹੋ ਕੇ ਫਿਰ ਉਸੇ ਵਿਚ ਹੀ ਪੂਰੀ ਤਰ੍ਹਾਂ ਲੀਨ ਹੋ ਜਾਂਦੇ ਹਨ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥

(ਉਹੀ)

(1/1992)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ

ਪੰਦਰਵੀਂ ਸਦੀ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਉਪਰੰਤ ਹੀ ਸਿੱਖ ਧਰਮ ਦਾ ਅਰੰਭ ਹੁੰਦਾ ਹੈ। ਉਸ ਸਮੇਂ ਭਾਰਤ ਨੂੰ ਗ਼ੁਲਾਮ ਹੋਇਆਂ ਛੇ ਸੌ ਸਾਲ ਬੀਤ ਚੁੱਕੇ ਸਨ। ਇਤਨਾ ਲੰਬਾ ਅਰਸਾ ਕਿਸੇ ਕੌਮ ਦਾ ਗ਼ੁਲਾਮ ਰਹਿਣਾ ਇਕ ਸੋਚਣ ਵਾਲੀ ਗੱਲ ਹੈ।

ਭਾਰਤੀਆਂ ਨੂੰ ਇਸ ਗੱਲ ਦਾ ਅਹਿਸਾਸ ਅਤੇ ਸੂਝ ਹੀ ਨਾ ਰਹੀ ਕਿ ਅਸੀਂ ਗ਼ੁਲਾਮ ਹਾਂ। ਇਸੇ ਕਰਕੇ ਸਾਊ ਗ਼ੁਲਾਮਾਂ ਵਾਂਗ ਦਿਨ ਕੱਟੀ ਕਰ ਰਹੇ ਸਨ। ਅਣਖਹੀਣ ਹੋ ਗਏ ਸਨ। ਉਨ੍ਹਾਂ ਅੰਦਰ ਜਾਤ ਵਰਨ ਦੀ ਵੰਡ ਨੇ ਏਕਤਾ ਭੰਗ ਕਰ ਦਿੱਤੀ ਸੀ। ਊਚ-ਨੀਚ ਦੀ ਭਾਵਨਾ ਨੇ ਮਨੁੱਖੀ ਭਾਈਚਾਰੇ ਵਿਚ ਸਮਾਨਤਾ ਨਾ ਰਹਿਣ ਦਿੱਤੀ। ਅਸਲੀ ਧਰਮ ਦੀ ਥਾਂ ਫੋਕਟ ਕਰਮ-ਕਾਂਡ ਅਤੇ ਪਖੰਡ ਪ੍ਰਚਲਤ ਸਨ। ਇਸੇ ਕਰਕੇ ਭਾਰਤੀ, ਭਾਵ ਹਿੰਦੂ ਆਤਮਕ ਬਲ ਖੋ ਬੈਠੇ ਸਨ। ਭਿੰਨ-ਭਿੰਨ ਅਖੌਤੀ ਦੇਵੀ-ਦੇਵਤਿਆਂ ਦੇ ਉਪਾਸ਼ਕ ਹੋਣ ਕਰਕੇ ਅਤੇ ਰਿਸ਼ੀਆਂ-ਮੁਨੀਆਂ ਦੇ ਵੱਖੋ-ਵੱਖ ਫ਼ਲਸਫ਼ੇ ਤੇ ਵਿਚਾਰਧਾਰਾਵਾਂ ਦੇ ਸ਼ਰਧਾਲੂ ਬਣ ਜਾਣ ਨਾਲ ਧਾਰਮਕ ਏਕਤਾ ਦੀ ਅਣਹੋਂਦ ਸੀ। ਬਾਦਸ਼ਾਹ ਅਤੇ ਹਾਕਮ ਅਨਿਆਈ ਹੋ ਗਏ ਸਨ। ਅਤਿਆਚਾਰਾਂ, ਅਨ੍ਹੇਰ-ਗਰਦੀਆਂ ਅਤੇ ਦੁਰਾਚਾਰੀਆਂ ਸਿਖਰਾਂ ਟੱਪ ਚੁੱਕੀਆਂ ਸਨ।

ਡਾ. ਗੋਕਲ ਚੰਦ 'ਨਾਰੰਗ' ਲਿਖਦਾ ਹੈ, "ਸੈਂਕੜੇ ਸਾਲਾਂ ਦੀ ਗ਼ੁਲਾਮੀ ਨੇ ਹਿੰਦੂਆਂ ਦੀ ਪ੍ਰਾਨ-ਸਤਿਆ ਨੂੰ ਭੰਨ ਕੇ ਮਿੱਧ ਛੱਡਿਆ ਸੀ। ਉਨ੍ਹਾਂ ਨੂੰ ਨਿੱਜੀ ਪਵਿੱਤਰਤਾ, ਭਾਈਚਾਰਕ ਖੁੱਲ੍ਹ ਅਤੇ ਰਾਜਸੀ ਆਜ਼ਾਦੀ ਦੇ ਉੱਚੇ-ਸੁੱਚੇ ਅਤੇ ਇੱਜ਼ਤ ਭਰੇ ਆਦਰਸ਼ ਭੁੱਲ ਚੁੱਕੇ ਸਨ। ਸਮੇਂ ਦੇ ਹਾਕਮ ਇਨ੍ਹਾਂ ਦੇ ਘਰ ਲੁਟਦੇ ਸਨ, ਜ਼ਨਾਨੀਆਂ ਨੂੰ ਜ਼ਬਰਦਸਤੀ ਆਪਣੇ ਘਰੀਂ ਲੈ ਜਾਂਦੇ ਸਨ। ਮੰਦਰਾਂ ਨੂੰ ਢਾਹੁੰਦੇ ਤੇ ਪਲੀਤ ਕਰਦੇ ਸਨ। ਅਨੇਕ ਤਰ੍ਹਾਂ ਦੇ ਜ਼ੁਲਮ ਅਤੇ ਵਧੀਕੀਆਂ ਇਨ੍ਹਾਂ ਉੱਪਰ ਕਮਾਉਂਦੇ ਸਨ। ਹਿੰਦੂ ਇੰਨੇ ਕਮਜ਼ੋਰ ਅਤੇ ਡਰਾਕਲ ਹੋ ਚੁੱਕੇ ਸਨ ਕਿ ਇਨ੍ਹਾਂ ਅਤਿਆਚਾਰਾਂ ਦਾ ਟਾਕਰਾ ਕਰਨਾ ਵੱਖ ਰਿਹਾ, ਉਹ ਇਨ੍ਹਾਂ ਵਿਰੁੱਧ ਹਾਲ ਪਰ੍ਹਿਆ ਕਰਨ ਜੋਗੇ ਵੀ ਨਹੀਂ ਸਨ।"

ਰਾਜਪੂਤ ਜਿਹੀ ਬਹਾਦਰ ਕੌਮ ਵੀ ਮੁਸਲਮਾਨ ਬਾਦਸ਼ਾਹਾਂ ਨੂੰ ਆਪਣੀਆਂ ਧੀਆਂ ਭੈਣਾਂ ਦੇ ਡੋਲੇ ਦੇਣ ਵਿਚ ਇੱਜ਼ਤ, ਮਾਣ ਤੇ ਵਡਿਆਈ ਸਮਝਦੀ ਸੀ। ਸਾਰੇ ਹਿੰਦੂਆਂ ਦਾ ਆਦਰਸ਼ ਉਸ ਵੇਲੇ ਇਹ ਸੀ ਕਿ ਭਾਵੇਂ ਕੁਝ ਵੀ ਹੋਵੇ, ਇਕ ਆਪਣੀ ਜਿੰਦ ਜਾਨ ਬਚ ਰਹੇ। ਉਹ ਇਹ ਮਹਿਸੂਸ ਹੀ ਨਹੀਂ ਸਨ ਕਰਦੇ ਕਿ ਇਸ ਤਰ੍ਹਾਂ ਦੀ ਜ਼ਿੰਦਗੀ ਪਰਵਾਨ ਕਰਨੀ ਕਿੰਨੀ ਗਿਰਾਵਟ ਦੀ ਗੱਲ ਹੈ।

ਕਿਸੇ ਦਾ ਗ਼ੁਲਾਮ ਹੋ ਜਾਣਾ ਇਸ ਲਈ ਬੁਰਾ ਹੈ ਕਿ ਗ਼ੁਲਾਮ ਦਾ ਧਰਮ, ਇੱਜ਼ਤ, ਅਣਖ ਅਤੇ ਜਾਨ-ਮਾਲ ਵੀ ਖ਼ਤਰੇ ਵਿਚ ਹੁੰਦੇ ਹਨ। ਇਹੀ ਹਾਲ ਹਰ ਉਸ ਦੇਸ਼ ਜਾਂ ਕੌਮ ਦਾ ਹੁੰਦਾ ਹੈ ਜੋ ਦੂਸਰੀ ਕੌਮ ਦੀ ਗ਼ੁਲਾਮ ਹੋ ਜਾਵੇ। ਸੈਂਕੜੇ ਸਾਲ ਲੋਧੀਆਂ, ਪਠਾਣਾਂ ਤੇ ਮੁਗ਼ਲਾਂ ਦੀ ਗ਼ੁਲਾਮੀ ਵਿਚ

www.sikhbookclub.com

ਹਿੰਦੂਆਂ ਦੀ ਭੈੜੀ ਦਸ਼ਾ ਤਾਂ ਇਸ ਨਾਲੋਂ ਵੀ ਵਧੇਰੇ ਅਧੋਗਤੀ ਨੂੰ ਪੁੱਜ ਚੁੱਕੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਠਾਣਾਂ ਦੇ ਰਾਜ ਦੇ ਅੰਤ ਹੋਣ ਅਤੇ ਮੁਗ਼ਲ ਰਾਜ ਦੇ ਆਰੰਭ ਹੋਣ ਦੀਆਂ ਇਤਿਹਾਸਕ ਘਟਨਾਵਾਂ ਐਮਨਾਬਾਦ (ਸੈਦਪੁਰਾ) ਦੇ ਸਥਾਨ ਉੱਤੇ ਆਪਣੀ ਅੱਖੀਂ ਵੇਖ ਲਈਆਂ ਸਨ। ਇਹ ਰਾਜ ਪਲਟੇ ਦਾ ਉਹ ਸਮਾਂ ਸੀ ਜਦ ਬਾਬਰ ਨੇ 1521 ਈ. ਨੂੰ ਭਾਰਤ ਉੱਤੇ ਚੜ੍ਹਾਈ ਕਰ ਕੇ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਇਖਲਾਕੀ ਦਲੇਰੀ, ਨਿਡਰਤਾ ਸੀ, ਜੋ ਉਸ ਸਮੇਂ ਦੇ ਬਾਦਸ਼ਾਹ ਬਾਰੇ ਫਰਮਾ ਗਏ ਸਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

(ਪੰਨਾ ੧੪੫)

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥

(ਪੰਨਾ ੭੨੨)

ਦੇਸ਼ ਦੀ ਖੱਤਰੀ ਕੌਮ ਦੇ ਲੋਕ ਬਹਾਦਰ ਹੁੰਦੇ ਸਨ। ਉਨ੍ਹਾਂ ਤੋਂ ਦੇਸ਼ ਦੇ ਧਰਮ ਕਰਮ ਦੀ ਰੱਖਿਆ ਦੀ ਆਸ ਹੋ ਸਕਦੀ ਸੀ, ਉਹ ਵੀ ਆਪਣੀ ਅਣਖ ਗੁਆ ਕੇ ਤੇ ਆਪਣੀ ਮਾਤ-ਭਾਸ਼ਾ ਨੂੰ ਤਿਆਗ ਕੇ ਅਰਬੀ ਫ਼ਾਰਸੀ ਪੜ੍ਹਨ ਲੱਗ ਪਏ ਸਨ। ਉਨ੍ਹਾਂ ਦੀ ਅਣਖ ਨੂੰ ਜਗਾਉਣ ਲਈ ਗੁਰੂ ਜੀ ਦਾ ਹੇਠ ਲਿਖਿਆ ਵਾਕ ਉਨ੍ਹਾਂ ਦੀ ਰਾਸ਼ਟਰਵਾਦ ਭਾਵਨਾ ਨੂੰ ਜਗਾਉਂਦਾ ਹੈ :

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥

(ਪੰਨਾ ੬੬੩)

ਹਿੰਦੂ ਜਨਤਾ ਗਿਆਨ ਤੋਂ ਸੱਖਣੀ ਹੋਣ ਕਰਕੇ ਪਰਮ ਤੱਤ ਭਾਵ ਪਰਮਾਤਮਾ ਤੋਂ ਦੂਰ ਜਾਂਦੀ ਰਹੀ। ਅੰਧ ਵਿਸ਼ਵਾਸ ਤੇ ਵਹਿਮਾਂ ਭਰਮਾਂ ਦੇ ਜਾਲ ਵਿਚ ਉਲਝੀ ਹੋਈ ਸੀ। ਗੁਰੂ ਸਾਹਿਬ ਇਸ ਤਰ੍ਹਾਂ ਭਾਰਤੀਆਂ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ, ਅਕਹਿ ਅਤਿਆਚਾਰਾਂ ਹੇਠ ਲਿਤਾੜੇ, ਅਣਖਹੀਣ ਹੋਏ ਅਤੇ ਵਹਿਮਾਂ, ਭਰਮਾਂ ਤੇ ਪਾਖੰਡਾਂ ਵਿਚ ਭਟਕਦੇ ਵੇਖ ਕੇ ਚਿੰਤਾਵਾਨ ਹੋ ਜਾਂਦੇ ਸਨ। ਭਲਾ ਕੋਈ ਵੈਦ ਵਿਚਾਰਾ ਉਨ੍ਹਾਂ ਦੀ ਨਬਜ਼ ਵੇਖ ਕੇ ਕਿਵੇਂ ਪਛਾਣ ਸਕਦਾ ਸੀ ਕਿ ਉਨ੍ਹਾਂ ਦਾ ਹਿਰਦਾ ਕਿਸ ਗੱਲੋਂ ਪੀੜਤ ਹੈ ?

ਮਹਾਨ ਪਰਉਪਕਾਰੀ ਗੁਰੂ ਬਾਬੇ ਅੱਗੇ ਮਜ਼ਲੂਮ ਜਨਤਾ ਦੀ ਭਲਾਈ ਦਾ ਕਿਤਨਾ ਵੱਡਾ ਕਠਨ ਕਾਰਜ ਸੀ। ਕਿਤਨੇ ਵੱਡੇ ਸੰਘਰਸ਼ ਤੇ ਸਮੇਂ ਦੀ ਲੋੜ ਸੀ। ਇਸ ਨੂੰ ਗੌਰ ਨਾਲ ਵਿਚਾਰਿਆਂ ਪਤਾ ਲਗਦਾ ਹੈ ਕਿ ਮਨੁੱਖਤਾ ਦੇ ਕਲਿਆਣ ਲਈ ਉਨ੍ਹਾਂ ਅੱਗੇ ਬਹੁਤ ਗੰਭੀਰ ਸਮੱਸਿਆਵਾਂ ਇਹ ਸਨ :

1. ਭਾਰਤੀਆਂ ਨੂੰ ਫੋਕਟ ਕਰਮ-ਕਾਂਡ ਦੇ ਪਾਖੰਡਾਂ ਅਤੇ ਅਖੌਤੀ ਦੇਵੀ-ਦੇਵਤਿਆਂ ਦੀ ਪੂਜਾ ਵਿਚੋਂ ਕੱਢ ਕੇ ਇਕੋ ਪਰਮਾਤਮਾ ਦੀ ਉਪਾਸ਼ਨਾ ਦੀ ਲਿਵ ਲਾਉਣੀ ਤਾਂ ਜੋ ਉਨ੍ਹਾਂ ਅੰਦਰ ਮੁੜ ਆਤਮਕ ਬੱਲ ਸੁਰਜੀਤ ਹੋ ਜਾਵੇ।

www.sikhbookclub.com

2. ਜਾਤ-ਪਾਤ ਤੇ ਊਚ-ਨੀਚ ਦੇ ਬੰਧਨਾਂ ਨੂੰ ਤੋੜ ਕੇ ਮਨੁੱਖਤਾ ਵਿਚ ਸਮਾਨਤਾ ਕਾਇਮ ਕੀਤੀ ਜਾਵੇ।
3. ਮੌਤ ਦਾ ਭੈ ਦੂਰ ਕਰ ਕੇ ਆਪਣੇ ਧਰਮ ਦੇ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਦੇ ਸਮਰੱਥ ਬਣਾਇਆ ਜਾਵੇ।
4. ਅਨਿਆਂ ਤੇ ਅਤਿਆਚਾਰਾਂ ਦਾ ਟਾਕਰਾ ਕਰਨ ਦੀ ਸਮਰੱਥਾ ਅਤੇ ਕੁਰਬਾਨੀ ਤੇ ਮਨੁੱਖੀ ਭਾਈਚਾਰੇ ਵਿਚ ਨਿਸ਼ਕਾਮ ਸੇਵਾ ਦੀਆਂ ਭਾਵਨਾਵਾਂ ਪੈਦਾ ਕੀਤੀਆਂ ਜਾਣ।
5. ਭਾਰਤੀਆਂ ਅੰਦਰ ਆਪਣੇ ਮੁੱਢਲੇ ਹੱਕਾਂ ਦੀ ਰਾਖੀ ਕਰਨ ਦਾ ਬਲ ਪੈਦਾ ਕੀਤਾ ਜਾਵੇ ਤਾਂ ਜੋ ਸਦੀਆਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾ ਸਕਣ।

ਠੀਕ ਸੋਚਿਆਂ ਹੀ ਸਮਝ ਆ ਸਕਦੀ ਹੈ ਕਿ ਉਪਰੋਕਤ ਸਾਰੀਆਂ ਸਮੱਸਿਆਵਾਂ ਦਾ ਹੱਲ ਕਿੰਨਾ ਵੱਡਾ ਮਿਸ਼ਨ ਤੇ ਪ੍ਰੋਗਰਾਮ ਸੀ। ਅੰਗਰੇਜ਼ਾਂ ਦੀ ਕੇਵਲ ਦੋ ਸਦੀਆਂ ਦੀ ਗ਼ੁਲਾਮੀ ਤੋਂ ਨਿਜਾਤ, ਲਈ ਜਨਤਾ ਨੂੰ ਕਿਤਨੇ ਲੰਬੇ ਸਮੇਂ ਤਕ ਸੰਘਰਸ਼ ਵਿਚੋਂ ਲੰਘਣਾ ਪਿਆ ਜਦ ਕਿ ਸਾਡੇ ਪਾਸ ਵਰਤਮਾਨ ਸਮੇਂ ਦੇ ਪ੍ਰਚਾਰ ਸਾਧਨ ਵੀ ਬਹੁਤ ਸਨ। ਉਦੋਂ ਤਾਂ ਭਾਰਤੀਆਂ ਨੂੰ ਗ਼ੁਲਾਮੀ ਵਿਚ ਦਿਨ ਕਟਦਿਆਂ ਛੇ ਸਦੀਆਂ ਤੋਂ ਵੀ ਵੱਧ ਸਮਾਂ ਬੀਤ ਚੁੱਕਿਆ ਸੀ। ਉਸ ਸਮੇਂ ਦਿੱਲੀ ਦੀ ਹਕੂਮਤ ਦੀਆਂ ਕਿਤਨੀਆਂ ਡੂੰਘੀਆਂ ਜੜ੍ਹਾਂ ਤੇ ਕਿਤਨੀ ਵਿਸ਼ਾਲ ਸ਼ਕਤੀ ਅਤੇ ਨਾਲ ਹੀ ਆਪਣਿਆਂ ਹੀ ਪਹਾੜੀ ਰਾਜਿਆਂ ਅਤੇ ਬ੍ਰਾਹਮਣਵਾਦ ਵਲੋਂ ਵਿਰੋਧਤਾ। ਗੁਰੂ ਵਿਅਕਤੀਆਂ ਕੋਲ ਕੇਵਲ ਧੁਰ ਦੀ ਸ਼ਕਤੀ ਅਕਾਲ ਪੁਰਖ ਦਾ ਹੀ ਆਸਰਾ ਸੀ।

ਉਪਰੋਕਤ ਵਿਸ਼ਾਲ ਬੁਨਿਆਦੀ ਜਾਂ ਮੂਲ ਸਿਧਾਂਤਾਂ ਵਿਚ ਪੂਰਨ ਸਫਲਤਾ ਪ੍ਰਾਪਤ ਕਰਨ ਲਈ ਗੁਰੂ ਸਾਹਿਬਾਨ ਨੇ ਆਪਣੇ ਹਾਲਾਤ ਅਤੇ ਸਮੇਂ ਦੇ ਅਨੁਕੂਲ ਵੱਧ ਤੋਂ ਵੱਧ ਯੋਗਦਾਨ ਪਾਇਆ। ਬੜੀ ਦੂਰ-ਦ੍ਰਿਸ਼ਟਤਾ, ਦਲੇਰੀ, ਸੁੰਦਰਤਾ ਤੇ ਕੋਮਲਤਾ ਨਾਲ ਅੱਗੇ ਹੀ ਅੱਗੇ ਵਧ ਰਹੇ ਸਨ। ਕੰਮ ਵਿਚ ਕਦੀ ਵੀ ਨਿਰਾਸਤਾ ਨਹੀਂ ਆਉਣ ਦਿੱਤੀ। ਸਦਾ ਚੜ੍ਹਦੀ ਕਲਾ ਵਿਚ ਰਹੇ। ਜੇ ਕਦੀ ਆਪਣੇ ਜੀਵਨ ਦੀ ਕੁਰਬਾਨੀ ਦੇਣ ਦਾ ਸਮਾਂ ਆਣ ਬਣਿਆ ਤਾਂ ਬੜੀ ਖ਼ੁਸ਼ੀ ਤੇ ਸ਼ਾਂਤੀ ਨਾਲ ਸ਼ਹਾਦਤਾਂ ਪਾਉਂਦੇ ਰਹੇ। ਹਰ ਕਦਮ ਸਫਲਤਾ ਵਲ ਵੱਧ ਰਿਹਾ ਸੀ। ਹਰ ਹਾਲਤ ਅਤੇ ਹਰ ਕੀਮਤ ਉੱਤੇ ਆਪਣੇ ਮਾਰਗ 'ਤੇ ਦ੍ਰਿੜ੍ਹ ਰਹੇ। ਦੇਸ਼ ਵਾਸੀਆਂ ਵਿਚ ਬੜਾ ਪਰਿਵਰਤਨ ਆ ਰਿਹਾ ਸੀ। ਦਸ ਗੁਰੂ ਸਾਹਿਬਾਨ ਵਿਚ ਇਕੋ ਜੋਤ ਤੇ ਇਕੋ ਜੁਗਤ ਕੰਮ ਕਰ ਰਹੀ ਸੀ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥

(ਪੰਨਾ ੯੦੭)

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥

(ਪੰਨਾ ੬੪੬)

ਦੇਸ਼ ਵਾਸੀਆਂ ਅੰਦਰ ਮੁੜ ਆਤਮਕ ਬਲ ਸੁਰਜੀਤ ਕਰਨ ਲਈ ਸਿਮਰਨ ਤੇ ਕੀਰਤਨ ਦੇ ਅਭਿਆਸ ਸ਼ੁਰੂ ਹੋ ਗਏ। ਭਾਰਤ ਦੇ ਕੋਨੇ ਕੋਨੇ ਵਿਚ ਸੰਗਤਾਂ ਤੇ ਧਰਮਸ਼ਾਲਾਂ ਕਾਇਮ ਹੋ ਗਈਆਂ। ਜਾਤ-ਪਾਤ ਦੇ ਭੇਦ-ਭਾਵ ਮਿਟਾਣ ਲਈ ਸਾਂਝੇ ਲੰਗਰ, ਜਿਥੇ ਅਖੌਤੀ ਸ਼ੂਦਰ ਆਦਿ ਜਾਤੀਆਂ ਦੇ

www.sikhbookclub.com

ਲੋਕ ਸਾਂਝੀ ਪੰਗਤ ਵਿਚ ਸਭ ਦੇ ਬਰਾਬਰ ਬੈਠ ਕੇ ਲੰਗਰ ਛਕਦੇ ਸਨ। ਇਸ਼ਨਾਨ ਲਈ ਸਾਂਝੇ ਸਰੋਵਰ ਅਤੇ ਧਾਰਮਕ ਅਸਥਾਨ ਵੀ ਸਭ ਲਈ ਸਾਂਝੇ ਤੇ ਸਭ ਲਈ ਆਉਣ ਜਾਣ ਦੀ ਖੁਲ੍ਹ, ਸਭ ਜਾਤੀਆਂ, ਚਾਰੇ ਵਰਨਾਂ ਨੂੰ ਸਾਂਝਾ ਉਪਦੇਸ਼।

ਘਰ-ਬਾਰ ਤਿਆਗ ਤੇ ਜੰਗਲਾਂ-ਪਹਾੜਾਂ ਵਿਚ ਜਾ ਕੇ ਅਨੇਕ ਤਰ੍ਹਾਂ ਦੇ ਸਰੀਰਕ ਕਸ਼ਟਾਂ ਰਾਹੀਂ ਤਪ-ਸਾਧਨਾਂ ਦੀ ਲੋੜ ਨਾ ਰਹੀ। ਗ੍ਰਹਿਸਥ ਵਿਚ ਰਹਿੰਦਿਆਂ, ਨਾਮ ਜਪਦਿਆਂ, ਧਰਮ ਦੀ ਕਿਰਤ ਕਰਦਿਆਂ ਅਤੇ ਉੱਚਾ-ਸੁੱਚਾ ਜੀਵਨ ਗੁਜ਼ਾਰਦਿਆਂ ਪਰਮ-ਪਦਵੀ ਦਾ ਰਾਹ ਮਿਲ ਗਿਆ। ਮੰਜੀਆਂ ਭਾਵ ਪ੍ਰਚਾਰ ਸੈਂਟਰ ਕਾਇਮ ਕਰ ਦਿੱਤੇ। ਨਿਸ਼ਕਾਮ ਸੇਵਾ ਤੇ ਪਰਉਪਕਾਰ ਦੀਆਂ ਰੁਚੀਆਂ ਪ੍ਰਬਲ ਹੋਈਆਂ ਪ੍ਰਤੱਖ ਨਜ਼ਰ ਆਉਣ ਲੱਗੀਆਂ।

ਇਕ ਸਮਾਂ ਆਇਆ, ਕੌਮ ਨੂੰ ਢਹਿੰਦੀ ਕਲਾ ਵਿਚ ਜਾਣ ਤੋਂ ਬਚਾਉਣ ਲਈ ਛੇਵੇਂ ਗੁਰੂ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਲਈਆਂ। ਅਕਾਲ ਤਖ਼ਤ ਦੀ ਰਚਨਾ ਕੀਤੀ ਗਈ। ਸਿੱਖ ਸ਼ਸਤਰਧਾਰੀ ਹੋ ਗਏ। ਭਗਤੀ-ਸ਼ਕਤੀ ਦਾ ਸੁਮੇਲ ਕੀਤਾ ਗਿਆ। ਫ਼ੌਜ ਰੱਖੀ ਗਈ। ਆਤਮਕ-ਬਲ ਨਾਲ ਸਰੀਰਕ-ਬਲ ਲਈ ਅਖਾੜੇ ਰਚੇ ਗਏ।

ਜਦ ਕੌਮ ਆਤਮਕ ਤੇ ਸਰੀਰਕ ਬਲ ਵਿਚ ਨਿਪੁੰਨ ਹੋ ਗਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੀਸ ’ਤੇ ਬਾਦਸ਼ਾਹੀ ਕਲਗੀ ਸਜ਼ਾ ਲਈ, ਸ਼ਸਤਰ-ਅਸਤਰ ਧਾਰਨ ਕਰ ਲਏ। ਸਿੱਖਾਂ ਨੂੰ ਸ਼ਸਤਰਧਾਰੀ ਹੋਣ ਲਈ ਸਖ਼ਤ ਹਦਾਇਤ ਕਰ ਦਿੱਤੀ। ਘੋੜ ਸਵਾਰੀ ਤੇ ਹਰ ਪ੍ਰਕਾਰ ਦੇ ਸ਼ਸਤਰਾਂ ਦੀ ਸਿਖਲਾਈ ਹੋਣ ਲੱਗੀ। ਨਿਸ਼ਾਨ ਝੁਲਾ ਦਿੱਤੇ। ਭਾਰੀ ਨਗਾਰੇ ਵੱਜਣ ਲੱਗੇ। ਬੀਰ-ਰਸੀ ਕਵਿਤਾਵਾਂ, ਵਾਰਾਂ ਗਾਉਣ ਲੱਗੇ। ਕਿਲ੍ਹੇ ਉਸਾਰੇ ਗਏ। ਸਿੱਖਾਂ ਦੇ ਚਿਹਰਿਆਂ ਤੇ ਸਰੀਰਾਂ ਵਿਚੋਂ ਚੜ੍ਹਦੀ ਕਲਾ, ਦਲੇਰੀ, ਬਹਾਦਰੀ ਤੇ ਨਿਰਭੈਤਾ ਦੀਆਂ ਕਿਰਨਾਂ ਡੁੱਲ੍ਹ-ਡੁੱਲ੍ਹ ਪੈਂਦੀਆਂ ਸਨ।

ਦਸਮ ਗੁਰੂ ਸਾਹਿਬ ਜੀ ਦੀਆਂ ਰਚਨਾਵਾਂ ‘ਜਾਪੁ ਸਾਹਿਬ’ ਤੇ ‘ਅਕਾਲ ਉਸਤਤ’ ਮਨੁੱਖ ਨੂੰ ਅਕਾਲ ਪੁਰਖ ਨਾਲ ਜੋੜਨ ਤੇ ਇਕ-ਸੁਰ ਹੋਣ ਲਈ ਬਹੁਤ ਸਹਾਇਕ ਸਿੱਧ ਹੋ ਰਹੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਵਿੱਤਰ ਬਚਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਪੰਨਾ ੧੪੧੨)

ਨੂੰ ਅਮਲੀ ਰੂਪ ਦੇਣ ਲਈ ਦਸਮ ਗੁਰੂ ਜੀ ਨੇ ਸਿੱਖਾਂ ਤੋਂ ਸੀਸ ਮੰਗ ਲਿਆ। ਪੰਜ ਪਿਆਰੇ ਸੀਸ ਤਲੀ ’ਤੇ ਰੱਖ ਭੇਟਾ ਕਰਨ ਲਈ ਪੇਸ਼ ਹੋ ਗਏ।

ਜਾਤ-ਪਾਤ ਤੇ ਛੂਤ-ਛਾਤ ਦਾ ਭਰਮ-ਭੇਦ ਮਿਟਾਉਣ ਖਾਤਰ, ਇਕੋ ਬਾਟੇ ਵਿਚੋਂ ਸਭ ਨੂੰ ਅੰਮ੍ਰਿਤ ਛਕਾ ਕੇ ਇਕ ਨਵਾਂ ਜੀਵਨ ਤੇ ਬਲਵਾਨ ਸ਼ਕਤੀ ਪਰਦਾਨ ਕਰ ਦਿੱਤੀ।

ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕ ਕੇ ਮਨੁੱਖਤਾ ਵਿਚ ਸਮਾਨਤਾ ਦੀ ਇਕ ਅਦੁੱਤੀ ਮਿਸਾਲ ਕਾਇਮ ਕਰ ਗਏ। ਗੁਰੂ ਸਾਹਿਬ ਦੇ ਪਿਤਾ, ਪੜਦਾਦਾ ਅਤੇ ਹੋਰ ਰਿਸ਼ਤੇਦਾਰ ਤਾਂ ਧਰਮ ਦੀ ਖ਼ਾਤਰ ਸ਼ਹਾਦਤਾਂ ਪਾ ਹੀ ਚੁੱਕੇ ਸਨ, ਆਪਣੇ ਨੌਜਵਾਨ ਸਾਹਿਬਜ਼ਾਦਿਆਂ ਨੂੰ ਜੰਗ ਵਿਚ ਜੂਝ ਕੇ ਸ਼ਹੀਦੀ ਪਾਉਂਦਿਆਂ ਨੂੰ ਗੁਰੂ ਸਾਹਿਬ ਆਪਣੀਆਂ ਅੱਖਾਂ ਸਾਹਮਣੇ ਹੀ ਵੇਖ ਰਹੇ ਸਨ।

www.sikhbookclub.com

ਸਿੱਖਾਂ ਦੇ ਮਨਾਂ ਵਿਚੋਂ ਮੌਤ ਦਾ ਭੈ ਜਾਂਦਾ ਰਿਹਾ। ਸ਼ਹੀਦੀਆਂ ਦੇਣ ਦੀ ਲੜੀ ਚਲ ਪਈ। ਵੱਡੀ ਤੋਂ ਵੱਡੀ ਤਾਕਤ ਵੀ ਸਿੱਖਾਂ ਨੂੰ ਆਪਣੇ ਧਰਮ ਦੇ ਅਸੂਲਾਂ ਤੋਂ ਗਿਰਾ ਨਾ ਸਕੀ। ਗੁਰੂ ਸਾਹਿਬ ਦੇ ਛੋਟੀ-ਛੋਟੀ ਉਮਰ ਦੇ ਬਾਲ ਵੀ ਇਸ ਕਰੜੀ ਅਜ਼ਮਾਇਸ਼ ਵਿਚ ਪਿੱਛੇ ਨਾ ਰਹੇ। ਧਰਮ ਤਿਆਗਣ ਨਾਲੋਂ ਜੀਉਂਦੇ ਜੀਅ ਦੀਵਾਰ ਵਿਚ ਚਿਣੇ ਜਾ ਕੇ ਕੁਰਬਾਨੀਆਂ ਦੇਣੀਆਂ ਹੀ ਚੰਗੀਆਂ ਸਮਝੀਆਂ। ਇਸ ਪ੍ਰਕਾਰ ਗੁਰੂ ਸਾਹਿਬ ਦੇ ਮਾਤਾ ਸੀ, ਹੋਰ ਸਭ ਰਿਸ਼ਤੇਦਾਰ, ਪੰਜ ਪਿਆਰੇ ਤੇ ਹਜ਼ਾਰਾਂ ਸਿੰਘ ਸਿੰਘਣੀਆਂ ਨੇ ਸ਼ਹਾਦਤਾਂ ਦੇ ਕੇ ਸਿੱਧ ਕਰ ਦਿੱਤਾ ਕਿ ਜੇਕਰ ਜ਼ਿੰਦਗੀ ਜਿਊਣੀ ਹੈ ਤਾਂ ਅਣਖ ਤੇ ਧਰਮ ਰੱਖ ਕੇ ਹੀ ਜੀਣੀ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਮੌਤ ਦੇ ਭੈ ਦੀ ਕੋਈ ਰੁਕਾਵਟ ਨਾ ਰਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਜਿਸ ਨਵੇਂ ਨਰੋਏ ਮਨੁੱਖੀ ਸਮਾਜ ਦੀ ਸਿਰਜਣਾ ਆਰੰਭ ਹੋਈ ਸੀ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਫਲਤਾ ਪੂਰਬਕ ਪੂਰਨਤਾ ਤਕ ਪਹੁੰਚਾ ਦਿੱਤੀ। ਹੁਣ ਕੌਮ ਇਤਨੀ ਬਲਵਾਨ ਹੋ ਚੁੱਕੀ ਸੀ ਕਿ ਅਨਿਆਂ ਅਤੇ ਅਤਿਆਚਾਰਾਂ ਦਾ ਟਾਕਰਾ ਕਰ ਕੇ ਆਪਣੇ ਹੱਕਾਂ ਦੀ ਰਾਖੀ ਕਰ ਸਕਦੀ ਸੀ।

ਅੰਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" ਦੇ ਪਵਿੱਤਰ ਵਾਕ ਨੂੰ ਅੰਤਮ ਛੂਹ ਉਸ ਸਮੇਂ ਦਿੱਤੀ ਜਦ ਦੇਹਧਾਰੀ ਗੁਰੂ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਾ ਲਈ ਗੁਰਗੱਦੀ 'ਤੇ ਬਿਰਾਜਮਾਨ ਕਰ ਕੇ ਸਾਰੀ ਕੌਮ ਨੂੰ ਉਨ੍ਹਾਂ ਦੇ ਲੜ ਲਾਂ ਦਿੱਤਾ। ਇਸ ਵਾਸਤੇ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਬਲਕਿ ਸਾਰੇ ਸਤਿਗੁਰੂ ਸਾਹਿਬਾਨ ਦੀ ਇਕੋ ਜੋਤ, ਇਕੋ ਵਿਚਾਰਧਾਰਾ ਤੇ ਇਕੋ ਵਿਉਂਤਬੱਧ ਯੋਜਨਾ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੀ।

ਦਸਮ ਗੁਰੂ ਜੀ ਨੇ ਆਪਣੀਆਂ ਅਤੇ ਆਪਣੇ ਸਾਰੇ ਪਰਿਵਾਰ ਦੀਆਂ ਘੋਲ ਕਮਾਈਆਂ ਕੁਰਬਾਨੀਆਂ ਤੇ ਅਨੁਭਵੀ ਤਜਰਬੇ ਰਾਹੀਂ ਇਕ ਬਲਵਾਨ ਤੇ ਸੰਪੂਰਨ ਕੌਮ ਦੀ ਸਿਰਜਣਾ ਕਰ ਦਿੱਤੀ, ਜਿਸ ਦੇ ਸਾਰੇ ਵਿਅਕਤੀ ਰਾਜ-ਜੋਗੀ ਤੇ ਸੰਤ-ਸਿਪਾਹੀ ਹਨ ਜੋ ਆਪਣੀ ਅਣਖ, ਇੱਜ਼ਤ ਅਤੇ ਧਰਮ ਦੀ ਖ਼ਾਤਰ ਆਪਣੇ ਜੀਵਨ ਦੀ ਕੁਰਬਾਨੀ ਲਈ ਰੰਚਕ ਮਾਤਰ ਵੀ ਸੰਕੋਚ ਨਹੀਂ ਕਰਦੇ। ਇਸੇ ਸਦਕਾ ਉਨ੍ਹਾਂ ਨੇ ਭਾਰਤ ਦੇ ਧਰਮ ਤੇ ਸਭਿਅਤਾ ਨੂੰ ਬਚਾ ਲਿਆ। ਮੁੜ ਕਿਸੇ ਦਾ ਹੌਂਸਲਾ ਨਹੀਂ ਪਿਆ ਕਿ ਕੋਈ ਕਿਸੇ ਦੇ ਧਰਮ ਵਿਚ ਦਖਲ ਦੇਵੇ।

ਉਪਰੋਕਤ ਵਿਸ਼ੇ ਦੀ ਪੁਸ਼ਟੀ ਲਈ ਉੱਘੇ ਵਿਦਵਾਨ ਇਤਿਹਾਸਕਾਰ ਗ਼ੈਰ-ਸਿੱਖ ਵਿਅਕਤੀ ਦੇ ਵਿਚਾਰ ਦ੍ਰਿਸ਼ਟੀਗੋਚਰ ਕਰਨਾ ਵੀ ਉੱਚਿਤ ਹੋਵੇਗਾ।

ਪ੍ਰਸਿੱਧ ਵਿਦਵਾਨ ਆਰੀਆ ਸਮਾਜੀ ਡਾ. ਗੋਕਲ ਚੰਦ 'ਨਾਰੰਗ' ਆਪਣੀ ਪੁਸਤਕ 'ਟਰਾਂਸਫਾਰਮੇਸ਼ਨ ਆਫ਼ ਸਿੱਖਇਜ਼ਮ' ਵਿਚ ਲਿਖਦੇ ਹਨ ਕਿ :

"ਜੋ ਖ਼ਾਲਸਾ ਕੌਮ ਰੂਪੀ ਬ੍ਰਿਛ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਤ ਹੋਇਆ ਸੀ, ਉਸ ਦਾ ਬੀਜ ਸ੍ਰੀ ਗੁਰੂ ਨਾਨਕ ਦੇਵ ਜੀ ਬੀਜ ਗਏ ਸਨ ਅਤੇ ਉਹਨਾਂ ਦੇ ਉਤਰਾਧਿਕਾਰੀ ਸਤਿਗੁਰੂ ਉਸ ਦੀ ਸਿੰਚਾਈ ਕਰਕੇ ਪਾਲਣਾ ਕਰਦੇ ਰਹੇ। ਉਹ ਤਲਵਾਰ ਜਿਸ ਨੇ ਖ਼ਾਲਸਈ ਸ਼ਾਨ ਦੇ ਚਮਤਕਾਰ ਵਿਖਾਏ ਸਨ, ਨਿਰਸੰਦੇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ, ਪਰ ਉਸ ਦਾ ਫ਼ੌਲਾਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ ਸੀ। ਜਿਸ ਤਰ੍ਹਾਂ ਇਕ ਕੱਚੀ

www.sikhbookclub.com

ਧਾਤ ਨੂੰ ਪੰਘਾਰ ਕੇ ਉਸ ਵਿਚੋਂ ਸਾਰੀ ਖੋਟ, ਮੈਲ ਕੱਢ ਤੇ ਸੋਧ ਲਈਦੀ ਹੈ ਤੇ ਇਕ ਖ਼ਾਲਸ ਧਾਤ ਤਿਆਰ ਹੋ ਜਾਂਦੀ ਹੈ, ਇਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਹਿੰਦੂ ਸਮਾਜ ਵਿਚੋਂ ਬੇ-ਲੋੜੇ ਵਹਿਮ, ਭਰਮ ਤੇ ਧਾਰਮਿਕ ਆਗੂਆਂ ਦੇ ਪਾਖੰਡ ਤੇ ਕਰਮ-ਕਾਂਡ ਰੂਪੀ ਖੋਟ ਤੇ ਮੈਲ ਦੂਰ ਕਰਕੇ ਇਕ ਨਵੇਂ ਤੇ ਨਰੋਏ ਸਮਾਜ ਦੀ ਸਿਰਜਣਾ ਕੀਤੀ ਸੀ।"

ਸਿੱਖੀ ਸਪਿਰਟ ਦੇ ਚਮਤਕਾਰਾਂ, ਬਹਾਦਰੀ ਦੇ ਕਾਰਨਾਮਿਆਂ ਨੂੰ ਵੇਖ ਕੇ ਹੀ ਦੇਸ਼ ਦੇ ਸੂਝਵਾਨ ਨੇਤਾਵਾਂ ਨੇ ਸਿੱਖ ਕੌਮ ਨੂੰ ਦੇਸ਼ ਦੀ ਸ਼ਮਸ਼ੀਰ ਭੁਜਾ, ਦੇਸ਼ ਦੀ ਢਾਲ-ਤਲਵਾਰ ਅਤੇ ਦੇਸ਼ ਦੇ ਰਾਖੇ ਆਦਿ ਵਿਸ਼ੇਸ਼ਣਾਂ ਨਾਲ ਸਤਿਕਾਰਿਆ। ਉੱਤਮ-ਪੱਛਮ ਦੀ ਗੁਠੋਂ ਜਿਥੋਂ ਰੋਜ਼ ਨਿਤ ਨਵੇਂ ਦਿਨ ਧਾੜਵੀ ਦੇਸ਼ 'ਤੇ ਚੜ੍ਹਾਈ ਕਰ ਕੇ ਆ ਦਾਖ਼ਲ ਹੁੰਦੇ ਸਨ, ਜਮਰੌਦ ਦੇ ਕਿਲ੍ਹੇ ਉੱਤੇ ਜਦ ਖ਼ਾਲਸਈ ਨਿਸ਼ਾਨ ਝੂਲਣ ਲੱਗਾ, ਪੰਜਾਬ ਦੇ ਬਹਾਦਰ ਸਿੱਖ ਅਜਿਹੇ ਪਹਿਰੇਦਾਰ ਸਿੱਧ ਹੋਏ ਕਿ ਮੁੜ ਕਿਸੇ ਜਰਵਾਣੇ ਦਾ ਇਸ ਰਾਹ ਆਉਣ ਦਾ ਹੌਸਲਾ ਨਾ ਪਿਆ।

(1/1987)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਲੱਖਣ ਵਿਚਾਰਧਾਰਾ

ਵਿਚਾਰ ਜਾਂ ਫ਼ਿਲਾਸਫ਼ੀ ਜੀਵਨ ਦੇ ਡੂੰਘੇ ਤਜਰਬੇ ਦਾ ਅਨੁਭਵ ਹੈ। ਡੂੰਘੀ ਵਿਚਾਰ ਇਕ ਐਸੀ ਸੱਚਾਈ ਹੁੰਦੀ ਹੈ ਜੋ ਜੀਵਨ ਸਮੁੰਦਰ ਵਿਚ ਚੁੱਭੀ ਲਾ ਕੇ ਹੀਰਿਆਂ ਵਤ ਉਜਾਗਰ ਕੀਤੀ ਜਾਂਦੀ ਹੈ। ਉੱਚੇ ਵਿਚਾਰ ਜਗ-ਬੀਤੀ ਦਾ ਡੂੰਘਾ ਅਭਿਆਸ ਅਤੇ ਹੱਡ-ਬੀਤੀ ਦਾ ਮੌਲਿਕ ਪ੍ਰਕਾਸ਼ ਹੁੰਦੇ ਹਨ। ਅਸਲ ਫ਼ਿਲਾਸਫ਼ਰ ਉਹ ਹੁੰਦਾ ਹੈ ਜਿਹੜਾ ਜੀਵਨ ਦੀਆਂ ਅਨੇਕਾਂ ਭੁਲ-ਭੁਲਈਆਂ ਵਿਚੋਂ ਮਨੁੱਖਤਾ ਦਾ ਅਜਿਹਾ ਮਾਰਗ ਦਰਸਾਉਂਦਾ ਹੈ, ਜਿਸ 'ਤੇ ਚਲਣਾ ਹੀ ਮਨੁੱਖੀ ਜੀਵਨ ਦਾ ਪਰਮ ਆਸ਼ਾ ਹੋਵੇ।

ਇਸ ਵਿਚ ਸੰਦੇਹ ਨਹੀਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਸ ਵਿਚਾਰ ਸੋਮੇ ਦੇ ਸੀਤਲ ਜਲ ਨਾਲ ਹੀ ਪਹਿਲੇ ਗੁਰੂਆਂ ਵਾਂਗ ਸੜਦੀ ਬਲਦੀ ਪ੍ਰਿਥਵੀ ਨੂੰ ਛੱਟਾ ਮਾਰ ਕੇ ਠਾਰਿਆ। ਉਸੇ ਮਹਾਨ ਜੋਤ ਦੇ ਚਾਨਣੇ ਨਾਲ ਸਮਾਜ ਦੇ ਹਨੇਰੇ ਰਾਹਾਂ ਨੂੰ ਉਜਾਗਰ ਕੀਤਾ। ਸਮੇਂ ਦੀ ਸਥਿਤੀ ਅਨੁਸਾਰ ਉਸ ਵਿਚਾਰ-ਪ੍ਰਣਾਲੀ ਨੂੰ ਵਧੇਰੇ ਰਵਾਨੀ ਵਿਚ ਲਿਆਂਦਾ। ਸੱਚਾਈ ਨੂੰ ਦ੍ਰਿੜ ਤਕ ਅਤੇ ਅਹਿਲ ਰਹਿਣ ਲਈ ਜਿਥੇ ਮਨ ਦੇ ਬਲ ਦੀ ਲੋੜ ਹੁੰਦੀ ਹੈ, ਓਥੇ ਕਥਨ-ਜੁਗਤੀ ਨਾਲ ਨਾ ਸੁਧਰਨ ਵਾਲੇ ਜਾਬਰ ਨੂੰ ਸੁਧਾਰਨ ਲਈ ਸਰੀਰਕ ਬਲ ਵੀ ਅਤਿ ਲੋੜੀਂਦਾ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਂਤ ਭਾਵਾਂ ਦੇ ਨਾਲ ਬੀਰ ਭਾਵਾਂ ਨੂੰ ਪ੍ਰਚੰਡ ਕਰਨਾ ਇਸ ਲਈ ਜ਼ਰੂਰੀ ਸਮਝਿਆ ਕਿਉਂਕਿ ਸਾਰੇ ਹੀਲਿਆਂ ਦੀ ਅਸਫਲਤਾ ਚੰਡੀ ਦੁਆਰਾ ਹੀ ਸਫਲਤਾ ਵਿਚ ਵਟ ਸਕਦੀ ਹੈ। ਪਰਾਧੀਨਤਾ ਦੇ ਭੈ ਨੂੰ ਕੱਟਣ ਵਾਲੇ ਗੁਰੂ ਨਾਨਕ ਸਾਹਿਬ ਦੇ ਵਿਚਾਰ ਅਤੇ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੇ ਬੀਰ ਭਾਵਾਂ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੰਦੇਸ਼-ਹਲੂਣੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਰ ਅਗਲੇ ਪੜਾਅ 'ਤੇ ਪਹੁੰਚਾਇਆ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ *(ਜ਼ਫ਼ਰਨਾਮਾ)*

ਆਤਮਿਕ ਉੱਚਤਾ, ਸੁੱਧਤਾ ਅਤੇ ਅਭੇਦਤਾ ਲਈ ਪ੍ਰਾਰਥਨਾ ਕਰਨ ਦੇ ਨਾਲ ਨਾਲ ਇਹ ਪ੍ਰਾਰਥਨਾ ਕਰਨੀ ਵੀ ਜ਼ਰੂਰੀ ਦੱਸੀ ਕਿ 'ਹੇ ਅਕਾਲ ਪੁਰਖ! ਅਜਿਹਾ ਬਲ ਬਖ਼ਸ਼ ਜਿਸ ਦੁਆਰਾ ਸ਼ੁਭ ਮਾਰਗ 'ਤੇ ਚਲਦਿਆਂ ਕਦੀ ਡਰ ਨਾ ਮਹਿਸੂਸ ਹੋਵੇ; ਤੇਰੇ ਸਿਮਰਨ ਕਰਨ ਦੀ ਪ੍ਰਬਲ ਇੱਛਾ ਦੇ ਨਾਲ ਨਾਲ ਇਹ ਸੱਧਰ ਰਹੇ ਕਿ ਅਤਿ ਭੀੜਾ ਸਮੇਂ ਦੂਤਾਂ ਨਾਲ ਟਕਰਾਂਦਾ ਹੋਇਆ ਰਣ ਭੂਮੀ ਵਿਚ ਜੂਝ ਮਰਾਂ। ਇਸ ਪ੍ਰਯੋਜਨ ਨੂੰ ਉਹ ਅਕਾਲ ਪੁਰਖ ਤੋਂ ਪ੍ਰਾਪਤ ਕਰ ਕੇ ਆਏ ਸਨ ਤੇ ਇਸੇ ਵਿਚਾਰ ਦੁਆਰਾ ਉਹ ਮਨੁੱਖੀ ਮਨ ਨੂੰ ਸ਼ਕਤੀਸ਼ਾਲੀ ਬਣਾਉਣਾ ਚਾਹੁੰਦੇ ਸਨ। ਉਹਨਾਂ ਸਪੱਸ਼ਟ ਭਾਂਤ ਆਪਣੇ ਆਸ਼ੇ ਨੂੰ ਪ੍ਰਗਟਾਇਆ :

www.sikhbookclub.com

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ (ਬਚਿਤ੍ਰ ਨਾਟਕ)

ਗੁਰੂ ਜੀ ਨੇ ਇਸ ਮਨੋਵਿਗਿਆਨਕ ਸੱਚਾਈ ਨੂੰ ਪ੍ਰਗਟਾਇਆ ਕਿ ਆਦਮੀ ਵਿਰੋਧੀ ਦੇ ਕੁਬੋਲ ਨੂੰ ਕਈ ਵਾਰੀ ਕੌੜਾ ਘੁੱਟ ਕਰ ਕੇ ਪੀ ਜਾਂਦਾ ਹੈ ਪਰ ਜਦੋਂ ਸੱਚਾਈ ਦੀ ਹਿੱਕ 'ਤੇ ਦੁਸ਼ਮਣ ਵਾਰ ਕਰਦਾ ਹੈ ਤਾਂ ਰੋਸ ਜਾਗਣਾ ਸੁਭਾਵਕ ਹੋ ਜਾਂਦਾ ਹੈ :

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥ (ਉਹੀ)

ਇਹ ਰੋਸ ਅਜਿਹਾ ਗ਼ੁੱਸਾ ਨਹੀਂ ਜਿਹੜਾ ਮਨੁੱਖ ਨੂੰ ਪਾਗਲ ਕਰ ਦੇਵੇ। ਪਾਗਲਪਨ ਵਿਚ ਬੁੱਧੀ ਦੀ ਸੁਚੇਤਤਾ ਨਹੀਂ ਰਹਿੰਦੀ। ਇਹ ਗ਼ੁੱਸਾ ਬੀਰ ਭਾਵਾਂ ਦਾ ਹੈ ਜਿਸ ਨਾਲ ਦਿਮਾਗ਼ੀ ਸੰਤੁਲਨ ਨਹੀਂ ਟੁੱਟਦਾ। ਗ਼ੁੱਸੇ ਦੀ ਸ਼ਕਤੀ ਨੂੰ ਕਿਸੇ ਸੰਜਮ ਵਿਚ ਵਰਤਣਾ ਹੈ, ਗੋਲੀ ਦੇ ਬੱਝਵੇਂ ਨਿਸ਼ਾਨੇ ਵਾਂਗ। ਰੋਸ ਦਾ ਠੀਕ ਨਿਕਾਸ ਨਾ ਹੋਣਾ ਅਕਾਰਥ ਹੀ ਸਿੱਧ ਹੋ ਸਕਦਾ ਹੈ ਤੇ ਕਈ ਵਾਰੀ ਉਬਲਦੀ ਹਾਂਡੀ ਵਾਂਗ ਆਪਣੇ ਕੰਢੇ ਸਾੜਨ ਤੁਲ ਹੀ ਹੁੰਦਾ ਹੈ। ਇਹ ਉਚੇਰਾ ਬੀਰ ਭਾਵ ਮਨੁੱਖ ਅੰਦਰ ਦ੍ਰਿੜ੍ਹਤਾ ਤੇ ਸ੍ਵੈ-ਵਿਸ਼ਵਾਸ ਪੈਦਾ ਕਰਦਾ ਹੈ ਅਤੇ ਇਸ ਨਾਲ ਧਰਮ ਰਖਸ਼ਾ ਲਈ ਮੈਦਾਨ ਵਿਚ ਨਿਤਰਿਆਂ ਉਸ ਨੂੰ ਝਿਜਕ ਨਹੀਂ ਹੁੰਦੀ; ਸਗੋਂ ਧਰਮ ਯੁੱਧ ਦਾ ਚਾਅ ਸਦਾ ਹੀ ਉਸ ਦੇ ਅੰਦਰ ਬਣਿਆ ਰਹਿੰਦਾ ਹੈ; ਉਹ ਚਾਅ ਜਿਹੜਾ ਚੰਡੀ ਦੀ ਵਾਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟਾਇਆ ਸੀ :

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ (ਚੌਬੀਸ ਅਵਤਾਰ)

ਸ੍ਰੀ ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਲਹਿਰ ਅੰਦਰ ਬੀਰਤਾ ਲਿਆਉਣੀ ਸਮੇਂ ਦੀ ਇਕ ਅਤਿ ਜ਼ਰੂਰੀ ਮੰਗ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤਾ ਸਮਾਂ ਜੰਗਾਂ ਵਿਚ ਹੀ ਲੰਘਿਆ। ਜੰਗਾਂ-ਜੁੱਧਾਂ ਦੀ ਇਸ ਪ੍ਰਧਾਨ ਸਥਿਤੀ ਦੇ ਰਹਿੰਦਿਆਂ ਵੀ ਆਪ ਜੀ ਦਾ ਆਤਮਕ ਪ੍ਰਕਾਸ਼ ਜੋ ਬਾਣੀ ਦੁਆਰਾ ਅੰਕਿਤ ਹੋਇਆ ਉਹ ਅਕਾਰ ਅਤੇ ਪ੍ਰਕਾਰ ਵਜੋਂ ਏਨਾ ਅਧਿਕ ਹੈ, ਜੋ ਸਚਮੁੱਚ ਹੀ ਇਕ ਕਰਾਮਾਤ ਆਖੀ ਜਾ ਸਕਦੀ ਹੈ। ਸਦਾ ਜੰਗਾਂ-ਜੁੱਧਾਂ ਵਿਚ ਰਹਿੰਦਿਆਂ ਤੇ ਵਿਉਂਤਾਂ ਸੋਚਦਿਆਂ ਅਜਿਹੀ ਅਦੁੱਤੀ ਰਚਨਾ ਇਕ ਸ਼ਾਂਤ-ਚਿਤ ਟਿਕਾ ਵਾਲੇ ਮਨ ਦਾਂ ਹੀ ਪ੍ਰਣਾਮ ਹੈ। ਕਿੰਨੀ ਅਡੋਲਤਾ ਹੈ ਮਨ ਦੀ ਕਿ ਸਾਹਿਬਜ਼ਾਦਿਆਂ ਤੇ ਲਾਡਲੇ ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਚਮਕੌਰ ਦੀ ਗੜ੍ਹੀ ਤਿਆਗਦਿਆਂ, ਮਾਛੀਵਾੜੇ ਦੇ ਜੰਗਲ ਵਿਚ ਕੰਡਿਆਲੀ ਸੇਜਾ 'ਤੇ ਬੈਠਦਿਆਂ, ਦੁਸ਼ਮਣ ਦਾ ਕਿਸੇ ਵੀ ਘੜੀ ਆਕਰਮਣ ਵੀ ਹੋਣ ਦਾ ਅਹਿਸਾਸ ਹੁੰਦਿਆਂ ਕਿਸੇ ਉਮਾਹ ਵਿਚ 'ਪਿਆਰੇ' ਦੀ ਲਿਵ-ਲੀਨਤਾ ਵਿਚ ਗਾਉਣ ਲੱਗ ਪੈਣਾ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ ॥

(ਖ਼ਿਆਲ ਪਾਤ: ੧੦)

www.sikhbookclub.com

ਇਹ ਅਵਸਥਾ ਸਚਮੁੱਚ ਧੰਨਤਾ ਦੇ ਯੋਗ ਹੈ ਕਿ ਜਿਹਵਾ ਗੁਣ ਗੋਵਿੰਦ ਗਾਉਂਦੀ ਹੋਵੇ ਅਤੇ ਚਿਤ ਧਰਮ ਜੁੱਧ ਦੇ ਚਾਅ ਵਿਚ ਉਛਲ ਰਿਹਾ ਹੋਵੇ। ਆਦਰਸ਼ਕ ਜੀਵਨ ਦਾ ਕਿੰਨਾ ਹੀ ਸੁੰਦਰ ਨਮੂਨਾ ਹੈ :

ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥੨੪੯੨॥ *(ਕ੍ਰਿਸ਼ਨਾਵਤਾਰ!*

ਪਹਿਲੇ ਗੁਰੂਆਂ ਵਾਂਗ ਆਪ ਨੇ ਵੀ ਭਾਰਤ ਵਾਸੀਆਂ ਨੂੰ ਇਕ ਲੜੀ ਵਿਚ ਪਰੋਣ ਲਈ ਅਧਿਆਤਮਕ ਅਤੇ ਧਾਰਮਕ ਏਕਤਾ ਨੂੰ ਅਤਿ ਜ਼ਰੂਰੀ ਸਮਝਿਆ। ਸਦੀਆਂ ਤੋਂ ਰੱਬੀ ਅਨੇਕਤਾ ਹਿੰਦੂ ਜੀਵਨ ਵਿਚ ਅਜਿਹਾ ਘਰ ਕਰ ਚੁੱਕੀ ਸੀ ਕਿ ਹਰ ਕੋਈ ਆਪਣਾ ਇਸ਼ਟ ਵੱਖਰਾ-ਵੱਖਰਾ ਬਣਾਈ ਬੈਠਾ ਸੀ। ਪਰਮ-ਸੱਚ ਪਾਰਬ੍ਰਹਮ ਨੂੰ ਵਾਸਤਵ ਵਿਚ ਕੋਈ ਵੀ ਨਹੀਂ ਸੀ ਜਾਣਦਾ। ਹਾਲਤ ਇਸ ਤਰ੍ਹਾਂ ਸੀ :

ਸਭ ਅਪਨੀ ਅਪਨੀ ਉਰਝਾਨਾ ॥
ਪਾਰਬ੍ਰਹਮ ਕਾਹੂ ਨ ਪਛਾਨਾ ॥੨੮॥ *(ਬਚਿਤ੍ਰ ਨਾਟਕ, ਅਧਿ: ੫)*

ਜਾਂ

ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥੧੦॥ *(ਉਹੀ)*

ਪਰ ਗੁਰੂ ਜੀ ਨੇ ਖਿੰਡੀ ਹੋਈ ਮਨੁੱਖੀ ਸ਼ਕਤੀ ਨੂੰ ਰੱਬੀ ਏਕਤਾ ਦੇ ਅਹਿਸਾਸ ਦੁਆਰਾ ਕੇਂਦਰਤ ਕਰਨ ਲਈ ਦੱਸਿਆ :

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥ *(ਬੇਨਤੀ ਚੌਪਈ)*

ਮਾਨਸਿਕ ਟਿਕਾ ਲਈ ਉਸ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਵੱਲ ਧਿਆਨ ਹੀ ਨਹੀਂ ਧਰਨਾ ਚਾਹੀਦਾ :

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
(ਸਵੈਯੇ ਪਾ: ੧੦)

ਸ੍ਰੀ ਗੁਰੂ ਨਾਨਕ ਸਾਹਿਬ ਦੇ ਚਲਾਏ ਮਤਿ ਦੀ ਵਿਆਖਿਆ ਕਰਦਿਆਂ ਆਪ ਨੇ ਦੱਸਿਆ ਕਿ ਇਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਇਸ਼ਟ ਜਾਣ ਕੇ ਪੂਜਣਾ ਭੁਲੇਖੇ ਦਾ ਸ਼ਿਕਾਰ ਹੋਣਾ ਹੈ ਕਿਉਂਕਿ ਬਾਕੀ ਸਾਰੇ ਹੀ ਜੂਨ ਚੱਕਰ ਵਿਚ ਆਉਣ ਵਾਲੇ ਅਤੇ ਕਾਲ ਦੇ ਵੱਸ ਵਿਚ ਹਨ। ਆਪ ਨੇ ਆਪਣਾ ਅਕੀਦਾ ਨਿਰਸੰਕੋਚ ਸਪੱਸ਼ਟ ਤੌਰ 'ਤੇ ਦੱਸਿਆ :

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥
ਲਿਵ ਲਾਗੀ ਮੋਰੀ ਪਗ ਇਨ ਸੋਂ ॥੪੩੪॥ *(ਕ੍ਰਿਸ਼ਨਾਵਤਾਰ)*

www.sikhbookclub.com

ਏਥੋਂ ਤਕ ਕਿ ਸ਼ਿਵਜੀ, ਵਿਸ਼ਨੂੰ, ਬ੍ਰਹਮਾ ਵੀ ਕਾਲ ਦੇ ਵੱਸ ਵਿਚ ਹਨ, ਚੌਪਈ ਵਿਚ ਆਪ ਨੇ ਲਿਖਿਆ :

ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲ ਪਾਇ ਸਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥
ਸਕਲ ਕਾਲ ਕਾ ਕੀਆ ਤਮਾਸਾ ॥੭॥ *(ਬੇਨਤੀ ਚੌਪਈ)*

ਬਚਿਤ੍ਰ ਨਾਟਕ ਵਿਚ ਆਪ ਨੇ ਆਪਣੇ ਕੇਵਲ ਇਕੋ ਹੀ ਇਸ਼ਟ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਦ੍ਰਿੜ੍ਹਤਾ ਪ੍ਰਗਟਾਈ ਹੈ :

ਭਜੋਂ ਸੁ ਏਕ ਨਾਮਯੰ ॥
ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋ ॥
ਨ ਅਉਰ ਥਾਪਨਾ ਥਪੋ ॥੩੭॥ *(ਅਧਿ: ੬)*

ਦ੍ਵੈਤ ਭਾਵ ਖ਼ਤਮ ਕਰਨ ਲਈ ਅਤੇ ਅੰਧ-ਵਿਸ਼ਵਾਸ ਦੇ ਹਨੇਰੇ ਨੂੰ ਸਦੀਵੀ ਤੌਰ 'ਤੇ ਮਿਟਾਣ ਲਈ ਪਹਿਲਾਂ ਹੀ ਸਖ਼ਤ ਸ਼ਬਦਾਂ ਵਿਚ ਤਾੜਨਾ ਕਰ ਦਿੱਤੀ ਕਿ ਜਿਹੜਾ ਮੈਨੂੰ ਪਰਮੇਸ਼ਰ ਜਾਂ ਅਵਤਾਰ ਜਾਣ ਕੇ ਸਿਮਰੇਗਾ, ਉਹ ਕੁੰਭੀ ਨਰਕ ਵਿਚ ਪਵੇਗਾ। ਬਚਿਤ੍ਰ ਨਾਟਕ ਵਿਚ ਆਪ ਦਾ ਫ਼ੁਰਮਾਨ ਹੈ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥੩੩॥ *(ਉਹੀ)*

ਪਰਮੇਸਰ ਤਾਂ ਬੇਅੰਤ ਹੈ, ਅਗੰਮ ਹੈ, ਅਗਾਧ ਹੈ, ਸਰਬ ਵਿਆਪਕ ਹੈ, ਅਗੋਚਰ ਅਤੇ ਅਕੱਥ ਹੈ, ਨਾ ਜੂਨਾਂ ਵਿਚ ਆਉਂਦਾ ਹੈ ਅਤੇ ਨਾ ਹੀ ਕਾਲ ਦੇ ਵੱਸ ਵਿਚ ਹੈ। ਜਾਪੁ ਸਾਹਿਬ ਦੇ ਅਰੰਭ ਵਿਚ ਆਪ ਨੇ ਵੀ ਜਪੁ ਜੀ ਸਾਹਿਬ ਦੇ ਆਰੰਭਕ ਮੂਲ ਮੰਤਰ ਵਾਂਗ ਰੱਬ ਦੇ ਲੱਛਣ ਦੱਸੇ ਹਨ। ਅਕਾਲ ਪੁਰਖ ਦੀ ਉਪਮਾ ਵਿਚ ਜਾਪੁ ਸਾਹਿਬ ਵਿਚ ਅਨੇਕਾਂ ਹੀ ਵਿਸ਼ੇਸ਼ਣ ਵਰਤੇ ਹਨ, ਅਕਾਲ ਪੁਰਖ ਦੇ ਅਨੇਕ ਸਰੂਪਾਂ ਨੂੰ ਬਿਆਨ ਕਰਨਾ ਇਕ ਮਹਾਨ ਕਲਾ ਹੈ।

ਪਰਮਾਤਮਾ ਦਾ ਭੇਦ ਪਾਇਆ ਨਹੀਂ ਜਾ ਸਕਦਾ। ਪ੍ਰਾਪਤੀ ਤੇ ਉਹ ਕਥਿਆ ਨਹੀਂ ਜਾ ਸਕਦਾ ਕਿਉਂਕਿ ਉਹ ਤਾਂ ਇਕ ਅਨੁਭਵ ਹੀ ਹੈ। ਵੇਦ ਸ਼ਾਸਤਰ ਵੀ ਉਸ ਨੂੰ ਕਥਦੇ ਕਥਦੇ ਰਹਿ ਗਏ ਪਰ ਫੇਰ ਵੀ ਉਸ ਨੂੰ ਬਿਆਨ ਨਾ ਕਰ ਸਕੇ :

ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥੯੪॥ *(ਜਾਪੁ ਸਾਹਿਬ)*

ਕਿਉਂਕਿ ਉਹ ਤਾਂ :

ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥੧੭੭॥

www.sikhbookclub.com

ਉਸ ਵਾਹਿਗੁਰੂ ਦਾ ਅਨੁਭਵ ਸ਼ੁਧ ਆਤਮਕ ਪਿਆਰ ਦੁਆਰਾ ਹੀ ਹੋ ਸਕਦਾ ਹੈ; ਬਗਲੇ ਵਾਂਝ ਸਮਾਧੀ ਲਾਉਣ ਨਾਲ ਨਹੀਂ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥੯॥

(ਤ੍ਵ ਪ੍ਰਸਾਦਿ ਸਵੱਯੇ)

ਪਿਆਰ ਵਿਚ ਵੈਰਾਗ ਦੀ ਅਵਸਥਾ ਆਪ ਹੀ ਆ ਜਾਂਦੀ ਹੈ। ਵੈਰਾਗ ਜਾਂ ਸੰਨਿਆਸ ਲਈ ਜੰਗਲ ਜਾਣ ਦੀ ਲੋੜ ਨਹੀਂ ਹੁੰਦੀ। ਗ੍ਰਿਹਸਤ ਵਿਚ ਰਹਿੰਦਿਆਂ ਵੀ ਮਾਇਆ ਜਾਂ ਵਿਕਾਰਾਂ ਤੋਂ ਅਤੀਤ ਰਹਿਣ ਲਈ ਮਨ ਬੈਰਾਗੀ ਹੋ ਸਕਦਾ ਹੈ :

ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥...
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥

(ਸ਼ਬਦ ਹਜਾਰੇ ਪਾ: ੧੦!

ਮਜ਼ਬਾਂ ਦੇ ਝਗੜੇ ਅਤੇ ਵਿਜਾਤੀ ਭੇਦ ਕੌਮ ਨੂੰ ਕਮਜ਼ੋਰ ਕਰ ਦੇਂਦੇ ਹਨ। ਆਪ ਨੇ ਰੱਬੀ ਸੱਚ ਨੂੰ ਪੁਕਾਰਦਿਆਂ ਕਿਹਾ ਕਿ ਉਸ ਦੀ ਕੋਈ ਜਾਤ-ਪਾਤ ਨਹੀਂ ਅਤੇ ਨਾ ਹੀ ਉਹ ਕਿਸੇ ਇਕ ਮਜ਼ਬ ਨਾਲ ਸੰਬੰਧਤ ਹੈ। ਮਜ਼ਬ ਦੇ ਨਾਂ 'ਤੇ ਤਹਿ ਤੇਗ਼ ਕਰਨੀ ਰੱਬੀ ਹੁਕਮ ਦੀ ਵਿਰੋਧਤਾ ਹੀ ਹੈ। ਹੈ ਤਾਂ ਉਹ ਇਕ ਸਰੂਪ ਹੀ, ਦਰਸ਼ਨ ਉਸ ਦੇ ਅਨੇਕ ਭਾਂਤੀ ਹਨ :

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੮੧॥ *(ਜਾਪੁ ਸਾਹਿਬ)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦੱਸਿਆ ਕਿ ਮੇਰਾ 'ਪਾਤਿਸ਼ਾਹ' (ਵਾਹਿਗੁਰੂ) ਸਦਾ ਜ਼ਾਹਰ ਹੈ :

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ *(ਪੰਨਾ ੩੯੭)*

ਉਹ ਕਿਸੇ ਵਿਸ਼ੇਸ਼ ਥਾਂ 'ਤੇ ਕਿਸੇ ਵਿਸ਼ੇਸ਼ ਰੂਪ ਵਿਚ ਛੁਪ ਕੇ ਬੈਠਾ ਹੋਇਆ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਨੁਭਵ ਨੂੰ ਇੰਜ ਦਰਸਾਇਆ ਹੈ :

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥ *(ਜਾਪੁ ਸਾਹਿਬ)*

ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਜੀ ਨੇ ਸਿੱਖਾਂ ਨੂੰ ਵੀ ਐਸੇ ਵਿਸ਼ਵਾਸ ਲਈ ਪ੍ਰੇਰਿਆ ਕਿ ਉਹ ਪਰਮਾਤਮਾ ਦੀ ਆਗਿਆ ਅਤੇ ਓਟ ਵਿਚ ਰਹਿਣ। ਉਹਨਾਂ ਨੂੰ ਨਿਸਚੇ ਵਜੋਂ ਸਿਖਾਇਆ ਗਿਆ ਕਿ ਪਰਮਾਤਮਾ ਹਰ ਖ਼ਾਲਸੇ ਦੇ ਹਿਰਦੇ 'ਤੇ ਹੈ ਅਤੇ ਜਦੋਂ ਵੀ ਪੰਜ ਸਿੱਖ ਇਕੱਠੇ ਹੋਣਗੇ ਗੁਰੂ ਉਹਨਾਂ ਦੇ ਨਾਲ ਹੋਵੇਗਾ।

ਵਾਹਿਗੁਰੂ ਦਾ ਪਿਆਰ ਹੀ ਹੈ ਜੋ ਮਨੁੱਖੀ ਮਨ ਨੂੰ ਟਿਕਾਣੇ ਰੱਖਦਾ ਹੈ। ਸਿਮਰਨ ਦੁਆਰਾ ਹੌਲੀ ਹੌਲੀ ਰੱਬੀ ਪਿਆਰ ਦੀ ਰੰਗਣ ਚੜ੍ਹਦੀ ਰਹਿੰਦੀ ਹੈ। ਇਸ ਰੰਗ ਦੁਆਰਾ ਮਨ ਨਿਰਮਾਣਤਾ ਵਿਚ ਆਉਂਦਾ ਹੈ ਅਤੇ ਨਿਮਰਤਾ ਦੁਆਰਾ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਨੂੰ ਸ਼ਕਤੀ ਦੇ ਰੂਪ ਵਿਚ ਪੂਜਿਆ ਹੈ ਅਤੇ ਇਸੇ ਸ਼ਕਤੀ ਦੀ ਪ੍ਰਾਪਤੀ ਦੁਆਰਾ ਮਨੁੱਖੀ ਬਾਹੂਬਲ ਦੀ ਜ਼ਰੂਰੀ ਲੋੜ ਸਮਝੀ। ਸ੍ਰੀ ਸਾਹਿਬ (ਤਲਵਾਰ) ਵੀ ਉਸੇ ਮਹਾਨ ਸ਼ਕਤੀ ਦਾ ਪ੍ਰਤੀਕ ਹੈ। ਮਹਾਨ ਸ਼ਕਤੀ ਵਾਂਗ ਇਸ ਦਾ ਕਰਤੱਬ ਵੀ ਸੰਤਾਂ ਦੀ ਰੱਖਿਆ ਕਰਨਾ ਅਤੇ ਦੁਸ਼ਟਾਂ ਦਾ ਨਾਸ ਕਰਨਾ ਹੈ। ਆਪ ਨੇ ਇਸੇ ਦੀ ਹੀ ਜੈ ਬੁਲਾਈ ਹੈ :

ਜੈ ਤੇਗੰ ॥

ਅਰਦਾਸ ਵਿਚ ਵੀ ਪਹਿਲਾਂ ਇਸੇ ਸ਼ਕਤੀ ਦੀ ਅਰਾਧਨਾ ਕੀਤੀ ਹੈ ਕਿਉਂਕਿ ਨਿਰਬਲ ਭਾਰਤੀ ਜਨਤਾ ਅੰਦਰ ਸ਼ਕਤੀ ਦਾ ਪ੍ਰਵੇਸ਼ ਹੀ, ਉਹਨਾਂ ਦੀ ਕਲਿਆਣ ਦਾ ਸਾਧਨ ਹੋ ਸਕਦਾ ਸੀ :

ਪ੍ਰਿਥਮ ਭਗੌਤੀ ਸਿਮਰਿ ਕੈ, ਗੁਰ ਨਾਨਕ ਲਈਂ ਧਿਆਇ ॥

ਸ਼ਕਤੀ ਦੀ ਸਾਧਨਾ ਦੁਆਰਾ ਹੀ ਹਰ ਥਾਂ ਸੰਸਾਰ ਦਾ ਪਸਾਰਾ ਹੋਇਆ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਇਸੇ ਸ਼ਕਤੀ ਤੋਂ ਹੀ ਪੈਦਾ ਹੋਏ। ਚੰਡੀ ਦੀ ਵਾਰ ਵਿਚ ਆਪ ਨੇ ਲਿਖਿਆ :

ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨੁ ਮਹੇਸ ਸਾਜਿ
ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥ *(ਚੰਡੀ ਦੀ ਵਾਰ)*

ਆਪ ਨੇ ਤਾਂ ਆਪਣੇ ਪਰਮਾਤਮਾ ਨੂੰ ਵੀ ਸ਼ਸਤਰ-ਧਾਰੀ ਰੂਪ ਵਿਚ ਵੇਖਿਆ ਤੇ ਅਰਾਧਿਆ :

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥੫੨॥ *(ਜਾਪੁ ਸਾਹਿਬ)*

ਸਰਬ ਕਰਤਾ ਵਾਹਿਗੁਰੂ ਜੇ ਬਦੀ ਦੀਆਂ ਤਾਕਤਾਂ ਪੈਦਾ ਕਰਦਾ ਹੈ ਤਾਂ ਦੈਵੀ-ਬੁਧੀ ਵਾਲਿਆਂ ਦਾ ਅਭਿਮਾਨ ਉਤਾਰਨ ਲਈ ਹੀ। ਜਿਵੇਂ ਚੰਡੀ ਦੀ ਵਾਰ ਵਿਚ ਮਹਿਖੇ ਦੈਂਤ ਆਦਿ ਨੂੰ ਦੇਵਤਿਆਂ ਦੇ ਨਾਸ਼ ਲਈ ਹੀ ਪੈਦਾ ਕੀਤਾ ਦੱਸਿਆ ਗਿਆ ਹੈ :

ਅਭਿਮਾਨੁ ਉਤਾਰਨ ਦੇਵਤਿਆਂ ਮਹਿਖਾਸੁਰ ਸੁੰਭ ਉਪਾਇਆ ॥੩॥੩॥

(ਚੰਡੀ ਦੀ ਵਾਰ)

ਪਹਿਲੇ ਗੁਰੂਆਂ ਵਾਂਗ ਧਾਰਮਕ ਕੁਰੀਤੀਆਂ ਦੇ ਸੁਧਾਰ ਲਈ ਸਫਲ ਜਤਨਾਂ ਤੋਂ ਛੁਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ-ਸੁਧਾਰ ਅਤੇ ਵਿਅਕਤੀਗਤ ਸੁਧਾਰ ਪ੍ਰਤੀ ਵੀ ਅਲੌਕਿਕ ਪਰਿਵਰਤਣ ਲਿਆਂਦਾ। ਭਾਰਤੀ ਸਮਾਜ ਦੀ ਸਭ ਤੋਂ ਵੱਡੀ ਕਮਜ਼ੋਰੀ ਜਾਤੀ-ਭੇਤ ਨੂੰ ਦੂਰ ਕਰਨਾ ਉਚਿਤ ਸਮਝਿਆ। ਅਖੌਤੀ ਉਚੀਆਂ ਅਤੇ ਨੀਵੀਆਂ ਜਾਤੀਆਂ ਅੰਦਰੋਂ ਚਿਰੋਕੀ, ਗਿਲਾਨੀ ਦੂਰ ਕਰਨ ਲਈ ਸਭ ਨੂੰ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ। ਠੁਕਰਾਈ ਗਈ ਅਤੇ ਸਦਾ ਦਬਾਈ ਜਾਂਦੀ ਰਹੀ ਨੀਵੀਂ ਜਾਤੀ ਨੂੰ ਗਲੇ ਲਗਾਇਆ। ਉਹਨਾਂ ਦੀ ਸੁੱਚੀ ਕਿਰਤੀ ਆਤਮਾ ਨੂੰ ਸੱਚ ਤੋਂ ਵੱਧ ਪਿਆਰਿਆ, ਉਹਨਾਂ ਅੰਦਰ ਸ੍ਵੈਮਾਨ ਦਾ ਸਾਹਸ ਭਰਿਆ, ਉਹਨਾਂ ਨੂੰ ਉਚ ਪਾਏ ਦੇ ਸ਼ਾਹਸਵਾਰ, ਸਿਪਾਸਲਾਰ ਅਤੇ ਸਰਦਾਰ ਬਣਾਇਆ। ਉਹਨਾਂ ਅੰਦਰ ਠਾਠਾਂ ਮਾਰਦੀ ਖੱਤਰੀ ਬੀਰਤਾ ਦਾ ਮਾਨ ਕੀਤਾ ਅਤੇ ਪ੍ਰਸੰਨਤਾ ਵਿਚ ਕਿਹਾ ਕਿ ਮੈਂ ਰਾਜ ਇਹਨਾਂ ਗਰੀਬ ਸਿੰਘਾਂ ਨੂੰ ਹੀ ਦੇਵਾਂਗਾ, ਕਿਉਂਕਿ ਇਹਨਾਂ ਦੀ ਪਾਲਨਾ ਅਤੇ ਨਿਸ਼ਕਾਮਤਾ ਹੀ ਰਾਜ ਦੀ ਅਧਿਕਾਰੀ ਹੋ ਸਕਦੀ ਹੈ। ਪ੍ਰਸਿੱਧ ਇਤਿਹਾਸਕਾਰ ਸੀ.ਐਚ. ਪੇਨ ਨੇ ਲਿਖਿਆ ਹੈ ਕਿ (ਗੁਰੂ) ਗੋਬਿੰਦ ਸਿੰਘ ਤਾਂ (ਗੁਰੂ) ਨਾਨਕ ਨਾਲੋਂ ਵੀ ਅੱਗੇ ਲੰਘ ਗਏ। ਉਹਨਾਂ ਜਾਤ-ਪਾਤ ਦੇ ਦੈਂਤ ਨੂੰ ਸਿੰਗਾਂ ਤੋਂ ਪਕੜ ਕੇ ਕਾਬੂ ਕੀਤਾ। 'ਵਾਹਿਗੁਰੂ

www.sikhbookclub.com

ਦੀ ਨਜ਼ਰ ਵਿਚ ਸਾਰੇ ਇਕੋ ਜਿਹੇ ਹਨ', ਇਸ ਖ਼ਿਆਲ ਉੱਤੇ ਮੁਹਰ ਲਗਾਈ। ਡਾਕਟਰ ਗੋਕਲ ਚੰਦ 'ਨਾਰੰਗ' ਤਾਂ ਇਸ ਆਦਰਸ਼ ਨੂੰ ਹੋਰ ਜ਼ੋਰਦਾਰ ਸ਼ਬਦਾਂ ਵਿਚ ਲਿਖਦਾ ਹੈ ਕਿ 'ਗੁਰੂ ਗੋਬਿੰਦ ਸਿੰਘ ਨੇ ਹਿੰਦੂ-ਸਮਾਜ ਦੀਆਂ ਜਾਤੀ-ਭੇਦ ਦੀਆਂ ਬੁਰਾਈਆਂ ਨੂੰ ਜੜ੍ਹੋਂ ਉਖੇੜਿਆ।' ਓਨਾ ਚਿਰ ਆਪਣੇ ਆਪ ਨੂੰ ਕੋਈ ਸੱਚਾ ਸਿੱਖ ਅਖਵਾ ਹੀ ਨਹੀਂ ਸਕਦਾ ਜਦ ਤਕ ਕਿ ਉਹ ਜਾਤੀ-ਭਾਵ ਦੀ ਤੰਗ ਦਿਲੀ ਨਾ ਛੱਡੇ ਅਤੇ ਸਾਰੇ ਸਿੱਖਾਂ ਨੂੰ ਭਰਾ ਨਾ ਸਮਝੇ। ਖ਼ਾਲਸੇ ਨੇ ਇਕ ਅਜਿਹਾ ਭਰਾਤਰੀ-ਭਾਵ ਪੈਦਾ ਕੀਤਾ ਕਿ ਸਭ ਤੋਂ ਨੀਵਾਂ ਸਭ ਤੋਂ ਉੱਚੇ ਦੇ ਬਰਾਬਰ ਹੋ ਗਿਆ। ਪਰ ਨਾਲ ਹੀ ਆਪ ਨੇ ਸਾਂਝੀਵਾਲਤਾ ਦੇ ਆਦਰਸ਼ ਨੂੰ ਪ੍ਰਮੁੱਖ ਰੱਖਿਆ। ਆਪ ਦੇ ਸਰਬ ਸਾਂਝੇ ਵਿਚਾਰਾਂ ਦਾ ਅਸਰ ਹੀ ਸੀ ਕਿ ਸਢੌਰੇ ਦਾ ਬੁੱਧੂ ਸ਼ਾਹ ਆਪ ਦਾ ਪੈਗ਼ੰਬਰਾਂ ਵਾਂਗ ਸਤਿਕਾਰ ਕਰਦਾ। ਇਸੇ ਤਰ੍ਹਾਂ ਸੱਯਦ ਬੇਗ, ਸੈਦਖਾਨ, ਪੀਰ ਆਰਫ਼ਦੀਨ, ਸੱਯਦ ਭੀਖਣਸ਼ਾਹ, ਗ਼ਨੀ ਖਾਂ, ਨਬੀ ਖਾਂ, ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਅਤੇ ਪੰਡਤ ਸ਼ਿਵਦਤ ਆਦਿ ਆਪ ਪ੍ਰਤੀ ਸ਼ਰਧਾ ਰੱਖਦੇ। ਬੈਨਰਜੀ ਆਪ ਜੀ ਦੇ ਇਸ ਆਦਰਸ਼ ਬਾਰੇ ਲਿਖਦਾ ਹੈ :

> ਸ੍ਰੀ ਗੁਰੂ (ਗੋਬਿੰਦ ਸਿੰਘ) ਉਸ ਧਰਮ ਦਾ ਪ੍ਰਤੀਨਿਧ ਸੀ ਜੋ ਜਨਤਾ ਵਿਚ ਭਰਾਤਰੀ ਤੇ ਸਮਦ੍ਰਿਸ਼ਟੀ ਦੇ ਪਿਆਰ ਕਰ ਰਿਹਾ ਸੀ।

ਜਾਤੀ ਈਰਖਾ ਦਾ ਦੂਰ ਕਰਨਾ, ਸਾਰਿਆਂ ਨੂੰ ਨਿਰਸੁਰਤਾ ਵਿਚ ਲਿਆਉਣਾ, ਸਾਂਝੀ ਪੂਜਾ, ਸਾਂਝਾ ਯਾਤਰਾ ਅਸਥਾਨ, ਸਾਰੀਆਂ ਜਾਤਾਂ ਲਈ ਸਾਂਝਾ ਅੰਮ੍ਰਿਤ ਅਤੇ ਸਾਂਝੀ ਬਾਹਰਲੀ ਸੂਰਤ, ਇਹ ਅਜਿਹੇ ਸਾਧਨ ਸਨ, ਜਿਨ੍ਹਾਂ ਨੇ ਏਕਤਾ ਦੀ ਸ਼ਕਤੀ ਪੈਦਾ ਕਰ ਕੇ ਮੁਗ਼ਲ ਹਾਕਮਰਾਨਾਂ ਵਿਰੁੱਧ ਲੜਨ ਦਾ ਹੌਸਲਾ ਕੀਤਾ। ਆਪ ਜੀ ਦੀ ਫ਼ੌਜ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦਾ ਭਰਤੀ ਹੋਣਾ, ਕੌਮੀ ਸਾਂਝ ਦਾ ਉਸ ਸਮੇਂ ਇਕ ਕ੍ਰਿਸ਼ਮਾ ਹੀ ਸੀ। ਇਹ ਪ੍ਰਭਾਵ ਆਪ ਜੀ ਦੇ ਸਾਂਝੀਵਾਲਤਾ ਦੇ ਵਿਚਾਰਾਂ ਦਾ ਹੀ ਸਿੱਟਾ ਹੈ :

ਦੇਹਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥ *(ਅਕਾਲ ਉਸਤਤਿ)*

ਆਪ ਨੇ ਜਮਹੂਰੀਅਤ ਦਾ ਵੀ ਆਦਰਸ਼ਕ ਪੂਰਨਾ ਪਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਤਿ ਅਨੁਸਾਰ ਕਿਸੇ ਆਗੂ ਜਾਂ ਮੁਖੀ ਨੂੰ ਵੀ ਸਰੇਸ਼ਟਤਾ ਜਾਂ ਮਹੱਤਤਾ ਦਾ ਸਥਾਨ ਪ੍ਰਾਪਤ ਨਹੀਂ ਸੀ। ਜਿਥੇ ਆਪ ਨੇ ਆਪਣੇ ਸਿੱਖਾਂ ਦੀ ਰਾਇ ਨੂੰ ਮੁਖੀ ਸਮਝਿਆ ਓਥੇ ਸਿੱਖਾਂ ਨੂੰ ਗੁਰੂ ਦੀ ਪਦਵੀ ਦੇ ਕੇ ਨਿਵਾਜਿਆ। ਚੇਲੇ ਦੇ ਰੂਪ ਵਿਚ ਉਹਨਾਂ ਪਾਸੋਂ ਆਪ ਅੰਮ੍ਰਿਤ ਵੀ ਛਕਿਆ। ਯੁੱਧਾਂ ਦੀ ਸਫਲਤਾ ਦਾ ਸਾਰਾ ਸਿਹਰਾ ਅਤੇ ਆਪਣੀ ਮਹਾਨਤਾ ਦਾ ਮਾਣ ਆਪਣੇ ਸਿੱਖਾਂ ਨੂੰ ਹੀ ਦਿੱਤਾ :

www.sikhbookclub.com

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀ ਮੋ ਸੇ ਗਰੀਬ ਕਰੋਰ ਪਰੇ ॥ *(ਸ੍ਵੈਯਾ ਪਾਤ: ੧੦!*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਆਸ਼ਾਵਾਦ ਦਾ ਸਦੀਵੀ ਹੁਲਾਰਾ ਹੈ। ਆਪ ਦੇ ਵਿਚਾਰਾਂ ਦਾ ਜਾਦੂਮਈ ਅਸਰ ਹੁੰਦਾ ਰਿਹਾ ਉਹਨਾਂ ਨਿਰਬਲਾਂ 'ਤੇ ਜੋ ਹਾਕਮ ਸ਼ੇਰ ਤੋਂ ਬਚਣ ਲਈ ਸਦਾ ਗਿਦੜ-ਘੁਰਨੇ ਹੀ ਢੂੰਢਦੇ ਰਹੇ। ਆਪ ਦੀ ਆਸ਼ਾਵਾਦੀ ਦ੍ਰਿੜ੍ਹਤਾ ਸੀ :

ਭੇੜੋਂ ਕੋ ਮੈ ਸ਼ੇਰ ਬਨਾਊਂ।
ਹਾਕਮ ਕੇ ਸੰਗ ਰੰਕ ਲੜਾਊਂ।
ਭੂਪ ਗ੍ਰੀਬਨ ਕੋ ਕਹਵਾਊਂ।
ਚਿੜੀਓਂ ਸੇ ਮੈ ਬਾਜ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਸਦਾਚਾਰਕ ਜੀਵਨ ਨੂੰ ਉੱਚਿਆਂ ਕਰਨ ਲਈ ਆਪ ਨੇ ਪਹਿਲੇ ਗੁਰੂਆਂ ਵਾਂਗ ਹੀ ਇਸ 'ਤੇ ਜ਼ੋਰ ਦਿੱਤਾ। ਗ੍ਰਿਹਸਤ ਜੀਵਨ ਆਚਾਰ ਦੀ ਪਰਪੱਕਤਾ ਦਾ ਸਾਧਨ ਹੈ। ਨਿਜ-ਨਾਰੀ ਨਾਲ ਇਕ ਰਸ ਪਿਆਰ ਅਤੇ ਪਰ-ਨਾਰੀ ਨੂੰ ਧੀ-ਭੈਣ ਅਤੇ ਮਾਂ ਤੁਲ ਜਾਣਨਾ ਅਤੇ ਸੰਜਮ ਦੇ ਅਜਿਹੇ ਚੌਖਟੇ ਵਿਚ ਰਹਿਣਾ, ਜਿਸ ਤੋਂ ਬਾਹਰ ਨਿਕਲਿਆਂ ਸਰੀਰਕ ਨਾਸ਼ ਅਤੇ ਆਤਮਕ ਮਲੀਨਤਾ ਹੀ ਹੈ। ਗੁਰੂ ਕੇ ਸਿੱਖ ਲਈ ਬਹੁਤ ਜ਼ਰੂਰੀ ਹੈ। ਮਨ ਦੀ ਸ਼ੁੱਧਤਾ, ਰੱਬੀ ਮਿਹਰ ਅਤੇ ਸ਼ਕਤੀ ਦੀ ਪ੍ਰਾਪਤੀ ਦੁਆਰਾ ਹੀ ਹੋ ਸਕਦੀ ਹੈ। ਇਸੇ ਕਰਕੇ ਆਪ ਨੇ ਕਿਹਾ ਕਿ ਸਿੱਖ ਨਾਲੋਂ ਉਸ ਦੀ ਰਹਿਤ ਮੈਨੂੰ ਵਧੇਰੇ ਪਿਆਰੀ ਲਗਦੀ ਹੈ। ਆਚਰਨ ਨਾਲ ਹੀ ਕੌਮਾਂ ਬਣਦੀਆਂ ਹਨ। ਰਹਿਤ ਵਿਚ ਪਰਪੱਕ ਰਹਿਣ ਵਾਲੇ ਨੂੰ ਗੁਰੂ ਨੇ 'ਸਾਹਿਬ' ਦੀ ਪਦਵੀ ਦੇ ਕੇ ਸਤਿਕਾਰਿਆ :

ਰਹਿਣੀ ਰਹੇ ਸੋਈ ਸਿਖ ਮੇਰਾ।
ਉਹ ਸਾਹਿਬ ਮੈ ਉਸ ਕਾ ਚੇਰਾ।

(1/1964)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਵਹਿਮਾਂ-ਭਰਮਾਂ-ਪਾਖੰਡਾਂ ਦਾ ਖੰਡਨ

ਸਿੱਖ-ਦਰਸ਼ਨ ਵਿਚ ਵਿਵੇਕ ਤੇ ਚਿੰਤਨ ਆਧਾਰਿਤ ਕ੍ਰਿਆਸ਼ੀਲਤਾ ਤੇ ਕਰਮਸ਼ੀਲਤਾ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਇਸ ਵਿਚ ਵਿਸ਼ਵਾਸ ਭਾਵਨਾ ਦੀ ਲੋੜ ਤਾਂ ਦਰਸਾਈ ਗਈ ਹੈ ਐਪਰ ਅੰਧ-ਵਿਸ਼ਵਾਸ ਨੂੰ ਰੱਦ ਕੀਤਾ ਗਿਆ ਹੈ। ਇਸ ਲਈ ਇਸ ਵਿਚ ਉਨ੍ਹਾਂ ਸਭ ਰੀਤਾਂ-ਰਸਮਾਂ ਜਾਂ ਵਹਿਮਾਂ-ਭਰਮਾਂ ਤੋਂ ਸੁਚੇਤ ਕੀਤਾ ਗਿਆ ਹੈ, ਜਿਹੜੇ ਜੀਵਨ ਦੇ ਉਦੇਸ਼ਾਂ ਤੇ ਆਸ਼ਿਆਂ ਵਲ ਲਿਜਾਣ ਦੀ ਥਾਂ ਕੇਵਲ ਭਰਮ, ਪਸਤ-ਹਿੰਮਤੀ ਅਤੇ ਨਿਰਾਸ਼ਤਾ ਦਾ ਵਾਤਾਵਰਨ ਸਿਰਜਦੇ ਹਨ। ਇਸ ਵਿਚ ਹਰ ਪ੍ਰਕਾਰ ਦੇ ਕਰਮ-ਕਾਂਡ, ਭੇਖ, ਤੀਰਥ ਯਾਤਰਾ, ਵਰਤ, ਵਿਖਾਵੇ, ਪਾਖੰਡ ਅਤੇ ਦੰਭ ਆਦਿ ਦਾ ਤਰਕ-ਸੰਗਤ 'ਤੇ ਜ਼ੋਰਦਾਰ ਖੰਡਨ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਥੋੜ੍ਹਿਆਂ ਦੀ ਮੌਜ-ਮਸਤੀ ਜਾਂ ਐਸ਼ੋ-ਇਸ਼ਰਤ ਲਈ ਕੀਤੇ ਜਾਂਦੇ ਕਰਮ-ਕਾਂਡਾਂ, ਪੂਜਾ-ਪਾਠਾਂ, ਵਿਖਾਵਿਆਂ, ਤੀਰਥ-ਯਾਤਰਾਵਾਂ, ਭੇਖਾਂ-ਪਾਖੰਡਾਂ ਅਤੇ ਦੰਭਾਂ ਆਦਿ ਦੇ ਜ਼ੋਰਦਾਰ ਵਿਰੋਧੀ ਸਨ। ਜਦੋਂ ਲੋਕਾਈ ਉੱਪਰ ਤਾਕਤ ਵਾਲੇ ਜਬਰ-ਜ਼ੁਲਮ ਕਰ ਰਹੇ ਹੋਣ ਤਾਂ ਕੁਝ ਲੋਕ ਅੱਖਾਂ ਬੰਦ ਕਰ ਕੇ ਭਜਨ ਕਰੀ ਜਾਣ ਜਾਂ ਜੰਗਲਾਂ ਤੇ ਪਹਾੜਾਂ ਦੀਆਂ ਗੁਫ਼ਾਵਾਂ ਵਿਚ ਮੰਤਰ-ਮੁਗਧ ਹੋ ਕੇ ਸਮਾਧੀਆਂ ਲਗਾਈ ਬੈਠੇ ਹੋਣ ਤਾਂ ਗੁਰੂ ਸਾਹਿਬਾਨ ਵਰਗੀਆਂ ਮਹਾਨ ਪ੍ਰਤਿਭਾਵਾਂ ਵਿਚਾਰਧਾਰਕ ਸੰਘਰਸ਼ ਤੋਂ ਲੈ ਕੇ ਹਥਿਆਰਬੰਦ ਸੰਘਰਸ਼ ਤਕ ਲੋਕ-ਦੁਸ਼ਮਣ ਸ਼ਕਤੀਆਂ ਦਾ ਟਾਕਰਾ ਕਰਦੀਆਂ ਹਨ ਅਤੇ ਉਪਰੋਕਤ ਪਾਖੰਡਾਂ ਦਾ ਖੰਡਨ ਕਰਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜਿਹੇ ਹੀ ਇਕ ਦਾਰਸ਼ਨਿਕ ਯੋਧੇ ਸਨ।

ਪ੍ਰਾਚੀਨ ਕਾਲ ਤੋਂ ਭਾਰਤ ਵਿਚ ਪ੍ਰਚੱਲਤ ਵਰਣ-ਵੰਡ ਨੇ ਲੋਕਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਹ ਹਿੱਸੇ ਅੱਗੋਂ ਕਈ ਹੋਰ ਉਪ-ਭਾਗਾਂ ਵਿਚ ਵੰਡੇ ਹੋਏ ਸਨ ਤੇ ਹਨ। ਹਰ ਵਰਣ ਦੇ ਵੱਖ-ਵੱਖ ਕਾਰਜ ਨਿਸ਼ਚਿਤ ਸਨ। ਧਰਮ ਪੁਸਤਕਾਂ ਤੇ ਪੜ੍ਹਨ-ਪੜ੍ਹਾਉਣ ਅਤੇ ਦੇਵੀ-ਦੇਵਤਿਆਂ ਦੀ ਪੂਜਾ ਆਦਿ ਬ੍ਰਾਹਮਣ ਦੇ ਹਿੱਸੇ ਆਈ ਸੀ। ਸਦੀਆਂ ਦੀ ਇਸ ਵਰਣ-ਵੰਡ ਨੇ ਲੋਕਾਂ ਦੇ ਦਿਲ-ਦਿਮਾਗ ਵਿਚ ਇਹ ਗੱਲ ਪੂਰੀ ਤਰ੍ਹਾਂ ਭਰ ਦਿੱਤੀ ਸੀ ਕਿ ਕੇਵਲ ਪੂਜਾ-ਪਾਠ ਹੀ ਧਰਮ ਦਾ ਅੰਗ ਹੈ। ਗੁਰੂ-ਕਾਲ ਤਕ ਬ੍ਰਾਹਮਣ ਪੂਜਾ-ਪਾਠ ਆਤਮਿਕ ਉਸਾਰੀ ਦੀ ਥਾਂ ਇਕ ਕਰਮ-ਕਾਂਡ ਮਹਿਜ਼ ਵਿਖਾਵਾ, ਪਾਖੰਡ ਜਾਂ ਦੰਭ ਬਣ ਕੇ ਹੀ ਰਹਿ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ ਕੁਝ ਲੋਕ ਅੱਖਾਂ ਬੰਦ ਕਰ ਕੇ, ਬਗਲੇ ਵਾਂਗ ਸਮਾਧੀ ਲਗਾਉਂਦੇ ਹਨ। ਕਈ ਸੱਤ-ਸਮੁੰਦਰਾਂ ਵਿਚ ਇਸ਼ਨਾਨ ਕਰ ਕੇ ਮੁਕਤੀ ਪ੍ਰਾਪਤ ਕਰਨ ਦੇ ਭਰਮ ਤਹਿਤ ਲੋਕ ਅਤੇ ਪ੍ਰਲੋਕ ਵੀ ਗਵਾ ਰਹੇ ਹਨ, ਕੋਈ ਕੁਕਰਮੀਆਂ ਦਾ ਸੰਗ-ਸਾਥ ਕਰ ਕੇ ਫ਼ਜ਼ੂਲ ਹੀ ਉਮਰ ਲੰਘਾ ਰਹੇ ਹਨ, ਕਈ ਵੇਦ-ਸ਼ਾਸਤਰ

www.sikhbookclub.com

ਰਟਣ ਨਾਲ ਜਾਂ ਚੁੰਝ-ਚਰਚਾ ਵਿਚ ਆਪਣੀ ਸ੍ਰੇਸ਼ਟਤਾ ਵਿਖਾ ਰਹੇ ਹਨ। ਐਪਰ ਗੁਰੂ ਜੀ ਅਨੁਸਾਰ ਇਹ ਸਾਰੀਆਂ ਗੱਲਾਂ ਤੇ ਵਰਤਾਰੇ ਸਮਾਂ ਨਸ਼ਟ ਕਰਨ ਵਾਲੇ ਤੇ ਇਕ ਤਰ੍ਹਾਂ ਫ਼ਜ਼ੂਲ, ਦੰਭ ਅਤੇ ਵਿਖਾਵਾ ਹਨ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਇਸ਼ਟ ਦੀ ਪ੍ਰਾਪਤੀ ਪਿਆਰ ਰਾਹੀਂ ਹੀ ਸੰਭਵ ਹੈ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋਂ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(ਤ੍ਵਪ੍ਰਸਾਦਿ ਸਵੱਯੇ)

ਮੂਲ ਭਾਰਤੀ ਵੱਸੋਂ ਪਰ-ਨਿਰਭਰ ਹੋ ਚੁੱਕੀ ਸੀ। ਉਹ ਕਿਸੇ ਦੈਵੀ ਸ਼ਕਤੀ ਦੀ ਆਸ ਲਗਾਈ ਬੈਠੇ ਸਨ ਕਿ ਕ੍ਰਿਸ਼ਮਾ ਹੋਵੇਗਾ ਤੇ ਜ਼ਾਲਮਾਂ ਦਾ ਨਾਸ਼ ਹੋ ਜਾਵੇਗਾ ਅਤੇ ਉਹ ਸੁਤੰਤਰ ਹੋ ਕੇ ਵਿਚਰ ਸਕਣਗੇ। ਦੈਵੀ ਜਾਂ ਪ੍ਰਾਸਰੀਰਕ ਸ਼ਕਤੀਆਂ ਦੇ ਖੰਡਨ ਲਈ ਗੁਰੂ ਜੀ ਦੇ ਜੀਵਨ ਨਾਲ ਇਕ ਇਤਿਹਾਸਕ ਘਟਨਾ ਸੰਬੰਧਿਤ ਹੈ। ਉਸ ਵੇਲੇ ਦੇ ਸ਼੍ਰੋਮਣੀ ਹਿੰਦੂ-ਪੰਡਤਾਂ ਦੀ ਮੰਗ ਅਨੁਰੂਪ ਗੁਰੂ ਜੀ ਨੇ ਨੈਣਾ ਦੇਵੀ ਦੇ ਅਸਥਾਨ 'ਤੇ ਦੁਰਗਾ ਅਸ਼ਟਮੀ ਨੂੰ ਇਕ ਵੱਡਾ ਹਵਨ ਕਰਾਇਆ। ਗੁਰੂ ਸਾਹਿਬ ਤਾਂ ਦੇਵੀ ਨੂੰ ਰਿਝਾਉਣ ਦੇ ਇਨ੍ਹਾਂ ਯਤਨਾਂ ਦੀ ਨਿਰਾਰਥਕਤਾ ਨੂੰ ਅਮਲੀ ਰੂਪ ਵਿਚ ਦਰਸਾਉਣਾ ਚਾਹੁੰਦੇ ਸਨ ਤਾਂ ਜੋ ਲੋਕ ਭਰਮ-ਮੁਕਤ ਹੋ ਸਕਣ। ਨਿਸ਼ਚਿਤ ਸਮੇਂ 'ਤੇ ਜਦੋਂ ਦੇਵੀ ਪ੍ਰਗਟ ਨਾ ਹੋਈ ਤਾਂ ਸ਼੍ਰੋਮਣੀ ਪੰਡਤ ਤੋਂ ਇਸ ਦਾ ਕਾਰਨ ਪੁੱਛਿਆ ਗਿਆ। ਉਸ ਨੇ ਪਾਖੰਡ 'ਤੇ ਪਰਦਾ ਪਾਈ ਰੱਖਣ ਲਈ ਕਿਹਾ ਕਿ ਦੇਵੀ ਇਕ ਵੱਡੇ ਮਹਾਂਪੁਰਖ ਦੀ ਬਲੀ ਦੀ ਮੰਗ ਕਰਦੀ ਹੈ। ਗੁਰੂ ਜੀ ਨੇ ਪਰਦਾ ਫਾਸ਼ ਕਰਨ ਲਈ ਕਿਹਾ, "ਪੰਡਤ ਜੀ! ਤੁਹਾਡੇ ਤੋਂ ਮਹਾਨ ਪੁਰਖ ਹੋਰ ਕੌਣ ਹੋ ਸਕਦਾ ਹੈ ?" ਪੰਡਤ ਦਾ ਭਰਮ ਤੇ ਅੰਧ-ਵਿਸ਼ਵਾਸ ਉਸ ਲਈ ਮੁਸੀਬਤ ਬਣ ਗਿਆ ਅਤੇ ਉਹ ਬਹਾਨਾ ਲਾ ਕੇ ਖਿਸਕ ਗਿਆ। ਗੁਰੂ ਜੀ ਨੇ ਉਸ ਵੇਲੇ ਬਾਕੀ ਬਚੀ ਸਾਰੀ ਸਮੱਗਰੀ ਇੱਕੋ ਵਾਰੀ ਅਗਨੀ ਵਿਚ ਸੁੱਟ ਦਿੱਤੀ। ਜ਼ੋਰਦਾਰ ਅੱਗ ਦਾ ਭਬੂਕਾ ਲਾਜ਼ਮੀ ਸੀ। ਅਗਿਆਨੀ ਅਤੇ ਅੰਧ-ਵਿਸ਼ਵਾਸੀ ਲੋਕਾਂ ਨੇ ਫਿਰ ਵੀ ਇਹੀ ਸਮਝਿਆ ਕਿ ਦੇਵੀ ਪ੍ਰਗਟ ਹੋ ਗਈ ਹੈ। ਐਪਰ ਗੁਰੂ ਜੀ ਨੇ ਆਪਣੀ ਤਲਵਾਰ ਅਗਨੀ ਵਿੱਚੋਂ ਵਿਖਾ ਕੇ ਕਿਹਾ ਕਿ ਮਜ਼ਲੂਮਾਂ, ਦੁਖੀਆਂ, ਨਿਤਾਣਿਆਂ ਅਤੇ ਨਿਆਸਰਿਆਂ ਦੀ ਰਾਖੀ ਲਈ ਇਹੀ ਦੇਵੀ ਹੈ। ਉਨ੍ਹਾਂ ਇਥੇ ਸਪੱਸ਼ਟ ਕੀਤਾ ਕਿ ਆਪਣੇ ਹੱਕਾਂ-ਹਿੱਤਾਂ ਖ਼ਾਤਰ ਅਤੇ ਜਾਬਰਾਂ ਦਾ ਨਾਸ਼ ਕਰਨ ਲਈ ਕਿਸੇ ਦੈਵੀ ਸ਼ਕਤੀ 'ਤੇ ਟੇਕ ਅਤੇ ਪੂਜਾ-ਪਾਠ ਆਦਿ ਦੇ ਅਡੰਬਰ ਨਿਰਾਰਥਕ ਹਨ ਅਤੇ ਇਹ ਕਾਇਰਤਾ ਤੇ ਡਰਪੋਕਤਾ ਦੇ ਪ੍ਰਮਾਣ ਹਨ।

ਦੇਵੀ-ਦੇਵਤਿਆਂ ਦੇ ਬੁੱਤ ਜਾਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਕਰਨੀ ਅਤੇ ਵੱਖ-ਵੱਖ ਭੇਖ ਧਾਰਨ ਨੂੰ ਗੁਰੂ ਜੀ ਨੇ ਰੱਦ ਕੀਤਾ ਹੈ :

ਪਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋ ਕਹੀਂ ॥੩੫॥

(ਬਚਿਤ੍ਰ ਨਾਟਕ, ਅਧਿ: ੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰਵਾਦ ਦੇ ਸਿਧਾਂਤ ਦਾ ਜ਼ੋਰਦਾਰ ਖੰਡਨ ਕੀਤਾ। ਸਿੱਖ-ਫ਼ਲਸਫ਼ੇ ਅਨੁਸਾਰ ਵਿਸ਼ਨੂੰ ਸ੍ਰਿਸ਼ਟੀ ਦਾ ਕਰਤਾ ਨਹੀਂ ਹੈ। ਇਹ ਸਾਰੇ ਅਵਤਾਰ ਆਦਿ ਜੰਮਦੇ ਤੇ ਮਰਦੇ ਹਨ। ਇਸ ਲਈ ਇਨ੍ਹਾਂ ਦੀ ਪੂਜਾ ਕਰਨਾ ਨਿਰਾਰਥਕ ਹੈ :

www.sikhbookclub.com

...ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲ ਪਾਇ ਸਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥

(ਬੇਨਤੀ ਚੌਪਈ)

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥

(ਤ੍ਵਪ੍ਰਸਾਦਿ ਸਵੱਯੇ)

...ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥
ਤਿਤਿਓ ਕਾਲ ਖਾਪਿਓ ਨ ਤੇ ਕਾਲ ਘਾਏ ॥੨੮॥

(ਬਚਿਤ੍ਰ ਨਾਟਕ, ਅਧਿ: ੧)

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥

(ਸ੍ਵੈਯਾ)

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥

(ਕ੍ਰਿਸ਼ਨਾਵਤਾਰ)

ਸ਼ੈਵ ਮੱਤ ਵਿਚ ਸ਼ਿਵ ਜੀ ਨੂੰ ਇਸ਼ਟ ਮੰਨ ਕੇ ਪੂਜਾ ਕੀਤੀ ਜਾਂਦੀ ਹੈ ਅਤੇ ਲਿੰਗ, ਉਸ ਰਚਨਾ ਦਾ ਪ੍ਰਤੀਕ ਹੈ। ਗੁਰੂ ਜੀ ਅਨੁਸਾਰ ਅਜਿਹੀ ਭਾਵਨਾ ਵਾਲਿਆਂ ਨੂੰ ਗਿਆਨ ਨਹੀਂ ਹੈ। ਲਿੰਗ ਨੂੰ ਪੂਜਣਾ ਜਾਂ ਉਸ ਨੂੰ ਗਲ ਵਿਚ ਲਟਕਾਈ ਫਿਰਨਾ ਨਿਰਾਰਥਕ ਕਰਮ-ਕਾਂਡ ਹੈ। ਗੁਰੂ ਜੀ ਅਜਿਹੇ ਚਿੰਨ੍ਹਾਂ ਨੂੰ ਧਾਰਨ ਕਰਨ ਅਤੇ ਹੋਰ ਵੱਖ-ਵੱਖ ਭੇਖਾਂ-ਪਾਖੰਡਾਂ ਆਦਿ ਨੂੰ ਝੂਠੀ ਕ੍ਰਿਆ ਕਹਿੰਦੇ ਹਨ :

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

(ਤ੍ਵਪ੍ਰਸਾਦਿ ਸਵੱਯੇ)

ਮੰਤਰਾਂ ਦੇ ਉਚਾਰਨ ਜਾਂ ਪਾਠ ਦੇ ਕੇਵਲ ਦੁਹਰਾਉ ਦਾ ਕੋਈ ਲਾਭ ਨਹੀਂ ਹੈ। ਗੁਰੂ ਜੀ 'ਅਕਾਲ ਉਸਤਤਿ' ਵਿਚ ਇਸ ਵਿਗਿਆਨਕ ਤੱਥ ਦੀ ਪੁਸ਼ਟੀ ਲਈ ਇਕ ਸ਼ਾਨਦਾਰ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਉਹ ਲਿਖਦੇ ਹਨ ਕਿ ਜੇਕਰ ਇੱਕੋ ਸ਼ਬਦ ਦੇ ਵਾਰ-ਵਾਰ ਬੋਲਣ ਜਾਂ ਤਕਨੀਕੀ ਦੁਹਰਾਉ ਨਾਲ ਇਸ਼ਟ ਦੀ ਪ੍ਰਾਪਤੀ ਹੋ ਜਾਂਦੀ ਤਾਂ ਉਹ ਪਿੱਦਾਂ ਜਾਂ ਪੂਦਨਾ (ਇਕ ਪੰਛੀ) ਵੀ ਮੁਕਤੀ ਪ੍ਰਾਪਤ ਕਰ ਲੈਂਦਾ ਜਿਹੜਾ ਸਦਾ 'ਤੁਹੀ ਤੁਹੀ' ਪੁਕਾਰਦਾ ਰਹਿੰਦਾ ਹੈ!

ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ,
ਪੂਦਨਾ ਸਦੀਵ ਤੁਹੀਂ ਤੁਹੀਂ ਉਚਰਤ ਹੈਂ ॥੯੪॥

(ਅਕਾਲ ਉਸਤਤਿ)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਪੂਜਾ ਵੀ ਨਹੀਂ ਕਰਵਾਉਣਾ ਚਾਹੁੰਦੇ ਹਨ। ਗੁਰੂ ਜੀ ਨੂੰ ਇਸ ਤੱਥ ਦਾ ਪੂਰਨ ਅਹਿਸਾਸ ਸੀ ਕਿ ਕੇਵਲ ਸਤਿਕਾਰ ਸ਼ਰਧਾ ਵਿਚ ਵਟ ਜਾਂਦਾ ਹੈ। ਕੇਵਲ ਸ਼ਰਧਾ ਆਪਣੀ ਵਾਰੀ ਸਿਰ ਪੂਜਾ-ਪਾਠਾਂ, ਕਰਮ-ਕਾਂਡ ਅਤੇ ਪਸਤ-ਹਿੰਮਤੀ ਵਿਚ ਵਟ ਜਾਂਦੀ ਹੈ। ਉਹ ਕਦੇ ਵੀ ਨਹੀਂ ਚਾਹੁੰਦੇ ਹਨ ਕਿ ਉਨ੍ਹਾਂ ਦੇ ਸਿੱਖ ਪਸਤ-ਹਿੰਮਤੀ ਅਤੇ ਅੰਧ-ਵਿਸ਼ਵਾਸੀ ਦੀ ਦਲਦਲ ਵਿਚ ਫਸ ਜਾਣ। ਇਸੇ ਲਈ ਉਨ੍ਹਾਂ ਕਰੜੀ ਚਿਤਾਵਨੀ ਦਿੱਤੀ ਹੈ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥...
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥੩੩॥

(ਬਚਿਤ੍ਰ ਨਾਟਕ, ਅਧਿ: ੬)

'ਅਕਾਲ ਉਸਤਤਿ' ਵਿਚ ਗੁਰੂ ਜੀ ਵੱਲੋਂ ਕਰਮਾਂ-ਕਾਂਡਾਂ, ਪੂਜਾ-ਪਾਠਾਂ, ਵਿਖਾਵਿਆਂ ਅਤੇ ਪਾਖੰਡਾਂ ਦਾ ਪਾਜ ਉਘੇੜ ਕੇ ਮਾਨਸਿਕ ਇਕਾਗਰਤਾ ਅਤੇ ਇਕਸੁਰਤਾ ਉੱਪਰ ਬਲ ਦਿੱਤਾ ਗਿਆ ਹੈ। ਇਸ ਵਿਚ ਸੱਚਾ ਧਰਮ ਨਿਭਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ ਤਾਂ ਜੋ ਮਨੁੱਖ ਸਦ-ਗੁਣਾਂ ਨੂੰ ਗ੍ਰਹਿਣ ਕਰ ਕੇ ਦੂਜਿਆਂ ਦੀ ਭਲਾਈ ਲਈ ਕਾਰਜਸ਼ੀਲ ਹੋ ਸਕੇ। ਗੁਰੂ ਜੀ ਕਰਮ-ਕਾਂਡਾਂ ਨੂੰ 'ਫੋਕਟ' ਧਰਮ ਕਹਿ ਕੇ ਨਿੰਦਦੇ ਹਨ :

ਬਿਨ ਭਗਤਿ ਸਕਤਿ ਨਹੀ ਪਰਤ ਪਾਨ ॥
ਬਹੁ ਕਰਤ ਹੋਮ ਅਰ ਜੱਗ ਦਾਨ ॥
ਬਿਨ ਏਕ ਨਾਮ ਇਕ ਚਿੱਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥੨੦॥੧੪੦॥

(ਅਕਾਲ ਉਸਤਤਿ)

'ਅਕਾਲ ਉਸਤਤਿ' ਵਿਚ ਦਰਜ ਦਸ ਸਵੱਈਏ ਖੰਡੇ-ਬਾਟੇ ਦੀ ਪਾਹੁਲ ਤਿਆਰ ਕਰਦੇ ਸਮੇਂ ਪੜ੍ਹੇ ਜਾਂਦੇ ਹਨ। ਇਨ੍ਹਾਂ ਵਿਚ ਗੁਰੂ ਜੀ ਨੇ ਦੋ ਧਿਰਾਂ ਵਿਰੁੱਧ ਬਹੁਤ ਸਖ਼ਤ ਟਿੱਪਣੀਆਂ ਕੀਤੀਆਂ ਹਨ। ਪਹਿਲੀ ਧਿਰ ਧਾਰਮਿਕ ਖੇਤਰ ਦੇ ਪ੍ਰਪੰਚੀਆਂ ਤੇ ਪਾਖੰਡੀਆਂ ਦੀ ਹੈ ਜੋ ਧਰਮ ਦਾ ਬੁਰਕਾ ਪਹਿਨ ਕੇ ਮਨੁੱਖੀ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਪਾਉਂਦੇ ਹਨ। ਗੁਰੂ ਜੀ ਪੂਰੇ ਸਵੈ-ਭਰੋਸੇ ਨਾਲ ਕਹਿੰਦੇ ਹਨ ਕਿ ਵਿਸ਼ਾਲ ਅਨੁਭਵ ਦੇ ਆਧਾਰ 'ਤੇ ਮੈਂ ਵੇਖਿਆ ਹੈ ਕਿ ਕੋਈ ਸੱਚਾ ਧਰਮੀ ਨਹੀਂ ਹੈ, ਕਿਸੇ ਨੂੰ ਆਪਣੇ ਇਸ਼ਟ ਪ੍ਰਤੀ ਕੋਈ ਪ੍ਰੇਮ ਨਹੀਂ ਹੈ, ਸਭ ਨੇ ਕਰਮ-ਕਾਂਡ ਦੁਆਰਾ ਦੂਜਿਆਂ ਨੂੰ ਵਰਗਲਾਉਣ ਦਾ ਵਤੀਰਾ ਅਪਣਾਇਆ ਹੋਇਆ ਹੈ :

ਕੂਰ ਕ੍ਰਿਆ ਉਰਝਿਓ ਸਭ ਹੀ ਜਗ,
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

(ਤ੍ਵਪ੍ਰਸਾਦਿ ਸਵੱਯੇ)

ਗੁਰੂ ਜੀ ਸਪੱਸ਼ਟ ਕਹਿੰਦੇ ਹਨ ਕਿ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਗਾਉਣ ਦਾ ਨਾਂ ਧਰਮ ਨਹੀਂ ਹੈ ਅਤੇ ਤੀਰਥਾਂ 'ਤੇ ਇਸ਼ਨਾਨ ਕਰਨਾ ਅਤੇ ਬੁੱਤ-ਪੂਜਾ ਕਰਨੀ ਆਦਿ ਸਮਾਂ ਗਵਾਉਣ ਦੇ ਬਰਾਬਰ ਹੈ। ਮੜ੍ਹੀਆਂ-ਮਸਾਣਾਂ ਅਤੇ ਦਰਗਾਹਾਂ ਆਦਿ ਦੀ ਪੂਜਾ ਵੀ ਨਿਰਾਰਥਕ ਹੈ ਅਤੇ

www.sikhbookclub.com

ਅਜਿਹਾ ਕਰਨ ਨਾਲ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਉਹ ਦੋ-ਟੁਕ ਰੂਪ ਵਿਚ ਲਿਖਦੇ ਹਨ ਕਿ ਇਸ਼ਟ ਦੀ ਪ੍ਰਾਪਤੀ ਲਈ ਪ੍ਰੇਮ ਹੀ ਸਰਬ-ਉੱਤਮ ਢੰਗ ਹੈ:

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(ਤ੍ਵਪ੍ਰਸਾਦਿ ਸਵੱਯੇ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਸਿੱਖਾਂ ਲਈ ਲਾਜ਼ਮੀ ਕਰਾਰ ਦਿੱਤੀ ਰਹਿਤ-ਮਰਯਾਦਾ ਵਿਚ ਦੇਵੀ-ਦੇਵਤਿਆਂ ਦੀ ਪੂਜਾ, ਅਵਤਾਰਵਾਦ, ਮੱਠ ਪੂਜਾ, ਸ਼ਗਨ-ਅਪਸ਼ਗਨ, ਤੀਰਥ-ਇਸ਼ਨਾਨ, ਵਰਤ, ਸੂਤਕ-ਪਾਤਕ, ਜਾਤ-ਪਾਤ, ਛੂਤ-ਛਾਤ, ਊਚ-ਨੀਚ, ਸਰਾਧ, ਛਾਇਆ, ਪੁੱਛਣਾਂ (ਪੁੱਛਾਂ), ਜੰਤਰ-ਮੰਤਰ ਅਤੇ ਤੰਤਰ ਆਦਿ ਦੀ ਸਖ਼ਤ ਮਨਾਹੀ ਕੀਤੀ ਗਈ। ਆਓ, ਥੋੜ੍ਹਾ ਵੇਰਵੇ ਨਾਲ ਗੁਰੂ ਜੀ ਦੇ ਤਰਕ-ਸੰਗਤ ਵਿਚਾਰਾਂ ਨੂੰ ਵੇਖੀਏ, ਘੋਖੀਏ ਅਤੇ ਅਪਨਾਈਏ!

ਭਗਤੀ ਲਹਿਰ ਦੇ ਭਗਤ ਸਾਹਿਬਾਨ ਅਤੇ ਪਹਿਲੇ ਗੁਰੂ ਸਾਹਿਬਾਨ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਉਸਤਤਿ' ਵਿਚ ਮੁਕਤੀ-ਮਾਰਗ ਦੇ ਵਿਸ਼ਵਾਸੀਆਂ ਦਾ ਮਜ਼ਾਕ ਵੀ ਉਡਾਇਆ ਅਤੇ ਪ੍ਰਚੱਲਤ ਭੇਖਾਂ ਨੂੰ ਤਰਕਯੁਕਤ ਢੰਗ ਨਾਲ ਨਿਸਫਲ ਦੱਸਿਆ। ਬਾਹਰੀ ਭੇਖ ਕਰਨ, ਵਿਖਾਵਾ ਕਰਨ ਅਤੇ ਦੰਭੀ ਸਰੀਰਕ ਕ੍ਰਿਆਵਾਂ ਕਰਨ ਵਾਲੇ ਜੋਗੀਆਂ ਤੇ ਸੰਨਿਆਸੀਆਂ ਬਾਰੇ ਗੁਰੂ ਜੀ ਟਿੱਪਣੀ ਕਰਦੇ ਹਨ:

ਕਿਤੇ ਨਾਸ ਮੂੰਦੇ ਭਏ ਬ੍ਰਹਮਚਾਰੀ ॥
ਕਿਤੇ ਕੰਠ ਕੰਠੀ ਜਟਾ ਸੀਸ ਧਾਰੀ ॥
ਕਿਤੇ ਚੀਰ ਕਾਨੰ ਜੁਗੀਸੰ ਕਹਾਯੰ ॥
ਸਭੈ ਫੋਕਟੰ ਧਰਮ ਕਾਮੰ ਨ ਆਯੰ ॥੬੩॥

(ਬਚਿਤ੍ਰ ਨਾਟਕ, ਅਧਿ: ੧)

ਭੇਖ ਵਿਖਾਉਣ ਵਿਰੁਧ ਗੁਰੂ ਜੀ ਦੀ ਤਾੜਨਾ ਪ੍ਰਚਲਤ ਮੁਹਾਵਰੇ ਵਿਚ ਪੇਸ਼ ਹੈ:

ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ ॥੫੬॥

(ਬਚਿਤ੍ਰ ਨਾਟਕ, ਅਧਿ. ੬)

ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਹਠ-ਜੋਗ ਅਤੇ ਹੋਰ ਜੋਗ ਭੇਖਾਂ ਦੀ ਥਾਂ ਮਾਨਸਿਕ ਸਹਿਜ-ਜੋਗ 'ਤੇ ਬਲ ਦਿੱਤਾ ਹੈ:

ਰੇ ਮਨ ਇਹ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ ॥

(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)

ਜੋਗ ਮਾਰਗ ਬਾਰੇ ਗੁਰੂ ਜੀ ਨੇ ਬੜੀਆਂ ਸਪੱਸ਼ਟ ਟਿੱਪਣੀਆਂ ਕੀਤੀਆਂ ਹਨ। ਸਮਾਧੀ ਲਾ ਕੇ ਆਪਣਾ ਜਾਂ ਸੰਸਾਰ ਦਾ ਕਲਿਆਣ ਕਰਨ ਦਾ ਦਾਅਵਾ ਕਰਨ ਵਾਲਿਆਂ ਨੂੰ ਗੁਰੂ ਜੀ ਨੇ ਪੱਥਰ ਨਾਲ ਅਤੇ ਦੇਸ਼-ਦੇਸ਼ਾਂਤਰਾਂ ਦਾ ਕੇਵਲ ਰਟਨ ਕਰਨ ਵਾਲੇ ਜੋਗੀਆਂ ਆਦਿ ਨੂੰ ਇੱਲਾਂ ਤੇ ਕਾਵਾਂ

www.sikhbookclub.com

ਨਾਲ ਤਸ਼ਬੀਹ ਦੇ ਕੇ ਕਰਮ-ਕਾਂਡ ਦਾ ਖੰਡਨ ਕੀਤਾ ਹੈ। ਇਸੇ ਤਰ੍ਹਾਂ ਇਕ ਹੀ ਲੱਤ/ਪੈਰ 'ਤੇ ਖੜ੍ਹੇ ਹੋ ਕੇ ਤਪ ਕਰਨ ਨਾਲ ਵੀ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਇਸ ਹਠ ਜੋਗ ਦੀ ਨਿਰਾਰਥਕਤਾ ਦਰਸਾਉਣ ਲਈ ਗੁਰੂ ਜੀ ਰੁੱਖਾਂ ਦੀ ਉਦਾਹਰਣ ਦਿੰਦੇ ਹਨ ਜਿਹੜੇ ਇਕ ਹੀ ਲੱਤ 'ਤੇ ਖੜ੍ਹੇ ਵਿਖਾਈ ਦਿੰਦੇ ਹਨ। ਗੁਰੂ ਜੀ ਅਨੁਸਾਰ ਸਰੇਵੜਿਆਂ ਵਾਂਗ ਫੂਕ-ਫੂਕ ਕੇ ਪੈਰ ਧਰਨ ਨਾਲ ਵੀ ਮੰਤਵ ਦੀ ਪ੍ਰਾਪਤੀ ਨਹੀਂ ਹੋ ਸਕਦੀ :

...ਕਹਾ ਭਇਓ ਰੋਗੀ ਜੋ ਪੈ ਡਾਰਿਓ ਰਹਿਓ ਉਰਧ ਮੁਖ
ਮਨ ਤੇ ਨ ਮੂੰਡ ਨਿਹਰਾਇਓ ਆਦਿ ਈਸ ਕੌਂ ॥੭੯॥

(ਅਕਾਲ ਉਸਤਤਿ)

..ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ
ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈਂ ॥੮੧॥

(ਉਹੀ)

...ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ,
ਫੂਕ ਫੂਕ ਪਾਵ ਭੂਮ ਸ੍ਰਾਵਗ ਧਰਤ ਹੈਂ ॥

(ਉਹੀ)

ਵਿਅੰਗਾਤਮਕ ਪੇਸ਼ਕਾਰੀ, ਜੋ ਉੱਚਤਮ ਬੌਧਿਕਤਾ ਦਾ ਪ੍ਰਮਾਣ ਹੈ, ਰਾਹੀਂ ਗੁਰੂ ਜੀ ਜੋਗੀਆਂ ਦੇ ਕਰਮ-ਕਾਂਡਾਂ ਨੂੰ ਦਰਸਾ ਕੇ ਮਨੁੱਖ ਨੂੰ ਸਾਵਧਾਨ ਕਰਦੇ ਹਨ :

ਸੀਸ ਪਟਕਤ ਜਾ ਕੇ ਕਾਨ ਮੈ ਖਜੂਰਾ ਧਸੈ ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੌਂ ॥
ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ ਸਦਾ ਬਨ ਕੌਂ ਭ੍ਰਮੱਯਾ ਔਰ ਦੂਸਰੋ ਨ ਬੋਕ ਸੌਂ ॥
ਕਹਾ ਭਯੋ ਭੇਡ ਜੋ ਘੱਸਤ ਸੀਸ ਬ੍ਰਿੱਛਨ ਸੋਂ ਮਾਟੀ ਕੋ ਭਛੱਯਾ ਬੋਲ ਪੂਛ ਲੀਜੈ ਜੋਕ ਸੌਂ ॥
ਕਾਮਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ ਏਕ ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੌਂ ॥੯੦॥

(ਉਹੀ)

ਗੁਰੂ ਜੀ ਕੁਝ ਹੋਰ ਕਰਮ-ਕਾਂਡਾਂ ਦੀ ਨਿਰਾਰਥਕਤਾ ਬੜੀ ਸਰਲ ਅਤੇ ਸਾਦੀ ਬੋਲੀ ਵਿਚ ਉਘਾੜਦੇ ਹਨ। ਇਸ ਮੰਤਵ ਦੀ ਪੂਰਤੀ ਲਈ ਉਹ ਰੋਜ਼ਾਨਾ ਜੀਵਨ ਵਿੱਚੋਂ ਦ੍ਰਿਸ਼ਟਾਂਤ ਲੈ ਕੇ ਤੁਲਨਾਤਮਿਕ ਪੇਸ਼ਕਾਰੀ ਰਾਹੀਂ ਆਪਣਾ ਪੱਖ ਸਪੱਸ਼ਟ ਕਰਦੇ ਹਨ। ਉਹ ਲਿਖਦੇ ਹਨ ਕਿ ਜੇਕਰ ਗੰਦ ਖਾਣ ਅਤੇ ਗੰਦੇ ਰਹਿਣ ਨਾਲ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਸੂਰ ਨੇ ਸਰਬ ਪ੍ਰਥਮ ਰਹਿਣਾ ਸੀ। ਜੇਕਰ ਸਰੀਰ 'ਤੇ ਮਿੱਟੀ-ਸਵਾਹ ਆਦਿ ਮਲਣ ਨਾਲ ਕਲਿਆਣ ਸੰਭਵ ਹੁੰਦਾ ਤਾਂ ਖੋਤਾ ਤੇ ਹਾਥੀ ਤਾਂ ਮਿੱਟੀ ਵਿਚ ਰਹਿ ਕੇ ਹੀ ਖ਼ੁਸ਼ ਹੁੰਦੇ ਹਨ। ਜੇਕਰ ਜੰਗਲ ਵਿਚ ਰਹਿਣ ਨਾਲ ਮੁਕਤੀ ਪ੍ਰਾਪਤ ਹੁੰਦੀ ਤਾਂ ਗਿੱਦੜ ਨੂੰ ਇਹ ਪ੍ਰਾਪਤੀ ਹੋਣੀ ਚਾਹੀਦੀ ਸੀ। ਜੇਕਰ ਚੁੱਪ ਧਾਰ ਕੇ ਇਸ਼ਟ ਦੀ ਪ੍ਰਾਪਤੀ ਹੋ ਸਕਦੀ ਤਾਂ ਰੁੱਖ ਤਾਂ ਸਦਾ ਹੀ ਚੁੱਪ ਸਾਧੀ ਰੱਖਦੇ ਹਨ। ਜੇਕਰ ਵੀਰਜ ਸਾਂਭਿਆਂ ਭਵਜਲ ਤਰਿਆ ਜਾਂਦਾ ਹੈ ਤਾਂ ਹੀਜੜੇ ਇਸ ਵਡਿਆਈ ਦੇ ਵਧੇਰੇ ਹੱਕਦਾਰ ਹੋ ਸਕਦੇ ਸਨ। ਜੇਕਰ ਸਮਾਧੀ ਲਗਾਇਆਂ ਅਤੇ ਕਲਪਨਾ ਦੇ ਘੋੜੇ ਦੁੜਾਇਆ ਇਸ਼ਟ-ਪ੍ਰਾਪਤੀ ਹੋ ਜਾਂਦੀ ਤਾਂ ਪੰਛੀਆਂ ਨਾਲੋਂ ਉਚੇਰੀ ਉਡਾਰੀ ਕੌਣ ਲਗਾ ਸਕਦਾ ਹੈ ? ਜੇਕਰ ਦੁੱਧ ਉਪਰ ਗੁਜ਼ਾਰਾ ਕਰਨ ਵਾਲਿਆਂ ਨੂੰ ਇਸ਼ਟ-ਪ੍ਰਾਪਤੀ ਹੋ ਜਾਵੇ ਤਾਂ ਬੱਚੇ ਇਸ ਦੇ ਸਭ ਤੋਂ ਵੱਡੇ ਹੱਕਦਾਰ ਹਨ ਅਤੇ ਜੇਕਰ ਪੌਣ ਆਹਾਰ ਨਾਲ ਮੁਕਤੀ ਮਿਲੇ ਤਾਂ

www.sikhbookclub.com

ਸੱਪਾਂ ਨੂੰ ਮਿਲਣੀ ਚਾਹੀਦੀ ਹੈ। ਜੇਕਰ ਧੂਣੀਆਂ ਤਪਾ ਕੇ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਬਹੁਤ ਜੀਵ ਹਨ ਜੋ ਅੱਗ ਵਰਗੀ ਗਰਮੀ ਸਹਿੰਦੇ ਹਨ। ਜੇਕਰ ਅੱਗ ਵਿਚ ਜਲਣ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਤਾਂ ਸਤੀ ਹੋਣ ਵਾਲੀਆਂ ਇਸਤਰੀਆਂ ਤਰ ਜਾਂਦੀਆਂ! ਗੁਰੂ ਜੀ ਦੇ ਅਸਲ ਸ਼ਬਦਾਂ ਨੂੰ ਜਾਣਨਾ ਵੀ ਜ਼ਰੂਰੀ ਹੈ :

ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ,
ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈਂ ॥
ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ,
ਤੇ ਤੋ ਗਊਅਨ ਕੇ ਜੱਯਾ ਬ੍ਰਿਖਭੱਯਾ ਮਾਨੀਅਤੁ ਹੈਂ ॥
ਨਭ ਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ ਦੇਤ,
ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ ॥
ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ,
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ ॥੭੨॥

(ਅਕਾਲ ਉਸਤਤਿ)

ਕੁਝ ਹੋਰ ਕਰਮ-ਕਾਂਡਾਂ, ਪਾਖੰਡੀ ਵਿਵਹਾਰ ਅਤੇ ਦੰਭੀ ਜੀਵਨ-ਸ਼ੈਲੀ ਦੀਆਂ ਉਦਾਹਰਣਾਂ ਪੇਸ਼ ਕਰ ਕੇ ਗੁਰੂ ਜੀ ਇਸ਼ਟ-ਪ੍ਰਾਪਤੀ ਦਾ ਢੰਗ ਵੀ ਦੱਸਦੇ ਹਨ। ਇਸ ਲਈ ਉਹ ਪ੍ਰੇਮ ਨੂੰ ਸਰਬ-ਉਤਮ ਵਿਧੀ ਨਿਰਧਾਰਤ ਕਰਦੇ ਹਨ :

ਧ੍ਯਾਨ ਲਗਾਇ ਠਗਿਓ ਸਭ ਲੋਗਨ ਸੀਸ ਜਟਾ, ਨਖ ਹਾਥ ਬਢਾਏ ॥
ਲਾਇ ਬਿਭੂਤ ਫਿਰਯੋ ਮੁਖ ਊਪਰਿ ਦੇਵ ਅਦੇਵ ਸਭੈ ਡਹਕਾਏ ॥
ਲੋਭ ਕੇ ਲਾਗੈ ਫਿਰਯੋ ਘਰ ਹੀ ਘਰ ਜੋਗ ਕੇ ਨ੍ਯਾਸ ਸਭੈ ਬਿਸਰਾਏ ॥
ਲਾਜ ਗਈ ਕਛੁ ਕਾਜੁ ਸਰਯੋ ਨਹਿ, ਪ੍ਰੇਮ ਬਿਨਾ ਪ੍ਰਭ ਪਾਨ ਨ ਆਏ ॥੧੯॥
ਕਾਹੇ ਕਉ ਪੂਜਤ ਪਾਹਨ ਕਉ, ਕਛੁ ਪਾਹਨ ਮੈ ਪਰਮੇਸ਼ਰ ਨਾਹੀ ॥
ਤਾਹੀ ਕੋ ਪੂਜ ਪ੍ਰਭੂ ਕਰਿ ਕੈ, ਜਿਹ ਪੂਜਤ ਹੀ ਅਘ ਓਘ ਮਿਟਾਹੀ ॥
ਆਧਿ ਬਿਆਧਿ ਕੇ ਬੰਧਨ ਜੇਤਕ, ਨਾਮ ਕੇ ਲੇਤ ਸਭੈ ਛੁਟਿ ਜਾਹੀ ॥
ਤਾਹੀ ਕੋ ਧ੍ਯਾਨੁ ਪ੍ਰਮਾਨ ਸਦਾ, ਇਨ ਫੋਕਟ ਧਰਮ ਕਰੇ ਫਲੁ ਨਾਹੀ ॥੨੦॥

(ਸਵੱਯੇ)

ਪਰਮ ਸ਼ਕਤੀ ਅਤੇ ਇਸ ਦੇ ਵਿਭਿੰਨ ਰੂਪਾਂ, ਕੁਦਰਤ ਦੀ ਅਸੀਮਤਾ, ਅਨੰਤਤਾ, ਵਿਸ਼ਾਲਤਾ, ਵਿਵਿਧਤਾ ਆਦਿ ਨੂੰ ਜਾਣਨ ਦਾ ਜਤਨ ਕਰਨ, ਬ੍ਰਹਿਮੰਡੀ ਏਕਤਾ ਅਤੇ ਅਨੇਕਤਾ ਦਾ ਜਸ ਗਾਇਨ ਕਰਨ ਤੋਂ ਛੁੱਟ ਗੁਰੂ ਜੀ ਹੋਰ ਕਿਸੇ ਦੀ ਵਡਿਆਈ ਨਹੀਂ ਕਰਨਾ ਚਾਹੁੰਦੇ ਹਨ। ਉਹ ਕੇਵਲ ਕੁਦਰਤ ਤੇ ਕਾਇਨਾਤ ਦੇ ਵਿਸ਼ਾਲ ਪਸਾਰੇ ਦਾ ਅਧਿਐਨ ਅਤੇ ਇਸ ਸਾਰੇ ਕੁਝ ਦੇ ਮੂਲ ਦੀ ਹੀ ਅਰਾਧਨਾ ਕਰਨੀ ਚਾਹੁੰਦੇ ਹਨ। ਇਹ ਮੂਲ ਆਧਾਰ ਕੇਵਲ ਇਕ ਹੈ। ਗੁਰੂ ਜੀ ਉਸ ਉਪਰ ਹੀ ਸਾਰਾ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੰਦੇ ਹਨ :

ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥੩੭॥

(ਬਚਿਤ੍ਰ ਨਾਟਕ, ਅਧਿ. ੬)

www.sikhbookclub.com

ਮਾਨਸਿਕ ਇਕਾਗਰਤਾ ਅਤੇ ਇਕਸੁਰਤਾ ਲਈ ਮਾਨਸਿਕ ਬਿਖਰਾਵ ਤੇ ਵਿਖੰਡਨ ਤੋਂ ਬਚਣਾ ਜ਼ਰੂਰੀ ਹੈ :

...ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ (ਤੇਤੀ ਸ੍ਵੈਯੇ)

...ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥੧੦॥ (ਬਚਿਤ੍ਰ ਨਾਟਕ, ਅਧਿ. ੫)

ਪ੍ਰਕ੍ਰਿਤਿਕ ਸ਼ਕਤੀ ਦੇ ਗਿਆਨ, ਉਸ ਵਿਚ ਵਿਸ਼ਵਾਸ ਅਤੇ ਉਸ ਦੀ ਪ੍ਰਾਪਤੀ ਲਈ ਕੀਤੇ ਜਤਨਾਂ ਤੋਂ ਛੁੱਟ ਬਾਕੀ ਸਾਰਾ ਕੁਝ ਕਰਮ-ਕਾਂਡ ਹੈ ਅਤੇ ਇਸ ਤਰ੍ਹਾਂ ਨਿਰਾਰਥਕ ਹੈ :

ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੫੦॥ (ਅਕਾਲ ਉਸਤਤਿ)

ਮਾਨਸਿਕ ਇਕਾਗਰਤਾ ਲਈ ਗਿਆਨ ਬੜਾ ਜ਼ਰੂਰੀ ਹੈ। ਭਟਕਾਵ ਤੋਂ ਬਚਣ ਲਈ ਵਾਸਤਵਿਕਤਾ ਦਾ ਸੂਖ਼ਮ ਐਪਰ ਬਹੁਪੱਖੀ ਗਿਆਨ ਬੜਾ ਜ਼ਰੂਰੀ ਹੈ। ਇਛਾਵਾਂ ਨੂੰ ਸੀਮਤ ਜਾਂ ਕਾਬੂ ਹੇਠ ਰੱਖਣ ਲਈ ਅਤੇ ਮਨ ਨੂੰ ਕਾਬੂ ਵਿਚ ਰੱਖਣ ਹਿੱਤ ਜਿਥੇ ਕੁਦਰਤੀ ਨੇਮਾਂ ਦੀ ਪਾਲਣਾ ਜ਼ਰੂਰੀ ਹੈ ਉਥੇ ਗਿਆਨ-ਪ੍ਰਾਪਤੀ ਦੀ ਵੀ ਬਹੁਤ ਲੋੜ ਹੈ। ਇਸ ਸਥਿਤੀ 'ਤੇ ਪਹੁੰਚ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਗਲੀ ਗੱਲ ਦੱਸਦੇ ਹਨ ਕਿ ਅਮਲ ਤੋਂ ਬਗ਼ੈਰ ਸਿਧਾਂਤਕ ਗਿਆਨ ਬੇਕਾਰ ਹੈ। ਜੇਕਰ ਗਿਆਨ-ਪ੍ਰਾਪਤੀ ਵਲ ਰੁਚਿਤ ਮਨੁੱਖ ਚੰਗੇ ਕਰਮ ਨਹੀਂ ਕਰਦਾ ਤਾਂ ਉਸ ਗਿਆਨ ਨੂੰ ਵੀ ਗੁਰੂ ਜੀ ਨਿਰਾ ਪ੍ਰਪੰਚ ਹੀ ਮੰਨਦੇ ਹਨ :

ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ ॥੭੨॥ (ਅਕਾਲ ਉਸਤਤਿ)

ਇਹ ਠੀਕ ਹੈ ਕਿ "ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ" ।੭੧। ਐਪਰ ਮਨੁੱਖ-ਹਿੱਤੂ ਦਿਸ਼ਾ ਵਿਚ ਕਰਮਸ਼ੀਲ ਹੋਣਾ ਅਗਲਾ ਕਦਮ ਹੋਣਾ ਚਾਹੀਦਾ ਹੈ। ਇਹ ਸਾਰਾ ਕੁਝ ਪ੍ਰੇਮ ਤੋਂ ਬਿਨਾਂ ਅਸੰਭਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰੇਮ ਦੀ ਪ੍ਰਕ੍ਰਿਤੀ ਅਤੇ ਸਰੂਪ ਬਾਰੇ ਵੀ ਬੜਾ ਸੁਹਣਾ ਫ਼ੁਰਮਾ ਗਏ ਹਨ। ਇਹ ਹੈ ਕੁਦਰਤ ਦੇ ਵਿਭਿੰਨ ਤੇ ਵਿਵਧ ਪਸਾਰੇ ਨੂੰ ਇਕ ਮੂਲ ਤੋਂ ਪੈਦਾ ਹੋਇਆ ਸਮਝਣਾ ਅਤੇ ਸਰੀਰਕ, ਸਮਾਜਿਕ, ਭੂਗੋਲਿਕ ਅਤੇ ਵਾਤਾਵਰਨ ਤੋਂ ਪ੍ਰਭਾਵਿਤ ਭਿੰਨਤਾਵਾਂ ਨੂੰ ਇਕ ਪਾਸੇ ਰੱਖ ਕੇ ਸਾਰੇ ਮਨੁੱਖਾਂ ਨੂੰ ਇਕ ਸਮਾਨ ਸਮਝਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਉਨ੍ਹਾਂ ਨੂੰ ਪਿਆਰ ਕਰਨਾ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।"

ਦਾਰਸ਼ਨਿਕ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਪਰ ਵਰਣਿਤ ਜੀਵਨ-ਸ਼ੈਲੀ, ਰਚਨਾ ਅਤੇ ਮਹਾਨ ਕਾਰਨਾਮਿਆਂ ਦੀ ਪੇਸ਼ਕਾਰੀ ਅਤੇ ਵਿਦਵਾਨ ਲੇਖਕਾਂ ਦੀਆਂ ਪ੍ਰਸੰਗ ਅਨੁਕੂਲ ਟਿੱਪਣੀਆਂ ਇਹ ਪ੍ਰਮਾਣਿਤ ਕਰਨ ਲਈ ਕਾਫ਼ੀ ਹਨ ਕਿ ਗੁਰੂ ਜੀ ਅਡੋਲ ਵਿਸ਼ਵਾਸ, ਫ਼ੌਲਾਦੀ ਦ੍ਰਿੜ੍ਹਤਾ, ਅਟੁੱਟ ਨਿਰਭੈਤਾ, ਅਦੁੱਤੀ ਦਲੇਰੀ, ਹੈਰਾਨਕੁੰਨ ਸਾਹਸ ਅਤੇ ਉਤਸ਼ਾਹ ਤੇ ਪ੍ਰੇਰਨਾ ਦੇ ਅਮੁੱਕ ਸੋਮੇ ਸਨ ਤੇ ਹਨ। ਇਨ੍ਹਾਂ ਅਤੇ ਅਨੇਕਾਂ ਹੋਰ ਮਨੁੱਖੀ ਸਦ-ਗੁਣਾਂ ਨਾਲ ਭਰਪੂਰ ਉਹ ਆਸ਼ਾਵਾਦੀ ਦੀ ਲਟ-ਲਟ ਬਲਦੀ ਜੋਤ ਵਜੋਂ ਪ੍ਰਕਾਸ਼ਵਾਨ ਹੋਏ।

(1/2005)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਸੰਦੇਸ਼

ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਮਨੁੱਖੀ ਸਾਂਝ ਦ੍ਰਿੜ੍ਹ ਕਰਵਾਉਂਦਾ ਹੈ। ਇਹ ਵਿਸ਼ਵ ਭਾਈਚਾਰੇ ਦਾ ਕੇਂਦਰੀ ਧੁਰਾ ਹੈ। ਇਸ ਦੇ ਆਰੰਭ ਦਾ ਸਥਾਨ 'ਅਨੰਦਪੁਰ' ਹੈ। ਇਥੇ ਸ਼ਬਦ ਤੇ ਰਾਗ ਦੀ ਝੀਣੀ ਆਵਾਜ਼ ਨੇ ਵਾਤਾਵਰਣ ਸਵੱਛ ਕੀਤਾ, ਭਗਤੀ ਤੇ ਸ਼ਕਤੀ ਇਕਸੁਰ ਹੋਈਆਂ, ਸ਼ਾਸਤਰ ਤੇ ਸ਼ਸਤਰ ਇਕਸਾਰ ਪ੍ਰਚੰਡ ਹੋਏ ਅਤੇ ਸਮੂਹ ਦਿਸ਼ਾਵਾਂ ਦਾ ਮੇਲ ਹੋਇਆ। ਅਨੰਦਪੁਰ ਦੇ ਵਾਲੀ ਨੇ ਲਾਹੌਰ ਦੇ ਦਇਆ ਰਾਮ, ਦਿੱਲੀ ਦੇ ਧਰਮ ਚੰਦ, ਦਵਾਰਕਾ ਦੇ ਮੋਹਕਮ ਚੰਦ, ਜਗਨ ਨਾਥ ਪੁਰੀ ਦੇ ਹਿੰਮਤ ਰਾਏ ਅਤੇ ਬਿਦਰ ਦੇ ਸਾਹਿਬ ਚੰਦ ਨੂੰ ਖੰਡੇ ਦੀ ਘਾਸ ਨਾਲ, ਬਾਣੀ ਰਾਸ ਨਾਲ, ਪਤਾਸਿਆਂ ਦੀ ਮਿਠਾਸ ਨਾਲ ਅਤੇ ਨਿੱਜੀ ਛੂਹ ਦੀ ਨਿਘਾਸ ਨਾਲ ਇਕ-ਮਿਕ ਕਰ ਦਿੱਤਾ ਤੇ ਇਉਂ ਉਚਾਰਿਆ :

ਹਉ ਖਾਲਸੇ ਕਾ ਖਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇਰੋ।

ਇਹ ਪੰਜ ਤਾਣੇ-ਪੇਟੇ ਵਾਂਗ ਲਿਪਟ ਗਏ, ਜਲ ਬੂੰਦ ਵਾਂਗ ਅਭੇਦ ਹੋ ਗਏ ਅਤੇ ਜ਼ਾਤ ਵਰਣ, ਕੁਲ ਧਰਮ ਤੇ ਖੇਤਰ ਦੀ ਵੰਡ ਮਿਟ ਗਈ ਅਤੇ ਸਰਬ-ਸਾਂਝੀ ਮਾਨਵਤਾ ਦਾ ਅਜਿਹਾ ਨੂਰੀ ਝਲਕਾਰਾ ਪ੍ਰਗਟ ਹੋਇਆ ਕਿ ਮਨੁੱਖੀ ਕਲਪਨਾ ਵਿਚ ਵਿਸ਼ਵ ਭਾਈਵਾਲਤਾ ਦਾ ਸੋਨ ਸੁਨਹਿਰਾ ਸੁਪਨਾ ਲਟਕ ਗਿਆ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥ *(ਅਕਾਲ ਉਸਤਤਿ)*

ਆਨੰਦਪੁਰ ਦੀ ਇਹ ਆਵਾਜ਼ ਆਦਰਸ਼ ਦੀ ਸਥਾਪਨਾ ਕਰਦੀ ਹੈ। ਇਸ ਨੂੰ ਸਾਕਾਰ ਬਣਾਉਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਦੇ ਇਤਿਹਾਸਕ ਸਥਾਨ ਅਮਰ ਸੰਦੇਸ਼ ਦੇ ਸਾਧਨ ਮਾਤਰ ਹਨ। **ਪਹਿਲਾ ਸੰਦੇਸ਼** ਚਮਕੌਰ ਸਾਹਿਬ ਵਿਚ ਖੜਗ ਦੀ ਟੁਣਕਾਰ ਵਿੱਚੋਂ ਪ੍ਰਗਟ ਹੋਇਆ। ਇਥੇ ਕੱਚੀ ਗੜ੍ਹੀ ਵਿਚ 40 ਸੂਰਬੀਰ ਘਿਰੇ ਹੋਏ ਸਨ ਅਤੇ ਲਾੜੀ ਮੌਤ ਪਰਨਾਉਣ ਲਈ ਉਨ੍ਹਾਂ ਬਸਤਰ ਕਈ ਦਿਨਾਂ ਤੋਂ ਸਜਾਏ ਹੋਏ ਸਨ। ਸਭ ਦੇ ਮਨਾਂ ਵਿਚ ਅਕਾਲ ਦੇ ਜਾਪ ਦੀ ਗੁੰਜਾਰ ਸੀ। ਦੂਜੇ ਦੇਸ਼ ਭਰ

www.sikhbookclub.com

ਦਾ ਮੁਲਖਈਆ ਹੰਕਾਰ ਨਾਲ ਸ਼ੂਕਦਾ, ਗਰਦ ਉਡਾਉਂਦਾ, ਅਕਾਸ਼ ਨੂੰ ਮਿਟਾਲਾ ਬਣਾ ਕੇ ਚਾਨਣ ਨੂੰ ਹਨੇਰ ਦੀ ਲਪੇਟ ਵਿਚ ਛੁਪਾਉਣ ਨੂੰ ਤੱਤਪਰ ਸੀ। ਸੰਤ ਕਵੀ ਨੇ ਦੋਹਾਂ ਰੰਗਾਂ ਨੂੰ ਇਕ-ਇਕ ਪੰਗਤੀ ਰਾਹੀਂ ਇਉਂ ਉਘਾੜਿਆ ਹੈ :

ਕਹਾ ਬੀਰ ਚਾਲੀ ਛੁਧਾਵੰਤ ਭਾਰੇ ॥
ਕਹਾ ਏਕ ਨੌ ਲਾਖ ਆਏ ਹਕਾਏ ॥

ਪੂਰਾ ਦਿਨ ਤੁਪਕ ਤੁਪਕ ਨਾਲ, ਤੀਰ ਤੀਰ ਨਾਲ, ਖੰਡਾ ਖੰਡੇ ਨਾਲ, ਖੜਗ ਖੜਗ ਨਾਲ, ਬਰਛਾ ਬਰਛੇ ਨਾਲ ਠਹਿਕਦਾ ਰਿਹਾ। ਇਕ ਪਾਸਿਓਂ ਪੰਜ ਪੰਜ ਸੂਰਮੇ ਫ਼ਤਹਿ ਦੇ ਜੈਕਾਰੇ ਬੁਲਾਉਂਦੇ ਨਿਕਲਦੇ ਸਨ ਤੇ ਦੂਜੇ ਪਾਸਿਓਂ ਦਸ ਲੱਖ ਦਾ ਟਿੱਡੀ ਦਲ ਝਪਟਦਾ ਸੀ। ਸਾਹਿਬ ਅਜੀਤ ਸਿੰਘ, ਜੁਝਾਰ ਸਿੰਘ ਪਿਤਾ ਦੀਆਂ ਅੱਖਾਂ ਸਾਹਮਣੇ ਪ੍ਰਾਨਾਂ ਦੀ ਸਫਲ ਖੇਡ, ਖੇਡ ਰਹੇ ਸਨ ਤੇ ਰੰਗ-ਰੱਤਾ ਸਿਪਾਹੀ ਮਧੁਰ ਅਵਾਜ਼ ਨਾਲ ਹੇਠ ਲਿਖੇ ਵਰਦਾਨ ਦੀ ਯਾਚਨਾ ਕਰਦੇ ਕਹਿਰ ਨੂੰ ਮਿਹਰ ਵਿਚ ਬਦਲ ਰਿਹਾ ਸੀ :

ਹੇ ਰਵਿ ਹੇ ਸਸਿ ਹੇ ਕਰੁਨਾਨਿਧ
ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਅਉਰ ਨ ਮਾਂਗਤ ਹਉ ਤੁਮ ਤੇ ਕਛੁ
ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸ਼ੱਤ੍ਰਨ ਸਿਉ ਅਤਿ ਹੀ ਰਨ ਭੀਤਰ
ਜੂਝ ਮਰੋ ਕਹਿ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ
ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ ॥੧੯੦੦॥ *(ਦਸਮ ਗ੍ਰੰਥ, ਪੰਨਾ ੪੯੫)*

ਜਦੋਂ ਰਾਤ ਨੇ ਸਭ ਨੂੰ ਕਾਲੀ ਚਾਦਰ ਵਿਚ ਵਲ੍ਹੇਟ ਲਿਆ, ਸੰਗਰਾਮ ਦੇ ਖੜਕਾਰ ਨੇ ਚੁੱਪ ਸਾਧ ਲਈ ਤੇ ਕੱਚੀ ਗੜ੍ਹੀ ਵਿਚ ਸਾਵਧਾਨ ਪੰਚਾਂ ਨੇ ਜੈਕਾਰੇ ਨਾਲ ਹੁਕਮਨਾਮਾ ਸੁਣਾਇਆ ਕਿ ਕਲਗੀ ਵਾਲਾ ਤਾਰਿਆਂ ਦੀ ਲੋਅ ਵਿਚ ਕਿਲ੍ਹੇ ਵਿੱਚੋਂ ਨਿਕਲ ਜਾਏ ਤਾਂ ਜੋ ਉਸ ਦੀ ਚਰਨ ਛੋਹ ਨਾਲ ਵਣ, ਜੰਡ, ਝਾੜ, ਸੂਲਾਂ, ਕੰਡੇ, ਥਲ, ਡੂੰਗਰ ਤੇ ਸਾਰਾ ਭੀਆਵਲਾ ਵੀਰਾਨਾ ਵਰੋਸਾਇਆ ਜਾਵੇ।

ਝਾੜੀਆਂ ਤੇ ਮਲ੍ਹਿਆਂ ਨੇ ਬਸਤਰਾਂ ਨੂੰ ਬੋਚਿਆਂ, ਜੰਡਾਂ ਤੇ ਵਣਾਂ ਨੇ ਗਲਵਕੜੀਆਂ ਪਾਈਆਂ, ਕੰਡਿਆਂ ਤੇ ਸੂਲਾਂ ਨੇ ਕਦਮਬੋਸੀ ਕੀਤੀ ਅਤੇ ਮਾਛੀਵਾੜੇ ਦੇ ਸੰਘਣੇ ਬਾਗ ਵਿਚ ਜਹਾਨ ਦਾ ਸ਼ਹਿਨਸ਼ਾਹ ਖੰਡੇ ਉੱਤੇ ਹੱਥ ਰੱਖ ਕੇ ਕਮਾਨ ਦੇ ਢਾਸਣੇ ਨਾਲ ਲੇਟ ਗਿਆ। ਹੇਠ ਧਰਤੀ ਤੇ ਉੱਤੇ ਆਕਾਸ਼ ਦੋਵੇਂ ਹੁਲਸਾਏ ਗਏ, ਹਿਰਦੇ ਦੀ ਪੁਕਾਰ ਸ਼ਬਦ ਰੂਪ ਵਿਚ ਸਾਕਾਰ ਹੋਈ ਜੋ ਦੂਜਾ ਸੰਦੇਸ਼ ਹੈ :

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਯਾਲਾ
ਬਿੰਗ ਕਸਾਈਯਾਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭੱਠ ਖੇੜਿਆ ਦਾ ਰਹਣਾ ॥ *(ਦਸਮ ਗ੍ਰੰਥ, ਪੰਨਾ ੭੧੧)*

www.sikhbookclub.com

ਮਾਛੀਵਾੜੇ ਤੋਂ ਨੀਲੇ ਬਸਤਰਾਂ ਨਾਲ ਉੱਚ ਦਾ ਪੀਰ ਕਦੇ ਸ਼ਰਧਾਲੂਆਂ ਦੇ ਮੋਢਿਆਂ ਦਾ ਸ਼ਿੰਗਾਰ ਬਣ ਕੇ, ਕਦੇ ਸਿਦਕਵਾਨਾਂ ਦੇ ਭੇਟਾ ਕੀਤੇ ਘੋੜਿਆਂ ਦਾ ਸਵਾਰ ਬਣ ਕੇ ਅਤੇ ਜ਼ੁਲਮ ਨਾਲ ਪੀੜਤ ਹਿੰਦੂ ਮੁਸਲਮਾਨਾਂ ਦਾ ਗਮ-ਗੁਸਾਰ ਬਣ ਕੇ, ਪਿੰਡ ਪਿੰਡ ਲੋਕਾਂ ਦੀ ਅੰਤਰ-ਆਤਮਾ ਵਿਚ ਸਵੈਮਾਨ ਦੀ ਚਿਣਗ ਸੁਲਗਾਉਂਦਾ ਜਾ ਰਿਹਾ ਸੀ। ਚੋਖੇ ਸਫ਼ਰ ਪਿੱਛੋਂ ਰਾਏ ਜੋਧ ਦੇ ਪੋਤਰੇ ਲਖਮੀਰ ਤੇ ਸ਼ਮੀਰ ਦੀ ਬੇਨਤੀ ਨੂੰ ਪ੍ਰਵਾਨ ਕਰ ਕੇ ਆਪ ਕੁਝ ਦਿਨਾਂ ਲਈ ਪਿੰਡ ਦੀਨੇ ਕਾਂਗੜ ਗਏ ਅਤੇ ਮੌਕਾ ਤਾੜ ਸ਼ਹਿਨਸ਼ਾਹ ਔਰੰਗਜ਼ੇਬ ਦੇ ਪੱਥਰ ਹੋਏ ਮਨ ਨੂੰ 'ਜ਼ਫ਼ਰਨਾਮੇ' ਦੇ ਫ਼ਾਰਸੀ ਕਾਵਿ-ਪੱਤਰ ਰਾਹੀਂ ਵੰਗਾਰ ਭੇਜੀ। ਇਸ ਪੱਤਰ ਵਿਚ ਤੁਅੱਸਬ ਨੂੰ ਤਾੜਨਾ ਹੈ, ਦਗੇਬਾਜ਼ ਈਮਾਨ ਨੂੰ ਝੰਜੋੜ ਹੈ ਅਤੇ ਕਾਲੀ ਹੁੰਦੀ ਜਾ ਰਹੀ ਜ਼ਮੀਰ ਨੂੰ ਚੰਗਿਆੜੀ ਨਾਲ ਰੋਸ਼ਨ ਕਰਨ ਦਾ ਉਪਰਾਲਾ ਹੈ :

ਨ ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ ॥
ਕਿ ਦਉਲਤ ਪਰਸਤ ਸਤੁ ਈਮਾ ਫ਼ਿਕਨ ॥੪੫॥
ਨ ਈਮਾਂ ਪਰਸਤੀ ਨ ਅਉਜ਼ਾਇ ਦੀਂਨ ॥
ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ ॥੪੬॥
ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਮਾਂਦਸਤੁ ਪੇਚੀਦਹ ਮਾਰ ॥੭੮॥
ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ ॥
ਕਿ ਆਤਿਸ਼ ਦਮਾਂ ਰਾ ਫਰੋਜ਼ਾ ਕੁਨੀ ॥੭੯॥

ਇਹੋ ਵੰਗਾਰ ਤੀਜਾ ਸੰਦੇਸ਼ ਹੈ ਜੋ ਜਿਸ ਸਮੇਂ ਔਰੰਗਜ਼ੇਬ ਨੇ ਦੱਖਣ ਵਿਚ ਪੜ੍ਹੀ ਤਾਂ ਉਸ ਦਾ ਕਲੇਜਾ ਵਿੰਨ੍ਹਿਆ ਗਿਆ। ਉਹ ਆਪਣੇ ਜ਼ਮਾਨੇ ਦਾ ਸਭ ਤੋਂ ਵੱਡਾ ਤੁਅੱਸਬੀ ਤੇ ਹੰਕਾਰੀ ਇਨਸਾਨ ਸੀ। ਸ਼ੇਅਰਾਂ ਦੇ ਤੀਰਾਂ ਨਾਲ ਉਹ ਘਾਇਲ ਹੋ ਗਿਆ। ਅਹਿਮਦ ਨਗਰ ਦੇ ਮੁਕਾਮ ਉਤੇ ਤੋਬਾ-ਤੋਬਾ ਕਰਦਾ ਇਹ ਜ਼ਹਾਨ ਤੋਂ ਕੂਚ ਕਰ ਗਿਆ। ਦੀਨੇ ਕਾਂਗੜ ਦਾ ਇਹ ਸੰਦੇਸ਼ ਸੰਸਾਰ ਸਾਹਿਤ ਦਾ ਰੋਸ਼ਨ ਤਰੀਨ ਵਰਕਾ ਹੈ ਅਤੇ ਵਿਸ਼ਵ ਇਤਿਹਾਸ ਵਿਚ ਇਕ ਖ਼ਾਸ ਥਾਂ ਰੱਖਦਾ ਹੈ।

ਇਸ ਮਾਰਗ ਦਾ ਚੌਥਾ ਅਮਰ ਸੰਦੇਸ਼ ਖਿਦਰਾਣੇ ਦੀ ਢਾਬ ਦੇ ਕੰਢੇ ਉੱਤੇ ਗੂੰਜਿਆ। ਉਹ ਸਿੰਘ ਜੋ ਅਨੰਦਪੁਰੋਂ ਬੇਦਾਵਾ ਲਿਖ ਕੇ ਕਿਲ੍ਹਾ ਛੱਡ ਗਏ ਸਨ, ਜੰਗਲ-ਜੰਗਲ, ਬਣ-ਬਣ ਤੇ ਥਲ-ਥਲ ਛਾਣਦੇ ਹੋਏ ਸਿਦਕ ਵਿਚ ਬੱਝੇ ਗੁਰੂ ਜੀ ਦੀ ਤਲਾਸ਼ ਵਿਚ ਫਿਰ ਰਹੇ ਸਨ।

ਉਧਰੋਂ ਗੁਰੂ ਜੀ ਦਾ ਪਿੱਛਾ ਕਰਦੀ ਮੁਗ਼ਲ ਫ਼ੌਜ ਆ ਨਿਕਲੀ। ਦੋਹਾਂ ਦਾ ਟਾਕਰਾ ਹੋ ਗਿਆ, ਖ਼ੂਬ ਘਮਸਾਨ ਮਚਿਆ। ਜਾਣੀ-ਜਾਣ ਸਤਿਗੁਰੂ ਟਿੱਬੀ ਸਾਹਿਬ ਤੋਂ ਜ਼ਾਲਮਾਂ ਉੱਤੇ ਤੀਰਾਂ ਦੀ ਵਰਖ਼ਾ ਕਰਦੇ ਰਹੇ ਅਤੇ ਸਿਦਕਵਾਨਾਂ ਨੂੰ ਹੱਲਾਸ਼ੇਰੀ ਦੇਂਦੇ ਰਹੇ। ਸਿੰਘ ਲੜਦੇ-ਲੜਦੇ ਸ਼ਹੀਦੀਆਂ ਪਾ ਗਏ ਅਤੇ ਮੁਗ਼ਲ ਫ਼ੌਜ ਜਾਨ ਬਚਾਉਣ ਲਈ ਪਿੱਛੇ ਹਟ ਗਈ। ਸਤਿਗੁਰੂ ਜੀ ਟਿੱਬੀ ਸਾਹਿਬ ਤੋਂ ਉਤਰੇ ਅਤੇ ਉਨ੍ਹਾਂ ਨੇ ਇਕ-ਇਕ ਸ਼ਹੀਦ ਦੇ ਮੁੱਖ ਨੂੰ ਝਾੜਿਆ ਤੇ ਛਾਤੀ ਨਾਲ ਲਾ ਕੇ ਪਿਆਰ ਕੀਤਾ। ਮਹਾਂ ਸਿੰਘ ਆਖ਼ਰੀ ਸਵਾਸ ਲੈ ਰਿਹਾ ਸੀ। ਉਸ ਨੇ ਨੇਤਰ ਖੋਲ੍ਹੇ, ਗੁਰੂ ਜੀ ਨੇ ਹਿੱਕ ਨਾਲ ਲਾਇਆ ਤਾਂ ਮਹਾਂ ਸਿੰਘ ਜੀ ਨੇ ਪਿਆਰ ਨਾਲ ਛਲਕਦੇ ਬੋਲਾਂ ਵਿਚ ਬੇਨਤੀ ਕੀਤੀ, 'ਗੁਰਦੇਵ ਜੀ ਲਿਖਤ ਦਾ ਕਾਗਜ਼ ਫਾੜ ਦਿਓ, ਟੁੱਟੀ ਗੰਢੋ।' ਬਿਰਦਪਾਲ ਗੁਰਦੇਵ ਨੇ ਸਾਂਭ-ਸੰਭਾਲ ਕੇ ਰੱਖਿਆ ਬੇਦਾਵਾ ਪਾੜਿਆ, ਟੁੱਟੀ ਗੰਢੀ ਅਤੇ ਧੰਨ ਸਿੱਖੀ, ਕਹਿ ਕੇ 'ਸ਼ਹੀਦਾਂ ਤੋਂ ਬਲਿਹਾਰ ਬਲਿਹਾਰ' ਦੀ

www.sikhbookclub.com

ਗੁੰਜਾਰ ਲਾਈ। ਇਹੋ ਬਿਰਦ ਪਾਲਣ ਦਾ ਚੌਥਾ ਸੰਦੇਸ਼ ਸਿੱਖ ਸੇਵਕਾਂ ਦਾ ਸਦੀਵੀ ਧਰਵਾਸ ਹੈ :

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ,
ਗਰੀਬ ਨਿਵਾਜ ਨ ਦੂਸਰ ਤੋ ਸੋ ॥
ਭੂਲ ਛਿਮੋ ਹਮਰੀ ਪ੍ਰਭ ਆਪਨ,
ਭੂਲਨਹਾਰ ਕਹੂੰ ਕੋਊ ਮੋ ਸੋ ॥
ਸੇਵ ਕਰੀ ਤੁਮਰੀ ਤਿਨ ਕੇ,
ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ ॥
ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ,
ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥

(ਦਸਮ ਗ੍ਰੰਥ, ਪੰਨਾ ੪੫)

ਪੰਜਵਾਂ ਸੰਦੇਸ਼ 'ਸਾਬੋ ਕੀ ਤਲਵੰਡੀ' ਦਮ ਲੈਣ ਦੀ ਥਾਂ ਅਰਥਾਤ ਦਮਦਮਾ ਸਾਹਿਬ ਦੀ ਪਾਵਨ ਧਰਤੀ ਤੋਂ ਅਨਾਹਦ ਸ਼ਬਦ ਸਰੂਪ ਗੂੰਜ ਰਿਹਾ ਹੈ। ਇਥੇ ਸਿੱਖ ਸਖਾ, ਭਾਈ, ਬੰਧਪ, ਸਿਦਕਵਾਨ ਤੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਆ ਜੁੜੇ। ਦਮਦਮਾ ਸਾਹਿਬ ਨੇ ਅਨੰਦਪੁਰ ਦਾ ਰੂਪ ਧਾਰ ਲਿਆ। ਇਥੇ ਖੰਡੇ ਦੀ ਪਾਹੁਲ ਨਾਲ ਵਿਸ਼ਵ-ਭਾਈਵਾਲਤਾ ਵਿਚ ਅਣਗਿਣਤ ਬਾਲਕ-ਬ੍ਰਿਧ ਨਰ ਨਾਰੀ ਸ਼ਾਮਿਲ ਹੋਏ। ਸ਼ਬਦ ਗੁਰੂ ਨੇ ਗੁਰਦੇਵ ਦੇ ਮੁਖ਼ਾਰਬਿੰਦ ਤੋਂ ਭਾਈ ਮਨੀ ਸਿੰਘ ਜੀ ਦੀ ਲੇਖਣੀ ਰਾਹੀਂ ਦਮਦਮਾ ਸਾਹਿਬ ਵਾਲੀ ਬੀੜ ਦਾ ਸਰੂਪ ਧਾਰਨ ਕੀਤਾ। ਸੰਸਾਰ ਦੇ ਸਭ ਥਕੇਵੇਂ-ਅਕੇਵੇਂ ਸ਼ਬਦ ਸਰੂਪ ਕਰਤਾਰ ਵਿਚ ਲੀਨ ਹੋਣ ਨਾਲ ਸਮਾਪਤ ਹੋ ਜਾਂਦੇ ਹਨ ਅਤੇ ਹਰ ਸਥਿਤੀ ਦੇ ਹਰ ਸਮੇਂ ਕਰਤਾਰ ਅੰਗ-ਸੰਗ ਅਨੁਭਵ ਹੁੰਦਾ ਹੈ। ਸੰਦੇਸ਼ ਦੀ ਤਾਨ ਸਰਬ-ਵਿਆਪੀ 'ਇਕ' ਦੇ ਅਹਿਸਾਸ ਉੱਤੇ ਟੁੱਟਦੀ ਹੈ :

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

(ਜਾਪੁ ਸਾਹਿਬ)

ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਦੇ ਇਹ ਪੰਜ ਸੰਦੇਸ਼ ਜੋ ਚਮਕੌਰ ਸਾਹਿਬ ਤੋਂ ਤਲਵਾਰ ਦੀ ਟੁਣਕਾਰ ਰਾਹੀਂ, ਮਾਛੀਵਾੜੇ ਤੋਂ ਹਿਰਦੇ ਦੀ ਪੁਕਾਰ ਰਾਹੀਂ, ਦੀਨੇ ਤੋਂ ਜ਼ਾਲਮਾਂ ਨੂੰ ਕੀਤੀ ਵੰਗਾਰ ਰਾਹੀਂ, ਮੁਕਤਸਰ ਸਾਹਿਬ ਤੋਂ ਬਿਰਦਪਾਲ ਦੇ ਸ਼ਬਦ ਬਲਿਹਾਰ ਰਾਹੀਂ ਅਤੇ ਦਮਦਮਾ ਸਾਹਿਬ ਤੋਂ ਸਦਾ ਅੰਗ ਸੰਗੇ ਦੀ ਧੁਨੀ 'ਕਰਤਾਰ-ਕਰਤਾਰ' ਰਾਹੀਂ ਸੁਣਾਈ ਦੇਂਦੇ ਹਨ, ਜੋ ਜੋ ਸੁਣਨਗੇ ਅਤੇ ਆਪਣੇ ਮਨਾਂ ਨੂੰ ਇਨ੍ਹਾਂ ਰਾਹੀਂ ਰਿਝਾਉਣਗੇ, ਉਹ ਵਿਸ਼ਵ ਭਾਈਚਾਰੇ ਦੀ ਮਾਲਾ ਦੇ ਚਮਕਦਾਰ ਮੋਤੀ ਬਣ ਕੇ, ਇਸ ਧਰਤੀ ਉੱਤੇ ਆਪਣੇ ਆਉਣ-ਜਾਣ ਨੂੰ ਸਫ਼ਲ ਬਣਾਉਣਗੇ।

(4/1993)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮ-ਸੰਦੇਸ਼

ਪ੍ਰੇਮ ਅਤੇ ਭਾਈਚਾਰਾ ਮਨੁੱਖਤਾ ਲਈ ਆਕਸੀਜਨ ਦਾ ਕੰਮ ਕਰਦੇ ਹਨ। ਜਦੋਂ ਕਿਸੇ ਸਮਾਜ ਵਿਚ ਇਸ ਪ੍ਰਾਣਵਾਯੂ ਦੀ ਘਾਟ ਹੋ ਜਾਂਦੀ ਹੈ ਤਾਂ ਉਹ ਸਮਾਜ ਰੁੱਖਾ, ਚਿੜਚਿੜਾ ਅਤੇ ਖੋਖਲਾ ਹੋ ਜਾਂਦਾ ਹੈ। ਪਲੈਟੋ ਦੇ ਪੰਜਾਂ ਮਹਾਨ ਸੰਵਾਦਾਂ ਵਿਚੋਂ ਸਿੰਪੋਜ਼ਿਅਮ ਵਿਚ ਪਿਆਰ ਅਥਵਾ ਪ੍ਰੇਮ ਦੇ ਵਿਸ਼ੇ 'ਤੇ ਭਰਪੂਰ ਵਿਚਾਰ ਪ੍ਰਗਟ ਕੀਤੇ ਗਏ ਹਨ। ਫੀਡਰਸ, ਅਗਾਥਨ, ਸੁਕਰਾਤ ਆਦਿ ਮਿੱਤਰ ਸ਼ਾਮ ਨੂੰ ਇਕ ਭੋਜ 'ਤੇ ਜੁੜਦੇ ਹਨ ਅਤੇ ਹਰ ਵਿਅਕਤੀ ਨੂੰ ਪ੍ਰੇਮ ਦੀ ਪ੍ਰਸੰਸਾ ਵਿਚ ਇਕ ਸੰਖੇਪ ਭਾਸ਼ਣ ਦੇਣ ਲਈ ਕਿਹਾ ਜਾਂਦਾ ਹੈ। ਪਿਆਰ ਦੇ ਸਰੀਰਕ ਅਤੇ ਆਤਮਕ ਰੂਪਾਂ ਦਾ ਭਰਪੂਰ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਉਸ ਸੰਬਾਦ ਵਿਚ ਮਹਾਂ ਕਵੀ ਹੀਸੋਡ ਦੀ ਰਚਨਾ ਵਿਚ ਉਦਾਹਰਨ ਦਿੰਦਾ ਹੋਇਆ ਫੀਡਰਸ ਕਹਿੰਦਾ ਹੈ—'ਪਹਿਲਾ ਧੁੰਧੂਕਾਰ ਸੀ ਅਤੇ ਉਸ ਤੋਂ ਬਾਅਦ ਵਿਸ਼ਾਲ ਧਰਤੀ ਅਤੇ ਪ੍ਰੇਮ ਪੈਦਾ ਹੋਏ।'

First chaos came and then broad-bosomed Earth, the everlasting seat of all that is, And love.

(ਫਾਈਵ ਗਰੇਟ ਡਾਯਲਾਗ ਆਫ ਪਲੈਟੋ—ਸਿੰਪੋਜ਼ਿਯਮ)

ਪਿਆਰ ਨੂੰ ਦੇਵਤਿਆਂ ਵਿੱਚੋਂ ਸਭ ਤੋਂ ਵਡੇਰਾ ਮੰਨਦੇ ਹੋਏ ਫੀਡਰਸ ਇਕ ਬਹੁਤ ਹੀ ਦਿਲਚਸਪ ਸੁਝਾਅ ਦਿੰਦੇ ਹੋਏ ਕਹਿੰਦਾ ਹੈ ਕਿ ਜੇ ਪ੍ਰੇਮੀਆਂ ਤੇ ਪ੍ਰੇਮਿਕਾਵਾਂ ਨੂੰ ਕਿਸੇ ਫ਼ੌਜ ਵਿਚ ਇਕੱਠਿਆਂ ਭਰਤੀ ਕਰ ਕੇ ਫ਼ੌਜ ਬਣਾਈ ਜਾਵੇ ਤਾਂ ਉਹ ਫ਼ੌਜ ਸਭ ਤੋਂ ਜ਼ਿਆਦਾ ਮਾਰੂ ਸਾਬਤ ਹੋ ਸਕਦੀ ਹੈ ਕਿਉਂਕਿ ਕੋਈ ਵੀ ਸੱਚਾ ਪ੍ਰੇਮੀ ਲੜਾਈ ਵਿੱਚੋਂ ਭੱਜ ਕੇ ਆਪਣੀ ਪ੍ਰੇਮਿਕਾ ਸਾਹਮਣੇ ਕਾਇਰ ਸਾਬਤ ਹੋਣ ਨਾਲੋਂ ਉਥੇ ਮਰ ਜਾਣਾ ਗੌਰਵਸ਼ਾਲੀ ਸਮਝੇਗਾ। ਪ੍ਰੇਮ ਦੀ ਖਿੱਚ ਇੰਨੀ ਜ਼ਬਰਦਸਤ ਮੰਨੀ ਜਾਂਦੀ ਹੈ ਕਿ ਭੱਜਣ ਦੀ ਗੱਲ ਤਾਂ ਦੂਰ, ਕੋਈ ਆਪਣੇ ਚਹੇਤੇ ਨੂੰ ਮੁਸੀਬਤ ਵਿਚ ਛੱਡ ਜਾਣ ਦੀ ਵੀ ਸੋਚ ਹੀ ਨਹੀਂ ਸਕਦਾ।

ਸੁਕਰਾਤ ਤੋਂ ਪਹਿਲਾਂ ਹੋ ਚੁੱਕੇ ਥੈਲੀਜ਼, ਐਨੇਕਜ਼ਿਮੇਨੀਜ਼ ਅਤੇ ਹੇਰੇਕਲਾਇਟਸ ਆਦਿ ਦਾਰਸ਼ਨਿਕਾਂ ਵਿੱਚੋਂ ਕੋਈ ਜਲ ਨੂੰ ਪਰਮ ਤੱਤ ਮੰਨਦਾ ਹੈ ਅਤੇ ਕੋਈ ਹਵਾ ਅਥਵਾ ਅਗਨੀ ਨੂੰ। ਪਰੰਤੂ ਸੁਕਰਾਤ ਦਾ ਸਮਕਾਲੀ ਐਮਪੇਕਡੋਲੀਜ਼ ਇਨ੍ਹਾਂ ਸਾਰਿਆਂ ਦਾ ਸਮਨਵੈ ਕਰਦਾ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਮੌਲਿਕ ਤੱਤ ਕਹਿੰਦੇ ਹੋਏ ਦੱਸਦਾ ਹੈ ਕਿ ਇਨ੍ਹਾਂ ਸਾਰਿਆਂ ਦਾ ਮੂਲ ਰੂਪ ਅਣੂ ਹੈ। ਅਣੂ ਰੂਪ ਵਿਚ ਇਨ੍ਹਾਂ ਦੀ ਉਤਪਤੀ ਜਾਂ ਵਿਨਾਸ਼ ਨਹੀਂ ਹੁੰਦਾ। ਇਨ੍ਹਾਂ ਦਾ ਕੇਵਲ ਸੰਜੋਗ ਅਤੇ ਵਿਜੋਗ ਹੀ ਹੁੰਦਾ ਹੈ। ਸ੍ਰਿਸ਼ਟੀ ਇਨ੍ਹਾਂ ਚਾਰਾਂ ਦੇ ਸੰਜੋਗ ਦਾ ਨਾਂ ਹੈ ਅਤੇ ਵਿਨਾਸ਼ ਇਨ੍ਹਾਂ ਦੇ ਵਿਜੋਗ ਨੂੰ ਕਹਿੰਦੇ ਹਨ। ਸੰਜੋਗ ਅਤੇ ਵਿਜੋਗ ਨੂੰ ਦਰਸਾਉਣ ਲਈ ਉਹ ਪ੍ਰੇਮ ਅਤੇ ਵਿਰੋਧ ਨੂੰ ਆਧਾਰ ਮੰਨਦਾ ਹੈ।

www.sikhbookclub.com

ਪ੍ਰੇਮ-ਵੱਸ ਇਹ ਤੱਤ ਜੁੜਦੇ ਹਨ ਅਤੇ ਵਿਰੋਧ ਕਾਰਨ ਇਹ ਇਕ ਦੂਜੇ ਤੋਂ ਦੂਰ ਹਟਦੇ ਹਨ। ਦਰਅਸਲ ਸ੍ਰਿਸ਼ਟੀ ਦਾ ਆਦਿ ਤਾਂ ਹੈ ਪਰ ਐਮਪੋਕਡੋਲੀਜ਼ ਦੇ ਅਨੁਸਾਰ ਇਸ ਦਾ ਅੰਤ ਨਹੀਂ। ਸ੍ਰਿਸ਼ਟੀ-ਵਿਕਾਸ ਨੂੰ ਸਮਝਾਉਂਦਾ ਹੋਇਆ ਇਹ ਦਾਰਸ਼ਨਿਕ ਕਹਿੰਦਾ ਹੈ ਕਿ ਸ੍ਰਿਸ਼ਟੀ ਦੇ ਆਰੰਭ ਤੋਂ ਪਹਿਲਾਂ ਇਹ ਸਾਰੇ ਤੱਤ ਪ੍ਰੇਮ ਦੇ ਕਾਰਨ ਇਕਾਈ ਦੀ ਅਵਸਥਾ ਵਿਚ ਸਨ ਪਰੰਤੂ ਕਾਲਾਂਤਰ ਵਿਚ ਪਰਸਪਰ ਵਿਰੋਧ ਹੋਣ ਕਾਰਨ ਇਹ ਤੱਤ ਵੱਖਰੇ-ਵੱਖਰੇ ਹੋ ਗਏ[1]। ਸਭ ਤੋਂ ਪਹਿਲਾਂ ਵਾਯੂ, ਫਿਰ ਅਗਨੀ ਅਤੇ ਬਾਅਦ ਵਿਚ ਪ੍ਰਿਥਵੀ ਅਤੇ ਉਸ ਵਿੱਚੋਂ ਜਲ ਦੀ ਉਤਪਤੀ ਹੋਈ। ਪਹਿਲੀ ਅਵਸਥਾ ਨੂੰ ਇਹ ਦਾਰਸ਼ਨਿਕ ਦਿੱਬ ਅਵਸਥਾ ਮੰਨਦਾ ਹੈ ਜਿਸ ਵਿਚ ਪ੍ਰੇਮ ਦਾ ਹੀ ਪੂਰਨ ਰਾਜ ਸੀ। ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਜਲ, ਅਗਨੀ, ਵਾਯੂ ਅਤੇ ਪ੍ਰਿਥਵੀ ਆਦਿ ਤੋਂ ਵੀ ਪਹਿਲਾਂ ਪ੍ਰੇਮ ਵਿਦਮਾਨ ਸੀ ਅਤੇ ਸ਼ਾਇਦ ਇਸੇ ਲਈ ਇਹ ਪ੍ਰੇਮ ਅਨਾਦਿ ਕਾਲ ਤੋਂ ਹੀ ਮਨੁੱਖਤਾ ਦੀ ਸਭ ਤੋਂ ਵੱਡੀ ਲੋੜ ਬਣਿਆ ਚਲਿਆ ਆ ਰਿਹਾ ਹੈ।

ਪ੍ਰੇਮ ਅਤੇ ਭਾਈਚਾਰੇ ਦੇ ਕਈ ਰੂਪ ਹੋ ਸਕਦੇ ਹਨ। ਇਹ ਸਰੀਰਕ ਵੀ ਹੋ ਸਕਦਾ ਹੈ, ਮਾਨਸਿਕ ਵੀ ਅਤੇ ਆਤਮਿਕ ਵੀ। ਅੰਗਰੇਜ਼ ਦਾਰਸ਼ਨਿਕ ਬੇਕਨ ਨੇ ਸਤਾਰ੍ਹਵੀਂ ਸਦੀ ਵਿਚ ਪ੍ਰੇਮ ਉੱਤੇ ਲਿਖੇ ਨਿਬੰਧ ਵਿਚ ਪ੍ਰੇਮ ਨੂੰ ਇਕ ਸਟੇਜੀ ਵਸਤੂ ਮੰਨਦੇ ਹੋਏ ਕਿਹਾ ਹੈ ਕਿ ਵਾਸਤਵਿਕ ਜੀਵਨ ਵਿਚ ਪ੍ਰੇਮ ਕਰਨਾ ਮੂਰਖਤਾ ਹੈ ਕਿਉਂਕਿ ਮਹਾਨ ਅਤੇ ਯੋਗ ਵਿਅਕਤੀਆਂ ਨੇ ਆਪਣੇ ਆਪ ਨੂੰ ਪਿਆਰ ਤੋਂ ਦੂਰ ਹੀ ਰੱਖਿਆ ਹੁੰਦਾ ਹੈ, ਪ੍ਰੇਮ ਇਕ ਨਿੰਦਣਯੋਗ ਮੂਰਤੀ-ਪੂਜਾ ਹੈ, ਪ੍ਰੇਮ ਸੱਚ ਨੂੰ ਵਿਗਾੜ ਕੇ ਅਤੇ ਵਧਾਅ-ਚੜ੍ਹਾ ਕੇ ਪੇਸ਼ ਕਰਦਾ ਹੈ ਅਤੇ ਪ੍ਰੇਮ ਮਨੁੱਖ ਵਿਚਲੀ ਅਕਲ ਅਤੇ ਉਸ ਦੇ ਧਨ ਤੋਂ ਉਸ ਨੂੰ ਵੰਚਿਤ ਕਰ ਦਿੰਦਾ ਹੈ। ਬੇਕਨ ਮੰਨਦਾ ਹੈ ਕਿ 'It is impossible to love and be wise' ਅਰਥਾਤ ਪਿਆਰ ਕਰ ਕੇ ਅਕਲਮੰਦ ਬਣੇ ਰਹਿਣਾ ਅਸੰਭਵ ਹੈ। ਬੇਕਨ ਏਥੇ ਸ਼ਾਇਦ ਸਰੀਰਕ ਪਿਆਰ ਦੀ ਪੱਧਰ 'ਤੇ ਹੀ ਗੱਲ ਕਰਦਾ ਹੈ ਪਰ ਆਪਣੇ ਸਮੇਂ ਦਾ ਸਭ ਤੋਂ ਸ਼ਾਨਦਾਰ ਅਕਲਮੰਦ ਅਤੇ ਸਭ ਤੋਂ ਵੱਧ ਸੁਆਰਥੀ ਮੰਨਿਆ ਜਾਣ ਵਾਲਾ ਬੇਕਨ ਵੀ ਅੰਤ ਵਿਚ ਮੰਨਦਾ ਹੈ ਕਿ ਵਿਅਕਤੀਗਤ ਪਿਆਰ ਨੂੰ ਆਮ ਲੋਕਾਂ ਦੇ ਪਿਆਰ ਤਕ ਵਿਸਤਾਰ ਦੇਣਾ ਚਾਹੀਦਾ ਹੈ ਕਿਉਂਕਿ ਚਾਹੇ ਕੁਝ ਵੀ ਹੋਵੇ, ਪਿਆਰ ਦੀਆਂ ਜੜ੍ਹਾਂ ਮਨੁੱਖੀ ਸੁਭਾਅ ਵਿਚ ਬੜੀਆਂ ਡੂੰਘੀਆਂ ਹਨ :

> "There is in man's nature a secret inclination and motion towards love of others, which if it be not spent upon some one or a few, both naturally spread itself towards many and maketh men become humane and charitable...."
>
> *(ਬੇਕਨ, ਨਿਬੰਧ 'ਲਵ')*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ 33 ਸਵੈਯਾਂ ਵਿਚ ਪ੍ਰੇਮ ਨੂੰ ਧਰਮ ਕਰਮ ਦੇ ਨਾਂ 'ਤੇ ਕੀਤੇ ਜਾ ਰਹੇ ਸਾਰੇ ਪ੍ਰਪੰਚਾਂ ਨਾਲੋਂ ਉੱਚਾ ਭਾਵ ਮੰਨਦੇ ਹਨ ਅਤੇ ਸਵੀਕਾਰ ਕਰਦੇ ਹਨ ਕਿ ਕੇਵਲ ਸੱਚੇ ਅਥਵਾ ਵਾਸ਼ਨਾ ਅਤੇ ਕਾਮਨਾ ਵਿਹੀਨ ਪ੍ਰੇਮ ਦੇ ਰਾਹੀਂ ਹੀ ਪ੍ਰਭੂ ਦਾ ਸਾਖਿਆਤਕਾਰ ਕੀਤਾ ਜਾ ਸਕਦਾ ਹੈ :

---

1. ਬੀ.ਐਨ. ਸਿੰਘ, ਪਾਸ਼ਚਾਤਾਯ ਦਰਸ਼ਨ, ਪੰਨਾ 19.

www.sikhbookclub.com

ਧਯਾਨ ਲਗਾਇ ਠਗਿਓ ਸਭ ਲੋਗਨ ਸੀਸ ਜਟਾ ਨਖ ਹਾਥ ਬਢਾਏ ॥
ਲਾਇ ਬਿਭੂਤ ਫਿਰਯੋ ਮੁਖ ਊਪਰਿ ਦੇਵ ਅਦੇਵ ਸਭੈ ਡਹਕਾਏ ॥
ਲੋਭ ਕੇ ਲਾਗੈ ਫਿਰਯੋ ਘਰ ਹੀ ਘਰ ਜੋਗ ਕੇ ਨਯਾਸ ਸਭੈ ਬਿਸਰਾਏ ॥
ਲਾਜ ਗਈ ਕਛੁ ਕਾਜੁ ਸਰਯੋ ਨਹਿ ਪ੍ਰੇਮ ਬਿਨਾ ਪ੍ਰਭ ਪਾਨ ਨ ਆਏ ॥੧੮॥

(ਦਸਮ ਗ੍ਰੰਥ, ੩੩ ਸਵੱਯੇ)

ਜਿਵੇਂ ਮੁੱਠ ਨੂੰ ਜ਼ੋਰ ਨਾਲ ਜ਼ਬਰਦਸਤੀ ਬੰਦ ਕਰੀ ਰੱਖਣਾ ਬਹੁਤ ਦੇਰ ਤੱਕ ਸੰਭਵ ਨਹੀਂ, ਸਰੀਰ ਆਪਣੇ ਆਪ ਆਪਣੀ ਸਾਧਾਰਨ ਅਵਸਥਾ ਵਿਚ ਆ ਜਾਂਦਾ ਹੈ, ਉਸੇ ਤਰ੍ਹਾਂ ਹੀ ਕਰੜਾਈ ਨਾਲ ਸਰੀਰ ਨੂੰ ਉਸ ਦੀ ਸੁਭਾਵਿਕ ਪ੍ਰਕ੍ਰਿਤੀ ਦੇ ਉਲਟ ਲਿਜਾਣ ਦੀ ਕੋਸ਼ਿਸ਼ ਦੀ ਅਸਫਲਤਾ ਨੂੰ ਹਠ-ਯੋਗੀ, ਭਾਰਤ ਵਿਚ ਹਜ਼ਾਰਾਂ ਸਾਲਾਂ ਤੋਂ ਅਨੁਭਵ ਕਰਦੇ ਆਏ ਹਨ। ਦਰਅਸਲ ਪਿਆਰ ਦੀ ਥਾਂ ਕਠੋਰ ਅਨੁਸ਼ਾਸਨ ਵਿਅਕਤੀਗਤ ਜੀਵਨ, ਪਰਿਵਾਰ ਅਤੇ ਸਮਾਜ ਇਕ ਅਜੀਬ ਨੀਰਸਤਾ ਅਤੇ ਅਭਿਮਾਨ ਪੈਦਾ ਕਰ ਦਿੰਦਾ ਹੈ। ਜਦੋਂ ਜੀਵਨ ਨੂੰ ਕਾਬੂ ਕਰਨ ਲਈ ਨਿਯਮ-ਦਰ-ਨਿਯਮ ਅਰਥਾਤ ਕਾਨੂੰਨ-ਦਰ-ਕਾਨੂੰਨ ਬਣਾ ਲਏ ਜਾਂਦੇ ਹਨ ਤਾਂ ਉਨ੍ਹਾਂ ਨਿਯਮਾਂ ਵਿਚੋਂ ਹੀ ਵਿਦਰੋਹ ਪੈਦਾ ਹੁੰਦਾ ਹੈ ਅਤੇ ਜੀਵਨ ਨੂੰ ਖੇਰੂੰ-ਖੇਰੂੰ ਕਰ ਦਿੰਦਾ ਹੈ। ਬੱਚੇ ਉੱਤੇ ਲੱਦੇ ਬਹੁਤੇ ਨਿਯਮ ਉਸ ਨੂੰ ਮਾਂ-ਬਾਪ ਵੱਲੋਂ ਉਪਰਾਮ ਵੀ ਕਰ ਦੇਂਦੇ ਅਤੇ ਉਨ੍ਹਾਂ ਪ੍ਰਤੀ ਵਿਦਰੋਹੀ ਵੀ ਬਣਾ ਦਿੰਦੇ ਹਨ। ਏਸੇ ਲਈ ਅੱਜ ਦੇ ਯੁੱਗ ਵਿਚ ਬੇਟਾ ਹੋਰ ਤਾਂ ਭਾਵੇਂ ਕਿਸੇ ਨੂੰ ਮਾਫ਼ ਕਰ ਦੇਵੇ ਪਰ ਆਪਣੇ ਪਿਤਾ ਨੂੰ ਮਾਫ਼ ਨਹੀਂ ਕਰ ਸਕਦਾ ਕਿਉਂਕਿ ਪਿਤਾ ਹਰ ਪਲ ਨਿਯਮਬੱਧ ਹੋਣ ਲਈ ਡਰਾਵੇ, ਧਮਕੀਆਂ ਦੇ ਕੇ ਬੱਚੇ ਦੇ ਸਵੈਮਾਨ ਨੂੰ ਸੱਟ ਮਾਰਦਾ ਰਹਿੰਦਾ ਹੈ। ਇਸ ਲਈ ਸੁਖਦ ਜੀਵਨ ਲਈ, ਸੁਖੀ ਪਰਿਵਾਰ ਲਈ ਅਤੇ ਸੁਖੀ ਮਨੁੱਖਤਾ ਲਈ ਘੱਟ ਤੋਂ ਘੱਟ ਅਤਿ ਜ਼ਰੂਰੀ ਨਿਯਮ ਹੀ ਹੋਣੇ ਚਾਹੀਦੇ ਹਨ। ਦੋ ਵਿਅਕਤੀਆਂ ਵਿਚ ਸਬੰਧ ਆਜ਼ਾਦੀ ਅਤੇ ਪਿਆਰ ਦੇ ਆਧਾਰ 'ਤੇ ਹੋਵੇ, ਨਿਯਮ ਜਾਂ ਹਕੂਮਤ ਦੇ ਆਧਾਰ 'ਤੇ ਨਹੀਂ। ਮਜ਼ੇ ਦੀ ਗੱਲ ਹੈ ਕਿ ਵਿਅਕਤੀ ਜਿੰਨਾ ਦੂਜਿਆਂ ਨੂੰ ਆਜ਼ਾਦੀ ਦਾ ਜੀਵਨ ਜੀਊਣ ਦੀ ਖੁੱਲ੍ਹ ਦਏਗਾ, ਦੂਜਾ ਵਿਅਕਤੀ ਉਨਾ ਹੀ ਜ਼ਿਆਦਾ ਉਸ ਦੀ ਅਧੀਨਗੀ ਮੰਨਣ ਨੂੰ ਤਿਆਰ ਰਹੇਗਾ ਕਿਉਂਕਿ ਇਹ 'ਹਲੇਮੀ ਰਾਜ', ਇਸ ਵਿਚ ਹਰ ਇਕ ਨੂੰ ਆਜ਼ਾਦੀ ਹੈ, ਕਿਸੇ ਦੇ ਵੀ ਸਵੈਮਾਨ ਨੂੰ ਸੱਟ ਨਹੀਂ ਮਾਰਦਾ। ਜਦੋਂ ਸਵੈਮਾਨ ਨੂੰ ਸੱਟ ਵੱਜਦੀ ਹੈ ਤਾਂ ਸਿੱਟੇ ਭਿਆਨਕ ਨਿਕਲਦੇ ਹਨ।

ਵਿਜੋਗੇ ਹੋਏ ਪ੍ਰੇਮ-ਵਿਹੀਨ ਮਨੁੱਖ ਦੀ ਹਉਮੈ ਨੇ ਆਪਣੇ ਚਾਰ-ਚੁਫੇਰੇ ਅਦ੍ਰਿਸ਼ ਕਿਸਮ ਦੀਆਂ ਦੀਵਾਰਾਂ ਖੜ੍ਹੀਆਂ ਕੀਤੀਆਂ ਹਨ ਜਿਹੜੀਆਂ ਦਿਸਦੀਆਂ ਤਾਂ ਨਹੀਂ ਪਰ ਮਨੁੱਖ ਉਨ੍ਹਾਂ ਨਾਲ ਟੱਕਰਾਂ ਮਾਰ-ਮਾਰ ਕੇ ਮਰੀ ਜਾ ਰਿਹਾ ਹੈ। ਉਨ੍ਹਾਂ ਦੀਵਾਰਾਂ ਤੋਂ ਉਹ ਬਾਹਰ ਨਹੀਂ ਜਾ ਸਕਦਾ। ਪਹਿਲਾਂ ਮਨੁੱਖ ਨੇ ਦੇਸਾਂ ਦੇ ਨਾਂ 'ਤੇ ਏਨੇ ਵੱਡੇ-ਵੱਡੇ ਅਜਾਇਬ ਘਰ ਬਣਾਏ ਤਾਂ ਕਿ ਲੱਖਾਂ ਮਨੁੱਖਾਂ ਨੂੰ ਧੋਖੇ ਵਿਚ ਰੱਖਿਆ ਜਾ ਸਕੇ ਕਿ ਉਹ ਕਿਤੇ ਬੰਦ ਨਹੀਂ ਹਨ, ਕੈਦ ਨਹੀਂ ਹਨ, ਇਸ ਅਜਾਇਬ ਘਰ ਵਿਚ ਜਿਥੇ ਚਾਹੇ ਆ ਜਾ ਸਕਦੇ ਹਨ। ਪਰ ਗੱਲ ਏਥੇ ਹੀ ਨਹੀਂ ਮੁੱਕੀ, ਮਨੁੱਖ ਨੇ ਆਪਣੀ ਹਉਮੈ ਦੇ ਨਾਲ ਹੀ ਨਾਲ ਇਨ੍ਹਾਂ ਵੱਡੇ ਅਜਾਇਬ ਘਰਾਂ ਵਿਚ ਮਜ਼ਹਬਾਂ, ਕੌਮਾਂ ਦੇ ਨਾਂ 'ਤੇ ਛੋਟੇ-ਛੋਟੇ ਹੋਰ ਅਜਾਇਬ ਘਰਾਂ ਦਾ ਨਿਰਮਾਣ ਵੀ ਕੀਤਾ। ਇਨ੍ਹਾਂ ਅਜਾਇਬ ਘਰਾਂ ਦੀਆਂ ਦੀਵਾਰਾਂ ਦੇਸ ਰੂਪੀ ਵੱਡੇ ਅਜਾਇਬ ਘਰਾਂ ਵਾਂਗ ਅਦਿੱਖ ਨਹੀਂ ਹਨ। ਇਹ ਸਥੂਲ ਹਨ, ਵੇਖੀਆਂ ਵੀ ਜਾਣੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀਆਂ ਸੀਮਾਵਾਂ ਨੂੰ ਪਾਰ ਕਰਨ ਦੀ ਇਜਾਜ਼ਤ ਨਹੀਂ ਹੈ। ਮਨੁੱਖ ਦੀ ਹਉਮੈ ਏਥੇ ਹੀ ਨਹੀਂ

www.sikhbookclub.com

ਰੁਕਦੀ। ਇਨ੍ਹਾਂ ਸੀਮਾਵਾਂ ਵਿਚ ਹੋਰ ਛੋਟੀਆਂ ਸੀਮਾ-ਰੇਖਾਵਾਂ ਖਿੱਚੀਆਂ ਜਾਂਦੀਆਂ ਹਨ। ਮੁਸਲਮਾਨ ਦੇ ਸ਼ੀਆ ਅਤੇ ਸੁੰਨੀਆਂ ਵਿਚ ਉਨਾ ਹੀ ਤਨਾਵ ਹੈ ਜਿੰਨਾ ਹਿੰਦੂ, ਮੁਸਲਮਾਨ ਵਿਚ। ਹਿੰਦੂਆਂ ਦੇ ਬ੍ਰਾਹਮਣ-ਸ਼ੂਦਰ ਵਿਚਕਾਰ ਉਨੀ ਹੀ ਮਜ਼ਬੂਤ ਕੰਧ ਹੈ ਜਿੰਨੀ ਬ੍ਰਾਹਮਣਾਂ ਦੇ ਸਰਯੂਪਾਰੀਣ ਅਤੇ ਕਾਨਯਕੁਬਜ ਬ੍ਰਾਹਮਣਾਂ ਦੇ ਵਿਚਕਾਰ ਹੈ। ਮਨੁੱਖ ਦੇ ਹਉਮੈ ਨੇ ਮਨੁੱਖ ਨੂੰ ਏਨਾ ਨਪੀੜ ਸੁੱਟਿਆ ਹੈ ਕਿ ਉਸ ਦੇ ਸਰੀਰ ਦੇ ਨਾਲ-ਨਾਲ ਉਸ ਦੀ ਨਿਰੋਲ ਆਤਮਾ ਵੀ ਹਿੰਦੂ-ਮੁਸਲਮਾਨ ਜਾਂ ਈਸਾਈ ਬਣ ਕੇ ਰਹਿ ਗਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਪੁ ਸਾਹਿਬ ਵਿਚ ਸ਼ਾਇਦ ਏਸੇ ਤਰ੍ਹਾਂ ਦੀ ਸਥਿਤੀ ਦੇ ਅਨੁਭਵ ਕਰਕੇ ਪਰਮਾਤਮਾ ਨੂੰ ਮੰਨਣ ਵਾਲੇ, ਪਰ ਧਰਮਾਂ ਮਜ਼ਬਾਂ ਦੇ ਨਾਂ ਉੱਤੇ ਆਪਸ ਵਿਚ ਲੜਨ ਵਾਲਿਆਂ ਨੂੰ ਪੁਕਾਰ-ਪੁਕਾਰ ਕੇ ਕਹਿਣਾ ਪਿਆ ਕਿ ਉਹ ਪ੍ਰਭੂ ਪਰਮਾਤਮਾ ਕੇਵਲ ਬਾਹਰੀ ਭੇਖਾਂ ਕਰਮ-ਕਾਂਡਾਂ ਤੋਂ ਹੀ ਪਰ੍ਹੇ ਨਹੀਂ ਹੈ ਸਗੋਂ ਉਹ ਸਾਰੇ ਮਜ਼ਬਾਂ ਤੋਂ ਵੀ ਪਰੇ ਹੈ—ਨਮਸਤੰ ਅਮਜਬੇ॥ ਨਮਸਤਸਤੁ ਅਜਬੇ॥੧੭॥ ਫਿਰ ਵੀ ਮਨੁੱਖ ਦੂਜੇ ਮਨੁੱਖ ਨੂੰ ਮਨੁੱਖ ਮੰਨਣ ਲਈ ਤਿਆਰ ਨਹੀਂ। ਦੂਜੇ ਦੀ ਹੋਂਦ ਨੂੰ ਸਵੀਕਾਰਨਾ ਮਨੁੱਖੀ ਭਾਈਚਾਰੇ ਅਤੇ ਪਰਸਪਰ ਪ੍ਰੇਮ ਲਈ ਪਹਿਲੀ ਪੌੜੀ ਹੈ। 'ਅਕਾਲ ਉਸਤਤਿ' ਵਿਚ ਵੀ ਇਸ ਤੱਥ ਨੂੰ ਖੁੱਲ੍ਹ ਕੇ ਮੰਨਿਆ ਗਿਆ ਹੈ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੧੫॥ *(ਅਕਾਲ ਉਸਤਤਿ)*

ਏਥੇ ਹੀ ਬਸ ਨਹੀਂ, ਦੇਹਰਾ, ਮਸੀਤ, ਪੁਰਾਣ ਅਤੇ ਕੁਰਾਨ ਨੂੰ ਸਮਦ੍ਰਿਸ਼ਟੀ ਨਾਲ ਵੇਖਣ-ਘੋਖਣ ਅਤੇ ਉਸ ਦੇ ਉਪਦੇਸ਼ਾਂ 'ਤੇ ਚੱਲਣ ਦੀ ਆਜ਼ਾਦੀ ਦਾ ਆਧਾਰ, ਇਨ੍ਹਾਂ ਸਭ ਦਾ ਇਕ ਪਰਮਾਤਮਾ ਦੀ ਜੋਤ ਦਾ ਪ੍ਰਗਟਾਵਾ ਹੋਣਾ ਮੰਨਿਆ ਗਿਆ ਹੈ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥...
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥੧੬॥ *(ਅਕਾਲ ਉਸਤਤਿ)*

ਵਿਗਿਆਨ ਵੀ ਇਸ ਧਾਰਮਿਕ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਇਸ ਪਰਮ ਤੱਤ ਦਾ ਪ੍ਰਗਟਾਵਾ ਹੀ ਸਾਰਾ ਸੰਸਾਰ ਹੈ। ਦਰਅਸਲ ਜੀਵਾਂ ਦਾ ਦਿਸਦਾ ਫ਼ਰਕ ਮੂਲ੍ਹ ਦਾ ਨਹੀਂ ਹੈ ਬਲਕਿ ਵਿਕਾਸ ਦੇ ਵੱਖੋ ਵੱਖ ਦਰਜੇ ਦਾ ਹੈ ਅਤੇ ਇਹ ਦਰਜਾ ਹਰ ਪ੍ਰਾਣੀ ਨੂੰ ਲੱਖਾਂ ਸਾਲਾਂ ਦੇ ਵਿਕਾਸ ਤੋਂ ਬਾਅਦ ਪ੍ਰਾਪਤ ਹੋਇਆ ਹੈ। ਇਸ ਵਿਕਾਸ-ਕ੍ਰਮ ਨੂੰ ਦੁਨੀਆਂ ਦੇ ਸਾਰੇ ਧਰਮ ਗ੍ਰੰਥਾਂ ਵਿਚ ਥੋੜ੍ਹੇ ਬਹੁਤ ਫ਼ਰਕਾਂ ਨਾਲ ਅੰਕਿਤ ਕੀਤਾ ਗਿਆ ਹੈ। ਰਿਗਵੇਦ ਦਾ 'ਨਾਸਦੀਯ ਸੂਕਤ' ਸ੍ਰਿਸ਼ਟੀ ਰਚਨਾ ਦਾ ਜ਼ਿਕਰ ਕਰਦਾ ਹੈ ਅਤੇ ਉਸੇ ਸੰਕੇਤ ਨੂੰ ਲੈ ਕੇ, ਆਉਣ ਵਾਲੇ ਸਮੇਂ ਵਿਚ ਸੂਤ੍ਰਕਾਰਾਂ ਅਤੇ ਪੁਰਾਣਕਾਰਾਂ ਨੇ

www.sikhbookclub.com

ਵਰਾਹ, ਕੱਛਪ, ਮੱਛ ਆਦਿ ਅਵਤਾਰਾਂ ਦੇ ਰੂਪ ਵਿਚ ਮਨੁੱਖ ਦੇ ਵਿਕਾਸ ਦੀ ਕਹਾਣੀ ਕਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕਹਿ ਕੇ ਪਹਿਲਾਂ ਪਰਮ ਸੱਚ ਤੋਂ ਪਉਣ ਅਰਥਾਤ ਗੈਸਾਂ ਅਤੇ ਫਿਰ ਗੈਸਾਂ ਤੋਂ ਪਾਣੀ ਅਤੇ ਫਿਰ ਪਾਣੀ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਦੀ ਗੱਲ ਕਹੀ ਗਈ ਹੈ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

(ਪੰਨਾ ੧੯)

ਸਾਰੇ ਪ੍ਰਾਣੀਆਂ ਦਾ ਇੱਕੋ ਤੱਤ ਤੋਂ ਵਿਕਾਸ ਹੋਇਆ ਹੈ ਅਤੇ ਸਾਰੇ ਹੀ ਇੱਕੋ ਪਰਮਾਤਮਾ ਦੇ ਪੁੱਤਰ ਹੋਣ ਕਾਰਨ ਆਪਸ ਵਿਚ ਭਾਈ ਹਨ ਅਤੇ ਪਰਸਪਰ ਭਾਈਚਾਰੇ ਦੇ ਹੱਕਦਾਰ ਹਨ।

ਮਨੁੱਖ ਨੂੰ ਭਾਵੇਂ ਸਾਰਿਆਂ ਜੀਵਾਂ ਨਾਲੋਂ ਸ੍ਰੇਸ਼ਟ ਅਤੇ ਸਾਰੇ ਜੀਵਾਂ ਦਾ ਮਾਲਿਕ ਮੰਨਿਆ ਗਿਆ ਹੈ ਪਰ ਉਸ ਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਵਿਕਾਸ ਦੀਆਂ ਹੇਠਲੀਆਂ ਪੱਧਰਾਂ ਨਾਲ ਉਸ ਦਾ ਕੋਈ ਸਬੰਧ ਨਹੀਂ ਹੈ। ਜੇਕਰ ਇਸ ਰਾਹ ਵਿਚ ਕੋਈ ਚਾਰ ਕਦਮ ਅੱਗੇ ਜਾ ਪਿੱਛੇ ਹੈ ਤਾਂ ਇਸ ਤੋਂ ਇਹ ਮਾਲੂਮ ਨਹੀਂ ਹੁੰਦਾ ਕਿ ਇਸ ਦਾ ਦੂਜੇ ਰਾਹੀਆਂ ਨਾਲ ਸੰਬੰਧ ਨਹੀਂ। ਵਿਕਾਸ ਦੀਆਂ ਕਈ ਅਵਸਥਾਵਾਂ ਨੂੰ ਪਾਰ ਕਰਦੇ ਹੋਏ ਮਨੁੱਖ ਨੇ ਦਿਮਾਗੀ ਉੱਨਤੀ ਕੀਤੀ ਹੈ ਪਰੰਤੂ ਇਹ ਨਿਰਵਿਵਾਦ ਹੈ ਕਿ ਮਨੁੱਖ ਦਾ ਸੰਬੰਧ ਸਾਰੇ ਪ੍ਰਾਣੀ ਮਾਤਰ ਨਾਲ ਹੈ। ਅਫ਼ਸੋਸ ਹੈ ਕਿ ਮਨੁੱਖ ਅਜੇ ਵੀ ਪ੍ਰਾਣੀ ਮਾਤਰ ਨੂੰ ਸਮਾਨਤਾ ਦਾ ਦਰਜਾ ਦੇਣ ਤੋਂ ਬਹੁਤ ਦੂਰ ਪਿੱਛੇ ਖੜ੍ਹਾ ਹੈ। ਉਹ ਤਾਂ ਆਪਣੇ ਨਾਲ ਵਸਦੇ ਮਨੁੱਖਾਂ ਨੂੰ ਵੀ ਬਰਾਬਰੀ ਦਾ ਦਰਜਾ ਦੇਣਾ ਉੱਚਿਤ ਨਹੀਂ ਸਮਝਦਾ ਅਤੇ ਜਾਪੁ ਸਾਹਿਬ ਦੇ ਪ੍ਰੇਮ ਰੂਪੀ ਪਰਮਾਤਮਾ ਤੋਂ ਉਤਪੰਨ ਪਰਸਪਰ ਪ੍ਰੇਮ ਦੇ ਸੰਦੇਸ਼ ਨੂੰ ਭੁੱਲ ਗਿਆ ਹੈ।

ਗੁਰਮੁਖ, ਬ੍ਰਹਮ ਗਿਆਨੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਅਸੀਂ ਖਾਲਸਾ ਰੂਪ ਵਿਚ ਵੇਖਦੇ ਹਾਂ। ਮਨੁੱਖਤਾ ਨੂੰ ਜੀਵਤ ਰੱਖਣ ਲਈ ਕਈ ਕਿਸਮ ਦੀਆਂ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਦੀ ਹੋਂਦ ਆਦਿ-ਕਾਲ ਤੋਂ ਹੀ ਬਣੀ ਚਲੀ ਆ ਰਹੀ ਹੈ। ਦਾਨ ਦੀ ਮਹਿਮਾ ਸਾਰੇ ਧਰਮ-ਗ੍ਰੰਥਾਂ ਵਿਚ ਹੀ ਗਾਈ ਗਈ ਹੈ। ਸਮਾਜ ਵਿਚ ਦਾਨੀ ਵਿਅਕਤੀ ਦਾ ਕਾਫ਼ੀ ਉੱਚਾ ਸਥਾਨ ਮੰਨਿਆ ਗਿਆ ਹੈ। ਲੋਕ ਇਸ ਦੀ ਘੱਟ ਹੀ ਪਰਵਾਹ ਕਰਦੇ ਹਨ ਕਿ ਦਾਨ ਦੇਣ ਲਈ ਧਨ-ਦੌਲਤ ਕਿਸ ਤਰ੍ਹਾਂ ਇਕੱਠੀ ਕੀਤੀ ਗਈ ਹੈ ਪਰੰਤੂ ਹਕੀਕਤ ਇਹ ਹੈ ਕਿ ਮਨੁੱਖ ਨੂੰ ਉਸ ਦੇ ਪੈਰਾਂ 'ਤੇ ਮਜ਼ਬੂਤੀ ਨਾਲ ਖੜ੍ਹਾ ਰੱਖਣ ਲਈ ਦਾਨ ਨਾਲੋਂ ਪ੍ਰੇਮ ਦੀ ਲੋੜ ਵਧੇਰੇ ਹੈ। ਦਰਅਸਲ ਪ੍ਰੇਮ ਅਤੇ ਮਿਤ੍ਰ ਭਾਵਨਾ ਵਿਚੋਂ ਨਿਕਲਿਆ ਦਾਨ ਅਜੋਕੇ ਅਰਥਾਂ ਵਿਚ ਦਾਨ ਨਹੀਂ ਹੈ, ਇਹ ਤਾਂ ਪ੍ਰੇਮ ਦਾ ਵਿਸਤਾਰ ਹੈ। ਆਮ ਤੌਰ 'ਤੇ ਦਾਨੀ ਵਿਅਕਤੀ ਉਮੀਦ ਕਰਦਾ ਹੈ ਜਿਸ ਨੂੰ ਦਾਨ ਦਿੱਤਾ ਜਾ ਰਿਹਾ ਹੈ ਉਹ ਉਸ ਦਾ ਅਹਿਸਾਨਮੰਦ ਹੋਵੇ। ਤਾਂ ਫਿਰ ਅਜਿਹਾ ਦਾਨ ਤਾਂ ਆਪਣੀ ਹਉਮੈ ਨੂੰ ਵਿਸਤਾਰ ਦੇਣ ਦਾ ਇਕ ਉਪਰਾਲਾ ਮਾਤਰ ਹੀ ਹੋਇਆ। ਹੋਣਾ ਇਹ ਚਾਹੀਦਾ ਹੈ ਕਿ ਦੇਣ ਵਾਲਾ ਧੰਨਵਾਦੀ ਹੋਵੇ ਇਸ ਗੱਲ ਦਾ ਕਿ ਮੇਰਾ ਦਿੱਤਾ ਹੋਇਆ ਸਵੀਕਾਰ ਕਰ ਲਿਆ ਗਿਆ ਹੈ। ਪ੍ਰੇਮ ਵਿੱਚੋਂ ਦੇਣ ਦੀ ਜਿਹੜੀ ਭਾਵਨਾ ਨਿਕਲੇਗੀ ਉਹ ਇੰਨੀ ਸਹਿਜ ਅਤੇ ਆਪ-ਮੁਹਾਰੀ ਹੋਵੇਗੀ ਕਿ ਲੈਣ ਦੇਣ ਨੂੰ ਜ਼ਰਾ ਜਿੰਨਾ ਵੀ ਮਨ 'ਤੇ ਬੋਝ ਮਹਿਸੂਸ ਨਹੀਂ ਹੋਵੇਗਾ। ਮਾਂ, ਬੇਟੇ ਲਈ ਸਾਰੀਆਂ ਤਕਲੀਫ਼ਾਂ ਸਹਾਰਦੀ ਹੋਈ ਵੀ ਹਮੇਸ਼ਾ ਇਹ ਹੀ ਕਹੇਗੀ ਕਿ ਮੈਂ ਕੁਝ ਨਹੀਂ ਕਰ ਸਕਦੀ ਇਸ ਦੇ ਵਾਸਤੇ। ਇਸ ਨੂੰ ਜੋ ਖੁਆਉਣਾ ਚਾਹੁੰਦੀ ਸਾਂ, ਜੋ ਪਹਿਨਾਉਣਾ ਚਾਹੁੰਦੀ ਸਾਂ, ਇਸ ਨੂੰ ਚੰਗੀ ਤਰ੍ਹਾਂ

www.sikhbookclub.com

ਖੁਆ-ਪਹਿਨਾ ਨਹੀਂ ਸਕੀ। ਪਰੰਤੂ ਕਿਸੇ ਸੰਸਥਾ ਦੇ ਪ੍ਰਬੰਧਕਾਂ ਤੋਂ ਪੁੱਛੋ ਤਾਂ ਉਹ ਆਪਣੇ ਕੀਤੇ ਕੰਮਾਂ ਦੀ ਲਿਸਟ ਹਮੇਸ਼ਾ ਤਿਆਰ ਰੱਖਣਗੇ, ਕੰਮ ਭਾਵੇਂ ਕੀਤੇ ਹੋਣ ਜਾਂ ਨਾ ਹੀ ਕੀਤੇ ਹੋਣ! ਮਾਂ ਪ੍ਰੇਮ ਕਰਦੀ ਹੈ ਤੇ ਇਸ ਲਈ ਦਾਅਵੇਦਾਰ ਹੋਣ ਦੇ ਬਾਵਜੂਦ ਵੀ ਦਾਅਵਾ ਨਹੀਂ ਕਰੇਗੀ, ਪਰੰਤੂ ਦਾਨੀ, ਦਾਨ ਨਾ ਕਰਨ ਦੇ ਬਾਵਜੂਦ ਦੀ ਦਾਅਵਾ ਕਰ ਜਾਏਗਾ।

ਦਰਅਸਲ ਸੱਚੇ ਪ੍ਰੇਮ ਨਾਲ ਕੀਤੇ ਕੰਮ ਪਿੱਛੇ ਹਉਮੈ ਪੈਦਾ ਨਹੀਂ ਹੁੰਦੀ। ਪ੍ਰੇਮ ਨਾਲ ਕੀਤਾ ਦਾਨ, ਦਾਨ ਨਹੀਂ ਅਤੇ ਹਕੀਕਤ ਇਹ ਹੈ ਕਿ ਪ੍ਰੇਮ ਹੀ ਸਭ ਤੋਂ ਵੱਡਾ ਦਾਨ ਹੈ ਕਿਉਂਕਿ ਜਾਪੁ ਸਾਹਿਬ ਅਨੁਸਾਰ ਪ੍ਰੇਮ ਪਰਮਾਤਮਾ ਦਾ ਹੀ ਰੂਪ ਹੈ ਜਿਹੜਾ ਸਾਰੀਆਂ ਦਿਸ਼ਾਵਾਂ ਵਿਚ ਵਿਆਪਤ ਹੈ। ਜਦੋਂ ਅਸੀਂ ਕਿਸੇ ਭਿਖਾਰੀ ਨੂੰ ਵੀ ਚਾਰ ਪੈਸੇ ਦਿੰਦੇ ਹਾਂ ਤਾਂ ਇਕ ਵਾਰ ਤਾਂ ਚਾਰੇ ਪਾਸੇ ਜ਼ਰੂਰ ਇਸ ਆਸ ਨਾਲ ਵੇਖ ਲੈਂਦੇ ਹਾਂ ਕਿ ਚੰਗਾ ਹੋਵੇ ਜੇ ਕੋਈ ਜਾਣ-ਪਹਿਚਾਣ ਵਾਲਾ ਦੇਖ ਰਿਹਾ ਹੋਵੇ। ਸਾਨੂੰ ਭਿਖਾਰੀ ਦੀ ਭੁੱਖ-ਨੰਗ ਨਾਲ ਜ਼ਰਾ ਜਿੰਨਾ ਵੀ ਲਗਾਵ ਨਹੀਂ ਹੁੰਦਾ। ਅਸੀਂ ਤਾਂ ਆਪਣੇ ਅਹੰਕਾਰ ਨੂੰ ਪੱਠੇ ਪਾ ਰਹੇ ਹੁੰਦੇ ਹਾਂ। ਭਿਖਾਰੀ ਵੀ ਇਸ ਮਨੋਵਿਗਿਆਨ ਨੂੰ ਖ਼ੂਬ ਸਮਝਦਾ ਹੈ ਅਤੇ ਉਹ ਵੀ ਉਸ ਵਿਅਕਤੀ ਕੋਲੋਂ ਭੀਖ ਮੰਗੇਗਾ ਜਿਹੜਾ ਦੋ-ਚਾਰ ਵਿਅਕਤੀਆਂ ਦੇ ਨਾਲ ਖੜ੍ਹਾ ਹੋਵੇ। ਉਹ ਉਥੋਂ ਉਸ ਵਿਅਕਤੀ ਦੀ ਹਉਮੈ ਦਾ ਸ਼ੋਸ਼ਣ ਕਰੇਗਾ। ਮੈਂ ਕਈ ਅਜਿਹੇ ਵਿਅਕਤੀਆਂ ਨੂੰ ਜਾਣਦਾ ਹਾਂ, ਜਿਹੜੇ ਇਕੱਲੇ ਸ਼ਾਇਦ ਕੁਝ ਵੀ ਖਰਚਣ ਨੂੰ ਤਿਆਰ ਨਾ ਹੋਣ ਪਰ ਸੈਂਕੜੇ ਵਿਅਕਤੀਆਂ ਦੇ ਇਕੱਠ ਵਿਚ ਦਾਨੀਆਂ ਦੀ ਲਿਸਟ ਵਿਚ ਹਜ਼ਾਰਾਂ ਰੁਪਏ ਦੇਣੋਂ ਵੀ ਨਹੀਂ ਕਤਰਾਉਣਗੇ। ਜੇ ਅਖ਼ਬਾਰ ਵਿਚ ਖ਼ਬਰ ਅਤੇ ਫੋਟੋ ਆਦਿ ਆਉਣ ਦੀ ਸੰਭਾਵਨਾ ਹੋਵੇ ਤਾਂ ਫਿਰ ਉਹਨਾਂ ਦੀ ਹਉਮੈ ਦਾ ਹੋਰ ਵੀ ਜ਼ਿਆਦਾ ਮੁੱਲ ਵੱਟਿਆ ਜਾ ਸਕਦਾ ਹੈ। ਮਾੜੀ ਗੱਲ ਇਹ ਹੈ ਕਿ ਅਜਿਹੇ ਦਾਨ ਦੇਣ-ਲੈਣ ਦਾ ਕੰਮ ਹਜ਼ਾਰਾਂ ਸਾਲਾਂ ਤੋਂ ਚਲਿਆਂ ਆ ਰਿਹਾ ਹੈ ਪਰ ਫਿਰ ਵੀ ਸਮਾਜ ਉਥੇ ਦਾ ਉਥੇ ਹੀ ਹੈ। ਦਰਅਸਲ ਦਾਨ ਕਰਨ ਵਾਲੀਆਂ ਸੰਸਥਾਵਾਂ ਦੀ ਥਾਂ 'ਤੇ ਪ੍ਰੇਮ ਕਰਨ ਵਾਲੇ ਵਿਅਕਤੀ ਪੈਦਾ ਹੋਣੇ ਚਾਹੀਦੇ ਹਨ ਤਾਂ ਕਿ ਮਨੁੱਖਤਾ ਉਤਾਂਹ ਉਠ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੱਤ ਨੂੰ ਪ੍ਰੇਮ ਕਰਨ ਵਾਲੇ ਅਜਿਹੇ ਖ਼ਾਲਸੇ ਦੀ ਸਿਰਜਣਾ ਕੀਤੀ ਸੀ ਜਿਸ ਨੇ ਜਾਤ, ਧਰਮ, ਪ੍ਰਾਂਤ, ਦੇਸ਼ ਦੇ ਭੇਦ-ਭਾਵ ਤੋਂ ਉਤਾਂਹ ਉਠ ਕੇ ਆਪਣੇ ਵਿਚੋਂ ਹੀ ਭਾਈ ਕਨ੍ਹਈਆ, ਭਾਈ ਨੰਦ ਲਾਲ, ਨਬੀ ਖਾਂ, ਗਨੀ ਖਾਂ, ਸੇਠ ਟੋਡਰ ਮੱਲ, ਭਾਈ ਮਨੀ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਵਰਗੀਆਂ ਸ਼ਖ਼ਸੀਅਤਾਂ ਪੈਦਾ ਕੀਤੀਆਂ। ਇਹੋ ਜਿਹੇ ਖ਼ਾਲਸਾ ਪੰਥ ਲਈ ਗੁਰੂ ਸਾਹਿਬ ਨੇ ਦਸਮ ਗ੍ਰੰਥ ਵਿਚ ਅੰਕਿਤ ਕੀਤਾ ਹੈ :

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੂ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

(ਦਸਮ ਗ੍ਰੰਥ)

(1/1999)

www.sikhbookclub.com

ਦਸਮ ਗੁਰੂ ਜੀ ਦਾ ਕੀਮਤ-ਫ਼ਲਸਫ਼ਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਨੂੰ ਸਾਹਿਤ ਦਾ ਅਮੀਰ ਭੰਡਾਰ, ਕੌਮ-ਉਸਾਰੀ ਦੇ ਮੂਲ ਆਧਾਰ ਅਤੇ ਅਸੀਮ ਕੀਮਤਾਂ-ਭਰਪੂਰ ਰਵਾਇਤਾਂ ਦਾ ਵਿਰਸਾ ਪ੍ਰਦਾਨ ਕੀਤਾ। ਗੁਰੂ ਸਾਹਿਬ ਦੀ ਬਾਣੀ-ਰਚਨਾ ਅਤੇ ਉਨ੍ਹਾਂ ਦੀ ਸਮਾਜੀ-ਰਾਜਸੀ ਤੇ ਨੈਤਿਕ-ਅਧਿਆਤਮਕ ਖੇਤਰਾਂ ਨੂੰ ਦਿੱਤੀ ਦੇਣ ਨੂੰ ਮੁੱਖ ਰੱਖਦਿਆਂ ਕਦਰਾਂ-ਕੀਮਤਾਂ ਦੇ ਕਈ-ਇਕ ਸਿਲਸਿਲੇ ਰਚੇ ਜਾ ਸਕਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਪ੍ਰਤਿਭਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਬਖ਼ਸ਼ੀਆਂ ਦਾਤਾਂ ਦਾ ਅਨੁਮਾਨ ਲਾਉਣਾ ਸੰਭਵ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਪ੍ਰਸਤੁਤ ਕੀਮਤਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਇਸ ਵਿਚ ਅਕਾਲ ਪੁਰਖ ਤੋਂ ਲੈ ਕੇ ਮਾਨਵੀ ਗੌਰਵ ਤੇ ਸਮਾਜਕ ਹਿੱਤਾਂ ਸੰਬੰਧੀ ਅਨੇਕ ਵਿਸ਼ੇ ਸ਼ਾਮਲ ਹਨ। ਹੱਥਲੇ ਅਧਿਐਨ ਵਿਚ ਦਸ ਚੋਣਵੀਆਂ ਕਦਰਾਂ-ਕੀਮਤਾਂ ਦੀ ਵਿਚਾਰ ਪੇਸ਼ ਹੈ :

1. ਅਕਾਲ

ਦਸਮ ਗੁਰੂ ਜੀ ਨੇ ਅਣਗਿਣਤ ਸਰੂਪਾਂ ਵਾਲੀ ਸ਼ਿਰੋਮਣੀ ਹਸਤੀ ਨੂੰ 'ਅਕਾਲ' ਦੀ ਸੰਗਿਆ ਦਿੱਤੀ ਹੈ। ਪਰਮ ਸਤਿ ਦੇ ਜਿੰਨੇ ਵੀ ਨਾਮ ਅਸੀਂ ਲੈਂਦੇ ਹਾਂ, ਉਹ ਉੱਚਤਮ ਸੱਚਾਈ ਦੇ ਕਿਰਤਮ ਜਾਂ ਕਰਮ ਨਾਮ ਹਨ, ਜੋ ਉਸ ਦੀ ਰਚਨਾ ਦੇ ਵਿਭਿੰਨ ਪ੍ਰਗਟਾਵਿਆਂ ਦੇ ਸੰਕੇਤ ਹੁੰਦੇ ਹਨ। ਬੁਨਿਆਦੀ ਹਕੀਕਤ ਨਾਮ-ਰਹਿਤ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਰੂਪ ਵਿਚ ਇਸ ਨੂੰ 'ਅਨਾਮੇ' ਕਿਹਾ ਹੈ। ਫਿਰ ਵੀ, ਉਨ੍ਹਾਂ ਨੇ ਚਕਰ-ਚਿਹਨ ਰਹਿਤ ਅਕਾਲ ਹਸਤੀ ਨੂੰ ਅਨੇਕਾਂ ਨਾਵਾਂ ਨਾਲ ਸੰਬੋਧਿਤ ਕੀਤਾ ਹੈ, ਜੋ ਉਨ੍ਹਾਂ ਦੇ ਸਦੀਵੀ ਸੱਚ ਦੇ ਫ਼ਲਸਫ਼ੇ ਅਤੇ ਕਾਲ-ਚਿੰਤਨ ਨੂੰ ਉਜਾਗਰ ਕਰਦੇ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਪਰਮਾਤਮਾ 'ਕਾਲ' ਵੀ ਹੈ, 'ਕਾਲ-ਰਹਿਤ' ਵੀ। ਕਾਲ ਤੇ ਅਕਾਲ ਦੇ ਪ੍ਰਤੀਕਾਂ ਤੋਂ ਸਿਵਾ, ਉਨ੍ਹਾਂ ਨੇ 'ਮਹਾਂਕਾਲ' ਅਤੇ 'ਸਰਬ-ਕਾਲ' ਸ਼ਬਦ ਵੀ ਵਰਤੇ ਹਨ, ਜੋ ਵਿਸ਼ਵ-ਰਚਨਾ ਤੋਂ ਅਗੋਚਰ ਅਤੇ ਘਟਨਾਵਾਂ ਭਰਪੂਰ ਸਮੇਂ ਤੋਂ ਨਿਰਲੇਪ ਹਸਤੀ ਦੇ ਸੂਚਕ ਹਨ। ਉਨ੍ਹਾਂ ਦਾ ਅਕਾਲ ਕੋਈ ਨਿਰਜਿੰਦ ਜਾਂ ਅਹਿੱਲ ਹੋਂਦ ਨਹੀਂ, ਸਗੋਂ ਇਹ ਸਮੁੱਚੇ ਬ੍ਰਹਿਮੰਡ ਦਾ ਆਤਮਕ ਆਧਾਰ ਹੈ। ਦ੍ਰਿਸ਼ਟਮਾਨ ਜਗਤ ਆਤਮਾ ਵਿਚੋਂ ਉਪਜਦਾ ਹੈ ਅਤੇ ਆਤਮਾ ਹੀ ਜਗਤ ਵਿਚ ਵਿਆਪਕ ਹੈ। ਗੁਰਬਾਣੀ ਅਨੁਸਾਰ ਨਿਰੰਕਾਰ ਸੰਸਾਰ ਦੀ ਰਚਨਾ ਰਚੀ ਜਾਂਦਾ ਹੈ। ਅਕਾਲ ਪੁਰਖ ਦੀ ਕਰਤਾਰੀ ਸ਼ਕਤੀ ਸਥਾਪਨਾ ਤੇ ਪੁਨਰ-ਸਿਰਜਣਾ ਕਰਦੀ ਰਹਿੰਦੀ ਹੈ, ਇਸ ਦਾ ਕੋਈ ਅੰਤ ਪਾਰਾਵਾਰ ਨਹੀਂ।

2. ਕ੍ਰਿਪਾਲ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਹਿਲੀ ਨਮਸਕਾਰ ਅਕਾਲ ਨੂੰ ਕੀਤੀ ਹੈ ਅਤੇ ਫਿਰ

www.sikhbookclub.com

ਕ੍ਰਿਪਾਲ ਨੂੰ ਸਿਮਰਿਆ ਹੈ, ਜੋ ਮਿਹਰਵਾਨ, ਕਿਰਪਾ-ਸਰੂਪ ਦਾਤਾਰ ਹੈ। ਸਦੀਵੀ, ਨਿਰ-ਆਕਾਰ, ਅਨੰਤ ਹਸਤੀ ਗੁਣ-ਅਤੀਤ ਹੈ, ਪਰ ਇਹ ਕੋਈ ਸੁੰਨ-ਮਸੁੰਨ, ਸੱਖਣਾਪਨ ਨਹੀਂ। ਅਕਾਲ ਦਾ ਅੰਤ੍ਰੀਵੀ ਕੇਂਦਰ ਉਸ ਦੀ ਰਚਨਾਤਮਿਕਤਾ ਹੈ। ਇਸ ਕਰਤਾਰੀ ਨਿਯਮ ਦੁਆਰਾ ਉਹ ਕਾਲ-ਰਹਿਤ ਹਸਤੀ ਨਿਰਗੁਣ ਤੋਂ ਸਰਗੁਣ ਵਿਚ ਪਲਟ ਜਾਂਦੀ ਹੈ, ਅਫੁਰ ਸਥਿਤੀ ਤੋਂ ਸਫੁਰ ਅਵਸਥਾ ਧਾਰ ਲੈਂਦੀ ਹੈ। ਆਪਣੇ ਸਰਗੁਣ ਸਰੂਪ ਵਿਚ ਨਿਰਗੁਣ ਬ੍ਰਹਮ 'ਦੈਵੀ ਪੁਰਖ' ਦੇ ਗੁਣ-ਲੱਛਣ ਧਾਰਨ ਕਰ ਕੇ, ਪ੍ਰੇਮ-ਪੁੰਜ ਈਸ਼ਵਰ ਤੇ ਭਗਤ-ਜਨਾਂ ਦਾ ਪ੍ਰਭੂ ਬਣ ਜਾਂਦਾ ਹੈ। ਅੰਤਮ ਹਸਤੀ 'ਇਹ' (ਪਦਾਰਥ) ਤੋਂ 'ਉਹ' (ਚੇਤਨ) ਵਿਚ ਪਲਟ ਜਾਂਦੀ ਹੈ, ਜਿਸ ਦੇ ਪੁਰਖੀ ਸਰੂਪ ਨਾਲ ਆਤਮਕ ਸੰਪਰਕ ਸੰਕਲਪਿਆ ਤੇ ਸਥਾਪਤ ਕੀਤਾ ਜਾਂਦਾ ਹੈ। ਇਸੇ ਮਿਹਰਵਾਨ, ਭਗਤ-ਵਛਲ ਪ੍ਰਭੂ ਨੂੰ ਨਮਸਕਾਰ ਕਰਦਿਆਂ 'ਕ੍ਰਿਪਾਲ' ਕਿਹਾ ਹੈ, ਜੋ ਦਾਤਾਰ ਰੂਪ ਵਿਚ ਆਪਣੀ ਰਚਨਾ ਨੂੰ ਵੇਖ-ਵੇਖ ਆਨੰਦਿਤ ਹੋ ਰਿਹਾ ਹੈ। ਜੋ ਪਿਆਰ ਤੇ ਸੰਗ-ਸਾਥ ਦਾ ਦਰਦ ਮਨੁੱਖੀ ਹਿਰਦੇ ਵਿਚ ਵਿਆਪਤ (ਵਿਆਪਕ) ਹੈ, ਉਹ 'ਪ੍ਰੇਮ' ਦੀ ਦੈਵੀ ਕੀਮਤ ਵਿਚੋਂ ਹੀ ਉਪਜਿਆ ਹੈ।

3. ਸੂਰਬੀਰਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਕਾਲ 'ਸਰਬ ਲੋਹ' ਹੈ, ਜੋ ਕਿ ਗੁਰੂ ਸਾਹਿਬ ਦੀ ਸੰਕਲਪਨਾ ਦੇ ਬਹਾਦਰ ਨਾਇਕਾਂ ਦਾ ਪ੍ਰਤੀਕ ਬਣ ਕੇ ਵਿਅਕਤ ਹੋਇਆ। ਸਿੱਖ ਪਰੰਪਰਾ ਦੈਵੀ ਪੁਰਖ ਦੇ ਹਠੀਲੇ ਸਰਬ ਲੋਹ ਪੱਖ ਤੋਂ ਪ੍ਰੇਰਿਤ, ਬਹਾਦਰੀ ਤੇ ਸੂਰਮਗਤੀ ਦੀ ਰੰਗਣ ਵਿਚ ਰੰਗੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਸੂਰਬੀਰ ਨਾਇਕ ਲਈ ਜੋਧਾ-ਮਹਾਂਬਲੀ-ਸੂਰਮਾ ਦੀ ਸ਼ਬਦਾਵਲੀ ਵਰਤੀ ਸੀ। ਦਸਮ ਗੁਰੂ ਜੀ ਨੇ ਆਪਣੇ ਪੈਰੋਕਾਰਾਂ ਵਿਚ ਬਹਾਦਰ ਜੋਧੇ, ਕਦੀ ਨਾ ਹਾਰਨ ਵਾਲੇ ਸੈਨਿਕ ਤੇ ਸੰਤ-ਸਿਪਾਹੀ ਦੀ ਸਪਿਰਿਟ ਭਰਨ ਦਾ ਉਪਰਾਲਾ ਕੀਤਾ। ਪਰ, ਇਸ ਸੈਨਿਕ ਨੂੰ ਬਦੀ-ਬੁਰਾਈ ਦਾ ਖ਼ਾਤਮਾ ਕਰਨ ਦੀ ਅਤੇ ਭਲੇ ਲੋਕਾਂ ਦੀ ਸੁਰੱਖਿਆ ਹਿਤ ਲੜਨ ਦੀ ਸਿਖਲਾਈ ਦਿੱਤੀ ਗਈ। ਗੁਰੂ ਸਾਹਿਬ ਨੇ 'ਘੋੜਾ' ਅਤੇ 'ਬਾਜ਼' ਨੂੰ (ਜੋ ਨੀਲਾ ਘੋੜਾ ਤੇ ਚਿੱਟਾ ਬਾਜ਼ ਕਰਕੇ ਪ੍ਰਸਿੱਧ ਹਨ) ਸ਼ਕਤੀ ਦੇ ਪ੍ਰਤੀਕਾਂ ਵਜੋਂ ਅਪਨਾਇਆ। ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸਥਾਪਤ ਕੀਤੀ ਮੀਰੀ-ਪੀਰੀ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ, ਦਸਮ ਗੁਰੂ ਜੀ ਨੇ ਸ਼ਾਹੀ ਕਿਸਮ ਦੇ ਵਸਤਰ, ਸਣੇ ਕਲਗੀ ਆਦਿ ਦੇ ਧਾਰਨ ਕੀਤੇ ਅਤੇ ਨਾਲ ਹੀ ਆਪਣੇ ਸਿੱਖਾਂ ਨੂੰ ਅਧਿਆਤਮਕ ਅਗਵਾਈ ਨਾਲ ਵਰੋਸਾਉਂਦੇ ਰਹੇ। ਇਹ ਸਮੁੱਚਾ ਉਪਰਾਲਾ ਦੈਵੀ ਪੁਰਖ ਦੇ ਸਰਬ-ਲੋਹ ਵਾਲੇ ਸੂਰਬੀਰ ਪੱਖ ਨੂੰ ਗੁਰੂ ਸਾਹਿਬ ਦਾ ਅਨੁਪਮ ਢੋਆ ਸੀ।

4. ਪ੍ਰਬੁੱਧਤਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਰਚਨਾ ਵਿਚ ਸਿਖਿਆ ਦੇ ਚਾਨਣ ਅਤੇ ਸੂਝ ਸਿਆਣਪ ਉੱਤੇ ਜੋ ਬਲ ਵਿਦਮਾਨ ਹੈ, ਉਹ ਉਨ੍ਹਾਂ ਨੂੰ ਬੁੱਧ-ਵਿਵੇਕ ਦਾ ਵਿਸ਼ੇਸ਼ ਸਮਰਥਕ ਸਿੱਧ ਕਰਦਾ ਹੈ। 'ਕ੍ਰਿਸ਼ਨਾਵਤਾਰ' ਦੇ ਇਕ ਪਦੇ ਵਿਚ ਉਨ੍ਹਾਂ ਨੇ ਸਾਫ਼-ਸਿੱਧੇ ਸ਼ਬਦਾਂ ਵਿਚ ਉਚਾਰਿਆ ਹੈ ਕਿ ਅਗਿਆਨ ਦਾ ਕੂੜਾ-ਕਰਕਟ ਸਿਖਿਆ ਤੇ ਗਿਆਨਵਾਨਤਾ ਦੀ ਬੁਹਾਰੀ ਨਾਲ ਹੂੰਝਣ ਦੀ ਅਵੱਸ਼ਕਤਾ ਹੈ। ਸਪੱਸ਼ਟ ਹੈ ਕਿ ਗਿਆਨ ਸੰਬੰਧੀ ਉਨ੍ਹਾਂ ਦਾ ਹਵਾਲਾ ਅਧਿਆਤਮਕ ਬੋਧ ਦਾ ਸੰਕੇਤ

www.sikhbookclub.com

ਦੇਂਦਾ ਹੈ, ਨਾ ਕਿ ਨਿੱਕੀ-ਮੋਟੀ ਜਾਣਕਾਰੀ ਦਾ। ਗੁਰਬਾਣੀ ਨੇ ਬਾਰ-ਬਾਰ ਜਿਸ ਬੁੱਧ-ਵਿਵੇਕ ਦੀ ਗੱਲ ਕੀਤੀ ਹੈ, ਉਸ ਤੋਂ ਸਿੱਧਾ ਭਾਵ ਹੈ ਚੰਗੇ ਤੇ ਮੰਦੇ ਵਿਚ, ਉਚਿਤ ਤੇ ਅਨੁਚਿਤ ਵਿਚ ਅੰਤਰ ਕਰਨ ਦੀ ਯੋਗਤਾ। ਇਹ ਤੱਥ ਜੀਵਨ ਵਿਚ ਵਿਵੇਕਸ਼ੀਲਤਾ ਦੀ ਵਰਤੋਂ, 'ਮਨ ਨੀਵਾਂ ਮਤਿ ਉਚੀ' ਦੇ ਸੰਜਮ ਦੀ ਹਾਮੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਹਿਮ-ਪ੍ਰਸਤੀ ਤੇ ਹਠ-ਧਰਮੀ, ਰੂੜ੍ਹੀਵਾਦ ਤੇ ਖੰਡ-ਬਿਰਤੀ ਵਿਰੁੱਧ ਜਹਾਦ ਛੇੜਿਆ। ਉਨ੍ਹਾਂ ਨੇ ਜ਼ਿੰਦਗੀ ਦੇ ਸੱਚੇ ਤੱਤ ਅਤੇ ਖਰੇ ਜੀਵਨ ਦੀ ਵੀ ਖੋਜ-ਹਿਤ ਲਿਵਲੀਨਤਾ ਦਾ ਸਾਧਨ ਅਪਨਾਉਣ ਦੀ ਸਿਫ਼ਾਰਸ਼ ਕੀਤੀ। ਗੁਰੂ ਸਾਹਿਬ ਨੇ ਆਪ ਵੀ ਵੱਡ-ਆਕਾਰੀ ਕਾਵਿ-ਰਚਨਾ ਕੀਤੀ ਅਤੇ ਆਪਣੇ ਨਿਕਟਵਰਤੀ ਪ੍ਰਬੁੱਧ ਵਿਅਕਤੀਆਂ ਨੂੰ ਵੀ ਭਾਰਤੀ ਪਰੰਪਰਾ ਵਿਚੋਂ ਚੋਣਵੇਂ ਤੇ ਬਹੁਮੁੱਲੇ ਅਧਿਆਵਾਂ ਦਾ ਅਨੁਵਾਦ ਕਰਨ ਦੀ ਪ੍ਰੇਰਨਾ ਦਿੱਤੀ, ਤਾਂ ਕਿ ਲੋਕ-ਮਨ ਨੂੰ ਸੁਸਿਖਿਅਤ ਕੀਤਾ ਜਾ ਸਕੇ। ਇਹ ਤੱਥ ਗੁਰੂ ਸਾਹਿਬ ਦੀ ਸੂਝ ਸਿਆਣਪ ਦੀਆਂ ਅਤੇ ਸਾਹਿਤ ਵਿਚ ਪ੍ਰਾਪਤ ਅਧਿਆਤਮਕ ਕਦਰਾਂ-ਕੀਮਤਾਂ ਸੰਬੰਧੀ ਸੁਚੇਤਨਾ ਦਾ ਅਕੱਟ ਪ੍ਰਮਾਣ ਹੈ।

5. ਸੰਤੁਲਿਤ ਜੀਵਨ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮੁੱਚੀ ਜੀਵਨ-ਸ਼ੈਲੀ ਸੰਤੁਲਨ ਦੇ ਮੁੱਲ ਦੀ ਸ਼ਾਹਦੀ ਭਰਦੀ ਹੈ—ਪ੍ਰਬੁੱਧਤਾ ਅਤੇ ਅਮਲ ਵਿਚਕਾਰ, ਭਗਤੀ ਅਤੇ ਸ਼ਕਤੀ ਵਿਚਕਾਰ ਸੰਤੁਲਨ। ਉਨ੍ਹਾਂ ਦੇ ਜੀਵਨ ਦਾ ਲਕਸ਼ 'ਸੰਤ ਉਬਾਰਨ', 'ਦੁਸ਼ਟ ਨਿਵਾਰਨ' ਸੀ। ਸਰਬ ਸ਼ਕਤੀਮਾਨ ਪਾਸੋਂ ਜੋ ਵਰਦਾਨ ਉਨ੍ਹਾਂ ਨੇ ਮੰਗਿਆ, ਉਹ ਸ਼ੁਭ ਕਰਮਨ ਦੀ ਯੋਗਤਾ ਸੀ। ਇਹ ਗੱਲ ਸਪੱਸ਼ਟ ਕਰਦੀ ਹੈ ਕਿ ਸਦਾਚਾਰ ਨੂੰ ਜੀਵਨ ਵਿਚ ਕਿੰਨੀ ਵਿਸ਼ੇਸ਼ਤਾ ਉਹ ਦਿੰਦੇ ਸਨ। ਸਦਗੁਣਾਂ ਵਾਲਾ ਨੇਕ ਵਿਅਕਤੀ ਲੋਭ-ਲਾਲਚਾਂ ਦੇ ਵੱਸ ਨਹੀਂ ਪੈਂਦਾ, ਉਹ ਸੰਸਾਰਕ ਜੀਵਨ ਬਸਰ ਕਰਦਾ ਹੋਇਆ ਗ੍ਰਿਹਸਥੀ ਦੇ ਕਰਤੱਵ ਨਿਭਾਉਂਦਾ ਹੈ ਅਤੇ ਫਿਰ ਵੀ ਨਿਰਲੇਪਤਾ ਦੀ ਭਾਵਨਾ ਦਾ ਧਾਰਨੀ ਰਹਿੰਦਾ ਹੈ। ਗੁਰੂ ਸਾਹਿਬ ਦੀਆਂ ਕਾਵਿ-ਰਚਨਾਵਾਂ ਔਖੀ ਘੜੀ ਵਿਚ ਵੀ ਚੜ੍ਹਦੀ ਕਲਾ ਕਾਇਮ ਰੱਖਣ ਉੱਤੇ ਅਧਿਕ ਬਲ ਦੇਂਦੀਆਂ ਹਨ। ਉਨ੍ਹਾਂ ਨੇ ਨਾ ਕੇਵਲ ਮਨੁੱਖੀ ਜੀਵਨ ਵਿਚ ਤਿਆਗ ਅਤੇ ਸੁਖ-ਸਨੇਹ ਵਿਚਕਾਰ, ਸਗੋਂ ਦੈਵੀ-ਪੁਰਖ ਸੰਬੰਧੀ ਆਪਣੇ ਦ੍ਰਿਸ਼ਟੀਕੋਣ ਵਿਚ ਅਗੋਚਰ ਅਤੇ ਵਿਆਪਕ ਦਾ ਸੁਜੋੜ ਸਥਾਪਤ ਕੀਤਾ। ਸ਼ਿਰੋਮਣੀ ਹਕੀਕਤ ਨੂੰ ਉਹ ਹਾਂ-ਵਾਚਕ ਅਤੇ ਨਾਂਹ-ਵਾਚਕ ਦੋਵੇਂ ਤਰ੍ਹਾਂ ਦੇ ਨਾਮ ਦਿੰਦੇ ਹਨ। ਪਰਮ ਸਤਿ ਨੂੰ ਗੁਣ-ਭਰਪੂਰ ਹੁੰਦੇ ਹੋਏ ਵੀ, ਗੁਣ-ਰਹਿਤ ਦਰਸਾਇਆ ਹੈ, ਉਹ ਅਨੇਕ ਹੈ, ਫਿਰ ਵੀ ਇਕ ਹੈ। ਇਸ ਕਿਸਮ ਦਾ ਸੰਤੁਲਨ ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਸ਼ੈਲੀ ਦਾ ਰੌਚਿਕ ਪ੍ਰਮਾਣ ਹੈ।

6. ਲੋਕਤੰਤਰੀ ਭਾਵਨਾ

ਰਾਸ਼ਟਰ ਅਤੇ ਲੋਕਤੰਤਰ ਦੇ ਅਜੋਕੇ ਸੰਕਲਪ ਬਹੁਤੇ ਪੁਰਾਣੇ ਨਹੀਂ। ਗੁਰੂ-ਕਾਲ ਵਿਚ ਅਜੇ ਨਾ ਰਾਸ਼ਟਰ-ਰਾਜ, ਨਾ ਹੀ ਰਾਜਸੀ ਭਾਵ ਵਾਲੇ ਲੋਕਤੰਤਰ ਨੂੰ ਮਾਨਤਾ ਮਿਲੀ ਸੀ। ਗੁਰੂ ਨਾਨਕ ਸਾਹਿਬ ਨੇ 'ਸੰਗਤ' ਤੇ 'ਪੰਗਤ' ਦੇ ਅਦਾਰਿਆਂ ਦਾ ਮੁੱਢ ਬੰਨ੍ਹਿਆ ਸੀ, ਜਿਨ੍ਹਾਂ ਨੂੰ ਡਾ. ਗੰਡਾ ਸਿੰਘ ਨੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਨੂੰ ਪ੍ਰਮਾਣਿਤ ਕਰਨ ਤੇ ਅਮਲੀ ਰੂਪ ਦੇਣ ਵਾਲੀਆਂ

www.sikhbookclub.com

'ਪ੍ਰਯੋਗਸ਼ਾਲਾਵਾਂ' ਆਖਿਆ ਹੈ। ਦਸਵੇਂ ਗੁਰੂ ਜੀ ਨੇ ਇਨ੍ਹਾਂ ਸੰਸਥਾਵਾਂ ਨੂੰ ਪਕੇਰੇ ਪੈਰਾਂ ਉੱਤੇ ਖੜ੍ਹਿਆਂ ਕਰ ਦਿੱਤਾ। ਉਨ੍ਹਾਂ ਨੇ ਸੰਗਤ-ਰੂਪੀ ਸਭਾ ਨੂੰ ਆਧੁਨਿਕ ਜਨਰਲ ਅਸੰਬਲੀ ਦਾ ਅਗੇਤਰ ਰੂਪ ਦਿੱਤਾ, ਜਿਸ ਦੀ ਕਾਰਜਕਾਰੀ ਕੌਂਸਲ 'ਪੰਜ ਪਿਆਰਿਆਂ' ਦੇ ਰੂਪ ਵਿਚ ਕਾਇਮ ਸੀ। ਸਿੱਖ ਭਾਈਚਾਰੇ ਦੇ ਜੀਵਨ ਵਿਚ ਲੋਕਤੰਤਰੀ ਭਾਵਨਾ ਵਧੇਰੇ ਪ੍ਰਫੁੱਲਿਤ ਹੋਈ ਜਦੋਂ 'ਗੁਰਮਤੇ' ਦੇ ਰੂਪ ਵਿਚ ਪ੍ਰਸਤੁਤ ਮਤਿਆਂ ਨੂੰ ਵਿਚਾਰ-ਅਧੀਨ ਲਿਆ ਕੇ, ਜਾਂ ਸਰਬ-ਸੰਮਤੀ ਨਾਲ ਤੇ ਜਾਂ ਬਹੁ-ਸੰਮਤੀ ਨਾਲ ਪ੍ਰਵਾਨ ਕੀਤਾ ਜਾਣ ਲੱਗਾ। ਇਹ ਸਾਰੀ ਕ੍ਰਿਆ ਸਰਬ-ਸ਼ਕਤੀਮਾਨ ਦੇ ਨਾਮ ਨਿਭਾਈ ਜਾਂਦੀ ਹੈ; ਸਭ ਸਫਲਤਾ ਵਾਹਿਗੁਰੂ ਦੀ ਫ਼ਤਹਿ ਹੈ। ਸਭ ਬਖ਼ਸ਼ਿਸ਼ਾਂ ਤੇ ਨਿਆਮਤਾਂ 'ਵੰਡ ਕੇ ਛਕਣ' ਦੀ ਭਾਵਨਾ ਨਾਲ ਮਾਣੀਆਂ ਜਾਂਦੀਆਂ ਹਨ। ਸਮਾਜਕ ਭਲਾਈ ਦੇ ਕਾਰਜਾਂ ਹਿਤ ਸਵੈ-ਇੱਛਤ ਹਿੱਸਾ ਤੇ ਯੋਗਦਾਨ ਪਾਉਣ ਲਈ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਨਿਰਦੇਸ਼ ਜਾਰੀ ਕੀਤੇ। 'ਪ੍ਰੇਮ ਸੁਮਾਰਗ' ਦੇ ਕਰਤਾ ਅਨੁਸਾਰ, ਖ਼ਾਲਸਾ-ਜੀਵਨ ਦਾ ਇਕ ਵਿਸ਼ੇਸ਼ ਚਿੰਨ੍ਹ, ਸਮਾਜਕ ਨਿਆਂ ਦੇ ਰੂਪ ਵਿਚ ਪ੍ਰਮੁੱਖ ਸਦਗੁਣ ਬਣ ਕੇ ਉਭਰਿਆ, ਜੋ ਕਿ ਸਿੱਖ ਸਮਾਜ ਦੀ ਲੋਕਤੰਤਰੀ ਭਾਵਨਾ ਦੀ ਸਾਖੀ ਭਰਦਾ ਹੈ।

7. ਸਮਾਨਤਾ

ਲੋਕਤੰਤਰ ਦੀ ਸ੍ਰੇਸ਼ਟ ਕਦਰ-ਕੀਮਤ ਵਜੋਂ ਅਤੇ ਮਾਨਵੀ ਅਧਿਕਾਰਾਂ ਵਿਚੋਂ ਪ੍ਰਮੁੱਖ, ਸਮਾਨਤਾ (ਬਰਾਬਰੀ) ਨੂੰ ਅਕਾਦਮਿਕ ਅਤੇ ਸਾਹਿਤਕ ਹਲਕਿਆਂ ਵਿਚ ਸਦਾ ਆਦਰ-ਯੋਗ ਸਥਾਨ ਮਿਲਿਆ ਹੈ। ਪਰ ਅਮਲੀ ਤੌਰ ਉੱਤੇ, ਵਿਸ਼ੇਸ਼ ਕਰਕੇ ਭਾਰਤ ਵਿਚ, ਸਮਾਨਤਾ ਘਾਟੇਵੰਦੀ ਹੀ ਰਹੀ ਹੈ। ਭਗਤੀ ਅੰਦੋਲਨ ਨੇ 'ਨੀਵੀਆਂ' ਜਾਤੀਆਂ ਨੂੰ ਮੰਦਿਰਾਂ ਵਿਚ ਦਾਖਲੇ ਅਤੇ ਧਰਮ-ਗ੍ਰੰਥਾਂ ਦੇ ਅਧਿਐਨ ਬਾਰੇ ਲੱਗੀਆਂ ਪਾਬੰਦੀਆਂ ਵਿਰੁੱਧ ਰੋਸ ਪ੍ਰਗਟਾਇਆ। ਗੁਰੂ ਨਾਨਕ ਸਾਹਿਬ ਨੇ ਜਾਤ-ਪਾਤ ਨੂੰ ਮੂਲੋਂ ਹੀ ਖ਼ਤਮ ਕਰਨ ਦਾ ਬੀੜਾ ਚੁੱਕਿਆ ਅਤੇ ਸਮੁੱਚੀ ਮਨੁੱਖਤਾ ਦੀ ਬਰਾਬਰੀ ਨੂੰ ਸਵੀਕਾਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਣਾ ਕਰ ਕੇ ਅਸਮਾਨਤਾ ਨੂੰ ਅਲਵਿਦਾ ਹੀ ਕਹਿ ਦਿੱਤੀ। ਸ੍ਰੀਮਤੀ ਵਾਇਲਮ ਦੇ ਸ਼ਬਦਾਂ ਵਿਚ, "ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਹਰ ਇਨਸਾਨ ਨੂੰ ਸੰਸਾਰ ਵਿਚ, ਬਿਨਾਂ ਭੇਦ-ਭਾਵ ਦੇ, ਪਦਾਰਥਕ ਅਤੇ ਆਤਮਕ ਤੌਰ ਉੱਤੇ ਪ੍ਰਗਤੀ ਕਰਨ ਦਾ ਹੱਕ ਹਾਸਲ ਹੈ।" ਦਸਮ ਗੁਰੂ ਜੀ ਨੂੰ, ਨਾ ਕੇਵਲ ਉਨ੍ਹਾਂ ਦੀ ਬਾਣੀ-ਰਚਨਾ ਦੇ ਆਧਾਰ ਉੱਤੇ, ਬਲਕਿ ਜਥੇਬੰਦਕ ਸਫਲਤਾਵਾਂ ਕਰਕੇ ਵੀ, ਸਮਾਨਤਾ ਦਾ ਸਿਰਮੌਰ ਹਿਮਾਇਤੀ ਗਰਦਾਨਿਆ ਜਾਂਦਾ ਹੈ। ਉਨ੍ਹਾਂ ਦੀ ਦੇਖ-ਰੇਖ ਅਧੀਨ, ਉੱਚੀ ਵਰਣ-ਜਾਤੀ ਦਾ ਗੁਮਾਨ, ਲਿੰਗਕ ਪੱਖ-ਪਾਤ ਅਤੇ ਕਸਬੀ ਊਚ-ਨੀਚ ਨੂੰ ਤਿਲਾਂਜਲੀ ਦੇ ਦਿੱਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਬ-ਮਨੁੱਖਤਾ ਦੀ ਸਮਾਨਤਾ ਵਾਲੀ ਦ੍ਰਿਸ਼ਟੀ ਨੂੰ, ਕੌਮਾਂਤਰੀ ਸੰਬੰਧਾਂ ਦੇ ਸੁਖਾਵੇਂ ਭਵਿੱਖ ਲਈ ਸੰਭਾਵੀ ਕਾਰਜ-ਸੂਚੀ ਵਿਚ ਸ਼ਾਮਲ ਕਰ ਲੈਣਾ ਉੱਚਿਤ ਤੇ ਨਿਆਂਸ਼ੀਲ ਹੋਵੇਗਾ।

8. ਭਾਈਚਾਰਾ

ਸੁਤੰਤਰਤਾ ਤੇ ਸਮਾਨਤਾ ਦੀਆਂ ਲੋਕਤੰਤਰੀ ਕੀਮਤਾਂ ਆਵੱਸ਼ਕ ਤੌਰ 'ਤੇ 'ਭਾਈਚਾਰੇ' ਦੀ ਕੀਮਤ ਨੂੰ ਨਿਸ਼ਚਿਤ ਕਰਦੀਆਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੇ ਗੌਰਵ ਅਤੇ ਜ਼ਮੀਰ

www.sikhbookclub.com

ਦੀ ਆਜ਼ਾਦੀ ਦਾ ਪੱਖ ਪੂਰਿਆ ਹੈ। ਉਨ੍ਹਾਂ ਨੇ 'ਅਕਾਲ ਉਸਤਤਿ' ਬਾਣੀ ਵਿਚ ਅਨੇਕ ਧਰਮ-ਸੰਪਦ੍ਰਾਵਾਂ ਤੇ ਮੱਤਾਂ ਦਾ ਵਰਣਨ ਕੀਤਾ, ਜੋ ਕਲਿਆਣ-ਪ੍ਰਾਪਤੀ ਹਿਤ ਭਿੰਨ-ਭਿੰਨ ਮਾਰਗ ਨਿਰਧਾਰਤ ਕਰਦੇ ਹਨ। ਵਿਅਕਤੀ ਦੇ ਸਭਿਆਚਾਰਕ ਵਾਤਾਵਰਨ ਉੱਤੇ ਨਿਰਭਰ ਹੈ ਕਿ ਉਹ ਕਿਹੜਾ ਪੰਥ ਜਾਂ ਮਾਰਗ ਅਪਨਾਉਂਦਾ ਹੈ। ਫਿਰ ਵੀ, ਸਾਰੇ ਮਨੁੱਖੀ ਜੀਵ ਇਕ-ਸਮਾਨ ਮਨੁੱਖ ਹਨ। ਗੁਰੂ ਸਾਹਿਬ ਧਰਮ-ਸੰਪ੍ਰਦਾਵਾਂ ਤੇ ਫਿਰਕਿਆਂ ਦੇ ਵਿਰੋਧੀ ਨਹੀਂ, ਪਰ ਉਹ ਫਿਰਕੂ ਜ਼ਹਿਨੀਅਤ ਦੇ ਆਲੋਚਕ ਜ਼ਰੂਰ ਹਨ। ਜੇਕਰ ਅਸੀਂ ਸੁਤੰਤਰਤਾ ਤੇ ਸਮਾਨਤਾ ਦੇ ਹਿਮਾਇਤੀ ਹਾਂ, ਤਾਂ ਭਾਈਚਾਰੇ ਦੀ ਭਾਵਨਾ ਤੋਂ ਮੁਨਕਰ ਨਹੀਂ ਹੋ ਸਕਦੇ। ਜੇ ਕਿਸੇ ਸਮਾਜ ਵਿਚ ਭਾਈਬੰਦੀ ਦੇ ਭਾਵਾਂ ਦਾ ਅਭਾਵ ਹੈ ਤਾਂ ਇਹ ਸਪੱਸ਼ਟ ਸੰਕੇਤ ਹੈ ਕਿ ਸਮਾਜਕ ਸੁਤੰਤਰਤਾ ਦੀ ਕੁਵਰਤੋਂ ਹੋ ਰਹੀ ਹੈ ਅਤੇ ਸਮਾਨਤਾ ਗਾਇਬ ਹੈ। ਗੁਰੂ ਸਾਹਿਬ ਦਾ ਪੱਕਾ ਨਿਸ਼ਚਾ ਹੈ ਕਿ 'ਸਾਰੇ ਮਨੁੱਖ ਭਾਈ-ਭਾਈ' ਹਨ। ਖ਼ਾਲਸਾ ਪੰਥ ਦੀ ਸਾਜਣਾ ਮਨੁੱਖੀ ਭਾਈਚਾਰੇ ਦੀ ਸਹੀ ਪਛਾਣ, ਇਸ ਦੇ ਪ੍ਰੇਮ-ਭਾਵ ਤੇ ਏਕਤਾ ਨੂੰ ਪ੍ਰਮਾਣਿਤ ਕਰਨ ਹਿੱਤ ਹੋਈ ਹੈ। ਗੁਰੂ ਸਾਹਿਬ ਦੀ ਨੀਤੀ ਦਾ ਸਭਿਆਚਾਰਕ ਪ੍ਰਭਾਵ ਇਸ ਤੱਥ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਦੀਆਂ ਸਿਖਿਆਵਾਂ ਤੇ ਉਪਦੇਸ਼ਾਂ ਨੂੰ ਪੂਰੇ ਭਰੋਸੇ ਨਾਲ ਸਹੀ ਤੇ ਦਰੁਸਤ ਮੰਨ ਕੇ ਚਲਦੇ ਹਨ। ਗੁਰੂ ਸਾਹਿਬ ਨੇ ਖ਼ਾਲਸਾ ਬਰਾਦਰੀ ਦੇ ਵਿਅਕਤੀਆਂ ਵਿਚ ਆਪਸੀ ਪ੍ਰੇਮ-ਪਿਆਰ ਤੇ ਵਫ਼ਾ ਦੇ ਗੁਣਾਂ ਦਾ ਸੰਚਾਰ ਕੀਤਾ। ਕੋਈ ਵੀ ਭਾਈਚਾਰਾ ਪਿਆਰ ਬਿਨਾਂ ਤੁੱਛ ਤੇ ਫੋਕਟ ਹੈ ਅਤੇ ਇਕ ਦੂਜੇ ਪ੍ਰਤੀ ਵਫ਼ਾ ਤੋਂ ਵਿਹੀਣ ਤੇ ਅਰਥਹੀਣ ਹੈ।

9. ਵਿਸ਼ਵਾਰਥੀ ਭਾਵਨਾ

ਹਰ ਵਿਅਕਤੀ ਮਨੁੱਖ ਜੀਵ ਦੇ ਰੂਪ ਵਿਚ ਬੇਸ਼ੱਕ ਨਿਰਾਲਾ ਹੈ, ਤਦ ਵੀ ਉਹ, ਮਰਦ ਜਾਂ ਇਸਤਰੀ, ਕਿਸੇ ਸਮਾਜਕ ਸੰਗਠਨ ਦੀ ਇਕਾਈ ਹੈ, ਚਾਹੇ ਇਹ ਕੁਟੰਬ ਦੀ ਪੱਧਰ ਦਾ ਸਮਾਜ ਹੋਵੇ, ਚਾਹੇ ਕੋਈ ਹੋਰ ਸਮੂਹ ਜਾਂ ਕੌਮ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਵਿਅਕਤੀ, ਹਰ ਜੀਵ ਦੀ ਬਣਤਰ ਵਿਚਲੇ ਅਦੁੱਤੀ ਤੇ ਵਿਸ਼ਵਾਰਥੀ ਤੱਤਾਂ ਸੰਬੰਧੀ ਪੂਰੇ ਸੁਚੇਤ ਹਨ। ਗੁਰੂ ਸਾਹਿਬ ਦੇ ਸਿੱਖ ਪਾਸੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਿੱਜੀ ਕਲਿਆਣ ਹਿੱਤ ਸੰਤ-ਬਿਰਤੀ ਦੇ ਗੁਣਾਂ ਦਾ ਧਾਰਨੀ ਹੋਵੇ, ਪਰ ਨਾਲ ਹੀ ਉਹ ਸੰਜਮ-ਭਰਪੂਰ ਨਾਗਰਿਕ ਦੇ ਕਰਤੱਵ ਵੀ ਨਿਭਾਵੇ, ਸੇਵਾ-ਭਾਵਨਾ ਸੰਗਠਨ ਦਾ ਸਿਪਾਹੀ ਹੋਵੇ, ਨਿਹੱਥਿਆਂ ਤੇ ਮਜ਼ਲੂਮਾਂ ਦੀ ਸੁਰੱਖਿਆ ਲਈ ਤੱਤਪਰ ਰਹੇ। ਮਨੁੱਖੀ ਭਾਈਚਾਰੇ ਦਾ ਹਾਮੀ ਹੋਣ ਦੇ ਨਾਤੇ, ਉਹ ਆਪਣੇ ਸੰਗ-ਸਾਥ ਦਾ ਹਿਤੈਸ਼ੀ, ਹਮਵਤਨੀ, ਦੇਸ਼ਵਾਸੀਆਂ ਲਈ ਸਨੇਹ-ਭਰਪੂਰ ਹੋਵੇ। ਗੁਰੂ ਸਾਹਿਬ ਇਸ ਤੋਂ ਵੀ ਅਗੇਰੇ, ਸਿੱਖ ਨੂੰ ਸਮੁੱਚੀ ਮਨੁੱਖ-ਜਾਤੀ ਨਾਲ ਇਕਮਿਕਤਾ ਦੀ ਭਾਵਨਾ ਗ੍ਰਹਿਣ ਕਰਾਉਂਦੇ ਹਨ। ਰਾਸ਼ਟਰਵਾਦ ਤੋਂ ਅੱਗੇ ਉਹ ਮਾਨਵਵਾਦ ਦੀ ਸੇਧ ਅਪਨਾਅ ਲੈਂਦੇ ਹਨ। ਗੁਰੂ-ਕਾਲ ਵਿਚ ਰਾਸ਼ਟਰੀ ਹੱਦਬੰਦੀਆਂ ਏਨੀ ਸਖ਼ਤੀ ਨਾਲ ਨਿਸ਼ਚਿਤ ਨਹੀਂ ਸਨ, ਨਾ ਹੀ ਮੁਲਕਾਂ ਵਿਚਕਾਰ ਗਲ-ਵੱਢ ਮੁਕਾਬਲਾ ਚਲਦਾ ਸੀ। ਆਰਥਕ ਤੇ ਸਭਿਆਚਾਰਕ ਵਾਤਾਵਰਨ ਵਿਚ ਕਾਫ਼ੀ ਹੱਦ ਤੱਕ ਉਦਾਰਤਾ ਤੇ ਮਾਨਵਵਾਦੀ ਭਾਵਨਾ ਰਾਇਜ (ਵਿਦਮਾਨ) ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਨਸ਼ੀਲਤਾ ਤੇ ਪਰਸਪਰ ਰਵਾਦਾਰੀ ਦੀ ਸਪਿਰਿਟ ਨੂੰ ਉਤੇਜਿਤ ਕੀਤਾ, ਉਨ੍ਹਾਂ ਨੇ ਸਿੱਖ ਕੌਮ ਵਿਚ ਵਿਸ਼ਵਾਰਥੀ ਦ੍ਰਿਸ਼ਟੀ ਦੇ ਵਿਕਾਸ ਨੂੰ ਉਤਸ਼ਾਹ ਦਿੱਤਾ। ਇਸ ਸਮੁੱਚੇ ਉਪਰਾਲੇ ਦੀ ਸੇਧ ਕਿਸੇ ਨਰੋਏ ਅੰਤਰ-ਰਾਸ਼ਟਰਵਾਦ

www.sikhbookclub.com

ਲਈ ਸੱਚੀ-ਸੁੱਚੀ ਬੁਨਿਆਦ ਕਾਇਮ ਕਰਨਾ ਸੀ। ਅਜੋਕੀ ਮਨੁੱਖ-ਜਾਤੀ ਦਸਮ ਗੁਰੂ ਜੀ ਦੇ ਇਸ ਐਲਾਨ ਦੀ ਭਾਵਨਾ ਗ੍ਰਹਿਣ ਕਰ ਕੇ ਲਾਭਵੰਦ ਹੋ ਸਕਦੀ ਹੈ :

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥ (ਅਕਾਲ ਉਸਤਤਿ)

10. ਅਮਨ-ਸ਼ਾਂਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਅਧੀਨ ਸਿੱਖਾਂ ਨੇ ਅਮਨ-ਪਸੰਦੀ ਦਾ ਰਾਹ ਚੁਣ ਲਿਆ, ਪਰ ਕਿਸੇ ਸਿਧਾਂਤਕ ਅਮਨਵਾਦ ਜਾਂ ਸ਼ਾਂਤਮਈ ਸੰਪਰਦਾ ਦੇ ਪਿਛਲੱਗ ਨਹੀਂ ਬਣੇ। ਗੁਰੂ ਸਾਹਿਬ ਨੇ ਕ੍ਰਿਪਾਨ ਤੇ ਖੜਕ ਆਦਿਕ ਸ਼ਸਤਰਾਂ ਨੂੰ ਜੋ ਗੌਰਵ ਤੇ ਵਡਿਆਈ ਬਖ਼ਸ਼ੀ, ਉਹ ਇਕ ਤਾਂ ਸਰਬ-ਸ਼ਕਤੀਮਾਨ ਤੇ ਸੂਰਬੀਰਤਾ ਪੱਖ ਨੂੰ ਉਜਾਗਰ ਕਰਨ ਹਿੱਤ ਕੀਤਾ ਗਿਆ ਅਤੇ ਦੂਜੇ, ਆਪਣੇ ਪੈਰੋਕਾਰਾਂ ਨੂੰ ਬਹਾਦਰੀ ਦੀ ਪ੍ਰੇਰਨਾ ਦੇਣ ਹਿੱਤ। ਗੁਰੂ ਜੀ ਦੀਆਂ ਕਾਵਿ-ਰਚਨਾਵਾਂ ਵਿਚ ਮਿਥਿਹਾਸ ਦੀ ਵਰਤੋਂ ਪ੍ਰਤੀਕਮਈ ਹੈ, ਇਹ ਦੁਸ਼ਟਾਂ ਤੇ ਅਤਿਆਚਾਰੀਆਂ ਦੇ ਦਮਨ ਵੱਲ ਸੰਕੇਤ ਹੈ ਤਾਂ ਕਿ ਸੰਸਾਰ ਨੂੰ ਅਮਨ-ਚੈਨ ਤੇ ਇਕਸੁਰਤਾ ਵਾਲਾ ਰਹਿਣਯੋਗ ਸਥਾਨ ਬਣਾਇਆ ਜਾ ਸਕੇ। ਉਨ੍ਹਾਂ ਦਾ ਮਨੁੱਖ ਦੇ ਸਾਂਝੇ ਵਿਰਸੇ ਵਿਚ ਅਤੇ ਮਨੁੱਖ-ਜਾਤੀ ਦੀ ਸਮੁੱਚੀ ਸੂਝ-ਸਿਆਣਪ ਵਿਚ ਡੂੰਘਾ ਵਿਸ਼ਵਾਸ ਸੀ। ਉਹ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੀ ਪੂਰਤੀ ਲਈ ਕਾਰਜ ਕਰ ਰਹੇ ਸਨ। ਸਿੱਖ ਭਾਈਚਾਰੇ ਦੀ ਅਮਨ-ਪਸੰਦੀ ਦਾ ਇਕ ਬਲਵਾਨ ਪੱਖ ਗੁਰੂ ਸਾਹਿਬਾਨ ਵੱਲੋਂ ਅਤੇ ਸਿੱਖ ਸਿਧਾਂਤ ਤੇ ਪਰੰਪਰਾ ਵਲੋਂ ਇਸਤਰੀ ਨੂੰ ਆਦਰ-ਸਨਮਾਨ ਦੀ ਥਾਂ ਦੇਣਾ ਹੈ। ਜੇਕਰ ਅਮਨ-ਸ਼ਾਂਤੀ ਦੀ ਸੰਭਾਵਨਾ ਨਜ਼ਰ ਆਉਂਦੀ ਹੋਵੇ, ਤਾਂ ਇਸਤਰੀਆਂ ਘੱਟ ਹੀ ਕਦੇ ਜੰਗ ਦੇ ਹੱਕ ਵਿਚ ਹੋਣਗੀਆਂ। ਸਿੱਖ ਸਮਾਜ ਨੇ ਕਦੀ ਵੀ ਜੰਗ-ਯੁੱਧ ਦੀ ਸ਼ਾਨ ਨੂੰ ਆਪਣਾ ਨਾਅਰਾ ਨਹੀਂ ਬਣਾਇਆ, ਬੇਸ਼ੱਕ ਅਣਸੁਖਾਵੇਂ ਹਾਲਾਤ ਵਿਚ ਹਥਿਆਰ ਦੀ ਵਰਤੋਂ ਨਿਆਂਸ਼ੀਲ ਤੇ ਹੱਕੀ ਮੰਨੀ ਹੈ। ਗੁਰੂ ਸਾਹਿਬ ਦੀ ਬਾਣੀ ਧਰਤੀ ਨੂੰ ਬਹੁ-ਰੰਗੀ, ਬਹੁ-ਨਸਲੀ ਜੀਵਨ ਦੇ ਆਦਰਸ਼-ਰੂਪ ਵਿਚ ਪ੍ਰਸਤੁਤ ਕਰਦੀ ਹੈ। ਸਿੱਖ ਸੰਗਤ ਦੀ ਸਮੂਹਕ ਅਰਦਾਸ 'ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਸ਼ਬਦਾਂ ਨਾਲ ਸੰਪੰਨ ਹੁੰਦੀ ਹੈ।

(1/2000)

www.sikhbookclub.com

ਦਸਮੇਸ਼ ਪਿਤਾ ਦੀ ਬਾਣੀ ਵਿਚ ਬੀਰ ਰਸ ਤੇ ਭਗਤੀ

ਧਾਰਮਿਕ ਤੇ ਆਚਰਣਕ ਗਿਰਾਵਟ ਨੂੰ ਦੂਰ ਕਰਨ ਲਈ ਭਾਰਤ ਵਿਚ ਜੋ ਭਗਤੀ ਲਹਿਰ ਚੱਲੀ, ਉਸ ਦਾ ਸਿਖਰ ਸੀ ਪੰਜਾਬ ਵਿਚੋਂ ਅਰੰਭ ਹੋਇਆ ਸਿੱਖ ਧਰਮ ਦਾ ਪ੍ਰਚਾਰ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਜਿਵੇਂ ਭਗਤੀ ਲਹਿਰ ਦਾ ਸਿਖਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮਾਂ ਸੀ, ਇੰਝ ਹੀ ਸਿੱਖੀ ਦੇ ਪ੍ਰਚਾਰ ਦਾ ਸਿਖਰ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਧਾਰਮਕ ਤੇ ਸਮਾਜਕ ਅੰਦੋਲਨ ਨੂੰ ਦਸਮੇਸ਼ ਪਿਤਾ ਨੇ ਇਨਕਲਾਬੀ ਰੂਪ ਦੇ ਕੇ ਸਿਖਰ ਤਕ ਪਹੁੰਚਾਇਆ। ਇਸ ਉਦੇਸ਼ ਲਈ ਆਪ ਨੇ ਅਮਲੀ ਜੀਵਨ ਦੇ ਨਾਲ-ਨਾਲ ਉੱਚ-ਕੋਟੀ ਦਾ ਸਾਹਿਤ ਵੀ ਰਚਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਥੇ ਇਕ ਮਹਾਨ ਆਤਮਕ ਆਗੂ ਤੇ ਬੀਰ ਸੈਨਾਪਤੀ ਸਨ, ਉਥੇ ਆਪ ਇਕ ਅਮਰ ਸਾਹਿਤਕਾਰ ਵੀ ਸਨ। ਆਪ ਕਲਮ ਅਤੇ ਤਲਵਾਰ ਦੋਵਾਂ ਦੇ ਧਨੀ ਸਨ। ਗੁਰੂ ਸਾਹਿਬ ਇਕ ਪੂਰਨ 'ਸੰਤ ਸਿਪਾਹੀ' ਸਨ। 'ਸੰਤ' ਹੋਣ ਦੀ ਹੈਸੀਅਤ ਵਿਚ ਆਪ ਨੇ ਜਨ-ਸਾਧਾਰਨ ਵਿਚ ਆਤਮਕ ਉੱਚਤਾ ਲਿਆਂਦੀ ਅਤੇ ਜੀਵਨ ਵਿਚ ਸੱਚ ਨੂੰ ਦ੍ਰਿੜ੍ਹਾਉਣ ਲਈ ਧਰਮ ਦੀ ਦ੍ਰਿਸ਼ਟੀ ਤੋਂ ਸਦਾਚਾਰ ਦੀਆਂ ਨਵੀਆਂ ਕੀਮਤਾਂ ਦੱਸੀਆਂ। ਅੰਮ੍ਰਿਤ ਦੀ ਦਾਤ ਬਖਸ਼ ਕੇ ਜ਼ਬਤ ਵਿਚ ਰਹਿਣ ਲਈ ਰਹਿਤ ਦ੍ਰਿੜ੍ਹ ਕਰਵਾਈ ਅਤੇ ਗਿਰਾਵਟ ਤੋਂ ਬਚਣ ਲਈ ਆਪਣੇ ਸਿੱਖਾਂ ਨੂੰ ਕੁਰਹਿਤਾਂ ਤੋਂ ਬਚਣ ਦੀ ਹਿਦਾਇਤ ਕੀਤੀ। ਇਕ ਫ਼ੌਜੀ ਜਰਨੈਲ ਦੀ ਹੈਸੀਅਤ ਵਿਚ ਆਪ ਨੇ 'ਸੰਤ ਸਿਪਾਹੀਆਂ' ਦੀ ਸੈਨਾ ਵਿਚ ਆਤਮਕ ਬਲ ਦੇ ਨਾਲ-ਨਾਲ ਸਰੀਰਕ ਤੇ ਮਾਨਸਿਕ ਬਲ ਵੀ ਪੈਦਾ ਕੀਤਾ। ਗੁਰੂ ਸਾਹਿਬ ਚਾਹੁੰਦੇ ਸਨ ਕਿ ਉਨ੍ਹਾਂ ਦੇ ਸਿੱਖ ਬੀਰਤਾ ਦੇ ਕ੍ਰਿਸ਼ਮੇ ਦਿਖਾਉਣ, ਜਬਰ ਤੇ ਜ਼ੁਲਮ ਵਿਰੁੱਧ ਛਾਤੀ ਤਾਣ ਕੇ ਖੜੇ ਹੋਣ।

ਧਾਰਮਿਕ ਖੇਤਰ ਦੇ ਨਾਲ-ਨਾਲ ਸਮਾਜਿਕ ਤੇ ਰਾਜਸੀ ਖੇਤਰਾਂ ਵਿਚ ਸਿਰ ਉੱਚਾ ਕਰ ਕੇ ਮਰਦਾਨਗੀ ਨਾਲ ਵਿਚਰਨ ਲਈ, ਜੀਵਨ ਵਿਚ ਸਵੈਮਾਨ, ਸਨਮਾਨ ਅਤੇ ਸੁਤੰਤਰਤਾ ਪ੍ਰਾਪਤ ਕਰਨ ਲਈ ਜਿਥੇ ਜਰਵਾਣਿਆਂ ਦੇ ਖਿਲਾਫ਼ ਡਟਣ ਦੀ ਦਲੇਰੀ ਅਤੇ ਅਨਿਆਇ ਵਿਰੁੱਧ ਘੋਲ ਕਰਨ ਦੇ ਹੌਸਲੇ ਦੀ ਲੋੜ ਸੀ, ਉਥੇ ਮਾਨਸਿਕ, ਬੌਧਿਕ ਤੇ ਦਾਰਸ਼ਨਿਕ ਤੌਰ 'ਤੇ ਬਲਵਾਨ ਬਣਨ ਦੀ ਵੀ ਲੋੜ ਸੀ। ਗੁਰੂ ਜੀ ਆਪਣੇ ਸਿੱਖਾਂ ਨੂੰ ਸ਼ਸਤਰਾਂ ਦੇ ਨਾਲ-ਨਾਲ ਸ਼ਾਸਤਰਾਂ ਦੀ ਵਿਦਿਆ ਵੀ ਦੇਣਾ ਚਾਹੁੰਦੇ ਸਨ। ਆਪ ਜੀ ਦਾ ਆਦਰਸ਼ ਸੀ ਕਿ ਸਾਡੇ ਸਿੱਖ ਹਰ ਪੱਖੋਂ ਗਿਆਨਵਾਨ ਅਤੇ ਅਮਲੀ ਤੌਰ 'ਤੇ ਤਜਰਬਾਕਾਰ ਹੋਣ। ਉਨ੍ਹਾਂ ਆਪਣੇ ਸਿੱਖਾਂ ਨੂੰ ਆਤਮਿਕ, ਸਰੀਰਕ ਤੇ ਦਿਮਾਗੀ ਤੌਰ 'ਤੇ ਉੱਚਾ ਕੀਤਾ ਤੇ ਨਿਰਭੈਤਾ ਦਾ ਗੁਣ ਬਖ਼ਸ਼ਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੌਧਿਕ ਗਿਆਨ ਤੇ ਆਤਮਿਕ ਗੁਣ ਉਜਾਗਰ ਕਰਨ ਲਈ

www.sikhbookclub.com

ਉੱਚਾ ਸਾਹਿਤ ਲਿਖਿਆ ਤੇ ਆਪਣੇ ਬਵੰਜਾ ਦਰਬਾਰੀ ਕਵੀਆਂ ਤੋਂ ਲਿਖਵਾਇਆ। ਸਰੀਰਕ ਬਲ ਤੇ ਸਵੈ-ਰਖਿਆ ਲਈ ਸ਼ਸਤਰ ਵਿਦਿਆ ਦਿੱਤੀ। ਕਿਲ੍ਹੇ ਉਸਾਰੇ ਅਤੇ ਆਪਣੇ ਸਿੱਖਾਂ ਨੂੰ ਘੋੜਸਵਾਰੀ ਕਰਨ ਤੇ ਰਣ ਖੇਤਰ ਵਿਚ ਜੂਝਣ ਦੀ ਜਾਚ ਸਿਖਾਈ। ਇੰਜ ਨਾ ਕੇਵਲ ਧਰਮ ਖੇਤਰ ਵਿਚ ਸ਼ਾਸਤਰ ਤੇ ਸ਼ਸਤਰ ਦਾ ਮੇਲ ਕੀਤਾ, ਸਗੋਂ ਆਪਣੀ ਰਚਨਾ ਵਿਚ ਭਗਤੀ ਤੇ ਸ਼ਕਤੀ ਦਾ ਮੇਲ ਕਰ ਵਿਖਾਇਆ। ਬੀਰ ਰਸ ਭਰਪੂਰ ਸਾਹਿਤ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜਿਕ ਮੁਰਦੇਹਾਨੀ ਦੂਰ ਕਰਨ ਅਤੇ ਰਾਜਸੀ ਗ਼ੁਲਾਮੀ ਖ਼ਤਮ ਕਰਨ ਦਾ ਇਕ ਨਵਾਂ ਘੋਲ ਅਰੰਭਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਸ੍ਰੀ ਦਸਮ ਗ੍ਰੰਥ' ਵਿਚ ਅੰਕਿਤ ਹੈ। ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ—ਜਾਪੁ (ਸਾਹਿਬ), ਅਕਾਲ ਉਸਤਤਿ, ਚੌਪਈ, ਵਾਰ ਸ੍ਰੀ ਭਗਉਤੀ ਜੀ ਕੀ, ਬਚਿਤ੍ਰ ਨਾਟਕ, ਸਵੱਈਏ, ਸ਼ਬਦ ਹਜ਼ਾਰੇ, ਸ੍ਰੀ ਸ਼ਸਤ੍ਰ ਨਾਮ ਮਾਲਾ, ਜ਼ਫ਼ਰਨਾਮਾ ਆਦਿ।

ਗੁਰੂ ਸਾਹਿਬ ਚੂੰਕਿ ਇਕ ਧਾਰਮਿਕ ਆਗੂ ਸਨ, ਇਸ ਲਈ ਆਪ ਦੀ ਰਚਨਾ ਵਧੇਰੇ ਧਾਰਮਿਕ ਹੀ ਹੈ। ਆਪ ਜੀ ਦੀ ਬਾਣੀ ਨੂੰ ਤਿੰਨ ਵੰਨਗੀਆਂ ਵਿਚ ਸੌਖੇ ਹੀ ਵੰਡਿਆ ਜਾ ਸਕਦਾ ਹੈ—ਧਾਰਮਿਕ, ਬੀਰ-ਰਸ ਤੇ ਬਿਆਨੀਆਂ। ਉਂਜ ਤਾਂ ਗੁਰੂ ਸਾਹਿਬ ਦੀ ਸਾਰੀ ਬਾਣੀ ਹੀ ਧਾਰਮਿਕ ਕਹੀ ਜਾ ਸਕਦੀ ਹੈ, ਕਿਉਂਕਿ ਬੀਰ-ਰਸੀ ਤੇ ਬਿਆਨੀਆਂ ਰਚਨਾਵਾਂ ਦਾ ਉਦੇਸ਼ ਵੀ ਧਾਰਮਿਕ ਉਦੇਸ਼ ਹੀ ਹੈ, ਪਰ ਉਹ ਬਾਣੀ ਜਿਸ ਵਿਚ ਕੇਵਲ ਪਰਮਾਤਮਾ ਦੀ ਉਸਤਤਿ ਹੀ ਹੈ ਅਤੇ ਜਿਸ ਦੁਆਰਾ ਭਗਤੀ-ਭਾਵ ਉਜਾਗਰ ਹੁੰਦਾ ਹੈ ਉਸ ਨੂੰ ਨਿਰੋਲ ਧਾਰਮਿਕ ਕਿਹਾ ਜਾ ਸਕਦਾ ਹੈ, ਜਿਵੇਂ ਕਿ ਜਾਪੁ ਸਾਹਿਬ, ਅਕਾਲ ਉਸਤਤਿ, ਚੌਪਈ, ਸ਼ਬਦ ਹਜ਼ਾਰੇ ਅਤੇ ਸਵੱਈਏ ਆਦਿ। ਇਨ੍ਹਾਂ ਬਾਣੀਆਂ ਵਿਚ ਇਕ ਅਕਾਲ ਦੀ ਪੂਜਾ ਅਤੇ ਉਪਾਸ਼ਨਾ ਉੱਤੇ ਜ਼ੋਰ ਹੈ। ਪਰਮਾਤਮਾ ਦੀ ਉਸਤਤਿ ਤੋਂ ਇਲਾਵਾ ਪ੍ਰਭੂ ਦੇ ਗੁਣਾਂ ਅਤੇ ਉਸ ਦੀ ਰੂਪ-ਰੇਖਾ ਦਾ ਵਰਣਨ ਹੈ। ਇਨ੍ਹਾਂ ਤੋਂ ਛੁਟ ਇਕ ਸੁਚੱਜਾ ਜੀਵਨ ਬਣਾਉਣ ਲਈ ਗੁਰਮਤਿ ਦੇ ਸੁਝਾਅ ਵੀ ਹਨ। ਬੀਰ-ਰਸੀ ਬਾਣੀਆਂ ਅਤੇ ਬਿਆਨੀਆਂ ਰਚਨਾਵਾਂ ਵਿਚ ਚੰਡੀ ਦੀ ਵਾਰ (ਵਾਰ ਸ੍ਰੀ ਭਗਉਤੀ ਜੀ ਕੀ), ਚੰਡੀ ਚਰਿਤ੍ਰ, ਬਚਿਤ੍ਰ (ਵਿਚਿਤ੍ਰ) ਨਾਟਕ, ਸ੍ਰੀ ਸ਼ਸਤ੍ਰ ਨਾਮ ਮਾਲਾ ਅਤੇ ਜ਼ਫ਼ਰਨਾਮਾ ਆਦਿ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

ਜਿਵੇਂ ਬੀਰ-ਰਸੀ ਤੇ ਬਿਆਨੀਆਂ ਬਾਣੀ ਵਿਚ ਪ੍ਰਭੂ ਦੀ ਉਸਤਤਿ ਵੀ ਨਾਲ-ਨਾਲ ਕਰਦੇ ਹਨ ਅਤੇ ਧਾਰਮਿਕ ਅੰਗ ਉਘੜ-ਉਘੜ ਪੈਂਦਾ ਹੈ, ਤਿਵੇਂ ਅਕਾਲ ਦੀ ਉਸਤਤਿ ਕਰਦਿਆਂ ਬੀਰ-ਰਸੀ ਅੰਗ ਵੀ ਕਾਇਮ ਰੱਖਿਆ ਹੈ। ਗੁਰੂ ਸਾਹਿਬ ਪ੍ਰਭੂ ਦੇ ਗੁਣ ਗਾ ਰਹੇ ਹਨ ਜਾਂ ਜਾਪ ਕਰ ਰਹੇ ਹਨ, ਸ਼ੈਲੀ ਐਸੀ ਹੈ ਕਿ ਕਰਤਾ ਪੁਰਖ ਦੀ ਵਿਸਮਾਦਤਾ ਦੇ ਨਾਲ-ਨਾਲ ਉਸ ਦੇ ਸਰਬ-ਸ਼ਕਤੀਮਾਨ ਹੋਣ ਅਤੇ ਸਰਬ-ਕਲਾ ਸਮਰੱਥ ਹੋਣ ਦਾ ਪ੍ਰਭਾਵ ਪੈਂਦਾ ਹੈ ਅਤੇ ਆਪ ਦੀਆਂ ਇਹ ਬਾਣੀਆਂ ਪੜ੍ਹਨ ਤੇ ਸੁਣਨ ਵਾਲੇ ਦੇ ਮਨ ਵਿਚ ਅਚੇਤ ਹੀ ਬੀਰਤਾ ਦਾ ਗੁਣ ਜਾਗ ਪੈਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਕਾਲ ਦੀ ਪੂਜਾ ਦੇ ਨਾਲ-ਨਾਲ ਚੜ੍ਹਦੀ ਕਲਾ ਦਾ ਜਜ਼ਬਾ ਉਭਾਰਨ ਲਈ ਬਾਣੀ ਰਚੀ। ਵਹਿਮਾਂ-ਭਰਮਾਂ ਦੇ ਖੰਡਨ ਲਈ, ਰੱਬ ਦੀ ਏਕਤਾ 'ਤੇ ਜ਼ੋਰ ਦੇਣ ਲਈ ਗਰੀਬਾਂ, ਅਨਾਥਾਂ ਅਤੇ ਦਲਿਤ ਜਾਤੀਆਂ ਨੂੰ ਉਚਿਆਂ ਚੁਕਣ ਵਾਸਤੇ ਅਤੇ ਸਮੁੱਚੀ ਮਾਨਵਤਾ ਨਾਲ ਭਰਾਤਰੀ-ਭਾਵ ਉਪਜਾਣ ਦੀ ਖ਼ਾਤਰ ਗੁਰੂ ਸਾਹਿਬ ਨੇ ਵੱਖ-ਵੱਖ ਰੂਪਾਂ ਤੇ ਅੱਡ-ਅੱਡ ਵਿਸ਼ਿਆਂ ਨਾਲ ਸਬੰਧਤ ਬਾਣੀ ਉਚਾਰਨ ਕੀਤੀ। ਆਪ ਦੀ ਬਾਣੀ ਪੜ੍ਹ ਕੇ ਹੁਲਾਸ, ਵਿਗਾਸ, ਵਿਸਮਾਦ ਦੇ ਨਾਲ-ਨਾਲ ਬੀਰ-ਰਸ ਦਾ ਪ੍ਰਭਾਵ ਵੀ ਪੈਂਦਾ ਹੈ। ਬੀਰ-ਰਸੀ ਜਜ਼ਬਾ ਉਭਾਰਨਾ

www.sikhbookclub.com

ਜ਼ਰੂਰੀ ਸੀ। ਧਰਮ-ਯੁੱਧ ਲਈ ਬੀਰਤਾ ਦੀ ਬਹੁਤ ਲੋੜ ਸੀ। ਗੁਰੂ ਸਾਹਿਬ ਨੇ ਆਪਣੇ ਇਸ ਉਦੇਸ਼ ਨੂੰ 'ਕ੍ਰਿਸ਼ਨਾਵਤਾਰ' ਰਚਨਾ ਵਿਚ ਤਾਂ ਆਪਣੀ ਕਲਮ ਨਾਲ ਸਾਫ਼ ਸ਼ਬਦਾਂ ਵਿਚ ਵਰਣਨ ਕੀਤਾ ਹੈ:

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥੨੪੯੧॥

(ਦਸਮ ਗ੍ਰੰਥ, ਪੰਨਾ ੫੭੦)

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਗੁਰੂ ਸਾਹਿਬ ਦਾ ਆਸ਼ਾ ਧਰਮ-ਯੁੱਧ ਲਈ ਤਿਆਰ ਕੀਤੇ ਜਾ ਰਹੇ ਸਿੱਖਾਂ ਦੀ ਆਤਮਾ ਨੂੰ ਬੀਰ-ਰਸੀ ਉਤਸ਼ਾਹ ਤੇ ਉਮਾਹ ਨਾਲ ਪ੍ਰਚੰਡ ਕਰਨਾ ਸੀ। 'ਰਾਮ ਅਵਤਾਰ' ਅਤੇ 'ਚੌਬੀਸ ਅਵਤਾਰ' ਵਿਚ ਵੀ ਗੁਰੂ ਜੀ ਨੇ ਇਹੋ ਜਿਹਾ ਉਦੇਸ਼ ਹੀ ਪ੍ਰਗਟ ਕੀਤਾ ਹੈ। 'ਸ਼ਸਤ੍ਰ ਨਾਮ ਮਾਲਾ' ਦੁਆਰਾ ਵੱਖ-ਵੱਖ ਸ਼ਸਤਰਾਂ ਬਾਰੇ ਗਿਆਨ ਦਿੱਤਾ ਹੈ।

ਕਰਤਾ ਪੁਰਖ ਦੀ ਸੁੰਦਰਤਾ ਦੇ ਦੋ ਅੰਗ ਹਨ: ਇਕ ਹੈ 'ਜਮਾਲ' ਤੇ ਦੂਜਾ ਹੈ 'ਜਲਾਲ'।

ਪਿਆਰ, ਦਇਆ, ਸੰਤੋਖ ਤੇ ਸੇਵਾ ਆਦਿ ਜੀਵਨ ਦੇ ਕੋਮਲ ਤੇ ਸੁੰਦਰ ਪੱਖ ਨੂੰ ਪ੍ਰਗਟ ਕਰਦੇ ਹਨ ਅਤੇ ਇਹ ਜਮਾਲ ਦਾ ਹਿੱਸਾ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਧੇਰੇ ਕਰਕੇ ਇਹ ਜਮਾਲ ਪੈਦਾ ਕੀਤਾ ਹੈ। ਇਸ ਜਮਾਲ ਦੇ ਨਾਲ ਜਲਾਲ ਦੀ ਵੀ ਲੋੜ ਸੀ। 'ਜਲਾਲ' ਦੇ ਅੰਗ ਹਨ: ਸ਼ਕਤੀ, ਤੇਜ ਅਤੇ ਬੀਰ-ਰਸ। ਇਸ ਦੀ ਲੋੜ 'ਮਰਦ ਅਗੰਮੜੇ' ਤੇ 'ਵਰਿਆਮ ਅਕੇਲੇ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੂਰੀ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਗਭਗ ਸਾਰੀ ਬਾਣੀ ਰਾਗਾਂ ਵਿਚ ਵੰਡੀ ਹੋਈ ਹੈ ਜਦ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਚੰਦ ਇਕ ਸ਼ਬਦਾਂ ਨੂੰ ਛੱਡ ਕੇ ਛੰਦਾਂ ਵਿਚ ਵੰਡੀ ਹੋਈ ਹੈ। ਛੰਦ ਬੀਰ-ਰਸ ਉਪਜਾਣ ਵਿਚ ਸਹਾਈ ਹੁੰਦੇ ਹਨ। ਮਿਸਾਲ ਲਈ ਵੇਖੋ ਬਚਿਤ੍ਰ ਨਾਟਕ ਵਿਚ ਜਿਥੇ ਪਰਮਾਤਮਾ ਨੂੰ ਤੇਗ-ਰੂਪ ਕਹਿ ਕੇ ਨਮਸਕਾਰ ਕੀਤੀ ਹੈ, ਉਥੇ ਢੁਕਵੇਂ ਸ਼ਬਦਾਂ ਦੇ ਨਾਲ-ਨਾਲ ਛੰਦ ਵੀ ਐਸਾ ਵਰਤਿਆ ਹੈ ਕਿ ਚਿੱਤ ਆਪ-ਮੁਹਾਰੇ ਹੀ ਜੋਸ਼ ਵਿਚ ਆ ਕੇ ਉਛਾਲੇ ਖਾਣ ਲੱਗਦਾ ਹੈ:

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥

(ਬਚਿਤ੍ਰ ਨਾਟਕ, ਅਧਿ: ੧)

ਗੁਰੂ ਜੀ ਨੇ ਬੀਰ-ਰਸ ਪ੍ਰਭਾਵ ਪੈਦਾ ਕਰਨ ਲਈ ਛੰਦਾਂ ਦੇ ਨਾਲ-ਨਾਲ ਢੁਕਵੀਂ ਸ਼ਬਦਾਵਲੀ ਦੀ ਵੀ ਵਰਤੋਂ ਕੀਤੀ ਹੈ। ਜੋਸ਼ ਵਾਲੇ ਜਜ਼ਬੇ ਅਤੇ ਬੀਰ-ਰਸੀ ਅਨੁਭਵ ਦੇ ਮੁਤਾਬਿਕ ਮੁਨਾਸਿਬ ਲਫ਼ਜ਼ਾਂ ਦੀ ਵਰਤੋਂ ਇਕ ਚੰਗੇ ਕਲਾਕਾਰ ਦੀ ਨਿਪੁੰਨਤਾ ਦੇ ਸੂਚਕ ਹੁੰਦੇ ਹਨ। ਇਸ ਪੱਖੋਂ ਗੁਰੂ ਜੀ ਦਾ ਸਾਨੀ ਕੋਈ ਨਹੀਂ ਹੈ। ਆਪ ਜੀ ਨੇ ਜਿਥੇ ਇਹੋ ਜਿਹੇ ਵਿਸ਼ੇ ਚੁਣੇ ਹਨ ਕਿ ਬੀਰ-ਰਸ ਠਾਠਾਂ ਮਾਰਨ ਲੱਗ ਪਏ, ਉਥੇ ਢੁਕਵੇਂ ਛੰਦਾਂ ਅਤੇ ਫਬਵੇਂ ਸ਼ਬਦਾਂ ਦੀ ਵਰਤੋਂ ਕਰਕੇ ਇਸ ਨੂੰ ਪੂਰੀ ਕਾਮਯਾਬੀ ਨਾਲ ਨਿਭਾਇਆ ਹੈ। ਆਪ ਦੀਆਂ ਰਚਨਾਵਾਂ ਦੀ ਇਹ ਇਕ ਵਿਸ਼ੇਸ਼ ਖ਼ੂਬੀ ਹੈ। ਛੰਦਾਂ ਦੀ ਸੁਭਾਵਕ ਚਾਲ, ਲੋੜੀਂਦੀ ਲੈਅ ਅਤੇ ਬੀਰ-ਰਸ ਭਿੰਨੀ ਜ਼ੋਰਦਾਰ ਸ਼ਬਦਾਵਲੀ ਪਾਠਕ ਦੇ ਮਨ 'ਤੇ ਭਰਪੂਰ ਅਸਰ ਕਰਦੇ ਹਨ। ਹਰ ਆਉਣ ਵਾਲਾ ਸ਼ਬਦ ਪਹਿਲੇ ਸ਼ਬਦ ਨੂੰ ਪਿਛਾਂਹ ਪਛਾੜਦਾ ਹੈ। ਸ਼ਬਦਾਂ ਦੀ

www.sikhbookclub.com

ਇਹ ਫੁਰਤੀਲੀ ਚਾਲ ਵਰਣਨ ਨੂੰ ਤੇਜ਼, ਵੇਗ ਨੂੰ ਤਿੱਖਾ ਅਤੇ ਪ੍ਰਭਾਵ ਨੂੰ ਤੀਬਰ ਬਣਾਂਦੀ ਹੈ। ਜਿਥੇ ਵੀ ਵਧੇਰੇ ਜੋਸ਼ ਪੈਦਾ ਕਰਨ ਜਾਂ ਜਜ਼ਬੇ ਨੂੰ ਉਭਾਰਨ ਦਾ ਉਦੇਸ਼ ਹੈ, ਉਥੇ ਖਰ੍ਹਵੇ ਸੁਰਾਂ ਵਾਲੇ ਅੱਖਰ ਬੜੀ ਸਫਲਤਾ ਨਾਲ ਵਰਤੇ ਹਨ। ਜਿਵੇਂ—ਙ, ੜ, ਢ, ਣ ਆਦਿ।

ਖਾਸ ਕਰਕੇ ਚੰਡੀ ਦੀ ਵਾਰ ਦੀ ਸ਼ਬਦਾਵਲੀ ਵਿਚ ਅਜਿਹੀ ਕਲਾ ਸਿਖਰ 'ਤੇ ਹੈ। ਸ਼ਬਦਾਂ ਵਿਚ ਐਸਾ ਜਾਦੂ ਹੈ ਕਿ ਪੜ੍ਹਨ ਸੁਣਨ ਵਾਲੇ ਨੂੰ ਆਪ-ਮੁਹਾਰੇ ਜੋਸ਼ ਆ ਜਾਂਦਾ ਹੈ। ਗੁਰੂ ਸਾਹਿਬ ਨੇ ਕਈ ਥਾਈਂ ਲਫ਼ਜ਼ਾਂ ਵਿਚੋਂ ਹੀ ਜੰਗ-ਜੁਧ ਦੀਆਂ ਲੋੜੀਂਦੀਆਂ ਆਵਾਜ਼ਾਂ ਪੈਦਾ ਕੀਤੀਆਂ ਹਨ। ਕੁਝ ਇਕ ਥਾਈਂ ਨਗਾਰਿਆਂ ਦੇ ਵੱਜਣ, ਤਲਵਾਰਾਂ ਤੇ ਹੋਰ ਸ਼ਸਤਰਾਂ ਦੇ ਖੜਕਣ ਦੀਆਂ ਆਵਾਜ਼ਾਂ ਜਿਵੇਂ ਕੰਨੀਂ ਪਈਆਂ ਪੈਂਦੀਆਂ ਹੋਣ। ਮਿਸਾਲ ਲਈ ਹੇਠ ਲਿਖੀਆਂ ਤੁਕਾਂ ਦੇਖੋ :

ਭਕਾ ਭੁੰਕ ਭੇਰੀ ਢਕਾ ਢੁੰਕ ਢੋਲੰ ॥
ਫਟੀ ਨਖ ਸਿੰਘੰ ਮੁਖੰ ਡੱਢ ਕੋਲੰ ॥
ਡਮਾ ਡੰਮਿ ਡਉਰੂ ਡਕਾ ਡੁੰਕ ਡੰਕੰ ॥
ਰੜੇ ਗਿ੍ਧ ਬਿ੍ਧੰ, ਕਿਲੱਕਾਰ ਕੰਕੰ ॥੩॥੧੨੫॥

(ਦਸਮ ਗ੍ਰੰਥ, ਪੰਨਾ ੧੦੯)

ਜਾਂ ਫਿਰ—

ਕੜਾਕ ਕਰ ਮੁਕੰ ਉਧੰ ॥
ਸੜਾਕ ਸੈਹਥੀ ਜੁਧੰ ॥
ਬਿਅੰਤ ਬਾਣਿ ਬਰਖਯੰ ॥
ਬਿਸੇਖ ਬੀਰ ਪਰਖਯੰ ॥੧੮॥
ਕੜਾ ਕੜੀ ਕ੍ਰਿਪਾਣਯੰ ॥
ਜਟਾ ਜੁਟੀ ਜੁਆਣਯੰ ॥
ਸੁ ਬੀਰ ਜਾਗੜਦੰ ਜਗੇ ॥
ਲੜਾਕ ਲਾਗੜਦੰ ਪਗੇ ॥੧੯॥੧੭੫॥

(ਦਸਮ ਗ੍ਰੰਥ, ਪੰਨਾ ੧੧੨)

ਜਦ ਅਸੀਂ ਗੁਰੂ ਸਾਹਿਬ ਦੀ ਬਾਣੀ ਨੂੰ ਗਹੁ ਨਾਲ ਪੜ੍ਹਦੇ ਹਾਂ ਤਾਂ ਆਪ ਦੀ ਲਗਭਗ ਸਾਰੀ ਰਚਨਾ ਵਿਚੋਂ ਮਹਾਨ ਬੀਰ-ਰਸੀ ਅਨੁਭਵ ਦਿੱਸਦਾ ਹੈ। ਨਾਲ ਹੀ ਆਪ ਦੇ ਵਿਸ਼ਾਲ ਤਜਰਬੇ ਅਤੇ ਮਹਾਨ ਵਿਦਵਤਾ ਦਾ ਅਸਰ ਵੀ ਪੈਂਦਾ ਹੈ। ਪਰ, ਹਰ ਰਚਨਾ ਵਿਚੋਂ ਅਕਾਲ ਪੁਰਖ ਦੀ ਉਪਾਸ਼ਨਾ, ਉਸ ਦੀ ਪੂਜਾ ਤੇ ਉਸਤਤਿ, ਉਸ ਦੀ ਸ੍ਰੇਸ਼ਟ ਸ਼ਕਤੀ ਦੀ ਓਟ ਅਤੇ ਉਸੇ ਅੱਗੇ ਅਰਦਾਸ ਦੇ ਹਵਾਲੇ ਤੇ ਉਦਾਹਰਣਾਂ ਕਈ ਥਾਈਂ ਮਿਲਦੀਆਂ ਹਨ। ਗੁਰੂ ਸਾਹਿਬ ਇਸ ਮਹਾਨ ਸ਼ਕਤੀ ਨੂੰ 'ਜਾਗਤਿ ਜੋਤਿ' ਦੇ ਰੂਪ ਵਿਚ ਪ੍ਰਕਾਸ਼ਮਾਨ ਤੱਕਦੇ ਹਨ ਅਤੇ 'ਮਹਾ ਕਾਲ' ਦੇ ਰੂਪ ਵਿਚ ਧਿਆਉਂਦੇ ਹਨ। ਕਦੇ ਇਸ ਨੂੰ 'ਸਦਾ ਸੱਚਦਾਨੰਦ' ਆਖਦੇ ਹਨ ਤੇ ਕਦੇ 'ਦੁਕਾਲੰ ਪ੍ਰਣਾਸੀ' ਕਿਹਾ ਹੈ। ਉਸ ਨੂੰ 'ਅਬਿਗਤ ਅਬਿਨਾਸੀ' ਤੇ 'ਦਿਆਲੰ ਸਰੂਪੇ' ਕਹਿ ਕੇ ਪੁਕਾਰਦੇ ਹਨ। ਅਕਾਲ ਪੁਰਖ ਲਈ ਗੁਰੂ ਜੀ ਨੇ ਕਈ ਨਵੇਂ ਸ਼ਬਦ ਵੀ ਘੜੇ ਹਨ। ਜਿਵੇਂ ਅਸਿਕੇਤੁ, ਅਸਿਧੁਜ, ਸਰਬ ਕਾਲ, ਸਰਬ ਲੋਹ, ਸ੍ਰੀ ਖੜਕ, ਖੜਗ ਕੇਤ, ਸ੍ਰੀ ਭਗਉਤੀ ਆਦਿ। ਇਨ੍ਹਾਂ ਵਿਚ ਪ੍ਰਭੂ ਦੀ ਸ਼ਕਤੀ ਦਾ ਅਤੇ ਬੀਰ-ਰਸੀ ਪ੍ਰਭਾਵ ਪੈਂਦਾ ਹੈ।

www.sikhbookclub.com

ਉਹ ਪਰਮਾਤਮਾ ਜੋ ਕਰਤਾ ਪੁਰਖ, ਸਰਬ ਸ਼ਕਤੀਮਾਨ ਅਤੇ ਪਰੀਪੂਰਨ ਹੈ, ਉਸ ਨੂੰ ਗੁਰੂ ਜੀ "ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ" ਦੇਖ ਕੇ ਵਡਿਆਉਂਦੇ ਹਨ। ਉਹ 'ਚੱਕ੍ਰ ਚਿਹਨ ਬਰਣ' ਅਤੇ 'ਜਾਤਿ ਪਾਤਿ' ਤੋਂ ਨਿਆਰਾ ਹੈ। ਐਸੇ ਪਰਮਾਤਮਾ ਦੀ ਉਸਤਤਿ ਕਰਦਿਆਂ ਗੁਰੂ ਜੀ ਨੇ ਬੀਰ-ਰਸ ਸ਼ਬਦਾਵਲੀ ਵਰਤੀ ਹੈ। 'ਸਰਬ ਲੋਹ ਜੀ ਕੀ ਰਛਿਆ ਹਮਨੈ' ਗੁਰੂ ਗੋਬਿੰਦ ਸਿੰਘ ਜੀ ਹੀ ਕਹਿ ਸਕਦੇ ਹਨ। ਅਸਲੀਅਤ ਇਹ ਹੈ ਕਿ 'ਧਰਮ ਚਲਾਵਨ' ਤੇ 'ਸੰਤ ਉਬਾਰਨ' ਲਈ ਤਾਂ ਭਗਤੀ ਭਾਵ ਦੀ ਲੋੜ ਸੀ ਪਰ 'ਦੁਸ਼ਟ ਸਭਨ ਕੋ ਮੂਲ ਉਪਾਰਨ' ਵਾਸਤੇ ਬੀਰ-ਰਸ ਜ਼ਰੂਰੀ ਸੀ। ਇਕ ਪਾਸੇ ਤਾਂ ਸੱਚ, ਧਰਮ ਤੇ ਨਿਆਂ ਦਾ ਰਾਜ ਕਾਇਮ ਕਰਨਾ ਸੀ ਅਤੇ ਦੂਜੇ ਪਾਸੇ ਦੁਸ਼ਟਾਂ ਦਾ ਨਾਸ। ਤਾਹੀਓਂ ਗੁਰੂ ਸਾਹਿਬ ਇਹ ਅਰਦਾਸ ਕਰਦੇ ਹਨ :

ਮੋ ਰੱਛਾ ਨਿਜ ਕਰ ਦੈ ਕਰਿਯੈ ॥
ਸਭ ਬੈਰਨ ਕੋ ਆਜ ਸੰਘਰਿਯੈ ॥ *(ਚੌਪਈ, ਪਾਤ: ੧੦)*

ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਚਲਿਆ ਆ ਰਿਹਾ ਹੈ। ਇਸ ਦਾ ਪ੍ਰਗਟਾਅ ਬਿਲਕੁਲ ਸਪੱਸ਼ਟ ਤੇ ਸਿਖਰ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ। ਇਹ ਗੱਲ ਗੁਰੂ ਸਾਹਿਬ ਦੇ ਜੀਵਨ, ਉਦੇਸ਼ ਤੇ ਬਾਣੀ ਤੋਂ ਪ੍ਰਤੱਖ ਪਈ ਦਿੱਸਦੀ ਹੈ। ਹਰ ਧਰਮ ਵਿਚ ਭਗਤੀ ਦਾ ਦਰਜਾ ਪਹਿਲਾ ਹੈ; ਸ਼ਕਤੀ ਦੂਜੇ ਦਰਜੇ 'ਤੇ ਗਿਣੀਦੀ ਹੈ। ਭਗਤੀ ਤੋਂ ਹੀ ਆਤਮਿਕ, ਮਾਨਸਿਕ, ਸਦਾਚਾਰਕ ਤੇ ਸਰੀਰਕ ਸ਼ਕਤੀ ਵੀ ਉਤਪੰਨ ਹੁੰਦੀ ਹੈ ਅਤੇ ਫਿਰ ਇਹੋ ਸ਼ਕਤੀ ਰਾਜਸੀ ਸ਼ਕਤੀ ਪ੍ਰਦਾਨ ਕਰਦੀ ਹੈ। ਤਾਹੀਓਂ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸੱਚਾਈ ਆਪਣੇ ਸਿੱਖਾਂ ਨੂੰ ਸਮਝਾਈ ਕਿ:

ਕੋਊ ਕਿਸੀ ਕੋ ਰਾਜ ਨਾ ਦੇ ਹੈ ॥
ਜੋ ਲੈ ਹੈ ਨਿਜ ਬਲ ਸੌ ਲੈ ਹੈ ॥

ਸ਼ਕਤੀ ਉਤਨਾ ਚਿਰ ਹੀ ਕਾਇਮ ਰਹਿੰਦੀ ਹੈ ਜਿਤਨਾ ਚਿਰ ਕਿ ਭਗਤੀ ਕਾਇਮ ਹੈ। ਜੇ ਪਰਮਾਤਮਾ ਦਾ ਆਸਰਾ ਹੈ ਤਾਂ ਭਗਤੀ ਦੀ ਵਡਿਆਈ, ਸ਼ੋਭਾ ਤੇ ਪ੍ਰਤਿਭਾ ਕਾਇਮ ਹਨ ਅਤੇ ਸਾਰੀਆਂ ਤਾਕਤਾਂ, ਇਥੋਂ ਤਕ ਕਿ ਰਿਧੀਆਂ-ਸਿਧੀਆਂ ਵੀ ਪਿਛੇ ਲੱਗੀਆਂ ਫਿਰਦੀਆਂ ਹਨ। ਭਾਵੇਂ ਕਿਸੇ ਕੋਲ ਰਾਜਸੀ ਤਾਕਤ ਨਾ ਵੀ ਹੋਵੇ, ਪਰ ਜੇ ਉਸ ਪਾਸ ਆਤਮਕ ਬਲ ਹੈ ਭਾਵ ਭਗਤੀ ਹੈ ਤਾਂ ਉਹ ਮਹਾਨ ਹੋ ਸਕਦਾ ਹੈ। ਗੁਰੂ ਨਾਨਕ ਸਾਹਿਬ ਦੀ ਗੱਦੀ ਦੀ ਮਹਾਨਤਾ ਕਿਸੇ ਰਾਜਸੀ ਬਲ ਕਰਕੇ ਨਹੀਂ ਸਗੋਂ ਭਗਤੀ ਕਰਕੇ ਹੈ। ਗੁਰੂ ਸਾਹਿਬਾਂ ਦੀ ਪੂਜਾ ਉਨ੍ਹਾਂ ਦੇ ਆਤਮਕ ਬਲ ਕਰਕੇ ਹੈ ਜੋ ਕਿ ਸ਼ਕਤੀ ਹਰ ਪ੍ਰਕਾਰ ਦੀ ਸ਼ਕਤੀ ਦਾ ਸੋਮਾ ਹੈ। ਜੇ ਕਿਸੇ ਕੋਲ ਰਾਜਸੀ ਬਲ ਹੈ ਪਰ ਭਗਤੀ ਨਹੀਂ ਤਾਂ ਮਹਾਨਤਾ ਥੋੜ-ਚਿਰੀ ਹੈ ਅਤੇ ਨਿਰਾਰਥਕ ਵੀ। ਇਹ ਸੱਚਾਈ ਜਿਥੇ ਵਿਅਕਤੀਗਤ ਰੂਪ ਵਿਚ ਠੀਕ ਹੈ ਉਥੇ ਕੌਮਾਂ 'ਤੇ ਵੀ ਠੀਕ ਢੁਕਦੀ ਹੈ। ਕਿਸੇ ਦੇਸ਼, ਜਾਤੀ ਜਾਂ ਕੌਮ ਨੂੰ ਕਿਤਨਾ ਹੀ ਰਾਜਸੀ ਬਲ ਕਿਉਂ ਨਾ ਪ੍ਰਾਪਤ ਹੋ ਜਾਏ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਮਾਣ ਹਾਸਲ ਹੋ ਜਾਏ, ਉਹ ਮਹਾਨਤਾ ਕੁਝ ਨਹੀਂ ਜੇ ਭਗਤੀ-ਭਾਵ ਅਤੇ ਆਚਰਣਕ ਕੀਮਤਾਂ ਦਾ ਅਭਾਵ ਹੈ। ਜੇ ਸਦਾਚਾਰ ਨਹੀਂ ਤਾਂ ਰਾਜਸੀ ਬਲ ਦਾ ਕੀ ਪ੍ਰਭਾਵ ? ਸੱਚ, ਧਰਮ, ਇਖ਼ਲਾਕ ਅਤੇ ਵਿਸ਼ਵਾਸ ਤਾਂ ਮੂਲ ਹਨ ਅਤੇ ਸ਼ਕਤੀ ਫਲ ਹੈ। ਜੇ ਜੜ੍ਹਾਂ ਹੀ ਕਾਇਮ ਨਹੀਂ ਤਾਂ ਫਲ ਕਿਵੇਂ ਕਾਇਮ ਰਹਿ ਸਕਦਾ ਹੈ। ਸ੍ਰੀ ਗੁਰੂ

www.sikhbookclub.com

ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਰਚਨਾ ਤੋਂ ਇਹ ਗੱਲ ਦ੍ਰਿੜ੍ਹ ਹੁੰਦੀ ਹੈ। ਖ਼ਾਸ ਕਰਕੇ ਜ਼ਫ਼ਰਨਾਮੇ ਵਿਚ ਤਾਂ ਆਚਰਣਕ ਕੀਮਤਾਂ ਉਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਗੁਰੂ ਜੀ ਨੇ ਔਰੰਗਜ਼ੇਬ ਨੂੰ ਬੜੇ ਕਰੜੇ ਸ਼ਬਦਾਂ ਵਿਚ ਆਖਿਆ ਹੈ ਕਿ "ਤੂੰ ਸੱਚ ਅਤੇ ਈਮਾਨ ਉਪਰ ਕਾਇਮ ਨਹੀਂ ਰਿਹਾ।"

ਸ਼ਕਤੀ ਨਾਲ ਭਗਤੀ ਉਤਪੰਨ ਨਹੀਂ ਹੋ ਸਕਦੀ, ਪਰ ਭਗਤੀ ਦੁਆਰਾ ਹਰ ਤਰ੍ਹਾਂ ਦੀ ਸ਼ਕਤੀ ਮਿਲ ਸਕਦੀ ਹੈ। ਇਸੇ ਲਈ ਗੁਰੂ ਸਾਹਿਬ ਨੇ ਭਗਤੀ ਰਾਹੀਂ ਸ਼ੁਭ ਗੁਣਾਂ, ਸ਼ੁਭ ਕਰਮਨ ਦੀ ਮੰਗ ਕੀਤੀ ਹੈ।

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ ॥

ਅਜਿਹੇ ਸ਼ੁਭ ਕਰਮ ਤੇ ਸ਼ੁਭ ਗੁਣ ਨਿਰਭੈਤਾ ਤੇ ਦ੍ਰਿੜ੍ਹਤਾ ਪੈਦਾ ਕਰਦੇ ਹਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬ ਦੀ ਅਗਲੀ ਮੰਗ ਹੈ :

ਨ ਡਰੋਂ ਅਰਿ ਸੋ ਜਬ ਜਾਇ ਲਰੋਂ

ਅਤੇ ਨਾਲ ਹੀ ਇਹ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ:

ਨਿਸਚੈ ਕਰ ਅਪਨੀ ਜੀਤ ਕਰੋਂ ॥

'ਸ਼ੁਭ ਕਰਮਨ' ਦੀ ਮੰਗ ਭਗਤੀ ਹੈ, ਪਰ ਜਦ ਇਹ ਕਹਿੰਦੇ ਹਨ ਕਿ:

ਨ ਡਰੋਂ ਅਰਿ ਸੋ ਜਬ ਜਾਇ ਲਰੋਂ

ਤਾਂ ਇਹ ਸ਼ਕਤੀ ਦੀ ਮੰਗ ਹੈ। ਸਪੱਸ਼ਟ ਹੈ ਕਿ ਗੁਰੂ ਜੀ ਭਗਤੀ ਤੇ ਸ਼ਕਤੀ ਨੂੰ ਇਕੱਠਿਆਂ ਹੀ ਰੱਖਦੇ ਹਨ।

ਜੀਵਨ ਦਾ ਉਤਮ ਆਦਰਸ਼ ਹੀ ਉਤਮ ਧਰਮ ਦਾ ਸਹੀ ਪ੍ਰਗਟਾਅ ਹੈ, ਇਸ ਤੋਂ ਉੱਤਮ ਆਦਰਸ਼ ਹੋਰ ਹੋ ਵੀ ਕੀ ਸਕਦਾ ਹੈ? 'ਸੁਭ ਕਰਮਨ ਤੇ ਕਬਹੂੰ ਨ ਟਰੋਂ' ਅਤੇ ਗੁਰੂ ਜੀ ਦਾ ਸ਼ੁਭ ਕਰਮ ਕੀ ਹੈ ? ਉਹ ਹੈ 'ਧਰਮ ਚਲਾਵਨ ਸੰਤ ਉਬਾਰਨ' ਦਾ। ਇਹ ਭਗਤੀ ਦਾ ਸੱਚਾ-ਸੁੱਚਾ ਅੰਗ ਹੈ। ਪਰ ਨਾਲ ਹੀ ਕਹਿੰਦੇ ਹਨ :

ਦੁਸਟ ਸਭਨ ਕੋ ਮੂਲ ਉਪਾਰਨ ॥

ਇਸ ਲਈ ਸ਼ਕਤੀ ਦੀ ਲੋੜ ਹੈ। ਦੁਸ਼ਟਾਂ ਦਾ ਨਾਸ਼ ਸ਼ਕਤੀ ਤੋਂ ਬਗ਼ੈਰ ਨਹੀਂ ਹੋ ਸਕਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਜ਼ਰ ਵਿਚ ਬੁਰਾਈ ਦਾ ਟਾਕਰਾ ਕਰਨਾ ਧਰਮ ਹੈ, ਕਿਉਂਕਿ:

ਸੰਤਨ ਦੁਖ ਪਾਏ ਤੇ ਦੁਖੀ...॥

ਗੁਰੂ ਜੀ ਦੇ ਉਦੇਸ਼ ਵਾਲੇ 'ਸੰਤ ਸਿਪਾਹੀ' ਨੇ ਸਮਾਜ ਵਿਚ ਪਸਰੀ ਹਰ ਤਰ੍ਹਾਂ ਦੀ ਬੁਰਾਈ ਦਾ ਟਾਕਰਾ ਕਰਨਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਦਰਸ਼ ਨਾ ਅਹਿੰਸਾਵਾਦ ਹੈ ਤੇ ਨਾ ਹੀ ਹਿੰਸਾਵਾਦ। ਹਿੰਸਾ ਕਿਸੇ ਵੇਲੇ ਅਹਿੰਸਾ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੁੰਦੀ ਹੈ ਅਤੇ ਕਦੇ ਅਹਿੰਸਾ ਹਿੰਸਾ ਤੋਂ ਵੀ ਵਧੇਰੇ ਅਸਰ ਰੱਖਦੀ ਹੈ। ਲੋੜ ਅਨੁਸਾਰ ਧਰਮ ਨੂੰ ਨਿਭਾ ਸਕਣਾ ਹੀ ਆਦਰਸ਼ ਹੈ। ਕਈ ਵੇਰ 'ਸ਼ੁਭ ਕਰਮਨ' ਲਈ ਹਿੰਸਾ ਭੀ ਕਰਨੀ ਪੈਂਦੀ ਹੈ। ਬੁਰਾਈ ਦਾ ਡਟ ਕੇ ਟਾਕਰਾ ਕਰਨਾ, ਸ਼ਤਰੂ ਦਾ ਮੁਕਾਬਲਾ ਕਰਨਾ ਅਤੇ ਧਰਮ ਤੇ ਦੇਸ਼ ਦੇ ਵਿਰੋਧੀਆਂ ਨਾਲ ਟੱਕਰ ਲੈਣੀ ਹਿੰਸਾ ਹੈ। ਪਰ ਇਹ ਭਗਤੀ ਦਾ ਅੰਗ ਹੈ।

www.sikhbookclub.com

ਇੰਜ ਤਾਕਤ ਦੀ ਵਰਤੋਂ ਵੀ ਭਗਤੀ ਹੈ। ਪਰ ਸ਼ਕਤੀ ਕਦੋਂ ਵਰਤਣੀ ਹੈ ? ਕਿਵੇਂ ਤੇ ਕਦੋਂ ਵਰਤਣੀ ਹੈ ? ਇਹ ਭਗਤੀ ਹੀ ਦੱਸਦੀ ਹੈ। ਭਗਤੀ ਦੇ ਮਾਰਗ 'ਤੇ ਚੱਲਣ ਵਾਲਿਆਂ ਲਈ ਸ਼ਕਤੀ ਦੀ ਵਰਤੋਂ ਆਖਰੀ ਹਥਿਆਰ ਹੁੰਦਾ ਹੈ। ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਵਿਚ ਗੁਰੂ ਜੀ ਨੇ ਇਸ ਨੂੰ ਸਪੱਸ਼ਟ ਕੀਤਾ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥

(ਦਸਮ ਗ੍ਰੰਥ, ਪੰਨਾ ੧੩੯੦)

(12/1987)

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਕਰਮ-ਯੋਗ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਕੁਝ ਵਿਰਲੇ ਉਨ੍ਹਾਂ ਉਚ-ਆਤਮਾ ਮਹਾਂਪੁਰਖਾਂ ਵਿਚੋਂ ਸਨ, ਜਿਨ੍ਹਾਂ ਨੂੰ ਪੂਰਨ ਕਰਮ-ਯੋਗੀ ਕਿਹਾ ਜਾ ਸਕਦਾ ਹੈ, ਜੋ ਸੰਸਾਰ ਵਿਚ ਆਮ ਮਨੁੱਖਾਂ ਵਾਂਙੂ ਵਿਚਰਦੇ ਹੋਏ ਭੀ ਸੰਸਾਰ ਦੇ ਬੰਧਨਾਂ ਵਿਚ ਜਕੜੇ ਨਹੀਂ ਜਾਂਦੇ। ਜੋ ਆਪਣੇ ਆਪ ਨੂੰ ਪਰਮ-ਆਤਮਾ ਦੀ ਇਕ ਅੰਸ਼ ਸਮਝਦੇ ਹੋਏ ਉਸ ਦਾ ਦਾਸ ਦੱਸਦੇ ਹਨ। ਉਸ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਾ ਨਹੀਂ ਜਣਾਉਂਦੇ ਅਤੇ ਇਸ ਜੀਵਨ ਨੂੰ ਉਸ ਦੀ ਦਾਤ ਜਾਣ ਕੇ ਉਸੇ ਦੀ ਸੇਵਾ ਵਿਚ, ਉਸ ਦੇ ਬੰਦਿਆਂ ਦੀ ਸੇਵਾ ਵਿਚ ਲਾਈ ਰੱਖਦੇ ਹਨ। ਉਹ ਹਰ ਕੰਮ, ਕੌਮ ਦੀ ਖਾਤਰ, ਰੱਬ ਵਲੋਂ ਮਿਲੀ ਸੇਵਾ ਦੀ ਖਾਤਰ ਕਰੀ ਜਾਂਦੇ ਹਨ। ਉਨ੍ਹਾਂ ਦੀ ਕੋਈ ਨਿੱਜੀ ਕਾਮਨਾ ਇਸ ਵਿਚ ਕੰਮ ਨਹੀਂ ਕਰ ਰਹੀ ਹੁੰਦੀ। ਉਹ ਹਰ ਪ੍ਰਕਾਰ ਦੇ ਕੰਮ ਵਿਚ ਨਿਰਲੇਪ ਰਹਿੰਦੇ ਹਨ। ਉਹ ਗ੍ਰਹਿਸਤ ਵਿਚ ਨਿਰਮੋਹ ਅਤੇ ਮੈਦਾਨਿ-ਜੰਗ ਵਿਚ ਨਿਰਵੈਰ ਰਹਿੰਦੇ ਹਨ। ਉਹ ਸੰਸਾਰ ਦਿਆਂ ਦੁਖਾਂ ਨੂੰ ਦੁਖ ਨਹੀਂ ਸਮਝਦੇ ਅਤੇ ਇਨ੍ਹਾਂ ਤੋਂ ਘਬਰਾ ਕੇ ਸੰਸਾਰੀ ਫ਼ਰਜ਼ਾਂ ਨੂੰ ਛੱਡ, ਜੰਗਲਾਂ ਨੂੰ ਨਹੀਂ ਭੱਜ ਜਾਂਦੇ। ਉਹ ਰਣ-ਭੂਮੀ ਵਿਚ ਸੂਰਮਿਆਂ ਵਾਂਙੂ ਨਿਤਰਦੇ ਹਨ, ਵੈਰੀ ਨਾਲ ਲੋਹਾ ਲੈਂਦੇ ਹਨ, ਪਰ ਆਪਣੀ ਤਾਕਤ ਦੀ ਨਾਜਾਇਜ਼ ਵਰਤੋਂ ਨਹੀਂ ਕਰਦੇ ਅਤੇ ਨਾ ਹੀ ਸਦਾ ਲਈ ਉਸ ਨਾਲ ਵੈਰ ਸਹੇੜੀ ਰੱਖਦੇ ਹਨ। ਅਜਿਹੇ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਦੀ ਬਾਣੀ ਕਰਮ-ਯੋਗ ਦੀ ਸਿਖਿਆ ਨਾਲ ਭਰਪੂਰ ਹੈ ਅਤੇ ਜਿਨ੍ਹਾਂ ਦਾ ਜੀਵਨ ਇਕ ਪੂਰਨ ਕਰਮ-ਯੋਗੀ ਦੀ ਜੀਉਂਦੀ-ਜਾਗਦੀ ਤਸਵੀਰ ਹੈ, ਜੋ ਹਰ ਸੰਸਾਰੀ ਲਈ ਇਕ ਆਦਰਸ਼ ਦਾ ਕੰਮ ਦੇ ਸਕਦੀ ਹੈ।

ਇਸ ਸੰਸਾਰ ਵਿਚ ਆਪਣੇ ਜੀਵਨ ਦਾ ਮਨੋਰਥ ਦੱਸਦੇ ਹੋਏ ਆਪ ਕਹਿੰਦੇ ਹਨ :

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨ ਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

(ਬਚਿਤ੍ਰ ਨਾਟਕ)

ਅਤੇ ਇਸ ਮਨੋਰਥ ਦੇ ਸਿਰੇ ਚੜ੍ਹਨ ਲਈ ਆਪ ਅਰਦਾਸ ਕਰਦੇ ਹਨ :

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

(ਚੰਡੀ ਚਰਿਤ੍ਰ)

www.sikhbookclub.com

ਰਣ ਭੂਮੀ ਵਿਚ ਜਾ ਕੇ ਭੀ ਦੁਸ਼ਟ ਸੰਘਾਰਨ ਅਤੇ ਸੰਤ ਉਬਾਰਨ ਦੀ ਇੱਛਾ ਵਾਲਾ ਮਨੁੱਖ ਸਦਾ ਪਰਮਾਤਮਾ ਨੂੰ ਯਾਦ ਰੱਖੇ, ਇਕ ਪਾਸੜ ਹੋ ਕੇ ਖ਼ੂਨ ਦਾ ਪਿਆਸਾ ਨਾ ਬਣਿਆ ਫਿਰੇ। ਉਸ ਦੇ ਚਿੱਤ ਵਿਚ ਜੇ ਜੁਧ ਹੋਵੇ ਤਾਂ ਮੁਖੋਂ ਹਰੀ ਦਾ ਸਿਮਰਨ ਹੋਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਹੈ :

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ ॥

(ਕ੍ਰਿਸ਼ਨਾਵਤਾਰ)

ਰੱਛਿਆ ਹਰ ਵੇਲੇ ਅਕਾਲ ਦੀ ਸਮਝੇ ਅਤੇ ਮੰਗੇ ਜਿਵੇਂ ਅਕਾਲ ਉਸਤਤਿ ਦੀ ਬਾਣੀ ਨੂੰ ਆਰੰਭ ਕਰਦੇ ਆਪ ਕਹਿੰਦੇ ਹਨ :

ਅਕਾਲ ਪੁਰਖ ਕੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

ਅਤੇ ਬੇਨਤੀ ਚੌਪਈ ਦੇ ਅੰਤ ਵਿਚ ਕਹਿੰਦੇ ਹਨ :

ਖੜਗ ਕੇਤ ਮੈ ਸਰਣਿ ਤਿਹਾਰੀ ॥
ਆਪ ਹਾਥ ਦੈ ਲੇਹੁ ਉਬਾਰੀ ॥
ਸਰਬ ਠੌਰ ਮੋ ਹੋਹੁ ਸਹਾਈ ॥
ਦੁਸਟ ਦੋਖ ਤੇ ਲੇਹੁ ਬਚਾਈ ॥

ਅਤੇ

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ ॥

(ਬੇਨਤੀ ਚੌਪਈ)

'ਬਚਿਤ੍ਰ ਨਾਟਕ' ਵਿਚ ਆਪ ਇਕ ਥਾਂ ਫ਼ੁਰਮਾਉਂਦੇ ਹਨ ਕਿ :

ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥

ਪਰ ਆਪ ਕਿਰਪਾਨ ਦੀ ਵਰਤੋਂ ਉੱਤੇ ਇਕ ਬੜੀ ਕਰੜੀ ਪਾਬੰਦੀ ਲਾਉਂਦੇ ਹਨ ਕਿ ਇਸ ਦੀ ਵਰਤੋਂ ਉਸ ਵੇਲੇ ਜਾਇਜ਼ ਹੈ ਜਦੋਂ ਹੋਰ ਕੋਈ ਭੀ ਹੀਲਾ ਬਾਕੀ ਨਾ ਰਹਿ ਜਾਏ ਅਰਥਾਤ ਤਲਵਾਰ ਫੜਨ ਤੋਂ ਪਹਿਲਾਂ ਬਾਕੀ ਸਾਰੇ ਸਾਧਨ ਵਰਤ ਕੇ ਵੇਖਣੇ ਚਾਹੀਦੇ ਹਨ। ਤਲਵਾਰ ਅੰਤਲਾ ਸਾਧਨ ਹੈ, ਜਿਵੇਂ ਕਿ ਆਪ ਜ਼ਫ਼ਰਨਾਮੇ ਵਿਚ ਲਿਖਦੇ ਹਨ ਕਿ, ਜਦੋਂ ਸਾਰੇ ਹੀ ਹੀਲੇ ਕਾਰਗਰ ਨਾ ਹੋਣ ਤਾਂ ਸ਼ਮਸ਼ੀਰ ਪਕੜਨੀ ਉਚਿਤ ਹੈ।

ਪਰ ਤਲਵਾਰ ਦੇ ਜ਼ੋਰ ਨਾਲ ਜਦ ਜਿੱਤ ਪ੍ਰਾਪਤ ਹੋ ਜਾਵੇ ਜਾਂ ਹੋਰ ਸਾਧਨਾਂ ਨਾਲ ਸਫਲਤਾ ਮਿਲ ਜਾਏ ਤਾਂ ਮਨੁੱਖ ਨੂੰ ਹੰਕਾਰੀ ਨਹੀਂ ਹੋ ਜਾਣਾ ਚਾਹੀਦਾ, ਕਿਉਂਕਿ ਸਫਲਤਾ ਪਰਮਾਤਮਾ ਦੀ

www.sikhbookclub.com

ਦਾਤ ਹੈ। ਮਨੁੱਖ ਦਾ ਕਰਮ ਤਾਂ ਸੰਸਾਰ ਵਿਚ ਇਸ ਦੀ ਸਾਰੀ ਮਸ਼ੀਨਰੀ ਦੇ ਇਕ ਨਿੱਕੇ ਪੁਰਜ਼ੇ ਤੋਂ ਵੱਧ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਤਨੇ ਨਿਰ-ਹੰਕਾਰ ਅਤੇ ਹਲੀਮ-ਚਿਤ ਸਨ ਕਿ ਜੋ ਇਕ ਬ੍ਰਹਮ-ਗਿਆਨੀ ਅਤੇ ਕਰਮ-ਯੋਗੀ ਹੀ ਹੋ ਸਕਦਾ ਹੈ। ਦੇਸ਼ ਦੀ ਪੁਰਾਣੀ ਧਾਰਮਕ, ਪਰੰਪਰਾ ਅਨੁਸਾਰ ਲੋਕ ਕਿਧਰੇ ਆਪ ਨੂੰ ਪਰਮੇਸ਼ਰ ਹੀ ਨਾ ਕਹਿਣ ਲੱਗ ਪੈਣ, ਜਦ ਇਹ ਖ਼ਿਆਲ ਆਪ ਨੂੰ ਆਇਆ ਤਾਂ ਆਪ ਨੇ ਇਸ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਕਿਹਾ ਕਿ ਮੈਂ ਤਾਂ ਕੇਵਲ ਅਕਾਲ ਪੁਰਖ ਦੇ ਹੁਕਮ ਨਾਲ ਇਥੇ ਸੰਸਾਰ ਵਿਚ ਜਗਤ ਦਾ ਤਮਾਸ਼ਾ ਦੇਖਣ ਆਇਆ ਹਾਂ ਅਤੇ ਜੋ ਮੈਨੂੰ ਪਰਮੇਸ਼ਰ ਕਹਿਣ ਦੀ ਭੁਲ ਕਰਨਗੇ ਉਹ ਨਰਕ-ਕੁੰਡ ਦੇ ਭਾਗੀ ਹੋਣਗੇ। 'ਬਚਿਤ੍ਰ ਨਾਟਕ' ਵਿਚ ਇਸ ਸਬੰਧੀ ਆਪ ਦੇ ਸ਼ਬਦ ਇਸ ਤਰ੍ਹਾਂ ਹਨ ਕਿ :

ਜੋ ਹਮ ਕੋ ਪਰਮੇਸਰ ਉਚਰਿਹੈਂ ॥
ਤੇ ਸਭ ਨਰਕ ਕੁੰਡ ਮਹਿ ਪਰਿਹੈਂ ॥
ਮੋ ਕੌ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥੩੩॥

(ਅਧਿ: ੬)

ਕਈ ਵਾਰੀ ਕੁਝ ਤੰਗ ਦਿਲ ਲੋਕ ਦੇਸ਼, ਭੇਖ, ਧਰਮ ਅਤੇ ਵਿਚਾਰ ਵਿਚ ਭਿੰਨ-ਭੇਦ ਹੋਣ ਕਰਕੇ ਉਨ੍ਹਾਂ ਲੋਕਾਂ ਨਾਲ, ਜੋ ਉਨ੍ਹਾਂ ਦੇ ਗੁਰਭਾਈ ਨਹੀਂ, ਜਾਂ ਉਨ੍ਹਾਂ ਦੇ ਦੇਸ਼ ਵਾਸੀ ਨਹੀਂ ਜਾਂ ਉਨ੍ਹਾਂ ਦੇ ਵਿਚਾਰ ਦੇ ਅਨੁਸਾਰੀ ਨਹੀਂ, ਘਿਰਣਾ ਕਰਨ ਲੱਗ ਪੈਂਦੇ ਹਨ। ਇਹ ਗੱਲ ਇਕ ਕਰਮ ਯੋਗੀ ਦੇ ਧਰਮ ਦੇ ਵਿਰੁੱਧ ਹੈ। ਉਸ ਲਈ ਤਾਂ ਸਰਬ-ਸ੍ਰਿਸ਼ਟੀ ਇਕ ਪਿਤਾ ਪਰਮਾਤਮਾ ਦੀ ਸਿਰਜਣਾ ਹੋਣ ਕਰਕੇ ਇਕ ਵੱਡਾ ਭਾਈਚਾਰਾ ਹੈ। ਉਨ੍ਹਾਂ ਵਿਚ ਬਾਹਰਲੇ ਦਿਸ ਰਹੇ ਭਿੰਨ-ਭੇਦ ਵੱਖ-ਵੱਖ ਦੇਸ਼ਾਂ ਦੇ ਪੌਣ-ਪਾਣੀਆਂ ਦੇ ਪਰਭਾਵਾਂ ਕਰਕੇ ਹਨ। ਇਸੇ ਤਰ੍ਹਾਂ ਹੀ ਧਰਮਾਂ ਅਤੇ ਭੇਖਾਂ ਦੇ ਫਰਕ ਭੀ।

ਇਸ ਲਈ ਹਰ ਮਨੁੱਖ ਭਾਵੇਂ ਉਹ ਕਿਸੇ ਭੀ ਦੇਸ਼ ਅਤੇ ਕੌਮ ਦਾ ਹੈ ਅਤੇ ਕਿਸੇ ਭੀ ਧਰਮ ਜਾਂ ਵਿਚਾਰ ਨੂੰ ਮੰਨਣ ਵਾਲਾ ਹੈ, ਉਸ ਪਰਮਾਤਮਾ ਦੀ ਰਚਨਾ ਹੈ ਜਿਸ ਨੇ ਸਾਨੂੰ ਸਾਜਿਆ ਹੈ। ਇਸ ਲਈ ਉਹ ਸਾਡੇ ਭਾਈਚਾਰੇ ਵਿਚੋਂ ਹੈ ਅਤੇ ਸਾਡੇ ਵਲੋਂ ਪਿਆਰ ਅਤੇ ਸੇਵਾ ਦਾ ਹੱਕਦਾਰ ਹੈ। ਮਨੁੱਖ ਮਾਤਰ ਵਿਚ ਵਿਤਕਰਾ ਕਰਨਾ ਪਰਮਾਤਮਾ ਨੂੰ ਸਿਰਜਣਹਾਰ ਪਿਤਾ ਮੰਨਣ ਤੋਂ ਮੁਨਕਰ ਹੋਣਾ ਹੈ। ਆਪਣੇ ਪਰਾਏ ਦੀ ਗਿਣਤੀ ਛੋਟੇ ਦਿਲ ਵਾਲੇ ਲੋਕਾਂ ਦੀ ਗੱਲ ਹੈ, ਉਦਾਰ-ਚਿੱਤ ਕਰਮ-ਯੋਗੀਆਂ ਲਈ ਤਾਂ ਸਾਰਾ ਸੰਸਾਰ ਹੀ ਉਨ੍ਹਾਂ ਦਾ ਆਪਣਾ ਟੱਬਰ ਹੈ ਅਤੇ ਹਿੰਦੁਸਤਾਨ ਦੇ ਰਹਿਣ ਵਾਲੇ ਲੋਕਾਂ ਲਈ ਅਜਿਹੇ ਵਿਤਕਰੇ ਤਾਂ ਬਿਲਕੁਲ ਹੀ ਵਿਅਰਥ ਹਨ। ਇਹ ਦੇਸ਼ ਤਾਂ ਆਪਣੇ ਆਪ ਵਿਚ ਇਕ ਛੋਟਾ ਜਿਹਾ ਸੰਸਾਰ ਹੈ, ਜਿਥੇ ਅਨੇਕਾਂ ਰੂਪ-ਰੇਖਾ, ਰੰਗ-ਢੰਗ, ਬੋਲ-ਚਾਲ ਅਤੇ ਧਾਰਮਕ ਵਿਚਾਰਾਂ ਦੇ ਲੋਕ ਵਸਦੇ ਹਨ ਜਿਨ੍ਹਾਂ ਵਿਚ ਵੱਖ-ਵੱਖ ਪੌਣ-ਪਾਣੀਆਂ ਕਰਕੇ ਕੁਝ ਬਾਹਰੀ ਫ਼ਰਕ ਦਿੱਸਦੇ ਹਨ, ਜਿਵੇਂ ਕਿ ਕਸ਼ਮੀਰੀਆਂ ਅਤੇ ਮਦਰਾਸੀਆਂ ਵਿਚ, ਪੰਜਾਬੀਆਂ ਅਤੇ ਉੜੀਸੀਆਂ ਵਿਚ, ਬੰਗਾਲੀਆਂ ਅਤੇ ਰਾਜਪੂਤਾਂ ਵਿਚ। ਇਸੇ ਤਰ੍ਹਾਂ ਸਮੇਂ ਅਤੇ ਇਤਿਹਾਸਕ ਕਾਰਨਾਂ ਕਰਕੇ ਇਥੇ ਕਈ ਵੱਖਰੇ-ਵੱਖਰੇ ਧਰਮ ਭੀ ਹਨ, ਜਿਵੇਂ ਕਿ ਹਿੰਦੂ, ਬੋਧੀ, ਜੈਨੀ, ਮੁਸਲਮਾਨ, ਪਾਰਸੀ, ਸਿੱਖ, ਇਸਾਈ ਆਦਿ। ਇਨ੍ਹਾਂ ਵਿਚ ਅੱਗੇ ਆਪਣੇ ਆਪਣੇ ਹੋਰ ਫਿਰਕੇ ਭੀ ਹਨ। ਪਰ ਹਨ ਸਾਰੇ ਇਕ ਦੇਸ਼ ਦੇ ਵਾਸੀ, ਇਕੋ

www.sikhbookclub.com

ਪਰਮਾਤਮਾ ਦੀ ਸੰਤਾਨ, ਇਕੋ ਸੰਸਾਰ ਭਾਈਚਾਰੇ ਦੇ ਮੈਂਬਰ। ਇਸ ਲਈ ਸੰਸਾਰ ਦੇ ਇਕ ਕੁਟੰਬ ਹੋਣ ਦੀ ਅਤੇ ਹਿੰਦੁਸਤਾਨ ਦੇ ਇਕ-ਮੁੱਠ ਇਕ ਟੱਬਰ ਹੋਣ ਦੀ ਜਿੰਨੀ ਸੋਹਣੀ ਮਿਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਮੌਜੂਦ ਹੈ, ਹੋਰ ਕਿਧਰੇ ਬਹੁਤ ਹੀ ਘੱਟ ਮਿਲੇਗੀ। ਇਹ ਹੀ ਸੱਚੇ ਕਰਮ-ਯੋਗੀ ਦੀ ਸਿਖਿਆ ਹੈ। ਆਪ ਫ਼ੁਰਮਾਉਂਦੇ ਹਨ ਕਿ ਦੇਸ਼ਾਂ, ਦੇਸ਼ਾਂ ਵਿਚ :

ਫਰਾ ਸੀ ਫਿਰੰਗੀ, ਫਰਾਸੀਸ ਕੇ ਦੁਰੰਗੀ,
ਮਕਰਾਨ ਕੇ ਮ੍ਰਿਦੰਗੀ, ਤੇਰੇ ਗੀਤ ਗਾਈਅਤੁ ਹੈ॥
ਭਖਰੀ ਕੰਧਾਰੀ ਗੋਰ ਗਖਰੀ, ਗਰਦੇਜਾ ਚਾਰੀ
ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ॥
ਪੂਰਬ ਪਲਾਊਂ, ਕਾਮ ਰੂਪ ਔ ਕਮਾਊਂ,
ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ॥੧੪॥੨੬੬॥

(ਅਕਾਲ ਉਸਤਤਿ)

ਅਤੇ

ਬੰਗ ਕੇ ਬੰਗਾਲੀ, ਫਿਰਹੰਗ ਕੇ ਫਿਰੰਗਾਵਾਲੀ,
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ
ਬੀਰ ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ॥
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ॥੩॥੨੫੫॥ (ਉਹੀ)

ਏਸੇ ਤਰ੍ਹਾਂ ਧਾਰਮਕ ਵਿਚਾਰਾਂ ਵਿਚ :

ਕੋਊ ਭਇਓ ਮੁੰਡੀਆ, ਸੰਨਿਆਸੀ, ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ, ਏਕੈ ਜੋਤ ਜਾਨਬੋ॥੧੫॥੮੫॥ (ਉਹੀ)

ਇਵੇਂ ਹੀ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ, ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ

www.sikhbookclub.com

ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਭੈ, ਏਕ ਹੀ ਬਨਾਉ ਹੈ ॥

(ਅਕਾਲ ਉਸਤਤਿ)

ਇਹ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਕਰਮ-ਯੋਗ ਦੀ ਸਿਖਿਆ, ਜਿਸ ਨੇ ਨਿਤਾਣੇ ਅਤੇ ਨਿਰਸਾਹਸ ਦੇਸ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ, ਜਿਸ ਨੇ ਗਿੱਦੜਾਂ ਨੂੰ ਸ਼ੇਰ, ਗੀਦੀਆਂ ਨੂੰ ਸੂਰਬੀਰ ਜੋਧੇ ਅਤੇ ਗ਼ੁਲਾਮਾਂ ਤੋਂ ਭੀ ਨਿਘਰੇ ਹੋਏ ਲੋਕਾਂ ਨੂੰ ਸੁਤੰਤਰ ਰਾਜਪਤੀ ਬਣਾ ਦਿੱਤਾ ਸੀ। ਧੰਨ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਰਮ-ਯੋਗੀ ਬਾਣੀ ਅਤੇ ਕਰਮ-ਯੋਗੀ ਜੀਵਨ, ਜਿਸ ਉੱਤੇ ਦੇਸ ਅਤੇ ਸੰਸਾਰ ਜਿਤਨਾ ਭੀ ਮਾਣ ਕਰੇ ਥੋੜਾ ਹੈ।

(1/1967)

www.sikhbookclub.com

ਦਸਮੇਸ਼ ਪਿਤਾ ਦੇ 'ਸੂਖ਼ਮ ਵਿਅੰਗ'

ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ ਸਿੱਖ ਨੂੰ 'ਸਿੰਘ' ਦਾ ਰੂਪ ਬਖਸ਼ਣ ਵਾਲੇ, 'ਅਤ ਹੀ ਰਨ ਮੈ ਤਬ ਜੂਝ ਮਰੋਂ' ਦਾ ਵਰ ਮੰਗਦਿਆਂ, ਸਵਾ ਲੱਖ ਨਾਲ ਇਕ ਨੂੰ ਲੜਾਉਣ ਵਾਲੇ, ਦੇਗ ਤੇਗ ਦੇ ਧਨੀ, ਸਰਬੰਸ ਦਾਨੀ, ਸਾਹਿਬ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਨਾਮ ਜ਼ੁਬਾਨ 'ਤੇ ਆਉਂਦਿਆਂ ਹੀ ਬੀਰ-ਰਸ ਭਰਪੂਰ, ਤੇਜੱਸਵੀ, ਜਾਹੋ-ਜਲਾਲ ਵਾਲੀ ਸ਼ਖ਼ਸੀਅਤ, ਮਨ ਮੰਦਰ ਵਿਚ ਝੱਟ ਉਘੜ ਆਉਂਦੀ ਹੈ। ਪਵਿੱਤਰ ਹਸਤ-ਕਮਲ ਦੀ ਉਂਗਲ 'ਤੇ ਬੈਠਾ ਚਿੱਟਾ ਬਾਜ਼, ਮਸਤਕ 'ਤੇ ਅਣਖ, ਸਵੈਮਾਨ ਅਤੇ ਸੱਚੀ ਪਾਤਸ਼ਾਹੀ ਦੀ ਪ੍ਰਤੀਕ ਦਸਤਾਰ ਉੱਪਰ ਡਲ੍ਹਕਾਂ ਮਾਰਦੀ ਕਲਗੀ, ਮੋਢੇ 'ਤੇ ਤੀਰਾਂ ਦੇ ਭੱਥੇ ਦੇ ਨਾਲ ਲਟਕਦੀ ਕਮਾਨ ਅਤੇ ਹਜ਼ੂਰ ਪਾਤਸ਼ਾਹ ਦੇ ਦਾਮਨ 'ਚ ਖੜ੍ਹਾ ਨੀਲਾ ਘੋੜਾ, ਮਾਨੋ ਇੰਜ ਪ੍ਰਤੀਤ ਹੁੰਦਾ ਹੈ ਕਿ ਅਜਿੱਤ 'ਜੰਗੀ ਸੂਰਮਾ' ਰਣਤੱਤੇ 'ਚ ਜਾਣ ਲਈ ਤਿਆਰ-ਬਰ-ਤਿਆਰ ਖੜ੍ਹਾ ਹੈ। ਅਕਸਰ ਦੀਵਾਨਾਂ, ਜੋੜ-ਮੇਲਿਆਂ ਸਮੇਂ ਸਾਨੂੰ ਗੁਰੂ ਸਾਹਿਬ ਦੇ ਜੀਵਨ ਦਾ 'ਜੰਗ-ਜੂ' ਪੱਖ ਹੀ ਵਧੇਰੇ ਕਰਕੇ ਸੁਣਾਇਆ ਜਾਂਦਾ ਹੈ। ਸ਼ਕਤੀ ਦੀ ਪ੍ਰਤੀਕ 'ਕ੍ਰਿਪਾਨ' ਨੂੰ ਖ਼ਾਲਸੇ ਦੀ ਰਹਿਤ, 'ਪੰਜ ਕਕਾਰਾਂ' 'ਚ ਸ਼ਾਮਲ ਕਰ ਕੇ, ਹਰ ਅੰਮ੍ਰਿਤਧਾਰੀ ਖ਼ਾਲਸੇ ਨੂੰ 'ਸ਼ਸਤਰਬੱਧ' ਹੋਣ ਲਈ ਆਦੇਸ਼ ਦੇਣ ਕਰਕੇ, ਸਤਿਗੁਰੂ ਜੀ ਦਾ 'ਸ਼ਸਤਰ ਪ੍ਰੇਮੀ' ਹੋਣਾ ਇਸ ਗੱਲ ਦਾ ਲਖਾਇਕ ਵੀ ਹੈ। 42 ਸਾਲ ਦੀ ਛੋਟੀ ਜਿਹੀ ਆਯੂ ਵਿਚ 14 ਲੜਾਈਆਂ ਲੜਨੀਆਂ ਅਤੇ ਖ਼ਾਲਸੇ ਨੂੰ ਜ਼ੁਲਮ ਵਿਰੁੱਧ ਹਰ ਸਮੇਂ ਡਟਣ ਲਈ ਤਤਪਰ ਰਹਿਣ ਦੀ ਪ੍ਰੇਰਣਾ ਦੇਣਾ, ਗੁਰੂ ਸਾਹਿਬ ਜੀ ਦਾ ਬਹੁਤਾ ਕਰਕੇ ਜੰਗੀ ਸੁਭਾਅ ਹੀ ਪ੍ਰਗਟਾਉਂਦਾ ਹੈ। ਪਰ ਸਤਿਗੁਰਾਂ ਦੇ ਸਮੁੱਚੇ ਜੀਵਨ ਨੂੰ ਗਹੁ ਨਾਲ ਤੱਕਦਿਆਂ, ਹੋਰ ਬਹੁਤ ਸਾਰੇ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ ਜਿਵੇਂ ਸਤਿਗੁਰੂ ਜੀ ਨੂੰ ਯੁੱਧ ਕਲਾ 'ਚ ਨਿਪੁੰਨ ਸੈਨਾਪਤੀ ਹੋਣ ਦੇ ਨਾਲ-ਨਾਲ ਮਹਾਨ ਵਿਦਵਾਨ, ਮਹਾਂ-ਕਵੀ, ਮਹਾਂ-ਦਾਨੀ, ਨਿਪੁੰਨ ਨੀਤੀਵਾਨ, ਮਹਾਨ ਸ਼ਸਤਰ-ਪਾਰਖੂ, ਕਲਾ-ਪ੍ਰੇਮੀ ਅਤੇ ਸੂਖਮ ਵਿਅੰਗਕਾਰ ਵੀ ਮੰਨਿਆ ਜਾ ਸਕਦਾ ਹੈ। ਵਿਅੰਗ ਤੋਂ ਬਿਨਾਂ ਜੀਵਨ ਫਿੱਕਾ ਅਤੇ ਬੇ-ਰਸ ਹੋ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਕਿਤੇ-ਕਿਤੇ ਸਾਨੂੰ 'ਵਿਅੰਗ' ਦੇ ਦਰਸ਼ਨ ਹੁੰਦੇ ਹਨ। ਸੋ ਹਥਲੇ ਲੇਖ ਵਿਚ ਗੁਰੂ ਪਾਤਸ਼ਾਹ ਵੱਲੋਂ ਕੀਤੇ ਗਏ ਵਿਅੰਗਮਈ ਚੋਜਾਂ ਦੀ ਚਰਚਾ ਦਾ ਜਤਨ ਕਰਨ ਜਾ ਰਹੇ ਹਾਂ।

ਪਟਨਾ ਸਾਹਿਬ ਵਿਚ ਬਚਪਨ ਸਮੇਂ ਬਾਲ ਹਾਣੀਆਂ ਨਾਲ ਗੰਗਾ ਦਰਿਆ ਕੰਢੇ ਖੇਡਦਿਆਂ, ਸੁਭਾਵਕ ਹੀ ਇਕ ਸੋਨੇ ਦਾ ਭਾਰਾ ਕੰਗਣ, ਬਾਂਹ 'ਚੋਂ ਕੱਢ ਕੇ ਪਾਣੀ 'ਚ ਸੁੱਟ ਦਿੱਤਾ। ਮਾਤਾ ਗੁਜਰੀ ਜੀ ਨੂੰ ਪਤਾ ਲੱਗਾ ਤਾਂ ਉਂਗਲੀ ਫੜ ਕੇ ਦਰਿਆ ਕੰਢੇ ਆ ਗਏ। ਮਾਤਾ ਜੀ ਵੱਲੋਂ, "ਪਹਿਲਾ ਕੰਗਣ ਕਿਥੇ ਸੁੱਟਿਆ ਹੈ?" ਪੁੱਛਣ 'ਤੇ ਦੂਜੀ ਬਾਂਹ 'ਚ ਪਹਿਨਿਆ ਹੋਇਆ ਕੰਗਣ ਨਦੀ 'ਚ ਵਗਾਹ ਮਾਰਿਆ ਤੇ ਮਾਸੂਮੀਅਤ ਨਾਲ ਕਹਿਣ ਲੱਗੇ, "ਮਾਤਾ ਜੀ! ਐਥੇ ਸੁੱਟਿਆ ਹੈ!" "ਕੂੜ

www.sikhbookclub.com

ਦੇ ਅਰਥਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਗਿਆ। ਭਵਿੱਖ ਲਈ ਇਸ਼ਾਰਾ
ਸੁਇਨਾ ਕੂੜੁ ਰੁਪਾ..." ਦੇ ਅਰਥਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਗਿਆ। ਭਵਿੱਖ ਲਈ ਇਸ਼ਾਰਾ ਦੇ ਕੜੇ
ਸੀ ਕਿ ਗੁਰੂ ਦੇ ਸਿੱਖ 'ਕੂੜ ਸੋਨੇ' ਦਾ ਲੋਭ ਤਿਆਗ ਕੇ, ਗੁਰੂ ਦੀ ਬਖ਼ਸ਼ਿਸ਼ 'ਸਰਬ ਲੋਹ' ਦੇ ਕੜੇ
ਧਾਰਨ ਕਰਨਗੇ।

ਇਵੇਂ ਹੀ ਪਾਣੀ ਭਰਨ ਆਈਆਂ ਬੀਬੀਆਂ ਦੇ ਘੜੇ ਗੁਲੇਲ ਮਾਰ ਕੇ ਭੰਨਣੇ ਅਤੇ ਤੀਰਾਂ
ਨਾਲ ਗਾਗਰਾਂ ਵਿੰਨ੍ਹ ਕੇ ਮਾਨੋ ਭਵਿੱਖ 'ਚ ਜ਼ੁਲਮੀਆਂ ਦੇ ਸਿਰ ਫੁੰਡਣ ਦਾ ਅਭਿਆਸ ਕਰ ਰਹੇ ਹੋਣ।
ਜਦੋਂ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਆਏ ਤਾਂ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ
ਅਨੁਸਾਰ, 'ਨਵੇਂ ਮਿੱਤਰ ਸਾਥੀਆਂ ਨੂੰ ਬਿਹਾਰੀ ਬੋਲੀ ਦੀ 'ਹਮਕੋ ਤੁਮਕੋ' ਬੋਲ ਕੇ ਬਹੁਤ ਹਸਾਉਂਦੇ।
ਸਿੱਖੀ ਕਿਤੇ ਨਿਰੇ ਭੇਖ ਦਾ ਹੀ ਨਾਮ ਨਾ ਬਣ ਜਾਏ, ਇਸ ਗੱਲ ਦਾ ਦ੍ਰਿਸ਼ਟਾਂਤ ਦੇਣ ਲਈ ਇਕ ਗਧੇ
ਨੂੰ ਸ਼ੇਰ ਦੀ ਖੱਲ ਪਹਿਨਾ ਕੇ ਪਿੰਡਾਂ 'ਚ ਘੁੰਮਣ ਛੱਡ ਦਿੱਤਾ। ਲੋਕ ਡਰਦੇ ਮਾਰੇ ਅੰਦਰੀਂ ਵੜ ਗਏ।
ਪਰ ਜਦੋਂ ਗਧਿਆਂ ਦੇ ਹੀਂਗਣ ਦੀ ਆਵਾਜ਼, ਇਸ 'ਵਿਸ਼ੇਸ਼ ਗਧੇ' ਨੇ ਸੁਣੀ ਤਾਂ ਉਹ ਵੀ ਲੱਗ ਪਿਆ
'ਗਧੇਸ਼ਵਰੀ ਸੁਰਾਂ ਅਲਾਪਣ', ਪਾਜ ਖੁੱਲ੍ਹ ਗਿਆ। ਇਸ ਅਲੋਕਾਰੇ ਵਿਅੰਗ ਦੇ ਕਈ ਅਰਥ ਸਨ।
ਇਕ ਤਾਂ ਇਹ ਕਿ ਨਿਰੇ ਭੇਖ ਰਾਹੀਂ 'ਸਿੰਘ' ਨਹੀਂ ਬਣਿਆ ਜਾ ਸਕਦਾ, ਸਗੋਂ ਅੰਦਰੂਨੀ ਤੌਰ 'ਤੇ ਵੀ
'ਪਰਪੱਕਤਾ' ਹੋਣੀ ਜ਼ਰੂਰੀ ਹੈ, ਦੂਜਾ ਇਹ ਕਿ ਮਨੁੱਖ ਅੰਦਰ ਦੱਬੀਆਂ ਹੋਈਆਂ ਭੈੜੀਆਂ ਰੁਚੀਆਂ ਜਾਂ
ਵਾਦੀਆਂ, ਬੁਰੀ ਸੰਗਤ 'ਚ ਆਉਂਦਿਆਂ ਹੀ ਪ੍ਰਬਲ ਹੋ ਜਾਂਦੀਆਂ ਹਨ।

ਅਨੰਦਪੁਰ ਸਾਹਿਬ ਨੂੰ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਵੱਲੋਂ ਚੁਫੇਰਿਓਂ ਘੇਰਿਆ
ਗਿਆ—ਦੁਸ਼ਮਣਾਂ ਵੱਲੋਂ ਕਿਲ੍ਹੇ ਦਾ ਦਰਵਾਜ਼ਾ ਭੰਨਣ ਵਾਸਤੇ, ਹਾਥੀ ਨੂੰ ਸ਼ਰਾਬ ਪਿਆ ਕੇ, ਮੱਥੇ 'ਤੇ
ਤਵੀਆਂ ਬੰਨ੍ਹੀਆਂ ਜਾ ਰਹੀਆਂ ਹਨ। ਅੰਦਰ ਨਿਰਭਉ ਅਤੇ ਨਿਰਵੈਰ ਸਤਿਗੁਰੂ, ਦਰਬਾਰ 'ਚ
ਆਪਣੇ ਸੂਰਮਿਆਂ ਨਾਲ, ਲਾਂਗਰੀ ਭਾਈ ਦੂਨੀ ਚੰਦ ਸੰਬੰਧੀ ਹਾਸਾ ਠੱਠਾ ਕਰ ਰਹੇ ਹਨ। ਸਿੰਘ
ਹੈਰਾਨ ਹਨ ਕਿ ਖ਼ੂਨੀ ਹਾਥੀ ਦਾ ਕੌਣ ਮੁਕਾਬਲਾ ਕਰੇਗਾ ? ਪਰ ਬਾਜਾਂ ਵਾਲਾ ਪ੍ਰੀਤਮ, ਦੂਨੀ ਚੰਦ
ਦੀ ਗੋਗੜ ਵੱਲ ਇਸ਼ਾਰਾ ਕਰਦਿਆਂ, ਸਿੰਘਾਂ ਨਾਲ ਦਿਲ-ਲਗੀ ਕਰਦੇ ਹੋਏ, ਇੰਜ ਹੱਸ ਤੇ ਹਸਾ
ਰਿਹਾ ਹੈ :

ਸਿਰ ਇਹਦਾ ਇੰਜ, ਜਿਵੇਂ ਰਹੁ ਵਾਲਾ ਮੱਟ ਐ।
ਸਾਡਾ ਦੂਨੀ ਚੰਦ, ਕਿਹੜੇ ਹਾਥੀ ਨਾਲੋਂ ਘੱਟ ਐ ?
ਨੱਕ ਈ ਜ਼ਰਾ ਫੀਨ੍ਹਾ ਏ, ਤੇ ਅੱਖਾਂ ਜ਼ਰਾ ਛੋਟੀਆਂ।
ਉਂਜ ਲੱਤਾਂ ਉਹਦੀਆਂ ਨੇ, ਹਾਥੀ ਨਾਲੋਂ ਮੋਟੀਆਂ।
ਹੋਇਆ ਕੀ, ਪਹਾੜੀਆਂ ਦਾ ਹਾਥੀ ਜ਼ਰਾ ਅੱਥਰਾ!
ਸਾਡਾ 'ਦੂਨੀ ਚੰਦ' ਕਰੂ ਹਾਥੀ ਨਾਲ ਟਾਕਰਾ।

ਗੁਰੂ-ਦਰਬਾਰ 'ਚ ਵਿਅੰਗਮਈ ਢੰਗ ਨਾਲ ਸਿੱਖ ਸਿਧਾਂਤਾਂ ਦਾ ਪ੍ਰਗਟਾਉ ਕਰਨ ਲਈ ਭਾਈ
ਸੁਥਰੇ ਸ਼ਾਹ ਦਾ ਨਾਂ ਬੜਾ ਜਾਣਿਆ ਪਛਾਣਿਆ ਹੈ। ਉਸ ਦੁਆਰਾ ਕੀਤੇ ਗਏ ਅਨੇਕਾਂ 'ਕੌਤਕ'
ਸਿੱਖ ਹਲਕਿਆਂ 'ਚ ਹਾਲੇ ਵੀ ਯਾਦ ਕੀਤੇ ਜਾਂਦੇ ਹਨ। ਕਹਿੰਦੇ ਨੇ ਇਕ ਦਫ਼ਾ ਸੁਆਹ ਦੀ ਵਿਭੂਤੀ
ਮਲੀ, ਲੰਗੋਟਧਾਰੀ ਸਾਧ ਦਰਬਾਰ 'ਚ ਆਣ ਬੈਠਾ। ਅਛੋਪਲੇ ਜਿਹੇ ਸੁਥਰਾ ਵੀ ਲਾਗੇ ਜਾ ਕੇ ਬਹਿ
ਗਿਆ। ਹੌਲੀ ਦੇਣੀ ਸੁਥਰੇ ਨੇ ਸਾਧ ਦੇ ਹਲਕੀ ਜਿਹੀ ਚੂੰਢੀ ਵੱਢ ਦਿੱਤੀ ਤੇ ਇਕ ਦਮ ਹੱਥ ਪਿਛਾਂਹ
ਖਿੱਚ ਲਿਆ। ਸਾਧ ਨੇ ਤਾੜ ਤਾਂ ਲਿਆ ਪਰ ਚੁੱਪ ਕਰਕੇ ਬੈਠਾ ਰਿਹਾ। ਥੋੜ੍ਹੀ ਦੇਰ ਬਾਅਦ ਸੁਥਰੇ ਨੇ

www.sikhbookclub.com

ਜ਼ਰਾ ਜ਼ੋਰ ਨਾਲ ਚੂੰਢੀ ਵੱਢ ਦਿੱਤੀ। ਸਾਧ ਤ੍ਰਭਕਿਆ ਤੇ ਸੁਥਰੇ ਵੱਲ ਘੂਰੀ ਵੱਟ ਕੇ ਦੇਖਣ ਲੱਗਾ। ਦਸ ਕੁ ਮਿੰਟ ਫੇਰ ਠਹਿਰ ਕੇ ਸੁਥਰੇ ਨੇ ਪਹਿਲਾਂ ਵਾਲਾ 'ਕਾਰਨਾਮਾ' ਕਰ ਦਿੱਤਾ। ਬੱਸ ਫਿਰ ਕੀ ਸੀ, ਸਾਧ ਚਿਮਟਾ ਚੁੱਕ ਕੇ ਸੁਥਰੇ ਵੱਲ ਨੂੰ ਉੱਲਰਿਆ। ਸੁਥਰਾ ਅੱਗੇ ਦੌੜ ਪਿਆ ਤੇ ਮਗਰੇ ਮਗਰੇ ਅੱਗ ਬਬੂਲਾ ਹੋਇਆ 'ਬਾਬਾ'। ਸੁਆਹ ਨਾਲ ਸਾਰਾ ਸਰੀਰ ਚਮਕਾਂ ਮਾਰੇ, ਪਾਤਸ਼ਾਹ ਦੇ ਸਿੰਘਾਸਨ ਕੋਲ ਦੋਵੇਂ ਪਹੁੰਚ ਗਏ। ਗੁੱਸੇ 'ਚ ਲਾਲ ਪੀਲਾ ਹੋਇਆ ਸਾਧ, ਸਤਿਗੁਰਾਂ ਨੂੰ ਸੁਥਰੇ ਵੱਲੋਂ ਕੀਤੀ ਸ਼ਰਾਰਤ ਬਾਰੇ ਦੱਸਣ ਲੱਗਾ। ਗੁਰੂ ਜੀ ਵੱਲੋਂ ਪੁੱਛੇ ਜਾਣ 'ਤੇ ਸੁਥਰਾ ਕਹਿਣ ਲੱਗਾ, "ਸੱਚੇ ਪਾਤਸ਼ਾਹ, ਮੈਂ ਤਾਂ ਤਜਰਬਾ ਕੀਤਾ ਹੈ।" "ਇਹ ਤੇਰਾ ਕਿਹੋ ਜਿਹਾ ਤਜਰਬਾ ਹੈ, ਭਾਈ ਸੁਥਰਾ ਜੀ ?" ਗੁਰੂ ਸਾਹਿਬ ਨੇ ਫਿਰ ਪੁੱਛਿਆ। "ਜੀ, ਮੈਂ ਸੁਣਿਆ ਸੀ ਕਿ ਜਿਥੇ ਸੁਆਹ ਹੋਵੇ, ਉਥੇ 'ਅੱਗ' ਜ਼ਰੂਰ ਹੁੰਦੀ ਹੈ, ਸੋ ਮੈਨੂੰ ਹੁਣ ਇਸ ਗੱਲ 'ਤੇ ਪੂਰਾ ਯਕੀਨ ਹੋ ਗਿਆ ਹੈ।" ਸੁਥਰੇ ਦਾ ਜਵਾਬ ਸੀ।

ਅਨੰਦਪੁਰ ਸਾਹਿਬ ਛੱਡਣ ਵੇਲੇ ਵੀ ਗੁਰੂ ਸਾਹਿਬ ਨੇ ਇਕ 'ਵਿਅੰਗਮਈ ਕੌਤਕ' ਰਚਾਇਆ, ਇਹ ਦੱਸਣ ਲਈ ਕਿ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ, ਝੂਠੀਆਂ ਸੁਗੰਧਾਂ ਚੁੱਕ ਕੇ, ਗੁਰੂ ਜੀ ਪਾਸੋਂ ਕਿਲ੍ਹਾ ਖਾਲੀ ਕਰਾਇਆ ਹੈ। ਟੁੱਟੇ ਫੁੱਟੇ ਪੁਰਾਣੇ ਸਮਾਨ ਦੇ ਗੱਡੇ ਲੱਦ ਕੇ, ਕਿਲ੍ਹੇ ਤੋਂ ਬਾਹਰ ਭੇਜੇ ਗਏ, ਜਿਨ੍ਹਾਂ ਨੂੰ ਦੇਖਦਿਆਂ ਹੀ 'ਮਾਲ ਅਸਬਾਬ' ਸਮਝ ਕੇ ਬੇਈਮਾਨ ਫ਼ੌਜਾਂ ਲੁੱਟਣ ਪੈ ਗਈਆਂ। ਪਰ ਜਦੋਂ ਅਸਲੀਅਤ ਦਾ ਪਤਾ ਲੱਗਾ ਹੋਵੇਗਾ ਤਾਂ ਖਾਧੀਆਂ ਕਸਮਾਂ ਉਨ੍ਹਾਂ ਨੂੰ ਕਿਵੇਂ ਯਾਦ ਆਈਆਂ ਹੋਣਗੀਆਂ ? ਮਾਲਵੇ 'ਚ ਜਾ ਕੇ, ਪਾਤਸ਼ਾਹ ਜੀ ਨੇ ਜਦੋਂ ਭਾਈ ਡੱਲੇ ਚੌਧਰੀ ਨਾਲ, 'ਡੂੰਘੇ ਰਮਜ਼ ਭਰੇ ਭਵਿੱਖੀ ਵਾਕ' ਵਿਅੰਗ 'ਚ ਉਚਾਰੇ ਅਤੇ ਕੋਹਾਂ ਤਕ ਫੈਲੇ ਰੇਤ ਦੇ ਮਾਰੂਥਲ ਵੱਲ ਤੱਕ ਕੇ ਨਹਿਰਾਂ ਵਗਣ, ਫਲਾਂ ਦੇ ਬਾਗ਼ਾਂ ਅਤੇ ਹਰਿਆਲੀ ਦੀ ਗੱਲ ਕੀਤੀ ਸੀ, ਤਦ ਭਾਈ ਡੱਲਾ ਇਨ੍ਹਾਂ ਰਮਜ਼ਾਂ ਨੂੰ ਸਮਝ ਨਾ ਸਕਿਆ ਤੇ ਸਤਿਗੁਰਾਂ ਨੇ ਫਿਰ ਹੱਸਦਿਆਂ ਕਿਹਾ, "ਜਾਹ ਡੱਲਿਆ, ਝੱਲਿਆ ਤੂੰ ਸਤਿ ਬਚਨ ਕਹਿ ਦਿੰਦਾ, ਤਾਂ ਇਹ ਸਭ ਕੁਝ ਹੁਣੇ ਹੋ ਜਾਣਾ ਸੀ ਪਰ ਹੁਣ ਸਮਾਂ ਲੱਗੇਗਾ।"

ਇਸੇ ਤਰ੍ਹਾਂ ਸਾਹਿਬਜ਼ਾਦਿਆਂ ਅਤੇ ਮਾਂ ਗੁਜਰੀ ਜੀ ਦੇ ਸਾਕੇ ਸੰਬੰਧੀ ਖ਼ਬਰ ਸੁਣਨ ਵੇਲੇ, ਗੁਰੂ ਮਹਾਰਾਜ ਜੀ ਨੇ ਦਰਦ ਭਰੀ ਖਾਮੋਸ਼ੀ 'ਚ ਰਹਿੰਦਿਆਂ ਵੀ ਇਕ ਕਾਹੀ ਦਾ ਬੂਟਾ, ਤੀਰ ਦੀ ਮੁਖੀ ਨਾਲ ਪੁੱਟਦਿਆਂ, ਖ਼ੂਨੀ ਕਹਾਣੀ ਮੁੱਕਣ 'ਤੇ ਵਗਾਹ ਕੇ ਪਰ੍ਹੇ ਸੁੱਟਦਿਆਂ, 'ਦਰਦ ਭਰਿਆ ਵਿਅੰਗ' ਬਿਆਨ ਕੀਤਾ, "ਜ਼ੁਲਮੀ ਰਾਜ ਦੀ ਜੜ੍ਹ ਪੁੱਟੀ ਗਈ ਹੈ।"

ਰਹੀ ਗੱਲ, ਦਸਮ ਪਾਤਸ਼ਾਹ ਰਚਿਤ ਬਾਣੀ 'ਚ ਆਏ ਵਿਅੰਗ ਦੀ, ਜ਼ਫ਼ਰਨਾਮੇ ਦੀ ਇਕ ਤੁੱਕ 'ਚ ਔਰੰਗਜ਼ੇਬ ਦੇ ਸੈਨਿਕਾਂ ਨੂੰ 'ਕਾਲੇ ਭੂਤਨੇ' ਕਹਿ ਕੇ ਉਨ੍ਹਾਂ ਦਾ ਮਖ਼ੌਲ ਉਡਾਇਆ ਹੈ :

ਗੁਰਸਨਹ ਚਿਕਾਰੇ ਕੁਨਦ ਚਿਹਲ ਨਰ ॥
ਕਿ ਦਹ ਲਖ ਬਰਾਯਦ ਬਰੋ ਬੇਖ਼ਬਰ ॥੧੯॥

(ਜ਼ਫ਼ਰਨਾਮਾ)

ਇਸ ਤੋਂ ਇਲਾਵਾ ਜੇ ਭਰਪੂਰ ਵਿਅੰਗ ਦੇ ਦਰਸ਼ਨ ਕਰਨੇ ਹੋਣ ਤਾਂ ਦਸਮ ਪਿਤਾ ਦੀ ਰਚਨਾ 'ਕਬਿੱਤ' ਅਤੇ 'ਚੰਡੀ ਦੀ ਵਾਰ' ਪੜ੍ਹੋ। 'ਵੀਹ ਕਬਿੱਤਾਂ' ਵਿਚ ਝੂਠੀਆਂ ਮਨੌਤਾਂ ਅਤੇ ਮਿੱਥਾਂ ਦੇ ਖੁਲ੍ਹੇ-ਡੁੱਲ੍ਹੇ ਢੰਗ ਨਾਲ ਬਖੀਏ ਉਧੇੜੇ ਹਨ :

ਘੂਘੂ ਮਟ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ;

www.sikhbookclub.com

ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ ॥੧॥੭੧॥

(ਅਕਾਲ ਉਸਤਤਿ)

ਇਸੇ ਤਰ੍ਹਾਂ 'ਚੰਡੀ ਦੀ ਵਾਰ' ਵਿਚਲੇ ਛੰਦਾਂ ਦੀ ਭਾਸ਼ਾ ਦੇਖੋ :

ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ ॥
ਲਾੜ੍ਹਾ ਦੇਖਨ ਲਾੜ੍ਹੀਆਂ ਚਉਗਿਰਦੇ ਹੋਈਆਂ ॥

ਅਤੇ

ਉਖਲੀਆਂ ਨਾਸਾ ਜਿਨਾ ਮੁਹਿ ਜਾਪਨ ਆਲੇ ॥
ਧਾਏ ਦੇਵੀ ਸਾਹਮਣੇ ਬੀਰ ਮੁੱਛਲੀਆਲੇ ॥

(ਚੰਡੀ ਦੀ ਵਾਰ)

ਮੈਦਾਨੇ ਜੰਗ ਦੇ ਲਾਲ ਸੂਹੇ ਦ੍ਰਿਸ਼ਾਂ ਦਾ ਵਰਣਨ ਕਰਦਿਆਂ ਵੀ ਸਤਿਗੁਰੂ ਜੀ ਦੀ ਕਲਮ 'ਵਿਅੰਗ ਦੇ ਅਲੰਕਾਰ' ਵਰਤ ਰਹੀ ਹੈ। ਬਹਾਦਰ ਸ਼ਾਹ ਦੇ ਦਰਬਾਰ ਵਿਚ, ਇਕ ਤੁਅੱਸਬੀ ਕਾਜ਼ੀ ਨੇ, ਪਾਤਸ਼ਾਹ ਜੀ ਨੂੰ, "ਹਿੰਦੂ ਮੱਤ ਚੰਗਾ ਕਿ ਇਸਲਾਮ ਚੰਗਾ ?" ਦਾ ਸਵਾਲ ਕੀਤਾ ਤਾਂ 'ਹਾਜ਼ਰ-ਜਵਾਬ' ਸਤਿਗੁਰੂ ਦਾ ਵਿਅੰਗਮਈ ਜਵਾਬ ਸੀ :

'ਹਮ ਕਉ ਹਮਾਰਾ ਖੂਬ। ਤੁਮ ਕਉ ਤੁਮਾਰਾ ਖੂਬ।'

(6/2003)

www.sikhbookclub.com

ਖਾਲਸੇ ਦਾ ਜਨਮ ਤੇ ਦਸਮੇਸ਼ ਜੀ ਦੀ ਫ਼ਿਲਾਸਫ਼ੀ

ਖਾਲਸਾ ਸੋਲਾਂ ਸੌ ਨੜ੍ਹਿਨਵੇਂ ਈਸਵੀ ਵਿਚ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪ੍ਰਗਟ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਹੁਤ ਅਦੁੱਤੀ ਹਸਤੀ ਸਨ, ਉਨ੍ਹਾਂ ਕਈ ਅਦੁੱਤੀ ਕੰਮ ਸਿਰੇ ਚਾੜ੍ਹੇ ਪਰ ਖਾਲਸੇ ਦੀ ਸਾਜਣਾ, ਉਨ੍ਹਾਂ ਦੀ ਸਭ ਤੋਂ ਮਹਾਨ ਕਿਰਤ ਸੀ, ਜਿਸ ਵਿੱਚੋਂ Politicians, Sociologists, Anthropologists, Religious Reformers ਤੇ Psychologists ਕਈ ਲਾਭਦਾਇਕ ਸਬਕ ਸਿੱਖ ਸਕਦੇ ਸਨ। ਖਾਲਸੇ ਨੂੰ ਪੰਜ ਕਕਾਰਾਂ ਨਾਲ ਸਜਾ ਕੇ "ਸਾਬਤ ਸੂਰਤ" ਪ੍ਰਦਾਨ ਕਰਨਾ ਦਸਮੇਸ਼ ਜੀ ਦਾ ਫ਼ਲਸਫ਼ੇ ਭਰਿਆ ਚਮਤਕਾਰ ਸੀ। ਖਾਲਸਾ ਸਾਜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੁਜ਼ਦਿਲੀ, ਬੇਵਫ਼ਾਈ, ਦੇਸ਼-ਧਰੋਹੀ, ਨਾਇਤਫ਼ਾਕੀ, ਛੂਤ-ਛਾਤ ਆਦਿ ਕਈ ਮਨੁੱਖਤਾ-ਮਾਰੂ ਤੇ ਦੇਸ਼-ਦਲੂ ਬੀਮਾਰੀਆਂ ਦਾ ਇਲਾਜ ਕੀਤਾ। ਖਾਲਸੇ ਦੇ ਰੂਪ ਦਾ ਹੋਂਦ ਵਿਚ ਆਉਣਾ ਦਸਮੇਸ਼ ਜੀ ਦੇ ਮੁਤਾਲਿਆ, ਤਪੱਸਿਆ, ਅਨੁਭਵ ਤੇ ਉਮਰ ਭਰ ਦੀ ਸੋਚ-ਵਿਚਾਰ ਦਾ ਨਤੀਜਾ ਹੈ, ਜਿਸ ਵਿਚ ਬੜੀ ਡੂੰਘੀ ਫ਼ਿਲਾਸਫ਼ੀ ਹੈ ਜੋ ਹੇਠ ਲਿਖੇ ਪ੍ਰਸ਼ਨਾਂ 'ਤੇ ਵਿਚਾਰ ਕੀਤਿਆਂ ਸਪੱਸ਼ਟ ਹੋ ਜਾਂਦੀ ਹੈ :

1. ਖਾਲਸੇ ਦੀ ਸਾਜਣ ਦੀ ਕੀ ਲੋੜ ਸੀ ?

2. ਖਾਲਸਾ ਬਣਨ ਨਾਲ ਛੂਤ-ਛਾਤ ਦਾ ਭਰਮ ਅਮਲੀ ਤੌਰ 'ਤੇ ਕਿਵੇਂ ਦੂਰ ਹੁੰਦਾ ਹੈ ?

3. ਖਾਲਸਾ ਬਣਨ ਨਾਲ ਬੁਜ਼ਦਿਲ, ਬਹਾਦਰਾਂ ਵਿਚ ਕਿਵੇਂ ਤਬਦੀਲ ਹੋ ਜਾਂਦੇ ਹਨ ?

4. ਖਾਲਸਾ ਬਣਨ ਨਾਲ ਨਾ-ਇਤਫ਼ਾਕੀ, ਪਿਆਰ ਤੇ ਏਕਤਾ ਦਾ ਰੂਪ ਕਿਵੇਂ ਧਾਰਨ ਕਰ ਲੈਂਦੀ ਹੈ ?

5. ਖਾਲਸਾ ਬਣਨ ਨਾਲ ਉੱਚੇ-ਨੀਵੇਂ ਦੀ ਵਿਖੇਪਤਾ ਕਿਵੇਂ ਦੂਰ ਹੋ ਜਾਂਦੀ ਹੈ ?

ਇਹ ਸਭ ਗੱਲਾਂ ਕਿਸੇ ਦੇਸ਼ ਜਾਂ ਕੌਮ ਦੇ ਪੂਰੇ ਵਿਕਾਸ ਲਈ ਅਤਿ ਜ਼ਰੂਰੀ ਹਨ। ਹਿੰਦੂਸਤਾਨ ਮੁੱਢ ਤੋਂ ਹੀ ਬੜਾ ਮਹਾਨ ਤੇ ਵਿਸ਼ਾਲ ਦੇਸ਼ ਹੈ। ਇਸ ਦੀ ਸਭਿਅਤਾ ਦੇ ਸੂਰਜ ਦੀਆਂ ਰਿਸ਼ਮਾਂ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਵੀ ਦੁਨੀਆਂ ਦੇ ਕਈ ਦੇਸ਼ਾਂ ਨੂੰ ਰੁਸ਼ਨਾ ਰਹੀਆਂ ਹਨ ਪਰ ਪਿਛਲੇ ਹਜ਼ਾਰ ਸਾਲਾਂ ਵਿਚ ਉਹ ਸਮਾਂ ਵੀ ਆਇਆ ਜਦੋਂ ਹਿੰਦੂਸਤਾਨ ਵਿੱਚੋਂ ਬਹਾਦਰੀ, ਏਕਤਾ, ਸੇਵਾ ਤੇ ਕੁਰਬਾਨੀ ਦਾ ਤਕਰੀਬਨ ਅੰਤ ਹੋ ਗਿਆ ਸੀ ਤੇ ਏਥੋਂ ਦੇ ਕਰੋੜਾਂ ਵਾਸੀਆਂ ਉੱਤੇ ਸੈਂਕੜੇ ਤੇ ਹਜ਼ਾਰਾਂ ਪ੍ਰਦੇਸੀ ਹੁਕਮਰਾਨਾਂ ਨੇ ਰਾਜ ਕੀਤੇ ਤੇ ਲੁੱਟ-ਖਸੁਟ, ਮਾਰ-ਧਾੜ ਤੇ ਤਬਾਹੀ ਨੇ ਆਪਣੀਆਂ ਮਨਮਾਨੀਆਂ ਕੀਤੀਆਂ। ਸੋਮਨਾਥ ਦੇ ਮੰਦਰ ਦੇ ਚੌਖਟੇ ਵੀ ਪੁੱਟੇ ਗਏ ਤੇ ਮਹਿਮੂਦ ਗਜ਼ਨਵੀ ਦੋ-ਚਾਰ ਹਜ਼ਾਰ ਬੰਦਿਆਂ ਦੀ ਤਾਕਤ ਨਾਲ ਇਹ ਕਲੰਕ ਹਿੰਦੁਸਤਾਨੀਆਂ ਦੇ ਮੱਥੇ 'ਤੇ ਲਾਉਣ ਵਿਚ ਸਫਲ ਹੋਇਆ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਦੁਰਦਸ਼ਾ ਦਾ ਕਾਰਨ ਕੀ ਸੀ ? ਹਿੰਦੂਆਂ ਨੂੰ

www.sikhbookclub.com

ਪਾੜਨ ਤੇ ਕਮਜ਼ੋਰ ਕਰਨ ਵਾਲਾ ਸਭ ਤੋਂ ਵੱਡਾ ਕਾਰਨ ਛੂਤ-ਛਾਤ ਤੇ ਜਾਤ-ਪਾਤ ਦਾ ਵਿਤਕਰਾ ਸੀ। ਵਿਤਕਰੇ ਮਾਰੀ ਕੋਈ ਕੌਮ ਵੀ ਏਕਤਾ ਹਾਸਲ ਨਹੀਂ ਕਰ ਸਕਦੀ ਅਤੇ ਜਿੰਨਾ ਚਿਰ ਕੋਈ ਕੌਮ ਇਕਮੁਠ ਨਾ ਹੋਵੇ, ਉਹ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੀ। ਕਿਉਂਕਿ ਏਕਤਾ ਤੋਂ ਬਿਨਾਂ ਦੇਸ਼ ਦੀ ਰੱਖਿਆ ਨਹੀਂ ਕੀਤੀ ਜਾ ਸਕਦੀ, ਸੋ ਇਸ ਨਾ-ਇਤਫ਼ਾਕੀ ਦੇ ਰੋਗ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ। ਸਿੱਖੀ ਅਸੂਲਾਂ ਦੇ ਅਨੁਸਾਰ ਖਾਲਸਾ ਪੰਥ ਹੀ ਇੱਕੋ ਇਕ ਅਜਿਹਾ ਭਾਈਚਾਰਾ ਹੈ ਜਿਸ ਵਿਚ ਜਾਤ-ਪਾਤ, ਊਚ-ਨੀਚ ਤੇ ਛੂਤ-ਛਾਤ ਦੀ ਕੋਈ ਥਾਂ ਨਹੀਂ।

ਖਾਲਸਾ ਸਾਜਣ ਦੀ ਮਰਯਾਦਾ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਡੂੰਘੀ ਫ਼ਿਲਾਸਫ਼ੀ ਲੁਕੀ ਹੋਈ ਹੈ। ਅੰਮ੍ਰਿਤ ਛਕਣ ਦੀ ਮਰਯਾਦਾ ਹੀ ਇਹੋ ਜਿਹੀ ਹੈ ਕਿ ਜਿੰਨਾ ਚਿਰ ਕੋਈ ਛੂਤ-ਛਾਤ ਤੇ ਭਿੰਨ-ਭੇਦ ਦਾ ਵਹਿਮ ਦੂਰ ਨਾ ਕਰੇ, ਸੰਗਤ ਤੇ ਪੰਗਤ ਵਿਚ ਬਹਿ ਕੇ ਅੰਮ੍ਰਿਤ-ਪਾਨ ਨਹੀਂ ਕਰ ਸਕਦਾ ਕਿਉਂਕਿ ਇੱਕੋ ਬਾਟੇ ਵਿੱਚੋਂ ਇੱਕੋ ਪਾਲ ਵਿਚ ਬਹਿ ਕੇ ਹਰ ਖਾਲਸਾ ਸਜਣ ਵਾਲੇ ਮਨੁੱਖ ਨੂੰ ਮੂੰਹ ਨਾਲ ਇਕ ਦੂਜੇ ਦਾ ਜੂਠਾ ਘੁੱਟ ਭਰਨਾ ਪੈਂਦਾ ਹੈ। ਅੰਮ੍ਰਿਤ ਛਕਣ ਵੇਲੇ ਇਹ ਪ੍ਰਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਵਿਚ ਕਰਨਾ ਪੈਂਦਾ ਹੈ ਕਿ ਸਾਡਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ (ਦੇਵਾ) ਹੈ। ਇਸ ਪ੍ਰਣ ਵਿਚ ਵੀ ਮਨੁੱਖ ਦੇ ਹਿਰਦੇ 'ਤੇ ਬੜਾ ਡੂੰਘਾ ਮਾਨਸਿਕ ਪ੍ਰਭਾਵ ਪੈਂਦਾ ਹੈ। ਜੇ ਹਿਰਦਾ ਸ਼ੁੱਧ ਹੋਵੇ ਤਾਂ ਖਾਲਸਾ ਸਜਣ ਵਾਲਾ ਵਿਅਕਤੀ ਛੂਤ-ਛਾਤ ਤੇ ਜਾਤ-ਪਾਤ ਦੀ ਵਿਖੇਪਤਾ ਨੂੰ ਤਿਆਗ ਕੇ ਸਾਰੇ ਖਾਲਸਾ ਪੰਥ ਨੂੰ ਇਕ ਟੱਬਰ ਸਮਝਦਾ ਹੈ ਤੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦਾ ਉਦੇਸ਼ ਅਮਲੀ ਜੀਵਨ ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਭਾਰਤ ਦੇ ਪ੍ਰਾਚੀਨ ਜਾਤ-ਵਰਗੀਕਰਨ ਦੇ ਅਨੁਸਾਰ ਕਸ਼ੱਤਰੀ ਜਾਂ ਰਾਜਪੂਤ ਕੌਮ ਬਹਾਦਰੀ, ਕੁਰਬਾਨੀ ਤੇ ਦੇਸ਼ ਤੇ ਧਰਮ ਦੀ ਰਾਖੀ ਕਰਕੇ ਜਾਣੀ ਜਾਂਦੀ ਸੀ ਪਰ ਹੌਲੀ-ਹੌਲੀ ਇਹੀ ਰਾਜਪੂਤ ਵੀ ਮੁਸਲਮਾਨਾਂ ਦੀ ਤਾਕਤ ਤੇ ਨਿੱਜੀ ਲਾਲਚ ਦਾ ਸ਼ਿਕਾਰ ਹੋ ਗਏ, ਜਿਸ ਦਾ ਸਭ ਤੋਂ ਵੱਡਾ ਕਾਰਨ ਨਾ-ਇਤਫ਼ਾਕੀ ਸੀ। ਸੰਸਾਰ ਵਿਚ ਸ਼ੇਰ ਨੂੰ ਸਭ ਤੋਂ ਜ਼ਿਆਦਾ ਤਾਕਤਵਰ ਤੇ ਦਲੇਰ ਸਮਝਿਆ ਜਾਂਦਾ ਹੈ। ਨਾਂ ਦੀ ਵੀ ਖ਼ਾਸ ਮਹੱਤਤਾ ਹੈ ਤੇ ਨਾਂ ਦਾ ਮਨੁੱਖ ਦੇ ਮਨ 'ਤੇ ਜ਼ਰੂਰ ਅਸਰ ਹੁੰਦਾ ਹੈ। ਏਸੇ ਲਈ ਰਾਜਪੂਤ ਆਪਣੇ ਨਾਵਾਂ ਨਾਲ 'ਸਿੰਘ' ਲਾ ਕੇ ਆਪਣੇ ਆਪ ਨੂੰ 'ਸ਼ੇਰ' ਨਾਲ ਤੁਲਨਾ ਦੇਂਦੇ ਸਨ। ਬਹਾਦਰੀ ਨੂੰ ਸੁਰਜੀਤ ਕਰਨ ਲਈ ਦਸਮੇਸ਼ ਜੀ ਨੇ ਹਰ ਅੰਮ੍ਰਿਤਧਾਰੀ ਸਿੱਖ ਜਾਂ ਖਾਲਸੇ ਨੂੰ 'ਸਿੰਘ' ਦਾ ਖ਼ਿਤਾਬ ਦਿੱਤਾ ਅਤੇ ਦੁਨੀਆਂ ਦੇ ਅਨੇਕਾਂ ਇਤਿਹਾਸਕਾਰ ਮੰਨਦੇ ਹਨ ਕਿ ਵਾਕਿਆ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਸ਼ੇਰਾਂ ਦੀ ਸਪਿਰਟ ਭਰ ਦਿੱਤੀ ਹੈ, ਜਿਹੜੀ ਅਨੇਕਾਂ ਸਿੱਖਾਂ ਦੀ ਦਲੇਰੀ, ਬਹਾਦਰੀ ਤੇ ਕੁਰਬਾਨੀ ਤੋਂ ਬਿਨਾਂ ਕਿਸੇ ਸੰਦੇਹ ਦੇ ਸਿੱਧ ਹੈ—ਇਥੋਂ ਤਕ ਕਿ ਦਸਮੇਸ਼ ਜੀ ਦੇ ਆਪਣੇ ਮਾਸੂਮ ਬੱਚੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ ਔਰੰਗਜ਼ੇਬ ਦੀ ਤਾਕਤਵਰ ਤੇ ਜ਼ਾਲਮ ਹਕੂਮਤ ਦੀ ਤਲਵਾਰ ਸਾਹਮਣੇ ਅੱਖ ਵੀ ਨਾ ਝਮਕੇ ਤੇ ਸੱਯਦ ਖਾਫੀ ਖਾਂ ਜੋ ਸਰਹੰਦ ਦੇ ਸੂਬੇ ਵਜ਼ੀਰ ਖਾਂ ਦਾ ਰੋਜ਼ਨਾਮਚਾ ਲਿਖਣ ਵਾਲਾ ਸੀ, ਦੀ ਅੱਖੀਂ ਵੇਖੀ ਲਿਖਤ ਅਨੁਸਾਰ ਸੂਬੇ ਨੂੰ ਲਲਕਾਰ ਕੇ ਕਹਿਣ ਲੱਗੇ—ਭਾਵੇਂ ਅਸੀਂ ਮਾਸੂਮ ਤੇ ਇਕੱਲੇ ਹਾਂ ਤਾਂ ਵੀ ਅਸੀਂ ਜਿੱਤ ਜਾਂ ਹਾਰ ਦੀ ਪ੍ਰਵਾਹ ਨਾ ਕਰਦੇ ਹੋਏ, ਸਾਰੀ ਉਮਰ ਤੇਰੇ ਤੇ ਤੇਰੇ ਜ਼ੁਲਮ ਵਿਰੁੱਧ ਲੜਦੇ ਰਹਾਂਗੇ।

ਇਤਿਹਾਸ ਗਵਾਹ ਹੈ ਕਿ ਕਈ ਰਾਜਪੂਤਾਂ ਨੇ ਆਪਣੇ ਪਿਓ, ਦਾਦੇ ਦਾ ਖ਼ਿਤਾਬ 'ਸਿੰਘ' ਭੁਲਾ ਦਿੱਤਾ ਤੇ 'ਸਰਦਾਰ' ਦੇ ਖ਼ਿਤਾਬ ਜੋ ਕਿ ਮੁਸਲਮਾਨ ਬਾਦਸ਼ਾਹ ਆਪਣੇ ਝੋਲੀ-ਚੁੱਕਾਂ ਨੂੰ ਜਾਗੀਰਾਂ ਦੇ

www.sikhbookclub.com

ਨਾਲ ਦਿੰਦੇ ਸਨ, ਨੂੰ ਚੰਗਾ ਸਮਝਿਆ ਤੇ ਆਪ ਦੇਸ਼ ਪਿਆਰਿਆਂ ਦੇ ਵਿਰੁੱਧ ਮੁਸਲਮਾਨਾਂ ਦੀ ਬਦੇਸ਼ੀ ਹਕੂਮਤ ਨਾਲ ਰਲ ਕੇ ਨਿੱਜੀ ਸੁਖਾਂ, ਐਸ਼-ਪ੍ਰਸਤੀ. ਜਾਗੀਰਦਾਰੀਆਂ ਤੇ ਸਰਦਾਰੀਆਂ ਦੀ ਪ੍ਰਾਪਤੀ ਵਿਚ ਰੁੱਝ ਗਏ, ਭਾਵੇਂ ਉਨ੍ਹਾਂ ਨੂੰ ਅਕਬਰ ਨੂੰ ਆਪਣੀਆਂ ਧੀਆਂ ਦੇ ਸਾਕ ਵੀ ਦੇਣੇ ਪਏ।

ਦਸਮੇਸ਼ ਜੀ ਨੇ ਖਾਲਸੇ ਨੂੰ ਜੇ ਸਿੰਘ ਬਣਾਇਆ ਤਾਂ ਨਾਲ ਹੀ 'ਸਰਦਾਰ' ਦਾ ਖ਼ਿਤਾਬ ਵੀ ਪ੍ਰਦਾਨ ਕੀਤਾ। ਇਸ ਤਰ੍ਹਾਂ ਖਾਲਸਾ ਸਜਣ ਵਾਲੇ ਲੋਕਾਂ ਦੇ ਮਨਾਂ 'ਤੇ ਬੜਾ ਲਾਭਦਾਇਕ, ਆਸ਼ਾਵਾਦੀ ਤੇ ਉਸਾਰੂ ਅਸਰ ਪਿਆ। ਮੁਸਲਮਾਨਾਂ ਦੀ ਬਦੇਸ਼ੀ ਹਕੂਮਤ ਸਮੇਂ ਮੁਸਲਮਾਨ ਬਾਦਸ਼ਾਹ ਹਿੰਦੁਸਤਾਨ ਦੀ ਜਨਤਾ ਵਿਚ ਪਾਟਕ ਪਾਉਣ ਦੀ ਖ਼ਾਤਰ ਕਈ ਅਸਰ-ਰਸੂਖ਼ ਵਾਲੇ ਆਦਮੀਆਂ ਨੂੰ ਵੱਡੇ-ਵੱਡੇ ਅਹੁਦੇ, ਜਾਗੀਰਾਂ ਦੇ ਕੇ 'ਸਰਦਾਰ' ਦਾ ਖ਼ਿਤਾਬ ਦਿੰਦੇ ਸਨ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਦੱਸਿਆ ਕਿ ਤੂੰ ਤੇ ਕਿਸੇ ਵਿਰਲੇ ਵਾਹਵੇਂ ਤੇ ਚੋਣਵੇਂ ਮਨੁੱਖ ਨੂੰ 'ਸਰਦਾਰ' ਬਣਾਉਂਦਾ ਹੈਂ; ਐਪਰ ਤੱਕ ! ਮੈਂ ਮਨੁੱਖੀ ਸਮਾਨਤਾ ਨੂੰ ਮੁੱਖ ਰੱਖ ਕੇ ਹਰ ਖਾਲਸੇ ਨੂੰ 'ਸਰਦਾਰ' ਬਣਾ ਦਿੱਤਾ ਹੈ ! ਇਹ ਸਭ ਗੱਲਾਂ ਹਿੰਦੁਸਤਾਨ ਦੇ ਵਾਸੀਆਂ ਲਈ ਖ਼ਾਸ ਕਸ਼ਸ਼ ਰੱਖਦੀਆਂ ਸਨ ਤੇ ਇਨ੍ਹਾਂ ਨਾਲ ਲੋਕਾਂ ਵਿਚ ਸਵੈ-ਮਾਨ ਤੇ ਸਵੈ-ਭਰੋਸਾ ਵਧ ਗਿਆ।

ਔਰੰਗਜ਼ੇਬ ਸਮੇਂ ਭਾਰਤ-ਵਾਸੀਆਂ 'ਚੋਂ ਦੇਸ਼-ਪਿਆਰ, ਏਕਤਾ ਤੇ ਤਿਆਗ ਆਦਿ ਮੁੱਕ ਚੁੱਕੇ ਸਨ। ਘੋੜ ਸਵਾਰੀ ਤੇ ਸ਼ਸਤਰ ਪਹਿਨਣਾ ਮੁਸਲਮਾਨਾਂ ਤਕ ਹੀ ਸੀਮਤ ਹੋ ਚੁੱਕਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਖਾਲਸੇ ਨੂੰ ਸਵੈ-ਰੱਖਿਆ ਤੇ ਦੇਸ਼ ਦੀ ਸੁਤੰਤਰਤਾ ਲਈ ਲੜਨ ਦੇ ਵਾਸਤੇ ਸ਼ਸਤਰਧਾਰੀ ਹੋਣਾ ਲਾਜ਼ਮੀ ਕਰਾਰ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਤੋਂ ਪਹਿਲਾਂ ਜਿਹੜੇ ਲੋਕ ਅਛੂਤ ਤੇ ਗਵਾਰ ਸਮਝੇ ਜਾਂਦੇ ਸਨ ਤੇ ਜਿਨ੍ਹਾਂ ਨਾਲ ਹਿੰਦੂਆਂ ਦਾ ਬ੍ਰਾਹਮਣੀ ਸਮਾਜ, ਇਨਸਾਨਾਂ ਵਾਂਗ ਵਤੀਰਾ ਕਰਨ ਨੂੰ ਤਿਆਰ ਨਹੀਂ ਸੀ, ਖਾਲਸਾ ਸਜ ਕੇ ਬਹਾਦਰ, ਉੱਚੇ, ਸਰਦਾਰ ਤੇ ਪੰਥ ਤੇ ਗੁਰੂ ਦੇ ਪਿਆਰੇ ਬਣ ਗਏ—ਦਸਮੇਸ਼ ਜੀ ਨੇ ਪਹਿਲੇ ਖਾਲਸਾ ਸਜੇ ਪੰਜਾਂ ਸਿੰਘਾਂ ਨੂੰ 'ਪੰਜ ਪਿਆਰੇ' ਦੀ ਪਦਵੀ ਦਿੱਤੀ। ਜਿਹੜੇ ਲੋਕ ਮੁਸਲਮਾਨ ਨਵਾਬਾਂ, ਸਰਦਾਰਾਂ ਦਾ ਨਾਂ ਸੁਣ ਕੇ ਕੰਬਦੇ ਫਿਰਦੇ ਸਨ ਉਹ ਖ਼ੁਦ ਸਰਦਾਰ ਬਣ, ਜ਼ਾਲਮ ਮੁਸਲਮਾਨ ਹੁਕਮਰਾਨਾਂ ਦਾ ਮੂੰਹ ਭੰਨਣ ਲੱਗ ਪਏ। ਬਹੁਤ ਸਾਰੇ ਅੰਗਰੇਜ਼ ਲਿਖਾਰੀਆਂ ਨੇ ਕਿਹਾ ਹੈ ਕਿ 'ਸ਼ੇਰ ਖਾਲਸਾ' ਹਿੰਦੂ ਸਮਾਜ ਦੀ ਰਹਿੰਦ-ਖੂੰਹਦ ਤੋਂ ਬਣਾਇਆ ਗਿਆ।

'ਜ਼ਫ਼ਰਨਾਮਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਰਚੀ ਹੋਈ ਬਹੁਤ ਪ੍ਰਸਿੱਧ ਕਿਰਤ ਹੈ। 'ਜ਼ਫ਼ਰਨਾਮੇ' ਦਾ ਸ਼ਬਦਾਂਤਿਕ ਅਰਥ ਫ਼ਤਹ-ਨਾਮਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਨੇਕ ਮਨੋਰਥ, ਵਾਹਿਗੁਰੂ 'ਤੇ ਵਿਸ਼ਵਾਸ ਤੇ ਸਵੈ-ਭਰੋਸੇ ਦੀ ਦ੍ਰਿੜ੍ਹਤਾ ਸੀ ਕਿ ਉਹ ਜ਼ਾਲਮ ਤੇ ਪਾਪੀ ਬਦੇਸ਼ੀ ਹਕੂਮਤ ਦੀ ਬੇਸ਼ੁਮਾਰ ਤਾਕਤ ਵਿਰੁੱਧ ਲੜ ਕੇ ਵੀ ਜਿੱਤ ਪ੍ਰਾਪਤ ਕਰਨਗੇ :

ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ ॥੨੩੧॥ *(ਚੰਡੀ ਚਰਿਤ੍ਰ)*

ਦਸਮੇਸ਼ ਜੀ ਦਾ ਇਹ ਅਟੱਲ ਨਿਸ਼ਚਾ ਸੱਚਾ ਸਾਬਤ ਹੋਇਆ ਤੇ ਇਤਿਹਾਸ ਗਵਾਹੀ ਦਿੰਦਾ ਹੈ ਕਿ ਖਾਲਸੇ ਦੀ ਕੁਰਬਾਨੀ, ਸੇਵਾ, ਬਹਾਦਰੀ ਤੇ ਦੇਸ਼ ਪਿਆਰ ਦੇ ਜਜ਼ਬੇ ਨੇ ਹਿੰਦੁਸਤਾਨ ਦੇ ਇਤਿਹਾਸ ਦੀ ਮੁਹਾਰ ਹੀ ਬਦਲ ਦਿੱਤੀ ਅਤੇ ਡਾਕਟਰ ਆਰ. ਸੀ. ਮਾਜੂਮਦਾਰ An Adwanced History of India ਦੇ ਸਫ਼ਾ 500 'ਤੇ ਲਿਖਦਾ ਹੈ :

www.sikhbookclub.com

"The Son and Successor of Teg Bahadur, Guru Govind (Gobind) Singh was one of the most Remarkable Personalities in Indian History."

ਸੱਯਦ ਮੁਹੰਮਦ ਲਤੀਫ਼ ਦੀ History of Punjab 'ਚੋਂ ਥਾਂ-ਥਾਂ ਉਸ ਦਾ ਇਸਲਾਮੀ ਪੱਖ ਸਪੱਸ਼ਟ ਹੈ ਤੇ ਸਿੱਖ ਗੁਰੂ ਸ਼ਾਹਿਬਾਨ ਦੀਆਂ ਜੀਵਨੀਆਂ ਤੇ ਜੀਵਨ-ਉਦੇਸ਼ ਵਿਚ ਉਸ ਨੇ ਨਿਰਸੰਦੇਹ ਕਈ ਗ਼ਲਤ ਬਿਆਨੀਆਂ ਵੀ ਕੀਤੀਆਂ ਹਨ ਪਰ ਫਿਰ ਵੀ ਕਈ ਥਾਂਵਾਂ 'ਤੇ ਸਚਾਈ ਉਸ ਦੀ ਕਲਮ ਦਾ ਮੂੰਹ ਪਾੜ ਕੇ ਨਿਕਲ ਹੀ ਗਈ ਹੈ। ਸੱਯਦ ਮੁਹੰਮਦ ਲਤੀਫ਼ ਆਪਣੀ ਕਿਤਾਬ ਦੇ ਸਫ਼ਾ 261 'ਤੇ ਖਾਲਸਾ ਸਾਜਣ ਤੋਂ ਪਿੱਛੋਂ ਸਿੱਖ ਪੰਥ ਜਾਂ ਸਿੱਖ ਕੌਮ ਬਾਰੇ ਲਿਖਦਾ ਹੈ :

Hence forward a new leaf opens in the history of the Sikhs. It is no longer the record of the sect who following the peaceful tenets of their founder, desired merely to protect themselves... but that of a race which actuated by a deep sense of the wrongs done by a persecuting Government, strove to make itself prominent in the world by those deeds of valour and patriotism which make nations great and glorious.

ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਜ਼ਫ਼ਰਨਾਮਾ' ਸ਼ੁਰੂ ਕਰਦਿਆਂ ਵਾਹਿਗੁਰੂ ਨੂੰ ਸੰਬੋਧਨ ਕਰ ਕੇ ਲਿਖਦੇ ਹਨ :

ਬ ਨਾਮਿ ਖ਼ੁਦਾਵੰਦੇ ਤੇਗ਼ੋ ਤਬਰ, ਖ਼ੁਦਾਵੰਦ ਤੀਰੋ ਸਨਾਨੋ ਸਿਪਰ ॥
ਖ਼ੁਦਾਵੰਦੇ ਮਰਦਾਨੇ ਜੰਗ ਆਜ਼ਮਾ, ਖ਼ੁਦਾਵੰਦੇ ਅਸਪਾਨ, ਪਾ ਦਰ ਹਵਾ ॥

ਅਤੇ ਵਾਹਿਗੁਰੂ ਨੂੰ ਸਾਕੀ ਦੀ ਉਪਮਾ ਦੇ ਕੇ ਲਿਖਦੇ ਹਨ :

ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ ॥
ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ ॥੫੬॥

ਦਸਮੇਸ਼ ਜੀ ਦੀਆਂ ਇਹ ਆਖ਼ਰੀ ਦੋ ਲਾਈਨਾਂ ਖ਼ਾਸ ਧਿਆਨਯੋਗ ਹਨ। ਇਨ੍ਹਾਂ ਵਿਚ ਆਪ ਫ਼ੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ! ਮੈਨੂੰ ਐਸਾ ਪਿਆਲਾ ਦੇਹ ਕਿ ਮੈਂ ਚਿੱਕੜ ਵਿੱਚੋਂ ਮੋਤੀ ਪੈਦਾ ਕਰ ਲਵਾਂ ਭਾਵ ਗ਼ੈਰਤਹੀਨ, ਬੁਜ਼ਦਿਲ, ਛੂਤ-ਛਾਤ ਤੇ ਨਾ-ਇਤਫ਼ਾਕੀ ਦੇ ਸ਼ਿਕਾਰ ਹਿੰਦੁਸਤਾਨੀਆਂ ਵਿੱਚੋਂ ਖਾਲਸੇ ਵਰਗੀ ਬਹਾਦਰ ਕੌਮ (ਮੌਤ) ਤਿਆਰ ਕਰ ਸਕਾਂ। ਦਸਮੇਸ਼ ਜੀ ਨੇ ਜੋ ਕਿਹਾ ਉਹ ਕਰ ਕੇ ਵੀ ਵਿਖਾ ਦਿੱਤਾ। ਸੱਚਮੁੱਚ ਹੀ ਖਾਲਸੇ ਨੇ ਆਪਣੀ ਬਹਾਦਰੀ, ਦੇਸ਼-ਪਿਆਰ, ਸੇਵਾ ਤੇ ਕੁਰਬਾਨੀ ਦੇ ਸਦਕਾ ਦੁਨੀਆਂ ਦੇ ਇਤਿਹਾਸ ਵਿਚ ਜੋ ਧਾਕਾਂ ਪਾਈਆਂ ਉਨ੍ਹਾਂ ਦਾ ਸਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ 'ਤੇ ਹੈ, ਜਿਨ੍ਹਾਂ ਖਾਲਸੇ ਨੂੰ ਵੈਸਾਖੀ ਦੇ ਦਿਨ 1699 ਈਸਵੀ ਵਿਚ ਪ੍ਰਗਟ ਕੀਤਾ।

(1/2000)

www.sikhbookclub.com

.ਗਰੀਬੁਲ ਪਰਸਤੈ

ਸ਼ੀਸ਼ੇ ਤੋਂ ਸੁਥਰਾ, ਫੁੱਲਾਂ ਤੋਂ ਕੋਮਲ, ਸਾਗਤਾਂ ਤੋਂ ਵਿਸ਼ਾਲ, ਪਰਬਤਾਂ ਤੋਂ ਮਜ਼ਬੂਤ, ਦ੍ਰਿੜ੍ਹ ਨਿਸਚੇ ਵਾਲਾ ਅਹਿਲ ਤੇ ਸ਼ਕਤੀਮਾਨ ਦਿਲ, ਜਿਸ ਦਿਲ ਵਿਚ ਪ੍ਰਭੂ ਨੂੰ ਮਿਲਣ ਦੀ ਪ੍ਰਬਲ ਇੱਛਾ, ਲਤਾੜੇ ਤੇ ਪਛਾੜੇ ਹੋਇਆਂ ਲਈ ਮਿਹਰ-ਮੁਹੱਬਤਾਂ ਅਤੇ ਕੁਦਰਤ ਜਿਹੀ ਫੱਬਤ, ਐਸੇ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਉਹਨਾਂ ਦੀ 'ਤੇਗ' ਵਿਚ ਬਿਜਲੀਆਂ ਦਾ ਵੇਗ ਸੀ, ਜੋ ਨਿਡਰ ਤੇ ਬੇਦਰੇਗੇ ਜ਼ੁਲਮਾਂ ਦਾ ਟਾਕਰਾ ਕਰਦੀ ਸੀ ਤੇ ਬੇ-ਸਹਾਰਿਆਂ ਦਾ ਸਹਾਰਾ ਬਣਦੀ ਸੀ। ਉਹ ਭਟਕਿਆਂ ਲਈ ਪੱਥ-ਪ੍ਰਦਰਸ਼ਨ ਜਿਹਾ ਤਾਰਾ ਬਣਦੀ ਸੀ ਅਤੇ ਮੁਰਦਿਆਂ, ਮਰਦਿਆਂ ਲਈ ਜੀਵਨ-ਦਾਤੀ ਬਣਦੀ ਸੀ। ਉਹ ਤੇਗ਼ ਬੀਰਤਾ ਦੇ ਨਾਲ-ਨਾਲ ਲੋੜਵੰਦਾਂ ਦੀ ਦੇਗ਼ ਵੀ ਸੀ। ਐਸਾ ਸੀ ਪਾਵਨ ਪਵਿੱਤਰ ਚਰਿੱਤਰ ਬੇਕਸਾਂ-ਰਾ-ਯਾਰ-ਮਿੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਦਾ।

ਤੇਗ਼ ਦੇ ਧਨੀ, ਕਿਰਦਾਰ ਦੇ ਗਨਿ, ਹਿੰਦ ਦੇ ਕਾਤਬੇ-ਤਕਦੀਰ, ਕੁਰਬਾਨੀ ਸਿਖਰ ਦੀ, ਕਿਸਮਤ ਦੇ ਘਾੜੇ, ਮਾਨਵਤਾ ਦੇ ਨੰਗੇਜ਼ ਨੂੰ ਆਪਣੇ ਪਵਿੱਤਰ-ਪਿਤਾ, ਪਾਤਸ਼ਾਹ ਦੇ ਸਰੀਰ ਰੂਪੀ ਚਾਦਰ ਨਾਲ ਢੱਕਣ ਵਾਲੇ ਮਾਨੀ ਮਹਾਂ ਮਾਨ ਦਾਨੀ ਸਨ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਆਜ਼ਾਦੀ ਦੀ ਪੁਕਾਰ ਸਨ, ਬਹਾਦਰ ਚਿੱਤਰਾਂ ਦੇ ਚਿੱਤਰਕਾਰ ਸਨ। ਉਹ ਤੇਗ਼ਾਂ ਨਾਲ ਕਲਮਾਂ ਨੂੰ ਘੜਨ ਵਾਲੇ ਕਲਮਕਾਰ ਸਨ। ਰੱਬ ਉਹਨਾਂ ਦਾ ਮਿੱਤਰ ਸੀ ਤੇ ਉਹ ਗ਼ਰੀਬਾਂ ਦੇ ਯਾਰ ਸਨ। ਗ਼ਰੀਬਾਂ ਨੂੰ ਪਾਤਸ਼ਾਹੀਆਂ ਤੇ ਸਰਦਾਰੀਆਂ ਦੇਣ ਵਾਲੇ ਸਰਦਾਰਾਂ ਦੇ ਸਰਦਾਰ ਸਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਜਦੋਂ ਜ਼ੁਲਮ ਨਾਲ ਲੜਦੇ ਸਨ, ਸੂਰਜ ਵਾਂਗ ਚਮਕਦੇ ਤੇ ਹੜ੍ਹ ਵਾਂਗ ਚੜ੍ਹਦੇ ਸਨ। ਨਿਸਚੇ ਵਾਂਗ ਦ੍ਰਿੜ੍ਹ ਸਨ ਚੱਟਾਨਾਂ ਵਾਂਗ ਖੜ੍ਹਦੇ ਸਨ। ਜਿੱਤ ਉਹਨਾਂ ਦੇ ਪੈਰ ਨਿੱਤ ਚੁੰਮਦੀ ਸੀ। ਸਾਹਮਣੇ ਕੋਈ ਟਿਕ ਨਹੀਂ ਸੀ ਸਕਦਾ। ਜਦੋਂ ਅੜਦੇ ਸਨ, ਪਾਖੰਡ ਤੇ ਭਰਮ ਨੂੰ ਧੌਣ ਤੋਂ ਫੜ੍ਹਦੇ ਸਨ। ਐਸੇ ਸਨ ਸਮਸ਼ੇਰ ਦਸਮੇਸ਼ ਪਿਤਾ, ਸਰਬੰਸ ਦਾਨੀ, ਨਾਸਰੋ-ਮਨਸੂਰ, ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

ਪਰਮ-ਪੁਰਖ ਦੇ ਦਾਸ, ਨਿਧਿਰਿਆਂ ਦੀ ਧਿਰ, ਮਾਯੂਸਾਂ ਦੀ ਆਸ, ਟੁੱਟਿਆਂ-ਪੁੱਟਿਆਂ-ਲੁਟਿਆਂ ਤੇ ਨਖੁੱਟਿਆਂ ਦੀ ਰਾਸ, ਨਿਮਰਤਾ ਦੇ ਪੁੰਜ, ਖੂਬੀਆਂ ਦੇ ਖ਼ਜ਼ਾਨੇ ਤੇ ਗੁਣਤਾਸ, ਮੁਰਦੇਹਾਣ ਹਿਰਦਿਆਂ ਦੀ ਮੁਸਕਾਨ ਤੇ ਲਹੂ ਚੋਂਦੀਆਂ ਅੱਖਾਂ ਲਈ ਆਸ, ਸੱਚ ਦਾ ਸਜੀਵ ਆਭਾਸ ਅਤੇ ਇਕ ਖ਼ਾਸ ਰੱਬੀ ਰੂਪ ਦੀ ਆਭਾ ਦਾ ਅਹਿਸਾਸ ਸਨ ਸੁੰਦਰ ਸਰੂਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਅਕਾਲ ਰੂਪ ਹਨ। ਬਾਬਾ ਗੁਰੂ ਨਾਨਕ ਤੇ ਉਹਨਾਂ ਦੇ ਹੀ ਆਕਾਰ ਰੂਪ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ।

www.sikhbookclub.com

"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦਾ ਸੰਦੇਸ਼ ਮਾਨਵ ਜਾਤੀ ਤੇ ਇਸ ਦੇਸ਼ ਨੂੰ ਦੇਣ ਵਾਲੇ ਪਰਮੇਸ਼ ਹਨ, ਹਮੇਸ਼ ਧਿਰ ਮਹੇਸ਼ ਹਰਮੇਸ਼ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ।

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥

(ਪੰਨਾ ੭੩੧)

www.sikhbookclub.com

ਨੱਯਾ ਕੇ ਖੇਵੱਯਾ

ਤਰਸਤੀ ਹੈ ਤੇਰੇ ਹਾਥੋਂ ਜਾਨ ਜਾਨੇ ਕੇ ਲੀਏ,
ਫਿਰ ਪਕੜ ਤਲਵਾਰ ਮੇਰੇ ਆਜ਼ਮਾਨੇ ਕੇ ਲੀਏ।
ਚਕਵੀ ਕੋ ਖੁਰਸ਼ੀਦ ਸੇ ਉਲਫਤ ਚਕੋਰਾਂ ਚਾਂਦ ਸੇ,
ਮੇਰਾ ਜੀਵਨ ਵਕਫ਼ ਹੈ ਤੁਝਸੇ ਨਿਭਾਨੇ ਕੇ ਲੀਏ।
ਏਕ ਹੀ ਘਰ ਮੇਂ ਬਸੇਰਾ ਹੈ ਮਗਰ ਮਿਲਤੇ ਨਹੀਂ,
ਕਿਆ ਨਿਰਾਲਾ ਢੰਗ ਰਖਾ ਹੈ ਸਤਾਨੇ ਕੇ ਲੀਏ।
ਪ੍ਰੇਮ ਕੀ ਬਸਤੀ ਕੇ ਹਰ ਬਾਸੀ ਕਾ ਯਿਹ ਦਸਤੂਰ ਹੈ,
ਹਰ ਵਕਤ ਆਮਾਦਾ ਰਹਿਨਾ ਘਰ ਲੁਟਾਨੇ ਕੇ ਲੀਏ।
ਖਾ ਰਹਾ ਹੈ ਉਲਟਾ ਗ਼ਮ ਮੁਝ ਕੋ ਮੇਰੇ ਗ਼ਮਖਾਰ ਕਾ,
ਬੱਚੇ ਕੁਰਬਾਂ ਕਰ ਦੀਏ ਹਮ ਕੋ ਬਚਾਨੇ ਕੇ ਲੀਏ।
ਵਾਹ ਰੇ ਜੋਸ਼ਿ ਮੁਹੱਬਤ ਸਰ ਹਥੇਲੀ ਪਰ ਧਰੇ,
ਜਾ ਰਹਾ ਹੈ ਦੀਪ ਸਿੰਘ ਸਤਿਗੁਰ ਮਨਾਨੇ ਕੇ ਲੀਏ।
ਨੀਚੀ ਗਰਦਨ ਡਾਲ ਕਰ ਹੈਰਾਨ ਡੱਲਾ ਰਹਿ ਗਿਆ,
ਲੜ ਰਹੇ ਸਿਖ ਦੇਖ ਕਰ ਤੇਰੇ ਨਿਸ਼ਾਨੇ ਕੇ ਲੀਏ।
ਮੇਰੀ ਨੱਯਾ ਕੇ ਖੇਵੱਯਾ ਹੈਂ ਗੁਰੂ ਗੋਬਿੰਦ ਸਿੰਘ,
ਉਠੇ ਤੂਫ਼ਾਂ ਸੈਂਕੜੋਂ ਮੇਰੇ ਮਿਟਾਨੇ ਕੇ ਲੀਏ।
ਨਾ ਕੀਆ ਨਾ ਕਰਤੇ ਹੈਂ ਹਮ ਦਾਵਾਇ ਸ਼ੇਅਰੋ ਸੁਖਨ,
ਇਕ ਬਹਾਨਾ ਹੈ ਉਨ੍ਹੇਂ ਦਿਲ ਕੀ ਸੁਨਾਨੇ ਕੀ ਲੀਏ।

(5/1960)

www.sikhbookclub.com

ਸੱਚੀ ਸਰਕਾਰ

ਗੁਰੂ ਗੋਬਿੰਦ ਸਿੰਘ ਗੁਰ ਕਾਦਰਿ ਹਰ-ਕਾਰ ਕੇ ਸਦਕੇ,
ਪਨਾਹਿ ਹਰ ਦੋ ਆਲਮ ਉਸ ਸੱਚੀ ਸਰਕਾਰ ਕੇ ਸਦਕੇ।
ਜਿਨ੍ਹੇ ਆਪਣੇ ਬੇਗਾਨੇ ਸਭ ਜ਼ਲੀਲੋ ਖ਼੍ਵਾਰ ਕਰਤੇ ਥੇ,
ਕੀਏ ਸਰਦਾਰ ਜਿਸ ਉਸ ਬੇ-ਕਸੋਂ ਕੇ ਯਾਰ ਕੇ ਸਦਕੇ।
ਸ਼ਜਾਇਤ ਦੀ ਅਤਾਇਤ ਦੀ ਮੁਕਤ ਔ ਜੁਗਤ ਦਰ ਖੋਲ੍ਹੇ,
ਦੀਆ ਜਿਸ ਨਾਮ ਕਾ ਅੰਮ੍ਰਿਤ ਮੈਂ ਉਸ ਦਾਤਾਰ ਕੇ ਸਦਕੇ।
ਸੁਰਾਹੀ ਸੂਲ ਥੀ ਜਿਸ ਕੀ ਪਿਆਲਾ ਥਾ ਖੰਜਰ ਜਿਸ ਕਾ,
ਲੁੰਢਾਏ ਖੁਮ ਕੇ ਖੁਮ ਜਿਸ ਨੇ ਮੈਂ ਉਸ ਮੈ-ਖਾਰ ਕੇ ਸਦਕੇ।
ਬੈਰਾਗੀ ਜਿਸ ਕਾ ਬੰਦਾ ਥਾ ਸੈਦ ਖਾਂ ਜਿਸ ਪੈ ਸ਼ੈਦਾ ਥਾ,
ਜਿਸ ਨੰਦ ਲਾਲ ਨੇ ਦੇਖਾ ਮੈਂ ਉਸ ਦੀਦਾਰ ਕੇ ਸਦਕੇ।
ਖਬਰ ਸਰਹੰਦ ਸੇ ਆਨਾ ਵੁਹ ਸੁਨ ਕਰ ਤੇਰਾ ਫ਼ੁਰਮਾਨਾ,
ਅਮਾਨਤ ਥੀ ਅਦਾ ਹੋ ਗਈ ਤੇਰੇ ਈਸਾਰ ਕੇ ਸਦਕੇ।
ਤੇਰੇ ਸਰਬੰਸ ਸਾਰੇ ਨੇ ਪੀਏ ਪਿਆਲੇ ਸ਼ਹਾਦਤ ਕੇ,
ਮੇਰੇ ਸਰਬੰਸ ਦਾਨੀ, ਮੈਂ ਤੇਰੇ ਪਰਵਾਰ ਕੇ ਸਦਕੇ।
ਜਿਨ੍ਹੇ ਤੂੰ ਪਿਆਰ ਕਰਤਾ ਥਾ ਲਗੇਂ ਪਿਆਰੇ ਨਾ ਕਿਉਂ ਮੁਝ ਕੋ,
ਸਰੋਹੀ ਸੈਹਥੀ ਤੀਰੋ ਤਬਰ ਤਲਵਾਰ ਕੇ ਸਦਕੇ।
ਮਹਾਂ ਸਿੰਘ ਜਾਂ-ਬ-ਲਬ ਜਿਸ ਦਮ ਤੇਰੇ ਪਹਿਲੂ ਮੇਂ ਲੇਟਾ ਥਾ,
ਜੋ ਉਸ ਕੇ ਸਾਥ ਤੂਨੇ ਕੀ ਮੈਂ ਉਸ ਗੁਫ਼ਤਾਰ ਕੇ ਸਦਕੇ।
ਹੂੰ ਤਰ-ਦਾਮਨ ਤੇਰਾ ਬੰਦਾ ਮੇਰੇ ਮੌਲਾ ਸ਼ਰਮ ਰਖਨਾ,
ਮੈਂ ਤੇਰੇ ਪਤਿਤ-ਪਾਵਨ ਬਿਰਦ ਬਖਸ਼ਨ-ਹਾਰ ਕੇ ਸਦਕੇ।
ਅਗਰ ਬਖਸ਼ੇ ਕਰਮ ਤੇਰਾ ਨਾਂ ਬਖਸ਼ੇ ਤੋ ਸ਼ਿਕਾਇਤ ਕਿਆ,
ਤੇਰੇ ਇਕਰਾਰ ਕੇ ਸਦਕੇ ਤੇਰੇ ਇਨਕਾਰ ਕੇ ਸਦਕੇ।

(12/1968)

www.sikhbookclub.com

ਸ੍ਰੀ ਦਸਮੇਸ਼ ਜੀ

ਮੈਂ ਚਿੜੀਆਂ ਕੋਲੋਂ ਬਾਜ਼ਾਂ ਦੀ,
ਹੁਣ ਖੰਭ ਤੁੜਾ ਕੇ ਦੱਸਾਂਗਾ।
ਮੈਂ ਟੁਟੇ ਫੁਲ ਦੀ ਖੰਬੜੀ ਨੂੰ,
ਤਲਵਾਰ ਬਣਾ ਕੇ ਦੱਸਾਂਗਾ।

ਮੈਂ ਪਿਤਾ ਵਾਰਿਆ ਦਿੱਲੀ ਵਿਚ,
ਹੈ ਜੰਞੂ ਟਿੱਕੇ ਬੋਦੀ ਲਈ।
ਜਿਸ ਗਲ 'ਚੋਂ ਜੰਞੂ ਲਹਿੰਦੇ ਨੇ,
ਗਲ ਤੇਗ ਸਜਾ ਕੇ ਦੱਸਾਂਗਾ।

ਹੈ ਪਾਣੀ ਸਿਰ ਤੋਂ ਲੰਘ ਚੁਕਾ,
ਪਰ ਲੱਤ ਹੇਠੋਂ ਮੈਂ ਲੰਘਣਾ ਨਹੀਂ।
ਜੋ ਠੰਡਾ ਹੋਇਆ ਹਿੰਦੀਆਂ ਦਾ,
ਉਹ ਲਹੂ ਗਰਮਾ ਕੇ ਦੱਸਾਂਗਾ।

ਹੁਣ ਹੱਥਾਂ ਬਾਝ ਕਰਾਰਿਆਂ ਦੇ,
ਦੁਸ਼ਮਣ ਨੇ ਮਿੱਤਰ ਬਣਨਾ ਨਹੀਂ।
ਮੈਂ ਹੱਥੋ ਹੱਥੀ ਨਿਬੜਾਂਗਾ,
ਤੇ ਹੱਥ ਵਿਖਾ ਕੇ ਦੱਸਾਂਗਾ।

ਜੋ ਕਾਇਰ, ਡਰਾਕਲ, ਬੁਜ਼ਦਿਲ ਨੇ,
ਨਹੀਂ ਨੰਗੀ ਕਰਦ ਨੂੰ ਫੜ ਸਕਦੇ।
ਮੈਂ ਉਨ੍ਹਾਂ ਦੇ ਹੱਥਾਂ 'ਚ,
ਖੰਡੇ ਪਕੜਾ ਕੇ ਦੱਸਾਂਗਾ।

ਕੀ ਰੱਕੜਾਂ ਵਿਚ ਨਹੀਂ ਉੱਗ ਸਕਦੇ,
ਕੀ ਗੱਲ ਹੈ ਬੂਟੇ ਮਹਿੰਦੀ ਦੇ।
ਪਰ ਮੈਂ ਪੱਥਰਾਂ ਦੇ ਸੀਨੇ 'ਚ,
ਹੁਣ ਫੁੱਲ ਉਗਾ ਕੇ ਦੱਸਾਂਗਾ।

www.sikhbookclub.com

ਰੰਗ ਫਿੱਕਾ ਹੋ ਗਿਆ ਮਹਿੰਦੀ ਦਾ,
ਮੈਂ ਮਾਂਗ ਸੰਧੂਰ ਸਜਾਉਣਾ ਏਂ।
ਜੋ ਟੁਟ ਰਹੀ ਨਾ ਛਣਕ ਰਹੀ,
ਝਾਂਜਰ ਛਣਕਾ ਕੇ ਦੱਸਾਂਗਾ।

ਮੈਂ ਕਹਿਨਾ ਇਨ੍ਹਾਂ ਰਾਜਿਆਂ ਦੀ,
ਮੈਂ ਰਯਤ ਬਣ ਕੇ ਰਹਿਣਾ ਨਹੀਂ।
ਨਹੀਂ ਇਹ ਜੁਗ-ਗਰਦੀ ਰਹਿਣ ਦੇਣੀ,
ਮੈਂ ਜੁਗ ਪਲਟਾ ਕੇ ਦੱਸਾਂਗਾ।

(1/1984)

www.sikhbookclub.com

ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਵਾਹਿਗੁਰੂ ਜੀਓ ਸਤ
ਵਾਹਿਗੁਰੂ ਹਾਜ਼ਰ ਨਾਜ਼ਰ ਹੈ

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ
ਈਜ਼ਦਿ ਮਨਜ਼ੂਰ ਗੁਰੂ ਗੋਬਿੰਦ ਸਿੰਘ ॥੧॥

(ਗਰੀਬਾਂ ਦਾ ਰਾਖਾ) ਗੁਰੂ ਗੋਬਿੰਦ ਸਿੰਘ—ਰੱਬ ਦੀ ਰੱਖਿਆ ਵਿਚ ਗੁਰੂ ਗੋਬਿੰਦ ਸਿੰਘ—ਰੱਬ ਵਲੋਂ ਪਰਵਾਨ ਗੁਰੂ ਗੋਬਿੰਦ ਸਿੰਘ।

ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ ॥੨॥

ਗੁਰੂ ਗੋਬਿੰਦ ਸਿੰਘ ਸੱਚ ਦਾ ਖ਼ਜ਼ਾਨਾ ਹੈ,
ਗੁਰੂ ਗੋਬਿੰਦ ਸਿੰਘ ਸਮੂਹ ਨੂਰ ਦੀ ਮਿਹਰ ਹੈ।

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ
ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੩॥

ਗੁਰੂ ਗੋਬਿੰਦ ਸਿੰਘ ਸੱਚ ਦੇ ਜਾਨਣਹਾਰਿਆਂ ਲਈ ਸੱਚ ਹੈ,
ਗੁਰੂ ਗੋਬਿੰਦ ਸਿੰਘ ਬਾਦਸ਼ਾਹਾਂ ਦਾ ਬਾਦਸ਼ਾਹ ਹੈ।

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥੪॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਬਾਦਸ਼ਾਹ ਹੈ,
ਗੁਰੂ ਗੋਬਿੰਦ ਸਿੰਘ ਦੁਸ਼ਮਣ ਦੀ ਜਾਨ ਨੂੰ ਕਬਜ ਕਰਨ ਲੈਣ ਵਾਲਾ ਹੈ।

ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ
ਕਾਸ਼ਫ਼ੁਲ ਅਸਰਾਰ ਗੁਰ ਗੋਬਿੰਦ ਸਿੰਘ ॥੫॥

ਗੁਰੂ ਗੋਬਿੰਦ ਸਿੰਘ ਰੱਬੀ ਨੂਰ ਦੀ ਬਖ਼ਸ਼ਿਸ਼ ਕਰਨ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬੀ ਰਮਜ਼ਾਂ ਨੂੰ ਖੋਲ੍ਹਣ ਵਾਲਾ ਹੈ।

www.sikhbookclub.com

ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ
ਅਬਰਿ ਰਹਿਮਤ ਬਾਰ ਗੁਰ ਗੋਬਿੰਦ ਸਿੰਘ ॥੬॥

ਗੁਰੂ ਗੋਬਿੰਦ ਸਿੰਘ ਪਰਦੇ ਵਿਚ ਲੁਕੀਆਂ ਗੱਲਾਂ ਦਾ ਗਿਆਨਵਾਨ ਹੈ,
ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਵਰਸਾਉਣ ਵਾਲਾ ਬੱਦਲ ਹੈ।

ਮੁਕਬੁਲੋ ਮਕਬੂਲ ਗੁਰ ਗੋਬਿੰਦ ਸਿੰਘ
ਵਾਸਲੋ ਮੌਸੂਲ ਗੁਰ ਗੋਬਿੰਦ ਸਿੰਘ ॥੭॥

ਗੁਰੂ ਗੋਬਿੰਦ ਸਿੰਘ ਪਰਵਾਨ ਅਤੇ ਹਰਮਨ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਨਾਲ ਜੁੜਿਆ ਹੋਇਆ ਅਤੇ ਜੋੜਨ ਵਾਲਾ ਹੈ।

ਜਾਂ-ਫ਼ਰੋਜ਼ਿ ਦਹਿਰ ਗੁਰ ਗੋਬਿੰਦ ਸਿੰਘ
ਫੈਜ਼ਿ ਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ ॥੮॥

ਗੁਰੂ ਗੋਬਿੰਦ ਸਿੰਘ ਜ਼ਮਾਨੇ ਨੂੰ ਜਾਨ ਬਖ਼ਸ਼ਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦਾ ਸਮੁੰਦਰ ਹੈ।

ਹੱਕ ਰਾ ਮਹਿਬੂਬ ਗੁਰ ਗੋਬਿੰਦ ਸਿੰਘ
ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ ॥੯॥

ਗੁਰੂ ਗੋਬਿੰਦ ਸਿੰਘ ਰੱਬ ਦਾ ਪਿਆਰਾ ਹੈ,
ਗੁਰੂ ਗੋਬਿੰਦ ਸਿੰਘ ਰੱਬ ਦਾ ਤਾਲਬ ਹੈ ਤੇ ਲੋਕਾਂ ਦਾ ਚਹੇਤਾ ਹੈ।

ਤੇਗ ਰਾ ਫ਼ੱਤਾਹ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੦॥

ਗੁਰੂ ਗੋਬਿੰਦ ਸਿੰਘ ਤਲਵਾਰ ਦਾ ਧਨੀ ਹੈ,
ਗੁਰੂ ਗੋਬਿੰਦ ਸਿੰਘ ਜਾਨ ਅਤੇ ਦਿਲ ਲਈ ਅੰਮ੍ਰਿਤ ਹੈ।

ਸਾਹਿਬਿ ਅਕਲੀਲ ਗੁਰ ਗੋਬਿੰਦ ਸਿੰਘ
ਜ਼ਿਬਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ ॥੧੧॥

ਗੁਰੂ ਗੋਬਿੰਦ ਸਿੰਘ ਤਾਜਾਂ ਦਾ ਮਾਲਕ ਹੈ।
ਗੁਰੂ ਗੋਬਿੰਦ ਸਿੰਘ ਰੱਬ ਦੇ ਸਾਏ ਦਾ ਪਰਛਾਵਾਂ ਹੈ।

ਖ਼ਾਜ਼ਨਿ ਹਰ ਗੰਜ ਗੁਰ ਗੋਬਿੰਦ ਸਿੰਘ
ਬਰਹਮਿ ਹਰ ਰੰਜ ਗੁਰ ਗੋਬਿੰਦ ਸਿੰਘ ॥੧੨॥

ਗੁਰੂ ਗੋਬਿੰਦ ਸਿੰਘ ਹਰ ਖ਼ਜ਼ਾਨੇ ਦਾ ਖ਼ਜ਼ਾਨਚੀ ਹੈ,
ਗੁਰੂ ਗੋਬਿੰਦ ਸਿੰਘ ਹਰ ਦੁੱਖ ਦਰਦ ਨੂੰ ਦੂਰ ਕਰਨ ਵਾਲਾ ਹੈ।

ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ
ਦਰ ਦੋ ਆਲਮ ਤਾਕ ਗੁਰ ਗੋਬਿੰਦ ਸਿੰਘ ॥੧੩॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦਾ ਹਾਕਮ ਹੈ,
ਦੋਹਾਂ ਜਹਾਨਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਬਰਾਬਰ ਦਾ ਕੋਈ ਨਹੀਂ ਹੈ।

www.sikhbookclub.com

ਹੱਕ ਖ਼ੁਦ ਵੱਸਾਫ਼ਿ ਗੁਰ ਗੋਬਿੰਦ ਸਿੰਘ
ਬਰ ਤਰੀਂ ਔਸਾਫ਼ਿ ਗੁਰ ਗੋਬਿੰਦ ਸਿੰਘ ॥੧੪॥

ਰੱਬ ਆਪ ਗੁਰੂ ਗੋਬਿੰਦ ਸਿੰਘ ਦਾ ਢਾਡੀ ਹੈ,
ਗੁਰੂ ਗੋਬਿੰਦ ਸਿੰਘ ਸਰਵੋਤਮ ਗੁਣਾਂ ਦਾ ਧਾਰਨੀ ਹੈ।

ਖ਼ਾਸਗਾਂ ਦਰ ਪਾਇ ਗੁਰ ਗੋਬਿੰਦ ਸਿੰਘ
ਕੁੱਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ ॥੧੫॥

ਰੱਬ ਦੇ ਖ਼ਾਸ ਬੰਦੇ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਹਨ,
ਰੱਬ ਦੇ ਪਾਕ ਨਿਕਟਵਰਤੀ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ।

ਮੁਕਬਲਾਂ ਮੱਦਾਹਿ ਗੁਰ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥੧੬॥

ਰੱਬ ਦੇ ਪਰਵਾਨ ਬੰਦੇ ਗੁਰੂ ਗੋਬਿੰਦ ਸਿੰਘ ਦੇ ਸ਼ਲਾਘਾਕਾਰ ਹਨ,
ਜਾਨ ਅਤੇ ਦਿਲ ਲਈ ਗੁਰੂ ਗੋਬਿੰਦ ਸਿੰਘ ਰਾਹਤ (ਅਮਾਨ) ਬਖ਼ਸ਼ਣ ਵਾਲੇ ਹਨ।

ਲਾ-ਮਕਾਂ ਪਾ-ਬੋਸਿ ਗੁਰ ਗੋਬਿੰਦ ਸਿੰਘ
ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ ॥੧੭॥

ਲਾਮਕਾਨ-ਅਨੰਤ ਗੁਰੂ ਗੋਬਿੰਦ ਸਿੰਘ ਦੇ ਚਰਨ ਚੁੰਮਦਾ ਹੈ,
ਦੋਹਾਂ ਜਹਾਨਾਂ 'ਤੇ ਗੁਰੂ ਗੋਬਿੰਦ ਸਿੰਘ ਦਾ ਨਗਾਰਾ ਵਜਦਾ ਹੈ।

ਸੁਲਮ ਹਮ ਮਹਿਕੂਮਿ ਗੁਰ ਗੋਬਿੰਦ ਸਿੰਘ
ਰੁੱਬਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ ॥੧੮॥

ਤਿੰਨੇ ਲੋਕ ਗੁਰੂ ਗੋਬਿੰਦ ਸਿੰਘ ਦੀ ਆਗਿਆ ਵਿਚ ਹਨ,
ਚਾਰੇ ਖਾਣੀਆਂ ਗੁਰੂ ਗੋਬਿੰਦ ਸਿੰਘ ਦੀਆਂ ਮੁਹਰਬੰਦ ਹਨ।

ਸੁਦਮ ਹਲਕਾ ਬਗੋਸ਼ਿ ਗੁਰ ਗੋਬਿੰਦ ਸਿੰਘ
ਦੁਸ਼ਮਨ-ਅਫ਼ਗਾਨ ਜੋਸ਼ਿ ਗੁਰ ਗੋਬਿੰਦ ਸਿੰਘ ॥੧੯॥

ਸਾਰਾ ਜਹਾਨ ਗੁਰੂ ਗੋਬਿੰਦ ਸਿੰਘ ਦਾ ਗ਼ੁਲਾਮ ਹੈ,
ਗੁਰੂ ਗੋਬਿੰਦ ਸਿੰਘ ਦਾ ਜੋਸ਼ ਦੁਸ਼ਮਣਾਂ ਨੂੰ ਮਾਰ ਮੁਕਾਉਣ ਵਾਲਾ ਹੈ।

ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ
ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥੨੦॥

ਗੁਰੂ ਗੋਬਿੰਦ ਸਿੰਘ ਦਿਲ ਦਾ ਸਾਫ਼ ਅਤੇ ਵੈਰ ਭਾਵ ਤੋਂ ਖ਼ਾਲੀ ਹੈ,
ਗੁਰੂ ਗੋਬਿੰਦ ਸਿੰਘ ਆਪ ਸੱਚ ਹੈ ਅਤੇ ਸੱਚ ਦਾ ਸ਼ੀਸ਼ਾ ਹੈ।

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥੨੧॥

ਗੁਰੂ ਗੋਬਿੰਦ ਸਿੰਘ ਸੱਚ ਦਾ ਸੱਚਾ ਅਨੁਭਵੀ ਹੈ,
ਦਰਵੇਸ਼ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਹੈ।

www.sikhbookclub.com

ਮਕਰਮੁਲ-ਫ਼ਜ਼ਾਲ ਗੁਰ ਗੋਬਿੰਦ ਸਿੰਘ
ਮੁਨਇਮੁ ਲ-ਮੁਤਆਲ ਗੁਰ ਗੋਬਿੰਦ ਸਿੰਘ ॥੨੨॥

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲਾ ਹੈ।
ਗੁਰੂ ਗੋਬਿੰਦ ਸਿੰਘ ਦੌਲਤਾਂ ਤੇ ਨਿਆਮਤਾਂ ਦੇਣ ਵਾਲਾ ਹੈ।

ਕਾਰਮੁੱਲ-ਕੱਰਾਮ ਗੁਰ ਗੋਬਿੰਦ ਸਿੰਘ
ਰਾਹਮੁਲ-ਰੱਹਾਮ ਗੁਰ ਗੋਬਿੰਦ ਸਿੰਘ ॥੨੩॥

ਗੁਰੂ ਗੋਬਿੰਦ ਸਿੰਘ ਸਖੀਆਂ ਦਾ ਵੀ ਸਖੀ ਹੈ,
ਗੁਰੂ ਗੋਬਿੰਦ ਸਿੰਘ ਰਹਿਮ ਕਰਨ ਵਾਲਿਆਂ ਲਈ ਵੀ ਰਹਿਮ ਹੈ।

ਨਾਇਮੁਲ-ਮੁਨਆਮ ਗੁਰ ਗੋਬਿੰਦ ਸਿੰਘ
ਫ਼ਾਹਮੁਲ-ਫ਼ੱਹਾਮ ਗੁਰ ਗੋਬਿੰਦ ਸਿੰਘ ॥੨੪॥

ਗੁਰੂ ਗੋਬਿੰਦ ਸਿੰਘ ਨਿਆਮਤਾਂ ਦੇਣ ਵਾਲਿਆਂ ਨੂੰ ਵੀ ਨਿਆਮਤਾਂ ਬਖ਼ਸ਼ਦਾ ਹੈ,
ਗੁਰੂ ਗੋਬਿੰਦ ਸਿੰਘ ਅਨੁਭਵੀਆਂ ਦਾ ਵੀ ਅਨੁਭਵੀ ਹੈ।

ਦਾਇਮੋ ਪਾਇੰਦਾ ਗੁਰ ਗੋਬਿੰਦ ਸਿੰਘ
ਫ਼ਰੱਖ਼ੋ ਫ਼ਰਖ਼ੰਦਾ ਗੁਰ ਗੋਬਿੰਦ ਸਿੰਘ ॥੨੫॥

ਗੁਰੂ ਗੋਬਿੰਦ ਸਿੰਘ ਸਦੀਵੀ ਤੇ ਸਥਿਰ ਰਹਿਣ ਵਾਲਾ ਹੈ,
ਗੁਰੂ ਗੋਬਿੰਦ ਸਿੰਘ ਨੇਕ ਅਤੇ ਵੱਡੇ ਭਾਗਾਂ ਵਾਲਾ ਹੈ।

ਫ਼ੈਜ਼ਿ ਸੁਬਹਾਨ ਜ਼ਾਤਿ ਗੁਰ ਗੋਬਿੰਦ ਸਿੰਘ
ਨੂਰਿ ਹੱਕ ਲਮਆਤ ਗੁਰ ਗੋਬਿੰਦ ਸਿੰਘ ॥੨੬॥

ਗੁਰੂ ਗੋਬਿੰਦ ਸਿੰਘ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਮਿਹਰ ਹੈ,
ਗੁਰੂ ਗੋਬਿੰਦ ਸਿੰਘ ਰੱਬ ਦੇ ਨੂਰ ਦੀ ਕਿਰਨ ਭਰੀ ਰੋਸ਼ਨੀ ਹੈ।

ਸਾਮਿਆਨਿ ਨਾਮਿ ਗੁਰ ਗੋਬਿੰਦ ਸਿੰਘ
ਹੱਕ-ਬੀਂ ਜ਼ਿ ਇਨਆਮਿ ਗੁਰ ਗੋਬਿੰਦ ਸਿੰਘ ॥੨੭॥

ਗੁਰੂ ਗੋਬਿੰਦ ਸਿੰਘ ਦਾ ਨਾਮ ਸੁਣਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਨਾਲ ਰੱਬ ਨੂੰ ਵੇਖਣ ਵਾਲੇ ਹੋ ਜਾਂਦੇ ਹਨ।

ਵਾਸ਼ਫ਼ਾਨਿ ਜ਼ਾਤਿ ਗੁਰ ਗੋਬਿੰਦ ਸਿੰਘ
ਵਾਸਿਲ ਅਜ਼ ਬਰਕਾਤਿ ਗੁਰ ਗੋਬਿੰਦ ਸਿੰਘ ॥੨੮॥

ਗੁਰੂ ਗੋਬਿੰਦ ਸਿੰਘ ਦੀ ਜ਼ਾਤ ਦੀ ਸਿਫ਼ਤ ਸ਼ਲਾਘਾ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਬਰਕਤਾਂ ਅਤੇ ਬਖ਼ਸ਼ਿਸ਼ਾਂ ਨੂੰ ਪ੍ਰਾਪਤ ਕਰ ਲੈਂਦੇ ਹਨ।

ਰਾਕਿਮਾਨਿ ਵਸਫ਼ਿ ਗੁਰ ਗੋਬਿੰਦ ਸਿੰਘ
ਨਾਮਵਰ ਅਜ਼ ਲੁਤਫ਼ਿ ਗੁਰ ਗੋਬਿੰਦ ਸਿੰਘ ॥੨੯॥

ਗੁਰੂ ਗੋਬਿੰਦ ਸਿੰਘ ਦੇ ਗੁਣਾਂ ਦੇ ਲਿਖਣਹਾਰੇ,
ਗੁਰੂ ਗੋਬਿੰਦ ਸਿੰਘ ਕੀ ਕਿਰਪਾ ਅਤੇ ਮਿਹਰ ਨਾਲ ਨਾਮਵਰੀ ਪਾਉਂਦੇ ਹਨ।

www.sikhbookclub.com

ਨਾਜ਼ਿਰਾਨਿ ਰੂਇ ਗੁਰ ਗੋਬਿੰਦ ਸਿੰਘ
ਮਸਤਿ ਹੱਕ ਦਰ ਕੂਇ ਗੁਰ ਗੋਬਿੰਦ ਸਿੰਘ ॥੩੩॥

ਗੁਰੂ ਗੋਬਿੰਦ ਸਿੰਘ ਦੇ ਮੁਖੜੇ ਦੇ ਦਰਸ਼ਨ ਕਰਨ ਵਾਲੇ,
ਗੁਰੂ ਗੋਬਿੰਦ ਸਿੰਘ ਦੀ ਗਲੀ ਵਿਚ ਉਸ ਦੀ ਪ੍ਰੀਤੀ ਵਿਚ ਮਸਤ ਹੋ ਜਾਂਦੇ ਹਨ।

ਖ਼ਾਕ-ਬੋਸਿ ਪਾਇ ਗੁਰ ਗੋਬਿੰਦ ਸਿੰਘ
ਮੁਕਬਲ ਅਜ਼ ਆਲਾਇ ਗੁਰ ਗੋਬਿੰਦ ਸਿੰਘ ॥੩੧॥

ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਨੂੰ ਚੁੰਮਣ ਵਾਲੇ,
ਗੁਰੂ ਗੋਬਿੰਦ ਸਿੰਘ ਦੀਆਂ ਨਿਆਮਤਾਂ ਕਾਰਨ ਪਰਵਾਨ ਹੋ ਜਾਂਦੇ ਹਨ।

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ ॥੩੨॥

ਗੁਰੂ ਗੋਬਿੰਦ ਸਿੰਘ ਹਰ ਕਾਰਜ ਦੇ ਸਮਰੱਥ ਹਨ,
ਗੁਰੂ ਗੋਬਿੰਦ ਸਿੰਘ ਨਿਆਸਰਿਆਂ ਦੇ ਆਸਰਾ ਹਨ।

ਸਾਜਿਦੋ ਮਸਜੂਦ ਗੁਰ ਗੋਬਿੰਦ ਸਿੰਘ
ਜੁਮਲਾ ਫ਼ੈਜ਼ੋ ਜੂਦ ਗੁਰ ਗੋਬਿੰਦ ਸਿੰਘ ॥੩੩॥

ਗੁਰੂ ਗੋਬਿੰਦ ਸਿੰਘ ਪੁਜਾਰੀ ਅਤੇ ਪੂਜਨੀਕ ਹਨ,
ਗੁਰੂ ਗੋਬਿੰਦ ਸਿੰਘ ਮਿਹਰ ਅਤੇ ਬਖ਼ਸ਼ਿਸ਼ ਦਾ ਸਰੂਪ ਹਨ।

ਸਰਵਰਾਂ ਰਾ ਤਾਜ ਗੁਰ ਗੋਬਿੰਦ ਸਿੰਘ
ਬਰ ਤਰੀਂ ਮਿਆਰਾਜ ਗੁਰ ਗੋਬਿੰਦ ਸਿੰਘ ॥੩੪॥

ਗੁਰੂ ਗੋਬਿੰਦ ਸਿੰਘ ਸਰਦਾਰਾਂ ਦੇ ਤਾਜ ਹਨ,
ਰੱਬ ਦੀ ਪ੍ਰਾਪਤੀ ਲਈ ਗੁਰੂ ਗੋਬਿੰਦ ਸਿੰਘ ਸਭ ਤੋਂ ਚੰਗਾ ਵਸੀਲਾ (ਪੌੜੀ) ਹਨ।

ਅਸ਼ਰ ਕੁਦੱਸੀ ਰਾਮਿ ਗੁਰ ਗੋਬਿੰਦ ਸਿੰਘ
ਵਾਸਿਫ਼ਿ ਇਕਰਾਮ ਗੁਰ ਗੋਬਿੰਦ ਸਿੰਘ ॥੩੫॥

ਸਾਰੇ ਪਵਿੱਤ੍ਰ ਫ਼ਰਿਸ਼ਤੇ ਗੁਰੂ ਗੋਬਿੰਦ ਸਿੰਘ ਦੇ ਤਾਬਿਆ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੀਆਂ ਬਖ਼ਸ਼ਿਸ਼ਾਂ ਦੀ ਸਿਫ਼ਤ ਕਰਨ ਵਾਲੇ ਹਨ।

ਉੱਮਿ ਕੁੱਦਸ ਬਕਾਰਿ ਗੁਰ ਗੋਬਿੰਦ ਸਿੰਘ
ਗਾਸ਼ੀਆ ਬਰਦਾਰਿ ਗੁਰ ਗੋਬਿੰਦ ਸਿੰਘ ॥੩੬॥

ਜਗਤ ਦੀ ਪਵਿੱਤਰ ਜਨਮਦਾਤਾ ਗੁਰੂ ਗੋਬਿੰਦ ਸਿੰਘ ਦੇ ਸੇਵਾ ਵਿਚ ਰਹਿੰਦੀ ਹੈ।
ਅਤੇ ਗੁਰੂ ਗੋਬਿੰਦ ਸਿੰਘ ਦੀ ਟਹਿਲਣ, ਸੇਵਾਦਾਰ ਹੈ।

ਕਦਰ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ
ਇਨਕਿਯਾਦ ਅੰਦੇਸ਼ਿ ਗੁਰ ਗੋਬਿੰਦ ਸਿੰਘ ॥੩੭॥

ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਕੁਦਰਤ ਦੀ ਕੀ ਕਦਰ ਹੈ ?
ਉਹ ਵੀ ਗੁਰੂ ਗੋਬਿੰਦ ਸਿੰਘ ਦੀ ਬੰਦਗੀ ਵਿਚ ਬੱਧੀ ਰਹਿਣਾ ਚਾਹੁੰਦੀ ਹੈ।

www.sikhbookclub.com

ਤਿੱਸਅ ਉਲਵੀ ਖ਼ਾਕਿ ਗੁਰ ਗੋਬਿੰਦ ਸਿੰਘ
ਚਾਕਰਿ ਚਾਲਾਕਿ ਗੁਰ ਗੋਬਿੰਦ ਸਿੰਘ ॥੩੮॥

ਸਤੇ ਆਸਮਾਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਚੁਸਤ ਚਲਾਕ ਚਾਕਰ ਹਨ।

ਤਖ਼ਤਿ ਬਾਲਾ ਜ਼ੇਰਿ ਗੁਰ ਗੋਬਿੰਦ ਸਿੰਘ
ਲਾਮਕਾਨੇ ਸੈਰ ਗੁਰ ਗੋਬਿੰਦ ਸਿੰਘ ॥੩੯॥

ਆਕਾਸ਼ ਦਾ ਉਚੇਰਾ ਤਖ਼ਤ ਗੁਰੂ ਗੋਬਿੰਦ ਸਿੰਘ ਦੇ ਹੇਠ ਹੈ,
ਗੁਰੂ ਗੋਬਿੰਦ ਸਿੰਘ ਅਨੰਤ ਵਿਚ ਵਿਚਰਦੇ ਹਨ।

ਬਰ ਤਰ ਅਜ਼ ਹਰ ਕਦਰ ਗੁਰ ਗੋਬਿੰਦ ਸਿੰਘ
ਜਾਵਿਦਾਨੀ ਸਦਰ ਗੁਰ ਗੋਬਿੰਦ ਸਿੰਘ ॥੪੦॥

ਗੁਰੂ ਗੋਬਿੰਦ ਸਿੰਘ ਦੀ ਕਦਰ ਕੀਮਤ ਸਭ ਤੋਂ ਉਚੇਰੀ ਹੈ,
ਗੁਰੂ ਗੋਬਿੰਦ ਸਿੰਘ ਅਬਿਨਾਸ਼ੀ ਸਿੰਘਾਸਨ ਦੇ ਮਾਲਕ ਹਨ।

ਆਲਮੇ ਰੋਸ਼ਨ ਜ਼ਿ ਗੁਰ ਗੋਬਿੰਦ ਸਿੰਘ
ਜਾਨੋ ਦਿਲ ਗੁਲਸ਼ਨ ਜ਼ਿ ਗੁਰ ਗੋਬਿੰਦ ਸਿੰਘ ॥੪੧॥

ਗੁਰੂ ਗੋਬਿੰਦ ਸਿੰਘ ਸਦਕਾ ਇਹ ਸੰਸਾਰ ਰੋਸ਼ਨ ਹੈ,
ਗੁਰੂ ਗੋਬਿੰਦ ਸਿੰਘ ਸਦਕਾ ਜਾਨ ਅਤੇ ਦਿਲ ਗੁਲਜ਼ਾਰ ਹੈ।

ਰੂਜ਼ ਅਫਜ਼ੂੰ ਜਾਹਿ ਗੁਰ ਗੋਬਿੰਦ ਸਿੰਘ
ਜ਼ੇਬਿ ਤਖ਼ਤੋ ਗਾਹਿ ਗੁਰ ਗੋਬਿੰਦ ਸਿੰਘ ॥੪੨॥

ਗੁਰੂ ਗੋਬਿੰਦ ਸਿੰਘ ਦਾ ਮਰਤਬਾ ਦਿਨ ਦਿਨ ਵਧਦਾ ਹੈ,
ਗੁਰੂ ਗੋਬਿੰਦ ਸਿੰਘ ਤਖਤ ਅਤੇ ਅਸਥਾਨ ਦੀ ਸ਼ੋਭਾ ਹਨ।

ਮੁਰਸ਼ਦ-ਦਾੱਰੈਨ ਗੁਰ ਗੋਬਿੰਦ ਸਿੰਘ
ਬੀਨਸ਼ਿ ਹਰ ਐਨ ਗੁਰ ਗੋਬਿੰਦ ਸਿੰਘ ॥੪੩॥

ਗੁਰੂ ਗੋਬਿੰਦ ਸਿੰਘ ਦੋਹਾਂ ਜਹਾਨਾਂ ਦੇ ਸਤਿਗੁਰੂ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਦੀ ਰੋਸ਼ਨੀ ਹਨ।

ਜੁਮਲਾ ਦਰ ਫ਼ਰਮਾਨਿ ਗੁਰ ਗੋਬਿੰਦ ਸਿੰਘ
ਬਰ ਤਰ ਆਮਦ ਸ਼ਾਨਿ ਗੁਰ ਗੋਬਿੰਦ ਸਿੰਘ ॥੪੪॥

ਸਾਰਾ ਸੰਸਾਰ ਗੁਰੂ ਗੋਬਿੰਦ ਸਿੰਘ ਦੇ ਹੁਕਮ ਵਿਚ ਹੈ,
ਗੁਰੂ ਗੋਬਿੰਦ ਸਿੰਘ ਦੀ ਸਭ ਤੋਂ ਵੱਡੀ ਸ਼ਾਨ ਹੈ।

ਹਰ ਦੋ ਆਲਮ ਖ਼ੈਲਿ ਗੁਰ ਗੋਬਿੰਦ ਸਿੰਘ
ਜੁਮਲਾ ਅੰਦਰ ਜ਼ੈਲਿ ਗੁਰ ਗੋਬਿੰਦ ਸਿੰਘ ॥੪੫॥

ਦੋਵੇਂ ਦੁਨੀਆਂ ਗੁਰੂ ਗੋਬਿੰਦ ਸਿੰਘ ਦਾ ਕਬੀਲਾ ਹਨ,
ਸਾਰੇ ਲੋਕ ਗੁਰੂ ਗੋਬਿੰਦ ਸਿੰਘ ਦਾ ਪੱਲਾ ਫੜਨਹਾਰੇ ਹਨ।

www.sikhbookclub.com

ਵਾਹਿਬੋ ਵੱਹਾਬ ਗੁਰ ਗੋਬਿੰਦ ਸਿੰਘ
ਫ਼ਾਤਿਹਿ ਹਰ ਬਾਬ ਗੁਰ ਗੋਬਿੰਦ ਸਿੰਘ ॥੪੬॥

ਗੁਰੂ ਗੋਬਿੰਦ ਸਿੰਘ ਬਖ਼ਸ਼ਿਸ਼ਾਂ ਕਰਨ ਵਾਲੇ ਸਖੀ ਹਨ,
ਗੁਰੂ ਗੋਬਿੰਦ ਸਿੰਘ ਹਰ ਦਰ ਦੇ ਖੋਲਣ ਹਾਰੇ (ਹਰ ਥਾਂ ਦੇ ਵਿਜਈ) ਹਨ।

ਸ਼ਾਮਿਲਿ-ਲ-ਅਸ਼ਫ਼ਾਕ ਗੁਰ ਗੋਬਿੰਦ ਸਿੰਘ
ਕਾਮਿਲਿ-ਲ-ਅਖ਼ਲਾਕ ਗੁਰ ਗੋਬਿੰਦ ਸਿੰਘ ॥੪੭॥

ਗੁਰੂ ਗੋਬਿੰਦ ਸਿੰਘ ਮਿਹਰਾਂ ਨਾਲ ਭਰਪੂਰ ਹਨ,
ਗੁਰੂ ਗੋਬਿੰਦ ਸਿੰਘ ਸਦਾਚਾਰ ਵਿਚ ਪਰੀਪੂਰਣ ਹਨ।

ਰੂਹ ਦਰ ਹਰ ਜਿਸਮ ਗੁਰ ਗੋਬਿੰਦ ਸਿੰਘ
ਨੂਰ ਦਰ ਹਰ ਚਸ਼ਮ ਗੁਰ ਗੋਬਿੰਦ ਸਿੰਘ ॥੪੮॥

ਗੁਰੂ ਗੋਬਿੰਦ ਸਿੰਘ ਹਰ ਸਰੀਰ ਵਿਚ ਦੀ ਰੂਹ ਹਨ,
ਗੁਰੂ ਗੋਬਿੰਦ ਸਿੰਘ ਹਰ ਅੱਖ ਵਿਚਲਾ ਨੂਰ ਹਨ।

ਜੁਮਲਾ ਰੋਜ਼ੀ ਖ਼ਾਰਿ ਗੁਰ ਗੋਬਿੰਦ ਸਿੰਘ
ਬੈਜ਼ਿ ਹੱਕ ਇਮਤਾਰ ਗੁਰ ਗੋਬਿੰਦ ਸਿੰਘ ॥੪੯॥

ਸਾਰੇ ਹੀ ਗੁਰੂ ਗੋਬਿੰਦ ਸਿੰਘ ਦੇ (ਦਰ ਤੋਂ) ਰੋਜ਼ੀ ਪ੍ਰਾਪਤ ਕਰਨ ਵਾਲੇ ਹਨ,
ਗੁਰੂ ਗੋਬਿੰਦ ਸਿੰਘ ਰੱਬ ਦੀ ਮਿਹਰ ਦੇ ਬੱਦਲ ਵਰਸਾਉਣ ਵਾਲੇ ਹਨ।

ਬਿਸਤੋ ਹ਼ਫ਼ਤ ਗਦਾਇ ਗੁਰ ਗੋਬਿੰਦ ਸਿੰਘ
ਹ਼ਫ਼ਤ ਹਮ ਸ਼ੈਦਾਇ ਗੁਰ ਗੋਬਿੰਦ ਸਿੰਘ ॥੫੦॥

ਸਤਾਈ (ਵਲਾਇਤਾਂ) ਗੁਰੂ ਗੋਬਿੰਦ ਸਿੰਘ ਦੇ ਭਿਖਾਰੀ ਹਨ,
ਸੱਤੇ ਸੰਸਾਰ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹਨ।

ਖ਼ਾਕਰੂਬਿ ਸਰਾਇ ਗੁਰ ਗੋਬਿੰਦ ਸਿੰਘ
ਖ਼ੱਸਮ ਵਸ਼ਫ਼ ਪੈਰਾਇ ਗੁਰ ਗੋਬਿੰਦ ਸਿੰਘ ॥੫੧॥

ਪੰਜੇ ਇੰਦਰੇ ਗੁਰੂ ਗੋਬਿੰਦ ਸਿੰਘ ਦੇ ਗੁਣਾਂ ਨੂੰ ਸ਼ੋਭਾ ਦੇਣ ਵਾਲੇ ਹਨ,
ਅਤੇ ਗੁਰੂ ਗੋਬਿੰਦ ਸਿੰਘ ਦੇ ਮਹਿਲਾਂ ਦੇ ਝਾੜੂ-ਬਰਦਾਰ ਹਨ।

ਬਰ ਦੋ ਆਲਮ ਦਸਤਿ ਗੁਰ ਗੋਬਿੰਦ ਸਿੰਘ
ਜੁਮਲਾ ਉਲਵੀ ਪਸਤਿ ਗੁਰ ਗੋਬਿੰਦ ਸਿੰਘ ॥੫੨॥

ਦੋਹਾਂ ਜਹਾਨਾਂ ਉੱਤੇ ਗੁਰੂ ਗੋਬਿੰਦ ਸਿੰਘ (ਦੀ ਮਿਹਰ) ਦਾ ਹੱਥ ਹੈ,
ਸਾਰੇ ਫ਼ਰਿਸ਼ਤੇ ਅਤੇ ਦੇਵਤੇ ਗੁਰੂ ਗੋਬਿੰਦ ਸਿੰਘ ਸਾਹਮਣੇ ਤੁੱਛ ਹਨ।

ਲਾਅਲ ਸਗੇ ਗੁਲਾਮਿ ਗੁਰ ਗੋਬਿੰਦ ਸਿੰਘ
ਦਾਗ਼ਦਾਰਿ ਨਾਮਿ ਗੁਰ ਗੋਬਿੰਦ ਸਿੰਘ ॥੫੩॥

(ਨੰਦ) ਲਾਲ ਗੁਰੂ ਗੋਬਿੰਦ ਸਿੰਘ (ਦੇ ਦਰ) ਦਾ ਇਕ ਗੁਲਾਮ ਕੂਕਰ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਨਾਮ ਦੇ ਦਾਗ਼ ਵਾਲਾ ਹੈ।

www.sikhbookclub.com

ਕਮਤਰੀਂ ਜ਼ਿ ਸਗਾਨਿ ਗੁਰ ਗੋਬਿੰਦ ਸਿੰਘ
ਰੇਜ਼ਾ-ਚੀਨਿ ਖ਼੍ਵਾਨਿ ਗੁਰ ਗੋਬਿੰਦ ਸਿੰਘ ॥੫੪॥

ਉਹ ਗੁਰੂ ਗੋਬਿੰਦ ਸਿੰਘ ਦੇ ਕੁੱਤਿਆਂ ਤੋਂ ਵੀ ਨੀਚ ਹੈ,
ਉਹ ਗੁਰੂ ਗੋਬਿੰਦ ਸਿੰਘ ਦੇ ਦਸਤਰਖਾਨ ਤੋਂ ਭੋਰੇ ਚੁਗਣ ਵਾਲਾ ਹੈ।

ਸਾਇਲ ਅਜ਼ ਇਨਆਮਿ ਗੁਰ ਗੋਬਿੰਦ ਸਿੰਘ
ਖ਼ਾਕਿ ਪਾਕਿ ਅਕਦਾਮਿ ਗੁਰ ਗੋਬਿੰਦ ਸਿੰਘ ॥੫੫॥

ਇਹ (ਦਾਸ) ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਪਵਿੱਤਰ ਧੂੜੀ ਦੀ ਬਖ਼ਸ਼ਿਸ਼ ਦਾ ਜਾਚਕ ਹੈ।

ਬਾਦ ਜਾਨਸ਼ ਫ਼ਿਦਾਇ ਗੁਰ ਗੋਬਿੰਦ ਸਿੰਘ
ਫ਼ਰਕਿ ਊ ਬਰ ਪਾਇ ਗੁਰ ਗੋਬਿੰਦ ਸਿੰਘ ॥੫੬॥

(ਰੱਬ ਕਰੇ) ਇਸ (ਨੰਦ ਲਾਲ) ਦੀ ਜਾਨ ਗੁਰੂ ਗੋਬਿੰਦ ਸਿੰਘ ਤੋਂ ਕੁਰਬਾਨ ਹੋਵੇ,
(ਰੱਬ ਕਰੇ) ਉਸ ਦਾ ਸੀਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਤੇ ਟਿਕਿਆ ਰਹੇ।

(ਗੰਡਾ ਸਿੰਘ ਡਾ. (ਸੰਪਾ.), ਭਾਈ ਨੰਦ ਲਾਲ ਗ੍ਰੰਥਾਵਲੀ ਵਿਚੋਂ
ਧੰਨਵਾਦ ਸਹਿਤ, ਗੰਜਨਾਮਾ, ਪੰਨਾ 156-161)

www.sikhbookclub.com

ਪੰਜ ਪਿਆਰੇ ਸਾਹਿਬਾਨ

1) ਭਾਈ ਦਇਆ ਸਿੰਘ ਜੀ:– ਪੰਜ ਪਿਆਰਿਆਂ ਵਿੱਚੋਂ ਪਹਿਲੇ ਪਿਆਰੇ ਭਾਈ ਦਇਆ ਸਿੰਘ ਜੀ ਦਾ ਜਨਮ ਲਾਹੌਰ ਨਿਵਾਸੀ ਭਾਈ ਸੁੱਧੇ ਤੇ ਮਾਤਾ ਦਿਆਲੀ ਦੇ ਘਰ 11 ਭਾਦਰੋਂ, 1718 ਬਿ. (ਅਗਸਤ 1661 ਈ.) ਨੂੰ ਹੋਇਆ। ਆਪ ਭਾਈ ਪਾਰੋ ਜੁਲਕਾ ਦੀ ਵੰਸ਼ ਵਿਚੋਂ ਸਨ। ਆਪ ਸੰਨ 1677 ਵਿੱਚ ਦਸਮ ਪਿਤਾ ਦੀ ਸ਼ਰਨ ਵਿੱਚ ਆਏ।ਪੜ੍ਹੇ ਲਿਖੇ ਹੋਣ ਕਰਕੇ ਗੁਰੂ ਦਰਬਾਰ ਵਿਚ ਆਪ ਮੁਨਸ਼ੀ ਦਾ ਕੰਮ ਕਰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣ ਲਈ ਪੰਜ ਸਿਰਾਂ ਦੀ ਭੇਟਾ ਮੰਗੀ ਤਾਂ ਆਪ ਨੇ ਪਹਿਲ ਕਰਕੇ ਪਹਿਲੇ ਪਿਆਰਾ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰੂ ਜੀ ਆਪ ਜੀ ਨੂੰ ਆਪਣੇ ਮੁਖੀ ਤੇ ਨਜ਼ਦੀਕੀ ਸਿੱਖਾਂ ਵਿਚ ਗਿਣਦੇ ਸਨ। ਦਸਮ ਪਿਤਾ ਨੇ ਜਦੋਂ ਜ਼ਫ਼ਰਨਾਮਾ ਔਰੰਗਜ਼ੇਬ ਦੇ ਨਾਮ ਲਿਖਿਆ ਤਾਂ ਉਸ ਖਤ ਨੂੰ ਅਹਿਮਦ ਨਗਰ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਆਪ ਜੀ ਨੂੰ ਸੌਂਪੀ ਗਈ। ਸਰੂਪ ਦਾਸ ਭੱਲਾ ਨੇ ਮਹਿਮਾ ਪ੍ਰਕਾਸ਼ ਦੀ ਸਾਖੀ ਨੰ:26 ਵਿੱਚ ਇਸ ਦਾ ਹਵਾਲਾ ਇਸ ਤਰ੍ਹਾਂ ਦਿਤਾ ਹੈ:-

ਦਇਆ ਸਿੰਘ ਕੋ ਸਤਗੁਰ ਕਹਾ ਪਾਤਸਾਹ ਪੈ ਜਾਉ।
ਸਉਕ ਨਾਮਾ ਮੇਰਾ ਉਸ ਦੀਜੀਏ ਅਰੁ ਜਬਾਬ ਲੈ ਆਉ।

(ਮਹਿਮਾ ਪ੍ਰਕਾਸ਼, ਪੰਨਾ ੮੯੯-੯੬)

ਰਸਤੇ ਦੀਆਂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ, ਆਪ ਅਹਿਮਦ ਨਗਰ ਪੁੱਜੇ। ਆਪਣੀ ਸੂਝ-ਸਿਆਣਪ ਸਦਕਾ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਔਰੰਗਜ਼ੇਬ ਨੇ ਗੁਰੂ ਜੀ ਨੂੰ ਸੱਦਾ ਭੇਜਿਆ ਤੇ ਗੁਰੂ ਜੀ ਪੰਜਾਬ ਤੋਂ ਦੱਖਣ ਵੱਲ ਨੂੰ ਤੁਰੇ ਤਾਂ ਉਸ ਸਮੇਂ ਵੀ ਭਾਈ ਦਇਆ ਸਿੰਘ ਜੀ ਗੁਰੂ ਜੀ ਦੇ ਨਾਲ ਸਨ।ਪਹਾੜੀ ਰਾਜੇ ਅਤੇ ਤੁਰਕਾਂ ਨਾਲ ਲੜੀਆਂ ਜੰਗਾਂ ਵਿੱਚ ਵੀ ਆਪ ਨੇ ਬੀਰਤਾ ਵਿਖਾਈ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ ਤੋਂ ਲੈ ਕੇ ਨਾਂਦੇੜ ਤੱਕ ਭਾਈ ਦਇਆ ਸਿੰਘ ਜੀ ਨੇ ਗੁਰੂ ਕਾ ਪਿਆਰਾ ਬਣ ਕੇ ਸਾਥ ਨਿਭਾਇਆ।ਆਪ ਨੇ ਅਕਤੂਬਰ, 1708 ਈ. ਅਬਚਲ ਨਗਰ (ਨਾਂਦੇੜ) ਵਿਖੇ ਅਕਾਲ ਚਲਾਣਾ ਕੀਤਾ। ਆਪ ਦੀ ਯਾਦ ਵਿੱਚ ਗੁਰਦੁਆਰਾ ਸੁਸ਼ੋਭਿਤ ਹੈ।

ਭਾਈ ਦਇਆ ਸਿੰਘ ਜੀ ਦਾ ਗੁਰੂ ਦਰਬਾਰ ਵਿੱਚ ਭਾਰਾ ਮਾਣ ਸਤਿਕਾਰ ਸੀ। ਆਪ ਇੱਕ ਬੁੱਧੀਮਾਨ ਅਤੇ ਬਿਬੇਕੀ ਗੁਰਸਿੱਖ ਸਨ।ਆਪ ਨੇ ਇਕ ਰਹਿਤਨਾਮਾ (ਵਾਰਤਕ) ਰਚਨਾ ਵੀ ਕੀਤੀ ਹੈ।

2) ਭਾਈ ਧਰਮ ਸਿੰਘ ਜੀ:– ਪੰਜ ਪਿਆਰਿਆਂ ਵਿਚੋਂ ਗੁਰੂ ਜੀ ਦੀ ਮੰਗ ਤਹਿਤ ਸੀਸ ਅਰਪਨ ਕਰਨ ਵਾਲੇ ਮਰਜੀਵੜੇ ਸਿੱਖਾਂ ਵਿੱਚ ਆਪ ਦੂਜੇ ਗੁਰਸਿੱਖ ਸਨ। ਆਪ ਦਾ ਜਨਮ ਹਸਤਨਾਪੁਰ

www.sikhbookclub.com

(ਦਿੱਲੀ) ਵਿਖੇ ਪਿਤਾ ਸੰਤ ਰਾਮ ਦੇ ਘਰ ਅਕਤੂਬਰ, 1666 ਈ. ਨੂੰ ਹੋਇਆ। ਆਪ 1678 ਈ. ਵਿੱਚ ਗੁਰੂ ਸੇਵਾ ਵਿਚ ਆਏ ਸਨ। ਖਾਲਸਾ ਸਾਜਣਾ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਈਆਂ ਜੰਗਾਂ ਵਿੱਚ ਆਪ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਦੇ ਕਹਿਣ 'ਤੇ ਚਮਕੌਰ ਦੀ ਗੜ੍ਹੀ ਨੂੰ ਛੱਡਿਆ ਤਾਂ ਭਾਈ ਧਰਮ ਸਿੰਘ ਜੀ ਵੀ ਗੁਰੂ ਜੀ ਦੇ ਸਾਥੀ ਸਿੰਘਾਂ ਵਿਚ ਸ਼ਾਮਿਲ ਸਨ। ਭਾਈ ਸੰਤੋਖ ਸਿੰਘ ਨੇ ਆਪਣੀ ਲਿਖਤ 'ਗੁਰਪ੍ਰਤਾਪ ਸੂਰਜ ਗ੍ਰੰਥ' ਵਿੱਚ ਲਿਖਿਆ ਕਿ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਮਾਛੀਵਾੜੇ ਗੁਲਾਬੇ ਮਸੰਦ ਦੇ ਬਾਗ ਵਿਚ ਗੁਰੂ ਜੀ ਨੂੰ ਮਿਲਦੇ ਹਨ:-

ਤੀਨਹ ਪਦ ਪੰਕਜ ਕਰਿ ਨਮੋ। ਹੇਤ ਜਗਵਾਨ ਕੇ ਤਿਹ ਸਮੋ।
ਕਰਿ ਮਸਲਤਿ ਕੋ ਚਹੈਂ ਜਗਾਯੋ। ਧਰਮ ਸਿੰਘ ਤਬਿ ਹਾਥਿ ਚਲਾਯੋ।
ਪਦ ਅਰਬਿੰਦ ਬੈਠਿ ਕਰਿ ਗਹੈ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ ੬ ਅੰਸ ੪੪)

ਉੱਚ ਦੇ ਪੀਰ ਬਣੇ ਗੁਰੂ ਜੀ ਉੱਪਰ ਚਵਰ ਦੀ ਸੇਵਾ ਵੀ ਭਾਈ ਧਰਮ ਸਿੰਘ ਜੀ ਕਰਦੇ ਹਨ। ਜ਼ਫ਼ਰਨਾਮਾ ਔਰੰਗਜ਼ੇਬ ਤੱਕ ਪਹੁੰਚਾਉਣ ਲਈ ਭਾਈ ਧਰਮ ਸਿੰਘ ਜੀ ਵੀ ਭਾਈ ਦਇਆ ਸਿੰਘ ਜੀ ਦੇ ਨਾਲ ਜਾਂਦੇ ਹਨ, 18 ਜੂਨ, 1707, ਈ. ਨੂੰ ਆਗਰੇ ਤੋਂ ਦੱਖਣ ਵਾਲੇ ਪਾਸੇ ਜਾਜੋ ਦੇ ਸਥਾਨ 'ਪੁਰ ਸ਼ਹਿਜ਼ਾਦਾ ਤਾਰਾ ਆਜ਼ਮ ਤੇ ਬਹਾਦਰ ਸ਼ਾਹ ਦੇ ਦਰਮਿਆਨ ਹੋਈ ਲੜ੍ਹਾਈ ਵਿਚ ਮੱਦਦ ਲਈ ਦਸਮ ਪਿਤਾ ਨੇ ਭਾਈ ਧਰਮ ਸਿੰਘ ਜੀ ਨੂੰ ਭੇਜਿਆ ਸੀ। ਗੁਰੂ ਜੀ ਨੇ ਜੋਤੀ ਜੋਤ ਸਮਾਉਣ 'ਤੇ ਅੰਤਮ ਰਸਮਾਂ ਵੀ ਭਾਈ ਧਰਮ ਸਿੰਘ ਜੀ ਤੇ ਭਾਈ ਦਇਆ ਸਿੰਘ ਜੀ ਨੇ ਮਿਲ ਕੇ ਸੰਪੂਰਨ ਕੀਤੀਆਂ। ਨਾਂਦੇੜ ਵਿਖੇ ਹੀ ਆਪ 1717 ਈ. ਨੂੰ ਅਕਾਲ ਚਲਾਣਾ ਕਰ ਗਏ।

3) **ਭਾਈ ਮੋਹਕਮ ਸਿੰਘ ਜੀ:-** ਪਿਆਰੇ ਭਾਈ ਮੋਹਕਮ ਸਿੰਘ ਜੀ ਦਾ ਜਨਮ ਜੂਨ, 1663 ਈ. ਵਿੱਚ ਦੁਆਰਕਾ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਤੀਰਥ ਰਾਮ ਤੇ ਮਾਤਾ ਦਾ ਨਾਮ ਸੁਖ ਦੇਵੀ ਸੀ। ਆਪ 1785 ਈ. ਵਿੱਚ ਸ੍ਰੀ ਅਨੰਦਪੁਰ ਸਾਹਿਬ ਆਏ ਸਨ। ਆਪ ਨੇ ਪਹਾੜੀ ਰਾਜਿਆਂ ਅਤੇ ਤੁਰਕਾਂ ਨਾਲ ਹੋਈਆਂ ਲੜਾਈਆਂ ਵਿਚ ਆਪਣੀ ਬਹਾਦਰ ਦੇ ਚੰਗੇ ਜੌਹਰ ਵਿਖਾਏ। ਸਰਸਾ ਦੇ ਕੰਢੇ ਹੋਈ ਲੜ੍ਹਾਈ ਵਿਚ ਆਪ ਨੇ ਦੁਸ਼ਮਣਾਂ ਨਾਲ ਲੋਹਾ ਲਿਆ।

ਊਦੇ ਸਿੰਘ ਅਰੁ ਧਰਮ ਸਿੰਘ ਭਟ ਸਾਹਿਬ ਸਿੰਘ ਸੰਭਾਰੇ ॥
ਮੁਹਕਮ ਸਿੰਘ ਟੇਕ ਸਿੰਘ ਮਿਲਿ ਕੇ ਈਸਰ ਸਿੰਘ ਪ੍ਰਹਾਰੇ ॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁੱਤ ੪ ਅੰਸ ੩੯)

ਰਾਜਾ ਕੇਸਰੀ ਚੰਦ ਜਸਵਾਲੀਏ ਦੇ ਹਾਥੀ ਨਾਲ ਮੁਕਾਬਲੇ ਸਮੇਂ ਭਾਈ ਬਚਿੱਤਰ ਸਿੰਘ ਜੀ ਦੇ ਨਾਲ ਗੁਰੂ ਜੀ ਭਾਈ ਮੋਹਕਮ ਸਿੰਘ ਜੀ ਨਾਲ ਭੇਜਿਆ ਸੀ।

4) **ਭਾਈ ਸਾਹਿਬ ਸਿੰਘ ਜੀ:-** ਭਾਈ ਸਾਹਿਬ ਸਿੰਘ ਜੀ ਚੌਥੇ ਪਿਆਰੇ ਹਨ। ਆਪ ਦਾ ਜਨਮ ਬਿਦਰ ਨਿਵਾਸੀ ਭਾਈ ਚਮਨ ਰਾਮ ਤੇ ਮਾਤਾ ਬਿਸ਼ਨ ਦੇਵੀ ਦੇ ਘਰ ਹੋਇਆ। ਆਪ ਗੁਰੂ ਜੀ ਵੱਲੋਂ ਲਾਈ ਹਰ ਸੇਵਾ ਨੂੰ ਪੂਰੀ ਤਨ-ਦੇਹੀ ਨਾਲ ਨਿਭਾਉਂਦੇ ਰਹੇ। ਭੰਗਾਣੀ, ਸ੍ਰੀ

www.sikhbookclub.com

ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿਚ ਗੁੱਜਰਾਂ ਦੇ ਮੁਖੀ ਜਮਤੁੱਲੇ ਨੂੰ ਭਾਈ ਸਾਹਿਬ ਸਿੰਘ ਜੀ ਨੇ ਮਾਰ ਕੇ ਲੜਾਈ ਦਾ ਪਾਸਾ ਪਲਟ ਦਿੱਤਾ ਸੀ। ਭਾਈ ਸੰਤੋਖ ਸਿੰਘ ਜੀ ਨੇ ਭਾਈ ਸਾਹਿਬ ਜੀ ਦੀ ਬਹਾਦਰੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:-

ਪੰਚਨ ਮਹਿ ਸਾਹਿਬ ਸਿੰਘ ਜੋਇ।
ਗਹਿ ਤੁਫੰਗ ਕੋ ਪਹੁੰਚਯੋ ਸੋਇ।
ਫੇਰਿ ਕਵਾਦਿ ਕੋ ਨਿਜ ਘੋਰਾ।
ਤਜੀ ਤੁਫੰਗ ਤਾਹਿਬ ਕੀ ਓਰਾ। (ਸ੍ਰੀ.ਗੁ.ਸੂ.ਗ੍ਰੰ., ੩੪, ਅੰਸੂ ੧੫)

ਰਾਜਾ ਕੇਸਰੀ ਚੰਦ ਦੇ ਵਿਰੁੱਧ ਯੁੱਧ ਵੀ ਭਾਈ ਸਾਹਿਬ ਸਿੰਘ ਜੀ ਬਹਾਦਰੀ ਵਿਖਾਉਂਦੇ ਹਨ। ਸਰਸਾ ਨਦੀ ਦੇ ਕਿਨਾਰੇ ਹੋਏ ਘਮਸਾਨ ਦੇ ਯੁੱਧ ਵਿੱਚ ਵੀ ਆਪ ਬਹਾਦਰੀ ਨਾਲ ਲੜੇ ਹਨ। ਚਮਕੌਰ ਦੇ ਯੁੱਧ ਵਿੱਚ 7 ਦਸੰਬਰ, 1704 ਈ. ਨੂੰ ਆਪ ਸਾਥੀ ਸਿੰਘਾਂ ਸਮੇਤ ਸ਼ਹੀਦੀ ਪ੍ਰਾਪਤ ਕਰ ਗਏ ਹਨ।

ਭੰਗਾਣੀ ਦੇ ਯੁੱਧ ਵਿਚ ਆਪ ਦੁਆਰਾ ਵਿਖਾਈ ਵੀਰਤਾ ਦਾ ਜ਼ਿਕਰ ਦਸਵੇਂ ਪਾਤਸ਼ਾਹ ਨੇ ਬਚਿਤ੍ਰ ਨਾਟਕ ਦੇ ਅੱਠਵੇਂ ਅਧਿਆਇ ਵਿੱਚ ਕੀਤਾ ਹੈ।

5. ਭਾਈ ਹਿੰਮਤ ਸਿੰਘ ਜੀ:- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਆਪ ਪੰਜਵੇਂ ਪਿਆਰੇ ਹੋਏ ਹਨ। ਆਪ ਜੀ ਦਾ ਜਨਮ ਜਗਨਨਾਥ ਪੁਰੀ ਵਿਖੇ 1661 ਈ. ਨੂੰ ਪਿਤਾ ਭਾਈ ਗੁਲਜ਼ਾਰੀ ਤੇ ਮਾਤਾ ਧੰਨੋ ਦੇ ਘਰ ਹੋਇਆ। ਭਾਈ ਹਿੰਮਤ ਸਿੰਘ ਜੀ ਗੁਰੂ ਜੀ ਦੇ ਕਰੀਬੀ ਸਿੱਖਾਂ ਵਿਚ ਅਹਿਮ ਸਥਾਨ ਰੱਖਦੇ ਸਨ। ਆਪ ਨੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਵਿਚ ਅਹਿਮ ਸੇਵਾ ਨਿਭਾਈ। ਨਿਰਮੋਹਗੜ੍ਹ ਦੀ ਲੜਾਈ ਤੇ ਰਾਜਾ ਕੇਸਰੀ ਚੰਦ ਨਾਲ ਹੋਈਆਂ ਲੜਾਈਆਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਪਾਇਆ। ਗੁਰੂ ਜੀ ਦੀਆਂ ਸੰਗਤ ਨਾਲ ਹੋਈਆਂ ਗਿਆਨ ਗੋਸ਼ਟੀਆਂ ਵਿਚ ਵੀ ਆਪ ਸ਼ਾਮਲ ਹੁੰਦੇ ਸਨ। ਗੁਰੂ ਜੀ ਵੱਲੋਂ ਬਖਸ਼ੇ ਰੁੱਤਬੇ 'ਪਿਆਰੇ' ਦੇ ਪਿਆਰ ਨੂੰ ਨਿਭਾਉਂਦਿਆਂ ਆਪ 7 ਦਸੰਬਰ, 1704 ਈ. ਨੂੰ ਚਮਕੌਰ ਸਾਹਿਬ ਦੇ ਯੁੱਧ ਵਿੱਚ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦ ਹੋ ਗਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਇਕ ਪ੍ਰਮੁੱਖ ਸਿੱਖ

- **ਭਾਈ ਉਦੈ ਸਿੰਘ**—ਪੁੱਤਰ ਭਾਈ ਮਨੀ ਸਿੰਘ ਜੀ, 7 ਪੋਹ, 1704 ਈ. ਨੂੰ ਸਰਸਾ ਨਦੀ ਦੇ ਕੰਢੇ ਸ਼ਹੀਦੇ ਹੋਏ।
- **ਭਾਈ ਊਦੀਆ**—ਪੁੱਤਰ ਭਾਈ ਖੇਮਾ ਜੀ, ਭੰਗਾਣੀ ਦੇ ਜੰਗ ਵਿੱਚ ਸ਼ਹੀਦ ਹੋਏ।
- **ਭਾਈ ਅਜਬ ਸਿੰਘ**—ਪੁੱਤਰ ਭਾਈ ਮਨੀ ਸਿੰਘ ਜੀ, ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ।
- **ਭਾਈ ਅਜਾਇਬ ਸਿੰਘ**—ਪੁੱਤਰ ਭਾਈ ਮਨੀ ਸਿੰਘ ਜੀ, ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ।
- **ਭਾਈ ਅਨਿਕ ਸਿੰਘ**—ਪੁੱਤਰ ਭਾਈ ਮਨੀ ਸਿੰਘ ਜੀ, ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ।

www.sikhbookclub.com

- **ਭਾਈ ਅਨੂਪ ਸਿੰਘ**—ਪੋਤਰਾ ਭਾਈ ਦੂਨੀ ਚੰਦ, ਨਿਰਮੋਹਗੜ੍ਹ, ਸ੍ਰੀ ਅਨੰਦਪਰੁ ਸਾਹਿਬ 7 ਕੱਤਕ, 1701 ਈ. ਨੂੰ ਸ਼ਹੀਦ ਹੋਏ।
- **ਭਾਈ ਅਮਰ ਸਿੰਘ**—ਪੁੱਤਰ ਬੀਬੀ ਰੂਪ ਕੌਰ ਤੇ ਰਘੁਪਤਿ ਰਾਏ, ਇਹ ਪਸਰੂਰ ਜ਼ਿਲ੍ਹਾ ਸਿਆਲਕੋਟ ਦੇ ਰਹਿਣ ਵਾਲੇ ਸਨ ।
- **ਭਾਈ ਆਲਮ ਸਿੰਘ**—ਨੱਚਣਾ ਪੁੱਤਰ ਭਾਈ ਦੁਰਗਾ ਦਾਸ, ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ। ਇਹ ਸਿਆਲਕੋਟ ਦੇ ਰਹਿਣ ਵਾਲੇ ਸਨ। ਗੁਰੂ ਜੀ ਇਨ੍ਹਾਂ ਨੂੰ ਭਾਈ ਆਲਮ ਸਿੰਘ ਨੱਚਣਾ ਕਹਿ ਕੇ ਬੁਲਾਇਆ ਕਰਦੇ ਸਨ, ਕਿਉਂਕਿ ਇਹ ਯੁੱਧ ਦੇ ਕਰਤੱਬਾਂ ਵਿੱਚ ਬਹੁਤ ਨਿਪੁੰਨ ਸਨ।
- **ਅਜਲਸਿ ਰਾਏ ਦੀਵਾਨ**—ਇਹ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਲੋਪੋਕੇ ਦੇ ਰਹਿਣ ਵਾਲੇ ਸਨ ਅਤੇ ਬਾਦਸ਼ਾਹ ਬਹਾਦਰ ਸ਼ਾਹ ਦੇ ਦੀਵਾਨ ਸਨ। ਜਦੋਂ ਗੁਰੂ ਜੀ ਦੱਖਣ ਗਏ ਸਨ ਤਾਂ ਉਸ ਸਮੇਂ ਆਪ ਗੁਰੂ ਸਾਹਿਬ ਦੀ ਸੇਵਾ ਲਈ ਬੜੀ ਸ਼ਰਧਾ ਭਾਵਨਾ ਨਾਲ ਹਾਜ਼ਰ ਹੋਇਆ ਕਰਦੇ ਸਨ।
- **ਭਾਈ ਈਸ਼ਰ ਸਿੰਘ**—ਪੁੱਤਰ ਭਾਈ ਕੇਵਲ, ਕਿਲ੍ਹਾ ਤਾਰਾਗੜ੍ਹ ਵਿਖੇ ਸ਼ਹੀਦ ਹੋਏ।
- **ਭਾਈ ਸੰਗਤ ਸਿੰਘ**—ਪੁੱਤਰ ਭਾਈ ਨਠੀਆ, ਭਾਈ ਮਨੀ ਸਿੰਘ ਜੀ ਨਾਲ ਲਾਹੌਰ ਸ਼ਹੀਦ ਕੀਤੇ ਗਏ।
- **ਭਾਈ ਸੰਗਤ ਸਿੰਘ**—ਆਪ ਸਬੌਰ ਨਜ਼ਦੀਕ ਨੂਰਪੁਰ ਬੇਦੀ ਦੇ ਵਸਨੀਕ ਸਨ। ਆਪ ਛੋਟੀ ਉਮਰ ਵਿਚ ਹੀ ਅਨੰਦਪੁਰ ਸਾਹਿਬ ਆ ਕੇ ਸੇਵਾ ਕਰਿਆ ਕਰਦੇ ਸਨ। ਗੁਰੂ ਜੀ ਨੇ ਚਮਕੌਰ ਸਾਹਿਬ ਦੀ ਗੜ੍ਹੀ ਵਿਚੋਂ ਨਿਕਲਣ ਸਮੇਂ ਆਪਣੀ ਪੁਸ਼ਾਕ ਤੇ ਕਲਗੀ ਤੋੜਾ ਇਨ੍ਹਾਂ ਨੂੰ ਪਹਿਨਾਏ ਸਨ।
- **ਭਾਈ ਸੰਗਤੀਆ**—ਪੁੱਤਰ ਭਾਈ ਬਿੰਨਾ, ਪਹਾੜੀ ਰਾਜਿਆਂ ਦੀ ਮਦਦ ਕਰਨ ਸਮੇਂ ਹੁਸੈਨ ਖ਼ਾਨ ਨਾਲ ਲੜਦਿਆਂ ਸ਼ਹੀਦ ਹੋ ਗਏ ਸਨ।
- **ਭਾਈ ਸਾਹਿਬ ਸਿੰਘ**—ਦੀਵਾਨ ਪੁੱਤਰ ਭਾਈ ਮਤੀ ਦਾਸ ਜੀ, ਨਿਰਮੋਹਗੜ੍ਹ ਸ਼ਹੀਦ ਹੋਏ ਸਨ।
- **ਭਾਈ ਸਾਧੂ ਰਾਮ**—ਆਪ ਬੀਬੀ ਵੀਰੋ ਜੀ ਦੇ ਪਤੀ ਸਨ। ਆਪ ਮਾਲਵੇ ਦੇ ਪਿੰਡ ਮੱਲਾ ਦੇ ਵਸਨੀਕ ਸਨ। ਭਾਈ ਧਰਮਾ ਜੀ ਦੇ ਸਪੁੱਤਰ ਸਨ। ਆਪ ਜੀ ਦੇ ਘਰ ਪੰਜ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਦੋ ਪੁੱਤਰ ਭੰਗਾਣੀ ਦੇ ਜੰਗ ਵਿਚ ਸ਼ਹੀਦ ਹੋਏ ਸਨ।
- **ਭਾਈ ਸੀਤਲ ਸਿੰਘ**—ਪੁੱਤਰ ਭਾਈ ਰਾਇ ਸਿੰਘ, ਸ੍ਰੀ ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਏ।
- **ਭਾਈ ਸੁੱਖਾ ਸਿੰਘ**—ਪਿਤਾ ਰਾਇ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹਾ ਲੋਹਗੜ੍ਹ ਵਿਚ ਸ਼ਹੀਦ ਹੋਏ।
- **ਭਾਈ ਸੁੱਖਾ ਸਿੰਘ**—ਪੁੱਤਰ ਭਾਈ ਨਠੀਆ, ਸਰਹਿੰਦ ਸ਼ਹੀਦ ਹੋਏ ਸਨ।
- **ਭਾਈ ਸੁੰਦਰ ਸਿੰਘ**—ਪਿੰਡ ਝੱਲੀਆਂ, ਸ੍ਰੀ ਮੁਕਤਸਰ ਸ਼ਹੀਦ ਹੋਏ ਸਨ।
- **ਭਾਈ ਸੂਰਤ ਸਿੰਘ**—ਪੁੱਤਰ ਭਾਈ ਕੇਵਲ, ਨਿਰਮੋਹਗੜ੍ਹ ਸ਼ਹੀਦ ਹੋਏ।

www.sikhbookclub.com

- **ਭਾਈ ਸੇਵਾ ਸਿੰਘ**—ਵਾਸੀ ਬੁਰਹਾਨਪੁਰ।
- **ਭਾਈ ਸੇਵਾ ਸਿੰਘ**—ਪੁੱਤਰ ਭਾਈ ਜੀਤਾ ਸਿੰਘ, ਨਿਰਮੋਹਗੜ੍ਹ ਸ਼ਹੀਦ ਹੋਏ।
- **ਭਾਈ ਸੋਹਣ ਚੰਦ**—ਪੁੱਤਰ ਭਾਈ ਮਾਈਦਾਸ, ਨਦੌਣ ਦੀ ਜੰਗ ਵਿਚ ਸ਼ਹੀਦ ਹੋਏ।
- **ਸ਼ਿਵਦੱਤ ਪੰਡਿਤ**—ਇਹ ਪਟਨਾ ਸਾਹਿਬ ਦੇ ਰਹਿਣ ਵਾਲੇ ਸਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਸਮੇਂ ਹੀ ਉਨ੍ਹਾਂ ਦੇ ਚਰਨਾਂ ਦੇ ਭੌਰੇ ਬਣ ਗਏ ਸਨ।
- **ਸੰਗੋ ਸ਼ਾਹ**—ਬੀਬੀ ਵੀਰੋ ਜੀ ਦੇ ਬਹਾਦਰ ਸਪੂਤ ਸਨ, ਜੋ ਭੰਗਾਣੀ ਦੀ ਜੰਗ ਵਿਚ ਜੂਝਦਿਆਂ ਸ਼ਹੀਦੀ ਪ੍ਰਾਪਤ ਕਰ ਗਏ। ਸ੍ਰੀ ਦਸਮੇਸ਼ ਜੀ ਨੇ ਇਨ੍ਹਾਂ ਦੇ ਅਦੁੱਤੀ ਬਹਾਦਰੀ ਭਰੇ ਕਾਰਨਾਮਿਆਂ ਨੂੰ ਵੇਖ ਕੇ ਆਪ ਨੂੰ 'ਸ਼ਾਹ ਸੰਗਰਾਮ' ਦੀ ਪੱਦਵੀ ਨਾਲ ਨਿਵਾਜਿਆ ਸੀ।
- **ਭਾਈ ਸ਼ੇਰ ਸਿੰਘ**—ਇਹ ਗੁਰੂ ਜੀ ਦਾ ਇੱਕ ਫੌਜਦਾਰ ਸਨ, ਜਿਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਸਮੇਂ ਲੋਹਗੜ੍ਹ ਵਿਖੇ ਸ਼ਹੀਦੀ ਪ੍ਰਾਪਤ ਕੀਤੀ।
- **ਭਾਈ ਸੰਗਤ ਸਿੰਘ**—ਭਾਈ ਮਨੀ ਸਿੰਘ ਜੀ ਦੇ ਨਾਲ ਨਖਾਸ ਚੌਂਕ ਵਿਚ ਲਾਹੌਰ ਵਿਖੇ ਸ਼ਹੀਦ ਕੀਤੇ ਗਏ।
- **ਭਾਈ ਸੰਮੂ ਤੇ ਫੱਤੂ (ਡੋਗਰ)**—ਇਹ ਜ਼ਿਲ੍ਹਾ ਫਿਰੋਜ਼ਪੁਰ, ਤਹਿਸੀਲ ਜਲਾਲਾਬਾਦ ਦਾ ਪਿੰਡ ਸ਼ੇਰਗੜ੍ਹ ਹੈ, ਜਿਥੋਂ ਦੇ ਰਹਿਣ ਵਾਲੇ ਭਾਈ ਸੰਮੂ ਤੇ ਫੱਤੂ ਡੋਗਰ ਨੇ ਗੁਰੂ ਜੀ ਨੂੰ ਲੂੰਗੀ ਤੇ ਖੇਸ ਭੇਟ ਕੀਤੇ ਸਨ।
- **ਭਾਈ ਸੈਨਾਪਤਿ (ਕਵੀ)**—ਗੁਰੂ ਜੀ ਦਾ ਦਰਬਾਰੀ ਕਵੀ ਸੀ। ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਅੱਖੀਂ ਡਿੱਠਾ ਹਾਲ 'ਸ੍ਰੀ ਗੁਰ ਸੋਭਾ' ਗ੍ਰੰਥ ਵਿੱਚ ਕਲਮਬੰਦ ਕੀਤਾ ਹੈ। ਇਨ੍ਹਾਂ ਦੀ ਇਹ ਰਚਨਾ ਸਿੱਖ ਸਾਹਿਤ ਦਾ ਮਹੱਤਵਪੂਰਨ ਤੇ ਮੁੱਢਲਾ ਸ੍ਰੋਤ ਹੈ।
- **ਭਾਈ ਹਠੀ ਸਿੰਘ**—ਇਸ ਦੇ ਨਾਨਕੇ ਬੁਰਹਾਨਪੁਰ ਸਨ। ਇਹ ਭਾਈ ਅਜੀਤ ਸਿੰਘ ਦਾ ਪੁੱਤਰ ਸਨ।
- **ਭਾਈ ਹਠੀ ਚੰਦ**—ਪੁੱਤਰ ਭਾਈ ਮਾਈਦਾਸ, ਭੰਗਾਣੀ ਦੀ ਜੰਗ ਵਿਚ ਸ਼ਹਾਦਤ ਹੋਈ।
- **ਭਾਈ ਹਿੰਮਤ ਸਿੰਘ**—ਪੁੱਤਰ ਭਾਈ ਜੀਤ ਜੀ, ਨਿਰਮੋਹਗੜ੍ਹ ਵਿਖੇ ਸ਼ਹੀਦ ਹੋਏ।
- **ਭਾਈ ਹਰਿ ਜਸ ਰਾਏ**—ਇਹ ਸੰਸਕ੍ਰਿਤ ਭਾਸ਼ਾ ਦੇ ਪੰਡਿਤ ਸਨ। ਗੁਰੂ ਜੀ ਨੇ ਇਨ੍ਹਾਂ ਪਾਸੋਂ ਸੰਸਕ੍ਰਿਤ ਦੀ ਤਾਲੀਮ ਹਾਸਿਲ ਕੀਤੀ ਸੀ।
- **ਭਾਈ ਕਲਿਆਨ ਸਿੰਘ**—ਪੁੱਤਰ ਭਾਈ ਦਿਆਲਾ ਜੀ, ਲੋਹਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਸ਼ਹੀਦ ਹੋਏ।
- **ਭਾਈ ਕਾਨਾ**—ਕਸ਼ਮੀਰ ਦਾ ਮਸੰਦ।
- **ਭਾਈ ਕ੍ਰਿਪਾ ਰਾਮ**—ਮਟਨ (ਕਸ਼ਮੀਰ) ਨਿਵਾਸੀ ਸਨ। ਆਪ ਦੇ ਵੱਡੇ ਵਡੇਰੇ ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਗੁਰੂ ਘਰ ਦੇ ਸ਼ਰਧਾਲੂ ਸਨ। ਗੁਰੂ ਜੀ ਦੇ ਸੰਸਕ੍ਰਿਤੀ ਦੇ ਅਧਿਆਪਕ ਸਨ। ਆਪ ਨੇ ਆਪਣੀ ਉਮਰ ਦਾ ਚੋਖਾ ਸਮਾਂ ਗੁਰੂ ਘਰ ਦੀ ਸੇਵਾ ਨੂੰ ਸਮਰਪਿਤ ਕੀਤਾ। ਆਪ ਜੀ ਨੇ ਚਮਕੌਰ ਸਾਹਿਬ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

www.sikhbookclub.com

- **ਭਾਈ ਕ੍ਰਿਪਾਲ ਚੰਦ ਜੀ**—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਸਨ, ਆਪ ਨੂੰ ਇਤਿਹਾਸ ਵਿਚ ਮਾਮਾ ਕ੍ਰਿਪਾਲ ਚੰਦ ਵਜੋਂ ਵੀ ਜਾਣਿਆ ਜਾਂਦਾ ਹੈ। ਆਪ ਗੁਰੂ ਹਰਿ ਰਾਏ ਜੀ ਦੀ ਫ਼ੌਜ ਦੇ ਸੂਰਬੀਰ ਯੋਧੇ ਸਨ। ਗੁਰੂ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਦੇ ਵਿਆਹ ਤੋਂ ਬਾਅਦ ਆਪ ਨੌਵੇਂ ਪਾਤਸ਼ਾਹ ਜੀ ਦੇ ਨਾਲ ਹੀ ਰਹਿੰਦੇ ਸਨ । ਪੂਰਬ ਦੀ ਯਾਤਰਾ ਸਮੇਂ ਵੀ ਆਪ ਨਾਲ ਹੀ ਸਨ। ਆਪ ਨੇ ਸਾਰੀ ਉਮਰ ਗੁਰੂ ਘਰ ਦੀ ਸੇਵਾ ਕੀਤੀ। ਆਪ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ ।
- **ਭਾਈ ਕੁਸ਼ਾਲ ਸਿੰਘ**—ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ, ਆਪ 1700 ਈ. ਵਿਚ ਲੋਹਗੜ੍ਹ ਵਿਖੇ ਸ਼ਹੀਦ ਹੋਏ।
- **ਭਾਈ ਕੇਸਰਾ ਸਿੰਘ**—ਆਪ ਭਾਹੀ ਛਬੀਲਾ ਜੀ ਦੇ ਸਪੁੱਤਰ ਸਨ ਤੇ ਭਾਈ ਲੱਧਾ ਜੀ ਦੇ ਪੜਪੋਤਰੇ ਸਨ। ਆਪ ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿ) ਦੇ ਪਿੰਡ ਖੇਰਪੁਰ ਸਾਦਾਤ ਦੇ ਨਿਵਾਸੀ ਸਨ। ਆਪ ਅਕਤੂਬਰ, 1700 ਈ· ਨੂੰ ਪਹਾੜੀ ਰਾਜਿਆਂ ਨਾਲ ਲੜਦੇ ਹੋਏ ਨਿਰਮੋਹਗੜ੍ਹ ਦੇ ਸਥਾਨ 'ਤੇ ਸ਼ਹੀਦ ਹੋ ਗਏ।
- **ਭਾਈ ਕੌਰ ਸਿੰਘ**—ਪੁੱਤਰ ਭਾਈ ਨਠੀਆ, ਬਾਬਾ ਬੰਦਾ ਸਿੰਘ ਬਹਾਦਰ ਨਾਲ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ।
- **ਭਾਈ ਕ੍ਰਿਪਾ ਸਿੰਘ**—7 ਦਸੰਬਰ, 1704 ਈ. ਨੂੰ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ।
- **ਭਾਈ ਕੋਠਾ ਸਿੰਘ**—7 ਦਸੰਬਰ, 1704 ਈ. ਨੂੰ ਚਮਕੌਰ ਸਾਹਿਬ ਵਿਖੇ ਸ਼ਹੀਦ ਹੋਏ।
- **ਭਾਈ ਕ੍ਰਿਪਾਲ ਦਾਸ ਮਹੰਤ**—ਇਹ ਉਦਾਸੀ ਸੰਤ ਸੀ। ਇਸ ਨੇ ਭੰਗਾਣੀ ਦੇ ਯੁੱਧ ਵਿਚ ਹਯਾਤ ਖਾਂ ਨੂੰ ਕੁਤਕੇ ਨਾਲ ਮਾਰ ਸੁੱਟਿਆ। ਇਸ ਦੀ ਬੀਰਤਾ ਤੋਂ ਖੁਸ਼ ਹੋ ਕਿ ਗੁਰੂ ਜੀ ਨੇ ਸਿਰੋਪਾ ਬਖ਼ਸ਼ਿਸ਼ ਕੀਤਾ ਸੀ।
- **ਭਾਈ ਗਗਨ ਮੱਲ ਸੌਦਾਗਰ**—ਇਹ ਸ਼ਿਕਾਰਪੁਰ ਦੇ ਰਹਿਣ ਵਾਲੇ ਸੌਦਾਗਰ ਸਨ, ਜੋ ਕਿ 10,000/- ਦੇ ਤੋਹਫੇ ਲੈ ਕੇ ਗੁਰੂ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਆਏ ਸਨ।
- **ਭਾਈ ਗੁਰਸਾ ਸਿੰਘ ਗਹੂਣੀਆ**—ਨਿਵਾਸੀ ਕੋਟਲਾ ਨਿਹੰਗ ਖਾਂ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ।
- **ਭਾਈ ਗੁਰਦਾਸ ਸਿੰਘ**—ਪੁੱਤਰ ਭਾਈ ਦੁਰਗਾ ਦਾਸ, ਵਾਸੀ ਸਿਆਲਕੋਟ।
- **ਭਾਈ ਗੁਲਜ਼ਾਰਾ ਸਿੰਘ**—ਪੁੱਤਰ ਭਾਈ ਆਲਮ ਸਿੰਘ, ਭਾਈ ਮਨੀ ਸਿੰਘ ਜੀ ਨਾਲ ਲਾਹੌਰ ਵਿਖੇ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤੇ ਗਏ ਸਨ।
- **ਭਾਈ ਗੋਲਕ ਸਿੰਘ**—ਪੁੱਤਰ ਭਾਈ ਦਰੀਆ, ਨਿਰਮੋਹਗੜ੍ਹ ਸ਼ਹੀਦ ਹੋਏ ਸਨ।
- **ਭਾਈ ਗੁਲਾਬਾ ਜੀ**—ਮਾਛੀਵਾੜੇ ਦੇ ਰਹਿਣ ਵਾਲੇ ਸਨ। ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਮਾਛੀਵਾੜੇ ਪਹੁੰਚੇ ਤਾਂ ਭਾਈ ਗੁਲਾਬਾ ਜੀ ਨੇ ਹੀ ਆ ਕੇ ਆਪ ਨੂੰ ਜਲ-ਪਾਣੀ ਛਕਾਇਆ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ। ਸਰਕਾਰੀ ਖਤਰਾ ਹੋਣ ਉੱਤੇ ਬਾਅਦ ਵਿੱਚ ਭਾਈ ਗੁਲਾਬਾ ਜੀ ਗੁਰੂ ਜੀ ਨੂੰ ਗਨੀ ਖਾਂ ਦੇ ਘਰ ਛੱਡ ਗਏ।
- **ਭਾਈ ਗੁਰਬਖਸ਼ ਦਾਸ ਸਾਧੂ**—ਇਹ ਉਦਾਸੀ ਸਾਧੂ ਸਨ। ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣ

www.sikhbookclub.com

ਸਮੇਂ ਗੁਰੂ ਜੀ ਨੇ ਇਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਦੀ ਸੇਵਾ-ਸੰਭਾਲ ਲਈ ਨਿਯੁਕਤ ਕੀਤਾ ਸੀ।

- **ਭਾਈ ਗੁਰਦਿੱਤ ਸਿੰਘ ਕੋਸਚਾਰੀ**—ਇਹ ਗੁਰੂ ਜੀ ਦੇ ਖਜ਼ਾਨਚੀ ਸਨ, ਜੋ ਦੱਖਣ ਦੀ ਯਾਤਰਾ ਸਮੇਂ ਵੀ ਗੁਰੂ ਜੀ ਦੀ ਹਜ਼ੂਰੀ ਵਿੱਚ ਰਹੇ ਸਨ।
- **ਭਾਈ ਘਨ ਸਿੰਘ**—ਇਹ ਫਾਜ਼ਿਲਕਾ ਦੇ ਨਿਵਾਸੀ ਸਨ। ਇਸ ਗੁਰਸਿੱਖ ਨੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਜੰਗਾਂ ਵਿੱਚ ਬੜੀ ਬੀਰਤਾ ਦਿਖਾਈ ਸੀ।
- **ਭਾਈ ਘੁੱਦਾ**—ਰਾਮੇਆਣਾ ਵਿਖੇ ਦਸਮ ਪਾਤਸ਼ਾਹ ਨੇ ਇਨ੍ਹਾਂ ਦੇ ਘਰ ਠਹਿਰਾਅ ਕੀਤਾ ਸੀ।
- **ਭਾਈ ਘੁੰਘਣੀਆ ਸਿੰਘ**—ਇਹ ਪਿੰਡ ਭਗਤਾਂ ਵਿਖੇ ਸਿਰ ਉੱਪਰ ਘੁੰਘਣੀਆਂ ਚੁੱਕ ਕੇ ਗੁਰੂ ਜੀ ਲਈ ਲੈ ਕੇ ਆਇਆ ਸੀ। ਗੁਰੂ ਜੀ ਨੇ ਇਨ੍ਹਾਂ ਦਾ ਨਾਮ ਘੁੰਘਣੀਆਂ ਰੱਖ ਦਿੱਤਾ। ਬਾਅਦ ਵਿੱਚ ਦਸਮ ਪਾਤਸ਼ਾਹ ਦੇ ਕੋਲੋਂ ਅੰਮ੍ਰਿਤ ਛਕ ਕੇ ਘੁੰਘਣੀਆ ਸਿੰਘ ਬਣ ਗਏ।
- **ਭਾਈ ਘਰਬਾਰਾ ਸਿੰਘ**—ਪੁੱਤਰ ਭਾਈ ਨਾਨੂੰ ਸਿੰਘ ਦਿਲਾਵਲੀ। 1700 ਈ. ਨੂੰ ਆਪ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਗੰਮਪੁਰ ਦੇ ਸਥਾਨ 'ਤੇ ਸ਼ਹੀਦ ਹੋਏ ਸਨ।
- **ਭਾਈ ਘਨੱਈਆ ਜੀ**—ਆਪ ਦਾ ਜਨਮ ਪਿਤਾ ਨੱਥੂ ਰਾਮ ਦੇ ਘਰ 1647 ਈ. ਨੂੰ ਹੋਇਆ। ਆਪ ਸੋਧਰਾ, ਜ਼ਿਲਾ ਵਜ਼ੀਰਾਬਾਦ ਦੇ ਵਸਨੀਕ ਸਨ। ਆਪ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਗੁਰੂ ਘਰ ਦੀ ਸੇਵਾ ਕਰਿਆ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਸਮੇਂ ਜ਼ਖ਼ਮੀ ਸਿੰਘਾਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਫੱਟੜ ਹੋਏ ਦੁਸ਼ਮਣਾਂ ਨੂੰ ਵੀ ਜਲ ਛਕਾਉਣ ਦੀ ਸੇਵਾ ਕਰਦੇ ਸਨ। ਕੁਝ ਸਿੱਖਾਂ ਨੇ ਭਾਈ ਜੀ ਦੇ ਵਿਰੁੱਧ ਗੁਰੂ ਜੀ ਨੂੰ ਸ਼ਿਕਾਇਤ ਕਰ ਦਿੱਤੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' 'ਤੇ ਚੱਲਣ ਲਈ ਗੁਰੂ ਜੀ ਨੇ ਸ਼ਿਕਾਇਤ ਦਾ ਨਿਪਟਾਰਾ ਕਰਕੇ ਭਾਈ ਜੀ ਨੂੰ ਜ਼ਖ਼ਮੀਆਂ ਲਈ ਮਲ੍ਹਮ-ਪੱਟੀ ਵੀ ਦਿੱਤੀ ਤੇ ਨਿਰੰਤਰ ਲੋੜਵੰਦਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ।
- **ਭਾਈ ਚਉਪਤਿ ਰਾਏ**—ਪੁੱਤਰ ਭਾਈ ਪੈਰਾ ਛਿੱਬਰ, ਦਿੱਲੀ ਵਿਖੇ ਸ਼ਹੀਦ ਕਰ ਦਿੱਤੇ ਗਏ।
- **ਭਾਈ ਚਤਰ ਸਿੰਘ ਬਰਾੜ**—ਇਹ ਗੁਰੂ ਜੀ ਦਾ ਸੂਹੀਆ ਸੀ ਜੋ ਦੁਸ਼ਮਣਾਂ ਦੇ ਅੰਦਰੂਨੀ ਭੇਤ ਗੁਰੂ ਜੀ ਤੱਕ ਪਹੁੰਚਾਉਂਦਾ ਸੀ।
- **ਭਾਈ ਚਰਨਦਾਸ**—ਪੁੱਤਰ ਭਾਈ ਦੀਵਾਨ ਸਾਹਿਬ ਸਿੰਘ, ਇਹ ਭਦੌੜ ਦੇ ਡੇਰੇ ਦਾ ਮਹੰਤ ਸੀ।
- **ਭਾਈ ਚੌਪਾ ਸਿੰਘ**—ਇਹ ਗੁਰੂ ਜੀ ਦਾ ਖਿਡਾਵਾ ਸੀ। ਇਸ ਨੇ ਸਿੱਖ ਰਹਿਤ ਮਰਯਾਦਾ ਨਾਲ ਸਬੰਧਤ ਰਹਿਤਨਾਮੇ ਲਿਖੇ।
- **ਭਾਈ ਜਵਾਹਰ ਸਿੰਘ**—ਪੁੱਤਰ ਲੱਖੀ ਸ਼ਾਹ, ਕਿਲ੍ਹਾ ਫਤਹਿਗੜ੍ਹ (ਸ੍ਰੀ ਅਨੰਦਪੁਰ ਸਾਹਿਬ) ਵਿਖੇ ਸ਼ਹੀਦ ਹੋਏ।
- **ਭਾਈ ਜੀਤ ਮੱਲ**—ਪੁੱਤਰ ਭਾਈ ਸਾਧੂ ਰਾਮ ਤੇ ਬੀਬੀ ਵੀਰੋ ਜੀ, ਭੰਗਾਣੀ ਦੀ ਜੰਗ ਵਿੱਚ ਸ਼ਹੀਦ ਹੋਏ।
- **ਭਾਈ ਜੀਤਾ ਸਿੰਘ**—ਪੁੱਤਰ ਭਾਈ ਰਾਮਾ ਜੀ, ਵਾਸੀ ਵਜ਼ੀਰਾਵਾਦ, ਨਿਰਮੋਹਗੜ੍ਹ ਵਿਖੇ ਸ਼ਹੀਦ ਹੋਏ।

www.sikhbookclub.com

- **ਭਾਈ ਜੈਤਾ ਜੀ (ਜੀਵਨ ਸਿੰਘ)**—ਭਾਈ ਆਗਿਆ ਜੀ ਤੇ ਬੀਬੀ ਪ੍ਰੇਮੋ ਜੀ ਦੇ ਸਪੁੱਤਰ ਸਨ। ਆਪ ਜੀ ਦੇ ਪੁਰਖੇ ਦਿੱਲੀ ਵਿਚ ਦਿਲਾਵਲੀ ਮੁਹੱਲੇ ਵਿਚ ਰਹਿੰਦੇ ਸਨ ਜਦੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ ਉਸ ਸਮੇਂ ਆਪ ਦਿੱਲੀ ਵਿਚ ਹੀ ਸਨ। ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਮੁਗ਼ਲ ਫ਼ੌਜ ਦੇ ਸਖ਼ਤ ਪਹਿਰੇ ਵਿਚ ਆਪ ਗੁਰੂ ਸਾਹਿਬ ਦਾ ਸੀਸ ਬ-ਅਦਬ ਚਾਂਦਨੀ ਚੌਕ (ਦਿੱਲੀ) ਤੋਂ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਪਹੁੰਚੇ ਤਦ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲ ਨਾਲ ਲਗਾ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਨਿਵਾਜਿਆ। ਆਪ ਦਸਮ ਪਿਤਾ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਅਨੰਦਪੁਰ ਸਾਹਿਬ ਛੱਡਣ 'ਤੇ ਸਰਸਾ ਨਦੀ ਦੇ ਕਿਨਾਰੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨਾਲ ਰਲ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ। ਇਸ ਘਮਸਾਣ ਯੁੱਧ ਵਿਚ ਸੂਰਬੀਰਤਾ ਨਾਲ ਲੜਦੇ ਹੋਏ ਆਪ 6 ਦਸੰਬਰ, 1704 ਈ· ਨੂੰ ਸਰਸਾ ਨਦੀ ਦੇ ਕੰਢੇ ਸ਼ਹੀਦੀ ਪ੍ਰਾਪਤ ਕਰ ਗਏ।
- **ਭਾਈ ਜੀਵਨ ਸਿੰਘ**—ਪੁੱਤਰ ਭਾਈ ਪ੍ਰੇਮ ਚੰਦ, ਅਕਤੂਬਰ, 1700 ਈ. ਨੂੰ ਕਲਮੋਟ ਵਿਖੇ ਸ਼ਹੀਦ ਹੋਏ।
- **ਭਾਈ ਜੀਵਨ ਸਿੰਘ**—ਮਾਛੀਵਾੜੇ ਦੇ ਰਹਿਣ ਵਾਲੇ ਸਨ। ਇਸ ਦੇ ਚੁਬਾਰੇ ਵਿੱਚ ਗੁਰੂ ਜੀ ਨੇ ਕੁਝ ਦਿਨ ਨਿਵਾਸ ਕੀਤਾ ਸੀ।
- **ਭਾਈ ਜੇਠਾ ਸਿੰਘ (ਭਾਈ)**—ਇਹ ਅਹਿਮਦ ਨਗਰ ਦੇ ਰਹਿਣ ਵਾਲੇ ਸਨ। ਜਦੋਂ ਭਾਈ ਦਇਆ ਸਿੰਘ ਜ਼ਫ਼ਰਨਾਮਾ ਲੈ ਕੇ ਗਏ ਤਾਂ ਉਹ ਇਸ ਸਿੱਖ ਦੇ ਘਰ ਠਹਿਰੇ ਸਨ। ਔਰੰਗਜ਼ੇਬ ਨੂੰ ਮਿਲਣ ਸਮੇਂ ਵੀ ਇਹ ਨਾਲ ਗਏ ਸਨ।
- **ਭਾਈ ਜਾਲਮ ਸਿੰਘ**—ਇਹ ਗੁਰੂ ਜੀ ਦੀ ਫੌਜ ਦੇ ਉੱਘੇ ਯੋਧੇ ਸਨ। ਇਹ ਸਰੀਰਕ ਪੱਖੋਂ ਬਹੁਤ ਬਲਵਾਨ ਸਨ।
- **ਭਾਈ ਝੰਡਾ ਜੀ**—ਇਹ ਲਖਨੌਰ ਦੇ ਰਹਿਣ ਵਾਲੇ ਸਨ। ਪਟਨਾ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਆਉਂਦੇ ਸਮੇਂ ਗੁਰੂ ਜੀ ਨੇ ਇਨ੍ਹਾਂ ਦੇ ਘਰ ਨਿਵਾਸ ਕੀਤਾ ਸੀ।
- **ਭਾਈ ਡੱਲਾ ਚੌਧਰੀ**—ਇਹ ਲੱਖੀ ਜੰਗਲ ਦਾ ਚੌਧਰੀ ਸੀ। ਗੁਰੂ ਜੀ ਤਲਵੰਡੀ ਸਾਬ੍ਹੋ ਕੀ ਵਿਖੇ ਇਸ ਦੇ ਘਰ ਠਹਿਰੇ ਸਨ। ਇਸ ਚੌਧਰੀ ਨੇ ਗੁਰੂ ਜੀ ਅਤੇ ਸਾਥੀ ਸਿੰਘਾਂ ਦੀ ਬਹੁਤ ਸੇਵਾ ਕੀਤੀ।
- **ਭਾਈ ਦੂਨੀ ਚੰਦ**—ਮਜੀਠਾ ਨਿਵਾਸੀ, ਭਾਈ ਸਾਲੋ ਦਾ ਪੋਤਰਾ ਸੀ ਤੇ ਮਾਝੇ ਦਾ ਮਸੰਦ ਸੀ। ਸਰੀਰਕ ਪੱਖੋਂ ਮੋਟਾ ਤਕੜਾ ਹੋਣ ਕਰਕੇ ਗੁਰੂ ਜੀ ਨੇ ਇਸ ਨੂੰ ਕੇਸਰੀ ਚੰਦ ਦੇ ਹਾਥੀ ਨਾਲ ਮੁਕਾਬਲਾ ਕਰਨ ਲਈ ਕਿਹਾ, ਪਰ ਇਹ ਕੰਧ ਟੱਪ ਕੇ ਨੱਸ ਗਿਆ ਸੀ। ਕੰਧ ਟੱਪਦਿਆਂ ਲੱਤ ਟੁੱਟ ਗਈ ਤੇ ਘਰ ਪਹੁੰਚ ਕੇ ਸੱਪ ਲੜਨ ਨਾਲ ਮੌਤ ਹੋ ਗਈ।
- **ਭਾਈ ਦਾਨ ਸਿੰਘ**—ਇਹ ਮਾਲਵੇ ਦੇ ਪਿੰਡ ਅਬਲੂ ਦੇ ਰਹਿਣ ਵਾਲੇ ਬਰਾੜ ਆਗੂ ਸਨ। ਜਦੋਂ ਮਾਲਵੇ ਦੇ ਬਰਾੜਾਂ ਨੇ ਤਨਖਾਹ ਮੰਗੀ ਸੀ ਤਾਂ ਉਸ ਸਮੇਂ ਭਾਈ ਦਾਨ ਸਿੰਘ ਜੀ ਨੇ ਗੁਰੂ ਜੀ ਪਾਸੋਂ ਸਿੱਖੀ ਮੰਗੀ ਸੀ।

www.sikhbookclub.com

- **ਭਾਈ ਦੇਸਾ ਸਿੰਘ**—ਨਿਵਾਸੀ ਦੀਨਾ, ਇਸ ਦੇ ਘਰ ਠਹਿਰਾਅ ਸਮੇਂ ਗੁਰੂ ਜੀ ਨੇ ਜ਼ਫਰਨਾਮਾ ਲਿਖਿਆ ਸੀ।
- **ਭਾਈ ਦੇਵਾ ਸਿੰਘ**—ਪੁੱਤਰ ਤੇਗਾ, ਅਕਤੂਬਰ, 1700 ਈ. ਨੂੰ ਨਿਰਮੋਹਗੜ੍ਹ ਸ਼ਹੀਦ ਹੋਏ ਸਨ।
- **ਦਰਘਾ ਮੱਲ**—ਨੌਵੇਂ ਪਾਤਸ਼ਾਹ ਦੇ ਦੀਵਾਨ ਸਨ। ਇਨ੍ਹਾਂ ਨੇ ਚੱਕ ਨਾਨਕੀ ਨਗਰ ਵਸਾਉਣ ਵਿਚ ਬੜਾ ਯੋਗਦਾਨ ਪਾਇਆ। ਨੌਵੇਂ ਪਾਤਸ਼ਾਹ ਪੂਰਬ ਦੀ ਪ੍ਰਚਾਰਕ ਫੇਰੀ ਸਮੇਂ ਆਪ ਨੂੰ ਨਾਲ ਲੈ ਗਏ ਅਤੇ ਮਾਤਾ ਗੁਜਰੀ ਜੀ ਦੇ ਸੇਵਾ ਹਿੱਤ ਪਟਨਾ ਸਾਹਿਬ ਛੱਡ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਆਪ ਪਟਨੇ ਤੋਂ ਸ੍ਰੀ ਅਨੰਦਪੁਰ ਸਾਹਿਬ ਆਏ।
- **ਭਾਈ ਦਯਾ ਰਾਮ ਪ੍ਰੋਹਿਤ**—ਪੁੱਤਰ ਭਾਈ ਮਲਕ, ਗੁਰੂ ਜੀ ਦਾ ਵਿਸ਼ਵਾਸ ਪਾਤਰ ਸੀ।
- **ਬੀਬੀ ਦੇਸਾਂ ਮਾਈ**—ਇਹ ਮਾਈ ਜ਼ਿਲ੍ਹਾ ਬਠਿੰਡਾ ਦੇ ਪਿੰਡ ਚੱਕ ਫਤਹਿ ਸਿੰਘ ਵਾਲਾ ਦੀ ਰਹਿਣ ਵਾਲੀ ਸੀ। ਗੁਰੂ ਘਰ ਦੀ ਸ਼ਰਧਾਲੂ ਸੀ। ਇਹ ਭਾਈ ਭਗਤੂ ਦੇ ਖਾਨਦਾਨ ਵਿਚੋਂ ਸਨ। ਇਸ ਮਾਈ ਦੇ ਘਰ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ।
- **ਭਾਈ ਦਰਬਾਰਾ ਸਿੰਘ**—ਪੁੱਤਰ ਨਾਨੂੰ ਰਾਇ। ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਜੰਗਾਂ ਵਿੱਚ ਵੀਰਤਾ ਵਿਖਾਈ। ਇਸ ਨੇ ਸ੍ਰੀ ਅਨੰਦਪੁਰ ਸਾਹਿਬ ਦੀਆਂ ਜੰਗਾਂ ਸਮੇਂ ਵੀ ਬੜੀ ਵੀਰਤਾ ਵਿਖਾਈ ਸੀ।
- **ਭਾਈ ਦੁਨੀ ਚੰਦ ਸੌਦਾਗਰ**—ਇਹ ਕਾਬਲ ਦਾ ਰਹਿਣ ਵਾਲਾ ਸੀ। ਇਹ ਢਾਈ ਲੱਖ ਦੀ ਕੀਮਤ ਨਾਲ ਬਣੀ ਪਸ਼ਮੀਨੇ ਦੀ ਚਾਂਦਨੀ ਗੁਰੂ ਜੀ ਲਈ ਲੈ ਆਇਆ ਸੀ। ਇਸ ਚਾਂਦਨੀ ਉੱਪਰ ਸੋਨੇ-ਚਾਂਦੀ ਦੇ ਤਿੱਲੇ ਦਾ ਕੰਮ ਹੋਇਆ ਸੀ। ਉਸ ਦੀ ਸੁੰਦਰਤਾ ਬੇਮਿਸਾਲ ਸੀ।
- **ਦੀਵਾਨ ਟੋਡਰ ਮੱਲ**—ਇਹ ਸਰਹੰਦ ਦੇ ਰਹਿਣ ਵਾਲੇ ਸਨ, ਜਦੋਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਤਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਪਾਵਨ ਪਵਿੱਤਰ ਸਰੀਰਾਂ ਦਾ ਸਸਕਾਰ ਕਰਨ ਲਈ ਦੀਵਾਨ ਟੋਡਰ ਮੱਲ ਨੇ ਵਜ਼ੀਰ ਖਾਨ ਨਾਲ ਗੱਲਬਾਤ ਕੀਤੀ। ਉਸ ਸਮੇਂ ਵਜ਼ੀਰ ਖਾਨ ਦੀ ਸਖਤੀ ਦੇ ਕਾਰਣ ਕੋਈ ਵੀ ਆਪਣੇ ਖੇਤਾਂ ਵਿੱਚੋਂ ਜ਼ਮੀਨ ਦੇਣ ਲਈ ਤਿਆਰ ਨਹੀਂ ਸੀ। ਦੀਵਾਨ ਟੋਡਰ ਮੱਲ ਜੀ ਨੇ ਵਜ਼ੀਰ ਖਾਨ ਦੇ ਪਾਸੋਂ ਭਾਰੀ ਕੀਮਤ 'ਤੇ ਜ਼ਮੀਨ ਪ੍ਰਾਪਤ ਕਰਕੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦਾ ਸਸਕਾਰ ਕੀਤਾ। ਦੀਵਾਨ ਟੋਡਰ ਮੱਲ ਦੀ ਇਸ ਸੇਵਾ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ।
- **ਭਾਈ ਧੂਮਾ**—ਪੁੱਤਰ ਭਾਈ ਕਾਨ੍ਹਾ, ਬਿਜਲੌਤ, ਨਿਵਾਸੀ ਸੀ। ਇਹ ਭਾਈ ਲੱਖੀ ਸ਼ਾਹ ਤੇ ਭਾਈ ਨਿਗਾਹੀਏ ਨਾਲ ਰਲ ਕੇ ਨੌਵੇਂ ਪਾਤਸ਼ਾਹ ਦਾ ਸਰੀਰ ਰਾਇਸੀਨਾ (ਗੁਰਦੁਆਰਾ ਰਕਾਬ ਗੰਜ) ਲੈ ਕੇ ਗਏ ਸਨ।
- **ਭਾਈ ਨਿਗਾਹੀਆ**—ਪੁੱਤਰ ਭਾਈ ਲੱਖੀ ਸ਼ਾਹ ਵਣਜਾਰਾ, ਨਿਵਾਸੀ ਦਿੱਲੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਰੀਰ ਨੂੰ ਦਿੱਲੀ ਦੇ ਚਾਂਦਨੀ ਚੌਂਕ ਤੋਂ ਉਠਾਉਣ ਵਿੱਚ ਖਾਸ ਸੇਵਾ ਨਿਭਾਈ ਸੀ।

www.sikhbookclub.com

- **ਭਾਈ ਨੰਦ ਸਿੰਘ**—ਪੁੱਤਰ ਭਾਈ ਆਲਮ ਸਿੰਘ, 1700 ਈ. ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹਾ ਫਤਹਿਗੜ੍ਹ ਵਿਖੇ ਸ਼ਹੀਦ ਹੋਏ।
- **ਭਾਈ ਨੰਦ ਲਾਲ ਜੀ (ਗੋਯਾ)**—ਗੁਰੂ ਜੀ ਦੇ 52 ਕਵੀਆਂ ਵਿੱਚੋਂ ਇੱਕ ਕਵੀ ਸਨ। ਇਹ ਗਜਨੀ ਤੋਂ ਹਿੰਦੋਸਤਾਨ ਆਏ। ਸਾਹਿਜ਼ਾਦਾ ਮੁਅੱਜਮ ਦੇ ਦੋਸਤ ਸਨ। ਔਰੰਗਜ਼ੇਬ ਦੀ ਬਦਨੀਤੀ ਤੋਂ ਖ਼ੌਫ ਖਾ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆ ਕੇ ਪ੍ਰਮੁੱਖ ਸਿੱਖਾਂ ਦੀ ਗਿਣਤੀ ਵਿਚ ਸੇਵਾ ਕੀਤੀ। ਇਨ੍ਹਾਂ ਦੀਆਂ ਜ਼ਿੰਦਗੀ ਨਾਮਹ, ਗੰਜਨਾਮਾ, ਦਸਤੂਰੁਲ ਇਨਸ਼ਾ ਤੇ ਤੋਸ਼ੀਫੇ-ਸਨਾਨਾਮੀ ਰਚਨਾਵਾਂ ਸਿੱਖ ਸਹਿਤ ਦਾ ਅਹਿਮ ਅੰਗ ਹਨ। ਭਾਈ ਸਾਹਿਬ ਦੁਆਰਾ ਲਿਖੀਆਂ ਰਚਨਾਵਾਂ ਗੁਰਬਾਣੀ ਵਾਂਗ ਗੁਰੂ ਘਰ ਵਿਚ ਗਾਉਣ ਦੀ ਪ੍ਰਵਾਨਗੀ ਹੈ। ਅਰਬੀ-ਫਾਰਸੀ ਦੀਆਂ ਰਚਨਾਵਾਂ ਵੀ ਸਿੱਖ ਸਾਹਿਤ ਦਾ ਅਹਿਮ ਅੰਗ ਹਨ।
- **ਭਾਈ ਨਾਨੂੰ ਰਾਇ**—ਪੁੱਤਰ ਭਾਈ ਬਾਘਾ, ਨਿਵਾਸੀ ਦਿੱਲੀ। ਇਸ ਨੇ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ। ਇਹ ਗੁਰੂ ਜੀ ਦੇ ਦਰਬਾਰੀ ਕਵੀ ਵੀ ਸਨ।
- **ਭਾਈ ਨਿਧਾਨ ਸਿੰਘ ਜੀ**—ਇਹ ਮਾਈ ਭਾਗੋ ਜੀ ਦੇ ਪਤੀ ਸਨ ਜੋ ਕਿ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੇ ਨਿਵਾਸੀ ਸਨ। ਸ੍ਰੀ ਮੁਕਤਸਰ ਦੀ ਜੰਗ ਵਿੱਚ ਸ਼ਹੀਦ ਹੋਏ।
- **ਨਿਰਮਲੇ ਸਿੱਖ**—ਭਾਈ ਰਾਮ ਸਿੰਘ, ਕਰਮ ਸਿੰਘ, ਗੰਗਾ ਸਿੰਘ, ਵੀਰ ਸਿੰਘ ਤੇ ਭਾਈ ਸੋਭਾ ਸਿੰਘ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਾਸ਼ੀ ਸੰਸਕ੍ਰਿਤੀ ਦੀ ਮੁਹਾਰਤ ਹਾਸਲ ਕਰਨ ਲਈ ਭੇਜਿਆ ਸੀ।
- **ਭਾਈ ਨਰਬਦ ਸਿੰਘ (ਭੱਟ)**—ਪੁੱਤਰ ਭੱਟ ਕੇਸੋ ਸਿੰਘ, ਆਪ ਗੁਰੂ ਘਰ ਦਾ ਜਸ ਗਾਉਣ ਵਾਲੇ ਕਵੀ ਸਨ। ਆਪ ਦੱਖਣ ਵਿੱਚ ਵੀ ਗੁਰੂ ਸਾਹਿਬ ਨਾਲ ਗਏ ਸਨ। ਦੱਖਣ ਤੋਂ ਬਾਬਾ ਬੰਦਾ ਸਿੰਘ ਬਹਾਦਰ ਨਾਲ ਪੰਜਾਬ ਨੂੰ ਆਉਂਦੇ ਸਮੇਂ ਆਪ ਨੇ ਬਾਣ ਗੰਗਾ ਦੇ ਕੰਢੇ ਉੱਪਰ ਖੜੇ ਹੋ ਕੇ ਸਿੰਘਾਂ ਦਾ ਹੌਸਲਾ ਵਧਾਉਣ ਲਈ ਵੀਰਤਾ ਭਰਪੂਰ ਕੁਝ ਛੰਦ ਗਾਏ ਸਨ। ਆਪ ਨੂੰ 11 ਅਕਤੂਬਰ 1711 ਈ. ਵਿਚ ਆਪਣੇ ਪਰਿਵਾਰ ਸਮੇਤ ਲਾਹੌਰ ਪਰਗਣੇ ਦੇ ਇੱਕ ਪਿੰਡ ਆਲੋਵਾਲ ਦੇ ਨਜ਼ਦੀਕ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤਾ ਸੀ।
- **ਭਾਈ ਨੰਦ ਚੰਦ (ਦੀਵਾਨ)**—ਇਹ ਗੁਰੂ ਜੀ ਦਾ ਦੀਵਾਨ ਰਿਹਾ ਸੀ ਤੇ ਇਨ੍ਹਾਂ ਦਾ ਨਾਮ ਗੁਰੂ ਜੀ ਦੇ ਦਰਬਾਰੀ ਕਵੀਆਂ ਵਿਚ ਵੀ ਆਉਂਦਾ ਹੈ। ਇਹ ਯੁੱਧ ਕਲਾ ਵੀ ਪ੍ਰਵੀਨ ਸੀ। ਭੰਗਾਣੀ ਦੇ ਜੰਗ ਵਿਚ ਵੀ ਆਪ ਨੇ ਬੜੇ ਜੌਹਰ ਵਿਖਾਏ ਸੀ। ਗੁਰੂ ਜੀ ਨੇ ਆਪ ਨੂੰ ਪਹਾੜੀ ਰਾਜਿਆਂ ਨਾਲ ਗਲੱਬਾਤ ਕਰਨ ਲਈ ਭੇਜਿਆ ਸੀ। ਫਤਹਿ ਸ਼ਾਹ ਦੀ ਲੜਕੀ ਦੇ ਵਿਆਹ ਮੌਕੇ ਵੀ ਭਾਈ ਦੀਵਾਨ ਚੰਦ ਨੂੰ ਵਿਆਹ ਦੇ ਤੋਹਫੇ ਦੇ ਕੇ ਭੇਜਿਆ ਸੀ। ਆਪ ਨੇ ਹੀ ਆ ਕੇ ਗੁਰੂ ਜੀ ਨੂੰ ਪਹਾੜੀ ਰਾਜਿਆਂ ਦੀ ਬਦਨੀਤੀ ਬਾਰੇ ਖ਼ਬਰ ਦਿੱਤੀ ਸੀ।
- **ਭਾਈ ਨਾਹਰ ਸਿੰਘ**—ਇਹ ਸ੍ਰੀ ਅਨੰਦਪੁਰ ਸਾਹਿਬ ਦੀਆਂ ਜੰਗਾਂ ਸਮੇਂ ਲੋਹਗੜ੍ਹ ਕਿਲ੍ਹੇ ਦੇ ਕਿਲ੍ਹੇਦਾਰ ਸਨ।
- **ਭਾਈ ਨਾਢੂ ਸ਼ਾਹ**—ਇਹ ਅੰਬਾਲਾ ਜ਼ਿਲ੍ਹੇ ਦੇ ਇਕ ਪਿੰਡ ਦਾ ਰਹਿਣ ਵਾਲਾ ਲੁਬਾਣਾ ਆਜੜੀ ਸੀ ਜੋ ਕਿ ਭੇਡਾਂ-ਬੱਕਰੀਆਂ ਚਰਾਉਣ ਦਾ ਕੰਮ ਕਰਦਾ ਸੀ। ਇਸ ਨੇ ਗੁਰੂ ਜੀ ਦੀ

www.sikhbookclub.com

ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਗੁਰੂ ਜੀ ਦੀਆਂ ਫੌਜਾਂ ਨੂੰ ਦੁੱਧ ਪਿਲਾਇਆ ਸੀ। ਗੁਰੂ ਜੀ ਨੇ ਨਾਢੂ ਸ਼ਾਹ ਦੀ ਸੇਵਾ ਤੋਂ ਪ੍ਰਸ਼ੰਨ ਹੋ ਕੇ ਅਸੀਸਾਂ ਦਿੱਤੀਆਂ ਸਨ। ਅੱਜ ਕੱਲ ਉਥੇ ਗੁਰਦੁਆਰਾ ਨਾਢਾ ਸਾਹਿਬ ਸੁਸ਼ੋਭਿਤ ਹੈ।

- **ਭਾਈ ਪਰਮ ਸਿੰਘ–ਭਾਈ ਧਰਮ ਸਿੰਘ**–ਇਹ ਦੋਵੇਂ ਭਰਾ ਭਾਈ ਰੂਪਾ ਪਿੰਡ ਦੇ ਨਿਵਾਸੀ ਸਨ ਅਤੇ ਗੁਰੂ ਘਰ ਦੇ ਬਹੁਤ ਪ੍ਰੇਮੀ ਸਿੱਖ ਸਨ।
- **ਭਾਈ ਫੇਰੂ ਸ਼ਾਹ**–ਇਹ ਅੰਮਬਾੜੀ ਪਿੰਡ ਦੇ ਰਹਿਣ ਵਾਲੇ ਸਨ। ਇਹ ਗੁਰੂ ਘਰ ਦੇ ਮਸੰਦ ਸਨ ਤੇ ਗੁਰੂ ਦਾ ਹੁਕਮ ਮਨ ਕੇ ਆਪਣੀ ਦਾਹੜ੍ਹੀ ਆਪਣੇ ਹੱਥੀਂ ਫੜ ਕੇ ਗੁਰੂ ਜੀ ਦੇ ਦਰਬਾਰ ਹਾਜ਼ਰ ਹੋਏ ਸਨ। ਗੁਰੂ ਜੀ ਨੇ ਆਪ ਨੂੰ 'ਸੁੱਚੀ ਦਾੜ੍ਹੀ' ਦਾ ਰੁੱਤਬਾ ਦਿੱਤਾ ਸੀ।
- **ਭਾਈ ਬਖ਼ਤ ਮੱਲ ਸੂਰੀ**–ਪੁੱਤਰ ਭਾਈ ਸਬਲਾ, ਨਿਵਾਸੀ ਜਲਾਲਪੁਰ ਜੱਟਾਂ, ਇਹ ਗੁਰੂ ਘਰ ਨਮਿਤ ਮਸੰਦ ਦੀ ਸੇਵਾ ਨਿਭਾਉਂਦਾ ਸੀ।
- **ਭਾਈ ਬਚਿੱਤਰ ਸਿੰਘ**–ਪੁੱਤਰ ਭਾਈ ਮਨੀ ਸਿੰਘ, ਸ੍ਰੀ ਅਨੰਦਪੁਰ ਸਾਹਿਬ ਤੋਂ ਸਰਸਾ ਦੇ ਜੰਗ ਵਿਚ ਬੜੀ ਵੀਰਤਾ ਨਾਲ ਜੂਝੇ। ਕੇਸਰੀ ਚੰਦ ਦੇ ਹਾਥੀ ਨਾਲ ਮੁਕਾਬਲਾ ਕਰਕੇ ਜੰਗ ਦਾ ਪਾਸਾ ਪਲਟਾ ਦਿੱਤਾ। ਆਪ ਸਰਸਾ ਦੀ ਜੰਗ ਵਿਚ ਸਖ਼ਤ ਫੱਟੜ ਹੋ ਗਏ ਤੇ ਨਿਹੰਗ ਖਾਂ ਦੇ ਘਰ ਸ਼ਹੀਦੀ ਪ੍ਰਾਪਤ ਕਰ ਗਏ।
- **ਭਾਈ ਬੱਜਰ ਸਿੰਘ**–ਪੁੱਤਰ ਭਾਈ ਰਾਮਾ ਜੀ, ਇਨ੍ਹਾਂ ਪਾਸੋਂ ਗੁਰੂ ਜੀ ਨੇ ਸ਼ਸਤਰ ਵਿਦਿਆ ਦੀ ਪ੍ਰਾਪਤੀ ਕੀਤੀ ਸੀ।
- **ਭਾਈ ਬਾਜ ਸਿੰਘ**–ਪੁੱਤਰ ਭਾਈ ਨੱਠੀਆ ਜੀ, ਨਿਵਾਸੀ ਮੀਰਪੁਰ, ਜਿਲ੍ਹਾ ਲਾਹੌਰ। ਇਹ ਬਹੁਤ ਬਹਾਦਰ ਤੇ ਫੁਰਤੀਲੇ ਯੋਧੇ ਸਨ।ਆਪ ਦੀ ਬਹਾਦਰੀ ਦੇ ਬਹੁਤ ਸਾਰੇ ਕਾਰਨਾਮੇ ਸਿੱਖ ਇਤਿਹਾਸ ਵਿਚ ਦਰਜ ਹਨ। ਆਪ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਰਹਿੰਦ ਦਾ ਹਾਕਮ ਨਿਯੁਕਤ ਕੀਤਾ ਸੀ। ਆਪ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਦਿੱਲੀ ਵਿਖੇ ਸ਼ਹੀਦ ਕੀਤੇ ਗਏ ਸਨ।
- **ਬੁਧੀ ਚੰਦ (ਰਾਵਤ)**–ਇਹ ਚਮਕੌਰ ਸਾਹਿਬ ਦਾ ਚੌਧਰੀ ਸੀ। ਇਸ ਨੇ ਆਪਣੀ ਗੜ੍ਹੀ ਨੁਮਾ ਹਵੇਲੀ ਗੁਰੂ ਜੀ ਦੇ ਹਵਾਲੇ ਕੀਤੀ ਸੀ।
- **ਬਾਬਾ ਬੰਦਾ ਸਿੰਘ ਬਹਾਦਰ**–ਆਪ ਦਾ ਜਨਮ ਅਕਤੂਬਰ, 1670 ਈ. ਨੂੰ ਕਸ਼ਮੀਰ ਦੇ ਜਿਲ੍ਹਾ ਪੁਣਛ ਦੇ ਕਸਬਾ ਰਾਜ਼ੌਰੀ ਵਿੱਚ ਹੋਇਆ, 1708 ਵਿੱਚ ਗੁਰੂ ਜੀ ਜਦੋਂ ਨਾਦੇੜ ਪਹੁੰਚੇ ਤਾਂ ਬੰਦਾ ਸਿੰਘ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਕਾਫੀ ਪ੍ਰਭਾਵਤ ਹੋਏ ਤੇ ਫਿਰ ਅੰਮ੍ਰਿਤ ਛਕ ਕੇ 1708 ਤੋਂ 1716 ਈ. ਤੱਕ ਸਿੱਖੀ ਦੀ ਸੇਵਾ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ 4 ਸਾਲ ਦੇ ਸਪੁੱਤਰ ਬਾਬਾ ਅਜੈ ਸਿੰਘ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ। ਆਪ ਆਪਣੇ ਸਾਥੀ ਸਿੰਘਾਂ ਸਮੇਤ 1716 ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ। ਬਾਬਾ ਬੰਦਾ ਸਿੰਘ ਬਹਾਦਰ ਪਹਿਲੇ ਸਿੱਖ ਸਾਸ਼ਕ ਸਨ, ਜਿਨ੍ਹਾਂ ਨੇ ਹਿੰਦੁਸਤਾਨ ਵਿਚ ਖਾਲਸਾ ਰਾਜ ਸਥਾਪਤ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਉੱਤੇ ਸਿੱਕੇ ਜਾਰੀ ਕੀਤੇ।

www.sikhbookclub.com

- **ਬਾਬਾ ਦੀਪ ਸਿੰਘ ਜੀ (ਸ਼ਹੀਦ)**—ਆਪ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪਹੂਵਿੰਡ ਦੇ ਵਸਨੀਕ ਸਨ। ਆਪ ਨੇ ਗੁਰੂ ਜੀ ਨਾਲ ਬਹੁਤ ਸਾਰੀਆਂ ਸੇਵਾਵਾਂ ਨੂੰ ਨਿਭਾਇਆ। ਜਿਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਉਤਾਰੇ ਕਰਨ ਦੀ ਸੇਵਾ ਵਿਸ਼ੇਸ਼ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਆਪ ਨੇ ਖੜ ਖੋਡਾ (ਸੋਨੀਪਤ) ਦੇ ਸਥਾਨ ਉੱਤੇ ਹਥਿਆਰ ਤੇ ਹੋਰ ਮਾਲੀ ਮਦਦ ਭੇਜੀ ਸੀ। ਆਪ ਸਿੱਖ ਕੌਮ ਦੇ ਬਹਾਦਰ ਸੂਰਬੀਰ ਤੇ ਸਿਰਲੱਥ ਯੋਧੇ ਸਨ। 1757 ਈ. ਵਿਚ ਅਬਦਾਲੀ ਦੇ ਜਰਨੈਲ ਜਹਾਨ ਖਾਨ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਉੱਪਰ ਹਮਲਾ ਕਰਕੇ ਗੁਰੂ ਘਰ ਦੀ ਬੇਅਦਬੀ ਕੀਤੀ, ਬਾਬਾ ਜੀ ਤਲਵੰਡੀ ਸਾਬੋ ਤੋਂ ਜਥੇ ਸਮੇਤ ਅੰਮ੍ਰਿਤਸਰ ਲਈ ਰਵਾਨਾ ਹੋਏ। 1757 ਈ. ਨੂੰ ਬਾਬਾ ਜੀ ਜਮਾਲ ਖਾਨ ਨਾਲ ਲੜਦੇ ਹੋਏ ਸ਼ਹੀਦ ਹੋ ਗਏ।
- **ਭਾਗੋ ਮਾਈ**—ਪਿਤਾ ਮਾਲੇ ਸ਼ਾਹ ਦੀ ਬਹਾਦਰ ਪੁੱਤਰੀ ਅਤੇ ਭਾਈ ਭਾਗ ਸਿੰਘ ਤੇ ਭਾਈ ਦਿਲਬਾਗ ਸਿੰਘ ਜੀ ਦੀ ਵੱਡੀ ਭੈਣ ਸੀ। ਆਪ ਦਾ ਪੇਕਾ ਝਬਾਲ ਅਤੇ ਸਹੁਰੇ ਪੱਟੀ ਨਗਰ ਵਿਚ ਸਨ। ਜਦੋਂ ਮਾਝੇ ਦੇ ਰਹਿਣ ਵਾਲੇ ਕੁਝ ਸਿੰਘ ਗੁਰੂ ਜੀ ਤੋਂ ਬੇਮੁਖ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ ਤਦ ਮਾਈ ਭਾਗੋ ਜੀ ਨੇ ਸਿੰਘਾਂ ਨੂੰ ਪ੍ਰੇਰਿਤ ਕੀਤਾ ਤੇ ਆਪ ਜਥੇ ਦੀ ਅਗਵਾਈ ਕਰਕੇ ਉਨ੍ਹਾਂ ਸਿੰਘਾਂ ਨੂੰ ਗੁਰੂ ਜੀ ਦੀ ਸੇਵਾ ਵਿਚ ਲੈ ਕੇ ਆਏ ਸਨ। ਇਹ ਸਿੰਘ ਮੁਕਤਸਰ ਦੀ ਜੰਗ ਵਿਚ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਮਾਈ ਭਾਗੋ ਜੀ ਦੇ ਪਤੀ ਭਾਈ ਨਿਧਾਨ ਸਿੰਘ ਤੇ ਦੋਵੇਂ ਭਰਾ ਮੁਕਤਸਰ ਦੀ ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਮਾਈ ਭਾਗੋ ਜੀ ਨੇ ਆਪਣੀ ਬਾਕੀ ਰਹਿੰਦੀ ਉਮਰ ਗੁਰੂ ਜੀ ਦੀ ਸੇਵਾ ਵਿਚ ਬਤੀਤ ਕੀਤੀ। ਆਪ ਦੱਖਣ ਦੇ ਸਫ਼ਰ ਵਿਚ ਗੁਰੂ ਜੀ ਦੇ ਸਾਥੀ ਹੀ ਰਹੇ। ਆਪ ਜੀ ਹਜ਼ੂਰ ਸਾਹਿਬ (ਨਾਂਦੇੜ) ਦੇ ਨਜ਼ਦੀਕ ਜਨਵਾੜਾ ਨਾਮੀ ਸਥਾਨ ਉੱਤੇ ਅਕਾਲ ਚਲਾਣਾ ਕਰ ਗਏ। ਝਬਾਲ ਮੁਕਤਸਰ ਅਤੇ ਜਨਵਾੜਾ ਦੇ ਸਥਾਨਾਂ ਉੱਤੇ ਮਾਈ ਭਾਗੋ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ।
- **ਭਾਈ ਭਗਵੰਤ ਸਿੰਘ**—ਪੁੱਤਰ ਭਾਈ ਨਠੀਆ ਜੀ, ਭਾਈ ਵਣਜਾਰਾ ਦੇ ਨਾਮ ਨਾਲ ਪ੍ਰਸਿੱਧ ਸਨ। ਆਪ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਦਿੱਲੀ ਵਿੱਚ ਸ਼ਹੀਦ ਕੀਤੇ ਗਏ।
- **ਭਾਈ ਭਗਵਾਨ ਸਿੰਘ**—ਪੁੱਤਰ ਭਾਈ ਮਨੀ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਸਮੇਂ ਕਿਲ੍ਹਾ ਫਤਹਿਗੜ੍ਹ ਦੇ ਸਥਾਨ 'ਤੇ ਸ਼ਹੀਦ ਹੋਏ ਸਨ।
- **ਭਾਈ ਭੂਪਤ ਸਿੰਘ**—ਪੁੱਤਰ ਭਾਈ ਜੇਠਾ ਜੀ, ਆਪ ਨੂੰ ਲਾਹੌਰ ਵਿਖੇ ਭਾਈ ਮਨੀ ਸਿੰਘ ਜੀ ਦੇ ਨਾਲ ਅੱਖਾਂ ਕੱਢ ਕੇ, ਚਰਖੜੀ ਉੱਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ ਸੀ।
- **ਭਾਈ ਭੂੰਮਣ ਸ਼ਾਹ**—ਇਹ ਮਿੰਟਗੁਮਰੀ ਦੇ ਰਹਿਣ ਵਾਲਾ ਸੀ। ਇਹ ਗੁਰੂ ਘਰ ਦਾ ਪ੍ਰੇਮੀ ਸਿੱਖ ਸੀ। ਇਸ ਦੇ ਘਰ ਲੰਗਰ ਹਰ ਸਮੇਂ ਚੱਲਦਾ ਰਹਿੰਦਾ ਸੀ।
- **ਭਾਈ ਮਹਾਂ ਸਿੰਘ**—ਇਹ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਰਟੌਲ ਦੇ ਰਹਿਣ ਵਾਲੇ ਸਨ। ਆਪ ਨੇ ਸ੍ਰੀ ਮੁਕਤਸਰ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਆਪ ਦੀ ਸੇਵਾ-ਭਾਵਨਾ ਵੇਖ ਕੇ ਦਸ਼ਮ ਪਿਤਾ ਨੇ ਆਪ ਵੱਲੋਂ ਦਿੱਤਾ ਬੇਦਾਵਾ ਪਾੜ ਕੇ ਟੁੱਟੀ ਗੰਢੀ ਸੀ।

www.sikhbookclub.com

- **ਭਾਈ ਮਥਰਾ ਸਿੰਘ**—ਪੁੱਤਰ ਭਾਈ ਦਿਆਲ ਦਾਸ, 1700 ਈ. ਨੂੰ ਨਿਰਮੋਹਗੜ੍ਹ ਸ਼ਹੀਦ ਹੋਏ।
- **ਭਾਈ ਮਨੀ ਸਿੰਘ**—ਆਪ ਜੀ ਦਾ ਜਨਮ ਜ਼ਿਲ੍ਹਾ ਪਟਿਆਲਾ ਦੇ ਕੈਬੋਵਾਲ ਪਿੰਡ ਵਿਚ ਪਿਤਾ ਮਾਈ ਦਾਸ ਦੇ ਘਰ ਹੋਇਆ। ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਹਮ-ਉਮਰ ਸਨ। ਆਪ ਨੇ ਆਪਣੀ ਆਯੂ ਸਿੱਖੀ ਦੀ ਸੇਵਾ ਨੂੰ ਸਮਰਪਿਤ ਕੀਤੀ। ਆਪ ਗੁਰੂ ਘਰ ਦੇ ਵਿਸ਼ਵਾਸਪਾਤਰ ਸਨ। ਆਪ ਨੇ ਸਿੱਖ ਸਾਹਿਤ ਲਿਖਣ ਵਿੱਚ ਵੀ ਚੋਖਾ ਯੋਗਦਾਨ ਪਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪਿਆ। ਆਪ ਦੇ ਜੀਵਨ ਦੇ ਕਾਰਜ ਬਹੁਤ ਵਿਸ਼ਾਲ ਅਤੇ ਮਹੱਤਵਪੂਰਨ ਹਨ। ਆਪ ਨੇ ਸਿੱਖੀ ਦੀ ਚੜ੍ਹਦੀ ਕਲਾ ਲਈ ਸਿੱਖਾਂ ਵਿਚ ਏਕਤਾ ਨੂੰ ਜ਼ਰੂਰੀ ਬਣਾਇਆ। ਤਲਵੰਡੀ ਸਾਬੋ ਵਿਖੇ ਲੰਮਾ ਸਮਾਂ ਗੁਰੂ ਜੀ ਦੇ ਨਾਲ ਹੀ ਰਹੇ। ਦੱਖਣ ਦੇ ਸਫ਼ਰ ਵਿਚ ਆਪ ਰਾਜਸਥਾਨ ਦੇ ਬਘੌਰ ਨਗਰ ਤੱਕ ਗੁਰੂ ਸਾਹਿਬ ਜੀ ਦੇ ਨਾਲ ਰਹੇ। ਬਾਅਦ ਵਿਚ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਲਈ ਵਾਪਸ ਕਰ ਦਿੱਤਾ। ਆਪ ਜੀ ਨੇ ਗੁਰੂ ਮਹਿਲਾਂ ਦੀ ਸੇਵਾ ਨਮਿਤ ਕੁਝ ਸਮਾਂ ਦਿੱਲੀ ਵੀ ਬਤੀਤ ਕੀਤਾ। ਆਪ ਚੰਗੇ ਘੋੜ ਸਵਾਰ ਤੇ ਨਿਪੁੰਨ ਤਲਵਾਰਬਾਜ਼ ਸਨ। ਨਦੌਣ ਦੇ ਯੁੱਧ ਵਿਚ ਆਪ ਨੇ ਬੜੀ ਬਹਾਦਰੀ ਵਿਖਾਈ ਸੀ। ਇਸ ਤੋਂ ਬਾਅਦ ਜ਼ਿਆਦਾ ਸਮਾਂ ਆਪ ਅੰਮ੍ਰਿਤਸਰ ਵਿਖੇ ਹੀ ਰਹੇ। ਅਨੰਦਪੁਰ ਦੀਆਂ ਜੰਗਾਂ ਵਿਚ ਵੀ ਆਪ ਆਪਣੇ ਸਪੁੱਤਰਾਂ ਨਾਲ ਰਲ ਕੇ ਦੁਸ਼ਮਣਾਂ ਨਾਲ ਮੁਕਾਬਲਾ ਕਰਦੇ ਰਹੇ। ਆਪ ਦੀ ਸਿੱਖੀ ਭਾਵਨਾ ਮੁਗਲ ਹਕੂਮਤ ਤੋਂ ਬਰਦਾਸ਼ਤ ਨਾ ਹੋਈ, 1734 ਈ. ਨੂੰ ਆਪ ਨੂੰ ਆਪਣੇ ਸਾਥੀਆਂ ਸਮੇਤ ਲਾਹੌਰ ਦੇ ਨਖਾਸ ਚੌਕ ਵਿੱਚ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੇ ਪਰਿਵਾਰ ਵਿਚ ਲਗਭਗ 52 ਸਿੰਘ ਸ਼ਹੀਦ ਹੋਏ ਹਨ।
- **ਭਾਈ ਮੂਲ ਚੰਦ**—ਪੁੱਤਰ ਭਾਈ ਰਘੂਪਤਿ ਰਾਏ, ਇਹ ਨਦੌਣ ਦੀ ਜੰਗ ਵਿਚ ਸ਼ਹੀਦ ਹੋਇਆ।
- **ਭਾਈ ਮਾਹਰੀ ਚੰਦ**—ਭਾਈ ਸਾਧੂ ਤੇ ਬੀਬੀ ਵੀਰੋ ਜੀ ਦੇ ਸਪੁੱਤਰ ਸਨ। ਆਪ ਨੇ ਭੰਗਾਣੀ ਦੀ ਜੰਗ ਵਿੱਚ ਬੜੀ ਬਹਾਦਰੀ ਵਿਖਾਈ।
- **ਭਾਈ ਰਾਉ ਕੰਬੋ**—ਇਹ ਦੁਪਾਲਪੁਰ ਦਾ ਮਸੰਦ ਸੀ।
- **ਭਾਈ ਰਾਇ ਸਿੰਘ**—ਪੁੱਤਰ ਭਾਈ ਮਾਈਦਾਸ ਜੀ। ਸ੍ਰੀ ਮੁਕਤਸਰ ਦੇ ਜੰਗ ਵਿੱਚ ਦੋ ਪੁੱਤਰਾਂ ਸਮੇਤ ਸ਼ਹੀਦੀ ਪ੍ਰਾਪਤ ਕੀਤੀ।
- **ਭਾਈ ਰਾਮ ਸਿੰਘ**—ਪੁੱਤਰ ਭਾਈ ਬਚਿੱਤਰ ਸਿੰਘ ਜੀ, ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਸਾਰੀਆਂ ਮੁਹਿੰਮਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ। ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਨੰਦੇੜ ਤੋਂ ਪੰਜਾਬ ਵੱਲ ਭੇਜਿਆ ਸੀ। ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਲ ਸ਼ਹੀਦੀ ਪ੍ਰਾਪਤ ਕੀਤੀ।
- **ਭਾਈ ਰਾਮ ਸਿੰਘ (ਕਸ਼ਮੀਰੀ)**—ਆਪ ਦਸਮ ਪਾਤਸ਼ਾਹ ਦੇ ਚੌਰ ਬਰਦਾਰ ਸਨ। ਆਪ ਨੇ ਨਿਰਮੋਹਗੜ੍ਹ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

www.sikhbookclub.com

- **ਭਾਈ ਰੂਪਾ**—ਇਨ੍ਹਾਂ ਦਾ ਅਸਲ ਨਾਮ ਰੂਪ ਚੰਦ ਸੀ। ਇਹ ਮਾਲਵੇ ਦੇ ਰਹਿਣ ਵਾਲਾ ਸੀ। ਦਸਮੇਸ਼ ਪਿਤਾ ਜਦ ਕੋਟਕਪੂਰੇ ਤੋਂ ਦੱਖਣ ਵੱਲ ਜਾਂਦੇ ਹੋਏ ਭਾਈ ਰੂਪੇ ਦੇ ਪਾਸ ਪਹੁੰਚੇ ਤਾਂ ਇਸ ਸਿੱਖ ਨੇ ਗੁਰੂ ਜੀ ਨੂੰ ਜਲ ਛਕਾਇਆ ਸੀ।
- **ਭਾਈ ਰਾਮ ਕੁਇਰ**—ਆਪ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਬਾਬਾ ਗੁਰਦਿਤਾ ਜੀ ਦੇ ਸਪੁੱਤਰ ਸਨ। ਆਪ ਸ੍ਰੀ ਅਨੰਦਪੁਰ ਸਾਹਿਬ ਗੁਰੂ ਜੀ ਦੀ ਹਜ਼ੂਰੀ ਵਿੱਚ ਰਹੇ। ਅੰਮ੍ਰਿਤ ਛੱਕਣ ਤੋਂ ਬਾਅਦ ਆਪ ਗੁਰਬਖਸ਼ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ ਸਨ।
- **ਭਾਈ ਲਾਲ ਸਿੰਘ**—ਪੁੱਤਰ ਭਾਈ ਨਠੀਆ ਜੀ। ਆਪ ਨੇ ਸਰਹੰਦ (ਚੱਪੜ ਚਿੜੀ) ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕੀਤੀ।
- **ਭਾਈ ਲਾਲ ਸਿੰਘ ਪਿਸ਼ੌਰੀਆ**—ਆਪ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਖ਼ਜ਼ਾਨਚੀ ਦੀ ਸੇਵਾ ਨਿਭਾਉਂਦੇ ਸਨ।
- **ਭਾਈ ਲਾਲ ਚੰਦ**—ਇਹ ਇੱਕ ਹਲਵਾਈ ਸੀ, ਜਿਸ ਨੇ ਭੰਗਾਣੀ ਦੇ ਜੰਗ ਵਿੱਚ ਬੜੀ ਬਹਾਦਰੀ ਵਿਖਾਈ ਸੀ। ਇਸ ਨੇ ਖੁਰਪੇ ਨੂੰ ਜੰਗੀ ਹਥਿਆਰ ਵਜੋਂ ਵਰਤਿਆ ਸੀ। ਇਸ ਨੇ ਮੀਰ ਖਾਨ ਨੂੰ ਮਾਰ ਮੁਕਾਇਆ।
- **ਭਾਈ ਲਾਹੌਰਾ ਸਿੰਘ**—ਇਹ ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਖਿਡਾਵਾ ਸੀ।

ਪ੍ਰਮੁੱਖ ਮੁਸਲਮਾਨ ਸ਼ਰਧਾਲੂ

- **ਆਲਮ ਖਾਂ:-** ਇਹ ਨਿਹੰਗ ਖਾਂ ਦਾ ਪੁੱਤਰ ਸੀ ਤੇ ਰਾਏ ਕੱਲਾ ਦਾ ਜਵਾਈ ਸੀ। ਇਹ ਵੀ ਆਪਣੇ ਪੁਰਖਿਆ ਅਤੇ ਪਿਤਾ ਵਾਂਗ ਗੁਰੂ-ਘਰ ਦਾ ਸ਼ਰਧਾਲੂ ਸੀ।
- **ਸ਼ੇਰ ਮੁਹੰਮਦ ਖਾਨ:-** ਇਹ ਮਲੇਰਕੋਟਲੇ ਦਾ ਨਵਾਬ ਸੀ। ਇਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਨੀਹਾਂ ਵਿੱਚ ਚਿਣਨ ਦੇ ਖਿਲਾਫ, ਭਰੇ ਦਰਬਾਰ ਵਿੱਚ ਬਹਾਦਰੀ ਤੇ ਨਿਡਰਤਾ ਨਾਲ ਵਿਰੋਧਤਾ ਕੀਤੀ ਸੀ। ਸ਼ੇਰ ਮੁਹੰਮਦ ਖਾਨ ਨੇ ਸੂਬਾ ਸਰਹਿੰਦ ਵਜੀਰ ਖ਼ਾਨ ਨੂੰ ਕਿਹਾ ਸੀ, "ਇਨ੍ਹਾਂ ਸੀਰਖੋਰ ਬੱਚਿਆਂ ਨੂੰ ਸਜ਼ਾ ਦੇਣੀ ਸ਼ਰੀਅਤ ਦੇ ਖਿਲਾਫ ਹੈ" ਇਤਿਹਾਸ ਲਿਖਦਾ ਹੈ ਕਿ ਸ਼ੇਰ ਮੁਹੰਮਦ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣੇ ਜਾਣ ਦੀ ਸਜ਼ਾ ਸੁਣ ਕੇ ਆਹ ਦਾ ਨਾਅਰਾ ਮਾਰਿਆ ਸੀ ਤੇ ਗੁੱਸੇ ਵਿਚ ਦਰਬਾਰ ਵਿੱਚੋਂ ਉੱਠ ਕੇ ਚਲਾ ਗਿਆ ਸੀ। ਇਸ ਦੀ ਯਾਦ ਵਿਚ ਮਲੇਰ ਕੋਟਲਾ ਵਿਖੇ ਗੁਰਦੁਆਰਾ ਹਾਅ ਦਾ ਨਾਅਰਾ ਸੁਸ਼ੋਭਿਤ ਹੈ।
- **ਸੈਦ ਖ਼ਾਨ:-**ਇਹ ਔਰੰਗਜ਼ੇਬ ਦਾ ਫੌਜਦਾਰ ਸੀ। ਮੁਗਲ ਸਰਕਾਰ ਨੇ 1702 ਈ. ਵਿੱਚ ਇਸ ਨੂੰ ਆਪਣੇ ਫੌਜਦਾਰਾਂ ਨਾਲ ਸ੍ਰੀ ਅਨੰਦਪੁਰ ਸਾਹਿਬ ਉੱਪਰ ਹਮਲਾ ਕਰਨ ਲਈ ਭੇਜਿਆ। ਸ੍ਰੀ ਅਨੰਦਪੁਰ ਸਾਹਿਬ ਆਪ ਨੇ ਜਦੋਂ ਕਿਰਤੀ ਸਿੱਖਾਂ ਦਾ ਸੁਭਾਅ ਤੇ ਜੀਵਨ ਡਿੱਠਾ ਤਾਂ ਖਾਨ ਡਾਢਾ ਪ੍ਰਭਾਵਿਤ ਹੋਇਆ। ਸੈਦ ਖ਼ਾਨ ਪੀਰ ਬੁੱਧੂ ਸ਼ਾਹ ਦੀ ਬੇਗਮ ਨਸੀਰਾਂ ਦਾ ਭਰਾ ਸੀ। ਆਪ ਨੇ ਆਪਣੀ ਭੈਣ ਤੇ ਭਣਵੱਈਏ ਦੇ ਮੂੰਹੋਂ ਗੁਰੂ ਜੀ ਦੀ ਬਹੁਤ ਉਸਤਤ ਸੁਣੀ ਸੀ। ਸ੍ਰੀ ਅਨੰਦਪੁਰ ਸਾਹਿਬ ਦੇ ਜੰਗ ਵਿੱਚ ਜਦ ਦਸਮ ਪਾਤਸ਼ਾਹ ਦੇ ਦਰਸ਼ਨ ਕੀਤੇ ਤਾਂ ਆਪ ਦਾ ਮਨ

www.sikhbookclub.com

ਪਤੀਜਿਆ ਗਿਆ। ਇਸ ਨੇ ਸ਼ਾਹੀ ਨੌਕਰੀ ਛੱਡ ਦਿੱਤੀ ਤੇ ਗੁਰੂ ਜੀ ਦੇ ਚਰਨੀਂ ਲੱਗ ਗਿਆ ਤੇ ਆਪਣੀ ਸਾਰੀ ਉਮਰ ਭਗਤੀ ਵਿੱਚ ਬਤੀਤ ਕੀਤੀ।

- **ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ:–** ਆਪ ਪੀਰ ਭੀਖਣ ਸ਼ਾਹ ਦੇ ਮੁਰੀਦ ਸਨ ਅਤੇ ਉਨ੍ਹਾਂ ਪਾਸੋਂ ਗੁਰੂ ਜੀ ਦੀ ਉਪਮਾ ਸੁਣਦੇ ਰਹੇ ਸਨ। ਜਦੋਂ ਦਸਮ ਪਾਤਸ਼ਾਹ ਸ੍ਰੀ ਅਨੰਦਪੁਰ ਸਾਹਿਬ ਆਏ ਤਾਂ ਉਨ੍ਹਾਂ ਨੂੰ ਅਰਬੀ-ਫਾਰਸੀ ਭਾਸ਼ਾ ਦਾ ਗਿਆਨ ਦੇਣ ਲਈ ਕਾਜ਼ੀ ਪੀਰ ਮੁਹੰਮਦ ਨੇ ਗੁਰੂ ਸਾਹਿਬ ਨੂੰ ਅਰਬੀ-ਫਾਰਸੀ ਭਾਸ਼ਾ ਦੀ ਸੁਚੱਜੀ ਵਿਦਿਆ ਦਿੱਤੀ। ਆਪ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਉਪਰੋਕਤ ਭਾਸ਼ਾਵਾਂ ਦੇ ਗੂੜ੍ਹ-ਗਿਆਨ ਦਾ ਪਤਾ ਲੱਗਦਾ ਹੈ। ਜਦ ਆਪ ਮਾਛੀਵਾੜੇ ਤੋਂ ਉੱਚ ਦਾ ਪੀਰ ਬਣ ਕੇ ਜਾ ਰਹੇ ਸਨ ਤਾਂ ਰਸਤੇ ਵਿਚ ਮੁਗ਼ਲ ਜਰਨੈਲਾਂ ਨੇ ਆਪ ਜੀ ਦੀ ਸ਼ਨਾਖਤ ਕਰਨ ਲਈ ਵੀ ਕਾਜ਼ੀ ਪੀਰ ਮੁਹੰਮਦ ਸਾਹਿਬ ਨੂੰ ਹੀ ਬੁਲਾਇਆ ਸੀ। ਪੀਰ ਸਾਹਿਬ ਨੇ ਆਪ ਜੀ ਨੂੰ ਆਪਣਾ ਪੈਗੰਬਰ ਜਾਣ ਕੇ ਸੱਜਦਾ ਕੀਤਾ ਤਾਂ ਮੁਗ਼ਲ ਜਰਨੈਲਾਂ ਨੂੰ ਯਕੀਨ ਹੋ ਗਿਆ ਕਿ ਵਾਕਿਆ ਹੀ ਆਪ ਉੱਚ ਦੇ ਪੀਰ ਹੋ।
- **ਕਾਲੇ ਖਾਂ:–** ਜਦੋਂ 400 ਪਠਾਣ ਭੰਗਾਣੀ ਦੇ ਜੰਗ ਸਮੇਂ ਗੁਰੂ ਜੀ ਦਾ ਸਾਥ ਛੱਡ ਕੇ ਭੱਜ ਗਏ ਤਾਂ ਉਸ ਸਮੇਂ ਕਾਲੇ ਖਾਂ ਗੁਰੂ ਜੀ ਦਾ ਵਫਾਦਾਰ ਰਿਹਾ ਤੇ ਭੰਗਾਣੀ ਦੇ ਜੰਗ ਵਿੱਚ ਪੂਰੀ ਬਹਾਦਰੀ ਨਾਲ ਲੜਿਆ।
- **ਖ਼ਾਨ ਖਾਨਾ:–** ਗੁਰੂ ਜੀ ਦਾ ਸ਼ਰਧਾਲੂ ਸੀ। ਇਸ ਦੀ ਗੁਰੂ ਜੀ ਨਾਲ ਮੁਲਾਕਾਤ ਆਗਰੇ ਹੋਈ ਸੀ। ਇਸ ਦਾ ਅਸਲ ਨਾਮ ਮੁਨਇਮ ਖਾਨ ਸੀ, ਜੋ ਪਿੱਛੋਂ ਕੁੱਝ ਸਮਾਂ ਬਾਅਦ ਵਿੱਚ ਬਹਾਦਰ ਸ਼ਾਹ ਦਾ ਵਜ਼ੀਰ ਵੀ ਰਿਹਾ। ਇਹ ਸੁਲਤਾਨ ਬੇਗ ਬਰਨਾਸ ਦਾ ਪੁੱਤਰ ਸੀ ਤੇ ਇਹ ਪਹਿਲਾਂ ਕਾਬਲ ਦਾ ਦੀਵਾਨ ਸੀ।
- **ਗਨੀ ਖਾਂ ਤੇ ਨਬੀ ਖਾਂ–** ਇਹ ਜ਼ਿਲ੍ਹਾ ਲੁਧਿਆਣਾ ਦੇ ਨਗਰ ਮਾਛੀਵਾੜੇ ਦੇ ਰਹਿਣ ਵਾਲੇ ਦੋ ਪਠਾਨ ਭਰਾ ਸਨ। ਇਹ ਘੋੜਿਆਂ ਦੇ ਵਪਾਰੀ ਸਨ ਅਤੇ ਅਕਸਰ ਘੋੜੇ ਲਿਆ ਕੇ ਗੁਰੂ ਜੀ ਨੂੰ ਦਿੰਦੇ ਰਹਿੰਦੇ ਸਨ। ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਗੁਰੂ ਜੀ ਮਾਛੀਵਾੜੇ ਪਹੁੰਚੇ ਤਾਂ ਮਸੰਦ ਭਾਈ ਗੁਲਾਬ ਚੰਦ ਆਪ ਨੂੰ ਆਪਣੇ ਘਰ ਲੈ ਗਿਆ। ਗੁਰੂ ਜੀ ਨੇ ਬਾਅਦ ਵਿਚ ਭਾਈ ਗਨੀ ਖਾਂ ਅਤੇ ਨਬੀ ਖਾਂ ਦੇ ਘਰ ਵਿਚ ਪੜਾਅ ਕੀਤਾ। ਇਨ੍ਹਾਂ ਦੋਵਾਂ ਭਰਾਵਾਂ ਨੇ ਮਾਛੀਵਾੜੇ ਠਹਿਰਨ ਉੱਤੇ ਅਤੇ ਮਾਛੀਵਾੜੇ ਤੋਂ ਉੱਚ ਦੇ ਪੀਰ ਬਣਾ ਕੇ ਸੁਰੱਖਿਅਤ ਆਲਮਗੀਰ ਤੱਕ ਪਹੁੰਚਾਉਣ ਵਿਚ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਇਨ੍ਹਾਂ ਦੋਵਾਂ ਪਠਾਣਾਂ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਸੋਨੇ ਦੇ ਕੜਿਆਂ ਦੀ ਜੋੜੀ ਅਤੇ ਇਕ ਹੁਕਮਨਾਮਾ ਬਖਸ਼ਿਸ਼ ਕੀਤਾ ਇਨ੍ਹਾਂ ਪਠਾਣਾਂ ਦੇ ਘਰ ਵਿਚ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।
- **ਚੌਧਰੀ ਕਪੂਰਾ:–** ਇਹ ਮੁਗਲ ਹਕੂਮਤ ਸਮੇਂ ਇਲਾਕੇ ਦਾ ਚੌਧਰੀ ਸੀ। ਇਸ ਦੇ ਕੋਲ ਕੋਟ ਕਪੂਰਾ, ਫਰੀਦਕੋਟ, ਮਾੜੀ, ਮੁਦਕੀ ਤੇ ਮੁਕਤਸਰ ਦੇ ਇਲਾਕੇ ਸਨ। ਖਿਦਰਾਣੇ ਦੀ ਢਾਬ ਜਾਣ ਤੋਂ ਪਹਿਲਾਂ ਗੁਰੂ ਜੀ ਇਸ ਦੇ ਕੋਲ ਆਏ ਸਨ। ਗੁਰੂ ਜੀ ਨੇ ਜਦੋਂ ਚੌਧਰੀ ਕੋਲੋਂ ਮੁਗਲਾਂ ਨਾਲ ਜੰਗ ਲੜਨ ਲਈ ਕਿਲ੍ਹਾ ਮੰਗਿਆ ਤਾਂ ਇਸ ਨੇ ਮੁਗਲਾਂ ਤੋਂ ਡਰਦਿਆਂ ਇਨਕਾਰ ਕਰ ਦਿੱਤਾ ਤੇ ਗੁਰੂ ਜੀ ਨੂੰ ਖਿਦਰਾਣੇ ਦੀ ਢਾਬ ਦਾ ਪਤਾ ਦੱਸ ਦਿੱਤਾ। ਬਾਅਦ ਵਿਚ ਇਹ ਅੰਮ੍ਰਿਤ ਛਕ ਕੇ ਕਪੂਰ ਸਿੰਘ ਬਣ ਗਿਆ। ਇਸ ਦੇ ਗਵਾਂਢੀ ਚੌਧਰੀ (ਕੋਟ ਈਸੇ ਖਾਂ) ਨੇ ਧੋਖੇ ਨਾਲ ਫਾਂਸੀ ਚਾੜ੍ਹ ਕੇ ਮਾਰ ਦਿੱਤਾ ਸੀ।

www.sikhbookclub.com

- **ਚੌਧਰੀ ਲਖਮੀਰ ਤੇ ਸ਼ਮੀਰ:-** ਇਹ ਜੋਧ ਰਾਇ ਦੇ ਪੋਤਰੇ ਅਤੇ ਫੱਤੇ ਦੇ ਪੁੱਤਰ ਸਨ। ਸ੍ਰੀ ਮੁਕਤਸਰ ਸਾਹਿਬ ਦੀ ਜੰਗ ਤੋਂ ਬਾਅਦ ਮਾਲਵੇ ਪਹੁੰਚੇ ਤਾਂ ਚੌਧਰੀ ਗੁਰੂ ਜੀ ਨੂੰ ਆਪਣੇ ਘਰ ਲੈ ਗਏ। ਸੂਬਾ ਸਰਹਿੰਦ ਨੇ ਇਨ੍ਹਾਂ ਭਰਾਵਾਂ ਨੂੰ ਤਾੜਨਾ ਭਰੀ ਚਿੱਠੀ ਲਿਖੀ, ਪ੍ਰੰਤੂ ਚੌਧਰੀ ਲਖਮੀਰ ਨੇ ਬੜੇ ਠਰੰਮੇ ਨਾਲ ਉੱਤਰ ਦਿੱਤਾ ਕਿ ਜਿਵੇਂ ਤੁਸੀਂ ਆਪਣੇ ਮੁਰਸ਼ਦਾਂ ਦੀ ਬੜੇ ਅਦਬ ਨਾਲ ਖਿਦਮਤ ਕਰਦੇ ਹੋ, ਤਿਵੇਂ ਹੀ ਅਸੀਂ ਗੁਰੂ ਪਾਤਸ਼ਾਹ ਦੀ ਸੇਵਾ ਕਰ ਰਹੇ ਹਾਂ। ਗੁਰੂ ਜੀ ਕਾਂਗੜ ਦੇ ਇਲਾਕੇ ਵਿੱਚ ਲੰਮਾ ਅਰਸਾ ਠਹਿਰੇ ਸਨ।
- **ਨਵਾਬ ਰਹੀਮ ਬਖ਼ਸ਼ ਤੇ ਨਵਾਬ ਕਰੀਮ ਬਖ਼ਸ਼:-** ਇਹ ਦੋਵੇਂ ਭਰਾ ਪਟਨਾ ਸਾਹਿਬ ਦੇ ਵਸਨੀਕ ਸਨ। ਇਹ ਗੁਰੂ ਘਰ ਦੇ ਸਰਧਾਲੂ ਸਨ। ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਪਿੰਡ ਅਤੇ ਦੋ ਬਾਗ ਪ੍ਰੇਮ ਸਹਿਤ ਭੇਟ ਕੀਤੇ ਸਨ। ਪਟਨਾ ਸ਼ਹਿਰ ਵਿੱਚ ਸੈਂਕੜੇ ਨੇਕ ਦਿਲ ਮੁਸਲਮਾਨ ਗੁਰੂ ਘਰ ਦੇ ਸਰਧਾਲੂ ਸਨ।
- **ਨਿਹੰਗ ਖਾਂ:-** ਇਹ ਸਮਸ਼ ਖਾਂ ਦਾ ਪੁੱਤਰ ਸੀ ਜੋ ਛੇਵੇਂ ਪਾਤਸ਼ਾਹ ਦਾ ਸ਼ਰਧਾਲੂ ਸੀ। ਇਹ ਰੋਪੜ ਦੇ ਨਜਦੀਕ ਕੋਟਲਾ ਪਿੰਡ ਦਾ ਰਹਿਣ ਵਾਲਾ ਸੀ। ਛੇਵੇ ਪਾਤਸ਼ਾਹ ਤੋਂ ਦਸਮ ਪਾਤਸ਼ਾਹ ਤੱਕ ਪੰਜ ਗੁਰੂ ਸਾਹਿਬਾਨ ਨਾਲ ਇਸ ਪਰਿਵਾਰ ਦੇ ਚੰਗੇ ਸੰਬੰਧ ਰਹੇ ਹਨ। ਭੰਗਾਣੀ ਦੀ ਜੰਗ ਤੋਂ ਬਾਅਦ ਅਨੰਦਪੁਰ ਸਾਹਿਬ ਨੂੰ ਵਾਪਸ ਆਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਹੰਗ ਖਾਂ ਦੇ ਘਰ ਰੁਕੇ ਅਤੇ ਬਾਅਦ ਵਿਚ ਮਰਸਾ ਦੇ ਜੰਗ ਤੋਂ ਬਾਅਦ ਸਖ਼ਤ ਜ਼ਖ਼ਮੀ ਭਾਈ ਬਚਿੱਤਰ ਸਿੰਘ ਜੀ ਨੂੰ ਨਿਹੰਗ ਖਾਂ ਦੇ ਘਰ ਛੱਡਿਆ ਸੀ। ਜਦੋਂ ਸ਼ਾਹੀ ਮੁਖਬਰਾਂ ਨੇ ਨਿਹੰਗ ਖਾਂ ਦੇ ਘਰ ਅੰਦਰ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕੀਤੀ ਤਾਂ ਖਾਨ ਨੇ ਉਨ੍ਹਾਂ ਨੂੰ ਘਰ ਦੇ ਅੰਦਰ ਪ੍ਰਵੇਸ਼ ਨਹੀਂ ਕਰਨ ਦਿੱਤਾ। ਇਥੇ ਨਿਹੰਗ ਖਾਂ ਨੇ ਭਾਈ ਜੀ ਦੀ ਬਹੁਤ ਟਹਿਲ ਕੀਤੀ ਤੇ ਜ਼ਿਆਦਾ ਜ਼ਖ਼ਮ ਹੋਣ ਕਰਕੇ ਭਾਈ ਬਚਿੱਤਰ ਸਿੰਘ ਨਿਹੰਗ ਖਾਂ ਦੇ ਘਰ ਹੀ ਅਕਾਲ ਚਲਾਣਾ ਕਰ ਗਏ ਸਨ। ਏਥੇ ਅੱਜਕਲ੍ਹ ਗੁਰਦੁਆਰਾ ਭੱਠਾ ਸਾਹਿਬ ਬਣਿਆ ਹੋਇਆ ਹੈ।
- **ਪੀਰ ਆਰਫ਼ ਦੀਨ:-** ਲਖਨੌਰ ਨਿਵਾਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਪ ਦੀ ਮਿਲਣੀ ਹੋਈ। ਪੀਰ ਨੇ ਗੁਰੂ ਜੀ ਨਾਲ ਮੁਲਾਕਾਤ ਕੀਤੀ ਤੇ ਰੱਬੀ ਨੂਰ ਦਾ ਜਲਵਾ ਤੱਕ ਕੇ ਬਾਗੋ-ਬਾਗ ਹੋ ਗਿਆ।
- **ਪੀਰ ਬੁੱਧੂ ਸ਼ਾਹ:-** ਆਪ ਦਾ ਪੂਰਾ ਨਾਮ ਸੱਯਦ ਸ਼ਾਹ ਬਦਰੁਦੀਨ ਸੀ। ਆਪ ਸਢੌਰਾ, ਜਿਲ੍ਹਾ ਅੰਬਾਲਾ ਦੇ ਵਸਨੀਕ ਸਨ। ਆਪ ਜੀ ਦੇ ਪਿਤਾ ਦਾ ਨਾਮ ਸੱਯਦ ਅਸ਼ਰਫ ਸੀ। ਪੀਰ ਬੁੱਧੂ ਸ਼ਾਹ ਜੀ ਦੀ ਮੁਲਾਕਾਤ ਗੁਰੂ ਸਾਹਿਬ ਜੀ ਨਾਲ ਪਾਉਂਟਾ ਦੇ ਅਸਥਾਨ 'ਤੇ ਹੋਈ। ਪੀਰ ਜੀ ਨੇ 500 ਮੁਗ਼ਲ ਪਠਾਨ ਚਾਰ ਜਰਨੈਲਾਂ ਸਮੇਤ ਗੁਰੂ ਜੀ ਪਾਸ ਨੌਕਰ ਰਖਵਾਏ। ਭੰਗਾਣੀ ਦੇ ਜੰਗ 'ਚ ਤਿੰਨ ਪਠਾਣ ਜਰਨੈਲ ਜਦ ਗੁਰੂ ਜੀ ਨੂੰ ਦਗਾ ਦੇ ਕੇ ਦੁਸ਼ਮਣ ਫੌਜਾਂ ਨਾਲ ਜਾ ਰਲੇ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਜੀ ਨੇ ਆਪਣੇ ਚਾਰ ਪੁੱਤਰਾਂ ਤੇ 700 ਮੁਰੀਦਾਂ ਸਮੇਤ ਵੱਡਾ ਯੋਗਦਾਨ ਪਾਇਆ ਸੀ। ਭੰਗਾਣੀ ਦੀ ਜੰਗ ਜਿੱਤਣ ਤੋਂ ਬਾਅਦ ਗੁਰੂ ਜੀ ਨੇ ਆਪ ਨੂੰ ਦਸਤਾਰ, ਵਾਹੇ ਹੋਏ ਕੇਸਾਂ ਸਮੇਤ ਕੰਘਾ, ਛੋਟੀ ਕ੍ਰਿਪਾਨ ਤੇ ਹੁਕਮਨਾਮਾ ਬਖਸ਼ਿਸ਼ ਕੀਤਾ ਸੀ। ਬਾਅਦ ਵਿਚ ਆਪ ਨੂੰ ਸਢੌਰੇ ਦੇ ਹਾਕਮ ਉਸਮਾਨ ਖਾਨ ਨੇ ਪ੍ਰੀਵਾਰ ਸਮੇਤ ਸ਼ਹੀਦ ਕਰ ਦਿੱਤਾ ਸੀ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਢੌਰੇ ਦੇ ਹਮਲੇ ਸਮੇਂ ਉਸਮਾਨ ਖਾਨ ਨੂੰ ਫਾਂਸੀ ਚਾੜ੍ਹ ਕੇ ਮਾਰਿਆ ਸੀ।
- **ਪੀਰ ਭੀਖਣ ਸ਼ਾਹ:-** ਇਹ ਲਖਨੌਰ ਦੇ ਨੇੜਲੇ ਪਿੰਡ ਘੁੜਾਮ (ਕੁਹੜਾਮ) ਦੇ ਰਹਿਣ ਵਾਲੇ ਸਨ।

www.sikhbookclub.com

ਪੋਹ ਸੁਦੀ ਸੱਤਵੀਂ 1666 ਈ. ਨੂੰ ਦਸਮ ਪਾਤਸ਼ਾਹ ਦੇ ਪ੍ਰਕਾਸ਼ ਦਿਹਾੜੇ ਵਾਲੇ ਦਿਨ ਫਜ਼ਰ ਦੀ ਨਮਾਜ਼ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਪੜ੍ਹੀ ਤਾਂ ਆਪ ਦੇ ਮੁਰੀਦਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਆਪ ਨੇ ਉੱਤਰ ਦਿੱਤਾ ਕਿ ਅੱਲ੍ਹਾ ਦਾ ਨੂਰ ਅੱਜ ਪਟਨੇ ਸ਼ਹਿਰ ਵਿੱਚ ਪ੍ਰਗਟ ਹੋਇਆ ਹੈ। ਇਹ ਆਪਣੇ ਮੁਰੀਦਾਂ ਸਮੇਤ ਪਟਨਾ ਸਾਹਿਬ ਗੁਰੂ ਜੀ ਦੇ ਦਰਸ਼ਨ ਕਰਨ ਗਏ ਤੇ ਦੋ ਕੁਜੀਆਂ ਹੱਥਾਂ ਵਿੱਚ ਲੈ ਕੇ ਆਪਣੇ ਮਨ ਦੇ ਪ੍ਰਸ਼ਨ ਦਾ ਉੱਤਰ (ਗੁਰੂ) ਗੋਬਿੰਦ ਸਿੰਘ ਜੀ ਪਾਸੋਂ ਮੰਗਿਆ। ਗੁਰੂ ਜੀ ਨੇ ਦੋਨਾਂ ਕੁਜੀਆਂ 'ਤੇ ਹੱਥ ਰੱਖ ਕੇ ਮਨੁੱਖਤਾ ਦੇ ਗੁਰੂ ਹੋਣ ਦਾ ਸਬੂਤ ਦਿੱਤਾ।

- **ਬਹਾਦਰ ਸ਼ਾਹ:-** ਇਹ ਔਰੰਗਜ਼ੇਬ ਦਾ ਵੱਡਾ ਪੁੱਤਰ ਸੀ, ਜੋ ਸ਼ਹਿਜ਼ਾਦਾ ਮੁਅੱਜ਼ਮ ਦੇ ਨਾਮ ਨਾਲ ਪ੍ਰਸਿੱਧ ਸੀ। ਇਸ ਨੇ ਸੰਨ 1708 ਈ. ਵਿੱਚ ਆਪਣੇ ਭਰਾ ਆਜ਼ਮ ਸ਼ਾਹ ਨਾਲ ਜੰਗ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਮੱਦਦ ਮੰਗੀ ਸੀ। ਜੰਗ ਜਿੱਤਣ ਤੋਂ ਆਗਰੇ ਵਿੱਚ ਤਾਜਪੋਸ਼ੀ ਸਮੇਂ ਗੁਰੂ ਜੀ ਦਾ ਕੀਮਤੀ ਭੇਟਾਵਾਂ ਨਾਲ ਸਨਮਾਨ ਕੀਤਾ ਸੀ। ਦੱਖਣ ਦੀ ਯਾਤਰਾ ਸਮੇਂ ਬੁਰਹਾਨਪੁਰ ਤੱਕ ਬਹਾਦਰ ਸ਼ਾਹ ਗੁਰੂ ਜੀ ਦੇ ਨਾਲ-ਨਾਲ ਚੱਲਦਾ ਰਿਹਾ। ਆਪ ਦੇ ਸਬੰਧ ਦੋਸਤਾਨਾ ਸਨ। ਨੰਦੇੜ ਵਿਖੇ ਜਦ ਗੁਰੂ ਜੀ ਜ਼ਖ਼ਮੀ ਹੋ ਗਏ, ਤਦ ਵੀ ਬਹਾਦਰ ਸ਼ਾਹ ਨੇ ਸ਼ਾਹੀ ਹਕੀਮ ਗੁਰੂ ਜੀ ਦੀ ਮੱਦਦ ਲਈ ਭੇਜੇ ਸਨ।
- **ਰਾਇ ਕੱਲ੍ਹਾ:-** ਇਹ ਰਾਏ ਕਮਾਲੁਦੀਨ ਦਾ ਪੁੱਤਰ ਸੀ। ਇਸ ਨੇ ਦਸਮੇਸ਼ ਪਾਤਸ਼ਾਹ ਨੂੰ ਕਈ ਵਾਰ ਆਪਣੇ ਘਰ ਠਹਿਰਾ ਕੇ ਸ਼ਰਧਾ ਨਾਲ ਸੇਵਾ ਕੀਤੀ ਸੀ। ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਖ਼ਬਰ ਵੀ ਇਸ ਨੇ ਆਪਣੇ ਦੂਤ ਭੇਜ ਕੇ ਮੰਗਵਾਈ ਸੀ। ਗੁਰੂ ਜੀ ਨੇ ਰਾਇ ਕੱਲ੍ਹੇ ਨੂੰ ਇਕ ਕਿਰਪਾਨ ਗਾਤਰੇ ਸਮੇਤ ਬਖ਼ਸ਼ਿਸ਼ ਵੱਜੋਂ ਦਿੱਤੀ ਸੀ।

www.sikhbookclub.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀ

1. ਉਦੇਰਾਯ	2. ਅਣੀ ਰਾਏ	3. ਅੰਮ੍ਰਿਤਰਾਯ	4. ਅੱਲੂ
5. ਆਸਾ ਸਿੰਘ	6. ਆਲਿਮ	7. ਈਸ਼੍ਵਰਦਾਸ	8. ਸੁਖਦੇਵ
9. ਸੁੱਖਾ ਸਿੰਘ	10. ਸੁਖੀਆ	11. ਸੁਦਾਮਾ	12. ਸੈਨਾਪਤਿ
13. ਸ਼ਯਾਮ	14. ਹੀਰ	15. ਹੁਸੈਨਅਲੀ	16. ਹੰਸਰਾਮ
17. ਕੱਲੂ	18. ਕੁਵਰੇਸ਼	19. ਖਾਨਚੰਦ	20. ਗੁਣੀਆ
21. ਗੁਰਦਾਸ	22. ਗੋਪਾਲ	23. ਚੰਦਨ	24. ਚੰਦ
25. ਜਮਾਲ	26. ਟਹਿਕਨ	27. ਧਰਮ ਸਿੰਘ	28. ਧੰਨਾ ਸਿੰਘ
29. ਧਯਾਨ ਸਿੰਘ	30. ਨਾਨੂ	31. ਨਿਸਚਲ ਦਾਸ	32. ਨਿਹਾਲ ਚੰਦ
33. ਨੰਦ ਸਿੰਘ	34. ਨੰਦ ਲਾਲ	35. ਪਿੰਡੀ ਦਾਸ	36. ਬੱਲਭ
37. ਬੱਲੂ	38. ਬਿਧੀਚੰਦ	39. ਬੁਲੰਦ	40. ਬ੍ਰਿਖ
41. ਬ੍ਰਿਜ ਲਾਲ	42. ਮਥੁਰਾ	43. ਮਦਨ ਸਿੰਘ	44. ਮਦਨਗਿਰਿ
45. ਮੱਲੂ	46. ਮਾਨਦਾਸ	47. ਮਾਲਾ ਸਿੰਘ	48. ਮੰਗਲ
49. ਰਾਮ	50. ਰਾਵਲ	51. ਰੌਸ਼ਨ ਸਿੰਘ	52. ਲੱਖਾ

(ਮਹਾਨ ਕੋਸ਼, ਪੰਨਾ 845)

ਚਮਕੌਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ 40 ਸਿੰਘ

1. ਸਹਜ ਸਿੰਘ	2. ਸਰਦੂਲ ਸਿੰਘ	3. ਸਰੂਪ ਸਿੰਘ	4. ਸਾਹਿਬ ਸਿੰਘ
5. ਸੁਜਾਨ ਸਿੰਘ	6. ਸ਼ੇਰ ਸਿੰਘ	7. ਸੇਵਾ ਸਿੰਘ	8. ਸੰਗੋ ਸਿੰਘ
9. ਸੰਤ ਸਿੰਘ	10. ਹਰਦਾਸ ਸਿੰਘ	11. ਹਿੰਮਤ ਸਿੰਘ	12. ਕਰਮ ਸਿੰਘ
13. ਕ੍ਰਿਪਾਲ ਸਿੰਘ	14. ਖੜਗ ਸਿੰਘ	15. ਗੁਰਦਾਸ ਸਿੰਘ	16. ਗੁਰਦਿੱਤ ਸਿੰਘ

www.sikhbookclub.com

17. ਗੁਲਾਬ ਸਿੰਘ	18. ਗੰਗਾ ਸਿੰਘ	19. ਗੰਡਾ ਸਿੰਘ	20. ਚੜ੍ਹਤ ਸਿੰਘ
21. ਜਵਾਹਰ ਸਿੰਘ	22. ਜੈਮਲ ਸਿੰਘ	23. ਜੂਾਲਾ ਸਿੰਘ	24. ਝੰਡਾ ਸਿੰਘ
25. ਟੇਕ ਸਿੰਘ	26. ਠਾਕੁਰ ਸਿੰਘ	27. ਤ੍ਰਿਲੋਕ ਸਿੰਘ	28. ਦਯਾਲ ਸਿੰਘ
29. ਦਾਮੋਦਰ ਸਿੰਘ	30. ਨਰਾਯਣ ਸਿੰਘ	31. ਨਿਹਾਲ ਸਿੰਘ	32. ਪੰਜਾਬ ਸਿੰਘ
33. ਪ੍ਰੇਮ ਸਿੰਘ	34. ਬਸਾਵਾ ਸਿੰਘ	35. ਬਿਸ਼ਨ ਸਿੰਘ	36. ਭਗਵਾਨ ਸਿੰਘ
37. ਮੁਤਾਬ ਸਿੰਘ	38. ਮੁਹਕਮ ਸਿੰਘ	39. ਰਣਜੀਤ ਸਿੰਘ	40. ਰਤਨ ਸਿੰਘ

ਮੁਕਤਸਰ ਦੀ ਜੰਗ ਵਿਚ ਸ਼ਹੀਦ ਹੋਣ ਵਾਲੇ 40 ਸਿੰਘ

1. ਸਮੀਰ ਸਿੰਘ	2. ਸਰਜਾ ਸਿੰਘ	3. ਸਾਧੂ ਸਿੰਘ	4. ਸੁਹੇਲ ਸਿੰਘ
5. ਸੁਲਤਾਨ ਸਿੰਘ	6. ਸੋਭਾ ਸਿੰਘ	7. ਸੰਤ ਸਿੰਘ	8. ਹਰਸਾ ਸਿੰਘ
9. ਹਰੀ ਸਿੰਘ	10. ਕਰਨ ਸਿੰਘ	11. ਕਰਮ ਸਿੰਘ	12. ਕਾਲਾ ਸਿੰਘ
13. ਕੀਰਤਿ ਸਿੰਘ	14. ਕ੍ਰਿਪਾਲ ਸਿੰਘ	15. ਖੁਸ਼ਾਲ ਸਿੰਘ	16. ਗੁਲਾਬ ਸਿੰਘ
17. ਗੰਗਾ ਸਿੰਘ	18. ਗੰਡਾ ਸਿੰਘ	19. ਘਰਬਾਰਾ ਸਿੰਘ	20. ਚੰਬਾ ਸਿੰਘ
21. ਜਾਦੋ ਸਿੰਘ	22. ਜੋਗਾ ਸਿੰਘ	23. ਜੰਗ ਸਿੰਘ	24. ਦਯਾਲ ਸਿੰਘ
25. ਦਰਬਾਰਾ ਸਿੰਘ	26. ਦਿਲਬਾਗ ਸਿੰਘ	27. ਧਰਮ ਸਿੰਘ	28. ਧੰਨਾ ਸਿੰਘ
29. ਨਿਹਾਲ ਸਿੰਘ	30. ਨਿਧਾਨ ਸਿੰਘ	31. ਬੂੜ ਸਿੰਘ	32. ਭਾਗ ਸਿੰਘ
33. ਭੋਲਾ ਸਿੰਘ	34. ਭੰਗਾ ਸਿੰਘ	35. ਮਹਾਂ ਸਿੰਘ	36. ਮੱਜਾ ਸਿੰਘ
37. ਮਾਨ ਸਿੰਘ	38. ਮੈਯਾ ਸਿੰਘ	39. ਰਾਇ ਸਿੰਘ	40. ਲਛਮਣ ਸਿੰਘ

(ਮਹਾਨ ਕੋਸ਼, ਪੰਨਾ 981)


ਬੰਸਾਵਲੀ ਗੁਰੂ ਗੋਬਿੰਦ ਸਿੰਘ ਜੀ (ਦਾਦਕਾ ਪਰਿਵਾਰ)

- ਗੁਰੂ ਰਾਮਦਾਸ ਜੀ
  - ਪ੍ਰਿਥੀਚੰਦ
  - ਮਹਾਂਦੇਵ
  - ਗੁਰੂ ਅਰਜਨ ਦੇਵ ਜੀ (ਪੜਦਾਦਾ)
    - ਗੁਰੂ ਹਰਿਗੋਬਿੰਦ ਸਾਹਿਬ ਜੀ (ਦਾਦਾ ਜੀ) ਮਾਤਾ ਨਾਨਕੀ ਜੀ (ਦਾਦੀ ਜੀ)
      - ਤਾਇਆ ਬਾਬਾ ਗੁਰਦਿੱਤਾ ਜੀ
        - ਭਰਾ-ਬਾਬਾ ਧੀਰ ਮੱਲ ਜੀ
          - ਭਾਈ ਪਹਾੜ ਚੰਦ ਜੀ (ਭਤੀਜਾ)
            - ਭਤੀਜੇ ਦੇ ਪੁੱਤਰ
              - ਨਿਰੰਜਨ ਜੀ
              - ਭੂਪਾ ਜੀ
                - ਧਨਪਤ ਜੀ
                  - ਗੁਲਾਬ ਸਿੰਘ ਜੀ
                    - ਸਾਧੂ ਸਿੰਘ ਜੀ
        - ਭਰਾ-ਗੁਰੂ ਹਰਿ ਰਾਏ ਜੀ
      - ਤਾਇਆ ਬਾਬਾ ਸੂਰਜ ਮੱਲ ਜੀ ਤਾਈ ਮਾਤਾ ਹਰੀ ਜੀ
        - ਭਰਾ-ਦੀਪ ਚੰਦ ਜੀ
          - ਭਤੀਜੇ
            - ਭਾਈ ਗੁਲਾਬ ਰਾਏ ਜੀ
            - ਭਾਈ ਸ਼ਾਮ ਦਾਸ ਜੀ
      - ਤਾਇਆ ਬਾਬਾ ਅਣੀ ਰਾਇ ਜੀ
      - ਤਾਇਆ ਬਾਬਾ ਅਟੱਲ ਰਾਏ ਜੀ
      - ਪਿਤਾ ਗੁਰੂ ਤੇਗ ਬਹਾਦਰ ਜੀ ਮਾਤਾ ਗੁਜਰੀ ਜੀ
        - ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੁਪਤਨੀ-ਮਾਤਾ ਜੀਤੋ ਜੀ ਮਾਤਾ ਸੁੰਦਰੀ ਜੀ ਮਾਤਾ ਸਾਹਿਬ ਦੇਵਾਂ ਜੀ
          - (ਚਾਰ ਪੁੱਤਰ ਸਾਹਿਬਜ਼ਾਦੇ)
            - ਬਾਬਾ ਅਜੀਤ ਸਿੰਘ ਜੀ
            - ਬਾਬਾ ਅਜੀਤ ਸਿੰਘ ਜੀ
            - ਬਾਬਾ ਜ਼ੋਰਾਵਰ ਸਿੰਘ ਜੀ
            - ਬਾਬਾ ਫਤਹਿ ਸਿੰਘ ਜੀ
      - ਬੀਬੀ ਵੀਰੋ ਜੀ (ਭੂਆ) ਭਾਈ ਸਾਧੂ ਜੀ (ਫੁੱਫੜ)
        - ਭੂਆ ਦੇ ਪੁੱਤਰ
          - ਭਾਈ ਸੰਗੋ ਸ਼ਾਹ ਜੀ
          - ਭਾਈ ਗੁਲਾਬ ਚੰਦ ਜੀ
          - ਜੀਤ ਮੱਲ ਜੀ
          - ਭਾਈ ਰੰਗਾ ਰਾਮ ਜੀ
          - ਭਾਈ ਮਾਹਰੀ ਚੰਦ

www.sikhbookclub.com

ਗੁਰੂ ਗੋਬਿੰਦ ਸਿੰਘ ਮਾਰਗ

ਸ੍ਰੀ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ



(ਸ੍ਰੀ ਦਮਦਮਾ ਸਾਹਿਬ)

www.sikhbookclub.com

www.sikhbookclub.com

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ

ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

ਦੇਵਤਾ ਅਦੇਤ ਜੱਛ ਗੰਧ੍ਰਬ ਤੁਰਕ ਹਿੰਦੂ

ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ

ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ

ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥

ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ॥

ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਯਾਂ ਦਾ ਸਹਣਾ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆ ਦਾ ਰਹਣਾ॥

www.sikhbookclub.com

ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ
ਈਜ਼ਦਿ ਮਨਜ਼ੂਰ ਗੁਰ ਗੋਬਿੰਦ ਸਿੰਘ ॥

ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ
ਜੁਮਲਾ ਫੈਜ਼ਿ ਨੂਰ ਗੁਰ ਗੋਬਿੰਦ ਸਿੰਘ ॥

ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ
ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥

ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ
ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥

ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥

ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ
ਬੇਕਸਾਂ-ਰਾ ਯਾਰ ਗੁਰ ਗੋਬਿੰਦ ਸਿੰਘ ॥

ਭਾਈ ਨੰਦ ਲਾਲ ਜੀ

ISBN 939093616-0
9 789390 936168

₹170/-